

ਪ੍ਰਕਿਰਤੀ ਅਤੇ ਧਰਮ
ਸੰਤਾ ਸਿੰਘ ਤਾਤਲੇ

ਕੁਦਰਤ ਦੇ ਬਹੁ-ਰੰਗੀ ਪਸਾਰੇ ਨੂੰ ਨਿਹਾਰਦਿਆਂ ਜਦ ਜਗਿਆਸੂ ਆਪ-ਮੁਹਾਰੇ 'ਵਾਹ' ਕਹਿ ਉਠਦਾ ਹੈ ਤਾਂ ਇਹ ਅਦੁੱਤੀ ਧਾਰਮਿਕ ਅਨੁਭਵ ਦਾ ਸਰੋਤ ਬਣਦਾ ਹੈ। ਇਸ ਅਨੁਭਵ ਨਾਲ ਹੀ ਜਗਿਆਸੂ ਇਸ ਵਿਸ਼ਵਾਸ ਦਾ ਧਾਰਨੀ ਹੁੰਦਾ ਹੈ ਕਿ ਕੋਈ ਮੂਲ-ਸੱਤਾ ਹੈ, ਜੋ ਇਸ ਸਾਰੇ ਪਸਾਰੇ ਨੂੰ ਤੋਰ ਰਹੀ ਹੈ। ਇਸ ਮੂਲ-ਸੱਤਾ (ਵਾਹਿਗੁਰੂ) ਦੀ ਖੋਜ ਕਰਨੀ, ਉਸ ਦੀਆਂ ਵਡਿਆਈਆਂ ਨੂੰ ਜਾਨਣਾ, ਉਸਦੀਆਂ ਬਖਸ਼ੀਆਂ ਦਾਤਾਂ ਪ੍ਰਤਿ ਕ੍ਰਿਤੱਗਤਾ ਪ੍ਰਗਟਾਉਣੀ, ਉਸਦੀ ਅਪਾਰਤਾ ਵਿੱਚ ਲੀਨ ਹੋਣ ਦੀ ਚੇਸ਼ਟਾ ਕਰਨੀ ਹੀ ਮਨੁੱਖੀ ਜੀਵਨ ਦਾ ਸਰਵੋਤਮ ਕਰਤੱਵ ਹੈ।

ਜੀਵਨ ਦੇ ਕਾਰ-ਵਿਹਾਰ ਕਰਦਿਆਂ ਹਰ ਸਮੇਂ 'ਪ੍ਰਭ ਡੋਰੀ ਹਾਥਿ ਤੁਮਾਰੇ' ਦੇ ਵਿਸ਼ਵਾਸ ਦੇ ਅਭਿਆਸੀ-ਧਾਰਨੀ ਹੋਣ ਨਾਲ ਰੱਬੀ ਸ਼ਰਧਾ ਤੇ ਵਿਸ਼ਵਾਸ ਦੀ ਗੰਢ ਪੀਡੀ ਹੋਈ ਜਾਂਦੀ ਹੈ। ਨਿਸਚੇ ਹੀ ਉਸ ਮਾਲਕ ਪ੍ਰਤਿ ਭਰੋਸਾ, ਵਿਸ਼ਵਾਸ, ਸ਼ਰਧਾ ਰੱਖਣ ਨਾਲ ਜੀਵਨ ਮਨੋਰਥ ਸਫਲਾ ਹੁੰਦਾ ਹੈ। ਪਰੰਤੂ ਅਜੋਕੇ ਸਮੇਂ ਵਿੱਚ ਬਹੁਤ ਸਾਰੇ ਛੋਟੇ-ਵੱਡੇ ਫ਼ਿਰਕੇ ਆਪਣੀਆਂ ਲਿਸ਼ਕਵੀਆਂ ਦੁਕਾਨਾਂ ਰਾਹੀਂ ਸੱਚੇ ਜਗਿਆਸੂ ਦੀ ਸ਼ਰਧਾ ਤੇ ਵਿਸ਼ਵਾਸ ਨੂੰ ਗੁਮਰਾਹ ਕਰ ਕੇ ਆਪਣੀ ਸਵਾਰਥ-ਸਿੱਧੀ ਕਰ ਰਹੇ ਹਨ।

ਇਹ ਪੁਸਤਕ ਇਸ ਪੱਖੋਂ ਸਾਧਾਰਣ ਜਗਿਆਸੂ ਦੀ ਅਗਵਾਈ ਕਰਦੀ ਹੈ ਕਿ ਭਰੋਸਾ, ਏਤਕਾਦ, ਯਕੀਨ ਅਤੇ ਵਿਸ਼ਵਾਸ ਕਰਨਾ ਕਿਸ 'ਤੇ ਹੈ। ਲੇਖਕ ਨੇ ਬਾ-ਦਲੀਲ ਤੇ ਪ੍ਰਭਾਵਸ਼ਾਲੀ ਢੰਗ ਨਾਲ ਦ੍ਰਿੜ੍ਹ ਕਰਵਾਇਆ ਹੈ ਕਿ ਗੁਰੂ ਨਾਨਕ ਸਾਹਿਬ ਦੁਆਰਾ ਨਾਜ਼ਲ ਹੋਈ 'ਧੁਰ ਕੀ ਬਾਣੀ' ਹੀ ਇੱਕੋ ਲਾਸਾਨੀ ਸਿਧਾਂਤ ਹੈ, ਜਿਸ 'ਤੇ ਭਰੋਸਾ ਕੀਤਾ ਜਾ ਸਕਦਾ ਹੈ।



ਸੰਤਾ ਸਿੰਘ ਤਾਤਲੇ (ਜਨਮ 1920) ਦਾ ਪਿਛੋਕੜ ਗੁਰੂ ਘਰ ਦੇ ਮਹਾਨ ਸੇਵਕ ਭਾਈ ਲੰਗਾਹ ਨਾਲ ਸਬੰਧਤ ਹੈ। ਆਪ ਨੇ ਜ਼ਿੰਦਗੀ ਦਾ ਅਹਿਮ ਹਿੱਸਾ ਗੁਰਮਤਿ ਸਾਹਿਤ ਦੇ ਮਰਮ ਨੂੰ ਸਮਝਣ, ਉਸਦੀ ਵਿਆਖਿਆ, ਪ੍ਰਚਾਰ ਅਤੇ ਪ੍ਰਸਾਰ ਕਰਨ ਨੂੰ ਸਮਰਪਿਤ ਕੀਤਾ ਹੈ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਦੇ ਤੱਤਸਾਰ ਨੂੰ ਬੜੇ ਵਿਗਿਆਨਕ ਢੰਗ ਨਾਲ ਪ੍ਰਸਤੁਤ ਕਰਨ ਦਾ ਸ਼ਲਾਘਾਯੋਗ ਉੱਦਮ ਕੀਤਾ ਹੈ। *ਕਰਣੀ ਪ੍ਰਧਾਨ, ਪੰਜਵੀਂ ਇਲਹਾਮੀ ਜ਼ੀਨਤ, ਗੁਰਬਾਣੀ ਤੱਤ ਸਾਗਰ* (6 ਭਾਗ) ਤੇ *ਖ਼ਾਲਸਈ ਵਚਿੱਤਰਤਾ*, ਆਦਿ ਰਚਨਾਵਾਂ ਆਪ ਦੀ ਗੁਰਮਤਿ ਸਾਹਿਤ ਨੂੰ ਅਮੋਲਕ ਦੇਣ ਹਨ।

3

ੴ ਸਤਿਗੁਰ ਪ੍ਰਸਾਦਿ ॥

ਪ੍ਰਕਿਰਤੀ ਅਤੇ ਧਰਮ

ਸੰਤਾ ਸਿੰਘ ਤਾਤਲੇ
(ਬਰਹਮੀ)

2003

PRAKIRTI ATE DHARAM

by

SANTA SINGH TATLAY

ਪਹਿਲੀ ਵਾਰ 2003

ਮੁੱਲ : 300-00 ਰੁਪਏ

ਮਿਲਣ ਦਾ ਪਤਾ :

ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 98, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com

Website : www.singhbrothers.com

ਪ੍ਰਕਾਸ਼ਕ :

ਸੰਤਾ ਸਿੰਘ ਤਾਤਲੇ

C347-1909 ਸਾਲਟਨ ਰੋਡ,

ਐਬਟਸਫੋਰਡ, ਬੀ.ਸੀ. (ਕੈਨੇਡਾ) V2S5B6


Phone : 1-604-859-8541

ਪ੍ਰਿੰਟਰਜ਼ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ

ਸਮਰਪਣ

ਸਤਿਕਾਰਯੋਗ ਗਿਆਨੀ ਦਿੱਤ ਸਿੰਘ ਜੀ,
ਪ੍ਰੋਫੈਸਰ ਗੁਰਮੁਖ ਸਿੰਘ ਜੀ
ਅਤੇ
ਭਾਈ ਕਾਨ੍ਹ ਸਿੰਘ ਜੀ ਨਾਭਾ ਨੂੰ
ਜਿਨ੍ਹਾਂ ਨੇ
ਖ਼ਾਲਸਾ ਪੰਥ ਨੂੰ ਮੌਲਿਕ
ਪਰਿਵਰਤਨ ਵਿਚ ਲਿਆਂਦਾ


ੴ
ਪ੍ਰਕਿਰਤੀ ਅਤੇ ਧਰਮ
ਸੰਤਾ ਸਿੰਘ ਤਾਤਲੇ

ਤਤਕਰਾ

ਪਰਕਰਣ ਦੂਸਰਾ

ਪਰਕਰਣ ਤੀਸਰਾ

ਪਰਕਰਣ ਚੌਥਾ

ਪਰਕਰਣ ਪੰਜਵਾਂ

ਪਰਕਰਣ ਛੇਵਾਂ

ਦੋ ਅੱਖਰ

ਇਸ ਪੁਸਤਕ *ਪ੍ਰਕਿਰਤੀ ਅਤੇ ਧਰਮ* ਦੇ ਕਰਤਾ ਸਰਦਾਰ ਸੰਤਾ ਸਿੰਘ ਜੀ ਤਾਤਲਾ ਇਕ ਉੱਚੀ ਪੱਧਰ ਦੇ ਖੋਜੀ, ਲਿਖਾਰੀ ਅਤੇ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਹਨ। ਮੈਨੂੰ ਇਨ੍ਹਾਂ ਦੀਆਂ ਛਪ ਚੁੱਕੀਆਂ ਪੁਸਤਕਾਂ, *ਗੁਰਬਾਣੀ ਤੱਤ ਸਾਗਰ* ਭਾਗ (ਪਹਿਲਾ, ਦੂਸਰਾ, ਤੀਸਰਾ, ਚੌਥਾ, ਪੰਜਵਾਂ ਅਤੇ ਛੇਵਾਂ), *ਪੰਜਵੀਂ ਇਲਹਾਮੀ ਜ਼ੀਨਤ*, *ਖ਼ਾਲਸਈ ਵਚਿੱਤਰਤਾ* ਬਾਰੇ ਮੁੱਢਲਾ ਗਿਆਨ ਪ੍ਰਾਪਤ ਕਰਨ ਦਾ ਮੌਕਾ ਮਿਲਿਆ ਹੈ। ਮੈਨੂੰ ਇਨ੍ਹਾਂ ਨਾਲ ਪਿਛਲੇ ਚਾਰ-ਪੰਜ ਸਾਲ ਤੋਂ ਵਿਚਾਰ-ਵਟਾਂਦਰਾ ਕਰਨ ਦਾ ਬਹੁਤ ਸਮਾਂ ਮਿਲਿਆ ਹੈ। ਇਸ ਗੱਲ ਦੀ ਸਖ਼ਤ ਲੋੜ ਹੈ ਕਿ ਇਨ੍ਹਾਂ ਦੀਆਂ ਛਪ ਚੁੱਕੀਆਂ ਪੁਸਤਕਾਂ ਦਾ ਸਣੇ *ਪ੍ਰਕਿਰਤੀ ਅਤੇ ਧਰਮ* ਦਾ ਪੁਨਰ ਵਿਚਾਰ (Review) ਅਤੇ ਆਲੋਚਨਾਤਮਕ ਪੁਨਰ ਵਿਚਾਰ (Critique) ਕੀਤਾ ਜਾਵੇ, ਤਾਕਿ ਇਨ੍ਹਾਂ ਦੀ 'ਉਮਰ ਦੀ ਮਿਹਨਤ' ਨਾਲ ਇਨਸਾਫ਼ ਕੀਤਾ ਜਾ ਸਕੇ।

ਮੈਨੂੰ ਇਸ ਪੁਸਤਕ ਵਿਚ ਆਏ ਵਿਸ਼ਿਆਂ ਦਾ ਭਾਵੇਂ ਪੂਰਾ ਗਿਆਨ ਨਹੀਂ, ਪਰ ਇਕ ਖੋਜੀ ਹੋਣ ਦੇ ਨਾਤੇ, *ਪ੍ਰਕਿਰਤੀ ਅਤੇ ਧਰਮ* ਅਤੇ ਦੂਸਰੀਆਂ ਲਿਖੀਆਂ ਪੁਸਤਕਾਂ ਵਾਂਗ ਉੱਚ ਦਰਜੇ ਦੀ ਗੁਣਾਤਮਕ (Qualitative), ਪਰਿਮਾਣ ਵਾਚਕ ਅਤੇ ਮਾਤਰਾਤਮਕ (Quantitative) ਖੋਜ ਕਰਨ ਵਿਚ ਫ਼ਖ਼ਰ ਮਹਿਸੂਸ ਕਰਦਾ ਹਾਂ।

ਤਾਤਲਾ ਸਾਹਿਬ ਇਕ ਬਹੁਪੱਖੀ ਸ਼ਖ਼ਸੀਅਤ ਦੇ ਨਾਲ-ਨਾਲ ਇਕ ਚੰਗੇ ਇਨਸਾਨ ਵੀ ਹਨ। ਇਕ ਉਰਦੂ ਦਾ ਸ਼ਿਅਰ **'ਫ਼ਰਿਸ਼ਤੇ ਸੇ ਬਿਹਤਰ ਹੈ ਇਨਸਾਨ ਬਣਨਾ, ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ'** ਇਨ੍ਹਾਂ ਉਪਰ ਪੂਰਾ ਢੁੱਕਦਾ ਹੈ।

ਪ੍ਰਕਿਰਤੀ ਅਤੇ ਧਰਮ ਵਿਚ ਆਏ ਵਿਸ਼ਿਆਂ ਦਾ ਸੰਖੇਪ ਵਰਣਨ, ਇਸ ਪ੍ਰਕਾਰ ਹੈ :

ਇਸ ਪੁਸਤਕ ਦੇ ਨੌਂ (9) ਪਰਕਰਣ ਹਨ। ਜੇ ਹਰ ਪਰਕਰਣ ਨੂੰ ਇਕ ਵੱਖਰਾ ਸਿਰਲੇਖ (Title) ਦਿੱਤਾ ਜਾਵੇ ਤਾਂ ਪੜ੍ਹਨ ਵਾਲੇ ਦੀ ਜਾਣਕਾਰੀ ਜ਼ਿਆਦਾ ਡੂੰਘੀ ਹੋ ਸਕਦੀ ਹੈ ਅਤੇ ਲੋੜ ਅਨੁਸਾਰ ਹਰ ਪਰਕਰਣ ਨੂੰ ਇਕ ਵੱਖਰੀ ਪੁਸਤਕ ਵਿਚ ਬਦਲਿਆ ਜਾ ਸਕਦਾ ਹੈ।

ਇਸ ਪੁਸਤਕ ਵਿਚ ਪਰਕਰਣ ਪਹਿਲਾ, ਦੂਸਰਾ, ਤੀਸਰਾ, ਚੌਥਾ ਅਤੇ ਪੰਜਵਾਂ ਇਸ ਸੰਸਾਰ ਦੇ ਹੋਂਦ ਵਿਚ ਆਉਣ ਦੀ ਚੰਗੀ ਵਿਆਖਿਆ ਕਰਦੇ ਹਨ ਅਤੇ ਪੜ੍ਹਨ ਵਾਲਿਆਂ ਦੇ ਗਿਆਨ ਨੂੰ ਅਮੀਰ ਬਣਾਉਂਦੇ ਹਨ ਅਤੇ ਇਸ ਸ੍ਰਿਸ਼ਟੀ ਨੂੰ ਵਾਹਿਗੁਰੂ ਦੀ ਰਚਨਾ ਦਰਸਾਉਂਦੇ ਹਨ। ਭਾਵੇਂ ਚਾਲੂ ਸਮੇਂ ਦੇ ਵਿਅਕਤੀ ਨੇ ਸੰਸਾਰ ਦੇ ਬਹੁਤ ਪੱਖਾਂ ਦੀ ਖੋਜ ਕੀਤੀ ਹੈ, ਪ੍ਰੰਤੂ ਧਾਰਮਕ ਪੱਖ ਦੀ ਖੋਜ ਬਹੁਤ ਅਧੂਰੀ ਹੈ, ਪਰ ਇਸ ਪੱਖ ਦੀ ਖੋਜ ਕਰਨੀ ਭੀ ਬਹੁਤ ਜ਼ਰੂਰੀ ਹੈ। ਭਾਵੇਂ, ਹੁਕਮਰਾਨ ਸ਼੍ਰੇਣੀਆਂ ਨੇ ਧਰਮ ਨੂੰ ਰਾਜਨੀਤਕ ਮਨੋਰਥਾਂ ਲਈ ਵਰਤ ਕੇ ਮਨੁੱਖਤਾ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ, ਪ੍ਰੰਤੂ ਖੋਜ 'ਤੇ ਆਧਾਰਤ, ਧਾਰਮਕ ਗਿਆਨ ਇਨਸਾਨ ਨੂੰ ਜ਼ਿਆਦਾ ਸਭਿਅਕ ਇਨਸਾਨ ਬਣਾ ਸਕਦਾ ਹੈ ਕਿਉਂਕਿ, ਧਰਮ ਸਭਿਅਤਾ ਦੀ ਸ਼ਕਤੀ ਹੈ।

"Religion is a civilizing force."

ਸੰਸਾਰੀ ਲੋਕ ਇਕ ਜਮਾਤ ਦੇ ਰੂਪ ਵਿਚ ਜੁੜ ਕੇ ਆਪਣੇ ਆਪਣੇ ਧਰਮ ਦੇ ਧਾਰਨੀ ਬਣਦੇ ਹਨ, ਰਸਮਾਂ ਅਤੇ ਰੀਤੀਆਂ ਨੂੰ ਸਾਧਨ ਬਣਾ ਕੇ ਪ੍ਰਭੂ ਨਾਲ ਜੁੜਨ ਦੀ ਕੋਸ਼ਿਸ਼ ਕਰਦੇ ਹਨ। ਸੰਸਾਰ ਦੇ ਧਰਮਾਂ ਦੀ ਗਿਣਤੀ ਕਰਨੀ ਬਹੁਤ ਕਠਨ ਹੈ, ਪ੍ਰੰਤੂ ਪਾਰਸੀ, ਯਹੂਦੀ, ਈਸਾਈ, ਇਸਲਾਮ, ਕਨਫੂਸ਼ਨ, ਸ਼ਾਂਤੋ, ਬੁਧ, ਤਾਓ, ਹਿੰਦੂ ਅਤੇ ਸਿੱਖ, ਵਿਵੇਚਨਾਤਮਕ ਤੌਰ 'ਤੇ ਸੰਸਾਰ ਦੇ ਸਜੀਵ ਅਤੇ ਨਵਕਾਲੀਨ ਧਰਮ ਆਖੇ ਜਾ ਸਕਦੇ ਹਨ। ਜਦੋਂ ਕਿ, ਕੇਵਲ ਸਿੱਖ ਮਤਿ ਤੋਂ ਬਿਨਾਂ ਲਗਪਗ ਸੰਸਾਰ ਦੇ ਸਾਰੇ ਧਰਮਾਂ ਦੀਆਂ ਧਾਰਮਕ ਪੁਸਤਕਾਂ ਵਿਚ ਮਿਲਾਵਟ ਅਤੇ ਲੋੜੀਂਦੀ ਬਦਲੀ ਕੀਤੀ ਗਈ ਹੈ। ਪ੍ਰੰਤੂ, ਸਿੱਖ ਧਰਮ ਦੀ ਧਾਰਮਕ ਪੁਸਤਕ ਦੀ ਮੂਲਿਕ ਵਸਤੂ ਅਤੇ ਬੁਨਿਆਦੀ ਹੱਥ ਲਿਖਤ, ਪ੍ਰਚੱਲਤ ਸਮੇਂ ਤਕ ਸਥਿਰ ਹੈ। ਇਸ ਗ੍ਰੰਥ ਦਾ ਪਵਿੱਤਰ ਨਾਮ **ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ** ਹੈ। ਸੰਸਾਰੀ ਧਰਮਾਂ ਦੀ ਗਿਣਤੀ ਅੰਗਰੇਜ਼ੀ ਭਾਸ਼ਾ ਵਿਚ ਭੀ ਕੀਤੀ ਜਾ ਸਕਦੀ ਹੈ। ਜਿਵੇਂ :

The Zoroastrians, Judaism, Christianity, Islam, Confucianism, Shantoism, Buddhism, Taoism, Hinduism, and Sikhs are considered to be the living religions of the modern times. There has been scriptural adulteration practically in all religions with the exception of Sikhs. Which still has in existence its original scripture (Hand written) called **Adi Granth.**

ਪਰਕਰਣ ਛੇਵਾਂ ਅਤੇ ਅੱਠਵਾਂ ਇਸਲਾਮ (Islam), ਯਹੂਦੀ (Judaism), ਈਸਾਈ (Christianity) ਅਤੇ ਇਨ੍ਹਾਂ ਦੇ ਫ਼ਿਰਕਿਆਂ ਦਾ ਵੇਰਵਾ, ਇਤਿਹਾਸਕ ਮਹੱਤਤਾ ਰੱਖਦੇ ਹਨ।


ਪਰਕਰਣ ਸੱਤਵਾਂ **ਧਰਮ ਦੀ ਦੁਰਵਰਤੋਂ** ਬਹੁਤ ਹੀ ਲਾਭਦਾਇਕ ਗਿਆਨ

ਹੈ। ਇਸ ਦੇ ਪੜ੍ਹਨ ਨਾਲ ਧਰਮਾਂ ਵਿਚ ਆਈਆਂ ਕੁਰੀਤੀਆਂ ਨੂੰ ਘਟਾਉਣ ਬਾਰੇ ਯਤਨ ਕੀਤੇ ਜਾ ਸਕਦੇ ਹਨ।

ਪਰਕਰਣ ਨੌਵਾਂ ਹਿੰਦੂ ਮਤਿ ਨੂੰ ਬੜੇ ਵਿਸਥਾਰ ਨਾਲ ਪੇਸ਼ ਕਰਦਾ ਹੈ। ਅਸਲ ਵਿਚ ਹਿੰਦੂ ਮਤਿ ਸਭਿਅਤਾ ਜ਼ਿਆਦਾ ਹੈ ਅਤੇ ਧਰਮ ਘੱਟ। ਪ੍ਰਸਿੱਧ ਸਿੱਖ ਵਿਦਵਾਨ ਮਰਹੂਮ **ਪ੍ਰਿੰਸੀਪਲ ਤੇਜਾ ਸਿੰਘ ਜੀ** ਨੇ 1953 ਵਿਚ ਮੈਨੂੰ ਦੱਸਿਆ ਸੀ ਕਿ ਹਿੰਦੂ ਮਤਿ ਵਿਚ ਦੰਭ (ਫ਼ਰੇਬ) ਦੀ ਭਰਮਾਰ ਹੈ। ਹਿੰਦੂ ਮਤਿ ਕਦੋਂ ਸ਼ੁਰੂ ਹੋਇਆ, ਇਸ ਦਾ ਬਾਨੀ ਕੌਣ ਸੀ, ਬਾਰੇ ਸੰਸਾਰ ਨੂੰ ਕੋਈ ਗਿਆਨ ਨਹੀਂ ਹੈ। ਇਸ ਪਰਕਰਣ ਵਿਚ ਹਿੰਦੂ ਮਤਿ ਦੀਆਂ ਧਾਰਮਕ ਪੁਸਤਕਾਂ ਦਾ, ਖ਼ਾਸ ਕਰ ਕੇ **ਚਾਰ ਵੇਦਾਂ** ਦਾ ਚੋਖਾ ਜ਼ਿਕਰ ਕੀਤਾ ਗਿਆ ਹੈ। ਹਿੰਦੂ ਮਤਿ ਦੇ **ਛੇ ਸ਼ਾਸਤਰ** ਵੇਦਾਂ ਦੀ ਚੰਗੀ ਵਿਆਖਿਆ ਕਰਦੇ ਹਨ। ਇਨ੍ਹਾਂ ਵਿਚੋਂ **ਸ਼ਾਂਖਯਾ ਸ਼ਾਸਤਰ (Shankhya Shastr)** ਜਿਸ ਨੂੰ 1000 ਬੀ.ਸੀ. ਦੇ ਕਰੀਬ ਕਪਲ ਰਿਖੀ ਨੇ ਲਿਖਿਆ, ਇਹ ਸ਼ਾਸਤਰ ਵਾਹਿਗੁਰੂ ਵਿਚ ਵਿਸ਼ਵਾਸ ਨਹੀਂ ਰੱਖਦਾ। ਹਿੰਦੂ ਮਤਿ ਦੂਸਰੇ ਧਰਮਾਂ ਨੂੰ ਆਪਣੇ ਵਿਚ ਜਜ਼ਬ ਕਰਨ ਦੀ ਖ਼ਾਸ ਮੁਹਾਰਤ ਰੱਖਦਾ ਹੈ। ਇਸ ਨੇ **ਬੁੱਧ ਮਤਿ** ਅਤੇ **ਜੈਨ ਮਤਿ** ਨੂੰ ਆਪਣੇ ਵਿਚ ਸਮਾ ਲਿਆ ਹੈ ਅਤੇ ਜੇ **ਸਿੱਖ ਮਤਿ** ਨੂੰ ਬਚਾਉਣ ਦਾ ਉਪਰਾਲਾ ਨਾ ਕੀਤਾ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਸ ਦਾ ਹਸ਼ਰ ਵੀ **ਬੁੱਧ ਮਤਿ** ਵਾਲਾ ਹੋਵੇਗਾ।

ਸਿੱਖਾਂ ਨੇ ਆਪਣੇ **ਘਰ, ਰਾਜ ਭਾਗ** ਅਤੇ ਚੰਗੀ **ਲੀਡਰਸ਼ਿਪ** ਦੀ ਘਾਟ ਕਾਰਨ, ਸਿੱਖ ਮਤਿ ਦੇ ਸਦੀਵੀ ਦੁਸ਼ਮਨ **ਬ੍ਰਾਹਮਣਵਾਦ** ਵਲੋਂ ਸਿੱਖਾਂ ਦੀ ਬੁਰੀ ਤਰ੍ਹਾਂ ਹਰ ਪਾਸਿਓਂ ਘੇਰਾ-ਬੰਦੀ ਕੀਤੀ ਜਾ ਰਹੀ ਹੈ ਅਤੇ ਹਰ ਪ੍ਰਕਾਰ ਦੇ ਹਮਲੇ ਕੀਤੇ ਜਾ ਰਹੇ ਹਨ। ਇਸ ਵਿਚ ਈਸਾਈ ਮਿਸ਼ਨਰੀ ਵੀ ਪਿੱਛੇ ਨਹੀਂ ਰਹਿ ਰਹੀ। ***ਪ੍ਰਕਿਰਤੀ ਅਤੇ ਧਰਮ*** ਦਾ ਗਿਆਨ ਇਨ੍ਹਾਂ ਹਮਲਿਆਂ ਤੋਂ **ਸਿੱਖ ਮਤਿ** ਨੂੰ ਬਚਾਉਣ ਲਈ ਹਰ ਸਿੱਖ ਲਈ ਆਮ ਕਰ ਕੇ, ਅਤੇ ਪ੍ਰਚਾਰਕਾਂ ਲਈ ਖ਼ਾਸ ਕਰ ਕੇ ਇਕ ਸਿਧਾਂਤਕ ਸਾਧਨ ਤੇ ਹਥਿਆਰ ਸਾਬਤ ਹੋ ਸਕਦਾ ਹੈ।

Dr. Mohan Singh Retired Professor
7996-126A Street
Surrey, British Columbia. V3W 7J9
Canada. Phone : 1-604-572-1861.
Doctorate-Schools of Education and Management, Boston University, Boston, M.A.U.S.A.
MBA (Management and Industrial Relations)
College of Business Administration, Bridgeport University, Bridgeport CT. U.S.A.
M.A. (History) Punjab University Chandigarh, Punjab, India.


ੴ
ਪ੍ਰਕਿਰਤੀ
ਅਤੇ
ਧਰਮ
ਸੰਤਾ ਸਿੰਘ ਤਾਤਲੇ

ਪ੍ਰਸਤਾਵਨਾ

ਤੀਬਰਤਾ ਦੁਆਰਾ ਵਧ ਰਹੇ ਗਿਆਨ ਅਨੁਸਾਰ ਅਗਰ ਅਸੀਂ ਨਿਜੀ ਖੋਜ ਦੀ ਪ੍ਰਕ੍ਰਿਆ (ਢੰਗ) ਨੂੰ ਤੇਜ਼ ਅਤੇ ਸੁਭੱਲਤ ਨਾ ਕਰ ਸਕੇ, ਤਦ ਆਪਾਂ ਸਾਰੇ ਹੀ **ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** ਦੀ ਸਿਧਾਂਤਕ ਸ਼ੈਲੀ ਨੂੰ ਸਮਝਣੋਂ ਅਸਮਰੱਥ ਹੋ ਜਾਵਾਂਗੇ। ਪਾਵਨ ਗੁਰਬਾਣੀ ਦੇ ਸਿਧਾਂਤਕ ਅਕੀਦ੍ਹੇ ਦੀ ਗੈਰ-ਹਾਜ਼ਰੀ ਵਿਚ ਵਿਚਰਦੇ ਹੋਏ ਗੁਰਬਾਣੀ ਨੂੰ ਪੜ੍ਹਨਾ, ਵੀਚਾਰਨਾ ਅਥਵਾ ਇਸ ਨੂੰ ਮੰਨਣ ਕਰਨਾ ਇਤਨਾ ਲਾਭਦਾਇਕ ਨਹੀਂ ਹੋਵੇਗਾ ਜਿਤਨਾ ਕਿ ਸਿਧਾਂਤਕ ਸ਼ੈਲੀ ਨੂੰ ਧਿਆਨ ਵਿਚ ਰੱਖਦੇ ਹੋਏ ਹੋ ਸਕਦਾ ਹੈ। ਦੁਨੀਆਂ ਦੇ ਹਰ ਖੇਤਰ ਵਿਚ ਸਮੇਂ ਦੀ ਗਤੀ ਇਤਨੀ ਵੇਗਵਾਨ ਹੈ ਕਿ ਇਕ ਸਾਧਾਰਨ ਵਿਅਕਤੀ ਲਈ ਕਾਲ-ਗਤੀ ਦੇ ਨਾਲ ਕਦਮ ਮਿਲਾ ਕੇ ਟੁਰਨਾ ਅਤਿ ਕਠਨ ਹੋ ਚੁੱਕਾ ਹੈ। ਸਮੇਂ ਦੀ ਗਤੀ ਨਾਲੋਂ ਪਿੱਛੇ ਰਹਿਣ ਕਰਕੇ ਅਥਵਾ ਕਾਲ-ਚੱਕਰ ਦੇ ਹਮਦਮ ਨਾ ਹੋਣੇ ਕਰਕੇ, ਸਿੱਖੀ ਦੇ ਸ਼ਰਧਾਲੂ ਅਤੇ ਪ੍ਰਚਾਰਕ, ਵਿਪਰੀਤ ਧਰਮਾਂ ਦੀਆਂ ਰਵਾਇਤੀ ਕਥਾ-ਕਹਾਣੀਆਂ ਦਾ ਓਟ ਆਸਰਾ ਗ੍ਰਹਿਣ ਕਰਦੇ ਆਮ ਹੀ ਵੇਖੇ ਅਤੇ ਸੁਣੇ ਜਾ ਸਕਦੇ ਹਨ। ਅਸਾਡੀ ਇਸ ਕਮਜ਼ੋਰੀ ਅਥਵਾ ਖੀਣਤ ਦਸ਼ਾ ਨੂੰ ਭਾਂਪਦੇ ਹੋਏ ਅਨਜਮਤੀ ਚਾਤੁਰ ਅਤੇ ਕਪਟੀ ਲੋਕ, ਸਿੱਖੀ ਦੀਆਂ ਅੰਦਰੂਨੀ ਸਫ਼ਾਂ ਵਿਚ ਘੁਸਪੈਠ ਅਥਵਾ ਦਖਲ-ਅੰਦਾਜ਼ੀ ਕਰਨ ਲਈ ਅਨੇਕ ਪ੍ਰਕਾਰ ਦੇ ਹੱਥਕੰਡੇ ਵਰਤਦੇ ਹਨ। ਵਿਸ਼ੇਸ਼ ਕਰਕੇ ਜਿਨ੍ਹਾਂ ਵਿਚ ਹਿੰਦੂ ਧਾਰਾ ਵਿਚ ਲਪੇਟੇ ਹੋਏ (ਆਸੂਤੋਸ਼ ਜੈਸੇ) ਅਖੌਤੀ ਬਾਬੇ ਅਤੇ ਈਸਾਈ ਪ੍ਰਚਾਰਕ, ਸਾਧਾਰਨ ਸਿੱਖ ਜਨਤਾ ਨੂੰ ਗੁਮਰਾਹ ਕਰਦੇ ਆਮ ਹੀ ਵੇਖੇ ਜਾ ਸਕਦੇ ਹਨ।

ਦੁਨੀਆਂ ਦੇ ਇਨਸਾਨ ਦੀ ਇਕ ਸਾਧਾਰਨ ਪ੍ਰਵਿਰਤੀ (ਰੁਚੀ) ਹੈ ਕਿ ਇਹ ਸੁੱਟੀ ਪਈ ਵਸਤੂ ਦੀ ਵਰਤੋਂ ਨਿਜੀ ਹਿੱਤਾਂ ਲਈ ਅਕਸਰ ਕਰ ਹੀ ਲੈਂਦਾ ਹੈ। ਸਿੱਖ ਧਰਮ, ਸਿੱਖ ਵਿਚਾਰ-ਧਾਰਾ, ਸਿੱਖੀ ਸਿਧਾਂਤਕ ਸ਼ੈਲੀ, ਸਿੱਖ ਸਭਿਅਤਾ ਨੂੰ ਸਦੀਵ ਤੌਰ 'ਤੇ ਕੋਈ ਖ਼ਤਰਾ ਨਹੀਂ ਹੈ। ਅਗਰ ਸਿੱਖੀ ਦੇ ਅਮੋਲਕ ਖ਼ਜ਼ਾਨੇ ਨੂੰ ਕੋਈ ਖ਼ਤਰਾ ਹੈ ਤਦ ਉਹ ਖ਼ਤਰਾ, ਇਸ ਦੇ ਉਸਾਰੂ ਅਤੇ ਖੋਜ ਦੇ ਕੰਮਾਂ ਵਿਚ ਖੜੋਤ ਦਾ ਆ ਜਾਣਾ ਹੈ। ਸਮੁੱਚੀ ਸ੍ਰਿਸ਼ਟੀ ਦੇ ਗੁਰਦੁਆਰਿਆਂ ਦੇ

ਪ੍ਰਬੰਧਕ, ਵਿਸ਼ੇਸ਼ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਕਮੇਟੀ ਦੇ ਕਰਮਚਾਰੀ, ਸਿੱਖੀ ਕਾਰਜ ਖੇਤਰ ਨੂੰ ਸੁੰਞਾ ਛੱਡ ਕੇ, ਨਿਜੀ ਹਿੱਤਾਂ ਦੀ ਪੂਰਤੀ ਹਿਤ, ਸਰਕਾਰੀ ਪਦਵੀਆਂ ਜਿਨ੍ਹਾਂ ਵਿਚ ਖੇਤਰ ਪਦਵੀਆਂ, ਸੂਬਾਈ ਪਦਵੀਆਂ, ਕੇਂਦਰੀ ਪਦਵੀਆਂ ਅਤੇ ਰਾਜ ਸਭਾ ਦੀਆਂ ਪਦਵੀਆਂ, ਪ੍ਰਾਪਤ ਕਰਨ ਲਈ ਮਗਨ ਹੋ ਗਏ। ਲਿਹਾਜ਼ਾ, ਹਕੀਕਤ ਤਾਂ ਇਹ ਹੈ ਕਿ ਸਿੱਖੀ ਦੀ ਵਾਗ-ਡੋਰ ਉਨ੍ਹਾਂ ਲੋਕਾਂ ਦੇ ਕਬਜ਼ੇ ਵਿਚ ਆ ਗਈ ਜਿਨ੍ਹਾਂ ਨੂੰ ਸਿੱਖੀ ਦਾ ਗਿਆਨ ਹੀ ਨਹੀਂ ਹੈ। ਪਰਿਣਾਮ ਵਜੋਂ, ਸਿੱਖੀ ਦੇ ਖੋਜ-ਖੇਤਰ ਵਿਚ ਖੜੋਤ, ਨਿਰ-ਉਤਸ਼ਾਹਤ ਉਲਾਰ ਅਤੇ ਉਦਾਸੀਨਤਾ ਛਾ ਗਈ।

ਇਸ ਪੁਸਤਕ ਦਾ ਸੰਬੰਧ ਪ੍ਰਕਿਰਤੀ ਅਤੇ ਧਰਮ ਦੀਆਂ ਕਦਰਾਂ-ਕੀਮਤਾਂ ਨਾਲ ਸੰਯੁਕਤ ਹੈ। ਪ੍ਰਕਿਰਤੀ ਅਤੇ ਧਾਰਮਕ ਸਹਿਗਾਮਤਾ ਦਾ ਤਜਰਬਾ ਹੀ ਅਸਾਡੀ ਜ਼ਿੰਦਗੀ ਵਿਚ ਐਸਾ ਵਿਸ਼ਵਾਸ ਉਤਪੰਨ ਕਰਦਾ ਹੈ ਕਿ ਕੋਈ ਮੂਲਿਕ ਸੱਤਾ ਹੈ ਜਿਸ ਦੇ ਹੁਕਮ ਵਿਚ ਪ੍ਰਕਿਰਤੀ ਦੀ ਹਰ ਵਸਤੂ ਕਿਸੇ ਗੁਣੀਏ ਵਿਚ ਉਲੀਕੀ ਹੋਈ ਯਾਤਰਾ ਕਰਦੀ ਹੈ। ਸਮੇਂ ਦੀ ਗਤੀ ਅਤੇ ਧਾਰਮਕ ਸ਼ਰਧਾ ਇਕ ਸ਼ਰਧਾਲੂ ਨੂੰ ਅੰਤ੍ਰੀਵੀ ਗਹਿਰਾਈ ਅਥਵਾ ਅਨੁਭਵੀ ਮੰਡਲ ਵਿਚ ਲੈ ਜਾਂਦੀਆਂ ਹਨ ਕਿ ਅਸੀਂ ਬਹੁਤ ਲਘੂ ਸਮੇਂ ਲਈ ਇਸ ਦੁਨੀਆਂ ਵਿਚ ਆਏ ਹਾਂ ਅਥਵਾ ਕੁਝ ਕੁ ਕਾਲ ਚੱਕਰਾਂ ਦੇ ਯਾਤਰੀ ਹਾਂ। ਲਿਹਾਜ਼ਾ, ਆਖ਼ਰਤ (ਅੰਤ) ਨੂੰ ਯਾਦ ਰੱਖਣਾ ਹੀ ਵਾਹਿਗੁਰੂ ਦੀ ਪਰਾ-ਸੱਤਾ ਵਿਚ ਵਿਸ਼ਵਾਸ ਅਤੇ ਸ਼ਰਧਾ ਉਤਪੰਨ ਕਰਦੀਆਂ ਹਨ।

ਵਾਹਿਗੁਰੂ ਦੀ ਖੋਜ ਕਰਨੀ, ਉਸ ਦੀਆਂ ਵਡਿਆਈਆਂ ਨੂੰ ਜਾਣਨਾ, ਉਸ ਦੀਆਂ ਬਖ਼ਸ਼ੀਆਂ ਹੋਈਆਂ ਦਾਤਾਂ ਦੀ ਭਾਲ ਕਰਨੀ, ਉਸ ਦੀ ਅਪਾਰਤਾ ਦੇ ਸ਼ਰਧਾਲੂ ਬਣ ਕੇ ਉਸ ਦੀ ਪ੍ਰਾਪਤੀ ਹਿਤ, ਉਸ ਵੱਲ ਨੂੰ ਯਾਤਰਾ ਕਰਨੀ ਹੀ, ਅਤਿ ਪਵਿੱਤਰ ਤਜਰਬਾ ਅਤੇ ਵਾਹਿਗੁਰੂ ਵਲੋਂ ਸੌਂਪਿਆ ਹੋਇਆ ਮਨੁੱਖੀ ਜੀਵਨ ਦਾ ਵਿਸ਼ੇਸ਼ ਕਰਤੱਵ ਹੈ। ਭਾਵੇਂ, ਰੱਬੀ ਤਲਾਸ਼ ਦੇ ਮਾਰਗ ਵਿਚ ਮਨੁੱਖੀ ਸ਼੍ਰੇਣੀ ਅਤਿ ਖੀਣਤ ਅਤੇ ਬਲਹੀਣ ਖੋਜੀ ਹੈ, ਪ੍ਰੰਤੂ ਜਦੋਂ ਤੁਸੀਂ ਰੱਬ ਦੀ ਤਲਾਸ਼ ਵਿਚ ਜੀਵਨ ਪੈਂਡਾ ਆਰੰਭ ਕਰਦੇ ਹੋ ਤਦ ਉਹ ਵਾਹਿਗੁਰੂ, ਨਿਰ-ਯਤਨ ਹੀ ਪਰਮਾਰਥ ਯਾਤਰੀ ਦੇ ਹਿਰਦੇ ਦੀਆਂ ਤਲਾਂ ਵਿਚ ਆ ਟਿਕਦਾ ਹੈ।

ਜਦੋਂ ਰੱਬੀ ਸ਼ਰਧਾ ਦਾ ਤਜਰਬਾ ਅਥਵਾ ਰੱਬੀ ਲਗਨ ਦਾ ਅਭਿਆਸ, ਅਸਾਡੇ ਜੀਵਨ ਦੀਆਂ ਸਫ਼ਾਂ ਵਿਚ ਪ੍ਰਵੇਸ਼ ਕਰਦਾ ਹੈ, ਤਦ ਭਾਵੇਂ ਕੁਝ ਭੀ ਕਿਉਂ ਨਾ ਹੋਵੇ, ਕਿਤਨੀਆਂ ਭੀ ਕਠਨਾਈਆਂ ਅਸਾਡੀ ਯਾਤਰਾ ਦੇ ਸਮੇਂ ਵਾਪਰਦੀਆਂ ਹੋਣ, ਫਿਰ ਭੀ ਰੱਬੀ ਪ੍ਰਤਿਬਿੰਬ ਦੀ ਝਲਕ ਅਸਾਡੇ ਜੀਵਨ ਵਿਚ ਪ੍ਰਵੇਸ਼ ਕਰਨੋਂ ਪਿੱਛੇ ਨਹੀਂ ਰਹਿੰਦੀ। ਕਾਸ਼, ਇਹ ਧਾਰਾ ਸੰਭਵ ਹੋ ਸਕੇ ਕਿ ਅਸੀਂ ਪਰਾ-ਨਿਰੀਖਣਤਾ ਦੇ ਖੇਤਰ ਵਿਚ ਵਿਚਰਦੇ ਹੋਏ ਆਸਮਾਨੀ ਝਲਕ ਦੇ ਵਿਚ

ਹੀ ਸਮਾ ਜਾਈਏ। ਇਸ ਪੁਸਤਕ ਦੇ ਰਾਹੀਂ ਯਤਨ ਕੀਤਾ ਗਿਆ ਹੈ ਕਿ ਆਪਾਂ ਸਾਰੇ ਹੀ, ਰਵਾਇਤੀ ਕਥਾ-ਕਹਾਣੀਆਂ ਦੇ ਇੰਦਰ-ਜਾਲ ਤੋਂ ਬਚ ਕੇ ਇਲਹਾਮੀ ਨੂਰ ਦੀ ਤਜੱਲੀ (ਰੱਬੀ ਨੂਰ ਦੀ ਝਲਕ) ਅਤੇ ਪਰਾ-ਰਸ ਦੀ ਅਗੰਮੀ ਸੀਰਤ ਨੂੰ ਨਿਜੀ ਜੀਵਨ ਦੀਆਂ ਤਲਾਂ ਵਿਚ ਸੰਭਾਲ ਸਕੀਏ।

ਧਰਮ ਵਿਚ ਵਿਚਰਦੇ ਹੋਏ ਜੀਵਨ ਬਤੀਤ ਕਰਨਾ ਇਕ ਬਹੁਤ ਹੀ ਅੱਛੀ ਆਦਤ ਹੈ, ਪ੍ਰੰਤੂ ਧਰਮ ਉਸ ਇਨਸਾਨ ਵਾਸਤੇ ਅਤਿ ਫ਼ਲਦਾਇਕ ਹੋਵੇਗਾ, ਜੋ ਆਗਿਆਕਾਰੀ ਦੇ ਖੇਤਰ ਵਿਚ ਵਿਚਰਦਾ ਹੋਇਆ, ਦ੍ਰਿੜ੍ਹ ਵਿਸ਼ਵਾਸ ਅਤੇ ਅੰਤ੍ਰੀਵੀ ਸ਼ਰਧਾ ਦਾ ਧਾਰਣੀ ਹੋਵੇ। ਜਿਵੇਂ, **"ਜੋ ਆਗਿਆਕਾਰ ਹੈ ਉਹ, ਵਿਸ਼ਵਾਸ ਰੱਖਦਾ ਹੈ, ਇਸ ਦੇ ਪ੍ਰਤਿਕੂਲ, ਜੋ ਵਿਸ਼ਵਾਸ ਰੱਖਦਾ ਹੈ ਉਹੀ ਆਗਿਆਕਾਰ ਹੋ ਸਕਦਾ ਹੈ।"**

ਭਰੋਸਾ ਇਕ ਐਸੀ ਵਸਤੂ ਹੈ ਜੋ ਅਸਾਨੂੰ, ਕੋਈ ਅਤਿ ਅਨੂਪਮ ਵਸਤੂ ਪ੍ਰਦਾਨ ਕਰਨੀ ਲੋਚਦਾ ਹੈ। ਲਿਹਾਜ਼ਾ, ਐਸੀ ਅਨੂਪਮ ਵਸਤੂ ਅਸਾਡੇ ਵਾਸਤੇ ਪਾਵਨ ਗੁਰਬਾਣੀ ਦੇ ਦਰਗਾਹੀ ਪੰਨਿਆਂ ਵਿਚ ਰੁਪੰਫ਼ਤ ਹੋ ਰਹੀ ਹੈ। ਭਾਵੇਂ, ਅਸੀਂ ਵਿਸ਼ਵਾਸ ਅਤੇ ਸ਼ਰਧਾ ਦੇ ਅਮੋਲਕ ਖ਼ਜ਼ਾਨਿਆਂ ਨੂੰ ਹਮੇਸ਼ਾ ਹੀ ਵਰਤਦੇ ਆਏ ਹਾਂ ਅਤੇ ਵਰਤੀ ਜਾ ਰਹੇ ਹਾਂ, ਪ੍ਰੰਤੂ ਸਾਜ਼ੋ-ਨਾਦਰ (ਕਦੀ ਕਦਾਈਂ) ਆਪਾਂ ਸਾਰੇ ਹੀ ਸ਼ਰਧਾ ਅਤੇ ਵਿਸ਼ਵਾਸ ਤੋਂ ਸੱਖਣੇ ਰਹਿ ਕੇ, ਮਨੁੱਖਤਾ ਦੇ ਪਾਇਦਾਨਾਂ ਤੋਂ ਤਿਲਕਦੇ ਤਿਲਕਦੇ ਇਤਨੇ ਤਿਲਕ ਜਾਂਦੇ ਹਾਂ ਕਿ ਰਸਾਤਲ ਦੀਆਂ ਅਵਰੋਹੀ ਖ਼ੰਦਕਾਂ ਵਿਚ ਦਫ਼ਨਾਏ (ਦੱਬੇ) ਜਾਂਦੇ ਹਾਂ।

ਦੂਜੀਆਂ ਜੂਨੀਆਂ ਦੇ ਪ੍ਰਤਿਕਰਮ, ਇਨਸਾਨੀ ਜੀਵਨ ਦੀ ਇਹੀ ਵਿਲੱਖਣਤਾ ਵਿਸ਼ੇਸ਼ ਚਿੰਨ੍ਹ ਅਤੇ ਯੋਗਤਾ ਹੈ ਕਿ ਅਸੀਂ ਕਿਸੇ ਖ਼ਾਸ ਨਿਸ਼ਾਨੇ 'ਤੇ ਵਿਸ਼ਵਾਸ ਰੱਖੀਏ। ਵਿਸ਼ਵਾਸ ਅਤੇ ਸ਼ਰਧਾ ਦੇ ਧਾਰਣੀ ਹੁੰਦੇ ਹੋਏ ਨਿਜੀ ਜੀਵਨ ਦਾ ਰੱਥ ਉਸ ਬੰਧਾਨ ਦੇ ਅਨੁਸਾਰ ਗਤੀ-ਬਧ ਰੱਖੀਏ, ਜੋ ਪਾਵਨ ਗੁਰਬਾਣੀ ਦੇ ਦਰਗਾਹੀ ਪੰਨਿਆਂ ਵਿਚ ਦਰਸਾਇਆ ਗਿਆ ਹੈ।

ਵਿਆਕਰਣ ਬੋਧ ਦੇ ਅਨੁਸਾਰ 'ਵਿਸ਼ਵਾਸ' ਸ਼ਬਦ ਇਕ ਨਾਂਵ ਅਤੇ ਅੱਖਰੀ ਕ੍ਰਿਆ ਹੈ, ਜੋ ਕਿਸੇ ਵਿਸ਼ੇਸ਼ ਮਨੋਰਥ ਦੀ ਰਮਜ਼ ਨੂੰ ਨਿਜੀ ਸਫ਼ਾਂ ਵਿਚ ਲਪੇਟੀ ਬੈਠਾ ਹੈ। ਵਿਸ਼ਵਾਸ ਦੀ ਕਾਰ-ਗੁਜ਼ਾਰੀ ਹੀ ਪ੍ਰਭੂ ਮਿਲਾਪ ਦੀ ਜੁਗਤੀ, ਪ੍ਰਭੂ ਵੱਲ ਤ੍ਰਾਂਘਣ ਦੀ ਗਤੀ ਦਾ ਪ੍ਰਿਥਮ ਕਦਮ ਅਤੇ ਪ੍ਰਗਟਾਵਾ ਹੈ। ਇਹੀ ਉਹ ਪਰਾ-ਰਮਜ਼ ਹੈ, ਜੋ ਜੀਵਨ ਮਨੋਰਥ ਨੂੰ ਸੰਭਾਲਦੀ ਅਤੇ "ਆਗਾਹਾ ਕੂ ਤ੍ਰਾਘਿ" ਹਿਤ, ਕ੍ਰਿਆਸ਼ੀਲਤਾ ਨੂੰ ਗ੍ਰਹਿਣ ਕਰਦੀ ਅਥਵਾ ਜਨਮ ਦਿੰਦੀ ਹੈ। ਅਸਾਨੂੰ ਸਮਝਣਾ ਪਵੇਗਾ ਕਿ ਜਿਥੇ ਵਿਸ਼ਵਾਸ ਅਤੇ ਸ਼ਰਧਾ ਹੈ ਉਥੇ ਕਦੀ ਭੀ ਕ੍ਰਿਆਸ਼ੀਲਤਾ ਦਾ ਮੇਵਾ ਪ੍ਰਾਪਤ ਹੋਣ ਵਿਚ ਵਿਲੰਭਤਾ (ਦੇਰੀ) ਨਹੀਂ ਹੁੰਦੀ। ਗਰਜ਼ੇਕਿ ਉਥੇ ਹਮੇਸ਼ਾ ਹੀ ਸਾਕਾਰਾਤਮਕ ਪਰਿਣਾਮ ਅਸਾਡੀ ਜ਼ਿੰਦਗੀ ਦੇ ਹਮਦਮ (ਸਾਥੀ) ਹੋਇ ਨਿਬੜਦੇ ਹਨ।

ਇਥੇ ਇਕ ਅਤਿ ਗੰਭੀਰ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਭਰੋਸਾ ਕਿਸ ਵਸਤੂ 'ਤੇ ਕਰਨਾ ਹੈ ਅਤੇ ਵਿਸ਼ਵਾਸ ਦੀ ਧਾਰਾ ਕੈਸੀ ਹੋਵੇ ? ਵਿਸ਼ਵਾਸ ਦੇ ਅਭਿਆਸ ਨਾਲੋਂ ਦਰਗਾਹੀ ਯਕੀਨ ਦੀਆਂ ਕਦਰਾਂ-ਕੀਮਤਾਂ ਅਤਿ ਅਰਥ ਭਰਪੂਰ ਹੁੰਦੀਆਂ ਹਨ। ਨਿਰਸੰਦੇਹ ਵਿਸ਼ਵਾਸ ਦੀ ਸਮਝ ਉਦੋਂ ਤੀਕ ਨਹੀਂ ਆ ਸਕਦੀ ਜਦੋਂ ਤੀਕ ਇਸ ਨੂੰ ਕਾਰ-ਗੁਜ਼ਾਰੀ ਦੇ ਖੇਤਰ ਵਿਚ ਨਾ ਪਰਖਿਆ ਜਾਵੇ। ਵਿਸ਼ਵਾਸ ਨੂੰ ਕ੍ਰਿਆਸ਼ੀਲਤਾ ਦੇ ਖੇਤਰ ਵਿਚ ਨਾ ਪਰਖਣਾ ਹੀ ਅੰਨ੍ਹੇਰੇ ਦੀਆਂ ਪਲਾਂਘਾਂ (Leap in the dark) ਆਖੀਆਂ ਜਾ ਸਕਦੀਆਂ ਹਨ। ਲਿਹਾਜ਼ਾ ਵਿਸ਼ਵਾਸ ਇਕ ਐਸੀ ਕ੍ਰਿਆ ਹੈ ਜਿਸ ਦੇ ਆਧਾਰ 'ਤੇ ਅਸੀਂ ਸਮੁੱਚੀ ਪ੍ਰਕਿਰਤੀ ਨਾਲ ਭ੍ਰਾਤਰੀ-ਭਾਵ ਦਾ ਸਹੀ ਰਿਸ਼ਤਾ ਹੀ ਨਹੀਂ, ਬਲਕਿ ਅਨੁਭਵ ਤੋਂ ਪਾਰ ਦੀ ਰਸਮਈ, ਅਧਿਆਤਮਕ ਅਵਸਥਾ ਵਿਚ ਪ੍ਰਵੇਸ਼ ਕਰਦੇ ਹੋਏ, ਵਾਹਿਗੁਰੂ ਦੀ ਜੋਤਿ ਵਿਚ ਲੀਨਤਾ ਪ੍ਰਾਪਤ ਕਰਦੇ ਹਾਂ, ਜਿਥੋਂ ਉਸ ਦਾ ਪਿਆਰ ਅਤੇ ਇਕਾਂਗੀ ਹੁਲਾਸ ਦੇ ਚਸ਼ਮੇ ਸੁਫੁਟ ਹੋਇ ਨਿਬੜਦੇ ਹਨ।

ਇਸ ਦੁਨੀਆਂ ਵਿਚ ਅਨੇਕਾਂ ਹੀ ਛੋਟੇ ਵੱਡੇ ਐਸੇ ਧਾਰਮਕ ਫ਼ਿਰਕੇ (Cults) ਹਨ ਜੋ ਰੱਬੀ ਵਿਸ਼ਵਾਸ ਦੇ ਨਾਂ ਥੱਲੇ ਝੂਠੀਆਂ ਦੁਕਾਨਾਂ ਖੋਲ੍ਹੀ ਬੈਠੇ ਹਨ। ਇਹੀ ਉਹ ਲੋਕ ਹਨ ਜੋ ਭੋਲੇ ਭਾਇ ਜੀਵਨ ਬਤੀਤ ਕਰਨ ਵਾਲੇ ਜੀਵਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਜਾ ਕੇ, ਝੂਠੀਆਂ ਅਤੇ ਜਾਅਲੀ ਲਿਖਤਾਂ ਦੁਆਰਾ ਗੁਮਰਾਹ ਕਰਦੇ ਹਨ। ਕੇਵਲ ਗੁਮਰਾਹ ਹੀ ਨਹੀਂ ਕਰਦੇ, ਬਲਕਿ ਸੁਖੀ ਵਸਦੇ ਪਰਿਵਾਰਾਂ ਨੂੰ ਦੁਫਾੜ ਕਰ ਕੇ ਅਵਰੋਹੀ ਜਿਲ੍ਹਣ ਵਿਚ ਸੁੱਟ ਜਾਂਦੇ ਹਨ। ਅਕਸਰ ਆਮ ਤੌਰ 'ਤੇ ਭੋਲੀਆਂ ਇਸਤਰੀਆਂ ਇਨ੍ਹਾਂ ਦੀਆਂ ਮਨੋਕਲਪਤ ਅਤੇ ਜਾਅਲੀ ਲਿਖਤਾਂ ਤੋਂ ਬਹੁਤ ਜਲਦੀ ਪ੍ਰਭਾਵਤ ਹੁੰਦੀਆਂ ਹਨ। ਇਸ ਦੂਸ਼ਿਤ ਸਮੱਸਿਆ ਨੂੰ ਧਿਆਨ ਵਿਚ ਰੱਖਦਿਆਂ ਹੀ, ਇਹ ਹੱਥਲੀ ਪੁਸਤਕ ਜਿਸ ਦਾ ਸਿਰਲੇਖ **ਪ੍ਰਕਿਰਤੀ ਅਤੇ ਧਰਮ** ਹੈ, ਲਿਖੀ ਗਈ ਹੈ, ਤਾਕਿ ਸਾਧਾਰਨ ਜੀਵਾਂ ਨੂੰ ਇਹ ਗਿਆਨ ਹੋ ਸਕੇ ਕਿ ਭਰੋਸਾ, ਏਤਕਾਦ, ਆਸ, ਯਕੀਨ ਅਤੇ ਵਿਸ਼ਵਾਸ ਕਿਸ 'ਤੇ ਕਰਨਾ ਹੈ। ਵਿਰਤੀਹਾਣ ਸਮੇਂ ਵਿਚ ਕੇਵਲ ਇਕੋ ਹੀ ਲਾਸਾਨੀ ਸਿਧਾਂਤ ਹੈ ਜਿਸ 'ਤੇ ਭਰੋਸਾ ਕੀਤਾ ਜਾ ਸਕਦਾ ਹੈ, ਔਰ ਉਹ ਸਿਧਾਂਤ ਕੇਵਲ ਧੁਰ ਕੀ ਬਾਣੀ ਹੈ ਜੋ ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੇ ਰਾਹੀਂ ਅਸਾਡੇ ਤਕ ਨਾਜ਼ਲ ਅਥਵਾ ਪ੍ਰਗਟ ਹੋਈ ਹੈ। ਧੁਰ ਕੀ ਬਾਣੀ ਤੋਂ ਬਿਨਾਂ ਜਿਤਨੀਆਂ ਭੀ ਹੋਰ ਮਨੋਕਲਪਤ ਜਾਂ ਰਵਾਇਤੀ ਕਥਾ-ਕਹਾਣੀਆਂ ਹਨ, ਉਨ੍ਹਾਂ ਦੀ ਜਾਣਕਾਰੀ ਇਸ ਪੁਸਤਕ ਵਿਚ ਉਲੇਖਣ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਪੁਸਤਕ ਦੇ ਨੌਂ ਪਰਕਰਣ ਹਨ ਜਿਨ੍ਹਾਂ ਨੂੰ ਭਿੰਨ-ਭਿੰਨ ਚੌਰਾਨਵੇਂ (94) ਛੇਦਖੰਡ ਪ੍ਰਸੰਗਾਂ ਵਿਚ ਪ੍ਰਮਾਣਿਕ ਸਮੱਗਰੀ ਦੇ ਆਧਾਰ 'ਤੇ ਤਰਤੀਬ ਦਿੱਤੀ ਗਈ ਹੈ। ਆਸ ਕੀਤੀ ਗਈ ਹੈ ਕਿ ਸਾਧਾਰਨ ਗੁਰਸਿੱਖ ਅਥਵਾ ਕੋਈ ਭੀ ਸੂਝਵਾਨ ਇਨਸਾਨ, ਇਨ੍ਹਾਂ ਮਨੋਕਲਪਤ ਰਵਾਇਤੀ

ਕਥਾ-ਕਹਾਣੀਆਂ ਦੇ ਹਰਿਚੰਦਉਰੀ ਮੰਦਰਾਂ ਤੋਂ ਸੁਰੱਖਿਅਤ ਰਹਿੰਦਾ ਹੋਇਆ ਗੁਰਮਤਿ ਦੇ ਅਨੁਕੂਲ ਜੀਵਨ ਬਤੀਤ ਕਰ ਸਕੇ। ਜਿਵੇਂ :

ਨੈਨੀ ਦੇਖਉ ਗੁਰ ਦਰਸਨੋ ਗੁਰ ਚਰਣੀ ਮਥਾ ॥
ਪੈਰੀ ਮਾਰਗਿ ਗੁਰ ਚਲਦਾ ਪਖਾ ਫੇਰੀ ਹਥਾ ॥
ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਨਿ ਜਪੰਥਾ ॥
ਮੈ ਛਡਿਆ ਸਗਲ ਅਪਾਇਣੋ ਭਰਵਾਸੈ ਗੁਰ ਸਮਰਥਾ ॥੨੦॥

(ਮਾਰੂ ਵਾਰ ਮ: ੫, ਪੰਨਾ 1101/10)

ਸੁਹਿਰਦ ਪਾਠਕਾਂ ਦੇ ਕੀਮਤੀ ਸਮੇਂ ਨੂੰ ਧਿਆਨ ਵਿਚ ਰੱਖਦਿਆਂ ਪੁਸਤਕ ਦੇ ਅੰਤ ਵਿਚ ਅੰਤਿਕਾ ਦਿੱਤੀ ਗਈ ਹੈ। ਇਸ ਅੰਤਿਕਾ ਵਿਚ ਅੱਖਰੀ ਅਨੁਕ੍ਰਮਣਕਾ ਦੇ ਆਧਾਰ 'ਤੇ ਵਿਸ਼ਾ ਸੂਚੀ ਅਤੇ ਪ੍ਰਮਾਣਿਕ ਨਾਮਾਵਲੀ ਦਿੱਤੀ ਗਈ ਹੈ। ਜਿਸ ਦੀ ਮੁਨਾਸਿਬ ਵਰਤੋਂ ਕਰਦੇ ਹੋਏ, ਲਘੂ ਸਮੇਂ ਵਿਚ ਮਨ-ਭਾਵਤ ਵਿਸ਼ਾ ਅਤੇ ਲੋੜੀਂਦੀ ਪ੍ਰਮਾਣਿਕ ਸਮੱਗਰੀ ਲੱਭੀ ਜਾ ਸਕੇਗੀ।

ਪੁਸਤਕ ਦੇ ਆਕਾਰ ਨੂੰ ਧਿਆਨ ਵਿਚ ਰੱਖਦਿਆਂ ਅਤਿ ਸੰਖੇਪ ਢੰਗ ਦੁਆਰਾ ਪੁਸਤਕ ਦੇ ਪਹਿਲੇ ਪੰਜ ਪਰਕਰਣਾਂ ਵਿਚ ਪ੍ਰਕਿਰਤੀ ਦੇ ਭਿੰਨ ਭਿੰਨ ਵਿਸ਼ਿਆਂ 'ਤੇ ਵਿਚਾਰ-ਵਿਮਰਸ਼ ਕੀਤੀ ਗਈ ਹੈ, ਤਾਕਿ ਪ੍ਰਕਿਰਤੀ ਦੇ ਨਿਜ਼ਾਮ ਨੂੰ ਸਮਝਣ ਸਮਝਾਉਣ ਵਿਚ ਕਿਸੇ ਪ੍ਰਕਾਰ ਦੀ ਕਠਨਾਈ ਪੇਸ਼ ਨਾ ਆਵੇ। ਛੇਵੇਂ ਪਰਕਰਣ ਵਿਚ ਸੰਸਾਰ ਦੇ ਕਈ ਇਕ ਪ੍ਰਸਿੱਧ ਧਰਮਾਂ ਦਾ ਪ੍ਰਮਾਣਿਕ ਵੇਰਵਾ ਦਿੱਤਾ ਗਿਆ ਹੈ, ਤਾਕਿ ਇਨ੍ਹਾਂ ਦੇ ਬੁਨਿਆਦੀ ਸਿਧਾਂਤਾਂ ਨੂੰ ਸਮਝਣ ਵਿਚ ਕੋਈ ਦਿੱਕਤ ਪੇਸ਼ ਨਾ ਆਵੇ। ਵਿਸ਼ੇਸ਼ ਕਰਕੇ ਉਨ੍ਹਾਂ ਧਰਮਾਂ ਪ੍ਰਤਿ ਪ੍ਰਮਾਣਿਕ ਜਾਣਕਾਰੀ ਦੇਣ ਦਾ ਸੁਹਿਰਦ ਯਤਨ ਕੀਤਾ ਗਿਆ ਹੈ ਜੋ ਜਾਣੇ-ਅਨਜਾਣੇ ਸਿੱਖੀ ਦੀਆਂ ਅੰਤ੍ਰੀਵੀ ਸਫ਼ਾਂ ਵਿਚ ਘੁਸਪੈਠ ਕਰਦੇ ਹੋਏ, ਸਾਧਾਰਨ ਜਨ-ਸਿੱਖਿਆ ਦਾ ਧਰਮ ਭ੍ਰਿਸ਼ਟ ਕਰਨ ਦੇ ਆਹਰ ਵਿਚ ਹਮੇਸ਼ਾ ਹੀ ਮਗਨ ਰਹਿੰਦੇ ਹਨ। ਜਿਨ੍ਹਾਂ ਵਿਚ ਵਿਸ਼ੇਸ਼ ਕਰਕੇ ਈਸਾਈ ਮਤਿ ਦੇ ਪ੍ਰਚਾਰਕ ਅਤੇ ਹਿੰਦੂ ਮਤਿ ਦੇ ਸ਼ੁੱਧੀਕਰਣ ਅਭਿਲਾਸ਼ੀ ਖ਼ਾਸ ਸਥਾਨ ਰੱਖਦੇ ਹਨ। ਇਨ੍ਹਾਂ ਦੂਹਾਂ ਧਰਮਾਂ ਦੀ ਰੂਪ-ਰੇਖਾ ਦਾ ਸਹੀ ਚਿਤਰ ਉਲੀਕਣ ਹਿਤ ਇਨ੍ਹਾਂ ਹੀ ਧਰਮਾਂ ਦੀਆਂ ਧਾਰਮਕ ਪੁਸਤਕਾਂ ਵਿਚੋਂ ਵੱਧ ਤੋਂ ਵੱਧ ਪ੍ਰਮਾਣਿਕ ਸਮੱਗਰੀ ਨੂੰ ਵਰਤੋਂ ਵਿਚ ਲਿਆਵਣ ਦਾ ਹਰ ਸੰਭਵ ਯਤਨ ਕੀਤਾ ਗਿਆ ਹੈ, ਤਾਕਿ ਇਨ੍ਹਾਂ ਵੱਲੋਂ ਸਿੱਖੀ 'ਤੇ ਹੋ ਰਹੇ ਹਮਲਿਆਂ ਦਾ ਮੁਨਾਸਿਬ ਉੱਤਰ ਸਦਾਚਾਰੀ ਵਿਧੀ ਦੁਆਰਾ ਦਿੱਤਾ ਜਾ ਸਕੇ।

ਪੁਸਤਕ ਦੇ ਸੱਤਵੇਂ ਅਤੇ ਅੱਠਵੇਂ ਪਰਕਰਣਾਂ ਵਿਚ ਧਰਮ ਦੀ ਦੁਰਵਰਤੋਂ ਪ੍ਰਤਿ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਵਿਚ ਧਰਮ ਯੁੱਧ ਅਤੇ ਧਰਮ ਪ੍ਰੀਖਿਆ ਜੈਸੇ ਤੰਦੂਆ ਜਾਲ ਦੇ ਅਧੀਨ ਨਿਧੜਕ ਹੋ ਕੇ ਮਨੁੱਖਤਾ ਦਾ ਘਾਣ ਇਤਨੀ ਪਸ਼ੂ-ਬਿਰਤੀ ਦੁਆਰਾ ਕੀਤਾ ਗਿਆ ਹੈ ਜਿਸ ਦੀ ਮਿਸਾਲ ਇਹ ਆਪ ਹੀ

ਹਨ। ਨੌਵੇਂ ਪਰਕਰਣ ਵਿਚ ਹਿੰਦੂ ਮਤਿ ਦੀ ਹਰਿਚੰਦਉਰੀ ਅਤੇ ਦੂਜੇ ਧਰਮਾਂ ਪ੍ਰਤਿ ਇਨ੍ਹਾਂ ਦੀ ਰੁਚੀ ਦਾ ਉਲੇਖਣ, ਇਨ੍ਹਾਂ ਦੀਆਂ ਧਾਰਮਕ ਪੁਸਤਕਾਂ ਦੇ ਆਧਾਰ 'ਤੇ ਹੀ ਕੀਤਾ ਗਿਆ ਹੈ।

ਇਸ ਪੁਸਤਕ ਦੀ ਸਮੱਗਰੀ ਨੂੰ ਗਾਹੇ-ਬਗਾਹੇ ਸ਼ੁੱਧੀਕਰਣ ਦੇ ਗੁਣੀਏ ਵਿਚ ਲਿਆਵਣ ਹਿਤ ਸ. ਪਿਆਰਾ ਸਿੰਘ ਜੀ ਭੁੱਲਰ (ਐਮ.ਏ.) ਦਾ ਮੈਂ ਅਤਿ ਰਿਣੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਦੀ ਸੁਧਾਈ ਵਿਚ ਬਹੁਤ ਸਮਾਂ ਖ਼ਰਚਦੇ ਹੋਏ ਯੋਗਦਾਨ ਪਾਇਆ ਹੈ। ਸਰਦਾਰ ਟੀ. ਸ਼ੇਰ ਸਿੰਘ (ਟਰਾਂਟੋ, ਕੈਨੇਡਾ) ਦਾ ਮੈਂ ਹਾਰਦਿਕ ਧੰਨਵਾਦੀ ਹਾਂ ਜਿਨ੍ਹਾਂ ਨੇ ਬਹੁਤ ਵੱਡੀ ਸੰਖਿਆ ਵਿਚ ਮਾਇਕ ਸਹਾਇਤਾ ਦਿੰਦੇ ਹੋਏ ਪੰਥਕ ਸੇਵਾ ਵਿਚ ਯਥਾਰਥ ਯੋਗਦਾਨ ਪਾਇਆ ਹੈ। ਪੰਥ ਦੇ ਹਿਤੂ ਅਤੇ ਅੱਛੇ ਸੁਲਝੇ ਹੋਏ ਇਨਸਾਨ ਡਾਕਟਰ ਮੋਹਨ ਸਿੰਘ ਜੀ ਦਾ ਮੈਂ ਅਤਿ ਮਸ਼ਕੂਰ ਹਾਂ ਜਿਨ੍ਹਾਂ ਨੇ ਇਸ ਪੁਸਤਕ ਦਾ ਬਾਰ-ਬਾਰ ਅਧਿਐਨ ਕਰਨ ਤੋਂ ਬਾਅਦ ਪੁਸਤਕ ਪ੍ਰਤਿ ਕੁਝ ਪੇਸ਼ ਲਫ਼ਜ਼ (ਆਗਾਮੀ ਸ਼ਬਦ) ਦੋ ਅੱਖਰ ਸਿਰਲੇਖ ਦੇ ਆਧਾਰ 'ਤੇ ਲਿਖਣ ਦੀ ਕਿਰਪਾ ਕੀਤੀ ਹੈ। ਅੰਤ ਵਿਚ ਮੈਂ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਦੇ ਚਰਣ ਕਮਲਾਂ ਦਾ ਅਤਿਅੰਤ ਹੀ ਰਿਣੀ ਹਾਂ ਜਿਨ੍ਹਾਂ ਦਾ ਸਦਕਾ, ਇਸ ਕਲਮ ਦੀ ਰਵਾਨੀ ਆਪਣੀ ਮੰਜ਼ਲ ਵੱਲ ਤ੍ਰਾਂਘਦੀ ਰਹੀ। ਆਸ ਕੀਤੀ ਜਾਂਦੀ ਹੈ ਕਿ ਗੁਰਮਤਿ ਦੇ ਅਭਿਲਾਖੀ ਇਸ ਪੁਸਤਕ ਨੂੰ ਪੜ੍ਹ ਕੇ ਮਨੋਕਲਪਤ ਰਵਾਇਤੀ ਕਥਾ-ਕਹਾਣੀਆਂ ਦੇ ਇੰਦਰ-ਜਾਲ ਵਿਚ ਨਹੀਂ ਫਸਣਗੇ ਅਤੇ ਦੂਜੇ ਸਾਥੀਆਂ ਨੂੰ ਭੀ ਮਨੋਕਲਪਤ ਅਤੇ ਆਕਰਮਣਕਾਰੀ ਤੰਦੂਆ-ਜਾਲ ਵਿਚੋਂ ਮੁਕਤਿ ਕਰਾਵਣ ਦੇ ਯਤਨ ਕਰਦੇ ਰਹਿਣਗੇ।

ਸੁਹਿਰਦ ਪਾਠਕਾਂ ਅਤੇ ਸਤਿਕਾਰਯੋਗ ਵਿਦਵਾਨਾਂ ਅੱਗੇ ਸਨਿਮਰ ਬੇਨਤੀ ਹੈ, ਅਗਰ ਇਸ ਪੁਸਤਕ ਵਿਚ ਕੋਈ ਚੰਗੀ ਵਸਤੂ ਦੇਖਦੇ ਹੋ, ਤਦ ਉਹ ਨਿਰੋਲ ਸਤਿਗੁਰੂ ਦੀ ਰਹਿਮਤ ਹੀ ਆਖੀ ਜਾ ਸਕਦੀ ਹੈ। ਇਸ ਦੇ ਪ੍ਰਤਿਕਰਮ ਅਗਰ ਇਸ ਪੁਸਤਕ ਵਿਚ ਕੋਈ ਆਮ ਅਸ਼ੁੱਧੀ ਜਾਂ ਕੋਈ ਸਿਧਾਂਤਕ ਖ਼ਾਮੀ ਹੋਵੇ, ਉਹ ਨਿਰਸੰਦੇਹ ਇਸ ਅਜਾਣ ਸੇਵਕ ਦੀ ਭੁੱਲ ਹੋਵੇਗੀ। ਉਸ ਭੁੱਲ ਪ੍ਰਤਿ ਦਾਸ ਨੂੰ ਲਿਖਤੀ ਰੂਪ ਵਿਚ ਲਿਖਣ ਦੀ ਖੇਚਲ ਕਰਨੀ ਜੀਉ, ਤਾਕਿ ਦੂਜੇ ਸੰਪਾਦਨ ਵਿਚ ਉਸ ਅਸ਼ੁੱਧੀ ਨੂੰ ਦੂਰ ਕੀਤਾ ਜਾ ਸਕੇ।

ਗੁਰੂ ਪੰਥ ਦਾ ਸਦੀਵੀ ਰਿਣੀ,

Santa Singh Tatlay
C347-1909 Salton Road
Abbotsford, B.C. V2S5B6
Canada, Phone : 1-604-859-8541
January 20, 2003

ਪ੍ਰਕਿਰਤੀ

1.1 ਪ੍ਰਕਿਰਤੀ ਸੰਸਕ੍ਰਿਤ ਦਾ ਸ਼ਬਦ ਹੈ। ਜਿਸ ਦਾ ਅਰਥ ਹੈ, ਕੁਦਰਤ, ਮਾਇਆ, ਮਾਦਾ ਵਸਤੂ, ਕੁਦਰਤ ਦਾ ਕਾਨੂੰਨੀ ਢਾਂਚਾ, ਜੋ ਵਸਤੂ ਕਰਤਾ ਦੇ ਆਦੇਸ਼ ਦੁਆਰਾ ਸੁਭਾਵਕ ਹੀ ਵਜੂਦ ਵਿਚ ਆਈਆਂ ਹੋਣ, ਭਾਵ, ਵਾਹਿਗੁਰੂ ਦੀ ਸਮੂਹ ਰਚਨਾ ਵਾਸਤੇ ਭੀ ਪ੍ਰਕਿਰਤੀ ਸ਼ਬਦ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕਾਦਰ ਦੀ ਰਚੀ ਹੋਈ ਸ਼ਕਤੀ, ਵਾਹਿਗੁਰੂ ਦੀ ਰਚੀ ਹੋਈ ਕੁਵੱਤ ਜਾਂ ਮਜਾਲ, ਖ਼ੁਦਾ ਤੁਆਲਾ ਕੀ ਤਾਕਤ, ਫ਼ਿਤਰਤੇ ਇਲਾਹੀ, ਫ਼ਿਤਰਤੇ ਖ਼ਲਕੀ, ਕਾਇਨਾਤ ਆਦਿ, ਜਿਵੇਂ :

2-A creative, and controlling force in the universe; (a) nature theology deriving knowledge of God from the study of nature independent of special revelation. *(Relativity & Red Shift)*

ਅਸੀਮ ਉਤਪਾਦਕ ਵਿਸਥਾਰ ਨੂੰ ਗਿਆਨ ਦੇ ਦਾਇਰੇ ਵਿਚ ਸਮਝਣ ਵਾਸਤੇ, ਪੰਜਾਂ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਜਿਵੇਂ, ਸਰੀਰ ਮੰਡਲ, ਸੰਸਾਰ ਮੰਡਲ, ਸੂਰਜ ਮੰਡਲ, ਤਾਰਿਕਾ ਮੰਡਲ ਅਤੇ ਬ੍ਰਹਮ ਮੰਡਲ। ਸੰਨ 1400 ਅਤੇ 1500ਵਿਆਂ (A.D.) ਦੇ ਸਮੇਂ ਦੀ ਖੋਜ ਨੇ ਸਿੱਧ ਕੀਤਾ ਹੈ ਕਿ ਦੀਖਤ ਅਤੇ ਅਦੀਖਤ ਬ੍ਰਹਮੰਡ ਦਾ ਵਿਸਥਾਰ ਨਿਰੰਤਰ ਵੇਗ ਦੁਆਰਾ ਕ੍ਰਿਆਸ਼ੀਲ ਹੋ ਰਿਹਾ ਹੈ ਪ੍ਰੰਤੂ ਬ੍ਰਹਮੰਡੀ ਸਿਲਸਿਲੇ ਦੀ ਸ਼ਕਤੀ, ਰੈਡ ਸ਼ਿਫ਼ਟ ਤਰੰਗਾਂ ਦੇ ਚਾਲੂ ਰਹਿਣੇ ਕਰਕੇ, ਹਮੇਸ਼ਾ ਹੀ ਖਪਤ ਹੁੰਦੀ ਅਥਵਾ ਘਟਦੀ ਰਹਿੰਦੀ ਹੈ। ਰੈਡ ਸ਼ਿਫ਼ਟ ਹਾਈਡਰੋਜਨ ਗੈਸ ਦੀਆਂ ਸੁਰਖੀ-ਮਾਇਲ ਤਰੰਗਾਂ ਜੋ ਹਰ ਪੁਲਾੜਕ ਵਸਤੂ ਦੀ ਕ੍ਰਿਆਸ਼ੀਲ ਸ਼ਕਤੀ ਨੂੰ ਖ਼ਰਚ ਕਰਦੀਆਂ ਹਨ। ਪਰਿਣਾਮ ਵਜੋਂ, ਸਮੂਲਚੇ ਬ੍ਰਹਮੰਡ ਦੀ ਹਰ ਵਸਤੂ ਦੀ ਊਰਜਾ ਸ਼ਕਤੀ ਧੀਰੇ ਧੀਰੇ ਘਟਦੀ ਰਹਿੰਦੀ ਹੈ। ਕੇਵਲ ਇਸ ਬ੍ਰਹਮੰਡ ਦਾ ਕਰਤਾ ਹੀ ਸਦੀਵ ਕਾਲ ਲਈ ਸਮਾਨ ਰੂਪ ਵਿਚ ਥਿਰ ਰਹਿੰਦਾ ਹੈ। ਬਾਕੀ ਸਮੂਲਚਾ ਬ੍ਰਹਮੰਡ ਧੀਰੇ ਧੀਰੇ ਘਟਦਾ,

ਖਪਤ ਹੁੰਦਾ ਅਤੇ ਵਿਨਾਸ਼ ਵੱਲ ਵਧਦਾ ਹੈ। ਇਸ ਖ਼ਿਆਲ ਦੀ ਪ੍ਰੋੜ੍ਹਤਾ ਪਾਵਨ ਗੁਰਬਾਣੀ ਦੁਆਰਾ ਭੀ ਕੀਤੀ ਗਈ ਹੈ। ਜਿਵੇਂ :

> **ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖੵਤ੍ਰ ਗਗਨੰ ॥**
> **ਘਟੰਤ ਬਸੁਧਾ ਗਿਰਿ ਤਰ ਸਿਖੰਡੰ ॥ ਘਟੰਤ ਲਲਨਾ ਸੁਤ ਭ੍ਰਾਤ ਹੀਤੰ ॥**
> **ਘਟੰਤ ਕਨਿਕ ਮਾਨਿਕ ਮਾਇਆ ਸ੍ਵਰੂਪੰ ॥**
> **ਨਹ ਘਟੰਤ ਕੇਵਲ ਗੋਪਾਲ ਅਚੁਤ ॥ ਅਸਥਿਰੰ ਨਾਨਕ ਸਾਧ ਜਨ ॥੯॥**
>
> *(ਸਲੋਕ ਮ: ੫, ਪੰਨਾ 1354/13)*

ਰੈਡ ਸ਼ਿਫ਼ਟ/ਹਾਈਡਰੋਜਨ ਦੀਆਂ ਸੁਰਖ਼ੀ-ਮਾਇਲ ਤਰੰਗਾਂ ਹਰ ਪ੍ਰਕਾਰ ਦੀ ਊਰਜਾ ਸ਼ਕਤੀ ਨੂੰ ਖ਼ਰਚ ਕਰਦੀਆਂ ਅਤੇ ਉਨ੍ਹਾਂ ਦੇ ਵਜੂਦ ਨੂੰ ਘਟਾਉਂਦੀਆਂ ਹਨ ਪ੍ਰੰਤੂ ਬ੍ਰਹਮੰਡੀ ਢਾਂਚੇ ਦੇ ਵਸੀਲਿਆਂ ਵਿਚ ਇਤਨੀ ਊਰਜਾ ਸ਼ਕਤੀ ਹੈ ਕਿ ਦੀਖਤ ਜਾਂ ਅਦੀਖਤ ਕਾਇਨਾਤ ਦਾ ਸਿਲਸਿਲਾ ਨਿਜੀ ਰਵਾਨੀ ਨੂੰ ਗਤੀਬੱਧ ਰੱਖਦਾ ਹੈ। ਬ੍ਰਹਮੰਡੀ ਵਿਸਥਾਰ ਇਤਨਾ ਗਹਿਰ ਗੰਭੀਰ ਅਤੇ ਅਥਾਹ ਹੈ ਕਿ ਇਸ ਦੀ ਸੀਮਾ ਨੂੰ ਮਾਪ-ਤੋਲ ਕਰਨਾ ਜਾਂ ਅੰਦਾਜ਼ਾ ਲਗਾਉਣਾ ਅਸੰਭਵ ਹੈ ਕਿਉਂਕਿ ਇਹ ਅਗਮ ਅਤੇ ਅਗੋਚਰ ਹੈ, ਜਿਸ ਦੀ ਅਸੀਮਤਾ ਨੂੰ ਜਾਣਨਾ ਇਨਸਾਨੀ ਹਿਕਮਤ ਅਤੇ ਸੋਚ-ਮੰਡਲ ਤੋਂ ਪਾਰਲੇ ਦੇਸ ਦੀ ਧਾਰਾ ਹੀ ਆਖੀ ਜਾ ਸਕਦੀ ਹੈ। ਜਿਸ ਦੀ ਕੁਦਰਤ ਅਥਾਹ, ਅਸੀਮ ਅਤੇ ਅਤੋਲ ਹੈ, ਉਹ ਕਾਦਰ ਕਿਤਨਾ ਕੁ ਵੱਡਾ ਅਤੇ ਅਪਰੰਪਰ ਹੋਵੇਗਾ ?

> **ਅਗਮੁ ਅਥਾਹੁ ਅਗਾਧਿ ਬੋਧ ਅੰਤੁ ਨ ਪਾਰਾਵਾਰੁ ਨ ਪਾਇਆ ॥**
> **ਕੁਦਰਤਿ ਕੀਮ ਨ ਜਾਣੀਐ ਕੇਵਡੁ ਕਾਦਰੁ ਕਿਨੁ ਘਰਿ ਆਇਆ ॥੧੧॥੧੯॥**
>
> *(ਵਾਰਾਂ ਭਾਈ ਗੁਰਦਾਸ ਜੀ)*

ਭਾਵੇਂ ਬ੍ਰਹਮੰਡੀ ਵਿਸਥਾਰ ਆਪਣੀ ਵਿਸਥਾਰਕ ਅਵਸਥਾ ਨੂੰ ਨਿਰੰਤਰ ਗਤੀਬੱਧ ਰੱਖਦਾ ਹੈ ਪ੍ਰੰਤੂ ਬ੍ਰਹਮੰਡੀ ਰਵਸ਼ ਦੇ ਅਧੀਨ ਸਮੁੱਚੇ ਬ੍ਰਹਮੰਡ ਦਾ ਗਤੀਸ਼ੀਲ ਚਰਿੱਤਰ, ਬ੍ਰਹਮੰਡੀ ਸੰਘਨਤਾ (density) ਅਤੇ ਊਰਜਾ ਅਣੂਆਂ (matters) ਦੀ ਬਹੁਤਾਤ 'ਤੇ ਹੀ ਨਿਰਭਰ ਕਰਦਾ ਹੈ ਕਿ ਇਕੋ ਹੀ ਸਮੇਂ ਕਿਤਨੀ ਸੰਖਿਆ ਵਿਚ ਸੰਘਨਤਾ ਅਤੇ ਊਰਜਾ ਅਣੂ ਮੌਜੂਦ ਹਨ। ਸਰਗੁਣ ਪਸਾਰੇ ਦੇ ਸਮੂਲਚੇ ਘੇਰੇ ਵਿਚ ਅਗਰ ਇਕ ਭੀ ਹਾਈਡਰੋਜਨ ਦਾ ਵਜੂਦ ਹੋਵੇ, ਸਮਝੋ ਕਿ ਸਮੁੱਚਾ ਬ੍ਰਹਮੰਡ ਆਪਣੀ ਗਤੀ ਨੂੰ ਨਿਰੰਤਰ ਵੇਗ ਵਿਚ ਜਾਰੀ ਰੱਖੇਗਾ ਬਸ਼ਰਤੇ ਕਿ, ਉਸ ਵਸਤੂ ਦਾ ਘੇਰਾ 7.6 ਘਣ ਮੀਟਰ (cubic meters) ਹੋਵੇ। ਐਸੀ ਹਾਲਤ ਵਿਚ ਸਮੁੱਚੇ ਬ੍ਰਹਮੰਡ ਦਾ ਪਸਾਰਾ ਗਤੀਸ਼ੀਲ ਰਹੇਗਾ ਔਰ ਪਸਰਦਾ ਪਸਰਦਾ ਇਤਨਾ ਫੈਲ ਜਾਵੇਗਾ ਕਿ ਸਮੂਲਚਾ ਤਾਰਿਕਾ ਮੰਡਲ ਅਥਵਾ ਸਾਰਾ ਬ੍ਰਹਮੰਡ ਨਿਜੀ ਜੋਤਿ ਜਾਂ ਊਰਜਾ ਸ਼ਕਤੀ ਤੋਂ ਸੱਖਣਾ ਹੋਣ ਕਰਕੇ,

ਨਿਰੰਤਰ ਕ੍ਰਿਆਸ਼ੀਲ ਸ਼ਕਤੀ ਤੋਂ ਸੱਖਣਾ ਹੋ ਜਾਵੇਗਾ ਔਰ ਸਾਰਾ ਬ੍ਰਹਮੰਡ ਅਸੀਮ ਅਵਸਥਾ ਵਿਚ ਲੀਨ ਹੋ ਜਾਵੇਗਾ। ਇਹੀ ਸ਼ੂੰਨਜ ਅਵਸਥਾ ਹੈ ਜਿਸ ਦਾ ਜ਼ਿਕਰ ਹਜ਼ੂਰ ਨੇ ਮਾਰੂ ਸੋਲਹੇ ਵਿਚ ਕੀਤਾ ਹੈ, ਜਿਵੇਂ :

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥
ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥
ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥
ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਖੈ ਕਾਲਾ ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥੩॥

(ਮਾਰੂ ਮ: ੧, ਪੰਨਾ 1035/9)

ਰਚਨਹਾਰ ਵਾਹਿਗੁਰੂ ਦੇ ਪ੍ਰਕਿਰਤਕ ਨਜ਼ਾਮ/ਪ੍ਰਬੰਧ ਦੇ ਅਨੁਸਾਰ ਇਹ ਦੀਖਤ ਪ੍ਰਕਿਰਤੀ ਅਨੇਕਾਂ ਦਫ਼ਾ ਵਜੂਦ ਵਿਚ ਆਈ ਅਤੇ ਅਨੇਕਾਂ ਦਫ਼ਾ ਅਸੀਮ ਪ੍ਰਭੂ ਦੀ ਅਸੀਮਤਾ ਵਿਚ ਸਮਾ ਗਈ। ਇਸ ਅਵਸਥਾ ਦਾ ਨਾਮ ਹੀ ਸ਼ੂੰਨਜ ਜਾਂ ਨਿਰਗੁਣ ਅਵਸਥਾ ਹੈ। ਐਸੀ ਧੁੰਧੂਕਾਰੀ ਅਵਸਥਾ ਦੇ ਕਾਰਣ ਪ੍ਰਕਿਰਤੀ ਦਾ ਪਾਸਾਰਾ ਦੀਰਘ-ਕਾਲ ਹਿਤ, ਠਹਿਰਾਉ ਦੀ ਸਥਿਤੀ ਵਿਚ ਪ੍ਰਵੇਸ਼ ਕਰਦਾ ਅਤੇ ਲੰਮੇ ਸਮੇਂ ਲਈ ਸ਼ੂੰਨਤਾ ਛਾਈ ਰਹਿੰਦੀ ਹੈ। ਚਾਲੂ ਸਮੇਂ ਦੇ ਖੋਜੀਆਂ ਨੇ ਸ਼ੂੰਨਜ ਕਾਲ ਦੀ ਆਰਜ਼ਾ ਲਗਪਗ ਇਕ ਸੌ ਬਿਲੀਅਨ ਵਰਸ਼, ਭਾਵ, ਇਕ ਖਰਬ (100,000,000,000) ਵਰਸ਼ ਦਰਸਾਈ ਹੈ। ਉਕਤ ਖ਼ਿਆਲ ਦੀ ਹਾਮਾ ਹਜ਼ੂਰ ਨੇ ਪਾਵਨ ਗੁਰਬਾਣੀ ਦੁਆਰਾ ਨਿਮਤ ਲਿਖਤ ਦੇ ਆਧਾਰ 'ਤੇ ਉਪਸਥਿਤ ਕੀਤੀ ਹੈ, ਜਿਵੇਂ :

ਕੇਤੜਿਆ ਜੁਗ ਧੁੰਧੂਕਾਰੈ ॥ ਤਾੜੀ ਲਾਈ ਸਿਰਜਣਹਾਰੈ ॥
ਸਚੁ ਨਾਮੁ ਸਚੀ ਵਡਿਆਈ ਸਾਚੈ ਤਖਤਿ ਵਡਾਈ ਹੇ ॥੨॥

(ਮਾਰੂ ਮ: ੧, ਪੰਨਾ 1023/12)

ਧੁੰਧੂਕਾਰ ਅਵਸਥਾ ਪ੍ਰਤਿ ਜੋ ਸੰਕਲਪ ਪਾਵਨ ਗੁਰਬਾਣੀ ਵਿਚ ਦਰਸਾਇਆ ਗਿਆ ਹੈ, ਬਿਲਕੁਲ ਏਸੇ ਧਾਰਾ ਦੀ ਪੁਸ਼ਟਤਾ ਚਾਲੂ ਸਮੇਂ ਦੇ ਪੁਲਾੜ ਵਿਗਿਆਨੀਆਂ ਨੇ ਭੀ ਕੀਤੀ ਹੈ, ਜਿਵੇਂ :

All other galaxies would have receded to an infinite distance. The star would have exhausted all the energy that makes them shade, so they would be dark.

On the other hand, large amount of matter may exist in space in some form that scientists do not know about. If the spread out of density of matter in space were as much as 100 atoms of

hydrogen of 10 cubic yards (7.6 cubic meters) the universe would be closed. A light beam sent into space, in this kind of universe would return to its sender many billions of years later. At some time in the future, 100 billion years, the expansion would stop. The galaxies in the universe would start coming together again, and matter in the universe would approach infinite density.

(World Book, p. 136, Universe)

ਪ੍ਰਕਿਰਤੀ ਦਾ ਪਸਾਰਾ ਅਨੇਕਾਂ ਦਫ਼ਾ ਪਸਰਦਾ ਅਤੇ ਅਨੇਕਾਂ ਹੀ ਦਫ਼ਾ ਧੁੰਧੂਕਾਰੀ ਸਥਿਤੀ ਵਿਚ ਪ੍ਰਵੇਸ਼ ਕਰਦਾ ਹੈ, ਭਾਵ, ਆਕਾਰ ਅਤੇ ਨਿਰਾਕਾਰ ਦੀ ਖੇਲ ਨਿਰੰਤਰ ਗਤੀ ਦੁਆਰਾ ਚਾਲੂ ਰਹਿੰਦੀ ਹੈ। ਪੁਲਾੜੀ ਪ੍ਰਬੰਧ ਦੇ ਆਧਾਰ 'ਤੇ ਦੀਖਤ ਤਾਰਿਕਾ ਮੰਡਲ (galaxies) ਇਕ ਦੂਸਰੇ ਤੋਂ ਦੁਰੇਡੇ ਦੀ ਦਿਸ਼ਾ ਵੱਲ ਗਤੀਬੱਧ ਹੁੰਦੀਆਂ ਹੀ ਰਹਿੰਦੀਆਂ ਹਨ, ਜਿਸ ਦੇ ਆਧਾਰ 'ਤੇ ਪ੍ਰਕਿਰਤੀ ਦਾ ਪਸਾਰਾ ਹੋਰ ਵਧੇਰੇ ਫੈਲਦਾ ਹੈ। ਇਸ ਵਧਾਉ ਘਟਾਉ ਨੂੰ ਸਮਝਣਾ ਇਕ ਜਟਿਲ ਸਮੱਸਿਆ ਜਾਂ ਮਾਨਸਿਕ ਵਿਰਤੀ ਦੀ ਗੁੰਝਲ ਹੀ ਆਖੀ ਜਾ ਸਕਦੀ ਹੈ। ਜਦੋਂ ਗਲੈਕਸੀ ਜਾਂ ਤਾਰਿਕਾ ਮੰਡਲ ਪਰਸਪਰ ਦੁਰੇਡੇ ਚਲਦੀਆਂ ਹਨ ਤਦ ਇਨ੍ਹਾਂ ਦੀ ਗਤੀ ਵਿਚੋਂ ਇਕ ਤਰ੍ਹਾਂ ਦੀਆਂ ਸੁਰਖੀ-ਮਾਇਲ ਤਰੰਗਾਂ ਨਿਕਲਦੀਆਂ ਹਨ, ਜਿਨ੍ਹਾਂ ਨੂੰ ਰੈਡ ਸ਼ਿਫ਼ਟ ਦੇ ਨਾਂ ਦੁਆਰਾ ਪੁਕਾਰਿਆ ਜਾਂਦਾ ਹੈ। ਸੁਰਖੀ-ਮਾਇਲ ਤਰੰਗਾਂ (red shift) ਦਾ ਅਧਿਐਨ ਕੀਤਿਆਂ, ਪਰਿਣਾਮ ਇਹ ਨਿਕਲਦਾ ਹੈ ਕਿ ਸਮੁੱਚੇ ਤਾਰਿਕਾ ਮੰਡਲਾਂ ਦਾ ਆਰੰਭ ਇਕ ਬੁਨਿਆਦੀ ਬਿੰਦੂ ਤੋਂ ਹੁੰਦਾ ਹੈ, ਉਹ ਬੁਨਿਆਦੀ ਬਿੰਦੂ ਨਿਰਗੁਣ ਬ੍ਰਹਮ ਹੈ, ਜਿਵੇਂ :

Astronomers can calculate the speed of a galaxy from its red shift. By studing the speed of the galaxies motion at various distance from the earth, they found that all galaxies came from the one point in the space about 13 billion years ago.

(World Book 4, p. 858, Cosmology)

ਉਕਤ ਦਰਸਾਈ ਵਿਚਾਰ ਦੇ ਆਧਾਰ 'ਤੇ ਅਸੀਂ ਨਿਰਸੰਦੇਹ ਆਖ ਸਕਦੇ ਹਾਂ ਕਿ ਪ੍ਰਕਿਰਤੀ ਦਾ ਪਸਾਰਾ ਇਕ ਬਿੰਦੂ ਤੋਂ ਹੀ ਆਰੰਭ ਹੋਇਆ ਔਰ ਫੈਲਦਾ ਫੈਲਦਾ ਇਤਨਾ ਵਿਸਤਾਰ ਕਰ ਜਾਂਦਾ ਹੈ ਕਿ ਨਿਜੀ ਸੀਮਾ ਨੂੰ ਛੂਹ ਕੇ ਅਸੀਮ ਵਿਚ ਲੀਨ ਹੋ ਜਾਂਦਾ ਹੈ। ਇਸ ਲੀਨਤਾ ਦਾ ਵਾਸਤਵਿਕ ਰੂਪ ਹੀ "ਅਰਬਦ ਨਰਬਦ ਧੁੰਧੂਕਾਰਾ" ਹੈ। ਫਿਰ ਦੋਬਾਰਾ ਉਸ ਪਰਾ-ਸ਼ਕਤੀ ਦੀ ਇੱਛਾ ਦੇ ਅਨੁਸਾਰ ਇਕ ਧੁਨੀ ਅਥਵਾ, ਇਕ ਸ਼ਬਦ ਉਤਪੰਨ ਹੁੰਦਾ ਹੈ, ਜਿਸ ਨੂੰ ਵਿਗਿਆਨੀ ਲੋਕ 'ਬਿਗ ਬੈਂਗ ਦਾ ਸਿਧਾਂਤ' (Big Bang Theory) ਦੇ ਨਾਮ ਦੁਆਰਾ ਪੁਕਾਰਦੇ ਹਨ, ਔਰ ਨਿਸ਼ਚਿਤ ਕਰਦੇ ਹਨ ਕਿ ਪ੍ਰਕਿਰਤੀ ਅਨੇਕਾਂ

ਦਫ਼ਾ ਵਜੂਦ ਵਿਚ ਆਈ ਅਤੇ ਅਨੇਕਾਂ ਦਫ਼ਾ ਅੰਤਮ ਸੀਮਾ ਨੂੰ ਛੂਹ ਕੇ ਅਸੀਮ ਵਿਚ ਸਮਾ ਗਈ। ਗਰਜ਼ੇਕਿ, ਸ਼ਬਦ ਦੀ ਧੁਨੀ ਦੇ ਆਧਾਰ 'ਤੇ ਹੀ ਦੋਬਾਰਾ ਕਈ ਵਾਰ ਵਜੂਦ ਵਿਚ ਆਈ ਹੈ। ਇਸ ਸਿਧਾਂਤ ਦੀ ਪ੍ਰੋੜ੍ਹਤਾ ਪਾਵਨ ਗੁਰਬਾਣੀ ਦੁਆਰਾ ਭੀ ਕੀਤੀ ਗਈ ਹੈ:

> ਕਈ ਜੁਗਤਿ ਕੀਨੋ ਬਿਸਥਾਰ ॥ ਕਈ ਬਾਰ ਪਸਰਿਓ ਪਾਸਾਰ ॥
> ਸਦਾ ਸਦਾ ਇਕੁ ਏਕੰਕਾਰ ॥ ਕਈ ਕੋਟਿ ਕੀਨੇ ਬਹੁ ਭਾਤਿ ॥
> ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥ ਤਾ ਕਾ ਅੰਤੁ ਨ ਜਾਨੈ ਕੋਇ ॥
> ਆਪੇ ਆਪਿ ਨਾਨਕ ਪ੍ਰਭੁ ਸੋਇ ॥

(ਗਉੜੀ ਸੁਖਮਨੀ ਮ: ੫, ਪੰਨਾ 276/12)

ਇਸ ਤੋਂ ਪਿਛਲੀ ਵਾਰਤਾ ਵਿਚ ਆਪਾਂ ਪੜ੍ਹ ਆਏ ਹਾਂ ਕਿ ਪ੍ਰਕਿਰਤੀ ਦੇ ਵਿਸਤਾਰ ਨੂੰ ਗਿਆਨ ਦੇ ਦਾਇਰੇ ਵਿਚ ਸਮਝਣ ਵਾਸਤੇ ਪੰਜਾਂ ਭਾਗਾਂ ਵਿਚ ਵਿਭਾਜਿਤ ਕੀਤਾ (ਵੰਡਿਆ) ਜਾ ਸਕਦਾ ਹੈ, ਜਿਵੇਂ, ਸਰੀਰ ਮੰਡਲ, ਪ੍ਰਿਥਵੀ ਮੰਡਲ, ਸੂਰਜ ਮੰਡਲ, ਤਾਰਿਕਾ ਮੰਡਲ ਅਤੇ ਬ੍ਰਹਮ ਮੰਡਲ, ਆਦਿ। ਇਨ੍ਹਾਂ ਪੰਜਾਂ ਭਾਗਾਂ ਪ੍ਰਤਿ ਵਧੇਰੇ ਸੂਝ ਬੂਝ ਦਾ ਦਾਇਰਾ ਉਲੀਕਣ ਹਿਤ, ਨਿਮਨ ਲਿਖਤ ਦੁਆਰਾ, ਇਨ੍ਹਾਂ ਦੇ ਕਰਮ ਅਨੁਸਾਰ ਖ਼ਿਆਲਾਂ ਦਾ ਵਟਾਂਦਰਾ ਕਰਨ ਦੀ ਆਗਿਆ ਚਾਹਾਂਗੇ।

1.2 ਸਰੀਰ ਮੰਡਲ

ਸਰੀਰ : ਸਰੀਰ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦੇ ਅਰਥ ਹਨ—ਦੇਹੀ, ਕਾਇਆਂ, ਤਨ, ਜਿਸਮ, ਜੁੱਸਾ, ਪੁਰਸ਼, ਮਨੁੱਖ, ਆਦਮੀ, ਸ਼ਖ਼ਸ, ਬਸ਼ਰ, ਫ਼ਰਦ, ਜਿਸਮਾਨੀ ਰੂਪ-ਰੇਖਾ, ਜਿਸਮਾਨੀ ਸ਼ਕਲ-ਸੂਰਤ, ਵਿਅਕਤਿਤਵ, ਮਾਨਵ, ਇਨਸਾਨ, ਲਾਸ਼, ਲੋਥ, ਸਰੀਰਕ ਆਕਾਰ, ਵਿਅਕਤਿਤਵ ਡੀਲ ਡੌਲ, ਸਰੀਰ (body) ਆਦਿ।

ਗੁਰਮਤਿ ਦੀ ਸਿਧਾਂਤਕ ਕਸਵੱਟੀ 'ਤੇ ਪਰਖਿਆਂ ਸਰੀਰਕ ਹੋਂਦ ਨੂੰ ਚਾਰ ਉਤਪਤੀ ਸੋਮਿਆਂ ਅਥਵਾ ਚਾਰ ਖਾਣੀਆਂ ਵਿਚ ਵਿਭਾਜਿਤ ਕੀਤਾ ਜਾ ਸਕਦਾ ਹੈ, ਜਿਵੇਂ, ਅੰਡਜ, ਜੇਰਜ, ਸੇਤਜ ਅਤੇ ਉਤਭੁਜ ਆਦਿ, ਭਾਵ, ਅੰਡਿਆਂ ਦੁਆਰਾ ਜੀਵਨ, ਜੇਰ ਜਾਂ ਝਿੱਲੀ ਦੁਆਰਾ ਜੀਵਨ, ਆਪਣੇ ਆਪ ਧਰਤੀ ਦੀ ਗਰਮਾਇਸ਼ ਦੁਆਰਾ ਜੀਵਨ ਦਾ ਉਤਪਾਦਨ, ਧਰਤੀ ਤੋਂ ਉਪਰ ਨੂੰ ਉਠਣ ਵਾਲੀ ਬਨਸਪਤੀ ਆਦਿ ਦਾ ਜੀਵਨ। ਪ੍ਰਕਿਰਤਕ ਰਚਨਾ ਨੂੰ ਕਿਸੇ ਅਭਿਆਸ ਚਿੱਤਰ ਵਿਚ ਲਿਆਵਣ ਹਿਤ ਅਥਵਾ ਸਰੀਰ ਮੰਡਲ ਦੇ ਅਧਿਐਨ ਵਿਸ਼ੇ ਨੂੰ ਕ੍ਰਿਆਤਮਕ ਰੇਖਾ ਵਿਚ ਉਲੀਕਣ ਹਿਤ, ਜਿਤਨੇ ਭੀ ਯਤਨ ਕੀਤੇ

ਗਏ ਅਥਵਾ ਅਨੇਕਾਂ ਯਤਨਾਂ ਦੇ ਬਾਵਜੂਦ, ਇਨਸਾਨੀ ਬੁੱਧੀ ਹੁੰਮ ਕੇ ਠਹਿਰਾਉ ਦੀ ਅਵਸਥਾ ਵਿਚ ਆ ਟਿਕਦੀ ਹੈ ਅਤੇ ਸੁਭਾਵਕ ਹੀ ਰਸਨਾ ਦੁਆਰਾ ਨਮੋ ਨਮੋ ਨੇਤ ਨੇਤ ਦੀ ਧੁਨੀ ਪ੍ਰਗਟ ਹੋਇ ਆਂਵਦੀ ਹੈ, ਜਿਵੇਂ :

ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ॥ਰਹਾਉ॥
ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥
ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ॥੨॥
ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥
ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ॥੩॥

(ਸੋਰਠਿ ਮ: ੧, ਪੰਨਾ 596/13)

ਜੀਵਨ ਵਿਗਿਆਨੀਆਂ ਨੇ ਜੀਵਨ ਉਤਪਾਦਿਕ ਸੋਮੇ ਦੀ ਖੋਜ ਕਰਨ ਹਿਤ ਅਨੇਕਾਂ ਪ੍ਰਕਾਰ ਦੇ ਤਜਰਬੇ ਕਰਨ ਤੋਂ ਬਾਅਦ ਭੀ ਨਿਸ਼ਚਿਤ ਰੂਪ ਵਿਚ ਕਿਸੇ ਭੀ ਨਿਰਣੇ 'ਤੇ ਸਹੀ ਪਾਉਣ ਵਲੋਂ ਅਸਮਰੱਥਾ ਦਾ ਪ੍ਰਗਟਾਵਾ ਹੀ ਕੀਤਾ ਹੈ। ਇਨ੍ਹਾਂ ਦੇ ਸਾਹਮਣੇ ਤਿੰਨ ਪ੍ਰਕਾਰ ਦੇ ਸਿਧਾਂਤ ਆਏ ਹਨ, ਜਿਵੇਂ: 1. ਧਾਰਮਕ ਸਿਧਾਂਤ (Religious Theory); 2. ਸਵੈ ਉਪਜ ਸਿਧਾਂਤ (Spontaneous Theory); 3. ਨਵੀਨ ਸਿਧਾਂਤ (Modern Theory)।

ਪ੍ਰਕਿਰਤੀ ਦੀ ਉਪਜ ਪ੍ਰਤਿ ਜਗਤ ਗੁਰੂ ਬਾਬਾ ਨਾਨਕ ਜੀ ਦਾ ਸਿਧਾਂਤ ਇਕ ਅਟੱਲ ਸਚਾਈ ਦਾ ਸੰਦੇਸ਼ ਦੇ ਰਿਹਾ ਹੈ ਕਿ ਇਸ ਦੀਖਤ ਬ੍ਰਹਮੰਡ ਦੀ ਉਪਜ ਦਾ ਕਾਰਣ ਕੇਵਲ ਇਕ ਨਿਰਗੁਣ ਵਾਹਿਗੁਰੂ ਹੀ ਹੈ। ਗ਼ਰਜ਼ੇਕਿ, ਚਾਰ ਖਾਣੀਆਂ ਦੀ ਗਿਣਤੀ ਭੀ ਅਟੱਲ ਸਚਾਈ ਨਹੀਂ ਹੈ। ਗਿਆਨ ਖੰਡ ਦੀ ਅਵਸਥਾ ਦਾ ਉਲੇਖਣ ਕਰਦੇ ਹੋਏ ਹਜ਼ੂਰ ਨੇ ਅਨੇਕਾਂ ਹੀ ਖਾਣੀਆਂ ਅਥਵਾ ਜੀਵਨ ਉਤਪਾਦਕ ਸੋਮਿਆਂ ਦਾ ਜ਼ਿਕਰ ਨਿਮਨ ਲਿਖਤ ਦੇ ਆਧਾਰ 'ਤੇ ਕੀਤਾ ਹੈ, ਜਿਵੇਂ :

ਕੇਤੇ ਪਵਣ ਪਾਣੀ ਵੈਸੰਤਰ, ਕੇਤੇ ਕਾਨ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥
ਕੇਤੀਆ ਕਰਮ ਭੂਮੀ, ਮੇਰ ਕੇਤੇ, ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ॥
ਕੇਤੇ ਸਿਧ ਬੁਧ ਨਾਥ ਕੇਤੇ, ਕੇਤੇ ਦੇਵੀ ਵੇਸ॥
ਕੇਤੇ ਦੇਵ ਦਾਨਵ ਮੁਨਿ ਕੇਤੇ, ਕੇਤੇ ਰਤਨ ਸਮੁੰਦ॥
ਕੇਤੀਆ ਖਾਣੀ, ਕੇਤੀਆ ਬਾਣੀ, ਕੇਤੇ ਪਾਤ ਨਰਿੰਦ॥
ਕੇਤੀਆ ਸੁਰਤੀ, ਸੇਵਕ ਕੇਤੇ, ਨਾਨਕ ਅੰਤੁ ਨ ਅੰਤੁ॥੩੫॥

(ਜਪੁਜੀ, ਪੰਨਾ 7/15)

1.3 ਉਤਪਾਦਨ ਦਾ ਨਵੀਨ ਸਿਧਾਂਤ

Modern theory of generation : ਉਨ੍ਹੀਵੀਂ ਸਦੀ ਦੇ ਆਰੰਭ ਵਿਚ ਜੀਵਨ ਦੇ ਵਿਗਿਆਨੀਆਂ (Biologists) ਨੇ ਵਿਗਿਆਨਿਕ ਵਿਧੀ ਦੁਆਰਾ ਜੀਵਨ ਪ੍ਰਤਿ ਕੁਝ ਖ਼ਿਆਲ/ਸਿਧਾਂਤ ਵਿਕਸਤ ਕਰਨ ਦੇ ਯਤਨ ਕੀਤੇ ਹਨ। ਉਨ੍ਹਾਂ ਦਾ ਅਕੀਦਾ ਹੈ ਕਿ ਇਸ ਸੰਸਾਰ ਉੱਤੇ ਜੀਵਨ ਦਾ ਆਰੰਭ ਹੋਇਆਂ ਲਗਪਗ ਤ੍ਰਿੰਨ ਅਰਬ ਸਾਲ ਹੋ ਗਏ ਹਨ ਪ੍ਰੰਤੂ ਇਨ੍ਹਾਂ ਨੂੰ ਨਿਜੀ ਖੋਜ ਅਤੇ ਨਿਰੰਤਰ ਅਜ਼ਮਾਇਸ਼ੀ ਅਭਿਆਸ 'ਤੇ ਇਤਨਾ ਯਕੀਨ ਨਹੀਂ ਹੈ ਕਿ ਇਹ ਕਿਸੇ ਦਾਅਵੇ ਨਾਲ ਆਖ ਸਕਣ ਕਿ ਜੀਵਨ ਉਤਪਾਦਨ ਦਾ ਵਾਸਤਵਿਕ ਆਰੰਭ ਕਿਥੋਂ, ਕਦੋਂ ਅਤੇ ਕਿਵੇਂ ਹੋਇਆ ਹੈ। ਇਹੀ ਕਾਰਣ ਹੈ ਕਿ ਜੀਵਨ ਉਤਪਾਦਨ ਪ੍ਰਤਿ ਨਵੀਨ ਸਮੇਂ ਦਾ ਵਿਗਿਆਨੀ ਨਿਜੀ ਹਿਕਮਤ ਅਤੇ ਸਵੈਮ ਸਿਧਾਂਤ 'ਤੇ ਦ੍ਰਿੜ ਨਹੀਂ ਹੈ। ਚਾਲੂ ਸਮੇਂ ਦੇ ਜੀਵਨ ਵਿਗਿਆਨੀਆਂ ਦਾ ਅਭਿਆਸ ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੇ ਦਰਸਾਏ ਪਰਾ-ਸਿਧਾਂਤ ਦੇ ਅਨੁਸਾਰ ਥੋੜ੍ਹਾ ਬਹੁਤ ਤਾਲਮੇਲ ਰੱਖਦਾ ਹੈ। ਨਵੀਨ ਵਿਗਿਆਨੀ ਆਖਦੇ ਹਨ ਕਿ ਸਵੈਮ ਉਤਪੰਨ ਹੋਏ ਗੈਸ ਅਤੇ ਰਸਾਇਣੀ ਪਦਾਰਥਾਂ ਦੇ ਪਰਸਪਰ ਜੁੜਨ ਕਰਕੇ ਬਹੁਤ ਵੱਡੀ ਮਾਤਰਾ ਵਿਚ ਪਾਣੀ ਦੀ ਉਤਪਤੀ ਹੋਈ। ਫਿਰ ਸੂਰਜ ਦੀ ਊਰਜਾ ਸ਼ਕਤੀ ਅਤੇ ਪ੍ਰਕਾਸ਼ ਦੁਆਰਾ ਇਸ ਧਰਤੀ 'ਤੇ ਅਣੂ, ਛੋਟੇ ਛੋਟੇ ਜ਼ੱਰੇ ਬਣਨੇ ਆਰੰਭ ਹੋ ਗਏ। ਕਈ ਅਣੂ ਜੁੜ ਕੇ ਇਕ ਵਜੂਦ ਬਣਨਾ ਆਰੰਭ ਹੋਇਆ। ਉਸ ਵਜੂਦ ਵਿਚ ਵਾਹਿਗੁਰੂ ਨੇ ਨਿਜੀ ਜੋਤਿ ਦਾ ਨਿਵਾਸ ਕਰ ਕੇ ਜ਼ਿੰਦਗੀ ਦਾ ਆਰੰਭ ਕੀਤਾ। ਇਸ ਸਿਧਾਂਤ ਦੀ ਜਾਣਕਾਰੀ ਪਾਵਨ ਗੁਰਬਾਣੀ ਦੁਆਰਾ ਸਮਝਣੀ ਵਧੇਰੇ ਲਾਭਦਾਇਕ ਹੋਵੇਗੀ, ਜਿਵੇਂ :

> **ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ ॥**
> **ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥**
> **ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ ॥੩॥**

(ਸਿਰੀਰਾਗੁ ਮ: ੧, ਪੰਨਾ 19/18)

ਅਰਥ : ਸਦੀਵੀ ਥਿਰ ਵਾਹਿਗੁਰੂ ਤੋਂ ਹਵਾ, ਭਾਵ, ਸਾਰੇ ਪ੍ਰਕਾਰ ਦੀਆਂ ਰਸਾਇਣੀ ਗੈਸਾਂ ਵਜੂਦ ਵਿਚ ਆਈਆਂ। ਗੈਸਾਂ ਦੇ ਪਰਸਪਰ ਜੁੜਨ ਕਰਕੇ ਪਾਣੀ ਬਣਿਆ, ਪਾਣੀ ਅਤੇ ਸੂਰਜ ਦੀ ਊਰਜਾ ਸ਼ਕਤੀ ਅਥਵਾ ਰੋਸ਼ਨੀ ਦੁਆਰਾ ਅਣੂ ਹੋਂਦ ਵਿਚ ਆਏ। ਹਰ ਇਕ ਅਣੂ ਦੇ ਵਿਚ ਅਥਵਾ ਘਟਿ ਘਟਿ ਦੇ ਵਿਚ, ਉਸ ਕਰਤਾ ਨੇ ਨਿਜੀ ਜੋਤ ਦਾ ਉਜਾਲਾ ਕੀਤਾ, ਜਿਥੋਂ ਹਰ ਪ੍ਰਕਾਰ ਦੀ ਸਰੀਰਕ ਜ਼ਿੰਦਗੀ ਦਾ ਆਰੰਭ ਹੋਇਆ। ਰਸਾਇਣਿਕ ਅਤੇ ਗੈਸ ਪਦਾਰਥਾਂ ਦੁਆਰਾ ਰਚੀ ਗਈ ਜ਼ਿੰਦਗੀ ਸ਼ਬਦ ਵਿਚ ਅਥਵਾ ਨਾਮ ਵਿਚ ਰੱਤੇ

ਰਹਿਣ ਕਰਕੇ ਨਿਰਮਲ ਰਹਿ ਸਕਦੀ ਹੈ ਜੋ ਕਦੀ ਭੀ ਮੈਲੀ ਨਹੀਂ ਹੁੰਦੀ। ਐਸਾ ਅਭਿਆਸ ਕੀਤਿਆਂ ਇਸ ਜੀਵ ਦੀ ਇੱਜ਼ਤ ਰਹਿ ਸਕਦੀ ਹੈ।

ਉਕਤ ਦਰਸਾਇਆ ਸਿਧਾਂਤ ਗੁਰਮਤਿ ਦਾ ਸਿਧਾਂਤ ਹੈ ਜੋ ਨਵੀਨ ਸਿਧਾਂਤ ਦੀ ਕਸਵੱਟੀ 'ਤੇ ਭੀ ਪਰਖਿਆ ਅਤੇ ਤੋਲਿਆ ਜਾ ਸਕਦਾ ਹੈ। ਇਹੀ ਗੁਰਮਤਿ ਦਾ ਸਿਧਾਂਤ ਹੈ ਜਿਸ ਨੂੰ ਨਵੀਨ ਵਿਗਿਆਨੀ ਰਸਾਇਣੀ ਸਿਧਾਂਤ ਕਰ ਕੇ ਪੁਕਾਰਦੇ ਹਨ।

Theory of chemical evolution :

Scientific study indicate that the atmosphere of the early contained large quantities of hydrogen and little or no free (uncombined) oxygen. Under such conditions, the hydrogen containing compounds ammonia, methane and water would also have been abundant. The theory of chemical evolution purposes that energy from such sources as sunlight, lightning and volcanoes powered reactions among these compounds that produced simple biological molecules, such as sugar and amino acids, the combined and formed more complex molecules. Finally, the theory claims that these complex become organized into the organisms. *(World Book, Life, p. 245)*

1.4 ਮਨੁੱਖੀ ਸਰੀਰ

ਰਚਨਹਾਰ ਵਾਹਿਗੁਰੂ ਨੇ ਇਨਸਾਨੀ ਜਿਸਮ ਦੀ ਬਣਤਰ ਅਤਿ ਅਦਭੁੱਤ ਵਿਧੀ ਦੁਆਰਾ ਅਨੇਕਾਂ ਗੁਣ ਸੰਪੰਨ ਯੰਤ੍ਰ ਦੀ ਤਰ੍ਹਾਂ ਰਚੀ ਹੈ। ਇਸ ਦਾ ਹਰ ਇਕ ਭਾਗ ਯੰਤ੍ਰ ਦੇ ਪੁਰਜ਼ਿਆਂ ਵਾਂਗੂ ਵਿਸ਼ੇਸ਼ ਜ਼ਿੰਮੇਵਾਰੀਆਂ ਨਿਭਾਉਣ ਦੀ ਯੋਗਤਾ ਰੱਖਦਾ ਹੈ। ਗਰਜ਼ੇਕਿ, ਸਾਰੇ ਹੀ ਸਰੀਰਕ ਪੁਰਜ਼ੇ ਪਰਸਪਰ ਸਹਾਇਤਾ ਕਰਦੇ ਹੋਏ, ਜਿਸਮਾਨੀ ਜ਼ਿੰਮੇਵਾਰੀਆਂ ਨੂੰ ਸਰੰਜਾਮ ਦਿੰਦੇ ਹਨ, ਜਿਸ ਦੇ ਆਸਰੇ ਮਨੁੱਖਾ ਸਰੀਰ ਇਕ-ਸੁਰਤਾ, ਸ਼ਾਂਤ ਵਾਤਾਵਰਣ, ਸਿੱਧੀ ਪੱਧਰੀ ਵੇਗ ਅਤੇ ਸੁਸ਼ੀਲਤਾ ਵਿਚ ਵਿਚਰਦਾ ਹੋਇਆ ਸਰੀਰਕ, ਭਾਈਚਾਰਕ ਅਤੇ ਸੰਸਾਰਿਕ ਜ਼ਿੰਮੇਵਾਰੀਆਂ ਨੂੰ ਸਿਰੇ ਚਾੜ੍ਹਦਾ ਹੈ। ਜਿਵੇਂ, ਇਕ ਮਸ਼ੀਨ ਨੂੰ ਸ਼ਕਤੀ ਦੀ ਲੋੜ ਹੁੰਦੀ ਹੈ, ਏਸੇ ਤਰ੍ਹਾਂ ਹੀ ਮਨੁੱਖਾ ਦੇਹੀ ਨੂੰ ਭੀ ਅਨਿਕ ਪ੍ਰਕਾਰੀ ਸ਼ਕਤੀ ਦੀ ਆਵਸ਼ਕਤਾ ਹੈ। ਜਿਵੇਂ, ਇਕ ਯੰਤ੍ਰ ਦੀ ਸੱਤਾ ਊਰਜਕ ਪਦਾਰਥਾਂ ਦੀ ਸ਼ਕਤੀ ਦੁਆਰਾ ਪ੍ਰਾਪਤ ਹੁੰਦੀ ਹੈ, ਨਿਰਸੰਦੇਹ ਜਿਸਮਾਨੀ ਸ਼ਕਤੀ ਭੋਜਨ ਦੁਆਰਾ ਉਪਲਬਧ ਹੁੰਦੀ ਹੈ।

ਮਨੁੱਖ ਦੀਆਂ ਰਚੀਆਂ ਹੋਈਆਂ ਮਸ਼ੀਨਾਂ ਦੇ ਪ੍ਰਤਿਕਰਮ, ਮਨੁੱਖਾ ਦੇਹੀ ਇਕ ਹੈਰਾਨ ਕਰਨ ਵਾਲਾ ਅਤੇ ਅਦਭੁੱਤ ਯੰਤ੍ਰ ਹੈ ਜੋ ਇਨਸਾਨੀ ਸੋਚ-ਮੰਡਲ ਦੀਆਂ ਪ੍ਰਵਾਜ਼ਾਂ ਤੋਂ ਅਤਿ ਉੱਚਾ, ਅਪਾਰ ਅਤੇ ਸੂਖਸ਼ਮ ਮੰਡਲ ਦੀ ਅਸੀਮਤਾ ਦਾ ਲਖਾਇਕ ਹੈ। ਇਨਸਾਨ ਦੀ ਬਣਾਈ ਹੋਈ ਮਸ਼ੀਨ ਕਿਸੇ ਹੱਦ ਤਕ ਹੀ ਸੰਸਾਰੀ ਕੰਮਾਂ ਨੂੰ ਸਰੰਜਾਮ ਦੇ ਸਕਦੀ ਹੈ ਪ੍ਰੰਤੂ ਸੰਸਾਰੀ ਮਸ਼ੀਨਾਂ ਦੇ ਪ੍ਰਤਿਕਰਮ, ਮਨੁੱਖੀ ਸਰੀਰ ਦੀ ਜਗ੍ਹਾ ਨਿਰਸੰਦੇਹ ਨਵੇਕਲੀ ਅਤੇ ਲਾ-ਮਿਸਾਲ ਹੈ। ਮਿਸਾਲ ਵਜੋਂ, ਮਨੁੱਖੀ ਸਰੀਰ ਵਧਦਾ, ਫੁਲਦਾ, ਫਲਦਾ ਅਤੇ ਵਿਕਸਤ ਹੁੰਦਾ ਹੈ। ਸਭ ਤੋਂ ਅਲੌਕਿਕ ਅਤੇ ਵਿਸਮਾਦੀ ਅਵਸਥਾ ਇਹੀ ਹੈ ਕਿ ਇਹ ਕੇਵਲ ਇਕ ਕੋਸ਼ਾਣੂ ਕੋਸ਼ (cell) ਦੁਆਰਾ ਹੀ ਸਰੀਰਕ ਕਾਰਜਕਾਰੀ ਕ੍ਰਿਆ ਨੂੰ ਪ੍ਰਾਸਥਾਨ (ਆਰੰਭ) ਕਰਦਾ ਹੈ। ਇਸ ਇਕ ਕੋਸ਼ ਤੋਂ ਖਰਬਾਂ ਦੀ ਸੰਖਿਆ ਵਿਚ ਹੋਰ ਨਵੀਨ ਕੋਸ਼ ਸਵੈਮ ਹੀ ਉਤਪਾਦਤ ਅਵਸਥਾ ਵਿਚ ਆ ਜਾਂਦੇ ਹਨ। ਇਨਸਾਨੀ ਸਰੀਰ ਵਿਚ ਸਭ ਤੋਂ ਦੁਰਲੱਭ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਹ ਨਿਤਾਪ੍ਰਤਿ ਘਸੇ ਹੋਏ ਸਰੀਰਕ ਕੋਸ਼ਾਣੂ ਕੋਸ਼ ਭਾਗਾਂ ਨੂੰ ਸੇਵਾ ਮੁਕਤਿ ਕਰ ਕੇ ਨਵੀਨ ਕੋਸ਼ ਬਦਲੀ ਕਰਦਾ ਹੈ। ਗਰਜ਼ੇਕਿ, ਮਨੁੱਖੀ ਕਾਇਆਂ ਸਵੈ-ਚਲਤ ਵਿਧੀ ਦੁਆਰਾ ਹਰ ਪੰਦਰਾਂ ਤੋਂ ਤੀਹ (15-30) ਦਿਨਾਂ ਦੇ ਵਿਚਕਾਰ ਸਮੂਹਕ ਤੌਰ 'ਤੇ ਉਪਰਲੀ ਪੁਰਾਣੀ ਚਮੜੀ ਨੂੰ ਨਵੀਨ ਚਮੜੀ ਵਿਚ ਬਦਲੀ ਕਰ ਦਿੰਦੀ ਹੈ। ਮਨੁੱਖੀ ਸਰੀਰ ਸਵੈਮ ਸ਼ਕਤੀ ਦੇ ਆਧਾਰ 'ਤੇ ਹਜ਼ਾਰਾਂ ਹੀ ਰੋਗਾਂ ਦੀ ਪ੍ਰਤਿਵਾਦੀ (ਰੋਕਥਾਮ) ਕਰਨ ਦੀ ਸਮਰੱਥਾ ਰੱਖਦਾ ਅਤੇ ਲਘੂ ਫੱਟੜ ਜ਼ਖ਼ਮਾਂ ਨੂੰ ਸੁਅਸਤਅਵਸਥੀ (ਅਰੋਗ) ਕ੍ਰਿਆ ਵਿਚ ਲਿਆਵਣ ਦੀ ਯੋਗਤਾ ਭੀ ਰੱਖਦਾ ਹੈ। ਸਭ ਤੋਂ ਵੱਡੀ ਹੈਰਾਨੀ ਤਾਂ ਇਹ ਹੈ ਕਿ ਮਨੁੱਖੀ ਸਰੀਰ ਦੇ ਕਈ ਇਕ ਹਿੱਸੇ ਐਸੇ ਭੀ ਹਨ ਜੋ ਨਿਰੰਤਰੀ ਵੇਗ ਦੁਆਰਾ ਕਾਰਜਸ਼ੀਲ ਰਹਿੰਦੇ ਹਨ, ਜਿਵੇਂ, ਦਿਲ ਅਤੇ ਗੁਰਦੇ ਹਮੇਸ਼ਾ ਹੀ ਲਗਾਤਾਰ ਕੰਮ ਕਰਦੇ ਹਨ। ਇਕ ਸੱਤਰ ਸਾਲ ਉਮਰ-ਰਸੀਦਾ ਇਨਸਾਨ ਦਾ ਦਿਲ, ਸੱਤਰ ਸਾਲਾਂ ਦੇ ਸਮੇਂ ਵਿਚ ਘੱਟ ਤੋਂ ਘੱਟ 174 ਮਿਲੀਅਨ (174,000,000) ਲਿਟਰ ਲਹੂ ਪੰਪ ਕਰਦਾ ਅਤੇ ਗੁਰਦੇ ਅਥਵਾ ਕਿਡਨੀ (kidney) 3.8 ਮਿਲੀਅਨ (3,800,000) ਲਿਟਰ ਗੰਦਾ ਲਹੂ ਬਾਹਰ ਕੱਢਦੇ ਹਨ।

ਆਪਾਂ ਸਾਰੇ ਹੀ ਗਿਆਨ ਇੰਦ੍ਰੀਆਂ ਦੇ ਆਧਾਰ 'ਤੇ ਗਰਮੀ ਸਰਦੀ, ਅਨ੍ਹੇਰਾ ਚਾਨਣ, ਭੁੱਖ ਤ੍ਰਿਪਤੀ, ਸੌਣਾ ਜਾਗਣਾ, ਦੁਖ ਸੁਖ, ਸ਼ਾਦੀ ਗ਼ਮੀ, ਅੱਛਾਈ ਬੁਰਾਈ, ਕਾਮ ਚੇਸ਼ਟਾ, ਕ੍ਰੋਧ ਅਤੇ ਸ਼ਾਂਤੀ, ਧੀਰਜ ਅਤੇ ਘਬਰਾਹਟ, ਲੋਭ ਲਾਲਚ, ਮੋਹ ਨਿਰਮੋਹ, ਅਹੰਕਾਰ ਨਿਮਰਤਾ, ਰਸ ਨਿਰਸ, ਸੁਗੰਧੀ ਦੁਰਗੰਧੀ ਆਦਿ ਜੀਵ ਦੀ ਨਾਸਿਕਾ ਹਜ਼ਾਰਾਂ ਹੀ ਭਿੰਨ ਭਿੰਨ ਸੁਗੰਧੀਆਂ ਦਾ ਵੇਰਵਾ ਇਕ ਸਮੇਂ ਵਿਚ ਹੀ ਨਿਰਣੇ ਕਰ ਸਕਦੀ ਹੈ। ਇਸ ਪ੍ਰਕਾਰ ਦੀਆਂ

ਅਨੇਕਾਂ ਹੀ ਗੈਬੀ ਸ਼ਕਤੀਆਂ ਦੀ ਜਾਣਕਾਰੀ ਅਤੇ ਵਰਤੋਂ ਕਰਨ ਦੀ ਯੋਗਤਾ ਮਨੁੱਖਾ ਦੇਹੀ ਵਿਚ ਪਰੀਪੂਰਨ ਹੋ ਰਹੀ ਹੈ। ਇਕ ਜਿਸਮਾਨੀ ਹਿੱਸੇ ਤੋਂ ਦੂਜੇ ਹਿੱਸੇ ਤਕ ਨਾੜੀ ਪ੍ਰਬੰਧ ਦੇ ਆਧਾਰ 'ਤੇ ਸੰਦੇਸ਼ ਪ੍ਰਸਾਰਿਤ ਕਰਨ ਦੀ ਗਤੀ ਲਗਪਗ ਇਕ ਸੌ ਗਜ਼ ਇਕ ਸੈਕੰਡ ਵਿਚ ਤੈਅ ਕਰਦੀ ਹੈ। ਮਨੁੱਖਾ ਸਰੀਰ ਦਾ ਸਭ ਤੋਂ ਉੱਤਮ ਅਤੇ ਸ੍ਰੇਸ਼ਟ ਭਾਗ ਇਸ ਦਾ ਸੋਚ ਮੰਡਲ ਭਾਵ, ਦਿਮਾਗ਼ ਹੈ ਜੋ ਹਰ ਪ੍ਰਕਾਰੀ ਰਹੱਸਮਈ ਕ੍ਰਿਆ, ਸ਼ਿਲਪ ਵਿਦਿਆ, ਹਸਤ ਕਲਾ, ਗੁਪਤ ਭੇਦ ਭਰੇ ਰਹੱਸ, ਰਾਜ ਸੱਤਾ, ਪ੍ਰਬੰਧਕ ਲੱਛਣ, ਵਿਉਪਾਰਿਕ ਕ੍ਰਿਆ, ਕਾਵਿ ਰਚਨਾ, ਪਰਮਾਣੂ ਸ਼ਕਤੀ ਅਤੇ ਊਰਜਾ ਸ਼ਕਤੀ ਜੈਸੀਆਂ ਅਨੇਕਾਂ ਹੀ ਕ੍ਰਿਆਵਾਂ ਨੂੰ ਕਿਸੇ ਵਿਸ਼ੇਸ਼ ਪ੍ਰਬੰਧਕੀ ਢਾਂਚੇ ਵਿਚ ਕਰਮਬੱਧ ਕਰਨ ਦੀ ਯੋਗਤਾ ਰੱਖਦਾ ਹੈ।

ਉਕਤ ਦਰਸਾਏ ਗੁਣ ਕੇਵਲ ਮਨੁੱਖਾ ਦੇਹੀ ਦੇ ਹਿੱਸੇ ਹੀ ਆਏ ਹਨ। ਐਸੀਆਂ ਦੁਰਲੱਭ ਦਾਤਾਂ ਦੀ ਪ੍ਰਾਪਤੀ ਸਾਰੇ ਬ੍ਰਹਮੰਡ ਵਿਚ ਹੋਰ ਕਿਸੇ ਭੀ ਪਸ਼ੂ, ਪੰਖੀ, ਜਲਚਰ ਸ਼੍ਰੇਣੀਆਂ ਦੇ ਵਿਰਸੇ ਵਿਚ ਨਹੀਂ ਆਈ, ਇਹ ਕਾਇਆਂ ਰੱਬ ਦਾ ਮੰਦਰ ਹੈ ਔਰ ਕਾਇਆਂ ਵਿਚ ਆਤਮਾ ਅਤੇ ਵਾਹਿਗੁਰੂ ਦੀ ਜੋਤਿ ਪਰੀਪੂਰਨ ਹੋ ਰਹੀ ਹੈ। ਆਤਮਾ ਅਤੇ ਜੋਤਿ ਹੀ ਦੂਜੀਆਂ ਜੀਵਤ ਸ਼੍ਰੇਣੀਆਂ ਦੇ ਪ੍ਰਤਿਕਰਮ ਵਿਲੱਖਣਤਾ ਬਖ਼ਸ਼ਦੀਆਂ ਹਨ। ਤਾਂਤੇ, ਜੀਵ ਦਾ ਧਰਮ ਹੈ ਕਿ ਇਹ ਕਰਤਾਰ ਦਾ ਸ਼ੁਕਰਾਨਾ ਕਰਦਾ ਰਹੇ, ਜਿਵੇਂ :

> ਇਸੁ ਪਾਨੀ ਤੇ ਜਿਨਿ ਤੂ ਘਰਿਆ ॥ ਮਾਟੀ ਕਾ ਲੇ ਦੇਹੁਰਾ ਕਰਿਆ ॥
> ਉਕਤਿ ਜੋਤਿ ਲੈ ਸੁਰਤਿ ਪਰੀਖਿਆ ॥ ਮਾਤ ਗਰਭ ਮਹਿ ਜਿਨਿ ਤੂ ਰਾਖਿਆ ॥੧॥
> ਰਾਖਨਹਾਰੁ ਸਮ੍ਹਾਰਿ ਜਨਾ ॥ ਸਗਲੇ ਛੋਡਿ ਬੀਚਾਰ ਮਨਾ ॥੧॥ਰਹਾਉ॥
> ਜਿਨਿ ਦੀਏ ਤੁਧੁ ਬਾਪ ਮਹਤਾਰੀ ॥ ਜਿਨਿ ਦੀਏ ਭ੍ਰਾਤ ਪੁਤ ਹਾਰੀ ॥
> ਜਿਨਿ ਦੀਏ ਤੁਧੁ ਬਨਿਤਾ ਅਰੁ ਮੀਤਾ ॥ ਤਿਸੁ ਠਾਕੁਰ ਕਉ ਰਖਿ ਲੇਹੁ ਚੀਤਾ ॥੨॥
> ਜਿਨਿ ਦੀਆ ਤੁਧੁ ਪਵਨੁ ਅਮੋਲਾ ॥ ਜਿਨਿ ਦੀਆ ਤੁਧੁ ਨੀਰੁ ਨਿਰਮੋਲਾ ॥
> ਜਿਨਿ ਦੀਆ ਤੁਧੁ ਪਾਵਕੁ ਬਲਨਾ ॥ ਤਿਸੁ ਠਾਕੁਰ ਕੀ ਰਹੁ ਮਨ ਸਰਨਾ ॥੩॥
> ਛਤੀਹ ਅੰਮ੍ਰਿਤ ਜਿਨਿ ਭੋਜਨ ਦੀਏ ॥ ਅੰਤਰਿ ਥਾਨ ਠਹਰਾਵਨ ਕਉ ਕੀਏ ॥
> ਬਸੁਧਾ ਦੀਓ ਬਰਤਨਿ ਬਲਨਾ ॥ ਤਿਸੁ ਠਾਕੁਰ ਕੇ ਚਿਤਿ ਰਖੁ ਚਰਨਾ ॥੪॥
> ਪੇਖਨ ਕਉ ਨੇਤ੍ਰ ਸੁਨਨ ਕਉ ਕਰਨਾ ॥ ਹਸਤ ਕਮਾਵਨ ਬਾਸਨ ਰਸਨਾ ॥
> ਚਰਨ ਚਲਨ ਕਉ ਸਿਰੁ ਕੀਨੋ ਮੇਰਾ ॥ ਮਨ ਤਿਸੁ ਠਾਕੁਰ ਕੇ ਪੂਜਹੁ ਪੈਰਾ ॥੫॥
> ਅਪਵਿਤ੍ਰ ਪਵਿਤ੍ਰੁ ਜਿਨਿ ਤੂ ਕਰਿਆ ॥ ਸਗਲ ਜੋਨਿ ਮਹਿ ਤੂ ਸਿਰਿ ਧਰਿਆ ॥
> ਅਬ ਤੂ ਸੀਝੁ ਭਾਵੈ ਨਹੀ ਸੀਝੈ ॥ ਕਾਰਜੁ ਸਵਰੈ ਮਨ ਪ੍ਰਭੁ ਧਿਆਈਜੈ ॥੬॥
>
> *(ਰਾਮਕਲੀ ਮ: ੫, ਪੰਨਾ 913/7)*

ਮਨੁੱਖਾ ਦੇਹੀ ਪ੍ਰਤਿ ਹਜ਼ੂਰ ਨੇ ਨਿਰਣਾਤਮਕ ਸੁਝਾਉ ਦਿੱਤਾ ਹੈ ਕਿ

"ਸਗਲ ਜੋਨਿ ਮਹਿ ਤੂ ਸਿਰਿ ਧਰਿਆ ॥" ਹੇ ਜੀਵ! ਸਾਰੀਆਂ ਜੂਨੀਆਂ ਵਿਚ ਤੂੰ ਸਿਰਮੌਰ ਕਰ ਕੇ ਥਾਪਿਆ ਗਿਆ ਹੈਂ, ਅਗਰ ਤੂੰ ਸਿਰਮੌਰ ਹੈਂ ਤਦ ਇਸ ਸਿਰਮੌਰਤਾ ਨੂੰ ਸਥਿਰ ਰੱਖਣ ਹਿਤ ਤੇਰੀਆਂ ਕੁਝ ਜ਼ਿੰਮੇਵਾਰੀਆਂ ਭੀ ਹਨ। ਜਿਸ ਸ਼੍ਰੇਣੀ ਨੂੰ ਦੂਜੀਆਂ ਸ਼੍ਰੇਣੀਆਂ ਦੇ ਪ੍ਰਤਿਕਰਮ ਬਹੁਤ ਜ਼ਿਆਦਾ ਸੁਵਿਧਾਵਾਂ ਪ੍ਰਾਪਤ ਹੋਣ, ਉਸ ਦੇ ਜ਼ਿੰਮੇ ਵਿਚ ਕੁਝ ਜ਼ਿੰਮੇਵਾਰੀਆਂ ਦਾ ਬੋਝ ਭੀ ਬਹੁਤ ਜ਼ਿਆਦਾ ਹੀ ਹੁੰਦਾ ਹੈ। ਜੋ ਪ੍ਰਾਣੀ ਨਿਜੀ ਜ਼ਿੰਮੇਵਾਰੀਆਂ ਤੋਂ ਪਾਸਾ ਵੱਟ ਜਾਵੇ, ਐਸੇ ਜੀਵ ਦਾ ਜੀਵਨ ਖੇਤਰ ਵਿਚੋਂ ਤਿਲ੍ਹਕ ਜਾਣਾ ਇਕ ਸੁਭਾਵਕ ਜਿਹੀ ਸਥਿਤੀ ਹੁੰਦੀ ਹੈ।

ਜ਼ਿੰਦਗੀ ਦੇ ਐਸੇ ਚਾਰ ਖੇਤਰ ਹਨ ਜਿਨ੍ਹਾਂ ਵਿਚ ਹਰ ਮਨੁੱਖ ਮਾਤਰ ਨੂੰ ਨਿਜੀ ਜ਼ਿੰਮੇਵਾਰੀਆਂ ਦਾ ਅਭਿਆਸ ਕਰਨਾ ਆਵਸ਼ਕ ਹੀ ਬਣ ਆਂਵਦਾ ਹੈ। ਜਿਨ੍ਹਾਂ ਵਿਚ 1. ਵਾਹਿਗੁਰੂ ਪ੍ਰਤਿ ਜ਼ਿੰਮੇਵਾਰੀ, 2. ਸਮਾਜ ਪ੍ਰਤਿ ਜ਼ਿੰਮੇਵਾਰੀ, 3. ਕੁਦਰਤ ਪ੍ਰਤਿ ਜ਼ਿੰਮੇਵਾਰੀ, 4. ਸਵੈਮ ਸਰੂਪ/ਆਪਣੇ ਆਪੇ ਪ੍ਰਤਿ ਜ਼ਿੰਮੇਵਾਰੀਆਂ ਨੂੰ ਸਰੰਜਾਮ ਦੇਣਾ ਅਤਿ ਲਾਜ਼ਮੀ ਹੈ। ਜਿਵੇਂ :

1.5 ਵਾਹਿਗੁਰੂ ਪ੍ਰਤਿ ਜ਼ਿੰਮੇਵਾਰੀ

ਵਾਹਿਗੁਰੂ ਦੇ ਸਨਮਾਨ ਵਿਚ ਉੱਤਰਦਾਈ ਰਹਿਣਾ ਬਹੁਤ ਹੀ ਲਾਜ਼ਮੀ ਹੈ ਕਿਉਂਕਿ ਕੇਵਲ ਰੱਬ ਹੀ ਐਸੀ ਵਾਹਿਦ ਸ਼ਕਤੀ ਹੈ ਜਿਸ ਨੇ ਜੀਵ ਨੂੰ ਸਿਰਮੌਰ ਅਤੇ ਗੁਣ ਸੰਪੰਨ ਕਰ ਕੇ ਮਨੁੱਖਤਾ ਦੀ ਰਚਨਾ ਕੀਤੀ ਹੈ। ਗ਼ਰਜ਼ੇਕਿ, ਵਾਹਿਗੁਰੂ ਹੀ ਐਸੀ ਪ੍ਰੇਰਕ ਸੱਤਾ ਹੈ ਜੋ ਗਾਹੇ-ਬਗਾਹੇ ਮਨੁੱਖਤਾ ਨੂੰ ਆਪਣੇ ਪੈਗ਼ੰਬਰਾਂ ਦੁਆਰਾ ਮਨੁੱਖ ਨੂੰ ਨੈਤਿਕ, ਅਨੈਤਿਕ ਅਮਲਾਂ ਵਲੋਂ ਚੇਤਨ ਰੱਖਦਾ ਅਤੇ ਸ਼ੁਭ ਕਰਮ ਕਰਨ ਲਈ ਪ੍ਰੇਰਦਾ ਹੈ, ਲਿਹਾਜ਼ਾ ਚੰਗੇ ਮੰਦੇ ਕਰਮ ਫਲ ਦੀ ਸੂਝ ਬਖ਼ਸ਼ਦਾ ਹੈ, ਜਿਵੇਂ :

> **ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥**
> **ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥**
> **ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥**
> **ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥**
> **ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ,**
> **ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥**

(ਰਾਮਕਲੀ ਮ: ੩, ਪੰਨਾ 922/1)

ਵਾਹਿਗੁਰੂ ਪ੍ਰਤਿ ਜ਼ਿੰਮੇਵਾਰੀਆਂ ਦਾ ਇਹਸਾਸ/ਅਨੁਭੂਤੀ ਕਰਵਾਉਂਦੇ ਹੋਏ ਜੀਵ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਹੇ ਜੀਵ! ਤੈਨੂੰ ਸਮੂਹ ਜੂਨੀਆਂ ਦੇ ਪ੍ਰਤਿਕਰਮ, ਸ੍ਰੇਸ਼ਟ ਪਦਵੀ ਅਥਵਾ ਉੱਤਮਤਾ ਬਖ਼ਸ਼ੀ ਗਈ ਹੈ ਅੌਰ ਕੁਝ

ਅਧਿਕਾਰ ਭੀ ਦਿੱਤੇ ਗਏ ਹਨ। ਪ੍ਰਾਪਤ ਹੋਏ ਅਧਿਕਾਰਾਂ ਦੀ ਸੁਵਰਤੋਂ ਜਾਂ ਕੁਵਰਤੋਂ ਕਰਨੀ ਤੇਰੇ ਅਧਿਕਾਰ ਖੇਤਰ ਵਿਚ ਹੈ। ਅੰਤ ਦੇ ਸਮੇਂ ਨੈਤਿਕ ਕਰਮਾਂ ਦੇ ਇਵਜ਼ਾਨੇ ਵਿਚ ਤੈਨੂੰ ਪਤਿ-ਪਰਵਾਨਗੀ ਪ੍ਰਾਪਤ ਹੋਵੇਗੀ, ਏਸੇ ਚਿੱਤਰ ਦੇ ਦੂਜੇ ਪਾਸੇ ਅਨੈਤਿਕ ਕਰਮਾਂ ਦੇ ਬਦਲੇ ਤੈਨੂੰ ਅਪਰਵਾਨਗੀ ਅਤੇ ਜ਼ਿਲਤ ਦਾ ਸਾਹਮਣਾ ਕਰਨਾ ਪਵੇਗਾ। ਚੁਨਾਂਚਿ, ਮੰਦੇ ਕਰਮਾਂ ਪ੍ਰਤਿ ਜਵਾਬ-ਤਲਬੀ ਕੀਤੀ ਜਾਵੇਗੀ, ਜਿਵੇਂ :

ਅਮਲੁ ਸਿਰਾਨੋ ਲੇਖਾ ਦੇਨਾ ॥ ਆਏ ਕਠਿਨ ਦੂਤ ਜਮ ਲੇਨਾ ॥
ਕਿਆ ਤੈ ਖਟਿਆ ਕਹਾ ਗਵਾਇਆ ॥
ਚਲਹੁ ਸਿਤਾਬ ਦੀਬਾਨਿ ਬੁਲਾਇਆ ॥੧॥
ਚਲੁ ਦਰਹਾਲੁ ਦੀਵਾਨਿ ਬੁਲਾਇਆ ॥
ਹਰਿ ਫੁਰਮਾਨੁ ਦਰਗਹ ਕਾ ਆਇਆ ॥੧॥ਰਹਾਉ॥

(ਸੂਹੀ ਕਬੀਰ, ਪੰਨਾ 792/13)

ਜਦੋਂ ਕਠਿਨ ਬਿਰਤੀ ਵਾਲੇ ਜਮਦੂਤ ਜੀਵ ਨੂੰ ਲੈਣ ਵਾਸਤੇ ਆ ਜਾਂਦੇ ਹਨ ਤਦ ਓਹ ਜੀਵ ਪ੍ਰਤਿ ਆਖਦੇ ਹਨ—ਹੇ ਜੀਵ। ਤੇਰੇ ਕਰਮ ਕਰਨ ਦਾ ਸਮਾਂ ਲੰਘ ਚੁੱਕਾ ਹੈ ਭਾਵ ਤੇਰਾ ਜੀਵਨ ਖ਼ਤਮ ਹੋ ਗਿਆ ਹੈ, ਹੁਣ ਤੈਨੂੰ ਕੀਤੇ ਕਰਮਾਂ ਦਾ ਲੇਖਾ ਦੇਣਾ ਪਵੇਗਾ। ਮਾਨਸ ਜਨਮ ਦੇ ਸਮੇਂ ਵਿਚ ਵਿਚਰਦੇ ਹੋਏ, ਸ਼ੁਭ ਕਰਮਾਂ ਦੇ ਆਧਾਰ 'ਤੇ ਕੀ ਖੱਟਿਆ ਅਤੇ ਅਨੈਤਿਕ ਅਮਲਾਂ ਦੇ ਕਾਰਣ ਕੀ ਗਵਾਇਆ ਹੈ ? ਜਲਦੀ ਚੱਲ। ਤੈਨੂੰ ਨਿਆਂਪਾਲਿਕ ਨੇ ਸੱਦਿਆ ਹੈ, ਜਿਸ ਹਾਲਤ ਵਿਚ ਭੀ ਹੈਂ, ਚੱਲ, ਅਸਾਡੇ ਨਾਲ ਤੁਰ, ਤੈਨੂੰ ਕਚਹਿਰੀ ਵਿਚ ਬੁਲਾਇਆ ਹੈ। ਇਹ ਹੁਕਮ ਅਸਾਡਾ ਨਹੀਂ ਬਲਕਿ ਇਹ ਤਾਂ ਵਾਹਿਗੁਰੂ ਦੀ ਦਰਗਾਹ ਤੋਂ ਆਇਆ ਹੋਇਆ ਫ਼ੁਰਮਾਨ ਹੈ।

ਜਦੋਂ ਅਸੀਂ ਮਾਣਸ ਜਨਮ ਦੀ ਦੁਰਲੱਭਤਾ ਨੂੰ ਗੁਰਮਤਿ ਦੀ ਕਸਵੱਟੀ ਦੁਆਰਾ ਅਜ਼ਮਾਇਸ਼ੀ ਪਰਖ ਦੀ ਸ਼ਿਲਾ 'ਤੇ ਰੱਖ ਕੇ ਸਾਣ-ਸਿਧੀ ਦਾ ਅਭਿਆਸ ਕਰਦੇ ਹਾਂ ਤਦ ਇਸ ਅਸ਼ਰਫ਼ਲ-ਮਖ਼ਲੂਕਾਤ (ਖ਼ਲਕਤ ਦੇ ਸਰਦਾਰ) ਦੀ ਸਰਦਾਰੀ ਦੇ ਥੰਮ ਲਰਜ਼ਿਸ਼ ਦੇ ਸੰਸਾਰ ਵਿਚ ਪ੍ਰਵੇਸ਼ ਕਰਦੇ ਹਨ। "ਕਿਆ ਤੈ ਖਟਿਆ ਕਹਾ ਗਵਾਇਆ" ਦਾ ਪ੍ਰਸ਼ਨ-ਚਿੰਨ੍ਹ ਬਾਰ ਬਾਰ ਇਸ ਦੇ ਸਾਹਮਣੇ ਆ ਖਲੋਂਦਾ ਹੈ। ਧਿਆਨ ਗੋਚਰੀ ਕੇਵਲ ਇਕ ਐਸੀ ਰਹੱਸਮਈ ਰਮਜ਼ ਹੈ ਕਿ ਇਹ ਜੂਨੀਆਂ ਦਾ ਸਰਦਾਰ ਲੇਖਾ ਦੇਣੋਂ ਅਸਮਰੱਥ ਹੈ। ਇਸ ਦਾ ਨਿਸਤਾਰਾ ਕੇਵਲ ਅਤੇ ਕੇਵਲ ਵਾਹਿਗੁਰੂ ਦੀ ਰਹਿਮਤ/ਬਖ਼ਸ਼ਸ਼ ਦੁਆਰਾ ਹੀ ਹੋ ਸਕਦਾ ਹੈ। ਖ਼ਿਆਲ ਰਹੇ, ਸਿੱਖੀ ਕੀਤੇ ਕਰਮਾਂ 'ਤੇ ਆਧਾਰਤ ਨਹੀਂ ਹੈ ਬਲਕਿ ਸਿੱਖੀ ਦੀ ਇਮਾਰਤ ਦਾ ਢਾਂਚਾ ਗੁਰਪ੍ਰਸਾਦਿ ਦੀ ਮੂਲਿਕ ਸ਼ਿਲਾ 'ਤੇ ਵਿਕਸਤ ਹੋ ਰਿਹਾ ਹੈ। ਸਿੱਖੀ ਦੀ ਟੇਕ ਨਿਰਸੰਦੇਹ ਵਾਹਿਗੁਰੂ ਦੀ ਬਖ਼ਸ਼ਸ਼, ਰਹਿਮਤ ਅਤੇ ਗੁਰਪ੍ਰਸਾਦਿ ਹੈ, ਜਿਵੇਂ :

ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥
ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥੧॥

(ਬਾਵਨ ਅਖਰੀ, ਗਉੜੀ ਮ: ੫, ਪੰਨਾ 261/1)

ਹਰ ਇਨਸਾਨ ਦਾ ਇਹੀ ਧਰਮ ਕਰਮ ਹੈ ਕਿ ਇਹ ਵਾਹਿਗੁਰੂ ਵਲੋਂ ਪ੍ਰਾਪਤ ਹੋਈ ਸਰਦਾਰੀ ਨੂੰ ਸਥਿਰ ਰੱਖੇ। ਇਹ ਤਦੇ ਹੀ ਕਾਇਮ ਰਹਿ ਸਕਦੀ ਹੈ ਅਗਰ ਇਹ ਕਰਤਾ ਪ੍ਰਤਿ ਵਫ਼ਾਦਾਰ ਰਹੇ। ਨਿਜੀ ਫ਼ਰਜ਼ ਨਿਭਾਉਣ ਲਈ ਜ਼ੇ-ਦਾਰ ਅਥਵਾ ਤੱਤਪਰ ਰਹੇ ਪ੍ਰੰਤੂ ਇਹ ਅਲਪ ਬੁੱਧੀ ਦਾ ਮਾਲਿਕ, ਆਤਮ ਚੇਤਨਤਾ ਦੀ ਬਜਾਇ ਵਾਹਿਗੁਰੂ ਵਲੋਂ ਬੇਗਾਨਾ ਅਤੇ ਨਿਜੀ ਫ਼ਰਜ਼ਾਂ ਦੀ ਪੂਰਤੀ ਵਲੋਂ ਕੁਤਾਹੀ ਕਰਦਾ ਹੈ, ਬਲਕਿ ਅਕ੍ਰਿਤਘਣਤਾ ਦੇ ਦਾਇਰੇ ਵਿਚ ਪ੍ਰਵੇਸ਼ ਹੋਣ ਕਰਕੇ ਲੂਣ-ਹਰਾਮੀ ਹੋ ਗਿਆ ਹੈ, ਜਿਵੇਂ :

ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥
ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥

(ਬਾਵਨ ਅਖਰੀ, ਗਉੜੀ ਮ: ੫, ਪੰਨਾ 261/2)

ਉਕਤ ਵਾਰਤਾ ਦੇ ਆਧਾਰ 'ਤੇ ਬਾਰ ਬਾਰ ਅਸਾਡੇ ਸਾਹਮਣੇ ਇਕ ਪ੍ਰਸ਼ਨ-ਚਿੰਨ੍ਹ ਆਣ ਖਲੋਂਦਾ ਹੈ ਕਿ ਇਸ ਪ੍ਰਕਿਰਤੀ ਦਾ ਸਰਦਾਰ ਆਪਣੇ ਕਰਤਾ ਪ੍ਰਤਿ ਇਹਸਾਨ ਦੀ ਅਦਾਇਗੀ ਅਥਵਾ ਨਿਜੀ ਫ਼ਰਜ਼ਾਂ ਦੀ ਸੰਭਾਲ ਕਿਵੇਂ ਨਿਭਾ ਸਕਦਾ ਹੈ ? ਕੀ ਇਹ ਸਰਬੋਤਮ ਮਨੁੱਖ ਸਤਿਗੁਰੂ ਦੀ ਸਹਾਇਤਾ ਤੋਂ ਬਿਨਾਂ ਅੰਤਮ ਨਿਰਜਾਸੀ ਦੇ ਸਮੇਂ, ਸੱਚੇ ਦਰਬਾਰ ਵਿਚ ਸਹੀ ਤੌਰ 'ਤੇ ਨਿਜੀ ਲੇਖਾ ਨਿਪਟਾ ਸਕਦਾ ਹੈ ? ਨਹੀਂ, ਕਦੀ ਭੀ ਨਹੀਂ, ਕਿਉਂਕਿ, "ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥" ਇਕ ਐਸੀ ਗੰਭੀਰ ਅਤੇ ਲਾ-ਜਵਾਬ ਸਮੱਸਿਆ ਹੈ ਕਿ ਅੰਤ ਦੇ ਸਮੇਂ ਇਸ ਵਿਵਾਦ-ਗ੍ਰਸਤ ਗੁੰਝਲ ਦਾ ਸਮਾਧਾਨ ਕੇਵਲ ਸੱਚਾ ਸਤਿਗੁਰੂ ਹੀ ਨਿਪਟਾ ਸਕਦਾ ਹੈ। ਸੱਚਾ ਸਤਿਗੁਰੂ ਜੀਵ ਪ੍ਰਤਿ ਪ੍ਰੇਰਨਾਤਮਕ ਜੁਗਤੀ ਦੁਆਰਾ ਅੰਤਮ ਸਮੇਂ ਜਮ ਦੀ ਫਾਂਸੀ ਤੋਂ ਸੁਰੱਖਿਆ, ਹਲਤਿ ਪਲਤਿ ਦੀਆਂ ਵਡਿਆਈਆਂ, ਉਦਾਰਤਾ, ਫ਼ਯਾਜ਼ੀ, ਬਖਸ਼ਦਾ ਹੈ। ਸੱਚਾ ਸਤਿਗੁਰੂ ਹੀ ਜੀਵ ਪ੍ਰਤਿ ਉੱਤਮ ਕਰਮ ਕਰਨ ਦੀ ਸਿੱਖਿਆ ਦੁਆਰਾ ਦੁਨੀਆ ਦੇ ਧਰਮਾਂ ਵਿਚੋਂ ਸ੍ਰੇਸ਼ਟ ਧਰਮੀ ਹੋਵਣ ਦਾ ਉਪਦੇਸ਼ ਦ੍ਰਿੜ੍ਹ ਕਰਵਾਂਦਾ ਹੈ। ਇਸ ਵਾਸਤੇ ਹਰ ਪ੍ਰਾਣੀ ਦਾ ਧਰਮ ਹੈ ਕਿ ਉਹ ਬਿਨਾ ਕਿਸੇ ਵਿਲੰਬਤਾ (ਦੇਰੀ) ਦੇ ਤ੍ਰਾਹਿ ਤ੍ਰਾਹਿ ਕਰਦਾ ਹੋਇਆ ਸੱਚੇ ਸਤਿਗੁਰੂ ਦੀ ਸਰਣਿ ਵਿਚ ਆ ਜਾਵੇ, ਜਿਵੇਂ :

ਦੁਲਭ ਦੇਹ ਸਵਾਰਿ ॥ ਜਾਹਿ ਨ ਦਰਗਹ ਹਾਰਿ ॥
ਹਲਤਿ ਪਲਤਿ ਤੁਧੁ ਹੋਇ ਵਡਿਆਈ ॥ ਅੰਤ ਕੀ ਬੇਲਾ ਲਏ ਛਡਾਈ ॥੧॥

> ਰਾਮ ਕੇ ਗੁਨ ਗਾਉ ॥
> ਹਲਤੁ ਪਲਤੁ ਹੋਹਿ ਦੋਵੈ ਸੁਹੇਲੇ ਅਚਰਜ ਪੁਰਖੁ ਧਿਆਉ ॥੧॥ਰਹਾਉ॥
> ਊਠਤ ਬੈਠਤ ਹਰਿ ਜਾਪੁ ॥ ਬਿਨਸੈ ਸਗਲ ਸੰਤਾਪੁ ॥
> ਬੈਰੀ ਸਭਿ ਹੋਵਹਿ ਮੀਤ ॥ ਨਿਰਮਲੁ ਤੇਰਾ ਹੋਵੈ ਚੀਤ ॥੨॥
> ਸਭ ਤੇ ਊਤਮ ਇਹੁ ਕਰਮੁ ॥ ਸਗਲ ਧਰਮ ਮਹਿ ਸ੍ਰੇਸਟ ਧਰਮੁ ॥
> ਹਰਿ ਸਿਮਰਨਿ ਤੇਰਾ ਹੋਇ ਉਧਾਰੁ ॥ ਜਨਮ ਜਨਮ ਕਾ ਉਤਰੈ ਭਾਰੁ ॥੩॥
> ਪੂਰਨ ਤੇਰੀ ਹੋਵੈ ਆਸ ॥ ਜਮ ਕੀ ਕਟੀਐ ਤੇਰੀ ਫਾਸ ॥
> ਗੁਰ ਕਾ ਉਪਦੇਸੁ ਸੁਨੀਜੈ ॥ ਨਾਨਕ ਸੁਖਿ ਸਹਜਿ ਸਮੀਜੈ ॥੪॥੩੦॥੪੧॥
>
> *(ਰਾਮਕਲੀ ਮ: ੫, ਪੰਨਾ 895/14)*

ਇਥੋਂ ਤੀਕ ਸਰਬੋਤਮ ਜੀਵ ਦੀਆਂ ਵਾਹਿਗੁਰੂ ਪ੍ਰਤਿ ਜ਼ਿੰਮੇਵਾਰੀਆਂ ਦੀ ਲੜੀ ਸਮਾਪਤ ਹੁੰਦੀ ਹੈ, ਇਸ ਤੋਂ ਅਗਲੇਰੇ ਪੰਨਿਆਂ ਵਿਚ ਸਮਾਜੀ ਜ਼ਿੰਮੇਵਾਰੀਆਂ ਦਾ ਉਲੇਖਣ ਕੀਤਾ ਜਾਵੇਗਾ।

ਨੋਟ : ਵਾਹਿਗੁਰੂ ਪ੍ਰਤਿ ਜ਼ਿੰਮੇਵਾਰੀਆਂ ਨਿਭਾਉਣ ਲਈ ਸਤਿਗੁਰੂ ਜੀ ਦੀ ਸਰਣਿ ਵਿਚ ਆਵਣਾ ਭਾਵ, ਸੱਚੇ ਸਤਿਗੁਰੂ ਦੀ ਦੀਖਿਆ ਪ੍ਰਾਪਤ ਕਰਨੀ ਅਥਵਾ ਗੁਰੂ ਵਾਲੇ ਬਣਨਾ ਇਨਸਾਨੀ ਜੀਵਨ ਦਾ ਪਹਿਲਾ ਕਦਮ ਹੈ। ਗੁਰੂ ਵਾਲੇ ਬਣਨ ਤੋਂ ਬਿਨਾਂ ਰੱਬ ਪ੍ਰਤਿ ਜ਼ਿੰਮੇਵਾਰੀ ਨਿਭਾਉਣ ਦਾ ਦਾਅਵਾ ਕਰਨਾ ਰੇਤੇ ਦੀਆਂ ਕੰਧਾਂ ਹੀ ਹੁੰਦੀਆਂ ਹਨ। ਗੁਰੂ ਦਾ ਸ਼ਬਦ ਹੀ ਜੀਵ ਦੇ ਛੁਟਕਾਰੇ ਦਾ ਵਾਹਿਦ ਸਾਧਨ ਹੈ, ਜਿਵੇਂ :

> ਜਿਤੁ ਘਰਿ ਵਸਹਿ ਤੂਹੈ ਬਿਧਿ ਜਾਣਹਿ ਬੀਜਉ ਮਹਲੁ ਨ ਜਾਪੈ ॥
> ਸਤਿਗੁਰ ਬਾਝਹੁ ਸਮਝ ਨ ਹੋਵੀ ਸਭੁ ਜਗੁ ਦਬਿਆ ਛਾਪੈ ॥
> [ਮਾਇਆ ਦੀ ਛਾਪ ਥੱਲੇ ਦਬਿਆ ਹੋਇਆ]
> ਕਰਣ ਪਲਾਵ ਕਰੈ ਬਿਲਲਾਤਉ ਬਿਨ ਗੁਰ ਨਾਮੁ ਨ ਜਾਪੈ ॥
> ਪਲ ਪੰਕਜ ਮਹਿ ਨਾਮੁ ਛਡਾਏ ਜੇ ਗੁਰ ਸਬਦੁ ਸਿਞਾਪੈ ॥੪॥
>
> *(ਮਲਾਰ ਮ: ੧, ਪੰਨਾ 1275/3)*

1.6 ਸਮਾਜੀ ਜ਼ਿੰਮੇਵਾਰੀਆਂ

ਜਿਸ ਇਨਸਾਨ ਦਾ ਸਮਾਜੀ ਢਾਂਚਾ ਗਾਰੇ ਦੀਆਂ ਕੰਧਾਂ 'ਤੇ ਉਸਰਿਆ ਹੋਵੇ, ਉਸ ਲਈ ਪ੍ਰਮਾਰਥ ਦੇ ਚਿੱਤਰ ਉਲੀਕਣੇ ਖ਼ਾਮ-ਖ਼ਿਆਲੀ ਦੇ ਮਹਿਲਾਂ ਤੋਂ ਸਿਵਾਇ ਹੋਰ ਕੁਝ ਭੀ ਨਹੀਂ। ਸਮਾਜੀ ਢਾਂਚੇ ਦੀ ਉਸਾਰੀ ਲਈ ਅਸਾਡਾ ਵਾਸਤਾ ਸਮਾਜੀ ਜ਼ਿੰਦਗੀ ਦੇ ਅੱਛੇ ਬੁਰੇ ਆਚਰਣ, ਦੁਖਾਂ ਸੁਖਾਂ ਦੀ ਹਾਲਤ, ਸਮਾਜੀ ਲੋੜਾਂ ਦੀ ਭਰਮਾਰ, ਸਮਾਜੀ ਜੁਰਮ, ਸਮਾਜੀ ਨੈਤਿਕਤਾ ਅਤੇ ਅਨੈਤਿਕਤਾ, ਸਮਾਜੀ ਨਿਆਇ ਪ੍ਰਣਾਲੀ, ਸਮਾਜੀ ਸ਼ਾਸਨਿਕਤਾ, ਸਮਾਜੀ

ਰਸਮੋਂ-ਰਿਵਾਜ, ਸਮਾਜੀ ਧਰਮ ਅਧਰਮ ਦੀ ਰੇਖਾ, ਸਮਾਜੀ ਨੀਤੀ ਅਨੀਤੀ, ਸਮਾਜੀ ਆਰਥਿਕ ਅਵਸਥਾ, ਸਮਾਜੀ ਅਰੋਗਤਾ, ਸਮਾਜੀ ਸਮਾਨਤਾ, ਸਮਾਜੀ ਊਚ ਨੀਚ ਵਤੀਰਾ, ਸਮਾਜੀ ਵੰਡ ਵਿਤਕਰਾ/ ਕਾਣੀ ਵੰਡ ਜੈਸੀਆਂ ਗੰਭੀਰ ਸਮੱਸਿਆਵਾਂ ਨਾਲ ਪੈਂਦਾ ਹੈ। ਇਹੀ ਵਿਸ਼ੇਸ਼ ਕਾਰਣ ਹੈ ਕਿ ਪਾਵਨ ਗੁਰਬਾਣੀ ਦੁਆਰਾ ਨੈਤਿਕ ਅਤੇ ਅਨੈਤਿਕ ਕ੍ਰਿਆਵਾਂ ਨੂੰ ਵਿਚਾਰ ਦੇ ਗੁਣੀਏ ਵਿਚ ਸਥਾਪਨ ਕਰਨ ਦੀ ਨੀਂਹ ਰੱਖੀ ਗਈ ਹੈ। ਮੰਦ ਕਰਮੀ ਅਤੇ ਸ਼ੁਭ ਕਰਮੀ ਜੀਵਾਂ ਪ੍ਰਤਿ ਦੰਡ ਅਤੇ ਪ੍ਰਸੰਸਕ ਧਾਰਾਵਾਂ ਦਾ ਉਲੇਖਣ ਭੀ ਕੀਤਾ ਗਿਆ ਹੈ, ਜਿਵੇਂ :

> **ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥**
> **ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥**
> **ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥੪੯॥** *(ਪੰਨਾ, 1380/8)*

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ੁਭ ਅਸ਼ੁਭ ਕਰਮਾਂ ਦੀ ਪ੍ਰਣਾਲੀ ਕੇਵਲ ਸਿਮ੍ਰਤੀ ਚਿੰਨ੍ਹਾਂ ਅਥਵਾ ਯਾਦਗਾਰੀ ਨਿਸ਼ਾਨੀਆਂ ਵਾਸਤੇ ਹੀ ਨਹੀਂ ਦਿੱਤੀ ਗਈ, ਬਲਕਿ ਮਨੁੱਖ ਮਾਤਰ ਦੀ ਨੈਤਿਕਤਾ ਵਿਚ ਹੋਰ ਵਧੇਰੇ ਵਾਧਾ ਕਰਨ ਹਿਤ ਔਰ ਅਸੰਸਕ੍ਰਿਤਕ ਅਤੇ ਪਸ਼ੂ ਵਿਰਤੀ ਜੀਵਾਂ ਨੂੰ ਰਾਹੇ-ਰਾਸਤ 'ਤੇ ਲਿਆਵਣ ਵਾਸਤੇ ਇਕ ਯੋਗ ਉਪਰਾਲਾ ਹੈ। ਗ਼ੈਰ-ਜ਼ਿੰਮੇਵਾਰ, ਬੇ-ਲਗ਼ਾਮ ਅਤੇ ਅਸੱਭਿਅਕ ਲੋਕਾਂ ਨੂੰ ਕਿਸੇ ਵਿਸ਼ੇਸ਼ ਜ਼ਾਬਤੇ (discipline) ਦੇ ਗੁਣੀਏ ਵਿਚ ਉਲੀਕਣ ਦਾ ਸਹੀ ਯਤਨ ਹੈ, ਤਾਂਕਿ, ਇਹ ਅਨੇਕਾਂ ਹੀ ਹਨੇਰੇ ਵਿਚ ਜੀਵਨ ਯਾਤਰਾ ਕਰਨ ਵਾਲੇ ਅਸ਼ੁਭ ਲੋਕ ਗੁਰਮੁਖਿ ਗਾਡੀ ਰਾਹ ਦੇ ਯਾਤਰੀ ਬਣ ਸਕਣ।

> **ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥**
> **ਅਸੰਖ ਅਮਰ ਕਰਿ ਜਾਹਿ ਜੋਰ ॥ ਅਸੰਖ ਗਲਵਢ ਹਤਿਆ ਕਮਾਹਿ ॥**
> **ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥**
> **ਅਸੰਖ ਮਲੇਛ ਮਲੁ ਭਖਿ ਖਾਹਿ ॥** *(ਜਪੁਜੀ, ਪੰਨਾ 4/3)*

ਉਕਤ ਪ੍ਰਮਾਣ ਵਿਚ ਦਰਸਾਈਆਂ ਬਦੀਆਂ ਕਮਾਵਣ ਵਾਲੇ ਜੀਵ ਭੀ ਆਸਮਾਨੀ ਨੈਤਿਕਤਾ ਦੇ ਧਾਰਨੀ ਹੋ ਕੇ ਸਦੀਵੀ ਜੀਵਨ ਦੀ ਗਤੀ ਨੂੰ ਪ੍ਰਾਪਤ ਕਰ ਸਕਣ। ਗ਼ਰਜ਼ੇਕਿ, ਮਾਣਸ ਜਨਮ ਦੀ ਦੁਰਲੱਭਤਾ ਦੇ ਮਹਲ ਦੀਆਂ ਕੰਧਾਂ ਢਾਹ ਢੇਰੀ ਕਰਨੋਂ ਬਾਜ਼ ਆ ਜਾਣ। ਪ੍ਰਭੂ ਦੀ ਰਚੀ ਹੋਈ ਜ਼ੀਨਤ ਨੂੰ ਵਿਨਾਸ਼ ਦੀਆਂ ਤਲਾਂ ਵਿਚ ਨਾ ਲੈ ਜਾਣ। ਕਾਦਰ ਦੀ ਸੁੰਦਰਤਾ ਨੂੰ ਖੈ ਕਰਨਾ, ਪ੍ਰਭੂ ਦੇ ਸਰੂਪ ਨੂੰ ਬਰਬਾਦ ਕਰਨ ਤੋਂ ਸਿਵਾਇ ਹੋਰ ਕੁਝ ਭੀ ਨਹੀਂ ਹੈ। ਗ਼ਾਲਿਬਨ, ਉਹ ਕਰਤਾ ਕੁਦਰਤ ਨੂੰ ਸਾਜ ਕੇ ਇਸ ਦੇ ਵਿਚ ਅਭੇਦ ਹੋ ਰਿਹਾ ਹੈ। ਕੁਦਰਤ ਨੂੰ ਬਰਬਾਦ ਕਰਨਾ ਹੀ ਕਾਦਰ ਦੀ ਹੁਕਮ-ਅਦੂਲੀ ਹੈ, ਜਿਵੇਂ :

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥

(ਆਸਾ ਮ: ੧, ਪੰਨਾ 463/4)

ਸਮਾਜੀ ਜ਼ਿੰਦਗੀ ਨੂੰ ਤਹਿਸ ਨਹਿਸ ਕਰਨਾ, ਭ੍ਰਾਤਰੀ ਭਾਉ ਜੀਵਨ ਵਿਚ ਵਾਵੇਲਾ ਉਤਪੰਨ ਕਰਨਾ, ਖ਼ਾਲਿਕ ਦੀ ਖ਼ਲਕਤ ਨੂੰ ਅਪੱਧਰਤਾ ਵਿਚ ਧਕੇਲਣਾ, ਕਿਰਤ ਨੂੰ ਬਰਬਾਦ ਕਰਨਾ ਕਰਤਾ ਦੇ ਆਦੇਸ਼ ਦੀ ਅਵੱਗਿਆ ਹੈ। ਜੋ ਅਸੱਭਿਅਕ ਵਿਅਕਤੀ ਰੱਬੀ ਰਚਨਾ ਨੂੰ ਬਰਬਾਦ ਕਰਦੇ ਹਨ, ਉਨ੍ਹਾਂ ਦੇ ਸੁਧਾਰ ਵਾਸਤੇ ਪਾਵਨ ਗੁਰਬਾਣੀ ਵਿਚ ਸੁਧਾਰੂ ਅਤੇ ਉਸਾਰੂ ਉਪਦੇਸ਼ ਦ੍ਰਿੜ੍ਹ ਕਰਵਾਏ ਗਏ ਹਨ, ਨਾਲ ਦੀ ਨਾਲ ਬਹੁਤ ਹੀ ਗੰਭੀਰ ਅਤੇ ਨਾ-ਗਵਾਰ ਸਜ਼ਾਵਾਂ ਦਾ ਉਲੇਖਣ ਭੀ ਕੀਤਾ ਗਿਆ ਹੈ, ਜਿਵੇਂ:

ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫੜੇ ਫੜਿ ਕੁਠੇ ॥
ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥੨॥
ਸੰਗਿ ਨ ਕੋਈ ਭਈਆ ਬੇਬਾ ॥ ਮਾਲੁ ਜੋਬਨੁ ਧਨੁ ਛੋਡਿ ਵਞੇਸਾ ॥
ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ ॥੩॥
ਖੁਸਿ ਖੁਸਿ ਲੈਦਾ ਵਸਤੁ ਪਰਾਈ ॥ ਵੇਖੈ ਸੁਣੇ ਤੇਰੈ ਨਾਲਿ ਖੁਦਾਈ ॥
ਦੁਨੀਆ ਲਬਿ ਪਇਆ ਖਾਤ ਅੰਦਰਿ ਅਗਲੀ ਗਲ ਨ ਜਾਣੀਆ ॥੪॥

(ਮਾਰੂ ਮ: ੫, ਪੰਨਾ 1019/19)

ਸਮਾਜੀ ਜ਼ਿੰਮੇਵਾਰੀਆਂ ਨੂੰ ਨਿਭਾਉਣ ਵਾਸਤੇ ਧੁਰ ਕੀ ਬਾਣੀ ਦੁਆਰਾ ਘਣੀ ਮਾਤਰਾ ਵਿਚ ਐਸੇ ਸੁਝਾਉ ਦਿੱਤੇ ਗਏ ਹਨ, ਜਿਨ੍ਹਾਂ 'ਤੇ ਅਮਲ ਕੀਤਿਆਂ ਹਰ ਇਨਸਾਨ ਦਾ ਸਮਾਜੀ ਜੀਵਨ ਅਨੇਕਾਂ ਹੀ ਆਨੰਦਮਈ ਦਾਤਾਂ ਨੂੰ ਮਾਣਦਾ ਹੋਇਆ ਜੀਵਨ ਨਿਰਬਾਹ ਕਰੇ, ਮਨ ਬਚ ਅਤੇ ਕਰਮ ਕਰਕੇ ਕਿਸੇ ਭੀ ਜੀਵ ਜੰਤੂ ਪ੍ਰਤਿ ਮੰਦ ਭਾਵਨਾ ਦਾ ਧਾਰਨੀ ਨਾ ਬਣੇ। ਭਾਵੇਂ ਦੂਸਰਾ ਇਨਸਾਨ ਉਸ ਦਾ ਹਮ-ਖ਼ਿਆਲੀ ਹੋਵੇ ਜਾਂ ਨਾ ਹੋਵੇ। ਗੁਰਮਤਿ ਨੀਤੀ ਦਾ ਅਖਿੱਛਤ ਅੰਗ ਹੈ ਕਿ ਵਿਰੋਧੀ ਧਿਰ ਨਾਲ ਭੀ ਸਦਭਾਵਨਾ ਦਾ ਵਤੀਰਾ ਧਾਰਨ ਕੀਤਾ ਜਾਵੇ। ਧਿਆਨ ਗੋਚਰੀ ਵਿਸ਼ੇਸ਼ ਧਾਰਾ ਤਾਂ ਇਹੀ ਹੈ ਕਿ ਹਰ ਦੂਜਾ ਵਿਅਕਤੀ ਤੁਹਾਡੀ ਸੋਚਣੀ ਨਾਲੋਂ ਵੱਖਰਾ ਸੋਚ-ਮੰਡਲ ਰੱਖਦਾ ਅਤੇ ਵੱਖਰੇ ਸੰਕਲਪਾਂ ਦੇ ਘੇਰੇ ਵਿਚ ਵਿਚਰਦਾ ਹੈ ਕਿਉਂਕਿ ਰੱਬੀ ਰਚਨਾ ਭੀ ਸਮਾਨ ਨਹੀਂ ਹੈ, ਬਲਕਿ ਅਨੇਕਾਂ ਪ੍ਰਕਾਰ ਦੀ ਵਿਭਿੰਨਤਾ ਭਰਪੂਰ ਫੁਲਵਾੜੀ ਹੈ। ਇਕ ਦੂਜੇ ਦਾ ਚਕ੍ਰ-ਚਿਹਨ, ਸੁਭਾਉ, ਰੰਗ-ਨਸਲ, ਖਾਣ-ਪਾਣ ਅਤੇ ਪਹਿਰਾਣ, ਧਾਰਮਕ ਪਾਠ ਪੂਜਾ ਦਾ ਢੰਗ, ਨਿਤਾਪ੍ਰਤਿ ਜੀਵਨ ਦੀ ਰਹਿਤ ਮਰਯਾਦਾ, ਵੱਖਰੀ ਭਾਸ਼ਾ, ਵੱਖਰੇ ਰੀਤੀ ਰਿਵਾਜ, ਸਮਾਜੀ ਜੀਵਨ ਦੇ ਕਰਮ ਧਰਮ ਭੀ ਵੱਖਰੇ, ਖੇਲ ਕੂਦ ਦੇ ਢੰਗ, ਵਿਆਹ ਸ਼ਾਦੀਆਂ ਦੇ ਰਸਮੋ-ਰਿਵਾਜ, ਯੁਵਕ ਅਵਸਥਾ ਵਿਚ ਪਰਸਪਰ ਮੇਲ

ਮਿਲਾਪ ਦੇ ਢੰਗ ਆਦਿ, ਅਧਿਕ ਮਾਤਰਾ ਵਿਚ ਭਿੰਨਤਾ ਰੱਖਦੇ ਹਨ, ਕਿਉਂਕਿ ਵਾਹਿਗੁਰੂ ਭੀ ਭਿੰਨਤਾ ਨੂੰ ਪਿਆਰ ਕਰਦਾ ਹੈ, ਜਿਵੇਂ:

ਪਰਵਦਗਾਰੁ ਸਲਾਹੀਐ ਸਿਰਠਿ ਉਪਾਈ ਰੰਗ ਬਿਰੰਗੀ॥
ਰਾਜਿਕੁ ਰਿਜਕੁ ਸਬਾਹਿਦਾ ਸਭਨਾ ਦਾਤਿ ਕਰੇ ਅਣਮੰਗੀ॥
ਕਿਸੈ ਜਿਵੇਹਾ ਨਾਹਿ ਕੋ ਦੁਬਿਧਾ ਅੰਦਰਿ ਮੰਦੀ ਢੰਗੀ॥
ਪਾਰਬ੍ਰਹਮੁ ਨਿਰਲੇਪੁ ਹੈ ਪੂਰਨ ਬ੍ਰਹਮੁ ਸਦਾ ਸਹਲੰਗੀ॥
ਵਰਨਾਂ ਚਿਹਨਾਂ ਬਾਹਰਾਂ ਸਭਨਾ ਅੰਦਰਿ ਹੈ ਸਰਬੰਗੀ॥
ਪਉਣੁ ਪਾਣੀ ਬੈਸੰਤਰੁ ਸੰਗੀ॥੧੦॥੧੯॥ *(ਵਾਰਾਂ ਭਾਈ ਗੁਰਦਾਸ ਜੀ)*

ਰੰਗ-ਬਿਰੰਗੀ ਦੁਨੀਆ ਵਿਚ ਅਥਵਾ, ਭਿੰਨਤਾ ਭਰਪੂਰ ਸੰਸਾਰ ਵਿਚ ਸਫਲਤਾ ਦੀਆਂ ਸਫਾਂ ਵਿਚ ਪ੍ਰਵੇਸ਼ ਕਰਨ ਹਿਤ ਆਵਸ਼ਕ ਹੀ ਬਣ ਆਂਵਦਾ ਹੈ ਕਿ ਅਸੀਂ ਜਨਤਕ ਕਦਰਾਂ-ਕੀਮਤਾਂ ਨੂੰ ਸਮਝ ਸਕੀਏ। ਪਰਜਾ ਦੇ ਪ੍ਰਯੋਜਨ ਹਿਤ ਅਸਾਡੀ ਸੋਚ ਦਾ ਗੁਣੀਆ ਸਹੀ ਅਤੇ ਉਪਜਾਊ ਹੋਵੇ (think right toward the people), ਕਿਉਂਕਿ ਲੁਕਾਈ ਵਿਚ ਰੱਬ ਵੱਸਦਾ ਹੈ। ਅਗਰ ਕਿਸੇ ਜਗਿਆਸੂ ਨੂੰ ਪਰਜਾ ਅਥਵਾ ਸੰਗਤ ਦੇ ਹਿਰਦੇ ਵਿਚੋਂ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ, ਸਮਝ ਲੈਣਾ ਚਾਹੀਦਾ ਹੈ ਕਿ ਉਸ ਨੂੰ ਮੰਦਰ, ਮਸੀਤ, ਗਿਰਜਾ ਅਤੇ ਗੁਰਦੁਆਰਿਆਂ ਵਿਚੋਂ ਭੀ ਰੱਬ ਦੀ ਪ੍ਰਾਪਤੀ ਨਹੀਂ ਹੋਵੇਗੀ, ਜਿਵੇਂ:

ਜਾ ਕਾ ਮਨੁ ਹੋਇ ਸਗਲ ਕੀ ਰੀਨਾ॥
ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥
ਮਨ ਅਪੁਨੇ ਤੇ ਬੁਰਾ ਮਿਟਾਨਾ॥ ਪੇਖੈ ਸਗਲ ਸ੍ਰਿਸਟਿ ਸਾਜਨਾ॥
(ਗਉੜੀ ਸੁਖਮਨੀ ਮ: ੫, ਪੰਨਾ 266/8)

ਸਮਾਜੀ ਜ਼ਿੰਮੇਵਾਰੀਆਂ ਪ੍ਰਤਿ ਪ੍ਰਬੀਨਤਾ ਪ੍ਰਾਪਤ ਕਰਨ ਹਿਤ ਆਵਸ਼ਕ ਹੀ ਬਣ ਆਂਵਦਾ ਹੈ ਕਿ ਇਹ ਅਨੇਕਾਂ ਜੂਨੀਆਂ ਦਾ ਸਿਰਦਾਰ ਸਮਾਜਕ ਜੀਵਨ ਵਿਚ ਪਰਜਾ ਵਲੋਂ ਸਤਿਕਾਰਤ ਅਤੇ ਪਰਵਾਨਿਤ ਵਿਅਕਤੀ ਹੋਵੇ, ਮਨ ਬਚ ਅਤੇ ਕਰਮ ਕਰਕੇ ਜਨਤਾ ਦੇ ਹਿਤਾਂ ਪ੍ਰਤਿ ਹਾਰਦਿਕ ਭਾਵਨਾ ਰੱਖਦਾ ਹੋਵੇ, ਜਿਵੇਂ:

ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥
ਕਹੁ ਨਾਨਕ ਬਾਹ ਲੁਡਾਈਐ॥ *(ਸਿਰੀਰਾਗੁ ਮ: ੧, ਪੰਨਾ 26/1)*

ਹਰ ਕਰਮ ਵਾਹਿਗੁਰੂ ਦੇ ਭੈ ਵਿਚ ਰਹਿੰਦਾ ਹੋਇਆ ਕਰੇ। ਸਮਾਜੀ ਜ਼ਿੰਮੇਵਾਰੀਆਂ ਨੂੰ ਸਰੰਜਾਮ ਦਿੰਦੇ ਸਮੇਂ ਪ੍ਰਭੂ ਦੇ ਭੈ ਵਿਚ ਵਿਚਰਨਾ ਗੁਰਮਤਿ ਦਾ ਸਾਰਥਕ ਸੁਭਾਉ ਹੈ। ਵਾਹਿਗੁਰੂ ਦਾ ਭੈ ਕੋਈ ਭਿਅੰਕਰ ਵਸਤੂ ਨਹੀਂ ਬਲਕਿ ਇਹ ਤਾਂ ਜੀਵਨ ਨੂੰ ਕਿਸੇ ਵਿਸ਼ੇਸ਼ ਜ਼ਾਬਤੇ ਵਿਚ, ਖ਼ਾਸ ਆਚਰਣ ਵਿਚ, ਸਰਬ

ਸ੍ਰੇਸ਼ਟ ਮਾਨਵਤਾ ਵਿਚ, ਇਨਸਾਨੀਅਤ ਦੇ ਉੱਚੇ ਰੁਤਬੇ ਵਿਚ, ਢਾਲਣ ਦਾ ਯਤਨ ਹੈ ਜਿਸ ਦੇ ਆਸਰੇ ਜੀਵ ਨੂੰ ਤੱਤ੍ਵ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗਰਜ਼ੇਕਿ, ਰੱਬ ਦਾ ਭੈ ਹੀ ਬਿਬੇਕਤਾ ਅਤੇ ਭਗਤੀ (Disciplined) ਦਾ ਆਰੰਭ ਹੈ, ਜਿਥੋਂ ਅੰਤ੍ਰੀਵੀ ਪ੍ਰਕਾਸ਼ ਪ੍ਰਗਟ ਹੁੰਦਾ ਹੈ, ਜਿਵੇਂ :

ਭੈ ਬਿਨੁ ਭਗਤਿ ਨ ਹੋਈ ਕਬ ਹੀ ਭੈ ਭਾਇ ਭਗਤਿ ਸਵਾਰੀ ॥੬॥

(ਰਾਮਕਲੀ ਮ: ੩, ਪੰਨਾ 911/3)

The fear of the God is the beginning of the wisdom, and wisdom develops the discipline, character and bravery. Fear of God dispels all kind of illusions. That kind of person starts to live his/her everyday life and unafraid person, well characterized and high disciplined life.

ਤੱਤ੍ਵ ਗਿਆਨ ਹਮੇਸ਼ਾ ਹੀ ਜੀਵ ਦੇ ਅੰਤਹਕਰਣ ਤੋਂ ਉਤਪੰਨ ਹੁੰਦਾ ਹੈ, ਜਿਸ ਦਾ ਆਧਾਰ ਪ੍ਰਭੂ ਦੇ ਭੈ ਵਿਚ ਵਿਚਰਦੇ ਹੋਏ ਸਮਾਜੀ ਜ਼ਿਮੇਵਾਰੀਆਂ ਨਿਭਾਉਣਾ ਹੈ ਔਰ ਜ਼ਿਮੇਵਾਰੀਆਂ ਨਿਭਾਉਣ ਦਾ ਢੰਗ ਤਿੰਨ ਪ੍ਰਕਾਰ ਦਾ ਹੋ ਸਕਦਾ ਹੈ—1. ਮਨ ਕਰਕੇ, 2. ਬਚਨ ਕਰਕੇ ਅਤੇ 3. ਕਰਮ ਕਰਕੇ। ਅਗਲੇਰੇ ਪ੍ਰਸੰਗ ਵਿਚ ਮਨ ਦੀ ਸੋਚ ਪ੍ਰਤਿ ਵਿਚਾਰ ਕਰਾਂਗੇ।

1.7 ਮਨ ਦੀ ਸੋਚ

ਮਨ ਕੋਈ ਸਥੂਲ ਵਸਤੂ ਨਹੀਂ ਹੈ ਬਲਕਿ ਇਹ ਤਾਂ ਜੀਵ ਦੇ ਅੰਦਰ ਇਕ ਅਤਿ ਸੂਖਸ਼ਮ ਸੂਖਸ਼ਮਤਾ ਹੈ ਜਿਸ ਦੇ ਆਸਰੇ ਜੀਵ ਸੰਕਲਪ ਅਤੇ ਵਿਕਲਪ, ਇੱਛਾ, ਦਵੈਸ਼, ਯਤਨ ਅਤੇ ਵਿਚਾਰ ਆਦਿ ਜੈਸੀਆਂ ਰੁਚੀਆਂ ਦੀ ਅਨੁਭਵਤਾ ਅਤੇ ਵਿਚਾਰ ਮੰਡਲ ਦੀਆਂ ਘਾੜਤਾਂ ਘੜਦਾ ਹੈ। ਦੂਜੇ ਸ਼ਬਦਾਂ ਵਿਚ ਇਹ ਭੀ ਆਖ ਸਕਦੇ ਹਾਂ ਕਿ ਅਸਾਡਾ ਮਨ ਅੰਤਹਕਰਣ ਦਾ ਉਹ ਭਾਗ ਹੈ ਜਿਸ ਦੇ ਆਸਰੇ ਖ਼ਿਆਲਾਂ ਦੀ ਦੁਨੀਆ ਉਸਰਦੀ ਹੈ। ਮਨੁੱਖਾ ਸਰੀਰ ਦੇ ਵਿਚ ਮਨ ਇਕ ਐਸੀ ਅਤਿ ਸੂਖਸ਼ਮ ਅਤੇ ਸੁਖੱਲ ਸ਼ਕਤੀ ਹੈ ਜੋ ਵੇਖੀ ਅਤੇ ਪਕੜੀ ਨਹੀਂ ਜਾ ਸਕਦੀ ਪ੍ਰੰਤੂ ਗੁਰ-ਸ਼ਬਦ ਦੀ ਵਿਚਾਰ ਦੇ ਆਸਰੇ ਕਾਬੂ ਵਿਚ ਰੱਖੀ ਜਾ ਸਕਦੀ ਹੈ। ਮਨ ਦੀ ਹੋਂਦ ਨੂੰ ਸੁਖੱਲੇ ਢੰਗ ਦੁਆਰਾ ਸਮਝਣ ਹਿਤ ਇਕ ਦ੍ਰਿਸ਼ਟਾਂਤ ਪੇਸ਼ ਕੀਤਾ ਜਾ ਸਕਦਾ ਹੈ। ਜਿਵੇਂ, ਦੋ ਹਿੱਸੇ ਹਾਈਡਰੋਜਨ ਅਤੇ ਇਕ ਹਿੱਸਾ ਆਕਸੀਜਨ ਦੀਆਂ ਦੋ ਸਥੂਲ ਵਸਤੂਆਂ ਪ੍ਰਯੋਗਸ਼ਾਲਾ ਵਿਚ ਲੈ ਜਾ ਕੇ ਇਕੱਠੀਆਂ ਕਰ ਦੇਈਏ, ਤੁਸੀਂ ਵੇਖੋਗੇ ਕਿ ਉਨ੍ਹਾਂ ਦੋਵਾਂ ਵਸਤੂਆਂ ਦੀ ਹੋਂਦ ਖ਼ਤਮ ਹੋ ਜਾਂਦੀ ਹੈ ਅਤੇ ਇਕ ਤੀਸਰੀ ਵਸਤੂ 'ਪਾਣੀ' ਪ੍ਰਗਟ ਹੋਇ ਆਂਵਦਾ ਹੈ। ਫਿਰ ਦੋਬਾਰਾ ਪਾਣੀ ਨੂੰ ਪ੍ਰਯੋਗਸ਼ਾਲਾ ਵਿਚ ਲੈ ਜਾ

ਕੇ ਕਿਸੇ ਵਿਸ਼ੇਸ਼ ਢੰਗ ਦੁਆਰਾ ਅਮਲ ਕੀਤਿਆਂ ਪਾਣੀ ਦਾ ਵਜੂਦ ਖ਼ਤਮ ਹੋ ਜਾਂਦਾ ਹੈ, ਇਕ ਡਲੀ ਆਕਸੀਜਨ ਦੀ ਅਤੇ ਦੂਜੀ ਡਲੀ ਹਾਈਡਰੋਜਨ ਦੀ ਅਸਾਡੇ ਸਾਹਮਣੇ ਰਹਿ ਜਾਂਦੀਆਂ ਹਨ। ਨਿਰਸੰਦੇਹ ਇਸੇ ਸਿਧਾਂਤ ਦੇ ਅਧੀਨ ਸਵੈਮ ਰੂਪ ਵਿਚ ਮਨ ਕੋਈ ਵਸਤੂ ਨਹੀਂ ਹੈ ਬਲਕਿ ਇਹ ਤਾਂ ਦੋ ਵਸਤੂਆਂ ਦੇ ਮਿਲਾਪ ਦੁਆਰਾ ਹੋਂਦ ਵਿਚ ਪ੍ਰਗਟ ਹੋਈ ਇਕ ਸੁਬੱਲ ਅਤੇ ਅਤਿ ਸੂਖਸ਼ਮ ਸ਼ਕਤੀ ਹੈ। ਜਦੋਂ ਉਨ੍ਹਾਂ ਦੋ ਵਸਤੂਆਂ ਦਾ ਰਿਸ਼ਤਾ ਟੁੱਟ ਜਾਵੇ, ਮਨ ਦੀ ਹੋਂਦ ਭੀ ਖ਼ਤਮ ਹੋ ਜਾਂਦੀ ਹੈ। ਜਿਵੇਂ ਪਾਣੀ ਦੀ ਹੋਂਦ ਦੋ ਚੀਜ਼ਾਂ ਦਾ ਮਿਲਾਪ ਹੈ, ਜਦੋਂ ਉਨ੍ਹਾਂ ਦੋਹਾਂ ਧਾਤੂਆਂ ਨੂੰ ਵੱਖਰਾ ਕੀਤਾ ਗਿਆ ਤਦ ਪਾਣੀ ਦੀ ਹੋਂਦ ਅਤੇ ਉਸ ਦਾ ਗਿੱਲਾ-ਪਨ ਭੀ ਖ਼ਤਮ ਹੋ ਜਾਂਦਾ ਹੈ। ਇਸੇ ਤਰ੍ਹਾਂ ਦਿਮਾਗ਼ ਅਤੇ ਨਰਵਸ ਪ੍ਰਣਾਲੀ (brain and nervous system) ਦੇ ਮਿਲਾਪ ਦੁਆਰਾ ਮਨ ਵਜੂਦ ਵਿਚ ਆ ਜਾਂਦਾ ਹੈ। ਜਦੋਂ ਇਨ੍ਹਾਂ ਦੀ ਸੰਧੀ ਟੁੱਟ ਜਾਂਦੀ ਹੈ, ਪਾਣੀ ਵਾਂਗੂ ਮਨ ਦੀ ਹੋਂਦ ਭੀ ਖ਼ਤਮ ਹੋ ਜਾਂਦੀ ਹੈ।

ਜਦੋਂ ਬੁੱਧੀ ਅਤੇ ਤੰਤ੍ਰੀ ਪ੍ਰਬੰਧ ਸ਼ਕਤੀਆਂ ਦੇ ਮਿਲਾਪ ਦੁਆਰਾ ਮਨ ਵਜੂਦ ਵਿਚ ਆ ਜਾਵੇ ਤਦ ਹਮੇਸ਼ਾ ਹੀ ਆਪਣੇ ਮਨ ਵਿਚ ਪ੍ਰਭੂ ਦਾ ਭੈ ਰੱਖਣਾ ਚਾਹੀਦਾ ਹੈ ਤਾਂਕਿ ਅਸਾਡੇ ਮਨ ਦੀ ਸੋਚ ਕਿਸੇ ਤਰ੍ਹਾਂ ਦੀ ਭੀ ਸਮਾਜੀ ਬੁਰਾਈ ਨਾ ਸੋਚ ਸਕੇ। ਜਿਸ ਪ੍ਰਾਣੀ ਦੇ ਹਿਰਦੇ ਵਿਚ ਵਾਹਿਗੁਰੂ ਦਾ ਭੈ ਹੈ ਉਹ ਹਮੇਸ਼ਾ ਹੀ ਮੌਤ ਨੂੰ ਯਾਦ ਰੱਖੇਗਾ। ਜੋ ਇਨਸਾਨ ਅੰਤ ਦਾ ਸਮਾਂ ਯਾਦ ਰੱਖਦਾ ਹੈ ਉਹ ਕਦੀ ਭੀ ਸਮਾਜ ਪ੍ਰਤਿ ਮੰਦੀ ਸੋਚ ਦਾ ਧਾਰਨੀ ਨਹੀਂ ਹੋਵੇਗਾ। ਜਿਸ ਦੀ ਸੋਚ ਸ਼ੁਧ ਹੋਵੇਗੀ ਉਸ ਦੇ ਜੀਵਨ ਵਿਚ ਕਦੀ ਭੀ ਦੁਖਾਂ ਦੀ ਸਮੱਸਿਆ ਨਹੀਂ ਆਵੇਗੀ, ਜਿਵੇਂ :

ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥

(ਆਸਾ ਮ: ੫, ਪੰਨਾ 386/14)

ਅੰਤ ਦੇ ਸਮੇਂ ਇਕ ਜੀਵ ਦੀ ਆਯੂ ਦਾ ਚਿੱਤਰ ਉਲੀਕਣ ਵਾਸਤੇ ਕਿਸੇ ਮਸ਼ਵਰੇ ਦੀ ਆਵਸ਼ਕਤਾ ਨਹੀਂ ਹੁੰਦੀ, ਬਲਕਿ ਬਿਬੇਕਸ਼ੀਲ ਬੁੱਧੀਜੀਵੀ, ਉਸ ਦੀ ਸਮੂਲਚੀ ਜ਼ਿੰਦਗੀ ਦਾ ਖਰੜਾ ਇਸ ਧਰਾਤਲ 'ਤੇ ਉਲੀਕਦੇ ਹਨ ਕਿ ਜਦੋਂ ਇਹ ਜੀਵ ਪੈਦਾ ਹੋਇਆ ਸੀ ਤਦ ਸਮਾਜ ਨੇ ਇਸ ਨੂੰ ਸਮਾਜੀ ਵਿਰਸੇ ਵਿਚੋਂ ਕੀ ਦਿੱਤਾ ਅਤੇ ਹੁਣ ਇਹ ਜਾਣ ਲੱਗਾ ਸਮਾਜ ਨੂੰ ਵਿਰਸੇ ਵਿਚ ਕੀ ਦੇ ਚਲਿਆ ਹੈ ? ਮੰਦ-ਕਰਮੀ ਜੀਵ ਸਮਾਜ ਵਾਸਤੇ ਬੁਰਾਈ ਦੇ ਅੰਬਾਰ ਅਤੇ ਦੁਰਗੰਧਤ ਇਤਿਹਾਸ ਦਾ ਵਿਰਸਾ ਛੱਡ ਜਾਂਦੇ ਹਨ, ਇਸੇ ਚਿੱਤਰ ਦੇ ਦੂਜੇ ਪਾਸੇ ਜੋ ਸ਼ੁਭ-ਕਰਮੀ ਜੀਵ ਹਨ ਉਹ ਸਮਾਜ ਦੀ ਝੋਲੀ ਵਿਚ ਨੇਕੀ ਅਤੇ ਸੁਲਝੇ ਹੋਏ ਇਤਿਹਾਸ ਦੇ ਪੰਨੇ ਕੌਮਾਂ ਦੇ ਹਵਾਲੇ ਕਰ ਜਾਂਦੇ ਹਨ। ਐਸੇ ਇਨਸਾਨ

ਉਹ ਹੁੰਦੇ ਹਨ, ਜਿਨ੍ਹਾਂ ਦੀ ਜੀਵਨ-ਟੇਕ ਪਾਵਨ ਗੁਰਬਾਣੀ ਦੇ ਆਧਾਰ 'ਤੇ ਸਥਾਪਨ ਕੀਤੀ ਹੋਵੇ। ਪਾਵਨ ਗੁਰਬਾਣੀ ਦੀ ਤਾਅਲੀਮ ਹੀ ਐਸੀ ਚੁੰਬਕ ਹੈ ਜਿਸ ਦੇ ਤੁਫ਼ੈਲ, ਜਗਿਆਸੂ ਦੀ ਮਾਨਸਿਕ ਸਥਿਤੀ ਜਨਤਕ ਭਲਾਈ ਦੇ ਸੋਚ-ਮੰਡਲ ਵਿਚ ਪ੍ਰਵੇਸ਼ ਕਰਦੀ ਹੈ। ਐਸੇ ਸ਼ੁਭ-ਕਰਮੀ ਜੀਵ ਥੀਵਣ ਹਿਤ, ਹਜ਼ੂਰ ਨੇ ਮਸ਼ਵਰਾ ਸਾਦਰ ਫ਼ੁਰਮਾਇਆ ਹੈ, ਜਿਵੇਂ :

ਮਨ ਅਪੁਨੇ ਤੇ ਬੁਰਾ ਮਿਟਾਨਾ॥ ਪੇਖੈ ਸਗਲ ਸ੍ਰਿਸਟਿ ਸਾਜਨਾ॥

(ਗਉੜੀ ਸੁਖਮਨੀ ਮ: ੫, ਪੰਨਾ 266/8)

ਜਨਤਕ ਭਲਾਈ ਨੂੰ ਦ੍ਰਿਸ਼ਟੀ ਵਿਚ ਰੱਖਦਿਆਂ, ਮਨ ਦੇ ਸੋਚ-ਮੰਡਲ ਨੂੰ ਬੁਲੰਦੀਆਂ ਵਿਚ ਲੈ ਜਾਣ ਵਾਸਤੇ ਦਾਨੇ ਵਿਅਕਤੀ ਹਮੇਸ਼ਾ ਹੀ ਦੁਨਿਆਵੀ ਸੰਕਟਾਂ ਤੋਂ ਨਿਰਲੇਪ ਵਿਚਰਦੇ ਹੋਏ ਨਿਸ਼ਚਿਤ ਰੂਪ ਵਿਚ, ਪਰਉਪਕਾਰੀ ਖਰੜੇ ਨੂੰ ਕਿਸੇ ਯੋਜਨਾ-ਬੱਧ ਰੇਖਾ ਦੇ ਅਧੀਨ ਲਿਖਤੀ ਰੂਪ ਵਿਚ ਨਿਜੀ ਮਾਨਸਿਕ ਸੋਚਣੀ ਦਾ ਅਵਿੱਛੜ ਅੰਗ ਬਣਾ ਲੈਂਦੇ ਹਨ। ਇਸ ਮਾਨਸਿਕ ਸੋਚ ਨੂੰ ਹੋਰ ਵਧੇਰੇ ਗਤੀਸ਼ੀਲ ਸਮਝਣ ਹਿਤ ਦਸਾਂ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ, ਜਿਵੇਂ :

1. ਲੋਕ ਭਲਾਈ ਦੇ ਕਾਰਜ ਨੂੰ ਸੁਲਝੀ ਹੋਈ ਵਿਧੀ ਦੁਆਰਾ ਸਰੰਜਾਮ ਕਰਨ ਹਿਤ ਜਿਨ੍ਹਾਂ ਵਿਅਕਤੀਆਂ ਨਾਲ ਅਸਾਡਾ ਪਰਉਪਕਾਰੀ ਵਿਹਾਰ/ ਵਾਸਤਾ ਪਵੇ, ਉਨ੍ਹਾਂ ਵਿਅਕਤੀਆਂ ਦੇ ਨਾਂ ਯਾਦ ਰੱਖਣ ਵਿਚ ਯਤਨਸ਼ੀਲ ਰਹਿਣਾ ਚਾਹੀਏ। ਇਸ ਵਿਸ਼ੇ ਵਿਚ ਪ੍ਰਵੀਨਤ ਹੋਣਾ ਪ੍ਰਗਟ ਕਰਦਾ ਹੈ ਕਿ ਅਸਾਡੀ ਰੁਚੀ ਲੋਕ ਭਲਾਈ ਵਿਚ ਅਸਮਰੱਥਾ ਦੇ ਘੇਰੇ ਵਿਚ ਨਹੀਂ ਹੈ।
2. ਜਨਤਕ ਭਲਾਈ ਦੇ ਦੌਰਾਨ ਸੁਖਾਵਾਂ ਅਤੇ ਨਿਮਰਤਾ ਭਰਪੂਰ ਵਾਤਾਵਰਨ ਉਲੀਕਣ ਲਈ ਲਗਾਤਾਰ ਯਤਨਸ਼ੀਲ ਹੋਣਾ ਜੀਵਨ ਦਾ ਆਵਸ਼ਕ ਅੰਗ ਹੋਵੇ ਤਾਂਕਿ ਲੋੜਮੰਦ ਵਿਅਕਤੀ ਕਿਸੇ ਪ੍ਰਕਾਰ ਦਾ ਮਾਨਸਿਕ ਤਣਾਉ ਮਹਿਸੂਸ ਨਾ ਕਰੇ। ਪਰਉਪਕਾਰੀ ਸਫਲਤਾ ਦਾ ਇਹੀ ਆਰੰਭ ਅਤੇ ਵਿਧੀ ਹੈ, ਜਿਸ ਦੇ ਕੀਤਿਆਂ ਖ਼ਲਕਤ ਦੀਆਂ ਸ਼ਕਲਾਂ ਵਿਚੋਂ ਰੱਬ ਦੀ ਝਲਕ ਦ੍ਰਿਸ਼ਟਮਾਨ ਹੋਇ ਆਂਵਦੀ ਹੈ।
3. ਮਨ ਦੀ ਸੋਚ ਵਿਚ ਕੋਮਲਤਾ ਅਤੇ ਧੀਰਜ ਦਾ ਹੋਣਾ ਅਤਿ ਲਾਜ਼ਮੀ ਹੈ ਤਾਂਕਿ ਅਸਾਡੇ ਵਤੀਰੇ ਵਿਚ ਘਬਰਾਹਟ, ਅਸ਼ਾਂਤ ਰੁਚੀ, ਚਿੜਚਿੜਾ-ਪਨ, ਮੱਥੇ ਵੱਟ ਅਤੇ ਪ੍ਰੇਸ਼ਾਨੀ ਜੈਸੀਆਂ ਆਦਤਾਂ ਪ੍ਰਭਾਵ ਨਾ ਪਾ ਸਕਣ।
4. ਕਿਸੇ ਪ੍ਰਕਾਰ ਦੇ ਵਾਤਾਵਰਣੀ ਪ੍ਰਭਾਵ ਥੱਲੇ ਵਿਚਰਦੇ ਹੋਏ ਅਹੰਕਾਰੀ ਬਿਰਤੀ ਦੇ ਧਾਰਨੀ ਨਹੀਂ ਹੋਣਾ ਚਾਹੀਦਾ ਕਿਉਂਕਿ ਹਉਮੈਵਾਦੀ ਹਮੇਸ਼ਾ ਹੀ ਹਾਰੂ ਪੱਲੜੇ ਵਿਚ ਤੁਲਦਾ ਹੈ।

5. ਨਿਜੀ ਸੁਭਾਉ ਵਿਚ ਪਰਜਾ ਵਾਸਤੇ ਪਰਉਪਕਾਰੀ ਰੁਚੀ ਦਾ ਉਤਪੰਨ ਹੋਣਾ ਆਵਸ਼ਕ ਹੈ ਤਾਂਕਿ ਤੁਹਾਡੀ ਸੰਗਤ ਵਿਚੋਂ ਪਰਜਾ ਦੀਆਂ ਕਾਮਨਾਵਾਂ ਬਰ ਆ ਸਕਣ। ਗਰਜ਼ੇਕਿ, ਤੁਹਾਡੀ ਸੰਗਤ ਵਿਚੋਂ ਕੋਈ ਭੀ ਨਿਰਾਸ਼ ਹੋ ਕੇ ਨਾ ਜਾਵੇ।
6. ਜ਼ਿੰਦਗੀ ਦੇ ਦਾਇਰੇ ਵਿਚੋਂ ਵਲ੍ਹੇਂਪਰੀ ਹੋਈ ਥਾਂ ਨੂੰ ਜਾਂ ਖੁਰਦਰੀ ਆਦਤ ਨੂੰ ਮਿਟਾਣ ਦਾ ਯਤਨ ਹਮੇਸ਼ਾ ਹੀ ਜਾਰੀ ਰੱਖੋ।
7. ਗੁਰਮਤਿ ਦੇ ਆਧਾਰ 'ਤੇ ਹਾਰਦਿਕ ਤੌਰ 'ਤੇ ਲੁਕਾਈ ਦੇ ਜ਼ਖ਼ਮਾਂ 'ਤੇ ਮਲ੍ਹਮ-ਪੱਟੀ ਹਮੇਸ਼ਾ ਹੀ ਕਰਦੇ ਰਹੀਏ, ਅਗਰ ਕਿਸੇ ਦੇ ਵਿਰੁੱਧ ਕੋਈ ਗ਼ਲਤ-ਫ਼ਹਿਮੀ ਜਾਂ ਭਰਮ-ਭੁਲੇਖਾ ਹੋਵੇ ਉਸ ਨੂੰ ਆਪਣੇ ਹਿਰਦੇ ਵਿਚੋਂ ਕੱਢਿਆਂ ਹੀ ਅਸਾਡੀ ਸਫਲਤਾ ਦੇ ਮਾਰਗ ਸਿੱਧੇ ਅਤੇ ਪੱਧਰੇ ਹੋ ਜਾਂਦੇ ਹਨ।
8. ਪਰਜਾ ਨੂੰ ਪਸੰਦ ਕਰਨ ਦਾ ਅਭਿਆਸ ਓਦੋਂ ਤਕ ਜਾਰੀ ਰੱਖੋ ਜਦੋਂ ਤਕ ਤੁਸੀਂ ਯਥਾਰਥਕਵਾਦੀ ਨਹੀਂ ਬਣ ਜਾਂਦੇ, ਭਾਵ, ਪਰਉਪਕਾਰੀ ਸਿੱਖਿਆ ਓਦੋਂ ਤਕ ਜਾਰੀ ਰੱਖੋ ਜਦੋਂ ਤਕ ਤੁਸੀਂ ਪਰਉਪਕਾਰੀ ਨਹੀਂ ਬਣ ਜਾਂਦੇ।
9. ਕਿਸੇ ਵਿਅਕਤੀ ਦੀ ਉੱਨਤੀ ਵਿਚ ਪ੍ਰਸੰਸਾ ਕਰਨੀ ਕਦੀ ਭੀ ਨਾ ਭੁੱਲੋ, ਕਿਸੇ ਦੇ ਦੁਖਾਂ ਜਾਂ ਸੰਕਟ ਕਾਲ ਵਿਚ ਹਮਦਰਦੀ ਜਾਂ ਅਫ਼ਸੋਸ ਕਰਨਾ ਜੀਵਨ ਦਾ ਵਿਸ਼ੇਸ਼ ਅੰਗ ਹੋਣਾ ਲਾਜ਼ਮੀ ਹੈ। ਨਿਰਾਸਤਾ ਵਿਚ ਧੀਰਜ ਧਰਵਾਸਾ ਦੇਣਾ ਜੀਵਨ ਦਾ ਆਵਸ਼ਕ ਅੰਗ ਹੋਵੇ।
10. ਪਰਜਾ ਦੇ ਹਿਤਾਂ ਵਿਚ ਅਧਿਆਤਮਕ ਸ਼ਕਤੀ ਦਾ ਆਦਾਨ-ਪ੍ਰਦਾਨ ਹਮੇਸ਼ਾ ਹੀ ਚਾਲੂ ਰੱਖੋ, ਤੁਸੀਂ ਵੇਖੋਗੇ ਕਿ ਸੁਭਾਵਕ ਹੀ ਪਰਜਾ ਵਲੋਂ ਤੁਹਾਡੇ ਵੱਲ ਨੂੰ ਵਾਸਤਵਿਕ ਸਦਭਾਵਨਾ ਦਾ ਵਹਿਣ ਚਾਲੂ ਹੋ ਜਾਵੇਗਾ।

ਉਕਤ ਦਰਸਾਏ ਦਸਾਂ ਸਿਧਾਂਤਕ ਪੱਖਾਂ 'ਤੇ ਅਭਿਆਸ ਕੀਤਿਆਂ ਤੁਸੀਂ ਵੇਖੋਗੇ ਕਿ ਪਰਜਾ ਤੁਹਾਨੂੰ ਕੈਸੀ ਸੁਖੱਲ ਸ਼ਕਤੀ ਦੁਆਰਾ ਆਸਮਾਨੀ ਦੁਨੀਆ ਦੀ ਬਾਦਸ਼ਾਹਤ ਬਖ਼ਸ਼ਦੀ ਹੈ ਕਿਉਂਕਿ ਪਰਜਾ ਦੇ ਸਿਹਨ ਵਿਚ ਪਰਜਾਪਤਿ ਨਿਵਾਸ ਰੱਖਦਾ ਹੈ। ਪਰਜਾ ਦੀ ਭਲਾਈ ਨੂੰ ਜੀਵਨ ਦੇ ਅਭਿਆਸ ਵਿਚ ਢਾਲਣਾ ਹੀ ਪਰਉਪਕਾਰੀ ਵਿਸ਼ੇਸ਼ਤਾ ਆਖੀ ਜਾ ਸਕਦੀ ਹੈ। ਵਾਸਤਵਿਕ ਵਿਚ ਇਹੀ ਉਹ ਸਿਧਾਂਤ ਸੀ ਜੋ ਸਤਿਗੁਰੂ ਦਸਮੇਸ਼ ਪਿਤਾ ਜੀ ਨੇ ਪਰਜਾ ਦੀ ਬੁਕਲ ਵਿਚੋਂ ਖ਼ਾਲਸਾ ਅਕਾਲ ਪੁਰਖ ਕੀ ਫ਼ੌਜ ਦਾ ਪ੍ਰਸੰਸਕ ਸਨਮਾਨ ਸਾਧਾਰਣ ਜਨ-ਸੰਖਿਆ ਵਾਸਤੇ ਅਮੂਲੀਕ ਦਾਨ ਵਜੋਂ ਬਖ਼ਸ਼ਿਆ ਸੀ। ਪਰਜਾ ਦੇ ਹਿਤਾਂ ਵੱਲ ਇਸ਼ਾਰਾ ਕਰਦਿਆਂ ਹੀ ਹਜ਼ੂਰ ਨੇ ਫ਼ੁਰਮਾਨ ਜਾਰੀ ਕੀਤਾ ਸੀ, ਜਿਵੇਂ :

ਖਾਲਸਾ ਮੇਰੋ ਬੁਧ ਅਰ ਗਿਆਨ ॥ ਖਾਲਸੇ ਕਾ ਹੈ ਧਰਊ ਧਿਆਨ ॥

(ਸਰਬ ਲੋਹ, ਪੰਨਾ 531)

ਗੁਰਮਤਿ ਵਿਚ ਸਮਾਜੀ ਜ਼ਿੰਮੇਵਾਰੀਆਂ ਨੂੰ ਨਿਭਾਉਣ ਵਾਸਤੇ ਸੇਵਾ ਦਾ ਖੇਤਰ ਸਰਵੋਮ ਰੂਪ ਵਿਚ ਇਕ ਵਿਸ਼ਾਲ ਖੇਤਰ ਹੈ, 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਤਾਅਲੀਮ ਇਹ ਸਿੱਧ ਕਰਦੀ ਹੈ ਕਿ ਸੇਵਾ ਤੋਂ ਵਿਹੂਣਾ ਨਾਮ ਸਿਮਰਨ ਭੀ ਉਤਨਾ ਫਲਦਾਇਕ ਨਹੀਂ ਜਿਤਨਾ ਕਿ ਹੋਣਾ ਚਾਹੀਦਾ ਹੈ। ਸੇਵਾ ਕਰਨੀ ਗੁਰਸਿੱਖੀ ਜੀਵਨ ਦਾ ਐਸਾ ਦਾਇਰਾ ਹੈ ਜਿਥੋਂ ਪਰਉਪਕਾਰੀ ਜੀਵਨ ਦਾ ਜਨਮ ਹੁੰਦਾ ਹੈ। ਪਰਜਾ ਦੀਆਂ ਲੋੜਾਂ ਦੇ ਅਨੁਸਾਰ ਸੇਵਾ ਭੀ ਅਨਿਕ ਪ੍ਰਕਾਰੀ ਹੈ ਜਿਸਦੀ ਪੂਰਨਤਾ ਤਨ, ਮਨ ਅਤੇ ਧਨ ਦੁਆਰਾ ਕੀਤੀ ਜਾ ਸਕਦੀ ਹੈ। ਸੇਵਾ ਦੀ ਜ਼ਿੰਮੇਵਾਰੀ ਨਿਭਾਉਣ ਵਾਸਤੇ ਪਾਵਨ ਗੁਰਬਾਣੀ ਦਾ ਸੁਝਾਉ ਹੈ, ਜਿਵੇਂ :

ਅਨਿਕ ਭਾਂਤਿ ਕਰਿ ਸੇਵਾ ਕਰੀਐ ॥ ਜੀਉ ਪ੍ਰਾਨ ਧਨੁ ਆਗੈ ਧਰੀਐ ॥
ਪਾਨੀ ਪਖਾ ਕਰਉ ਤਜਿ ਅਭਿਮਾਨੁ ॥ ਅਨਿਕ ਬਾਰ ਜਾਈਐ ਕੁਰਬਾਨੁ ॥੧॥

(ਆਸਾ ਮ: ੫, ਪੰਨਾ 391/7)

ਸਮਾਜੀ ਜ਼ਿੰਮੇਵਾਰੀਆਂ ਨੂੰ ਸੰਪੰਨਸ਼ੀਲ ਕਰਨ ਹਿਤ ਪ੍ਰਾਣੀ ਮਾਤਰ ਦੀ ਸੇਵਾ ਕਰਨੀ ਗੁਰਮਤਿ ਦਾ ਅਵਿੱਛੜ ਅੰਗ ਹੈ। ਸੇਵਾ ਕਰਦਾ ਕਰਦਾ ਸੇਵਕ ਪਰਉਪਕਾਰ ਦੇ ਜ਼ਾਵੀਏ ਵਿਚ ਉਲੀਕਿਆ ਜਾਂਦਾ ਹੈ। ਸਮਾਜ ਸੇਵਕ ਗੁਰਸਿੱਖਾਂ ਦੇ ਕਰਤੱਵ, ਆਮ ਸੰਸਾਰੀ ਜੀਵਾਂ ਨਾਲੋਂ ਨਿਰਸੰਦੇਹ ਵੱਖਰੇ ਅਤੇ ਵਿਸ਼ਿਸ਼ਟ ਹੁੰਦੇ ਹਨ। ਇਨ੍ਹਾਂ ਦੇ ਬਚਨ ਇਤਨੇ ਮਿੱਠਤ-ਨੀਵੀਂ ਹੁੰਦੇ ਹਨ ਕਿ ਕੋਟਾਨ ਖਾਣ-ਪੀਣ ਦੇ ਅੰਮ੍ਰਿਤ ਰਸ ਅਤੇ ਸੁਆਦਲੇ ਭੋਜਨ ਭੀ ਉਸ ਮਿਠਾਸ ਦੀ ਤੁਲਣਾ ਨਹੀਂ ਕਰ ਸਕਦੇ। ਐਸੇ ਗੁਰਸਿੱਖਾਂ ਦੀ ਮਿਲਣਸਾਰੀ ਅਤੇ ਖ਼ੁਸ਼ਮਿਜ਼ਾਜੀ ਦੇ ਤੁਲ ਕ੍ਰੋੜਾਂ ਹੀ ਚੰਦ੍ਰਮਾਂ ਦੀ ਠੰਡਕ ਅਤੇ ਚੰਦਨ ਦੀਆਂ ਕੋਟਾਨ ਸੁਗੰਧੀਆਂ ਭੀ ਨਹੀਂ ਹੋ ਸਕਦੀਆਂ। ਅਗਰ ਕ੍ਰੋੜਾਂ ਹੀ ਕਾਮਧੇਨ ਅਤੇ ਕਲਪੱਤ੍ਰ ਬਿਰਛਾਂ ਨੂੰ ਇਕੱਤਰ ਕਰ ਲਈਏ, ਐਸੀਆਂ ਚੀਜ਼ਾਂ ਕਿੰਚਤ-ਮਾਤਰ ਭੀ ਪਰਉਪਕਾਰੀ ਗੁਰਸਿੱਖਾਂ ਦੀ ਦਇਆ ਦ੍ਰਿਸ਼ਟੀ ਦੀ ਤੁਲਣਾ ਕਰਨੋਂ ਲਾਚਾਰ ਹੁੰਦੀਆਂ ਹਨ। ਸਾਰੇ ਬ੍ਰਹਿਮੰਡ ਦੇ ਖ਼ਜ਼ਾਨੇ ਅਤੇ ਮੇਵੇ ਕ੍ਰੋੜਾਂ ਗੁਣਾ ਹੋ ਕੇ ਭੀ ਪਰਉਪਕਾਰੀ ਗੁਰਸਿੱਖਾਂ ਦੀ ਸਮਾਨਤਾ ਨਹੀਂ ਕਰ ਸਕਦੇ। ਉਕਤ ਦਰਸਾਏ ਖ਼ਿਆਲਾਂ ਨੂੰ ਹੋਰ ਵਧੇਰੇ ਸੂਝ-ਬੂਝ ਦੇ ਗੁਣੀਏ ਵਿਚ ਉਲੀਕਣ ਹਿਤ ਨਿਮਨ ਲਿਖਤ ਕਾਵਿ ਰਚਨਾ ਯਥਾਰਥ ਰੂਪ ਵਿਚ ਸਹਾਇਕ ਹੋਵੇਗੀ, ਜਿਵੇਂ :

ਕੋਟਨਿ ਕੋਟਾਨਿ ਮਿਸਟਾਨ, ਪਾਨ ਸੁਧਾ ਰਸ,
ਪੂਜਸਿ ਨ ਸਾਧ ਮੁਖ, ਮਧੁਰ ਬਚਨ ਕਉ ॥
ਸੀਤਲ ਸੁਗੰਧ ਚੰਦ, ਚੰਦਨ ਕੋਟਾਨਿ ਕੋਟਿ,
ਪੂਜਸਿ ਨ ਸਾਧ ਮਤਿ, ਨਿੰਮ੍ਰਤਾ ਸਚਨ ਕਉ ॥

ਕੋਟਨਿ ਕੋਟਾਨਿ ਕਾਮਧੇਨ, ਅਉ ਕਲਪਤਰ,
ਪੁਜਸਿ ਨ ਕਿੰਚਤ, ਕਟਾਛ ਕੇ ਰਚਨ ਕਉ॥
ਸਰਬ ਨਿਧਾਨ ਫਲ, ਸਕਲ ਕੋਟਾਨਿ ਕੋਟਿ,
ਪੁਜਸਿ ਨ ਪਰਉਪਕਾਰ ਕੇ, ਬਚਨ ਕਉ॥੧੩੦॥

(ਕਬਿੱਤ ਭਾਈ ਗੁਰਦਾਸ ਜੀ)

ਇਥੇ ਤੀਕ ਵਾਹਿਗੁਰੂ ਦੇ ਭੈ ਵਿਚ ਵਿਚਰਦੇ ਹੋਏ ਮਨ ਦੀ ਸੋਚ (ਮਾਨਸਿਕ ਕ੍ਰਿਆ ਦੀ ਅਭਿਆਸ ਪ੍ਰਣਾਲੀ) ਅਤੇ ਸਮਾਜੀ ਜ਼ਿੰਮੇਵਾਰੀਆਂ ਨਿਭਾਉਣ ਦੀ ਸਿੱਖਿਆ ਸਮਾਪਤ ਕਰਨ ਦੀ ਆਗਿਆ ਚਾਹਾਂਗੇ। ਇਸ ਤੋਂ ਅਗਲੇਰੇ ਪੰਨਿਆਂ ਵਿਚ ਸਮਾਜੀ ਜ਼ਿੰਮੇਵਾਰੀਆਂ ਪ੍ਰਤਿ 'ਬਚਨ ਅਭਿਆਸ' ਸਿੱਖਿਆ ਆਰੰਭ ਕਰਨ ਦੀ ਆਗਿਆ ਦੇ ਤਲਬਗਾਰ ਹੋਵਾਂਗੇ।

1.8 ਬਚਨ ਅਭਿਆਸ

ਗੁਰਮਤਿ ਆਧਾਰ 'ਤੇ ਮਾਣਸ ਜਨਮ ਦਾ ਪ੍ਰਯੋਜਨ ਸਵੈਮ ਮੂਲਿਕ ਅੰਸ਼ ਵਿਚ ਲੀਨਤਾ ਹੈ। ਆਪ ਪਿਛਲੇ ਪੰਨਿਆਂ ਵਿਚ ਪੜ੍ਹ ਆਏ ਹੋ ਕਿ ਕਿਸੇ ਭੀ ਮੰਤਵ ਨਾਲੋਂ ਮੰਤਵ ਦੀ ਪ੍ਰਾਪਤੀ ਦਾ ਢੰਗ ਵਿਸ਼ਿਸ਼ਟ ਹੁੰਦਾ ਹੈ ਔਰ ਢੰਗ ਨਾਲੋਂ ਢੰਗ ਨੂੰ ਕ੍ਰਿਆਸ਼ੀਲ ਕਰਨ ਦੇ ਸਾਧਨ ਅਜ਼ੀਮਲ-ਕਦਰ (ਵੱਡੀ ਪਦਵੀ ਵਾਲੇ) ਕਰ ਕੇ ਸਵੀਕਾਰੇ ਜਾਂਦੇ ਹਨ। ਪਾਵਨ ਗੁਰਬਾਣੀ ਦੁਆਰਾ ਅਨੇਕਾਂ ਹੀ ਸਾਧਨਾਂ ਦੇ ਨਾਲ ਨਾਲ "ਮਨ ਬਚ ਕ੍ਰਮ ਆਰਾਧੈ ਹਰਿ ਹਰਿ" ਦਾ ਉਪਦੇਸ਼ ਭੀ ਦ੍ਰਿੜ੍ਹ ਕਰਵਾਇਆ ਗਿਆ ਹੈ, ਜਿਸ ਦੇ ਆਸਰੇ ਇਹ ਜੀਵ ਦੁਨਿਆਵੀ ਰਸਾਂ ਨੂੰ ਮਾਣਦਾ ਹੋਇਆ, ਅਕਥ ਕਥਾ ਦਾ ਰਸ ਭੁੰਚਦਾ ਹੋਇਆ, ਸਦੀਵੀ ਥਿਰ ਸਹਿਜਤਾ ਵਿਚ ਅਭੇਦ ਹੋ ਜਾਂਦਾ ਹੈ, ਜਿਵੇਂ:

ਮਨ ਬਚ ਕ੍ਰਮ ਆਰਾਧੈ ਹਰਿ ਹਰਿ ਸਾਧਸੰਗਿ ਸੁਖੁ ਪਾਇਆ॥
ਅਨਦ ਬਿਨੋਦ ਅਕਥ ਕਥਾ ਰਸੁ ਸਾਚੈ ਸਹਜਿ ਸਮਾਇਆ॥੧॥

(ਸਾਰਗ ਮ: ੫, ਪੰਨਾ 1220/8)

ਸਮਾਜੀ ਜ਼ਿੰਦਗੀ ਪ੍ਰਤਿ ਮਨ ਦੀ ਸੋਚ ਦਾ ਵੇਰਵਾ ਇਸ ਤੋਂ ਪਹਿਲੇ ਪਦੇ ਵਿਚ ਆਪ ਜੀ ਪੜ੍ਹ ਆਏ ਹੋ, ਚਾਲੂ ਪਦੇ ਵਿਚ ਵਾਹਿਗੁਰੂ ਦੇ ਭੈ ਵਿਚ ਵਿਚਰਦੇ ਹੋਏ, ਸਮਾਜੀ ਭਲਾਈ ਵਾਸਤੇ ਰਸਨਾ ਦੀ ਸੁਫਲ ਵਰਤੋਂ ਕਰਨ ਕਰਾਵਣ ਪ੍ਰਤਿ, ਖ਼ਿਆਲਾਂ ਦਾ ਵਟਾਂਦਰਾ ਕਰਨ ਦੀ ਆਗਿਆ ਚਾਹਾਂਗੇ। ਰਸਨਾ ਦੀ ਸਹੀ ਵਰਤੋਂ ਵਾਸਤੇ ਭਾਈ ਗੁਰਦਾਸ ਜੀ ਇਸ਼ਾਰਾ ਕਰਦੇ ਹਨ, ਜਿਵੇਂ:

ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇਇ, ਨ ਆਪੁ ਗਣਾਇਆ॥
ਚਾਰਿ ਪਦਾਰਥ ਪਿਛੈ ਲਾਇਆ॥੪॥੨੬॥ *(ਵਾਰਾਂ ਭਾਈ ਗੁਰਦਾਸ ਜੀ)*

ਨਿਜੀ ਜ਼ਿੰਮੇਵਾਰੀ ਦੀ ਕਦਰ ਨਾ ਕਰਦੇ ਹੋਏ, ਇਨ੍ਹਾਂ ਵਲੋਂ ਪਿੱਠ ਫੇਰਨੀ ਮਾਨਸ ਜਨਮ ਦੀ ਤਬਾਹੀ ਦਾ ਸੰਦੇਸ਼ ਹੀ ਆਖਿਆ ਜਾ ਸਕਦਾ ਹੈ। ਮਾਨਸ ਜਨਮ ਦੀ ਦੁਰਲੱਭਤਾ ਦਾ ਮਰਮ ਇਕ ਭੇਦ ਭਰਪੂਰ ਗਾਥਾ ਹੈ। ਜਦੋਂ ਤੀਕ ਹਰ ਜ਼ੱਰੇ ਜ਼ੱਰੇ ਵਿਚ ਰੱਬੀ ਕਦਰਾਂ-ਕੀਮਤਾਂ ਦਾ ਗਿਆਨ ਨਹੀਂ ਹੁੰਦਾ, ਉਤਨਾ ਅਰਸਾ ਰੱਬੀ ਮਿਠਾਸ ਨੂੰ ਜਾਣਨਾ ਅਥਵਾ ਪਰਾ-ਮਿਠਾਸ ਨੂੰ ਮਾਣਨਾ, ਇਕ ਅਸੰਭਵ ਜਿਹੀ ਸਥਿਤੀ ਜੀਵ ਦੇ ਸਾਹਮਣੇ ਕੂੜ ਦੀ ਪਾਲ ਬਣ ਕੇ, ਆਪੇ ਨੂੰ ਆਪੇ ਕੋਲੋਂ ਛੁਪਾਈ ਰੱਖਦੀ ਹੈ। ਇਸ ਭੇਦ ਨੂੰ ਹਿਰਦੇ ਦੀਆਂ ਤਲਾਂ ਵਿਚ ਸਥਾਪਨ ਕਰਨ ਹਿਤ, ਮਨ ਬਚ ਕਰਮ ਕਰਕੇ ਵਾਹਿਗੁਰੂ ਦੇ ਭੈ ਵਿਚ ਚਲਣਾ ਹੀ ਪਵੇਗਾ। ਜੋ ਇਨਸਾਨ ਵਾਹਿਗੁਰੂ ਦੇ ਭੈ ਵਿਚ ਜੀਵਨ ਬਤੀਤ ਕਰਦਾ ਹੈ ਉਹ ਕਦੀ ਭੀ ਐਸੀ ਬੋਲ-ਬਾਣੀ ਦੀ ਵਰਤੋਂ ਨਹੀਂ ਕਰੇਗਾ ਜਿਸ ਦੇ ਬੋਲਿਆਂ ਰੱਬੀ ਰਚਨਾ ਅਥਵਾ ਰੱਬੀ ਕੋਮਲਤਾ ਵਲੂੰਧਰੀ ਜਾਵੇ। ਕ੍ਰਿਤ ਦੀ ਬਰਬਾਦੀ ਵੇਖ ਕੇ ਕਰਤਾ ਦੀ ਪ੍ਰਸੰਨਤਾ ਭੀ ਵਲੂੰਧਰੀ ਜਾਂਦੀ ਹੈ। ਇਹੀ ਵਿਸ਼ੇਸ਼ ਕਾਰਣ ਹੈ ਕਿ ਪਾਵਨ ਗੁਰਬਾਣੀ ਦੁਆਰਾ ਮਿੱਠੀ ਬੋਲ-ਬਾਣੀ ਨੂੰ ਸਵੀਕਾਰ ਅਤੇ ਫਿੱਕੀ ਬੋਲ-ਬਾਣੀ ਤੋਂ ਪ੍ਰਹੇਜ਼ ਕਰਨਾ ਹੀ ਰੱਬੀ ਪ੍ਰਾਪਤੀ ਦੇ ਸਾਧਨਾਂ ਵਿਚੋਂ ਇਕ ਸੁਬੱਲ ਸਾਧਨ ਹੈ। ਜੇਕਰ ਤੈਨੂੰ ਪਿਆਰੇ ਦੇ ਦੀਦਾਰ ਦੀ ਸਿਕ ਹੈ ਤਦ ਫਿੱਕਾ ਬੋਲ ਕੇ ਕਿਸੇ ਜੀਵ ਦਾ ਦਿਲ ਨਾ ਦੁਖਾਵੀਂ, ਜਿਵੇਂ:

> **ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥**
> **ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥**
> **ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥**
> **ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥**
>
> *(ਸਲੋਕ ਫਰੀਦ ਜੀ, ਪੰਨਾ 1384/17)*

ਅਰਥ : ਐ ਜੀਵ! ਤੂੰ ਇਕ ਭੀ ਫਿੱਕਾ ਬਚਨ ਨਾ ਬੋਲ, ਕਿਉਂਕਿ, ਸਾਰਿਆਂ ਵਿਚ ਸੱਚਾ ਮਾਲਿਕ ਵੱਸਦਾ ਹੈ। ਫਿੱਕਾ ਬੋਲ ਕੇ ਕਿਸੇ ਦਾ ਭੀ ਹਿਰਦਾ ਨਾ ਢਾਹ (ਨਾ ਵਲੂੰਧਰ) ਕਿਉਂਕਿ ਇਹ ਸਾਰੇ ਜੀਵ ਅਮੁੱਲੇ ਮੋਤੀ ਹਨ।

ਸਾਰੇ ਜੀਵਾਂ ਦੇ ਮਨ ਮਾਣਿਕ ਹਨ, ਕਿਸੇ ਦਾ ਭੀ ਦਿਲ ਢਾਹੁਣਾ (ਵਲੂੰਧਰਨਾ) ਚੰਗਾ ਨਹੀਂ। ਜੇਕਰ ਤੈਨੂੰ ਪਿਆਰੇ ਦੇ ਮਿਲਾਪ ਦੀ ਅਕਾਂਖਿਆ (ਤਾਂਘ) ਹੈ ਤਦ ਕਿਸੇ ਦਾ ਭੀ ਹਿਰਦਾ ਨਾ ਢਾਹ (ਨਾ ਦੁਖਾ)।

ਫਿੱਕਾ ਬੋਲਣ ਕਰਕੇ ਜ਼ਿੰਦਗੀ ਦੇ ਉਸਰੇ ਹੋਏ ਮਹਿਲ ਢਹਿ-ਢੇਰੀ ਹੋ ਜਾਂਦੇ ਹਨ। ਇਸੇ ਚਿੱਤਰ ਦੇ ਦੂਜੇ ਪਾਸੇ ਬੋਲ-ਬਾਣੀ ਦੀ ਸੀਰਤ ਦੁਆਰਾ ਢੱਠੇ ਹੋਏ ਵੀਰਾਨੇ ਦਿਲਾਂ ਦੀਆਂ ਇਮਾਰਤਾਂ ਜੰਨਤ ਦੇ ਮਹਿਲ ਮਾੜੀਆਂ ਵਿਚ ਪਰਿਵਰਤ ਹੋ ਜਾਂਦੇ ਹਨ।

ਦੀਖਤ ਬ੍ਰਹਮੰਡ ਦੇ ਦਾਇਰੇ ਵਿਚ ਉਸ ਕਰਤਾ ਨੇ ਅਨੇਕਾਂ ਪ੍ਰਕਾਰ ਦੀ ਜ਼ਿੰਦਗੀ ਦੇ ਆਕਾਰਾਂ ਦੀ ਰਚਨਾ ਇਸ ਵਾਸਤੇ ਨਹੀਂ ਰਚੀ ਕਿ ਇਸ ਨੂੰ ਸੰਗ-ਦਿਲੀ ਅਥਵਾ, ਮਨ ਬਚ ਕਰਮ ਕਰਕੇ ਕਠੋਰਤਾ ਦੁਆਰਾ ਢਾਹ-ਢੇਰੀ ਕੀਤਾ ਜਾਵੇ। ਗਰਜ਼ੇਕਿ, ਉਸ ਕਾਦਰ ਨੇ ਜਿਤਨੀ ਭੀ ਜ਼ਿੰਦਗੀ ਅਤੇ ਕੁਦਰਤ ਰਚੀ ਹੈ, ਸਮੁਲਚੇ ਤੌਰ 'ਤੇ ਇਹ ਰਚਨਾ ਅਮੁਲੀਕ ਹੈ। ਕਿਸੇ ਭੀ ਵਿਅਕਤੀ, ਸੰਸਥਾ ਜਾਂ ਕਿਸੇ ਭੀ ਦੇਸ਼ ਦਾ ਅਧਿਕਾਰ ਨਹੀਂ ਕਿ ਓਹ ਇਸ ਬ੍ਰਹਮੰਡੀ ਸੁੰਦਰਤਾ ਅਤੇ ਵਾਤਾਵਰਣ ਨੂੰ ਮਨ ਦੀ ਸੋਚ ਦੁਆਰਾ, ਬਚਨ ਦੀ ਬੋਲ-ਬਾਣੀ ਦੇ ਰਾਹੀਂ, ਕਰਮ ਕਰਤੂਤ ਦੀ ਵਰਤੋਂ ਦੁਆਰਾ, ਰਚਤਾ ਦੀ ਜ਼ੀਨਤ ਨੂੰ ਨਿਜੀ ਸੁਆਰਥ ਲਈ ਬਰਬਾਦ ਕਰੇ। ਜਿਵੇਂ ਅਤੇ ਜਿਸ ਢੰਗ ਦੁਆਰਾ ਵਾਹਿਗੁਰੂ ਨੇ ਇਸ ਰਚਨਾ ਨੂੰ ਸੁੰਦਰਤਾ ਅਤੇ ਕਦਰਾਂ-ਕੀਮਤਾਂ ਬਖ਼ਸ਼ੀਆਂ ਹਨ, ਲਾਜ਼ਮੀ ਹੈ ਕਿ ਹਰ ਫ਼ਰਦੋ-ਬਸ਼ਰ (ਵਿਅਕਤੀ) ਇਸ ਕਾਇਨਾਤ ਦੀ ਸੁੰਦਰਤਾ ਅਤੇ ਕਦਰਾਂ-ਕੀਮਤਾਂ ਨੂੰ ਨਿਜੀ ਗਿਆਨ ਦੇ ਆਸਰੇ ਸਮਝਣ ਦਾ ਯਤਨ ਕਰੇ। ਤੱਤ੍ਵ ਗਿਆਨ ਦੀ ਧਾਰਾ ਪ੍ਰਕਿਰਤੀ ਦੇ ਰਚਨ ਕਾਲ ਤੋਂ ਹੀ ਸਮੁਲਚੇ ਬ੍ਰਹਮੰਡ ਵਿਚ ਪਰੀ-ਪੂਰਨ ਹੋ ਰਹੀ ਹੈ। ਗ਼ਰਜ਼ੇਕਿ, ਹਰ ਜੀਵ ਜੰਤੂ ਅਤੇ ਹਰ ਪ੍ਰਕਾਰੀ ਜ਼ਿੰਦਗੀ ਵਿਚ ਮੂਲਿਕ ਗਿਆਨ ਦੀ ਸਮੱਗਰੀ ਮੌਜੂਦ ਹੈ। ਜਦੋਂ ਉਸ ਕਰਤਾ ਨੇ ਪ੍ਰਥਮ ਸ਼ਬਦ, ਇਕ ਕਵਾਉ ਦਾ ਉਚਾਰਨ ਕੀਤਾ, ਉਸ ਸ਼ਬਦ ਦੀ ਧੁਨੀ ਦੇ ਨਾਲ ਹੀ ਗਿਆਨ ਦਾ ਬੀਜ ਪ੍ਰਕਿਰਤੀ ਦੇ ਜ਼ੱਰੇ ਜ਼ੱਰੇ ਵਿਚ ਸਮੋ ਦਿੱਤਾ, ਜਿਵੇਂ :

ਬੀਜ ਮੰਤ੍ਰੁ ਸਰਬ ਕੋ ਗਿਆਨੁ ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥

(ਗਉੜੀ ਸੁਖਮਨੀ ਮ: ੫, ਪੰਨਾ 274/16)

ਭਾਵੇਂ, ਗਿਆਨ ਦੀ ਸਮੱਗਰੀ ਕੁਦਰਤ ਦੇ ਹਰ ਜ਼ੱਰੇ ਜ਼ੱਰੇ ਵਿਚ ਪਰੀ-ਪੂਰਨ ਹੋ ਰਹੀ ਹੈ ਪ੍ਰੰਤੂ ਗਿਆਨ ਪ੍ਰਾਪਤੀ ਦੀ ਕੁੰਜੀ ਇਨ੍ਹਾਂ ਜੀਵਾਂ ਦੇ ਪਾਸ ਨਹੀਂ, ਬਲਕਿ ਗਿਆਨ ਦੀ ਕੁੰਜੀ ਵਾਹਿਗੁਰੂ ਦੇ ਇਲਹਾਮ ਵਿਚ ਹੈ, ਵਾਹਿਗੁਰੂ ਦਾ ਇਲਹਾਮ ਕੇਵਲ ਅਤੇ ਕੇਵਲ ਧੁਰ ਕੀ ਬਾਣੀ ਹੈ। ਵਾਸਤਵਿਕ ਗਿਆਨ ਦੀ ਧਾਰਾ ਉਸ ਵੇਲੇ ਜਗਿਆਸੂ ਦੇ ਹਿਰਦੇ ਦੀਆਂ ਤਲਾਂ ਵਿਚ ਪ੍ਰਵੇਸ਼ ਕਰਦੀ ਹੈ ਜਦੋਂ ਉਹ ਆਤਮਾ ਅਤੇ ਪਰਮ-ਆਤਮਾ ਦੀ ਬਾਬਤ ਜਾਣਕਾਰੀ ਪ੍ਰਾਪਤ ਕਰਨ ਦੀ ਲੋਚਾ ਰੱਖਦਾ ਹੋਵੇ। ਰੱਬ ਦੇ ਘਰ ਦੀ ਜਾਣਕਾਰੀ ਪ੍ਰਾਪਤ ਕਰਨ ਹਿਤ, ਜਗਿਆਸੂ ਦਾ ਕਰਮ ਧਰਮ ਹੈ ਕਿ ਉਹ ਪਾਵਨ ਗੁਰਬਾਣੀ ਨੂੰ ਦਿਲ ਅਤੇ ਦਿਮਾਗ਼ ਨੂੰ ਸੰਯੁਕਤ ਰੱਖਦਾ ਹੋਇਆ ਪੜ੍ਹੇ, ਸੁਣੇ, ਮੰਨਨ ਕਰੇ ਅਤੇ ਨਿਜੀ ਜੀਵਨ ਵਿਚ ਢਾਲੇ। ਜੋ ਕੋਈ ਭੀ ਉਕਤ ਦਰਸਾਈ ਧਾਰਾ 'ਤੇ ਅਮਲ ਕਰੇਗਾ ਅਥਵਾ ਜੀਵਨ ਵਿਚ ਢਾਲੇਗਾ, ਉਸ ਨੂੰ ਪ੍ਰਤੱਖ ਗਿਆਨ ਦੀ ਪ੍ਰਾਪਤੀ ਹੋਵੇਗੀ, ਜਿਵੇਂ :

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ, ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥੫॥

(ਨਟ ਮ: ੪, ਪੰਨਾ 982/10)

ਇਥੇ ਬਚਨ ਅਭਿਆਸ ਦਾ ਪ੍ਰਸੰਗ ਸਮਾਪਤ ਹੁੰਦਾ ਹੈ, ਅਗਲੇਰੇ ਪੰਨਿਆਂ ਵਿਚ ਚਾਲੂ ਸਮੇਂ ਦੀ ਸਮੱਸਿਆ ਪ੍ਰਤਿ ਵਿਚਾਰ ਕਰਨ ਦੀ ਆਗਿਆ ਚਾਹਾਂਗੇ, ਜਿਵੇਂ :

1.9 ਚਾਲੂ ਸਮੇਂ ਦੀ ਸਮੱਸਿਆ

ਪ੍ਰਚਲਤ ਸਮੇਂ ਦੇ ਜਗਿਆਸੂ ਵਾਸਤੇ ਸਭ ਤੋਂ ਵੱਡੀ ਸਮੱਸਿਆ ਤਾਂ ਇਹ ਹੈ ਕਿ ਇਸ ਦੇ ਅੰਤਹਕਰਣ ਵਿਚ ਗਿਆਨ ਦਾ ਭੰਡਾਰਾ ਪਰੀਪੂਰਨ ਹੋ ਰਿਹਾ ਹੈ ਪ੍ਰੰਤੂ ਇਸ ਦੇ ਪਾਸ ਫ਼ਹਿਮੀਅਤ (ਗਿਆਨ) ਦੇ ਭੰਡਾਰੇ ਨੂੰ ਖੋਲ੍ਹਣ ਵਾਸਤੇ ਕੁੰਜੀ ਨਹੀਂ ਹੈ। ਗਿਆਨ ਦੇ ਆਰੰਭਕ ਤੱਤਾਂ ਨੂੰ ਨਿਰਧਾਰਤ ਜਗ੍ਹਾ 'ਤੇ ਉਪਯੁਕਤ ਕਰਨ ਹਿਤ ਅਤਿ ਆਵਸ਼ਕ ਹੈ ਕਿ ਜਗਿਆਸੂ ਦੇ ਪਾਸ ਇਸ ਦੀ ਕੁੰਜੀ ਹੋਵੇ ਤਾਂਕਿ ਇਹ, ਹਰ ਵਿਸ਼ੇ ਨੂੰ ਆਪਣੀ ਆਪਣੀ ਥਾਂ 'ਤੇ ਮੁਨਾਸਬ ਟਿਕਾਣਾ ਦੇ ਸਕੇ। ਅੱਜ ਦੇ ਇਨਸਾਨ ਦੀ ਇਹੀ ਨਿਰਾਸ਼ਤਾ ਅਤੇ ਪ੍ਰਸੰਗਿਕ ਸਮੱਸਿਆ ਹੈ ਕਿ ਇਸ ਦੇ ਪਾਸ ਗਿਆਨ ਹੈ ਪ੍ਰੰਤੂ ਗਿਆਨ ਨੂੰ ਉਪਯੁਕਤ ਕਰਨ ਦੀ ਕੁੰਜੀ ਅਥਵਾ ਵਿਧੀ ਨਹੀਂ ਹੈ। ਭਾਵੇਂ ਚਾਲੂ ਸਮੇਂ ਦਾ ਵਿਅਕਤੀ ਯਕੀਨੀ ਤੌਰ 'ਤੇ ਕਾਫ਼ੀ ਚੀਜ਼ਾਂ ਦਾ ਗਿਆਨ ਰੱਖਦਾ ਹੈ ਪ੍ਰੰਤੂ ਧਾਰਮਿਕ ਪੱਖਾਂ ਪ੍ਰਤਿ ਕੀਤੀ ਖੋਜ ਹੀ ਇਸ ਦੇ ਵਾਸਤੇ ਨਿਰਾਸ਼ਾ ਦਾ ਕਾਰਣ ਬਣੀ ਬੈਠੀ ਹੈ। ਭੁਲੇਖੇ ਦੀਆਂ ਗੰਢਾਂ ਖੋਲ੍ਹਣ ਦੇ ਥਾਂ ਹੋਰ ਸਮੱਸਿਆਵਾਂ ਅਤੇ ਹੋਰ ਪੀਢੀਆਂ ਗੰਢਾਂ ਸਾਹਮਣੇ ਆ ਖਲੋਂਦੀਆਂ ਹਨ। ਅੱਜ ਦੀ ਵਿਗਿਆਨਿਕ ਧਾਰਾ ਨੇ ਇਨਸਾਨ ਨੂੰ ਮਾਦਾ ਪ੍ਰਸਤੀ ਦੇ ਪ੍ਰਬੰਧਕੀ ਢਾਂਚੇ ਵਿਚ ਇਕਸੁਰ ਕਰਨ ਵਾਸਤੇ, ਇਕ ਮਸ਼ੀਨ ਜਾਂ ਹਥਿਆਰ ਦੀ ਤਰ੍ਹਾਂ ਉਪਯੋਗ ਕਰਨ ਹਿਤ ਬਹੁਤ ਕੁਝ ਕੀਤਾ ਹੈ। ਹਰ ਵਸਤੂ ਦੀ ਵਾਸਤਵਿਕਤਾ ਨੂੰ ਲੱਭਣ ਵਾਸਤੇ ਦਲੀਲ ਅਤੇ ਤਰਕ-ਸ਼ੀਲਤਾ ਅਤੇ ਕਾਰਣ ਦਾ ਹੋਣਾ ਆਵਸ਼ਕ ਸਮਝਿਆ ਜਾਂਦਾ ਹੈ ਪ੍ਰੰਤੂ ਧਰਮ ਪਾਲਿਕ ਨੀਤੀ ਦੀ ਸਿੱਖਿਆ ਦੇਣੋਂ, ਨਿਜੀ ਜ਼ਿੰਮੇਵਾਰੀਆਂ ਦੀ ਪਾਲਣਾ ਕਰਨੀ ਅਥਵਾ ਨੈਤਿਕ ਫ਼ਰਜ਼ ਨਿਭਾਊ ਨੀਤੀ ਵਲੋਂ ਟਪਲਾ ਖਾ ਗਏ ਹਨ। ਸ਼ਿਲਪ ਵਿਗਿਆਨ ਦੀ ਅਸਾਧਾਰਣ ਉੱਨਤੀ ਦੇ ਕਾਰਣ ਨੈਤਿਕ ਕਦਰਾਂ-ਕੀਮਤਾਂ ਦੇ ਨਿਘਾਰ ਪ੍ਰਤਿ ਸੰਕੇਤਕ ਚਿੰਨ੍ਹ ਆਮ ਹੀ ਵੇਖੇ ਅਤੇ ਸੁਣੇ ਜਾ ਸਕਦੇ ਹਨ। ਸੰਭਵ ਹੈ ਕਿ ਭਵਿੱਖ ਕਾਲ ਵਿਚ ਜੀਵਨ ਦੀਆਂ ਕਦਰਾਂ-ਕੀਮਤਾਂ ਅਤੇ ਸਮਾਜੀ ਢਾਂਚੇ ਦੇ ਵਿਨਾਸ਼ ਦਾ ਕਾਰਣ ਸ਼ਿਲਪ ਵਿਗਿਆਨ ਦੀ ਵਿਲੱਖਣਤਾ ਅਤੇ ਦੁਰਵਰਤੋਂ ਹੀ ਹੋ ਨਿਬੜੇ। ਬਿਬੇਕੀ ਅਤੇ ਤਰਕਸ਼ੀਲ ਧਾਰਾ ਦੀਆਂ ਲਹਿਰਾਂ

ਸ਼ਹਿਰਾਂ ਸਾਗਰ ਦੀਆਂ ਤਹਿਆਂ ਦੇ ਥੱਲੇ ਹੀ ਅਲੋਪ ਹੋ ਜਾਣ। ਅੱਜ ਦਾ ਇਨਸਾਨ ਬਿਬੇਕਤਾ ਅਤੇ ਵਾਜਿਬ ਦਲੀਲ ਨੂੰ ਤਿਆਗ ਕੇ ਭਾਵਕਤਾ ਦੇ ਦਾਇਰੇ ਵਿਚੋਂ ਸੱਚ ਦੀ ਭਾਲ ਕਰਨੀ ਲੋਚਦਾ ਹੈ, ਜੋ ਅਸੰਭਵ ਹੈ। ਇਸ ਪ੍ਰਕਾਰ ਦੀ ਅਨੈਤਿਕਤਾ ਜੋ ਸੱਚ ਧਰਮ ਦੇ ਥਾਂ ਦੁਰਬੋਧਤ ਧਰਮ ਦਾ ਨਾਟਕ ਹੀ ਉਤਪੰਨ ਕਰੇਗੀ, ਜਿਸ ਦੀ ਉਪਜ ਘਿਰਣਾ ਅਤੇ ਸਵੈਮ ਵਿਨਾਸ਼ੀ ਦਾਇਰਾ ਹੋਵੇਗਾ। ਹੁਣ ਅਸੀਂ ਉਸ ਮੋੜ 'ਤੇ ਆ ਖਲੋਤੇ ਹਾਂ ਕਿ ਇਕ ਇਨਸਾਨ ਕਿਸ ਢੰਗ ਦੁਆਰਾ ਸਹੀ ਆਚਰਣ ਦੀ ਛਤਰ-ਛਾਇਆ ਹੇਠ ਸਮਾਜੀ ਜ਼ਿੰਮੇਵਾਰੀਆਂ ਨਿਭਾ ਸਕੇਗਾ ? ਸੰਖੇਪ ਸ਼ਬਦਾਵਲੀ ਦੁਆਰਾ ਇਸ ਦਾ ਉੱਤਰ ਪਾਵਨ ਗੁਰਬਾਣੀ ਦੇ ਖ਼ਜ਼ਾਨੇ ਵਿਚੋਂ ਲੱਭਣਾ ਪਵੇਗਾ। ਭਾਵ, ਗੁਰਬਾਣੀ ਨੂੰ ਪੜ੍ਹਨਾ, ਸੁਣਨਾ, ਵਿਚਾਰਨਾ, ਸ਼ਬਦ ਦੀ ਕਮਾਈ ਕਰਨੀ, ਜੀਵਨ ਵਿਚ ਦ੍ਰਿੜ੍ਹ ਕਰ ਕੇ ਢਾਲਣਾ ਜਿਥੋਂ ਹਰ ਪ੍ਰਕਾਰ ਦੀ ਨੈਤਿਕ ਸਮੱਗਰੀ ਅਤੇ ਵਾਹਿਗੁਰੂ ਦੇ ਭੈ ਵਿਚ ਜੀਵਨ ਬਤੀਤ ਕਰਨ ਦੇ ਕਵਾੜ ਖੋਲ੍ਹਣ ਦੀ ਕੁੰਜੀ ਪ੍ਰਾਪਤ ਹੋ ਸਕਦੀ ਹੈ। ਪਾਵਨ ਗੁਰਬਾਣੀ ਦਾ ਮੰਤਵ ਕੇਵਲ ਰੱਬ ਦੀ ਯਾਦ ਅਤੇ ਰੱਬ ਦੇ ਭੈ ਵਿਚ ਵਿਚਰਦੇ ਹੋਏ ਰੱਬੀ ਰਚਨਾ ਦੀ ਸੇਵਾ ਕਰਨਾ ਹੈ। ਕਿਸੇ ਮੰਤਵ ਦੀ ਸਿੱਧੀ ਵਾਸਤੇ ਪਾਵਨ ਗੁਰਬਾਣੀ ਦੀ ਕੇਵਲ ਇਕ ਜਾਂ ਅੱਧੀ ਤੁਕ ਦਾ ਹਵਾਲਾ ਦੇਣਾ ਕਿਸੇ ਸਮੱਸਿਆ ਦੇ ਹੱਲ ਲਈ ਪਰਮਾਣਿਕ ਸਿੱਧ ਕਰਨਾ ਅਤਿਅੰਤ ਹੀ ਘਾਤਕ ਕਰਮ ਹੈ। ਅਗਰ ਕਿਸੇ ਪਰਮਾਣਿਕ ਸਿੱਧੀ ਵਾਸਤੇ ਗੁਰਬਾਣੀ ਦਾ ਹਵਾਲਾ ਦੇਣਾ ਪਵੇ ਤਦ ਘੱਟ ਤੋਂ ਘੱਟ ਇਕ ਪਦ ਦਾ ਹਵਾਲਾ ਦੇਣਾ ਅਤਿ ਆਵਸ਼ਕ ਕਰਮ ਹੈ ਜਦੋਂ ਕਿ ਪਾਵਨ ਗੁਰਬਾਣੀ ਦਾ ਤੱਤ੍ਹ ਨਿਸ਼ਾਨਾ ਪੂਰੇ ਸ਼ਬਦ ਵਿਚੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਪ੍ਰੰਤੂ ਲਘੂ ਖ਼ਿਆਲਾਂ ਦੀ ਪੂਰਤੀ ਹਿਤ ਸੰਭਾਵਨਿਕ ਪਦੇ ਦੀ ਵਰਤੋਂ ਭੀ ਕੀਤੀ ਜਾ ਸਕਦੀ ਹੈ। ਧੁਰ ਕੀ ਬਾਣੀ ਪ੍ਰਕਿਰਤੀ ਦੇ ਜ਼ੱਰੇ ਜ਼ੱਰੇ ਵਿਚ ਵਿਆਪਕ ਹੋ ਰਹੀ ਹੈ, ਇਸ ਦਾ ਕਰਤਾ ਕੇਵਲ ਆਪ ਵਾਹਿਗੁਰੂ ਹੈ। ਜਿਸ ਕਿਸੇ ਨੇ ਭੀ ਇਸ ਦੀ ਵਿਚਾਰ ਕੀਤੀ, ਉਨ੍ਹਾਂ ਸਭਨਾਂ ਦਾ ਉੱਧਾਰ ਹੋਇਆ ਅਤੇ ਨਿਹਚਲ ਥਾਨ ਦੀ ਪ੍ਰਾਪਤੀ ਭੀ ਹੋਈ, ਜਿਵੇਂ :

ਗੁਰ ਕੀ ਬਾਣੀ ਸਭ ਮਾਹਿ ਸਮਾਣੀ ॥ ਆਪਿ ਸੁਣੀ ਤੈ ਆਪਿ ਵਖਾਣੀ ॥
ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ ਤਿਨ ਪਾਇਆ ਨਿਹਚਲ ਥਾਨਾਂ ਹੇ ॥੯॥

(ਮਾਰੂ ਮ: ੫, ਪੰਨਾ 1075/9)

ਗੁਰਬਾਣੀ ਰੱਬ ਦੀ ਆਵਾਜ਼ ਹੈ, ਇਸ ਦੀ ਵਿਚਾਰ ਕੀਤਿਆਂ ਵਾਹਿਗੁਰੂ ਜਗਿਆਸੂ ਨਾਲ ਰਮਜ਼ ਦੀਆਂ ਗੱਲਾਂ ਕਰਦਾ ਹੈ। ਇਸੇ ਚਿੱਤਰ ਦੇ ਦੂਜੇ ਪਾਸੇ ਪਾਵਨ ਗੁਰਬਾਣੀ ਦੀ ਵਿਚਾਰ ਤੋਂ ਸੱਖਣੇ ਰਹਿ ਕੇ, ਸਹੀ ਤੌਰ 'ਤੇ ਵਾਹਿਗੁਰੂ ਦੀ ਜਾਣਕਾਰੀ ਹੋਣੀ ਅਸੰਭਵ ਹੈ। ਗੁਰਬਾਣੀ ਵਿਚਾਰ ਦੇ ਆਸਰੇ, ਵਾਹਿਗੁਰੂ ਦੇ ਭੈ ਵਿਚ ਵਿਚਰਦੇ ਹੋਏ, ਸਮਾਜੀ ਧਰਮ-ਕਰਮ ਨੂੰ ਨਿਭਾਉਣਾ, ਮਿੱਠਾ

ਬੋਲਣਾ, ਨਿਮਰਤਾ ਵਿਚ ਵਿਚਰਦੇ ਹੋਏ ਜੀਵਨ ਬਤੀਤ ਕਰਨਾ, ਜਿਥੇ ਭੀ ਜਾਣ ਦਾ ਅਵਸਰ ਪ੍ਰਾਪਤ ਹੋਵੇ ਉਥੇ ਲਾਜ਼ਮੀ ਹੀ ਭਲੇ ਬੋਲ ਬੋਲਣੇ ਹੀ ਗੁਰਸਿੱਖੀ ਦਾ ਮਾਰਗ ਅਤੇ ਗੁਰਮਤਿ ਦਾ ਸ੍ਰੇਸ਼ਟ ਅੰਗ ਹੈ, ਜਿਵੇਂ :

ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥

(ਸੂਹੀ ਮ: ੧, ਪੰਨਾ 766/2)

ਇਥੇ ਤਕ ਚਾਲੂ ਸਮੇਂ ਦੀ ਸਮੱਸਿਆ ਦੀ ਲੜੀ ਸਮਾਪਤ ਹੁੰਦੀ ਹੈ, ਇਸ ਤੋਂ ਅਗਲੇਰੇ ਪੰਨਿਆਂ ਵਿਚ ਕਰਮ ਗਤੀ ਦੇ ਅਧੀਨ ਸਮਾਜੀ ਫ਼ਰਜ਼ਾਂ ਪ੍ਰਤਿ ਵਿਚਾਰ-ਵਟਾਂਦਰਾ ਕਰਨ ਦਾ ਯਤਨ ਕੀਤਾ ਜਾਵੇਗਾ।

1.10 ਕਰਮ ਅਭਿਆਸ

ਸਮਾਜੀ ਜ਼ਿੰਮੇਵਾਰੀਆਂ ਨੂੰ ਸੰਪੰਨ ਕਰਨ ਹਿਤ ਚਾਰ ਪ੍ਰਕਾਰ ਦੇ ਢੰਗ ਆਪ ਜੀ ਦੀ ਵਧੇਰੇ ਜਾਣਕਾਰੀ ਵਾਸਤੇ ਪੇਸ਼ ਕੀਤੇ ਜਾ ਰਹੇ ਹਨ, ਜਿਨ੍ਹਾਂ ਦੀ ਸੂਚੀ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ—1. ਮਨ ਦੀ ਸੋਚ, 2. ਬਚਨ ਅਭਿਆਸ, 3. ਚਾਲੂ ਸਮੇਂ ਦੀ ਸਮੱਸਿਆ, 4. ਕਰਮ ਅਭਿਆਸ, ਆਦਿ। ਚਾਲੂ ਪਦੇ ਵਿਚ ਕਰਮ ਅਭਿਆਸ ਪ੍ਰਤਿ ਵਿਚਾਰ-ਵਟਾਂਦਰਾ ਕਰਨ ਦੀ ਆਗਿਆ ਚਾਹਾਂਗੇ।

'ਕਰਮ' ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ : ਜੋ ਕੀਤਾ ਜਾਵੇ—ਕੰਮ ਕਾਜ, ਧੰਧਾ, ਪੇਸ਼ਾ, ਫ਼ਰਜ਼, ਧਰਮ, ਡਿਊਟੀ ਨਿਭਾਉਣ ਦੀ ਕ੍ਰਿਆ, ਮਿਹਨਤ, ਕਰਮ ਦਾ ਫਲ, ਭਾਗ, ਕਿਸਮਤ, ਨਸੀਬ, ਪਰਾਲਬਧ, ਸੰਸਕਾਰ, ਆਦਿ। ਜੋ ਕਰਮ ਕਰਨ ਵਿਚ ਆਵੇ, ਓਹ ਕਰਮ ਕਰਕੇ ਆਖਿਆ ਜਾਂਦਾ ਹੈ। ਜੋ ਗਿਆਨ ਅਤੇ ਕਰਮ ਇੰਦ੍ਰੀਆਂ ਦੇ ਅਧੀਨ ਕੀਤਾ ਜਾਵੇ ਉਹ ਕਰਮ ਹੈ। ਇੰਦ੍ਰੀਆਂ ਦੇ ਅਧੀਨ ਜੀਵ ਤਿੰਨ ਪ੍ਰਕਾਰ ਦੇ ਕਰਮ ਕਰਦਾ ਹੈ—1. ਸਾਤਵਿਕ ਕਰਮ, 2. ਰਾਜਸਿਕ ਕਰਮ, 3. ਤਾਮਸਿਕ ਕਰਮ, ਜਿਨ੍ਹਾਂ ਦੇ ਫਲ ਪ੍ਰਜਾ ਨੂੰ ਦੁਖ ਜਾਂ ਸੁਖ ਪ੍ਰਾਪਤ ਹੁੰਦੇ ਹਨ।

ਦਾਰਸ਼ਨਿਕ ਤੌਰ 'ਤੇ ਕਰਮ ਪ੍ਰਣਾਲੀ ਅਤਿਅੰਤ ਹੀ ਸੂਖਸ਼ਮ ਅਤੇ ਗੰਭੀਰ ਸਮੱਸਿਆ ਹੈ। ਹਰ ਪ੍ਰਾਣੀ ਵਾਸਤੇ ਕਰਮ-ਗਤੀ ਦੇ ਭੇਦ ਨੂੰ ਸਮਝਣਾ ਅਤਿਅੰਤ ਹੀ ਕਠਿਨ ਅਤੇ ਬਹੁਤ ਹੀ ਗੁੰਝਲਦਾਰ ਗੋਰਖ-ਧੰਧਾ ਹੈ। ਹਾਲਾਂਕਿ, ਸਾਧਾਰਣ ਜੀਵ ਕਰਮਗਤੀ ਦੇ ਭੇਦ ਨੂੰ ਸਮਝਣੋਂ ਅਸਮਰੱਥ ਹੈ, ਜਿਵੇਂ :

ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ ॥ ਮੈ ਕਿਆ ਜਾਨਉ ਬਾਬਾ ਰੇ ॥

(ਗੋਂਡ ਕਬੀਰ ਜੀ, ਪੰਨਾ 870/7)

ਕਰਮਗਤੀ ਪ੍ਰਤਿ ਆਮ ਜੀਵਾਂ ਦੀ ਕਠਨਾਈ ਨੂੰ ਧਿਆਨ ਵਿਚ ਰੱਖਦਿਆਂ ਗੁਰਮਤਿ ਨੇ ਇਸ ਜਟਿਲ ਸਮੱਸਿਆ ਦਾ ਹੱਲ ਅਤਿ ਦ੍ਰਿੜ੍ਹਤਾ ਭਰਪੂਰ ਅਤੇ ਨਿਰਣਾਤਮਕ ਵਿਧੀ ਦੁਆਰਾ ਪੇਸ਼ ਕੀਤਾ ਹੈ ਤਾਂਕਿ ਦੁਨੀਆ ਦਾ ਸਾਧਾਰਣ ਇਨਸਾਨ ਪਰਿਵਾਰਿਕ ਜੀਵਨ ਬਤੀਤ ਕਰਦਾ ਹੋਇਆ, ਸਮਾਜੀ ਭਲਾਈ ਦੇ ਕਾਰਜਾਂ ਨੂੰ ਕਰਮਗਤੀ ਦੇ ਬੰਧਨਾਂ ਤੋਂ ਬੰਧਨ-ਰਹਿਤ ਵਾਤਾਵਰਣ ਦੇ ਅਧੀਨ, ਸੇਵਾ ਸਿਮਰਨ ਕਰਦਾ ਹੋਇਆ ਨਿਭਾ ਸਕੇ ਅਤੇ ਨਿਜੀ ਅੰਸ਼ ਵਿਚ ਸਦੀਵੀ ਲੀਨਤਾ ਪ੍ਰਾਪਤ ਕਰ ਸਕੇ। ਇਥੇ ਧਿਆਨ ਗੋਚਰੀ ਸਥਿਤੀ ਤਾਂ ਇਹੀ ਹੈ ਕਿ ਇਸ ਸੁਬੱਲ ਕਰਮਗਤੀ ਦੀ ਘੁੰਮਣਘੇਰੀ ਵਿਚੋਂ ਪਾਰਗਰਾਮੀ ਥੀਵਣ ਲਈ ਐਸੀ ਕਿਹੜੀ ਵਿਧੀ ਹੈ ਜੋ ਗੁਰਮਤਿ ਵਲੋਂ ਦਰਸਾਈ ਗਈ ਹੈ ? ਉਹ ਵਿਧੀ ਹੈ ਸਤਿਗੁਰੂ ਜੀ ਦੀ ਰਹਿਮਤ ਜੋ ਕਰਮਗਤੀ ਦੇ ਲੇਖਾ-ਪੱਤਰੀ ਬਸਤਿਆਂ ਨੂੰ ਹਮੇਸ਼ਾ ਵਾਸਤੇ ਖ਼ਤਮ ਕਰ ਦਿੰਦੀ ਹੈ। ਇਸੇ ਚਿੱਤਰ ਦੇ ਦੂਜੇ ਪਾਸੇ ਗੁਰਮਤਿ ਦੇ ਦਾਰਸ਼ਨਿਕ ਸਿਧਾਂਤ ਵਿਚੋਂ ਕਰਮ ਪ੍ਰਣਾਲੀ ਨੂੰ ਵਾਸਤਵਿਕ ਤੌਰ 'ਤੇ ਖ਼ਤਮ ਨਹੀਂ ਕੀਤਾ ਗਿਆ ਚੁਨਾਂਚਿ ਇਸ ਦੀ ਸੁਬੱਲਤਾ ਨੂੰ ਕਿਸੇ ਵਿਸ਼ੇਸ਼ ਜ਼ਾਬਤੇ ਵਿਚ ਕੀਲਣ ਹਿਤ ਸਤਿਗੁਰੂ ਜੀ ਦੀ ਰਹਿਮਤ ਦਾ ਕੁੰਡਾ ਕਰਮਗਤੀ ਦੇ ਸਿਰ ਉਪਰ ਹਮੇਸ਼ਾ ਵਾਸਤੇ ਸਥਾਪਤ ਕੀਤਾ ਗਿਆ ਹੈ ਤਾਂਕਿ ਕੋਈ ਭੀ ਜਗਿਆਸੂ ਸਤਿਗੁਰੂ ਜੀ ਦੀ ਰਹਿਮਤ ਦਾ ਪਾਤਰ ਹੋ ਕੇ ਲੋਕ ਭਲਾਈ ਦੇ ਕਰਮ ਕਰਦਾ ਹੋਇਆ, ਕਰਮ-ਚੱਕਰ ਦੀਆਂ ਕਠਨ ਰੁਕਾਵਟਾਂ ਨੂੰ ਰਹਿਮਤ ਦੇ ਕੁੰਡੇ ਦੁਆਰਾ ਸਰ ਕਰਦਾ ਹੋਇਆ, ਮਾਣਸ ਜਨਮ ਦੇ ਮਨੋਰਥ ਨੂੰ ਪ੍ਰਾਪਤ ਕਰ ਸਕੇ। ਵਿਸ਼ੇਸ਼ ਕਰਕੇ ਇਥੇ ਇਕ ਹੀ ਵਸਤੂ ਜ਼ਿਹਨ ਨਸ਼ੀਨ (ਧਿਆਨ ਗੋਚਰੀ) ਕਰਨੀ ਪਵੇਗੀ ਕਿ ਕਰਮਗਤੀ ਦਾ ਲੇਖਾ-ਜੋਖਾ ਅਭਿਆਸੀ ਨੂੰ ਜਨਮ ਮਰਨ ਦੇ ਬੰਧਨਾਂ ਤੋਂ ਬੰਦ-ਖ਼ਲਾਸ ਨਹੀਂ ਕਰ ਸਕਦਾ, ਬਲਕਿ ਕੇਵਲ ਸਤਿਗੁਰੂ ਜੀ ਦੀ ਬਖ਼ਸ਼ਸ਼ ਹੀ ਐਸੀ ਨਾਯਾਬ ਟੇਕ ਹੈ ਜੋ ਹਰ ਪ੍ਰਕਾਰ ਦਾ ਲੇਖਾ-ਜੋਖਾ ਮਿਟਾ ਕੇ ਜਗਿਆਸੂ ਨੂੰ ਪਾਰਗਰਾਮੀ ਅਵਸਥਾ ਬਖ਼ਸ਼ਦੀ ਹੈ, ਜਿਵੇਂ:

ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ॥
ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ॥
ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ॥੭॥

(ਮਾਰੂ ਮ: ੫, ਪੰਨਾ 1096/17)

ਸਮਾਜੀ ਸੇਵਾ ਪ੍ਰਤਿ ਕਰਮ ਧਰਮ ਕਰਦਾ ਹੋਇਆ ਜੀਵ ਦੋ ਤਰ੍ਹਾਂ ਦੇ ਕਰਮ ਕਮਾਂਵਦਾ ਹੈ। ਇਨ੍ਹਾਂ ਕਰਮਾਂ ਦੀ ਕਰਮ ਕਰਤੂਤ ਨੂੰ ਸਹੀ ਢੰਗ ਦੁਆਰਾ ਸਮਝਣ ਵਾਸਤੇ 'ਸੁਕਾਮ ਕਰਮ ਅਤੇ ਨਿਹਕਾਮ ਕਰਮ' ਦੀ ਪ੍ਰਣਾਲੀ ਵਿਚ ਵੰਡ ਸਕਦੇ ਹਾਂ।

1. ਸੁਕਾਮ ਜਾਂ ਕਾਮਨਾ ਸਹਿਤ ਕਰਮ

ਐਸਾ ਕਰਮ ਜੋ ਕਿਸੇ ਵਸਤੂ ਦੀ ਇੱਛਾ ਧਾਰ ਕੇ ਕੀਤਾ ਜਾਵੇ। ਹਰ ਪ੍ਰਕਾਰ ਦੀ ਇੱਛਾ ਪੰਜਾਂ ਗਿਆਨ ਇੰਦ੍ਰੀਆਂ ਦੀ ਉਪਜ ਹੁੰਦੀ ਹੈ ਅਤੇ ਗਿਆਨ ਇੰਦ੍ਰੀਆਂ ਦਾ ਪ੍ਰੇਰਕ ਮਨ ਹੈ। ਜੋ ਕਰਮ ਮਨ ਦੀ ਅਗਵਾਈ ਵਿਚ ਕੀਤਾ ਜਾਵੇ ਉਹ ਅਵੱਸ਼ ਹੀ ਕਿਸੇ ਕਾਮਨਾ ਦੇ ਅਧੀਨ ਹੋਵੇਗਾ। ਕਿਸੇ ਭੀ ਤਰ੍ਹਾਂ ਦਾ ਪਰਉਪਕਾਰ ਜਾਂ ਕੋਈ ਭੀ ਲੋਕ ਭਲਾਈ ਦਾ ਕਰਮ ਜੋ ਮਨ ਦੀ ਸਰਦਾਰੀ ਦੇ ਅਧੀਨ ਕਾਮਨਾ ਪੂਰਤੀ ਲਈ ਕੀਤਾ ਜਾਵੇ, ਉਸ ਦਾ ਫਲ ਦੁਨਿਆਵੀ ਪਦਾਰਥਾਂ ਦੀ ਕਾਮਨਾ ਪੂਰਤੀ ਹੀ ਹੁੰਦਾ ਹੈ ਪ੍ਰੰਤੂ ਮਾਣਸ ਜਨਮ ਦਾ ਮਨੋਰਥ ਪ੍ਰਾਪਤ ਨਹੀਂ ਹੋਵੇਗਾ। ਲੋਕ ਭਲਾਈ ਦੇ ਖੇਤਰ ਵਿਚ ਜਿਤਨੇ ਭੀ ਕਰਮ ਕਾਮਨਾ ਦੇ ਅਧੀਨ ਸਰੰਜਾਮ ਕੀਤੇ ਜਾਣਗੇ, ਉਨ੍ਹਾਂ ਪ੍ਰਤਿ ਹਜ਼ੂਰ ਦਾ ਫ਼ੁਰਮਾਨ ਹੈ:

> **ਕਾਮਨਾ ਅਧੀਨ ਸਦਾ [1]ਦਾਮਨਾ ਪ੍ਰਬੀਨ ਏਕ ਭਾਵਨਾ ਬਿਹੀਨ,**
> **ਕੈਸੇ ਪਾਵੈ ਜਗਦੀਸ ਕੋ ॥੯੪॥੨੪॥** *(ਅਕਾਲ ਉਸਤਤਿ)*

ਕਾਮਨਾ ਸਹਿਤ ਕਰਮ ਕਰਤੂਤ ਪ੍ਰਤਿ ਕੁਝ ਨਵੀਨ ਸਮੇਂ ਦੇ ਉਲੇਖ ਭੀ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਦਾ ਤਜ਼ਕਰਾ ਕਰਨਾ ਅੱਜ ਦੇ ਇਨਸਾਨ ਦੀ ਆਵਸ਼ਕਤਾ ਹੈ। ਹਰ ਕਰਮ ਦੇ ਪਿੱਛੇ ਇਨਸਾਨ ਦਾ ਇਰਾਦਾ ਕੰਮ ਕਰਦਾ ਹੈ ਔਰ ਹਰ ਮਨੋਰਥ ਦਾ ਫਲ ਪ੍ਰਾਪਤ ਹੋਣਾ ਲਾਜ਼ਮੀ ਹੈ। ਹਰ ਇਰਾਦੇ ਦੀ ਉਪਜ ਉਸ ਦਾ ਆਧਾਰ (cause) ਹੁੰਦਾ ਹੈ। ਹਰ ਆਧਾਰ ਦੇ ਪਿੱਛੇ ਉਸ ਦੀ ਇੱਛਾ ਹੁੰਦੀ ਹੈ। ਜੋ ਕ੍ਰਿਆ ਅਸਾਡੇ ਕਰਮ ਦਾ ਆਧਾਰ ਹੈ ਉਸ ਦਾ ਪ੍ਰਭਾਵ ਅਸਾਡੀ ਨਿਜੀ ਜੀਵਨੀ ਅਤੇ ਸੰਬੰਧਤ ਵਾਤਾਵਰਣ 'ਤੇ ਵਾਪਰਨਾ ਲਾਜ਼ਮੀ ਹੁੰਦਾ ਹੈ। ਕਰਮ ਤੋਂ ਉਤਪੰਨ ਹੋਏ ਚੰਗੇ ਮੰਦੇ ਅੰਜਾਮ ਦੀ ਜ਼ਿੰਮੇਵਾਰੀ ਨਿਰਸੰਦੇਹ ਉਸ ਵਿਅਕਤੀ ਦੀ ਹੁੰਦੀ ਹੈ ਜੋ ਕਿਸੇ ਫਲ ਦੀ ਪ੍ਰਾਪਤੀ ਹਿਤ ਨਿਜੀ ਇਰਾਦਾ ਬਣਾਉਂਦਾ ਹੈ। ਕਿਸੇ ਤਰ੍ਹਾਂ ਦੀ ਇੱਛਾ ਦੀ ਪੂਰਤੀ ਵਾਸਤੇ ਮਨੋਰਥ ਉਲੀਕਣ ਤੋਂ ਪਹਿਲਾਂ ਅਤਿ ਲਾਜ਼ਮੀ ਹੈ ਕਿ ਅਸੀਂ ਤੱਤਵੇਤਾ ਬੁੱਧੀ ਦੁਆਰਾ ਸਵੈਮ ਚੇਤਨ ਸ਼ਕਤੀ ਦੀ ਸਹੀ ਵਰਤੋਂ ਕਰੀਏ ਤਾਂਕਿ ਅਸਾਨੂੰ ਇਹ ਗਿਆਨ ਹੋ ਜਾਵੇ ਕਿ ਇਸ ਉਲੀਕੇ ਹੋਏ ਮਨੋਰਥ ਦਾ ਪ੍ਰਭਾਵ ਅਸਾਡੀ ਜੀਵਨੀ 'ਤੇ ਕੈਸਾ ਪਵੇਗਾ?

ਉਕਤ ਦਰਸਾਈ ਚਿਤਰਣ ਉਲੇਖਣਾ ਦੇ ਅਨੁਸਾਰ ਅਸਾਡੇ ਵਿਚਾਰ-ਮੰਡਲ ਵਿਚ ਇਕ ਸਹੀ ਚਿੱਤਰ ਦੀ ਰੂਪ-ਰੇਖਾ ਦਾ ਖਰੜਾ ਉਪਯੁਕਤ ਹੋ ਚੁੱਕਾ ਹੈ, ਜਿਸ ਦੇ ਆਧਾਰ 'ਤੇ ਇਹ ਆਖਣਾ ਉਚਿਤ ਹੋਵੇਗਾ ਕਿ ਹਰ ਇੱਛਾ ਦੀ ਪੂਰਤੀ ਵਾਸਤੇ ਮਨੋਰਥ ਦਾ ਹੋਣਾ ਲਾਜ਼ਮੀ ਹੈ। ਮਨੋਰਥ ਦੀ ਮਨੋ-ਨੀਤੀ ਕਰਨ

---

1. ਦਾਮਨਾ ਪ੍ਰਬੀਨ—ਦਮੜੇ ਕਮਾਵਨ ਦੀ ਨਿਪੁੰਨਤਾ।

ਤੋਂ ਪਹਿਲਾਂ ਤੱਤ੍ਰਮਈ ਵਿਚਾਰ ਦਾ ਹੋਣਾ ਕਾਰਜ-ਕਰਮ ਦਾ ਆਵਸ਼ਕ ਭਾਗ ਹੈ ਕਿਉਂਕਿ ਮਨੋਰਥ ਦੀ ਪੂਰਣਤਾ ਤੋਂ ਉਪਰੰਤ ਉਸ ਦਾ ਫਲ ਕਰਮ ਕਰਤਾ ਨੂੰ ਭੋਗਣਾ ਹੀ ਪਵੇਗਾ। ਫਲ ਦੇ ਭੁਗਤਾਨ ਤੋਂ ਉਪਰੰਤ ਉਸ ਦਾ ਅਸਰ ਅਸਾਡੀ ਜੀਵਨੀ ਅਥਵਾ, ਚੌਤਰਫ਼ੀ ਵਾਤਾਵਰਣ 'ਤੇ ਹੋਣਾ, ਹਰ ਕ੍ਰਿਆ ਦਾ ਆਵਸ਼ਕ ਅਤੇ ਅਬਦਲ ਅੰਗ ਹੁੰਦਾ ਹੈ। ਨਿਰਸੰਦੇਹ ਇਸ ਸਾਰੀ ਕ੍ਰਿਆ ਦੀ ਜ਼ਿੰਮੇਵਾਰੀ ਕਰਤਾ ਦੀ ਨਿਜੀ ਜ਼ਿੰਮੇਵਾਰੀ ਹੁੰਦੀ ਹੈ, ਜਿਵੇਂ :

Every action, thought and feeling is motivated by an intention, and that intention is cause that exists as one with an effect. If we participate in the cause, it is not possible for us not to participate in the effect. In this most profound way, we are held responsible for our every action, thought and feeling (ਮਨ, ਬਚ, ਕਰਮ) which is to say, for our every intention.

ਅਗਰ ਅਸੀਂ ਕਰਮਗਤੀ ਦੀ ਅਭਿਆਸੀ ਕ੍ਰਿਆ ਨੂੰ ਹਿਰਦੇ ਦੀਆਂ ਅੰਤ੍ਰੀਵੀ ਤਲਾਂ ਵਿਚ ਸੰਭਾਲ ਕੇ, ਸਮਝਣ ਸਮਝਾਉਣ ਦਾ ਯਤਨ ਕਰੀਏ ਤਦ ਅਸਾਨੂੰ ਪਾਵਨ ਗੁਰਬਾਣੀ ਦੀ ਟੇਕ, ਇਕ ਆਵਸ਼ਕ ਕਰਮ ਵਜੋਂ ਧਾਰਨੀ ਅਤਿ ਲਾਜ਼ਮੀ ਹੋਵੇਗੀ। ਧੁਰ ਕੀ ਬਾਣੀ ਦਾ ਸਿਧਾਂਤ ਹੈ ਕਿ ਹਰ ਇਨਸਾਨ ਉਹ ਕੁਝ ਹੀ ਪ੍ਰਾਪਤ ਕਰ ਸਕਦਾ ਹੈ ਜੋ ਕੁਝ ਉਸ ਨੇ ਦਿੱਤਾ ਹੈ। ਅਸੀਂ ਬੈਂਕ ਵਿਚੋਂ ਉਹੀ ਕੁਝ ਹਾਸਿਲ ਕਰ ਸਕਦੇ ਹਾਂ, ਜੋ ਕੁਝ ਅਸੀਂ ਆਪਣੇ ਹਿਸਾਬ ਵਿਚ ਜਮ੍ਹਾ ਕਰਵਾਇਆ ਹੋਵੇ। ਭਾਵ, ਹਰ ਕੀਤੇ ਕਰਮ ਦਾ ਫਲ ਲਾਜ਼ਮੀ ਹੀ ਪ੍ਰਾਪਤ ਹੁੰਦਾ ਅਥਵਾ ਭੋਗਣਾ ਪਵੇਗਾ। (You receive from the world what you give the world.) ਜਿਵੇਂ :

ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁ ਖਾਇ ॥

(ਸੂਹੀ ਮ: ੧, ਪੰਨਾ 730/7)

ਹਰ ਕੀਤੇ ਕਰਮ ਦਾ ਫਲ ਸਮਾਨ ਅਤੇ ਵਿਰੋਧੀ ਪ੍ਰਤਿਕਰਮ ਵਜੋਂ ਕਰਮ ਕਰਤਾ ਵੱਲ ਵਾਪਸ ਮੁੜਨਾ ਕਰਮ ਕ੍ਰਿਆ ਦਾ ਅਟੱਲ ਨਿਯਮ ਹੈ। ਪਦਾਰਥਿਕ ਵਾਸਤਵਿਕਤਾ ਦੀ ਮੂਲਰੂਪਤਾ ਨਿਰਸੰਦੇਹ ਇਸੇ ਤਾਤਵਿਕਤਾ 'ਤੇ ਆਧਾਰਤ ਹੋ ਰਹੀ ਹੈ ਕਿ ਸਰੀਰਕ ਵਿਕਾਸ ਮੰਡਲ ਦੀ ਵਿਧੀ ਦੁਆਰਾ ਕਰਮਗਤੀ ਦਾ ਸਿਧਾਂਤ ਪ੍ਰਾਕਿਰਤਕ ਸ਼ਕਤੀ ਦਾ ਸਮਤੁਲਨ ਹਮੇਸ਼ਾ ਹੀ ਕਾਇਮ ਰੱਖਦਾ ਹੈ। (That the law of motion governs the balancing of energy within physical reality.) ਇਥੇ ਤਕ ਸੁਕਾਮ ਅਥਵਾ ਕਾਮਨਾ ਸਹਿਤ ਕਰਮ ਕ੍ਰਿਆ ਦੀ ਗਤੀ ਸਮਾਪਤ ਹੁੰਦੀ ਹੈ, ਜਿਸ ਵਿਚ ਦਰਸਾਇਆ ਗਿਆ ਹੈ ਕਿ ਕੋਈ ਭੀ ਕਰਮ ਜੋ ਕਿਸੇ ਕਾਮਨਾ ਨੂੰ ਮੁਖ ਰੱਖ ਕੇ ਕੀਤਾ ਜਾਵੇ ਜਾਂ ਕਿਸੇ ਤਰ੍ਹਾਂ

ਦੀ ਪਰਉਪਕਾਰੀ ਸੇਵਾ ਕਿਸੇ ਖ਼ਾਸ ਵਸਤੂ ਦੀ ਪ੍ਰਾਪਤੀ ਹਿਤ ਕੀਤੀ ਜਾਵੇ, ਉਸ ਦੇ ਕੀਤਿਆਂ ਸੰਸਾਰੀ ਪਦਾਰਥਾਂ ਦੀ ਪ੍ਰਾਪਤੀ ਹੋ ਸਕਦੀ ਹੈ ਪ੍ਰੰਤੂ ਮਨੁੱਖਾ ਜਨਮ ਦੀਆਂ ਕਦਰਾਂ-ਕੀਮਤਾਂ ਤੋਂ ਵਾਂਝੇ ਔਰ ਮਾਨਸ ਜਨਮ ਦੇ ਮਨੋਰਥ ਵਲੋਂ ਸੱਖਣੇ ਰਹਿ ਜਾਈਦਾ ਹੈ। ਮਾਨਸ ਜਨਮ ਦੀਆਂ ਵਿਸ਼ੇਸ਼ ਕਦਰਾਂ-ਕੀਮਤਾਂ ਨੂੰ ਸਮਝਣ ਵਾਸਤੇ ਨਿਸ਼ਕਾਮ ਸੇਵਾ ਅਤੇ ਪਰਉਪਕਾਰੀ ਰੁਚੀ ਦਾ ਹੋਣਾ ਗੁਰਮਤਿ ਜੀਵਨੀ ਦਾ ਅਵਿੱਛਤ ਅੰਗ ਹੈ।

2. ਨਿਸ਼ਕਾਮ ਜਾਂ ਕਾਮਨਾ ਰਹਿਤ ਕਰਮ

ਅਸਾਡੀ ਅੰਤ੍ਰੀਵੀ ਚੇਤਨਤਾ ਨਿਰਣੈ ਕਰਦੀ ਹੈ ਕਿ ਵਾਸਤਵਿਕ ਵਿਚ ਐਸੇ ਇਨਸਾਨ ਦਾ ਜੀਵਨ ਕਿਸੇ ਵਿਸ਼ੇਸ਼ ਅਤੇ ਸਾਰਥਿਕ ਟਕਸਾਲੀ ਘਾੜਤ ਵਿਚ ਘੜਿਆ ਹੁੰਦਾ ਹੈ ਜੋ, ਨਿਜੀ ਕਦਰਾਂ-ਕੀਮਤਾਂ ਦੀ ਬਜਾਇ ਦੂਜਿਆਂ ਦੀਆਂ ਕਦਰਾਂ-ਕੀਮਤਾਂ ਨੂੰ ਹੋਰ ਵਧੇਰੇ ਸਤਿਕਾਰ ਅਤੇ ਸ਼ਰਧਾ ਦੀ ਦ੍ਰਿਸ਼ਟੀ ਦੁਆਰਾ ਵੇਖਦਾ ਹੈ। ਇਤਿਹਾਸ ਦੇ ਝਰੋਖਿਆਂ ਵਿਚੋਂ ਐਸੇ ਅਨੇਕਾਂ ਹੀ ਪ੍ਰਤਿਬਿੰਬ ਇਨਸਾਨੀ ਜ਼ਿੰਦਗੀ ਦਾ ਦ੍ਰਿਸ਼ ਪੇਸ਼ ਕਰਦੇ ਹਨ ਕਿ ਮਨੁੱਖਤਾ ਨੇ ਭੂਤਕਾਲ ਦੇ ਹਜ਼ਾਰਾਂ ਹੀ ਵਰ੍ਹੇ ਪਰਸਪਰ ਅਸ਼ਿਸ਼ਟ ਵਿਹਾਰ ਕਰਦਿਆਂ ਅਥਵਾ ਇਕ ਦੂਜੇ ਪ੍ਰਤਿ ਅੱਤਿਆਚਾਰ ਕਰਦਿਆਂ ਹੀ ਬਤੀਤ ਕੀਤੇ ਹਨ। ਪਦਾਰਥਿਕ ਸੁਖਾਂ ਦੀ ਪ੍ਰਾਪਤੀ ਹਿਤ, ਇਨਸਾਨ ਨੇ ਕਰਮਗਤੀ ਦਾ ਆਰੰਭ ਕੀਤਾ ਤਾਂਕਿ ਇਹ ਐਸੀ ਸ਼ਕਤੀ ਦਾ ਸੁਆਮੀ ਹੋ ਨਿਬੜੇ ਜਿਥੋਂ ਇਸ ਨੂੰ ਹਰ ਤਰ੍ਹਾਂ ਦੇ ਸੰਸਾਰੀ ਐਸ਼ਵਰਜ ਦੀ ਪ੍ਰਾਪਤੀ ਹੋ ਸਕੇ। ਸੰਸਾਰੀ ਸੁਖਾਂ ਦੀ ਬਹੁਤਾਤ ਰੁਚੀ ਨੇ ਮਨੁੱਖਤਾ ਦੇ ਜੀਵਨ ਵਿਚ ਸ਼ਕਤੀ ਹਾਸਿਲ ਕਰਨ ਦੀ ਲਾਲਸਾ ਨੂੰ ਪ੍ਰਬਲ ਕੀਤਾ ਜਿਥੋਂ ਦੁਨਿਆਵੀ ਸ਼ਕਤੀ ਪ੍ਰਾਪਤੀ ਦਾ ਦੰਗਲ ਆਰੰਭ ਹੁੰਦਾ ਹੈ ਜਿਸ ਨੇ ਅਸਾਡੇ ਰਹਿਣ ਸਹਿਣ ਦੀਆਂ ਕਦਰਾਂ-ਕੀਮਤਾਂ, ਸਮੁੱਚੀ ਪ੍ਰਿਥਵੀ ਦਾ ਵਾਤਾਵਰਣ, ਪਰਸਪਰ ਸੁਰੱਖਿਆ, ਇਕ ਦੂਜੇ ਪ੍ਰਤਿ ਸਤਿਕਾਰ ਅਤੇ ਸ਼ਰਧਾ ਜੈਸੇ ਮੂਲਿਕ ਅੰਸ਼ਾਂ ਦਾ ਵਿਨਾਸ਼ ਕੀਤਾ ਹੈ। ਅਨੁਭਵਤਾ ਦੀਆਂ ਤਲਾਂ ਵਿਚ ਰਸਾਈ ਕੀਤਿਆਂ ਇਹ ਨਿਰਣੈ ਹੋਇ ਆਂਵਦਾ ਹੈ ਕਿ ਸ਼ਕਤੀ ਪ੍ਰਾਪਤੀ ਦੇ ਤੱਤ੍ਹ ਵਿਸ਼ੇ ਨੂੰ ਸੁਖੈਨ ਵਿਧੀ ਦੁਆਰਾ ਸਮਝਣ ਹਿਤ ਦੋ ਭਾਗਾਂ ਵਿਚ ਕ੍ਰਮਬੱਧ ਕੀਤਾ ਜਾ ਸਕਦਾ ਹੈ, ਜਿਵੇਂ: ਦੁਨਿਆਵੀ ਸ਼ਕਤੀ (External Power); ਅਤੇ ਵਾਸਤਵਿਕ ਸ਼ਕਤੀ (Authentic Power)

(ੳ) ਦੁਨਿਆਵੀ ਸ਼ਕਤੀ :

ਸਰਵੋਮ ਐਸ਼ਵਰਜ ਦੀ ਪੂਰਣਤਾ ਲਈ ਜਿਸ ਕਿਸੇ ਨੇ ਭੀ ਸੰਸਾਰੀ ਤਾਕਤ ਦੇ ਖੇਤਰ ਵਿਚ ਸੁਖੱਲਤਾ ਪ੍ਰਾਪਤ ਕੀਤੀ, ਅੰਜਾਮ ਵਜੋਂ ਐਸੇ ਸ਼ਕਤੀ ਭਰਪੂਰ

ਖੇਤਰ ਨੇ ਦੁਨੀਆ ਦੇ ਆਮ ਇਨਸਾਨ, ਬਨਸਪਤੀ, ਕੁਦਰਤ ਦੀ ਨੁਹਾਰ, ਸਾਗਰਾਂ ਦੇ ਜਲ, ਪ੍ਰਿਥਵੀ ਦੀ ਸੁੰਦਰਤਾ, ਪਸ਼ੂ ਪੰਛੀ ਅਤੇ ਹੋਰ ਜੀਵਨ ਯਾਤਰੀਆਂ ਪ੍ਰਤਿ, ਕਲੇਸ਼, ਸੰਕਟ, ਭੈ, ਘਬਰਾਹਟ, ਜ਼ੋਰ ਜ਼ੁਲਮ, ਹਿੰਸਾ ਅਤੇ ਧੱਕਾ ਜੈਸੇ ਵਿਨਾਸ਼ ਦਾ ਸੰਦੇਸ਼ ਹੀ ਦਿੱਤਾ ਹੈ। ਸੰਸਾਰ ਦਾ ਇਤਿਹਾਸ ਸਾਖੀ ਭਰਦਾ ਹੈ ਕਿ ਦੁਨਿਆਵੀ ਸ਼ਕਤੀ ਦੇ ਦਾਮਨ ਵਿਚ ਅਥਵਾ ਸੰਸਾਰੀ ਸ਼ਕਤੀ ਦੇ ਨਿਸ਼ਾਨ ਦੀ ਸੀਮਾ ਵਿਚ ਕਿਤਨੀਆਂ ਕੁ ਸੁਖ-ਸ਼ਾਂਤੀ ਦੀ ਭਾਵਨਾ ਰੱਖਣ ਵਾਲੀਆਂ ਰੂਹਾਂ, ਕੀਰਨੇ ਪਾ ਪਾ ਕੇ ਸੰਸਾਰੀ ਸ਼ਕਤੀ ਦੀ ਦੁਰਵਰਤੋਂ ਪ੍ਰਤਿ ਹਮਸਫ਼ਰ ਯਾਤਰੂਆਂ ਨੂੰ ਸੰਦੇਸ਼ ਦੇ ਰਹੀਆਂ ਹਨ। ਜਿਵੇਂ, ਪੱਛਮੀ ਸੰਸਾਰ ਵਿਚ ਧਰਮ-ਯੁੱਧ (Crusade) ਦੇ ਨਿਸ਼ਾਨ ਥੱਲੇ ਅਨੇਕਾਂ ਹੀ ਨਿਹੱਥੇ, ਨਿਆਸਰੇ ਜੀਵਾਂ ਦੇ ਸਿਰ ਵੱਢ ਵੱਢ ਕੇ ਈਸਾ ਦੇ ਨਾਂ 'ਤੇ ਬਲੀਆਂ ਦਿੱਤੀਆਂ ਗਈਆਂ। ਦੁਨਿਆਵੀ ਸ਼ਕਤੀ ਦੀ ਦੁਰਵਰਤੋਂ ਜ਼ਿੰਦਗੀ ਦੇ ਅਨੇਕਾਂ ਹੀ ਝਰੋਖਿਆਂ ਵਿਚੋਂ ਵੇਖੀ ਜਾ ਸਕਦੀ ਹੈ, ਜਿਵੇਂ:

(Inquisition : was an effort by the Roman Catholic Church to seek out and punish persons who opposed church teaching) Inquisitors often misused their power. Some suspects were tortured, and heretics who refuse to change their beliefs were sentenced to die by burning. In 1231 Pope Gregory IV created a special court to investigate suspects and force heretics to change their beliefs. *(See, World Book 10, Inquisition)*

ਇਹ ਸਨ ਕੁਝ ਪਰਮਾਣਿਕ ਨੁਸਖੇ ਜਿਨ੍ਹਾਂ ਦੁਆਰਾ ਪੱਛਮੀ ਸੱਭਿਅਤਾ ਦੀ ਦੁਨਿਆਵੀ ਸ਼ਕਤੀ ਅਤੇ ਸ਼ਕਤੀ ਦੀ ਦੁਰ-ਵਿਵਹਾਰੀ ਝਲਕ ਆਪ ਜੀ ਨਾਲ ਸਾਂਝੀ ਕੀਤੀ ਗਈ ਹੈ। ਹੁਣ ਨਿਮਨ ਲਿਖਤ ਸਤਰਾਂ ਦੁਆਰਾ ਮੱਧ ਪੂਰਬੀ ਸੱਭਿਅਤਾ ਦਾ ਦ੍ਰਿਸ਼ ਭੀ ਆਪ ਜੀ ਦੀ ਸੇਵਾ ਵਿਚ ਪ੍ਰਸਤੁਤ ਕਰਨ ਦੀ ਆਗਿਆ ਚਾਹਾਂਗੇ।

ਦੁਨੀਆ ਦੇ ਇਤਿਹਾਸ ਵਿਚ ਸੰਨ 1167-1227 (A.D.) ਤਕ ਦਾ ਸਮਾਂ ਚੰਗੇਜ਼ੀ ਸੱਤਾ ਦਾ ਸਮਾਂ ਕਰ ਕੇ ਆਖਿਆ ਜਾਂਦਾ ਹੈ। ਚੰਗੇਜ਼ ਇਕ ਗਡਰੀਆ ਕਬੀਲੇ ਦਾ ਮੁਖੀ ਸੀ, ਜਿਸ ਨੇ ਸੰਸਾਰੀ ਸੁਖੱਲਤਾ ਦੇ ਅਧੀਨ ਅਨੇਕਾਂ ਹੀ ਦੇਸਾਂ ਨੂੰ ਨਿਜੀ ਹਕੂਮਤ ਦਾ ਭਾਗ ਬਣਾਇਆ। ਜਿਨ੍ਹਾਂ ਆਜ਼ਾਦੀ ਦੇ ਸ਼ਰਧਾਲੂਆਂ ਨੇ ਨਿਜੀ ਸਵਤੰਤ੍ਰਤਾ ਕਾਇਮ ਰੱਖਣ ਲਈ ਜੱਦੋ-ਜਹਿਦ ਕੀਤੀ, ਉਨ੍ਹਾਂ ਨੂੰ ਸਬਕ ਸਿਖਾਉਣ ਲਈ ਇਕ ਐਸਾ ਅਭਿਸ਼ਟ ਕਾਨੂੰਨ ਸਥਾਪਤ ਕੀਤਾ ਗਿਆ ਜਿਸ ਦੇ ਆਧਾਰ 'ਤੇ ਅਤਿਅੰਤ ਹੀ ਬੇ-ਰਹਿਮੀ ਦੁਆਰਾ ਆਜ਼ਾਦੀ

ਦੇ ਪਰਵਾਨਿਆਂ ਨੂੰ ਕੁਹ ਕੁਹ ਕੇ ਖ਼ਤਮ ਕੀਤਾ ਗਿਆ। ਇਹੀ ਉਹ 'ਯਾਸਾ' ਕਾਨੂੰਨ ਸੀ ਜਿਸ ਦੇ ਆਧਾਰ 'ਤੇ ਸਤਿਗੁਰੂ ਅਰਜਨ ਸਾਹਿਬ ਜੀ ਨੂੰ ਅਣ-ਮਨੁੱਖੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਸ ਕਾਨੂੰਨ ਦਾ ਆਰੰਭ ਉਸ ਵੇਲੇ ਹੋਇਆ ਜਦੋਂ ਖ਼ਿਰਗਿਜ਼ ਕਬੀਲੇ ਦੇ ਰੂਸੀ ਲੋਕਾਂ ਨੇ ਚੰਗੇਜ਼ ਦੀ ਸਰਦਾਰੀ ਸਵੀਕਾਰ ਕਰਨੋਂ ਪਾਸਾ ਵੱਟਿਆ। ਜਿਵੇਂ :

1. His real name was Temujin, meaning iron smith. In 1206 he took the title of Genghis Khan. He united all Mongolian tribes and established his empire in the area of the steppe, where he organized the wandering inhabitants into military system. He also incorporated into this system non-Mongol Altaic people like the Kirghiz. For these steppe people, Genghis Khan established the *Yassa*, the first Mongolian code of law.

This conquest brought Mongolian power to the frontier of the Muslim state of Khorezm, which Genghis Khan attacked and destroyed. In 1220 and 1221 he took and totally destroyed Bukhara, Samarkand, and Gurgan, then the centres of Muslim-Persian culture. *(World Book 8, Genghis Khan, p. 88)*

2. This march (Genghis army) begun in 1219, opened the eyes of Asia, and partly of Europe too, this new terror, this great roller which on inexorably, crushing down cities and men by the million. The empire of Khwarazm ceased to exist. The great city of Bokhara, full of palaces, and with over a million population, was reduced to ashes. *(Glimpses of World History, p. 218)*

3. Inexorability of Indian state against Sikhs :

ਸਿੱਖਾਂ ਦੀਆਂ ਜਾਇਜ਼ ਮੰਗਾਂ ਨੂੰ ਦਬਾਉਣ ਦੀ ਖ਼ਾਤਰ ਭਾਰਤੀ ਹਕੂਮਤ ਨੇ ਸੰਸਾਰੀ ਸ਼ਕਤੀ ਦੀ ਵਰਤੋਂ ਦੁਆਰਾ ਜੂਨ 4, 1984 ਨੂੰ ਸਤਿਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਪੁਰਬ 'ਤੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਹਿੰਦੁਸਤਾਨੀ ਆਰਮੀ ਨੇ ਇਤਨਾ ਕਤਲੋ-ਗ਼ਾਰਤ ਕੀਤਾ ਕਿ ਜਿਸ ਦੀ ਮਿਸਾਲ ਚੰਗੇਜ਼ੀ ਹਕੂਮਤ ਨੂੰ ਭੀ ਮਾਤ ਪਾ ਜਾਂਦੀ ਹੈ। ਨੰਨ੍ਹੇ ਨੰਨ੍ਹੇ ਬੱਚੇ, ਬਜ਼ੁਰਗ, ਨੌਜਵਾਨ ਇਸਤ੍ਰੀਆਂ ਨੂੰ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਅਣ-ਮਨੁੱਖੀ ਢੰਗ ਦੁਆਰਾ ਵਹਿਸ਼ੀ ਬਿਰਤੀ ਦੇ ਅਧੀਨ ਬੇ-ਤਹਾਸ਼ਾ (ਬਹੁ-ਗਿਣਤੀ ਵਿਚ) ਕਤਲ ਕੀਤਾ ਗਿਆ। ਸਰਹੱਦੀ ਪਿੰਡਾਂ ਵਿਚੋਂ ਘਣੀ ਸੰਖਿਆ ਵਿਚ ਅਮਨ-ਪਸੰਦ ਅਤੇ ਨਿਹੱਥੇ ਸ਼ਹਿਰੀਆਂ ਨੂੰ ਕਤਾਰਾਂ ਵਿਚ ਬਿਠਾ ਕੇ ਆਰਮੀ ਦੀਆਂ ਗੋਲੀਆਂ ਨਾਲ ਭੁੰਨਿਆ ਗਿਆ ਔਰ ਇਹ ਨਾਜ਼ੀ ਅਥਵਾ ਚੰਗੇਜ਼ੀ ਰਾਜ

ਅੰਧੇਰ-ਗਰਦੀ ਪੂਰੇ ਪੰਦਰਾਂ ਸਾਲ ਚੱਲਦੀ ਰਹੀ। ਮੁਰਦਾ ਲਾਸ਼ਾਂ ਦੀ ਸੰਖਿਆ ਇਤਨੀ ਜ਼ਿਆਦਾ ਹੋ ਗਈ ਕਿ ਭਾਰਤੀ ਹਕੂਮਤ ਉਨ੍ਹਾਂ ਨੂੰ ਗ਼ਾਇਬ ਕਰਨੋਂ ਅਸਮਰੱਥ ਹੋ ਗਈ। ਅੰਤ ਨੂੰ ਇਨ੍ਹਾਂ ਮੁਰਦਾ ਲਾਸ਼ਾਂ ਨੂੰ ਜਨਤਾ ਦੀਆਂ ਨਜ਼ਰਾਂ ਤੋਂ ਲਾਂਭੇ ਕਰਨ ਹਿਤ, ਪੰਜਾਬ ਦੀਆਂ ਨਹਿਰਾਂ ਦੀ ਵਰਤੋਂ ਕੀਤੀ ਗਈ। ਜਿਸ ਦੀ ਸਾਖ ਰਾਮ ਕੁਮਾਰ ਨਾਰਾਇਨ ਪੇਸ਼ ਕਰਦੇ ਹਨ, ਜਿਵੇਂ :

A large number of people in border districts, pick up by the police agencies for interrogation, simply 'disappeared' evidence that later surfaced shows that the 'disappeared' were also killed and their bodies disposed of quietly, First there appeared reports the Punjab's irrigation canal had become the dumping ground for bodies of killed militants and their sympathizers. The government of Rajasthan formally complained to Punjab's Chief Secretary that these canal were carrying numbers of dead bodies into the state. Reports carried by *The Pioneer* on 26 and 27 Mareh 1992 also said that many dead bodies, with hand and feet tied together, were being fished out when water in-flow in canal was stopped for repair works. *(The Sikh unrest and Indian state, p. 434)*

ਅਦੀਬਾਂ ਦੀ ਗਹਿਰੀ ਵਿਚਾਰ ਦਾ ਦਾਇਰਾ ਅਥਵਾ ਨੈਤਿਕ ਪੁਰਸ਼ਾਂ ਦੀ ਇਖ਼ਲਾਕੀ ਅੰਜਮਨ ਅਸਾਨੂੰ ਇਸ਼ਾਰਾ ਕਰਦੀ ਹੈ ਕਿ ਜੋ ਕਰਮ ਪੰਚ-ਮੁਖੀ ਗਿਆਨ ਦੁਆਰਾ ਕੀਤਾ ਜਾਂਦਾ ਹੈ ਉਸ ਦਾ ਸਿੱਟਾ ਸੰਸਾਰੀ ਸ਼ਕਤੀ ਨੂੰ ਪ੍ਰਾਪਤ ਕਰਨਾ ਹੁੰਦਾ ਹੈ। ਜਿਥੇ ਕਿਤੇ ਭੀ ਦੁਨਿਆਵੀ ਸ਼ਕਤੀ ਦੀ ਪ੍ਰਾਪਤੀ ਅਤੇ ਵਰਤੋਂ ਦਾ ਪ੍ਰਸ਼ਨ ਹੈ ਉਥੇ ਹਰ ਪ੍ਰਕਾਰ ਦੀ ਜ਼ਿੰਦਗੀ ਨੂੰ ਬਰਬਾਦ ਕਰਨ ਹਿਤ ਧੱਕਾ, ਜ਼ੋਰ-ਜ਼ੁਲਮ ਅਤੇ ਘਿਰਣਾ ਜੈਸੀਆਂ ਕਰਤੂਤਾਂ ਆਮ ਹੀ ਵੇਖੀਆਂ ਸੁਣੀਆਂ ਅਥਵਾ ਅਨੁਭਵ ਕੀਤੀਆਂ ਜਾ ਸਕਦੀਆਂ ਹਨ। ਕਰਮ ਕ੍ਰਿਆ ਦਾ ਸਿਧਾਂਤ ਸ਼ਕਤੀ ਦੀ ਸਮਤੁਲਤਾ ਸਥਾਪਨ ਕਰਦਾ ਹੈ ਪ੍ਰੰਤੂ ਪੰਚ-ਮੁਖੀ ਗਿਆਨ ਦੁਆਰਾ ਸ਼ਕਤੀ ਦੀ ਸਮਤੁਲਤ ਰਵਿਸ਼ (ਢੰਗ) ਅਸਮਤੁਲਤਾ ਵਿਚ ਬਦਲ ਜਾਂਦੀ ਹੈ। ਗਰਜ਼ੇਕਿ, ਗ਼ੈਰ-ਮਤਵਾਜ਼ੀ (ਅਸਮਤੁਲਤ) ਧਾਰਾ ਦੇ ਅਧੀਨ ਸ਼ਕਤੀ ਦੀ ਵਰਤੋਂ ਕਰਨੀ ਇਕ ਸਾਧਾਰਣ ਜਿਹੀ ਸਥਿਤੀ ਹੋਇ ਨਿਬੜਦੀ ਹੈ। ਇਹੀ ਵੱਡਾ ਕਾਰਣ ਹੈ ਕਿ ਪੰਚਭੂਤਕ ਸ਼ਕਤੀ ਦੇ ਨਸ਼ੇ ਵਿਚ ਆਪਣੇ ਆਪ ਨੂੰ ਦੁਨੀਆ ਦੇ ਨੇਤਾ ਅਖਵਾਉਣ ਵਾਲੇ ਅਣ-ਹੋਣੀਆਂ ਕਰਤੂਤਾਂ ਕਰਦੇ ਹੋਏ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਸਦੀਆਂ ਵਾਸਤੇ ਰਸਾਤਲ ਦੀਆਂ ਤਲਾਂ ਵਿਚ ਦਫ਼ਨਾ ਜਾਂਦੇ ਹਨ।

ਪੰਚ-ਮੁਖੀ ਗਿਆਨ ਪ੍ਰਣਾਲੀ ਤੋਂ ਉਪਰ ਇਕ ਹੋਰ ਪਰਾ-ਸ਼ਕਤੀ ਭੀ ਹੈ

ਜੋ ਦੁਨੀਆ ਦੇ ਯਾਤਰੂਆਂ ਪ੍ਰਤਿ, ਸੁਖ-ਚੈਨ ਅਤੇ ਹਿਫ਼ਾਜ਼ਤ ਦੇ ਪੈਗ਼ਾਮ ਲੈ ਕੇ ਆਂਵਦੀ ਹੈ। ਗ਼ਰਜ਼ੇਕਿ, ਹਰ ਪ੍ਰਕਾਰ ਦੀ ਜ਼ਿੰਦਗੀ ਨੂੰ ਸ਼ਰਧਾਲੂ ਜਜ਼ਬਿਆਂ ਦੀ ਅਵਲੋਕਨੀ ਦੁਆਰਾ ਵੇਖਦੀ, ਮਾਣ ਸਤਿਕਾਰ ਅਤੇ ਪਿਆਰ ਮੁਹੱਬਤ ਦੀਆਂ ਦੌਲਤਾਂ ਨਾਲ ਪਰੀ-ਪੂਰਣਤਾ ਬਖ਼ਸ਼ਦੀ ਹੈ। ਇਕ ਸਮਤੁਲਤ ਆਤਮਾ ਕਦੀ ਭੀ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਤਹਿਸ਼-ਨਹਿਸ਼ ਕਰਨ ਦੀ ਰੁਚੀ ਨਹੀਂ ਰੱਖਦੀ ਕਿਉਂਕਿ ਉਹ ਇਕ ਤੰਦਰੁਸਤ ਅਤੇ ਸੁਅਸਤਅਵਸਥੀ ਆਤਮਾ ਹੁੰਦੀ ਹੈ। ਜਦੋਂ ਅਸੀਂ ਪ੍ਰਤਿਕਰਮ ਵਜੋਂ ਅਥਵਾ ਬਦਲੇ ਦੀ ਭਾਵਨਾ ਵਜੋਂ ਕਿਸੇ ਦੇ ਵਿਰੁੱਧ ਨਿਰਣਾਇਕ ਫ਼ੈਸਲਾ ਲੈਂਦੇ ਜਾਂ ਵਿਰੋਧੀ ਵਿਚਾਰ ਪੇਸ਼ ਕਰਦੇ ਹਾਂ ਤਦ ਅਸੀਂ ਪ੍ਰਮੇਸ਼ਵਰੀ ਸ਼ਕਤੀ ਅਥਵਾ ਖ਼ੁਦਾ ਦੀ ਖ਼ੁਦਾਈ ਦੇ ਪ੍ਰਤਿਕਰਮ ਦਖ਼ਲ-ਅੰਦਾਜ਼ੀ ਕਰਦੇ ਅਤੇ ਪਰਾ-ਨਿਜ਼ਾਮ ਦੇ ਵਿਰੁੱਧ ਬੇ-ਤਰਤੀਬੀ ਉਤਪੰਨ ਕਰਦੇ ਹਾਂ, ਭਾਵ, ਉਸ ਦੀ ਰਜ਼ਾ ਦੇ ਵਿਰੁੱਧ ਨਿਜੀ ਹਉਮੈ ਦਾ ਪ੍ਰਲਾਫ਼ ਉਸਾਰਦੇ ਹਾਂ। ਇਹੀ ਵੱਡਾ ਕਾਰਣ ਸੀ ਕਿ ਸਤਿਗੁਰੂ ਨਾਨਕ ਪਾਤਿਸ਼ਾਹ ਜੀ ਨੇ ਕਦੀ ਭੀ ਕਿਸੇ ਭੀ ਤਰ੍ਹਾਂ ਦੇ ਅਨੈਤਿਕ ਅਨਸਰਾਂ, ਸਮਾਜ ਵਿਰੋਧੀ ਜਾਬਰਾਂ ਦੇ ਵਿਰੁੱਧ ਨਿਰਣਾਇਕ ਫ਼ੈਸਲਾ ਨਹੀਂ ਦਿੱਤਾ, ਬਲਕਿ ਰਜ਼ਾ ਵਿਚ ਵਿਚਰਦੇ ਹੋਏ ਅਨੈਤਿਕਤਾ ਅਤੇ ਅੱਤਿਆਚਾਰੀਆਂ ਦੀ ਸੁਧਾਈ ਵਾਸਤੇ ਸਿਫ਼ਾਰਸ਼ ਕੀਤੀ ਹੈ, ਜਿਵੇਂ :

ਤੇਰੇ ਜੀਅ ਜੀਆ ਕਾ ਤੋਹਿ ॥ ਕਿਤ ਕਉ ਸਾਹਿਬ ਆਵਹਿ ਰੋਹਿ ॥
ਜੇ ਤੂ ਸਾਹਿਬ ਆਵਹਿ ਰੋਹਿ ॥ ਤੂ ਓਨਾ ਕਾ ਤੇਰੇ ਓਹਿ ॥

(ਸਿਰੀਰਾਗੁ ਮ: ੧, ਪੰਨਾ 25/2)

ਵਾਹਿਗੁਰੂ ਦੀ ਰਚੀ ਹੋਈ ਵਿਉਂਤਬੰਦੀ ਅਥਵਾ ਨਿਜ਼ਾਮੀ ਪ੍ਰਣਾਲੀ ਦਾ ਕਾਨੂੰਨੀ ਨਿਯੰਤ੍ਰਣ ਐਸਾ ਸ਼ਕਤੀਸ਼ਾਲੀ ਹੈ ਕਿ ਕੋਈ ਭੀ ਇਨਸਾਨ ਇਸ ਦੀ ਕਾਰਮਿਕ ਤਨਜ਼ੀਮ (ਪ੍ਰਬੰਧਕ ਕ੍ਰਿਆ) ਤੋਂ ਬਚ ਕੇ ਨਹੀਂ ਨਿਕਲ ਸਕਦਾ। ਇਹੀ ਉਹ ਪਰਾ-ਜ਼ਾਬਤਾ ਜਾਂ ਦਰਗਾਹੀ ਭੈ ਹੈ ਜੋ ਅਸਾਡੇ ਹਿਰਦੇ ਵਿਚ ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਨੂੰ ਸਮਝਣ ਸਮਝਾਉਣ ਦੀ ਅਤੇ ਜੀਵਨ ਪ੍ਰਤਿ ਦਇਆ, ਰਹਿਮ-ਦਿਲੀ ਜੈਸੀਆਂ ਮੂਲਿਕ ਸ਼ਿਲਾਵਾਂ ਸਥਾਪਤ ਕਰਦਾ ਹੈ। ਕਿਸੇ ਭੀ ਜੀਵ ਦੀ ਕਾਰਮਿਕ ਪ੍ਰਣਾਲੀ ਦਾ ਨਿਰਣੈ ਕਰਨਾ ਅਸਾਡਾ ਧਰਮ ਨਹੀਂ, ਬਲਕਿ ਇਹ ਤਾਂ ਵਾਹਿਗੁਰੂ ਦੀ ਨਿਰਣਾਇਕ ਪ੍ਰਣਾਲੀ ਦਾ ਖੇਤਰ ਹੈ ਕਿਉਂਕਿ ਰੱਬੀ ਨਿਜ਼ਾਮ ਦਾ ਵਿਧਾਨਿਕ ਢਾਂਚਾ ਐਸਾ ਨਿਰਦੋਸ਼ ਅਤੇ ਪ੍ਰਸੰਸਾ-ਯੋਗ ਹੈ ਜੋ ਦੁਨਿਆਵੀ ਸ਼ਕਤੀ ਦਾ ਸੰਤੁਲਨ ਹਰ ਕੋਟਾਨ ਖੰਡ ਦੇ ਲਮਹੇ ਵਿਚ ਕਾਇਮ ਰੱਖਦਾ ਹੈ। ਇਥੇ ਤਕ ਸੰਸਾਰੀ ਸ਼ਕਤੀ ਅਤੇ ਕਾਰਮਿਕ ਪ੍ਰਣਾਲੀ ਦਾ ਮਜ਼ਮੂਨ ਸਮਾਪਤ ਹੁੰਦਾ ਹੈ। ਇਸ ਤੋਂ ਅਗਲੇਰੇ ਪੰਨਿਆਂ ਵਿਚ ਵਾਸਤਵਿਕ ਸ਼ਕਤੀ ਪ੍ਰਤਿ ਵਿਚਾਰ-ਵਟਾਂਦਰਾ ਕਰਨ ਦੀ ਇਜਾਜ਼ਤ ਲੋਚਦੇ ਹਾਂ।

(ਅ) ਵਾਸਤਵਿਕ ਸ਼ਕਤੀ :

ਇਹ ਉਹ ਸ਼ਕਤੀ ਹੈ ਜੋ ਅਸਾਨੂੰ ਤੱਤ੍ਵ ਵਸਤੂਆਂ ਦੀ ਸੂਝ ਸਮਝ ਬਖ਼ਸ਼ਦੀ ਹੈ। ਜਿਸ ਦੇ ਆਸਰੇ ਜੀਵਨ ਦੀ ਯਾਤਰਾ ਨਿਤਾਣੇ ਬਿੰਦੂ ਤੋਂ ਆਰੰਭ ਹੋ ਕੇ, ਸਦੀਵੀ ਸੁਖੱਲਤਾ ਤਕ ਰਸਾਈ ਕਰਦੀ ਹੈ। ਕਈ ਦਫ਼ਾ ਅਸੀਂ ਨਿਜੀ ਸਵਾਰਥ ਵਾਸਤੇ ਜ਼ਿੰਦਗੀ ਦੀ ਦੁਰਲੱਭਤਾ ਨੂੰ ਲਾਂਭੇ ਰੱਖ ਕੇ ਮਸਜਿਦਾਂ, ਮੰਦਰਾਂ, ਗਿਰਜਿਆਂ, ਗੁਰਦੁਆਰਿਆਂ ਵਿਚ ਅਰਦਾਸਾਂ ਅਤੇ ਸਿਜਦੇ ਕਰਦੇ ਹਾਂ ਤਾਂਕਿ ਅਸਾਡੀਆਂ ਭਾਵਨਾਵਾਂ ਅਤੇ ਕਾਮਨਾਵਾਂ ਬਰ ਆ ਸਕਣ। ਸੁਆਰਥੀ ਖੇਤਰ ਵਿਚ ਪ੍ਰਵੇਸ਼ ਕਰਦਿਆਂ ਹੀ ਸਰਬੱਤ ਦੇ ਭਲੇ ਦੀ ਤੱਤ੍ਵਮਈ ਧਾਰਾ ਦਾ ਸਿਧਾਂਤ ਇਕ ਖ਼ਿਆਲੀ ਅਤੇ ਮਿਥਿਹਾਸਕ ਚਿੰਨ੍ਹ ਹੀ ਰਹਿ ਜਾਂਦਾ ਹੈ। ਜਦੋਂ ਅਸਾਡੀ ਸੋਚ ਵਿਚ ਵਾਸਤਵਿਕ ਸ਼ਕਤੀ ਵਲੋਂ ਅਵਿਕੀਰਣਤਾ (ਤੇਜ ਹੀਣਤਾ) ਛਾ ਜਾਵੇ, ਪ੍ਰਕਾਸ਼ਮਈ ਜਲਵਾ ਖ਼ਤਮ ਹੋ ਜਾਵੇ ਤਦ ਅਸੀਂ ਕਿਸੇ ਭੀ ਜੀਵਨੀ ਦਾ ਸਤਿਕਾਰ ਜਾਂ ਤ੍ਰਿਸਕਾਰ ਉਸ ਦੀ ਉੱਚੀ ਨੀਵੀਂ ਪਦਵੀ ਦੇ ਆਧਾਰ 'ਤੇ ਕਰਦੇ ਹਾਂ। ਇਸ ਦਾ ਤਾਤਪਰਜ ਇਹ ਹੋਇਆ ਕਿ ਅਸੀਂ ਹਰ ਪ੍ਰਕਾਰ ਦੇ ਪ੍ਰਾਕਿਰਤਕ ਜੀਵਨ ਦੀ ਦੁਰਲੱਭਤਾ ਨੂੰ ਸਮਝਿਆ ਹੀ ਨਹੀਂ ਹੈ। ਪ੍ਰਕਿਰਤੀ ਦੀ ਦੁਰਲੱਭਤਾ ਨੂੰ ਨਾ ਸਮਝਣਾ ਹੀ ਅਸਾਡੇ ਜੀਵਨ ਵਿਚ ਵਾਸਤਵਿਕ ਸ਼ਕਤੀ ਦੀ ਅਭਾਵਤਾ ਹੋਇ ਨਿਬੜਦੀ ਹੈ।

ਇਥੇ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਅਸਲੀ ਤਾਕਤ (authentic power) ਕੀ ਵਸਤੂ ਹੈ ਅਤੇ ਇਸ ਦੀ ਪ੍ਰਾਪਤੀ ਦਾ ਸਾਧਨ ਕੀ ਹੈ? ਸਦੀਵੀ ਅਤੇ ਅਟੱਲ ਸ਼ਕਤੀ ਵਾਹਿਗੁਰੂ ਦੀ ਜੋਤਿ (spirit) ਹੈ, ਵਾਹਿਗੁਰੂ ਦਾ ਨੂਰ ਹੈ। ਪ੍ਰਾਪਤੀ ਦਾ ਸਾਧਨ ਵਾਹਿਗੁਰੂ ਦੇ ਹੁਕਮ ਵਿਚ ਜੀਵਨ ਬਤੀਤ ਕਰਦੇ ਹੋਏ, ਪ੍ਰਕਿਰਤੀ ਦੀ ਦੁਰਲੱਭਤਾ ਨੂੰ ਸਮਝਣਾ ਅਤੇ ਪ੍ਰਕਿਰਤੀ ਦੇ ਹਰ ਜੀਵ ਜੰਤੂ ਦਾ ਮਾਣ ਸਤਿਕਾਰ ਸਮਾਨਤਾ ਦੀ ਧਾਰਾ ਦੇ ਅਨੁਸਾਰ ਕਰਨਾ ਹੀ ਵਾਸਤਵਿਕ ਸ਼ਕਤੀ ਦੀ ਪ੍ਰਾਪਤੀ ਦਾ ਆਰੰਭਕ ਕਦਮ ਹੈ। ਕਿਉਂਕਿ, ਸਮੁੱਚੀ ਸ਼ਕਤੀ ਦਾ ਸੁਆਮੀ ਪ੍ਰਕਿਰਤਕ ਜੀਵਨ ਵਿਚ ਓਤਿ ਪੋਤਿ ਹੋ ਰਿਹਾ ਹੈ, ਜਿਵੇਂ :

ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ, ਖਲਕ ਮਹਿ ਖਾਲਿਕੁ, ਪੂਰਿ ਰਹਿਓ ਸ੍ਰਬ ਠਾਂਈ॥੧॥ਰਹਾਉ॥

(ਪ੍ਰਭਾਤੀ ਕਬੀਰ ਜੀ, ਪੰਨਾ 1350/1)

ਐ ਦੁਨੀਆ ਦੇ ਰਹਿਣ ਵਾਲੇ ਭਾਈ ਲੋਗੋ! ਕਿਸੇ ਭੁਲੇਖੇ ਵਿਚ ਪੈ ਕੇ ਕੁਰਾਹੇ ਨਾ ਪਵੋ ਕਿਉਂਕਿ ਕਰਤਾ ਹੀ ਕ੍ਰਿਤ ਹੈ। ਪ੍ਰਕਿਰਤੀ ਦੇ ਹਰ ਅਣੂ ਵਿਚ ਕਰਤਾ ਦਾ ਨਿਵਾਸ ਹੈ। (ਇਸ ਵਾਸਤੇ ਪ੍ਰਕਿਰਤੀ ਦੇ ਹਰ ਜ਼ੱਰੇ ਜ਼ੱਰੇ ਨੂੰ ਮਾਣ, ਆਦਰ ਅਤੇ ਸਤਿਕਾਰ ਦੇਣਾ ਹੀ ਉਸ ਦੀ ਦੁਰਲੱਭਤਾ ਨੂੰ ਕਾਇਮ ਰੱਖਣਾ

ਹੈ) ਧਰਤੀ, ਹਵਾ, ਪਾਣੀ ਅਤੇ ਸਮੁਲਚੇ ਵਾਤਾਵਰਣ ਨੂੰ ਦੂਸ਼ਤ ਨਾ ਕਰਨਾ ਹੀ ਹਰ ਪ੍ਰਾਣੀ ਦਾ ਮੂਲਿਕ ਧਰਮ ਹੈ। ਹਰ ਜ਼ੱਰੇ ਜ਼ੱਰੇ ਦੀ ਦੂਰਲੱਭਤਾ ਨੂੰ ਸਮਝਣਾ, ਮਾਣ ਆਦਰ ਸਤਿਕਾਰ ਦੇਣਾ ਹੀ ਪਰਾ-ਨਿਜ਼ਾਮ ਦਾ ਬੁਨਿਆਦੀ ਉਦੇਸ਼ ਹੈ। ਐਸੇ ਨਿਹਕਾਮੀ ਕਰਮ ਕੀਤਿਆਂ ਅਸੀਂ "ਕੁਦਰਤਿ ਦਿਸੈ ਕੁਦਰਤਿ ਸੁਣੀਐ" ਦੇ ਆਧਾਰ 'ਤੇ ਘਟ ਘਟ ਦੇ ਹਰ ਜ਼ੱਰੇ ਜ਼ੱਰੇ ਵਿਚੋਂ ਜੀਵਨ ਦੀ ਨੁਹਾਰ ਵੇਖ ਸਕਦੇ ਹਾਂ। ਜੀਵਨ ਦੀ ਤੱਤ੍ਰਤਾ ਨੂੰ ਦ੍ਰਿਸ਼ਟੀਮਾਨ ਕਰਨ ਹਿਤ, ਸਤਿਗੁਰੂ ਦੀ ਸਰਣਿ ਵਿਚ ਆਵਣਾ ਪਹਿਲਾ ਫ਼ਰਜ਼ ਹੈ। ਭਾਵੇਂ ਵਾਹਿਗੁਰੂ ਦੀ ਜੋਤਿ ਹਰ ਜ਼ੱਰੇ ਜ਼ੱਰੇ ਵਿਚ ਵਿਕਸਤ ਹੋ ਰਹੀ ਹੈ ਪ੍ਰੰਤੂ ਜੋਤਿ ਨੂੰ ਉਦੈ ਕਰਨ ਦੀ ਜੁਗਤੀ ਅਤੇ ਸਾਧਨ ਕੇਵਲ ਅਤੇ ਕੇਵਲ ਸਤਿਗੁਰੂ ਦੀ ਦੀਖਿਆ ਦੇ ਅਧਿਕਾਰੀ ਬਣਨਾ ਪਵੇਗਾ। ਗੁਰ ਪ੍ਰਸਾਦਿ ਤੋਂ ਬਿਨਾਂ ਵਾਸਤਵਿਕ ਸ਼ਕਤੀ ਦਾ ਉਜਾਲਾ ਜਗਿਆਸੂ ਦੇ ਜੀਵਨ ਵਿਚ ਹੋਣਾ ਅਸੰਭਵ ਹੈ, ਜਿਵੇਂ :

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥

(ਧਨਾਸਰੀ ਮ: ੧, ਪੰਨਾ 13/5)

ਭਾਵੇਂ ਸਾਰਿਆਂ ਵਿਚ ਵਾਹਿਗੁਰੂ ਦੀ ਜੋਤਿ/ਵਾਸਤਵਿਕ ਸੱਤਾ ਵਿਆਪਕ ਹੋ ਰਹੀ ਹੈ, ਇਸ ਵਾਸਤਵਿਕ ਸ਼ਕਤੀ ਦੇ ਆਸਰੇ ਬ੍ਰਹਮੰਡ ਦੀ ਹਰ ਸ਼ੈ ਵਿਚ ਉਸ ਦਾ ਨੂਰ ਲੁਪਤ ਹੋ ਰਿਹਾ ਹੈ। ਜਦੋਂ ਇਹ ਸੱਤਾ ਪ੍ਰਗਟ ਹੋ ਜਾਵੇ ਤਦ ਸਮੁੱਚੇ ਜੀਵਨ ਵਿਚ ਬਸੀਰਤ/ਗਿਆਨ ਦਾ ਉਜਾਲਾ ਹੋਇ ਆਂਵਦਾ ਹੈ ਪ੍ਰੰਤੂ ਇਸ ਵਾਸਤਵਿਕ ਬਸੀਰਤ ਦੇ ਨਮੂਦਾਰ/ਪ੍ਰਗਟ ਹੋਣ ਵਾਸਤੇ ਸੱਚੇ ਗੁਰੂ ਦੀ ਸਾਖੀ, ਬਸੀਰਤ ਦੇ ਤਾਲੇ ਦੀ ਚਾਬੀ ਹੈ। ਨਿਰਸੰਦੇਹ ਸਤਿਗੁਰੂ ਦੀ ਦੀਖਿਆ ਪ੍ਰਾਪਤ ਕਰਨੀ ਹੀ ਵਾਸਤਵਿਕ ਸੱਤਾ ਪ੍ਰਾਪਤੀ ਪ੍ਰਤਿ ਪ੍ਰਥਮ ਕਦਮ ਹੈ।

ਸਤਿਗੁਰੂ ਦੀ ਸਾਖੀ ਸਮਕਾਲੀ ਯਾਤਰੂਆਂ ਦੇ ਜੀਵਨ ਵਿਚ ਪ੍ਰਕਿਰਤੀ ਪ੍ਰਤਿ ਸ਼ਰਧਾ ਅਤੇ ਸਤਿਕਾਰ ਦੀ ਪਨੀਰੀ ਦੇ ਬੀਜ ਬੀਜਦੀ ਹੈ। ਸ਼ਰਧਾ ਅਤੇ ਸਤਿਕਾਰ ਇਨਸਾਨੀ ਜੀਵਨ ਵਿਚ ਕਾਇਨਾਤ ਦੇ ਹਰ ਜ਼ੱਰੇ ਜ਼ੱਰੇ ਵਾਸਤੇ ਸੇਵਾ ਅਤੇ ਪਰਉਪਕਾਰੀ ਰੁਚੀ ਦਾ ਉਭਾਰ/ਜਜ਼ਬਾ (emotion) ਉਤਪੰਨ ਕਰਦੇ ਹਨ। ਜਿਸ ਦੇ ਆਸਰੇ ਹਿਰਦੇ ਦੀਆਂ ਤਲਾਂ ਵਿਚ ਸਦੀਵੀ ਸੱਤਾ ਪ੍ਰਤਿ ਇਕ ਐਸੀ ਪਰਾ-ਅਨੁਭਵਤਾ (feeling) ਆਸ਼ਕਾਰ ਹੋਇ ਆਂਵਦੀ ਹੈ, ਜਿਸ ਦਾ ਅੰਤ੍ਰੀਵੀ ਸੰਬੰਧ ਆਤਮਾ ਦੇ ਦੇਸ ਵਿਚ ਪ੍ਰਵੇਸ਼ਤਾ ਬਖ਼ਸ਼ਦਾ ਹੈ।

ਪ੍ਰਕਿਰਤੀ ਪ੍ਰਤਿ ਸ਼ਰਧਾ ਅਤੇ ਸਤਿਕਾਰ ਹੋਣਾ, ਵਾਹਿਗੁਰੂ ਦੀ ਹੋਂਦ ਨੂੰ ਸਵੀਕਾਰ ਕਰਨਾ ਹੈ। ਸ਼ਰਧਾ ਅਤੇ ਸਤਿਕਾਰ ਦਾ ਅਰਥ ਕਿਸੇ ਨੂੰ ਕੇਵਲ ਮਾਣ ਆਦਰ ਦੇਣਾ ਹੀ ਨਹੀਂ ਹੈ ਬਲਕਿ ਇਸ ਦੇ ਆਸਰੇ ਸਰਬੱਤ ਦੇ ਭਲੇ ਵਾਸਤੇ

ਪ੍ਰਸੰਸਕ ਧਾਰਾ ਦਾ ਪ੍ਰਥਮ ਆਰੰਭ ਹੈ। ਸ਼ਰਧਾ ਅਤੇ ਸਤਿਕਾਰ ਦੀਆਂ ਡੰਘੀ ਤੈਹਾਂ ਦੇ ਤਲਾਂ ਵਿਚੋਂ ਪ੍ਰਕਿਰਤਕ ਜ਼ਿੰਦਗੀ ਦੇ ਗੁੱਝੇ ਭੇਦਾਂ ਦੀ ਪ੍ਰਤੱਖਤਾ ਪੰਚ-ਮੁਖੀ ਵਿਸ਼ਿਆਂ ਤੋਂ ਉਪਰ ਸਰਬ-ਮੁਖੀ ਗਿਆਨ ਦੇ ਤਲਾਂ ਵਿਚੋਂ ਵੇਖੀ, ਸੁੰਘੀ, ਸੁਣੀ, ਚੱਖੀ ਅਤੇ ਸਪਰਸ਼ ਕੀਤੀ ਜਾ ਸਕਦੀ ਹੈ।

ਜਜ਼ਬਾਤੀ ਅਨੁਭਵਤਾ (emotion and feeling) ਦਾ ਤਾਲ-ਮੇਲ ਪੰਜਭੂਤਕ ਗਿਆਨ ਦੇ ਖੇਤਰ ਤੋਂ ਬਾਹਰ ਦੀ ਵਸਤੂ ਹੈ। ਅਨੁਭਵੀ ਉਭਾਰਾਂ ਦਾ ਰਾਬਤਾ (ਸੰਬੰਧ) ਸਿੱਧਾ ਹਿਰਦੇ ਦੀਆਂ ਤਲਾਂ ਵਿਚ ਹੁੰਦਾ ਹੈ ਜਿਥੋਂ ਸ਼ਰਧਾ ਜਨਮ ਲੈਂਦੀ ਹੈ। ਸ਼ਰਧਾ ਤੋਂ ਸੱਖਣੇ ਰਹਿ ਕੇ ਕੋਈ ਭੀ ਦੁਨਿਆਵੀ ਵਿਹਾਰ ਕੀਤਾ ਜਾਵੇ, ਭਾਵੇਂ ਉਹ ਸੰਸਾਰੀ ਵਿਹਾਰ ਹੋਵੇ, ਰਾਜਸੀ ਪ੍ਰਬੰਧ ਹੋਵੇ, ਵਿਦਿਆ ਪ੍ਰਣਾਲੀ ਹੋਵੇ, ਪਤੀ ਪਤਨੀ ਦੀ ਸੰਭੋਗ ਕ੍ਰਿਆ ਹੋਵੇ, ਉਸ ਦਾ ਪਰਿਣਾਮ ਨਿਜੀ ਸੁਆਰਥ ਹਿਤ ਦੂਜਿਆਂ ਨੂੰ ਵਰਤਣਾ ਹੁੰਦਾ ਹੈ ਕਿਉਂਕਿ ਐਸੀ ਕ੍ਰਿਆ ਸ਼ਰਧਾ ਤੋਂ ਸੱਖਣੀ ਹੁੰਦੀ ਹੈ। ਦੁਨੀਆ ਦਾ ਇਨਸਾਨ ਇਤਨਾ ਘੁਮੰਡੀ ਅਤੇ ਗੁਸਤਾਖ਼ ਹੋ ਨਿਬੜਿਆ ਹੈ ਕਿ ਇਸ ਨੇ ਨਿਜੀ ਸੁਆਰਥ ਦੀ ਪੂਰਤੀ ਹਿਤ ਸਮੂਲਚੀ ਪ੍ਰਿਥਵੀ ਨੂੰ, ਹਵਾਈ ਮੰਡਲ ਨੂੰ, ਵਾਤਾਵਰਣ ਦੇ ਦਾਇਰੇ ਨੂੰ, ਸਮਾਜੀ ਢਾਂਚੇ ਨੂੰ, ਪ੍ਰਬੰਧਕੀ ਸਭਾ ਸੁਸਾਇਟੀਆਂ ਨੂੰ, ਦੂਸ਼ਤ ਕਰਨੋਂ ਤਨਕ-ਮਾਤਰ ਭੀ ਗੁਰੇਜ਼/ਪ੍ਰਹੇਜ਼ ਨਹੀਂ ਕੀਤਾ। ਇਸ ਨੇ ਸਰਬ-ਮੁਖੀ ਸੱਤਾ ਨਾਲੋਂ ਪੰਚ-ਮੁਖੀ ਸੱਤਾ ਨੂੰ ਵੱਡੀ ਸਮਝ ਕੇ ਤਰਜੀਹ ਦੇ ਰੱਖੀ ਹੈ। ਸਰਬ-ਮੁਖੀ ਸ਼ਕਤੀ ਦਾ ਆਰੰਭ ਹਿਰਦੇ ਦੀਆਂ ਤਲਾਂ ਵਿਚੋਂ ਹੁੰਦਾ ਹੈ ਔਰ ਹਿਰਦੇ ਦਾ ਕਪਾਟ ਉਸ ਸਮੇਂ ਖੁੱਲ੍ਹਦਾ ਹੈ ਜਦੋਂ ਜੀਵ ਸ਼ਰਧਾ ਅਤੇ ਪਿਆਰ ਦੇ ਦਾਇਰੇ ਵਿਚ ਗੁੰਫ਼ਤ ਹੋ ਜਾਵੇ। ਇਥੇ ਖ਼ਿਆਲ ਰੱਖਣ ਵਾਲੀ ਵਿਸ਼ੇਸ਼ਤਾ ਇਹੀ ਹੈ ਕਿ ਸ਼ਰਧਾ ਅਤੇ ਜਜ਼ਬਾਤੀ ਰੁਚੀ ਦੇ ਉਪਰ ਗਿਆਨ ਦਾ ਕੁੰਡਾ ਆਵਸ਼ਕ ਹੈ ਤਾਂਕਿ ਸ਼ਰਧਾ ਅਤੇ ਪਿਆਰ ਅੰਧ-ਵਿਸ਼ਵਾਸੀ ਧਾਰਾ 'ਤੇ ਯਾਤਰਾ ਕਰਦੇ ਕਰਦੇ ਤਿਲ੍ਹਕ ਨਾ ਜਾਣ।

ਸ਼ਰਧਾ, ਪਿਆਰ ਅਤੇ ਸਤਿਕਾਰ ਦੀ ਦੁਨੀਆ ਦਾ ਢਾਂਚਾ ਅਤੇ ਗਹਿਰਾਈ ਪ੍ਰਕਿਰਤੀ ਦੇ ਜੀਵਨ ਤੋਂ ਆਰੰਭ ਹੁੰਦਾ ਹੈ। ਗ਼ਰਜ਼ੇਕਿ, ਸ਼ਰਧਾ ਅਤੇ ਪਿਆਰ ਦਾ ਤਾਲ-ਮੇਲ ਜੀਵਨ ਦੀ ਦੁਰਲੱਭਤਾ ਨਾਲ ਤਾਣੇ ਪੇਟੇ ਨਿਆਈਂ ਓਤਿ ਪੋਤਿ ਹੁੰਦਾ ਹੈ। ਅਸਾਨੂੰ ਇਹ ਕਹਿਣ ਵਿਚ ਜ਼ਰਾ-ਮਾਤਰ ਭੀ ਝਿਜਕਣਾ ਨਹੀਂ ਚਾਹੀਦਾ ਕਿ ਸ਼ਰਧਾ ਅਤੇ ਪਿਆਰ ਦਾ ਰਿਸ਼ਤਾ ਹਰ ਪ੍ਰਕਾਰੀ ਜੀਵਨ ਦੀਆਂ ਤਲਾਂ ਵਿਚ ਕਿਸੇ ਵਿਸ਼ੇਸ਼ ਸਾਰ-ਤੱਤ ਨੂੰ ਸੰਭਾਲੀ ਬੈਠਾ ਹੈ। ਇਹੀ ਉਹ ਗੁੱਝਾ ਭੇਦ ਹੈ ਜੋ ਪੰਚ-ਮੁਖੀ ਸੰਸਾਰ ਨੂੰ ਸਰਬ-ਮੁਖੀ ਅਪਾਰਤਾ ਵਿਚ ਲੀਨ ਕਰਦਾ ਹੈ। ਸਰਬ-ਮੁਖੀ ਅਪਾਰਤਾ ਇਕ ਐਸੀ ਅਵਸਥਾ ਹੈ ਜਿਥੇ ਪੰਚ-ਮੁਖੀ ਗਿਆਨ ਦੀ ਆਵਸ਼ਕਤਾ ਦਾ ਅਭਾਵ ਹੋ ਜਾਂਦਾ ਹੈ। ਇਹੀ ਅਜ਼ੀਮੀ ਮਰਤਬਾ ਹੈ ਜੋ ਹਿਰਦੇ ਦੀ ਧਰਤੀ 'ਤੇ ਸ਼ਰਧਾ ਅਤੇ ਪਿਆਰ ਦੀਆਂ ਬਰਕਤਾਂ ਦੇ ਬਗ਼ੀਚੇ

ਵਿਚ ਪੁੰਗਰਦਾ, ਵਧਦਾ ਫੁਲਦਾ, ਫਲਦਾ ਅਤੇ ਸਰਬ-ਮੁਖੀ ਸਰਬੱਗਤਾ ਵਿਚ ਅਭੇਦ ਹੋ ਜਾਂਦਾ ਹੈ। ਜਿਸ ਦਾ ਤੱਤ੍ਰਮਈ ਚਿਤਰ ਪਾਵਨ ਗੁਰਬਾਣੀ ਦੇ ਨਿਮਨ ਲਿਖਤ ਵਾਕਾਂ ਦੁਆਰਾ ਅਨੁਭਵ ਕੀਤਾ ਜਾ ਸਕਦਾ ਹੈ, ਜਿਵੇਂ :

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥
ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ॥
ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥੧॥

(ਵਾਰ ਸਿਰੀਰਾਗੁ, ਮ: ੨, ਪੰਨਾ 139/2)

ਸ਼ਰਧਾ ਇਕ ਐਸੀ ਮਨੋ-ਵਿਰਤੀ ਹੈ ਜੋ ਹਰ ਪ੍ਰਕਿਰਤਕ ਜੀਵਨ ਪ੍ਰਤਿ ਪ੍ਰਸੰਸਾ ਦਾ ਵਿਰਸਾ ਸੰਭਾਲੀ ਬੈਠੀ ਹੈ। ਇਹ ਜ਼ਰੂਰੀ ਨਹੀਂ ਹੈ ਕਿ ਪ੍ਰਕਿਰਤਕ ਜੀਵਨ ਨੂੰ ਮਾਣ ਸਤਿਕਾਰ ਦੇਣ ਹਿਤ ਅਥਵਾ ਨਿਮਰ-ਭੂਤ ਥੀਵਣ ਲਈ, ਅਸਾਡੇ ਜੀਵਨ ਦੀ ਰੁਚੀ ਵਿਚੋਂ ਸਰਬ-ਪੱਖੀ ਵਾਸਤਵਿਕ ਸ਼ਕਤੀ ਦਾ ਅਭਾਵ ਹੋ ਜਾਵੇ, ਬਲਕਿ ਆਵਸ਼ਕ ਵਸਤੂ ਤਾਂ ਇਹ ਹੈ ਕਿ ਅਸਾਡੇ ਜੀਵਨ ਵਿਚ ਪ੍ਰਕਿਰਤੀ ਪ੍ਰਤਿ ਸ਼ਰਧਾ ਅਤੇ ਪਿਆਰ ਦੀ ਧਾਰਾ ਨਿਰੰਤਰ ਵਹਿੰਦੀ ਰਹੇ। ਜਿਸ ਕਿਸੇ ਨੇ ਭੀ ਜ਼ਿੰਦਗੀ ਦੀ ਦੁਰਲੱਭਤਾ ਪ੍ਰਤਿ ਸ਼ਰਧਾ, ਪਿਆਰ ਅਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਹੈ, ਉਨ੍ਹਾਂ ਦੇ ਜੀਵਨ ਵਿਚੋਂ ਪ੍ਰਕਿਰਤੀ ਪ੍ਰਤਿ ਦਇਆ ਅਤੇ ਪਿਆਰ ਦੇ ਚਸ਼ਮੇ ਸੁਫੁੱਟ ਹੋਇ ਆਂਵਦੇ ਹਨ। ਵਿਸ਼ੇਸ਼ ਕਰਕੇ ਐਸੇ ਸ਼ਰਧਾਵਾਨ ਜੀਵ ਪੰਚ-ਮੁਖੀ ਸ਼ਕਤੀ ਦੇ ਹੱਥੋਂ ਦੁਖ ਅਤੇ ਤਕਲੀਫ਼ਾਂ ਸਹਿੰਦੇ ਭੀ ਵੇਖੇ ਗਏ ਹਨ ਕਿਉਂਕਿ ਉਨ੍ਹਾਂ ਦੀ ਜੀਵਨੀ ਦਾ ਸਿਧਾਂਤ ਪ੍ਰਕਿਰਤਕ ਜੀਵਨ ਦੀ ਪ੍ਰਫੁੱਲਤਾ ਹੁੰਦਾ ਹੈ ਜੋ ਪੰਚ-ਮੁਖੀ ਧਾਰਾ ਦੇ ਖੇਤਰ ਵਿਚ ਅਪਰਵਾਨਗੀ ਦੀਆਂ ਨਜ਼ਰਾਂ ਨਾਲ ਵੇਖੀ ਜਾਂਦੀ ਹੈ।

ਸ਼ਰਧਾ ਦਾ ਅੰਤ੍ਰੀਵੀ ਮਨੋਰਥ ਕਿਸੇ ਨੂੰ ਮਾਣ, ਆਦਰ ਜਾਂ ਸਤਿਕਾਰ ਦੇਣਾ ਨਹੀਂ ਹੈ। ਕਿਸੇ ਨੂੰ ਮਾਣ ਆਦਰ ਸਤਿਕਾਰ ਦੇਣਾ ਇਨਸਾਨੀ ਨਿਰਣਾਇਕ ਅਵਸਥਾ (state of judgement) ਹੈ, ਬਲਕਿ ਸ਼ਰਧਾ ਤਾਂ ਪ੍ਰਕਿਰਤਕ ਜੀਵਨ ਨੂੰ ਗੁਣ ਸੰਪੰਨ ਕਰਨ ਦਾ ਪ੍ਰਸੰਸਕ ਅਤੇ ਬੋਧਿਕ ਵਿਰਸਾ ਹੈ। ਸੰਭਵ ਹੈ ਕਿ ਕਿਸੇ ਇਕ ਵਿਅਕਤੀ ਨੂੰ ਸਵਾਰਥੀ ਵਿਰਤੀ ਦੇ ਆਧਾਰ 'ਤੇ ਸਤਿਕਾਰ, ਮਾਣ, ਆਦਰ ਦੇ ਬਸਤੇ ਬੰਨ੍ਹ ਦਿੱਤੇ ਜਾਣ ਪ੍ਰੰਤੂ ਦੂਜਿਆਂ ਵਾਸਤੇ ਘਿਰਣਾ ਦੀਆਂ ਪੰਡਾਂ ਲਪੇਟ ਦੇਈਏ, ਦੁਨਿਆਵੀ ਮਾਪ-ਦੰਡਾਵਲੀ ਵਿਚ ਐਸੀਆਂ ਹਰਕਤਾਂ ਆਮ ਹੀ ਵੇਖਣ ਅਤੇ ਸੁਣਨ ਵਿਚ ਮਿਲਦੀਆਂ ਹਨ। ਇਸੇ ਚਿਤਰ ਦੇ ਦੂਜੇ ਪਾਸੇ ਜੋ ਸ਼ਰਧਾ ਦਾ ਪੈਮਾਨਾ ਹੈ, ਇਹ ਇਕ ਵੱਖਰਾ ਪੈਮਾਨਾ ਹੈ ਜਿਥੇ ਸਮੁਲਚਾ ਪ੍ਰਕਿਰਤਕ ਜੀਵਨ ਸ਼ਰਧਾ ਦੀ ਵਿਰਾਸਤ ਤੋਂ ਵਾਂਝਾ ਨਹੀਂ ਰਹਿ ਸਕਦਾ। ਸ਼ਰਧਾ ਦੇ ਖੇਤਰ ਵਿਚ ਸਮੁੱਚੀ ਪ੍ਰਕਿਰਤੀ ਪ੍ਰਤਿ ਸਾਂਝੀਵਾਲਤਾ ਦਾ ਸੰਦੇਸ਼ ਹੈ, ਜਿਵੇਂ :

ਸਭੁ ਕੋ ਆਸੈ ਤੇਰੀ ਬੈਠਾ ॥ ਘਟ ਘਟ ਅੰਤਰਿ ਤੂੰਹੈ ਵੁਠਾ ॥
ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥

(ਮਾਝ ਮ: ੫, ਪੰਨਾ 97/7)

ਉਕਤ ਦਰਸਾਈ ਵਾਰਤਕ ਸਮੱਗਰੀ ਦੁਆਰਾ ਸਰੀਰ ਮੰਡਲ ਦੀ ਕਰਮ ਕ੍ਰਿਆ ਪ੍ਰਤਿ ਵਿਚਾਰਾਂ ਦੀ ਲੜੀ ਸਵੈਮ ਵੇਗ ਵਿਚ ਗਤੀਬੱਧ ਹੋ ਰਹੀ ਹੈ। ਨਿਸ਼ਕਾਮ ਕਰਮ ਦੀ ਰਵਾਨੀ ਉਸ ਵੇਲੇ ਕਰਮ ਕਰਤੂਤ ਦੀਆਂ ਸਿਖਰਾਂ ਨੂੰ ਜਾ ਛੂੰਹਦੀ ਹੈ ਜਦੋਂ ਇਸ ਵਿਚ ਸ਼ਰਧਾ ਅਤੇ ਪਿਆਰ ਦੀ ਅੰਸ਼ ਸ਼ਾਮਿਲ ਹੋ ਜਾਵੇ। ਸ਼ਰਧਾ ਇਕ ਪ੍ਰਤੱਖ ਅਤੇ ਪਵਿੱਤਰ ਗਿਆਨ ਹੈ। ਆਮ ਸੰਸਾਰੀ ਜੀਵ ਇਸ ਪ੍ਰਤੱਖ ਅਤੇ ਪਵਿੱਤਰ ਗਿਆਨ ਦੀ ਵਰਤੋਂ ਕੇਵਲ ਧਾਰਮਿਕ ਦੁਨੀਆ ਵਿਚ ਹੀ ਕਰਦੇ ਵੇਖੇ ਅਥਵਾ ਸੁਣੇ ਜਾਂਦੇ ਹਨ ਪ੍ਰੰਤੂ ਅੱਜ ਤਕ ਕਦੀ ਭੀ ਐਸਾ ਸਮਾਂ ਨਹੀਂ ਆਇਆ ਜਦੋਂ ਇਸ ਪ੍ਰਤੱਖਤਾ ਦੀ ਵਰਤੋਂ ਜੀਵਨ ਦੇ ਕ੍ਰਮ-ਵਿਕਾਸ ਲਈ ਯੋਜਨਾ-ਬੱਧ ਵਿਧੀ ਦੁਆਰਾ ਕੀਤੀ ਗਈ ਹੋਵੇ। ਇਹੀ ਵਿਸ਼ੇਸ਼ ਕਾਰਣ ਹੈ ਕਿ, ਵਿਰਤੀਹਾਣ (ਚਾਲੂ) ਸਮੇਂ ਦੇ ਇਨਸਾਨ ਨੇ ਪ੍ਰਤੱਖ ਸ਼ਰਧਕ ਗਿਆਨ ਨੂੰ ਪਰਜਾ ਦੇ ਨਿਜੀ ਜੀਵਨ ਵਿਚ ਢਾਲਣ ਦਾ ਯਤਨ ਨਹੀਂ ਕੀਤਾ, ਬਲਕਿ ਸ਼ਰਧਾ ਅਤੇ ਪਿਆਰ ਦਾ ਪਵਿੱਤਰ ਵਿਰਸਾ ਕੇਵਲ ਧਾਰਮਿਕ ਸੰਸਾਰ ਦੀ ਵਲਗਣ ਵਿਚ ਹੀ ਸੀਮਤ ਕੀਤਾ ਗਿਆ। ਜਿਸ ਦਾ ਅੰਜਾਮ ਇਹ ਹੋਇਆ ਕਿ ਚਾਲੂ ਸਮੇਂ ਦੀ ਜ਼ਿੰਦਗੀ ਸੇਵਾ ਅਤੇ ਪਰਉਪਕਾਰੀ ਵਿਰਸੇ ਤੋਂ ਟਪਲਾ ਖਾ ਗਈ। ਪਰਸਪਰ ਜੀਵਨ ਦੀਆਂ ਤਲਾਂ ਵਿਚੋਂ ਇਕ ਦੂਜੇ ਪ੍ਰਤਿ ਨਿਰਭਰਤਾ ਦਾ ਇਹਸਾਸ ਮੱਠਾ ਹੁੰਦਾ ਹੁੰਦਾ ਖ਼ਤਮ ਹੋ ਗਿਆ। ਅਗਰ ਇਸ ਚਿੱਤਰ ਦੇ ਦੂਜੇ ਪਾਸੇ ਅਵਲੋਕਨ ਕੀਤਾ ਜਾਵੇ ਤਦ ਅਸਾਡੀ ਸੂਝ ਬੂਝ ਦੇ ਮੰਡਲ ਵਿਚ ਇਕ ਅਨੁਭਵੀ ਪ੍ਰਤੱਖਤਾ ਦੀ ਝਲਕ ਵਿਦਮਾਨ ਹੋਵੇਗੀ ਜਿਥੋਂ ਅਸਾਨੂੰ ਇਹ ਗਿਆਨ ਹੋਵੇਗਾ ਕਿ ਇਨਸਾਨੀ ਜੀਵਨ ਦਾ ਮਨੋਰਥ ਕੀ ਹੈ ? ਮਨੋਰਥ ਦੀ ਪ੍ਰਾਪਤੀ ਦਾ ਢੰਗ ਅਤੇ ਸਾਧਨ ਕੀ ਹੋਣਾ ਚਾਹੀਦਾ ਹੈ ? ਸਮੁੱਚੇ ਪ੍ਰਕਿਰਤਕ ਜੀਵਨ ਦਾ ਮਨੋਰਥ ਮੂਲਿਕ ਅੰਸ਼ ਵਿਚ ਲੀਨਤਾ ਪ੍ਰਾਪਤ ਕਰਨੀ ਹੈ। ਲੀਨਤਾ ਦੇ ਮਨੋਰਥ ਦੀ ਪ੍ਰਾਪਤੀ ਹਿਤ ਸਤਿਸੰਗਤ ਵਿਚ ਜੁੜਨਾ ਜੀਵਨ ਦਾ ਅਵਿੱਛੜ ਅੰਗ ਹੈ। ਪਰਸਪਰ ਸੰਗਤ ਕਰਨ ਵਾਸਤੇ ਅਤਿ ਲਾਜ਼ਮੀ ਹੈ ਕਿ ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਨੂੰ ਸਮਝਿਆ ਜਾਵੇ। ਜੀਵਨ ਦੇ ਵਿਅਕਤੀਗਤ ਲੱਛਣ ਅਤੇ ਬੌਧਿਕ ਗੁਣਾਂ ਨੂੰ ਨੈਤਿਕਤਾ ਦੇ ਖੇਤਰ ਵਿਚ ਲਿਆਂਦਾ ਜਾਵੇ ਤਾਂਕਿ ਪਰਸਪਰ ਸ਼ਰਧਾ ਅਤੇ ਪਿਆਰ ਦੁਆਰਾ ਸੰਗਤਿ ਦੇ ਰੂਪ ਵਿਚ ਸਮਕਾਲੀ ਭਾਵਨਾਵਾਂ ਦੀ ਕਦਰ ਕਰਦੇ ਹੋਏ ਜੀਵਨ ਦੀ ਦੁਰਲੱਭਤਾ ਨੂੰ ਸਮਝ ਸਕੀਏ।

ਜਦੋਂ ਅਸੀਂ ਕਾਮਨਾ ਰਹਿਤ ਕਰਮ ਪ੍ਰਣਾਲੀ ਦਾ ਅਭਿਆਸ ਕਰਦੇ ਹਾਂ ਉਸ ਸਮੇਂ ਅਸਾਡੀ ਕਾਰਮਿਕ ਜ਼ਿੰਦਗੀ ਦਾ ਵਤੀਰਾ ਐਸੇ ਕਰਮ ਕਰਨ ਦੀ

ਅਨੁਮਤੀ ਦਿੰਦਾ ਹੈ ਕਿ ਅਸੀਂ ਕਾਮਨਾ ਰਹਿਤ ਸੇਵਾ ਅਤੇ ਪਰਉਪਕਾਰਾਂ ਦੀ ਜ਼ਿੰਮੇਵਾਰੀ ਨਿਭਾਉਣ ਦੇ ਯੋਗ ਹੋ ਗਏ ਹਾਂ। ਇਨਸਾਨੀ ਬਿਰਤੀ ਵਿਚ ਯੋਗਤਾ ਦਾ ਤਸੱਵਰ ਉਲੀਕਿਆ ਜਾਣਾ ਕਿ ਮੈਂ ਸਮਾਜੀ ਜ਼ਿੰਦਗੀ ਵਿਚ ਨਿਸ਼ਕਾਮ ਸੇਵਾ ਦੀ ਜ਼ਿੰਮੇਵਾਰੀ ਨਿਭਾ ਸਕਦਾ/ਸਕਦੀ ਹਾਂ, ਐਸਾ ਖ਼ਿਆਲ ਨਿਸ਼ਕਾਮ ਸੇਵਕ ਨੂੰ ਪਰਉਪਕਾਰੀ ਬੁਲੰਦੀਆਂ ਤੋਂ ਖਿੱਚ ਕੇ ਨੀਵਾਨ ਦੀਆਂ ਅਵਰੋਹੀ ਖੰਦਕਾਂ ਵਿਚ ਧਕੇਲ ਦਿੰਦਾ ਹੈ। ਜੀਵਨ ਦੀਆਂ ਕਦਰਾਂ-ਕੀਮਤਾਂ ਅਸਾਡੀ ਸੂਝ ਬੂਝ ਦਾ ਵਿਰਸਾ ਤਦੇ ਹੀ ਬਣ ਸਕਦੀਆਂ ਹਨ ਅਗਰ ਅਸੀਂ ਇਸ ਰਮਜ਼ ਨੂੰ ਸਮਝ ਸਕੀਏ ਕਿ ਹਰ ਜੀਵ ਮਾਤਰ ਦੀ ਖ਼ਿਦਮਤ ਕਰਨੀ ਵਾਹਿਗੁਰੂ ਦੀ ਸੇਵਾ ਹੈ। ਜਨਤਕ ਸੇਵਾ ਕਰਦੇ ਹੋਏ ਸੇਵਕ ਦੇ ਹਿਰਦੇ ਵਿਚ ਤਿਲ-ਮਾਤਰ ਭੀ ਕਾਮਨਾ ਅਤੇ ਯੋਗਤਾ ਦਾ ਅਹੰਕਾਰ ਨਾ ਹੋਵੇ, ਕੀਤੀ ਸੇਵਾ ਦੀ ਗਿਣਤੀ ਅਤੇ ਨਿਸ਼ਕਾਮ ਸੇਵਾ ਦੀ ਯੋਗਤਾ ਵਾਲਾ ਸੇਵਕ, ਸੇਵਾ ਦੇ ਫਲ ਤੋਂ ਵਿਰਵਾ ਰਹਿ ਜਾਂਦਾ ਹੈ, ਜਿਵੇਂ :

> ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ ॥
> ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ ॥
> ਸੇਵਾ ਥਾਇ ਨ ਪਵਈ ਤਿਸ ਕੀ, ਖਪਿ ਖਪਿ ਹੋਇ ਖੁਆਰੁ ॥
> ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥
> ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ ॥੧॥

(ਸਾਰੰਗ ਵਾਰ, ਸਲੋਕ ਮ: ੩, ਪੰਨਾ 1247/14)

ਇਥੇ ਧਿਆਨਯੋਗ ਰਮਜ਼ ਇਹੀ ਹੈ ਕਿ ਜਿਸ ਦੀ ਸੇਵਾ ਕੀਤੀ ਜਾਵੇ, ਉਸ ਨੂੰ ਇਹ ਮਹਿਸੂਸ ਨਹੀਂ ਹੋਣਾ ਚਾਹੀਦਾ ਕਿ ਮੈਂ ਤੇਰੀ ਖ਼ਾਤਰ ਕੁਝ ਕਰਦਾ/ਕਰਦੀ ਹਾਂ, ਬਲਕਿ ਕਿਸੇ ਭੀ ਕੀਮਤ 'ਤੇ ਉਸ ਦਾ ਘਟਾਉ ਨਹੀਂ ਹੋਣਾ ਚਾਹੀਦਾ। ਜਦੋਂ ਭੀ ਅਸਾਡੇ ਹਿਰਦੇ ਵਿਚ ਸੇਵਾ ਅਤੇ ਪਰਉਪਕਾਰੀ ਰੁਚੀ, ਸੇਵਾ ਪ੍ਰਤਿ ਸ਼ਰਧਾ, ਸਤਿਕਾਰ ਉਤਪੰਨ ਹੋਵੇ, ਉਸ ਸਮੇਂ ਅਤਿ ਆਵਸ਼ਕ ਹੈ ਕਿ ਅਸਾਡੇ ਹਿਰਦੇ ਵਿਚ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਹਾਰਦਿਕ ਤੌਰ 'ਤੇ ਸਮਝਣ ਦੀ ਯੋਗਤਾ ਹੋਵੇ। ਐਸਾ ਪ੍ਰਬੁੱਧਤਾ ਭਰਪੂਰ ਅਤੇ ਕਾਮਨਾ ਰਹਿਤ ਕਰਮ ਸੇਵਕ ਦੀ ਜ਼ਿੰਦਗੀ ਨੂੰ ਦਰਗਾਹੀ ਰਹਿਮਤਾਂ ਨਾਲ ਮਾਲਾ ਮਾਲ ਕਰ ਦਿੰਦਾ ਹੈ। ਐਸੇ ਨਿਹਕਾਮੀ, ਨਿਰਮਾਣ ਅਤੇ ਆਗਿਆਕਾਰ ਸੇਵਕ ਦੀ ਪਰਿਭਾਸ਼ਾ ਪਾਵਨ ਗੁਰਬਾਣੀ ਦੁਆਰਾ ਸਮਝਣੀ ਫਲਦਾਇਕ ਹੋਵੇਗੀ, ਜਿਵੇਂ :

> ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥
> ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
> ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥

ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥

(ਗਉੜੀ ਸੁਖਮਨੀ ਮ: ੫, ਪੰਨਾ 286/17)

ਜਦੋਂ ਅਸੀਂ ਨਿਹਕਾਮ ਸੇਵਾ ਕਰਦੇ ਹੋਏ ਸਮੁੱਚੀ ਜ਼ਿੰਦਗੀ ਪ੍ਰਤਿ ਪੂਰੀ ਤਰ੍ਹਾਂ ਸ਼ਰਧਾਵਾਨ ਹੋ ਜਾਂਦੇ ਹਾਂ, ਤਦ ਕਿਸੇ ਪ੍ਰਕਾਰ ਦੀ ਜੀਵਨੀ ਵਾਸਤੇ ਹਾਨੀਕਾਰਕ ਨਹੀਂ ਹੋ ਸਕਦੇ। ਕਈ ਦਫ਼ਾ ਵੇਖਣ ਵਿਚ ਆਇਆ ਹੈ ਕਿ ਜਿਨ੍ਹਾਂ ਜੀਵਾਂ ਕੋਲ ਵਾਸਤਵਿਕ ਸ਼ਕਤੀ ਨਹੀਂ ਹੁੰਦੀ, ਓਹ ਬਹੁਤ ਹੀ ਅੱਤਿਆਚਾਰੀ ਅਤੇ ਜੀਵਨ ਵਲੋਂ ਘਬਰਾਏ ਹੋਏ ਇਨਸਾਨ ਸਾਬਤ ਹੋਏ ਹਨ। ਅਗਰ ਕੋਈ ਭੀ ਵਾਸਤਵਿਕ ਸ਼ਕਤੀ ਤੋਂ ਵਿਹੂਣਾ ਜੀਵ ਜੋ ਜੀਵਨ ਪ੍ਰਤਿ ਸ਼ਰਧਾ ਜਾਂ ਸਤਿਕਾਰ ਵਲੋਂ ਸੱਖਣਾ ਹੈ, ਸੰਭਵ ਹੈ ਕਿ ਐਸਾ ਕਮਜ਼ੋਰ ਅਥਵਾ ਅਨੈਤਿਕ ਇਨਸਾਨ ਦੁਨਿਆਵੀ ਸ਼ਕਤੀ ਦੀ ਪ੍ਰਾਪਤੀ ਵਾਸਤੇ ਕਿਸੇ ਤਰ੍ਹਾਂ ਦੀ ਜ਼ਿੰਦਗੀ ਪ੍ਰਤਿ ਭੀ ਹਾਨੀਕਾਰਕ ਹੋ ਸਕਦਾ ਹੈ। ਇਸੇ ਚਿਤਰ ਦੇ ਦੂਜੇ ਪਾਸੇ ਵੇਖਿਆਂ ਐਸਾ ਤਜਰਬਾ ਪ੍ਰਾਪਤ ਹੁੰਦਾ ਹੈ ਕਿ ਜੋ ਇਨਸਾਨ ਸੰਸਾਰੀ ਸੱਤਾ ਦੇ ਥਾਂ ਵਾਸਤਵਿਕ ਸ਼ਕਤੀ ਦੀ ਲਤਾਫ਼ਤ ਵਿਚ ਪਰੀਪੂਰਨ ਹੋ ਰਹੇ ਹਨ, ਉਨ੍ਹਾਂ ਪਾਸ ਜ਼ਿੰਦਗੀ ਪ੍ਰਤਿ ਸ਼ਰਧਾ ਅਤੇ ਸੁਰੱਖਿਅਕ ਸੁਖੱਲਤਾ ਹੁੰਦੀ ਹੈ। ਨਿਸ਼ਕਾਮੀ ਖ਼ਿਦਮਤਗਾਰਾਂ ਦੀ ਸੁਲਝੀ ਹੋਈ ਜੀਵਨੀ ਇਖ਼ਲਾਕੀ ਲਤਾਫ਼ਤ (ਨੈਤਿਕ ਪਵਿੱਤਰਤਾ) ਵਿਚ ਘੜੀ ਹੋਈ ਟਕਸਾਲੀ ਜੀਵਨੀ ਹੁੰਦੀ ਹੈ ਜੋ ਆਮ ਸੰਸਾਰੀ ਜੀਵਾਂ ਪ੍ਰਤਿ ਜੀਵਨ ਖੇਤਰ ਦਾ ਸਾਫ਼-ਸੁਥਰਾ ਆਈਨਾ ਪੇਸ਼ ਕਰਦੀ ਹੈ। ਜਿਸ ਦੇ ਹਿਰਦੇ ਵਿਚ ਨਿਜੀ-ਸੁਖਾਂ ਨਾਲੋਂ ਸਮੁੱਚੇ ਜੀਵਨ ਪ੍ਰਤਿ ਹਾਰਦਿਕ ਸ਼ਰਧਾ ਅਤੇ ਪਿਆਰ ਸਤਿਕਾਰ ਹੋਵੇ, ਐਸੇ ਜੀਵਾਂ ਦੀ ਗਿਣਤੀ ਕੋਟਨ ਮਹਿ ਕੋਊ ਹੀ ਹੁੰਦੀ ਹੈ। ਅਗਰ ਅਸੀਂ ਜੀਵਨ ਦੇ ਵਿਕਾਸ ਸੰਬੰਧੀ ਤੇ ਮਿਸ਼ਰਤ ਸ਼ਰਧਾ ਅਤੇ ਸਤਿਕਾਰ ਪਿਆਰ ਦੁਆਰਾ ਚੇਤਨ ਹੋ ਜਾਈਏ, ਤਦ ਅਸੀਂ ਵਾਹਿਗੁਰੂ ਵਲੋਂ ਪ੍ਰਾਪਤ ਅਮੁਲੀਕ ਦਾਤਾਂ ਦਾ ਸ਼ੁਕਰਾਨਾ ਕਰਦੇ ਹੀ ਰਹੀਏ।

ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ ॥ ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ ॥
ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ ॥ ਸੁਖਦਾਈ ਪਵਨੁ ਪਾਵਕੁ ਅਮੁਲਾ ॥
ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥ ਸਗਲ ਸਮਗ੍ਰੀ ਸੰਗਿ ਸਾਥਿ ਬਸਾ ॥
ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥ ਤਿਸਹਿ ਤਿਆਗਿ ਅਵਰ ਸੰਗਿ ਰਚਨਾ ॥
ਐਸੇ ਦੋਖ ਮੂੜ ਅੰਧ ਬਿਆਪੇ ॥ ਨਾਨਕ ਕਾਢਿ ਲੇਹੁ ਪ੍ਰਭ ਆਪੇ ॥

(ਗਉੜੀ ਸੁਖਮਨੀ, ਮ: ੫, ਪੰਨਾ 267/1)

ਹਰ ਇਕ ਕਰਮ ਅਭਿਆਸ ਦੀ ਮੂਲਿਕ ਸ਼ਿਲਾ ਉਸ ਦਾ ਕਾਰਣ ਹੁੰਦਾ ਹੈ ਔਰ ਹਰ ਕਰਮ ਅਭਿਆਸ ਤੋਂ ਬਾਅਦ ਉਸ ਦਾ ਫਲ ਭੁਗਤਾਨ ਆਵਸ਼ਕ ਕ੍ਰਿਆ ਹੁੰਦੀ ਹੈ। ਹਰ ਕਾਰਣ ਦੀ ਬੁਨਿਆਦ ਉਸ ਦੀ ਵਿਚਾਰਕਧਾਰਾ ਦਾ

ਢਾਂਚਾ (idea) ਹੁੰਦਾ ਹੈ। ਗਰਜ਼ੇਕਿ, ਹਰ ਕਰਮ ਅਭਿਆਸ ਦੀ ਪੂਰਨਤਾ ਲਈ ਸ਼ਕਤੀ ਦਾ ਹੋਣਾ ਕਾਰਮਕ ਕ੍ਰਿਆ ਦਾ ਲਾਜ਼ਮੀ ਅੰਗ ਹੁੰਦਾ ਹੈ। ਕਰਮ ਅਭਿਆਸੀ ਕ੍ਰਿਆ ਦੇ ਖੇਤਰ ਵਿਚ, ਸ਼ਕਤੀ ਪ੍ਰਤਿ ਸੂਝ ਬੂਝ ਪ੍ਰਾਪਤ ਕਰਨ ਲਈ, ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—1. ਦੁਨਿਆਵੀ ਸ਼ਕਤੀ, ਜਿਸ ਦੀ ਬਾਬਤ ਆਪ ਜੀ ਪਿਛਲੇ ਪੰਨਿਆਂ ਤੇ 'ਨਿਸ਼ਕਾਮ ਜਾਂ ਕਾਮਨਾ ਰਹਿਤ' 'ੳ' ਵਿਚ ਪੜ੍ਹ ਆਏ ਹੋ। 2. ਵਾਸਤਵਿਕ ਸ਼ਕਤੀ, ਜਿਸ ਦੇ ਸੰਬੰਧ ਵਿਚ ਚਾਲੂ ਪ੍ਰਸੰਗ ਦੇ ਰਾਹੀਂ ਆਪ ਜੀ ਨਾਲ ਵਿਚਾਰ-ਵਟਾਂਦਰੇ ਦੀ ਵੇਗ ਗਤੀਬੱਧ ਹੋ ਰਹੀ ਹੈ। ਦੁਨਿਆਵੀ ਸ਼ਕਤੀ ਦਾ ਆਧਾਰ ਪੰਚ-ਮੁਖੀ ਗਿਆਨ ਹੁੰਦਾ ਹੈ ਔਰ ਪੰਚ-ਮੁਖੀ ਇਲਮ ਦਾ ਨਿਸ਼ਾਨਾ ਸੰਸਾਰੀ ਸ਼ਕਤੀ ਦਾ ਹਾਸਲ ਕਰਨਾ ਹੈ। ਇਸ ਦੀ ਪ੍ਰਾਪਤੀ ਦਾ ਢੰਗ ਜ਼ੋਰ, ਜ਼ੁਲਮ, ਧੱਕਾ, ਅੱਤਿਆਚਾਰ, ਬਲ ਪ੍ਰਯੋਗ, ਜ਼ੁਲਮੋ-ਸਿੱਤਮ, ਜ਼ਬਰਦਸਤੀ, ਠੱਗੀ ਮੱਕਾਰੀ ਆਦਿ ਜੈਸੇ ਦਾਉ ਪੇਚ ਵਰਤਣਾ ਪੰਚ-ਮੁਖੀ ਸ਼ਕਤੀ ਦਾ ਸੁਭਾਵਕ ਵਤੀਰਾ ਹੀ ਆਖਿਆ ਜਾ ਸਕਦਾ ਹੈ। ਇਸੇ ਚਿੱਤਰ ਦੇ ਦੂਜੇ ਪਾਸੇ ਵਾਸਤਵਿਕ ਸ਼ਕਤੀ ਦਾ ਆਧਾਰ ਸਰਬ-ਮੁਖੀ ਗਿਆਨ ਹੁੰਦਾ ਹੈ। ਸਰਬ-ਮੁਖੀ ਇਲਮ ਦਾ ਨਿਸ਼ਾਨਾ ਵਾਸਤਵਿਕ ਸ਼ਕਤੀ ਨੂੰ ਹਾਸਲ ਕਰਨਾ ਹੁੰਦਾ ਹੈ। ਵਾਸਤਵਿਕ ਸੱਤਾ ਦੀ ਕਰਮ ਕ੍ਰਿਆ ਦਾ ਅਭਿਆਸ ਸਮੂਹਕ ਜ਼ਿੰਦਗੀ ਨੂੰ ਪ੍ਰਫੁੱਲਤ ਕਰਨਾ, ਜ਼ਿੰਦਗੀ ਪ੍ਰਤਿ ਸੁਖ-ਸ਼ਾਂਤੀ ਦਾ ਵਾਤਾਵਰਣ ਉਤਪੰਨ ਕਰਨਾ, ਪਰਸਪਰ ਸਹਾਇਤਾ ਦੇ ਸਾਧਨ ਪੈਦਾ ਕਰਨੇ, ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਸਮਝਣਾ ਅਤੇ ਸਮਝਾਉਣਾ, ਜ਼ਿੰਦਗੀ ਦੀ ਰਵਿਸ਼ ਨੂੰ ਆਸਮਾਨੀ ਪਵਿੱਤਰਤਾ ਨਾਲ ਜੋੜਨਾ, ਹਰ ਪ੍ਰਕਾਰ ਦੇ ਜੀਵਨ ਵਿਚ ਸ਼ਰਧਾ ਸਤਿਕਾਰ ਅਤੇ ਪਿਆਰ ਦੀ ਭਾਵਨਾ ਦੇ ਬੀਜ ਬੀਜਣਾ ਹੈ।

ਸ਼ਰਧਾ, ਪਿਆਰ ਅਤੇ ਸਤਿਕਾਰ ਦੀ ਉਪਜ ਦਾ ਸੋਮਾ ਇਨਸਾਨੀ ਜ਼ਿੰਦਗੀ ਦਾ ਹਿਰਦਾ ਹੈ। ਸ਼ਰਧਾ ਪਿਆਰ ਸਤਿਕਾਰ (reverence) ਦੀ ਉਪਜ ਵਾਸਤੇ ਮੂਲਿਕ ਜ਼ਿਲਾ ਹਿਰਦੇ ਵਿਚੋਂ ਉਤਪੰਨ ਹੋਈ ਭਾਵਕਤਾ ਅਤੇ ਅਨੁਭਵਤਾ (emotions and feelings) ਹੁੰਦੀ ਹੈ। ਸ਼ਰਧਾ, ਸਤਿਕਾਰ ਅਤੇ ਪਿਆਰ ਦੀ ਅਨੁਭਵਤਾ, ਭਾਵਕਤਾ ਦੀ ਅਨੁਭਵੀ ਚੇਤਨਾ ਨਾਲ ਸੰਯੁਕਤ ਹੋ ਕੇ ਆਤਮਾ ਪ੍ਰਤਿ ਅਥਵਾ ਆਤਮਾ ਵਿਚ ਪ੍ਰਵੇਸ਼ਤਾ ਲਈ ਅਨੁਭਵੀ ਗਿਆਨ ਦਾ ਦਾਇਰਾ ਉਲੀਕਦੀਆਂ ਹਨ। ਅਨੁਭਵੀ ਗਿਆਨ ਦੇ ਦਾਇਰੇ ਵਿਚ ਪ੍ਰਵੇਸ਼ਤ ਜਗਿਆਸੂ ਹੀ ਆਤਮਕ ਚੇਤਨਤਾ ਨੂੰ ਅਨੁਭਵੀ ਦ੍ਰਿਸ਼ਟੀ ਦੁਆਰਾ ਅਵਲੋਕਨ ਕਰਨ ਦੀ ਯੋਗਤਾ ਦੇ ਖੇਤਰ ਵਿਚ ਦਾਖ਼ਲਾ ਪ੍ਰਾਪਤ ਕਰਦੇ ਹਨ। ਸ਼ਰਧਾ ਅਤੇ ਪਿਆਰ ਜੀਵ ਦੇ ਹਿਰਦੇ ਵਿਚੋਂ ਉਤਪੰਨ ਹੋਈ ਇਕ ਐਸੀ ਸਹਿਜਾਸਨੀ ਰੂਪ-ਰੇਖਾ ਹੈ ਜਿਸ ਦੇ ਆਸਰੇ ਵਾਸਤਵਿਕ ਸ਼ਕਤੀ ਦੀ ਵੇਗ

ਆਰੰਭ ਹੁੰਦੀ ਹੈ। ਜੀਵਾਤਮਾ ਇਕ ਐਸੀ ਅਟੱਲ ਹੋਂਦ ਹੈ ਜੋ ਸ਼ਰਧਾ, ਪਿਆਰ ਅਤੇ ਸਤਿਕਾਰ ਤੋਂ ਵਿਰਵੀ ਮਨੁੱਖਤਾ ਨੂੰ ਸਰਬ-ਮੁਖੀ ਅਨੁਭਵਤਾ ਦੇ ਦਾਇਰੇ ਵਿਚੋਂ ਕੱਢ ਕੇ ਅਥਵਾ ਅਭੇਦਤਾ ਦੇ ਦਰਵਾਜ਼ੇ ਤੋਂ ਉਲਟੇ ਪੈਰੀਂ ਪਿਛਾਹਾਂ ਨੂੰ, ਪੰਚ-ਮੁਖੀ ਗਿਆਨ ਅਤੇ ਸੰਸਾਰੀ ਸ਼ਕਤੀ ਦੀ ਵਲਗਣ ਵਿਚ ਵਾਪਸ ਮੋੜ ਦਿੰਦੀ ਹੈ। ਉਕਤ ਦਰਸਾਈ ਵਾਰਤਾ ਦਾ ਸੁਗੁੰਫ਼ਤ ਸਿੱਟਾ ਇਹ ਨਿਕਲਿਆ ਕਿ ਸ਼ਰਧਾ, ਪਿਆਰ ਅਤੇ ਸਤਿਕਾਰ ਤੋਂ ਵਿਹੂਣੀ ਮਨੁੱਖਤਾ ਸਰਬ-ਮੁਖੀ ਗਿਆਨ ਅਤੇ ਵਾਸਤਵਿਕ ਸ਼ਕਤੀ ਦੀ ਪ੍ਰਾਪਤੀ ਵਲੋਂ ਮਹਿਰੂਮ ਰਹਿ ਜਾਂਦੀ ਹੈ। ਇਸੇ ਚਿੱਤਰ ਦੇ ਪ੍ਰਤਿਕੂਲ ਵਾਹਿਗੁਰੂ ਅਤੇ ਉਸ ਦੀ ਰਚੀ ਹੋਈ ਪ੍ਰਕਿਰਤੀ ਪ੍ਰਤਿ ਸ਼ਰਧਾ ਪਿਆਰ ਸਤਿਕਾਰ ਕਰਨਾ ਹੀ ਸ੍ਰੇਸ਼ਟ ਪਰਿਣਾਮ ਦੀ ਅਦਾਇਗੀ ਦਾ ਅਲਮ-ਬਰਦਾਰ (ਮੋਹਰੀ) ਹੈ। ਇਸ ਖ਼ਿਆਲ ਦੀ ਪੂਰਤੀ ਹਿਤ, ਗੁਰਬਾਣੀ ਦਾ ਆਸਰਾ ਗ੍ਰਹਿਣ ਕਰਨਾ ਵਧੇਰੇ ਫਲਦਾਇਕ ਹੋਵੇਗਾ, ਜਿਵੇਂ :

ਸਰਧਾ ਲਾਗੀ ਸੰਗਿ ਪ੍ਰੀਤਮੈ ਇਕੁ ਤਿਲੁ ਰਹਣੁ ਨ ਜਾਇ ॥
ਮਨ ਤਨ ਅੰਤਰਿ ਰਵਿ ਰਹੇ ਨਾਨਕ ਸਹਜਿ ਸੁਭਾਇ ॥੧॥
ਕਰੁ ਗਹਿ ਲੀਨੀ ਸਾਜਨਹਿ ਜਨਮ ਜਨਮ ਕੇ ਮੀਤ ॥
ਚਰਨਹ ਦਾਸੀ ਕਰਿ ਲਈ ਨਾਨਕ ਪ੍ਰਭ ਹਿਤ ਚੀਤ ॥੨॥

(ਰਾਮਕਲੀ ਮ: ੫, ਪੰਨਾ 928/8)

ਜਿਸ ਵੇਲੇ ਜਗਿਆਸੂ ਦੀ ਜੀਵਨ ਮਰਯਾਦਾ ਸ਼ਰਧਾ, ਪਿਆਰ ਅਤੇ ਸਤਿਕਾਰ ਦੇ ਖੇਤਰ ਵਿਚ ਗਤੀਬੱਧ ਹੋ ਜਾਵੇ, ਤਦ ਇਸ ਦੀ ਜ਼ਿੰਦਗੀ ਦਾ ਆਤਮਕ ਮਿਆਰ ਇਤਨਾ ਪ੍ਰਸੰਸਕ ਅਤੇ ਉੱਚਾ ਹੋ ਜਾਂਦਾ ਹੈ ਕਿ ਕਰਮ ਜਾਲ ਦਾ ਜ਼ਾਵੀਆ ਇਸ ਦੀ ਉਡਾਣ ਤੋਂ ਬਹੁਤ ਥੱਲੇ ਦੀਆਂ ਤਲਾਂ ਵਿਚ ਰਹਿ ਜਾਂਦਾ ਹੈ। ਗ਼ਰਜ਼ੇਕਿ, ਐਸਾ ਜੀਵ ਧਰਮ ਖੰਡ, ਗਿਆਨ ਖੰਡ ਅਤੇ ਸਰਮ ਖੰਡ ਨੂੰ ਲੰਘ ਕੇ ਰਹਿਮਤ ਦੇ ਖੰਡ ਵਿਚ ਪ੍ਰਵੇਸ਼ ਕਰਦਾ ਹੈ ਜਿਥੇ ਸਤਿਗੁਰੂ ਦੀ ਰਹਿਮਤ ਦਾ ਸਦਕਾ ਜਗਿਆਸੂ ਦਾ ਮਨ ਪੰਚ-ਮੁਖੀ ਗਿਆਨ ਦੇ ਸੰਗ੍ਰਹਿ ਤੋਂ ਉਪਰ ਉਨ ਕੇ ਕਰਮ ਕ੍ਰਿਆ ਦੇ ਪ੍ਰਭਾਵ ਤੋਂ ਬੰਦ-ਖ਼ਲਾਸ ਹੁੰਦਾ ਹੈ। ਕਰਮ ਕਰਦਾ ਹੋਇਆ ਨਿਹਕਰਮੀ ਦੁਨੀਆ ਅਥਵਾ ਸੋ ਘਰ ਦਾ ਵਸਨੀਕ ਹੋਇ ਨਿਬੜਦਾ ਹੈ, ਜਿਵੇਂ :

ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥
ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥
ਸਭੁ ਥਾਨੁ ਸਭੁ ਬੈਠਕਾ ਸਭੁ ਸੁਆਉ ਬਣਾਇਆ ॥
ਸਭੁ ਪੂੰਜੀ ਸਭੁ ਵਖਰੋ ਨਾਨਕ ਘਰਿ ਪਾਇਆ ॥੪॥੫॥੧੪॥

(ਮਾਰੂ ਮ: ੫, ਪੰਨਾ 1002/18)

ਮਨੁੱਖਤਾ ਦੇ ਨਿਤਾ-ਪ੍ਰਤਿ ਜੀਵਨ ਵਿਚ ਸ਼ਰਧਾ, ਪਿਆਰ ਅਤੇ ਸਤਿਕਾਰ ਰੱਖਣਾ, ਪੱਥ-ਮੁਖੀ ਵਿਦਵਤਾ ਤੋਂ ਉਪਰ ਉਠ ਕੇ ਸਰਬ-ਮੁਖੀ ਲੱਛਣਾ ਦੇ ਧਾਰਨੀ ਹੋਣਾ ਦੁਨਿਆਵੀ ਸ਼ਕਤੀ ਵਲੋਂ ਦਸਤ-ਬਰਦਾਰੀ (ਅਲਹਿਦਗੀ) ਕਰ ਕੇ ਵਾਸਤਵਿਕ ਸ਼ਕਤੀ ਵਿਚ ਪ੍ਰਵੇਸ਼ ਕਰਨਾ, ਇਤਨਾ ਸੁਖੱਲਾ ਕਰਮ ਨਹੀਂ ਜਿਤਨਾ ਕਿ ਅਸੀਂ ਸਮਝਦੇ ਹਾਂ ਬਲਕਿ ਇਹ ਤਾਂ ਪੱਥ-ਮੁਖੀ ਵਿਦਵਤਾ ਅਤੇ ਸੰਸਾਰੀ ਸੁਖੱਲਤਾ ਦੇ ਵਿਰੁੱਧ ਅਤਿ ਗੰਭੀਰ ਚੁਣੌਤੀ ਹੈ। ਪ੍ਰਕਿਰਤਕ ਜ਼ਿੰਦਗੀ ਪ੍ਰਤਿ ਇਕ ਸਾਹਸੀ ਅਤੇ ਸੁਖੱਲਤ ਜਜ਼ਬਾ ਹੈ, ਜਿਸ ਦੀ ਪੂਰਤੀ ਹਿਤ ਸ਼ਰਧਾਲੂ ਦੇ ਜੀਵਨ ਵਿਚ ਹਿੰਮਤ, ਹੌਸਲਾ ਅਤੇ ਦ੍ਰਿੜ੍ਹਤਾ ਦੀ ਆਵਸ਼ਕਤਾ ਹੋਣੀ, ਜੀਵਨ ਜਗਿਆਸਾ ਦੇ ਅਵਿੱਛੜ ਅੰਗ ਹਨ। ਜ਼ਿੰਦਗੀ ਨੂੰ ਸ਼ਰਧਾਲੂ ਸਫ਼ਾਂ ਵਿਚ ਢਾਲਣ ਤੋਂ ਪਹਿਲਾਂ ਅਤਿ ਲਾਜ਼ਮੀ ਹੈ ਕਿ ਜਗਿਆਸੂ ਦਾ ਜੀਵਨ ਇਲਹਾਮੀ ਬਰਕਤਾਂ ਦਾ ਅਭਿਲਾਸ਼ੀ ਹੋਵੇ, ਧਾਰਮਿਕ ਬਖ਼ਸ਼ਸ਼ਾਂ ਦਾ ਇੱਛਕ ਹੋਵੇ, ਪਰਾ-ਬਖ਼ਸ਼ਸ਼ ਅਥਵਾ ਦਰਗਾਹੀ ਫ਼ਜ਼ੀਲਤ 'ਤੇ ਅਕੀਦਾ ਰੱਖਦਾ ਹੋਵੇ ਕਿਉਂਕਿ ਸਿੱਖੀ ਦਾ ਅਕੀਦਾ, ਕਰਮ ਅਭਿਆਸ ਦੇ ਪ੍ਰਤਿਕਰਮ ਵਾਹਿਗੁਰੂ ਦੀ ਰਹਿਮਤ 'ਤੇ ਹੈ। ਰੱਬੀ ਵਡੱਤਨ ਦੇ ਅਨੁਸਾਰੀ ਹੋ ਕੇ ਜੀਵਨ ਦੀ ਵੇਗ ਨੂੰ ਚਾਲੂ ਰੱਖਣਾ ਨਿਜੀ ਅਧਿਕਾਰਾਂ ਦੇ ਥਾਂ ਪ੍ਰਕਿਰਤੀ ਦੇ ਆਮ ਜੀਵਨ ਪ੍ਰਤਿ ਸ਼ਰਧਾ, ਪਿਆਰ ਦਾ ਵਾਤਾਵਰਣ ਉਲੀਕਣਾ ਅਤੇ ਸਰਬ-ਮੁਖੀ ਬਿਬੇਕਤਾ ਵੱਲ ਗਮਨ ਕਰਨ ਹਿਤ, ਆਮ ਸੰਸਾਰੀ ਜੀਵਾਂ ਨੂੰ ਪ੍ਰੇਰਨਾ ਅਤੇ ਸੰਸਾਰੀ ਜੀਵਨ ਨੂੰ ਸਰਬ-ਮੁਖੀ ਗਿਆਨ ਦੁਆਰਾ ਸਮੁੱਚੇ ਪ੍ਰਕਿਰਤਕ ਵਾਤਾਵਰਣ ਦੀ ਭਲਾਈ ਲਈ ਉਤਸ਼ਾਹਤ ਕਰਨਾ ਹੀ ਵਿਰਤੀਹਾਣ ਸਮੇਂ ਦੀ ਆਵਸ਼ਕ ਆਵਸ਼ਕਤਾ ਹੈ। ਇਹੀ ਇਕ ਵਿਧੀ ਹੈ ਜਿਸ ਦੇ ਆਧਾਰ 'ਤੇ ਅੱਜ ਦਾ ਇਨਸਾਨ ਸਮੂਹਕ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਸਮਝ ਸਕੇ। ਪ੍ਰਕਿਰਤਕ ਜੀਵਨ ਪ੍ਰਤਿ ਸ਼ਰਧਾਲੂ ਵਤੀਰਾ ਇਕ ਐਸਾ ਵਾਤਾਵਰਣ ਉਤਪੰਨ ਕਰਦਾ ਹੈ ਜਿਸ ਦੇ ਦਾਮਨ ਵਿਚੋਂ ਸਰਬ-ਮੁਖੀ ਜੀਵਨ ਦੀ ਨੁਹਾਰ ਉਲੀਕੀ ਜਾ ਸਕਦੀ ਹੈ। ਇਸੇ ਚਿੱਤਰ ਦੇ ਪ੍ਰਤਿਕੂਲ ਸ਼ਰਧਾ, ਪਿਆਰ ਅਤੇ ਸਤਿਕਾਰ ਤੋਂ ਸੱਖਣਾ ਇਨਸਾਨ ਪੱਥ-ਮੁਖੀ ਵਿਚਾਰਧਾਰਾ ਦੇ ਅਧੀਨ ਦੁਨਿਆਵੀ ਸ਼ਕਤੀ ਦੀ ਪ੍ਰਾਪਤੀ ਹਿਤ, ਐਸੇ ਕਰਮ ਕਮਾਂਵਦਾ ਹੈ ਜੋ ਸਰਬ-ਮੁਖੀ ਪ੍ਰਫੁੱਲਤਾ ਅਤੇ ਜੀਵਨ ਦੀ ਪਵਿੱਤਰਤਾ ਵਲੋਂ ਸੱਖਣੇ ਹੁੰਦੇ ਹਨ। ਪਰਿਣਾਮ ਵਜੋਂ, ਸਮੁੱਚੀ ਜ਼ਿੰਦਗੀ ਦੇ ਖੇਤਰ ਵਿਚ ਬੇ-ਤਰਤੀਬੀ, ਉਦੇਸ਼ ਹੀਣਤਾ, ਅਮਿੱਤ੍ਰਤਾ, ਸਾਹਸ ਹੀਣਤਾ, ਘਬਰਾਹਟ ਅਤੇ ਭੋਹਾਵਲ ਕਮਜ਼ੋਰੀਆਂ ਸੁਭਾਵਕ ਹੀ ਆਮ ਜੀਵਨ ਦਾ ਭਾਗ ਬਣ ਜਾਂਦੀਆਂ ਹਨ। ਸਾਧਾਰਣ ਜਨਤਾ ਦੇ ਜੀਵਨ ਵਿਚ ਪਰਸਪਰ ਬੇਗਾਨਾ-ਪਨ, ਆਪਸੀ ਬੇ-ਰੁਖ਼ੀ, ਛੱਲੇ-ਪਨ ਦਾ ਉਨਮਾਦੀ ਵਤੀਰਾ ਹਿਰਦੇ ਦੀਆਂ ਬਰੂਹਾਂ 'ਤੇ ਨਿਰੰਤਰ ਦਸਤਕ ਕਰਨੀ ਆਰੰਭ ਦਿੰਦਾ ਹੈ। ਦੁਨਿਆਵੀ ਸ਼ਕਤੀ ਦੇ ਇੱਛਕ ਆਗੂ,

ਜੀਵਨ ਦੀਆਂ ਕਦਰਾਂ-ਕੀਮਤਾਂ ਤੋਂ ਸੱਖਣੇ ਹੋਣ ਕਰਕੇ ਸਾਧਾਰਣ ਪਰਜਾ ਨੂੰ ਉਕਤ ਦਰਸਾਈਆਂ ਅਵਰੋਹੀ ਖ਼ੰਦਕਾਂ ਵਿਚ ਧਕੇਲਣ ਦਾ ਕੁਕਰਮ ਕਰਦੇ ਆਮ ਹੀ ਵੇਖੇ ਜਾ ਸਕਦੇ ਹਨ। ਜਦੋਂ ਕੋਈ ਭੀ ਵਿਅਕਤੀ, ਕੋਈ ਸੰਸਥਾ, ਕੋਈ ਦੇਸ, ਦੂਜਿਆਂ ਦੀ ਹਾਨੀ ਕਰ ਕੇ ਜਾਂ ਦੂਜਿਆਂ ਦੇ ਜੀਵਨ ਦਾ ਬਲੀਦਾਨ ਦੇ ਕੇ ਨਿਜੀ ਸੁਆਰਥ ਦੀ ਪਾਲਣਾ ਕਰਦਾ ਹੈ, ਇਸ ਦੇ ਪ੍ਰਤਿਕਰਮ ਹਰ ਤਰ੍ਹਾਂ ਦੇ ਜੀਵਨ ਵਿਚ ਘਬਰਾਹਟ, ਬੇ-ਸਬਰੀ ਅਤੇ ਵਿਆਕੁਲਤਾ ਦਾ ਦੌਰ ਆਰੰਭ ਹੋਇ ਆਂਵਦਾ ਹੈ। ਕਿਤਨਾ ਅੱਛਾ ਹੋਵੇ ਅਗਰ ਆਪਾਂ ਸਾਰੇ ਹੀ, "ਹੋਇ ਇਕਤ੍ਰ ਮਿਲਹੁ ਮੇਰੇ ਭਾਈ" ਦੀ ਨੀਤੀ ਨੂੰ ਮੁਖ ਰੱਖਦੇ ਹੋਏ, ਪ੍ਰਕਿਰਤੀ ਦੇ ਸਮਾਜੀ, ਰਾਜਸੀ, ਧਾਰਮਿਕ ਅਤੇ ਆਰਥਿਕ ਢਾਂਚੇ ਦੀ ਨੁਹਾਰ ਪਾਵਨ ਗੁਰਬਾਣੀ ਦੇ ਆਧਾਰ 'ਤੇ ਗਤੀਬੱਧ ਕਰ ਸਕੀਏ ਤਾਂਕਿ ਸਰਬਪੱਖੀ ਜੀਵਨ ਦੀ ਨੁਹਾਰ ਪ੍ਰਫੁੱਲਤਾ ਮਾਣਦੀ ਹੋਈ ਵਿਕਸਤ ਹੋ ਸਕੇ, ਜਿਵੇਂ:

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥

(ਸਿਰੀਰਾਗੁ ਮ: ੫, ਪੰਨਾ 74/3)

ਜਿਸ ਵੇਲੇ ਹਰ ਤਰ੍ਹਾਂ ਦੀ ਜ਼ਿੰਦਗੀ ਪ੍ਰਤਿ ਮਨੁੱਖਤਾ ਦੇ ਜੀਵਨ ਵਿਚ ਸ਼ਰਧਾ, ਪਿਆਰ ਅਤੇ ਸਤਿਕਾਰ ਦੀ ਰੁਚੀ ਸੁਬੱਲਤਾ ਧਾਰਨ ਕਰ ਜਾਵੇ, ਤਦ ਸਮੁੱਚੀ ਜ਼ਿੰਦਗੀ ਦੇ ਚੌਖਟੇ ਵਿਚ ਧੀਰਜ ਧਾਮਤਾ ਦਾ ਪ੍ਰਵੇਸ਼ ਹੋਣਾ ਇਕ ਸੁਭਾਵਕ ਜਿਹੀ ਸਥਿਤੀ ਹੋਇ ਨਿਬੜਦੀ ਹੈ। ਉਸ ਸਮੇਂ ਹਰ ਇਕ ਇਨਸਾਨ ਨਿਜੀ ਧੀਰਜ ਵਲੋਂ ਮਹਿਰੂਮ ਹੋ ਜਾਂਦਾ ਹੈ ਜਦੋਂ ਉਸ ਦੇ ਸੋਚ ਮੰਡਲ ਵਿਚ ਇਹ ਸੰਕਲਪ ਉਤਪੰਨ ਹੋ ਜਾਵੇ ਕਿ ਮੇਰੀਆਂ ਨਿਜੀ ਜ਼ਰੂਰਤਾਂ ਦੂਜੇ ਸਾਥੀਆਂ ਨਾਲੋਂ ਪਹਿਲਾਂ ਪੂਰੀਆਂ ਹੋਣੀਆਂ ਲਾਜ਼ਮੀ ਹਨ। ਜਦੋਂ ਅਸਾਡੀਆਂ ਨਿਜੀ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ, ਤਦ ਅਸੀਂ ਦੂਜੇ ਸਾਥੀਆਂ ਦੀਆਂ ਲੋੜਾਂ ਪ੍ਰਤਿ ਅਣਭਿੱਨਤਾ ਦਾ ਵਤੀਰਾ ਧਾਰਨ ਕਰਦੇ ਹਾਂ। ਇਕ ਸੰਤੋਖੀ ਅਤੇ ਸਾਬਰ ਇਨਸਾਨ ਹੀ ਸਮੂਲਚੀ ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਅਥਵਾ ਉਨ੍ਹਾਂ ਦੀ ਸੰਕਟਮਈ ਸਥਿਤੀ ਨੂੰ ਨੇੜੇ ਹੋ ਕੇ ਹਾਰਦਿਕ ਤੌਰ 'ਤੇ ਸਮਝ ਸਕਦਾ ਹੈ। ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਅਗਰ ਅਸੀਂ ਇਹ ਆਖ ਲਈਏ ਕਿ ਇਕ ਸ਼ਰਧਾਲੂ ਅਤੇ ਰੌਸ਼ਨ ਜ਼ਮੀਰ ਇਨਸਾਨ ਹੀ ਐਸੀ ਮਨ, ਬਚ, ਕਰਮ ਸਥਿਤੀ ਦਾ ਪੁੰਜ ਹੋ ਸਕਦਾ ਹੈ ਕਿ ਹਰ ਤਰ੍ਹਾਂ ਦੀ ਜ਼ਿੰਦਗੀ ਵਿਚ ਕੋਈ ਜੀਵ ਜੰਤੂ ਭੀ ਅਸੰਤੁਸ਼ਟਤਾ, ਅਧੀਰਜਤਾ, ਅਸਮਤੁਲਤਾ, ਬੇ-ਸਬਰੀ ਅਤੇ ਵਿਆਕੁਲਤਾ ਦੇ ਖੇਤਰ ਵਿਚ ਨਾ ਵਿਚਰਦਾ ਹੋਵੇ। ਇਹੀ ਉਹ ਆਸਮਾਨੀ ਸਿਧਾਂਤ ਹੈ ਜਿਸ ਦੇ ਆਧਾਰ 'ਤੇ ਨਾਮ ਜਪਣਾ, ਸੁਕ੍ਰਿਤ ਕਰਨੀ ਅਤੇ ਵੰਡ

ਢਕਣ ਦਾ ਦਰਗਾਹੀ ਸੰਕਲਪ ਸਮੁੱਚੀ ਜ਼ਿੰਦਗੀ ਪ੍ਰਤਿ ਹੁਲਾਸ, ਖੇੜੇ ਅਤੇ ਸ਼ਾਦਮਾਨੀਆਂ ਦੇ ਪੈਗ਼ਾਮ ਦੇ ਸਕਦਾ ਹੈ। ਜੀਵਨ ਵਿਚ ਸ਼ਰਧਾ, ਪਿਆਰ ਅਤੇ ਸਤਿਕਾਰ ਦੇ ਬੀਜ ਬੀਜਿਆਂ ਇਨਸਾਨੀ ਹਿਰਦੇ ਦੇ ਕਪਾਟ ਸੁਭਾਵਕ ਹੀ ਖੁਲ੍ਹ ਜਾਂਦੇ ਹਨ, ਜਿਸ ਦੀ ਬਰਕਤ ਜੀਵ ਦੀ ਆਤਮਾ ਕਰਮਸ਼ੀਲ ਜੀਵਨ ਨੂੰ ਨਿਜੀ ਰੁਚੀ ਦਾ ਵਿਰਸਾ ਬਣਾ ਲੈਂਦੀ ਹੈ।

ਜੋ ਇਨਸਾਨ ਪ੍ਰਭੂ ਦੀ ਪ੍ਰਕਿਰਤੀ ਪ੍ਰਤਿ ਸ਼ਰਧਾ, ਪਿਆਰ ਅਤੇ ਸਤਿਕਾਰ ਦਾ ਦਾਮਨਗੀਰ ਹੈ, ਉਹ ਕਦੀ ਭੀ ਪ੍ਰਮੇਸ਼ਵਰੀ ਨਿਆਂਇ ਪ੍ਰਣਾਲੀ ਨੂੰ ਨਿਜੀ ਅਧਿਕਾਰ ਵਿਚ ਲੈ ਕੇ ਦੂਜੇ ਪ੍ਰਕਿਰਤਕ ਜੀਵਾਂ ਦੇ ਵਿਰੁੱਧ ਨਹੀਂ ਵਰਤਦਾ। ਸੁਲਝੀ ਹੋਈ ਅਤੇ ਸਮਤੁਲਤ ਆਤਮਾ ਇਤਨੀ ਗੁਣ-ਸੰਪੰਨ ਹੁੰਦੀ ਹੈ ਕਿ ਉਹ ਦੂਜੀਆਂ ਪ੍ਰਕਿਰਤਕ ਸ਼੍ਰੇਣੀਆਂ ਦੇ ਪ੍ਰਤਿਕਰਮ ਆਪਣੇ ਆਪ ਨੂੰ ਕਦੀ ਭੀ ਸ੍ਰੇਸ਼ਟ ਅਤੇ ਉੱਚਾ ਨਹੀਂ ਸਮਝਦੀ। ਉਨ੍ਹਾਂ ਦੇ ਜੀਵਨ ਦਾ ਮਹਿਲ ਨਿਮਰਤਾ ਦੀਆਂ ਅਹਿੱਲ ਬੁਨਿਆਦਾਂ 'ਤੇ ਵਿਕਸਤ ਹੋਇਆ ਹੁੰਦਾ ਹੈ। ਨਿਮਰਤਾ ਇਕ ਐਸੀ ਆਸਮਾਨੀ ਕ੍ਰਿਆ ਹੈ ਜਿਸ ਦੇ ਆਧਾਰ 'ਤੇ ਸ਼ਰਧਾਲੂ ਜਗਿਆਸੂ ਦੀ ਆਤਮਾ, ਇਤਨੀ ਗੁਣ-ਸੰਪੰਨ ਹੋਇ ਨਿਬੜਦੀ ਹੈ ਕਿ ਉਹ ਸਮੁੱਚੀ ਪ੍ਰਕਿਰਤੀ ਦੇ ਜੀਵਨ ਵਿਚ ਰੱਬਾਨੀਅਤ ਦੀ ਝਲਕ ਪ੍ਰਤੀਤ ਕਰਦੀ ਅਤੇ ਸਮੂਲਚੀ ਜ਼ਿੰਦਗੀ ਨੂੰ ਸ਼ਰਧਾ, ਪਿਆਰ ਅਤੇ ਸਤਿਕਾਰ ਦੀ ਦ੍ਰਿਸ਼ਟੀ ਦੁਆਰਾ ਅਵਲੋਕਨ ਕਰਦਾ/ ਕਰਦੀ ਹੈ।

ਪ੍ਰਭੂ ਦੀ ਰਚਨਾ ਪ੍ਰਤਿ ਸ਼ਰਧਾ, ਪਿਆਰ ਅਤੇ ਸਤਿਕਾਰ ਦਾ ਵਤੀਰਾ ਜ਼ਿੰਦਗੀ ਦੇ ਵਿਕਾਸ ਲਈ ਐਸੀਆਂ ਸੁਵਿਧਾਵਾਂ ਪੇਸ਼ ਕਰਦਾ ਹੈ ਕਿ ਜੀਵ ਪੰਚ-ਮੁਖੀ ਤਰਕ ਵਿਗਿਆਨ ਦੀ ਦੁਨਿਆਵੀ ਸ਼ਕਤੀ ਦੇ ਥਾਂ ਸਰਬ-ਮੁਖੀ ਚੇਤਨਤਾ ਅਤੇ ਵਾਸਤਵਿਕ ਸ਼ਕਤੀ ਦਾ ਭੰਡਾਰਾ ਬਣ ਜਾਂਦਾ ਹੈ। ਅਸੀਂ ਜ਼ਿੰਦਗੀ ਦੇ ਕ੍ਰਿਆਸ਼ੀਲ ਤਜਰਬੇ ਦੁਆਰਾ ਵੇਖ ਸਕਦੇ ਅਥਵਾ ਅਨੁਭਵੀ ਚਿੰਤਨ ਦੇ ਰਾਹੀਂ ਮਹਿਸੂਸ ਕਰ ਸਕਦੇ ਹਾਂ ਕਿ ਐਸੀ ਆਸਮਾਨੀ ਆਤਮਕ ਅਵਸਥਾ ਦਾ ਆਰੰਭ ਸ਼ਰਧਾਲੂਆਂ ਦੇ ਹਿਰਦੇ ਦੀਆਂ ਤਲਾਂ ਵਿਚੋਂ ਅਧਿਆਤਮਕ ਭਾਵਨਾਵਾਂ ਅਤੇ ਅਨੁਭਵੀ ਕ੍ਰਿਆ (emotions and feelings) ਦੁਆਰਾ ਪ੍ਰਜਵੱਲਤ ਹੋਇ ਆਂਵਦਾ ਹੈ। ਇਹੀ ਉਹ ਜ਼ੀਨਾ (ਪਉੜੀ) ਹੈ ਜਿਸ 'ਤੇ ਚੜ੍ਹਿਆਂ ਸ਼ਰਧਾਲੂ ਦਸਮ ਦੁਆਰ ਵਿਚ ਆਤਮਕ ਮੰਡਲ ਦੀ ਯਾਤਰਾ ਕਰਦਾ ਹੈ, ਜਿਵੇਂ :

> **ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥**
> **ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥**
> **ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥** *(ਜਪੁਜੀ, ਪੰਨਾ 7/7)*

ਉਕਤ ਦਰਸਾਈ ਆਤਮਕ ਪਦਵੀ ਐਸੇ ਬਿਬੇਕੀ ਗੁਰਸਿੱਖਾਂ ਦਾ ਵਿਰਸਾ ਹੈ ਜਿਨ੍ਹਾਂ ਦੇ ਹਿਰਦੇ ਵਿਚ ਸਮੁੱਚੀ ਪ੍ਰਕਿਰਤੀ ਪ੍ਰਤਿ ਸ਼ਰਧਾ, ਪਿਆਰ ਅਤੇ ਸਤਿਕਾਰ (reverence) ਦੀ ਭਾਵਨਾ ਨਿਰੰਤਰ ਵੇਗ ਦੁਆਰਾ ਅਨੁਭਵੀ ਮੰਡਲਾਂ ਦੀ ਯਾਤਰਾ ਕਰਦੀ ਹੈ ਜਿਥੋਂ ਉਨ੍ਹਾਂ ਨੂੰ ਸਰਬ-ਮੁਖੀ ਚੇਤਨਾ ਪ੍ਰਤਿ ਅਨੁਭਵਤਾ ਅਤੇ ਵਾਸਤਵਿਕ ਸ਼ਕਤੀ ਦੀ ਪ੍ਰਾਪਤੀ ਹੁੰਦੀ ਹੈ। ਪ੍ਰਕਿਰਤੀ ਪ੍ਰਤਿ ਸ਼ਰਧਾ, ਪਿਆਰ, ਸਤਿਕਾਰ ਕਰਨਾ ਆਵਸ਼ਕ ਕ੍ਰਿਆ ਹੈ ਜਿਥੋਂ ਵਾਹਿਗੁਰੂ ਦੀ ਰਹਿਮਤ ਦਾ ਕਪਾਟ ਖੁਲ੍ਹਦਾ ਹੈ। ਰੂਹਾਨੀ ਜ਼ੀਨੇ ਦੇ ਅੰਤਮ ਪਾਇਦਾਨ/ਡੰਡੇ 'ਤੇ ਚੜ੍ਹ ਕੇ ਆਤਮਕ ਮੰਡਲ ਵਿਚ ਪ੍ਰਵੇਸ਼ ਕਰਨਾ, ਨਿਰਸੰਦੇਹ ਵਾਹਿਗੁਰੂ ਦੀ ਰਹਿਮਤ ਹੈ।

ਇਥੇ ਤਕ ਕਾਮਨਾ ਰਹਿਤ ਕਰਮ ਕ੍ਰਿਆ ਅਤੇ ਵਾਸਤਵਿਕ ਸ਼ਕਤੀ ਦੀ ਪ੍ਰਾਪਤੀ ਦਾ ਮਜ਼ਮੂਨ ਸਮਾਪਤ ਹੁੰਦਾ ਹੈ ਜਿਸ ਵਿਚ ਦੁਨਿਆਵੀ ਸ਼ਕਤੀ ਦੀ ਬਜਾਇ ਵਾਸਤਵਿਕ ਸ਼ਕਤੀ ਨੂੰ ਪ੍ਰਾਥਮਿਕਤਾ/ਤਰਜੀਹ ਦਿੱਤੀ ਗਈ ਹੈ। ਅੰਤ੍ਰੀਵੀ ਭਾਵਕਤਾ ਅਤੇ ਅਨੁਭਵਤਾ ਦੇ ਆਧਾਰ 'ਤੇ ਹਿਰਦੇ ਦੀਆਂ ਤਲਾਂ ਤਕ ਗਮਤਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਨਸਾਨੀ ਹਿਰਦਾ ਹੀ ਇਕ ਐਸੀ ਨਾਯਾਬ/ਦੁਰਲੱਭ ਵਸਤੂ ਹੈ ਜਿਸ ਦੇ ਸਿਹਨ (ਵਿਹੜਾ) ਵਿਚੋਂ ਆਤਮਕ ਮੰਡਲ ਤਕ ਰਸਾਈ ਹੁੰਦੀ ਹੈ। ਤਾਂ ਤੇ ਇਸ ਤੋਂ ਅਗਲੇਰੇ ਮਜ਼ਮੂਨ ਦੁਆਰਾ ਹਿਰਦੇ ਪ੍ਰਤਿ ਉਲੇਖਣ ਕਰਨ ਦੀ ਆਗਿਆ ਚਾਹਾਂਗੇ।

1.11 ਹਿਰਦਾ

ਸਰੀਰ ਮੰਡਲ ਦੇ ਬਹੁਤ ਸਾਰੇ ਭਾਗਾਂ ਵਿਚੋਂ ਜੀਵ ਦਾ ਹਿਰਦਾ ਵਿਸ਼ੇਸ਼ ਸਥਾਨ ਰੱਖਦਾ ਹੈ। ਇਨਸਾਨੀ ਜਿਸਮ ਵਿਚ ਹਿਰਦਾ ਹੀ ਇਕ ਐਸਾ ਯੰਤਰ ਹੈ ਜੋ ਸਾਰੇ ਸਰੀਰ ਵਿਚ ਖ਼ੂਨ (blood) ਦੀ ਪੂਰਤੀ ਕਰਦਾ ਹੈ। ਔਰ ਖ਼ੂਨ ਦਾ ਬਹਾਉ ਹੀ ਇਕ ਐਸੀ ਕ੍ਰਿਆ ਹੈ ਜਿਸ ਦੇ ਆਸਰੇ ਦਿਮਾਗ਼ ਅਤੇ ਸਰੀਰ ਦੇ ਹਰ ਇਕ ਹਿੱਸੇ ਵਿਚ ਆਕਸੀਜਨ ਦੀ ਪੂਰਤੀ ਹੁੰਦੀ ਹੈ। ਭਾਵੇਂ ਦੂਜੀਆਂ ਹੋਰ ਗੈਸਾਂ ਭੀ ਪ੍ਰਕਿਰਤਕ ਜੀਵਨ ਪ੍ਰਤਿ ਬਹੁਤ ਹੀ ਲਾਜ਼ਮੀ ਹਨ ਪ੍ਰੰਤੂ ਆਕਸੀਜਨ ਦੀ ਪਦਵੀ ਦੂਜੀਆਂ ਦੇ ਤੁਲ ਨਵੇਕਲੀ ਹੈ। ਹਿਰਦਾ ਇਨਸਾਨੀ ਜਿਸਮ ਵਿਚ ਇਕ ਛਲਵੀਂ ਅਤੇ ਤਿਰਛੀ ਸਥਿਤੀ ਦੁਆਰਾ ਛਾਤੀ ਦੇ ਸਾਹਮਣੇ ਖੱਬੇ ਹਿੱਸੇ ਵਿਚ ਸਥਿਤ ਹੈ। ਇਸ ਦਾ ਉਪਰ ਵਾਲਾ ਹਿੱਸਾ ਥੱਲੇ ਵਾਲੇ ਹਿੱਸੇ ਦੀ ਨਿਸਬਤ ਚੌੜਾ ਹੁੰਦਾ ਹੈ।

ਇਨਸਾਨ ਦਾ ਹਿਰਦਾ ਵਿਅਕਤੀ ਦੀਆਂ ਪਿਆਰਕ ਭਾਵਨਾਵਾਂ ਅਤੇ ਅਨੁਭਵਤਾ ਦਾ ਕੇਂਦਰ ਹੈ ਜਿਥੋਂ ਜੀਵ ਦੀ ਭਾਵਕਤਾ, ਨੈਤਿਕਤਾ, ਪਿਆਰ ਅਤੇ ਅਨੁਭਵਤਾ ਦਾ ਜਨਮ ਹੁੰਦਾ ਹੈ। ਦਿਲ ਦੀ ਵਿਸ਼ੇਸ਼ ਕ੍ਰਿਆ ਦਾ ਮੰਡਲ

ਇਕ ਐਸਾ ਦੁਰਲੱਭ ਕ੍ਰਿਆਤਮਕ ਢਾਂਚਾ ਹੈ ਜਿਸ ਦੇ ਆਸਰੇ ਆਤਮਾ ਤਕ ਰਸਾਈ ਹੁੰਦੀ ਹੈ। ਆਤਮਾ ਦੀ ਕ੍ਰਿਆਸ਼ੀਲਤਾ ਦਿਲ ਦੇ ਦਰਵਾਜ਼ੇ ਤੋਂ ਆਰੰਭ ਹੋ ਕੇ, ਪੰਚ-ਮੁਖੀ ਤਰਕ ਤੋਂ ਉਪਰ ਉਠ ਕੇ, ਸਰਬ-ਮੁਖੀ ਪ੍ਰਤੱਖਤਾ ਵਿਚ ਪ੍ਰਵੇਸ਼ ਕਰਦੀ ਹੈ।

ਆਤਮਾ ਦੀ ਪ੍ਰਭਾਵਸ਼ਾਲੀ ਗਤੀ ਅਤੇ ਵਾਸਤਵਿਕ ਸ਼ਕਤੀ ਦੀ ਸਮਤੁੱਲਤਾ ਨੂੰ ਸਮਝਣ ਹਿਤ, ਜਗਿਆਸੂ ਪ੍ਰਤਿ ਅਤਿਅੰਤ ਹੀ ਲਾਜ਼ਮੀ ਹੈ ਕਿ ਉਹ ਪੰਚ-ਮੁਖੀ ਗਿਆਨ ਦੀ ਪੱਧਰ ਤੋਂ ਉਪਰ ਸਰਬ-ਮੁਖੀ ਪ੍ਰਤੱਖਤਾ ਅਤੇ ਅਨਹਤੀ ਅਸੀਮਤਾ ਵਿਚ ਪ੍ਰਵੇਸ਼ ਕਰੇ। ਪੰਚ-ਮੁਖੀ ਇਲਮ ਦਾ ਪਸਾਰਾ ਮਨ ਦੀ ਉਪਜ ਅਤੇ ਬੁੱਧੀ ਦੁਆਰਾ ਘੜੀ ਹੋਈ ਘਾੜਤ ਹੀ ਆਖੀ ਜਾ ਸਕਦੀ ਹੈ। ਇਸ ਦੇ ਪ੍ਰਤਿਕਰਮ ਆਸਮਾਨੀ ਤਰਕ ਅਤੇ ਸੂਝ ਸਮਝ ਦੀ ਯੋਗਤਾ ਦਾ ਪ੍ਰਤਿਬਿੰਬ, ਪੰਚ-ਮੁਖੀ ਇਲਮ ਦੇ ਦਾਇਰੇ ਤੋਂ ਬਾਹਰ, ਪਰਾ-ਅਸੀਮਤਾ ਦੇ ਅਨਭਵੀ ਦਰਵਾਜ਼ੇ 'ਤੇ ਲੈ ਜਾਂਦਾ ਹੈ ਜਿਥੋਂ ਆਤਮਾ ਦੀ ਨੂਰਾਨੀ ਝਲਕ ਅਤੇ ਅਸੀਮਤਾ ਆਰੰਭ ਹੁੰਦੀ ਹੈ। ਆਤਮਾ ਦੀ ਪਰਾ-ਅਵਸਥਾ ਵਿਚ ਪ੍ਰਵੇਸ਼ਤਾ ਤੋਂ ਪਹਿਲਾਂ ਹਿਰਦੇ ਦੀ ਗਾਥਾ ਸਮਝਣੀ ਅਤਿ ਲਾਜ਼ਮੀ ਹੈ ਕਿਉਂਕਿ ਆਤਮਕ ਮੰਜ਼ਲ ਦਾ ਪ੍ਰਥਮ ਪੜਾਅ ਇਨਸਾਨ ਦਾ ਹਿਰਦਾ ਹੈ। ਆਤਮਾ ਅਤੇ ਹਿਰਦੇ ਦੇ ਪਰਾ-ਬ੍ਰਿਤਾਂਤ ਨੂੰ ਤਰਕਸ਼ੀਲ ਢੰਗ ਦੁਆਰਾ ਸਮਝਣ ਵਾਸਤੇ ਮਨੁੱਖੀ ਭਾਵਨਾਵਾਂ (feelings) ਨੂੰ ਸਮਝਣਾ ਉਤਨਾ ਹੀ ਆਵਸ਼ਕ ਹੈ ਜਿਤਨਾ ਕਿ ਦਿਲ ਅਤੇ ਆਤਮਕ ਤਰਕਸ਼ੀਲਤਾ ਨੂੰ ਸਮਝਣਾ ਹੈ।

ਹਿਰਦੇ ਦੀ ਅੰਤ੍ਰੀਵੀ ਤਰਕਸ਼ੀਲਤਾ ਅਤੇ ਬੌਧਿਕ ਬਿਬੇਕਤਾ ਇਨਸਾਨੀ ਜੀਵਨ ਦਾ ਸਰਬ-ਮੁਖੀ ਅਤੇ ਕੇਂਦਰੀ ਵਿਰਸਾ ਹੈ। ਗਰਜ਼ੇਕਿ, ਹਿਰਦੇ ਦੀ ਕੋਮਲਤਾ ਵਿਚੋਂ ਹੀ ਇਨਸਾਨੀ ਜਜ਼ਬਿਆਂ ਦੀ ਗਤੀ ਉਤਪੰਨ ਹੁੰਦੀ ਹੈ। ਮਨੁੱਖੀ ਭਾਵਨਾਵਾਂ ਦੀ ਗਤੀ ਦਾ ਚਾਲੂ ਹੋਣਾ ਹੀ ਸਰਬ-ਮੁਖੀ ਬਿਬੇਕਤਾ ਦੀ ਸੰਪੰਨਤਾ, ਇਨਸਾਨੀ ਜੀਵਨ ਦਾ ਖ਼ਾਸਾ ਅਥਵਾ ਵਿਸ਼ੇਸ਼ ਲੱਛਣ ਆਖਿਆ ਜਾ ਸਕਦਾ ਹੈ। ਇਹੀ ਉਹ ਲੱਛਣ ਹੈ ਜੋ ਪੰਚ-ਮੁਖੀ ਗਿਆਨ ਦੀ ਸ਼੍ਰੇਣੀ ਨਾਲੋਂ ਸਰਬ-ਮੁਖੀ ਤਰਕਸ਼ੀਲ ਬੌਧਿਕਤਾ ਨੂੰ ਨਿਖੇੜਦਾ ਹੈ। ਸਰਬ-ਮੁਖੀ ਬਿਬੇਕ-ਸੰਪੰਨ ਵਿਅਕਤੀ ਦੀ ਇਹੀ ਵਿਸ਼ੇਸ਼ ਪ੍ਰਸਿੱਧਤਾ ਹੈ ਕਿ ਉਹ ਕਦੀ ਭੀ ਪੰਚ-ਮੁਖੀ ਗਿਆਨ ਦੇ ਆਧਾਰ 'ਤੇ ਦੁਨਿਆਵੀ ਸ਼ਕਤੀ ਦੇ ਸੰਗ੍ਰਹਿ ਦੀ ਵਰਤੋਂ, ਨਿਜੀ ਲਾਭ ਅਥਵਾ ਸਵੈਮ ਪ੍ਰਸਿੱਧਤਾ ਪ੍ਰਤਿ ਨਹੀਂ ਕਰਦਾ, ਬਲਕਿ ਰੱਬੀ ਭਾਣੇ ਵਿਚ ਵਿਚਰਨਾ ਹੀ ਉਸ ਦੇ ਜੀਵਨ ਦੀ ਮੂਲਿਕ ਸ਼ਿਲਾ ਹੁੰਦੀ ਹੈ। ਉਕਤ ਖ਼ਿਆਲਾਂ ਦੀ ਲੜੀ ਵਿਚੋਂ ਇਕ ਐਸਾ ਪ੍ਰਸ਼ਨ-ਚਿੰਨ੍ਹ ਉਭਰ ਕੇ ਅਸਾਡੇ ਸਾਹਮਣੇ ਆਇਆ ਹੈ ਕਿ, ਮਨੁੱਖੀ ਚੇਤਨਾ ਦੇ ਆਧਾਰ 'ਤੇ ਦੁਨਿਆਵੀ ਸ਼ਕਤੀ ਦੀ ਲਾਲਸਾ, ਨਿਜੀ ਪ੍ਰਸਿੱਧਤਾ ਦੀ ਭੁੱਖ ਅਤੇ ਇਨ੍ਹਾਂ ਦੀ ਦੁਰਵਰਤੋਂ ਕਰਨ ਵਾਲੇ ਪੰਚ-ਮੁਖੀ

ਮਾਹਿਰਾਂ ਨੂੰ ਸਰਬ-ਮੁਖੀ ਬਿਬੇਕਤਾ ਦੇ ਆਧਾਰ ਖੇਤਰ ਵਿਚ ਲਿਆ ਕੇ ਇਕ ਸ਼ਾਸਨਿਕ ਵਿਧੀ ਦੁਆਰਾ ਲਾਮਬੰਦ ਕੀਤਾ ਜਾਵੇ। ਇਹ ਅਟੱਲ ਸਚਾਈ ਹੈ ਕਿ ਅੱਜ ਦੀ ਦੁਨਿਆਵੀ ਸ਼ਕਤੀ ਦਾ ਅਨੁਸਰਣਿਕ (ਕਰਮ ਕ੍ਰਿਆ ਦਾ) ਢਾਂਚਾ ਅਤੇ ਵਿਅਕਤੀ ਸਮੁੱਚੇ ਜੀਵਨ ਯਾਤਰੀਆਂ ਦੇ ਜਜ਼ਬਿਆਂ ਦੀ ਤਰਜਮਾਨੀ ਕਰਨ ਦੀ ਬਜਾਇ ਉਨ੍ਹਾਂ ਨੂੰ ਦਮਨ ਕਰਨਾ ਲੋਚਦਾ ਹੈ।

ਇਨਸਾਨੀ ਜੀਵਨ ਦਾ ਇਹ ਸੁਭਾਵਕ ਅਤੇ ਬੇਜੋੜ ਲੱਛਣ ਹੈ ਕਿ ਇਸ ਦੀ ਸੋਚ-ਵਿਚਾਰ ਦੇ ਮੰਡਲ ਵਿਚ ਸਤਿਕਾਰਯੋਗ ਹੋਣ ਦੀਆਂ ਭਾਵਨਾਵਾਂ ਮੌਜੂਦ ਹੁੰਦੀਆਂ ਹਨ ਜਿਨ੍ਹਾਂ ਦੇ ਅਧੀਨ ਦੁਨਿਆਵੀ ਸ਼ਕਤੀ ਦੀ ਪ੍ਰਦਰਸ਼ਨੀ ਕਰਦੇ ਹੋਏ ਉਨ੍ਹਾਂ ਵਿਅਕਤੀਆਂ ਪ੍ਰਤਿ ਹਾਨੀਕਾਰਕ ਸਿੱਧ ਹੁੰਦੇ ਹਨ ਜੋ ਕੰਮ ਕਾਜ ਦੇ ਤੌਰ 'ਤੇ ਅਥਵਾ ਪਰਵਾਰਿਕ ਤੌਰ 'ਤੇ ਅਸਾਡੇ ਰਹਿਮੋ ਕਰਮ 'ਤੇ ਨਿਰਭਰ ਹੁੰਦੇ ਹਨ। ਕਈ ਦਫ਼ਾ ਐਸੀ ਸਥਿਤੀ ਭੀ ਵੇਖਣ ਅਤੇ ਸੁਣਨ ਵਿਚ ਆਈ ਹੈ ਜਦੋਂ ਕਿ ਕੁਝ ਸੰਸਾਰੀ ਜੀਵ ਉਨ੍ਹਾਂ ਧੱਕੇਬਾਜ਼ਾਂ ਅਤੇ ਹੁੱਲੜਬਾਜ਼ਾਂ ਨੂੰ ਸਨਮਾਨਤ ਕਰਦੇ ਅਥਵਾ ਉਨ੍ਹਾਂ ਦੀ ਪ੍ਰਸੰਸਾ ਕਰਦੇ ਹਨ ਜਿਨ੍ਹਾਂ ਦੇ ਹਿਰਦੇ ਵਿਚ ਪ੍ਰਕਿਰਤਕ ਜੀਵਨ ਪ੍ਰਤਿ ਤਨਕ-ਮਾਤਰ ਭੀ ਦਇਆ ਰਹਿਮ, ਹਮਦਰਦੀ ਅਥਵਾ ਜੀਵਨ ਦੀਆਂ ਕਦਰਾਂ-ਕੀਮਤਾਂ ਨਾ ਹੋਣ, ਬਲਕਿ ਉਨ੍ਹਾਂ ਨੇ ਸਾਧਾਰਣ ਜ਼ਿੰਦਗੀ ਨੂੰ ਵਲੂੰਧਰਿਆ ਹੋਵੇ। ਜਿਵੇਂ ਸੰਸਾਰੀ ਪਦਵੀ, ਦੁਨਿਆਵੀ ਸੱਤਾ ਦੇ ਨਸ਼ੇ ਵਿਚ ਅਪਰੇਸ਼ਨ ਬਲਿਊ ਸਟਾਰ ਦੇ ਸਮੇਂ ਸ੍ਰੀਮਤੀ ਇੰਦਰਾ ਗਾਂਧੀ ਨੇ ਭਾਰਤੀ ਪੁਲਿਸ ਅਤੇ ਆਰਮੀ ਨੇ ਦੁਨਿਆਵੀ ਸੱਤਾ ਦੀ ਮੱਦ ਵਿਚ ਕਤਲੋ-ਗਾਰਤ ਕਰਦੇ ਹੋਏ ਨਿਹੱਥੀ ਪਰਜਾ ਦਾ ਅਤਿ ਸੰਗ-ਦਿਲੀ ਦੁਆਰਾ ਘਾਣ ਕੀਤਾ। (Five sensory society rewarded the military and police officers and other ranks, who pain and death for the sake of external power.)

ਜਦੋਂ ਅਸੀਂ ਮਨੁੱਖੀ ਭਾਵਨਾਵਾਂ (Feelings) ਦੇ ਦਰਵਾਜ਼ੇ ਬੰਦ ਕਰ ਦਿੰਦੇ ਹਾਂ, ਸਮਝੋ ਅਸੀਂ ਜੀਵਨ ਦੇ ਅਤਿ ਲੋੜੀਂਦੇ ਪ੍ਰਵਾਹ ਦੀ ਗਤੀ ਨੂੰ ਮੋਂਦਾ ਲਾ ਦਿੱਤਾ ਹੈ ਜੋ ਕਿ ਅਸਾਡੀ ਨੈਤਿਕ ਵਿਚਾਰ, ਦਇਆ, ਤਰਸ, ਮਰਹਮਤ, ਧਰਮ, ਸੰਤੋਖ ਜੈਸੀਆਂ ਕਾਰਮਿਕ ਸ਼ੀਲਤਾਵਾਂ ਨੂੰ ਉੱਚੇ ਚੁਕਣ ਲਈ ਸੁਖੱਲਤਾ ਬਖ਼ਸ਼ਦੇ ਹਨ। ਨਿਜੀ ਭਾਵਨਾਵਾਂ ਤੋਂ ਸੱਖਣੇ ਰਹਿ ਕੇ ਹਿਰਦੇ ਵਿਚ ਉਤਪੰਨ ਹੋਏ ਜਜ਼ਬਾਤ ਜੋ ਅਸਾਡੇ ਅਤੇ ਦੂਜੇ ਸਾਥੀਆਂ ਦੇ ਵਾਤਾਵਰਣੀ ਪ੍ਰਭਾਵਾਂ 'ਤੇ ਪ੍ਰਤਿਬਿੰਬ ਛੱਡ ਜਾਂਦੇ ਹਨ, ਉਨ੍ਹਾਂ ਨੂੰ ਸਮਝਣ ਸਮਝਾਉਣ ਦੇ ਤਰੀਕਿਆਂ ਦਾ ਆਰੰਭ ਨਹੀਂ ਕਰ ਸਕੇ।

ਇਸੇ ਤਰ੍ਹਾਂ ਅਸਾਡੇ ਜਜ਼ਬਾਤਾਂ ਦੀ ਚੇਤਨਤਾ ਤੋਂ ਬਿਨਾਂ ਅਸੀਂ ਨਿਜੀ ਅਤੇ ਦੂਜੇ ਸਾਥੀਆਂ ਦੇ ਕ੍ਰੋਧ, ਹਲੀਮੀ, ਰੰਜਸ਼, ਪ੍ਰਫੁੱਲਤਾ, ਬਰਬਾਦੀ, ਦੁਖ

ਸੁਖ, ਸ਼ਾਦੀ ਗ਼ਮੀ, ਹੱਸਣਾ ਰੋਣਾ, ਜੈਸੇ ਭਾਵਕਤਾ ਭਰਪੂਰ ਪ੍ਰਭਾਵਾਂ ਅਤੇ ਕਾਰਣਾਂ ਦੇ ਸਹਿਯੋਗੀ ਨਹੀਂ ਹੋ ਸਕੇ। ਜਜ਼ਬਾਤ ਅਤੇ ਅਨੁਭਵੀ ਭਾਵਨਾਵਾਂ (emotions and feelings) ਤੋਂ ਸੱਖਣੇ ਰਹਿ ਕੇ, ਆਤਮਾ ਅਤੇ ਮਨੁੱਖਤਾ ਦੇ ਭੇਦ ਭਾਵ ਨੂੰ ਨਹੀਂ ਸਮਝ ਸਕੇ। ਅਸੀਂ ਕਦੀ ਭੀ ਪਰਸਪਰ ਦੁਖ ਸੁਖ ਦੀ ਸਾਂਝ ਨਹੀਂ ਨਿਭਾ ਸਕਦੇ ਅਗਰ ਅਸਾਡੇ ਜੀਵਨ ਵਿਚ ਆਪਾ-ਸ਼ਨਾਸੀ, ਜਜ਼ਬਾਤੀ ਉਭਾਰ ਅਤੇ ਅਨੁਭਵੀ ਭਾਵਨਾਵਾਂ ਦੀ ਕਮੀ ਹੈ।

ਅਗਰ ਅਸੀਂ ਨਿਜੀ ਜਜ਼ਬਾਤਾਂ ਵਲੋਂ ਅਚੇਤ ਸਥਿਤੀ ਵਿਚ ਵਿਚਰਦੇ ਹਾਂ, ਤਦ ਅਸੀਂ ਕਦੀ ਭੀ ਨਿਜੀ ਭਾਵਕਤਾ ਦੇ ਅਨੁਭਵੀ ਅਤੇ ਪ੍ਰਭਾਵਸ਼ਾਲੀ ਵਿਰਸੇ ਤੋਂ ਸੁਚੇਤ ਨਹੀਂ ਹੋ ਸਕਦੇ। ਇਹੀ ਇਕ ਵਾਹਿਦ ਢੰਗ ਹੈ ਜਿਸ ਦੇ ਆਧਾਰ 'ਤੇ ਅਸਾਡੇ ਜਜ਼ਬਾਤ ਅਤੇ ਅਨੁਭਵੀ ਭਾਵਨਾਵਾਂ ਕਰਮਸ਼ੀਲ ਹੁੰਦੀਆਂ ਹਨ। ਜਜ਼ਬਾਤ ਅਤੇ ਭਾਵਨਾਵਾਂ ਇਨਸਾਨੀ ਹਿਰਦੇ ਦਾ ਅਵਿੱਛੜ ਅਤੇ ਪ੍ਰਭਾਵਸ਼ਾਲੀ ਅੰਗ ਹਨ। ਜਜ਼ਬਾਤਾਂ ਦੇ ਆਸਰੇ ਹੀ ਜ਼ਿੰਦਗੀ ਦਾ ਪ੍ਰਵਾਹ ਬਿਜਲੀ ਦੇ ਕਰੰਟ ਵਾਂਗੂੰ ਚਾਲੂ ਰਹਿੰਦਾ ਹੈ।

ਹਿਰਦੇ ਵਿਚ ਉਤਪੰਨ ਹੋਏ ਜਜ਼ਬਾਤੀ ਪ੍ਰਵਾਹ ਨੂੰ ਸਮਝਣਾ ਹੀ ਇਨਸਾਨੀ ਜ਼ਿੰਦਗੀ ਦਾ ਪਹਿਲਾ ਕਦਮ ਹੈ ਜਿਸ ਦੇ ਅਧੀਨ ਅਸਾਨੂੰ ਜੀਵਨ ਦੀ ਮੌਲਿਕਤਾ, ਜੀਵਨ ਦੀ ਪ੍ਰਭੁਤਾ ਅਤੇ ਜੀਵਨ ਦੀ ਦੁਰਲੱਭਤਾ ਪ੍ਰਤਿ ਅਨੁਭਵੀ ਗਿਆਨ ਦਾ ਤਜਰਬਾ ਹੁੰਦਾ ਹੈ ਕਿ ਮਨੁੱਖਾ ਦੇਹੀ ਦਾ ਮਨੋਰਥ ਕੀ ਹੈ ? ਇਥੇ ਧਿਆਨਯੋਗ ਵਿਸ਼ੇਸ਼ਤਾ ਇਹੀ ਹੈ ਕਿ ਜਜ਼ਬਾਤਾਂ ਪ੍ਰਤਿ ਚੇਤਨਤਾ ਦਾ ਪ੍ਰਤਿਬਿੰਬ ਜੀਵ ਦੇ ਹਿਰਦੇ 'ਤੇ ਬਹੁਤ ਗਹਿਰਾ ਅਸਰ ਰੱਖਦਾ ਹੈ। ਜੀਵ ਦਾ ਇੱਛਤ ਇਰਾਦਾ ਉਹੀ ਕੁਝ ਹੁੰਦਾ ਹੈ ਜੋ ਕੁਝ ਉਸ ਦੇ ਜਜ਼ਬਾਤਾਂ ਦਾ ਪ੍ਰਵਾਹ ਹੁੰਦਾ ਹੈ। ਜਿਵੇਂ :

Awareness of emotions lead to awareness of intentions.

ਅਗਰ ਇਨਸਾਨੀ ਜਜ਼ਬਾਤ ਅਤੇ ਇਰਾਦੇ ਦੀ ਚੇਤਨਤਾ ਵਿਚਾਲੇ ਕਿਸੇ ਪ੍ਰਕਾਰ ਦੀ ਭਿੰਨਤਾ ਜਾਂ ਵਖਰੇਵਾਂ ਹੋਵੇ ਤਦ ਉਸ ਦਾ ਸਿੱਧਾ ਪੱਧਰਾ ਸੰਕੇਤ ਇਹੀ ਹੈ ਕਿ ਜੀਵ ਦੀ ਤੱਤ੍ਹ ਸ਼ਖ਼ਸੀਅਤ ਨਾਲੋਂ ਕੋਈ ਛੋਟਾ ਟੁੱਕੜਾ ਟੁੱਟ ਕੇ ਲਾਂਭੇ ਡਿੱਗਾ ਹੈ, ਜਿਸ ਤੋਂ ਰੋਗ ਮੁਕਤ ਹੋਣਾ ਲਾਜ਼ਮੀ ਹੈ। ਮਿਸਾਲ ਵਜੋਂ, ਅਸਾਡਾ ਇਰਾਦਾ ਹੈ ਕਿ ਅਸੀਂ ਹੇਮਕੁੰਟ ਦੀ ਯਾਤਰਾ ਕਰੀਏ ਔਰ ਇਸ ਯਾਤਰਾ ਦਾ ਫਲ ਪ੍ਰਸੰਨਤਾ ਦੀ ਬਜਾਇ ਸੰਕਟ ਦੁਖ ਅਤੇ ਕਸ਼ਟ ਹੋਵੇ, ਤਦ ਸਮਝੋ ਕਿ ਅਸਾਡੀ ਸੋਚ ਸ਼ਕਤੀ ਜਾਂ ਇਰਾਦਾ ਚੇਤਨਤਾ ਤੋਂ ਰਹਿਤ ਨਿਰੋਲ ਭਾਵਕਤਾ ਦੀ ਉਪਜ ਸੀ, ਜਿਸ ਦਾ ਇਵਜ਼ਾਨਾ, ਧੀਰਜ, ਸੁਖ ਸ਼ਾਂਤੀ, ਹੁਲਾਸ ਦੇ ਥਾਂ ਕਸ਼ਟ, ਘਬਰਾਹਟ, ਭੈ ਅਤੇ ਜ਼ਿੰਦਗੀ ਵਿਚ ਅਪੱਧਰਤਾ ਦਾ ਸੰਦੇਸ਼ ਲੈ ਕੇ ਆਇਆ ਹੈ।

ਭਾਵਨਾਵਾਂ ਦੀ ਅੰਗ੍ਰੀਵੀ ਜਾਣਕਾਰੀ ਤੋਂ ਸੱਖਣੇ ਰਹਿ ਕੇ ਅਸਾਂ ਕਦੀ ਭੀ ਜੀਵਨ ਪ੍ਰਤਿ ਸ਼ਰਧਾ, ਸਤਿਕਾਰ ਅਤੇ ਪਿਆਰ ਦਾ ਤਜਰਬਾ ਨਹੀਂ ਮਾਣ ਸਕਦੇ ਕਿਉਂਕਿ ਚੇਤਨਤਾ ਰਹਿਤ ਜਜ਼ਬਾਤ ਅੱਛਾ ਪਰਿਣਾਮ ਨਹੀਂ ਕੱਢ ਸਕਦੇ, ਸੁਲਝਿਆ ਹੋਇਆ ਇਰਾਦਾ ਨਹੀਂ ਬਣਾ ਸਕਦੇ। ਇਹੀ ਵਿਸ਼ੇਸ਼ ਕਾਰਣ ਹੈ ਕਿ ਇਨਸਾਨੀ ਜਜ਼ਬਾਤਾਂ ਦੀ ਸਹੀ ਤਰਜਮਾਨੀ ਲਈ ਇਨ੍ਹਾਂ ਦੇ ਸਿਰ ਉਪਰ ਗਿਆਨ ਦਾ ਕੁੰਡਾ ਆਵਸ਼ਕ ਹੈ। ਇਥੇ ਧਿਆਨ ਗੋਚਰੀ ਸਥਿਤੀ ਇਹੀ ਹੈ ਕਿ ਸ਼ਰਧਾ ਅਤੇ ਭਾਵੁਕਤਾ/ਜਜ਼ਬਾਤਾਂ ਦੀ ਗਤੀ ਵਿਚ ਬਹੁਤ ਵੱਡਾ ਅੰਤਰ ਹੈ। ਜੀਵਨ ਪ੍ਰਤਿ ਸ਼ਰਧਾ, ਪਿਆਰ ਅਤੇ ਸਤਿਕਾਰ ਦਾ ਹੋਣਾ ਹੀ ਅਸਾਡੀ ਮਾਨਵਤਾ ਹੈ ਪ੍ਰੰਤੂ ਸ਼ਰਧਾ ਦੇ ਖੇਤਰ ਵਿਚ ਪ੍ਰਵੇਸ਼ ਕਰਨ ਦਾ ਮਾਰਗ ਜੀਵ ਦੇ ਹਿਰਦੇ ਵਿਚੋਂ ਹੋ ਕੇ ਆਗਾਹਾ ਕੂ ਤ੍ਰਾਂਘਦਾ ਹੈ। ਕੇਵਲ ਅਸਾਡੀ ਅਨੁਭਵਤਾ (feelings) ਹੀ ਸ਼ਰਧਾ ਦੀ ਪ੍ਰਵੇਸ਼ਤਾ ਵਾਸਤੇ ਹਿਰਦੇ ਦੇ ਦਰਵਾਜ਼ੇ ਖੋਲ੍ਹ ਸਕਦੀ ਹੈ। ਜਿਸ ਜੀਵ ਦੇ ਹਿਰਦੇ ਵਿਚ ਜ਼ਿੰਦਗੀ ਦੇ ਦੁਖ ਸੁਖ ਨੂੰ ਸਪਰਸ਼ ਕਰਨ ਦੀ ਰੁਚੀ ਨਹੀਂ ਹੈ, ਉਹ ਕਦੀ ਭੀ ਸ਼ਰਧਾ ਦੇ ਖੇਤਰ ਵਿਚ ਪ੍ਰਵੇਸ਼ ਨਹੀਂ ਕਰ ਸਕਦਾ।

ਸਰਬ-ਮੁਖੀ ਬ੍ਰਹਮ ਵੇਤਾ ਜੀਵ ਦੀ ਆਸਮਾਨੀ ਪ੍ਰਬੁੱਧਤਾ ਆਸਾਡੇ ਸੰਬੰਧ ਉਥੇ ਜੋੜਦੀ ਹੈ ਜਿਥੇ ਪੰਚ-ਮੁਖੀ ਸੰਸਾਰੀ ਸ਼ਕਤੀ ਦੇ ਅਭਿਲਾਸ਼ੀਆਂ ਦੀ ਰਸਾਈ ਨਹੀਂ ਹੋ ਸਕਦੀ। ਆਸਮਾਨੀ ਸੰਬੰਧਾਂ ਦਾ ਨਾ ਜੁੜਨਾ ਹੀ ਜੀਵਨ ਮਨੋਰਥ ਦੀ ਪ੍ਰਾਪਤੀ ਵਲੋਂ ਵਾਂਝੇ ਰਹਿਣਾ ਹੈ। ਪੰਚ-ਮੁਖੀ ਇਨਸਾਨ ਵਾਹਿਗੁਰੂ ਵਲੋਂ ਪ੍ਰਾਪਤ ਹੋਈ ਅਨੁਭਵੀ ਗਿਆਨ ਸਮੱਗਰੀ ਦਾ ਅਨੁਮਾਨ ਨਹੀਂ ਲਗਾ ਸਕਦਾ ਕਿਉਂਕਿ ਨੂਰਾਨੀ ਵਾਸਤਵਿਕਤਾ ਪ੍ਰਤਿ ਉਸ ਦਾ ਵਿਚਾਰ ਮੰਡਲ, ਸਰਬ-ਮੁਖੀ ਬ੍ਰਹਮ ਵੇਤਾ ਦੇ ਤੁਲ ਕੌਟਾਨ-ਖੰਡ ਹੀ ਹੁੰਦਾ ਹੈ।

ਪੰਚ-ਮੁਖੀ ਇਲਮ ਦਾ ਦਾਇਰਾ ਦ੍ਰਿਸ਼ਟੀਮਾਨ ਖੇਤਰ ਦੀ ਪ੍ਰਭਾਵਿਤ ਵਾਸਤਵਿਕਤਾ ਨੂੰ ਨਿਜੀ ਪ੍ਰਬੁੱਧਤਾ ਅਤੇ ਯੋਗਤਾ ਦੇ ਆਧਾਰ 'ਤੇ ਆਪਣੀ ਗਰਿਫ਼ਤ ਵਿਚ ਕੱਸ ਕੇ ਬੰਨ੍ਹ ਸਕਦਾ ਹੈ। ਪਦਾਰਥਵਾਦੀ ਇਲਮ ਦਾ ਢਾਂਚਾ ਕਿਸੇ ਖ਼ਾਸ ਹੱਦਬੰਦੀ ਦੇ ਦਾਇਰੇ ਵਿਚ ਨਿਜੀ ਸਰਗਰਮੀਆਂ ਨੂੰ ਕ੍ਰਿਆਸ਼ੀਲ ਕਰਨ ਦੀ ਯੋਗਤਾ ਰੱਖਦਾ ਹੈ ਪ੍ਰੰਤੂ ਇਸ ਦੇ ਸੰਬੰਧਾਂ ਦੀ ਪ੍ਰਵਾਜ਼ ਕਿਸੇ ਖ਼ਾਸ ਹੱਦਬੰਦੀ ਵਿਚ ਸੀਮਤ ਹੁੰਦੀ ਹੈ। ਅਸੀਮਤ ਪਸਾਰਾ ਇਸ ਦੀ ਜਾਣਕਾਰੀ ਤੋਂ ਪਰੇ ਕਿਸੇ ਪਰਾ-ਅਸੀਮਤਾ ਦਾ ਵਿਸ਼ਾ ਹੈ।

ਅਗਰ ਅਸੀਂ ਪੰਚ-ਮੁਖੀ ਗਿਆਨ ਦੀ ਵਰਤੋਂ ਸਹੀ ਅਤੇ ਉਤਪਾਦਕ ਤੌਰ 'ਤੇ ਕਰੀਏ, ਤਦ ਇਹ ਨਿਸ਼ਚਿਤ ਤੌਰ 'ਤੇ ਇਕ ਰੱਖਿਆਤਮਕ (protective) ਅਤੇ ਸਾਕਾਰਾਤਮਕ (positive) ਸ਼ਕਤੀ ਜ਼ਿੰਦਗੀ ਦੀ ਭਲਾਈ ਵਾਸਤੇ ਉਪਯੋਗ ਕੀਤੀ ਜਾ ਸਕਦੀ ਹੈ। ਦੁਨਿਆਵੀ ਜੀਵਨ ਦੀ ਸਫਲਤਾ

ਹੀ ਪ੍ਰਮਾਰਥ ਵੱਲ ਵਿਕਾਸ ਕਰਨ ਦਾ ਸੰਕੇਤ ਹੈ। ਭਾਵੇਂ ਕਿਸੇ ਭੀ ਵਿਸ਼ੇ ਪ੍ਰਤਿ, ਗਿਆਨ ਕਿਉਂ ਨਾ ਹੋਵੇ, ਉਹ ਹਮੇਸ਼ਾ ਹੀ ਰੌਸ਼ਨੀ, ਉਜਾਲਾ ਅਤੇ ਚਾਨਣ ਹੈ ਜੋ ਅੰਧੇਰੇ ਨੂੰ ਖ਼ਤਮ ਕਰਦਾ ਹੈ। ਗਿਆਨ ਜੀਵ ਦੇ ਹਿਰਦੇ ਅਤੇ ਚੇਤਨਤਾ ਨੂੰ ਕਾਲਖ਼ ਤੋਂ ਰਹਿਤ ਸੁਅੱਛਤਾ ਪ੍ਰਦਾਨ ਕਰਦਾ ਹੈ। ਜੋ ਹਿਰਦਾ ਸੁਅੱਛ ਅਤੇ ਕਾਲਖ਼ ਤੋਂ ਰਹਿਤ ਹੈ ਉਸ ਦੀਆਂ ਜਜ਼ਬਾਤੀ ਅਤੇ ਅਨੁਭਵੀ ਤਰੰਗਾਂ ਉਸ ਨੂੰ ਪੰਚ-ਮੁਖੀ ਖੇਤਰ ਵਿਚੋਂ ਉਭਾਰ ਕੇ ਸਰਬ-ਮੁਖੀ ਖੇਤਰ ਵਿਚ ਲੈ ਜਾਂਦੀਆਂ ਹਨ ਜਿਥੋਂ ਤੱਤ ਗਿਆਨ ਆਰੰਭ ਹੁੰਦਾ ਹੈ। ਤੱਤ੍ਰ ਗਿਆਨ ਹੀ ਉਜਾਲਾ ਹੈ ਜਿਸ ਦੇ ਆਸਰੇ ਵਾਸਤਵਿਕ ਸੱਤਾ ਦੇ ਖੇਤਰ ਦੀਆਂ ਉਡਾਨਾਂ ਆਰੰਭ ਹੁੰਦੀਆਂ ਹਨ। ਅਗਿਆਨਤਾ ਅੰਧੇਰਾ ਹੈ, ਕਾਲਖ਼ ਹੈ, ਇਸ ਵਿਚ ਚਾਨਣ ਅਤੇ ਰੌਸ਼ਨੀ ਦਾ ਅਭਾਵ ਹੁੰਦਾ ਹੈ। ਅੰਧੇਰੀ ਕਾਲਖ਼ਤਾ ਦੇ ਕਾਰਣ ਜੀਵਾਤਮਾ ਅੰਧੇਰੀ ਰਾਤ੍ਰੀ ਦਾ ਵਸਨੀਕ ਬਣ ਜਾਂਦਾ ਹੈ। ਅਗਿਆਨਤਾ ਦੇ ਕਾਰਣ ਆਤਮਾ ਦਾ ਰੰਗ ਭੀ ਕਾਲਖ਼ ਸੰਯੁਕਤ ਹੋਇ ਨਿਖਰਦਾ ਹੈ। ਕਾਲੁਖ਼ਤ ਆਤਮਾ ਵਾਸਤਵਿਕ ਸੱਤਾ ਦੇ ਖੇਤਰ ਵਿਚ ਪ੍ਰਵੇਸ਼ ਕਰਨੋਂ ਅਸਮਰੱਥ ਹੁੰਦਾ ਹੈ, ਕਿਉਂਕਿ ਉਸ ਨੂੰ ਸਰਬ-ਮੁਖੀ ਚੇਤਨਤਾ ਦਾ ਮਾਰਗ ਦ੍ਰਿਸ਼ਟੀਮਾਨ ਨਹੀਂ ਹੁੰਦਾ। ਕਾਲੁਖ਼ਤ ਅਤੇ ਅੰਧੇਰੀ ਜੀਵਨ ਯਾਤਰਾ ਦੀ ਅਉਖਧ ਤ੍ਰਾਹਿ ਤ੍ਰਾਹਿ ਕਰਦੇ ਹੋਏ ਸਤਿਗੁਰੂ ਦੀ ਸਰਣਿ ਵਿਚ ਜਾਣਾ ਹੀ ਹਿਰਦੇ ਦੀ ਸ਼ੁਧਤਾ ਪ੍ਰਤਿ ਹਾਮੀ ਭਰਦੀ ਹੈ, ਜਿਵੇਂ :

> **ਦੂਖੁ ਅੰਧੇਰਾ ਘਰ ਤੇ ਮਿਟਿਓ ॥**
> **ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੩॥**
> **ਜਿਨਿ ਸੇਵਿਆ ਸੋ ਪਾਰਿ ਪਰਿਓ ॥**
> **ਜਨ ਨਾਨਕ ਗੁਰਮੁਖਿ ਜਗਤੁ ਤਰਿਓ ॥੪॥੧॥੧੩॥**

(ਗਉੜੀ ਮ: ੫, ਪੰਨਾ 241/12)

ਸਰਬ-ਮੁਖੀ ਗਿਆਨ ਸੰਪੰਨ ਆਤਮਾ (ਬ੍ਰਹਮ ਗਿਆਨੀ) ਹੀ ਹਰ ਜ਼ੱਰੇ ਜ਼ੱਰੇ ਵਿਚ ਵਾਹਿਗੁਰੂ ਦੀ ਜੋਤਿ ਅਥਵਾ ਇਲਹਾਮੀ ਪ੍ਰਤੱਖਤਾ ਨੂੰ ਅਨੁਭਵ ਕਰ ਸਕਦੀ ਅਤੇ ਉਨ੍ਹਾਂ ਬੁਨਿਆਦੀ ਸੋਮਿਆਂ ਨੂੰ ਭੀ ਵੇਖ ਸਕਦੀ ਹੈ ਜਿਥੋਂ ਨਿਰੰਤਰ ਚੇਤਨਤਾ ਦਾ ਅਰੁਕ ਪ੍ਰਵਾਹ ਗਤੀਬੱਧ ਹੋ ਰਿਹਾ ਹੁੰਦਾ ਹੈ। ਜਿਵੇਂ, ਸਤਿਗੁਰੂ ਨਾਨਕ ਸਾਹਿਬ ਦੁਆਰਾ ਨਾਜ਼ਲ ਹੋਈ ਦਰਗਾਹੀ ਬਾਣੀ ਦਾ ਸਰਬ-ਮੁਖੀ ਗਿਆਨ, ਉਨ੍ਹਾਂ ਦੀ ਨੂਰਾਨੀ ਹਸਤੀ, ਸੰਪੂਰਣ ਵਜੂਦ, ਪ੍ਰਥਮ ਜੋਤਿ ਨਾਲ ਸੰਯੁਕਤ ਹੋਂਦ ਨੂੰ, ਨਿਜੀ ਅਨੁਭਵਤਾ ਅਤੇ ਅੰਤ੍ਰੀਵੀ ਦ੍ਰਿਸ਼ਟੀ ਦੁਆਰਾ ਵੇਖ ਸਕਦੇ ਹਨ। ਵਾਹਿਗੁਰੂ ਦੀ ਜੋਤਿ ਭਾਵੇਂ ਕਾਇਨਾਤ ਦੇ ਹਰ ਅਣੂ ਵਿਚ ਪਰੀਪੂਰਨ ਹੋ ਰਹੀ ਹੈ ਪ੍ਰੰਤੂ ਇਸ ਜੋਤਿ ਦੇ ਅਕਸ ਨੂੰ ਸਰਬ-ਮੁਖੀ ਆਤਮਾ ਹੀ ਵਿਸ਼ਾ ਵਸਤੂ ਅਤੇ ਸਮੇਂ ਦੀਆਂ ਸੀਮਾਵਾਂ ਨੂੰ ਲੰਘ ਕੇ ਅਨੁਭਵੀ ਸੂਝ ਬੂਝ ਦੇ ਖੇਤਰ ਵਿਚੋਂ ਆਪਹੁ (ਸਵੈਮ) ਵੇਖਦੀ ਅਤੇ ਸ਼ਰਧਾਲੂਆਂ ਨੂੰ ਭੀ ਨਿਰੰਤਰੀ

ਜੋਤਿ ਵਿਖਾ ਦਿੰਦੀ ਹੈ। ਕੇਵਲ ਸਰਬ-ਮੁਖੀ ਆਤਮਾ ਹੀ ਇਕ ਐਸੀ ਸਰਬ-ਵਿਆਪਕ ਸ਼ਕਤੀ ਹੁੰਦੀ ਹੈ ਜੋ ਵਾਸਤਵਿਕ ਸੱਤਾ ਦੇ ਖ਼ਜ਼ਾਨਿਆਂ ਦੀ ਸੰਜੋਗੀ ਆਖੀ ਜਾ ਸਕਦੀ ਹੈ। ਇਸੇ ਸੱਤਾ ਦੇ ਆਧਾਰ 'ਤੇ ਉਹ ਪ੍ਰਕਿਰਤੀ ਵਿਚ ਪ੍ਰਤੀਬੱਧ ਹੋ ਰਹੀਆਂ ਬੁਰਾਈਆਂ, ਦੁਸ਼ਟ ਕ੍ਰਿਆਵਾਂ, ਵਿਆਪਕ ਨਿਰਾਸ਼ਾਵਾਦੀ ਅਨਸਰਾਂ, ਜੀਵਨ ਦੇ ਵਿਨਾਸ਼ਕ ਕਾਮੀ, ਕ੍ਰੋਧੀ, ਲਾਲਸਾ ਭਰਪੂਰ ਤੀਬ੍ਰਤਾ ਜੋ ਵਾਹਿਗੁਰੂ ਦੀ ਅਰੀਮੀ ਜੋਤਿ ਤੋਂ ਵਾਂਝੇ ਹਨ, ਉਨ੍ਹਾਂ ਨੂੰ ਵੇਖਣ ਦੀ ਸਮਰੱਥਾ ਵੀ ਰੱਖਦੀ ਹੈ ਤਾਂਕਿ ਨਿਖਿੱਧੀ ਅਤੇ ਨਾਕਾਰਾਤਮਕ (negative) ਜੀਵਾਂ 'ਤੇ ਵੀ ਰਹਿਮਤ ਹੋ ਸਕੇ। ਮੰਦਕਰਮੀ ਜੀਵਾਂ 'ਤੇ ਤਰਸ ਕਰਦਿਆਂ, ਇਨ੍ਹਾਂ ਦੇ ਅਉਖਧ ਪ੍ਰਤਿ, ਨਿਖਿੱਧ ਜੀਵਾਂ ਨੂੰ ਤਾੜਨਾ ਅਤੇ ਵਾਹਿਗੁਰੂ ਦੇ ਦਰਬਾਰ ਵਿਚ ਅਰਦਾਸ ਅਤੇ ਸ਼ਿਕਵਾ ਦਾਇਰ ਕੀਤਾ ਜਾ ਸਕੇ, ਜਿਵੇਂ :

> **ਕਾਹੇ ਜੀਅ ਕਰਹਿ ਚਤੁਰਾਈ ॥ ਲੇਵੈ ਦੇਵੈ ਢਿਲ ਨ-ਪਾਈ ॥੧॥ਰਹਾਉ॥**
> [ਤਾੜਨਾ ਹੈ]
>
> **ਤੇਰੇ ਜੀਅ ਜੀਆ ਕਾ ਤੋਹਿ ॥ ਕਿਤ ਕਉ ਸਾਹਿਬ ਆਵਹਿ ਰੋਹਿ ॥**
> [ਸ਼ਿਕਵਾ ਹੈ]
>
> **ਜੇ ਤੂ ਸਾਹਿਬ ਆਵਹਿ ਰੋਹਿ ॥ ਤੂ ਓਨਾ ਕਾ ਤੇਰੇ ਓਹਿ ॥੨॥**
>
> *(ਸਿਰੀਰਾਗੁ ਮ: ੧, ਪੰਨਾ 25/1)*

ਉਕਤ ਦਰਸਾਈ ਵਾਰਤਾ ਦੇ ਆਧਾਰ 'ਤੇ ਇਕ ਗੰਭੀਰ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਅਸੀਂ ਸਰਬ-ਮੁਖੀ ਪ੍ਰਤੱਖਤਾ ਦੀ ਅਸੀਮਤਾ ਵਿਚ ਕਿਵੇਂ ਪ੍ਰਵੇਸ਼ ਕਰ ਸਕਦੇ ਹਾਂ ? ਤਾਂਕਿ ਅਸੀਂ ਭੀ ਪੰਚ-ਮੁਖੀ ਸੰਸਾਰੀ ਸ਼ਕਤੀ (external power) ਦੇ ਦਾਇਰੇ ਨੂੰ ਲੰਘ ਕੇ ਸਰਬ-ਮੁਖੀ ਵਾਸਤਵਿਕ ਸ਼ਕਤੀ (authentic power) ਦੀ ਅਸੀਮਤਾ ਵਿਚ ਪ੍ਰਵੇਸ਼ ਕਰ ਸਕੀਏ। ਇਥੇ ਧਿਆਨ ਗੋਚਰੀ ਸਥਿਤੀ ਇਹੀ ਹੈ ਕਿ ਮਨੋਰਥ ਨਾਲੋਂ ਮਨੋਰਥ ਨੂੰ ਸਿਰੇ ਚਾੜ੍ਹਨ ਦੀ ਵਿਧੀ ਹਮੇਸ਼ਾ ਹੀ ਸੁਬੱਲ ਹੁੰਦੀ ਹੈ ਔਰ ਵਿਧੀ ਨਾਲੋਂ ਵਿਧੀ ਨੂੰ ਉਪਯੁਕਤ (ਲਾਗੂ) ਕਰਨ ਦੇ ਸਾਧਨ ਸਦਾ ਹੀ ਪ੍ਰਬਲ ਹੁੰਦੇ ਹਨ। ਉਕਤ ਧਾਰਾ ਦੇ ਆਧਾਰ 'ਤੇ ਅਸਾਡੇ ਸਾਹਮਣੇ ਤਿੰਨ ਵਿਸ਼ੇ ਹਨ —1. ਮਨੋਰਥ, 2. ਵਿਧੀ, 3. ਸਾਧਨ।

1. **ਮਨੋਰਥ :** ਸਰਬ-ਮੁਖੀ ਗਿਆਨ ਦੀ ਸ਼੍ਰੇਣੀ ਵਿਚ ਪ੍ਰਵੇਸ਼ ਕਰਨਾ ਅਤੇ ਵਾਸਤਵਿਕ ਸ਼ਕਤੀ (ਅਭੇਦਤਾ) ਦੀ ਪ੍ਰਾਪਤੀ ਕਰਨੀ।
2. **ਮਨੋਰਥ ਪ੍ਰਾਪਤੀ ਦੀ ਵਿਧੀ :** ਸਤਿਗੁਰੂ ਸਾਹਿਬ ਜੀ ਦੀ ਦੀਖਿਆ ਪ੍ਰਾਪਤ ਕਰ ਕੇ ਨਾਮ ਦੀ ਦਾਤਿ ਪ੍ਰਾਪਤ ਕਰਨੀ, ਜਿਸ ਦੇ ਆਸਰੇ ਨਿਰੰਤਰ ਵਾਸਤਵਿਕਤਾ ਵਿਚ ਲੀਨਤਾ ਹੁੰਦੀ ਹੈ।
3. **ਸਾਧਨ :** ਪਾਵਨ ਗੁਰਬਾਣੀ ਦੁਆਰਾ ਨਾਮ ਦੀ ਉਪਜ ਹੁੰਦੀ ਹੈ। ਸ਼ਰਧਾ

ਪਿਆਰ ਅਤੇ ਸਤਿਕਾਰ ਦੁਆਰਾ ਦਰਗਾਹੀ ਬਾਣੀ ਦਾ ਪੜ੍ਹਨਾ, ਵਿਚਾਰਨਾ, ਜੀਵਨ ਵਿਚ ਢਾਲਣਾ, ਸ਼ਬਦ ਦੀ ਸੂਝ ਪ੍ਰਤਿ ਘਾਲ ਕਮਾਈ ਕਰਨੀ ਜਿਥੋਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗਿਆਨ ਦੀ ਮੰਜ਼ਲ ਨੂੰ ਸਰ ਕਰਨ ਲਈ ਤਿੰਨ ਪੜਾਅ ਹਨ—ਅੱਖਰੀ ਗਿਆਨ, ਅਨੁਭਵੀ ਗਿਆਨ, ਤੱਤੂ ਗਿਆਨ।

1. ਅੱਖਰੀ ਗਿਆਨ

ਪਾਵਨ ਗੁਰਬਾਣੀ ਦੇ ਅੱਖਰੀ ਗਿਆਨ ਦੁਆਰਾ ਜਗਿਆਸੂ ਦੇ ਹਿਰਦੇ ਵਿਚ ਗੁਰਬਾਣੀ ਪ੍ਰਤਿ ਸ਼ਰਧਾ, ਪਿਆਰ, ਸਤਿਕਾਰ ਦੀ ਭਾਵਨਾ ਅਤੇ ਅਨੁਭਵਤਾ (emotions and feelings) ਉਤਪੰਨ ਹੁੰਦੀਆਂ ਹਨ। ਜਿਥੇ ਸ਼ਰਧਾ, ਪਿਆਰ, ਸਤਿਕਾਰ, ਭਾਵਨਾ ਅਤੇ ਅਨੁਭਵਤਾ ਸੰਯੁਕਤ ਹੋ ਜਾਣ, ਉਥੇ ਵਾਸਤਵਿਕ ਸ਼ਕਤੀ ਦਾ ਉਜਾਲਾ ਹੋ ਜਾਣਾ ਸੁਭਾਵਕ ਵਿਸ਼ਾ ਹੈ। ਉਜਾਲਾ ਜਾਂ ਜੋਤਿ ਆਤਮਾ ਵਲੋਂ ਹਿਰਦੇ ਵੱਲ ਨੂੰ ਆਉਣ ਵਾਲੀ ਰੌਸ਼ਨੀ ਦੀ ਕਿਰਨ ਹੈ। ਇਸ ਜੋਤਿ ਦੇ ਪਿੱਛੇ ਲੱਗ ਕੇ ਅਸਾਡੀ ਮਨੋਖਤਾ ਆਤਮਾ ਵੱਲ ਝਾਘਣ ਦਾ ਯਤਨ ਕਰਦੀ ਹੈ। ਆਤਮਕ ਖੇਤਰ ਵਿਚ ਪ੍ਰਵੇਸ਼ਤਾ ਹੀ ਅਨੁਭਵੀ ਗਿਆਨ ਦਾ ਆਰੰਭ ਹੈ, ਜਿਵੇਂ :

ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥

(ਜਪੁਜੀ, ਪੰਨਾ 4/7)

2. ਅਨੁਭਵੀ ਗਿਆਨ

ਜਿਥੇ ਰੌਸ਼ਨੀ ਨਹੀਂ ਉਥੇ ਸਵੈਮ ਹੀ ਅੰਧੇਰਾ ਪ੍ਰਵੇਸ਼ ਕਰਦਾ ਹੈ, ਭਾਵ, ਜਿਸ ਹਿਰਦੇ ਵਿਚ ਗਿਆਨ ਨਹੀਂ ਉਥੇ ਸੁਭਾਵਕ ਹੀ ਅਗਿਆਨਤਾ ਛਾ ਜਾਂਦੀ ਹੈ। ਅੰਧੇਰੇ ਵਿਚ ਠੋਕਰ ਖਾ ਜਾਣਾ, ਅਗਿਆਨਤਾ ਦੇ ਕਾਰਣ ਸਚਾਈ ਵਲੋਂ ਗੁੰਮਰਾਹ ਹੋ ਜਾਣਾ, ਇਨਸਾਨੀ ਜ਼ਿੰਦਗੀ ਦੇ ਸੁਭਾਵਕ ਚਿੰਨ੍ਹ ਹੀ ਆਖੇ ਜਾ ਸਕਦੇ ਹਨ। ਅਨੁਭਵੀ ਗਿਆਨ ਦੀ ਲੋਅ ਵਿਚ ਜੀਵ ਦਾ ਮਨ ਨਿਜੀ ਮੰਦ-ਕਰਮੀ ਕਰੂਪਤਾ ਨੂੰ ਅਨੁਭਵ ਕਰ ਕੇ, ਸ਼ਰਧਾ, ਪਿਆਰ, ਸਤਿਕਾਰ, ਦਇਆ, ਧਰਮ, ਪਰਉਪਕਾਰ ਜੈਸੇ ਸ਼ੁਭ ਗੁਣਾਂ ਦੁਆਰਾ ਚਿਰੰਕਾਲੀ ਮਲੀਨਤਾ ਨੂੰ ਧੋ ਧੋ ਕੇ ਹਿਰਦੇ ਦਾ ਦਰਪਨ ਨਿਰਮਲਤਾ ਵਿਚ ਬਦਲ ਦਿੰਦਾ ਹੈ ਜਿਸ ਦੇ ਆਸਰੇ ਜੀਵ ਦੀ ਆਤਮਾ ਸਵੈਮ ਸਰੂਪ ਨੂੰ ਅਵਲੋਕਨ ਕਰਦੀ ਹੈ। ਹਿਰਦੇ ਦਾ ਸ਼ੀਸ਼ਾ ਸੁਅੱਛ ਹੋਣ ਕਰਕੇ ਅੰਧੇਰਾ ਖ਼ਤਮ ਹੋ ਜਾਂਦਾ ਹੈ। ਅਗਿਆਨਤਾ ਦਾ ਅਭਾਵ ਹੋਣਾ ਹੀ ਹਲਤਿ ਪਲਤਿ ਦੇ ਸੁਖਾਂ ਦਾ ਆਰੰਭ ਹੈ। ਰੌਸ਼ਨੀ ਦਾ ਨਾ ਹੋਣਾ ਹੀ ਦੁਖ ਭੋਗਣ ਦਾ ਕਾਰਣ ਹੈ ਕਿਉਂਕਿ ਅੰਧੇਰਾ ਅਸਾਡੀ ਮੰਦ-ਕਰਮੀ ਬਿਰਤੀ

ਨੂੰ ਉਤਸ਼ਾਹਤ ਕਰਦਾ ਹੈ। ਮੰਦ-ਕਰਮੀ ਆਤਮਾ ਸਾਰੀਆਂ ਹਾਲਤਾਂ ਵਿਚ ਗਿਆਨ ਦੀ ਰੌਸ਼ਨੀ ਵਲੋਂ ਸੱਖਣੀ ਹੋਣ ਕਰਕੇ ਦੁਖ ਭੋਗਦੀ ਹੈ। ਲਿਹਾਜ਼ਾ, ਅੰਧੇਰਾ ਦੁਖ ਹੈ, ਰੌਸ਼ਨੀ ਸੁਖ ਹੈ, ਜਿਵੇਂ :

In all cases evil personality is absence of light. The absence of light causes the personality to suffer.

ਜੇ ਆਤਮਾ ਆਵਾਗਵਨ ਦੇ ਚੱਕਰਾਂ ਵਿਚ ਗ੍ਰਸੀ ਹੋਈ ਹੋਵੇ, ਉਸ ਵਾਸਤੇ ਪਰਾਜੋਤਿ ਦਾ ਵੇਖਣਾ ਅਤਿ ਕਠਿਨ ਅਥਵਾ ਕਈ ਦਫ਼ਾ ਅਸੰਭਵ ਭੀ ਹੁੰਦਾ ਹੈ ਕਿਉਂਕਿ ਜੀਵਨ ਇਕ ਰੈਣ-ਬਸੇਰਾ ਹੈ, ਮਹਿਮਾਨ-ਨਵਾਜ਼ੀ ਅਥਵਾ ਪ੍ਰਾਹੁਣਚਾਰੀ ਹੈ, ਥੋੜੇ ਸਮੇਂ ਦਾ ਮਹਿਮਾਨ ਵਾਸਤਵਿਕ ਜੋਤਿ ਨੂੰ ਵੇਖਣ ਦੀ ਸਮਰੱਥਾ ਨਹੀਂ ਰੱਖਦਾ। ਜੀਵਨ ਦੇ ਦੌਰਾਨ ਜੀਵ ਦੀ ਰੁਚੀ ਹਰਿ ਧਨ ਸੰਚਨ ਦੇ ਥਾਂ ਸੰਸਾਰੀ ਪਦਾਰਥਾਂ ਦੀ ਇਕੱਤ੍ਰਤਾ ਵਿਚ ਰੁੱਝੀ ਰਹਿੰਦੀ ਹੈ। ਗਿਆਨ ਪ੍ਰਾਪਤੀ ਦੀ ਰੁਚੀ ਦਾ ਅਭਾਵ ਹੋਣਾ ਮੰਦਭਾਗੀ ਸੰਕੇਤ ਹੈ। ਗਿਆਨ ਦਾ ਨਾ ਹੋਣਾ ਹੀ ਆਤਮਾ ਦੀ ਮਲੀਨਤਾ ਦਾ ਵੱਡਾ ਕਾਰਨ ਹੈ। ਇਥੇ ਨਿਰਾਸ਼ਾਵਾਦੀ ਹੋਣ ਦੀ ਆਵਸ਼ਕਤਾ ਨਹੀਂ ਹੈ ਕਿਉਂਕਿ ਵਾਹਿਗੁਰੂ ਦੀ ਜੋਤਿ ਹਮੇਸ਼ਾ ਹੀ ਬ੍ਰਹਮੰਡ ਦੇ ਹਰ ਇਕ ਅਣੂ ਵਿਚ ਪਸਾਰੇ ਦੇ ਹਰ ਫੈਲਾਉ ਵਿਚ, ਓਤਿ ਪੋਤਿ ਹੋ ਰਹੀ ਹੈ। ਕੇਵਲ ਲੋੜ ਹੈ ਕਿਸੇ ਖ਼ਾਸ ਜੁਗਤੀ ਦੀ, ਜਿਸ ਦੇ ਆਸਰੇ ਸਰਬ-ਮੁਖੀ ਗਿਆਨ ਅਥਵਾ ਵਾਹਿਗੁਰੂ ਦੀ ਜੋਤਿ ਜੀਵ ਦੇ ਹਿਰਦੇ ਵਿਚ ਸੁਭਾਵਕ ਹੀ ਪ੍ਰਵੇਸ਼ ਕਰਦੀ ਹੈ। ਆਪ ਜੀ ਉਕਤ ਵਾਰਤਾ ਵਿਚ ਪੜ੍ਹ ਆਏ ਹੋ ਕਿ ਮੰਤਵ ਨਾਲੋਂ ਜੁਗਤੀ ਮਹਾਨ ਹੁੰਦੀ ਹੈ। ਹੁਣ ਅਸਾਡੇ ਸਾਹਮਣੇ ਸਮੱਸਿਆ ਇਹ ਹੈ ਕਿ, ਜੁਗਤੀ ਕਿਥੋਂ ਤੇ ਕਿਵੇਂ ਪ੍ਰਾਪਤ ਹੋਵੇ ? ਤਾਂਕਿ ਅੰਧੇਰੇ ਵਿਚ ਯਾਤਰਾ ਕਰ ਰਹੀ ਆਤਮਾ ਨੂੰ ਚਾਨਣ ਦੀ ਲੋਅ ਮਿਲ ਸਕੇ। ਅੰਧ ਕੂਪ ਵਿਚ ਡਿੱਗੀ ਆਤਮਾ ਅਵਰੋਹੀ ਖ਼ੰਦਕਾਂ ਤੋਂ ਬਾਹਰ ਨਿਕਲ ਸਕੇ। ਇਸ ਸਮੱਸਿਆ ਦਾ ਸਮਾਧਾਨ ਇਲਹਾਮੀ ਬਾਣੀ ਦੇ ਖ਼ਜ਼ਾਨੇ ਵਿਚੋਂ ਹੀ ਪ੍ਰਾਪਤ ਹੋ ਸਕਦਾ ਹੈ, ਜਿਵੇਂ :

ਐਸੇ ਕਾਹੇ ਭੂਲਿ ਪਰੇ ॥ ਕਰਹਿ ਕਰਾਵਹਿ ਮੂਕਰਿ ਪਾਵਹਿ,
ਪੇਖਤ ਸੁਨਤ ਸਦਾ ਸੰਗਿ ਹਰੇ ॥੧॥ਰਹਾਉ॥
ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ ॥
ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ ਲਪਟਾਇ ਜਰੇ ॥੧॥
ਅੰਧ ਕੂਪ ਮਹਿ ਪਰਿਓ ਪਰਾਨੀ ਭਰਮ ਗੁਬਾਰ ਮੋਹ ਬੰਧਿ ਪਰੇ ॥
ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ ਭੇਟੈ ਕਾਢੈ ਬਾਹ ਫਰੇ ॥੨॥੧੦॥੯੬॥

(ਬਿਲਾਵਲੁ ਮ: ੫, ਪੰਨਾ 823/10)

ਅਰਥ : ਪਤਾ ਨਹੀਂ, ਇਹ ਸੰਸਾਰੀ ਜੀਵ ਇਸ ਤਰ੍ਹਾਂ ਕੁਰਾਹੇ ਕਿਉਂ ਪਏ

ਹਨ ? ਮੰਦੇ ਕਰਮ ਆਪਹੁ ਕਰਦੇ ਅਤੇ ਦੂਜੇ ਸਾਥੀਆਂ ਤੋਂ ਕਰਵਾਉਂਦੇ ਹਨ। ਮੰਦੇ ਕਰਮਾਂ ਨੂੰ ਛੁਪਾਵਨ ਹਿਤ ਮੁਕਰ ਭੀ ਜਾਂਦੇ ਹਨ ਪ੍ਰੰਤੂ ਵਾਹਿਗੁਰੂ ਹਮੇਸ਼ਾ ਹੀ ਇਨ੍ਹਾਂ ਦੇ ਨਾਲ ਵਿਚਰਦਾ ਹੈ, ਸਭਨਾਂ ਦੇ ਕੀਤੇ ਕਰਮਾਂ ਨੂੰ ਵੇਖਦਾ ਅਤੇ ਬੋਲ ਬਾਣੀ ਨੂੰ ਸੁਣਦਾ ਹੈ।

ਸੰਸਾਰੀ ਜੀਵ ਸੋਨੇ ਦਾ ਵਿਹਾਰ ਤਿਆਗ ਕੇ ਕੱਚ ਦਾ ਵਾਪਾਰ ਕਰਦੇ ਹਨ, ਭਾਵ, ਸੱਚੇ ਮਿੱਤਰ ਵਾਹਿਗੁਰੂ ਨੂੰ ਛੱਡ ਕੇ ਕਾਮ ਆਦਿ ਵੈਰੀਆਂ ਨਾਲ ਪਿਆਰ ਕਰਦੇ ਹਨ। ਸਦੀਵੀ ਥਿਰ ਰਹਿਣ ਵਾਲਾ ਵਾਹਿਗੁਰੂ ਅਤੇ ਉਸ ਦਾ ਨਾਮ ਕੌੜਾ ਲੱਗਦਾ ਹੈ। ਜੋ ਥਿਰ ਨਹੀਂ ਰਹਿਣਾ (ਮਾਇਕ ਪਸਾਰਾ) ਮਿੱਠਾ ਲੱਗਦਾ ਹੈ। ਮਾਇਕ ਪਦਾਰਥਾਂ ਵਿਚ ਗ੍ਰਸੇ ਹੋਏ ਪਰਸਪਰ ਜਲਦੇ ਸੜਦੇ ਹਨ।

ਇਸ ਤਰ੍ਹਾਂ ਜੀਵ ਪਦਾਰਥਾਂ ਦੇ ਅੰਨ੍ਹੇ ਖੂਹ ਵਿਚ ਡਿੱਗ ਪਿਆ ਹੈ। ਭਰਮ (ਅਗਿਆਨਤਾ) ਦੇ ਅੰਧੇਰੇ ਵਿਚ ਹੋਣ ਕਰਕੇ ਮਾਇਕ ਬੰਧਨਾਂ ਵਿਚ ਜਕੜੇ ਪਏ ਹਨ। ਹੇ ਨਾਨਕ ਆਖੁ, ਜਦੋਂ ਓਹ ਵਾਹਿਗੁਰੂ ਇਨ੍ਹਾਂ 'ਤੇ ਦਇਆ ਧਾਰਦਾ ਹੈ ਤਦ ਗੁਰੂ ਦਾ ਮਿਲਾਪ ਬਖ਼ਸ਼ਦਾ ਹੈ ਔਰ ਗੁਰੂ ਇਨ੍ਹਾਂ ਦੀ ਬਾਂਹ ਫੜ ਕੇ ਅੰਨ੍ਹੇ ਖੂਹ ਵਿਚੋਂ ਕੱਢ ਲੈਂਦਾ ਹੈ।

ਅਗਿਆਨੀ ਜੀਵ ਹਮੇਸ਼ਾ ਹੀ ਚੇਤਨ ਸੱਤਾ ਵਲੋਂ ਸੱਖਣਾ ਅਥਵਾ ਬਹੁਤ ਸੁੰਗੜੀ ਹੋਈ ਚੇਤਨਤਾ ਵਿਚ ਵਿਚਰਦਾ ਹੈ, ਇਸ ਵਾਸਤੇ ਉਸ ਦੀ ਰੁਚੀ ਸ਼ੁਭ ਕਰਮਾਂ ਦੀ ਬਜਾਇ ਮੰਦੇ ਕਰਮਾਂ ਵੱਲ ਜ਼ਿਆਦਾ ਪ੍ਰੇਰਤ ਹੁੰਦੀ ਹੈ। ਨਿਖੇਧਾਤਮਕ ਰੁਚੀ ਦਾ ਜੀਵ ਹਮੇਸ਼ਾ ਹੀ ਭੈ, ਨਿਰਾਸ਼ਾ, ਘਬਰਾਹਟ ਅਤੇ ਰੰਜਸ਼ ਜੈਸੇ ਵਾਤਾਵਰਣ ਦੀ ਉਲੀਕਣਾ ਕਰਦਾ ਹੈ। ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਮੰਦ-ਕਰਮੀ ਅਥਵਾ ਨਿਖੇਧਾਤਮਕ ਜੀਵ ਦੇ ਸੰਕੇਤਕ ਚਿੰਨ੍ਹ ਕੈਸੇ ਹੁੰਦੇ ਹਨ ? ਇਸ ਪ੍ਰਤਿ ਸਾਰਥਿਕ ਅਥਵਾ ਵਿਸ਼ਿਸ਼ਟ ਤਜਰਬਾ ਇਹੀ ਹੈ ਕਿ ਮੰਦ-ਕਰਮੀ ਜੀਵ ਦੀ ਨਿਸ਼ਾਨੀ ਵਾਹਿਗੁਰੂ ਦੀ ਜੋਤਿ ਦਾ ਅਭਾਵ ਅਗਿਆਨਤਾ ਅਤੇ ਆਤਮਕ ਜੋਤਿ ਵਲੋਂ ਸੱਖਣਾ ਹੋਣਾ ਹੈ। ਆਤਮਕ ਜੋਤਿ ਦੀ ਪ੍ਰਵੇਸ਼ਤਾ ਹਿਤ ਅਤਿ ਲਾਜ਼ਮੀ ਹੈ ਕਿ ਜੀਵ ਸਤਿਗੁਰੂ ਦੀ ਸਰਣਿ ਵਿਚ ਆਵੇ, ਸੱਚਾ ਸਤਿਗੁਰੂ ਸ਼ਬਦ ਦੀ ਛੁਹ ਦੁਆਰਾ, ਨਿਖੇਧਾਤਮਕ ਜੀਵ ਦੀ ਅੰਨ੍ਹੇ ਖੂਹ ਦੀਆਂ ਅਵਰੋਹੀ ਖੰਦਕਾਂ ਵਿਚ, ਦੱਬੀ ਹੋਈ ਅੰਤ੍ਰੀਵੀ ਜੋਤਿ ਦਾ ਮਿਲਾਪ, ਸਰਬ-ਮੁਖੀ ਵਾਸਤਵਿਕ ਜੋਤਿ ਨਾਲ ਸੰਯੁਕਤ ਕਰ ਦਿੰਦਾ ਹੈ। ਗੁਪਤ ਜੋਤਿ ਦੇ ਪ੍ਰਗਟ ਹੋਇਆਂ ਮੰਦ-ਕਰਮੀ ਜੀਵ ਨੂੰ ਅਨੁਭਵਤਾ ਦਾ ਗਿਆਨ ਪ੍ਰਾਪਤ ਹੁੰਦਾ ਹੈ, ਜਿਵੇਂ :

ਸਭ ਏਕਾ ਜੋਤਿ ਜਾਣੈ ਜੇ ਕੋਈ ॥ ਸਤਿਗੁਰੁ ਸੇਵਿਐ ਪਰਗਟੁ ਹੋਈ ॥
ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ ॥੨॥

(ਮਾਝ ਮ: ੩, ਪੰਨਾ 120/11)

ਜਿਥੇ ਕਿਥੇ ਭੀ ਪਵਿੱਤਰ ਅਨੁਭਵਤਾ ਅਥਵਾ ਵਾਸਤਵਿਕ ਜੋਤਿ ਦਾ ਅਭਾਵ ਹੋ ਜਾਵੇ, ਉਥੇ ਅਗਿਆਨਤਾ ਦਾ ਛਾ ਜਾਣਾ ਇਕ ਸੁਭਾਵਕ ਜਿਹੀ ਸਥਿਤੀ ਹੈ। ਇਹ ਇਕ ਐਸੀ ਸਾਰਥਿਕ ਵਿਚਾਰ ਹੈ ਕਿ ਅੰਧੇਰੇ ਵਿਚ ਠੋਕਰ ਖਾ ਜਾਣਾ ਅਕਸਰ ਇਕ ਸਾਧਾਰਣ ਸੰਭਾਵਨਾ ਹੈ ਅੋਰ ਅਗਿਆਨਤਾ ਵਿਚ ਗ੍ਰਸਿਆ ਹੋਇਆ ਇਨਸਾਨ ਦੁਬਿਧਾ-ਧਾਰੀ ਹੋ ਕੇ, ਅਕਸਰ ਕੁਰਾਹੇ ਪੈ ਹੀ ਜਾਂਦਾ ਹੈ। ਅੰਧੇਰੇ ਵਿਚ ਜੀਵਨ ਦਾ ਸਥਾਈ ਰਹਿਣਾ ਅਸੰਭਵ ਹੈ। ਜੀਵਨ ਦੀ ਹਸਤੀ ਨੂੰ ਕਾਇਮ ਰੱਖਣ ਹਿਤ, ਅੰਤ ਨੂੰ ਹਰ ਇਕ ਆਤਮਾ ਨੂੰ ਰੌਸ਼ਨੀ ਵਿਚ ਪ੍ਰਵੇਸ਼ ਕਰਨਾ ਹੀ ਪਵੇਗਾ। ਗਿਆਨ ਰੌਸ਼ਨੀ ਹੈ ਅਤੇ ਰੌਸ਼ਨੀ ਜੀਵਨ ਹੈ। ਜੀਵਨ ਦੀ ਧਾਰਾ ਨੂੰ ਸਥਾਈ ਵੇਗ ਵਿਚ ਗਤੀਬੱਧ ਰੱਖਣ ਹਿਤ, ਵਾਹਿਗੁਰੂ ਨੇ ਅਨੁਭਵੀ ਗਿਆਨ ਦੀ ਧਾਰਾ ਦਾ ਸੰਚਾਰ ਨਿਜੀ ਪੈਗੰਬਰਾਂ ਦੇ ਰਾਹੀਂ ਸਮੇਂ ਸਮੇਂ, ਹਰ ਇਕ ਆਤਮਾ ਤਕ ਪਹੁੰਚਾਉਣ ਦਾ ਯਤਨ ਕੀਤਾ ਹੈ ਤਾਂਕਿ ਕੋਈ ਭੀ ਜੀਵਾਤਮਾ ਜੀਵਨ ਸਰਮਾਏ ਤੋਂ ਵਿਰਵੀ ਨਾ ਰਹੇ। ਜ਼ਿੰਦਗੀ ਦੀ ਵਾਸਤਵਿਕਤਾ ਨੂੰ ਸਮਝਣ ਹਿਤ, ਜੀਵ ਨੂੰ ਅਨੇਕਾਂ ਹੀ ਜਨਮ ਧਾਰਨੇ ਪੈਂਦੇ ਹਨ ਕਿਉਂਕਿ ਮਲੀਨਤਾ ਦੇ ਬੱਦਲ ਇਤਨੇ ਗਹਿਰੇ ਹੋ ਜਾਂਦੇ ਹਨ ਕਿ ਗਿਆਨ ਦੀ ਕਿਰਨ ਆਤਮਾ ਤਕ ਰਸਾਈ ਕਰਨੋਂ ਅਸਮਰੱਥ ਹੁੰਦੀ ਹੈ। ਗਿਆਨ ਦੀ ਕਿਰਨ ਪ੍ਰਾਪਤ ਕਰਨ ਦਾ ਸਾਧਨ ਕੇਵਲ ਪੈਗੰਬਰੀ ਪੈਗ਼ਾਮ ਹੈ। ਮਲੀਨ ਹਿਰਦਿਆਂ ਵਿਚ ਗਿਆਨ ਦੀ ਕਿਰਨ ਦਾ ਪ੍ਰਵੇਸ਼ ਨਾ ਹੋਣਾ, ਇਸ ਦਾ ਇਹ ਭਾਵ ਨਹੀਂ ਹੈ ਕਿ ਉਹ ਕਦੀ ਭੀ ਵਾਸਤਵਿਕ ਸੱਤਾ ਵਿਚ ਅਭੇਦ ਨਹੀਂ ਹੋਣਗੇ। ਬਲਕਿ, ਅਟੱਲ ਸਚਾਈ ਤਾਂ ਇਹ ਹੈ ਕਿ ਸਮੂਲਚੇ ਜੀਵਨ ਦੇ ਅੰਤ ਵਿਚ ਇਕ ਐਸਾ ਸਮਾਂ ਆਵੇਗਾ ਜਦੋਂ ਸਾਰੀ ਪ੍ਰਕਿਰਤੀ ਸਮੂਹਿਕ ਤੌਰ 'ਤੇ ਵਾਸਤਵਿਕ ਰੌਸ਼ਨੀ ਵਿਚ ਅਭੇਦ ਹੋ ਜਾਵੇਗੀ। ਨੂਰ ਦੀ ਅਜ਼ੀਮ ਨੂਰਾਨੀ ਵਿਚ ਸੰਯੁਕਤ ਹੋ ਕੇ ਨੂਰ ਹੋ ਜਾਵੇਗੀ। ਗ਼ਰਜ਼ੇਕਿ, ਜੀਵਨ ਦੀ ਆਮ ਗਤੀ ਦੇ ਦੌਰਾਨ ਅਦੁੱਤੀ ਗਿਆਨ ਦੀ ਕਿਰਨ ਅਥਵਾ ਨਾਮ ਦੀ ਧਾਰਾ ਪੈਗੰਬਰੀ ਸੰਦੇਸ਼ ਦੇ ਰਾਹੀਂ ਪ੍ਰਕਿਰਤੀ ਦੇ ਹਰ ਜੀਵ ਨੂੰ ਆਸਮਾਨੀ ਜੋਤਿ ਵਿਚ ਅਭੇਦ ਕਰ ਹੀ ਦਿੰਦੀ ਹੈ, ਜਿਵੇਂ :

ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰ ਪਾਰਬ੍ਰਹਮ ॥੯॥

(ਸਵਯੇ ਸ੍ਰੀ ਮੁਖਬਾਕ੍ ਮ: ੫, ਪੰਨਾ 1387/1)

ਬ੍ਰਹਮੰਡੀ ਗਤੀ ਦੇ ਸਿਧਾਂਤ (law of motion) ਨੂੰ ਧਿਆਨ ਵਿਚ ਰੱਖਦਿਆਂ, ਐਸੀ ਨਿਰਣਾਤਮਕ ਸਥਿਤੀ ਅਸਾਡੇ ਸਾਹਮਣੇ ਆ ਜਾਂਦੀ ਹੈ ਕਿ ਉਸ ਕਰਤਾ ਨੇ ਬ੍ਰਹਮੰਡੀ ਰਚਨਾ ਨੂੰ ਰਚਨ ਵੇਲੇ ਹਰ ਪ੍ਰਕਾਰ ਦੀ ਜ਼ਿੰਦਗੀ

ਦਾ ਸਮਤੁਲਨ ਸਥਾਪਨ ਕੀਤਾ ਹੈ ਤਾਂਕਿ ਸਮੂਲਚੀ ਜ਼ਿੰਦਗੀ ਕਿਸੇ ਵਿਸ਼ੇਸ਼ ਨੇਮਾਵਲੀ ਦੇ ਅਧੀਨ, ਪੱਧਰੀ ਵੇਗ ਵਿਚ ਗਤੀਬੱਧ ਹੁੰਦੀ ਰਹੇ। ਇਸੇ ਸਿਧਾਂਤ ਦੇ ਆਧਾਰ 'ਤੇ ਸ਼ੁਭ-ਕਰਮੀ ਅਤੇ ਮੰਦ-ਕਰਮੀ ਜੀਵਾਂ ਦਾ ਸਮਤੁਲਨ ਭੀ ਸਥਾਪਨ ਕੀਤਾ ਹੋਇਆ ਹੈ। ਗਿਆਨ ਦੇ ਪ੍ਰਤਿਕੂਲ ਅਗਿਆਨਤਾ ਦਾ ਤਵਾਜ਼ਨ (balance) ਭੀ ਕਾਇਮ ਰੱਖਿਆ ਹੈ, ਜਿਵੇਂ :

ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ ॥ ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ॥
ਦੋਵੈ ਮਾਰਿ ਜਾਇ ਇਕਤੁ ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ ॥੪॥

(ਮਾਝ ਮ: ੩, ਪੰਨਾ 126/7)

ਮੰਦ-ਕਰਮੀ ਜੀਵਾਂ ਦੇ ਜੀਵਨ ਵਿਚ ਆਮ ਕਰਕੇ ਵਾਸਤਵਿਕ ਰੌਸ਼ਨੀ ਦਾ ਅਭਾਵ ਅਤੇ ਉਨ੍ਹਾਂ ਦਾ ਜੀਵਨ ਅਨੁਭਵੀ ਗਿਆਨ ਵਲੋਂ ਵਿਰਵਾ ਹੁੰਦਾ ਹੈ। ਇਸ ਦਾ ਅਰਥ ਇਹ ਨਹੀਂ ਕਿ ਉਨ੍ਹਾਂ ਨੂੰ ਗਿਆਨ ਦੀ ਜੋਤਿ ਤੋਂ ਮਹਿਰੂਮ ਰੱਖਿਆ ਜਾਵੇ ਜਾਂ ਉਨ੍ਹਾਂ ਨਾਲ ਘਿਰਣਤ ਵਤੀਰਾ ਸਥਾਪਤ ਕੀਤਾ ਜਾਵੇ ਜਾਂ ਉਨ੍ਹਾਂ ਨੂੰ ਸਮਾਜੀ ਧਾਰਾ ਤੋਂ ਵੱਖਰੇ ਕੀਤਾ ਜਾਵੇ, ਸੰਭਵ ਹੈ, ਐਸਾ ਕੀਤਿਆਂ ਪਾਪੀ ਜੀਵ ਸਮਾਜੀ ਦ੍ਰਿਸ਼ਟੀ ਤੋਂ ਅਦ੍ਰਿਸ਼ਟ ਹੋ ਜਾਵੇਗਾ ਪ੍ਰੰਤੂ ਪਾਪ ਅਥਵਾ ਬੁਰਾਈ ਜਾਂ ਮੰਦੇ ਕਰਮ ਦਾ ਅਭਾਵ ਨਹੀਂ ਹੋਵੇਗਾ। ਮੰਦ-ਕਰਮੀ ਨੂੰ ਘਿਰਣਾ ਕਰਨੀ, ਸਜ਼ਾ ਦੇਣੀ ਜਾਂ ਨਿਸ਼ਕਰਮ ਕਰਨਾ ਵਾਜਬ ਢੰਗ ਨਹੀਂ ਹੈ, ਬਲਕਿ ਇਸ ਰੋਗ ਦਾ ਸਹੀ ਇਲਾਜ ਸਦਭਾਵਨਾ, ਰਹਿਮਦਿਲੀ, ਹਮਦਰਦੀ, ਦਇਆ, ਤਰਸ, ਪਿਆਰ, ਸਤਿਕਾਰ ਅਤੇ ਉਨ੍ਹਾਂ ਦੇ ਸੁਧਾਰ ਵਾਸਤੇ ਹਿਰਦੇ ਵਿਚੋਂ ਸ਼ਰਧਕ ਰੁਚੀ ਦਾ ਉਤਪੰਨ ਹੋਣਾ ਹੀ ਮੰਦ-ਕਰਮੀ ਸਮੱਸਿਆ ਦਾ ਵਾਜਬ ਸਮਾਧਾਨ ਹੈ। ਸਮੂਲਚੀ ਮਨੁੱਖਤਾ ਵਿਚ ਪਸਰੀਆਂ ਮੰਦ-ਕਰਮੀ ਭਾਵਨਾਵਾਂ ਨੂੰ ਠੱਲ੍ਹਣ ਹਿਤ, ਅਸਾਨੂੰ ਅਨੁਭਵੀ ਰੌਸ਼ਨੀ ਦੀ ਆਵਸ਼ਕਤਾ ਹੈ ਤਾਂਕਿ ਅਸੀਂ ਅਨੁਭਵੀ ਪ੍ਰਬੁੱਧਤਾ ਦਾ ਚਿਰਾਗ਼ ਹਿਰਦੇ ਦੇ ਮੰਦਰ ਵਿਚ ਰੌਸ਼ਨ ਕਰ ਕੇ, ਇਤਨੇ ਰੌਸ਼ਨ ਜ਼ਮੀਰ ਹੋ ਜਾਈਏ ਜਿਵੇਂ ਅਸਾਡੇ ਜੀਵਨ ਵਿਚੋਂ ਮੰਦ-ਕਰਮੀ ਬੀਮਾਰੀ ਦਾ ਇਲਾਜ ਕਰਨ ਦੀ ਯੋਗਤਾ ਹੋ ਜਾਵੇ। ਫਿਰ ਦੁਨੀਆ ਦਾ ਕੋਈ ਭੀ ਜੀਵ ਦੂਜੇ ਭਾਵ ਦੇ ਅੰਧੇਰੇ ਵਿਚ ਗੁੰਮਰਾਹ ਨਾ ਹੋ ਜਾਵੇ। ਗੁੰਮਰਾਹੀ ਤੋਂ ਬਚ ਜਾਣਾ ਸੁਖਾਂ ਦੀ ਨਗਰੀ ਵਿਚ ਪ੍ਰਵੇਸ਼ਤਾ ਹੈ ਔਰ ਗੁੰਮਰਾਹ ਹੋ ਜਾਣਾ ਦੁਖਾਂ ਦੀ ਘਾਣੀ ਹੈ, ਜਿਵੇਂ :

ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥
ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥
ਅੰਤਰਿ ਜੋਤਿ ਪਰਗਟੁ ਪਾਸਾਰਾ ॥ ਗੁਰ ਸਾਖੀ ਮਿਟਿਆ ਅੰਧਿਆਰਾ ॥
ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥

(ਮਾਝ ਮ: ੩, ਪੰਨਾ 126/9)

ਇਥੇ ਤਕ ਅਨੁਭਵੀ ਗਿਆਨ ਦੀ ਵਿਚਾਰ ਸਮਾਪਤ ਹੁੰਦੀ ਹੈ, ਅਗਲੇਰੇ ਪੰਨਿਆਂ ਵਿਚ ਤੱਤ੍ਵ ਗਿਆਨ ਪ੍ਰਤਿ ਵਿਚਾਰ ਹੋਵੇਗੀ।

3. ਤੱਤ੍ਵ ਗਿਆਨ

ਇਸ ਤੋਂ ਪਹਿਲੇ ਅਨੁਛੇਦਕ ਕਰਮ (paragraph) ਵਿਚ ਆਪ ਜੀ ਅੱਖਰੀ ਅਤੇ ਅਨੁਭਵੀ ਗਿਆਨ ਪ੍ਰਤਿ ਪੜ੍ਹ ਆਏ ਹੋ। ਅੱਖਰੀ ਗਿਆਨ ਦੀ ਪ੍ਰਾਪਤੀ ਪੰਚ-ਮੁਖੀ ਇਲਮ ਦਾ ਵਿਸ਼ਾ ਹੈ ਜੋ ਕਿ ਪੰਜਾਂ ਗਿਆਨ ਇੰਦ੍ਰੀਆਂ ਦੀ ਸਹਾਇਤਾ ਦੁਆਰਾ ਉਪਲੱਬਧ ਕੀਤਾ ਜਾ ਸਕਦਾ ਹੈ। ਇਸ ਦੀ ਪ੍ਰਾਪਤੀ ਦਾ ਫਲ-ਖੇਤਰ ਦੁਨਿਆਵੀ ਸੁਬੱਲਤਾ ਹੈ। ਦੁਨਿਆਵੀ ਸ਼ਕਤੀ ਜੀਵਨ ਦੇ ਦੋ ਪੱਖਾਂ, ਸੁਵਰਤੋਂ ਅਤੇ ਕੁਵਰਤੋਂ ਪ੍ਰਤਿ ਕੀਤੀ ਜਾ ਸਕਦੀ ਹੈ। ਸਮੁੱਚੇ ਪ੍ਰਕਿਰਤਕ ਜੀਵਨ ਦੀ ਬਿਹਤਰੀ ਜਾਂ ਹਾਨੀ ਉਸ ਵਿਅਕਤੀ ਜਾਂ ਉਸ ਸੰਸਥਾ ਜਾਂ ਉਸ ਦੇਸ 'ਤੇ ਨਿਰਭਰ ਕਰਦੀ ਹੈ, ਜਿਸ ਦੇ ਹੱਥਾਂ ਵਿਚ ਸੰਸਾਰੀ ਸ਼ਕਤੀ ਹੋਵੇ। ਸੰਸਾਰੀ ਮੰਚ 'ਤੇ ਕਈ ਇਕ ਗ਼ਜ਼ਬ-ਆਲੂਦਹ (ਕ੍ਰੋਧ ਭਰਪੂਰ) ਹਿੰਸਕ ਅਤੇ ਅਨਿਆਈ ਨੇਤਾ ਭੀ ਹੋ ਗੁਜ਼ਰੇ ਹਨ ਜਿਨ੍ਹਾਂ ਨੇ ਸੁਬੱਲਤਾ ਦੇ ਮਦ ਵਿਚ ਆਣ ਕੇ ਸਮੂਲਚੀ ਮਾਨਵਤਾ ਨੂੰ ਹਿੰਸਕ ਨਹੁੰਦਰਾਂ ਨਾਲ ਵਲੂੰਧਰਿਆ ਹੈ। ਇਨ੍ਹਾਂ ਅਣਮਨੁੱਖੀ ਕਰਤੂਤਾਂ ਨੂੰ ਕਾਬੂ ਕਰਨ ਦਾ ਢੰਗ ਉਨ੍ਹਾਂ ਆਗੂਆਂ ਨੂੰ ਮਾਰਨਾ ਜਾਂ ਸਜ਼ਾ ਦੇਣਾ ਨਹੀਂ ਹੈ ਚੁਨਾਂਚਿ ਐਸੇ ਹਿੰਸਕ ਸੱਤਾਧਾਰੀਆਂ ਨੂੰ ਖ਼ਤਮ ਕੀਤਿਆਂ ਬੇ-ਇਨਸਾਫ਼ੀ, ਗ਼ਜ਼ਬ ਭਰਪੂਰ ਆਲੂਦਗੀ ਦਾ ਅੰਤ ਨਹੀਂ ਹੋਵੇਗਾ, ਬਲਕਿ ਮੰਦ-ਕਰਮੀ ਹੋਰ ਵਧੇਰੇ ਵਧਦੀ ਹੈ। ਇਸ ਵਾਸਤੇ ਜ਼ਰੂਰਤ ਤਾਂ ਇਸ ਚੀਜ਼ ਦੀ ਹੈ ਕਿ ਇਨ੍ਹਾਂ ਸੱਤਾਧਾਰੀਆਂ ਨੂੰ ਜੋ ਸੱਤਾ ਮਦ ਵਿਚ ਬਾਵਰੇ ਹੋ ਚੁੱਕੇ ਹੋਣ, ਬਦਲੇ ਦੀ ਭਾਵਨਾ ਰੱਖਣ ਵਾਲੇ ਆਗੂਆਂ ਨੂੰ ਐਸੇ ਵਿਦਿਆਲੇ ਵਿਚ ਸਿੱਖਿਆ ਦਿੱਤੀ ਜਾਵੇ ਜਿਥੋਂ ਇਹ ਸਮੂਲਚੇ ਬ੍ਰਹਮੰਡੀ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਸਮਝ ਸਕਣ ਤਾਂਕਿ ਸੁਬੱਲਤਾ ਦੇ ਘੁਮੰਡੀ ਦੋਬਾਰਾ ਪ੍ਰਕਿਰਤਕ ਜੀਵਨ ਦਾ ਵਿਨਾਸ਼ ਨਾ ਕਰ ਸਕਣ। ਵਾਹਿਗੁਰੂ ਦੇ ਭੈ ਵਿਚ ਵਿਚਰਦੇ ਹੋਏ, ਪ੍ਰਕਿਰਤਕ ਜੀਵਨ ਦੀ ਸੇਵਾ ਅਤੇ ਪਰਉਪਕਾਰੀ ਰੁਚੀ ਦੇ ਧਾਰਨੀ ਹੋ ਜਾਣ। ਉਨ੍ਹਾਂ ਦੇ ਹਿਰਦੇ ਦੀਆਂ ਤਲਾਂ ਵਿਚ ਸਰਬ-ਪੱਖੀ ਜ਼ਿੰਦਗੀ ਪ੍ਰਤਿ ਸ਼ਰਧਾ, ਪਿਆਰ ਅਤੇ ਸਤਿਕਾਰ ਦੀ ਭਾਵਨਾ ਉਤਪੰਨ ਹੋ ਜਾਵੇ। ਇਨਸਾਨ ਦਾ ਹਿਰਦਾ ਹੀ ਇਕ ਐਸੀ ਧਰਮਸ਼ਾਲਾ ਹੈ ਜਿਥੋਂ ਅਨੁਭਵੀ ਗਿਆਨ ਦਾ ਆਰੰਭ ਹੁੰਦਾ ਹੈ। ਕੇਵਲ ਅਨੁਭਵੀ ਗਿਆਨ ਹੀ ਐਸੀ ਮੂਲਿਕ ਸ਼ਿਲਾ ਹੈ ਜਿਥੋਂ ਤੱਤ੍ਵ ਗਿਆਨ ਦੇ ਆਸਮਾਨੀ ਦੁਰਗ (ਗੜ੍ਹ) ਉਸਰਦੇ ਹਨ। ਜੀਵ ਦਾ ਹਿਰਦਾ ਹੀ ਇਕ ਐਸੀ ਦੁਰਲੱਭ ਵਸਤੂ ਹੈ ਜਿਥੋਂ ਦੁਨਿਆਵੀ ਸੱਤਾ ਦੇ ਥਾਂ, ਵਾਸਤਵਿਕ ਸ਼ਕਤੀ ਦੇ ਅਮੁੱਕ ਭੰਡਾਰੇ ਪ੍ਰਾਪਤ ਹੁੰਦੇ ਹਨ।

ਉਕਤ ਦਰਸਾਈ ਵਿਚਾਰ ਦਾ ਕੇਂਦਰੀ ਬਿੰਦੂ ਇਹੀ ਹੈ ਕਿ ਸਰਬ-ਪੱਖੀ ਗਿਆਨ ਦਾ ਧਾਰਨੀ ਜੀਵ ਕਦੀ ਭੀ ਇਕੱਲਾ ਨਹੀਂ ਹੁੰਦਾ, ਬਲਕਿ ਵਾਸਤਵਿਕ ਸ਼ਕਤੀ ਅਥਵਾ ਸਦੀਵੀ ਕਾਇਮ ਰਹਿਣ ਵਾਲੀ ਜੋਤਿ, ਹਮੇਸ਼ਾ ਹੀ ਉਸ ਦੇ ਅੰਗ ਸੰਗ ਹੁੰਦੀ ਹੈ। ਉਸ ਨੂੰ ਕਿਸੇ ਪ੍ਰਕਾਰੀ ਪੰਚ-ਮੁਖੀ ਗਿਆਨ ਦੀ ਆਵਸ਼ਕਤਾ ਨਹੀਂ ਹੁੰਦੀ। ਗ਼ਰਜ਼ੇਕਿ, ਉਸ ਦੀ ਆਸਮਾਨੀ ਪ੍ਰਸਿੱਧਤਾ ਸੁਭਾਵਕ ਹੀ ਸ੍ਰਿਸ਼ਟੀ ਦੇ ਕੋਨੇ ਕੋਨੇ ਵਿਚ ਫੈਲ ਜਾਂਦੀ ਹੈ। ਸਰਬ-ਮੁਖੀ ਗਿਆਨੀ ਵਾਸਤੇ ਕਿਸੇ ਵਿਆਪਕ ਘਟਨਾ ਨੂੰ ਸਮਝਣ ਹਿਤ, ਜ਼ਰੂਰੀ ਨਹੀਂ ਕਿ ਉਹ ਇਸ ਦੀ ਵਿਆਖਿਆ ਜਾਂ ਮਾਰਗ-ਦਰਸ਼ਨ (guidance) ਲੋਚਦਾ ਹੋਵੇ ਕਿਉਂਕਿ ਉਸ ਦੀ ਚੇਤਨਤਾ ਦਾ ਸੰਬੰਧ ਸਿੱਧਾ ਹੀ ਵਾਸਤਵਿਕ ਜੋਤਿ ਨਾਲ ਜੁੜਿਆ ਹੁੰਦਾ ਹੈ ਚੁਨਾਂਚਿ ਓਹ ਸਰੀਰਕ ਦਾਇਰੇ ਤੋਂ ਬਾਹਰ, ਸ਼ਖ਼ਸੀ ਸੋਚ ਤੋਂ ਉਪਰ, ਪਰਾ ਆਤਮਾ ਦੀ ਅਵਿਅਕਤੀ-ਗਤਿ ਵਾਸਤਵਿਕਤਾ ਦਾ ਸੰਪੂਰਣ ਸਰੂਪ ਹੁੰਦਾ ਹੈ। ਨਿਰਸੰਦੇਹ ਇਸੇ ਆਸਮਾਨੀ ਅਵਸਥਾ ਦਾ ਬਦਲ ਬ੍ਰਹਮਗਿਆਨੀ ਹੈ। ਔਰ ਬ੍ਰਹਮਗਿਆਨੀ ਹੀ ਬ੍ਰਹਮ ਦਾ ਵੇਤਾ, ਭਾਵ, ਤੱਤ੍ਵ ਗਿਆਨ ਦਾ ਸੋਮਾ ਹੈ। ਤੱਤ੍ਵ ਗਿਆਨੀ ਦਾ ਜੀਵਨ ਮਨੋਰਥ ਉਹੀ ਕੁਝ ਹੁੰਦਾ ਹੈ ਜੈਸਾ ਕਿ ਵਾਹਿਗੁਰੂ ਦਾ ਪਾਕ ਅਤੇ ਪਵਿੱਤਰ ਮਨੋਰਥ ਸਮੁੱਚੀ ਜ਼ਿੰਦਗੀ ਪ੍ਰਤਿ ਹੈ, ਜਿਵੇਂ :

ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥

ਕਿਉਂਕਿ :

ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥

(ਗਉੜੀ ਸੁਖਮਨੀ ਮ: ੫, ਪੰਨਾ 273/10)

ਸਰਬ-ਮੁਖੀ ਫ਼ਹਿਮੀਅਤ (ਤੱਤ੍ਵ ਗਿਆਨ) ਦਾ ਧਾਰਨੀ ਇਨਸਾਨ ਪ੍ਰਬੁੱਧਤਾ ਦੇ ਖੇਤਰ ਵਿਚ ਇਤਨਾ ਬੁਲੰਦ, ਤੇਜੱਸਵੀ ਅਤੇ ਗੰਭੀਰ ਹੁੰਦਾ ਹੈ ਕਿ ਓਹ ਹਰ ਤਰ੍ਹਾਂ ਦੇ ਗਿਆਨ ਦੀ ਝਲਕ ਲਮਹੇ ਦੇ ਕੋਟਾਨ-ਖੰਡ ਵਿਚ ਚੇਤਨਤਾ ਦੀਆਂ ਤਲਾਂ ਵਿਚ ਨਿਰਯਤਨ ਸਥਾਪਤ ਕਰ ਲੈਂਦਾ ਹੈ। ਉਸ ਨੂੰ ਗਿਆਨ ਹੈ ਕਿ ਮੈਂ ਮਾਣਸ ਜਨਮ ਵਿਚ ਕਿਉਂ ਅਤੇ ਕਿਸ ਪ੍ਰਯੋਜਨ ਪ੍ਰਤਿ ਆਇਆ ਹਾਂ ਔਰ ਸਮੂਲਚੇ ਪ੍ਰਕਿਰਤਕ ਜੀਵਨ ਪ੍ਰਤਿ ਮੇਰੇ ਫ਼ਰਜ਼ ਕੀ ਹਨ। ਗ਼ਰਜ਼ੇਕਿ, ਪ੍ਰਕਿਰਤਕ ਜ਼ਿੰਦਗੀ ਦੇ ਵਿਕਾਸ ਵਾਸਤੇ ਸੇਵਾ ਅਤੇ ਪਰਉਪਕਾਰੀ ਰੁਚੀ ਪ੍ਰਤਿ ਉਸਦੀ ਅੰਤ੍ਰੀਵੀ ਚੇਤਨਤਾ ਇਤਨੀ ਦਇਆਲੂ, ਕਿਰਪਾਲੂ, ਉਤਸ਼ਾਹਤ ਅਤੇ ਇਤਨੀ ਬਲਵਾਨ ਹੁੰਦੀ ਹੈ ਕਿ ਜਿਸ ਦਾ ਅਨੁਮਾਨ ਕਰਨਾ ਪੰਚ-ਮੁਖੀ ਗਿਆਨ ਦੀ ਰੇਖਾ ਤੋਂ ਬਾਹਰ ਹੈ। ਕਿਉਂਕਿ ਪੰਚ-ਮੁਖੀ ਗਿਆਨ ਜਾਂ ਦੁਨਿਆਵੀ ਚਾਤੁਰਤਾ, ਨਿਜੀ ਅਰਥਾਂ ਦੀ ਪੂਰਤੀ ਵਾਸਤੇ ਆਪਣੇ ਕਾਰਜ

ਜਨਮ ਦੀ ਰੇਖਾ ਦੂਜੇ ਸੰਸਾਰੀ ਜੀਵਾਂ ਦੀ ਕੀਮਤ 'ਤੇ ਅਥਵਾ ਜੀਵਨ ਆਹੂਤੀ 'ਤੇ ਉਸਾਰਦੀ ਹੈ। ਪੰਚ-ਮੁਖੀ ਵਿਦਵਾਨ ਦੀ ਇਹ ਕਮਜ਼ੋਰੀ ਹੈ ਕਿ ਉਹ ਅਨੁਭਵੀ ਗਿਆਨ ਦੇ ਰਹੱਸ ਤੋਂ ਅਵੇਸਲਾ ਹੁੰਦਾ ਹੈ। ਇਹੀ ਕਾਰਣ ਹੈ ਕਿ ਚਾਲੂ ਯੁਗ ਦਾ ਇਨਸਾਨ ਇਕ ਮਸ਼ੀਨ ਹੈ, ਕਿਉਂਕਿ ਉਹ ਅੰਤ੍ਰੀਵੀ ਭਾਵਨਾ ਅਤੇ ਹਿਰਦੇ ਵੇਧਕ ਸਪਰਸ਼ਤਾ (emotions and feelings) ਤੋਂ ਸੱਖਣਾ ਹੁੰਦਾ ਹੈ। ਜਦੋਂ ਕਿਸੇ ਦੇ ਅਧੀਨ ਕਿਸੇ ਵਿਅਕਤੀ ਦੀ ਸਹਾਨਭੂਤੀ (feeling) ਦਮਨ ਹੋ ਜਾਵੇ, ਉਸ ਦੀਆਂ ਭਾਵਨਾਵਾਂ ਦਾ ਰਸਾਤਲ ਦੀਆਂ ਅਵਰੋਹੀ ਖੰਦਕਾਂ ਵਿਚ ਅਲੋਪ ਹੋ ਜਾਣਾ, ਇਕ ਸੁਭਾਵਕ ਸਥਿਤੀ ਹੀ ਆਖੀ ਜਾ ਸਕਦੀ ਹੈ। ਇਨਸਾਨੀ ਜੀਵਨ ਦੇ ਵਿਕਾਸ ਵਾਸਤੇ ਅਤਿਅੰਤ ਹੀ ਲਾਜ਼ਮੀ ਹੈ ਕਿ ਉਸ ਦੀਆਂ ਭਾਵਨਾਵਾਂ ਦਾ ਪਰਸਪਰ ਅੰਤ੍ਰੀਵੀ ਟਕਰਾਉ ਕਿਸੇ ਭੀ ਢੰਗ ਦੁਆਰਾ ਹਿਰਦੇ ਦੇ ਤਲ ਤੋਂ ਬਾਹਰ ਨਿਕਲਣਾ ਚਾਹੀਦਾ ਹੈ। ਜਿਵੇਂ ਅਸੀਂ ਸਰੀਰਕ ਗੰਦਗੀ ਨੂੰ ਨਿਤਾ-ਪ੍ਰਤਿ ਨੇਮ ਦੇ ਅਨੁਸਾਰ ਸਰੀਰ ਤੋਂ ਬਾਹਰ ਕੱਢਦੇ ਹਾਂ ਤਾਂਕਿ ਅਸਾਡੀ ਅਰੋਗਤਾ ਕਾਇਮ ਰਹੇ। ਨਿਰਸੰਦੇਹ, ਇਸੇ ਸਿਧਾਂਤ ਦੇ ਅਧੀਨ ਅੰਤ੍ਰੀਵੀ ਭਾਵਨਾਵਾਂ ਦੀ ਜ਼ਹਿਰ ਹਿਰਦੇ ਵਿਚੋਂ ਬਾਹਰ ਕੱਢਿਆਂ ਹੀ, ਆਤਮਕ ਆਰੋਗਤਾ ਕਾਇਮ ਰਹਿ ਸਕਦੀ ਹੈ ਜਿਥੋਂ ਅਨੁਭਵੀ ਗਿਆਨ ਦਾ ਵਿਕਾਸ ਹੋ ਸਕਦਾ ਹੈ ਔਰ ਅਨੁਭਵੀ ਗਿਆਨ ਹੀ ਤੱਤ੍ਵ ਗਿਆਨ ਦਾ ਆਧਾਰ ਹੈ। ਅਨੁਭਵੀ ਗਿਆਨ ਦੀ ਅੰਤਰ ਪ੍ਰੇਰਣਾ ਪੰਜਾਂ ਗਿਆਨ ਇੰਦ੍ਰੀਆਂ ਤੋਂ ਪਾਰ ਇਕ ਐਸੀ ਵਾਸਤਵਿਕ ਜੋਤਿ ਹੈ ਜੋ ਤੱਤ੍ਵ ਗਿਆਨ ਦੀ ਪ੍ਰਾਪਤੀ ਵਾਸਤੇ ਸਹਾਇਤਾ ਕਰਦੀ ਹੈ। ਇਹ ਇਕ ਐਸੀ ਪ੍ਰਬੁਧਿਕ ਸਮੱਗਰੀ ਹੈ ਜੋ ਪੰਚ-ਮੁਖੀ ਸਰੀਰਕ ਚੇਤਨਾ ਤੋਂ ਬਿਨਾਂ ਸਰਬ-ਮੁਖੀ ਵਾਸਤਵਿਕ ਚੇਤਨਾ ਦੇ ਖੇਤਰ ਵਿਚ ਕੰਮ ਕਰਦੀ ਹੈ। ਪ੍ਰਤੱਖ ਗਿਆਨ ਦੀ ਪ੍ਰਣਾਲੀ ਅਸਥੂਲਿਕ ਸਰੀਰ ਦੇ ਵਿਚ ਰਹਿੰਦੀ ਹੋਈ, ਤੱਤ੍ਵ ਗਿਆਨ ਦੀ ਪ੍ਰਾਪਤੀ ਹਿਤ ਨਿਰੰਤਰ ਯਤਨਸ਼ੀਲ ਰਹਿੰਦੀ ਹੈ। ਜਿਸ ਦੀ ਉਪਾਧੀ 'ਸੁਰਤੀ' (instinct) ਦੇ ਨਾਂ ਨਾਲ ਪੁਕਾਰੀ ਜਾਂਦੀ ਹੈ। ਇਨਸਾਨੀ ਕਾਇਆਂ ਵਿਚ ਸੁਰਤੀ ਇਕ ਐਸੀ ਚੇਤਨ ਸੱਤਾ ਹੈ ਜੋ ਮਨ ਬੁੱਧੀ ਅਤੇ ਪੰਜਾਂ ਗਿਆਨ ਇੰਦ੍ਰੀਆਂ ਤੋਂ ਉਪਰ ਨਿਰਗੁਣ ਤੋਂ ਸਰਗੁਣ ਵਿਚ ਮਨੁੱਖੀ ਚੇਤਨਾ ਨੂੰ ਪਰਿਵਰਤ ਕਰਦੀ ਹੈ। ਲਿਹਾਜ਼ਾ, ਅਨੁਭਵੀ ਗਿਆਨ ਦੀ ਪ੍ਰਣਾਲੀ ਨੂੰ ਤੱਤ੍ਵ ਗਿਆਨ ਦੀ ਪ੍ਰਣਾਲੀ ਵਿਚ ਤਬਦੀਲ ਕਰਦੀ ਹੈ। ਗ਼ਰਜ਼ੇਕਿ, ਸੁਰਤੀ ਹੀ ਇਨਸਾਨ ਦਾ ਇਰਾਦਾ ਘੜਦੀ ਹੈ ਅਥਵਾ "ਜੇਹੀ ਸੁਰਤਿ ਤੇਹਾ ਤਿਨ ਰਾਹੁ" ਉਲੀਕਦੀ ਹੈ, ਜਿਵੇਂ:

> **ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥**
> **ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ ਇਕੋ ਆਵਹੁ ਜਾਹੁ ॥੧॥**

(ਸਿਰੀਰਾਗੁ ਮ: ੧, ਪੰਨਾ 24/19)

ਇਨਸਾਨੀ ਜਿਸਮ ਵਿਚ ਸੁਰਤੀ ਇਕ ਪ੍ਰਕਾਰ ਦੀ ਕਿਸ਼ਤੀ ਅਥਵਾ ਬੇੜੀ ਹੈ ਜਿਸ ਦੇ ਆਸਰੇ ਜੀਵ ਦੀ ਚੇਤਨ ਸੱਤਾ ਅਨੁਭਵੀ ਗਿਆਨ ਦੇ ਸਾਗਰ ਨੂੰ ਲੰਘ ਕੇ ਤੱਤ੍ਵ ਗਿਆਨ ਦੇ ਨੂਰ ਵਿਚ ਸਦੀਵੀ ਲੀਨਤਾ ਪ੍ਰਾਪਤ ਕਰਦੀ ਹੈ। ਅਨੁਭਵੀ ਗਿਆਨ ਹਿਰਦੇ ਦੀ ਉਪਜ ਹੈ ਅਤੇ ਸੁਰਤੀ ਦਾ ਨਿਵਾਸ ਭੀ ਜੀਵ ਦੇ ਹਿਰਦੇ ਵਿਚ ਹੈ ਜੋ ਪਦਾਰਥਵਾਦੀ ਸੰਸਾਰ ਵਿਚ ਵਿਚਰਦੀ ਹੋਈ ਪਰਾ-ਸੂਖਸ਼ਮਤਾ ਤਕ ਰਸਾਈ ਕਰਦੀ ਹੈ। ਸ਼ਬਦ ਦੀ ਵਲਗਣ ਵਿਚ ਰਹਿੰਦੀ ਹੋਈ, ਸ਼ਬਦ ਵਿਚ ਲੀਨਤਾ ਭੀ ਰੱਖਦੀ ਹੈ। ਜਿਸ ਜੀਵ ਦੇ ਹਿਰਦੇ ਵਿਚ ਸੁਰਤੀ ਦੀ ਚੇਤਨ ਸੱਤਾ ਆਰੰਭ ਹੋ ਜਾਵੇ, ਉਹ ਪ੍ਰਕਿਰਤੀ ਦੇ ਹਰ ਜ਼ੱਰੇ ਜ਼ੱਰੇ ਵਿਚੋਂ ਵਿਸਮਾਦੀ ਹੁਲਾਸ ਨੂੰ ਮਾਣਦਾ ਹੈ। ਉਸ ਨੂੰ ਕੁਦਰਤ ਦੇ ਵਿਸਮਾਦੀ ਕ੍ਰਿਸ਼ਮਿਆਂ (ਚਮਤਕਾਰਾਂ) ਨਾਲ ਅੰਤ੍ਰੀਵੀ ਸਨੇਹ ਹੋਣਾ ਇਕ ਸੁਭਾਵਕ ਜਿਹੀ ਸਥਿਤੀ ਹੁੰਦੀ ਹੈ। ਸੁਰਤੇ ਦੇ ਹਿਰਦੇ ਵਿਚ ਰੱਬੀ ਰੰਗ-ਮਾਲਾ ਅਥਵਾ ਨਜ਼ਾਰਿਆਂ ਨੂੰ ਮਾਣਨ ਵਾਸਤੇ ਹਮੇਸ਼ਾ ਹੀ ਚਾਉ ਅਤੇ ਖੇੜਾ ਬਣਿਆ ਰਹਿੰਦਾ ਹੈ। "ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥" ਇਕ ਐਸੀ ਆਤਮਕ ਅਵਸਥਾ ਹੈ ਜਿਸ ਦੇ ਆਸਰੇ ਸੁਰਤਿਆਂ ਦੀ ਆਸਮਾਨੀ ਪ੍ਰਵਾਜ਼, ਮਹਾਂ-ਸ਼ੂੰਨਯ ਵਿਚ ਪ੍ਰਵੇਸ਼ ਕਰਦੀ ਹੈ। ਅਦੀਖਤ ਨੂੰ ਅੰਤ੍ਰੀਵੀ ਲੋਇਣਾਂ ਦੁਆਰਾ ਵੇਖਣ ਲਈ ਸੁਰਤੀ ਦੀ ਉਡਾਣ ਅਤਿ ਆਵਸ਼ਕ ਹੈ। ਯੂਨਾਨ ਦੇ ਵਸਨੀਕ ਸੰਤ ਅਗਸਤੀਨ ਨੇ ਭੀ ਇਸ ਖ਼ਿਆਲ ਦੀ ਹਾਮੀ ਭਰੀ ਹੈ, ਜਿਵੇਂ :

I look up to the sky and to the beauty of stars. I admire, the brightness of the son bring to birth the day; the moon, soothing the darkness of night, these are wonderful sights, amazing even, for they are not earthly, but heavenly; but even there may be thirst is not yet appeared. I wonder, I praise, but I seek Him who made these things; that I see is not top be sought out these eyes.

(Saint Augustian 354-430)

ਮਨੁੱਖੀ ਸਰੀਰ ਇਕ ਐਸੀ ਦੁਰਲੱਭ ਵਸਤੂ ਹੈ ਜਿਸ ਦੇ ਅੰਦਰ ਬ੍ਰਹਮੰਡੀ ਪਸਾਰਾ ਪਸਰ ਰਿਹਾ ਹੈ। ਇਸ ਪਸਾਰੇ ਦਾ ਕਰਤਾ ਹਰ ਇਕ ਵਿਆਪਕਤਾ ਵਿਚ ਵਿਆਪਕ ਹੋ ਰਿਹਾ ਹੈ। ਜੋ ਸੁਰਤੀਵੇਤਾ ਜਗਿਆਸੂ ਹੈ ਉਹ ਇਸ ਕਾਇਆਂ ਦੇ ਅੰਦਰ ਹਿਰਦੇ ਦੀਆਂ ਤਲਾਂ ਵਿਚ ਉਸ ਕਰਤਾ ਨੂੰ ਵੇਖਦਾ ਹੈ ਪ੍ਰੰਤੂ ਸੁਰਤੀ ਦੁਆਰਾ ਪੰਚ-ਮੁਖੀ ਅਨੁਭਵੀ ਗਿਆਨ ਅਤੇ ਸ਼ੂੰਨਯ ਅਵਸਥਾ ਦੀਆਂ ਮੰਜ਼ਲਾਂ ਨੂੰ ਤੈਅ ਕਰਦਾ ਹੋਇਆ, ਅਦੀਖਤ ਅਵਸਥਾ ਦੇ ਦ੍ਰਿਸ਼ ਭੀ ਮਾਣਦਾ ਹੈ। ਜਦੋਂ ਸਰੀਰਕ ਸੁਰਤੀ ਪਰਾ-ਸੁਰਤੀ ਨਾਲ ਅਭੇਦ ਹੋ ਜਾਂਦੀ ਹੈ ਤਦ ਸੁਰਤਾ ਜਗਿਆਸੂ, ਅੰਤ੍ਰੀਵੀ ਰੌਸ਼ਨੀ ਦੇ ਸਹਾਰੇ ਸਦੀਵੀ ਨੂਰ ਦੇ ਜਲਵੇ ਵਿਚ ਅਭੇਦ ਹੋ ਜਾਂਦਾ ਹੈ, ਜਿਵੇਂ :

ਸੁਰਤੀ ਸੁਰਤਿ ਰਲਾਈਐ ਏਤੁ ॥ ਤਨੁ ਕਰਿ ਤੁਲਹਾ ਲੰਘਹਿ ਜੇਤੁ ॥
ਅੰਤਰਿ ਭਾਹਿ ਤਿਸੈ ਤੂ ਰਖੁ ॥ ਅਹਿਨਿਸਿ ਦੀਵਾ ਬਲੈ ਅਥਕੁ ॥

(ਰਾਮਕਲੀ ਮ: ੧, ਪੰਨਾ 878/6)

ਸਰੀਰ ਮੰਡਲ ਵਿਚ ਸੁਰਤੀ ਇਕ ਐਸੀ ਅੰਤਰ-ਪ੍ਰੇਰਣਾ ਹੈ ਜੋ ਸਰਬ-ਮੁਖੀ ਗਿਆਨ ਦੁਆਰਾ ਉਤਪੰਨ ਹੁੰਦੀ ਹੈ। ਦੂਜੇ ਸ਼ਬਦਾਂ ਵਿਚ ਇਸ ਨੂੰ ਮੂਲ ਪ੍ਰਵਿਰਤੀ, ਸਹਿਜ ਪ੍ਰੇਰਣਾ, ਕੁਦਰਤੀ ਸੂਝ ਜਾਂ ਸਹਿਜ ਗਿਆਨ ਭੀ ਆਖਿਆ ਜਾ ਸਕਦਾ ਹੈ, ਜੋ ਪੰਚ-ਮੁਖੀ ਗਿਆਨ ਦੇ ਦਾਇਰੇ ਤੋਂ ਬਾਹਰ ਆਤਮਕ ਮੰਡਲ ਦੀ ਯਾਤਰਾ ਹਿਤ ਜੀਵ ਦੀ ਅਗਵਾਈ ਕਰਦੀ ਹੈ। ਸੁਰਤੀ, ਮਨੁੱਖਾ ਸਰੀਰ ਤੋਂ ਵੱਖਰੀ ਵਸਤੂ ਨਹੀਂ ਹੈ, ਬਲਕਿ ਇਨਸਾਨੀ ਸਰੀਰ ਦਾ ਇਕ ਪ੍ਰਬੰਧਿਕ ਭਾਗ ਹੈ। ਜਦੋਂ ਆਤਮਾ ਸਰੀਰ ਨਾਲੋਂ ਜੁਦਾ ਹੁੰਦੀ ਹੈ ਤਦ ਸੁਰਤੀ ਭੀ ਦੂਸਰੇ ਸਰੀਰਕ ਭਾਗਾਂ ਦੀ ਤਰ੍ਹਾਂ ਪਿੱਛੇ ਹੀ ਰਹਿ ਜਾਂਦੀ ਹੈ ਕਿਉਂਕਿ ਪਰਾ-ਮੰਡਲ ਵਿਚ ਇਸ ਦੀ ਜ਼ਰੂਰਤ ਨਹੀਂ ਹੈ ਪ੍ਰੰਤੂ ਜੀਵਨ ਦੇ ਦੌਰਾਨ ਸੁਰਤੀ ਇਕ ਐਸੀ ਪ੍ਰੇਰਕ ਸ਼ਕਤੀ ਹੈ ਜੋ ਜੀਵ ਨੂੰ ਲੰਮਾ ਸਮਾਂ ਜੀਵਨ ਲਈ ਪ੍ਰੇਰਣਾ ਦਿੰਦੀ ਹੈ। ਕਿਸੇ ਆਉਣ ਵਾਲੀ ਮੁਸੀਬਤ ਤੋਂ ਪਹਿਲਾਂ ਹੀ ਇਨਸਾਨ ਨੂੰ ਸੂਚਿਤ ਕਰਦੀ ਹੈ। ਕਈ ਦਫ਼ਾ ਅਚਾਨਕ ਉਭਰੇ ਵਿਚਾਰਾਂ ਪ੍ਰਤਿ ਜੀਵ ਨੂੰ ਸਹੀ ਮਸ਼ਵਰਾ ਭੀ ਦਿੰਦੀ ਹੈ। ਗਾਰਜ਼ੇਕਿ, ਸੁਰਤੀ ਹੀ ਇਨਸਾਨ ਨੂੰ ਅਗਿਆਨਤਾ ਦੇ ਅੰਧੇਰੇ ਵਿਚੋਂ ਕੱਢ ਕੇ ਗਿਆਨ ਦੀ ਰੌਸ਼ਨੀ ਵਿਖਾਲਦੀ ਹੈ। ਅੱਖਰੀ ਗਿਆਨ ਤੋਂ ਅਨੁਭਵੀ ਗਿਆਨ, ਅਨੁਭਵੀ ਗਿਆਨ ਤੋਂ ਤੱਤੂ ਗਿਆਨ ਦੀ ਪ੍ਰਾਪਤੀ ਹਿਤ ਪ੍ਰੇਰਣਾ ਦਿੰਦੀ ਹੈ। ਅੰਤ ਨੂੰ ਜੀਵਾਤਮਾ ਨੂੰ ਤੱਤੂ ਗਿਆਨ ਦੇ ਮੰਡਲ ਤੋਂ ਹੋਰ ਅੱਗੇ, ਕਰਤਾ ਦੇ ਸਰੂਪ ਵਿਚ ਅਭੇਦ ਕਰ ਦਿੰਦੀ ਹੈ, ਬਸ਼ਰਤੇਕਿ, ਇਹ ਜੀਵ ਸਤਿਗੁਰੂ ਦੀ ਸਰਣਿ ਵਿਚ ਆਣ ਕੇ, ਗੁਰ-ਮੰਤ੍ਰ ਦਾ ਧਾਰਨੀ ਹੋਵੇ। ਇਹੀ ਸੁਰਤੀ ਦੀ ਸੋਭਾ ਅਤੇ ਪ੍ਰਸਿੱਧਤਾ ਹੈ ਕਿ ਇਹ ਭਗਵੰਤ ਦੇ ਨਾਮ ਦੁਆਰਾ ਜੀਵ ਨੂੰ ਪਰਾ-ਅਵਸਥਾ ਵਿਚ ਲੈ ਜਾਂਦੀ ਹੈ, ਜਿਵੇਂ :

ਸੋਭਾ ਸੁਰਤਿ ਨਾਮਿ ਭਗਵੰਤੁ ॥ ਪੂਰੇ ਗੁਰ ਕਾ ਨਿਰਮਲ ਮੰਤੁ ॥੩॥

(ਗਉੜੀ ਮ: ੫, ਪੰਨਾ 197/13)

ਸੁਰਤੀ ਦੇ ਮਾਰਗ 'ਤੇ ਚਲਿਆਂ ਜੀਵ ਤੱਤੂ ਗਿਆਨ ਦੀ ਪ੍ਰਾਪਤੀ ਕਰਦਾ ਹੈ ਔਰ ਤੱਤੂ ਗਿਆਨ ਆਤਮਕ ਜੀਵਨ ਦੀ ਇਕ ਐਸੀ ਨਾਯਾਬ ਅਵਸਥਾ ਹੈ ਜਿਸ ਦੇ ਆਸਰੇ ਇਕ ਜਗਿਆਸੂ, ਬ੍ਰਹਮ ਗਿਆਨ ਦੀ ਪਦਵੀ ਨੂੰ ਪ੍ਰਾਪਤ ਕਰਦਾ ਹੈ। ਬ੍ਰਹਮ ਗਿਆਨੀ ਦੀ ਅਪਾਰਤਾ ਦਾ ਜ਼ਿਕਰ ਕਰਦੇ ਹੋਏ ਹਜ਼ੂਰ ਨੇ ਨਿਮਨ ਲਿਖਤ ਦੁਆਰਾ ਉਲੇਖਣ ਕੀਤਾ ਹੈ, ਜਿਵੇਂ :

ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੮॥

(ਗਉੜੀ ਸੁਖਮਨੀ ਮ: ੫, ਪੰਨਾ 274/17)

ਇਥੇ ਤਕ ਹਿਰਦੇ ਪ੍ਰਤਿ ਖ਼ਿਆਲਾਂ ਦੀ ਲੜੀ ਸਮਾਪਤ ਹੁੰਦੀ ਹੈ ਜਿਸ ਵਿਚ ਹਿਰਦੇ ਦੀ ਭਾਵਕਤਾ, ਹਿਰਦੇ ਦੀਆਂ ਜਜ਼ਬਾਤੀ ਤਰੰਗਾਂ, ਅੱਖਰੀ ਗਿਆਨ, ਅਨੁਭਵੀ ਗਿਆਨ, ਸੁਰਤੀ ਦਾ ਮਾਰਗ ਅਤੇ ਤੱਤ੍ਰਮਈ ਗਿਆਨ ਪ੍ਰਤਿ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਆਸ ਹੈ ਆਪ ਜੀ ਇਸ ਦਾ ਲਾਭ ਉਠਾਉਂਦੇ ਹੋਏ ਅਲਪਗ ਸੇਵਕ ਨੂੰ ਸੁਚੱਜੀ ਸੋਧ ਦੁਆਰਾ ਨਿਵਾਜੋਗੇ। ਇਸ ਤੋਂ ਅਗਲੇਰੇ ਪ੍ਰਸੰਗ ਵਿਚ ਮਨ ਪ੍ਰਤਿ ਖ਼ਿਆਲਾਂ ਦਾ ਵਟਾਂਦਰਾ ਕਰਨ ਦੀ ਆਗਿਆ ਚਾਹਾਂਗੇ।

(Dated. August 12th, 1999, Abbotsford, B.C. Canada)

1.12 ਮਨ

ਮਨ ਦੀ ਹੋਂਦ ਨੂੰ ਸਮਝਣਾ ਜਾਂ ਸਮਝਾਉਣਾ ਇਕ ਗੰਭੀਰ ਵਿਸ਼ਾ ਹੈ। ਜਗਤ ਪ੍ਰਸਿੱਧ ਮਨੋ-ਵਿਗਿਆਨੀਆਂ, ਦਾਰਸ਼ਨਿਕ ਵਿਦਵਾਨਾਂ ਨੇ ਮਨ ਦੀ ਹੋਂਦ ਨੂੰ ਦਰਸਾਉਣ ਲਈ ਅਨੇਕਾਂ ਪ੍ਰਕਾਰ ਦੇ ਵਿਚਾਰ ਪ੍ਰਗਟਾਏ ਹਨ। ਸੰਕੇਤਕ ਧਾਰਾ ਇਹੀ ਹੈ ਕਿ ਮਨ ਭੀ ਮਨੁੱਖੀ ਸਰੀਰ ਦਾ ਇਕ ਮਹੱਤਵਪੂਰਣ ਭਾਗ ਹੈ ਜੋ ਮਨੁੱਖੀ ਸਰੀਰ ਨਾਲ ਜੁੜ ਕੇ ਇਨਸਾਨੀ ਜੀਵਨ ਦੀ ਖੇਲ ਨੂੰ ਸਰੰਜਾਮ ਦਿੰਦਾ ਹੈ। ਕਾਇਆਂ ਅਤੇ ਮਨ ਉਤਨਾ ਅਰਸਾ ਤਕ ਅਧੂਰੇ ਰਹਿੰਦੇ ਹਨ, ਜਦੋਂ ਤਕ ਇਹ ਦੋਵੇਂ ਇਕ ਸੁਰ ਹੋ ਕੇ ਮਨੁੱਖਤਾ ਦੀ ਸਹੀ ਸਿਰਜਣਾ ਨਹੀਂ ਕਰਦੇ। ਪਰਸਪਰ ਪ੍ਰਭਾਵ ਸਿਧਾਂਤ ਦੇ ਅਨੁਸਾਰ (according to interaction theory) ਮਨ ਅਤੇ ਮਾਦਾ ਪਦਾਰਥ ਪਰਸਪਰ ਮੇਲ ਦੁਆਰਾ ਨਿਜੀ ਹੋਂਦ ਨੂੰ ਸਥਾਪਤ ਕਰਦੇ ਹਨ ਭਾਵ ਮਨ ਅਤੇ ਸਰੀਰ ਦੇ ਪਰਸਪਰ ਪ੍ਰਭਾਵ ਸਿਧਾਂਤ ਦੁਆਰਾ ਹਉਮੈ ਦੀ ਉਪਜ ਹੁੰਦੀ ਹੈ। ਹਉਮੈ ਦਾ ਵਜੂਦ ਵਿਚ ਆਉਣਾ ਹੀ ਮਨੁੱਖਤਵ ਅਥਵਾ ਵਿਅਕਤਿਤਵ ਆਖਿਆ ਜਾਂਦਾ ਹੈ। ਵਿਅਕਤਿਤਵ ਹੀ ਐਸੀ ਸ਼ਕਤੀ ਹੈ ਜੋ ਵਿਚਾਰਾਂ ਦੀ ਕਲਪਨਾ ਕਰਦੀ ਅਤੇ ਕਲਪਨਾ ਦੇ ਸਮੁੱਚੇ ਭੰਡਾਰੇ ਨੂੰ ਸਿਮਰਨ ਭੰਡਾਰੇ ਵਿਚ ਸੰਭਾਲਦੀ ਹੈ। ਇਕੱਲਾ ਮਨ ਜਾਂ ਇਕੱਲਾ ਸਰੀਰ, ਵਿਚਾਰਾਂ ਦੀ ਕਾਲਪਨਿਕ ਸਮੱਗਰੀ ਨੂੰ ਨਹੀਂ ਉਲੀਕ ਸਕਦਾ ਔਰ ਨਾ ਹੀ ਵਿਚਾਰਾਂ ਦੇ ਭੰਡਾਰੇ ਨੂੰ ਆਪਣੀ ਸਿਮ੍ਰਤੀ ਵਿਚ ਸੰਭਾਲ ਸਕਦਾ ਹੈ। ਸਰੀਰ ਇਕ ਮਾਦਾ ਵਸਤੂ ਹੈ ਜੋ ਵੇਖਿਆ, ਸੁੰਘਿਆ, ਸਪਰਸ਼ ਕੀਤਾ, ਸੁਣਿਆ ਅਤੇ ਰਸ ਵਜੋਂ ਮਾਣਿਆ ਭੀ ਜਾ ਸਕਦਾ ਹੈ। ਪ੍ਰੰਤੂ ਮਨ ਇਕ ਐਸੀ ਸੂਖਸ਼ਮ ਹੋਂਦ ਹੈ, ਜਿਸ ਦਾ ਕੋਈ ਰੰਗ ਰੂਪ, ਭਾਰ ਜਾਂ ਆਕਾਰ ਨਹੀਂ ਹੈ। ਮਨ ਨੂੰ ਸਪਰਸ਼ ਭੀ ਨਹੀਂ ਕੀਤਾ ਜਾ ਸਕਦਾ, ਵੇਖਿਆ ਜਾਂ ਸੁੰਘਿਆ ਭੀ ਨਹੀਂ ਜਾ ਸਕਦਾ।

ਜਿਵੇਂ ਪਾਣੀ ਦਾ ਅੰਸ਼ ਗਿੱਲਾਪਨ ਹੈ, ਪੰਚ-ਮੁਖੀ ਗਿਆਨ ਦੁਆਰਾ ਅਸੀਂ ਪਾਣੀ ਨੂੰ ਵੇਖ ਸਕਦੇ ਹਾਂ, ਸਪਰਸ਼ ਕਰ ਸਕਦੇ ਹਾਂ, ਬਰਤਨ ਵਿਚ ਬੰਦ ਕਰ ਸਕਦੇ ਹਾਂ, ਗਰਮ ਅਤੇ ਠੰਡਾ ਭੀ ਕਰ ਸਕਦੇ ਹਾਂ, ਇਸ ਦਾ ਗਿੱਲਾਪਨ ਭੀ ਮਹਿਸੂਸ ਕਰ ਸਕਦੇ ਹਾਂ ਪ੍ਰੰਤੂ ਪ੍ਰਯੋਗਸ਼ਾਲਾ (laboratory) ਵਿਚ ਲੈ ਜਾ ਕੇ, ਪਾਣੀ ਨੂੰ ਦੋਬਾਰਾ ਆਕਸੀਜਨ ਅਤੇ ਹਾਈਡਰੋਜਨ ਗੈਸਾਂ ਵਿਚ ਤਬਦੀਲ ਕੀਤਿਆਂ, ਉਸ ਦਾ ਗਿੱਲਾਪਨ ਅਤੇ ਪਾਣੀ ਦੀ ਅੰਸ਼ ਖ਼ਤਮ ਹੋ ਜਾਂਦੀ ਹੈ। ਜਿਵੇਂ, ਆਕਸੀਜਨ ਅਤੇ ਹਾਈਡਰੋਜਨ ਦੇ ਮਿਲਾਪ ਦੁਆਰਾ ਪਾਣੀ ਵਜੂਦ ਵਿਚ ਆ ਜਾਂਦਾ ਅਤੇ ਇਸ ਦਾ ਗਿੱਲਾਪਨ ਪ੍ਰਗਟ ਹੋਇ ਆਂਵਦਾ ਹੈ, ਬਿਲਕੁਲ ਇਸੇ ਸਿਧਾਂਤ ਦੇ ਅਨੁਸਾਰ ਦਿਮਾਗ਼ ਅਤੇ ਨਰਵਸ ਪ੍ਰਣਾਲੀ ਦੇ ਮਿਲਾਪ ਦੁਆਰਾ ਮਨ ਵਜੂਦ ਵਿਚ ਆ ਜਾਂਦਾ ਹੈ। ਜਿਥੋਂ ਹਉਮੈ ਅਤੇ ਸੰਕਲਪ ਵਿਕਲਪ ਦੀ ਰਚਨਾ ਆਰੰਭ ਹੁੰਦੀ ਹੈ। ਜਦੋਂ ਤੰਤੂ ਪ੍ਰਬੰਧ (nervous system) ਨਾਲੋਂ ਦਿਮਾਗ਼ ਦੀ ਸੰਧੀ ਟੁੱਟ ਜਾਂਦੀ ਹੈ ਤਦ ਮਨ ਦੀ ਹੋਂਦ ਭੀ ਖ਼ਤਮ ਹੋ ਜਾਂਦੀ ਹੈ। ਜਿਵੇਂ ਪਾਣੀ ਦਾ ਗਿੱਲਾਪਨ ਅਤੇ ਪਾਣੀ ਦੀ ਹੋਂਦ ਖ਼ਤਮ ਹੋ ਕੇ ਨਿਜੀ ਅੰਸ਼ ਵਿਚ ਅਭੇਦ ਹੋ ਜਾਂਦਾ ਹੈ। ਨਿਰਸੰਦੇਹ, ਇਸੇ ਸਿਧਾਂਤ ਦੇ ਅਨੁਸਾਰ ਦਿਮਾਗ਼ ਅਤੇ ਤੰਤੀ ਪ੍ਰਬੰਧ ਦੇ ਟੁੱਟਿਆਂ ਮਨ ਭੀ ਨਿਜੀ ਸੂਖਸ਼ਮਤਾ ਵਿਚ ਅਲੋਪ ਹੋ ਜਾਂਦਾ ਹੈ। ਪਾਣੀ ਦੇ ਗਿੱਲੇਪਨ ਵਾਂਗੂੰ ਸੰਕਲਪ ਵਿਕਲਪ ਅਤੇ ਹਉਮੈ ਜੈਸੇ ਅੰਸ਼ ਭੀ ਸੂਖਸ਼ਮ ਸੱਤਾ ਵਿਚ ਲੀਨ ਹੋ ਜਾਂਦੇ ਹਨ। ਉਕਤ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਮਨ ਪੰਚ ਤੱਤਾਂ ਦੀ ਰਚਨਾ ਹੈ ਔਰ ਅਤਿ ਸੂਖਸ਼ਮ ਰਚਨਾ ਹੈ। ਜਿਸ ਦੀ ਹਾਮਾ ਪਾਵਨ ਗੁਰਬਾਣੀ ਦੁਆਰਾ ਉਲੇਖਣ ਕੀਤੀ ਗਈ ਹੈ, ਜਿਵੇਂ :

ਇਹੁ ਮਨੁ ਕਰਮਾ ਇਹੁ ਮਨੁ ਧਰਮਾ॥ ਇਹੁ ਮਨੁ ਪੰਚ ਤਤੁ ਤੇ ਜਨਮਾ॥

(ਆਸਾ ਮ: ੧, ਪੰਨਾ 415/10)

ਸਰੀਰ ਮੰਡਲ ਵਿਚ ਬੁੱਧੀ ਅਤੇ ਨਰਵਸ ਪ੍ਰਣਾਲੀ ਭੀ ਪੰਚ ਤੱਤ ਦੀ ਰਚਨਾ ਹੈ। ਇਨ੍ਹਾਂ ਦੋਹਾਂ ਦੀ ਸੰਧੀ ਦੁਆਰਾ ਇਕ ਤੀਸਰੀ ਹੋਂਦ ਉਤਪੰਨ ਹੁੰਦੀ ਹੈ, ਜਿਸ ਨੂੰ ਅਸੀਂ ਮਨ ਆਖਦੇ ਹਾਂ। ਸਰੀਰ ਮੰਡਲ ਵਿਚ ਮਨ ਇਕ ਐਸੀ ਪ੍ਰਬਲ ਸ਼ਕਤੀ ਅਤੇ ਹੋਂਦ ਹੈ ਜੋ ਸੰਕਲਪ ਵਿਕਲਪ ਦਾ ਢਾਂਚਾ ਤਿਆਰ ਕਰਦੀ ਹੈ, ਜਿਸ ਦੇ ਅਧੀਨ ਸਰੀਰਕ ਨਿਜ਼ਾਮ ਦੀ ਗਤੀ ਕ੍ਰਿਆਸ਼ੀਲਤਾ ਵਿਚ ਪ੍ਰਵੇਸ਼ ਕਰਦੀ ਹੈ। ਅਗਰ ਇਸ ਮਨ ਦੀ ਕ੍ਰਿਆਸ਼ੀਲਤਾ ਪੰਚ-ਮੁਖੀ ਢਾਂਚੇ ਨੂੰ ਲੰਘ ਕੇ, ਸਰਬ-ਮੁਖੀ ਸੰਕਲਪਾਂ ਦੀ ਪਰਾ ਉਨਮਨ ਉਡਾਣ ਵਿਚ ਪ੍ਰਵੇਸ਼ ਕਰ ਜਾਵੇ ਤਦ ਇਹ ਤਿੰਨਾਂ ਲੋਕਾਂ ਦੀਆਂ ਗੱਲਾਂ ਕਰੇਗਾ, ਭਾਵ, ਪਰਾ-ਅਵਸਥਾ ਦੀ ਅੰਜਮਨ ਦਾ ਗਿਆਨੀ ਹੋਇ ਨਿਬੜਦਾ ਹੈ। ਮਨੁੱਖਾ ਜਨਮ ਦਾ ਅਧਿਆਤਮਕ

ਪੈਂਡਾ ਸਰ ਕਰਨ ਦੇ ਯੋਗ ਹੋ ਜਾਂਦਾ ਹੈ। ਇਤਨੀ ਸੁਬੱਲਤ ਹੋਂਦ ਦੇ ਹੁੰਦਿਆਂ ਹੋਇਆਂ ਭੀ ਮਨ ਦੀ ਹੋਂਦ ਖਿਰ-ਬਾਵਰੀ ਅੰਸ਼ ਨਹੀਂ ਹੈ ਕਿਉਂਕਿ ਇਹ ਪੰਚ ਤੱਤ ਕੀ ਅੰਸ਼ ਹੈ, ਜਿਵੇਂ :

> ਇਹੁ ਮਨੁ ਸਕਤੀ ਇਹੁ ਮਨੁ ਸੀਉ (ਆਨੰਦ ਰੂਪ) ॥
> ਇਹੁ ਮਨੁ ਪੰਚ ਤਤ ਕੋ ਜੀਉ ॥
> ਇਹੁ ਮਨੁ ਲੇ ਜਉ ਉਨਮਨਿ ਰਹੈ ॥
> ਤਉ ਤੀਨਿ ਲੋਕ ਕੀ ਬਾਤੈ ਕਹੈ ॥੩੩॥ *(ਗਉੜੀ ਕਬੀਰ, ਪੰਨਾ 342/5)*

1.13 ਮਨ ਦਾ ਨਿਵਾਸ ਸਥਾਨ

ਕਾਇਆਂ ਨਗਰੀ ਦਾ ਸੰਚਾਲਕ ਮਨ ਹੈ। ਸਰੀਰ ਮੰਡਲ ਵਿਚ ਮਨ ਬਹੁਤ ਸੁਬੱਲ ਅਤੇ ਸੰਗ੍ਰਾਮੀ ਰਾਜਾ ਹੈ, ਇਸ ਬਲਵਾਨ ਸੰਗ੍ਰਾਮੀਏ ਦਾ ਨਿਵਾਸ ਸਥਾਨ ਵਿਅਕਤੀ ਦਾ ਹਿਰਦਾ ਹੈ, ਇਸ ਦੀ ਸ਼ਕਤੀ ਦਾ ਆਧਾਰ ਨਾਭੀ ਤੋਂ ਉਤਪੰਨ ਹੋਈ ਪਵਨ/ਸ਼ਬਦ ਹੈ। ਹਿਰਦੇ ਦੇ ਸਿੰਘਾਸਨ 'ਤੇ ਸੁਸ਼ੋਭਤ ਹੋਇਆ ਮਨ, ਸੰਕਲਪ ਵਿਕਲਪ ਦੀ ਨਗਰੀ ਵਸਾਉਂਦਾ ਹੈ ਜਿਥੋਂ ਇਨਸਾਨੀ ਜਜ਼ਬਾਤਾਂ ਦਾ ਉਭਾਰ, ਦੁਖ ਸੁਖ, ਸ਼ਾਦੀ ਗ਼ਮੀ, ਹੱਸਣਾ ਰੋਣਾ, ਅੰਤਰ ਪ੍ਰੇਰਣਾ, ਸਹਿਜ ਗਿਆਨ, ਅੰਤ੍ਰੀਵੀ ਚੇਤਨਤਾ, ਵਿਚਾਰ ਅਤੇ ਬਿਬੇਕਤਾ, ਚੇਤਨ ਸੱਤਾ/ਸਿਮਰਨ ਸ਼ਕਤੀ, ਕਿਸੇ ਵਿਸ਼ੇ ਪ੍ਰਤਿ ਨਿਰਣੈ ਸ਼ਕਤੀ, ਪ੍ਰਬੁੱਧਤਾ, ਸਲਾਹ ਮਸ਼ਵਰਾ, ਮਨੋਵਿਗਿਆਨਤਾ, ਅੰਤ੍ਰੀਵੀ ਇੱਛਾ, ਜੈਸੇ ਵਿਸ਼ਿਆਂ ਦਾ ਸੰਚਾਰ ਕਰਦਾ ਹੈ। ਮਨ ਦੀ ਰਿਹਾਇਸ਼ਗਾਹ ਪ੍ਰਤਿ ਸਿੱਧਾਂ ਨੇ ਜਗਤ ਗੁਰੂ ਬਾਬਾ ਨਾਨਕ ਜੀ 'ਤੇ ਪ੍ਰਸ਼ਨ ਕੀਤਾ ਕਿ ਮਨ ਦਾ ਨਿਵਾਸ ਸਥਾਨ ਕਿਥੇ ਹੈ ? ਜਿਸ ਦਾ ਉੱਤਰ ਦਿੰਦੇ ਹੋਏ ਹਜ਼ੂਰ ਨੇ ਮਨ ਦੇ ਨਿਵਾਸ ਸਥਾਨ ਦੀ ਰੂਪ-ਰੇਖਾ ਨਿਮਨ ਲਿਖਤ ਦੇ ਆਧਾਰ 'ਤੇ ਉਲੇਖਣ ਕੀਤੀ ਹੈ, ਜਿਵੇਂ :

> ਇਹੁ ਮਨੁ ਮੈਗਲੁ ਕਹਾ ਬਸੀਅਲੇ, ਕਹਾ ਬਸੈ ਇਹੁ ਪਵਨਾ ॥੬੩॥...
> ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ ॥
> ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ ॥੬੫॥
> *(ਰਾਮਕਲੀ ਮ: ੧, ਪੰਨਾ 945/7/11)*

ਅਰਥ : ਇਹ ਹਾਥੀ ਜੈਸਾ ਮਨ ਕਿਥੇ ਨਿਵਾਸ ਕਰਦਾ ਹੈ ? ਜਿਸ ਪਵਨ/ਸ਼ਬਦ ਦੁਆਰਾ ਇਸ ਨੂੰ ਸੁਬੱਲਤਾ ਪ੍ਰਾਪਤ ਹੁੰਦੀ ਹੈ ਓਹ ਪਵਨ ਕਿਥੇ ਟਿਕੀ ਰਹਿੰਦੀ ਹੈ ? ਉੱਤਰ ਹੈ, ਇਹ ਮਨ ਚਲਾਇਮਾਨ ਗਤੀ ਤੋਂ ਰਹਿਤ ਹੋ ਕੇ ਹਿਰਦੇ ਵਿਚ ਨਿਵਾਸ ਕਰਦਾ ਹੈ। ਸਤਿਗੁਰੂ ਦੀ ਸਰਣਿ ਵਿਚ ਆ ਕੇ ਇਸ ਨੂੰ ਤੱਤੂ ਵਸਤੂ ਦੀ ਸੂਝ ਪ੍ਰਾਪਤ ਹੁੰਦੀ ਹੈ। ਮਨ ਨੂੰ ਸ਼ਕਤੀ ਪ੍ਰਦਾਨ ਕਰਨ ਵਾਲੀ ਜੋ

ਪਵਨ/ਸ਼ਬਦ ਹੈ ਓਹ ਨਾਭੀ ਦੇ ਗ੍ਰਹਿ ਵਿਖੇ ਟਿਕੀ ਰਹਿੰਦੀ ਹੈ ਅਤੇ ਗੁਰੂ ਅਨੁਸਾਰੀ ਜਗਿਆਸੂ ਇਸ ਵਾਸਤਵਿਕਤਾ ਨੂੰ ਲੱਭ ਲੈਂਦਾ ਹੈ।

ਅੰਤ੍ਰੀਵੀ ਸਿੱਟਾ ਇਹੀ ਹੈ ਕਿ ਮਨ ਦੀ ਜਾਣਕਾਰੀ ਵਾਸਤੇ ਪਾਵਨ ਗੁਰਬਾਣੀ ਦੇ ਸ਼ਬਦ ਦੀ ਖੋਜ ਅਤੇ ਵਿਚਾਰ ਕਰਨੀ ਹੀ ਪਵੇਗੀ। ਹੁਣ ਅਸਾਡੇ ਸਾਹਮਣੇ ਗੰਭੀਰ ਸਮੱਸਿਆ ਤਾਂ ਇਹ ਹੈ ਕਿ ਪੰਚ ਭੌਤਿਕ ਦੇਹੀ ਦੇ ਖ਼ਤਮ ਹੋਇਆਂ ਮਨ ਦਾ ਨਿਵਾਸ ਕਿਥੇ ਹੁੰਦਾ ਹੈ ਅਥਵਾ ਜੀਵਨ ਦੇ ਦੌਰਾਨ ਬੁੱਧੀ ਅਤੇ ਨਰਵਸ ਪ੍ਰਣਾਲੀ ਦੀ ਸੰਧੀ ਟੁੱਟਿਆਂ ਮਨ ਕਿਸ ਗੁਫ਼ਾ ਵਿਚ ਅਲੋਪ ਹੋ ਜਾਂਦਾ ਹੈ ? ਖ਼ਿਆਲ ਰਹੇ ਕਿ ਸਵੈਮ ਤੌਰ 'ਤੇ ਮਨ ਕੋਈ ਹੋਂਦ ਅਥਵਾ ਵਜੂਦ ਨਹੀਂ, ਬਲਕਿ ਦੋ ਵਸਤੂਆਂ ਦੇ ਮਿਲਾਪ ਦੁਆਰਾ ਉਤਪੰਨ ਹੋਈ ਤੀਸਰੀ ਸੁਖੱਲਤਾ ਹੈ ਜੋ ਬੁੱਧੀ ਅਤੇ ਨਰਵਸ ਪ੍ਰਣਾਲੀ ਦਾ ਸੰਗਮ ਟੁੱਟਿਆਂ, ਪਾਣੀ ਅਤੇ ਉਸ ਦੇ ਗਿੱਲੇਪਨ ਵਾਂਗੂੰ, ਮਨ ਅਤੇ ਇਸ ਦੀ ਸੁਖੱਲਤਾ ਦਾ ਅੰਤ ਹੋ ਜਾਂਦਾ ਹੈ, ਭਾਵ, ਮਨ ਅਤੇ ਉਸ ਦੀ ਗਤੀ ਸਵੈਮ ਅੰਸ਼ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਬਸ ਇਹੀ ਇਕ ਭੇਦ ਹੈ ਜਿਸ ਨੂੰ ਪਾਵਨ ਗੁਰਬਾਣੀ ਵਿਚ ਮਨ ਦੀ ਜੋਤਿ ਸਰੂਪਤਾ ਦਾ ਦਰਜਾ ਦਿੱਤਾ ਗਿਆ ਹੈ। ਇਸ ਸਮੱਸਿਆ ਨੂੰ ਬੁੱਧੀ ਦੇ ਖੇਤਰ ਵਿਚ ਗਤੀਬੱਧ ਕਰਨ ਹਿਤ ਪਾਵਨ ਗੁਰਬਾਣੀ ਦੀ ਓਟ ਗ੍ਰਹਿਣ ਕਰਨੀ ਹੀ ਪਵੇਗੀ। ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੀ ਹਜ਼ੂਰੀ ਵਿਚ ਸਿੱਧਾਂ ਨੇ ਪ੍ਰਸ਼ਨ ਕੀਤਾ—ਹੇ ਬਾਲੇ! ਤੁਸੀਂ ਆਖਿਆ ਹੈ ਕਿ ਮਨ ਦਾ ਨਿਵਾਸ ਹਿਰਦੇ ਵਿਚ ਅਤੇ ਸ਼ਬਦ ਅਥਵਾ ਪਵਨ ਦਾ ਨਿਵਾਸ ਨਾਭੀ ਵਿਚ ਹੈ। ਜਦੋਂ ਇਹ ਹਿਰਦਾ ਅਤੇ ਦੇਹੀ ਨਹੀਂ ਹੁੰਦੀ, ਤਦ ਇਹ ਮਨ ਅਤੇ ਪਵਨ/ਸ਼ਬਦ ਕਿਥੇ ਨਿਵਾਸ ਕਰਦੇ ਹਨ ? ਇਸ ਖ਼ਿਆਲ ਦਾ ਸਹੀ ਚਿੱਤਰ ਸਿਧ-ਗੋਸਟਿ ਬਾਣੀ ਵਿਚ ਹੈ, ਜਿਵੇਂ :

ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ॥
ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ॥

(ਰਾਮਕਲੀ ਮ: ੧, ਪੰਨਾ 945/14)

ਅਰਥ : ਹੇ ਬਾਲੇ! ਜਦੋਂ ਇਹ ਹਿਰਦਾ ਅਤੇ ਦੇਹੀ ਨਹੀਂ ਹੁੰਦੀ, ਤਦ ਇਹ ਮਨ ਕਿਸ ਟਿਕਾਣੇ 'ਤੇ ਨਿਵਾਸ ਕਰਦਾ ਹੈ ? ਅਗਰ ਪਵਨ ਦੇ ਠਹਿਰਾਉ ਵਾਸਤੇ ਕਮਲ ਜੈਸੀ ਨਾਭੀ ਦਾ ਆਸਰਾ ਨਾ ਹੁੰਦਾ, ਤਦ ਪਵਨ/ਸ਼ਬਦ ਕਿਸ ਘਰ ਵਿਚ ਸਥਾਪਨ ਹੁੰਦਾ ਹੈ ?

ਇਹ ਉਸ ਅਵਸਥਾ ਦਾ ਜ਼ਿਕਰ ਹੈ ਜਦੋਂ ਸਰੀਰ ਮੰਡਲ ਦੀ ਰਚਨਾ ਨਹੀਂ ਹੁੰਦੀ ਜਾਂ ਇਸ ਦਾ ਅੰਤ ਹੋ ਜਾਂਦਾ ਹੈ। ਭਾਵ, ਮੌਤ ਹੋਣ ਤੋਂ ਬਾਅਦ ਮਨ ਅਤੇ ਸ਼ਬਦ ਕਿਥੇ ਨਿਵਾਸ ਕਰਦੇ ਹਨ ? ਮਨ ਅਤੇ ਸ਼ਬਦ ਦੇ ਅਭਾਵ ਹੋਇਆਂ, ਪੰਚ-ਭੌਤਿਕ ਸਰੀਰ ਦੀ ਕ੍ਰਿਆਤਮਕ ਚੇਸ਼ਟਾ (ਹਰਕਤ) ਭੀ ਖ਼ਤਮ ਹੋ ਜਾਂਦੀ

ਹੈ। ਹਰਕਤ ਦੇ ਖ਼ਤਮ ਹੋਇਆਂ, ਪੰਚ-ਭੌਤਿਕ ਸ਼ਕਤੀ ਦਾ ਭੀ ਅੰਤ ਹੋ ਜਾਂਦਾ ਹੈ। ਕਿਸੇ ਸ਼ਕਤੀ ਦੇ ਵਜੂਦ ਵਿਚ ਆਵਨ ਹਿਤ, ਹਰਕਤ ਦਾ ਹੋਣਾ ਲਾਜ਼ਮੀ ਹੈ। ਲੋੜੀਂਦੀ ਵਸਤੂ ਦੀ ਉਤਪਾਦਨ ਹਿਤ ਕਿਸੇ ਸ਼ਕਤੀ ਦਾ ਹੋਣਾ ਆਵਸ਼ਕ ਹੈ। ਸ਼ਕਤੀ ਨੂੰ ਪ੍ਰਾਪਤ ਕਰਨ ਲਈ ਹਰਕਤ ਦਾ ਹੋਣਾ ਭੀ ਲਾਜ਼ਮੀ ਹੈ, ਭਾਵ, ਸ਼ਕਤੀ ਪ੍ਰਾਪਤੀ ਦਾ ਸਾਧਨ ਹਰਕਤ ਹੈ। ਇਸੇ ਸਿਧਾਂਤ ਦੀ ਸੰਗਿਆ ਹੀ ਕ੍ਰਿਆਤਮਕ ਚੇਸ਼ਟਾ ਸ਼ਕਤੀ (energy of motion) ਆਖੀ ਜਾਂਦੀ ਹੈ। ਉਕਤ ਦਰਸਾਏ ਪ੍ਰਸ਼ਨ ਦਾ ਉੱਤਰ ਜਗਤ ਗੁਰੂ ਬਾਬਾ ਜੀ ਨੇ ਸਿਧ-ਗੋਸਟਿ ਬਾਣੀ ਦੁਆਰਾ ਨਿਰਣੈ ਕੀਤਾ ਹੈ, ਜਿਵੇਂ :

ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥
ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ ॥੬੭॥

(ਰਾਮਕਲੀ ਮ: ੧, ਪੰਨਾ 945/17)

ਹੇ ਅਉਧੂ! ਜਦੋਂ ਹਿਰਦਾ ਅਤੇ ਦੇਹੀ ਨਹੀਂ ਹੁੰਦੀ ਤਦ ਇਹ ਮਨ ਕ੍ਰਿਆਤਮਕ ਚੇਸ਼ਟਾ ਤੋਂ ਅਤੀਤ ਹੋ ਕੇ ਸ਼ੂੰਨਯ ਅਵਸਥਾ ਵਿਚ ਲੀਨ ਹੋ ਜਾਂਦਾ ਹੈ, ਭਾਵ, ਨਿਜੀ ਜੋਤਿ ਸਰੂਪਤਾ ਵਿਚ ਅਭੇਦ ਹੋ ਜਾਂਦਾ ਹੈ। ਜੋ ਹਿਰਦੇ ਦਾ ਕਮਲ ਹੈ, ਅਗਰ ਇਸ ਦਾ ਆਸਰਾ ਨਾਭੀ ਵਿਚ ਨਾ ਹੁੰਦਾ ਤਦ ਜੋ ਪਵਨ/ਸ਼ਬਦ ਹੈ, ਇਹ ਭੀ ਸਵੈਮ ਅਪਾਰਤਾ ਵਿਚ ਸਮਾ ਜਾਂਦਾ ਹੈ।

ਉਕਤ ਦਰਸਾਈ ਵਿਚਾਰ ਦਾ ਨਤੀਜਾ ਇਹ ਨਿਕਲਿਆ ਕਿ ਸਰੀਰ ਮੰਡਲ ਵਿਚ ਸ਼ਬਦ ਦੇ ਆਸਰੇ, ਕ੍ਰਿਆਤਮਕ ਚੇਸ਼ਟਾ ਦੀ ਸ਼ਕਤੀ ਉਤਪੰਨ ਹੁੰਦੀ ਹੈ, ਹਰਕਤ ਦੇ ਸਿਧਾਂਤ ਦੁਆਰਾ, ਸ਼ਕਤੀ ਦੇ ਆਸਰੇ, ਬੁੱਧੀ ਅਤੇ ਨਰਵਸ ਪ੍ਰਣਾਲੀ ਦਾ ਸਪਰਸ਼ ਹੁੰਦਾ ਹੈ ਜਿਥੋਂ ਇਕ ਤੀਸਰੀ ਸੁਖੱਲਤਾ ਦਾ ਜਨਮ ਹੁੰਦਾ ਹੈ ਔਰ ਤੀਸਰੀ ਸੁਖੱਲਤਾ ਹੀ ਮਨ ਹੈ। ਮਨ ਦਾ ਨਿਵਾਸ ਜੀਵ ਦੇ ਹਿਰਦੇ ਵਿਚ ਹੈ। ਜੀਵ ਦੇ ਹਿਰਦੇ ਦਾ ਆਸਰਾ ਪਵਨ/ਸ਼ਬਦ ਹੈ ਔਰ ਸ਼ਬਦ ਇਕ ਐਸੀ ਪਰਾ-ਸ਼ਕਤੀ ਹੈ ਜੋ ਸਮੁੱਚੇ ਬ੍ਰਹਮੰਡ ਦਾ ਤਵਾਜ਼ਨ ਕਾਇਮ ਰੱਖਦੀ ਹੈ। (The power of word of the God establish the balance of universe.) ਇਥੇ ਤਕ ਮਨ ਦੇ ਨਿਵਾਸ ਸਥਾਨ ਪ੍ਰਤਿ ਸਮੀਖਿਆ ਸਮਾਪਤ ਹੁੰਦੀ ਹੈ। ਇਸ ਤੋਂ ਅੱਗੇ ਮਨ ਦੀਆਂ ਤਰੰਗਾਂ ਪ੍ਰਤਿ ਉਲੇਖਣ ਕੀਤਾ ਜਾਵੇਗਾ।

1.14 ਮਨ ਦੀਆਂ ਤਰੰਗਾਂ

ਸਰੀਰ ਮੰਡਲ ਵਿਚ ਮਨ ਦੀ ਬਾਦਸ਼ਾਹਤ ਹੈ, ਮਨ ਹੀ ਸਰੀਰ ਮੰਡਲ ਦਾ ਰਖਵਾਨ ਹੈ, ਇਸ ਦੀ ਬਾਦਸ਼ਾਹੀ ਅਤਿ ਸੁਖੱਲਤਾ ਭਰਪੂਰ ਹੈ। ਇਸ ਦੀ ਉਤਪਾਦਨ, ਸੰਕਲਪ ਅਤੇ ਵਿਕਲਪਾਂ ਦੀ ਵਿਚਾਰਧਾਰਾ ਦਾ ਖੇਤਰ ਉਲੀਕਣਾ

ਹੈ। ਇਹ ਸਵੈਮ ਵਿਚਾਰਧਾਰਾ ਦੀ ਸਰੰਜਾਮਤਾ ਵਾਸਤੇ ਨਿਜੀ ਸਹਾਇਕ ਅਤੇ ਸਲਾਹਕਾਰਾਂ ਦੀ ਸਿਰਜਣਾ ਕਰਦਾ ਹੈ ਜਿਨ੍ਹਾਂ ਵਿਚ ਸਭ ਤੋਂ ਵਿਸ਼ੇਸ਼ ਅਤੇ ਸ਼ਕਤੀਸ਼ਾਲੀ ਕਰਮਚਾਰੀ ਹਉਮੈ ਹੈ। ਸਰੀਰ ਮੰਡਲ ਦੀ ਬਾਦਸ਼ਾਹਤ ਦੇ ਖੇਤਰ ਵਿਚ, ਜੀਵ ਦਾ ਅੰਤਹਕਰਣ ਇਕ ਐਸੀ ਦੁਰਲੱਭ ਵਸਤੂ ਹੈ ਜਿਸ ਦੀ ਬਾਬਤ ਸੂਝ ਬੂਝ ਪ੍ਰਾਪਤ ਕਰਨੀ ਇਨਸਾਨੀ ਜ਼ਿੰਦਗੀ ਦਾ ਆਵਸ਼ਕ ਅਤੇ ਅਵਿੱਛੜ ਅੰਗ ਹੈ। ਪੱਛਮੀ ਵਿਦਵਾਨਾਂ ਨੇ ਅੰਤਹਕਰਣ ਪ੍ਰਤਿ ਪਰਸੋਨੈਲਿਟੀ (personality) ਸ਼ਬਦ ਵਰਤਿਆ ਹੈ ਜੋ ਕਿ ਸਹੀ ਤੌਰ 'ਤੇ ਅਤਿ ਢੁੱਕਵਾਂ ਅਤੇ ਵਾਜਬ ਸ਼ਬਦ ਹੈ। ਅੰਤਹਕਰਣ ਪ੍ਰਤਿ ਪਰਖ ਦੇ ਦਰਪਣ ਵਿਚ ਸਾਧਾਰਣ ਝਾਤੀ ਮਾਰਿਆਂ, ਚਾਰ ਤਰ੍ਹਾਂ ਦੇ ਸੂਖਸ਼ਮ ਭੇਦਾਂ ਦੀ ਅਨੁਭਵਤਾ ਜਗਿਆਸੂ ਦੇ ਵਿਚਾਰ ਮੰਡਲ ਵਿਚ ਸੁਭਾਵਕ ਹੀ ਪ੍ਰਵੇਸ਼ ਕਰਦੀ ਹੈ। ਜਿਨ੍ਹਾਂ ਵਿਚ ਮਨ, ਬੁੱਧੀ, ਹਉਮੈ ਅਤੇ ਸੁਰਤੀ ਵਿਸ਼ੇਸ਼ ਸਥਾਨ ਰੱਖਦੇ ਹਨ। ਮਨ ਦਾ ਕਾਰਜ ਖੇਤਰ ਸਰੀਰ ਮੰਡਲ ਵਿਚ ਕ੍ਰਿਆਤਮਕ ਚੇਸ਼ਟਾ ਉਤਪੰਨ ਕਰਨਾ ਹੈ। ਸਰੀਰਕ ਕ੍ਰਿਆਤਮਕ ਚੇਸ਼ਟਾ (ਹਰਕਤ) ਦੀ ਪੂਰਤੀ ਪ੍ਰਤਿ ਜੀਵ ਦਾ ਮਨ, ਸੰਕਲਪ ਅਤੇ ਵਿਕਲਪਾਂ ਦੀ ਨਗਰੀ ਉਸਾਰਦਾ ਹੈ। ਮਨ ਦੇ ਇਕੱਤਰ ਕੀਤੇ ਹੋਏ ਸੰਕਲਪ ਅਤੇ ਵਿਕਲਪਾਂ ਦਾ ਦਸਤਾਵੇਜ਼ ਬੁੱਧੀ ਦੇ ਹਵਾਲੇ ਕੀਤਾ ਜਾਂਦਾ ਹੈ। ਅਗਰ ਬੁੱਧੀ ਸੁਅੱਛ ਅਤੇ ਸੁਅਸਤਅਵਸਥੀ ਵਿਚਾਰਾਂ (positive thoughts) ਦੀ ਧਾਰਨੀ ਹੈ ਤਦ ਉਹ ਵਿਕਲਪੀ ਦਸਤਾਵੇਜ਼ ਨੂੰ ਮਨ ਦੀ ਬਾਦਸ਼ਾਹੀ ਵੱਲ ਵਾਪਸ ਮੋੜ ਦਿੰਦੀ ਹੈ, ਇਸੇ ਚਿੱਤਰ ਦੇ ਪ੍ਰਤਿਕੂਲ ਸ਼ੁਭ ਵਿਚਾਰਾਂ ਅਥਵਾ ਸੰਕਲਪ ਸਮੱਗਰੀ ਨੂੰ ਗ੍ਰਹਿਣ ਕਰਦੀ ਹੈ। ਪਰਿਣਾਮ ਵਜੋਂ, ਜੀਵ ਦੇ ਅੰਤਹਕਰਣ ਵਿਚ ਸ਼ੁਭ ਖ਼ਿਆਲਾਂ ਦਾ ਭੰਡਾਰਾ ਇਕੱਤਰ ਹੋ ਜਾਂਦਾ ਹੈ। ਜਿਸ ਦਾ ਸਦਕਾ ਜੀਵ ਦੀ ਕਰਮ ਪ੍ਰਣਾਲੀ ਭੀ ਸੁਅੱਛ ਅਤੇ ਸੁਅਸਤਅਵਸਥੀ ਹੋਇ ਨਿਬੜਦੀ ਹੈ। ਇਸ ਦੇ ਪ੍ਰਤਿਕੂਲ ਅਗਰ ਬੁੱਧੀ ਨਿਸ਼ੁਧ ਵਿਚਾਰਾਂ ਦੀ ਧਾਰਨੀ ਹੈ ਤਦ ਉਹ ਵਿਕਲਪੀ ਵਿਚਾਰਾਂ ਨੂੰ ਗ੍ਰਹਿਣ ਕਰਦੀ ਅਤੇ ਸੰਕਲਪੀ ਵਿਚਾਰਾਂ ਦੇ ਦਸਤਾਵੇਜ਼ ਨੂੰ ਮਨ ਦੀ ਰਾਜ ਸਭਾ ਵੱਲ ਵਾਪਸ ਪਰਤਾ ਦਿੰਦੀ ਹੈ। ਸਿੱਟੇ ਵਜੋਂ, ਜੀਵ ਦੇ ਕਰਮਾਂ ਦੀ ਪੱਧਤੀ ਭੀ ਨਖਿਧਾਤਮਕ ਅਤੇ ਅਭਾਵਾਤਮਕ (negative functions) ਦੀ ਅਵਸਥਾ ਧਾਰਨ ਕਰ ਜਾਂਦੀ ਹੈ। ਭਾਵ, ਇਨਸਾਨ ਦੇ ਜੀਵਨ ਵਿਚ ਵਿਕਰਮੀ ਲਹਿਰਾਂ ਦੇ ਝੱਖੜ ਅਤੇ ਮਨ ਦੀਆਂ ਤਰੰਗਾਂ ਦੇ ਤੂਫ਼ਾਨ ਆਰੰਭ ਹੋ ਜਾਂਦੇ ਹਨ।

ਬੁੱਧੀ ਦਾ ਵਿਰਸਾ ਸੂਝ, ਸਮਝ ਅਤੇ ਸਿਆਣਪ ਹੈ ਅਗਰ ਬੁੱਧੀ ਪਾਕ ਅਤੇ ਸ਼ਿਸ਼ਟਾਚਾਰੀ ਹੈ ਤਦ ਉਹ ਅੰਤਹਕਰਣ ਦੀ ਚੇਤਨ ਤਜੌਰੀ ਵਿਚ ਸੁਅਸਤਅਵਸਥੀ ਵਿਚਾਰਾਂ ਦਾ ਸਰਮਾਇਆ ਜਮ੍ਹਾ ਕਰਵਾਉਂਦੀ ਹੈ, ਇਸੇ ਚਿੱਤਰ ਦਾ ਦੂਜਾ ਪੱਖ ਵੇਖਿਆਂ, ਅਗਰ ਬੁੱਧੀ ਮਲੀਣ ਅਤੇ ਅਸ਼ਿਸ਼ਟਾਚਾਰੀ ਹੈ ਤਦ ਉਹ ਚੇਤਨ ਭੰਡਾਰੇ ਵਿਚ ਵਿਭਚਾਰੀ ਪੂੰਜੀ ਜਮ੍ਹਾ ਕਰਵਾਉਂਦੀ ਹੈ,

ਜਿਸ ਦਾ ਸਦਕਾ ਜੀਵ ਦੀ ਚੇਤਨਤਾ ਨਸ਼ਿੱਧ ਅਤੇ ਭ੍ਰਿਸ਼ਟਾਚਾਰੀ ਖ਼ਿਆਲਾਂ ਨਾਲ ਭਰ ਜਾਂਦੀ ਹੈ। ਇਹੀ ਵਿਸ਼ੇਸ਼ ਕਾਰਨ ਹੈ ਕਿ ਪਾਵਨ ਗੁਰਬਾਣੀ ਦੁਆਰਾ ਬੁੱਧੀ ਦੀ ਸ੍ਰਿਸ਼ਟਾਚਾਰੀ ਪ੍ਰਤਿ ਅਧਿਕ ਜ਼ੋਰ ਦਿੱਤਾ ਗਿਆ ਹੈ ਤਾਂਕਿ ਜੀਵ ਦੀ ਚੇਤਨਤਾ ਦੇ ਭੰਡਾਰੇ ਵਿਚ ਵਿਕਰਮੀ ਖ਼ਿਆਲਾਂ ਦਾ ਸਰਮਾਇਆ ਇਕੱਤਰ ਨਾ ਕੀਤਾ ਜਾਵੇ। ਬੁੱਧੀ ਨੂੰ ਸੁਅੱਛ ਰੱਖਣ ਹਿਤ, ਪਾਵਨ ਗੁਰਬਾਣੀ ਦਾ ਸਰਮਾਇਆ ਨਿਮਨ ਲਿਖਤ ਦੁਆਰਾ ਵੇਖਿਆ ਅਤੇ ਸਮਝਿਆ ਜਾ ਸਕਦਾ ਹੈ, ਜਿਵੇਂ :

ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ ॥
ਸਾ ਮਤਿ ਦੀਜੈ ਜਿਤੁ ਤੁਧੁ ਧਿਆਈ ॥
ਸਾਸ ਸਾਸ ਤੇਰੇ ਗੁਣ ਗਾਵਾ ਓਟ ਨਾਨਕ ਗੁਰ ਚਰਣਾ ਜੀਉ ॥੪॥

(ਮਾਝ ਮ: ੫, ਪੰਨਾ 100/6)

ਹੇ ਮੇਰੇ ਪ੍ਰਭੂ! ਐਸੀ ਬੁੱਧੀ ਬਖ਼ਸ਼ੋ ਜਿਸ ਦੇ ਆਸਰੇ ਤੇਰੀ ਯਾਦ ਬਣੀ ਰਹੇ, ਤੂੰ ਵਿਸਰ ਨਾ ਜਾਵੇਂ। ਸ੍ਰੇਸ਼ਟ ਬੁੱਧੀ ਦੇ ਨਾਲ ਨਾਲ ਐਸੀ ਸਿੱਖਿਆ ਭੀ ਬਖ਼ਸ਼ੋ ਜਿਸ ਦੇ ਆਸਰੇ ਮੇਰਾ ਧਿਆਨ ਤੇਰੇ ਨਾਲ ਜੁੜਿਆ ਰਹੇ। ਹਰ ਸੁਆਸ ਦੁਆਰਾ ਤੇਰੀ ਸਿਫ਼ਤਿ-ਸਾਲਾਹ ਦੇ ਨਗਮੇ ਅਲਾਪਦਾ ਰਹਾਂ। ਹੇ ਨਾਨਕ! ਗੁਰੂ ਦੇ ਚਰਨ (ਗੁਰੂ ਦਾ ਸ਼ਬਦ) ਮੇਰੇ ਜੀਵਨ ਦਾ ਆਸਰਾ ਬਣਿਆ ਰਹੇ।

ਜਿਸ ਜੀਵ ਦੀ ਬੁੱਧੀ ਸਤਿਗੁਰੂ ਦੇ ਉਪਦੇਸ਼ ਦੁਆਰਾ ਰੌਸ਼ਨ ਹੋ ਗਈ ਅਥਵਾ ਆਤਮਕ ਜੋਤਿ ਦੁਆਰਾ ਪ੍ਰਕਾਸ਼ ਹੋ ਗਈ, ਉਸ ਜੀਵ ਦਾ ਮਨ ਦੁਨਿਆਵੀ ਤਰੰਗਾਂ ਨੂੰ ਤਿਆਗ ਕੇ ਸਤਿਗੁਰੂ ਦੇ ਚਰਨ ਕਮਲਾਂ ਵਿਚ ਰਹਿਣਾ ਮੰਨ ਲੈਂਦਾ ਹੈ। ਵਾਹਿਗੁਰੂ ਦੇ ਨਾਮ ਦੀ ਵਡਿਆਈ ਨੂੰ ਮਨਜ਼ੂਰ ਕਰਦਾ ਹੈ। ਸੰਸਾਰੀ ਸੋਭਾ ਦੀ ਬਜਾਇ ਵਾਹਿਗੁਰੂ ਦੀ ਅਜ਼ਮਤ ਨੂੰ ਸਵੀਕਾਰਦਾ ਹੈ। ਐਸਾ ਸੁਅੱਛ ਕਰਮ ਕੀਤਿਆਂ ਜੀਵ ਦਾ ਮਨ ਸ਼ਬਦ ਦੇ ਅਭਿਆਸ ਦੁਆਰਾ, ਨਿਜੀ ਸਰੂਪ ਦੀ ਪਰਾ-ਜੋਤਿ ਵਿਚ ਲੀਨਤਾ ਪ੍ਰਾਪਤ ਕਰਦਾ ਹੈ, ਜਿਵੇਂ :

ਮਤਿ ਪਰਗਾਸੁ ਭਈ ਮਨੁ ਮਾਨਿਆ ਰਾਮ ਨਾਮਿ ਵਡਿਆਈ ॥
ਨਾਨਕ ਪ੍ਰਭੁ ਪਾਇਆ ਸਬਦਿ ਮਿਲਾਇਆ ਜੋਤੀ ਜੋਤਿ ਮਿਲਾਈ ॥੪॥

(ਸੂਹੀ ਮ: ੪ ਛੰਤ, ਪੰਨਾ 776/1)

ਜੀਵ ਦੇ ਅੰਤਹਕਰਣ ਵਿਚ ਮਨ ਅਤੇ ਬੁੱਧੀ ਤੋਂ ਇਲਾਵਾ ਤੀਜੀ ਸੂਖਸ਼ਮ ਸ਼ਕਤੀ ਚੇਤਨਤਾ ਹੈ, ਜਿਸ ਵਿਚ ਮਨ ਦੇ ਇਕੱਤਰ ਕੀਤੇ ਹੋਏ ਸੰਕਲਪ ਵਿਕਲਪਾਂ ਦਾ ਭੰਡਾਰਾ ਅਤੇ ਕੀਤੇ ਕਰਮਾਂ ਦਾ ਵਿਵਰਣ ਕਾਇਮ ਰਹਿੰਦਾ ਹੈ। ਕਈ ਇਕ ਜਨਮਾਂ ਜਨਮਾਂਤ੍ਰਾਂ ਦੇ ਕਰਮਾਂ ਦੀ ਸੂਚੀ, ਚੇਤਨ ਸੱਤਾ ਵਿਚ ਸੰਭਾਲੀ ਰਹਿੰਦੀ ਹੈ। ਜਿਵੇਂ ਕੰਪਿਊਟਰ (computer) ਵਿਚ ਕਿਸੇ ਖ਼ਾਸ

ਵਿਵਰਣਿਕ ਸਮੱਗਰੀ ਦਾ ਹਿਸਾਬ ਰੱਖਿਆ ਜਾਂਦਾ ਹੈ, ਇਸੇ ਤਰ੍ਹਾਂ ਜੀਵ ਦਾ ਚਿਤ ਭੀ ਕੀਤੇ ਕਰਮਾਂ ਦਾ ਗੁਪਤ ਚਿੱਤਰ ਸੰਭਾਲੀ ਰੱਖਦਾ ਹੈ। ਜੀਵਾਤਮਾ ਨੂੰ ਸ਼ੁਭ ਕਰਮਾਂ ਦੀ ਪ੍ਰੇਰਣਾ ਦੇਣ ਵਾਸਤੇ ਇਸ ਸੂਖਸ਼ਮ ਸ਼ਕਤੀ ਨੂੰ ਚਿੱਤਰ-ਗੁਪਤ ਕਰ ਕੇ ਭੀ ਸੰਬੋਧਨ ਕੀਤਾ ਗਿਆ ਹੈ। ਜ਼ਿੰਦਗੀ ਦੇ ਦੌਰਾਨ ਜੀਵ ਜੋ ਕੁਝ ਭੀ ਚਿਤਵਦਾ ਹੈ, ਉਸ ਦਾ ਪ੍ਰਤਿਬਿੰਬ ਚੇਤਨ ਸ਼ਕਤੀ ਦੇ ਵਿਵਰਣਿਕ ਪਰਤੇ ਵਿਚ ਚਿਤਰਿਆ ਜਾਂਦਾ ਹੈ ਜਿਸ ਨੂੰ ਸਾਧਾਰਣ ਗਤੀ ਵਿਚ ਕਿਸਮਤ ਜਾਂ ਪਰਾਲਬਧ ਕਰ ਕੇ ਆਖਿਆ ਜਾਂਦਾ ਹੈ। ਕਈ ਦਫ਼ਾ ਇਸ ਚਿੱਤਰ ਰੇਖਾ ਨੂੰ ਸਮਝਣ ਸਮਝਾਉਣ ਵਾਸਤੇ ਪੂਰਬਲੇ ਕਰਮ, ਪਇਆ ਕਰਮ, ਕਿਰਤ ਕਰਮ, ਨਸੀਬ, ਭਾਗ, ਲੇਖ, ਪਰਾਲਬਧ, ਤਕਦੀਰ, ਮੁਕੱਦਰ (doom, luck, fate and fortune) ਜੈਸੇ ਸ਼ਬਦਾਂ ਦੁਆਰਾ ਭੀ ਯਾਦ ਕੀਤਾ ਜਾਂਦਾ ਹੈ। ਚੇਤਨ ਸ਼ਕਤੀ ਇਕ ਤਰ੍ਹਾਂ ਦੀ ਬੈਂਕ ਹੈ, ਜੀਵ ਜੋ ਕੁਝ ਇਸ ਵਿਚ ਅਦਾਇਗੀ ਕਰੇਗਾ ਓਹੀ ਕੁਝ ਪ੍ਰਾਪਤ ਕਰਦਾ ਹੈ, ਜਿਵੇਂ :

ਚਿਤਿ ਜਿ ਚਿਤਵਿਆ ਸੋ ਮੈ ਪਾਇਆ ॥
ਨਾਨਕ ਨਾਮੁ ਧਿਆਇ ਸੁਖ ਸਬਾਇਆ ॥ *(ਜੈਤਸਰੀ ਮ: ੫, ਪੰਨਾ 705/1)*

ਜੀਵ ਉਹੀ ਕੁਝ ਪ੍ਰਾਪਤ ਕਰਦਾ ਹੈ ਜੋ ਕੁਝ ਇਸ ਨੇ ਚੇਤਨਤਾ ਦੇ ਚਿੱਤਰ 'ਤੇ ਚਿਤਵਿਆ ਜਾਂ ਉਕਰਿਆ ਹੈ। ਹਾਂ, ਜਿਨ੍ਹਾਂ ਨੇ ਸਤਿਗੁਰੂ ਦੀ ਸਰਣਿ ਵਿਚ ਆ ਕੇ ਨਾਮ ਚਿਤਵਿਆ ਹੈ, ਉਨ੍ਹਾਂ ਨੇ ਹਲਤਿ ਪਲਤਿ ਦੇ ਘਣੇ ਸੁਖਾਂ ਦੀ ਸਮੱਗਰੀ ਪ੍ਰਾਪਤ ਕੀਤੀ ਹੈ।

ਬੁੱਧੀ ਦਾ ਉੱਚਾ ਜਾਂ ਨੀਵਾਂ ਹੋਣਾ, ਸ੍ਰੇਸ਼ਟ ਜਾਂ ਅਸ੍ਰੇਸ਼ਟ ਹੋਣਾ ਦੋ ਚੀਜ਼ਾਂ 'ਤੇ ਨਿਰਭਰ ਹੁੰਦਾ ਹੈ। ਜੀਵ ਦੀ ਵੰਸ਼ ਪ੍ਰੰਪਰਾ ਅਤੇ ਉਸ ਦੀ ਪਾਲਣਾ ਪੋਸਣਾ ਕਿਸ ਤਰ੍ਹਾਂ ਦੇ ਵਾਤਾਵਰਣ ਵਿਚ ਹੋਈ ਹੈ। ਹਰ ਜੀਵ ਜਮਾਂਦਰੂ ਤੌਰ 'ਤੇ ਨਿਸ਼ਚਿਤ ਦਿਮਾਗੀ ਸਥਿਤੀ ਦਾ ਧਾਰਨੀ ਹੁੰਦਾ ਹੈ। ਉਸ ਦੀ ਜ਼ਿੰਦਗੀ ਦੇ ਸੰਕੇਤਕ ਚਿੰਨ੍ਹ, ਨਿਜੀ ਬੁੱਧੀ ਦਾ ਪ੍ਰਭਾਵ, ਸਮਾਜੀ ਖੇਤਰ ਵਿਚ ਪ੍ਰਗਟ ਕਰਦੇ ਹਨ ਕਿ ਇਹ ਜੀਵ ਬਾਲਗ਼ ਅਵਸਥਾ ਵਿਚ ਕਿਤਨੀ ਕੁ ਬੁੱਧੀ ਦਾ ਧਾਰਨੀ ਹੋਵੇਗਾ। ਹਰ ਇਨਸਾਨ ਹਰ ਖੇਤਰ ਵਿਚ ਬੁੱਧੀਜੀਵੀ ਨਹੀਂ ਹੋ ਸਕਦਾ, ਜਿਵੇਂ, ਕੋਈ ਬੁੱਧੀਵਾਨ ਕਈ ਇਕ ਭਾਸ਼ਾਵਾਂ ਦਾ ਗਿਆਤਾ ਹੋਵੇ ਪ੍ਰੰਤੂ ਪਾਣੀ ਦੇ ਨਲਕੇ ਦੀ ਵਾਸ਼ਰ ਬਦਲੀ ਕਰਨ ਦੀ ਯੋਗਤਾ ਨਹੀਂ ਰੱਖਦਾ। ਇਨਸਾਨੀ ਤਜਰਬੇ ਦੁਆਰਾ ਇਹ ਧਾਰਾ ਸਿੱਧ ਹੋ ਚੁੱਕੀ ਹੈ ਕਿ ਕਈ ਜੀਵ ਬੁੱਧੀ ਦੇ ਹੁੰਦਿਆਂ ਹੋਇਆਂ ਭੀ ਜ਼ਾਤੀ ਭੇਦ ਭਾਵ ਅਤੇ ਮਾਇਕ ਕਮਜ਼ੋਰੀ ਦੇ ਕਾਰਣ, ਬੁੱਧੀਜੀਵੀ ਨਹੀਂ ਬਣ ਸਕਦੇ। ਅਧਿਆਤਮਕ ਖੇਤਰ ਇਕ ਐਸਾ ਖੇਤਰ ਹੈ ਜੋ ਜੀਵ ਨੂੰ ਸ੍ਰੇਸ਼ਟਾਚਾਰੀ ਦਾ ਮਾਰਗ ਦਰਸਾਂਦਾ ਹੈ, ਬਸ਼ਰਤੇਕਿ, ਉਸ ਜੀਵ ਦੀ ਲਗਨ,

ਸਮਰਪਣਤਾ, ਗੁਰਬਾਣੀ ਦੇ ਪੜ੍ਹਨ, ਵਿਚਾਰਨ ਅਤੇ ਜੀਵਨ ਵਿਚ ਢਾਲਣ ਦੀ ਯੋਗਤਾ ਰੱਖਦੀ ਹੋਵੇ। ਅੰਤਹਕਰਣ ਦੇ ਪਰਿਵਾਰ ਵਿਚ ਬੁੱਧੀ ਹੀ ਇਕ ਐਸੀ ਧਾਰਾ ਹੈ ਜੋ ਇਨਸਾਨੀ ਚੇਤਨਤਾ ਨੂੰ ਸੁਅੱਛ ਅਤੇ ਸੁਅਸਤਅਵਸਥੀ ਰੱਖ ਸਕਦੀ ਹੈ, ਜਿਸ ਦੇ ਆਧਾਰ 'ਤੇ ਜੀਵ ਦੀ ਕਾਰਮਕ ਪ੍ਰਣਾਲੀ ਭੀ ਨੈਤਿਕਤਾ ਦੇ ਖੇਤਰ ਵਿਚ ਪ੍ਰਵੇਸ਼ ਕਰਦੀ ਹੈ ਅਤੇ ਮਨ ਦੀਆਂ ਤਰੰਗਾਂ ਦਾ ਜ਼ਾਵੀਆ ਭੀ ਗੁਰਮਤਿ ਦੇ ਖੇਤਰ ਵਿਚ ਉਲੀਕਿਆ ਜਾ ਸਕਦਾ ਹੈ। ਐਸੇ ਇਨਸਾਨ ਦਾ ਮਨ ਭੀ ਵਿਕਲਪੀ ਸਮੱਗਰੀ ਨੂੰ ਤਿਆਗ ਕੇ ਉਸਾਰੂ ਅਤੇ ਸ੍ਰੇਸ਼ਟ ਸੰਕਲਪਾਂ ਦੀ ਨਗਰੀ ਦਾ ਨੀਂਹ ਪੱਥਰ ਸਥਾਪਨ ਕਰਦਾ ਹੈ।

ਜੀਵ ਦੀ ਚੇਤਨਤਾ ਵਿਚ ਜਿਤਨੀ ਭੀ ਸਮੱਗਰੀ ਜਮ੍ਹਾ ਹੋ ਜਾਵੇ, ਉਸ ਚੇਤਨ ਸਮੱਗਰੀ 'ਤੇ ਅਮਲ ਹੋਣਾ ਭੀ ਇਨਸਾਨੀ ਜੀਵਨ ਦਾ ਇਕ ਨਿੱਗਰ ਭਾਗ ਹੈ। ਚੇਤਨਤਾ ਵਿਚ ਇਕੱਤਰ ਹੋਏ ਹਰ ਖ਼ਿਆਲ ਦਾ ਕਰਮਫਲ ਪ੍ਰਾਪਤ ਹੋਣਾ ਭੀ ਕਰਮਗਤੀ ਦਾ ਅਵਿੱਛੜ ਅੰਗ ਹੈ। ਕਾਰਜਾਂ ਦੀ ਪੂਰਤੀ ਹਿਤ, ਅੰਤਹਕਰਣ ਵਿਚ ਇਕ ਵੱਖਰਾ ਮਹਿਕਮਾ ਹੈ ਜਿਸ ਦੀ ਸੰਗਿਆ, ਹਉਮੈ ਹੈ। ਜੀਵ ਦੇ ਸਰੀਰ ਵਿਚ ਹਉਮੈ ਇਕ ਐਸੀ ਸ਼ਕਤੀ ਹੈ ਜੋ ਸਰੀਰ ਮੰਡਲ ਦੇ ਹਰ ਕਾਰਜ ਦੀ ਪੂਰਤੀ ਕਰਦੀ ਹੈ। ਅਗਰ ਸਰੀਰ ਵਿਚੋਂ ਹਉਮੈ ਦਾ ਅਭਾਵ ਹੋ ਜਾਵੇ ਤਦ ਸਮੂਲਚੇ ਸਰੀਰ ਮੰਡਲ ਦੀ ਕਰਮਸ਼ੀਲਤਾ ਲੋਪ ਹੋ ਜਾਵੇਗੀ। ਸਰੀਰ ਮੰਡਲ ਦੀ ਕਾਰਜਕਾਲੀ ਗਤੀ ਨੂੰ ਨਿਰੰਤਰ ਵੇਗ ਵਿਚ ਚਾਲੂ ਰੱਖਣ ਲਈ ਹਉਮੈ ਦਾ ਹੋਣਾ ਇਨਸਾਨੀ ਜੀਵਨ ਦਾ ਇਕ ਆਵਸ਼ਕ ਅੰਗ ਹੈ। ਹਉਮੈ ਹੀ ਇਕ ਐਸੀ ਸੂਖਸ਼ਮ ਸ਼ਕਤੀ ਹੈ ਜੋ ਚੇਤਨਤਾ ਦੇ ਗ੍ਰਹਿ ਵਿਚੋਂ ਇਕੱਲੇ ਇਕੱਲੇ ਖ਼ਿਆਲ ਨੂੰ ਬਾਹਰ ਕੱਢ ਕੇ ਉਸ ਦਾ ਭੁਗਤਾਨ ਕਰਦੀ ਹੈ। ਲਿਹਾਜ਼ਾ, ਹਰ ਭੁਗਤਾਨ ਦਾ ਆਪਣਾ ਆਪਣਾ ਫਲ-ਖੇਤਰ ਅਤੇ ਪ੍ਰਭਾਵਕ ਦਾਇਰਾ ਹੁੰਦਾ ਹੈ। ਸ੍ਰੇਸ਼ਟ ਕਰਮਾਂ ਦੇ ਸ੍ਰੇਸ਼ਟ ਫਲ ਅਤੇ ਮੰਦੇ ਕਰਮਾਂ ਦੇ ਮੰਦੇ ਫਲਾਂ ਦੀ ਜ਼ਿੰਮੇਵਾਰੀ ਸੰਭਾਲਣੀ ਹੀ ਪਵੇਗੀ। ਚੁਨਾਂਚਿ, ਕਰਮਗਤੀ ਦੀ ਵਿਸ਼ੇਸ਼ਤਾ ਦੇ ਆਧਾਰ 'ਤੇ ਹਰ ਇਕ ਕਰਮ-ਫਲ ਦਾ ਪ੍ਰਭਾਵ, ਸਮਾਜੀ ਜੀਵਨ 'ਤੇ ਪੈਣਾ ਭੀ ਜ਼ਰੂਰੀ ਹੈ। ਜਿਵੇਂ :

That is the dynamic role of karmic theory.

ਹਉਮੈ ਦੇ ਮਾਰਿਆਂ ਸਮੂਲਚੇ ਬ੍ਰਹਮੰਡ ਦੀ ਨਿਰੰਤਰੀ ਕ੍ਰਿਆ ਦਾ ਭੋਗ ਪੈ ਜਾਂਦਾ ਹੈ। ਇਹੀ ਕਾਰਣ ਹੈ ਕਿ ਕਰਤਾ ਨੇ ਬ੍ਰਹਮੰਡੀ ਨਿਜ਼ਾਮ ਨੂੰ ਨਿਰੰਤਰੀ ਵੇਗ ਵਿਚ ਚਾਲੂ ਰੱਖਣ ਹਿਤ, ਹਉਮੈ ਜੈਸੀ ਸੂਖਸ਼ਮ ਸ਼ਕਤੀ ਉਤਪੰਨ ਕੀਤੀ ਹੈ, ਜਿਵੇਂ :

ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ॥
ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ॥੩॥

(ਮਾਰੂ ਮ: ੫, ਪੰਨਾ 999/18)

ਜਿਸ ਵਾਹਿਗੁਰੂ ਨੇ ਇਸ ਬ੍ਰਹਮੰਡ ਦੀ ਰਚਨਾ ਰਚੀ ਹੈ, ਬ੍ਰਹਮੰਡੀ ਸ਼ਾਸਨ ਨੂੰ ਗਤੀਬੱਧ ਰੱਖਣ ਹਿਤ, ਰਚਨਾ ਦੇ ਹਰ ਜ਼ੱਰੇ ਜ਼ੱਰੇ ਵਿਚ ਹਉਮੈ ਨੂੰ ਸਥਾਪਨ ਕੀਤਾ ਹੈ। ਜੋ ਪ੍ਰਾਣੀ ਹਉਮੈ ਦੀ ਸੂਖਸ਼ਮ ਸ਼ਕਤੀ ਦਾ ਵਾਜਬ ਪ੍ਰਯੋਗ ਨਹੀਂ ਕਰਦੇ, ਓਹ ਜਨਮ ਮਰਨ ਦੇ ਆਵਾਜਾਈ ਚੱਕਰ ਵਿਚ ਪਏ ਰਹਿੰਦੇ ਹਨ। ਹਉਮੈ ਦਾ ਅਉਖਧ ਇਸ ਨੂੰ ਮਾਰਨਾ ਨਹੀਂ ਬਲਕਿ ਇਸ ਨੂੰ ਸਮਾਯੋਜਨ, ਇਕਸਾਰਤ (adjust) ਕਰਨਾ ਹੈ ਤਾਂਕਿ, ਬ੍ਰਹਮੰਡੀ ਕਾਰਜ ਭੀ ਚਲਦੇ ਰਹਿਣ ਅਤੇ ਜੀਵ ਆਵਾਜਾਈ ਦੇ ਚੱਕਰ ਤੋਂ ਭੀ ਖ਼ਲਾਸੀ ਪਾ ਸਕੇ। ਹਉਮੈ ਜੈਸੇ ਸੰਗੀਨ ਵਿਸ਼ੇ ਨੂੰ ਸਮਝਣ ਸਮਝਾਉਣ ਹਿਤ, ਗੁਰਬਾਣੀ ਵਿਚ ਇਸ ਗੰਭੀਰ ਸਮੱਸਿਆ ਦਾ ਉਲੇਖਣ ਕਰਦੇ ਹੋਏ, ਇਸ ਦੀ ਵਰਤੋਂ ਅਤੇ ਇਲਾਜ ਭੀ ਦਰਸਾਇਆ ਹੈ, ਜਿਵੇਂ:

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥

(ਆਸਾ ਮ: ੨, ਪੰਨਾ 466/17)

ਹਉਮੈ ਦੀ ਇਹੀ ਵਿਸ਼ੇਸ਼ਤਾ ਹੈ ਕਿ ਸੰਸਾਰੀ ਜੀਵ ਹਉਮੈ ਦੇ ਆਸਰੇ ਜੀਵਨ ਨੂੰ ਰੁਮਕਦਾ ਰੱਖਣ ਹਿਤ ਤਰ੍ਹਾਂ ਤਰ੍ਹਾਂ ਦੇ ਕਰਮ ਕਮਾਂਵਦੇ ਹਨ। ਹਉਮੈ ਦੀ ਸ਼ਕਤੀ ਨੂੰ ਇਕਸਾਰਤ ਨਾ ਕਰਨਾ, ਹਉਮੈ ਰਚਤਾ ਦੀ ਰਹਿਮਤ ਨੂੰ ਭੁਲਾ ਕੇ ਮੈਂ-ਮੇਰੀ ਦੇ ਅਧੀਨ ਕਰਮ ਕਮਾਂਵਦੇ ਹਨ। "ਕਰਮ ਕਰਤ ਬਧੇ ਅਹੰਮੇਵ" ਦੇ ਸਿਧਾਂਤ ਅਨੁਸਾਰ ਇਹੀ ਹਉਮੈ ਇਨ੍ਹਾਂ ਵਾਸਤੇ ਬੰਧਨਾਂ ਦਾ ਮੂਲ ਬਣਦੀ ਹੈ ਕਿਉਂਕਿ ਇਨ੍ਹਾਂ ਨੇ ਹਉਮੈ ਨੂੰ ਮਾਰਨ ਦੀ ਹੱਠਧਰਮੀ ਅਪਣਾਈ ਹੈ, ਇਕਸਾਰਤ ਜੁਗਤੀ ਦਾ ਅਭਿਆਸ ਨਹੀਂ ਕੀਤਾ।

ਕਰਮ-ਜਾਲ ਦੇ ਬੰਧਨ ਹੋਣ ਕਰਕੇ ਸੰਸਾਰੀ ਜੀਵ ਬਾਰ ਬਾਰ ਆਵਾਗਵਨ ਦੀਆਂ ਜੂਨੀਆਂ ਵਿਚ ਭਟਕਦੇ ਹਨ। ਇਥੇ ਇਕ ਗੰਭੀਰ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਹਉਮੈ ਦੀ ਉਪਜ ਕਿਥੋਂ ਹੁੰਦੀ ਹੈ ਅਤੇ ਕਿਸ ਢੰਗ ਦੁਆਰਾ ਇਸ ਨੂੰ ਇਕਸਾਰਤਾ (adjustment) ਦੇ ਦਾਇਰੇ ਵਿਚ ਗਤੀਸ਼ੀਲ ਕੀਤਾ ਜਾਵੇ?

ਜੋ ਹਉਮੈ ਹੈ ਇਹੋ ਵਾਹਿਗੁਰੂ ਦਾ ਹੁਕਮ ਹੈ ਭਾਵ ਹਉਮੈ ਦੀ ਉਪਜ ਵਾਹਿਗੁਰੂ ਦੇ ਹੁਕਮ ਦੁਆਰਾ ਹੋਈ ਹੈ ਤਾਂਕਿ ਪ੍ਰਕਿਰਤੀ ਦੇ ਕਾਰ-ਵਿਹਾਰ ਨਿਰੰਤਰ ਵੇਗ ਦੁਆਰਾ ਗਤੀਬੱਧ ਹੁੰਦੇ ਰਹਿਣ ਅਤੇ ਪ੍ਰਕਿਰਤੀ ਦੀ ਪੁਨਰ

ਸਾਜਨਾ ਲਗਾਤਾਰ ਹੁੰਦੀ ਰਹੇ। ਇਹੀ ਕਾਰਣ ਹੈ ਕਿ ਹਉਮੈ ਦੀ ਉਪਜ ਉਸ ਰਚਨਹਾਰ ਨੇ ਕੀਤੀ ਹੈ ਤਾਂਕਿ ਪ੍ਰਕਿਰਤੀ ਦਾ ਪਸਾਰਾ ਸਵੈਮ ਅਤੇ ਨਿਰਯਤਨ ਹੀ ਹੁੰਦਾ ਰਹੇ। ਪ੍ਰਕਿਰਤੀ ਦੇ ਸਾਰੇ ਜੀਵ ਜੰਤੂ ਕੀਤੇ ਕਰਮਾਂ ਦੇ ਅਨੁਸਾਰ ਹਉਮੈ ਦੇ ਅਧੀਨ ਚਲਾਏ ਜਾਂਦੇ ਹਨ। ਭਾਵ, "ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ" ਦੀ ਕਰਮਗਤੀ ਦੇ ਦਾਇਰੇ ਵਿਚ ਚੱਲਣ ਵਿਚ ਪ੍ਰੇਰਤ ਕੀਤੇ ਜਾਂਦੇ ਹਨ। ਹਉਮੈ ਪ੍ਰਤਿ ਇਕਸਾਰਤ ਸਿਧਾਂਤ ਨੂੰ ਨਾ ਸਮਝਣਾ ਹੀ ਦੁਨੀਆ ਦੇ ਇਨਸਾਨ ਵਾਸਤੇ ਹਉਮੈ ਇਕ ਅਜ਼ੀਮ ਮਰਜ਼ (ਵੱਡਾ ਰੋਗ) ਬਣ ਕੇ, ਸੰਸਾਰੀ ਜੀਵਾਂ ਨੂੰ ਆਵਾਗਵਨ ਦਾ ਪੰਧ ਚੱਲਣ ਲਈ ਮਜਬੂਰ ਕਰਦੀ ਹੈ। ਜਿਥੇ ਇਕ ਹਉਮੈ ਬਹੁਤ ਵੱਡਾ ਅਤੇ ਅਹਿਮ ਰੋਗ ਹੈ ਉਥੇ ਇਸ ਦਾ ਇਲਾਜ ਭੀ ਹਉਮੈ ਦੇ ਗ੍ਰਹਿ ਵਿਖੇ ਮੌਜੂਦ ਹੈ। ਅਤਿ ਅਸਚਰਜ ਅਤੇ ਵਿਆਕੁਲਤਾ ਭਰਪੂਰ ਸਥਿਤੀ ਇਹੀ ਹੈ ਕਿ ਰੋਗ ਅਤੇ ਅਉਖਧ ਦਾ ਭੰਡਾਰਾ ਭੀ ਹਉਮੈ ਦੇ ਦਾਇਰੇ ਵਿਚ ਮੌਜੂਦ ਹੈ। ਇਥੇ ਦੋ ਵਿਰੋਧੀ ਖ਼ਿਆਲਾਂ ਦਾ ਸਿੱਧਾ ਟਕਰਾਉ ਹੈ, ਦੋ ਵਿਰੋਧੀ ਵਿਚਾਰਧਾਰਾਵਾਂ ਨੂੰ ਇਕ ਬੇਲੇ ਵਿਚ ਕਿਵੇਂ ਬੰਨ੍ਹਿਆ ਜਾ ਸਕਦਾ ਹੈ ? ਦੋ ਵਿਰੋਧੀ ਸਿਧਾਂਤਾਂ ਨੂੰ ਇਕ ਬੋਤਲ ਵਿਚ ਬੰਦ ਨਹੀਂ ਕੀਤਾ ਜਾ ਸਕਦਾ। ਸੱਪ ਅਤੇ ਨਿਉਲੇ ਨੂੰ ਇਕ ਪਿੰਜਰੇ ਵਿਚ ਤਾੜਨਾ ਹੀ, ਕਿਸੇ ਇਕ ਦੀ ਹੱਤਿਆ ਪ੍ਰਤਿ ਸਿੱਧਾ ਪੈਗਾਮ ਹੈ। ਭਾਵੇਂ ਕੁਝ ਭੀ ਕਿਉਂ ਨਾ ਹੋਵੇ, ਇਹੀ ਓਹ ਵਾਸਤਵਿਕ ਵਿਸ਼ੇਸ਼ਤਾ ਅਥਵਾ ਲਾ-ਮਿਸਾਲ ਪ੍ਰਸਿੱਧਤਾ, ਮਸ਼ਹੂਰੋ-ਮਾਅਰੂਫ਼ ਅਤੇ ਇਮਤਿਆਜ਼ੀ ਨਿਸ਼ਾਨ ਹੈ ਜਿਸ ਦੇ ਅਧੀਨ ਸਤਿਗੁਰੂ ਨਾਨਕ ਪਾਤਿਸ਼ਾਹ ਜੀ ਨੇ ਸ਼ੇਰ ਅਤੇ ਬੱਕਰੀ ਨੂੰ ਇਕ ਘਾਟ 'ਤੇ ਪਾਣੀ ਪੀਣਾ ਅਤੇ ਇਕ ਬੇਲੇ ਵਿਚ ਵਿਚਰਦੇ ਹੋਏ, ਸੁਖਾਵਾਂ ਜੀਵਨ ਬਤੀਤ ਕਰਨ ਦੀ ਜੁਗਤੀ ਦਾ ਨਿਰਮਾਣ ਕੀਤਾ ਹੈ। (That is the dynamic character of Guru Nanak.) ਰੱਬੀ ਇਕਸਾਰਤਾ ਦਾ ਜ਼ਿਕਰ ਕਰਦੇ ਹੋਏ ਹਜ਼ੂਰ ਨੇ ਕਥਨ ਕੀਤਾ ਹੈ, ਜਿਵੇਂ :

ਆਪੇ ਧਰਤੀ ਆਪਿ ਜਲੁ ਪਿਆਰਾ ਆਪੇ ਕਰੇ ਕਰਾਇਆ ॥
ਆਪੇ ਹੁਕਮਿ ਵਰਤਦਾ ਪਿਆਰਾ ਜਲੁ ਮਾਟੀ ਬੰਧਿ ਰਖਾਇਆ ॥
ਆਪੇ ਹੀ ਭਉ ਪਾਇਦਾ ਪਿਆਰਾ ਬੰਨਿ ਬਕਰੀ ਸੀਹੁ ਹਢਾਇਆ ॥੨॥

(ਸੋਰਠਿ ਮ: ੪, ਪੰਨਾ 605/18)

ਸਤਿਗੁਰੂ ਨਾਨਕ ਦੇਵ ਜੀ ਨੇ ਜੀਵਨ ਮਨੋਰਥ ਦੀ ਪ੍ਰਾਪਤੀ ਹਿਤ ਇਕ ਜੀਵਨ ਜਾਂਚ ਅਤੇ ਜ਼ਿੰਦਗੀ ਦਾ ਜ਼ਾਬਤਾ ਸਥਾਪਨ ਕੀਤਾ ਹੈ। ਸਮਾਜੀ ਜੀਵਨ ਨੂੰ ਕਿਸੇ ਖ਼ਾਸ ਪਾਬੰਦੀ ਵਿਚ ਬਤੀਤ ਕਰਨ ਹਿਤ, ਨਜ਼ਮੋ-ਜ਼ਬਤ (discipline) ਦੀ ਪਾਬੰਦਕ ਜੁਗਤੀ ਦਰਸਾਈ ਹੈ ਤਾਂਕਿ ਦੁਨੀਆ ਦਾ ਇਨਸਾਨ ਰੱਬ ਦੇ ਭੈ ਵਿਚ ਵਿਚਰਦਾ ਹੋਇਆ ਨਿਮਰਤਾ, ਪਿਆਰ ਅਤੇ ਬਿਬੇਕੀ ਸੂਝ ਬੂਝ ਦਾ ਧਾਰਨੀ ਹੋ ਜਾਵੇ। ਜ਼ਿੰਦਗੀ ਦੇ ਜਿਤਨੇ ਭੀ ਨੈਤਿਕ ਲੱਛਣ ਹਨ ਓਹ ਤਦ

ਹੀ ਸਮਾਜੀ ਜੀਵਨ ਦਾ ਨਿੱਗਰ ਭਾਗ ਬਣ ਸਕਦੇ ਹਨ ਜਦੋਂ ਹਰ ਇਕ ਇਨਸਾਨ ਹਉਮੈ ਦੀ ਇਕਸਾਰਤਾ ਨੂੰ ਨਿਜੀ ਜੀਵਨ ਦਾ ਅਵਿੱਛਣ ਅੰਗ ਬਣਾ ਲਵੇ। ਸਮਾਜੀ ਨੈਤਿਕਤਾ ਅਤੇ ਅਧਿਆਤਮਕ ਪ੍ਰਬੁੱਧਤਾ ਸਤਿਗੁਰੂ ਦੇ ਗ੍ਰਹਿ ਵਿਚੋਂ ਪ੍ਰਾਪਤ ਹੁੰਦੀ ਹੈ ਅੌਰ ਸਤਿਗੁਰੂ ਨਾਲ ਸੰਧੀ ਹੋਣੀ ਨਿਰੋਲ ਰੱਬੀ ਰਹਿਮਤ ਹੈ ਜਿਥੋਂ ਸ਼ਬਦ ਦੀ ਕਮਾਈ ਕੀਤੀ ਜਾ ਸਕਦੀ ਹੈ। ਸ਼ਬਦ ਦੀ ਕਮਾਈ ਹੀ ਹਉਮੈ ਦੀ ਸੂਖਸ਼ਮ ਕਲਾ ਨੂੰ ਕਿਸੇ ਖ਼ਾਸ ਤਨਜ਼ੀਮ ਅਥਵਾ ਇਕਸਾਰਤਾ ਵਿਚ ਪਰਿਵਰਤ ਕਰਦੀ ਹੈ ਜਿਥੋਂ ਜੀਵ ਹਉਮੈ ਦੇ ਅਤਿ ਦੀਰਘ ਰੋਗ ਤੋਂ ਛੁਟਕਾਰਾ ਪਾ ਕੇ ਜੀਵਨ ਮਨੋਰਥ ਦੀ ਪ੍ਰਾਪਤੀ ਕਰਦਾ ਹੈ, ਜਿਵੇਂ:

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥

(ਆਸਾ ਮ: ੧, ਪੰਨਾ 466/18)

ਅੰਤਹਕਰਣ ਦਾ ਚੌਥਾ ਭਾਗ ਸੁਰਤੀ ਹੈ ਜੋ ਮਨ, ਬੁੱਧੀ ਅਤੇ ਪੰਚ-ਮੁਖੀ ਗਿਆਨ ਦੀ ਉਪਰਲੀ ਮੰਜ਼ਲ ਵਿਚ ਵਿਚਰਦੀ ਹੈ, ਜਿਸ ਦੀ ਬਾਬਤ ਆਪ ਜੀ ਪਿੱਛੇ ਕਰਮ ਨੰਬਰ ਗਿਆਰਾਂ (11) ਦੇ ਅਨੁਛੇਦਕ ਕਰਮ (3) ਤੱਤ੍ਵ ਗਿਆਨ ਵਿਚ ਪੜ੍ਹ ਆਏ ਹੋ। ਅਨੁਭਵੀ ਗਿਆਨ ਦੀ ਅੰਤਰ ਪ੍ਰੇਰਣਾ, ਪੰਜਾਂ ਗਿਆਨ ਇੰਦ੍ਰੀਆਂ ਤੋਂ ਪਾਰ ਇਕ ਐਸੀ ਵਾਸਤਵਿਕ ਜੋਤਿ ਹੈ ਜੋ ਅਸਾਨੂੰ ਤੱਤ੍ਵ ਗਿਆਨ ਦੀ ਪ੍ਰਾਪਤੀ ਲਈ ਸਹਾਇਤਾ ਕਰਦੀ ਹੈ। ਇਹ ਇਕ ਐਸੀ ਪ੍ਰਬੁਧਿਕ ਸਮੱਗਰੀ ਹੈ ਜੋ ਪੰਚ-ਮੁਖੀ ਸਰੀਰਕ ਚੇਤਨਾ ਤੋਂ ਬਿਨਾਂ ਸਰਬ-ਮੁਖੀ ਵਾਸਤਵਿਕਤਾ ਦੇ ਖੇਤਰ ਵਿਚ ਕੰਮ ਕਰਦੀ ਅਤੇ ਅਸਾਡੇ ਪ੍ਰਤੱਖ ਗਿਆਨ ਦੀ ਪ੍ਰਣਾਲੀ ਜੋ, ਅਸਥੂਲਿਕ ਸਰੀਰ ਦੇ ਵਿਚੋਂ ਹੀ, ਤੱਤ੍ਵ ਗਿਆਨ ਦੀ ਪ੍ਰਾਪਤੀ ਹਿਤ ਹਮੇਸ਼ਾ ਹੀ ਯਤਨਸ਼ੀਲ ਰਹਿੰਦੀ ਹੈ, ਜਿਸ ਦੀ ਉਪਾਧੀ ਸੁਰਤੀ (instinct) ਦੇ ਨਾਂ ਨਾਲ ਪੁਕਾਰੀ ਜਾਂਦੀ ਹੈ। ਸੁਰਤੀ ਹੀ ਅਨੁਭਵੀ ਗਿਆਨ ਦੀ ਪ੍ਰਣਾਲੀ ਨੂੰ ਤੱਤ੍ਵ ਗਿਆਨ ਵਿਚ ਬਦਲੀ ਕਰਦੀ ਹੈ। ਇਥੇ ਮਨ ਦੀਆਂ ਤਰੰਗਾਂ ਦਾ ਪ੍ਰਸੰਗ ਸਮਾਪਤ ਹੈ, ਅਗਲੇ ਪ੍ਰਸੰਗ ਵਿਚ ਮਨ ਦੀ ਇਕਸਾਰਤਾ ਪ੍ਰਤਿ ਵਿਚਾਰ ਹੋਵੇਗੀ।

1.15 ਮਨ ਦੀ ਇਕਸਾਰਤਾ

ਨਿਜੀ ਤਰੰਗਾਂ ਦੇ ਆਧਾਰ 'ਤੇ ਇਨਸਾਨ ਦਾ ਮਨ ਸੰਕਲਪ ਅਤੇ ਵਿਕਲਪਾਂ ਦੀ ਹਰਚੰਦਉਰੀ ਉਸਾਰਦਾ ਹੈ। ਮਨ ਦੀਆਂ ਤਰੰਗਾਂ ਦੀ ਉਪਜ ਪਦਾਰਥਵਾਦੀ ਅਥਵਾ ਮਾਇਕ ਪ੍ਰੇਰਣਾ ਹੈ ਜੋ ਮਨ ਦੀ ਧਾਵਨ ਸ਼ਕਤੀ 'ਤੇ ਸਵਾਰ ਹੋ ਕੇ ਇਸ ਨੂੰ ਅਨੇਕਾਂ ਹੀ ਦਿਸ਼ਾਵਾਂ ਵੱਲ ਧਾਵਨ ਹਿਤ ਪ੍ਰੇਰਦੀ ਹੈ।

ਮਾਇਕ ਹਰਿਆਵਲ ਨੂੰ ਵੇਖ ਕੇ, ਮਨ ਦੀਆਂ ਕਾਮਨਾਵਾਂ ਇਤਨੀਆਂ ਪ੍ਰਬਲ ਹੋ ਨਿਬੜਦੀਆਂ ਹਨ ਕਿ ਜੀਵ ਦਾ ਮਨ ਸਵੈਮ ਜ਼ਰੂਰਤਾਂ ਤੋਂ ਬਹੁਤ ਅਗਾਂਹ ਲੰਘ ਕੇ ਖ਼ਾਹਿਸ਼ਾਂ ਦੇ ਖੇਤਰ, ਕਾਮਨਾਵਾਂ ਦੇ ਜਾਲ ਵਿਚ ਲਪੇਟਿਆ ਜਾਂਦਾ ਹੈ, ਆਰਜ਼ੂਆਂ ਦੀ ਬਹੁਤ ਲੰਮੀ ਚੌੜੀ ਦੁਨੀਆ ਵਸਾ ਲੈਂਦਾ ਹੈ। ਇਸ ਖ਼ਿਆਲ ਦੀ ਪ੍ਰੋੜ੍ਹਤਾ ਪਾਵਨ ਗੁਰਬਾਣੀ ਦੁਆਰਾ ਨਿਮਨ ਲਿਖਤ ਦੇ ਅਨੁਸਾਰ ਕੀਤੀ ਗਈ ਹੈ, ਜਿਵੇਂ:

ਧਾਇਓ ਰੇ ਮਨ ਦਹ ਦਿਸ ਧਾਇਓ ॥
ਮਾਇਆ ਮਗਨ ਸੁਆਦਿ ਲੋਭਿ ਮੋਹਿਓ ਤਿਨਿ ਪ੍ਰਭਿ ਆਪਿ ਭੁਲਾਇਓ ॥

(ਟੋਡੀ ਮ: ੫, ਪੰਨਾ 712/5)

ਜੋ ਪ੍ਰਾਣੀ ਪੰਚ-ਮੁਖੀ ਗਿਆਨ ਤੋਂ ਉੱਪਰ ਉੱਠ ਕੇ ਸਰਬ-ਮੁਖੀ ਅਨੁਭਵਤਾ ਵਿਚ ਪ੍ਰਵੇਸ਼ ਕਰਦੇ ਹਨ, ਓਹ ਮਾਇਕ ਪਦਾਰਥਾਂ ਦੇ ਵਿਚ ਵਿਚਰਦੇ ਹੋਏ ਭੀ ਇਨ੍ਹਾਂ ਤੋਂ ਅਸੰਗ ਰਹਿੰਦੇ ਹਨ। ਜਿਵੇਂ ਕਮਲ ਫੁਲ ਦੀ ਜੜ੍ਹ, ਪਾਣੀ ਦੇ ਤਲਾਂ ਵਿਚ ਚਿੱਕੜ ਵਾਲੀ ਥਾਂ 'ਤੇ ਸਥਿਰ ਹੁੰਦੀ ਹੈ ਪ੍ਰੰਤੂ ਕਮਲ ਫੁਲ ਹਮੇਸ਼ਾ ਹੀ ਪਾਣੀ ਦੀ ਸਤਹ 'ਤੇ ਪ੍ਰਫੁੱਲਤ ਹੁੰਦਾ ਹੈ। ਪਾਣੀ ਦੀਆਂ ਤਲਾਂ ਵਿਚ ਪਈ ਮਾਇਕ ਪਦਾਰਥਾਂ ਦੀ ਦਲਦਲ ਤੋਂ ਨਿਰਲੇਪ ਵਿਚਰਦਾ ਹੈ। ਇਹੀ ਉਸ ਦੀ ਸਰਬ-ਪੱਖੀ ਵਿਦਵਤਾ ਹੈ ਕਿ ਚਿੱਕੜ ਦੇ ਵਿਚ ਰਹਿੰਦਾ ਹੋਇਆ ਭੀ ਚਿੱਕੜ ਤੋਂ ਨਿਰਲੇਪ ਹੈ। ਜਿਵੇਂ, ਪਲੇਗ ਦੀ ਬੀਮਾਰੀ ਸਮੇਂ ਸਮਝਦਾਰ ਡਾਕਟਰ ਪਲੇਗ ਦੇ ਰੋਗੀਆਂ ਦਾ ਇਲਾਜ ਕਰਦਾ ਹੋਇਆ, ਪਲੇਗ ਦੀ ਬੀਮਾਰੀ ਤੋਂ ਸੁਰੱਖਿਅਤ ਵਿਚਰਦਾ ਹੈ। ਉਕਤ ਵਾਰਤਾ ਦਾ ਅੰਤਮ ਸਿੱਟਾ ਇਹੀ ਹੈ ਕਿ ਜਿਨ੍ਹਾਂ ਨੂੰ ਅੰਤ੍ਰੀਵੀ ਅਨੁਭਵਤਾ ਦੇ ਰਾਹੀਂ ਤੱਤ੍ਹ ਗਿਆਨ ਦੀ ਝਲਕ ਪ੍ਰਾਪਤ ਹੋਈ, ਉਨ੍ਹਾਂ ਨੇ ਮਾਇਆ ਦੇ ਵਿਚ ਵਿਚਰਦੇ ਹੋਏ ਮਨ ਦੀਆਂ ਤਰੰਗਾਂ ਨੂੰ ਇਕਸਾਰਤਾ ਦੀ ਵਲਗਣ ਵਿਚ ਕੀਲਿਆ ਹੈ। ਖ਼ਿਆਲ ਰਹੇ, ਮਨ ਨੂੰ ਮਾਰਨਾ ਨਹੀਂ ਬਲਕਿ ਇਕਸਾਰਤਾ ਦੇ ਨਜ਼ਮੋ-ਜ਼ਬਤ (discipline) ਵਿਚ ਅਰਾਸਤਾ ਕਰਨਾ (ਸ਼ਿੰਗਾਰਨਾ) ਹੈ, ਜਿਵੇਂ:

ਇਹੁ ਮਨੁ ਕੇਤੜਿਆ ਜੁਗ ਭਰਮਿਆ ਥਿਰੁ ਰਹੈ ਨ ਆਵੈ ਜਾਇ ॥
ਹਰਿ ਭਾਣਾ ਤਾ ਭਰਮਾਇਅਨੁ ਕਰਿ ਪਰਪੰਚੁ ਖੇਲੁ ਉਪਾਇ ॥
ਜਾ ਹਰਿ ਬਖਸੇ ਤਾ ਗੁਰ ਮਿਲੈ ਅਸਥਿਰੁ ਰਹੈ ਸਮਾਇ ॥
ਨਾਨਕ ਮਨ ਹੀ ਤੇ ਮਨੁ ਮਾਨਿਆ ਨਾ ਕਿਛੁ ਮਰੈ ਨ ਜਾਇ ॥੨॥

(ਗੂਜਰੀ ਵਾਰ, ਸਲੋਕ ਮ: ੩, ਪੰਨਾ 513/18)

ਮਾਇਕ ਪਦਾਰਥਾਂ ਦੀ ਦੁਨੀਆ ਇਕ ਐਸਾ ਸਕੂਲ ਹੈ ਜਿਥੋਂ ਮਨ ਦੀ ਜਾਣਕਾਰੀ ਪ੍ਰਤਿ ਇਕ ਖੁੱਲ੍ਹਾ ਡੁੱਲ੍ਹਾ ਦਾਇਰਾ ਉਲੀਕਿਆ ਜਾ ਸਕਦਾ ਹੈ।

ਮਾਇਆ ਦੇ ਦਾਇਰੇ ਵਿਚ ਵਿਚਰਦੇ ਹੋਏ ਭੀ ਪਰਾ-ਜੋਤਿ ਵਿਚ ਲਿਵਲੀਨਤਾ ਪ੍ਰਾਪਤ ਕੀਤੀ ਜਾ ਸਕਦੀ ਹੈ ਕਿਉਂਕਿ ਮਾਇਆ ਇਕ ਐਸੀ ਸੰਵੇਦਨਸ਼ੀਲ ਅਤੇ ਸੂਖਸ਼ਮ ਸ਼ਕਤੀ ਹੈ ਜੋ ਆਤਮਾ ਦੀ ਪਰਾ-ਸਰਦਾਰੀ ਵਿਚ ਵਿਚਰਦੀ ਹੋਈ, ਜਗਿਆਸੂ ਦੀਆਂ ਸਰੀਰਕ ਲੋੜਾਂ ਪੂਰੀਆਂ ਕਰਦੀ ਹੈ। ਜੀਵ ਦਾ ਮਾਇਕ ਨਿਜ਼ਾਮ ਉਸ ਵੇਲੇ ਨਖਿਧਾਤਮਕ ਵਲਗਣ ਵਿਚ ਪ੍ਰਵੇਸ਼ ਕਰਦਾ ਹੈ ਜਦੋਂ ਇਹ ਆਪਣੇ ਅੰਤਹਕਰਣ ਵਿਚ ਪ੍ਰਿਕਟੀ ਵਾਤਾਵਰਣ ਦੀਆਂ ਦੀਵਾਰਾਂ ਉਸਾਰਦਾ ਹੈ। ਜਿਸ ਦਾ ਫਲ ਇਸ ਦੀਆਂ ਜਜ਼ਬਾਤੀ ਤਰੰਗਾਂ ਭੀ ਨਖਿਧਾਤਮਕ ਦਾਇਰੇ ਵਿਚ ਪ੍ਰਵੇਸ਼ ਕਰਦੀਆਂ ਹਨ। ਗਰਜ਼ੇਕਿ, ਸਮੂਲਚਾ ਕਾਰਮਕ ਵਾਤਾਵਰਣ ਭੀ ਨਖਿਧਤ ਹੋਇ ਨਿਬੜਦਾ ਹੈ। ਵਾਤਾਵਰਣ ਇਕ ਐਸੀ ਸੁਬਲਤ ਸ਼ਕਤੀ ਹੈ ਜੋ ਨਿਜੀ ਚੌਗਿਰਦੇ ਨੂੰ ਆਪਣੀ ਵਲਗਣ ਵਿਚ ਸਮੇਟ ਲੈਂਦੀ ਹੈ। ਗਰਜ਼ੇਕਿ, ਸਮੁੱਚਾ ਸਮਾਜੀ ਢਾਂਚਾ ਹੀ ਨਖਿਧਾਤਮਕ ਕਿਰਿਆਵਾਂ ਦਾ ਖੇਤਰ ਬਣ ਜਾਂਦਾ ਹੈ। ਕਾਰਮਕ ਸ਼ੈਲੀ ਦਾ ਇਹ ਅਤਿ ਸੁਬਲਤ ਸਿਧਾਂਤ ਹੈ ਕਿ ਜੋ ਕੁਝ ਇਕ ਵਿਅਕਤੀ ਦੀ ਤਰਫੋਂ ਜਾਂ ਇਕ ਦੇਸ ਦੀ ਤਰਫੋਂ, ਦੂਜੇ ਵਿਅਕਤੀ ਜਾਂ ਦੇਸ ਵੱਲ ਭੇਜਿਆ ਜਾਵੇ ਉਸ ਦਾ ਪ੍ਰਤਿਕਰਮ, ਦੁਗਣੀ ਜਾਂ ਚੌਗੁਣੀ ਸ਼ਕਤੀ ਦੁਆਰਾ ਭੇਜਣ ਵਾਲੇ ਵੱਲ ਨੂੰ ਵਾਪਸ ਪਰਤਦਾ ਹੈ। ਜਿਸ ਦਾ ਕਰਮ-ਫਲ ਨਖਿਧਾਤਮਕ (negative) ਜਾਂ ਸਕਾਰਾਤਮਕ (positive) ਦੇ ਰੂਪ ਵਿਚ ਸਮੁੱਚੇ ਸਮਾਜ ਨੂੰ ਹੰਢਾਉਣਾ ਪਵੇਗਾ। ਅਗਰ ਇਸ ਪਦਾਰਥਵਾਦੀ ਮਾਇਕ ਵਾਤਾਵਰਣ ਦੀ ਵਰਤੋਂ ਪਰਸਪਰ ਸਮਾਜੀ ਭਲਾਈ ਵਾਸਤੇ ਕੀਤੀ ਜਾਵੇ ਤਦ ਸਮੁੱਚਾ ਸਮਾਜ ਹੀ ਨਹੀਂ ਬਲਕਿ ਸਾਰਾ ਸੰਸਾਰ ਪਾਰਗਰਾਮੀ ਹੋਇ ਨਿਬੜਦਾ ਹੈ।

ਅਸੀਂ ਕਿਸ ਢੰਗ ਦੁਆਰਾ ਇਸ ਖ਼ਿਆਲ 'ਤੇ ਗ਼ਾਲਬ ਹੋ ਸਕਦੇ ਹਾਂ ਕਿ ਪਦਾਰਥਵਾਦੀ ਦਾਇਰੇ ਵਿਚ ਵਿਚਰਦੇ ਹੋਏ ਮਨ ਦੀ ਇਕਸਾਰਤਾ ਪ੍ਰਤਿ ਕਿਸ ਧਾਰਾ ਨੂੰ ਗ੍ਰਹਿਣ ਕਰੀਏ ਅਤੇ ਕਿਸ ਨੂੰ ਨਜ਼ਰਅੰਦਾਜ਼ ਕਰ ਦੇਈਏ ਤਾਂਕਿ ਅਸੀਂ ਸੁਅਸਤਅਵਸਥੀ ਜੀਵਨ ਬਿਤਾ ਸਕੀਏ ? ਇਸ ਪ੍ਰਸ਼ਨ ਦਾ ਉੱਤਰ ਨਿਜੀ ਅਨੁਭਵਤਾ ਵਿਚੋਂ ਲੱਭਣਾ ਪਵੇਗਾ ਕਿ ਅਸਲ ਵਿਚ ਅਸਾਡੀਆਂ ਆਧਾਰ-ਭੂਤ ਅਥਵਾ ਮੂਲਿਕ ਲੋੜਾਂ ਕੀ ਹਨ ਅਤੇ ਅਸਾਡੀਆਂ ਗ਼ੈਰ-ਜ਼ਰੂਰੀ (ਫ਼ਾਲਤੂ) ਗ੍ਰਹਿਣ ਕੀਤੀਆਂ ਇੱਛਾਵਾਂ ਕਿਤਨੀਆਂ ਕੁ ਹਨ ? ਦੂਜੇ ਸ਼ਬਦਾਂ ਵਿਚ ਇੰਝ ਭੀ ਆਖ ਸਕਦੇ ਹਾਂ ਕਿ ਅਸਾਡੀਆਂ ਅਪ੍ਰਾਕ੍ਰਿਤਕ ਅਥਵਾ ਬਨਾਵਟੀ ਖ਼ਾਹਿਸ਼ਾਂ ਵਿਚ ਕਿਤਨਾ ਕੁ ਵਾਧਾ ਹੋ ਚੁੱਕਾ ਹੈ ? ਅਸੀਂ ਵੇਖਣਾ ਅਤੇ ਵਿਚਾਰਨਾ ਤਾਂ ਇਹ ਹੈ ਕਿ ਵਾਸਤਵਿਕ ਤੌਰ 'ਤੇ ਜ਼ਿੰਦਗੀ ਬਤੀਤ ਕਰਨ ਹਿਤ, ਅਸਾਡੀਆਂ ਵਾਜਬ ਲੋੜਾਂ ਕਿਤਨੀਆਂ ਕੁ ਹੋਣੀਆਂ ਚਾਹੀਦੀਆਂ ਹਨ ? ਗਰਜ਼ੇਕਿ, ਅਸਾਡੀਆਂ ਜਾਇਜ਼ ਅਥਵਾ ਪ੍ਰਮਾਣਿਕ ਲੋੜਾਂ ਦੀ ਸੂਚੀ ਇਤਨੀ ਕੁ ਹੈ ਜਿਨ੍ਹਾਂ

ਦੀ ਪੂਰਤੀ ਤੋਂ ਬਿਨਾਂ ਅਸਾਡੇ ਜੀਵਨ ਦੀ ਗਤੀ ਸੁਖਾਵੀਂ ਨਹੀਂ ਚਲ ਸਕਦੀ ? ਸਵੈਮ ਤੌਰ 'ਤੇ ਐਸਾ ਸਾਰਥਿਕ ਅਤੇ ਨਿਰਣੈ ਭਰਪੂਰ ਕਦਮ ਚੁੱਕਣਾ ਹੀ ਪਵੇਗਾ ਜਿਸ ਦੇ ਅਧੀਨ ਜਾਇਜ਼ ਅਤੇ ਨਾਜਾਇਜ਼ ਲੋੜਾਂ ਦੇ ਵਿਚਕਾਰ ਨਿਰਣਾਤਮਕ ਰੇਖਾ ਖਿੱਚ ਸਕੀਏ। ਅਸੀਂ ਗ਼ੈਰ-ਜ਼ਰੂਰੀ ਲੋੜਾਂ ਵਿਚ ਵਾਧਾ ਇਸ ਵਾਸਤੇ ਕਰਦੇ ਹਾਂ ਤਾਂਕਿ ਦੂਸਰੇ ਲੋਕਾਂ ਵਿਚ ਪਦਾਰਥਕ ਪ੍ਰਦਰਸ਼ਨੀ ਦੁਆਰਾ ਨਿਜੀ ਪ੍ਰਭਾਵ ਉਤਪੰਨ ਕਰ ਸਕੀਏ, ਉਨ੍ਹਾਂ ਨੂੰ ਸਵੈਮ ਇੱਛਾ ਦੇ ਆਧਾਰ 'ਤੇ ਗਤੀਬੱਧ ਕਰ ਸਕੀਏ। ਨਿਜੀ ਇੱਛਾਵਾਂ ਦਾ ਬੇਲੋੜਾ ਪਸਾਰਾ ਸੰਸਾਰੀ ਸ਼ਕਤੀ ਦਾ ਪ੍ਰਗਟਾਵਾ ਹੀ ਆਖਿਆ ਜਾ ਸਕਦਾ ਹੈ ਤਾਂਕਿ ਸਾਧਾਰਣ ਜਨ-ਸੰਖਿਆ ਅਸਾਡੀ ਮਹਾਨਤਾ, ਜਾਹੋ-ਜੱਲਾਲ, ਅਮੀਰਾਨਾ ਠਾਠ-ਬਾਠ, ਸਮਾਜੀ ਦਬਦਬਾ, ਖ਼ਾਨਦਾਨੀ ਵੱਕਾਰ ਪ੍ਰਤਿ ਜਾਣੂ ਹੋ ਸਕੇ। ਐਸੀਆਂ ਕਾਮਨਾਵਾਂ ਅਥਵਾ ਖ਼ਾਹਿਸ਼ਾਂ ਦਾ ਫੈਲਾਉ ਮਨ ਦੀਆਂ ਤਰੰਗਾਂ ਨੂੰ ਦੁਨਿਆਵੀ ਚਸਕਿਆਂ ਅਥਵਾ ਸੰਸਾਰੀ ਰਸ-ਕਸਾਂ ਵੱਲ ਪ੍ਰੇਰਦਾ ਅਤੇ ਹਉਮੈ ਦੀ ਰੁਚੀ ਵਿਚ ਉਭਾਰ, ਇਕਸਾਰਤਾ ਵਿਚ ਲਰਜ਼ਸ਼ ਉਤਪੰਨ ਕਰਨ ਦਾ ਸਾਧਨ ਬਣਦਾ ਹੈ। ਅਦੀਬ ਪੁਰਸ਼ਾਂ ਦਾ ਕਥਨ ਹੈ ਕਿ ਇਨਸਾਨ ਦੀ ਸਭ ਤੋਂ ਵੱਡੀ ਅਤੇ ਹੀਣਤ ਦੁਰਬੱਲਤਾ ਇਹੀ ਹੁੰਦੀ ਹੈ ਜਦੋਂ ਓਹ ਦੂਜਿਆਂ ਦੇ ਪ੍ਰਤਿਕਰਮ ਆਪਣੇ ਆਪ ਨੂੰ ਵੱਡਾ, ਮਹਾਨ ਅਤੇ ਚੁਣੀਂਦਾ ਵਿਅਕਤੀ ਸਮਝ ਬੈਠੇ। ਐਸੇ ਵਿਅਕਤੀਆਂ ਪ੍ਰਤਿ ਪਾਵਨ ਗੁਰਬਾਣੀ ਦਾ ਫ਼ੁਰਮਾਨ ਹੈ, ਜਿਵੇਂ :

ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ ॥
ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ ॥੨॥

(ਮਾਰੂ ਕਬੀਰ ਜੀ, ਪੰਨਾ 1105/16)

ਐਸੀਆਂ ਗ਼ੈਰ-ਜ਼ਰੂਰੀ ਪਦਾਰਥਕ ਕਾਮਨਾਵਾਂ ਹੀ ਜੀਵ ਦੇ ਮਨ ਨੂੰ ਅਸ਼ਾਂਤ ਕਰਦੀਆਂ ਹਨ। ਅੰਤ੍ਰੀਵੀ ਗਣਨਾਤਮਕ ਭਵਨ ਵਿਚ ਬੈਠ ਕੇ ਤਰਕਸ਼ੀਲ ਬੁੱਧੀ ਦੁਆਰਾ ਐਸਾ ਨਿਰਣੈ ਲੈਣਾ ਹੀ ਪਵੇਗਾ ਕਿ ਵਾਸਤਵਿਕ ਤੌਰ 'ਤੇ ਇਕ ਇਨਸਾਨ ਨੂੰ ਕਿਸ ਵਸਤੂ ਦੀ ਜ਼ਰੂਰਤ ਹੈ ਤਾਂਕਿ ਉਸ ਦੀ ਜੀਵਨ-ਗਤੀ ਰੁਮਕਦੀ ਰਹੇ। ਹਰ ਇਨਸਾਨ ਦੀ ਜ਼ਰੂਰਤ ਪੂਰੀ ਹੋ ਸਕਦੀ ਹੈ ਪ੍ਰੰਤੂ ਕਾਮਨਾਵਾਂ ਦੀ ਪੂਰਤੀ ਕਰਨੀ ਅਸੰਭਵ ਹੈ। ਪੇਟ ਦੀ ਭੁੱਖ ਮਿਟਾਈ ਜਾ ਸਕਦੀ ਹੈ ਮਗਰ ਤ੍ਰਿਸ਼ਨਾਲੂ ਦੀ ਤ੍ਰਿਸ਼ਨਾ ਨਹੀਂ ਮਿਟਾਈ ਜਾ ਸਕਦੀ। ਤ੍ਰਿਸ਼ਨਾਲੂ ਨੂੰ ਤਸੱਲੀ ਦੇਣੀ ਜਾਂ ਸੰਤੁਸ਼ਟ ਕਰਨਾ ਅਸੰਭਵ ਹੈ, ਜਿਵੇਂ :

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥ *(ਜਪੁਜੀ, ਪੰਨਾ 1)*

ਪਦਾਰਥਕ ਖ਼ਾਹਿਸ਼ਾਂ ਦਾ ਗ੍ਰਹਿਣਾਤਮਕ ਪਸਾਰਾ ਦੁਨਿਆਵੀ ਸ਼ਕਤੀ ਦਾ ਪ੍ਰਗਟਾਵਾ ਹੈ (Adopted desires of earthly materials an expansion

of external power.) ਪਦਾਰਥਵਾਦੀ ਜੀਵ, ਸੰਸਾਰੀ ਖ਼ਾਹਿਸ਼ਾਂ ਵਿਚ ਗੁਮਿਆ ਹੋਇਆ ਇਨਸਾਨ, ਦੁਨਿਆਵੀ ਕਾਮਨਾਵਾਂ ਦੇ ਜਾਲ ਵਿਚ ਉਲਝਿਆ ਹੋਇਆ ਵਿਅਕਤੀ, ਆਤਮਾ ਦੀ ਸੱਦ ਸੁਣਨੋਂ ਅਸਮਰੱਥ ਹੁੰਦਾ ਹੈ, ਜਿਵੇਂ:

ਮਾਇਆਧਾਰੀ ਅਤਿ ਅੰਨਾ ਬੋਲਾ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ॥

(ਗਉੜੀ ਵਾਰ, ਮ: ੩, ਪੰਨਾ 313/17)

ਹਰ ਇਕ ਜੀਵ ਵਾਸਤੇ ਆਤਮਾ ਦੀ ਆਵਾਜ਼ ਹੀ ਇਕ ਐਸੀ ਵਾਸਤਵਿਕ ਸੱਦ ਹੈ, ਜਿਸ ਦੀ ਸਰੋਤ ਵਿਚ ਜੀਵ ਦਾ ਮਨ ਵਿੰਨ੍ਹਿਆ ਜਾਂਦਾ ਹੈ। ਆਤਮਾ ਹੀ ਸ਼ਬਦ ਹੈ, ਆਤਮਾ ਹੀ ਸਤਿਗੁਰੂ ਹੈ, ਗ਼ਰਜ਼ੇਕਿ, ਆਤਮਾ ਹੀ ਪਰਾ-ਸ਼ਕਤੀ ਹੈ। ਜਿਵੇਂ,

Soul is an authentic power.

ਜਦੋਂ ਜੀਵ ਮਨ ਦੀ ਮਤਿ ਤਿਆਗ ਕੇ ਆਤਮਾ ਦੀ ਆਸਮਾਨੀ ਸੱਦ ਨੂੰ ਸੁਣਦਾ, ਸਮਝਦਾ ਅਤੇ ਜੀਵਨ ਵਿਚ ਢਾਲਦਾ ਹੈ ਤਦ ਉਸ ਦਾ ਮਨ ਇਕਸਾਰਤਾ ਦੇ ਦਾਇਰੇ ਵਿਚ ਪ੍ਰਵੇਸ਼ ਕਰਦਾ ਅਤੇ ਨਿਜੀ ਜੋਤਿ ਸਰੂਪਤਾ ਵਿਚ ਲਿਵਲੀਨ ਹੋਇ ਨਿਬੜਦਾ ਹੈ। ਗ਼ਰਜ਼ੇਕਿ, ਮਨ ਦੀ ਇਕਸਾਰਤਾ ਹੀ ਮਨ ਦੀਆਂ ਤਰੰਗਾਂ ਨੂੰ ਇਕਸਾਰਤਾ ਦੇ ਤਾਣੇ-ਪੇਟੇ ਵਿਚ ਅਭੇਦ ਕਰ ਲੈਂਦੀ ਹੈ। ਇਹੀ ਓਹ ਸਿਧਾਂਤਕ ਵਿਚਾਰ (dynamic theory) ਹੈ ਜਿਸ ਦੀ ਕੱਢੂ ਰੇਖਾ "ਮਨ ਹੀ ਕਉ ਮਨੁ ਮਾਰਸੀ" ਦਾ ਮਾਰਗੁ ਹੈ, ਜਿਵੇਂ:

ਏਹੁ ਮਨੁ ਮਾਰਿਆ ਨਾ ਮਰੈ ਜੇ ਲੋਚੈ ਸਭੁ ਕੋਇ॥
ਨਾਨਕ ਮਨ ਹੀ ਕਉ ਮਨੁ ਮਾਰਸੀ ਜੇ ਸਤਿਗੁਰੁ ਭੇਟੈ ਸੋਇ॥

(ਮਾਰੂ ਵਾਰ ਮ: ੩, ਪੰਨਾ 1089/19)

ਇਥੇ ਤਕ ਮਨ ਪ੍ਰਤਿ ਕੀਤੇ ਗਏ ਵਿਚਾਰਾਂ ਦੀ ਲੜੀ ਸਮਾਪਤ ਹੁੰਦੀ ਹੈ ਜਿਸ ਵਿਚ ਮਨ, ਬੁੱਧੀ, ਚੇਤਨਤਾ, ਸੁਰਤੀ ਅਤੇ ਮਨ ਦੀ ਇਕਸਾਰਤਾ ਪ੍ਰਤਿ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਇਕਸਾਰਤਾ ਦਾ ਤਾਤਵਿਕ ਅਰਥ ਇਹੀ ਹੈ ਕਿ ਮਨ ਦੀ ਕਾਰਮਕ ਪ੍ਰਣਾਲੀ ਨੂੰ ਕਿਸੇ ਗੁਣੀਏ ਵਿਚ ਰੱਖ ਕੇ ਦਰੁਸਤ (adjust) ਕਰਨਾ ਹੈ। ਆਸ ਕੀਤੀ ਜਾਂਦੀ ਹੈ ਕਿ ਆਪ ਜੀ ਇਸ ਸੰਦਰਭ ਲੜੀ ਨੂੰ ਅੰਤ੍ਰੀਵੀ ਭਾਵਨਾ ਦੇ ਆਧਾਰ 'ਤੇ ਸਮਝਣ ਸਮਝਾਉਣ ਦੀ ਕਿਰਪਾ ਕਰੋਗੇ। ਅਗਲੇਰੇ ਪੰਨਿਆਂ ਵਿਚ ਆਪ ਜੀ ਨਾਲ ਆਤਮਾ ਪ੍ਰਤਿ ਵਿਚਾਰ-ਵਟਾਂਦਰਾ ਕਰਨ ਦੀ ਆਗਿਆ ਚਾਹਾਂਗੇ।

1.16 ਆਤਮਾ

ਆਤਮਾ : ਸੰਸਕ੍ਰਿਤ ਦਾ ਸ਼ਬਦ ਅਤੇ ਪੁਲਿੰਗ ਹੈ। ਇਸ ਦੇ ਅਰਥ ਹਨ– ਰੂਹ, ਜੀਵਾਤਮਾ (soul)। ਕਈ ਥਾਵਾਂ 'ਤੇ ਇਸ ਸ਼ਬਦ ਦੀ ਵਰਤੋਂ ਆਪਾ, ਚਿੱਤ, ਜ਼ਮੀਰ ਅਤੇ ਮਨ ਵਾਸਤੇ ਭੀ ਕੀਤੀ ਗਈ ਹੈ। **ਰੂਹ** : ਆਪਾ, ਜਿੰਦ, ਜਾਨ, ਜੀਵ, ਆਤਮ ਰਾਮ, ਨਫ਼ਸ, ਜੌਹਰ, ਜ਼ਮੀਰ, ਤਬੀਅਤ, ਬਾਤਨ, ਅਦਰਾਕ, ਸ਼ਖ਼ਸ, ਨਫ਼ਰ, ਆਦਮੀ, ਅਸਲ, ਤੱਤੁ, ਆਦਿ। **ਆਤਮਨ** : ਜਿਸ ਦੁਆਰਾ ਜਾਣਿਆ ਜਾਵੇ, ਗਿਆਨ ਦਾ ਆਧਾਰ ਰੂਪ, ਜਿਸ ਨੂੰ ਗੁਰ-ਉਪਦੇਸ਼ ਦੁਆਰਾ ਸਮਝਿਆ ਜਾਵੇ, ਆਤਮਾ ਦਾ ਨਿਵਾਸ ਸਰੀਰ ਦੇ ਹਰ ਇਕ ਛੋਟੇ ਵੱਡੇ ਅਣੂ ਵਿਚ ਸਮਾ ਰਿਹਾ ਹੈ ਪ੍ਰੰਤੂ ਇਸ ਦਾ ਕੇਂਦਰੀ ਸਥਾਨ ਦਸਵਾਂ ਦੁਆਰ ਹੈ। ਆਤਮਾ ਦੇ ਆਸਰੇ ਹੀ ਇਨਸਾਨ ਦਾ ਸਰੀਰ ਦੁਖ ਅਤੇ ਸੁਖ ਮਹਿਸੂਸ ਕਰਦਾ ਅਤੇ ਮੈਂ-ਮੇਰੀ-ਤੇਰੀ ਦੀ ਵਲਗਣ ਉਲੀਕਦਾ ਹੈ। ਆਤਮਾ ਦੇਸ ਕਾਲ ਅਤੇ ਵਿਸ਼ਾ ਵਸਤੂ ਦੀਆਂ ਬੰਦਸ਼ਾਂ ਤੋਂ ਮੁਕਤ ਅਤੇ ਇਕ ਸੁਤੰਤਰ ਹਸਤੀ ਹੈ। ਜੀਵਾਤਮਾ ਵਾਹਿਗੁਰੂ ਤੋਂ ਜੁਦਾ ਨਹੀਂ, ਬਲਕਿ ਮਾਇਕ ਉਪਾਧੀ ਦੇ ਕਾਰਣ ਉਸ ਨਾਲੋਂ ਭਿੰਨ ਹੋ ਰਿਹਾ ਹੈ। ਅਵਿਦਿਆ ਦੇ ਕਾਰਣ ਫੈਲੀ ਹੋਈ ਮਾਇਕ ਉਪਾਧੀ ਨੂੰ ਦੂਰ ਕੀਤਿਆਂ ਆਤਮਾ ਸ਼ੁਧ ਹੋ ਕੇ ਬ੍ਰਹਮ ਦਾ ਸਰੂਪ ਹੋਇ ਨਿਬੜਦਾ ਹੈ। ਜੀਵਾਤਮਾ ਵਾਹਿਗੁਰੂ ਦੀ ਸਦੀਵੀ, ਅਤੋਲ, ਅਸੀਮ, ਅਕੱਥ, ਅਗਮ, ਸੱਤਾ ਦਾ ਜ਼ੱਰਾ-ਮਾਤ੍ਰ ਭਾਗ ਹੈ ਜੋ ਸਦੀਵੀ ਹੈ। ਇਸ ਦਾ ਕਦੀ ਭੀ ਅੰਤ ਨਹੀਂ ਹੁੰਦਾ। ਆਤਮਾ ਹੀ ਮਨੁੱਖਾ ਦੇਹੀ ਵਿਚ ਇਕ ਐਸੀ ਅਦੁੱਤੀ ਹਸਤੀ ਹੈ, ਜੋ ਵਿਅਕਤਿਤਵ ਨੂੰ ਦੂਜੇ ਵਿਅਕਤੀਆਂ ਨਾਲੋਂ ਵੱਖਰਾ-ਪਨ ਅਤੇ ਵਿਅਕਤਿਤਵ ਦਾ ਇਹਸਾਸ ਕਰਵਾਉਂਦੀ ਹੈ। ਜੀਵਾਤਮਾ ਹੀ ਅਸਾਡੇ ਹਿਰਦੇ ਵਿਚ ਇਕ ਐਸੀ ਸੁਖੱਲਤਾ ਉਤਪੰਨ ਕਰਦਾ ਹੈ ਜਿਸ ਦੇ ਆਧਾਰ 'ਤੇ ਅਸੀਂ ਵਾਹਿਗੁਰੂ ਦੇ ਮਿਲਾਪ ਪ੍ਰਤਿ ਅਤੇ ਜਿੰਦਗੀ ਦੇ ਹਰ ਜ਼ੱਰੇ ਜ਼ੱਰੇ ਪ੍ਰਤਿ ਪਿਆਰ, ਸ਼ਰਧਾ, ਸਤਿਕਾਰ ਦੇ ਜਜ਼ਬਾਤ ਅਤੇ ਅੰਤ੍ਰੀਵੀ ਭਾਵਨਾਵਾਂ ਦੇ ਜੌਹਰ (spirit) ਦੇ ਮਹਿਲ ਉਸਾਰਦੇ ਹਾਂ। ਆਤਮਾ ਹੀ ਜੀਵਨ ਦਾ ਸੁਜੀਵਤ (animate) ਅਤੇ ਅਮੂਰਤ ਸਾਰ ਤੱਤ ਹੈ ਜੋ ਕਿ ਹਰ ਵਿਅਕਤੀ ਦੀ ਸਰੀਰਕ ਗਡੀ ਨੂੰ ਕ੍ਰਿਆਸ਼ੀਲ ਕਰਦਾ ਹੈ। ਆਤਮਾ ਦੇ ਅਧੀਨ ਹੀ ਜੌਹਰ ਦੀ ਧਾਰਾ (spiritual principle) ਜਿਸਮਾਨੀ ਖੇਤਰ ਵਿਚ ਰੂਪਮਾਨ ਹੁੰਦੀ ਹੈ। ਹਰ ਤਰ੍ਹਾਂ ਦੀ ਤਰਕ ਸੰਗਤ, ਬਿਬੇਕੀ ਅਤੇ ਅਧਿਆਤਮਕ ਜੌਹਰ ਦੀ ਪ੍ਰਣਾਲੀ ਦਾ ਮੂਲ ਸੋਮਾ ਆਤਮਾ ਦੀ ਰੂਪਤਾ ਤੋਂ ਹੀ ਆਰੰਭ ਹੁੰਦਾ ਹੈ। ਗਰਜ਼ੇਕਿ, ਆਤਮਾ ਹੀ ਸਰਬ-ਵਿਆਪਕ ਅਤੇ ਬ੍ਰਹਮੰਡੀ ਸੱਤਾ ਹੈ ਜਿਸ ਦੇ ਬੰਧਨ ਵਿਚ ਸਮੁੱਚਾ ਸਰੀਰਕ ਪਸਾਰਾ ਗਤੀਬੱਧ ਹੋ ਰਿਹਾ ਹੈ। ਹਰ ਇਨਸਾਨ ਦੀ ਹੋਂਦ ਵਿਚ ਆਤਮਾ ਦਾ ਨਿਵਾਸ ਹੈ। ਆਤਮਾ

ਹੀ ਇਕ ਐਸੀ ਵਾਹਿਦ ਸੱਤਾ ਹੈ ਜਿਸ ਦੇ ਕਾਰਣ ਇਨਸਾਨੀ ਦੁਨੀਆ ਪਸ਼ੂ, ਪੰਛੀਆਂ, ਬਨਸਪਤੀ, ਹਰੀਆਂ ਸਬਜ਼ੀਆਂ, ਖਣਿਜ ਪਦਾਰਥਾਂ ਦੀ ਪ੍ਰਣਾਲੀ ਤਾਂ ਸਿਰਮੌਰਤਾ ਅਤੇ ਭਿੰਨਤਾ ਰੱਖਦੀ ਹੈ। ਇਹੀ ਕਾਰਣ ਹੈ ਕਿ ਇਨਸਾਨ ਹਰ ਤਰ੍ਹਾਂ ਦੀ ਬ੍ਰਹਮੰਡੀ ਜੂਨੀਆਂ ਦਾ ਸਰਦਾਰ ਹੈ, ਅਸ਼ਰਫ਼ੁਲ-ਮਖ਼ਲੂਕਾਤ ਹੈ ਕਿਉਂਕਿ ਇਸ ਦੇ ਜੀਵਨ ਢਾਂਚੇ ਵਿਚ ਸਰਬ-ਵਿਆਪਕ ਨੂਰ ਦੀ ਕੋਟਾਨ-ਖੰਡ ਆਤਮ ਹਸਤੀ ਮੌਜੂਦ ਹੈ। ਕੋਟ ਖੰਡ ਆਤਮਾ ਹੀ ਉਤਪਾਦਨ ਅਤੇ ਪੁਨਰ ਉਤਪਾਦਨ ਗਤੀ ਨੂੰ ਨਿਰੰਤਰ ਵੇਗ ਵਿਚ ਕ੍ਰਿਆਸ਼ੀਲ ਰੱਖਦੀ ਹੈ। ਇਨਸਾਨ ਤੋਂ ਬਿਨਾਂ ਹੋਰ ਉਤਪਾਦੀ ਸ਼੍ਰੇਣੀਆਂ ਜਿਵੇਂ ਪਸ਼ੂ ਪੰਛੀ ਆਦਿ ਕਿਸੇ ਤਰ੍ਹਾਂ ਦੀ ਨੈਤਿਕ ਅਥਵਾ ਅਨੈਤਿਕ ਇਤਿਹਾਸ ਦੀ ਸਿਰਜਣਾ ਨਹੀਂ ਕਰ ਸਕਦੇ। ਕੇਵਲ ਇਨਸਾਨੀ ਬਾਦਸ਼ਾਹਤ ਹੀ ਇਕ ਐਸੀ ਸਿਰਮੌਰ ਸ਼੍ਰੇਣੀ ਹੈ, ਜੋ ਆਪਣੇ ਲਈ ਅਤੇ ਦੂਸਰੇ ਸਾਥੀਆਂ ਵਾਸਤੇ ਸੁਅਸਤਅਵਸਥੀ ਜਾਂ ਮਲੀਣ ਇਤਿਹਾਸ ਦੀ ਸਿਰਜਣਾ ਕਰ ਸਕਦੀ ਹੈ ਜਿਸ ਦਾ ਫਲ, ਸ਼ੁਭ ਅਸ਼ੁਭ ਦੇ ਇਵਜ਼ਾਨੇ ਵਜੋਂ ਸਵੈਮ ਰੂਪ ਵਿਚ ਇਨਸਾਨ ਅਤੇ ਸਮੁੱਚਾ ਸਮਾਜ ਅਥਵਾ ਸਾਰਾ ਸੰਸਾਰ ਭੋਗਦਾ ਹੈ ਕਿਉਂਕਿ ਇਸ ਸਿਰਮੌਰ ਦੀ ਕੀਤੀ ਹੋਈ ਹਰ ਕ੍ਰਿਆ ਦਾ ਪ੍ਰਭਾਵ ਸਮੁੱਚੇ ਬ੍ਰਹਮੰਡੀ ਢਾਂਚੇ 'ਤੇ ਅਸਰ ਰੱਖਦਾ ਹੈ। ਆਤਮਾ ਦੀ ਹੋਂਦ ਕਰਕੇ ਹੀ ਇਨਸਾਨ ਈਸ਼ਵਰੀ ਰਚਨਾ ਦਾ ਸਿਰਮੌਰ ਅਤੇ ਸਰਦਾਰ ਹੈ, ਜਿਵੇਂ :

ਅਪਵਿਤ੍ਰ ਪਵਿਤ੍ਰੁ ਜਿਨਿ ਤੂ ਕਰਿਆ ॥ ਸਗਲ ਜੋਨਿ ਮਹਿ ਤੂ ਸਿਰਿ ਧਰਿਆ ॥
ਅਬ ਤੂ ਸੀਝੁ ਭਾਵੈ ਨਹੀ ਸੀਝੈ ॥ ਕਾਰਜੁ ਸਵਰੈ ਮਨ ਪ੍ਰਭੁ ਧਿਆਈਜੈ ॥

(ਰਾਮਕਲੀ ਮ: ੫, ਪੰਨਾ 913/15)

ਇਥੇ ਤਕ ਆਤਮਾ ਦੀ ਆਮ ਜਾਣਕਾਰੀ ਦਿੱਤੀ ਗਈ ਹੈ। ਅਗਲੇਰੇ ਪ੍ਰਸੰਗ ਵਿਚ ਆਤਮਾ ਦੀ ਸਰਬ-ਉੱਚਤਾ ਪ੍ਰਤਿ ਉਲੇਖਣ ਕੀਤਾ ਜਾਵੇਗਾ।

1.17 ਆਤਮਾ ਦੀ ਸਰਬ-ਉੱਚਤਾ

ਮਨੋ-ਵਿਗਿਆਨਕ ਸਥਿਤੀ ਅਥਵਾ ਆਤਮਕ ਵਿਦਿਆ ਦੇ ਭੇਦ ਨੂੰ ਸਮਝਣਾ ਹੀ ਆਤਮਾ ਪ੍ਰਤਿ ਪ੍ਰਬੁੱਧਤਾ ਪ੍ਰਾਪਤ ਕਰਨਾ ਹੈ। ਅੰਤ੍ਰੀਵੀ ਜੌਹਰ (spirituality) ਦੀ ਰਵਿਸ਼ ਨੂੰ ਅਭਿਆਸੀ ਖੇਤਰ ਵਿਚ ਉਲੀਕਣਾ ਅਤੇ ਅੰਤ੍ਰੀਵੀ ਪ੍ਰਬੁੱਧਤਾ ਨੂੰ ਸਮਝਣਾ ਹੀ ਪ੍ਰਤੱਖ ਗਿਆਨ ਦੀ ਮੂਲਿਕ ਸ਼ਿਲਾ ਹੈ, ਜਿਸ ਦਾ ਪ੍ਰਭਾਵ ਇਨਸਾਨ ਦੀ ਮਨੋ-ਵਿਗਿਆਨਕ ਸਥਿਤੀ ਨੂੰ ਸਰਬਉੱਚਤਾ ਅਤੇ ਸੁਅਸਤਅਵਸਥੀ ਸੇਧ ਬਖ਼ਸ਼ਦਾ ਹੈ। ਇਸ ਸੇਧ ਦੀ ਲੋਅ ਵਿਚ ਇਕ ਵਿਅਕਤੀ ਨਿਜੀ ਚਿੱਤਰ ਦਾ ਢਾਂਚਾ ਵੇਖ ਸਕਦਾ ਅਥਵਾ ਸਵੈਮ ਚਿੱਤਰ ਦੀ ਪੜਚੋਲ ਕਰ ਸਕਦਾ ਹੈ। ਮਨੋ-ਵਿਗਿਆਨੀਆਂ ਦੀ ਖੋਜ ਆਤਮਕ ਦੁਨੀਆ

ਦੇ ਮਰਮ ਨੂੰ ਸਮਝਣੋਂ ਇਸ ਵਾਸਤੇ ਅਸਮਰੱਥ ਹੁੰਦੀ ਹੈ ਕਿਉਂਕਿ ਉਨ੍ਹਾਂ ਦੀ ਖੋਜ ਦਾ ਧਰਾਤਲ ਪੰਚ-ਮੁਖੀ ਗਿਆਨ 'ਤੇ ਨਿਰਭਰ ਹੁੰਦਾ ਹੈ ਜੋ ਕਿ ਆਤਮਕ ਪ੍ਰਵਾਹ ਦੀ ਸਮਾਨਤਾ ਨਹੀਂ ਕਰ ਸਕਦਾ। ਆਤਮਾ ਦੀ ਨਗਰੀ ਨੂੰ ਸਮਝਣ ਹਿਤ, ਹਿਰਦੇ ਦੀਆਂ ਗਹਿਰੀਆਂ ਤਲਾਂ ਵਿਚ ਉਤਰਨਾ ਹੀ ਪਵੇਗਾ ਜਿਥੋਂ ਆਤਮਕ ਵਲਾਇਤ ਦੀ ਯਾਤਰਾ ਆਰੰਭ ਹੁੰਦੀ ਹੈ। ਹਿਰਦੇ ਦੀਆਂ ਤਲਾਂ ਵਿਚ ਉਹ ਜ਼ੀਨੇ ਅਥਵਾ ਪਉੜੀਆਂ ਹਨ ਜਿਨ੍ਹਾਂ ਦੇ ਆਸਰੇ ਜੀਵ ਦੀ ਸੁਰਤੀ ਆਤਮਾ ਦੇ ਦੇਸ ਵੱਲ ਨੂੰ ਧੀਰੇ ਧੀਰੇ ਇਕ ਇਕ ਜ਼ੀਨਾ (ਟੰਬਾ) ਚੜ੍ਹਦੀ ਹੈ। ਇਨਸਾਨੀ ਨਗਰੀ ਵਿਚ ਸੁਰਤੀ ਹੀ ਇਕ ਐਸੀ ਸੁਥੱਲ ਅਤੇ ਅਦਭੁੱਤ ਸ਼ਕਤੀ ਹੈ ਜੋ ਹਰਿ ਸਿਮਰਨ ਦਾ ਨਿਸ਼ਾਨ ਝੁਲਾਉਂਦੀ ਹੋਈ, ਬੇਗਮ ਪੁਰੇ ਵਿਚ ਪ੍ਰਵੇਸ਼ ਕਰਦੀ ਹੈ। ਗਰਜ਼ੇਕਿ, ਸੁਰਤੀ ਦਾ ਮਾਰਗ ਹੀ ਇਕ ਐਸਾ ਮਾਰਗ ਹੈ, ਜਿਸ 'ਤੇ ਚਲਿਆਂ ਜੀਵ ਦਾ ਆਪਾ ਹਰਿ ਸਿਮਰਨ ਦੀ ਬੁੱਕਲ ਵਿਚ ਲਪੇਟਿਆ ਜਾਂਦਾ ਹੈ, ਨਿਰਸੰਦੇਹ, "ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥" ਦੀ ਮੰਜ਼ਲ ਨੂੰ ਸਰ ਕਰਨ ਦੇ ਯੋਗ ਹੋਇ ਨਿਬੜਦਾ ਹੈ, ਜਿਵੇਂ :

> **ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥**
> **ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥**
> **ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥੩੨॥**

(ਜਪੁਜੀ, 7/7)

ਆਤਮਕ ਗਿਆਨ ਦੀ ਪ੍ਰਾਪਤੀ ਇਕ ਐਸੀ ਅਦਭੁੱਤ ਅਵਸਥਾ ਹੈ, ਜਿਸ ਦੀ ਬਾਬਤ ਉਚ-ਕੋਟੀ ਦੇ ਚਿੰਤਕ ਭੀ ਦੀਖਤ ਵਸਤੂਆਂ ਦੇ ਗਿਆਨ ਦੀ ਝਲਕ ਦਾ ਆਈਨਾ ਹੀ ਪੇਸ਼ ਕਰਦੇ ਹਨ, ਚੁਨਾਂਚਿ, ਅਦੀਖਤ ਖੇਤਰ ਵਿਚ ਪ੍ਰਵੇਸ਼ ਕਰਨੋਂ ਨਿਜੀ ਅਸਮਰੱਥਾ ਜ਼ਾਹਿਰ ਕਰਦੇ ਹਨ। ਮਿਸਾਲ ਵਜੋਂ, ਇਕ ਯੂਨਾਨੀ (Greek) ਚਿੰਤਕ ਜਿਸ ਦਾ ਸ਼ੁਭ ਨਾਂ ਅਰਸਤੂ (Aristotle) ਹੈ, ਆਤਮਾ ਦੇ ਗਿਆਨ ਪ੍ਰਤਿ ਨਿਜੀ ਖ਼ਿਆਲਾਂ ਦਾ ਪ੍ਰਗਟਾਵਾ ਕਰਦਾ ਹੋਇਆ ਕਹਿੰਦਾ ਹੈ ਕਿ ਦੀਖਤ ਵਸਤੂਆਂ ਦੇ ਪ੍ਰਤਿਕਰਮ ਆਤਮਾ ਦੀ ਜਾਣਕਾਰੀ, ਦਾਰਸ਼ਨਿਕ ਖੇਤਰ ਵਿਚ ਇਕ ਸੁਅੱਛ, ਉਪਯੋਗੀ ਅਤੇ ਵਿਸ਼ੇਸ਼ ਜਾਣਕਾਰੀ ਹੋਵੇਗੀ, ਬਲਕਿ ਚਿੰਤਕਾਂ ਦੇ ਦਾਇਰੇ ਵਿਚ ਗੰਭੀਰ ਵਿਚਾਰਾਂ ਦਾ ਵਿਸ਼ਾ ਹੈ। ਪ੍ਰਥਮ ਵਿਚਾਰ ਤਾਂ ਇਹ ਹੈ ਕਿ ਆਤਮਕ ਗਿਆਨ ਦੀ ਪ੍ਰਾਪਤੀ ਕਰਨੀ ਅਤਿਅੰਤ ਹੀ ਸ੍ਰੇਸ਼ਟ ਅਤੇ ਉੱਚਾ ਮਨੋਰਥ ਹੈ ਪ੍ਰੰਤੂ ਇਸ ਦੀ ਪ੍ਰਾਪਤੀ ਅਤਿ ਕਠਿਨ ਅਤੇ ਅਸੰਭਵ ਹੈ, ਬਸ਼ਰਤੇਕਿ, ਜਗਿਆਸੂ ਦੀ ਆਤਮਕ ਯੋਗਤਾ, ਵਾਸਤਵਿਕ ਸ਼ਕਤੀ ਅਤੇ ਰੂਹਾਨੀਅਤ ਦੀ ਪ੍ਰਵਾਜ਼, ਬੌਧਿਕ ਖੇਤਰ ਵਿਚ ਪ੍ਰਵੇਸ਼ ਕਰ ਜਾਵੇ। ਇਸੇ ਚਿੱਤਰ ਦੇ ਦੂਜੇ ਪਾਸੇ ਅਗਰ ਅਸਾਨੂੰ ਰੂਹਾਨੀ ਸ਼ਕਤੀ ਦਾ ਗਿਆਨ ਨਹੀਂ ਹੈ ਤਦ ਸਮਝ ਲੈਣਾ ਚਾਹੀਦਾ ਹੈ ਕਿ ਅਸਾਨੂੰ ਅਦੀਖਤ ਦੀ

ਵਾਸਤਵਿਕਤਾ ਪ੍ਰਤਿ ਤਨਕ-ਮਾਤਰ ਭੀ ਗਿਆਨ ਨਹੀਂ ਹੈ, ਅਤੇ ਨਾ ਹੀ ਹੋ ਸਕਦਾ ਹੈ।

ਮਨੁੱਖੀ ਕਦਰਾਂ-ਕੀਮਤਾਂ ਨੂੰ ਸਮਝਣ ਹਿਤ ਬਹੁਤ ਹੀ ਲਾਜ਼ਮੀ ਹੈ ਕਿ ਜਗਿਆਸੂ ਆਤਮਦਰਸ਼ੀ ਹੋਵੇ, ਆਤਮਕ ਸ਼ਕਤੀ ਅਤੇ ਆਤਮਕ ਗਿਆਨ ਦੀ ਵਾਸਤਵਿਕਤਾ ਤੋਂ ਸੱਖਣੇ ਰਹਿ ਕੇ, ਨੈਤਿਕ ਪ੍ਰਬੁੱਧਤਾ ਪ੍ਰਾਪਤ ਕਰਨੀ ਹਰਚੰਦਉਰੀ ਦੇ ਮਹਿਲ ਅਥਵਾ ਖ਼ਾਮ-ਖ਼ਿਆਲੀ ਸੁਪਨੇ ਹੀ ਆਖੇ ਜਾ ਸਕਦੇ ਹਨ। ਇਸ ਖ਼ਿਆਲ ਨੂੰ ਪ੍ਰਬੁੱਧਤਾ ਦੇ ਦਾਇਰੇ ਵਿਚ ਸਮਝਣ ਹਿਤ, ਆਵਸ਼ਕ ਹੈ ਕਿ ਇਸ ਧਾਰਾ ਨੂੰ ਸਮਝਿਆ ਜਾਵੇ ਕਿ ਅਸਲ ਵਿਚ ਜੀਵਨ ਕੀ ਵਸਤੂ ਹੈ ? ਜਿਥੇ ਜੀਵਨ ਹੈ ਉਥੇ ਸ਼ਬਦ ਹੈ, ਸ਼ਬਦ ਹੀ ਜੀਵਨ ਹੈ, ਸ਼ਬਦ ਹੀ ਨਾਮ ਹੈ ਔਰ ਸ਼ਬਦ ਹੀ ਹਰਕਤ ਅਥਵਾ ਜੀਵਨ ਦਾ ਸੰਚਾਲਕ ਹੈ। ਆਤਮਾ ਦਾ ਆਧਾਰ ਭੀ ਸ਼ਬਦ ਹੈ :

ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ ॥
ਬਿਨੁ ਸਬਦੈ ਜਗਿ ਆਨੇਰੁ ਹੈ ਸਬਦੇ ਪਰਗਟੁ ਹੋਇ ॥

(ਸਾਰੰਗ ਵਾਰ, ਮ: 3, ਪੰਨਾ 1250/4)

ਪੰਚ-ਮੁਖੀ ਗਿਆਨ ਦੇ ਲੱਛਣਾਂ ਨੂੰ ਧਿਆਨ ਵਿਚ ਰੱਖਦਿਆਂ ਅਤੇ ਪ੍ਰਕਿਰਤੀ ਦੇ ਪਰਮਾਣਿਤ ਢੰਗ ਨੂੰ ਮੱਦੇ-ਨਜ਼ਰ ਰੱਖਦੇ ਹੋਏ ਵਿਚਾਰ ਕਰਨੀ ਪਵੇਗੀ ਕਿ ਅਸਲ ਵਿਚ ਆਤਮਾ ਕੀ ਵਸਤੂ ਅਤੇ ਆਤਮਾ ਦਾ ਪ੍ਰਕਿਰਤਕ ਲੱਛਣ ਕੀ ਹੈ ? ਅਥਵਾ ਰੂਹ ਦੀਆਂ ਫ਼ਿਤਰੀ ਸਫ਼ਾਤ (ਖ਼ੂਬੀਆਂ) ਅਤੇ ਆਤਮਾ ਦੀ ਮਾਹੀਤ (ਹਕੀਕਤ) ਕੀ ਹੈ ? ਲਿਹਾਜ਼ਾ, ਪ੍ਰਕਿਰਤੀ ਦੇ ਐਸੇ ਕਿਹੜੇ ਕਿਹੜੇ ਲੱਛਣ ਹਨ ਜਿਨ੍ਹਾਂ ਤੋਂ ਆਤਮਾ ਪ੍ਰਭਾਵਿਤ ਹੁੰਦਾ ਹੈ ? ਵਿਰਤੀਹਾਣ ਕਾਲ ਦੇ ਦੌਰਾਨ ਆਤਮਾ ਦੀ ਵਿਆਪਕਤਾ ਦੇ ਸੰਬੰਧ ਵਿਚ ਵੱਖਰੀਆਂ ਵੱਖਰੀਆਂ ਵਿਚਾਰਾਂ ਮੌਜੂਦ ਹਨ। ਭਾਵੇਂ ਕੁਝ ਭੀ ਕਿਉਂ ਨਾ ਹੋਵੇ, ਜੋ ਕੁਝ ਅੱਜ ਤਕ ਆਤਮਾ ਦੀ ਸੋਧ-ਸੁਧਾਈ ਪ੍ਰਤਿ ਯਤਨ ਕੀਤੇ ਗਏ ਹਨ ਪਰਿਣਾਮ ਵਜੋਂ, ਇਹ ਸਿੱਧ ਹੋ ਚੁੱਕਾ ਹੈ ਕਿ ਆਤਮਾ ਦੇ ਆਸਰੇ ਹੀ ਤੱਤ੍ਵ ਵਸਤੂ ਦੀ ਜਾਣਕਾਰੀ ਅਤੇ ਅਨੁਮਾਨ ਲਗਾਏ ਜਾ ਸਕਦੇ ਹਨ। ਇੰਝ ਅਨੁਭਵ ਹੁੰਦਾ ਹੈ ਕਿ ਆਤਮਾ ਹੀ ਜੀਵਨ ਦਾ ਸਵੈਮ ਸਰੂਪ ਹੈ ਜਿਥੋਂ ਸੁਖ ਅਤੇ ਦੁਖ ਦੀ ਅਨੁਭਵਤਾ ਅਤੇ ਕਿਆਸ ਕੀਤਾ ਜਾ ਸਕਦਾ ਹੈ। ਇਤਨਾ ਕੁਝ ਜਾਣਦੇ ਹੋਏ ਭੀ ਆਤਮਾ ਨੂੰ ਗਿਆਨ ਦੇ ਚੌਖਟੇ ਵਿਚ ਉਲੀਕਣਾ ਇਕ ਕਠਿਨ ਸਮੱਸਿਆ ਹੈ, ਬਲਕਿ ਇਸ ਦੇ ਲੱਛਣ ਅਤੇ ਆਸਮਾਨੀ ਖ਼ੂਬੀਆਂ ਦਾ ਉਲੇਖਣ ਕਰਨਾ ਇਤਨਾ ਸੌਖਾ ਨਹੀਂ ਜਿਤਨਾ ਕਿ ਅਸੀਂ ਸਮਝਦੇ ਹਾਂ। ਆਤਮ ਮੰਡਲ ਦੀਆਂ ਸੰਭਾਵਨਾਵਾਂ ਨੂੰ ਨਿਰਣਾਤਮਕ ਦਾਇਰੇ ਵਿਚ ਉਪਸਥਿਤ ਕਰਨ ਹਿਤ, ਐਸੀ ਕੋਈ ਭੀ

ਤਰਕਸ਼ੀਲ ਅਵਸਥਾ ਨਹੀਂ ਹੈ ਜਿਸ ਦੇ ਆਸਰੇ ਆਤਮਾ ਦੀ ਹੋਂਦ ਅਤੇ ਆਤਮਾ ਦੇ ਲੱਛਣਾਂ ਨੂੰ ਦਾਰਸ਼ਨਿਕ ਗਿਆਨ ਦੇ ਗੁਣੀਏ ਵਿਚ ਯੁਕਤੀ ਸੰਪੰਨ ਆਕਾਰ ਦੇ ਸਕੀਏ ਅਥਵਾ ਉਚਿਤ ਠਹਿਰਾ ਸਕੀਏ। ਐਸੀ ਕਿਹੜੀ ਯੁਕਤੀ ਅਪਣਾਈ ਜਾਵੇ ਜਿਸ ਦੇ ਆਸਰੇ ਆਤਮਾ ਪ੍ਰਤਿ ਤੱਤ੍ਵ-ਸਾਰਤਾ ਮਨੁੱਖੀ ਗਿਆਨ ਦੇ ਦਾਇਰੇ ਵਿਚ ਆ ਸਕੇ ? ਸੁਖੱਲੇ ਢੰਗ ਦੁਆਰਾ ਸਮਝਣ ਹਿਤ, ਇਸ ਨੂੰ ਤਿੰਨਾਂ ਭਾਗਾਂ ਵਿਚ ਵਿਭਾਜਤ ਕੀਤਾ ਜਾ ਸਕਦਾ ਹੈ, ਜਿਵੇਂ:

1. **ਅਨੁਮਾਨਿਤ ਪਰਮਾਣਤਾ** (deductive demonstration): ਤਰਕ-ਪੂਰਨ ਢੰਗ ਦੁਆਰਾ ਸਿਧ ਕੀਤਾ ਜਾਵੇ ਕਿ ਆਤਮਾ ਦੀ ਹੋਂਦ ਕੀ ਹੈ ?

2. **ਵੰਚਤ ਕਰਨਾ** (method of elimination): ਇਸ ਧਾਰਾ ਦੇ ਰਾਹੀਂ ਆਤਮਾ ਦੀ ਵਿਚਾਰ ਨੂੰ ਅਣਛਿੱਨ ਕੀਤਾ ਜਾਵੇ ਤਾਂਕਿ ਵਿਰਤੀਹਾਣ ਸਮੇਂ ਦਾ ਇਨਸਾਨ ਪੰਚ-ਮੁਖੀ ਚੇਤਨਤਾ ਵਿਚ ਹੀ ਰੁੱਝਿਆ ਰਹੇ।

3. **ਤੁਲਨਾਤਮਕ ਵਿਚਾਰਧਾਰਾ** (method of comparison): ਇਸ ਦੁਆਰਾ ਸਿਧ ਕੀਤਾ ਜਾਵੇ ਕਿ ਆਤਮਾ ਕੀ ਵਸਤੂ ਹੈ ? ਦ੍ਰਿਸ਼ਟਾਂਤ ਸਮੱਗਰੀ ਦੁਆਰਾ ਆਤਮਾ ਦੀ ਹੋਂਦ ਨੂੰ ਪ੍ਰਗਟ ਕਰਨਾ। ਪ੍ਰਮਾਰਥ ਦੇ ਖੋਜੀਆਂ ਨੇ ਆਤਮਾ ਦੀ ਖੋਜ ਪ੍ਰਤਿ ਆਮ ਕਰਕੇ ਇਹੀ ਢੰਗ ਵਰਤਿਆ ਹੈ ਜਿਵੇਂ ਜੀਵਤ ਅੰਸ਼ ਸਵੈਮ ਤੌਰ 'ਤੇ ਸੁਖੱਲਤਾ ਦੁਆਰਾ ਤੇਜ਼ੀ ਨਾਲ ਦੌੜਦਾ, ਭੱਜਦਾ, ਹੱਸਦਾ, ਖੇਲਦਾ, ਰੋਂਦਾ, ਅਥਵਾ ਖ਼ੁਸ਼ੀ ਗ਼ਮੀ ਦਾ ਪ੍ਰਗਟਾਵਾ ਕਰਦਾ ਹੈ। ਐਸੀਆਂ ਹਰਕਤਾਂ ਨੂੰ ਤੁਲਨਾਤਮਕ ਵਿਧੀ ਦੁਆਰਾ ਅਨੁਭਵ ਕੀਤਿਆਂ ਅਸੀਂ ਕਹਿ ਸਕਦੇ ਹਾਂ ਕਿ ਕੋਈ ਸ਼ਕਤੀ ਹੈ ਜੋ ਅਸਾਨੂੰ ਉਕਤ ਚੀਜ਼ਾਂ ਦੀ ਪਰੀ-ਪੂਰਣਤਾ ਲਈ ਯੋਗਤਾ ਪ੍ਰਦਾਨ ਕਰਦੀ ਹੈ। ਬਸ, ਉਹ ਸ਼ਕਤੀ ਹੀ ਆਤਮਾ ਹੈ। ਇਸ ਦੀ ਹੋਂਦ ਨੂੰ ਹੋਰ ਵਧੇਰੇ ਨਜ਼ਦੀਕੀ ਤਾਲ-ਮੇਲ ਦੁਆਰਾ ਸਮਝਣ ਹਿਤ, ਅਸੀਂ ਤਿੰਨਾਂ ਚੀਜ਼ਾਂ ਦੀ ਉਦਾਹਰਣ ਦੇ ਸਕਦੇ ਹਾਂ ਜਿਵੇਂ ਵਸਤੂ, ਰੂਪ ਅਤੇ ਘੇਰਾ (object, form and compound)। ਜੋ ਵਸਤੂ ਹੈ ਉਹ ਰੂਪ ਨਾਲੋਂ ਵੱਖਰੀ ਚੀਜ਼ ਹੈ ਕਿਉਂਕਿ ਵਸਤੂ ਦੇ ਵਿਚ ਕਿਸੇ ਕਾਰਜ ਨੂੰ ਪੂਰਾ ਕਰਨ ਦੀ ਸਮਰੱਥਾ ਹੁੰਦੀ ਹੈ। ਪ੍ਰੰਤੂ ਜੋ ਰੂਪ ਅਥਵਾ ਬਨਾਵਟ ਹੈ, ਉਸ ਦੇ ਸੰਗ੍ਰਹਿ ਵਿਚ ਵਾਸਤਵਿਕਤਾ ਹੁੰਦੀ ਹੈ ਜੋ ਵਸਤੂ ਨੂੰ ਪ੍ਰਤੱਖਤਾ ਅਤੇ ਅਸਲੀਅਤ ਪ੍ਰਦਾਨ ਕਰਦੀ ਹੈ। ਜੋ ਵਸਤੂ ਦਾ ਘੇਰਾ ਅਥਵਾ ਸੰਯੁਕਤ ਸਮਾਸ ਹੁੰਦਾ ਹੈ ਓਹ ਵਸਤੂ ਅਤੇ ਰੂਪ ਨੂੰ ਸਹੀ ਤੌਰ 'ਤੇ ਦ੍ਰਿਸ਼ਟੀਮਾਨਤਾ ਦਿੰਦਾ ਹੈ। ਇਨ੍ਹਾਂ ਤਿੰਨਾਂ ਸਿਧਾਂਤਾਂ ਦੇ ਸੰਯੁਕਤ ਦੀ ਸੰਗਿਆ ਹੀ ਆਤਮਾ ਹੈ। ਆਤਮਾ ਘੇਰਾ ਜਾਂ ਰੂਪ ਨਹੀਂ ਹੈ ਬਲਕਿ, ਇਹ ਤਾਂ ਪਰਮ-ਵਾਸਤਵਿਕਤਾ ਦਾ ਸਾਰ-ਤੱਤ੍ਵ ਹੈ ਜੋ ਵਸਤੂ (ਸਰੀਰਕ ਘੇਰਾ) ਅਤੇ ਰੂਪ ਨੂੰ ਹਰਕਤ, ਬੌਧਿਕਤਾ, ਸਵੈਮ ਸੰਕਲਪ, ਚੇਸ਼ਟਾ, ਇੱਛਾ ਸ਼ਕਤੀ, ਕਾਮਨਾਵਾਂ, ਰੁਚੀ, ਸੁਖੱਲਤਾ, ਮਰਜ਼ੀ ਪਸੰਦ, ਇਰਾਦਾ ਅਤੇ ਵਿਚਾਰ

ਪ੍ਰਗਟਾਵਾ (volition) ਆਦਿ ਜੈਸੀਆਂ ਸਰਗਰਮੀਆਂ ਉਤਪੰਨ ਕਰਦਾ ਹੈ। ਇਸੇ ਵਾਸਤਵਿਕਤਾ ਦਾ ਨਾਮ ਹੀ ਆਤਮਾ ਹੈ। ਇਹੀ ਮੂਲ ਅਸਤਿਤਵ ਅਥਵਾ ਨਿਰਪੇਖਕ ਸੱਤਾ (essence of being) ਜੋ ਸਦੀਵੀ ਅਤੇ ਵਿਨਾਸ਼ ਰਹਿਤ ਹੈ, ਜਿਵੇ :

> **ਆਤਮ ਰਾਮੁ ਰਵਿਆ ਸਭ ਅੰਤਰਿ ਕਤ ਆਵੈ ਕਤ ਜਾਈ ਸੰਤਹੁ ॥੫॥**
> **ਆਦਿ ਜੁਗਾਦੀ ਹੈ ਭੀ ਹੋਸੀ ਸਭ ਜੀਆ ਕਾ ਸੁਖਦਾਈ ਸੰਤਹੁ[1] ॥੬॥**
>
> *(ਰਾਮਕਲੀ ਮ: ੫, ਪੰਨਾ 916/10)*

ਪ੍ਰਕਿਰਤੀ ਵਿਚ ਅਨੇਕਾਂ ਪ੍ਰਕਾਰ ਦੀਆਂ ਜੀਵਨ ਸ਼੍ਰੇਣੀਆਂ ਮੌਜੂਦ ਹਨ ਪ੍ਰੰਤੂ ਸਾਰੀਆਂ ਵਿਚ ਆਤਮਾ ਨਹੀਂ ਹੈ ਕਿਉਂਕਿ ਉਨ੍ਹਾਂ ਵਿਚ ਸਵੈਮ ਸੰਚਾਲਨਤਾ ਅਤੇ ਬੌਧਿਕ ਗਤੀ ਦਾ ਅਭਾਵ ਹੁੰਦਾ ਹੈ। ਉਹ ਸਵੈਮ ਤੌਰ 'ਤੇ ਨਿਜੀ ਪਾਲਣਾ ਪੋਸ਼ਣਾ ਕਰਨੋਂ ਅਸਮਰੱਥ ਹੁੰਦੀਆਂ ਹਨ। ਐਸੀਆਂ ਨਿਰਜੀਵ ਜੂਨੀਆਂ ਉਤਪਤ ਅਤੇ ਵਿਨਾਸ਼ ਹੁੰਦੀਆਂ ਰਹਿੰਦੀਆਂ ਹਨ। ਜਿਥੇ ਆਤਮਾ ਹੈ ਉਥੇ ਪ੍ਰਾਰੰਭਕ ਸੰਚਾਲਨ ਗਤੀ ਦਾ ਆਰੰਭ ਅਤੇ ਜੀਵਨ ਦੀਆਂ ਸਰਗਰਮੀਆਂ ਮੌਜੂਦ/ਆਸ਼ਕਾਰ ਹੁੰਦੀਆਂ ਹਨ। ਇਸ ਦਾ ਭਾਵ ਇਹ ਹੋਇਆ ਕਿ ਆਤਮਾ ਪ੍ਰਾਰੰਭਕ ਕ੍ਰਿਆ ਹੈ (soul is a primary act)।

ਉਕਤ ਵਿਚਾਰ ਦੇ ਆਧਾਰ 'ਤੇ ਅਸੀਂ ਇਹ ਆਖ ਸਕਦੇ ਹਾਂ ਕਿ, ਆਤਮਾ ਹੀ ਸਵੈਮ ਜੀਵਨ ਅਤੇ ਸਾਰ ਤੱਤੂ ਹੈ ਜੋ ਕਿ ਸਰੀਰਕ ਗਤੀ ਨੂੰ ਕਿਸੇ ਵਿਸ਼ੇਸ਼ ਢੰਗ ਦੁਆਰਾ ਸ਼ਿਸ਼ਟਾਚਾਰੀ ਗਤੀਆਂ ਦੇ ਰੁਝੇਵਿਆਂ ਵਿਚ ਸਰਗਰਮ ਰੱਖਦਾ ਹੈ। ਜਿਵੇਂ, ਹਰ ਰੂਪ ਰੇਖਾ ਦੇ ਰਹਿਣ ਵਾਸਤੇ ਕਿਸੇ ਖ਼ਾਸ ਵਸਤੂ ਦੀ ਲੋੜ ਹੁੰਦੀ ਹੈ। ਨਿਰਸੰਦੇਹ, ਇਸੇ ਸਿਧਾਂਤ ਦੇ ਅਨੁਸਾਰ ਆਤਮਾ ਦੇ ਰਹਿਣ ਲਈ ਭੀ ਕਿਸੇ ਖ਼ਾਸ ਆਕਾਰ, ਵਸਤੂ ਅਤੇ ਸੰਯੁਕਤ ਸਮਾਸ ਦੀ ਆਵਸ਼ਕਤਾ ਹੈ। ਇਸ ਆਵਸ਼ਕਤਾ ਦੀ ਪੂਰਤੀ ਹਿਤ, ਜੀਵ ਦਾ ਸਰੀਰ ਇਕ ਐਸੀ ਉਚਿਤ ਵਸਤੂ, ਰੂਪ/ਆਕਾਰ ਅਤੇ ਸੰਯੁਕਤ ਸਮਾਸ ਹੈ, ਬਸ ਇਹੀ ਆਤਮਾ ਦਾ ਨਿਵਾਸ ਸਥਾਨ ਹੈ, ਜਿਵੇਂ :

> **ਕਾਇਆ ਹੰਸ ਧੁਰਿ ਮੇਲੁ ਕਰਤੈ ਲਿਖਿ ਪਾਇਆ ॥**
> **ਸਭ ਮਹਿ ਗੁਪਤੁ ਵਰਤਦਾ ਗੁਰਮੁਖਿ ਪ੍ਰਗਟਾਇਆ[2] ॥**
>
> *(ਰਾਮਕਲੀ ਵਾਰ, ਮ: ੩, ਪੰਨਾ 954/7)*

---

1. ਆਤਮਾ ਪ੍ਰਤਿ ਹੋਰ ਵਧੇਰੇ ਜਾਣਕਾਰੀ ਹਿਤ, ਦੇਖੋ, *ਗੁਰਬਾਣੀ ਤੱਤਸਾਗਰ*, ਭਾਗ ਤੀਜਾ 'ਜੀਵਾਤਮਾ ਅਤੇ ਪਰਮਾਤਮਾ'।
2. ਕਾਇਆਂ ਅਤੇ ਹੰਸ ਦੀ ਵਧੇਰੇ ਜਾਣਕਾਰੀ ਹਿਤ, ਦੇਖੋ, *ਗੁਰਬਾਣੀ ਤੱਤਸਾਗਰ*, ਭਾਗ ਦੂਜਾ 'ਕਾਇਆਂ ਅਤੇ ਹੰਸ', ਕਰਮ ਨੰਬਰ 775, ਪੰਨਾ 410.

ਜਿਥੇ ਤਕ ਬਨਾਵਟੀ ਚੀਜ਼ਾਂ ਦਾ ਅਸਾਡੇ ਜੀਵਨ ਨਾਲ ਵਾਸਤਾ ਹੈ, ਉਨ੍ਹਾਂ ਦਾ ਸਮਝਣਾ ਸਮਝਾਉਣਾ ਅਤੇ ਰੋਜ਼ਾਨਾ ਦੇ ਜੀਵਨ ਵਿਚ ਪ੍ਰਯੋਗ ਕਰਨਾ, ਬਹੁਤ ਸਾਧਾਰਣ ਅਤੇ ਸੁਖੈਨ ਵਿਸ਼ਾ ਹੈ। ਕਿਉਂਕਿ, ਅਪ੍ਰਾਕਿਰਤਕ (ਬਨਾਵਟੀ) ਮਸ਼ੀਨਾਂ ਅਥਵਾ ਵਸਤੂਆਂ ਅਸਾਡੇ ਪੰਚ-ਮੁਖੀ ਗਿਆਨ ਦੇ ਦਾਇਰੇ ਵਿਚ ਹੀ ਢਾਲੀਆਂ ਜਾਂਦੀਆਂ ਅਤੇ ਪੰਚ-ਮੁਖੀ ਗਿਆਨ ਦੁਆਰਾ ਹੀ ਉਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ ਪ੍ਰੰਤੂ ਜੋ ਆਤਮਾ ਜੈਸੀ ਸਾਰੰਸ਼ ਅਥਵਾ ਤੱਤੂ ਵਾਸਤਵਿਕਤਾ ਹੈ, ਇਸ ਦਾ ਗਿਆਨ ਪ੍ਰਾਪਤ ਕਰਨਾ ਪੰਚ-ਮੁਖੀ ਗਿਆਨ ਦਾ ਵਿਸ਼ਾ ਨਹੀਂ ਹੈ। ਕਿਉਂਕਿ ਆਤਮਾ ਦੀ ਹੋਂਦ ਵਿਸ਼ਾ-ਵਸਤੂ, ਚੱਕਰ-ਚਿਹਨ ਅਤੇ ਸੰਯੁਕਤ ਸਮਾਸ ਦੇ ਦਾਇਰੇ ਵਿਚ ਨਹੀਂ ਉਲੀਕੀ ਜਾ ਸਕਦੀ। ਆਤਮਾ ਦੇ ਮਰਮ ਨੂੰ ਅਨੁਭਵੀ ਗਿਆਨ ਦੇ ਘੇਰੇ ਵਿਚ ਉਲੀਕਣ ਹਿਤ, ਅਤਿ ਲਾਜ਼ਮੀ ਹੈ ਕਿ ਆਤਮਕ ਵਿਸ਼ਾ ਪਾਤਰ, ਮਨੋਰਥ ਅਤੇ ਕ੍ਰਿਆਸ਼ੀਲ (knowledge of object and act) ਨੂੰ ਸਮਝਿਆ ਜਾਵੇ। ਆਤਮਾ ਦੀ ਸਵੈਮ ਵਚਿਤਰਤਾ ਨਾਲੋਂ ਇਸ ਦੀ ਸੰਭਾਵਨਾਤਮਕ ਸ਼ੈਲੀ (potential technique) ਨੂੰ ਸਮਝਣਾ ਹੀ ਪ੍ਰਤੱਖ ਪਰਮਾਣਤਾ ਆਖੀ ਜਾ ਸਕਦੀ ਹੈ। ਆਤਮਾ ਦੀ ਖੋਜ ਦੇ ਖੇਤਰ ਵਿਚ ਅਸਾਡੀ ਅਨੁਭਵਤਾ ਦੀ ਪ੍ਰਵਾਜ਼ ਐਸਾ ਨਿਰਣੈ ਕਰਨ ਹਿਤ ਸਾਖਾ ਭਰਦੀ ਹੈ ਕਿ ਆਤਮਾ ਦੇ ਮਨੋਰਥ ਤੋਂ ਉਸ ਦੀ ਕ੍ਰਿਆ-ਸ਼ੈਲੀ ਦਾ ਭੇਦ ਪ੍ਰਗਟ ਹੋਇ ਆਂਵਦਾ ਹੈ ਔਰ ਕ੍ਰਿਆਸ਼ੈਲੀ ਤੋਂ ਸੰਭਾਵਨਾਤਮਕ ਸ਼ੈਲੀ ਦਾ ਜਨਮ ਹੁੰਦਾ ਹੈ। ਇਸ ਵਾਸਤੇ ਸਿੱਧ ਇਹ ਹੋਇਆ ਕਿ ਆਤਮਾ ਦੀ ਹੋਂਦ ਨੂੰ ਮਨੁੱਖੀ ਗਿਆਨ ਦੇ ਦਾਇਰੇ ਵਿਚ ਸਮਝਣ ਸਮਝਾਣ ਹਿਤ, ਤਿੰਨ ਚੀਜ਼ਾਂ ਅਤਿ ਆਵਸ਼ਕ ਹਨ—ਵਿਸ਼ਾ ਪਾਤਰ, ਕ੍ਰਿਆਸ਼ੈਲੀ ਅਤੇ ਸੰਭਾਵਨਾ। ਇਨ੍ਹਾਂ ਤਿੰਨਾਂ ਚੀਜ਼ਾਂ ਦੇ ਆਧਾਰ 'ਤੇ ਹੀ ਅਸੀਂ ਆਤਮਾ ਦੀ ਹੋਂਦ ਨੂੰ ਇਕ ਤੱਤੂ ਵਾਸਤਵਿਕਤਾ ਵਜੋਂ ਸਵੀਕਾਰ ਕਰਦੇ ਅਤੇ ਇਸ ਦਾ ਰਸ ਮਾਣਦੇ ਹਾਂ। ਧਿਆਨਯੋਗ ਵਸਤੂ ਇਹੀ ਹੈ ਕਿ ਆਤਮਾ ਅਤੇ ਸਰੀਰਕ ਸਮਾਸ, ਸਰੀਰਕ ਚੱਕਰ-ਚਿਹਨ ਅਤੇ ਸਰੀਰਕ ਵਸਤੂ ਦਾ ਸੰਜੋਗ ਧੁਰ ਦਰਗਾਹੀ ਹੁਕਮ ਹੈ, ਜਿਸ ਦੀ ਸਾਖੀ ਪਾਵਨ ਗੁਰਬਾਣੀ ਦੁਆਰਾ ਉਪਸਥਿਤ ਕੀਤੀ ਗਈ ਹੈ, ਜਿਵੇਂ :

ਕਾਇਆ ਹੰਸ ਧੁਰਿ ਮੇਲੁ ਕਰਤੈ ਲਿਖਿ ਪਾਇਆ ॥
ਸਭ ਮਹਿ ਗੁਪਤੁ ਵਰਤਦਾ ਗੁਰਮੁਖਿ ਪ੍ਰਗਟਾਇਆ ॥

(ਰਾਮਕਲੀ ਵਾਰ, ਮ: ੩, ਪੰਨਾ 954/7)

ਇਨਸਾਨੀ ਕਾਇਆਂ ਇਕ ਵਸਤੂ ਹੈ ਜੋ ਸਰੀਰਕ ਹੋਂਦ ਨੂੰ ਅਥਵਾ ਇਸ ਪਦਾਰਥਕ ਵਜੂਦ ਨੂੰ ਨਵਾਂ ਨਰੋਆ ਰੱਖਦੀ ਹੈ। ਦੂਜੀ ਸ਼ਕਤੀ ਰੂਪ ਅਥਵਾ

ਪੈਕਰ-ਚਿਹਨ ਦੀ ਘਾੜਤ ਇਸ ਨੂੰ ਸਰੀਰਕ ਨਿਪੁੰਨਤਾ ਬਖ਼ਸ਼ਦੀ ਹੈ। ਤੀਜੀ ਸ਼ਕਤੀ ਜੋ ਅਤਿ ਸੂਖਸ਼ਮ ਹੈ ਉਹ ਇਸ ਨੂੰ ਜੀਵਨ ਬਖ਼ਸ਼ਦੀ ਹੈ। ਵਜੂਦ ਅਤੇ ਪੈਕਰ-ਚਿਹਨ ਪੱਥਰਾਂ ਵਿਚ ਭੀ ਵੇਖਿਆ ਜਾ ਸਕਦਾ ਹੈ ਪ੍ਰੰਤੂ ਉਨ੍ਹਾਂ ਵਿਚ ਸਵੈਮ ਸੰਚਾਲਨ ਚੇਸ਼ਟਾ ਦਾ ਅਭਾਵ ਹੁੰਦਾ ਹੈ। ਸਵੈਮ ਸੰਚਾਲਨ ਚੇਸ਼ਟਾ ਦਾ ਅਭਾਵ ਹੋਣ ਕਰਕੇ, ਪੱਥਰਾਂ ਦੀ ਸ਼੍ਰੇਣੀ ਨਿਰਜਿੰਦ ਕਰਕੇ ਮੰਨੀ ਜਾਂਦੀ ਹੈ। ਇਸ ਵਿਚਾਰ ਦੇ ਦੂਜੇ ਪਾਸੇ, ਮਨੁੱਖੀ ਸਰੀਰ ਵਿਚ ਆਤਮਾ ਦਾ ਹੋਣਾ ਹੀ ਇਸ ਨੂੰ ਸੁਜੀਵਤ ਸ਼੍ਰੇਣੀ ਵਿਚ ਪ੍ਰਵੇਸ਼ਤਾ ਬਖ਼ਸ਼ਦਾ ਹੈ। ਜਿਸ ਵੇਲੇ ਆਤਮਾ ਕਾਇਆਂ ਵਿਚੋਂ ਬਾਹਰ ਨਿਕਲ ਜਾਂਦਾ ਹੈ, ਤਦ ਉਸ ਨੂੰ ਮੁਰਦਾ ਅਥਵਾ ਨਿਰਜਿੰਦ ਕਰਕੇ ਘੋਸ਼ਤ ਕੀਤਾ ਜਾਂਦਾ ਹੈ। ਸਿੱਧ ਇਹ ਹੋਇਆ ਕਿ ਆਤਮਾ ਹੀ ਆਰੰਭਕ ਵਾਸਤਵਿਕਤਾ ਹੈ ਜਿਸ ਦੇ ਹੋਣ ਕਰਕੇ ਸਰੀਰਕ ਗਤੀ ਸੰਪੂਰਣਤਾ ਵਿਚ ਪ੍ਰਵੇਸ਼ ਕਰਦੀ ਹੈ ਅਤੇ ਨਾ ਹੋਣ ਕਰਕੇ ਮੁਰਦਾ ਦੇਹੀ ਆਖੀ ਜਾਂਦੀ ਹੈ, ਜਿਵੇਂ :

The Soul is the primary actuality of a physical organism.

ਹਰ ਇਨਸਾਨ ਦੇ ਜੀਵਨ ਵਿਚ ਇਕ ਪ੍ਰੇਰਣਾਤਮਕ ਸ਼ਕਤੀ (Motive power) ਹੁੰਦੀ ਹੈ, ਜਿਸ ਦੀ ਪੂਰਤੀ ਵਾਸਤੇ ਪੰਜ ਤਰ੍ਹਾਂ ਦੇ ਲੱਛਣ ਇਨਸਾਨੀ ਸਰੀਰ ਵਿਚ ਕੰਮ ਕਰਦੇ ਹਨ। ਇਨ੍ਹਾਂ ਪੰਜਾਂ ਦੀ ਪੂਰਤੀ ਹਿਤ, ਅੰਤ੍ਰੀਵੀ ਬਿਬੇਕਤਾ ਦਾ ਹੋਣਾ ਬਹੁਤ ਹੀ ਲਾਜ਼ਮੀ ਹੈ। ਇਨ੍ਹਾਂ ਪੰਜਾਂ ਲੱਛਣਾਂ ਦੀ ਥੋੜ੍ਹੀ ਬਹੁਤ ਕੁਝ, ਪਸ਼ੂ ਸ਼੍ਰੇਣੀ ਵਿਚ ਭੀ ਵੇਖੀ ਜਾ ਸਕਦੀ ਹੈ, ਜਿਵੇਂ :

1. **ਗ੍ਰਹਿਣ ਕਰਨਾ ਜਾਂ ਪ੍ਰਾਪਤ ਕਰਨ ਦੀ ਸ਼ਕਤੀ** (receiving power) : ਜੋ ਚੌਗਿਰਦੇ ਦੀਆਂ ਚੀਜ਼ਾਂ ਅਤੇ ਵਾਤਾਵਰਣ ਦਾ ਸਹੀ ਜਾਂ ਗ਼ਲਤ ਹੋਣ ਦਾ ਅੰਦਾਜ਼ਾ ਲਗਾਵਣ ਵਿਚ ਸਹਾਇਤਾ ਕਰਦੀ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਦੀ ਅਥਵਾ ਵਰਤਦੀ ਹੈ।

2. **ਨਿਰਣਾਤਮਕ ਵਿਰਤੀ** : ਗ੍ਰਹਿਣ ਕੀਤੇ ਖ਼ਿਆਲਾਂ ਨੂੰ ਅੰਤ੍ਰੀਵੀ ਸੂਝ ਬੂਝ ਦੇ ਚੌਖਟੇ ਵਿਚ ਰੱਖ ਕੇ ਅਨੁਕੂਲ ਜਾਂ ਪ੍ਰਤਿਕੂਲ ਹੋਣ ਦਾ ਜਾਇਜ਼ਾ ਲਗਾਵਣਾ, ਸਹੀ ਜਾਂ ਗ਼ਲਤ ਹੋਣ ਦੀ ਸੰਭਾਵਨਾ ਦਾ ਉਤਪੰਨ ਹੋਣਾ। ਇਕ ਦੂਜੀ ਸੰਭਾਵਨਾ ਨੂੰ ਇਕ ਦੂਜੀ ਤੋਂ ਵੱਖਰੀਆਂ ਕਰਨਾ, ਇਸ ਬੌਧਿਕ ਉਚਾਈ ਦੀ ਸੰਗਿਆ ਸੁਭਾਵਿਕ ਬਿਬੇਕਤਾ (common sense) ਕਰਕੇ ਆਖੀ ਜਾਂਦੀ ਹੈ।

3. **ਸਿਮਰਨ ਸ਼ਕਤੀ** : ਪ੍ਰਾਪਤ ਕੀਤੇ ਖ਼ਿਆਲਾਂ ਨੂੰ ਯਾਦ ਰੱਖਣ ਦੀ ਸ਼ਕਤੀ (retaining power) ਕਈ ਦਫ਼ਾ ਜੋ ਘਟਨਾ ਅਸਾਡੇ ਜੀਵਨ ਵਿਚ ਬੀਤਦੀ ਹੈ, ਅਸੀਂ ਉਸ ਨੂੰ ਸਾਰੀ ਉਮਰ ਯਾਦ ਰੱਖਦੇ ਹਾਂ। ਅਤੀਤ ਕਾਲ ਦੇ ਦ੍ਰਿਸ਼ ਅਸਾਡੀ ਸਿਮ੍ਰਤੀ ਦਾ ਅਖਿੱਛਤ ਅੰਗ ਬਣੇ ਰਹਿੰਦੇ ਹਨ। ਐਸਾ ਹੋਣਾ

ਕਿਸੇ ਵਿਸ਼ੇਸ਼ ਅੰਤ੍ਰੀਵੀ ਸ਼ਕਤੀ ਦਾ ਪ੍ਰਗਟਾਵਾ ਹੈ। ਸਿਮਰਨ ਸ਼ਕਤੀ ਹਰ ਜੀਵ ਦੀ ਵੱਖਰੀ ਵੱਖਰੀ ਹੁੰਦੀ ਹੈ। ਐਸਾ ਹੋਣਾ ਆਤਮਾ ਦੀ ਸੁਅੱਛਤਾ 'ਤੇ ਨਿਰਭਰ ਹੁੰਦਾ ਹੈ। ਕਦੀ ਦਫ਼ਾ ਆਤਮਕ ਪ੍ਰਤਿਬਿੰਬ ਦੇ ਸਾਹਮਣੇ ਅਗਿਆਨਤਾ ਦੇ ਬੱਦਲ ਛਾ ਜਾਂਦੇ ਹਨ, ਜਿਸ ਕਾਰਣ ਆਤਮਾ ਦੀ ਗ੍ਰਹਿਣ ਸ਼ਕਤੀ, ਨਿਰਣੈ ਸ਼ਕਤੀ ਅਤੇ ਸਿਮਰਨ ਸ਼ਕਤੀ ਮੱਧਮ ਪੈ ਜਾਂਦੀ ਹੈ। ਅੰਜਾਮ ਵਜੋਂ, ਆਤਮਾ ਗੁਰ-ਉਪਦੇਸ਼ ਨੂੰ ਗ੍ਰਹਿਣ ਕਰਨੋਂ ਅਸਮਰੱਥ ਹੋਇ ਨਿਬੜਦਾ ਹੈ। "ਸੁਣਿਆ ਮੰਨਿਆ ਮਨਿ ਕੀਤਾ ਭਾਉ ॥" ਦੀ ਪੱਧਤ ਤੋਂ ਥਿੜਕ ਜਾਂਦਾ ਹੈ। ਸਰ ਅਪਸਰ ਦੀ ਵਿਚਾਰ, ਜੀਵਨ ਖੇਤਰ ਵਿਚੋਂ ਅਲੋਪ ਹੋ ਜਾਂਦੀ ਹੈ।

4. ਸੁਭਾਵਿਕ ਸੂਝ ਬੂਝ : ਸੁਭਾਵਿਕ ਸੂਝ ਬੂਝ ਦਾ ਲੱਛਣ ਪ੍ਰਕਿਰਤੀ ਦੇ ਹਰ ਜ਼ੱਰੇ ਜ਼ੱਰੇ ਵਿਚ ਵਿਆਪਕ ਹੋ ਰਿਹਾ ਹੈ। ਪ੍ਰਕਿਰਤੀ ਦਾ ਹਰ ਅਣੂ ਥੋੜ੍ਹੀ ਜਾਂ ਅਧਿਕ ਅਨੁਭਵਤਾ ਨਿਜੀ ਜੀਵਨ ਦੀਆਂ ਸਫ਼ਾਂ ਵਿਚ ਲਪੇਟੀ ਬੈਠਾ ਹੈ। ਜਿਵੇਂ, ਦੁਖ ਸੁਖ, ਸ਼ਾਦੀ ਗ਼ਮੀ, ਹੱਸਣਾ ਰੋਣਾ, ਭੈ-ਭੀਤ ਹੋਣਾ, ਧੁੱਪ ਅਤੇ ਛਾਂ ਦਾ ਵੱਖਰੇਵਾਂ, ਗਰਮੀ ਸਰਦੀ ਦੀ ਅਨੁਭਵਤਾ, ਭੁਖ ਪਿਆਸ ਦੀ ਰੁਚੀ, ਤ੍ਰਿਪਤ ਹੋਣ ਦੀ ਰੁਚੀ, ਨੀਂਦਰ ਅਤੇ ਬੇ-ਚੈਨੀ, ਚੇਤਨਤਾ ਅਤੇ ਆਲਸ ਵਿਚ ਵਿਚਰਨਾ, ਮਨ ਦੀਆਂ ਲਹਿਰਾਂ ਦਾ ਉਭਾਰ ਅਤੇ ਦਮਨ, ਮਿੱਤ੍ਰਤਾ ਅਤੇ ਵੈਰ ਭਾਵਨਾ ਦਾ ਉਤਪੰਨ ਹੋਣਾ, ਸੰਭੋਗਕ ਕ੍ਰਿਆ ਦਾ ਉਤੇਜਤ ਹੋਣਾ, ਸੰਭੋਗ ਤੋਂ ਬਾਅਦ ਸੁਖ-ਸ਼ਾਂਤੀ ਮਹਿਸੂਸ ਕਰਨੀ, ਪਿਆਰ ਅਤੇ ਘਿਰਣਾ ਦਾ ਦਾਇਰਾ, ਖਿਮਾ ਅਤੇ ਬਦਲਾ-ਲਊ ਭਾਵਨਾ ਦਾ ਉਤਪੰਨ ਹੋਣਾ, ਗਰਜ਼ੇਕਿ, ਇਹ ਸਾਰੀਆਂ ਚੀਜ਼ਾਂ ਸੁਭਾਵਿਕ ਸੂਝ ਬੂਝ ਦੇ ਖੇਤਰ ਵਿਚ ਗਤੀਬੱਧ ਹੋ ਰਹੀਆਂ ਹਨ। ਜਿਵੇਂ, ਚੂਹਾ ਬਿੱਲੀ ਨੂੰ ਵੇਖ ਕੇ ਫ਼ੌਰਨ ਛੁਪ ਜਾਂਦਾ ਹੈ। ਭੇਡ ਬਾਘ ਨੂੰ ਵੇਖਦਿਆਂ ਹੀ ਦੌੜ ਜਾਂਦੀ ਹੈ। ਇਸ ਵਿਚਾਰ ਦੀ ਸੰਗਿਆ ਹੀ ਸੁਭਾਵਿਕ ਸੂਝ ਬੂਝ ਦਾ ਦਾਇਰਾ ਉਲੀਕਦੀ ਹੈ, ਜਿਵੇਂ :

ਬੀਜ ਮੰਤ੍ਰੁ ਸਰਬ ਕੋ ਗਿਆਨੁ ॥ *(ਗਉੜੀ ਸੁਖਮਨੀ ਮ: ੫, ਪੰਨਾ 274/16)*

ਜਿਵੇਂ ਪਸ਼ੂ ਪੰਛੀ ਸ਼੍ਰੇਣੀ ਵਿਚ ਕਿਸੇ ਹਾਨੀਕਾਰਕ ਜਾਂ ਦੁਖਦਾਈ ਘਟਨਾ ਨੂੰ ਵੇਖ ਕੇ ਪਹਿਲਾਂ ਹੀ ਪਰੇ ਹਟ ਜਾਣ ਦੀ ਕ੍ਰਿਆ ਸੁਭਾਵਕ ਹੀ ਪਾਈ ਜਾਂਦੀ ਹੈ, ਇਸ ਦੇ ਪ੍ਰਤਿਕੂਲ ਕਿਸੇ ਲਾਭਦਾਇਕ ਜਾਂ ਉਪਯੋਗੀ ਘਟਨਾ ਨੂੰ ਵੇਖ ਕੇ ਉਸ ਦੇ ਨੇੜੇ ਹੋਣਾ, ਹਿਤਕਾਰ ਦਾ ਪ੍ਰਗਟਾਵਾ ਕਰਨਾ, ਸੁਭਾਵਕ ਹੀ ਵੇਖਿਆ ਜਾ ਸਕਦਾ ਹੈ। ਮਨੁੱਖਾ ਸ਼੍ਰੇਣੀ ਵਿਚ ਇਕ ਵਿਸ਼ੇਸ਼, ਚੇਤਨਤਾ ਹੈ ਜੋ ਪਸ਼ੂ-ਪੰਛੀਆਂ ਦੀ ਨਿਸਬਤ ਵੱਖਰਾ ਸੋਚ-ਮੰਡਲ ਉਲੀਕਦੀ ਹੈ। ਜਿਸ ਵਿਚ ਧੀਰੇ ਧੀਰੇ ਅਤੇ ਤਸੱਲੀ ਬਖ਼ਸ਼ ਵਿਧੀ ਦੁਆਰਾ ਤਰਕਸ਼ੀਲ ਚਿੰਤਨ ਸ਼ਕਤੀ ਨੂੰ ਵਰਤਦੇ ਹੋਏ, ਨਿਰਣਾਤਮਕ ਯੋਗਤਾ ਦਾ ਭੰਡਾਰਾ ਸੁਭਾਵਿਕ ਹੀ ਮੌਜੂਦ ਹੁੰਦਾ ਹੈ।

5. **ਪੁਨਰ ਚਿੰਤਨ** : ਜਿਨ੍ਹਾਂ ਚੀਜ਼ਾਂ ਨੂੰ ਪੰਚ-ਮੁਖੀ ਗਿਆਨ ਦੁਆਰਾ, ਉਨ੍ਹਾਂ ਦੀ ਰੂਪ ਰੇਖਾ ਅਤੇ ਸਮਾਸੀ ਘੇਰਾ, ਅਤੀਤ ਕਾਲ ਵਿਚ ਮਹਿਸੂਸ ਕੀਤਾ, ਵੇਖਿਆ, ਸੁੰਘਿਆ, ਚੱਖਿਆ, ਸੁਣਿਆ ਅਤੇ ਮਾਣਿਆ ਹੋਵੇ, ਉਨ੍ਹਾਂ ਨੂੰ ਅੰਤਹਕਰਣੀ ਭੰਡਾਰੇ ਵਿਚੋਂ ਕੱਢ ਕੇ ਦੋਬਾਰਾ ਦਲੀਲ ਦੀ ਕਸਵੱਟੀ 'ਤੇ ਪਰਖਣਾ, ਇਨਸਾਨੀ ਸ਼੍ਰੇਣੀ ਦੀ ਵਿਸ਼ੇਸ਼ਤਾ ਹੈ ਜੋ ਕਿ ਪਸ਼ੂ-ਪੰਛੀਆਂ ਦੀ ਸ਼੍ਰੇਣੀ ਨਾਲੋਂ ਇਕ ਵੱਖਰੀ ਅਤੇ ਸੁਭਾਵਿਕ ਪ੍ਰਕਿਰਤੀ ਹੈ। ਇਸ ਦੀ ਸੰਗਿਆ ਸਿਮਰਨ ਸ਼ਕਤੀ (reminiscence) ਹੈ। ਇਸ ਤੋਂ ਹੋਰ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਨਸਾਨੀ ਖ਼ਿਆਲਾਂ ਦੀ ਚੇਤਨ ਸੱਤਾ ਦੇ ਉਤਮ ਭੰਡਾਰੇ ਨੂੰ ਅੰਤਹਕਰਣ ਵਿਚੋਂ ਕੱਢ ਕੇ ਆਤਮਾ ਦੇ ਦੇਸ ਵੱਲ ਨੂੰ ਭੇਜਦੀ ਹੈ, ਭਾਵ, ਸਰਗੁਣੀ ਖ਼ਿਆਲਾਂ ਨੂੰ ਨਿਰਗੁਣ ਅਵਸਥਾ ਵਿਚ ਪਰਵਿਰਤ ਕਰਦੀ ਹੈ। ਇਸ ਤਸਵੀਰ ਦੇ ਦੂਜੇ ਪਾਸੇ ਆਤਮਾ ਦੀ ਨਗਰੀ ਵਿਚੋਂ, ਗੁਪਤ ਸ਼ਕਤੀ ਨੂੰ ਕੱਢ ਕੇ ਪੰਚ-ਮੁਖੀ ਗਿਆਨ ਦੇ ਖੇਤਰ ਵਿਚ ਪ੍ਰਗਟ ਕਰਦੀ ਹੈ, ਭਾਵ, ਨਿਰਗੁਣ ਸ਼ਕਤੀ ਨੂੰ ਸਰਗੁਣ ਵਿਚ ਅਤੇ ਸਰਗੁਣ ਸ਼ਕਤੀ ਨੂੰ ਨਿਰਗੁਣ ਵਿਚ ਤਬਦੀਲ ਕਰਦੀ ਹੈ। ਇਸ ਕਾਰਜ ਨਿਰਵਾਹਕ ਸ਼ਕਤੀ ਦੀ ਸੰਗਿਆ ਹੀ ਸੁਰਤੀ ਅਥਵਾ ਅੰਤਰ ਪ੍ਰੇਰਣਾ (instinct) ਕਰਕੇ ਆਖੀ ਜਾਂਦੀ ਹੈ।

ਉਕਤ ਵਾਰਤਾ ਦੇ ਪਰਿਣਾਮ ਵਜੋਂ, ਅਸੀਂ ਇਸ ਨਤੀਜੇ 'ਤੇ ਆ ਪਹੁੰਚੇ ਹਾਂ ਕਿ ਆਤਮਾ ਵਿਚ ਤਿੰਨ ਪ੍ਰਕਾਰ ਦੀ ਸ਼ਕਤੀ ਮੌਜੂਦ ਹੈ। ਜਿਵੇਂ: 1. ਸਬਜ਼ੀਆਂ ਅਤੇ ਬਨਸਪਤੀ ਸ਼ਕਤੀ; 2. ਸੰਵੇਦਨਸ਼ੀਲ ਸ਼ਕਤੀ; ਅਤੇ 3. ਤਰਕਸ਼ੀਲ ਵਿਚਾਰਧਾਰਾ।

1. **ਸਬਜ਼ੀਆਂ ਅਤੇ ਬਨਸਪਤੀ ਸ਼ਕਤੀ** (vegetal power) : ਜਿਨ੍ਹਾਂ ਦਾ ਲੱਛਣ ਜੰਮਣਾ, ਉਗਣਾ, ਵਧਣਾ, ਫੁਲਣਾ, ਫੈਲਣਾ ਅਤੇ ਇਕ ਥਾਂ 'ਤੇ ਪਏ ਪਏ ਜਾਂ ਖਲੋਤੇ ਜੀਵਨ ਬਤੀਤ ਕਰਨਾ। ਇਹ ਲੱਛਣ ਸਬਜ਼ੀਆਂ ਅਤੇ ਬਨਸਪਤੀ ਆਦਿ ਵਿਚ ਪਾਏ ਜਾਂਦੇ ਹਨ। ਜਿਥੇ ਕੋਈ ਵਸਤੂ ਜਾਂ ਜ਼ਿੰਦਗੀ ਵਧਦੀ ਫੁਲਦੀ ਅਤੇ ਫੈਲਦੀ ਹੈ, ਸਮਝੋ, ਉਥੇ ਆਤਮਾ ਦੀ ਥੋੜੀ ਬਹੁਤ ਅੰਸ਼ ਮੌਜੂਦ ਹੈ।

2. **ਸੰਵੇਦਨਸ਼ੀਲ ਸ਼ਕਤੀ** (sentient power) : ਸੰਵੇਦਨ ਯੁਕਤ, ਚੇਤਨ ਸੱਤਾ, ਸੁਚੇਤ ਸ਼ਕਤੀ, ਸੁਜੀਵ ਸ਼ਕਤੀ, ਸੰਚਾਲਨ ਸ਼ਕਤੀ, ਇਹ ਗੁਣ ਪਸ਼ੂ-ਪੰਛੀਆਂ ਵਿਚ ਲਘੂ ਜਾਂ ਅਧਿਕ ਮਾਤਰਾ ਵਿਚ ਪਾਏ ਜਾਂਦੇ ਹਨ, ਜਿਵੇਂ ਹਾਨੀ-ਕਾਰਕ ਚੀਜ਼ਾਂ ਤੋਂ ਡੈ ਜਾਂ ਡਰ ਮਹਿਸੂਸ ਕਰਨਾ, ਲਾਭਦਾਇਕ ਚੀਜ਼ਾਂ ਵੱਲ ਹਿਤਕਾਰੀ ਰੁਚੀ ਦਾ ਪ੍ਰਗਟਾਵਾ ਕਰਨਾ, ਆਦਿ।

3. **ਤਰਕਸ਼ੀਲ ਵਿਚਾਰਧਾਰਾ** (sentient and retional) : ਬਿਬੇਕਤਾ, ਸੁਚੇਤਨਤਾ, ਯੁਕਤੀ ਪੂਰਣ, ਨਿਆਇ ਯੁਕਤ, ਯਥਾ ਯੋਗ, ਯਥਾ ਉਚਿਤ,

ਅਕਲ ਪੂਰਣ, ਸ਼ਾਇਸਤਗੀ, ਸਮਝਦਾਰੀ, ਇਸਤਦਲਾਲੀ, ਦਲੀਲ, ਬੁਰਹਾਨ, ਆਦਿ। ਐਸੇ ਲੱਛਣ ਆਮ ਕਰਕੇ ਇਨਸਾਨੀ ਜੀਵਨ ਵਿਚ ਮੌਜੂਦ ਹੁੰਦੇ ਹਨ। ਇਨ੍ਹਾਂ ਲੱਛਣਾਂ ਤੋਂ ਇਲਾਵਾ ਹੋਰ ਵਧੇਰੇ ਸ਼ਕਤੀਆਂ ਆਤਮਾ ਦੇ ਖੇਤਰ ਵਿਚ ਵਿਆਪਕ ਹੁੰਦੀਆਂ ਹਨ ਜਿਨ੍ਹਾਂ ਵਿਚ ਪੰਜ ਸ਼ਕਤੀਆਂ ਵਿਸ਼ੇਸ਼ ਪ੍ਰਸਿੱਧਤਾ ਰੱਖਦੀਆਂ ਹਨ। ਜਿਵੇਂ :

1. **ਪਾਲਣਾ ਪੋਸਣਾ** (Nutritive Power) : ਖ਼ੁਰਾਕ ਦਾ ਉਤਪਾਦਨ, ਜੀਵਨ ਗਤੀ ਨੂੰ ਚਾਲੂ ਰੱਖਣ ਹਿਤ ਲੋੜੀਂਦੀਆਂ ਵਸਤੂ।

2. **ਸੰਵੇਦਨ ਯੁਕਤ** (Sentient Power) : ਚੇਤਨਤਾ, ਹੋਸ਼ਮੰਦੀ, ਅਨੁਭਵੀ ਸੱਤਾ, ਸੁਜੀਵਤਾ, ਬਾ-ਸ਼ਊਰ, ਬਾ-ਹਵਾਸ, ਆਦਿ।

3. **ਸੂਝ ਸਮਝ** (Intellective Power) : ਅਕਲ, ਸਮਝ, ਬੁੱਧੀ, ਬੌਧਿਕਤਾ, ਫ਼ਹਿਮ, ਦਾਨਸ਼ਮੰਦੀ, ਅਕਲੋ-ਦਾਨਸ਼, ਆਦਿ।

4. **ਲਾਲਸਾ** (Appetite Power) : ਤ੍ਰਿਸ਼ਨਾ, ਭੁਖ, ਚਾਹ, ਤਾਂਘ, ਇੱਛਾ, ਅਭਿਲਾਸ਼ਾ, ਪ੍ਰਵਿਰਤੀ, ਸੁਆਦ, ਚਸਕਾ, ਸ਼ੌਕ, ਤਮੰਨਾ, ਆਰਜ਼ੂ, ਖ਼ਾਹਿਸ਼, ਇਸ਼ਤਿਆਕ, ਰਗ਼ਬਤ ਆਦਿ ਰੁਚੀਆਂ ਦਾ ਹੋਣਾ।

5. **ਸੰਚਾਲਨ ਸ਼ਕਤੀ** (Locomotive Power) : ਚਲਨਸ਼ੀਲਤਾ, ਚਲਨਗਤੀ, ਯਾਤਰਾ ਗਤੀ, ਉਤਪਾਦਕ ਗਤੀ, ਹਰਕਤ, ਇਨ੍ਹਾਂ ਪੰਜ ਸ਼ਕਤੀਆਂ ਦੇ ਅਧੀਨ ਹੋਰ ਵਧੇਰੇ ਛੋਟੀਆਂ ਵੱਡੀਆਂ ਸ਼ਕਤੀਆਂ ਆਤਮਾ ਦੇ ਖੇਤਰ ਵਿਚ ਵਿਚਰਦੀਆਂ ਹਨ। ਆਤਮਾ ਪ੍ਰਤਿ ਜੋ ਵਾਰਤਕ ਗਿਆਨ ਹੈ ਇਹ ਤਾਂ ਸੀਮਤ ਜਾਣਕਾਰੀ ਹੈ, ਚੁਨਾਂਚਿ, ਆਤਮਾ ਦੀ ਕਥਾ ਅਸੀਮ ਅਤੇ ਅਦਭੁੱਤ ਕਥਾ ਹੈ। ਜਿਵੇਂ :

> **ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ਰਹਾਉ॥**
> **ਨਾ ਇਹੁ ਬੂਢਾ ਨਾ ਇਹੁ ਬਾਲਾ ॥ ਨਾ ਇਸੁ ਦੂਖੁ ਨਹੀ ਜਮ ਜਾਲਾ ॥**
> **ਨਾ ਇਹੁ ਬਿਨਸੈ ਨਾ ਇਹੁ ਜਾਇ ॥ ਆਦਿ ਜੁਗਾਦੀ ਰਹਿਆ ਸਮਾਇ ॥੧॥**
>
> *(ਗੋਂਡ ਮ: ੫, ਪੰਨਾ 868/13)*

ਧਾਰਮਕ ਦੁਨੀਆ ਵਿਚ ਆਤਮਾ ਦੀ ਹੋਂਦ ਪ੍ਰਤਿ ਵੱਖਰੀਆਂ ਵੱਖਰੀਆਂ ਵਿਚਾਰਧਾਰਾਵਾਂ ਮਿਲਦੀਆਂ ਹਨ, ਜਿਨ੍ਹਾਂ ਪ੍ਰਤਿ ਵਿਚਾਰ-ਵਟਾਂਦਰਾ ਕਰਨਾ ਅਤਿ ਗੰਭੀਰ ਵਿਸ਼ਾ ਹੈ। ਇਸ ਤੋਂ ਪਿਛਲੇ ਪੰਨਿਆਂ ਵਿਚ ਪ੍ਰਕਿਰਤੀ ਦੇ ਸੰਬੰਧ ਵਿਚ ਅਧਿਆਤਮਕ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਹੁਣ ਇਨਸਾਨੀ ਜ਼ਿੰਦਗੀ ਪ੍ਰਤਿ ਇਹ ਵਿਚਾਰ ਕਰਨੀ ਭੀ ਲਾਭਦਾਇਕ ਹੋਵੇਗੀ ਕਿ ਇਨਸਾਨੀ ਜੀਵਨ ਦੇ ਵਿਸ਼ੇਸ਼ ਲੱਛਣ ਅਤੇ ਇਸ ਦਾ ਉਤਪਾਦਕ ਵਿਰਸਾ ਕੀ ਹੈ ? ਮਨੁੱਖਾ ਦੇਹੀ ਦੇ ਲੱਛਣਾਂ ਨੂੰ ਧਿਆਨ ਵਿਚ ਰੱਖਦਿਆਂ ਸਰੀਰਕ ਸਥੂਲਤਾ ਦੀ ਬਜਾਇ,

ਆਤਮਾ ਪ੍ਰਤਿ ਵਿਚਾਰ-ਵਟਾਂਦਰਾ, ਦੇਹੀ ਦੇ ਸੰਪਰਕ ਵਿਚ ਵਿਚਰਦੇ ਹੋਏ ਕਰਾਂਗੇ।

1.18 ਕੀ ਆਤਮਾ ਸਥੂਲ ਵਸਤੂ ਹੈ ?

ਆਤਮਾ ਦੇ ਸਿਲਸਿਲੇ ਪ੍ਰਤਿ ਅਥਵਾ ਆਤਮਕ ਲੱਛਣਾਂ ਦੀ ਪੜਤਾਲ ਕਰਨ ਹਿਤ, ਇਹ ਧਿਆਨ ਰੱਖਣਾ ਅਤਿ ਆਵਸ਼ਕ ਹੋਵੇਗਾ ਕਿ ਆਤਮਾ ਉਨ੍ਹਾਂ ਵਸਤੂਆਂ ਵਾਸਤੇ ਜੀਵਨ ਦਾ ਪ੍ਰਥਮ ਤੱਤ੍ਵ-ਸਾਰ ਅਤੇ ਮੂਲ ਕਾਰਣ ਹੈ ਜੋ ਅਸਾਡੇ ਵਾਤਾਵਰਨ ਵਿਚ ਜੀਵਨ ਬਤੀਤ ਕਰਦੀਆਂ ਹਨ। ਵਾਸਤਵਿਕ ਤੌਰ 'ਤੇ ਜਿਨ੍ਹਾਂ ਨੂੰ ਅਸੀਂ ਸੁਜੀਵਤ ਵਸਤੂ ਸਵੀਕਾਰਦੇ ਹਾਂ ਜਦੋਂ ਕਿ ਕੁਝ ਨਿਰਜਿੰਦ ਵਸਤੂਆਂ, ਜ਼ਿੰਦਗੀ ਦੇ ਤੋਹਫ਼ੇ ਵਲੋਂ ਮਹਿਰੂਮ ਭੀ ਹੁੰਦੀਆਂ ਹਨ। ਅਸਲ ਵਿਚ ਜ਼ਿੰਦਗੀ ਅਥਵਾ ਸੁਜੀਵਤ ਵਸਤੂਆਂ ਦਾ ਢਾਂਚਾ ਦੋ ਚੀਜ਼ਾਂ 'ਤੇ ਆਧਾਰਤ ਹੁੰਦਾ ਹੈ ਜਿਨ੍ਹਾਂ ਵਿਚ ਬੌਧਿਕਤਾ ਅਤੇ ਸੰਚਾਲਨ ਗਤੀ ਦਾ ਹੋਣਾ ਅਤਿ ਆਵਸ਼ਕ ਲੱਛਣ ਹਨ। ਜਿਵੇਂ, ਕਈ ਇਕ ਧਰਮ ਜਾਂ ਕਈ ਇਕ ਦਾਰਸ਼ਨਿਕ ਵਿਅਕਤੀ ਦਾਅਵਾ ਕਰਦੇ ਹਨ ਕਿ ਆਤਮਾ ਸਰੀਰ ਹੈ ਜਦੋਂ ਕਿ ਇਸ ਕਲਪਨਾਤਮਕ ਖ਼ਿਆਲ ਵਿਚ ਤਨਕ-ਮਾਤਰ ਭੀ ਵਜ਼ਨ ਨਹੀਂ ਹੈ। ਐਸੇ ਅਨੁਮਾਨਤ ਵਿਚਾਰਾਂ ਵਾਸਤੇ ਅਧਿਆਤਮਕ ਸੰਸਾਰ ਵਿਚ ਜ਼ੱਰਾ-ਮਾਤਰ ਭੀ ਗੁੰਜਾਇਸ਼ ਨਹੀਂ ਹੈ। ਹਾਲਾਂਕਿ, ਸੰਸਾਰ ਪੱਧਰ 'ਤੇ ਵਿਆਪਕ ਰੂਪ ਵਿਚ ਐਸਾ ਕਹਿਣ ਵਿਚ ਕੋਈ ਅਤਿ ਕਥਨੀ ਨਹੀਂ ਹੋਵੇਗੀ, ਜੇ ਇਹ ਆਖਿਆ ਜਾਵੇ ਕਿ ਆਤਮਾ ਸਰੀਰ ਨਹੀਂ ਬਲਕਿ ਸਰੀਰਕ ਕਰਤੱਵਾਂ ਦਾ ਪਾਲਕ ਹੈ, ਭਾਵ, ਜੋ ਕੰਮ ਸਰੀਰ ਕਰਦਾ ਹੈ ਉਨ੍ਹਾਂ ਦਾ ਕਾਰਣ ਆਤਮਾ ਹੈ। ਕਿਉਂਕਿ ਆਤਮਾ ਹੀ ਜੀਵਨ ਦਾ ਮੂਲ ਕਾਰਣ ਅਤੇ ਤੱਤ੍ਵ-ਸਾਰ ਹੈ। ਆਤਮਾ ਸਥੂਲ ਵਸਤੂ ਨਹੀਂ ਬਲਕਿ ਸਰੀਰ ਦੀ ਸੰਚਾਲਨ ਸ਼ਕਤੀ ਅਤੇ ਬੌਧਿਕਤਾ ਦਾ ਭੰਡਾਰਾ ਹੈ, ਜਿਵੇਂ :

"The soul, is the first principle of life, is not a body but the act of body."

1.19 ਮਨੁੱਖੀ ਆਤਮਾ ਅਤੇ ਜੀਵਨ ਨਿਰਬਾਹ

ਤਪਸ਼ ਤਪਾਇਮਾਨ ਨਹੀਂ, ਬਲਕਿ ਤਪਾਇਮਾਨ ਦਾ ਕਾਰਣ ਹੈ। ਇਸੇ ਤਰ੍ਹਾਂ ਆਤਮਾ ਸਰੀਰ ਨਹੀਂ ਹੈ, ਲਿਹਾਜ਼ਾ, ਇਸ ਨੂੰ ਹਰਕਤ ਦੇਣ ਲਈ ਪ੍ਰਥਮ ਕਾਰਣ ਹੈ। ਇਹ ਵਿਚਾਰ ਕਰਨੀ ਅਤਿ ਆਵਸ਼ਕ ਹੈ ਕਿ ਕੀ ਮਨੁੱਖਾ ਜੀਵਨ ਵਿਚ ਆਤਮਾ ਜੀਵਨ ਨਿਰਬਾਹ ਕਰਨ ਹਿਤ ਸੁਜੀਵਤ ਸ਼ਕਤੀ ਹੈ ?

ਕੀ ਜੀਵਨ ਦੀ ਕ੍ਰਿਆ ਵਾਸਤੇ ਵਿਸ਼ੇਸ਼ ਬੌਧਿਕ ਸਿਧਾਂਤ ਹੈ ? ਅਸੀਂ ਕਿਸੇ ਹੱਦ ਤਕ ਇਹ ਆਖ ਸਕਦੇ ਹਾਂ ਕਿ ਮਨੁੱਖਾ ਸਰੀਰ ਵਿਚ ਆਤਮਾ ਦੀ ਹੋਂਦ ਸਪਰਸ਼ਾਤੀਤ, ਨਿਰਾਕਾਰ, ਅਸਰੀਰਕ, ਅਗੋਚਰ, ਗੈਰਮਾਦੀ, ਨਿਰਸਥੂਲ, ਅਭੌਤਿਕ (incorporeal) ਅਤੇ ਬੰਧਨ ਮੁਕਤ ਹੈ। ਲਿਹਾਜ਼ਾ, ਮਨੁੱਖੀ ਆਤਮਾ ਦਾ ਵਿਸ਼ੇਸ਼ ਲੱਛਣ ਹੈ ਕਿ ਇਹ ਨਿਰਾਕਾਰਤਾ ਨੂੰ ਨਿਜੀ ਕਾਰਜ-ਸ਼ੈਲੀ ਦੇ ਆਧਾਰ 'ਤੇ ਆਕਾਰਤਾ ਵਿਚ ਤਬਦੀਲ ਕਰਦਾ ਹੈ, ਭਾਵ, ਮਨੁੱਖੀ ਜਜ਼ਬਾਤਾਂ ਨੂੰ ਸੰਚਾਲਨ ਗਤੀ ਵਿਚ ਪਰਵਿਰਤ ਕਰਦਾ ਹੈ। ਨਿਰਗੁਣ ਸ਼ਕਤੀ ਨੂੰ ਹਰਕਤ ਵਿਚ ਤਬਦੀਲ ਕਰ ਕੇ ਸਮੁੱਚੇ ਸਰੀਰ ਦੀ ਪਾਲਣਾ ਪੋਸਣਾ ਹਿਤ, ਸੰਸਾਰੀ ਵਿਹਾਰਾਂ ਨੂੰ ਸਰੰਜਾਮ ਦਿੰਦਾ ਹੈ। ਤੱਤ੍ਵ-ਸਾਰ ਤਾਂ ਇਹ ਹੈ ਕਿ ਆਤਮਾ ਦੀ ਸਮਰੱਥਾ ਦੇ ਆਧਾਰ 'ਤੇ ਹਰ ਇਨਸਾਨ, ਸਰੀਰਕ ਗੁਣਾਂ ਨੂੰ ਸਾਖਸ਼ਾਤ ਬੌਧਿਕਤਾ ਦੇ ਖੇਤਰ ਵਿਚ ਸਮਝਣ ਅਤੇ ਸਮਝਾਉਣ ਦੇ ਯੋਗ ਹੋ ਜਾਂਦਾ ਹੈ। ਕਈ ਦਫ਼ਾ ਐਸਾ ਭੀ ਹੁੰਦਾ ਹੈ ਕਿ ਆਤਮਾ ਦੂਜੇ ਸਰੀਰਕ ਗੁਣਾਂ ਨੂੰ ਸਮਝਣੋਂ ਅਸਮਰੱਥ ਭੀ ਹੁੰਦੀ ਹੈ, ਕਿਉਂਕਿ ਕੁਝ ਹਾਲਾਤ ਐਸੇ ਵਾਪਰਦੇ ਹਨ ਜੋ ਆਤਮਾ ਅਤੇ ਸਮਝਣ ਵਾਲੀ ਵਸਤੂ ਦੇ ਵਿਚਕਾਰ ਰੁਕਾਵਟ ਪਾਉਂਦੇ ਹਨ। ਜਿਵੇਂ, ਸੂਰਜ ਅੱਗੇ ਬੱਦਲਾਂ ਦੀ ਘਣਘੋਰ ਹੋਣ ਕਰਕੇ ਰੋਸ਼ਨੀ ਮੱਧਮ ਪੈ ਜਾਂਦੀ ਹੈ ਅਥਵਾ ਧੁੰਧ ਦੇ ਫੈਲਾਉ ਵਿਚ ਇਕ ਦੂਸਰੀ ਚੀਜ਼ ਦਾ ਦ੍ਰਿਸ਼ ਅਲੋਪ ਹੋ ਜਾਂਦਾ ਹੈ। ਜਿਵੇਂ ਇਕ ਰੋਗ ਗ੍ਰਸਤ ਇਨਸਾਨ, ਅੰਮ੍ਰਿਤਮਈ ਮਿੱਠੇ ਪਦਾਰਥਾਂ ਦੇ ਰਸ ਮਾਣਨ ਦੇ ਥਾਂ ਚਿੜਚਿੜਾ ਅਤੇ ਕ੍ਰੋਧੀ ਹੋਣ ਕਰਕੇ ਪਦਾਰਥਾਂ ਦੇ ਰਸ ਨੂੰ ਮਾਣਨ ਦੇ ਯੋਗ ਨਹੀਂ ਹੁੰਦਾ, ਬਲਕਿ ਕੜਵੇ ਕੁਸੈਲੇ ਮਹਿਸੂਸ ਕਰਦਾ ਹੈ। ਭਾਵੇਂ ਆਤਮਾ ਵਿਚ ਮਨੁੱਖਾ ਜੀਵਨ ਦੀ ਪਾਲਣਾ ਪੋਸਣਾ ਅਥਵਾ ਜੀਵਨ ਨਿਰਬਾਹ ਕਰਨ ਹਿਤ ਪੂਰੀ ਸਮਰੱਥਾ ਹੈ ਪ੍ਰੰਤੂ ਉਕਤ ਦਰਸਾਈਆਂ ਉਪਾਧੀਆਂ ਦੇ ਕਾਰਣ ਆਤਮਾ ਦਾ ਇਹ ਲੱਛਣ ਮੱਧਮ ਪੈ ਜਾਂਦਾ ਹੈ ਅਥਵਾ ਨਕਾਰਾ ਹੋ ਜਾਂਦਾ ਹੈ। ਜਿਵੇਂ, ਮਲੀਨ ਦਰਪਣ ਅੱਗੇ ਖਲੋਤਿਆਂ ਜੀਵ ਦਾ ਚਿਹਰਾ ਭੀ ਮਲੀਨ ਹੀ ਜਾਪਦਾ ਹੈ। ਭਾਵੇਂ ਅਸਾਡੀਆਂ ਅੱਖੀਆਂ ਦੇ ਸਾਹਮਣੇ ਪਾਣੀ ਦਾ ਕੋਈ ਖ਼ਾਸ ਰੰਗ ਨਹੀਂ ਹੁੰਦਾ, ਪ੍ਰੰਤੂ ਜੈਸੇ ਬਰਤਨ ਵਿਚ ਅਥਵਾ ਜਿਸ ਰੰਗ ਦੇ ਭਾਂਡੇ ਵਿਚ ਪਾਣੀ ਪਾਇਆ ਜਾਵੇ, ਉਹ ਤੈਸਾ ਹੀ ਰੰਗ ਪ੍ਰਗਟਾਂਦਾ ਹੈ। ਨਿਰਸੰਦੇਹ ਇਹੀ ਸਥਿਤੀ ਆਤਮਾ ਦੀ ਹੈ ਕਿ ਇਹ ਜਿਸ ਸਰੀਰ ਵਿਚ ਵਿਆਪਕ ਹੋ ਰਿਹਾ ਹੈ, ਉਸ ਦੀ ਕਰਮ-ਸ਼ੈਲੀ ਕੈਸੀ ਹੈ ? ਅਗਰ ਉਸ ਦੀ ਕਰਮ-ਸ਼ੈਲੀ ਨਿਰਮਲ ਹੈ ਤਦ ਆਤਮਾ ਹਰ ਵਸਤੂ ਦੀ ਸਹੀ ਪਛਾਣ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਚਿੱਤਰ ਦੇ ਦੂਜੇ ਪਾਸੇ ਅਗਰ ਜੀਵ ਦੀ ਕਰਮ ਸ਼ੈਲੀ ਮਲੀਨ ਹੈ ਉਥੇ ਆਤਮਾ ਦੀ ਬੌਧਿਕ ਪ੍ਰਬੀਨਤਾ ਭੀ ਮੱਧਮ ਪੈ ਜਾਂਦੀ ਹੈ, ਫਲਸਰੂਪ ਜ਼ਿੰਦਗੀ ਦਾ ਸਮੂਲਚਾ ਚਿੱਤਰ ਕੋਹਲੂ ਦੀ ਖੰਨਲੀ ਵਾਂਗੂੰ ਮਲੀਨ ਹੋਇ

ਨਿਖਰਦਾ ਹੈ। ਪੰਚ-ਮੁਖੀ ਗਿਆਨ ਦੇ ਅਧੀਨ ਹਉਮੈ ਅਤੇ ਪਦਾਰਥਵਾਦੀ ਬਿਰਤੀ ਦੇ ਕਾਰਣ, ਸਰੀਰ ਮੰਡਲ ਵਿਚ ਮਲੀਨਤਾ ਦਾ ਛਾ ਜਾਣਾ ਭੀ ਇਕ ਸੁਭਾਵਕ ਸਥਿਤੀ ਹੀ ਆਖੀ ਜਾ ਸਕਦੀ ਹੈ। ਗੁਰੂ ਦੀ ਮਤਿ ਦੁਆਰਾ ਨਾਮ ਅਤੇ ਨਾਮੀ ਦੇ ਦੇਸ ਵਿਚ ਪ੍ਰਵੇਸ਼ ਕੀਤਿਆਂ, ਕਰਮ-ਸ਼ੈਲੀ ਦੀ ਮੈਲ ਕੱਟੀ ਜਾਂਦੀ ਹੈ। ਆਤਮਕ ਦਰਪਣ ਦੇ ਚਿਹਰੇ ਤੋਂ ਮਲੀਨਤਾ ਦੇ ਬੱਦਲ ਹਟ ਜਾਂਦੇ ਹਨ, ਜਿਵੇਂ :

ਹਉਮੈ ਮਾਇਆ ਮੈਲੁ ਹੈ ਮਾਇਆ ਮੈਲੁ ਭਰੀਜੈ ਰਾਮ ॥
ਗੁਰਮਤੀ ਮਨੁ ਨਿਰਮਲਾ ਰਸਨਾ ਹਰਿ ਰਸੁ ਪੀਜੈ ਰਾਮ ॥

(ਵਡਹੰਸੁ ਮ: ੩, ਪੰਨਾ 570/16)

ਮਨੁੱਖੀ ਆਤਮਾ ਦਾ ਜੋ ਬੌਧਿਕ ਜਾਂ ਪ੍ਰੇਰਕ ਭਾਗ ਹੈ, ਇਸ ਦੀ ਸੰਗਿਆ ਇਨਸਾਨੀ ਮਨ ਹੈ। ਮਨ ਸਥੂਲ ਵਸਤੂ ਨਹੀਂ ਹੈ ਬਲਕਿ ਸੂਖਸ਼ਮ ਧਾਰਾ ਦੇ ਬਲ ਦੁਆਰਾ ਹਰ ਪ੍ਰਕਾਰ ਦੀ ਕ੍ਰਿਆ ਨੂੰ ਸਵੈਮ ਤੌਰ 'ਤੇ ਨਿਭਾਉਂਦਾ ਹੈ। ਮਨੁੱਖੀ ਆਤਮਾ ਦਾ ਇਹੀ ਵਿਸ਼ੇਸ਼ ਲੱਛਣ ਹੈ, ਜਿਸ ਦੇ ਅਧੀਨ ਸਵੈਮ ਰੂਪ ਵਿਚ ਜੀਵਨ ਨਿਰਬਾਹ ਦੀ ਗਤੀ ਸੁਭਾਵਕ ਹੀ ਚਾਲੂ ਰਹਿੰਦੀ ਹੈ। ਸਿੱਟੇ ਵਜੋਂ, ਜੀਵਨ ਨਿਰਬਾਹ ਕਰਨ ਵਾਲੀ ਹਰ ਵਸਤੂ ਉਸੇ ਵਿਧੀ ਦੁਆਰਾ ਕੰਮ ਕਰਦੀ ਹੈ ਜਿਸ ਤਰ੍ਹਾਂ ਉਹ ਹੋਂਦ ਵਿਚ ਆਈ ਹੋਵੇ ਅਥਵਾ ਉਸ ਦੀ ਬਣਤਰ ਬਣੀ ਹੋਈ ਹੋਵੇ। ਇਸ ਲਈ ਅਸੀਂ ਇਹ ਨਹੀਂ ਆਖ ਸਕਦੇ ਕਿ ਤਪਸ਼ ਤਪ ਗਈ ਹੈ ਬਲਕਿ ਤਪੀ ਹੋਈ ਵਸਤੂ ਪ੍ਰਗਟ ਕਰਦੀ ਹੈ ਕਿ ਉਹ ਤਪ ਗਈ ਹੈ। ਚੁਨਾਂਚਿ, ਮਨੁੱਖੀ ਆਤਮਾ ਜਿਸ ਦਾ ਇਕ ਭਾਗ ਬੌਧਿਕ ਚੇਤਨਤਾ ਅਥਵਾ ਮਨ ਹੈ ਔਰ ਮਨ ਹੀ ਇਨਸਾਨੀ ਕਾਇਆਂ ਵਿਚ ਨਿਰਾਕਾਰ ਸ਼ਕਤੀ ਹੈ ਜੋ ਜੀਵਨ ਨਿਰਬਾਹ ਦੀ ਕ੍ਰਿਆ ਨੂੰ ਚਾਲੂ ਰੱਖਦੀ ਹੈ। ਉਕਤ ਵਿਚਾਰ ਦੇ ਆਧਾਰ 'ਤੇ ਆਪਾਂ ਇਸ ਨਤੀਜੇ 'ਤੇ ਪੁੱਜੇ ਹਾਂ ਕਿ ਕਾਇਆਂ ਨਗਰੀ ਵਿਚ ਆਤਮਾ ਹੀ ਇਕ ਐਸੀ ਬੌਧਿਕ, ਪ੍ਰੇਰਕ ਅਤੇ ਸੰਚਾਲਨ ਸ਼ਕਤੀ ਹੈ ਜੋ ਜੀਵਨ ਨਿਰਬਾਹ ਦੀ ਕਾਰਜ-ਸ਼ੈਲੀ ਨੂੰ ਪਰੀਪੂਰਣ ਕਰਦੀ ਹੈ। ਪਾਵਨ ਗੁਰਬਾਣੀ ਦੁਆਰਾ ਇਸ ਖ਼ਿਆਲ ਦੀ ਪ੍ਰੋੜ੍ਹਤਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ ॥
ਕਾਇਆ ਅੰਦਰਿ ਜਗਜੀਵਨ ਦਾਤਾ ਵਸੈ, ਸਭਨਾ ਕਰੇ ਪ੍ਰਤਿਪਾਲਾ ॥
ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਹਾਲਾ ॥੨॥

(ਸੂਹੀ ਮ: ੫, ਪੰਨਾ 754/7)

1.20 ਕੀ ਮਨੁੱਖੀ ਆਤਮਾ ਵਸਤੂ ਜਾਂ ਆਕਾਰ ਹੈ ?

ਆਤਮਾ ਕੋਈ ਵਸਤੂ ਨਹੀਂ ਹੈ, ਅਗਰ ਵਸਤੂ ਨਹੀਂ ਹੈ ਤਦ ਇਸ ਦਾ ਚੱਕਰ-ਚਿਹਨ ਭੀ ਨਹੀਂ ਹੈ, ਜੇਕਰ ਆਤਮਾ ਵਸਤੂ ਅਤੇ ਰੂਪ-ਰੇਖਾ ਦੇ ਦਾਇਰੇ ਤੋਂ ਅਸੰਗ ਹੈ ਤਦ ਇਹ ਸਮਾਸ (ਘੇਰਾ) ਭੀ ਨਹੀਂ ਹੈ। ਪੰਚ-ਮੁਖੀ ਗਿਆਨ ਦੁਆਰਾ ਇਸ ਨੂੰ ਵੇਖਿਆ, ਛੁਹਿਆ, ਚੱਖਿਆ ਅਤੇ ਸੁੰਘਿਆ ਭੀ ਨਹੀਂ ਜਾ ਸਕਦਾ। ਇਥੇ ਪੰਚ-ਮੁਖੀ ਗਿਆਨ ਇੰਦ੍ਰੀਆਂ ਦੇ ਲੱਛਣਾਂ ਪ੍ਰਤਿ ਸੰਖੇਪ ਵਿਆਖਿਆ ਕਰਨੀ ਲਾਭਦਾਇਕ ਹੋਵੇਗੀ। ਜਿਵੇਂ, ਅੱਖੀਆਂ ਦਾ ਵਿਸ਼ਾ ਕਿਸੇ ਵਸਤੂ ਦਾ ਚੱਕਰ-ਚਿਹਨ ਅਤੇ ਸਮਾਸ ਨੂੰ ਵੇਖਣਾ ਹੈ। ਉਸ ਵੇਖੀ ਹੋਈ ਚੀਜ਼ ਨੂੰ ਆਤਮਾ ਗ੍ਰਹਿਣ ਕਰਦਾ ਹੈ। ਅਗਰ ਨੇਤਰਾਂ ਦੀ ਦ੍ਰਿਸ਼ਟੀ ਨੈਤਿਕਤਾ ਦੇ ਦਾਇਰੇ ਵਿਚ ਵਿਚਰਦੀ ਹੋਈ ਚੀਜ਼ਾਂ ਨੂੰ ਵੇਖਦੀ ਹੈ ਤਦ ਜੀਵ ਦੀ ਆਤਮਾ ਭੀ ਨੈਤਿਕਤਾ ਭਰਪੂਰ ਅਤੇ ਗੁਣ-ਸੰਪੰਨ ਹੋਇ ਨਿਖਰਦੀ ਹੈ। ਇਸ ਚਿੱਤਰ ਦੇ ਪ੍ਰਤਿਕੂਲ, ਅਗਰ ਨੇਤਰਾਂ ਦੀ ਦ੍ਰਿਸ਼ਟੀ ਅਨੈਤਿਕਤਾ ਦੇ ਖੇਤਰ ਵਿਚ ਵਿਚਰਦੀ ਹੈ, ਪਰਿਣਾਮ ਵਜੋਂ, ਜੀਵ ਦੀ ਆਤਮਾ ਅਨੈਤਿਕ ਦਾਇਰੇ ਵਿਚ ਪ੍ਰਵੇਸ਼ ਕਰਦੀ ਹੈ। ਗਰਜ਼ੇਕਿ, ਆਤਮਾ ਦੇ ਸਾਹਮਣੇ ਮਲੀਨਤਾ ਦੇ ਬੱਦਲਾਂ ਦਾ ਛਾ ਜਾਣਾ ਭੀ ਸੁਭਾਵਿਕ ਜਿਹੀ ਸਥਿਤੀ ਹੋਇ ਨਿਖਰਦੀ ਹੈ। ਮਿਸਾਲ ਵਜੋਂ, ਅਸਾਡੀਆਂ ਅੱਖੀਆਂ ਇਕ ਪੱਥਰ ਨੂੰ ਵੇਖਦੀਆਂ ਹਨ, ਪੱਥਰ ਦਾ ਚੱਕਰ-ਚਿਹਨ ਭੀ ਹੈ ਔਰ ਸਮਾਸ (ਘੇਰਾ) ਭੀ ਹੈ। ਹੁਣ ਨੇਤਰਾਂ ਦੇ ਰਾਹੀਂ ਅਸਾਡੀ ਆਤਮਾ ਨੇ ਇਕ ਪੱਥਰ ਵਸਤੂ ਦੇ ਚੱਕਰ-ਚਿਹਨ ਨੂੰ, ਇਕ ਸਮਾਸ ਦੇ ਰੂਪ ਵਿਚ ਗ੍ਰਹਿਣ ਕੀਤਾ ਹੈ। ਪੱਥਰ ਦੀ ਅਸਲੀਅਤ ਦਾ ਪ੍ਰਤਿਬਿੰਬ ਅਸਾਡੀ ਆਤਮਾ ਦੇ ਤਲਾਂ ਵਿਚ ਉਕਰਿਆ ਗਿਆ ਹੈ। ਪੱਥਰ ਦੀ ਵਾਸਤਵਿਕਤਾ ਨੂੰ ਨਿਰਣੈ ਕਰਨ ਹਿਤ, ਆਤਮਾ ਦੀਆਂ ਤਿੰਨ ਸ਼ਕਤੀਆਂ, ਜਿਨ੍ਹਾਂ ਵਿਚ, 1. ਅੰਤ੍ਰੀਵੀ ਆਤਮਕ ਸ਼ਕਤੀ (potency), 2. ਅੰਤ੍ਰੀਵੀ ਬੌਧਿਕਤਾ (intellectuality), 3. ਸੰਚਾਲਨ ਸ਼ਕਤੀ (movement) ਕੰਮ ਕਰਦੀਆਂ ਹਨ। ਇਸ ਅਮਲ ਦੇ ਦੌਰਾਨ ਆਤਮਾ, ਵਸਤੂ ਦੇ ਚੱਕਰ-ਚਿਹਨ ਅਤੇ ਸਮਾਸ ਦੇ ਵਿਚ ਵਿਚਰਦਾ ਹੋਇਆ ਭੀ ਇਨ੍ਹਾਂ ਤੋਂ ਅਸੰਗ ਰਹਿੰਦਾ ਹੈ। ਗਰਜ਼ੇਕਿ, ਨੈਤਿਕ ਅਤੇ ਅਨੈਤਿਕ ਕਰਮ ਫਲ ਤੋਂ ਭੀ ਨਿਰਲੇਪ ਵਿਚਰਦਾ ਹੈ। ਆਤਮਾ ਦੀ ਪਦਾਰਥਕ ਨਿਰਲੇਪਤਾ ਪ੍ਰਤਿ ਪਾਵਨ ਗੁਰਬਾਣੀ ਦੀ ਨਿਰਣਾਤਮਕ ਸ਼ੈਲੀ ਨੂੰ ਸਮਝਣਾ ਵਧੇਰੇ ਲਾਭਦਾਇਕ ਹੋਵੇਗਾ, ਜਿਵੇਂ :

> ਨਾ ਇਸੁ ਬਾਪੁ ਨਹੀ ਇਸੁ ਮਾਇਆ ॥ ਇਹੁ ਅਪਰੰਪਰੁ ਹੋਤਾ ਆਇਆ ॥
> ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥ ਘਟ ਘਟ ਅੰਤਰਿ ਸਦ ਹੀ ਜਾਗੈ ॥੩॥
>
> *(ਗੋਂਡ ਮ: ੫, ਪੰਨਾ 868/16)*

ਹਰ ਇਕ ਇਨਸਾਨ ਦੇ ਗਗਨ-ਮੰਡਲ ਵਿਚ ਆਤਮਾ ਦੀ ਅੰਤ੍ਰੀਵੀ ਬੌਧਿਕਤਾ, ਅੰਤ੍ਰੀਵੀ ਸ਼ਕਤੀ ਅਤੇ ਸੰਚਾਲਨ ਗਤੀ ਹਮੇਸ਼ਾ ਹੀ ਚੇਤਨ ਰਹਿੰਦੀਆਂ ਹਨ। ਭਾਵੇਂ ਅਨੈਤਿਕਤਾ ਦਾ ਅੰਧੇਰਾ ਆਤਮਕ ਸ਼ਕਤੀਆਂ ਨੂੰ ਲਘੂ ਸਮੇਂ ਲਈ ਮੌਠਿਆਂ ਪਾ ਦਿੰਦਾ ਹੈ ਪ੍ਰੰਤੂ ਅੰਤ੍ਰੀਵੀ ਬੌਧਿਕਤਾ ਦੇ ਕਾਰਣ ਆਤਮਾ ਦੀ ਵਾਸਤਵਿਕਤਾ ਪਾਪ ਪੁੰਨ ਦੀ ਮਲੀਨਤਾ ਤੋਂ ਅਸੰਗ ਵਿਚਰਦੀ ਹੈ। ਜਿਵੇਂ :

"Every intellectual instance is incorruptible."

ਜਿਵੇਂ ਸਰੀਰ ਦਾ ਬੁਨਿਆਦੀ ਲੱਛਣ ਤੰਦਰੁਸਤੀ ਅਥਵਾ ਅਰੋਗਤਾ ਹੈ, ਇਸ ਤਰ੍ਹਾਂ ਆਤਮਾ ਦਾ ਮੂਲਿਕ ਖ਼ਾਸਾ ਅੰਤ੍ਰੀਵੀ ਬੌਧਿਕਤਾ ਹੈ। ਨਿਰਸੰਦੇਹ ਅਰੋਗਤਾ ਸਰੀਰ ਦਾ ਮੂਲਿਕ ਚਰਿੱਤਰ ਹੈ। ਇਸ ਤਰ੍ਹਾਂ ਬੌਧਿਕਤਾ, ਅੰਤ੍ਰੀਵੀ ਚੇਤਨਤਾ, ਸੰਚਾਲਨ ਗਤੀ ਆਤਮਾ ਦੇ ਬੁਨਿਆਦੀ ਚਰਿੱਤਰ ਹਨ। ਅਗਰ ਉਕਤ ਦਰਸਾਏ ਲੱਛਣ ਆਤਮਾ ਵਿਚ ਨਾ ਹੋਣ, ਤਦ ਸਰੀਰਕ ਕਰਮਸ਼ੀਲਤਾ ਭੀ ਖ਼ਤਮ ਹੋ ਜਾਂਦੀ ਹੈ। ਕਾਇਆਂ ਵਿਚੋਂ ਸੰਚਾਲਨ ਗਤੀ ਦਾ ਅਭਾਵ ਹੋਣਾ ਹੀ ਨਿਰਜਿੰਦਤ ਹੋਣ ਦੀ ਇਲਾਮਤ ਹੈ।

1.21 ਕੀ ਆਤਮਾ ਜੀਵਨ ਦਾ ਵਾਸਤਵਿਕ ਗੁਣ ਹੈ ?

ਜੀਵਨ ਗਤੀ ਨੂੰ ਚਾਲੂ ਰੱਖਣਾ ਹੀ ਆਤਮਾ ਦਾ ਅਸਲੀ ਗੁਣ ਹੈ। ਇਹ ਚੀਜ਼ ਪ੍ਰਤੱਖ ਹੈ ਕਿ ਜਿਥੇ ਕਿਥੇ ਭੀ ਸਰੀਰਕ ਗਤੀ ਚਾਲੂ ਹੈ, ਓਥੇ ਆਤਮਾ ਦੀ ਹੋਂਦ ਦਾ ਹੋਣਾ ਪ੍ਰਥਮ ਵਿਸ਼ਾ ਹੈ। ਅਤੀਤ ਕਾਲ ਤੋਂ ਹੀ ਜਿਥੇ ਜ਼ਿੰਦਗੀ ਦੇ ਸੰਕੇਤ ਪ੍ਰਾਪਤ ਹੁੰਦੇ ਹਨ, ਉਥੇ ਆਤਮਾ ਹੀ ਅਨੇਕਾਂ ਪ੍ਰਕਾਰ ਦੇ ਤਰਜ਼ੇ-ਅਮਲ ਅਥਵਾ ਕਾਰਜ ਵਿਧੀਆਂ ਦਾ ਕਰਤਾ ਹੈ। ਜੀਵਨ ਦੇ ਦੌਰਾਨ ਜੋ ਕੁਝ ਭੀ ਅਸੀਂ ਆਰੰਭਕ ਤੌਰ 'ਤੇ ਕਰਦੇ ਹਾਂ, ਉਨ੍ਹਾਂ ਕਾਰਜਾਂ ਦੀ ਸੰਪੰਨ ਗਤੀ ਦਾ ਸਿਲਸਿਲਾ ਭੀ ਆਤਮਾ ਦੇ ਖੇਤਰ ਤੋਂ ਹੀ ਆਰੰਭ ਹੁੰਦਾ ਹੈ। ਅਸਲ ਵਿਚ ਆਤਮਾ ਹੀ ਬੁਨਿਆਦੀ ਸਿਧਾਂਤ ਹੈ ਜਿਥੋਂ ਹਰ ਪ੍ਰਕਾਰ ਦੀ ਆਹਾਰਕ ਪਾਲਣਾ ਪੋਸਣਾ, ਇਕ ਥਾਂ ਤੋਂ ਦੂਜੇ ਥਾਂ 'ਤੇ ਰਸਾਈ ਕਰਨ ਦੀ ਸੰਚਾਲਨ ਗਤੀ ਅਤੇ ਅੰਤ੍ਰੀਵੀ ਬੌਧਿਕਤਾ ਜੈਸੇ ਕਾਰਜਾਂ ਦੀ ਅਦਾਕਾਰੀ ਆਰੰਭ ਹੁੰਦੀ ਹੈ। ਉਕਤ ਦਰਸਾਏ ਤਿੰਨੇ ਲੱਛਣ ਸਰੀਰਕ ਲੱਛਣ ਨਹੀਂ ਹਨ, ਬਲਕਿ ਆਤਮਾ ਦੇ ਵਿਸ਼ੇਸ਼ਣ ਹੀ ਆਖੇ ਜਾ ਸਕਦੇ ਹਨ। ਗਰਜ਼ੇਕਿ, ਸਾਰੀਆਂ ਸਰੀਰਕ ਸ਼ਕਤੀਆਂ ਆਤਮਾ ਦੀ ਬੌਧਿਕਤਾ, ਕ੍ਰਿਆ-ਸ਼ੈਲੀ ਅਤੇ ਸੰਚਾਲਨ ਰਵਾਨੀ ਦੇ ਆਧਾਰ 'ਤੇ ਹੀ ਸਰੀਰਕ ਲੋੜਾਂ ਦੀ ਪੂਰਤੀ ਹਿਤ, ਕਾਰਜ ਵਿਧੀ ਨੂੰ ਸਰੰਜਾਮ ਦਿੰਦੀਆਂ ਹਨ। ਨਿਰਣੈ ਇਹ ਹੋਇਆ ਕਿ ਇਨ੍ਹਾਂ ਆਤਮਕ ਲੱਛਣਾਂ ਦੇ ਹੋਣ ਕਰਕੇ ਹੀ ਮਾਨਵ-ਜਾਤੀ ਨੂੰ ਦੂਸਰੀਆਂ ਪ੍ਰਕਿਰਤਕ ਸ਼੍ਰੇਣੀਆਂ 'ਤੇ ਸਿਰਮੌਰਤ ਹਾਸਿਲ ਹੈ, ਜਿਵੇਂ :

ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥
ਸੁਇਨਾ ਰੁਪਾ ਤੁਝ ਪਹਿ ਦਾਮ ॥ ਸੀਲੁ ਬਿਗਾਰਿਓ ਤੇਰਾ ਕਾਮ ॥੪॥

(ਆਸਾ ਮ: ੫, ਪੰਨਾ 374/5)

ਜਿਤਨੀਆਂ ਅਸਾਡੀਆਂ ਦਿਲਚਸਪੀਆਂ, ਨਿਜੀ ਸਰਗਰਮੀਆਂ ਅਤੇ ਅਨੇਕਾਂ ਹੀ ਹੋਰ ਕ੍ਰਿਆਵਾਂ ਹਨ, ਇਹ ਸਾਰੀਆਂ ਹੀ ਅਸਾਡੀ ਵਾਸਤਵਿਕ ਸੱਤਾ ਦਾ ਸਰੂਪ ਪ੍ਰਗਟ ਕਰਦੀਆਂ ਹਨ। ਨਿਰਸੰਦੇਹ, ਇਸ ਸਿਧਾਂਤ ਦੇ ਆਧਾਰ 'ਤੇ ਆਤਮਾ ਦੀ ਕ੍ਰਿਆਤਮਕ ਸਮਰੱਥਾ ਭੀ ਆਤਮਾ ਦੇ ਗੁਣਾਂ ਨੂੰ ਪ੍ਰਗਟ ਕਰਦੀ ਹੈ। ਆਤਮਾ ਦੀ ਕ੍ਰਿਆਸ਼ੀਲਤਾ ਹੀ ਆਤਮਾ ਦੇ ਲੱਛਣਾਂ ਦਾ ਅਸਲੀ ਸਰੂਪ ਅਥਵਾ ਇਸ ਦੇ ਗੁਣਾਂ ਦਾ ਚੱਕਰ-ਚਿਹਨ ਹੈ, ਜਿਵੇਂ ਅਗਨੀ ਦਾ ਸਰੂਪ ਅਗਨੀ ਦੀ ਲਾਟ ਅਤੇ ਅਗਨੀ ਦੀ ਤਪਸ਼ ਹੈ। ਆਤਮਾ ਦੀ ਆਤਮਕ ਭਿੰਨਤਾ ਹੀ ਉਸ ਦੀ ਸਮਰੱਥਾ ਹੈ ਜੋ ਇਸ ਦੀ ਕ੍ਰਿਆ ਤੋਂ ਅਨੁਭਵ ਕੀਤੀ ਜਾ ਸਕਦੀ ਹੈ। ਪਰਿਣਾਮ ਵਜੋਂ, ਅਗਨੀ ਦੀ ਸਮਰੱਥਾ ਅਗਨੀ ਦੀ ਲਾਟ ਅਤੇ ਤਪਸ਼ ਤੋਂ ਹੀ ਅਨੁਭਵ ਕੀਤੀ ਜਾਂਦੀ ਹੈ। ਆਤਮਾ ਦੀ ਕ੍ਰਿਆ ਹੀ ਇਸ ਦੀ ਭਿੰਨਤਾ ਹੈ ਔਰ ਭਿੰਨਤਾ ਹੀ ਇਸ ਦਾ ਤੱਤੂ ਗੁਣ ਹੈ। ਹਰ ਤਰ੍ਹਾਂ ਦੀ ਕ੍ਰਿਆ ਇਸ ਦੀ ਸਮਰੱਥਾ ਨਾਲ ਜੁੜੀ ਹੋਈ ਹੈ ਕਿਉਂਕਿ ਹਰ ਵਸਤੂ ਦਾ ਹਰਕਤ ਵਿਚ ਆਉਣ ਦਾ ਕਾਰਣ, ਸਰਗਰਮੀ ਅਤੇ ਦਿਲਚਸਪੀ ਵਿਚ ਆਉਣ ਦਾ ਮੂਲ ਕਾਰਣ, ਸਰਬ-ਪੱਖੀ ਆਤਮਕ ਸਮਰੱਥਾ ਨਾਲ ਇੱਕ ਸੰਯੁਕਤ ਹੋ ਰਿਹਾ ਹੈ ਜਿਵੇਂ ਅਸਾਡੀ ਦ੍ਰਿਸ਼ਟੀ ਦੀ ਸਮਰੱਥਾ ਕਿਸੇ ਵਸਤੂ ਨੂੰ ਵੇਖਣ ਵਿਚ ਦਿਲਚਸਪੀ ਰੱਖਦੀ ਹੈ। ਜਿਤਨੇ ਭੀ ਰੰਗ-ਬਿਰੰਗੇ ਦ੍ਰਿਸ਼, ਦ੍ਰਿਸ਼ਟੀ ਦੀ ਸਮਰੱਥਾ ਵਿਚ ਆ ਰਹੇ ਹਨ, ਇਨ੍ਹਾਂ ਸਾਰੇ ਦ੍ਰਿਸ਼ਾਂ ਦੇ ਪਿੱਛੇ ਇਕ ਵਿਸ਼ੇਸ਼ ਸਮਰੱਥਾ ਕੰਮ ਕਰਦੀ ਹੈ, ਬਸ, ਇਹੀ ਓਹ ਸੁਭੱਲਤ/ਸਰਬ-ਕਲਾ ਭਰਪੂਰ ਸ਼ਕਤੀ ਹੀ ਆਤਮਾ ਹੈ ਜੋ ਅਗਨੀ ਦੇ ਗੁਣਾਂ ਨੂੰ ਤਪਸ਼ ਅਤੇ ਲਾਟ ਦਾ ਸਰੂਪ ਦੇ ਕੇ ਪ੍ਰਗਟ ਕਰਦੀ ਹੈ। ਤਪਸ਼ ਨੂੰ ਠੰਡਕ ਵਿਚ ਤਬਦੀਲ ਕਰਦੀ ਹੈ। ਰੰਗ-ਬਿਰੰਗੀ ਰੰਗਤ ਨੂੰ ਨੇਤਰਾਂ ਦੀ ਦ੍ਰਿਸ਼ਟੀ ਵਿਚ ਕਿਸੇ ਖ਼ਾਸ ਵਸਤੂ ਦਾ ਰੂਪ ਦੇ ਕੇ ਦ੍ਰਿਸ਼ਟੀਮਾਨ ਕਰਦੀ ਹੈ। ਉਕਤ ਵਿਚਾਰ ਦਾ ਅੰਤ੍ਰੀਵੀ ਰਹੱਸ ਇਹੀ ਹੈ ਕਿ ਆਤਮਾ ਹੀ ਹਰ ਪ੍ਰਕਾਰ ਦੀ ਭਿੰਨਤਾ ਵਿਚ ਪਰੀਪੂਰਣ ਹੋ ਰਿਹਾ ਹੈ। ਇਸ ਖ਼ਿਆਲ ਦੀ ਪੁਸ਼ਟੀ ਪਾਵਨ ਗੁਰਬਾਣੀ ਦੇ ਮਹਾਂ-ਵਾਕ "ਸਭੁ ਕਿਛੁ ਆਪੇ ਆਪਿ" ਦੇ ਸਿਧਾਂਤ ਵਿਚ ਗੁੰਫਤ ਹੈ, ਜਿਵੇਂ :

ਸਭੁ ਕਿਛੁ ਆਪੇ ਆਪਿ ਕਰਾਏ ॥ ਆਪੇ ਸਿਰਿ ਸਿਰਿ ਧੰਧੈ ਲਾਏ ॥
ਆਪੇ ਥਾਪਿ ਉਥਾਪੇ ਵੇਖੈ ਗੁਰਮੁਖਿ ਆਪਿ ਬੁਝਾਇਦਾ ॥੧੪॥

(ਮਾਰੂ ਮ: ੩, ਪੰਨਾ 1061/11)

ਪੁਨਾ :

ਸਭ ਕਿਛੁ ਤੂੰਹੈ ਤੂੰਹੈ ਮੇਰੇ ਪਿਆਰੇ ਤੇਰੀ ਕੁਦਰਤਿ ਕਉ ਬਲਿ ਜਾਈ ਜੀਉ ॥

(ਮਾਝ ਮ: ੫, ਪੰਨਾ 98/13)

ਉਕਤ ਵਾਰਤਾ ਤੋਂ ਇਹ ਸਿੱਧ ਹੋਇਆ ਕਿ ਆਤਮਾ ਹੀ ਜੀਵਨ ਦਾ ਵਾਸਤਵਿਕ ਗੁਣ ਹੈ, ਜਿਸ ਦੇ ਆਸਰੇ ਹਰ ਤਰ੍ਹਾਂ ਦੀ ਕ੍ਰਿਆ ਗਤੀਬੱਧ ਹੁੰਦੀ ਹੈ। ਜੀਵਨ ਦੀ ਕ੍ਰਿਆ-ਸ਼ੈਲੀ ਨੂੰ ਸਰਗਰਮ ਕਰਨ ਹਿਤ ਰੂਹਾਨੀ ਸਮਰੱਥਾ, ਆਤਮਕ ਬੌਧਿਕਤਾ ਅਤੇ ਆਤਮਕ ਸੰਚਾਲਨ ਸ਼ਕਤੀਆਂ ਕਾਰਜ ਵਿਧੀ ਨੂੰ ਸਰੰਜਾਮ ਦਿੰਦੀਆਂ ਹਨ। ਕਾਰਜ ਵਿਧੀ ਨੂੰ ਅਸਲੀ ਰੂਪ-ਰੇਖਾ ਦੇਣ ਹਿਤ, ਪੰਜੇ ਗਿਆਨ ਇੰਦ੍ਰੀਆਂ ਅਤੇ ਸਰੀਰਕ ਅੰਗਾਂ ਦੀ ਪ੍ਰਣਾਲੀ ਪਰਸਪਰ ਸੰਯੁਕਤੀ ਦੁਆਰਾ ਕੰਮ ਕਰਦੀਆਂ ਹਨ। ਕੇਵਲ ਆਤਮਾ ਹੀ ਇਕ ਐਸੀ ਸਮਰੱਥਾ ਹੈ ਜੋ ਸਰੀਰਕ ਇੰਦ੍ਰੀਆਂ, ਸਰੀਰਕ ਅੰਗਾਂ, ਮਨ, ਬੁੱਧੀ ਅਤੇ ਸੁਰਤੀ ਨੂੰ ਸਰੀਰਕ ਪਾਲਣਾ ਪੋਸਣਾ ਪ੍ਰਤਿ ਲਾਮਬੰਦ ਕਰਦਾ ਹੈ, ਤਾਂਕਿ ਪ੍ਰਕਿਰਤਕ ਜੀਵਨ ਦੀ ਖੇਲ ਨਿਰੰਤਰ ਚਲਦੀ ਰਹੇ। ਇਸ ਵਾਸਤੇ ਅਤਿ ਲਾਜ਼ਮੀ ਹੈ ਕਿ ਅਗਲੇਰੇ ਪੰਨਿਆਂ ਵਿਚ ਬਾਹਰ-ਮੁਖੀ ਗਿਆਨ ਇੰਦ੍ਰੀਆਂ ਅਤੇ ਸਰੀਰਕ ਅੰਗਾਂ ਪ੍ਰਤਿ ਵਿਚਾਰ-ਵਟਾਂਦਰਾ ਕੀਤਾ ਜਾਵੇ, ਜਿਸਦੀ ਸੰਗਿਆ ਪੰਚ-ਮੁਖੀ ਗਿਆਨ ਕਰ ਕੇ ਭੀ ਆਖੀ ਜਾਂਦੀ ਹੈ।

1.22 ਪੰਚ-ਮੁਖੀ ਗਿਆਨ

ਆਤਮਕ ਸਮਰੱਥਾ ਇਕ ਵਿਸ਼ੇਸ਼ ਸ਼ਕਤੀ ਹੈ। ਇਹ ਸਰੀਰਕ ਅੰਗਾਂ, ਬਾਹਰ-ਮੁਖੀ ਗਿਆਨ ਇੰਦ੍ਰੀਆਂ, ਮਨ, ਬੁੱਧੀ ਅਤੇ ਸੁਰਤੀ ਦੇ ਅਧੀਨ ਨਹੀਂ ਹੈ ਬਲਕਿ ਇਹ ਦਸੇ ਹੀ ਇੰਦ੍ਰੀਆਂ, ਮਨ, ਬੁੱਧੀ ਅਤੇ ਸੁਰਤੀ, ਆਤਮਾ ਦੇ ਅਧੀਨ ਕੰਮ ਕਰਦੀਆਂ ਹਨ, ਜਿਸ ਦੇ ਆਸਰੇ ਸਮੁੱਚੇ ਜੀਵਨ ਦੀ ਗਤੀ ਨਿਰੰਤਰ ਵੇਗ ਵਿਚ ਜਾਰੀ ਰਹਿੰਦੀ ਹੈ। ਆਤਮਾ ਇਕ ਹੈ ਪ੍ਰੰਤੂ ਆਤਮਾ ਦੇ ਅਧੀਨ ਪੰਚ-ਮੁਖੀ ਗਿਆਨ ਇੰਦ੍ਰੀਆਂ ਅਤੇ ਹੋਰ ਅੰਗਾਂ ਦੀ ਪ੍ਰਣਾਲੀ ਕਾਫ਼ੀ ਵੱਡੀ ਹੈ। ਜਿਨ੍ਹਾਂ ਦੀ ਬਣਤਰ ਵਾਹਿਗੁਰੂ ਨੇ ਭਿੰਨ-ਭਿੰਨ ਪ੍ਰਕਾਰ ਦੇ ਕਾਰਜਾਂ ਦੀ ਪੂਰਤੀ ਹਿਤ ਅਤਿ ਅਸਚਰਜ ਅਤੇ ਯੋਗ ਵਿਧੀ ਦੁਆਰਾ ਰਚੀ ਹੈ, ਤਾਂਕਿ ਆਤਮਕ ਸਮਰੱਥਾ ਇਨ੍ਹਾਂ ਦੀ ਵਰਤੋਂ ਸਹੀ ਅਤੇ ਵੰਨ-ਸੁਵੰਨੇ ਢੰਗ ਦੁਆਰਾ ਕਰਦੀ ਰਹੇ।

ਗਿਆਨ ਇੰਦ੍ਰੀਆਂ ਦੇ ਕਰਤੱਵ ਨੂੰ ਸਮਝਣਾ ਇਤਨਾ ਜ਼ਰੂਰੀ ਨਹੀਂ ਜਿਤਨਾ ਕਿ ਇਨ੍ਹਾਂ ਦੀ ਸੰਵੇਦਨਸ਼ੀਲ ਵਿਸ਼ੇਸ਼ਤਾ ਅਤੇ ਤਰਜ਼ੇ-ਅਮਲ ਨੂੰ ਫ਼ਹਿਮੀਅਤ ਦੇ ਦਾਇਰੇ ਵਿਚ ਅਨੁਭਵ ਕਰਨਾ ਜ਼ਰੂਰੀ ਹੈ। ਵਰਤੋਂ ਦੇ ਆਧਾਰ

'ਤੇ ਇਨ੍ਹਾਂ ਦੀ ਵਿਉਂਤ-ਬੰਦੀ, ਗਿਣਤੀ ਅਤੇ ਵਿਭਾਜਨ (ਭਿੰਨਤਾ ਭਰਪੂਰ) ਸ਼ਕਤੀ ਨੂੰ ਸਹੀ ਅਤੇ ਤਾਤਵਿਕ ਖੇਤਰ ਵਿਚ ਸਮਝਣਾ ਅਤਿ ਜ਼ਰੂਰੀ ਹੈ।

ਗਿਆਨ ਇੰਦ੍ਰੀ ਬੋਧ ਦਾ ਵਿਸ਼ਾ ਇਕ ਅਕਰਮਕ, ਸਿਥਲ, ਮਜਹੂਲ ਅਥਵਾ ਨਿਸ਼ਕ੍ਰਿਆ (passive) ਹੁੰਦਾ ਹੋਇਆ ਭੀ ਇਕ ਪ੍ਰਭਾਵਸ਼ਾਲੀ ਸਮਰੱਥਾ ਹੈ ਜੋ ਕਿ ਆਤਮਾ ਦੇ ਅਧੀਨ ਬਾਹਰ-ਮੁਖੀ ਵਸਤੂਆਂ ਤੇ ਤੱਤ੍ਵ-ਮਈ ਵਜੂਦ ਦੀ ਸਥਿਰਤਾ ਨੂੰ ਪ੍ਰਗਟ ਕਰਦਾ ਹੈ। ਨਿਰਣੈ ਇਹ ਹੋਇਆ ਕਿ ਜਿਤਨੀਆਂ ਭੀ ਬਾਹਰ-ਮੁਖੀ ਵਸਤੂਆਂ ਹਨ, ਉਨ੍ਹਾਂ ਦੀ ਉਤਪਾਦਕ ਸਥਿਤੀ ਨੂੰ ਗਿਆਨ ਇੰਦ੍ਰੀ ਬੋਧ ਅਥਵਾ ਗਿਆਨ ਇੰਦ੍ਰੀ ਸਮਰੱਥਾ ਦੁਆਰਾ ਆਵਸ਼ਕ ਤੌਰ 'ਤੇ ਪ੍ਰਗਟ ਕੀਤਾ ਜਾਂਦਾ ਹੈ। ਹਰ ਗਿਆਨ ਇੰਦ੍ਰੀ ਦੀ ਵਿਸ਼ੇਸ਼ਤਾ ਉਸ ਦੀ ਕਾਰਜ-ਸ਼ੈਲੀ/ ਤਰਜ਼ੇ-ਅਮਲ ਦੀ ਵਿਲੱਖਣਤਾ 'ਤੇ ਆਧਾਰਤ ਹੁੰਦੀ ਹੈ।

ਜੀਵਨ ਵਿਚ ਦੋ ਤਰ੍ਹਾਂ ਦੀਆਂ ਅਬਦਲ ਸਥਿਤੀਆਂ ਹੁੰਦੀਆਂ ਹਨ— 1. ਸੁਭਾਵਕ ਸਥਿਤੀ, ਜੋ ਕੁਦਰਤੀ ਤੌਰ 'ਤੇ ਅਸਾਡੇ ਜੀਵਨ ਵਿਚ ਬੀਤਦੀ ਹੈ। 2. ਸਥਿਰ/ਨਿਰਵਿਕਾਰ ਜਾਂ ਸੂਖਸ਼ਮ ਸਥਿਤੀ, ਜੋ ਰੂਹਾਨੀ ਜ਼ਿੰਦਗੀ ਤੋਂ ਉਤਪੰਨ ਹੁੰਦੀ ਹੈ।

1. ਕੁਦਰਤੀ ਸਥਿਤੀ : ਇਸ ਸਥਿਤੀ ਦਾ ਕਾਰਣ ਅਸਾਡੇ ਜੀਵਨ ਵਿਚ ਸੁਭਾਵਕ ਵਾਪਰੀਆਂ ਪਦਾਰਥਿਕ ਘਟਨਾਵਾਂ ਅਥਵਾ ਸਰੀਰਕ ਘਟਨਾਵਾਂ ਨਾਲ ਹੁੰਦਾ ਹੈ। ਜਿਵੇਂ ਤਪਸ਼, ਤਪੀ ਹੋਈ ਵਸਤੂ ਵਿਚੋਂ ਵੇਖੀ ਅਤੇ ਮਹਿਸੂਸ ਕੀਤੀ ਜਾ ਸਕਦੀ ਹੈ। ਤਿਵੇਂ ਹੀ ਅਸਾਡੀਆਂ ਅੱਖੀਆਂ ਵਸਤੂ ਅਤੇ ਉਸ ਦਾ ਚੱਕਰ-ਚਿਹਨ ਅਥਵਾ ਸਮਾਸ ਨੂੰ ਵੇਖਦੀਆਂ ਹਨ। ਇਸ ਵੇਖੀ ਹੋਈ ਸਥਿਰਤਾ ਨੂੰ ਆਤਮਾ ਗ੍ਰਹਿਣ ਕਰਦਾ ਅਤੇ ਨਿਰਣੈ ਲੈਂਦਾ ਹੈ। ਕਿਸੇ ਸਥਿਰਤਾ ਪ੍ਰਤਿ ਨਿਰਣੈ ਲੈਣਾ ਰੂਹਾਨੀ ਵਿਸ਼ੇਸ਼ਤਾ ਹੈ। ਇਸੇ ਤਰ੍ਹਾਂ ਅਸਾਡੀ ਰਸਨਾ ਪਦਾਰਥਕ ਵਸਤੂਆਂ ਦੇ ਰਸ-ਕਸਾਂ ਨੂੰ ਮਾਣਦੀ ਹੈ। ਰਸਾਂ ਨੂੰ ਮਾਣਨਾ ਇਕ ਕੁਦਰਤੀ ਜਾਂ ਸੁਭਾਵਕ ਵਿਸ਼ਾ ਹੈ। ਰਸਨਾ ਸਥੂਲ ਵਸਤੂਆਂ ਦੀ ਰੂਪ-ਰੇਖਾ ਅਤੇ ਸਮਾਸੀ ਫੈਲਾਉ ਨੂੰ ਚੱਖਦੀ, ਮਾਣਦੀ ਅਤੇ ਵਸਤੂਆਂ ਦੇ ਸੁਆਦਿਸ਼ਟ ਨਿਰਣੈ ਪ੍ਰਤਿ ਅਥਵਾ ਰਸਾਂ ਦੀ ਰਸ-ਮਈ ਤਾਤਵਿਕਤਾ ਨੂੰ ਭਿੰਨਤਾ ਦੇਵਨ ਹਿਤ ਆਤਮਾ 'ਤੇ ਨਿਰਭਰ ਹੁੰਦੀ ਹੈ। ਅਸਾਡੀ ਆਤਮਾ ਇਨ੍ਹਾਂ ਰਸਾਂ ਨੂੰ ਰਸਨਾ ਦੇ ਰਸਤੇ ਗ੍ਰਹਿਣ ਕਰਦੀ ਅਤੇ ਨਿਰਣੈ ਕਰਦੀ ਹੈ ਕਿ ਇਸ ਪਦਾਰਥ ਦਾ ਰਸ ਕੈਸਾ ਹੈ ? ਤੀਸਰੀ ਗਿਆਨ ਇੰਦ੍ਰੀ ਅਸਾਡੀ ਤਵਚਾ/ਚਮੜੀ ਹੈ, ਜੋ ਸਥੂਲ ਵਸਤੂਆਂ ਨੂੰ ਛੂੰਹਦੀ ਹੈ। ਸਪਰਸ਼ ਕੀਤੇ ਸੁਭਾਵਕ ਵਿਸ਼ੇ ਨੂੰ ਆਤਮਾ ਤਵਚਾ ਦੇ ਰਸਤੇ ਗ੍ਰਹਿਣ ਕਰਦਾ ਹੈ ਜਿਥੋਂ ਗਰਮੀ, ਸਰਦੀ, ਤਪਸ਼, ਠੰਡਕ ਆਦਿ ਜੈਸੇ ਸੰਕੇਤ ਮਹਿਸੂਸ ਹੁੰਦੇ ਹਨ। ਪਰਸਪਰ ਛੂਹਣ ਕਰਕੇ ਸੁਭਾਵਕ ਹੀ ਕਾਮ-ਚੇਸ਼ਟਾ ਦੀ ਹਰਾਰਤ ਉਤਪੰਨ ਹੁੰਦੀ ਹੈ। ਨਿਰਣੈ ਇਹ ਹੋਇਆ ਕਿ ਨੇਤਰ,

ਜਿਹਵਾ ਅਤੇ ਤਵਚਾ/ਚਮੜੀ, ਇਹ ਤਿੰਨੇ ਗਿਆਨ ਇੰਦ੍ਰੀਆਂ ਸਥੂਲ ਵਸਤੂਆਂ ਦੇ ਚੱਕਰ-ਚਿਹਨ ਅਤੇ ਸਮਾਸ ਨਾਲ ਸੁਭਾਵਿਕ ਤੌਰ 'ਤੇ ਸੰਬੰਧਤ ਹੁੰਦੀਆਂ ਹਨ ਪ੍ਰੰਤੂ ਇਨ੍ਹਾਂ ਦੇ ਕੀਤੇ ਕਰਤੱਵਾਂ ਦਾ ਨਿਰਣੈ ਸੂਖਸ਼ਮ ਅਥਵਾ ਆਤਮਕ ਦੇਸ ਵਿਚੋਂ ਹੁੰਦਾ ਹੈ। ਇਹੀ ਕਾਰਣ ਹੈ ਕਿ ਆਤਮਾ ਪ੍ਰਤਿ "ਆਪੇ ਰਸੀਆ ਆਪੇ ਭੁਗਤਾ" ਜੈਸੀ ਸ਼ਬਦਾਵਲੀ ਵਰਤੀ ਗਈ ਹੈ, ਜਿਵੇਂ:

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥ *(ਸਿਰੀਰਾਗੁ ਮ: ੧, ਪੰਨਾ 23/10)*

2. **ਸੂਖਸ਼ਮ ਸਥਿਰਤਾ**: ਉਕਤ ਦਰਸਾਈ ਵਾਰਤਾ ਦੇ ਆਧਾਰ 'ਤੇ ਅਸਾਡੇ ਨੇਤਰਾਂ ਦੀ ਦ੍ਰਿਸ਼ਟੀ, ਰਸ ਅਤੇ ਸਪਰਸ਼ ਕਰਨ ਦੀ ਕ੍ਰਿਆ ਇਕ ਸਥੂਲ ਅਵਸਥਾ ਹੈ ਪ੍ਰੰਤੂ ਇਨ੍ਹਾਂ ਦਾ ਨਿਰਣੈ ਸੂਖਸ਼ਮ ਅਵਸਥਾ ਵਿਚ ਹੁੰਦਾ ਹੈ, ਭਾਵ, ਸਰਗੁਣ ਅਤੇ ਨਿਰਗੁਣ ਦੀ ਸੰਧੀ ਹੈ। ਅਗਰ ਅਸੀਂ ਨੇਤਰਾਂ ਨੂੰ ਬੰਦ ਕਰ ਲਈਏ, ਤਦ ਅਸਾਡੀ ਵੇਖਣ ਦੀ ਸ਼ਕਤੀ ਖ਼ਤਮ ਹੋ ਜਾਂਦੀ ਹੈ। ਇਸੇ ਤਰ੍ਹਾਂ ਅਗਰ ਅਸੀਂ ਕਿਸੇ ਪਦਾਰਥ ਨੂੰ ਰਸਨਾ ਦੁਆਰਾ ਨਾ ਚੱਖੀਏ, ਤਦ ਸੰਸਾਰੀ ਰਸਾਂ ਕਸਾਂ ਵਲੋਂ ਮੁਕਤੀ ਪਾ ਲੈਂਦੇ ਹਾਂ। ਤੀਜੇ ਥਾਂ 'ਤੇ ਅਗਰ ਤਵਚਾ ਦੁਆਰਾ ਕਿਸੇ ਵਸਤੂ ਨੂੰ ਸਪਰਸ਼ ਨਾ ਕਰੀਏ, ਤਦ ਅਸਾਡੀ ਸਪਰਸ਼ ਕ੍ਰਿਆ ਦਾ ਅਭਾਵ ਹੋ ਜਾਂਦਾ ਹੈ ਪ੍ਰੰਤੂ ਗਰਮੀ, ਸਰਦੀ ਅਤੇ ਮੌਸਮ ਦੀ ਤਬਦੀਲੀ ਨੂੰ ਅਸਾਡੀ ਚਮੜੀ ਹਮੇਸ਼ਾ ਹੀ ਮਹਿਸੂਸ ਕਰਦੀ ਰਹੇਗੀ। ਇਸ ਵਾਸਤੇ ਅਸੀਂ ਇਹ ਆਖ ਸਕਦੇ ਹਾਂ ਕਿ ਅਸਾਡੀ ਚਮੜੀ ਦਾ ਵਿਸ਼ਾ, ਅੱਖੀਆਂ ਅਤੇ ਰਸਨਾ ਦੀ ਬਜਾਇ, ਥੋੜਾ ਹੋਰ ਸੂਖਸ਼ਮ ਮੰਡਲ ਦਾ ਵਿਸ਼ਾ ਹੈ। ਅਸਾਡੇ ਸਰੀਰ ਵਿਚ ਇਕ ਹੋਰ ਗਿਆਨ ਅਥਵਾ ਅਨੁਭਵੀ ਖੇਤਰ ਹੈ ਜਿਸ ਨੂੰ ਅਸੀਂ ਸ਼੍ਰਵਣ ਸ਼ਕਤੀ ਆਖਦੇ ਹਾਂ। ਸ਼੍ਰਵਣ ਸ਼ਕਤੀ ਦਾ ਵਿਸ਼ਾ ਹੋਰ ਵਧੇਰੇ ਸੂਖਸ਼ਮ ਹੈ, ਜਿਸ ਦੀ ਗਾਥਾ ਨਿਮਨ ਲਿਖਤ ਵਾਰਤਾ ਵਿਚ ਉਲੀਕਣ ਦਾ ਯਤਨ ਕੀਤਾ ਗਿਆ ਹੈ:

(ੳ) **ਸ਼੍ਰਵਣ ਸ਼ਕਤੀ**: ਸ਼੍ਰਵਣ ਸ਼ਕਤੀ ਦਾ ਵਿਸ਼ਾ ਸ਼ਬਦ ਨਾਲ ਸੰਬੰਧ ਰੱਖਦਾ ਹੈ। ਸ਼੍ਰਵਣ ਵਿਸ਼ਾ ਇਕ ਐਸਾ ਵਿਸ਼ਾ ਹੈ ਜਿਸ ਦੀ ਸ੍ਰੋਤ ਸ਼ਕਤੀ ਨੂੰ, ਅਸੀਂ ਬੰਦ ਨਹੀਂ ਕਰ ਸਕਦੇ ਕਿਉਂਕਿ ਸ਼ਬਦ, ਨਿਰੰਤਰ ਤੌਰ 'ਤੇ ਅਸਾਡੇ ਵਾਤਾਵਰਣ ਵਿਚ ਗਤੀਬੱਧ ਹੋ ਰਿਹਾ ਹੈ। ਜਿਸ ਦੀਆਂ ਥੱਰਾਟੀ ਲਹਿਰਾਂ ਹਮੇਸ਼ਾ ਹੀ ਅਸਾਡੀ ਸ਼੍ਰਵਣ ਸ਼ਕਤੀ ਨੂੰ ਟੁੰਬਦੀਆਂ ਹੀ ਰਹਿੰਦੀਆਂ ਹਨ, ਹਰਚੰਦਿ, ਸ਼ਬਦ ਦੀਆਂ ਥੱਰਾਟੀ ਲਹਿਰਾਂ ਦੀ ਸ਼ਕਤੀ ਕਿਸੇ ਖ਼ਾਸ ਦੂਰੀ 'ਤੇ ਜਾ ਕੇ ਖ਼ਤਮ ਹੋ ਜਾਂਦੀ ਹੈ ਜਿਥੋਂ ਸ਼੍ਰਵਣ ਕਰਨ ਦੀ ਕ੍ਰਿਆ ਦਾ ਅਭਾਵ ਹੋ ਜਾਂਦਾ ਹੈ। ਸ਼੍ਰਵਣ ਸ਼ਕਤੀ ਦੀ ਕ੍ਰਿਆ ਨੂੰ ਸਮਝਣਾ ਇਤਨਾ ਹੀ ਆਵਸ਼ਕ ਹੈ ਜਿਤਨਾ ਕਿ ਕਿਸੇ ਸ਼ਬਦ ਦੀ ਧੁਨੀ ਨੂੰ ਸ਼੍ਰਵਣ ਕਰਨਾ ਜ਼ਰੂਰੀ ਹੈ। ਜੋ ਧੁਨੀ ਕੰਨਾਂ ਦੁਆਰਾ ਸੁਣੀ ਜਾਵੇ, ਉਸ ਕ੍ਰਿਆ ਦਾ ਵਿਸ਼ੇਸ਼ਣ ਸ਼੍ਰਵਣ ਕਰਨਾ ਹੈ।

ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਧੁਨੀ ਦੀ ਪਰਿਭਾਸ਼ਾ ਅਥਵਾ ਆਵਾਜ਼ ਦੇ ਲੱਖਣ ਨੂੰ ਕਿਸ ਢੰਗ ਦੁਆਰਾ ਮਨੁੱਖੀ ਭਾਸ਼ਾ ਵਿਚ ਉਲੇਖਣ ਕੀਤਾ ਜਾਵੇ, ਤਾਂਕਿ ਧੁਨੀ ਦਾ ਵਿਸ਼ਾ ਮੁਤਾਬਕ ਹੀ ਅਸਾਡੀ ਸਮਝ ਵਿਚ ਆ ਸਕੇ। ਜਦੋਂ ਕੋਈ ਵਸਤੂ ਸੰਚਾਲਨ ਗਤੀ ਅਥਵਾ ਹਰਕਤ ਵਿਚ ਆ ਜਾਂਦੀ ਹੈ ਤਦ ਨਿਰਯਤਨ ਹੀ ਉਸ ਦੇ ਚੌਗਿਰਦੇ ਵਿਚ ਇਕ ਕਪਕਪੀ ਅਥਵਾ ਥੱਰਾਹਟ ਉਤਪੰਨ ਹੁੰਦੀ ਹੈ, ਜਿਸ ਦੇ ਕਾਰਣ ਆਸ ਪਾਸ ਦੇ ਵਾਯੂਮੰਡਲ ਵਿਚ ਭੀ ਥੱਰਾਹਟ ਉਤਪੰਨ ਹੁੰਦੀ ਹੈ। ਹਵਾਈ ਖਿੱਤੇ ਵਿਚ ਥੱਰਾਹਟ ਆਵਣੇ ਕਰਕੇ ਵਾਯੂਮੰਡਲ ਦੇ ਅਣੂ, ਬਾਹਰ ਵੱਲ ਨੂੰ ਫੈਲਣਾ ਆਰੰਭ ਦਿੰਦੇ ਹਨ। ਫਲ-ਸਰੂਪ, ਚੌਗਿਰਦੇ ਦੀ ਹਵਾ ਭਪੀੜੀ ਜਾਂਦੀ ਹੈ। ਚੌਗਿਰਦੇ ਦੀ ਹਵਾ ਦਾ ਸੁੰਘੜਨਾ ਅਤੇ ਪਸਰਨਾ ਇਕ ਆਵਾਜ਼ ਉਤਪੰਨ ਕਰਦਾ ਹੈ। ਇਹ ਧੁਨੀ, ਸੁੰਘੜਨ ਅਤੇ ਪਸਰਨ ਦੀ ਥੱਰਾਹਟ ਦੇ ਆਸਰੇ ਦੂਰ ਤਕ ਫੈਲ ਜਾਂਦੀ ਹੈ। ਅੰਤ ਨੂੰ ਖ਼ਤਮ ਹੁੰਦੀ ਹੁੰਦੀ ਖ਼ਤਮ ਹੋ ਜਾਂਦੀ ਹੈ। ਆਵਾਜ਼ ਜਾਂ ਧੁਨੀ ਦਾ ਇਹੀ ਲੱਖਣ ਹੈ। ਇਸ ਥੱਰਾਹਟ ਦੀ ਸੰਗਿਆ ਹੀ ਧੁਨੀ ਦੀਆਂ ਲਹਿਰਾਂ ਕਰਕੇ ਆਖੀ ਜਾਂਦੀ ਹੈ।

(ਅ) ਆਵਾਜ਼ ਦੀ ਗਤੀ : ਆਵਾਜ਼ ਦੀ ਗਤੀ ਦੋ ਚੀਜ਼ਾਂ 'ਤੇ ਆਧਾਰਤ ਹੁੰਦੀ ਹੈ। 1. ਉਸ ਵਾਤਾਵਰਣ ਦਾ ਸੰਘਣਘਨ ਕਿਤਨਾ-ਕੁ ਗਾੜ੍ਹਾ ਹੈ ਜਿਸ ਵਿਚ ਆਵਾਜ਼ ਦੀ ਥੱਰਾਹਟੀ ਲਹਿਰਾਂ ਯਾਤਰਾ ਕਰਦੀਆਂ ਹਨ। 2. ਉਸ ਵਾਤਾਵਰਣ ਦੀ ਲਚਕ, ਨਰਮਾਈ ਅਥਵਾ ਅਨੁਕੂਲਤਾ (elasticity of medium) ਕਿਤਨੀ-ਕੁ ਹੈ? ਵਾਤਾਵਰਣ ਵਿਚ ਜਿਤਨੀ ਲਚਕ ਹੋਵੇਗੀ, ਧੁਨੀ ਦੀ ਸੰਚਾਲਨ ਗਤੀ ਉਤਨੀ ਹੀ ਤੇਜ਼ ਅਤੇ ਗੰਭੀਰ ਹੋਵੇਗੀ। ਵਾਤਾਵਰਣ ਜਿਤਨਾ ਸੰਘਣਾ ਅਤੇ ਗਾੜ੍ਹਾ ਹੋਵੇਗਾ, ਧੁਨੀ ਦੀ ਗਤੀ ਭੀ ਉਤਨੀ ਹੀ ਮੱਧਮ ਹੋਵੇਗੀ। ਜਿਵੇਂ ਲੋਹਾ ਹਵਾ ਦੇ ਪ੍ਰਤੀਕਰਮ ਛੇ ਹਜ਼ਾਰ (6,000) ਗੁਣਾ ਸੰਘਣਾ ਅਤੇ ਗਾੜ੍ਹਾ ਹੈ ਪ੍ਰੰਤੂ ਇਸ ਦੀ ਲਚਕ ਵਾਯੂ ਦੇ ਪ੍ਰਤਿਕਰਮ ਦੋ ਮਿਲੀਅਨ ਅਥਵਾ ਵੀਹ ਲੱਖ (20,00,000) ਗੁਣਾ ਜ਼ਿਆਦਾ ਹੈ। ਇਸ ਵਾਸਤੇ ਧੁਨੀ ਦੀ ਗਤੀ ਵਾਯੂ ਦੇ ਪ੍ਰਤਿਕਰਮ ਲੋਹੇ ਵਿਚ ਵਧੇਰੇ ਤੇਜ਼ੀ ਅਤੇ ਆਸਾਨੀ ਨਾਲ ਯਾਤਰਾ ਕਰਦੀ ਹੈ। ਲੋਹੇ ਦੀ ਤਾਰ ਵਿਚ ਧੁਨੀ ਲਗਪਗ 16,400 ਫ਼ੁਟ ਅਥਵਾ 5,000 ਮੀਟਰ ਇਕ ਸੈਕੰਡ ਵਿਚ ਯਾਤਰਾ ਕਰਦੀ ਹੈ। ਪ੍ਰੰਤੂ ਵਾਯੂ ਮੰਡਲ ਵਿਚ ਧੁਨੀ ਦੀ ਯਾਤਰਾ ਲਗਪਗ 1,087 ਫ਼ੁਟ ਅਥਵਾ 331 ਮੀਟਰ ਇਕ ਸੈਕੰਡ ਵਿਚ ਹੁੰਦੀ ਹੈ। ਜਦੋਂ ਕਿ ਤਾਪਮਾਨ '0' ਸੈਲਸੀਅਸ ਅਥਵਾ (32) ਡਿਗਰੀ ਫ਼ਾਰਨਹਾਈਟ ਹੋਵੇ। ਧੁਨੀ ਦੀ ਗਤੀ, ਵਾਯੂਮੰਡਲ ਦੀ ਸੰਘਣਤਾ, ਲਚਕ ਅਤੇ ਤਪਾਇਮਾਨ ਦੇ ਆਧਾਰ 'ਤੇ ਬਦਲੀ ਹੁੰਦੀ ਰਹਿੰਦੀ ਹੈ। ਆਵਾਜ਼ ਦੀ ਸੰਚਾਲਨ ਗਤੀ, ਬਿਜਲੀ ਦੀ ਸੰਚਾਲਨ ਗਤੀ ਦੇ ਪ੍ਰਤਿਕਰਮ

ਬਹੁਤ ਹੀ ਮੱਧਮ ਅਥਵਾ ਘਟ ਹੁੰਦੀ ਹੈ ਜਦੋਂ ਕਿ ਬਿਜਲੀ ਦੀ ਗਤੀ 1,86,282 ਮੀਲ ਜਾਂ 2,99,792 ਕਿਲੋਮੀਟਰ ਇਕ ਸੈਕੰਡ ਵਿਚ ਚਲਦੀ ਹੈ।

(ੲ) ਸ਼੍ਰਵਣ ਸ਼ਕਤੀ ਅਤੇ ਆਵਾਜ਼ : ਅਸਾਡੇ ਸ਼੍ਰਵਣਾਂ ਦੀ ਬਣਤਰ ਇਸ ਚੀਜ਼ ਦੀ ਯੋਗਤਾ ਰੱਖਦੀ ਹੈ ਕਿ ਹਵਾ ਦੀਆਂ ਥੱਰਾਟੀ ਲਹਿਰਾਂ ਵਿਚੋਂ ਹਰ ਤਰ੍ਹਾਂ ਦੀ ਆਵਾਜ਼ ਨੂੰ ਪਕੜ ਸਕੇ। ਜਦੋਂ ਥੱਰਾਟੀ ਲਹਿਰਾਂ ਅਸਾਡੇ ਕੰਨਾਂ ਵਿਚ ਪ੍ਰਵੇਸ਼ ਕਰਦੀਆਂ ਹਨ ਤਦ ਕੰਨ ਦੀ ਨਾਲੀ ਦੇ ਆਸਰੇ, ਕੰਨਾਂ ਦੇ ਪੜਦੇ ਤਕ ਯਾਤਰਾ ਕਰਦੀਆਂ ਕਰਦੀਆਂ ਸਿਰ ਦੇ ਸੂਖਸ਼ਮ ਇੰਦ੍ਰੀ ਭਾਗ ਤਕ ਰਸਾਈ ਕਰਦੀਆਂ ਹਨ। ਫਿਰ ਇਹੋ ਸੂਖਸ਼ਮ ਇੰਦ੍ਰੀ ਭਾਗ, ਇਨ੍ਹਾਂ ਥੱਰਾਟੀ ਲਹਿਰਾਂ ਨੂੰ, ਅੰਤੜੀ ਪ੍ਰੇਰਨਾ ਗਤੀ (nerve impulse) ਦੇ ਹਵਾਲੇ ਕਰਦੀ ਹੈ। ਅੰਤੜੀ ਪ੍ਰੇਰਣਾ ਗਤੀ ਥੱਰਾਟੀ ਲਹਿਰਾਂ ਨੂੰ ਦਿਮਾਗ਼ ਦੀਆਂ ਸੰਵੇਦਨਸ਼ੀਲ ਨਾੜੀਆਂ ਵਿਚ ਭੇਜਦੀ ਹੈ। ਸੰਵੇਦਨਸ਼ੀਲ ਅੰਤੜੀਆਂ ਥੱਰਾਟੀ ਲਹਿਰਾਂ ਨੂੰ ਅਸਾਡੀ ਸ਼ਬਦਾਵਲੀ ਵਿਚ ਬਦਲੀ ਕਰਦੀਆਂ ਹਨ, ਜਿਨ੍ਹਾਂ ਨੂੰ ਅਸੀਂ ਸ਼੍ਰਵਣ ਕਰਦੇ ਅਤੇ ਪਰਸਪਰ ਵਾਰਤਾਲਾਪ ਕਰਦੇ ਹਾਂ। ਸ਼ਬਦ ਬਾਣੀ ਦੀ ਸੂਝ ਸਮਝ ਪ੍ਰਾਪਤ ਹੁੰਦੀ ਹੈ।

(ਸ) ਸ਼ਬਦ ਸੁਰਤਿ : ਜਦੋਂ ਅਸੀਂ ਸਤਿਸੰਗਤ ਵਿਚ ਜੁੜ ਕੇ ਅਥਵਾ ਵਿਅਕਤਿਕ ਤੌਰ 'ਤੇ ਪਾਵਨ ਗੁਰਬਾਣੀ ਦਾ ਕੀਰਤਨ ਅਤੇ ਕਥਾ ਸ਼੍ਰਵਣ ਕਰਦੇ ਹਾਂ, ਤਦ ਸ਼੍ਰਵਣ ਕੀਤੀ ਬਾਣੀ ਦੀਆਂ ਥੱਰਾਟੀ ਲਹਿਰਾਂ ਉਕਤ ਦਰਸਾਏ ਸਿਧਾਂਤ ਦੇ ਅਨੁਸਾਰ ਅਸਾਡੇ ਸੂਖਸ਼ਮ ਮੰਡਲ ਤਕ ਰਸਾਈ ਕਰਦੀਆਂ ਹਨ। ਅੰਤ੍ਰੀਵੀ ਅੰਤੜੀ ਪ੍ਰੇਰਨਾ ਦੇ ਆਧਾਰ 'ਤੇ ਪਾਵਨ ਗੁਰਬਾਣੀ ਦੀ ਧੁਨੀ ਅਸਾਡੇ ਹਿਰਦੇ ਵਿਚ ਬੈਠੇ ਮਨ ਤਕ ਰਸਾਈ ਕਰਦੀ ਹੈ। ਮਨ ਦੀ ਚੇਤਨ ਸੱਤਾ ਅਥਵਾ ਸੁਰਤੀ ਗੁਰਬਾਣੀ ਦੀ ਧੁਨੀ ਨੂੰ ਗ੍ਰਹਿਣ ਕਰਦੀ ਹੋਈ ਆਤਮਾ ਦੇ ਦੇਸ (ਦਸਮ ਦੁਆਰ) ਤਕ ਪਹੁੰਚਦੀ ਹੈ। ਸੁਰਤੀ ਦਾ ਦਸਮ ਦੁਆਰ ਅਥਵਾ ਆਤਮਾ ਤਕ ਰਸਾਈ ਕਰਨਾ ਹੀ ਸ਼ਬਦ ਸੁਰਤਿ ਦੀ ਸੰਧੀ ਆਖੀ ਜਾਂਦੀ ਹੈ। ਦੁਨੀਆ ਦਾ ਆਮ ਇਨਸਾਨ, ਨਿਜੀ ਧਾਰਮਕ ਰਿਵਾਜ ਰੀਤੀਆਂ ਦੇ ਜਾਲ ਵਿਚ ਗ੍ਰਸਿਆ ਹੋਇਆ ਮਾਣਸ ਜੀਵਨ ਦਾ ਅਮੋਲਕ ਸਮਾਂ ਗੁਜ਼ਾਰਦਾ ਹੈ ਪ੍ਰੰਤੂ ਕੋਈ ਵਿਰਲਾ ਹੀ ਸ਼ਬਦ ਵਿਚ ਸੁਰਤੀ ਜੋੜ ਕੇ ਆਤਮਕ ਦੇਸ ਨੂੰ ਜਾਣ ਵਾਲੀ ਅਵਘਟ ਘਾਟੀ ਦੀ ਯਾਤਰਾ ਕਰਦਾ ਹੈ, ਜਿਵੇਂ :

ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ ॥
ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ ॥੧੬੫॥

(ਸਲੋਕ ਕਬੀਰ, ਪੰਨਾ 1373)

(ਹ) ਸ਼੍ਰਵਣ ਅਤੇ ਸੰਤੁਲਤ ਕ੍ਰਿਆ : ਆਮ ਜੀਵ ਇਸ ਜਾਣਕਾਰੀ ਤੋਂ ਅਗਿਆਤ ਅਵਸਥਾ ਵਿਚ ਵਿਚਰਦੇ ਹਨ ਕਿ ਉਨ੍ਹਾਂ ਦੀ ਸੰਤੁਲਤ ਸ਼ਕਤੀ ਦਾ ਸੰਬੰਧ ਭੀ ਉਨ੍ਹਾਂ ਦੇ ਸ਼੍ਰਵਣਾਂ ਨਾਲ ਜੁੜਿਆ ਹੋਇਆ ਹੈ। ਅਸੀਂ ਕੇਵਲ ਪੰਚ-ਮੁਖੀ ਗਿਆਨ ਇੰਦ੍ਰੀਆਂ ਦੀ ਕਰਮਸ਼ੀਲਤਾ ਦੇ ਆਧਾਰ 'ਤੇ ਹੀ ਸੰਸਾਰੀ ਜੀਵਨ ਬਤੀਤ ਕਰਦੇ ਹਾਂ, ਜਦੋਂ ਕਿ ਛੇਵੀਂ ਬੌਧਿਕ ਕ੍ਰਿਆ ਅਸਾਡੇ ਕੰਨਾਂ ਵਿਚ ਸਮਾ ਰਹੀ ਹੈ। ਇਸ ਕ੍ਰਿਆ ਦਾ ਵਿਸ਼ੇਸ਼ਣ ਸੰਤੁਲਤ ਬੌਧਿਕਤਾ ਨਾਲ ਜੁੜਿਆ ਹੋਇਆ ਹੈ। ਗ਼ਰਜ਼ੇਕਿ, ਸੰਤੁਲਤ ਬੌਧਿਕਤਾ ਤੋਂ ਬਿਨਾਂ ਅਸੀਂ ਆਪਣੀ ਸਰੀਰਕ ਸੰਤੁਲਤਾ ਨੂੰ ਸਥਿਰ ਨਹੀਂ ਰੱਖ ਸਕਦੇ। ਅਗਰ ਅਸਾਡੀ ਸੰਤੁਲਤ ਕ੍ਰਿਆ ਦਾ ਅਭਾਵ ਹੋ ਜਾਵੇ ਤਦ ਅਸਾਡੀ ਕਾਇਆਂ ਡਗਮਗਾਊਂਦੀ, ਲੜਖੜਾਂਦੀ ਅਤੇ ਸੰਚਾਲਨ ਦੇ ਸਮੇਂ ਧਰਤੀ 'ਤੇ ਡਿੱਗ ਪੈਂਦੀ ਹੈ।

ਅਸਾਡਾ ਦਿਮਾਗ਼ ਸ਼੍ਰਵਣ ਅੰਤੜੀਆਂ ਦੇ ਰਾਹੀਂ ਪ੍ਰਾਪਤ ਹੋਈਆਂ ਸੂਚਨਾਵਾਂ ਦੇ ਆਧਾਰ 'ਤੇ ਅਸਾਡੀਆਂ ਬੌਧਿਕ ਅਤੇ ਸੁਚੇਤਨ ਅੰਤੜੀਆਂ (sensitive nerves) ਨੂੰ ਸੂਚਿਤ ਕਰਦਾ ਹੈ। ਜਿਸ ਦੇ ਆਸਰੇ ਅਸਾਡਾ ਸਰੀਰ ਸੱਜੇ ਖੱਬੇ ਮੁੜਦਾ ਹੋਇਆ ਭੀ ਨਿਜੀ ਸੰਤੁਲਤਾ ਕਾਇਮ ਰੱਖਦਾ ਅਤੇ ਅਨਿਕ ਪਰਕਾਰੀ ਸੰਚਾਲਨ ਗਤੀ ਨੂੰ ਗਤੀਬੱਧ ਰੱਖਦਾ ਹੈ। ਅੰਤੜੀਆਂ ਦੀ ਹਰਕਤ ਮੁਤਾਬਕ ਹੀ ਸੰਚਾਲਨ ਗਤੀ ਵਿਚ ਪ੍ਰਵੇਸ਼ ਕਰਦੀ ਹੋਈ ਸਰੀਰਕ ਕ੍ਰਿਆ ਦਾ ਸੰਤੁਲਨ ਕਾਇਮ ਰੱਖਦੀ ਹੈ। ਇਸੇ ਕ੍ਰਿਆ ਦੀ ਸੰਗਿਆ ਹੀ ਪ੍ਰਤਿਬਿੰਬਿਤ ਕ੍ਰਿਆ, ਅੰਤਰਮੁਖੀ ਪ੍ਰਿਤ ਕ੍ਰਿਆ, ਅਕਸ ਅੰਦਾਜ਼ (reflex action) ਕਰ ਕੇ ਆਖੀ ਜਾਂਦੀ ਹੈ। ਕਈ ਦਫ਼ਾ ਅਸਾਡੀ ਵੈਸਤੀਬਯੂਲ (vestibule) ਅੰਤੜੀ ਦੇ ਰੋਗੀ ਹੋਣ ਕਰਕੇ, ਅਸਾਡੀ ਕਾਇਆਂ ਅਤੇ ਸਿਰ ਦਾ ਸੰਤੁਲਨ ਵਿਗੜ ਜਾਂਦਾ ਹੈ। ਕਿਉਂਕਿ ਵੈਸਤੀਬਯੂਲ ਅੰਤੜੀ ਅਸਾਡੇ ਦਿਮਾਗ਼ ਤਕ ਲੋੜੀਂਦੀ ਸੂਚਨਾ ਨਹੀਂ ਦੇ ਸਕਦੀ। ਪਰਿਣਾਮ ਵਜੋਂ, ਸਰੀਰਕ ਲੜਖੜਾਹਟ ਅਤੇ ਸਿਰ ਨੂੰ ਭੁਆਟਣੀਆਂ ਦਾ ਸਿਲਸਿਲਾ ਆਰੰਭ ਹੋ ਜਾਣਾ, ਟੁਰਦੇ ਸਮੇਂ ਸੱਜੇ ਖੱਬੇ ਵੇਖਿਆਂ ਸਰੀਰ ਦਾ ਡੋਲ ਜਾਣਾ ਇਕ ਮੁਤਾਬਕ ਜਿਹੀ ਸਥਿਤੀ ਹੋਇ ਨਿਬੜਦੀ ਹੈ।

ਸ਼੍ਰਵਣ ਸ਼ਕਤੀ ਨੂੰ ਨੈਤਿਕਤਾ ਦੇ ਦਾਇਰੇ ਵਿਚ ਰੱਖਣ ਹਿਤ ਬਹੁਤ ਹੀ ਲਾਜ਼ਮੀ ਹੈ ਕਿ ਅਸੀਂ ਐਸੀ ਵਾਰਤਾ ਅਥਵਾ ਐਸੀ ਕਾਵਿ ਰਚਨਾ ਸੁਣਨੋਂ ਪ੍ਰਹੇਜ਼ ਕਰੀਏ, ਜਿਨ੍ਹਾਂ ਦੇ ਸੁਣਿਆਂ ਅਸਾਡੀ ਸੋਚ ਸ਼ਕਤੀ ਅਤੇ ਕਰਮ ਪ੍ਰਣਾਲੀ ਮਲੀਨ ਹੋਣ ਦੀ ਸੰਭਾਵਨਾ ਹੋਵੇ। ਸ਼੍ਰਵਣ ਕ੍ਰਿਆ ਨੂੰ ਸੰਸਾਰੀ ਮਲੀਨਤਾ ਤੋਂ ਸੁਰੱਖਿਅਤ ਰੱਖਣ ਹਿਤ ਸਤਿਗੁਰੂ ਪਾਤਿਸ਼ਾਹ ਜੀ ਦੇ ਪਾਵਨ ਚਰਨਾਂ ਵਿਚ ਅਰਦਾਸ ਕਰੀਏ ਅਤੇ ਸਾਕਤ ਦੀ ਸੋਭ ਤੋਂ ਦੂਰ ਰਹਿਣ ਲਈ ਬੇਨਤੀਆਂ ਕਰੀਏ, ਜਿਵੇਂ :

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥

(ਬਿਲਾਵਲੁ ਮ: ੫, ਪੰਨਾ 820/5)

(ਕ) **ਸੁੰਘਣ ਸ਼ਕਤੀ :** ਗੰਧ ਸ਼ਕਤੀ, ਸੁਗੰਧ ਜਾਂ ਦੁਰਗੰਧ ਸ਼ਕਤੀ, ਸੁੰਘਣੇ ਦੀ ਕੁਵੱਤ, ਕੁਵੱਤੇ ਸ਼ਾਮਾਹ, ਖ਼ੁਸ਼ਬੂ ਜਾਂ ਬਦਬੂ ਸ਼ਕਤੀ। ਇਨਸਾਨ ਦਾ ਨੱਕ ਚਿਹਰੇ ਦਾ ਭਾਗ ਹੈ ਜੋ ਦੋ ਤਰ੍ਹਾਂ ਦੀ ਕ੍ਰਿਆ ਸੁੰਘਣ ਅਤੇ ਸੁਆਸ ਕ੍ਰਿਆ ਨੂੰ ਚਾਲੂ ਰੱਖਣ ਹਿਤ ਵਰਤਿਆ ਜਾਂਦਾ ਹੈ। ਆਮ ਵੇਖਣ ਵਾਸਤੇ ਨੱਕ ਬਹੁਤ ਸਾਦਾ ਅਤੇ ਸੁਖੈਨ ਜਿਹਾ ਸਰੀਰਕ ਅੰਗ ਜਾਪਦਾ ਹੈ ਪ੍ਰੰਤੂ ਅੰਤ੍ਰੀਵੀ ਤੌਰ 'ਤੇ ਇਸ ਦੀ ਕ੍ਰਿਆ ਨੂੰ ਸਮਝਣਾ ਕਾਫ਼ੀ ਪੇਚੀਦਾ ਮਾਮਲਾ ਹੈ। ਜਦੋਂ ਅਸੀਂ ਸੁਆਸ ਲੈਂਦੇ ਹਾਂ ਤਦ ਵਾਯੂ ਦੋਨੋਂ ਨਾਸਿਕਾ ਦੇ ਰਸਤੇ ਅਸਾਡੇ ਅੰਦਰ ਪ੍ਰਵੇਸ਼ ਕਰਦੀ ਹੈ। ਦੋਨੋਂ ਨਾਸਿਕਾ ਇਕ ਬਹੁਤ ਹੀ ਪਤਲੀ ਅਤੇ ਬਾਰੀਕ ਦੀਵਾਰ ਅਥਵਾ ਬਾਰੀਕ ਅਤੇ ਮਜ਼ਬੂਤ ਤੰਦਾਂ ਦੇ ਪੜਦੇ ਦੁਆਰਾ ਇਕ ਦੂਜੀ ਤੋਂ ਵੱਖਰੀਆਂ ਹਨ। ਨਾਸਿਕਾ ਦੀਆਂ ਦੋਵੇਂ ਨਾਲੀਆਂ ਗਲੇ (ਸੰਘ) ਵਿਚ ਆਣ ਕੇ ਸੁਆਸ ਨਾਲੀ ਵਿਚ ਮਿਲ ਜਾਂਦੀਆਂ ਹਨ। ਸੁਆਸ ਨਾਲੀ ਅਸਾਡੇ ਫੇਫੜਿਆਂ ਵਿਚ ਪ੍ਰਵੇਸ਼ ਕਰਦੀ ਹੈ। ਦੋਨੋਂ ਨਾਸਿਕਾ ਦੇ ਵਿਚਾਲੇ ਇਕ ਬਹੁਤ ਹੀ ਨਰਮ, ਸੁਖਸ਼ਮ, ਸਿਲ੍ਹਾਬੀ ਅਤੇ ਲੇਸਦਾਰ ਝਿੱਲੀ ਅਤੇ ਸੁਖਸ਼ਮ ਵਾਲਾਂ ਦੀ ਧਾਰਾ ਹੁੰਦੀ ਹੈ ਜਿਸ ਨੂੰ ਸੀਲੀਆ (cillia) ਕਰ ਕੇ ਆਖਿਆ ਜਾਂਦਾ ਹੈ। ਸੀਲੀਆ ਦੀਆਂ ਲਹਿਰਾਂ ਹਮੇਸ਼ਾ ਹੀ ਅੱਗੇ ਪਿੱਛੇ ਹਰਕਤ ਕਰਦੀਆਂ ਹਨ। ਪਰਿਣਾਮ ਵਜੋਂ, ਗਰਦਾ ਮਿੱਟੀ ਅਤੇ ਬੀਮਾਰੀ ਦੇ ਜਰਾਸੀਮਾਂ ਨੂੰ ਫੇਫੜਿਆਂ ਵਿਚ ਜਾਣੋਂ ਰੋਕਦੀਆਂ ਹਨ। ਨਾਸਾਂ ਵਿਚ ਜੋ ਤਰਲ ਮਾਦਾ ਉਤਪੰਨ ਹੁੰਦਾ ਹੈ, ਉਸ ਨੂੰ ਅੰਦਰ ਲੰਘਣ ਵਾਸਤੇ ਗਲੇ ਵਿਚ ਭੇਜਦੀਆਂ ਹਨ।

ਨਾਸਿਕਾ ਦੇ ਉਪਰਲੇ ਭਾਗ ਵਿਚ ਇਕ ਛੋਟੀ ਜਿਹੀ ਮੋਰੀ (cavity) ਹੈ ਜਿਸ ਦੇ ਆਸਰੇ ਸੁਗੰਧੀ ਜਾਂ ਦੁਰਗੰਧੀ ਦੀਆਂ ਝਰਨਾਟੀ ਲਹਿਰਾਂ ਅਸਾਡੇ ਦਿਮਾਗ਼ ਤਕ ਰਸਾਈ ਕਰਦੀਆਂ ਹਨ। ਇਸ ਮੋਰੀ ਵਿਚ ਕੁਝ ਅੰਤੜੀਆਂ ਦਾ ਸਿਲਸਿਲਾ ਹੈ ਜੋ ਗੰਧ ਨੂੰ ਅਸਾਡੀ ਬੁੱਧੀ ਤਕ ਅਪੜਾਂਦਾ ਹੈ ਔਰ ਬੁੱਧੀ ਇਨ੍ਹਾਂ ਝਰਨਾਟੀ ਲਹਿਰਾਂ ਨੂੰ ਗ੍ਰਹਿਣ ਕਰ ਕੇ ਨਿਰਣੇ ਕਰਦੀ ਹੈ ਕਿ ਕਿਸ ਤਰ੍ਹਾਂ ਦੀ ਗੰਧੀ (smell) ਆ ਰਹੀ ਹੈ।

ਗੰਧੀ (smell) ਦੀ ਕ੍ਰਿਆ ਇਨਸਾਨੀ ਜੀਵਨ ਅਤੇ ਪਸ਼ੂ ਪੰਛੀ ਜੀਵਨ ਵਿਚ ਬਹੁਤ ਵੱਡੀ ਮਹੱਤਤਾ ਰੱਖਦੀ ਹੈ। ਕੁਝ ਪਸ਼ੂ ਐਸੇ ਭੀ ਹਨ ਜੋ ਗੰਧੀ ਦੇ ਗਿਆਨ ਦੁਆਰਾ ਨਿਜੀ ਠਹਿਰਾਉ ਦਾ ਸਥਾਨ ਅਤੇ ਸਵੈਮ ਖੇਤਰੀ ਸੀਮਾ ਦਾ ਦਾਇਰਾ ਉਲੀਕਦੇ ਅਥਵਾ ਆਪਣੇ ਹਮ-ਜਿਨਸ ਸਾਥੀਆਂ ਦੀ ਤਾਲਾਸ਼ ਅਤੇ ਪਰਸਪਰ ਤਾਲ-ਮੇਲ ਪੈਦਾ ਕਰਦੇ ਹਨ। ਗ਼ਰਜ਼ੇਕਿ, ਸੁਗੰਧੀ ਬੋਧਿਕਤਾ

ਦੇ ਆਧਾਰ 'ਤੇ ਹੀ ਨਿਜੀ ਖ਼ੁਰਾਕ ਅਤੇ ਹਮਜੋਲੀ ਮਦੀਨ ਦੀ ਖੋਜ ਭੀ ਕਰਦੇ ਹਨ।

ਸੰਸਾਰੀ ਖੇਤਰ ਵਿਚ ਅਨੇਕਾਂ ਪ੍ਰਕਾਰ ਦੀਆਂ ਸੁਗੰਧੀਆਂ ਅਤੇ ਦੁਰਗੰਧੀਆਂ ਮੌਜੂਦ ਹਨ ਪ੍ਰੰਤੂ ਗੁਰਮਤਿ ਦੀ ਤਾਲੀਮ ਦੇ ਆਧਾਰ 'ਤੇ ਗੁਰਮੁਖਿ ਪਿਆਰਿਆਂ ਦਾ ਇਖ਼ਲਾਕੀ ਜੀਵਨ, ਨੈਤਿਕਤਾ ਭਰਪੂਰ ਕਰਮ ਕਰਤੂਤ ਅਤੇ ਆਚਰਨਿਕ ਬੁਲੰਦੀਆਂ ਹੀ ਤੱਤੂ ਬੋਧ ਅਤੇ ਸੁਗੰਧੀ ਹੈ। ਅਨੈਤਿਕਤਾ ਦਾ ਅਭਾਵ ਅਤੇ ਨੈਤਿਕਤਾ ਦਾ ਗ੍ਰਹਿਣ ਕਰਨਾ ਹੀ ਅਸਲੀ ਸੁਗੰਧੀ ਹੈ, ਜਿਵੇਂ:

ਚੰਦਨ ਗੰਧ ਸੁਗੰਧ ਹੈ ਬਹੁ ਬਾਸਨਾ ਬਹਕਾਰਿ ॥
ਹਰਿ ਜਨ ਕਰਣੀ ਊਤਮ ਹੈ ਹਰਿ ਕੀਰਤਿ ਜਗਿ ਬਿਸਥਾਰਿ ॥੩॥

(ਮਲਾਰ ਮ: ੩, ਪੰਨਾ 1260/19)

ਜਿਵੇਂ ਪੰਚ-ਮੁਖੀ ਗਿਆਨ ਦੀ ਸ਼ਕਤੀ ਵਿਚੋਂ ਦ੍ਰਿਸ਼ਟੀ, ਰਸ, ਸਪਰਸ਼, ਸ਼ਬਦ, ਗੰਧ ਅਤੇ ਸਰੀਰਕ ਸੰਤੁਲਨ ਦੀ ਉਪਜ ਹੁੰਦੀ ਹੈ, ਇਸੇ ਤਰ੍ਹਾਂ ਸਰਬ-ਮੁਖੀ ਅਥਵਾ ਅੰਤ੍ਰੀਵੀ ਗਿਆਨ ਦੇ ਰਾਹੀਂ ਸੰਕਲਪ, ਅਨੁਮਾਨ ਸਿਮ੍ਰਤੀ, ਤਰਕਸ਼ੀਲਤਾ, ਬਿਬੇਕ ਵੀਚਾਰ ਅਤੇ ਅੰਤ੍ਰੀਵੀ ਸੂਝ ਬੂਝ ਜੈਸੀਆਂ ਸ਼ਕਤੀਆਂ ਦਾ ਆਰੰਭ ਹੁੰਦਾ ਹੈ, ਜਿਨ੍ਹਾਂ ਦੀ ਪਰਿਭਾਸ਼ਾ ਇੰਝ ਭੀ ਹੋ ਸਕਦੀ ਹੈ, ਜਿਵੇਂ:

Imagination, Estimation, Memorization, Common sense, Consideration and Internal intellect.

ਭਾਵੇਂ ਮਨੁੱਖੀ ਸਰੀਰ ਅਤੇ ਮਨੁੱਖੀ ਆਤਮਾ ਵਿਚ ਦਰਸਾਈਆਂ ਪੰਚ-ਮੁਖੀ ਅਤੇ ਅੰਤਰ-ਮੁਖੀ ਬੌਧਿਕ ਸ਼ਕਤੀਆਂ ਦੀ ਹੋਂਦ ਹਮੇਸ਼ਾ ਹੀ ਮੌਜੂਦ ਹੁੰਦੀ ਹੈ ਪ੍ਰੰਤੂ ਇਨ੍ਹਾਂ ਦੀ ਸ਼ਕਤੀ ਦਾ ਆਧਾਰ ਸਰੀਰਕ ਅਤੇ ਆਤਮਕ ਕ੍ਰਿਆਸ਼ੀਲਤਾ ਅਥਵਾ ਕੰਮ-ਕਾਜ ਦੇ ਖੇਤਰ ਵਿਚ ਸੀਮਤ ਹੁੰਦਾ ਹੈ। ਜਦੋਂ ਕਿ ਆਤਮਕ ਅਤੇ ਸਰੀਰਕ ਸ਼ਕਤੀ ਦੀ ਗੁਣ-ਪਰਮਾਣਿਕਤਾ ਦੀ ਤੱਤੂ ਸ਼ਕਤੀ ਦਾ ਆਧਾਰ ਅਥਵਾ ਨਿਰਪੇਖਕ (ਪਰਮ ਸੰਪੂਰਣ) ਸੱਤਾ ਦੀ ਬੁਨਿਆਦ ਕੇਵਲ ਅਤੇ ਕੇਵਲ ਇਕ ਵਾਹਿਗੁਰੂ ਹੀ ਹੈ। ਹਰ ਤਰ੍ਹਾਂ ਦੀ ਵਾਸਤਵਿਕ ਹੋਂਦ ਅਤੇ ਸੂਝ ਬੂਝ ਉਸ ਪਰਾ-ਸ਼ਕਤੀ ਦੇ ਨਾਮ ਨਾਲ ਜੁੜੀ ਹੋਈ ਹੈ। ਸਿੱਟਾ ਇਹ ਨਿਕਲਿਆ ਕਿ ਸਮੁੱਚੀ ਬੌਧਿਕਤਾ ਅਤੇ ਤੱਤੂ-ਸਾਰ ਕੇਵਲ ਵਾਹਿਗੁਰੂ ਦੀ ਸੂਖਸ਼ਮ ਹੋਂਦ ਵਿਚ ਵਿਆਪਕ ਹੋ ਰਹੇ ਹਨ। ਉਸ ਦੀ ਵਾਹਿਦ ਸ਼ਕਤੀ ਹੀ ਕਰਣ ਕਾਰਣ ਸਮਰੱਥ ਹੈ (God alone understanding His essence.), ਜਿਵੇਂ:

ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥
ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥੨॥

(ਵਾਰ ਮਾਝ, ਮ: ੧, ਪੰਨਾ 148/17)

ਇਨਸਾਨੀ ਸਰੀਰ ਵਿਚ ਕੋਈ ਐਸੀ ਨਿਰਪੇਖਕ ਸੱਤਾ ਅਥਵਾ ਕੋਈ ਨਿਰੰਕੁਸ਼ ਪਰਮ ਸੰਪੂਰਣਤਾ ਹੈ ਜੋ ਸਰੀਰਕ ਵਸਤੂਆਂ ਨੂੰ ਅਗੰਮੀ ਜੋਤਿ ਦੇ ਆਸਰੇ ਆਸਮਾਨੀ ਬੌਧਿਕਤਾ ਦਾ ਸਹੀ ਪ੍ਰਤਿਬਿੰਬ ਬਖ਼ਸ਼ਦੀ ਹੈ। ਇਸ ਪਰਾ-ਜੋਤਿ ਦਾ ਪਰਛਾਵਾਂ ਹਰ ਜੀਵ ਦੀ ਭਾਵਨਾਮਈ ਚੇਤਨ-ਸ਼ਕਤੀ ਵਿਚ ਸੁਰੱਖਿਅਤ ਹੁੰਦਾ ਹੈ। ਇਨਸਾਨੀ ਅਨੁਭੂਤੀ (ਤਜਰਬੇ) ਦੁਆਰਾ ਇਹ ਸਿੱਧ ਹੋ ਚੁੱਕਾ ਹੈ ਕਿ ਜਦੋਂ ਅਸੀਂ ਕਿਸੇ ਅਭੌਤਿਕ (ਅਦ੍ਰਿਸ਼ਟ) ਸੂਖਸ਼ਮਤਾ ਦੀ ਸਰਬ-ਵਿਆਪਕ ਸਥਿਤੀ ਨੂੰ ਸੋਚ-ਮੰਡਲ ਦੇ ਦਾਇਰੇ ਵਿਚ ਵਿਚਾਰਦੇ ਹਾਂ, ਤਦ ਸਰੀਰਕ ਘਟਨਾਵਾਂ ਪ੍ਰਤਿ ਅਸਾਡੀ ਬੌਧਿਕਤਾ ਵਧੇਰੇ ਸੂਝ ਸਮਝ ਦੇ ਖੇਤਰ ਵਿਚ ਪ੍ਰਵੇਸ਼ ਕਰਦੀ ਹੈ। ਐਸੀ ਕਰਮ-ਪ੍ਰਣਾਲੀ ਦਾ ਦਾਇਰਾ ਸੁਭਾਵਕ ਹੀ ਉਤਪੰਨ ਨਹੀਂ ਹੁੰਦਾ, ਜਦੋਂ ਤਕ ਕਿ ਜੀਵ ਦੇ ਅੰਤਹਕਰਣ ਵਿਚ ਸਦਾਚਾਰਕ ਉੱਚਤਾ ਦਾ ਮੂਲਿਕ ਸਿਧਾਂਤ ਕੰਮ ਨਾ ਕਰਦਾ ਹੋਵੇ। ਨਿਰਣੈ ਇਹ ਹੋਇਆ ਕਿ, ਜੋ ਸ਼ਕਤੀ ਸਿਧਾਂਤਕ ਤੌਰ 'ਤੇ ਜੀਵ ਦੇ ਅੰਤਹਕਰਣ ਵਿਚ ਗਤੀਬੱਧ ਹੋ ਰਹੀ ਹੈ, ਨਿਰਸੰਦੇਹ, ਉਹੀ ਅਸਾਡੀ ਆਤਮਾ ਹੈ, ਔਰ ਆਤਮਾ ਹੀ ਸਰੀਰਕ ਨਗਰੀ ਵਿਚ ਪਰਾਜੋਤਿ ਦੀ ਸੰਚਾਲਕ ਹੈ। ਬਿਲਾ-ਸ਼ੁਬਹ ਆਤਮਾ ਦਾ ਰਚੇਤਾ ਕੇਵਲ ਕਰਤਾ ਪੁਰਖ ਹੈ ਔਰ ਆਤਮਾ ਪਰਮਾਤਮਾ ਦਾ ਹੀ ਸਹੀ ਸਰੂਪ ਹੈ, ਜਿਵੇਂ :

ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥
ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ ॥੧॥ਰਹਾਉ॥

(ਭੈਰਉ ਮ: ੧, ਪੰਨਾ 1153/8)

ਇਨਸਾਨੀ ਜੀਵਨ ਵਿਚ ਹਰ ਤਰ੍ਹਾਂ ਦੀ ਸ਼ਕਤੀ ਦਾ ਕਾਰਣ ਅਤੇ ਹਰ ਪ੍ਰਕਾਰ ਦੀ ਬੌਧਿਕਤਾ ਦਾ ਸੋਮਾ ਕੇਵਲ ਇਕ ਹੀ ਹੈ ਔਰ ਉਹ ਮੂਲਿਕ ਸਰੋਤ ਆਤਮਾ ਹੈ। ਗ਼ਰਜ਼ੇਕਿ, ਆਤਮਾ ਵਾਹਿਗੁਰੂ ਦੀ ਅੰਸ਼ ਹੈ। ਵਾਹਿਗੁਰੂ ਦੀ ਅਸਲੀ ਸ਼ਕਤੀ ਨਿਰਗੁਣ ਅਥਵਾ ਨਿਰਾਕਾਰਤਾ ਵਿਚ ਸਮਾ ਰਹੀ ਹੈ, ਉਸ ਨਿਰਗੁਣ ਸ਼ਕਤੀ ਨੂੰ ਪ੍ਰਗਟ ਕਰਨ ਹਿਤ, ਕਿਸੇ ਵਸਤੂ ਦੀ ਆਵਸ਼ਕਤਾ ਹੁੰਦੀ ਹੈ। ਜਿਤਨੇ ਭੀ ਪੈਗ਼ੰਬਰੀ ਪੁਰਸ਼ ਹੋਏ ਹਨ, ਉਨ੍ਹਾਂ ਦੇ ਵਸੀਲੇ ਦੁਆਰਾ ਹੀ ਵਾਹਿਗੁਰੂ ਦੀ ਸ਼ਕਤੀ ਪ੍ਰਗਟ ਹੋਈ ਹੈ। ਮਿਸਾਲ ਵਜੋਂ, ਅਗਰ ਪੈਗ਼ੰਬਰੀ ਪੁਰਸ਼ ਅਥਵਾ ਭਗਤਿ ਜਨ ਨਾ ਹੁੰਦੇ ਤਦ ਵਾਹਿਗੁਰੂ ਦੀ ਸ਼ਕਤੀ ਅਥਵਾ ਉਸ ਦੀ ਹੋਂਦ ਪ੍ਰਗਟ ਹੋਣੀ ਅਸੰਭਵ ਸੀ। ਨਿਰਣੈ ਇਹ ਹੋਇਆ ਕਿ ਵਾਹਿਗੁਰੂ ਦੀ ਨਿਰਗੁਣ ਸੱਤਾ ਨੂੰ ਕਰਮਸ਼ੀਲ ਕਰਨ ਹਿਤ, ਕਿਸੇ ਵਸਤੂ, ਰੂਪ ਰੇਖਾ, ਸਮਾਸ ਅਥਵਾ ਸਰੀਰ ਦੀ ਆਵਸ਼ਕਤਾ ਹੈ ਜਿਸ ਦੇ ਆਸਰੇ ਵਾਹਿਗੁਰੂ ਸਉਤ੍ਰਰਾ ਬਣਦਾ ਹੈ, ਜਿਵੇਂ :

ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ ॥
ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ ॥੨॥੨੧॥

(ਦੇਵਗੰਧਾਰੀ ਮ: ੫, ਪੰਨਾ 532/10)

ਉਕਤ ਦਰਸਾਈ ਉਦਾਹਰਣ ਦੇ ਆਧਾਰ 'ਤੇ ਅਸਾਡੀ ਆਤਮਾ ਭੀ ਵਾਹਿਗੁਰੂ ਦੀ ਨਿਰਗੁਣ ਅੰਸ਼ ਹੈ। ਜਿਵੇਂ, ਵਾਹਿਗੁਰੂ ਨੂੰ ਆਪਣੀ ਸ਼ਕਤੀ ਦਾ ਪ੍ਰਗਟਾਵਾ ਕਰਨ ਹਿਤ, ਕਿਸੇ ਵਸਤੂ ਅਥਵਾ ਸਰੀਰ ਵਿਚ ਪ੍ਰਵੇਸ਼ ਕਰਨਾ ਜ਼ਰੂਰੀ ਹੈ। ਨਿਰਸੰਦੇਹ, ਆਤਮਾ ਦੀ ਸ਼ਕਤੀ ਨੂੰ ਪ੍ਰਗਟ ਕਰਨ ਹਿਤ ਕਿਸੇ ਵਸਤੂ ਵਿਚ ਪ੍ਰਵੇਸ਼ ਕਰਨਾ ਹੀ ਪਵੇਗਾ। ਉਹ ਵਸਤੂ ਅਸਾਡਾ ਸਰੀਰ ਹੈ, ਅਸਾਡੀ ਆਤਮਾ, ਵਿਸ਼ਾ-ਵਸਤੂ ਦੇ ਲੱਛਣਾਂ ਤੋਂ ਰਹਿਤ ਹੋਣ ਕਰਕੇ, ਇਕ ਨਿਰਗੁਣ ਸ਼ਕਤੀ ਹੈ। ਸੁਬੁੱਧਤਾ ਅਤੇ ਨਿਜੀ ਸਪੱਸ਼ਟਤਾ ਦੇ ਸੁਗਮ ਪ੍ਰਗਟਾਵੇ ਵਾਸਤੇ ਆਤਮਾ ਦੀ ਸਥਿਤੀ, ਦੂਸਰੇ ਸਰੀਰਕ ਗਿਆਨ ਇੰਦ੍ਰੀਆਂ 'ਤੇ ਨਿਰਭਰ ਹੈ, ਕਿਉਂਕਿ ਇਸ ਦੀ ਨਿਜੀ ਹੋਂਦ ਤ੍ਰੈਗੁਣੀ ਲੱਛਣਾਂ ਤੋਂ ਰਹਿਤ ਇਕ ਐਸੀ ਮਹਾਨ ਸ਼ਕਤੀ ਹੈ ਜਿਸ 'ਤੇ ਕਿਸੇ ਤਰ੍ਹਾਂ ਦੀ ਕੋਈ ਭੀ ਰੂਪ-ਰੇਖਾ ਨਹੀਂ ਉਲੀਕੀ ਜਾ ਸਕਦੀ। ਪਰਿਣਾਮ ਵਜੋਂ, ਸਮੁੱਚੀ ਸਰੀਰਕ ਕਾਰਜ-ਸ਼ੈਲੀ ਦੀ ਪੂਰਤੀ ਹਿਤ, ਆਤਮਾ ਸਰੀਰਕ ਗਿਆਨ ਇੰਦ੍ਰੀਆਂ ਦੀ ਵਰਤੋਂ ਮਧਿਅਸਥ ਸੁਗਮਤਾ ਅਤੇ ਸੁਬੁੱਧਤਾ ਦੇ ਯੰਤਰ ਵਜੋਂ ਕਰਦਾ ਹੈ। ਇਹੀ ਕਾਰਣ ਹੈ ਕਿ ਅਸਾਡੀ ਕਾਇਆਂ ਵਿਚ ਉਪਯੁਕਤ/ਲੋੜ ਅਨੁਸਾਰ, ਗਿਆਨ ਇੰਦ੍ਰੀ ਸੁਬੁੱਧਤਾ ਦੀ ਸਮੱਗਰੀ ਕਾਫ਼ੀ ਵੱਡੀ ਮਾਤਰਾ ਵਿਚ ਮੌਜੂਦ ਹੈ। ਗਰਜ਼ੇਕਿ, ਆਤਮਾ ਦੀ ਸਰਦਾਰੀ ਦੇ ਅਧੀਨ ਕਾਇਆਂ ਨਗਰੀ ਵਿਚ ਅਨਿਕ ਪ੍ਰਕਾਰੀ ਹੁਨਰ ਅਤੇ ਨਿਧੀਆਂ ਪਰੀ-ਪੂਰਣ ਹੋ ਰਹੀਆਂ ਹਨ, ਜਿਵੇਂ :

ਤਿਨਿ ਕਰਤੈ ਇਕੁ ਖੇਲੁ ਰਚਾਇਆ ॥ ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥
ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ ॥੩॥

(ਮਾਝ ਮ: ੩, ਪੰਨਾ 117/12)

ਮਨੁੱਖੀ ਸਰੀਰ ਵਿਚ ਪੰਜ ਪ੍ਰਕਾਰ ਦੇ ਕੋਸ਼ ਭੀ ਪਰੀਪੂਰਨ ਹੋ ਰਹੇ ਹਨ, ਜਿਨ੍ਹਾਂ ਦੀ ਵਰਤੋਂ ਸਰੀਰਕ ਕਾਰਜ-ਸ਼ੈਲੀ ਦੀ ਪੂਰਤੀ ਹਿਤ ਅਸਾਡੀ ਆਤਮਾ ਉਪਯੁਕਤ ਵਿਧੀ ਦੁਆਰਾ ਗਾਹੇ-ਬਗਾਹੇ ਕਰਦੀ ਹੀ ਰਹਿੰਦੀ ਹੈ। ਇਹੀ ਵਿਸ਼ੇਸ਼ ਕਾਰਣ ਹੈ ਕਿ ਆਤਮਾ ਵਾਸਤੇ ਯਥਾ-ਯੁਕਤ ਗਿਆਨ ਇੰਦ੍ਰੀ ਅਤੇ ਨਿਆਂ-ਯੁਕਤ ਕਾਇਆਂ ਪ੍ਰਾਪਤ ਹੁੰਦੀ ਹੈ ਜਿਸ ਵਿਚ ਪੰਜ-ਕੋਸ਼ ਮੌਜੂਦ ਹੋਣ। ਜਿਵੇਂ ਅੰਨ ਕੋਸ਼, ਮਨ ਕੋਸ਼, ਪ੍ਰਾਣ ਕੋਸ਼, ਵਿਗਿਆਨ ਅਥਵਾ ਬੁੱਧੀ ਕੋਸ਼ ਅਤੇ ਆਨੰਦ ਕੋਸ਼।

ਆਤਮਾ ਦੀ ਨਿਗਰਾਨੀ ਵਿਚ ਪੰਜੇ ਸਰੀਰਕ ਕੋਸ਼ ਅਤੇ ਪੰਜੇ ਗਿਆਨ ਇੰਦ੍ਰੀਆਂ, ਕਿਸੇ ਵਿਸ਼ੇਸ਼ ਸੰਵੇਦਨ ਯੁਕਤ ਵਿਧੀ ਦੇ ਅਧੀਨ ਹੀ ਜਿਸਮਾਨੀ

ਜੀਵ-ਰਾਜ ਦੇ ਫ਼ਰਜ਼ਾਂ ਨੂੰ ਸਰੰਜਾਮ ਦੇਣ ਦੀ ਯੋਗਤਾ ਰੱਖਦੇ ਹਨ। ਮਿਸਾਲ ਵਜੋਂ, ਜਿਥੇ ਬਹੁਤੀ ਠੰਡ ਜਾਂ ਜ਼ਿਆਦਤ ਦੀ ਗਰਮੀ ਹੋਵੇ ਉਥੇ ਅਸਾਡੀ ਸਪਰਸ਼ ਸ਼ਕਤੀ ਉਪਯੁਕਤ ਅਨੁਕੂਲਤਾ ਦੇ ਅਨੁਸਾਰ (ਸਮੇਂ ਦੇ ਅਨੁਸਾਰ) ਪੂਰਾ ਕੰਮ ਨਹੀਂ ਕਰਦੀ। ਇਸ ਵਾਸਤੇ ਬਹੁਤ ਹੀ ਲਾਜ਼ਮੀ ਹੈ ਕਿ ਆਤਮਾ ਅਤੇ ਜਿਸਮਾਨੀ ਕ੍ਰਿਆਸ਼ੀਲਤਾ ਨੂੰ ਕਿਸੇ ਖ਼ਾਸ ਅਵਸਥਾ ਵਿਚ ਗਤੀਬੱਧ ਰੱਖਣ ਹਿਤ, ਸੰਤੁਲਤ ਵਾਤਾਵਰਨ ਵਿਚ ਵਿਚਰਦੇ ਹੋਏ, ਸੰਵੇਦਨ ਯੁਕਤੀ (sentient nature) ਦੁਆਰਾ ਵਰਤਿਆ ਜਾਵੇ।

ਉਕਤ ਖ਼ਿਆਲਾਂ ਦੇ ਅਤਿਰਿਕਤ ਅਥਵਾ ਉਕਤ ਵਿਚਾਰਧਾਰਾ ਦੇ ਨਾਲ ਨਾਲ ਇਹ ਸਮਝ ਲੈਣਾ ਭੀ ਜ਼ਰੂਰੀ ਹੈ ਕਿ ਜਦੋਂ ਵਾਹਿਗੁਰੂ ਨੇ ਇਨਸਾਨ ਦੀ ਬਣਤਰ ਰਚੀ ਹੈ ਤਦ ਉਸ ਨੇ ਜੀਵ ਨੂੰ ਵਿਕਰਮ ਰਹਿਤ ਰਚਿਆ ਹੈ। ਕਿਉਂਕਿ, ਉਸ ਦੀ ਪ੍ਰਕਿਰਤਕ ਪ੍ਰਣਾਲੀ ਨਿਆਇਸ਼ੀਲ ਹੈ। ਉਹ ਕਦੀ ਭੀ ਅਤੇ ਕਿਸੇ ਨਾਲ ਭੀ ਧੱਕਾ ਅਥਵਾ ਅਨਿਆਇ ਨਹੀਂ ਕਰਦਾ। ਉਸ ਦੀ ਰਚਨ-ਪ੍ਰਣਾਲੀ ਬਹੁਤ ਦਿਆਲੂ, ਕਿਰਪਾਲੂ ਅਤੇ ਮੂਲਿਕ ਤੌਰ 'ਤੇ ਅਦਲੋ-ਇਨਸਾਫ਼ ਅਥਵਾ ਨਿਆਇ ਸੰਗਤੀ ਹੈ। ਪੂਰਨ ਤੌਰ 'ਤੇ ਕਾਇਆਂ ਦੀ ਰਚਨਾ ਭੀ ਆਤਮਾ ਦੀ ਰਿਹਾਇਸ਼ ਲਈ ਰਚੀ ਗਈ ਅਤੇ ਕਾਇਆਂ ਨਗਰੀ ਦਾ ਸਰਦਾਰ ਭੀ ਜੀਵਾਤਮਾ ਹੀ ਥਾਪਿਆ ਗਿਆ ਹੈ। ਇਸ ਵਾਸਤੇ ਰਚੇਤਾ ਦੇ ਦਰਬਾਰ ਵਿਚ ਹਰ ਪ੍ਰਕਾਰ ਦੀ ਕ੍ਰਿਆ ਦਾ ਉਤਰਦਾਈ ਭੀ ਆਤਮਾ ਹੀ ਹੈ। ਜਦੋਂ ਆਤਮਾ ਪਹਿਲੀ ਦਫ਼ਾ ਕਰਤਾ ਤੋਂ ਜੁਦਾ ਹੋ ਕੇ ਮਨੁੱਖਾ ਸਰੀਰ ਵਿਚ ਆਇਆ, ਤਦ ਇਸ ਦੀ ਅਰੂਪਤਾ ਜੋਤਿ ਸਰੂਪ ਜੈਸੀ ਰਚੀ ਗਈ, ਭਾਵ, ਕਰਤਾ ਨੇ ਆਤਮਾ ਨੂੰ ਸਵੈਮ-ਰੂਪ ਅਤੇ ਨਿਜੀ ਜੋਤਿ ਦੁਆਰਾ, ਪਾਵਨ ਨਿਰਗੁਣ ਸ਼ਕਤੀ ਦੁਆਰਾ ਜਗਤ ਵਿਚ ਭੇਜਿਆ। ਉਕਤ ਵਿਚਾਰਧਾਰਾ ਦੀ ਹਾਮੀ ਪਾਵਨ ਗੁਰਬਾਣੀ ਦੁਆਰਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕੇਗੀ, ਜਿਵੇਂ:

ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥
ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥੪॥

(ਮਲਾਰ ਮ: ੧, ਪੰਨਾ 1256/18)

ਗੁਰਬਾਣੀ ਦੀ ਵਿਚਾਰਧਾਰਾ ਦੇ ਆਧਾਰ 'ਤੇ ਆਪਾਂ ਇਸ ਪੜਾਅ 'ਤੇ ਪੁੱਜੇ ਹਾਂ ਕਿ ਪ੍ਰਥਮ ਅਵਸਥਾ ਦੇ ਦੌਰਾਨ ਜੀਵਾਤਮਾ ਅਤਿ ਪਾਵਨ ਪਵਿੱਤਰ ਅਤੇ ਸਦੀਵੀ ਜੋਤਿ ਦਾ ਸੰਕਲਪ ਲੈ ਕੇ ਦੁਨੀਆ ਵਿਚ ਆਇਆ, ਪ੍ਰੰਤੂ ਅਵਿਦਿਆ ਅਤੇ ਅਵੀਚਾਰੀ ਉਪਾਧੀਆਂ ਦੇ ਕਾਰਣ, ਤੱਤ੍ਰ ਜੋਤਿ ਨਾਲੋਂ ਵਿੱਛੜਦਾ ਵਿੱਛੜਦਾ ਵਿੱਥ ਪਾ ਬੈਠਾ। ਮਨੋ-ਵੇਗ ਉਪਾਧੀਆਂ ਦੇ ਕਾਰਣ ਕਾਮ ਕ੍ਰੋਧ ਲੋਭ ਜੈਸੀਆਂ ਅਭਿਲਾਸ਼ਾਵਾਂ ਦੇ ਅਧੀਨ ਗ੍ਰਸਤ ਹੋ ਨਿਬੜਿਆ। ਸਦੀਵੀ

ਜੀਵਨ ਦੀ ਪ੍ਰੇਰਣਾ ਵਲੋਂ ਵਾਂਝਾ, ਪਾਪਾਂ ਦੀ ਨਗਰੀ ਦਾ ਵਸਨੀਕ, ਮਾਇਕ ਉਪਾਧੀਆਂ ਅਤੇ ਕਿਲਵਿਖ, ਇਸ ਦੀ ਅੰਤ੍ਰੀਵੀ ਜੀਵਨੀ ਦਾ ਅਵਿੱਛੜ ਅੰਗ ਬਣ ਗਏ, ਜਿਵੇਂ :

ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ ॥
ਪ੍ਰਣਵਤਿ ਨਾਨਕੁ ਨਾਗੀ ਦਾਝੈ ਫਿਰਿ ਪਾਛੈ ਪਛੁਤਾਣੀਤਾ ॥੪॥

(ਗਉੜੀ ਮ: ੧, ਪੰਨਾ 156/2)

ਅਰਥ : ਜਦੋਂ ਇਹ ਕਾਇਆਂ ਵਿਸ਼ੇ-ਵਿਕਾਰਾਂ ਵਿਚ ਝੱਲੀ ਹੋ ਜਾਵੇ ਔਰ ਜੀਵਾਤਮਾ ਭੀ ਅਸੂਝ ਹੋ ਗਿਆ ਹੋਵੇ, ਤਦ ਇਸ ਦੀ ਆਯੂ ਮੈਂ-ਮੇਰੀ ਵਿਚ ਬੀਤ ਜਾਂਦੀ ਹੈ। ਅੰਤ ਦੇ ਸਮੇਂ ਇਹੋ ਕਾਇਆਂ, ਨੰਗੀ ਕਰ ਕੇ ਜਲਾਈ ਜਾਂਦੀ ਹੈ। ਐਸੀ ਦਸ਼ਾ ਵੇਖ ਕੇ ਜੀਵਾਤਮਾ ਪਛੁਤਾਵਾ ਕਰਦਾ ਹੈ। (ਪ੍ਰੰਤੂ ਸਮਾਂ ਬੀਤੇ ਤੋਂ ਬਾਅਦ ਪਛੁਤਾਵਾ ਕੀਤਿਆਂ ਮਨੋਰਥ ਦੀ ਪੂਰਤੀ ਬਹੁਤ ਕਠਿਨ ਹੋ ਜਾਂਦੀ ਹੈ)। ਕਾਇਆਂ ਅਤੇ ਆਤਮਾ ਪ੍ਰਤਿ, ਸੰਤ ਅਗਸਤਨ ਦੇ ਖ਼ਿਆਲ ਭੀ ਗੁਰਬਾਣੀ ਨਾਲ ਸਹਿਮਤੀ ਰੱਖਦੇ ਹਨ, ਜਿਵੇਂ :

It must be recognized that when God remedied these defects in man at this creation, He employed help of original justice whereby the body was made subject completely to the soul and the soul to the God. So that neither death nor passion nor any defect could affect man unless the soul were first separated from God. But when the soul turned away from God through sin, man was deprived of this gift, and is subject to the defects, which are intrinsic to the nature of matter. *(Saint Augustan, Super Genesim)*

ਜਿਵੇਂ ਸੂਰਜ ਅੱਗੇ ਬੱਦਲਾਂ ਦੇ ਛਾ ਜਾਣ ਕਰਕੇ ਕੁਝ ਸਮੇਂ ਲਈ ਅੰਧੇਰਾ ਪਸਰ ਜਾਂਦਾ ਹੈ, ਹੂ-ਬ-ਹੂ ਇਸੇ ਤਰ੍ਹਾਂ ਆਤਮਾ ਦੀ ਜੋਤਿ ਦੇ ਸਾਹਮਣੇ ਮਾਇਕ ਉਪਾਧੀਆਂ ਦੇ ਛਾ ਜਾਣ ਕਰਕੇ, ਆਤਮਾ ਦੀ ਜੋਤਿ ਭੀ ਲਘੂ ਸਮੇਂ ਵਾਸਤੇ ਮੱਧਮ ਪੈ ਜਾਂਦੀ ਹੈ। ਪ੍ਰੰਤੂ ਵਾਸਤਵਿਕ ਤੌਰ 'ਤੇ ਆਤਮਾ ਦੀ ਜੋਤਿ ਪਵਿੱਤਰ ਅਤੇ ਨਿਰਮਲ ਹਸਤੀ ਹੈ।

ਭਾਵੇਂ ਮਨੁੱਖਾ ਸਰੀਰ ਦੀਆਂ ਗਿਆਨ ਇੰਦ੍ਰੀਆਂ, ਕਰਮ ਇੰਦ੍ਰੀਆਂ ਅਤੇ ਪੰਜੇ ਕੋਸ਼, ਬੋਧਿਕਤਾ ਆਦਿ ਸ਼ਕਤੀ ਨੂੰ ਗ੍ਰਹਿਣ ਕਰ ਕੇ ਕਿਸੇ ਕਰਮ ਨੂੰ ਕਿਸੇ ਕਾਰਜਸ਼ੀਲਤਾ ਨੂੰ ਸਰੰਜਾਮ ਕਰਨ ਦੀ ਸਮਰੱਥਾ ਰੱਖਦੇ ਹਨ ਪ੍ਰੰਤੂ ਬੋਧਿਕਤਾ ਅਤੇ ਸ਼ਕਤੀ ਦੀ ਮੂਲਿਕ ਸਰੋਤ ਦਾ ਭੰਡਾਰਾ ਕੇਵਲ ਆਤਮਾ ਹੀ ਹੈ। ਜਿਵੇਂ ਤਪਸ਼ ਸਵੈਮ ਤੌਰ 'ਤੇ ਅਸਾਨੂੰ ਨਿਘ ਨਹੀਂ ਦੇ ਸਕਦੀ, ਲਿਹਾਜ਼ਾ, ਨਿਘ ਪ੍ਰਾਪਤ ਕਰਨ ਹਿਤ, ਕਿਸੇ ਵਸਤੂ, ਰੂਪ-ਰੇਖਾ ਅਤੇ ਸਮਾਗ ਦੀ ਆਵਸ਼ਕਤਾ ਹੈ, ਜਿਸ

ਦੇ ਆਸਰੇ ਤਪਸ਼ ਪ੍ਰਗਟ ਹੋ ਸਕੇ ਔਰ ਤਪਸ਼ ਦਾ ਮੂਲਿਕ ਭੰਡਾਰਾ ਅਗਨੀ ਹੈ। ਇਸੇ ਤਰ੍ਹਾਂ ਬੌਧਿਕਤਾ ਅਤੇ ਸ਼ਕਤੀ ਦਾ ਮੂਲਿਕ ਭੰਡਾਰਾ ਆਤਮਾ ਹੈ। ਇਸ ਭੰਡਾਰੇ ਨੂੰ ਪ੍ਰਗਟ ਕਰਨ ਹਿਤ ਇਨਸਾਨੀ ਕਾਇਆਂ ਦੀ ਆਵਸ਼ਕਤਾ ਹੈ।

ਕਿਸੇ ਤਰ੍ਹਾਂ ਦੀ ਕੋਈ ਭੀ ਵਸਤੂ (ਸਰੀਰ) ਚੱਕਰ ਚਿਹਨ ਅਤੇ ਸਮਾਸ ਨਿਜੀ ਤੌਰ 'ਤੇ ਸਵੈਮ ਅਸਤਿਤ੍ਵ ਅਥਵਾ ਨਿਜੀ ਹੋਂਦ ਨੂੰ ਸਥਿਰ ਨਹੀਂ ਰੱਖ ਸਕਦੇ, ਜਦੋਂ ਤਕ ਕਿ ਉਸ ਦੇ ਵਿਚ ਹਸਤੀ ਨੂੰ ਸਥਿਰ ਰੱਖਣ ਦੀ ਸ਼ਕਤੀ ਅਤੇ ਬੌਧਿਕਤਾ ਮੌਜੂਦ ਨਾ ਹੋਵੇ। ਸਵੈਮ ਹੋਂਦ ਨੂੰ ਸਥਿਰ ਰੱਖਣ ਦੀ ਸ਼ਕਤੀ ਅਤੇ ਬੌਧਿਕਤਾ ਕੇਵਲ ਆਤਮਾ ਦੇ ਵਿਰਸੇ ਵਿਚ ਹੀ ਮਹਿਫੂਜ਼ ਹੈ। ਆਸਮਾਨੀ ਸਿਧਾਂਤ ਦੇ ਆਧਾਰ 'ਤੇ ਕੋਈ ਐਸੀ ਨਾਯਾਬ ਸ਼ਕਤੀ ਅਤੇ ਬੌਧਿਕਤਾ ਇਨਸਾਨੀ ਕਾਇਆਂ ਵਿਚ ਮੌਜੂਦ ਹੈ ਜੋ ਸਮੁੱਚੀ ਜੀਵਨ ਗਤੀ ਨੂੰ ਕਿਸੇ ਵਿਸ਼ੇਸ਼ ਸੰਜਮਮਈ ਜ਼ਾਬਤੇ ਦੇ ਅਧੀਨ ਗਤੀਬੱਧ ਰੱਖਦੀ ਹੈ, ਬਸ, ਇਹੀ ਨਿਸ਼ਕਲੰਕ ਹਸਤੀ ਹੈ, ਇਹ ਆਤਮਾ ਹੈ, ਇਹੀ ਪਰਮਾਤਮਾ ਦਾ ਨਿਰਗੁਣ ਸਰੂਪ ਹੈ।

ਜਦੋਂ ਅਸੀਂ ਕਿਸੇ ਅਣਡਿੱਠੇ ਸੰਸਾਰ ਦੀ ਵਿਚਾਰ ਕਰਦੇ ਹਾਂ ਅਥਵਾ ਅਧਿਆਤਮਵਾਦ ਪ੍ਰਤਿ ਖ਼ਿਆਲਾਂ ਦੀ ਪ੍ਰਵਾਜ਼ ਨੂੰ ਇਤਨੀਆਂ ਬੁਲੰਦੀਆਂ 'ਤੇ ਲੈ ਜਾਂਦੇ ਹਾਂ ਤਦ ਹਰ ਤਰ੍ਹਾਂ ਦੀ ਵਿਗਿਆਨਿਕ ਕੌਸ਼ਲਤਾ ਅਤੇ ਹਰ ਪ੍ਰਕਾਰੀ ਕਲਾ-ਕੌਸ਼ਲਤਾ ਅਧਿਆਤਮਵਾਦੀ ਨੂੰ ਇਕ ਨਿਸ਼ਾਨੇ ਵੱਲ ਜਾਣ ਲਈ ਦਿਸ਼ਾ ਪ੍ਰਦਾਨ ਕਰਦੀਆਂ ਹਨ। ਉਹ ਨਿਸ਼ਾਨਾ ਹੈ ਇਨਸਾਨੀ ਜੀਵਨ ਦਾ ਮਨੋਰਥ ਜੋ ਸੰਪੂਰਨਤਾ ਵਿਚ ਅਭੇਦ ਹੋ ਕੇ ਸੰਪੂਰਣ ਥੀਵਣਾ ਹੈ, ਜਿਵੇਂ :

ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥

(ਬਿਲਾਵਲੁ ਮ: ੫, ਪੰਨਾ 846/17)

ਜਿਸ ਇਨਸਾਨ ਨੇ ਸਰੀਰ ਮੰਡਲ ਵਿਚ ਵਿਚਰਦੇ ਹੋਏ ਆਨੰਦਮਈ ਕੋਸ਼ ਦੀ ਪ੍ਰਾਪਤੀ ਕੀਤੀ ਅਥਵਾ ਵਾਸਤਵਿਕ ਸੰਪੂਰਣਤਾ ਵਿਚ ਲੀਨ ਹੋ ਗਿਆ; ਐਸਾ ਜੀਵ ਹੀ ਅਧਿਆਤਮਕ ਖੇਤਰ ਵਿਚ ਦੂਸਰੇ ਸਾਥੀਆਂ ਨੂੰ ਅਣ-ਡਿੱਠੀ ਦੁਨੀਆ ਪ੍ਰਤਿ ਅਗਵਾਈ ਦੇ ਸਕਦਾ ਹੈ। ਇਸ ਵਿਚ ਕੋਈ ਅਤਿ-ਕਥਨੀ ਨਹੀਂ ਹੋਵੇਗੀ, ਅਗਰ ਅਸੀਂ ਇਹ ਆਖ ਲਈਏ ਕਿ ਅਧਿਆਤਮਕ ਬਿਬੇਕਤਾ ਹੀ ਇਕ ਐਸੀ ਸੁਖੱਲਤਾ ਹੈ ਜੋ ਸਮੁੱਚੇ ਸੰਸਾਰ ਨੂੰ ਕਿਸੇ ਵਿਸ਼ੇਸ਼ ਨੇਮਾਵਲੀ ਵਿਚ, ਕਿਸੇ ਖ਼ਾਸ ਮਰਯਾਦਾ ਵਿਚ, ਕਿਸੇ ਸਰਬ-ਵਿਆਪੀ ਸਿਧਾਂਤ ਦੇ ਅਧੀਨ, ਸ਼ਾਸਨਬੱਧ/ਰੂਲ ਕਰਨ ਦੀ ਯੋਗਤਾ ਰੱਖਦੀ ਹੈ, ਜਿਵੇਂ :

It is justified in taking the name wisdom; for it is the function of the wise to rule the others.

ਐਸੀ ਵਿਚਾਰ ਕਰਨੀ ਸੰਭਵ ਹੋਵੇਗੀ ਅਗਰ ਅਸੀਂ ਚੇਤਨਤਾ ਦੇ ਖੇਤਰ ਵਿਚ ਵਿਚਰਦੇ ਹੋਏ ਇਸ ਵਿਸ਼ੇ 'ਤੇ ਧਿਆਨ ਦਈਏ ਕਿ ਵਾਸਤਵਿਕ ਤੌਰ

'ਤੇ ਇਹ ਬਿਬੇਕਤਾ, ਦਾਨਸ਼ਮੰਦੀ ਅਥਵਾ ਸੂਝ ਬੂਝ (wisdom) ਹੈ ਕੀ ਵਸਤੂ ? ਜਿਸ ਦੇ ਆਧਾਰ 'ਤੇ ਇਕ ਦਾਨਸ਼ਮੰਦ ਇਨਸਾਨ ਦੂਜਿਆਂ ਦੇ ਪ੍ਰਤਿਕਰਮ ਉੱਚ ਪਦਵੀ ਨੂੰ ਪ੍ਰਾਪਤ ਕਰਦਾ ਅਤੇ ਹਰ ਪ੍ਰਕਾਰੀ ਖੇਤਰ ਵਿਚ ਦੂਜਿਆਂ 'ਤੇ ਨਿਜੀ ਸ਼ਾਸਨਿਕ ਸੁਖੱਲਤਾ ਸਥਾਪਨ ਕਰਦਾ ਹੈ। ਅਗਰ ਕੋਈ ਇਨਸਾਨ ਜਿਸਮਾਨੀ ਤੌਰ 'ਤੇ ਬਹੁਤ ਸ਼ਕਤੀਸ਼ਾਲੀ ਹੋਵੇ ਪ੍ਰੰਤੂ ਸੂਝ ਬੂਝ ਦੇ ਦਾਇਰੇ ਵਿਚ ਅਤਿ ਹੀਣਤ ਹੋਵੇ, ਉਹ ਇਕ ਅੱਛਾ ਆਗਿਆਕਾਰੀ ਟਹਿਲੂਆ ਤਾਂ ਹੋ ਸਕਦਾ ਹੈ ਮਗਰ ਅੱਛਾ ਸ਼ਾਸਕ/ਹੁਕਮਰਾਨ ਨਹੀਂ ਬਣ ਸਕਦਾ। ਅਗਰ ਕਿਸੇ ਸਮਾਜੀ ਕਮਜ਼ੋਰੀ ਦੇ ਕਾਰਣ ਐਸਾ ਅਬਿਬੇਕੀ ਇਨਸਾਨ ਆਗੂ ਬਣ ਭੀ ਜਾਵੇ, ਤਦ ਉਹ ਸਮੁੱਚੀ ਮਾਨਵਤਾ ਪ੍ਰਤਿ ਅਤਿ ਗੰਭੀਰ ਖ਼ਤਰੇ ਦੀ ਨਿਸ਼ਾਨੀ ਹੋਵੇਗਾ। ਉਸ ਦੀ ਇਕ ਲਮਹੇ ਦੀ ਕੀਤੀ ਗ਼ਲਤੀ ਦਾ ਖ਼ਮਿਆਜ਼ਾ ਸਦੀਆਂ ਵਾਸਤੇ ਸਾਰੀ ਮਾਨਵਤਾ/ਕੌਮ ਨੂੰ ਭੁਗਤਣਾ ਹੀ ਪਵੇਗਾ, ਜਿਵੇਂ :

> ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥
> ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥
>
> *(ਸੂਹੀ ਮ: ੧, ਪੰਨਾ 767/2)*

ਜੋ ਵਿਅਕਤੀ ਸਵੈਮ ਰੂਪ ਵਿਚ ਸਹੀ ਮਾਰਗ ਦੀ ਜਾਣਕਾਰੀ ਨਹੀਂ ਰੱਖਦਾ, ਉਸ ਵਿਚ ਦੂਜਿਆਂ ਨੂੰ ਰਸਤਾ ਵਿਖਾਲਣ ਦੀ ਸਮਰੱਥਾ ਕਦੀ ਭੀ ਨਹੀਂ ਹੋ ਸਕਦੀ। ਇਸ ਚਿੱਤਰ ਦੇ ਪ੍ਰਤਿਕੂਲ, ਜੋ ਇਨਸਾਨ ਸੂਝ ਬੂਝ ਦੀ ਸੁਖੱਲਤਾ ਰੱਖਦਾ ਹੈ ਉਹ ਮੁਤਾਬਿਕ ਹੀ ਦੂਜਿਆਂ ਦਾ ਆਗੂ ਅਤੇ ਸਿਰਮੌਰ ਹੁੰਦਾ ਹੈ। ਇਸ ਦਾ ਅੰਤ੍ਰੀਵੀ ਭਾਵ ਇਹ ਹੋਇਆ ਕਿ ਬਿਬੇਕਤਾ ਹੀ ਵਿਸ਼ੇਸ਼ਤਾ ਦੀ ਜਨਮਦਾਤੀ ਹੈ। ਬਿਬੇਕਤਾ ਅਤੇ ਵਿਸ਼ੇਸ਼ਤਾ ਦੇ ਸੰਗਮ ਦੁਆਰਾ ਸੂਝ ਬੂਝ ਦੀ ਪ੍ਰਾਪਤੀ ਹੁੰਦੀ ਹੈ। ਗ਼ਰਜ਼ੇਕਿ, ਇਹ ਤਿੰਨੇ ਗੁਣ ਤਾਣੇ ਪੇਟੇ ਦੀ ਨਿਆਈਂ ਜੁੜ ਕੇ ਸਮੁੱਚੇ ਸੰਸਾਰ ਦੇ ਸਮਾਜਕ, ਆਰਥਕ, ਰਾਜਨੀਤਕ, ਅਧਿਆਤਮਕ ਅਤੇ ਸਭਿਅਕ ਜੈਸੇ ਖੇਤਰਾਂ ਵਿਚ ਲਗਪਗ ਸਾਰੀ ਮਾਨਵਤਾ ਨੂੰ ਸ਼ਾਸਨਬੱਧ ਕਰਦੇ ਹਨ। ਇਨ੍ਹਾਂ ਸਾਰੀਆਂ ਦਾਤਾਂ ਦਾ ਪ੍ਰਾਪਤ ਕਰਨਾ, ਜੀਵ ਦੇ ਵਸੀਕਾਰ ਨਹੀਂ ਹੈ। ਚੁਨਾਂਚਿ, ਇਨ੍ਹਾਂ ਸੌਗ਼ਾਤਾਂ ਦਾ ਸੁਆਮੀ ਕੇਵਲ ਅਤੇ ਕੇਵਲ ਇਕ ਅਦੁੱਤੀ ਵਾਹਿਗੁਰੂ ਹੈ। ਜੋ ਇਨਸਾਨ ਦੰਭੀ, ਕਪਟੀ, ਭੇਖੀ ਦਿਖਾਵੇ ਅਤੇ ਹਉਮੈ ਜੈਸੀਆਂ ਉਪਾਧੀਆਂ ਨੂੰ ਤਿਆਗ ਕੇ ਕੇਵਲ ਵਾਹਿਗੁਰੂ ਦੇ ਪਾਵਨ ਭੈ ਵਿਚ ਜੀਵਨ ਬਤੀਤ ਕਰਦਾ ਹੈ, ਉਸ ਨੂੰ ਬਿਬੇਕਤਾ, ਵਿਸ਼ੇਸ਼ਤਾ ਅਤੇ ਸੂਝ ਬੂਝ ਜੈਸੀਆਂ ਦਾਤਾਂ ਵਾਹਿਗੁਰੂ ਦੇ ਦਰ ਤੋਂ ਬਖ਼ਸ਼ਸ਼ ਵਜੋਂ ਪ੍ਰਾਪਤ ਹੁੰਦੀਆਂ ਹਨ। ਬਸ, ਇਹੀ ਉਹ ਬਖ਼ਸ਼ਸ਼ਾਂ ਹਨ ਜੋ ਸਮੁੱਚੇ ਸੰਸਾਰ ਨੂੰ ਸ਼ਾਸਨਿਕ ਤੌਰ 'ਤੇ ਹਰ ਖੇਤਰ ਵਿਚ ਆਪਣੇ ਅਧੀਨ ਰਹਿਣ ਲਈ ਮਜਬੂਰ ਕਰਦੀਆਂ ਹਨ। ਖ਼ਿਆਲ

ਰਹੇ, ਕੋਈ ਇਨਸਾਨ ਜਾਂ ਕੋਈ ਭੀ ਸੰਸਥਾ ਸ਼ਾਸਨਿਕ ਤੌਰ 'ਤੇ ਦੂਜਿਆਂ ਦੇ ਅੰਤਰ-ਮੁਖੀ ਜਾਂ ਬਾਹਰ-ਮੁਖੀ ਮਾਮਲਿਆਂ 'ਤੇ ਕਾਬਜ਼/ਅਧਿਕਾਰਤ ਨਹੀਂ ਹੋ ਸਕਦੀ, ਬਲਕਿ ਬਿਬੇਕਤਾ, ਵਿਸ਼ੇਸ਼ਤਾ ਅਤੇ ਸੂਝ ਬੂਝ ਜੈਸੀਆਂ ਸ਼ਕਤੀਆਂ ਹੀ ਸਮੁੱਚੇ ਬ੍ਰਹਮੰਡ ਨੂੰ ਸ਼ਾਸਨਬੱਧ ਕਰਦੀਆਂ ਹਨ। ਇਨ੍ਹਾਂ ਅਦੁੱਤੀ ਦਾਤਾਂ ਦੀ ਪ੍ਰਾਪਤੀ ਦਾ ਸਾਧਨ ਕੇਵਲ ਰੱਬੀ ਰਹਿਮਤ ਹੀ ਆਖੀ ਜਾ ਸਕਦੀ ਹੈ। ਰੱਬੀ ਰਹਿਮਤ ਦੀ ਪ੍ਰਾਪਤੀ ਹਿਤ, ਉਸ ਦੇ ਭੈ ਵਿਚ ਜੀਵਨ ਬਤੀਤ ਕਰਨਾ ਹੀ ਸਫਲਤਾ ਹੈ, ਜਿਵੇਂ :

ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ ॥
ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ ॥੧॥
ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥
ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥

(ਬਿਲਾਵਲੁ ਮ: ੫, ਪੰਨਾ 814/10)

ਬਿਬੇਕੀ ਕੌਸ਼ਲਤਾ ਅਥਵਾ ਕਲਾ ਕੌਸ਼ਲਤਾ ਐਸੀਆਂ ਅਗੰਮੀ ਦਾਤਾਂ ਹਨ ਜੋ ਇਨਸਾਨੀ ਸੂਝ ਬੂਝ ਅਥਵਾ ਬੌਧਿਕਤਾ ਦੇ ਖੇਤਰ ਵਿਚ ਪ੍ਰਵੇਸ਼ ਕਰਨ ਦਾ ਮਾਣ ਪ੍ਰਾਪਤ ਕਰਦੀਆਂ ਹਨ। ਉਕਤ ਦਰਸਾਏ ਨੈਤਿਕ ਲੱਛਣਾਂ ਨੂੰ ਵਧੇਰੇ ਪਰਖ ਦੀ ਕਸਵੱਟੀ 'ਤੇ ਪਰਖਣ ਹਿਤ, ਤਿੰਨਾਂ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਜਿਵੇਂ 1. ਅੰਤ੍ਰੀਵੀ ਸੂਝ ਬੂਝ ਨਾਲ ਸੰਪਰਕ ਕਰਨ ਦੀ ਵਿਧੀ, 2. ਬਿਬੇਕਤਾ ਅਤੇ ਬੌਧਿਕਤਾ ਦਾ ਸਥਾਨ, 3. ਸਦਾਚਾਰਕ ਨੈਤਿਕਤਾ।

1. ਅੰਤ੍ਰੀਵੀ ਸੂਝ ਬੂਝ ਨਾਲ ਸੰਪਰਕ ਕਰਨ ਦੀ ਵਿਧੀ : ਅੰਤ੍ਰੀਵੀ ਸੂਝ ਬੂਝ ਨੂੰ ਸਮਝਣ ਹਿਤ ਬਹੁਤ ਹੀ ਲਾਜ਼ਮੀ ਹੈ ਕਿ ਅਸਾਨੂੰ ਇਹ ਜਾਣਕਾਰੀ ਹੋਵੇ ਕਿ ਜਿਸ ਵਸਤੂ ਜਾਂ ਵਿਸ਼ੇ ਪ੍ਰਤਿ ਅਸੀਂ ਨਿਰਣੈ ਕਰਨਾ ਲੋਚਦੇ ਹਾਂ, ਉਸ ਵਸਤੂ ਅਥਵਾ ਵਿਸ਼ੇ ਦਾ ਕਾਰਣ ਕੀ ਹੈ। ਕਾਰਨ ਦਾ ਮਾਲੂਮ ਹੋਣਾ ਅਸਾਨੂੰ ਉਸ ਨਿਰਣੈ 'ਤੇ ਲੈ ਜਾਂਦਾ ਹੈ, ਜਿਸ ਦੀ ਪ੍ਰਤੱਖਤਾ ਅਸੀਂ ਪ੍ਰਗਟ ਕਰਨੀ ਲੋਚਦੇ ਹਾਂ। ਹਰ ਇਕ ਕਰਣ, ਵਜੂਦ ਅਤੇ ਕਰਮ ਦਾ ਕਾਰਣ, ਕੇਵਲ ਇਕ ਵਾਹਿਗੁਰੂ ਅਤੇ ਉਸ ਦੇ ਅਧੀਨ ਜੀਵਾਤਮਾ ਹੈ। ਜੀਵਾਤਮਾ ਐਸੀ ਸ਼ਕਤੀ ਹੈ ਜੋ ਸਾਰੀਆਂ ਸਰੀਰਕ ਸ਼ਕਤੀਆਂ ਨੂੰ ਲਾਮਬੰਦ ਕਰਦੀ ਅਤੇ ਕਰਣ ਕਾਰਣ ਸਮਰੱਥ ਹੈ, ਜਿਵੇਂ :

ਦਾਨਾ ਕੈ ਸਿਰਿ ਦਾਨੁ ਵੀਚਾਰਾ ॥ ਕਰਣ ਕਾਰਣ ਸਮਰਥੁ ਅਪਾਰਾ ॥
ਕਰਿ ਕਰਿ ਵੇਖੈ ਕੀਤਾ ਅਪਣਾ ਕਰਣੀ ਕਾਰ ਕਰਾਇਦਾ ॥੧੫॥

(ਮਾਰੂ ਮ: ੧, ਪੰਨਾ 1035/7)

ਉਕਤ ਦਰਸਾਏ ਵਿਚਾਰ ਦੁਆਰਾ ਇਹ ਸਿੱਧ ਹੋਇਆ ਕਿ ਕੇਵਲ

ਵਾਹਿਗੁਰੂ ਹੀ ਐਸੀ ਅਟੱਲਤਾ ਹੈ ਜੋ ਹਰ ਤਰ੍ਹਾਂ ਦੇ ਕਮਾਲ ਦਾ ਸਿਰਮੌਰ, ਪਵਿੱਤਰ, ਸਰਬੱਗ, ਸਰਬ-ਵਿਆਪਕ ਅਤੇ ਕਾਦਰੇ ਹਰ ਕਾਰ ਹੈ। ਬਿਬੇਕਤਾ, ਬੌਧਿਕਤਾ, ਅੰਤ੍ਰੀਵੀ ਸੂਝ ਬੂਝ, ਉਸ ਦੀਆਂ ਬਖ਼ਸ਼ਸ਼ਾਂ ਹਨ। ਇਨ੍ਹਾਂ ਦੀ ਪ੍ਰਾਪਤੀ ਦਾ ਢੰਗ ਉਸ ਦੇ ਭੈ ਵਿਚ ਵਿਚਰਦੇ ਹੋਏ, ਹਰ ਘਟ ਵਿਚੋਂ ਉਸ ਦੀ ਹਸਤੀ ਨੂੰ ਅਨੁਭਵ ਕਰਨਾ ਹੈ। ਐਸੇ ਗੁਰਮੁਖਿ ਜਨਾਂ ਦੇ ਚਰਨਾਂ ਵਿਚ ਸੰਸਾਰੀ ਬਾਦਸ਼ਾਹੀਆਂ ਪਨਾਹਗੀਰ ਹੋਣ ਲਈ ਤਰਸਦੀਆਂ ਹਨ।

2. ਬਿਬੇਕਤਾ ਅਤੇ ਬੌਧਿਕਤਾ ਦਾ ਸਥਾਨ : ਕਿਸੇ ਦੀ ਬਿਬੇਕਤਾ ਅਤੇ ਬੌਧਿਕਤਾ ਦਾ ਅਨੁਮਾਨ ਕਰਨ ਵੇਲੇ ਤੁਲਨਾਤਮਕ ਵਿਧੀ ਦੁਆਰਾ ਇਹ ਨਿਰਣੈ ਕਰਨਾ ਪਵੇਗਾ ਕਿ ਵਾਸਤਵਿਕ ਤੌਰ 'ਤੇ ਬਿਬੇਕਤਾ ਅਤੇ ਬੌਧਿਕਤਾ ਦਾ ਭੰਡਾਰਾ ਕਿਥੇ ਹੈ ? ਇਸ ਵਿਸ਼ੇ ਪ੍ਰਤਿ ਅੰਤਮ ਨਿਰਣੈ ਕਰਨ ਹਿਤ, ਪਾਵਨ ਗੁਰਬਾਣੀ ਦਾ ਓਟ ਆਸਰਾ ਗ੍ਰਹਿਣ ਕਰਨਾ ਹੀ ਸਹੀ ਅਤੇ ਵਾਜਬ ਸਾਧਨ ਹੈ। ਜੀਵ ਦੇ ਆਪਣੇ ਵਸ ਵਿਚ ਨਹੀਂ ਹੈ ਕਿ ਉਹ ਬਿਬੇਕੀ, ਬੌਧਿਕ ਸੰਪੰਨ ਅਤੇ ਸੂਝ ਬੂਝ ਦਾ ਤਰਜਮਾਨ ਹੋ ਬੈਠੇ। ਬੌਧਿਕਤਾ ਅਤੇ ਦਾਨਸ਼ਮੰਦੀ ਦਾ ਹਾਸਿਲ ਹੋਣਾ ਕੇਵਲ ਵਾਹਿਗੁਰੂ ਦੀ ਰਹਿਮਤ 'ਤੇ ਹੀ ਨਿਰਭਰ ਹੈ। ਜਿਸ ਜੀਵ 'ਤੇ ਰਹਿਮਤ ਹੋ ਜਾਵੇ, ਉਹ ਬਿਬੇਕੀ ਸੂਝ ਬੂਝ ਅਤੇ ਬੁੱਧੀਵਾਨੀ ਦਾ ਮਰਤਬਾ ਹਾਸਿਲ ਕਰਦਾ ਹੈ, ਜਿਵੇਂ :

> **ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ ॥**
> **ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ ॥**
>
> *(ਆਸਾ ਮ: ੧, ਪੰਨਾ 359/17)*

ਬਿਬੇਕਤਾ, ਬੌਧਿਕਤਾ ਅਤੇ ਸੂਝ ਬੂਝ ਪ੍ਰਤਿ ਨਿਰਣੈ ਕਰਨ ਲੱਗਿਆਂ ਹਰ ਪ੍ਰਕਾਰ ਦੀ ਵਸਤੂ ਅਤੇ ਮਨੋਰਥ ਨੂੰ ਧਿਆਨ ਵਿਚ ਰੱਖਦਿਆਂ, ਸਮਾਨਤਾ ਦੀ ਦ੍ਰਿਸ਼ਟੀ ਦੁਆਰਾ ਨਿਰਣੈ ਕਰਨਾ ਲਾਜ਼ਮੀ ਹੈ, ਤਾਂਕਿ ਵਿਸ਼ੇਸ਼ਤਾ ਦੀ ਸਾਰਥਿਕ ਰੂਪ-ਰੇਖਾ ਉਲੀਕਣ ਵੇਲੇ ਕਿਸੇ ਤਰ੍ਹਾਂ ਦੇ ਮੁਗਾਲਤੇ ਵਿਚ ਨਾ ਆ ਜਾਈਏ। ਕਿਉਂਕਿ ਬਿਬੇਕਤਾ, ਵਿਸ਼ੇਸ਼ਤਾ ਅਤੇ ਸੂਝ ਬੂਝ ਨੇ ਦੂਸਰਿਆਂ ਨੂੰ ਸ਼ਾਸਨਬੱਧ ਕਰਨਾ ਹੈ। ਇਨ੍ਹਾਂ ਤਿੰਨਾਂ ਹੀ ਲੱਛਣਾਂ ਨੂੰ ਅੰਤਮ ਰੂਪ ਦੇਣ ਤੋਂ ਪਹਿਲਾਂ ਅਥਵਾ ਵਸਤੂ ਦੀ ਮਨੋਨੀਤੀ ਤੋਂ ਪਹਿਲਾਂ ਅਤਿਅੰਤ ਹੀ ਆਵਸ਼ਕ ਹੈ ਕਿ ਹਰ ਵਸਤੂ ਦੇ, ਹਰ ਵਿਅਕਤੀ ਦੇ, ਨੈਤਿਕ ਪੱਖ ਨੂੰ ਲਾਜ਼ਮੀ ਹੀ ਘੋਖਿਆ ਜਾਵੇ।

3. ਸਦਾਚਾਰਕ ਨੈਤਿਕਤਾ : ਜਿਸ ਵਸਤੂ ਜਾਂ ਜਿਸ ਇਨਸਾਨ ਦਾ ਦੂਜਿਆਂ ਦੀ ਜ਼ਿੰਦਗੀ ਨਾਲ ਵਾਸਤਾ/ਸਰੋਕਾਰ ਹੋਵੇ, ਉਥੇ ਬਹੁਤ ਹੀ ਜ਼ਰੂਰੀ ਹੁੰਦਾ ਹੈ ਕਿ ਇਸ ਵਸਤੂ ਅਥਵਾ ਇਸ ਇਨਸਾਨ ਦਾ ਜੀਵਨ ਚਰਿੱਤਰ ਕੈਸਾ

ਹੈ ? ਸਮੁੱਚੇ ਜੀਵਨ ਪ੍ਰਤਿ, ਇਸ ਦਾ ਵਿਹਾਰ ਕੈਸਾ ਹੈ ? ਇਸ ਦੀ ਨਿਤਾਪ੍ਰਤਿ ਜੀਵਨੀ ਕੈਸੇ ਵਾਤਾਵਰਨ ਵਿਚ ਬਤੀਤ ਹੁੰਦੀ ਹੈ ? ਗਰਜ਼ੇਕਿ, ਹਰ ਇਕ ਇਨਸਾਨ ਦੀ ਜ਼ਿੰਦਗੀ ਦਾ ਮੱਯਾਰ ਉਹੀ ਕੁਝ ਹੁੰਦਾ ਹੈ, ਜੈਸੀ ਸੰਗਤਿ, ਸਭਾ, ਸੁਸਾਇਟੀ ਅਤੇ ਅੰਜਮਨ ਵਿਚ ਉਹ ਵਿਚਰਦਾ ਹੋਵੇ। ਨਿਰਸੰਦੇਹ ਉਸ ਇਨਸਾਨ ਦਾ ਜੀਵਨ ਓਹੀ ਕੁਝ ਹੁੰਦਾ ਹੈ ਜੈਸੇ ਵਾਤਾਵਰਣ ਵਿਚ ਉਹ ਰੁਚੀ ਰੱਖਦਾ ਹੋਵੇ। ਜਿਵੇਂ :

Every human being would have been influence by environment. Make it well, environment shape us, make us think we do.

ਜ਼ਿੰਦਗੀ ਦੇ ਹਰ ਖੇਤਰ ਵਿਚ ਤੁਸੀਂ ਵੇਖੋਗੇ ਕਿ ਹਰ ਇਨਸਾਨ ਦੀ ਨਿਤਾਪ੍ਰਤਿ ਖ਼ਸਲਤ/ਸੁਭਾਉ, ਸ਼ਿਸ਼ਟਾਚਾਰ, ਵਿਹਾਰ, ਜੀਵਨ ਵਰਤਾਰਾ, ਸਭਿਅਕ ਜਾਂ ਅਸਭਿਅਕ ਜੀਵਨ, ਖਾਣ ਪੀਣ ਦਾ ਢੰਗ, ਗੱਲਬਾਤ ਕਰਨ ਦਾ ਤਰੀਕਾ, ਮਨੋਰੰਜਨ ਦੀ ਰਤੀ, ਗਰਜ਼ੇਕਿ, ਹਰ ਪ੍ਰਕਾਰ ਦੀ ਖ਼ਾਨਦਾਨੀ ਰਵਿਸ਼, ਹਰ ਵਿਅਕਤੀ ਦੇ ਵਾਤਾਵਰਣ 'ਤੇ ਨਿਰਭਰ ਹੁੰਦੀ ਹੈ।

ਇਸ ਤੋਂ ਹੋਰ ਮਹੱਤਵਪੂਰਣ ਵਿਸ਼ਾ ਤਾਂ ਇਹ ਹੈ ਕਿ ਅਸਾਡੀ ਸੋਚ-ਵਿਚਾਰ ਦਾ ਖੇਤਰ, ਜੀਵਨ ਦਾ ਮਨੋਰਥ, ਜ਼ਿੰਦਗੀ ਦਾ ਅੰਦਾਜ਼, ਅੰਤ੍ਰੀਵੀ ਮਨੋ ਵਿਰਤੀ, ਅਸਾਡੇ ਆਪੇ ਦੀ ਵਾਸਤਵਿਕਤਾ ਦੇ ਚੱਕਰ ਚਿਹਨ ਅਥਵਾ ਰੂਪ-ਰੇਖਾ ਜੈਸੀਆਂ ਉਪਾਧੀਆਂ ਨਿਰੋਲ ਅਸਾਡੇ ਵਾਤਾਵਰਣ ਦੀ ਉਪਜ ਹੀ ਹੁੰਦੀਆਂ ਹਨ।

ਨਕਾਰਾਤਮਕ ਲੋਕਾਂ ਦੀਆਂ ਸਭਾ ਸੁਸਾਇਟੀਆਂ ਵਿਚ ਪ੍ਰਵੇਸ਼ ਕਰਨਾ ਅਸਾਡੀ ਵਿਚਾਰ-ਸ਼ੈਲੀ ਨੂੰ ਭੀ ਨਸ਼ਿੱਧਾਤਮਕ ਬਣਾ ਦਿੰਦਾ ਹੈ। ਨੀਚ ਪੁਰਸ਼ਾਂ ਦੀ ਸੰਗਤਿ ਕੀਤਿਆਂ ਅਸਾਡੀ ਰੁਚੀ ਵਿਚ ਨੀਚਤਾ ਵਿਕਸਤ ਹੁੰਦੀ ਹੈ। ਇਸ ਚਿੱਤਰ ਦੇ ਦੂਜੇ ਪਾਸੇ, ਅਗਰ ਅਸਾਡੀ ਮਿੱਤਰਤਾ ਮਹਾਨ ਪੁਰਸ਼ਾਂ ਅਥਵਾ ਉਚੇ ਮਨੋਰਥ ਵਾਲੇ ਸਤਿਸੰਗੀਆਂ ਨਾਲ ਹੋਵੇਗੀ, ਉਹ ਅਸਾਡੀ ਵਿਚਾਰ-ਸ਼ੈਲੀ ਦੇ ਪੱਧਰ ਨੂੰ ਉੱਚਾ ਉਠਾਉਣ ਵਿਚ ਸਹਾਇਕ ਹੋਵੇਗੀ। ਉਤਸ਼ਾਹਪੂਰਣ ਵਿਅਕਤੀਆਂ ਦੀ ਮਹਿਫ਼ਲ ਵਿਚ ਬੈਠਿਆਂ ਅਸਾਡੀ ਜ਼ਿੰਦਗੀ ਦਾ ਢਾਂਚਾ, ਅਸਾਡੀ ਸਵੈਮਤਾ, ਅਸਾਡੀ ਅਕਾਂਖਿਆ (ਇੱਛਾ), ਜੀਵਨ ਦੀ ਅਵਸਥਾ ਆਦਿ, ਆਮ ਕਰਕੇ ਅਸਾਡੇ ਮਨੋਵਿਗਿਆਨਿਕ ਵਾਤਾਵਰਣ ਦਾ ਹੀ ਪਰਿਣਾਮ ਹੁੰਦਾ ਹੈ। ਗਰਜ਼ੇਕਿ, ਬਿਬੇਕੀ ਅਤੇ ਸੂਝ ਬੂਝ ਵਾਲੇ ਪ੍ਰਵੀਨ ਪੁਰਸ਼ਾਂ ਦਾ ਸਮੁਦਾਇ ਇਸ ਖ਼ਿਆਲ ਨਾਲ ਸਹਿਮਤ ਹੈ ਕਿ ਅਸਾਡੀ ਜੀਵਨੀ ਦਾ ਭਵਿਖ ਕਾਲ, ਨਿਰਸੰਦੇਹ ਅਸਾਡੇ ਚਾਲੂ ਵਾਤਾਵਰਣ 'ਤੇ ਨਿਰਭਰ ਹੋਵੇਗਾ। ਸਿੱਟਾ ਇਹ ਨਿਕਲਿਆ ਕਿ ਜੈਸੀ ਸੰਗਤਿ ਤੈਸਾ ਫਲ; ਤੈਸੀ ਰੂਪ-ਰੇਖਾ, ਤੈਸਾ ਚੱਕਰ-ਚਿਹਨ ਹੋਵੇਗਾ, ਜਿਵੇਂ :

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥੮੬॥

(ਸਲੋਕ ਕਬੀਰ, ਪੰਨਾ 1369/1)

ਨਖਿੱਧਾਤਮਕ ਸੰਗਤਿ ਕੀਤਿਆਂ ਜੀਵ ਦਾ ਵਾਤਾਵਰਣ ਭੀ ਨਸ਼ਿੱਧ ਹੋਇ ਨਿਬੜਦਾ ਹੈ। ਜਿਵੇਂ ਕੰਡਿਆਲੀ ਬੇਰੀ ਦੀ ਸੰਗਤਿ ਹੋਣ ਕਰਕੇ ਕੇਲੇ ਦੀ ਸੂਖਸ਼ਮ ਪੱਧਤਾ ਭੀ ਵਲੂੰਧਰੀ ਅਥਵਾ ਚੀਰੀ ਜਾਂਦੀ ਹੈ, ਮਿਸਾਲ ਵਜੋਂ,

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥੮੮॥

(ਸਲੋਕ ਕਬੀਰ, ਪੰਨਾ 1369/3)

ਸਕਾਰਾਤਮਕ ਬੈਠਕ ਵਿਚ ਬੈਠਿਆਂ ਜੀਵ ਦਾ ਵਾਤਾਵਰਣ ਭੀ ਸਕਾਰਾਤਮਕ ਹੋਇ ਨਿਬੜਦਾ ਹੈ। ਸੱਚ ਦੀ ਪ੍ਰਾਪਤੀ ਵਾਸਤੇ ਆਵਸ਼ਕ ਹੈ ਕਿ ਅਸਾਡਾ ਵਾਤਾਵਰਣ ਭੀ ਸੱਚਾ ਅਤੇ ਨੈਤਿਕਤਾ ਭਰਪੂਰ ਹੋਵੇ। ਸੰਸਾਰ ਦੀ ਹਰ ਵਸਤੂ ਸੱਚ ਤੋਂ ਅਥਵਾ ਪ੍ਰਮੇਸ਼ਵਰ ਤੋਂ ਥੱਲੇ ਹੈ, ਪ੍ਰਮੇਸ਼ਵਰ ਸਭ ਤੋਂ ਉਪਰ ਹੈ ਪ੍ਰੰਤੂ ਸੱਚ ਦੀ ਪ੍ਰਾਪਤੀ ਵਾਸਤੇ ਜੀਵ ਦਾ ਆਚਰਣ ਆਵਸ਼ਕ ਹੈ, ਜਿਵੇਂ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥

(ਸਿਰੀਰਾਗੁ ਮ: ੧, ਪੰਨਾ 62/11)

ਇਸ ਬ੍ਰਹਿਮੰਡ ਦੀ ਹਰ ਵਸਤੂ ਸੱਚ ਤੋਂ ਥੱਲੇ ਹੈ, ਸੱਚ ਸਾਰਿਆਂ ਤੋਂ ਉਪਰ ਹੈ, ਪ੍ਰੰਤੂ ਸੱਚ ਦੀ ਪ੍ਰਾਪਤੀ ਵਾਸਤੇ ਸੁਅੱਛ ਆਚਰਣ ਹੋਣਾ ਆਵਸ਼ਕ ਹੈ। ਉਕਤ ਦਰਸਾਏ ਸਿਧਾਂਤ ਦੇ ਅਨੁਸਾਰ ਸੱਚ ਦੀ ਪ੍ਰਤੱਖਤਾ ਹਿਤ, ਸੁਲਝੀ ਹੋਈ ਨੈਤਿਕਤਾ ਜ਼ਰੂਰੀ ਹੈ, ਨਿਰਸੰਦੇਹ, ਏਸੇ ਸਿਧਾਂਤ ਦੇ ਅਧੀਨ ਆਤਮਾ ਦੀ ਗ਼ੈਬੀ ਸ਼ਕਤੀ, ਆਤਮਕ ਵਿਸ਼ੇਸ਼ਤਾ, ਆਤਮਕ ਬੌਧਿਕਤਾ, ਆਤਮਕ ਸੂਝ ਬੂਝ ਨੂੰ ਪ੍ਰਤੱਖਤਾ ਦੇ ਖੇਤਰ ਵਿਚ ਗਤੀਬੱਧ ਕਰਨ ਹਿਤ ਅਥਵਾ ਕ੍ਰਿਆਸ਼ੀਲਤਾ ਦੇ ਦਾਇਰੇ ਵਿਚ ਕਰਮਬੱਧ ਕਰਨ ਲਈ ਸਰੀਰਕ ਗਿਆਨ ਇੰਦ੍ਰੀਆਂ ਦੀ ਵਰਤੋਂ ਕਰਨੀ ਆਸਮਾਨੀ ਕ੍ਰਿਆ ਦਾ ਅਵਿੱਛੜ ਅੰਗ ਹੈ।

ਅਗਰ ਮਨ ਬੁੱਧੀ ਅਤੇ ਗਿਆਨ ਇੰਦ੍ਰੀਆਂ ਨੈਤਿਕਤਾ ਦੇ ਖੇਤਰ ਵਿਚ ਪਰਿਵਰਤ ਹੋ ਰਹੀਆਂ ਹਨ, ਤਦ ਹਰ ਪ੍ਰਕਾਰ ਦੀ ਆਤਮਕ ਕ੍ਰਿਆ-ਸ਼ੈਲੀ ਭੀ ਆਸਮਾਨੀ ਰੰਗ ਵਿਚ ਰਤੀ ਹੋਵੇਗੀ। ਇਸ ਚਿੱਤਰ ਦੇ ਦੂਜੇ ਪਾਸੇ, ਅਗਰ ਮਨ, ਬੁੱਧੀ ਅਤੇ ਦਸੇ ਇੰਦ੍ਰੀਆਂ ਨਿਸ਼ੇਧਾਤਮਕ ਦਾਇਰੇ ਵਿਚ ਪਰਿਵਰਤ ਹਨ, ਤਦ ਆਤਮਾ ਦੀ ਕ੍ਰਿਆ-ਸ਼ੈਲੀ ਭੀ ਨਖਿੱਧਾਤਮਕ ਹੋਵੇਗੀ। ਆਪ ਜੀ ਪਿਛਲੇ ਪੰਨਿਆਂ ਵਿਚ ਭਲੀ ਪ੍ਰਕਾਰ ਪੜ੍ਹ ਆਏ ਹੋ ਕਿ ਆਤਮਾ ਦੀ ਵਾਸਤਵਿਕਤਾ

ਇਕ ਨਿਰਗੁਣ ਹੋਂਦ ਹੈ ਜੋ ਹਰ ਤਰ੍ਹਾਂ ਦੀ ਸੰਭਾਵੀ ਸ਼ਕਤੀ, ਬੌਧਿਕਤਾ, ਸਿਸ਼ੋਕਤਾ ਅਤੇ ਸੂਝ ਬੂਝ ਦੀ ਸਰਬ ਸਮਰੱਥ ਅਗਮਤਾ ਦੁਆਰਾ ਪਰੀਪੂਰਣ ਹੋ ਰਹੀ ਹੈ। ਪ੍ਰੰਤੂ, ਇਨ੍ਹਾਂ ਅਗੰਮੀ ਸ਼ਕਤੀਆਂ ਦੀ ਪ੍ਰਤੱਖਤਾ ਵਾਸਤੇ ਸਰੀਰਕ ਵਸਤੂ, ਸਰੀਰਕ ਰੂਪ-ਰੇਖਾ ਅਤੇ ਸਰੀਰਕ ਸਮਾਸ ਦੀ ਲੋੜ ਹੈ, ਜਿਸ ਦੀ ਪੂਰਤੀ ਹਿਤ, ਗਿਆਨ ਇੰਦ੍ਰੀਆਂ, ਮਨ, ਬੁੱਧੀ ਅਤੇ ਸਰੀਰਕ ਅੰਗਾਂ ਦਾ ਸੰਯੁਕਤ ਸੰਪਰਕ ਹੋਣਾ ਲਾਜ਼ਮੀ ਹੈ, ਜਿਸ ਦੇ ਆਧਾਰ 'ਤੇ ਆਤਮਾ ਦੀ ਸਰਬ ਸਮਰਥਕ ਸ਼ਕਤੀ ਪ੍ਰਗਟ ਹੁੰਦੀ ਹੈ। ਸਭ ਤੋਂ ਮਹੱਤਵਪੂਰਣ ਵਿਸ਼ਾ ਤਾਂ ਇਹ ਹੈ ਕਿ ਅਗਰ ਮਨ, ਬੁੱਧੀ ਅਤੇ ਗਿਆਨ ਇੰਦ੍ਰੀਆਂ ਅਥਵਾ ਪੰਚ-ਮੁਖੀ ਅੰਸ਼ ਸਦਾਚਾਰੀ ਦਾਇਰੇ ਵਿਚ ਵਿਚਰਦੇ ਹਨ, ਤਦ ਆਤਮਾ ਦੀ ਹਰ ਕ੍ਰਿਆ ਸੁਅਸਤਅਵਸਥੀ ਹੋਵੇਗੀ। ਇਸ ਚਿੱਤਰ ਦੇ ਵਿਪਰੀਤ ਅਗਰ ਮਨ, ਬੁੱਧੀ ਅਤੇ ਪੰਚ-ਮੁਖੀ ਇੰਦ੍ਰੀਆਂ ਦੀ ਰੁਚੀ ਨਖਿੱਧਾਤਮਕ ਖੇਤਰ ਵਿਚ ਵਿਚਰਦੀ ਹੈ, ਤਦ ਨਿਰਸੰਦੇਹ, ਆਤਮਾ ਦੀ ਕਰਮ-ਸ਼ੈਲੀ ਭੀ ਨਖਿੱਧਾਤਮਕ ਹੋਵੇਗੀ। ਇਹੀ ਵਿਸ਼ੇਸ਼ ਕਾਰਣ ਹੈ ਕਿ ਪਾਵਨ ਗੁਰਬਾਣੀ ਦੁਆਰਾ ਮਨ, ਬੁੱਧੀ, ਸਰੀਰਕ ਅੰਗਾਂ ਅਤੇ ਪੰਚ-ਮੁਖੀ ਗਿਆਨ ਇੰਦ੍ਰੀਆਂ ਦੀ ਪਵਿੱਤਰਤਾ ਪ੍ਰਤਿ ਬਾਰ ਬਾਰ ਤਾੜਨਾ ਕੀਤੀ ਗਈ ਹੈ ਤਾਂ ਕਿ ਆਤਮਾ ਦੀ ਕ੍ਰਿਆ-ਸ਼ੈਲੀ ਭੀ ਸਕਾਰਾਤਮਕ ਦਾਇਰੇ ਵਿਚ ਵਿਚਰਦੀ ਹੋਈ ਜੀਵਨ ਮਨੋਰਥ (ਅਭੇਦਤਾ) ਦੀ ਪ੍ਰਾਪਤੀ ਕਰ ਸਕੇ, ਜਿਵੇਂ :

> **ਉਸਤਤਿ ਮਨ ਮਹਿ ਕਰਿ ਨਿਰੰਕਾਰ ॥ ਕਰਿ ਮਨ ਮੇਰੇ ਸਤਿ ਬਿਉਹਾਰ ॥**
> **ਨਿਰਮਲ ਰਸਨਾ ਅੰਮ੍ਰਿਤੁ ਪੀਉ ॥ ਸਦਾ ਸੁਹੇਲਾ ਕਰਿ ਲੇਹਿ ਜੀਉ (ਆਤਮਾ) ॥**
> **ਨੈਨਹੁ ਪੇਖੁ ਠਾਕੁਰ ਕਾ ਰੰਗੁ ॥ ਸਾਧਸੰਗਿ ਬਿਨਸੈ ਸਭ ਸੰਗੁ ॥**
> **ਚਰਨ ਚਲਉ ਮਾਰਗਿ ਗੋਬਿੰਦ ॥ ਮਿਟਹਿ ਪਾਪ ਜਪੀਐ ਹਰਿ ਬਿੰਦ ॥**
> **ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥ ਹਰਿ ਦਰਗਹ ਨਾਨਕ ਊਜਲ ਮਥਾ ॥੨॥**
>
> *(ਗਉੜੀ ਸੁਖਮਨੀ ਮ: ੫, ਪੰਨਾ 281/6)*

ਨੋਟ : 1. ਇਥੇ ਤਕ ਆਤਮਾ ਪ੍ਰਤਿ ਵਿਚਾਰਧਾਰਾ ਸਮਾਪਤ ਹੁੰਦੀ ਹੈ। ਜਿਸ ਵਿਚ ਆਤਮਾ, ਆਤਮਾ ਦੀ ਸੁਅਸਤਅਵਸਥਾ, ਕੀ ਆਤਮਾ ਸਥੂਲ ਵਸਤੂ ਹੈ ? ਕੀ ਮਨੁੱਖੀ ਆਤਮਾ ਜੀਵਨ ਨਿਰਬਾਹ ਸ਼ਕਤੀ ਹੈ ? ਕੀ ਮਨੁੱਖੀ ਆਤਮਾ ਵਸਤੂ ਅਤੇ ਚੱਕਰ-ਚਿਹਨ ਦਾ ਸਮਾਸ ਹੈ ? ਕੀ ਆਤਮਾ ਜੀਵਨ ਦਾ ਵਾਸਤਵਿਕ ਗੁਣ ਹੈ ? ਪੰਚ-ਮੁਖੀ ਗਿਆਨ ਅਤੇ ਆਤਮਾ ਆਦਿ ਵਿਸ਼ਿਆਂ 'ਤੇ ਵੀਚਾਰ ਕੀਤੀ ਗਈ ਹੈ। ਆਸ ਹੈ ਆਪ ਜੀ ਇਸ ਵਿਚਾਰਧਾਰਾ ਪ੍ਰਤਿ ਸਹਿਯੋਗ ਦੇਵੋਗੇ।

2. ਇਥੇ ਤਕ ਪਹਿਲਾ ਪਰਕਰਣ ਸਮਾਪਤ ਕਰਨ ਦੀ ਆਗਿਆ ਲੋਚਦੇ ਹਾਂ। ਜਿਸ ਵਿਚ ਪ੍ਰਕਿਰਤੀ, ਸਰੀਰ ਮੰਡਲ, ਉਤਪਾਦਨ ਦਾ ਨਵੀਨ

ਸਿਧਾਂਤ, ਮਨੁੱਖੀ ਸਰੀਰ, ਵਾਹਿਗੁਰੂ ਪ੍ਰਤਿ ਜ਼ਿੰਮੇਵਾਰੀਆਂ, ਸਮਾਜੀ ਜ਼ਿੰਮੇਵਾਰੀਆਂ, ਵਾਹਿਗੁਰੂ ਦਾ ਭੈ, ਮਨ ਦੀ ਸੋਚ, ਬਚਨ ਅਭਿਆਸ, ਚਾਲੂ ਸਮੇਂ ਦੀ ਸਮੱਸਿਆ, ਕਰਮ ਅਭਿਆਸ, ਵਾਸਤਵਿਕ ਸ਼ਕਤੀ, ਹਿਰਦਾ, ਮਨ, ਮਨ ਦਾ ਨਿਵਾਸ ਸਥਾਨ, ਮਨ ਦੀਆਂ ਤਰੰਗਾਂ, ਮਨ ਦੀ ਇਕਸਾਰਤਾ ਅਤੇ ਆਤਮਾ ਪ੍ਰਤਿ ਖੁੱਲ੍ਹੀ ਵਿਚਾਰ ਆਦਿ ਵਿਸ਼ਿਆਂ 'ਤੇ ਵਿਚਾਰ ਕੀਤੀ ਗਈ ਹੈ। ਇਸ ਤੋਂ ਅਗਲੇਰੇ ਪੰਨਿਆਂ ਵਿਚ ਸੰਸਾਰ ਮੰਡਲ ਪ੍ਰਤਿ ਖ਼ਿਆਲਾਂ ਦਾ ਵਟਾਂਦਰਾ ਕਰਨ ਦੀ ਆਗਿਆ ਚਾਹਾਂਗੇ।

(ਮਿਤਿ : ਨਵੰਬਰ 3, 1999, ਐਬਟਸਫੋਰਡ, ਕੈਨੇਡਾ)

2

ਸੰਸਾਰ ਮੰਡਲ

2.23 ਪ੍ਰਕਿਰਤੀ ਦੇ ਨਿਜ਼ਾਮ ਨੂੰ ਬੁੱਧੀ ਦੇ ਦਾਇਰੇ ਵਿਚ ਉਲੀਕਣ ਵਾਸਤੇ ਪੰਜਾਂ ਭਾਗਾਂ ਵਿਚ ਵਿਭਾਜਨ ਕੀਤਾ ਗਿਆ ਹੈ। ਜਿਨ੍ਹਾਂ ਵਿਚ ਪਹਿਲਾ ਭਾਗ ਸਰੀਰ ਮੰਡਲ ਹੈ ਜੋ ਕਿ ਇਸ ਤੋਂ ਪਿਛਲੇ ਪੰਨਿਆਂ ਵਿਚ ਆ ਚੁੱਕਾ ਹੈ। ਹੁਣ ਆਪ ਜੀ ਦੀ ਸੇਵਾ ਵਿਚ ਇਸ ਦਾ ਦੂਜਾ ਪ੍ਰਕਰਣ 'ਸੰਸਾਰ ਮੰਡਲ' ਪੇਸ਼ ਕੀਤਾ ਜਾ ਰਿਹਾ ਹੈ। ਸੰਸਾਰ ਮੰਡਲ ਦੋ ਸ਼ਬਦਾਂ ਦਾ ਸੰਯੁਕਤ ਹੈ। ਜਿਵੇਂ :

1. ਸੰਸਾਰ : ਸੰ; ਪੁ: ਜਿਸ ਦਾ ਭਾਵ, ਜਗਤ, ਦੁਨੀਆ, ਸ੍ਰਿਸ਼ਟੀ, ਜਹਾਨ, ਧਰਤੀ, ਪ੍ਰਿਥਵੀ, ਮਾਤ-ਲੋਕ, ਖੇਤਰ, ਦਾਇਰਾ, ਚੱਕਰ, ਕੁਰੱ-ਏ-ਅਰਜ਼, ਆਲਮ, ਮੌਜੂਦਾ ਜ਼ਿੰਦਗੀ, ਮੌਜੂਦਾਤ, ਖ਼ਲਕਿ ਅੱਲਾਹ, ਹੋਂਦ ਜਾਂ ਹੈਸੀਅਤ, ਬਹੁਤੀਆਂ ਚੀਜ਼ਾਂ ਦਾ ਸੰਯੁਕਤ, ਭਾਰੀ ਸੰਖਿਆ, ਵੱਡੀ ਗਿਣਤੀ, ਦੁਨਿਆਵੀ ਧੰਦੇ, ਦੁਨੀਆ ਦੇ ਲੋਗ, ਕੋਠੇ ਮਕਾਨ, ਆਦਿ।

World : 1. The earth with inhabitants and all things upon it. 2. Individual course of life, 3. Inhabitants of the earth.

2. ਮੰਡਲ : ਸੰ; ਪੁ: ਦਾਇਰਾ, ਘੇਰਾ, ਚੱਕਰ, ਗੁਲਾਈ, ਕਿਸੇ ਵਸਤੂ ਦੀ ਗੋਲਾਕਾਰ ਸ਼ਕਲ, ਬਹੁਤੀਆਂ ਵਸਤੂਆਂ ਦਾ ਸੰਗ੍ਰਹਿ, ਮਿਲਵਾਂ, ਮਖ਼ਲੂਤ, ਮਿਲਾ ਜੁਲਾ, ਰੱਲਮੱਲ, ਆਮੇਜ਼ਸ਼, ਆਦਿ। (Compound, to form by combining parts)

ਬ੍ਰਹਮੰਡੀ ਅਨੰਤਤਾ ਦੀ ਅਸੀਮਤਾ ਵਿਚ ਅਸਾਡੀ ਪ੍ਰਿਥਵੀ ਅਗਿਣਤ ਗੋਲਾ-ਚੱਕਰਾਂ ਵਿਚੋਂ, ਲਗਪਗ ਸਭ ਤੋਂ ਛੋਟੇ ਅਤੇ ਅਤਿ ਨਿੱਕੇ ਨਿੱਕੇ ਮੰਡਲਾਂ ਵਿਚੋਂ ਇਕ ਹੈ। ਸ਼ਾਇਦ, ਅਸੀਂ ਕਦੀ ਭੀ ਇਹ ਨਾ ਸੋਚਿਆ ਹੋਵੇ ਕਿ ਅਸਾਡੀ ਦੁਨੀਆ, ਬ੍ਰਹਮੰਡੀ ਗੋਲਾਕਾਰਾਂ ਦੇ ਪ੍ਰਤਿਕਰਮ ਬਹੁਤ ਛੋਟੀ ਹੋਵੇਗੀ। ਹਾਲਾਂਕਿ, ਇਸ ਮਾਤ-ਲੋਕ ਦੀ ਦੁਨੀਆ ਅਸਾਡੇ ਵਾਸਤੇ ਅਤਿ ਆਵਸ਼ਕ ਅਤੇ ਸਮੂਲਚੇ ਬ੍ਰਹਮੰਡ ਦਾ ਅਧਿਕਤਮ (ਮਹੱਤਵਪੂਰਣ) ਭਾਗ ਹੈ। ਅਸਾਡਾ ਸੰਸਾਰ ਮੰਡਲ ਸਮੁੱਚੇ ਬ੍ਰਹਮੰਡੀ ਜੀਵਨ ਦਾ ਇਕ ਮਹਾਨ ਟਿਕਾਣਾ, ਅਤਿ

ਸੁੰਦਰ ਘਰ, ਰਿਹਾਇਸ਼ੀ ਮੰਦਰ ਅਤੇ ਹਰ ਪ੍ਰਕਾਰੀ ਲੋੜਾਂ ਪੂਰੀਆਂ ਕਰਨ ਵਾਲਾ ਨਿਕਾਸੀ ਸੋਮਾ ਹੈ। ਪੁਰਾਤਨ ਸਮੇਂ ਦੇ ਆਰੰਭ ਤੋਂ ਹੀ ਸੰਸਾਰੀ ਜੀਵਾਂ ਨੇ ਨਿਜੀ ਜੀਵਨ ਦੇ ਨਿਰਬਾਹ ਵਾਸਤੇ, ਧੀਰੇ ਧੀਰੇ ਇਸ ਪ੍ਰਿਥਵੀ ਦੇ ਅਮੁੱਲੇ ਪਦਾਰਥਾਂ ਦੀ ਵਰਤੋਂ ਪ੍ਰਤਿ ਜਾਣਕਾਰੀ ਅਤੇ ਸਿਖਲਾਈ ਆਰੰਭ ਦਿੱਤੀ। ਅਤੀਤ ਸਮੇਂ ਦੇ ਵਸਨੀਕ ਲੋਕਾਂ ਦੀ ਸੂਝ ਬੂਝ ਦਾ ਦਾਇਰਾ ਪਿਛਲੇ ਹਜ਼ਾਰਾਂ ਹੀ ਵਰਸ਼, ਕੇਵਲ ਨਿਜੀ ਖ਼ੁਰਾਕ ਅਤੇ ਸਾਧਾਰਨ ਬਸਤ੍ਰਾਂ ਦੀ ਪ੍ਰਾਪਤੀ ਤਕ ਹੀ ਸੀਮਤ ਸੀ। ਲਗਪਗ ਉਨ੍ਹਾਂ ਦੇ ਰਿਹਾਇਸ਼ੀ ਮਕਾਨ ਪਹਾੜਾਂ ਦੀਆਂ ਕੰਦਰਾਂ ਅਥਵਾ ਬਨਸਪਤੀ, ਕੱਖਾਂ ਕਾਨਿਆਂ, ਬਿਰਛਾਂ ਦੀਆਂ ਟਾਹਣੀਆਂ ਅਤੇ ਉਨ੍ਹਾਂ ਦੇ ਪੱਤਿਆਂ ਦੁਆਰਾ ਹੀ ਬਣਾਏ ਜਾਂਦੇ ਸਨ। ਰਿਸ਼ੀ ਮਾਰਕੰਡਾ ਦੀ ਗਾਥਾ ਉਕਤ ਖ਼ਿਆਲ ਨੂੰ ਸਮਝਣ ਹਿਤ ਬਹੁਤ ਹੀ ਲਾਭਦਾਇਕ ਹੋਵੇਗੀ। ਜਿਵੇਂ :

ਮਾਰਕੰਡੇ[1] ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥

(ਧਨਾਸਰੀ ਨਾਮਦੇਵ, ਪੰਨਾ 692/18)

ਪ੍ਰਿਥਵੀ ਦੇ ਜੀਵਾਂ ਦੀ ਸੂਝ ਬੂਝ ਅਤਿ ਧੀਮੀ ਗਤੀ ਦੁਆਰਾ ਉੱਨਤੀ ਕਰਦੀ ਰਹੀ, ਚੁਨਾਂਚਿ, ਕਦੀ ਕਦੀ ਉੱਨਤੀ ਦੀ ਗਤੀ ਥੋੜ੍ਹੀ ਤੇਜ਼ੀ ਵਿਚ ਭੀ ਗਮਨ ਕਰਦੀ ਰਹੀ। ਕੁਝ ਸਮਾਂ ਬਤੀਤ ਹੋਣ ਉਪਰੰਤ ਉਨ੍ਹਾਂ ਨੇ ਛੋਟੇ ਛੋਟੇ ਕਬੀਲਿਆਂ ਵਿਚ ਰਹਿਣਾ ਆਰੰਭ ਕੀਤਾ। ਜਿਵੇਂ ਜਿਵੇਂ ਕਾਲ-ਚੱਕਰ ਦਾ ਦੌਰ ਅੱਗੇ ਵਧਦਾ ਗਿਆ, ਦੁਨੀਆ ਦੇ ਇਨਸਾਨ ਨੇ ਪਹਾੜੀ ਕੰਦ੍ਹਾਂ ਅਤੇ ਕੱਖਾਂ ਕਾਨਿਆਂ ਦੀਆਂ ਝੌਂਪੜੀਆਂ ਦੇ ਥਾਂ ਛੋਟੇ-ਛੋਟੇ ਮਕਾਨ, ਪਿੰਡ ਅਤੇ ਦਰਮਿਆਨੇ ਦਰਜੇ ਦੇ ਸ਼ਹਿਰਾਂ ਦੀ ਉਸਾਰੀ ਆਰੰਭ ਦਿੱਤੀ। ਵਾਸਤਵਿਕ ਤੌਰ 'ਤੇ ਸਮੇਂ ਦੀ ਗਤੀ ਦਾ ਨਾਮ ਹੀ ਕਾਲ-ਚੱਕਰ ਅਥਵਾ ਯੁਗ-ਗਰਦੀ ਆਖਿਆ ਜਾਂਦਾ ਹੈ। ਜਿਸ ਸਮੇਂ ਵਿਚ ਜੈਸੀ ਘਟਨਾ ਬੀਤੀ ਹੋਵੇ, ਉਸ ਤਵਾਰੀਖ਼ੀ ਘਟਨਾ ਦੇ ਆਧਾਰ 'ਤੇ ਪ੍ਰਿਥਵੀ ਦੇ ਕਾਲ-ਚੱਕਰਾਂ ਦੀ ਨਿਯੁਕਤੀ ਹੁੰਦੀ ਰਹੀ। ਜਿਵੇਂ, ਸਤਯੁਗ, ਤ੍ਰੇਤਾ, ਦੁਆਪਰ ਅਤੇ ਕਲਯੁਗ, ਆਦਿ। ਪ੍ਰੰਤੂ, ਪੱਛਮੀ ਵਿਦਵਾਨਾਂ ਨੇ ਸਮੇਂ ਦੀ ਪ੍ਰਣਾਲੀ ਨੂੰ ਧਿਆਨ ਵਿਚ ਰੱਖਦਿਆਂ ਕੁਝ ਵੱਖਰੇ ਸੰਕੇਤ ਦਿੱਤੇ ਹਨ। ਹਾਲਾਂਕਿ, ਜਦੋਂ ਅਸੀਂ ਇਨ੍ਹਾਂ ਦੂਹਾਂ ਖ਼ਿਆਲਾਂ ਦਾ ਤਵਾਜ਼ਨ (ਮਾਪ-ਤੋਲ) ਕਰਦੇ ਹਾਂ, ਲਗਪਗ ਕਾਲ-ਚੱਕਰ ਦੇ ਦੋਵੇਂ ਖ਼ਿਆਲ ਸਮਾਨਤਾ ਪ੍ਰਗਟਾਉਂਦੇ ਹਨ। ਆਪ ਜੀ ਦੀ ਵਧੇਰੇ ਜਾਣਕਾਰੀ ਹਿਤ, ਦੂਹਾਂ ਖ਼ਿਆਲਾਂ ਦਾ ਚਿੱਤਰ ਪੇਸ਼ ਕਰਨ ਦੀ ਆਗਿਆ ਚਾਹਾਂਗੇ। ਜਿਵੇਂ :

ਸਮੇਂ ਦੀ ਵੰਡ : ਪੌਰਾਣਿਕ ਗਾਥਾ ਦੇ ਅਨੁਸਾਰ ਚਾਰ ਯੁਗ ਦਰਸਾਏ ਗਏ

---

1. ਮਾਰਕੰਡੇ ਦੀ ਹੋਰ ਜਾਣਕਾਰੀ ਹਿਤ, ਦੇਖੋ; *ਸ੍ਰੀ ਮਦ ਭਾਗਵਤ,* ਸਕੰਧ 11-12, ਪੰਨੇ 552-553.

ਹਨ ਅਤੇ ਚੌਹਾਂ ਹੀ ਯੁਗਾਂ ਦੀ ਆਯੂ ਭੀ ਭਿੰਨ ਭਿੰਨ ਕਰ ਕੇ ਦਰਸਾਈ ਗਈ ਹੈ। ਜਿਵੇਂ, ਸਤਜੁਗ 17,28,000 ਸਾਲ; ਤ੍ਰੇਤਾ 12,96,000 ਸਾਲ; ਦੁਆਪਰ 8,64,000 ਸਾਲ; ਕਲਜੁਗ 4,32,000 ਸਾਲ। ਸੰਸਾਰਿਕ ਕਾਲ ਅਵਸਥਾ ਨੂੰ ਆਸਾਨੀ ਨਾਲ ਸਮਝਣ ਹਿਤ, ਕਈ ਇਕ ਭਾਗਾਂ ਵਿਚ ਵਿਭਾਜਨ ਕੀਤਾ ਜਾ ਸਕਦਾ ਹੈ। ਜਿਵੇਂ :

1. ਨਿਰਜੀਵ ਕਾਲ (Azoic era): ਇਹ ਸਮਾਂ ਪ੍ਰਿਥਵੀ ਕਾਲ ਦਾ ਆਰੰਭਕ ਸਮਾਂ ਆਖਿਆ ਜਾਂਦਾ ਹੈ ਜਿਸ ਵਿਚ ਪਹਿਲੇ ਦੋ ਅਰਬ (2,000,000,000) ਸਾਲ ਦੀ ਆਯੂ ਸ਼ਾਮਿਲ ਹੈ। ਉਸ ਸਮੇਂ ਇਸ ਗੋਲਾਕਾਰ ਦੇ ਚਾਰ ਚੁਫੇਰੇ ਧੁੰਧੂਕਾਰੀ ਅੰਧੇਰਾ ਪਸਰਿਆ ਹੋਇਆ ਸੀ। ਧੁੰਧੂਕਾਰ ਦਾ ਅਰਥ ਹੈ, ਅਨਿਕ ਪਰਕਾਰੀ ਗੈਸ ਸਮੱਗਰੀ ਅਤੇ ਧੂੜ, ਘੱਟਾ, ਮਿੱਟੀ ਦੁਆਰਾ ਉਤਪੰਨ ਹੋਏ ਗਰਦੋ-ਗ਼ੁਬਾਰ, ਆਦਿ। ਸਿੱਟਾ ਇਹ ਨਿਕਲਿਆ ਕਿ ਧੁੰਧੂਕਾਰੀ ਕਾਲ ਵਿਚ ਪ੍ਰਿਥਵੀ ਦੇ ਹਰ ਪਾਸੇ ਗੈਸਾਂ ਦੀ ਹੋਂਦ ਦੇ ਕਾਰਣ ਸਮੁੱਚੀ ਪ੍ਰਿਥਵੀ ਇਕ ਦ੍ਰਵਸ਼ੀਲ (ਪਿਘਲਿਆ ਹੋਇਆ) ਗੋਲਾਕਾਰ ਸੀ। ਨਿਰਜੀਵ ਕਾਲ ਦੇ ਦੌਰਾਨ ਹੀ ਦੋ ਗੈਸਾਂ (ਆਕਸੀਜਨ ਅਤੇ ਹਾਈਡਰੋਜਨ) ਦੇ ਮਿਲਾਪ ਦੁਆਰਾ ਜਲ-ਸਾਗਰਾਂ ਦੀ ਹੋਂਦ ਭੀ ਵਜੂਦ ਵਿਚ ਆਈ, ਜਿਸ ਦੇ ਆਧਾਰ 'ਤੇ ਅਸਾਡੀ ਪ੍ਰਿਥਵੀ ਦਾ ਵਾਤਾਵਰਣ ਆਰੰਭ ਹੋਇਆ। ਪਾਵਨ ਗੁਰਬਾਣੀ ਵਿਚ ਇਸ ਨਿਰਜੀਵਤ ਕਾਲ ਦੀ ਉਪਾਧੀ ਧੁੰਧੂਕਾਰੀ ਅਵਸਥਾ ਦੁਆਰਾ ਪ੍ਰਗਟਾਈ ਗਈ ਹੈ, ਜਿਵੇਂ :

ਕੇਤੜਿਆ ਜੁਗ ਧੁੰਧੂਕਾਰੈ ॥ ਤਾੜੀ ਲਾਈ ਸਿਰਜਣਹਾਰੈ ॥
ਸਚੁ ਨਾਮੁ ਸਚੀ ਵਡਿਆਈ ਸਾਚੈ ਤਖਤਿ ਵਡਾਈ ਹੇ ॥੨॥

(ਮਾਰੂ ਮ: ੧, ਪੰਨਾ 1023/12)

ਧੁੰਧੂਕਾਰੀ ਅਵਸਥਾ ਦੇ ਦੌਰਾਨ ਉਸ ਕਰਤਾ ਪੁਰਖ ਨੇ ਨਿਰਗੁਣ ਅਵਸਥਾ ਵਿਚ ਲੀਨਤਾ ਧਾਰਨ ਕੀਤੀ ਹੋਈ ਸੀ। ਉਸ ਰਚਨਹਾਰ ਦਾ ਨਾਮ ਅਤੇ ਉਸ ਦੀ ਸੋਭਾ ਸਦੀਵੀ ਥਿਰ ਹੈ, ਐਸੀ ਵਡਿਆਈ ਕੇਵਲ ਵਾਹਿਗੁਰੂ ਦੇ ਸੱਚੇ ਸਿੰਘਾਸਣ ਵਾਸਤੇ ਹੀ ਵਰਤੀ ਜਾ ਸਕਦੀ ਹੈ ਜਿਸ ਨੇ ਜੀਵਨ ਦੀ ਹੋਂਦ ਤੋਂ ਪਹਿਲਾਂ ਇਸ ਸ੍ਰਿਸ਼ਟੀ ਨੂੰ ਧੁੰਧੂਕਾਰੀ ਅਵਸਥਾ ਵਿਚ ਰੱਖਿਆ ਅਤੇ ਸਾਰੀਆਂ ਲੋੜੀਂਦੀਆਂ ਦਾਤਾਂ, ਹਰ ਤਰ੍ਹਾਂ ਦੀ ਲੋੜੀਂਦੀ ਸਮੱਗਰੀ ਇਕੋ ਵਾਰ ਹੀ ਸ੍ਰਿਸ਼ਟੀ ਦੇ ਦਾਮਨ ਵਿਚ ਭਰ ਦਿੱਤੀ, ਤਾਂਕਿ ਇਸ ਦੁਨੀਆ ਵਿਚ ਪੈਦਾ ਹੋਣ ਵਾਲੇ ਜੀਵ ਜੰਤੂ, ਖਾਨ ਪਾਨ ਅਤੇ ਪਹਿਰਾਨ ਦੇ ਮਸਲੇ ਵਿਚ ਨਿਸ਼ਚਿੰਤ ਹੋ ਕੇ ਉਸ ਪ੍ਰਭੂ ਦਾ ਸ਼ੁਕਰਾਨਾ ਕਰ ਸਕਣ, ਜਿਵੇਂ :

ਜੋ ਕਿਛੁ ਪਾਇਆ ਸੁ ਏਕਾ ਵਾਰ ॥ ਕਰਿ ਕਰਿ ਵੇਖੈ ਸਿਰਜਣਹਾਰੁ ॥

(ਜਪੁਜੀ, 7/5)

ਧੁੰਧੂਕਾਰੀ ਕਾਲ ਤੋਂ ਉਪਰੰਤ ਸਿਰਜਣਹਾਰ ਨੇ ਸੁਜੀਵਤ ਅਵਸਥਾ ਨੂੰ ਆਰੰਭ ਕਰਨ ਦੀ ਇੱਛਾ ਪ੍ਰਗਟਾਈ ਹੈ। ਉਸ ਦੀ ਇੱਛਾ ਦੇ ਅਨੁਸਾਰ ਹੀ ਅਰਬਦ ਨਰਬਦ, ਕਾਲ ਗਤੀ ਦਾ ਅੰਤ ਹੁੰਦਾ ਹੈ। ਫਿਰ ਉਸ ਦੇ ਭਾਣੇ ਅਨੁਸਾਰ ਸੁਜੀਵਤ ਰਚਨਾ ਦਾ ਆਰੰਭ ਹੋਇਆ, ਜਿਵੇਂ :

ਕੇਤੜਿਆ ਦਿਨ ਗੁਪਤੁ ਕਹਾਇਆ ॥ ਕੇਤੜਿਆ ਦਿਨ ਸੁੰਨਿ ਸਮਾਇਆ ॥
ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ ॥੧੨॥

(ਮਾਰੂ ਮ: ੫, ਪੰਨਾ 1081/18)

ਲਗਪਗ ਦੋ ਅਰਬ ਵਰਸ਼ ਧੁੰਧੂਕਾਰੀ ਅਵਸਥਾ ਤੋਂ ਉਪਰੰਤ ਵਾਹਿਗੁਰੂ ਨੇ ਨਿਜੀ ਕਲਾ ਦਾ ਪ੍ਰਗਟਾਵਾ ਕਰਦੇ ਹੋਏ, ਇਸ ਸੰਸਾਰ ਦੀ ਰਚਨਾ ਕੀਤੀ, ਜਿਥੋਂ 'ਪੁਰਾਤਨ ਕਾਲ ਜਾਂ ਅਪ੍ਰਚਲਿਤ' ਸਮੇਂ ਦਾ ਆਰੰਭ ਹੋਇਆ, ਜਿਵੇਂ :

ਆਪੇ ਸਕਤੀ ਸਬਲੁ ਕਹਾਇਆ ॥ ਆਪੇ ਸੂਰਾ ਅਮਰੁ ਚਲਾਇਆ ॥

(ਮਾਰੂ ਮ: ੫, ਪੰਨਾ 1081/19)

2. **ਪੁਰਾਤਨ ਕਾਲ ਜਾਂ ਅਪ੍ਰਚਲਿਤ ਸਮਾਂ** (Archeozoic era[1]) : ਸ਼ੂੰਨਯ ਅਵਸਥਾ ਤੋਂ ਬਾਅਦ ਪ੍ਰਿਥਵੀ ਦਾ ਰਚਨ-ਕਾਲ ਆਰੰਭ ਹੁੰਦਾ ਹੈ, ਜਿਸ ਦੀ ਪਰਿਭਾਸ਼ਾ ਪੁਰਾਤਨ ਕਾਲ ਦੇ ਨਾਂ ਦੁਆਰਾ ਪ੍ਰਸਿੱਧ ਹੈ। ਇਸ ਕਾਲ ਵਿਚ ਸਮੁੱਚੀ ਜ਼ਿੰਦਗੀ ਦੀ ਪੁਰਾਤਨ ਰੂਪ-ਰੇਖਾ ਲਪੇਟੀ ਹੋਈ ਹੈ। ਇਸ ਕਾਲ ਦੇ ਇਤਿਹਾਸ ਵਿਚ ਜ਼ਿੰਦਗੀ ਦੇ ਮਹੱਤਵਪੂਰਨ ਅਤੇ ਅਵਿਕਸਿਤ ਚਿੱਤਰਾਂ ਦਾ ਅਨੁਮਾਨ ਕੀਤਾ ਗਿਆ ਹੈ, ਜਿਸ ਵਿਚ ਰੋਗਾਣੂ (ਬੈਕਟੀਰੀਆ) ਜੀਵਨ ਅਤੇ ਛੋਟੇ ਛੋਟੇ ਪੌਦੇ ਪ੍ਰਿਥਵੀ ਦੇ ਤਲ 'ਤੇ ਵਜੂਦ ਵਿਚ ਆਏ, ਤਾਂਕਿ ਇਨਸਾਨੀ ਜੀਵਨ ਤੋਂ ਪਹਿਲਾਂ ਬਨਸਪਤੀ ਅਤੇ ਲਘੂ ਜੀਵਨੀ, ਮਨੁੱਖਾ ਜੀਵਨ ਦੀ ਵਰਤੋਂ ਵਾਸਤੇ ਉਪਲਬਧ ਹੋ ਸਕੇ। ਇਸ ਕਾਲ ਦੇ ਦੌਰਾਨ ਹੀ ਧਰਤੀ ਦੇ ਪੇਟ ਵਿਚ ਅਨੇਕਾਂ ਤਰ੍ਹਾਂ ਦੇ ਖਣਿਜ ਪਦਾਰਥ ਜਿਵੇਂ, ਲੋਹਾ, ਤਾਂਬਾ, ਸੋਨਾ, ਚਾਂਦੀ, ਪਿੱਤਲ ਅਤੇ ਸਿੱਕਾ ਆਦਿ ਹੋਂਦ ਵਿਚ ਆਏ, ਤਾਂਕਿ ਦੁਨੀਆ ਦਾ ਇਨਸਾਨ ਜੀਵਨ-ਗਤੀ ਨੂੰ ਰੁਮਕਦੀ ਰੱਖਣ ਹਿਤ, ਇਨ੍ਹਾਂ ਦੀ ਵਰਤੋਂ ਕਰ ਸਕੇ। ਪੁਰਾਤਨ ਕਾਲ ਦੀ ਆਯੂ ਲਗਪਗ ਇਕ ਅਰਬ ਵਰਸ਼ ਕਾਇਮ ਰਹੀ। ਉਕਤ ਖ਼ਿਆਲਾਂ ਦੀ ਲੋਅ ਵਿਚ, ਕੀ ਅਸੀਂ ਸੋਚ ਸਕਦੇ ਹਾਂ ਕਿ ਪ੍ਰਿਥਵੀ ਦਾ ਸਮੁੱਚਾ ਜੀਵਨ ਕਿਤਨੀ ਧੀਮੀ ਵੇਗ ਦੁਆਰਾ ਅੱਜ ਦੇ ਪੜਾਅ 'ਤੇ ਪੁੱਜਾ ਅਤੇ ਇਸ ਜ਼ਿੰਦਗੀ ਦਾ ਵਿਕਾਸ ਕੈਸੀਆਂ ਗੰਭੀਰ ਅਤੇ ਕਿਨ੍ਹਾਂ ਸਥਿਤੀਆਂ ਵਿਚੋਂ ਲੰਘ ਕੇ ਅੱਜ ਦੇ ਯੁਗ ਵਿਚ ਪ੍ਰਵੇਸ਼ ਕਰ ਰਿਹਾ ਹੈ? ਖ਼ਿਆਲ ਰਹੇ, ਇਸ ਕਾਲ ਦੇ ਦੌਰਾਨ

1. For, Archeozoic, *Webster's Dictionary*, p. 58; *Geologic time table*, p. 476.

ਇਨਸਾਨੀ ਜੀਵਨ ਵਜੂਦ ਵਿਚ ਨਹੀਂ ਆਇਆ, ਕੇਵਲ ਨਿੱਕੇ ਨਿੱਕੇ ਪੌਦੇ ਅਤੇ ਬੈਕਟੇਰੀਆ ਆਦਿ ਹੀ ਹੋਂਦ ਵਿਚ ਆਏ। ਇਥੇ ਪੁਰਾਤਨ ਕਾਲ ਦੀ ਗਾਥਾ ਸਮਾਪਤ ਹੁੰਦੀ ਹੈ, ਜਿਸ ਦਾ ਉਲੇਖਣ ਨਿਮਨ ਲਿਖਤ ਦੇ ਆਧਾਰ 'ਤੇ ਨਿਰੂਪਣ ਕੀਤਾ ਗਿਆ ਹੈ, ਜਿਵੇਂ :

Archeozoic era : Relating to, or being the earliest era of geological history; also relating to the system of rocks formed in this era.

(Webster Dictionary, p. 58; Geologic time table, p. 476)

ਇਸ ਤੋਂ ਅਗਲੇਰੇ ਪੰਨਿਆਂ ਵਿਚ ਪੱਥਰ ਕਾਲ (Paleozoic era) ਪ੍ਰਤਿ ਉਲੇਖਣ ਕੀਤਾ ਜਾਵੇਗਾ, ਜਿਵੇਂ :

3. **ਪੱਥਰ ਕਾਲ** (Paleozoic era) : ਪੱਥਰ ਕਾਲ ਦਾ ਉਹ ਇਤਿਹਾਸ ਜੋ ਧਰਤ ਵਿਦਿਆ ਦੁਆਰਾ ਪ੍ਰਿਥਵੀ ਵਿਚ ਦੱਬੇ ਪੱਥਰਾਂ ਵਿਚੋਂ ਕੱਢਿਆ ਗਿਆ, ਜਿਸ ਵਿਚ ਰੀੜ੍ਹ ਦੀ ਹੱਡੀ ਤੋਂ ਬਿਨਾਂ ਬੈਕਟੇਰੀਆ ਜੈਸੇ ਜੀਵ ਅਤੇ ਪੱਥਰੀਲੇ ਪੌਦਿਆਂ ਦੀ ਪ੍ਰਾਪਤੀ, ਕੁਝ ਐਸੇ ਜੀਵ ਜੋ ਢਿੱਡ ਦੇ ਭਾਰ ਚਲਦੇ ਹਨ। ਇਹ ਜੀਵ ਪਾਣੀ ਅਤੇ ਧਰਤੀ ਦੁਹੀਂ ਥਾਂਈਂ ਪਾਏ ਗਏ। ਇਸ ਕਾਲ ਚੱਕਰ ਨੂੰ, ਪੱਥਰ ਕਾਲ ਦਾ ਆਰੰਭਕ ਸਮਾਂ ਹੀ ਆਖ ਸਕਦੇ ਹਾਂ। ਇਸ ਦਾ ਆਰੰਭਕ ਸਮਾਂ ਲਗਪਗ ਸੱਠ ਕਰੋੜ ਸਾਲ ਅਤੇ ਇਸ ਦਾ ਅੰਤਮ ਸਮਾਂ ਲਗਪਗ ਬਾਈ ਕਰੋੜ ਪੰਜਾਹ ਲੱਖ ਸਾਲ ਹੈ। ਇਸ ਕਾਲ ਚੱਕਰ ਵਿਚ ਸਮੇਂ ਦੀਆਂ ਸੱਤ ਪ੍ਰਣਾਲੀਆਂ ਪੂਰੀਆਂ ਹੋ ਜਾਂਦੀ ਹੈ, ਜਿਨ੍ਹਾਂ ਵਿਚ ਪੁਰਾਤਨ ਕਾਲ ਚੱਕਰ ਤੋਂ ਆਰੰਭ ਹੋ ਕੇ ਨਵੀਨ ਕਾਲ ਚੱਕਰ ਤਕ ਦਾ ਸਮਾਂ ਸ਼ਾਮਿਲ ਹੈ। ਪੱਥਰ ਕਾਲ ਦੇ ਯੁਗ ਵਿਚ ਅਨੇਕਾਂ ਪ੍ਰਕਾਰ ਦੀ ਜ਼ਿੰਦਗੀ ਵਜੂਦ ਵਿਚ ਆਈ, ਪ੍ਰੰਤੂ ਵਿਕਾਸ ਦੀ ਗਤੀ ਵਲੋਂ ਸੌਖਣੀ ਸੀ। ਇਸ ਕਾਲ ਦੀ ਬਾਬਤ ਨਿਮਨ ਲਿਖਤ ਦੇ ਆਧਾਰ 'ਤੇ ਭੀ ਉਲੇਖਣ ਕੀਤਾ ਜਾ ਸਕਦਾ ਹੈ, ਜਿਵੇਂ :

Paleozoic ara : Relating to, or being an era of geological history which extends from the beginning of Cambrian to the close of the Permian and is marked by the culmination of nearly all closest of invertebrates except the insect and in the later epochs of which seed-bearing plants; amphibian and reptiles first appeared; also relating to the system of rocks formed in this era.

(Webster Dictionary, p. 818;, Geologic time table)

ਇਥੇ ਪੱਥਰ ਕਾਲ ਦੀ ਗਾਥਾ ਸਮਾਪਤ ਹੁੰਦੀ ਹੈ, ਅਗਲੇਰੇ ਪ੍ਰਸੰਗ ਵਿਚ ਧਾਤੂ ਕਾਲ ਚੱਕਰ ਦੀ ਗਾਥਾ ਆਰੰਭ ਹੋਵੇਗੀ।

4. ਧਾਤੂ ਕਾਲ ਚੱਕਰ (Mesozoic era) : ਇਹ ਉਹ ਸਮਾਂ ਹੈ, ਜਿਸ ਵਿਚ ਰੀਂਗਣ ਵਾਲੇ ਜੀਵ, ਸਮੁੰਦਰੀ ਮੱਛੀਆਂ, ਪੱਥਰਾਂ ਦੀ ਸੰਖਿਆ ਭੀ ਵਧਦੀ ਗਈ। ਇਸ ਸਮੇਂ ਦਾ ਕਾਲ ਚੱਕਰ ਬਾਈ ਕਰੋੜ ਪੰਜਾਹ ਲੱਖ (22,50,00,000) ਤੋਂ ਛੇ ਕਰੋੜ ਪੰਜਾਹ ਲੱਖ (6,50,00,000) ਸਾਲ ਤਕ ਹੈ। ਇਸ ਸਮੇਂ ਦੇ ਦੌਰਾਨ ਪਾਣੀ ਵਿਚ ਪੈਦਾ ਹੋਣ ਵਾਲੇ ਬੂਟੇ (ਅਲਗਾ) ਆਦਿ ਭੀ ਉਤਪੰਨ ਹੋਏ, ਗ਼ਾਰਚੇਕਿ, ਧਰਤੀ ਦੇ ਧਰਾਤਲ 'ਤੇ ਵੱਡੀ ਸੰਖਿਆ ਵਿਚ ਹਰੇ ਭਰੇ ਬ੍ਰਿਛ ਵਜੂਦ ਵਿਚ ਆਏ। ਦਲਦਲ ਵਿਚ ਨਿੱਕੇ ਨਿੱਕੇ ਫੁੱਲਾਂ ਵਾਲੇ ਬੂਟੇ ਅਤੇ ਵੱਡੇ ਛੋਟੇ ਬਿਰਖ ਭੀ ਪੈਦਾ ਹੋਏ, ਜਿਨ੍ਹਾਂ ਨੇ ਧਰਤੀ ਨੂੰ ਹਰਿਆਵਲ ਵਿਚ ਤਬਦੀਲ ਕੀਤਾ। ਅਨੇਕ ਪ੍ਰਕਾਰ ਦੇ ਰੀਂਗਣ ਵਾਲੇ ਪਸ਼ੂ ਧਰਤੀ ਅਤੇ ਜਲ ਵਿਚ ਪੈਦਾ ਹੋਵੇ। ਲਾਵਾ ਦੇ ਉਤਪੰਨ ਹੋਣ ਕਰਕੇ ਨਵੀਂ ਧਰਤੀ ਅਤੇ ਪਰਬਤਾਂ ਦਾ ਸਿਲਸਿਲਾ ਆਰੰਭ ਹੋਇਆ। ਇਸ ਯੁਗ ਦੀ ਸੰਗਿਆ 'ਧਾਤ ਦਾ ਜ਼ਮਾਨਾ' ਅਥਵਾ (Bronze period or Mesozoic) ਕਰ ਕੇ ਆਖੀ ਜਾਂਦੀ ਹੈ। ਇਸ ਦਾ ਅੰਗਰੇਜ਼ੀ ਉਲਥਾ ਨਿਮਨ ਲਿਖਤ ਦੁਆਰਾ ਵੇਖਿਆ ਜਾ ਸਕਦਾ ਹੈ।

Mesozoic era : Relating to, or being an era of geological history including the interval between the Permian and the Tertiary and marked by the dinosaurs, marine and flying reptiles, ganoid fishes, cycads and green trees; also relating to the rocks formed in this era. *(Webster Dictionary,* Mesozoic)

ਇਸ ਤੋਂ ਅਗਲੇਰੇ ਪੰਨਿਆਂ ਵਿਚ ਹਿਮਾਨੀ (Ice period or Cenozoic) ਕਾਲ ਚੱਕਰ ਪ੍ਰਤਿ ਵਿਚਾਰ ਵਟਾਂਦਰਾ ਕਰਾਂਗੇ।

5. ਹਿਮਾਨੀ ਕਾਲ ਚੱਕਰ (Cenozoic era or Ice age) : ਇਹ ਸਮਾਂ ਛੇ ਕਰੋੜ ਪੰਜਾਹ ਲੱਖ ਸਾਲ (6,50,00,000) ਤੋਂ ਆਰੰਭ ਹੁੰਦਾ ਹੈ ਜਿਸ ਵਿਚ ਬਰਫ਼ਾਨੀ ਯੁਗ ਦੀ ਅਵਧੀ ਚਾਲੂ ਸਮੇਂ ਤਕ ਕਾਇਮ ਹੈ। ਹਿਮਾਲਿਆ ਪਰਬਤ ਇਸੇ ਕਾਲ ਚੱਕਰ ਦੇ ਦੌਰਾਨ ਵਜੂਦ ਵਿਚ ਆਇਆ ਜੋ ਬਰਫ਼ਾਨੀ ਟੁਕੜੀਆਂ (glaciers) ਅੱਜ ਕੱਲ੍ਹ ਧਰਤੀ ਦੇ ਕਈ ਇਕ ਭਾਗਾਂ ਵਿਚ ਵੇਖੀਆਂ ਜਾਂਦੀਆਂ ਹਨ, ਇਹ ਸਾਰੀਆਂ ਹੀ ਇਸੇ ਯੁਗ ਦੀ ਉਪਜ ਹਨ। ਕਈ ਦਫ਼ਾ ਇਹ ਹਿਮਾਨੀ ਟੁਕੜੇ ਵੱਡੇ ਟੁਕੜਿਆਂ ਨਾਲੋਂ ਟੁੱਟ ਕੇ ਧਰਤੀ ਦੇ ਦੂਜੇ ਭਾਗਾਂ ਵੱਲ ਆ ਜਾਂਦੇ ਹਨ, ਜਿਨ੍ਹਾਂ ਦੇ ਆਸਰੇ ਛੋਟੇ ਵੱਡੇ ਨਦੀ ਨਾਲੇ ਵਜੂਦ ਵਿਚ ਆਉਂਦੇ ਹਨ। ਇਨ੍ਹਾਂ ਦੇ ਆਸਰੇ ਪਸ਼ੂ ਪੰਛੀ ਅਤੇ ਇਨਸਾਨ, ਨਿਜੀ ਉਪਜੀਵਕਾ ਦੇ ਸਾਧਨ ਉਪਲਬਧ ਕਰਦੇ ਹਨ। ਜੋ ਬਨਸਪਤੀ, ਅਨਿਕ ਪ੍ਰਕਾਰੀ ਪਸ਼ੂ ਅਤੇ ਜ਼ਿੰਦਗੀ ਦੇ ਹੋਰ ਜਾਨਵਰ ਅਸੀਂ ਵੇਖਦੇ ਹਾਂ, ਇਹ ਸਾਰੇ

ਇਸੇ ਯੁਗ ਦੀ ਉਪਜ ਹੀ ਆਖੇ ਜਾ ਸਕਦੇ ਹਨ। ਇਨ੍ਹਾਂ ਦੇ ਸਰੀਰਕ ਆਕਾਰ ਚਾਲੂ ਸਮੇਂ ਨਾਲੋਂ ਬਹੁਤ ਛੋਟੇ ਹੁੰਦੇ ਸਨ। ਉਕਤ ਦਰਸਾਏ ਅਨੁਮਾਨ ਇਨਸਾਨੀ ਖੋਜ ਦਾ ਸਿੱਟਾ ਹੀ ਆਖੇ ਜਾ ਸਕਦੇ ਹਨ, ਜੋ ਕਿ ਚਾਲੂ ਸਮੇਂ ਵਿਚ ਭੀ ਜਾਰੀ ਹਨ ਪ੍ਰੰਤੂ ਵਾਸਤਵਿਕਤਾ ਤਾਂ ਇਹ ਹੈ ਕਿ ਓਹ ਰਚਨਹਾਰ ਹੀ ਇਸ ਰਚਨਾ ਪ੍ਰਤਿ ਸਭ ਤੋਂ ਸਹੀ ਅਤੇ ਵਾਜਿਬ ਜਾਣਕਾਰੀ ਰੱਖਦਾ ਹੈ, ਜਿਵੇਂ :

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

(ਜਪੁਜੀ, ਪੰਨਾ 4/19)

ਉਕਤ ਦਰਸਾਏ ਖ਼ਿਆਲਾਂ ਦੀ ਵਧੇਰੇ ਜਾਣਕਾਰੀ ਹਿਤ ਨਿਮਨ ਲਿਖਤ ਦਾ ਅਧਿਐਨ ਕਰਨਾ ਵਧੇਰੇ ਲਾਭਦਾਇਕ ਹੋਵੇਗਾ :

Cenozoic era or Ice age : It begun around sixty five million (65,000,000) years ago. Relating to, or being an era of geological history that extends from the beginning of the Tertiary period to the present time and is marked by a rapid evolution of mammals and birds and of grasses, shrubs, and higher flowering plants and by little change in vertebrates; also relating to the system of formed in this era. *(Webster Dictionary,* Cenozoic*)*

ਪ੍ਰਿਥਵੀ ਦੇ ਵਾਸਤਵਿਕ ਚਿੱਤਰ ਦਾ ਅਨੁਸੰਧਾਨ (ਅਧਿਐਨ) ਕਰਨਾ ਇਸ ਦੀ ਮੂਲਿਕਤਾ ਅਤੇ ਵਿਕਾਸ 'ਤੇ ਨਿਰਭਰ ਕਰਦਾ ਹੈ। ਇਸ ਪ੍ਰਤਿ ਜਾਣਕਾਰੀ ਪ੍ਰਾਪਤ ਕਰਨ ਵਾਸਤੇ ਅਸਾਨੂੰ ਕਈ ਇਕ ਵਿਸ਼ੇਸ਼ ਲੱਛਣਾਂ ਦਾ ਧਿਆਨ ਰੱਖਣਾ ਪਵੇਗਾ। ਜਿਨ੍ਹਾਂ ਵਿਚ ਚਾਰ ਚੀਜ਼ਾਂ ਦਾ ਜ਼ਿਹਨ-ਨਸ਼ੀਨ ਕਰਨਾ ਅਤਿ ਲਾਜ਼ਮੀ ਹੈ ਜਿਵੇਂ; ਪ੍ਰਿਥਵੀ ਖੇਤਰ, ਵਾਯੂ ਖੇਤਰ, ਸਾਗਰ ਖੇਤਰ ਅਤੇ ਪ੍ਰਤੱਖ ਭੂਗੋਲਿਕ ਖੇਤਰ ਦਾ ਜਾਣਨਾ ਆਵਸ਼ਕ ਹੈ। ਦੁਨਿਆਵੀ ਜ਼ਿੰਦਗੀ ਨੂੰ ਰੁਮਕਦੀ ਰੱਖਣ ਹਿਤ, ਜੋ ਸ਼ਕਤੀ ਉਸ ਸਿਰਜਣਹਾਰ ਨੇ ਏਕਾ-ਵਾਰ ਹੀ ਪ੍ਰਿਥਵੀ ਦੇ ਜ਼ੱਰੇ ਜ਼ੱਰੇ ਵਿਚ ਟਿਕਾ ਦਿੱਤੀ ਹੈ, ਉਹ ਅਨੰਤ ਸ਼ਕਤੀ ਸਦੀਵ ਕਾਲ ਹਿਤ, ਪ੍ਰਿਥਵੀ ਅਤੇ ਸਾਗਰ ਦੇ ਤਲਾਂ ਦੀ ਅਤੀਤ ਰੂਪ-ਰੇਖਾ ਨੂੰ ਤਬਦੀਲ ਕਰਦੀ ਅਤੇ ਨਵੀਨਤਾ ਬਖ਼ਸ਼ਦੀ ਹੈ ਜਿਸ ਦੇ ਆਸਰੇ ਸਮੁੱਚੀ ਜ਼ਿੰਦਗੀ ਖਾਨ ਪਾਨ ਅਤੇ ਪਹਿਰਾਨ ਜੈਸੇ ਰਸਾਂ ਨੂੰ ਮਾਣਦੀ ਹੋਈ ਜੀਵਨ ਬਤੀਤ ਕਰਦੀ ਹੈ। ਸੰਸਾਰੀ ਵਾਤਾਵਰਣ ਦਾ ਕਿਸੇ ਵਿਸ਼ੇਸ਼ ਗਰਦਿਸ਼ ਵਿਚ ਵਿਚਰਨਾ ਅਤੇ ਸਮੁੰਦਰੀ ਲਹਿਰਾਂ ਦਾ ਉਤਰਾਉ ਚੜ੍ਹਾਉ ਜ਼ਿੰਦਗੀ ਦੀ ਪ੍ਰਫੁੱਲਤਾ ਹਿਤ, ਮੌਸਮ ਅਤੇ ਰੁੱਤਾਂ ਦੀ ਪ੍ਰਣਾਲੀ ਉਤਪੰਨ ਕਰਦਾ ਹੈ। ਧਰਤੀ ਦਾ ਘੁਮਾਉ ਇਕ ਐਸੀ ਗਤੀ ਹੈ ਜਿਸ ਦੇ ਆਧਾਰ 'ਤੇ ਰਾਤ ਅਤੇ ਦਿਨ ਵਜੂਦ ਵਿਚ ਆਉਂਦੇ ਹਨ। ਪ੍ਰਿਥਵੀ ਦਾ ਵਾਤਾਵਰਣ ਅਤੇ ਸਮੁੰਦਰੀ ਲਹਿਰਾਂ ਦੇ ਗਤੀਬੱਧ ਰਹਿਣ ਕਰਕੇ ਵਾਯੂ

ਦੀ ਰਵਾਨੀ, ਜਲ ਦੀ ਗਤੀ, ਅਗਨੀ ਦਾ ਨਿਕਾਸ, ਮੌਸਮ ਅਤੇ ਰੁੱਤਾਂ ਦੇ ਅਨੁਸਾਰ ਇਕਸਾਰ ਜਾਰੀ ਰਹਿੰਦਾ ਹੈ, ਤਾਂਕਿ ਇਸ ਸੰਸਾਰ ਮੰਡਲ ਵਿਚ ਵਿਚਰਦਾ ਹੋਇਆ ਹਰ ਜੀਵ-ਜੰਤੂ ਨਿਜੀ ਜੀਵਨ ਦਾ ਆਨੰਦ ਮਾਣ ਸਕੇ। ਧਰਾਤਲ ਸਥਿਤੀ ਅਤੇ ਧਰਮ ਖੰਡ ਦੇ ਪਹਿਲੂਆਂ ਨੂੰ ਪਰਸਪਰ ਵਖਰਾਇਆ ਨਹੀਂ ਜਾ ਸਕਦਾ ਕਿਉਂਕਿ ਧਰਮ ਅਤੇ ਧਰਾਤਲ, ਸੰਸਾਰ ਮੰਡਲ ਦੀ ਗਤੀ ਨੂੰ ਸਥਿਰ ਰੱਖਣ ਹਿਤ, ਅਗੰਮੀ ਸ਼ਕਤੀ ਦੇ ਅਵਿੱਛੜ ਅੰਗ ਹਨ। ਇਸ ਖ਼ਿਆਲ ਦੀ ਹਾਮੀ ਦਰਗਾਹੀ ਸ਼ਬਦਾਂ ਦੁਆਰਾ ਸਮਝਣੀ ਵਧੇਰੇ ਲਾਭਦਾਇਕ ਹੋਵੇਗੀ, ਜਿਵੇਂ :

ਰਾਤੀ ਰੁਤੀ ਥਿਤੀ ਵਾਰ ॥
ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
ਤਿਨ ਕੇ ਨਾਮ ਅਨੇਕ ਅਨੰਤ ॥ *(ਜਪੁਜੀ, 7/11)*

ਕੁਸ਼ਲ ਜੀਵਨ ਬਤੀਤ ਕਰਨ ਹਿਤ, ਧਰਮ ਅਤੇ ਧਰਤੀ ਦਾ ਸੰਯੁਕਤ ਭੇਦ ਸਮਝਣਾ ਅਤਿਅੰਤ ਹੀ ਲਾਜ਼ਮੀ ਹੈ, ਤਾਂਕਿ ਅਸੀਂ ਇਸ ਸੰਸਾਰ ਮੰਡਲ ਨੂੰ ਹਰ ਪ੍ਰਕਾਰ ਦੇ ਜੀਵਨ ਪ੍ਰਤਿ, ਅਤਿ ਸੁਖਾਵਾਂ ਅਤੇ ਦਿਲਚਸਪ ਬਣਾ ਸਕੀਏ। ਸਤਿਗੁਰੂ ਪਾਤਿਸ਼ਾਹ ਜੀ ਨੇ ਸਮੁੱਚੀ ਜੀਵਨਗਤੀ ਨੂੰ ਸਮਝਣ ਸਮਝਾਉਣ ਹਿਤ ਪਿਆਰ, ਸ਼ਰਧਾ ਅਤੇ ਦਲੀਲ ਦਾ ਮਾਰਗ ਉਲੀਕਿਆ ਹੈ।

6. **ਦਲੀਲ ਦਾ ਯੁਗ** (Age of reason) : ਦਲੀਲ ਪੰਜਾਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਤਾਤਪਰਜ ਹੈ—ਕਾਰਣ, ਤਰਕ, ਬਿਬੇਕ ਬੁੱਧੀ, ਬੌਧਿਕ ਸ਼ਕਤੀ ਦੀ ਸਹੀ ਵਰਤੋਂ, ਆਮ ਸਮਝਦਾਰੀ, ਦਿਮਾਗ਼ੀ ਸੰਤੁਲਨ ਅਤੇ ਸੋਚ ਬਿਰਤੀ ਦਾ ਤਵਾਜ਼ਨ, ਕਿਸੇ ਦੀ ਵਜ੍ਹਾ/ਕਾਰਣ, ਸਬੰਧ, ਅਕਲ, ਅਦਰਾਕ, ਸ਼ਊਰ, ਹੋਸ਼, ਗ਼ੌਰ-ਫ਼ਿਕਰ, ਕਿਸੇ ਵਿਸ਼ੇ ਪ੍ਰਤਿ ਸੋਚ ਵਿਚਾਰ, ਆਦਿ।

ਬੌਧਿਕ ਭਰਪੂਰ ਸ਼ਕਤੀ ਦੀ ਸਹੀ ਵਰਤੋਂ, ਸਮਾਜੀ ਅਤੇ ਪ੍ਰਮਾਰਥ ਉੱਨਤੀ ਪ੍ਰਤਿ ਯੋਗ ਅਤੇ ਵਾਜਿਬ ਮਾਰਗ ਉਲੀਕਦੀ ਹੈ ਜਿਸ ਦੇ ਆਧਾਰ 'ਤੇ ਦੁਨੀਆ ਦਾ ਇਨਸਾਨ ਭਰਮ-ਭੁਲੇਖੇ ਅਤੇ ਭੈ-ਭੀਤ ਕਰਨ ਵਾਲੇ ਅਨਸਰਾਂ ਤੋਂ ਖ਼ਲਾਸੀ ਪ੍ਰਾਪਤ ਕਰਦਾ ਹੈ। ਉਸ ਨੂੰ ਇਹ ਸਮਝ ਆ ਜਾਂਦੀ ਹੈ ਕਿ ਅਨੇਕ ਪ੍ਰਕਾਰੀ ਸੰਸਾਰੀ ਜੀਵਾਂ ਦੇ ਉਪਰ ਇਨਸਾਨ ਦੀ ਜੋਨੀ ਸਿਰਮੌਰ ਹੈ, ਕਿਉਂਕਿ ਇਹ ਹਰ ਤਰ੍ਹਾਂ ਦੀ ਸਮੱਸਿਆ ਦਾ ਸਮਾਧਾਨ ਬਿਬੇਕ ਬੁੱਧੀ ਅਥਵਾ ਤਰਕਸ਼ੀਲ ਜੁਗਤੀ ਦੁਆਰਾ ਕਰ ਸਕਦਾ ਹੈ। ਗ਼ਰਜ਼ੇਕਿ, ਦੁਨਿਆਵੀ ਅਤੇ ਪ੍ਰਮਾਰਥ ਦੇ ਕਾਰਜ ਭੀ ਤਰਕ ਦੀ ਕਸਵੱਟੀ 'ਤੇ ਪਰਖ ਸਕਦਾ ਹੈ। ਦਿਮਾਗ਼ੀ ਸੰਤੁਲਨ ਅਤੇ ਸੋਚ

ਬਿਰਤੀ ਦੇ ਤਵਾਜ਼ਨ ਨੂੰ ਕ੍ਰਿਆਸ਼ੀਲ ਖੇਤਰ ਵਿਚ ਗਤੀਬੱਧ ਕਰਨਾ ਹੀ, ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦਾ ਮੂਲਿਕ ਉਦੇਸ਼ ਅਥਵਾ ਬੁਨਿਆਦੀ ਅਕੀਦਾ ਹੈ, ਜਿਵੇਂ :

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥

(ਸਾਰੰਗ ਵਾਰ ਮ: ੧, ਪੰਨਾ 1245/5)

ਸੰਸਾਰ ਮੰਡਲ ਵਿਚ ਜਿਤਨੀਆਂ ਭੀ ਜੀਵ ਸ਼੍ਰੇਣੀਆਂ ਹਨ, ਉਨ੍ਹਾਂ ਸਾਰੀਆਂ ਦੇ ਪ੍ਰਤਿਕਰਮ ਮਾਣਸ ਜਨਮ ਦੁਰਲੱਭ ਹੈ ਕਿਉਂਕਿ ਦੂਜੀਆਂ ਸ਼੍ਰੇਣੀਆਂ ਦੇ ਮੁਕਾਬਲੇ 'ਤੇ ਇਸ ਵਿਚ ਦਲੀਲ, ਤਰਕਸ਼ੀਲਤਾ, ਬਿਬੇਕ ਬੁੱਧੀ ਜੈਸੀਆਂ ਦਾਤਾਂ ਉਪਲਬਧ ਹਨ। ਇਹੀ ਕਾਰਣ ਹੈ ਕਿ ਤਰਕਸ਼ੀਲਤਾ ਦੀ ਦੁਨੀਆ ਇਸ ਖ਼ਿਆਲ 'ਤੇ ਵਿਸ਼ਵਾਸ ਰੱਖਦੀ ਹੈ ਕਿ ਇਨਸਾਨ ਸਾਰੀਆਂ ਜੋਨੀਆਂ ਦਾ ਸਿਰਮੌਰ ਹੈ। ਦਲੀਲ ਦੇ ਯੁਗ ਪ੍ਰਤਿ ਨਿਮਨ ਲਿਖਤ ਦੇ ਆਧਾਰ 'ਤੇ ਭੀ ਖ਼ਿਆਲਾਂ ਦਾ ਪ੍ਰਗਟਾਵਾ ਕੀਤਾ ਜਾ ਸਕਦਾ ਹੈ, ਜਿਵੇਂ :

Age of reason : A period characterized by a prevailing belief in the use of reason, the time of life when one begins to be distinguish right from wrong.[1] "Age of reason believed that man has a unique advantage over all other creatures." Because he can reason the problems. As for example,

ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥

(ਆਸਾ ਮ: ੫, ਪੰਨਾ 374/5)

ਸਕਾਰਾਤਮਕ ਤਰਕਸ਼ੀਲਤਾ ਇਕ ਐਸੀ ਵਿਚਾਰਧਾਰਾ ਹੈ ਜਿਸ ਦੇ ਆਧਾਰ 'ਤੇ ਜ਼ਿੰਦਗੀ ਦੇ ਅਨੇਕਾਂ ਹੀ ਵਿਸ਼ਿਆਂ ਤੇ ਖ਼ਿਆਲਾਂ ਦਾ ਵਟਾਂਦਰਾ ਕਰਨਾ, ਬਿਬੇਕੀ ਪੁਰਸ਼ਾਂ ਦਾ ਆਸਮਾਨੀ ਵਿਰਸਾ ਹੈ। ਗ਼ਰਜ਼ੇਕਿ, ਸਮਾਜੀ ਅਪਧਰਤਾ ਜੈਸੀ ਅਸੰਤੁਲਤ ਸਥਿਤੀ ਵਿਚ ਸੁਧਾਰਕ ਪਰਿਵਰਤਨ ਭੀ ਕੀਤਾ ਜਾ ਸਕਦਾ ਹੈ। ਮਿਸਾਲ ਵਜੋਂ, ਸਮਾਜੀ ਧਾਰਾ ਦੇ ਵਿਰੁੱਧ ਧੱਕੇਸ਼ਾਹੀ, ਸਮਾਜੀ ਅਨਿਆਇ, ਸਮਾਜੀ ਭਰਮ ਭੁਲੇਖੇ ਅਤੇ ਸਮਾਜੀ ਅਗਿਆਨਤਾ ਜੈਸੀਆਂ ਕੁਰੀਤੀਆਂ ਨੂੰ ਨਿਵਾਰਿਆ ਜਾ ਸਕਦਾ ਹੈ। ਜਦੋਂ ਅਸੀਂ ਸਤਿਗੁਰੂ ਪਾਤਿਸ਼ਾਹ ਜੀ ਦੀ ਦਰਸਾਈ ਤਰਕਸ਼ੀਲ ਵਿਚਾਰਧਾਰਾ ਦੇ ਇਕ ਖੰਡਮਾਤਰ ਹਿੱਸੇ 'ਤੇ ਅਮਲ ਕਰਦੇ ਹਾਂ, ਤਦ ਉਕਤ ਦਰਸਾਈਆਂ ਸਮਾਜੀ ਕਮਜ਼ੋਰੀਆਂ ਮੁਤਾਬਿਕ

---

1. For, Age of reason, see, *Webster Dictionary*, p. 22.

ਹੀ ਨਵਿਰਤ ਹੋ ਜਾਂਦੀਆਂ ਹਨ। ਤਰਕਸ਼ੀਲਤਾ ਇਕ ਐਸਾ ਦਰਪਣ ਹੈ ਜਿਸ ਦੇ ਪ੍ਰਤਿਬਿੰਬ ਵਿਚੋਂ ਸਮਾਜੀ ਨਖਿੱਧਾਤਮਕ ਕਮਜ਼ੋਰੀਆਂ ਦਾ ਦ੍ਰਿਸ਼ ਅਸਾਡੇ ਸਾਹਮਣੇ ਆ ਜਾਂਦਾ ਹੈ, ਜਿਵੇਂ:

1. **ਸਮਾਜ ਦੇ ਵਿਰੁੱਧ ਧੱਕਾ** : ਸੰਸਾਰ ਦੇ ਇਤਿਹਾਸ ਵਿਚ ਕਈ ਇਕ ਐਸੇ ਸਮੇਂ ਭੀ ਆਏ ਹਨ ਜਦੋਂ ਹਕੂਮਤ ਦੇ ਨਸ਼ੇ ਵਿਚ ਗ੍ਰਸੇ ਹੋਏ ਜਰਵਾਣਿਆਂ ਨੇ ਸਮਾਜੀ ਜ਼ਿੰਦਗੀ ਅਤੇ ਕਰਮ ਧਰਮ ਨੂੰ ਰੇਜ਼ਾ ਰੇਜ਼ਾ ਅਥਵਾ ਤੂੰਬਾ ਤੂੰਬਾ ਕਰਨੋਂ ਭੀ ਗੁਰੇਜ਼ ਨਹੀਂ ਕੀਤਾ। ਜਿਵੇਂ ਇਸਲਾਮੀ ਹਕੂਮਤ ਦੇ ਦੌਰ ਵਿਚ ਠਾਕੁਰ-ਦੁਆਰੇ ਢਾਹਿ ਢੇਰੀ ਕਰ ਕੇ ਉਨ੍ਹਾਂ ਦੇ ਥਾਂ ਮਸੀਤਾਂ ਉਸਾਰੀਆਂ ਗਈਆਂ। ਇਸ ਚਿੱਤਰ ਦੇ ਦੂਜੇ ਪਾਸੇ, ਹਿੰਦੂ ਹਕੂਮਤ ਦੇ ਸਮੇਂ ਅਯੁਧਿਆ ਦੀ ਬਾਬਰੀ ਮਸਜਿਦ ਢਾਹ ਕੇ ਉਸ ਦੀ ਥਾਂ 'ਤੇ ਰਾਮ ਮੰਦਰ ਉਸਾਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਸੱਤਾ ਦੇ ਮਦ ਵਿਚ ਗ਼ਲਤਾਨ ਹੋਈ ਇੰਦਰਾ ਗਾਂਧੀ ਦੀ ਭਾਰਤੀ ਹਕੂਮਤ ਨੇ ਜੂਨ 4, 1984 ਨੂੰ ਪਾਵਨ ਦਰਬਾਰ ਸਾਹਿਬ ਅਤੇ ਹੋਰ ਇਕੱਤੀ(31) ਗੁਰੂ ਘਰਾਂ 'ਤੇ ਹਮਲਾ ਕਰ ਕੇ ਸਿੱਖੀ ਕਰਮ ਧਰਮ, ਸਿੱਖੀ ਇਤਿਹਾਸ, ਸਿੱਖੀ ਅਰਥ ਵਿਵਸਥਾ, ਸਿੱਖੀ ਸਭਿਅਤਾ ਅਤੇ ਦੋ ਲੱਖ ਪੰਜਾਬ ਹਜ਼ਾਰ (2,50,000) ਇਨਸਾਨੀ ਜ਼ਿੰਦਗੀਆਂ ਦਾ ਘਾਣ ਕੀਤਾ।

(ਦੇਖੋ : India Commits Suicide, pp. 315-346)

ਤਰਕਸ਼ੀਲ ਯੁਗ ਦੇ ਬਿਬੇਕੀ ਪੁਰਸ਼ਾਂ ਦਾ ਇਹੀ ਅਲੌਕਿਕ ਦ੍ਰਿਸ਼ਟੀਕੋਣ ਹੈ ਕਿ ਇਸ ਦੁਨੀਆ ਦਾ ਕੋਈ ਭੀ ਜਰਵਾਣਾ, ਸੱਤਾ ਦੀ ਦੁਰਵਰਤੋਂ ਨਾ ਕਰੇ ਅਤੇ ਸਮਾਜੀ ਕਤਲੋ-ਗ਼ਾਰਤ ਦੀ ਕੀਤੀ ਗਈ ਧੱਕੇਸ਼ਾਹੀ ਦੀ ਪ੍ਰਸੰਸਾ, ਲੱਡੂ ਵੰਡ ਕੇ ਨਾ ਕਰੇ। ਇਸਲਾਮੀ ਧੱਕੇਸ਼ਾਹੀ ਦੇ ਕਿਰਦਾਰ ਦੀਆਂ ਅੱਤਿਆਚਾਰੀ ਕਰਤੂਤਾਂ ਦਾ ਦ੍ਰਿਸ਼ ਭਾਈ ਗੁਰਦਾਸ ਜੀ ਨੇ ਇੰਜ ਪ੍ਰਗਟ ਕੀਤਾ ਹੈ:

ਪੀਰ ਪੈਕੰਬਰਿ ਅਉਲੀਏ ਗਉਸਿ ਕੁਤਬ ਬਹੁ ਭੇਖ ਸਵਾਰਾ॥
ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ॥
ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ॥
ਕਾਫਰਿ ਮੁਲਹਦਿ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ॥
ਪਾਪੇ ਦਾ ਵਰਤਿਆ ਵਰਤਾਰਾ॥੨੦॥੧॥

ਭਾਵੇਂ ਉਕਤ ਦਰਸਾਏ ਰਾਜਸੀ ਅੱਤਿਆਚਾਰ ਰਾਜਸੀ ਸੱਤਾਧਾਰੀਆਂ ਦੀ ਬਿਬੇਕਹੀਣ ਬੁੱਧੀ ਅਤੇ ਚਰਿੱਤਰ ਭ੍ਰਿਸ਼ਟ ਅਨੈਤਿਕਤਾ ਦਾ ਪ੍ਰਗਟਾਵਾ ਹੀ ਆਖੇ ਜਾ ਸਕਦੇ ਹਨ ਪ੍ਰੰਤੂ ਇਨ੍ਹਾਂ ਦੀ ਹਾਮੀ ਭਰਨ ਵਾਲੀਆਂ ਧਾਰਮਕ ਮਤਿ ਮਤਾਂਤ੍ਰਾਂ ਭੀ ਇਸੇ ਨਿਖੇਧਾਤਮਕ ਅਥਵਾ ਭ੍ਰਿਸ਼ਟੀ ਦਾਇਰੇ ਵਿਚ ਪ੍ਰਵੇਸ਼ ਕਰਦੀਆਂ ਹਨ ਜਦੋਂ ਉਹ ਕਿਸੇ ਭੀ ਵਿੰਗੇ ਟੇਢੇ ਢੰਗ ਦੁਆਰਾ, ਇਨ੍ਹਾਂ

ਅੱਤਿਆਚਾਰੀ ਅਤੇ ਸਮਾਜ-ਧਰੋਹੀ ਸੱਤਾਧਾਰੀਆਂ ਦੀ ਹਾਮੀ ਭਰਦੀਆਂ ਹਨ। ਰਾਮ ਕੁਮਾਰ ਨਾਰਾਇਣ ਜੀ ਨੇ ਲਿਖਿਆ ਹੈ, "ਗਿਲ ਅਤੇ ਪੰਜਾਬ ਦਾ ਮੌਜੂਦਾ ਪੁਲਿਸ ਮੁਖੀ ਦਹਿਸ਼ਤਗਰਦ ਵਿਰੋਧੀ ਕਾਰਵਾਈਆਂ ਵਿਚ ਲੱਗੇ ਪੁਲਿਸ ਅਫ਼ਸਰਾਂ ਦੀ ਕਾਨੂੰਨੀ ਮੁਆਫ਼ੀ ਦੀ ਮੰਗ ਕਰ ਰਹੇ ਹਨ। ਇਸ ਦਾ ਮਤਲਬ ਕੀ ਹੈ ? ਸੀ.ਬੀ.ਆਈ. ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਤਿੰਨ ਸ਼ਮਸ਼ਾਨ ਘਾਟਾਂ 'ਚੋਂ ਦੋ ਸਾਲ ਦੇ ਸਮੇਂ ਦੌਰਾਨ 2 ਹਜ਼ਾਰ ਤੋਂ ਵੱਧ ਲੋਕਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਲਾਵਾਰਸ ਕਹਿ ਕੇ ਸਾੜਿਆ ਗਿਆ ਹੈ। ਜਰਮਨ ਦੇ ਨਾਜ਼ੀ ਭੀ ਇਹੀ ਦਲੀਲਾਂ ਦਿੰਦੇ ਰਹੇ ਹਨ ਕਿ ਉਨ੍ਹਾਂ ਨੇ ਯਹੂਦੀਆਂ ਦੀ ਨਸਲ-ਘਾਤ ਕਰ ਕੇ ਜਰਮਨ ਦੀ ਰੱਖਿਆ ਕੀਤੀ ਹੈ। 1904 ਵਿਚ ਜਰਮਨਾਂ ਵਲੋਂ ਹਰੇਰੋ ਦਾ ਕਤਲੇਆਮ, 1915-16 'ਚ ਅਮਰੀਕਨਾਂ ਦਾ ਆਟੋਮੈਨ ਕਤਲੇਆਮ, ਯੂਕਰੇਨੀਆਂ ਵਲੋਂ 1919 ਵਿਚ ਯਹੂਦੀਆਂ ਦਾ ਕੀਤਾ ਗਿਆ ਕਤਲੇਆਮ, 1974 ਤੋਂ ਪਹਿਲਾਂ ਅਚੇ ਇੰਡੀਅਨ ਦਾ ਟੂਟਸੀ ਕਤਲੇਆਮ, 1960 ਦਾ ਹੁਤੂ ਕਤਲੇਆਮ, 1970 ਅਤੇ 1990 ਵਿਚ ਈਰਾਨੀਆਂ ਵਲੋਂ ਬਾਹਾ ਦੇ ਕਤਲੇਆਮ, 1971-79 ਦੌਰਾਨ ਯੁਗੰਡਾ 'ਚ ਇਦੀ ਇਮੀਨ ਵਲੋਂ ਕੀਤਾ ਗਿਆ ਕਤਲੇਆਮ। 1984-95 ਦੇ ਸਮੇਂ ਇੰਡੀਅਨ ਗੌਰਮਿੰਟ ਵਲੋਂ ਕੀਤਾ ਗਿਆ ਸਿੱਖਾਂ ਦਾ ਕਤਲੇਆਮ। (ਇਹ ਸਾਰੇ ਕਤਲੇਆਮ, ਇਨ੍ਹਾਂ ਦਲੀਲਾਂ ਨਾਲ ਹੀ ਜਾਇਜ਼ ਠਹਿਰਾਏ ਗਏ ਸਨ ਕਿ ਅਸੀਂ ਦੇਸ਼ ਦੀ ਭਲਾਈ ਵਾਸਤੇ ਉਕਤ ਦਰਸਾਏ ਲੋਕਾਂ ਦਾ ਕਤਲੇਆਮ ਕੀਤਾ ਹੈ। ਜਿਵੇਂ ਵਕੀਲਾਂ ਦੇ ਕੌਮਾਂਤਰੀ ਕਮਿਸ਼ਨ ਸਾਹਮਣੇ ਬੰਗਲਾ ਦੇਸ਼ ਵਿਚ ਹਿੰਦੂਆਂ ਦੇ ਕਤਲੇਆਮ ਬਾਰੇ ਦਲੀਲ ਦਿੰਦਿਆਂ ਪਾਕਿਸਤਾਨ ਨੇ ਕਿਹਾ ਸੀ ਕਿ ਉਹ ਸਟੇਟ ਦੇ ਦੁਸ਼ਮਣਾਂ ਦੇ ਤੌਰ 'ਤੇ ਮਾਰੇ ਗਏ ਹਨ।)

(ਅਗਾਊ ਪੜੀ ਸੈਤਾਨ, ਪੰਨਾ 60)

ਉਕਤ ਦਰਸਾਏ ਉਦਾਹਰਣਾਂ ਦੇ ਆਧਾਰ 'ਤੇ ਅਸੀਂ ਇਸ ਨਿਰਣੈ 'ਤੇ ਆ ਖਲੋਤੇ ਹਾਂ ਕਿ ਪਾਵਨ ਗੁਰਬਾਣੀ ਵਿਚ ਜੋ ਸਕਾਰਾਤਮਕ ਤਰਕਸ਼ੀਲਤਾ ਦਾ ਅਕੀਦਾ ਸਤਿਗੁਰੂ ਨਾਨਕ ਪਾਤਿਸ਼ਾਹ ਜੀ ਨੇ ਸਮੁੱਚੀ ਸਮਾਜੀ ਜ਼ਿੰਦਗੀ ਪ੍ਰਤਿ ਪੇਸ਼ ਕੀਤਾ ਹੈ, ਇਸ ਦੀ ਸਹੀ ਵਰਤੋਂ ਸਾਰੇ ਸੰਸਾਰ ਵਿਚ ਕਿਸੇ ਖ਼ਾਸ ਜ਼ਾਬਤੇ ਦੇ ਅਧੀਨ ਕਾਨੂੰਨੀ ਪਾਬੰਦੀ ਦੇ ਆਧਾਰ 'ਤੇ ਲਾਗੂ ਹੋਣੀ ਚਾਹੀਦੀ ਹੈ ਤਾਂਕਿ ਕੋਈ ਭੀ ਗ਼ੈਰ ਜ਼ਿੰਮੇਵਾਰ ਸੱਤਾਧਾਰੀ, ਸੱਤਾ ਦੀ ਦੁਰਵਰਤੋਂ ਨਾ ਕਰੇ। ਇਨਸਾਨ ਨੂੰ ਇਨਸਾਨ ਨਾਲ ਪ੍ਰੇਮ, ਪਿਆਰ ਅਤੇ ਨੈਤਿਕਤਾ ਭਰਪੂਰ ਜੀਵਨ ਬਤੀਤ ਕਰਨ ਦੀ ਸਿਖਲਾਈ ਦਿੱਤੀ ਜਾਵੇ, ਜਿਸ ਦਾ ਸਦਕਾ ਸਮੁੱਚਾ ਸੰਸਾਰ ਹੀ ਜਿਉਂਦਾ ਜਾਗਦਾ ਬੈਕੁੰਠ ਧਾਮ ਬਣ ਜਾਵੇ। ਇਸ ਚਿੱਤਰ ਦੇ ਦੂਜੇ ਪਾਸੇ "ਰਾਜੇ ਸੀਹ ਮੁਕਦਮ ਕੁਤੇ" ਜੈਸੀ ਅੰਧਿਆਰੀ ਅਤੇ ਨਖਿੱਧਾਤਮਕ, ਸਮਾਜ

ਵਿਰੋਧੀ, ਹੱਤਿਆਰੀ ਦਾਸਤਾਂ ਦਾ ਸਿਲਸਿਲਾ ਬੰਦ ਹੋਣ ਵਿਚ ਹੀ ਸਾਰੇ ਸੰਸਾਰ ਪ੍ਰਤਿ ਭਲਾਈ ਦਾ ਪੈਗ਼ਾਮ ਹੈ ਤਾਂਕਿ ਇਸ ਦੁਨੀਆ ਦਾ ਹਰ ਫ਼ਰਦੋ-ਬਸ਼ਰ ਨਿਜੀ ਅਧਿਕਾਰਾਂ ਨੂੰ ਮਾਣਦਾ ਹੋਇਆ, ਸਟੇਟ ਪ੍ਰਤਿ ਸਹੀ ਫ਼ਰਜ਼ਾਂ ਦੀ ਅਦਾਇਗੀ ਕਰ ਸਕੇ। ਜਿਨ੍ਹਾਂ ਸਮਾਜ ਵਿਰੋਧੀ ਸੱਤਾਧਾਰੀਆਂ ਨੇ ਨਿਜੀ ਅਧਿਕਾਰਾਂ ਦੀ ਦੁਰਵਰਤੋਂ ਕੀਤੀ ਹੋਵੇ, ਉਨ੍ਹਾਂ ਨੂੰ ਲਾਜ਼ਮੀ ਹੀ ਸੰਸਾਰ ਪੱਧਰ 'ਤੇ ਨਿਆਇ ਪ੍ਰਣਾਲੀ ਦੇ ਕਟਹਿਰੇ ਵਿਚ ਲਿਆਂਦਾ ਜਾਵੇ। ਚੁਨਾਂਚਿ, ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੀ ਦਰਸਾਈ ਸਕਾਰਾਤਮਕ ਤਰਕਸ਼ੀਲਤਾ ਭੀ ਸਮੁੱਚੀ ਸਮਾਜ ਭਲਾਈ ਦਾ ਸੰਦੇਸ਼ ਦੇ ਰਹੀ ਹੈ, ਜਿਵੇਂ :

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥
ਜਿਥੈ ਜੀਆਂ ਹੋਸੀ ਸਾਰ ॥ ਨਕੀਂ ਵਢੀਂ ਲਾਇਤਬਾਰ ॥

(ਮਲਾਰ ਵਾਰ, ਮ: ੧, ਪੰਨਾ 1288/7)

ਹਜ਼ੂਰ ਨਾਨਕ ਪਾਤਿਸ਼ਾਹ ਜੀ ਨੇ ਉਕਤ ਦਰਸਾਏ ਵਾਕ ਦੁਆਰਾ ਇਕ ਦਲੀਲ ਪੇਸ਼ ਕੀਤੀ ਹੈ ਕਿ ਹਕੂਮਤ ਦੇ ਆਗੂ ਜੋ ਪੁਰਾਤਨ ਸਮਿਆਂ ਵਿਚ ਰਾਜਾ, ਬਾਦਸ਼ਾਹ ਜਾਂ ਕਿੰਗ ਅਖਵਾਉਂਦੇ ਸਨ, ਜਿਨ੍ਹਾਂ ਨੂੰ ਅੱਜ ਕੱਲ੍ਹ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਭੀ ਆਖਿਆ ਜਾਂਦਾ ਹੈ, ਅਗਰ ਪਰਜਾ ਦੀ ਰਾਖੀ ਅਥਵਾ ਭਲਾਈ ਕਰਨ ਦੇ ਥਾਂ, ਉਨ੍ਹਾਂ ਦਾ ਮਾਸ ਖਾਣ ਵਾਲੇ ਸ਼ੀਂਹ ਬਣ ਜਾਣ, ਤਦ ਉਨ੍ਹਾਂ ਦੇ ਅਹਿਲਕਾਰ ਜਾਂ ਚੌਧਰੀ, ਰਾਜਿਆਂ ਤੋਂ ਬਚਿਆ ਹੋਇਆ ਪਰਜਾ ਦਾ ਮਾਸ ਅਤੇ ਖ਼ੂਨ (ਲੁੱਟਿਆ ਹੋਇਆ ਮਾਲ) ਕੁੱਤਿਆਂ ਵਾਂਗੂ ਨੋਚਦੇ ਅਤੇ ਪੀਂਦੇ ਹਨ। ਸੁੱਤੀ ਜਾਂ ਬੈਠੀ ਹੋਈ ਪਰਜਾ ਨੂੰ ਅਥਵਾ ਵੇਲੇ ਕੁਵੇਲੇ ਜਾ ਕੇ ਲੁੱਟ-ਖਸੁੱਟ ਕਰਨ ਹਿਤ, ਜਗਾਉਂਦੇ ਹਨ। ਉਨ੍ਹਾਂ ਦੇ ਨੌਕਰ ਚਾਕਰ, ਉਤਰ-ਅਧਿਕਾਰੀ, ਦੂਜੇ ਦਰਜੇ ਦੇ ਅਹਿਲਕਾਰ ਵੱਡੇ ਆਗੂਆਂ ਦੀਆਂ ਨਹੁੰਦਰਾਂ ਹਨ ਜੋ ਪਰਜਾ ਦਾ ਘਾਤ ਕਰਦੀਆਂ ਹਨ। ਮੁਕੱਦਮ ਕੁੱਤਿਆਂ ਦੇ ਰਾਹੀਂ, ਭਾਵ, ਛੋਟੇ ਕਰਮਚਾਰੀਆਂ ਦੇ ਰਾਹੀਂ, ਵੱਡੇ ਅਫ਼ਸਰ ਪਰਜਾ ਦਾ ਖ਼ੂਨ ਅਤੇ ਮਾਸ ਚਟਮ ਕਰਦੇ ਹਨ। ਜਿਥੇ ਵਾਹਿਗੁਰੂ ਦੇ ਦਰਬਾਰ ਵਿਚ ਇਨ੍ਹਾਂ ਦੇ ਕਰਮਾਂ ਦੀ ਪੜਤਾਲ ਹੋਵੇਗੀ, ਉਥੇ ਇਨ੍ਹਾਂ ਪੜ੍ਹੇ ਲਿਖੇ ਨਖਿੱਧਾਤਮਕ ਹਕੂਮਤ ਦੇ ਲਾਇਤਬਾਰ ਅਫ਼ਸਰਾਂ ਅਤੇ ਅਹਿਲਕਾਰਾਂ, ਜੋ ਨਿਜੀ ਜ਼ਿੰਮੇਵਾਰੀ ਦੀ ਬਜਾਇ ਨਖਿੱਧਾਤਮਕ ਕਰਮ ਕਰਦੇ ਹਨ, ਉਨ੍ਹਾਂ ਦੀਆਂ ਨਕੀਂ ਵੱਢੀਆਂ ਜਾਣਗੀਆਂ ਅਥਵਾ ਵੱਡੀਆਂ ਵੱਡੀਆਂ ਸਜ਼ਾਈਂ ਮਿਲਣਗੀਆਂ। ਜਿਸ ਵੇਲੇ ਕੋਈ ਭੀ ਇਨਸਾਨ ਰੱਬੀ ਭੈ ਵਲੋਂ ਅਵੇਸਲਾ ਹੋ ਜਾਵੇ, ਦੇਸ ਦੇ ਬਣਾਏ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਨਿਜੀ ਸੁਆਰਥਾਂ ਦੀ ਪੂਰਤੀ ਹਿਤ, ਪਰਜਾ ਵਲੋਂ ਪ੍ਰਾਪਤ ਹੋਈ ਸ਼ਕਤੀ ਦੀ ਦੁਰਵਰਤੋਂ ਕਰੇ, ਪਰਜਾ ਭਲਾਈ ਵਾਸਤੇ ਨਿਜੀ ਫ਼ਰਜ਼ਾਂ ਦੀ ਅਦਾਇਗੀ ਨਾ

ਕਰੇ, ਬਲਕਿ ਸ਼ੀਂਹ ਮੁਕੱਦਮ ਅਤੇ ਕੁੱਤਿਆਂ ਦਾ ਰੂਪ ਧਾਰ ਕੇ ਪਰਜਾ ਦਾ ਖ਼ੂਨ ਪੀਵੇ, ਐਸੇ ਕਰਮਚਾਰੀਆਂ ਪ੍ਰਤਿ ਦਰਗਾਹੀ ਫ਼ੁਰਮਾਨ ਹੈ ਕਿ ਐ ਦਰਿਆ! ਤੂੰ ਆਪਣੇ ਵਹਿਣ ਨੂੰ ਵਿੰਗਾ ਟੇਢਾ ਕਰ ਕੇ, ਕਿਨਾਰੇ ਨਾ ਢਾਇਆ ਕਰ ਕਿਉਂਕਿ ਤੂੰ ਭੀ ਕਿਸੇ ਦੇ ਸਾਹਮਣੇ ਕੀਤੇ ਕਰਮਾਂ ਦਾ ਲੇਖਾ ਦੇਣਾ ਹੈ। ਜਿਧਰ ਰੱਬ ਦੀ ਰਜ਼ਾ ਹੈ ਤਿਧਰ ਹੀ ਚੱਲਿਆ ਕਰ, ਜਿਵੇਂ :

ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ॥
ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ॥੮੪॥

(ਸਲੋਕ ਫਰੀਦ ਜੀ, ਪੰਨਾ 1382/7)

ਦੁਨੀਆ ਦੀ ਹਿਸਟਰੀ ਦਾ ਅਧਿਐਨ ਕੀਤਿਆਂ ਇਕ ਅਟੱਲ ਸਚਾਈ ਨਿਖਰ ਕੇ ਸਾਹਮਣੇ ਆ ਜਾਂਦੀ ਹੈ ਕਿ ਕਿਸੇ ਭੀ ਸ਼ਾਸਨਿਕ ਪ੍ਰਣਾਲੀ ਦਾ ਜੋ ਅਹਿਲਕਾਰੀ ਤਬਕਾ ਹੈ, ਉਹ ਆਪਣੇ ਆਕਾ ਦੀ ਖ਼ੁਸ਼ਨੂਦੀ ਹਿਤ, ਪਰਜਾ ਦੇ ਅਧਿਕਾਰਾਂ ਦਾ ਖ਼ਿਆਲ ਨਾ ਕਰਦਾ ਹੋਇਆ ਕੋਈ ਭੀ, ਕਿਸੇ ਭੀ ਤਰ੍ਹਾਂ ਦੀ ਭ੍ਰਿਸ਼ਟੀ ਅਨੈਤਿਕਤਾ ਕਰ ਸਕਦਾ ਹੈ। ਜਿਸ ਦੀਆਂ ਕੁਝ ਮਿਸਾਲਾਂ ਦੁਨੀਆ ਦੇ ਇਤਿਹਾਸ ਵਿਚੋਂ ਪ੍ਰਾਪਤ ਹੁੰਦੀਆਂ ਹਨ ਜਿਵੇਂ, ਨਾਜ਼ੀ ਹਕੂਮਤ ਦੇ ਅਹਿਲਕਾਰ, ਸਰਹੰਦ ਦਾ ਨਵਾਬ ਵਜ਼ੀਰ ਖ਼ਾਨ, ਮਿਸਰ ਸੁੱਚਾ ਨੰਦ, ਜ਼ਕਰੀਆ ਖ਼ਾਨ, ਸਮਾਣੇ ਦੇ ਜੱਲਾਦ, ਜਰਮਨੀ ਦੇ ਨਾਜ਼ੀ, ਨੀਲਾ ਤਾਰਾ ਦੇ ਹਮਲਾਵਰਾਂ ਵਲੋਂ ਸਿੱਖਾਂ ਦਾ ਕਤਲੇਆਮ, ਕੇ.ਪੀ.ਐਸ. ਗਿੱਲ ਅਤੇ ਪੁਲਿਸ ਚੀਫ਼ ਰਿਬੇਰੋ ਵਲੋਂ ਨਖਿੱਧਾਤਮਕ ਕਤਲੇਆਮ, ਯੁਗੋਸਲਾਵੀਆ ਦੇ ਈਸਾਈਆਂ ਵਲੋਂ ਮੁਸਲਮਾਨਾਂ ਦਾ ਕਤਲੇਆਮ, ਜਨਰਲ ਡਾਇਰ ਅਤੇ ਜਨਰਲ ਵੈਦਿਆ ਵਲੋਂ ਨਿਹੱਥੀ ਪਰਜਾ ਦਾ ਕਤਲੇਆਮ, ਇਨ੍ਹਾਂ ਨੇ "ਰਾਜੇ ਸੀਹ ਮੁਕਦਮ ਕੁਤੇ" ਜੈਸੀ ਅੱਤਿਆਚਾਰੀ ਦਾਸਤਾਂ ਨੂੰ ਘਿਰਣਤ ਇਤਿਹਾਸ ਦੇ ਪੰਨਿਆਂ ਦੁਆਰਾ, ਸੰਸਾਰੀ ਮੰਚ 'ਤੇ ਲਿਆਂਦਾ ਹੈ। ਹਾਂ, ਇਕ ਗਾਥਾ ਪ੍ਰਗਟ ਰੂਪ ਵਿਚ ਸਾਹਮਣੇ ਆ ਜਾਂਦੀ ਹੈ ਕਿ ਇਨ੍ਹਾਂ ਅਨੈਤਿਕ ਅਪਰਾਧੀਆਂ ਨੇ ਆਪਹੁ, ਜ਼ੁਲਮ ਜਾਂ ਅੱਤਿਆਚਾਰ ਨਹੀਂ ਕੀਤਾ, ਬਲਕਿ ਇਨ੍ਹਾਂ ਦੇ ਜ਼ਿਹਨ ਵਿਚ ਗ਼ੁਲਾਮੀ ਦੀ ਜ਼ਹਿਰੀਲੀ ਮਲੀਨਤਾ ਇਤਨੀ ਗਹਿਰੀ ਉੱਕਰੀ ਗਈ ਕਿ ਇਨ੍ਹਾਂ ਨੂੰ ਸਰ-ਅਫ਼ਸਰ ਦੀ ਭਿੰਨਤਾ ਦਾ ਅਨੁਮਾਨ ਕਰਨਾ ਅਥਵਾ ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਦਾ ਜਾਇਜ਼ਾ ਲੈਣਾ ਹੀ ਅਸੰਭਵ ਹੋ ਚੁੱਕਾ ਸੀ। ਇਨ੍ਹਾਂ ਦੇ ਅੰਤਹਕਰਣ ਵਿਚ ਕੇਵਲ ਆਪਣੇ ਆਕਾ ਦੀ ਚਾਪਲੂਸੀ ਤੋਂ ਸਿਵਾ ਹੋਰ ਕਿਸੇ ਤਰ੍ਹਾਂ ਦੀਆਂ ਭੀ ਨੈਤਿਕ ਕਦਰਾਂ-ਕੀਮਤਾਂ (moral value) ਦੀ ਸਮੱਗਰੀ ਬਾਕੀ ਨਹੀਂ ਸੀ। ਆਮਤੌਰ 'ਤੇ ਐਸਾ ਸੁਆਰਥੀ ਅਹਿਲਕਾਰੀ ਤਬਕਾ ਨੈਤਿਕ ਕਦਰਾਂ-ਕੀਮਤਾਂ ਵਲੋਂ ਨਿਰਸੰਦੇਹ ਸੱਖਣਾ ਹੁੰਦਾ ਹੈ, ਜਿਵੇਂ :

There is no moral value in slavery. Anyhow where there is no moral value there will be no respect for the life. Without moral value cruelty always pinch the life.

ਜਦੋਂ ਅਸੀਂ "ਰਾਜੇ ਸੀਹ ਮੁਕਦਮ ਕੁਤੇ" ਜੈਸੀ ਨਕਾਰਾਤਮਕ ਸਮਾਜ ਧਰੋਹੀ ਸ਼ਾਸਨਿਕ ਸੱਤਾ ਦਾ ਅਨੁਸੰਧਾਨ (ਅਧਿਐਨ) ਕਰਦੇ ਹਾਂ, ਤਦ ਅਸਾਡੇ ਸਾਹਮਣੇ ਕਈ ਇਕ ਜਗਤ ਪ੍ਰਸਿੱਧ ਇਤਿਹਾਸਕ ਵਾਰਦਾਤਾਂ ਆ ਜਾਂਦੀਆਂ ਹਨ ਜਿਵੇਂ, ਸਿਕੰਦਰ ਲੋਧੀ, ਬਾਬਰ ਬਾਦਸ਼ਾਹ, ਕੌਡਾ ਰਾਖਸ਼, ਭੂਮੀਆਂ ਡਾਕੂ, ਜਿਨ੍ਹਾਂ ਦੀ ਕਰਮ-ਸ਼ੈਲੀ ਨੂੰ ਪੜਚੋਲ ਕਰਨਾ ਇਤਿਹਾਸ ਦਾ ਅਵਿੱਛੜ ਅੰਗ ਹੈ।

ਬਾਬਰ ਦਾ ਹਮਲਾ : ਮੁਗ਼ਲ ਬਾਦਸ਼ਾਹ ਬਾਬਰ ਨੇ ਹਿੰਦੁਸਤਾਨ ਦੀ ਧਰਤੀ ਨੂੰ ਸਰ ਕਰਨ ਹਿਤ, ਕਈ ਹਮਲੇ ਕੀਤੇ ਸਨ। ਪ੍ਰੰਤੂ, ਉਸ ਦਾ ਪੰਜਵਾਂ ਹਮਲਾ ਦੂਜੇ ਹਮਲਿਆਂ ਨਾਲੋਂ ਕੁਝ ਵੱਖਰੀ ਵਿਸ਼ੇਸ਼ਤਾ ਰੱਖਦਾ ਹੈ। ਸੰਨ 1521 ਵਿਚ ਐਮਨਾਬਾਦ ਸ਼ਹਿਰ 'ਤੇ ਹਮਲਾ ਕੀਤਾ ਜੋ ਲਾਹੌਰ ਤੋਂ ਉੱਤਰ ਪੱਛਮ ਵੱਲ ਰਾਵੀ ਨਦੀ ਦੇ ਪਾਰ ਘੁਗ ਵਸਦਾ ਸੀ। ਮੁਗ਼ਲ ਫ਼ੌਜਾਂ ਜਦੋਂ ਕਿਸੇ ਸ਼ਹਿਰ 'ਤੇ ਹਮਲਾ ਕਰਦੀਆਂ ਸਨ, ਬਹੁਤ ਤੇਜ਼ੀ ਨਾਲ ਉਸ ਸ਼ਹਿਰ ਨੂੰ ਲੁੱਟਦੀਆਂ ਸਨ, ਲੁੱਟਮਾਰ ਤੋਂ ਉਪਰੰਤ ਪੂਰੇ ਨਗਰ ਨੂੰ ਅਗਨ ਭੇਂਟ ਕਰ ਕੇ ਰਾਖ ਬਣਾ ਦਿੰਦੀਆਂ ਸਨ। ਅੱਜ ਇਹੀ ਹਾਲਤ ਐਮਨਾਬਾਦ ਨਗਰ ਦੀ ਕੀਤੀ ਗਈ। ਉਸ ਸਮੇਂ ਇਸ ਨਗਰੀ ਦਾ ਨਾਮ ਸੈਦਪੁਰ ਸੀ। ਉਕਤ ਦਰਸਾਏ ਪ੍ਰਸੰਗ ਦੇ ਅਨੁਸਾਰ ਸੈਦਪੁਰ ਦੇ ਪਠਾਣ ਅਹਿਲਕਾਰ ਭੀ ਰਾਜਸੀ ਸੱਤਾ ਦੀ ਦੁਰਵਰਤੋਂ ਕਰਦੇ ਸਨ। ਜਿਸ ਦੀ ਸਾਖਾ ਭਾਈ ਸੰਤੋਖ ਸਿੰਘ ਜੀ ਨਿਮਨ ਲਿਖਤ ਦੁਆਰਾ ਪੇਸ਼ ਕਰਦੇ ਹਨ, ਜਿਵੇਂ :

ਕੂਰੋਂ ਪਠਾਨ ਤਹਾ ਕੋ ਰਾਜਾ॥ ਘਰ ਘਰ ਬਹੁਰ ਬਜਾਵਹਿ ਬਾਜਾ॥੨॥
ਸ੍ਰੀ ਕਰਤਾਰ ਦਿਸਾ ਤੇ ਭੂਲੇ॥ ਬਿਸੈ ਬਿਕਾਰਨ ਮਹਿ ਅਨੁਕੂਲੇ॥
(ਵਿਸ਼ੇ ਵਿਕਾਰਾਂ ਵਿਚ ਰੁੱਝੇ ਹੋਏ)

ਪ੍ਰਭੁਤਾ ਮਦ ਤੇ ਭਏ ਸਿ ਅੰਧੇ॥ ਪਰੇ ਗਰਬ ਜਗ ਬੰਧਨ ਬੰਧੇ॥੬॥
ਦੇਖਹਿ ਦੁਖੀ ਦਯਾ ਨ ਕਰਿਹੀਂ॥ ਮਹਾਂ ਮੰਦਮਤਿ ਪਰ ਤ੍ਰਿਯ ਹਰਿਹੀਂ॥
(ਪਰ ਇਸਤ੍ਰੀ ਗਮਨ)

ਪਿਖਤਿ ਸ਼ਰਾਬ ਘੁਮਤੇ ਫਿਰਿਹੀ॥ ਸਾਸਨ ਦੇਹਿਂ ਗਰੀਬਨ ਧਰਿਹੀਂ॥੭॥
(ਸ੍ਰੀ ਗੁਰ ਨਾਨਕ ਪ੍ਰਕਾਸ਼, ਉਤਰਾਰਧ 27, ਪੰਨਾ 992)

ਜਿਥੇ ਸ਼ਾਸਨਿਕ ਪ੍ਰਣਾਲੀ ਰਾਜਸੀ ਅਧਿਕਾਰਾਂ ਦੀ ਦੁਰਵਰਤੋਂ ਕਰਦੀ ਹੈ, ਉਥੇ ਸ਼ੈਤਾਨ ਦੀ ਗੱਲਬਾਤ ਹਮੇਸ਼ਾ ਹੀ ਭਾਰੂ ਹੁੰਦੀ ਹੈ। ਧਾਰਮਕ ਅਤੇ ਸਦਾਚਾਰੀ ਸਭਾ ਸੁਸਾਇਟੀਆਂ ਦੀ ਰਾਇ ਸ਼ੈਤਾਨ ਦੇ ਪ੍ਰਤਿਕਰਮ ਖੀਣਤ ਦਸ਼ਾ ਵਿਚ ਪਲਟਾ ਖਾ ਜਾਂਦੀ ਹੈ। ਸ਼ੈਤਾਨ ਦੇ ਸਾਹਮਣੇ ਸ਼ਰਮ ਅਤੇ ਧਰਮ ਭੀ ਧੁੰਡ

ਲੱਭਣ ਲਈ ਮਜਬੂਰ ਹੋ ਜਾਂਦੇ ਹਨ। ਮੌਲਾਣੇ ਅਤੇ ਕਾਜ਼ੀ ਪਿੱਛੇ ਹਟ ਜਾਂਦੇ ਹਨ। ਗ਼ਰਜ਼ੇਕਿ, ਨਿਕਾਹ ਦੇ ਇਕਰਾਰਨਾਮੇ ਭੀ ਸ਼ੈਤਾਨ ਹੀ ਪੜ੍ਹਦਾ ਹੈ। ਨਿਰਸੰਦੇਹ, ਐਸੇ ਚੰਗੇਜ਼ੀ ਕਾਨੂੰਨ ਦੀ ਝਲਕ ਸੰਨ 1978 ਤੋਂ 1995 ਤਕ ਹਿੰਦੁਸਤਾਨੀ ਪੰਜਾਬ ਵਿਚ ਭੀ ਵੇਖੀ, ਸੁਣੀ ਅਤੇ ਪੜ੍ਹੀ ਗਈ। ਐਸੀ ਘਿਰਣਤ ਦਸ਼ਾ ਦਾ ਜ਼ਿਕਰ ਹਜ਼ੂਰ ਨੇ ਬਾਬਰ ਬਾਣੀ ਦੁਆਰਾ ਕੀਤਾ ਹੈ, ਜਿਵੇਂ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥

(ਤਿਲੰਗ ਮ: ੧, ਪੰਨਾ 722/16)

ਉਕਤ ਦਰਸਾਏ ਪ੍ਰਮਾਣ ਦੁਆਰਾ ਹਜ਼ੂਰ ਨੇ ਭਵਿਖ਼ਬਾਣੀ ਕੀਤੀ ਹੈ ਕਿ ਜੋ ਕੋਈ ਭੀ ਸੱਤਾਧਾਰੀ ਅਹਿਲਕਾਰ ਜਾਂ ਸਮੇਂ ਦੀ ਹਕੂਮਤ ਪ੍ਰਾਪਤ ਹੋਏ ਅਧਿਕਾਰਾਂ ਦੀ ਦੁਰਵਰਤੋਂ ਕਰਦੀ ਹੈ, ਉਨ੍ਹਾਂ ਦੇ ਹਿਰਦਿਆਂ ਵਿਚੋਂ ਸ਼ਰਮ ਧਰਮ ਦਾ ਇਹਸਾਸ ਛਾਈਂ ਮਾਈਂ ਹੋਇ ਨਿਬੜਦਾ ਹੈ। ਧਾਰਮਕ ਆਗੂਆਂ, ਨਿਆਇ ਪ੍ਰਣਾਲੀ ਦੇ ਨਿਆਇਪਾਲਿਕਾਂ ਦੀ ਬਜਾਏ, ਸ਼ੈਤਾਨ ਇਤਨੀ ਕੁਵਰਤੀ ਸੱਤਾ ਵਿਚ ਆ ਜਾਂਦਾ ਹੈ ਕਿ ਹਰ ਤਰ੍ਹਾਂ ਦੇ ਸਮਾਜੀ ਇਕਰਾਰਨਾਮੇ ਸ਼ੈਤਾਨ ਦੀ ਸਰਦਾਰੀ ਵਿਚ ਹੀ ਪੜ੍ਹੇ ਲਿਖੇ ਜਾਂਦੇ ਹਨ।

ਜਿਨ੍ਹਾਂ ਕੌਮਾਂ ਦੀ ਸਰਦਾਰੀ ਸ਼ੈਤਾਨ ਦੇ ਹੱਥਾਂ ਵਿਚ ਆ ਜਾਵੇ, ਉਹ ਕਦੀ ਭੀ ਰਣ-ਭੂਮੀ ਦੇ ਗ਼ਾਜ਼ੀ ਨਹੀਂ ਬਣ ਸਕਦੇ। ਮੁਗ਼ਲਾਣੀ ਫ਼ੌਜਾਂ ਨੇ ਸ਼ੈਤਾਨੀਅਤ ਭਰਪੂਰ ਪਠਾਣੀ ਫ਼ੌਜਾਂ ਨੂੰ ਸੈਦਪੁਰ ਦੇ ਮੈਦਾਨ ਵਿਚ ਪੱਕੀ ਹੋਈ ਖੇਤੀ ਵਾਂਗੂ ਵੱਢ ਵੱਢ ਕੇ ਤੇਗ਼ ਦੀ ਧਾਰ ਦੁਆਰਾ ਖ਼ਾਕ ਵਿਚ ਰੋਲ ਦਿੱਤਾ। ਨਗਰਵਾਸੀਆਂ ਦੀ ਕਤਲੋ-ਗ਼ਾਰਤ ਅਤੇ ਹਰ ਪ੍ਰਕਾਰ ਦੀ ਲੁੱਟਮਾਰ ਭੀ ਕੀਤੀ। ਧਨ ਦੌਲਤ ਘੋੜੇ ਹਾਥੀ ਆਦਿ ਕਾਬੂ ਕੀਤੇ ਗਏ। ਗ਼ਰਜ਼ੇਕਿ, ਗਹਿਣਿਆਂ ਅਤੇ ਸੁੰਦਰ ਰੇਸ਼ਮੀ ਬਸਤ੍ਰਾਂ ਵਿਚ ਸਜੀਆਂ ਹੋਈਆਂ ਇਸਤ੍ਰੀਆਂ ਭੀ ਮੁਗ਼ਲ ਫ਼ੌਜੀਆਂ ਦੇ ਕਬਜ਼ੇ ਵਿਚ ਆਈਆਂ, ਜਿਥੋਂ ਪਠਾਣੀ ਸ਼ੈਤਾਨੀਅਤ ਦਾ ਅੰਤਮ ਫ਼ਾਤਿਹਾ ਪੜ੍ਹਿਆ ਗਿਆ। ਇਸ ਰਣ-ਭੂਮੀ ਦੀ ਝਲਕ ਨਿਮਨ ਲਿਖਤ ਕਾਵਿ ਰਚਨਾ ਦੁਆਰਾ ਵਾਚਣੀ ਵਧੇਰੇ ਲਾਭਦਾਇਕ ਹੋਵੇਗੀ। ਜਿਵੇਂ :

ਕ੍ਰਿਖ ਪਾਕ ਸਮ ਖਾਨ ਅਗਾਰੀ ॥ ਨਾਸ ਕੀਨ ਸਗਰੀ ਇਕ ਬਾਰੀ ॥
ਤਬ ਮੁਗ਼ਲ ਤਰਵਾਰਨ ਕਰਿਕੈ। ਲੂਟਨਿ ਲਾਗੇ ਨਗਰ ਮਹਿ ਬਰਿਕੈ ॥੨੨॥
ਦਰਬ ਤੁਰੰਗ ਲਿਯੇ ਸਭਿ ਜਾਈ ॥ ਖ਼ਾਨਨ ਸਦਨ ਬਰੇ ਪੁਨ ਧਾਈ ॥
ਸੁੰਦਰ ਅੰਗਨਾ ਤਬ ਗਹਿ ਲੀਨੀ ॥ ਭੂਖਨ ਪਟ ਯੁਤ ਬੈਸ ਨਵੀਨੀ ॥੨੩॥

ਦੋਹਰਾ ॥ ਸਰਬ ਪਠਾਨਨ ਮਾਰਿ ਕੈ ਲੂਟਿਓ ਨਗਰ ਬਨਾਇ ॥
ਬਹੁਤ ਕੈਦ ਮਹਿਂ ਕਰਿ ਲਿਯੇ ਹਾਇ ਹਾਇ ਬਿਲਲਾਇ ॥੭੪॥

(ਸ੍ਰੀ ਗੁਰ ਨਾਨਕ ਪ੍ਰਕਾਸ਼, ਉੱਤਰਾਰਧ 27, ਪੰਨਾ 999)

ਐਮਨਾਬਾਦ ਨਗਰੀ ਦੀ ਬਰਬਾਦੀ ਤੋਂ ਬਾਅਦ ਜੋ ਮਰਦ ਇਸਤ੍ਰੀ ਕਤਲੇਆਮ ਤੋਂ ਬਚ ਗਏ ਸਨ, ਉਨ੍ਹਾਂ ਨੂੰ ਸੈਦਪੁਰ ਦੀ ਜੇਲ੍ਹ ਵਿਚ ਬੰਦੀ ਕੀਤਾ ਗਿਆ। ਜਿਨ੍ਹਾਂ ਵਿਚ ਸਤਿਗੁਰੂ ਨਾਨਕ ਪਾਤਿਸ਼ਾਹ ਜੀ, ਭਾਈ ਮਰਦਾਨਾ ਅਤੇ ਭਾਈ ਬਾਲਾ ਭੀ ਸ਼ਾਮਿਲ ਸਨ। ਬੰਦੀ ਬਣਾਵਣ ਤੋਂ ਪਹਿਲਾਂ ਸਤਿਗੁਰੂ ਪਾਤਿਸ਼ਾਹ ਜੀ, ਭਾਈ ਮਰਦਾਨਾ ਅਤੇ ਬਾਲਾ ਜੀ ਇਕ ਬਿਰਖ ਦੀ ਛਾਵੇਂ ਬੈਠੇ ਸਨ। ਇਕ ਮੁਗ਼ਲ ਕਰਮਚਾਰੀ ਇਨ੍ਹਾਂ ਤਿੰਨਾਂ ਨੂੰ ਆਪਣੇ ਨਾਲ ਲੈ ਟੁਰਿਆ। ਭਾਈ ਮਰਦਾਨੇ ਨੂੰ ਘੋੜੇ ਦੀਆਂ ਰਾਸਾਂ ਫੜਾਈਆਂ, ਭਾਈ ਬਾਲਾ ਅਤੇ ਸਤਿਗੁਰੂ ਜੀ ਦੇ ਸਿਰ ਉੱਤੇ ਕੁਝ ਭਾਰ ਟਿਕਾ ਦਿੱਤਾ। ਮੁਗ਼ਲ ਕਰਮਚਾਰੀ ਇਤਨੇ ਹੈਰਾਨ ਅਤੇ ਪ੍ਰੇਸ਼ਾਨ ਹੋਏ, ਜਦੋਂ ਉਨ੍ਹਾਂ ਇਹ ਡਿੱਠਾ ਕਿ ਇਸ ਫ਼ਕੀਰ ਕੈਦੀ ਦਾ ਬੋਝਾ, ਸਿਰ ਤੋਂ ਇਕ ਹੱਥ ਉੱਚਾ ਜਾ ਰਿਹਾ ਹੈ। ਬੰਦੀਖ਼ਾਨੇ ਵਿਚ ਲੈ ਜਾ ਕੇ ਇਨ੍ਹਾਂ ਤਿੰਨਾਂ ਨੂੰ ਭੀ ਦੂਜੇ ਬੰਦੀਆਂ ਵਾਂਗੂੰ ਚੱਕੀ ਪੀਸਣ ਲਈ ਜੋੜ ਦਿੱਤਾ। ਕੀ ਵੇਖਦੇ ਹਨ ਕਿ ਇਸ ਫ਼ਕੀਰ ਦੀ ਚੱਕੀ ਸਵੈਮ ਹੀ ਘੁੰਮਦੀ ਅਤੇ ਨਿਰਯਤਨ ਹੀ ਦਾਣੇ ਪੀਸੀ ਜਾ ਰਹੀ ਹੈ। ਐਸੀ ਅਗੰਮੀ ਅਤੇ ਅਲੌਕਿਕ ਝਲਕ ਨੂੰ ਤੱਕ ਕੇ ਮੁਗ਼ਲ ਕਰਮਚਾਰੀਆਂ ਨੇ ਬਾਬਰ ਨੂੰ ਖ਼ਬਰ ਦਿੱਤੀ ਕਿ ਜੇਲ੍ਹ ਵਿਚ ਅੱਲਾਹ ਖ਼ੁਦ ਚੱਲ ਕੇ ਆਇਆ ਹੈ ਜਿਸ ਦੀਆਂ ਚੱਕੀਆਂ ਭੀ ਆਪਣੇ ਆਪ ਚੱਲਦੀਆਂ ਅਤੇ ਪੀਸਣ ਪੀਸ ਰਹੀਆਂ ਹਨ। ਐਸੀ ਖ਼ਬਰ ਸੁਣ ਕੇ ਬਾਬਰ ਸਵੈਮ ਤੌਰ 'ਤੇ ਸਤਿਗੁਰੂ ਜੀ ਪਾਸ ਆਇਆ, ਹਜ਼ੂਰ ਦੇ ਚਰਣ ਕਮਲਾਂ 'ਤੇ ਸੀਸ ਨਿਵਾਇਓਨੇ। ਜਿਸ ਦੀ ਰੂਪ-ਰੇਖਾ ਭਾਈ ਬਾਲਾ ਜੀ ਬਿਆਨ ਕਰਦੇ ਹਨ, ਜਿਵੇਂ :

ਹਮ ਮਿਲਿ ਦਰਨ ਲਗੇ ਦ੍ਰੁਤ ਦਾਨਾ ॥ ਜਿਉ ਨਰ ਨਾਰਿ ਕਰਤ ਤਿਹ ਥਾਨਾ ॥
ਸ੍ਰੀ ਗੁਰ ਚਾਕੀ ਹਾਥਿ ਨ ਲਾਵਹਿ ॥ ਨਿਜ ਕਰ ਸੋਂ ਦਾਨਾ ਮਧਿ ਪਾਵਹਿਂ ॥੨੩॥
ਸੀਘਰ ਫਿਰੈ ਆਪ ਹੀ ਸੋਈ ॥ ਬਿਸਮ ਬਿਲੋਕਹਿ ਤਹਿਂ ਸਭਿ ਕੋਈ ॥
ਇਤਨੇ ਮਹਿਂ ਬਾਬਰ ਚਲਿ ਆਯੋ ॥ ਚਰਨ ਕਮਲ ਪਰ ਸੀਸ ਨਿਵਾਯੋ ॥

(ਸ੍ਰੀ ਗੁਰ ਨਾਨਕ ਪ੍ਰਕਾਸ਼, ਉੱਤਰਾਰਧ 28, ਪੰਨਾ 1002)

ਸਤਿਗੁਰੂ ਨਾਨਕ ਪਾਤਿਸ਼ਾਹ ਜੀ ਨੇ ਪਰਜਾ ਦੀ ਮੰਦੀ ਦਸ਼ਾ ਦਾ ਦ੍ਰਿਸ਼ ਬਾਬਰ ਦੇ ਸਾਹਮਣੇ ਰੱਖਿਆ। ਚੱਕੀਆਂ ਪੀਸ ਰਹੀਆਂ ਸੁਆਣੀਆਂ ਦਾ ਚਿਤਰ ਪੇਸ਼ ਕੀਤਾ। ਭਾਵੇਂ ਮੁਗ਼ਲ ਹਮਲਾਵਰਾਂ ਦੇ ਚੰਗੇਜ਼ੀ ਢੰਗ ਦੇ ਜਾਬਰ ਹਮਲੇ ਅਤੇ ਚੰਗੇਜ਼ੀ ਕਾਨੂੰਨ ਦੀਆਂ ਨਿਰਦਈ ਸਜ਼ਾਵਾਂ ਦੇ ਚਿਤਰ ਸੰਸਾਰੀ ਤਵਾਰੀਖ਼ ਵਿਚ ਪੰਨਿਆਂ ਦੇ ਪੰਨੇ ਭਰੇ ਪਏ ਹਨ, ਪ੍ਰੰਤੂ ਅੱਜ ਬਾਬਰ ਦਾ ਮੁਗ਼ਲਾਣੀ ਜੱਲਾਲ ਅਤੇ ਮਜ਼ਹਬੀ ਜਨੂੰਨ ਦੀ ਆਭਾ ਸਕਾਰਾਤਮਕ ਦੇ ਦਾਇਰੇ ਵਿਚ ਪ੍ਰਵੇਸ਼ ਕਰ

ਗਈ। ਤ੍ਰਾਹਿ ਤ੍ਰਾਹਿ ਕਰਦਾ ਹੋਇਆ ਸਤਿਗੁਰੂ ਪਾਤਿਸ਼ਾਹ ਜੀ ਦੇ ਚਰਨ ਕਮਲਾਂ 'ਤੇ ਸਿਜਦਾ ਕਰਨ ਲਗਿਆਂ, ਤਨਿਕ ਮਾਤਰ ਭੀ ਵਿਲੰਬਤਾ ਨਹੀਂ ਕੀਤੀ। ਇਥੇ ਇਕ ਵਿਸ਼ੇਸ਼ ਚਿੱਤਰ ਦਾ ਪ੍ਰਤਿਬਿੰਬ ਅਤੇ ਕੇਂਦਰੀ ਬਿੰਦੂ ਅਸਾਡੇ ਤਬੱਜਲ ਦਾ ਵਿਸ਼ਾ ਹੈ ਕਿ ਸੱਚਾ ਸਤਿਗੁਰੂ ਸਰਣਿ ਆਏ, ਸਿਖ ਨੂੰ ਤਿੰਨਾਂ ਢੰਗਾਂ ਦੁਆਰਾ ਰੂਹਾਨੀ ਗਲਵੱਕੜੀ ਵਿਚ ਲੈਂਦਾ ਹੈ, ਜਿਵੇਂ, ਦਇਆ ਦ੍ਰਿਸ਼ਟੀ ਦੁਆਰਾ, ਸ਼ਬਦ ਦੇ ਅਣਿਆਲੇ ਬਾਣ ਦੁਆਰਾ ਅਤੇ ਅਗੰਮੀ ਸਪਰਸ਼ਤਾ ਦੁਆਰਾ। ਅੱਜ ਬਾਬਰ ਇਤਨਾ ਸੁਭਾਗਾ ਹੈ ਕਿ ਰਹਿਮਤ ਦੇ ਸਾਗਰ ਸਤਿਗੁਰੂ ਪਾਤਿਸ਼ਾਹ ਜੀ ਨੇ ਨਜ਼ਰੇ ਇਨਾਯਤ, ਕਲਾਮੇ ਫ਼ਜ਼ੀਲਤ (ਬਖ਼ਸ਼ਸ਼ ਭਰਿਆ ਸ਼ਬਦ) ਅਤੇ ਆਸਮਾਨੀ ਛੁਹ ਦੁਆਰਾ, ਬਾਬਰ ਦਾ ਬਾਬਰੀ ਜੱਲਾਲ ਅਤੇ ਦੀਨੀ ਮੱਜਾਰ, ਅਨੰਤ ਦੀਆਂ ਸੀਮਾਂ ਵਿਚ ਅਭੇਦ ਕਰ ਦਿੱਤਾ। ਪਾਤਿਸ਼ਾਹ ਜੀ ਨੇ ਏਮਨਾਬਾਦ ਦੀ ਦਰਦਾਂ ਭਰਪੂਰ ਗਾਥਾ ਬਾਬਰੀ ਜਿਗਰ ਦੀਆਂ ਤਲਾਂ ਵਿਚ ਉਤਾਰ ਦਿੱਤੀ, ਜਿਸ ਦਾ ਵਾਸਤਵਿਕ ਚਿੱਤਰ ਨਿਮਨ ਲਿਖਤ ਦੇ ਆਧਾਰ 'ਤੇ ਵੇਖਿਆ ਜਾ ਸਕਦਾ ਹੈ। ਜਿਵੇਂ :

ਦੋਹਰਾ॥ ਸ੍ਰੀ ਨਾਨਕ ਅਵਲੋਕਿ ਕੈ ਬੋਲੈ ਸਬਦੁ ਉਠਾਇ॥
ਸਭਿ ਲੋਕਨ ਕੀ ਜਸ ਦਸਾ ਤਸ ਤਬਿ ਦੀਨ ਸੁਨਾਇ॥੨੫॥

(ਸ੍ਰੀ ਗੁਰ ਨਾਨਕ ਪ੍ਰਕਾਸ਼, ਉਤਰਾਰਧ 28, ਪੰਨਾ 1002)

ਉਕਤ ਦਰਸਾਏ ਦੋਹਰਾ ਦੇ ਅਨੁਸਾਰ ਹਜ਼ੂਰ ਨੇ ਰਾਗ ਆਸਾ ਵਿਚ ਪਰਜਾ ਦੇ ਦੁਖਾਂ ਦੀ ਦਾਸਤਾਂ ਦਾ ਉਲੇਖਣ ਕੀਤਾ ਹੈ, ਜਿਸ ਵਿਚ ਆਮ ਸਾਧਾਰਣ ਪਰਜਾ ਦੀ ਹਾਹਾਕਾਰ ਅਤੇ ਬੇ-ਬਸੀ ਦਾ ਦ੍ਰਿਸ਼ ਪੇਸ਼ ਕੀਤਾ ਗਿਆ ਹੈ। ਸਤਿਗੁਰੂ ਪਾਤਿਸ਼ਾਹ ਜੀ ਦੀ ਮੁਬਾਰਕ ਰਸਨਾ ਦੁਆਰਾ ਅਲਾਪੇ ਸ਼ਬਦ ਨੂੰ ਸੁਣ ਕੇ, ਮੁਗ਼ਲ ਸ਼ਾਹਿਨਸ਼ਾਹ ਦਾ ਅੰਤ੍ਰੀਵੀ ਖੇਤਰ ਇਤਨਾ ਦ੍ਰਵਿਆ ਕਿ ਰੱਬੀ ਭੈ ਦੀ ਝਲਕ ਹਿਰਦੇ ਦੀਆਂ ਤਲਾਂ ਵਿਚ ਲਹਿੰਦੀ ਲਹਿੰਦੀ, ਅੰਤਹਕਰਣ ਦੀਆਂ ਗਹਿਰਾਈਆਂ ਵਿਚ ਸਮਾ ਗਈ। ਨੈਤਿਕਤਾ ਦੇ ਅਰਮਾਨ ਆਸਮਾਨੀ ਬੁਲੰਦੀਆਂ ਨਾਲ ਜਾ ਟਕਰਾਏ। ਦ੍ਰਵੇ ਹੋਏ ਹਿਰਦੇ ਅਤੇ ਸੁਜਲ ਨੇਤ੍ਰਾਂ ਦੁਆਰਾ ਤ੍ਰਾਹਿ ਤ੍ਰਾਹਿ ਕਰਦਾ ਹੋਇਆ ਬਾਬਰ, ਇਲਹਾਮੀ ਪੈਗੰਬਰ ਦੇ ਚਰਨ ਕਮਲਾਂ ਵਿਚ ਐਸੀ ਅੰਤ੍ਰੀਵੀ ਲੀਨਤਾ ਵਿਚ ਜਾ ਡੁੱਬਾ ਕਿ ਮੁਗ਼ਲਾਨੀ ਜੱਲਾਲ ਦਾ ਤੁਕੱਬਰ ਫ਼ਨਾਹ ਦੀ ਨੇਸਤ ਵਿਚ ਸਮਾ ਗਿਆ। ਗ਼ਰਜ਼ੇਕਿ, 'ਮੈਂ ਨਹੀਂ' ਦੀ ਅਵਸਥਾ ਵਿਚ ਲੀਨ ਹੋ ਗਿਆ। ਅਰਜ਼ ਕੀਤੋਨੇ ਕਿ ਮੈਨੂੰ, ਪਰਜਾ ਦੇ ਦੁਖਾਂ ਦੀ ਦਾਸਤਾਂ ਸਮਝਾਵੋ, ਤਦ ਹਜ਼ੂਰ ਨੇ ਨਿਮਨ ਲਿਖਤ ਸ਼ਬਦ ਦਾ ਆਲਾਪ ਕੀਤਾ :

ਜਿਨਿ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥
ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ॥੧॥

ਆਦੇਸੁ ਬਾਬਾ ਆਦੇਸੁ ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥੧॥ਰਹਾਉ॥

(ਆਸਾ ਮ: ੧, ਪੰਨਾ 417/1)

ਦੀਨ ਦੁਨੀ ਦੇ ਪਾਤਿਸ਼ਾਹ ਨੇ ਮਰਦਾਨੇ ਵੱਲ ਇਸ਼ਾਰਾ ਕਰਦਿਆਂ ਬਚਨ ਕੀਤਾ—ਮਰਦਾਨਿਆ ! ਰਬਾਬ ਦੀਆਂ ਤਰਬਾਂ ਆਸਾ ਰਾਗ ਵਿਚ ਛੇੜ ਦੇ। ਹੁਕਮ ਹੁੰਦਿਆਂ ਹੀ ਨੂਰਾਨੀ ਰਬਾਬ ਦੀਆਂ ਤਰਬਾਂ, ਫ਼ਰਸ਼ਾਂ ਦੀ ਨਗਰੀ ਨੂੰ ਲੰਘ ਕੇ, ਅਰਸ਼ੇ ਬਰੀਂ (ਰੱਬੀ ਸਿੰਘਾਸਣ) 'ਤੇ ਜਾ ਪਹੁੰਚੀਆਂ। ਅਨਾਹਤ ਨਾਦ ਵਿਚੋਂ ਝਿਮ ਝਿਮ ਵਰਸੈ ਅੰਮ੍ਰਿਤ ਧਾਰਾ ਦੀ ਝੜੀ ਵਰਸਾਵਨ ਲੱਗੀਆਂ। ਦਰਗਾਹੀ ਸ਼ਬਦ, ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੀ ਮੁਬਾਰਕ ਰਸਨਾ ਦੁਆਰਾ, ਆਸਾ ਰਾਗ ਦਾ ਆਲਾਪ ਅਤੇ ਮਰਦਾਨਾ ਜੀ ਦੇ ਕੋਮਲ ਹੱਥਾਂ ਦੀਆਂ ਅਰਸ਼ੀ ਧੁਨੀਆਂ ਬਾਬਰ ਦੇ ਸੀਨੇ ਵਿਚ ਧੱਸ ਗਈਆਂ। ਬਾਬਰ ਦਾ ਪੱਥਰ ਹਿਰਦਾ ਪਿਘਲ ਕੇ ਇਤਨਾ ਸੰਵੇਦਨਸ਼ੀਲ (sensible) ਬਣ ਗਿਆ ਕਿ ਸਮੁੱਚੀ ਬ੍ਰਹਮੰਡੀ ਲਤਾਫ਼ਤ (ਪਵਿੱਤ੍ਰ ਸੁੰਦ੍ਰਤਾ) ਬਾਬਰ ਦੇ ਕਠੋਰ ਹਿਰਦੇ ਦੀ ਸ਼ੋਭਾ ਬਣ ਗਈ। ਮੁਗ਼ਲ ਰਾਜ ਦੇ ਬਾਨੀ ਨੇ ਹਜ਼ੂਰ ਦੇ ਚਰਨ ਕਮਲਾਂ 'ਤੇ ਲੰਮੇ ਪੈ ਕੇ ਆਪਾ ਅਰਪਣ ਕੀਤਾ। ਬੇਨਤੀ ਕੀਤੀ—ਐ ਵਲੀ ਅੱਲਾਹ! ਤੁਸੀਂ ਖ਼ੁਦਾਇ ਦਾ ਰੂਪ ਧਾਰ ਕੇ ਆਏ ਹੋ, ਮੇਰੇ ਲਾਇਕ ਕੋਈ ਖਿਦਮਤ ਫ਼ੁਰਮਾਓ। ਕੋਈ ਐਸੀ ਕਰਾਮਾਤ ਬਖ਼ਸ਼ੋ ਤਾਂਕਿ ਮੈਂ ਦੁਨੀਆ ਦਾ ਬਾਦਸ਼ਾਹ ਬਣ ਸਕਾਂ। ਬਾਬਰ ਦੀ ਯਾਚਨਾ ਨੂੰ ਧਿਆਨ ਵਿਚ ਰੱਖਦਿਆਂ ਹਜ਼ੂਰ ਨੇ ਬਚਨ ਕੀਤਾ—ਐ ਬਾਬਰ! ਕਰਾਮਾਤ ਕਹਿਰ ਹੈ, ਪ੍ਰੰਤੂ ਜੋ ਕੁਝ ਤੇਰੇ ਚਿਤ ਵਿਚ ਹੈ, ਓਹੀ ਕੁਝ ਮੰਗ ਲੈ, ਡੋਲਣ ਦੀ ਜ਼ਰੂਰਤ ਨਹੀਂ। ਉਕਤ ਦਰਸਾਏ ਖ਼ਿਆਲਾਂ ਦੀ ਤਰਜਮਾਨੀ ਨਿਮਨ ਲਿਖਤ ਦੁਆਰਾ ਵੇਖੀ ਜਾ ਸਕਦੀ ਹੈ :

ਸੁਨਿ ਬਾਬਰ, ਸ੍ਰੀ ਮੁਖ ਤੇ ਬਾਨੀ ॥ ਸਰਧਾ ਅਧਿਕ ਰਿਦੇ ਮਹਿ ਠਾਨੀ ॥
ਕਲਾਵਾਨ ਮਨ ਲਖੇ ਬਿਸਾਲਾ ॥ ਬੰਦਨ ਕਰਿ ਬੋਲਿਓ ਤਿਹ ਕਾਲਾ ॥੫੦॥
ਕਰਾਮਾਤ ਮੁਝ ਕੋ ਦਿਖਲਾਵਹੁ ॥ ਕਿਤਕਿ ਸਕਤਿ ਹੈ ਸਰਬ ਬਤਾਵਹੁ ॥
ਤੁਮ ਖੁਦਾਇ ਕੇ ਅਧਿਕ ਪਿਆਰੇ ॥ ਕਿਧੌਂ ਖੁਦਾਇ ਆਪ ਤਨ ਧਾਰੇ ॥੫੧॥
ਸੁਨਿ ਕਰਿ ਬੋਲੇ ਕ੍ਰਿਪਾ ਸਹਿਤ ਹੈਂ ॥ ਕਰਾਮਾਤ ਕੋ ਕਹਿਰ ਕਹਿਤਿ ਹੈਂ ॥
ਜਾਚਿ ਲੇਹੁ ਜੋ ਹੈ ਚਿਤ ਚਾਹੀ ॥ ਇਸਥਿਰ ਕਰਿ ਮਨ ਡੋਲਹੁ ਨਾਂਹੀ ॥
ਬਾਬਰ ਕੇਰ ਹੁਤੋ ਬਡਭਾਗਾ ॥ ਸੁਨਿ ਕੈ ਬਚਨ ਚਰਨ ਅਨੁਰਾਗਾ ॥
ਪ੍ਰੇਮ ਖੁਦਾਇ ਮਗਨ ਮਨ ਜਾਨੀ ॥ ਜਾਂ ਤੇ ਭੇਟ ਭਾਂਗ ਕੀ ਆਨੀ ॥੫੨॥

(ਸ੍ਰੀ ਗੁਰ ਨਾਨਕ ਪ੍ਰਕਾਸ਼, ਉਤਰਾਰਧ 28, ਪੰਨਾ 1005)

ਬਾਬਰ ਨੇ ਆਪਣੇ ਮਨ ਵਿਚ ਇਹ ਗੱਲ ਸਮਝ ਲਈ ਕਿ ਫ਼ਕੀਰ ਖ਼ੁਦਾਇ

ਦੇ ਪ੍ਰੇਮ ਵਿਚ ਮਗਨ ਹੈ। ਇਸ ਨੂੰ ਕਿਸੇ ਤਰ੍ਹਾਂ ਦਾ ਲਾਲਚ ਨਹੀਂ ਹੈ। ਇਸ ਵਾਸਤੇ ਨਿਜੀ ਸ਼ਰਧਾ ਦੇ ਅਨੁਸਾਰ ਮਾਲ ਦੌਲਤ ਦੇ ਥਾਂ ਭੰਗ ਦਾ ਪਿਆਲਾ ਪੇਸ਼ ਕੀਤਾ, ਪ੍ਰੰਤੂ ਸਤਿਗੁਰੂ ਜੀ ਨੇ ਭੰਗ ਦਾ ਨਜ਼ਰਾਨਾ ਸਵੀਕਾਰ ਨਹੀਂ ਕੀਤਾ। ਕੇਵਲ ਉਸ ਦੀ ਸ਼ਰਧਾ ਅਤੇ ਪਿਆਰ ਨੂੰ ਧਿਆਨ ਵਿਚ ਰੱਖਦਿਆਂ, ਹਜ਼ੂਰ ਨੇ ਬਚਨ ਕੀਤਾ—ਹੇ ਬਾਬਰ! ਤੇਰੀ ਕਾਮਨਾ ਬਰ ਆਵੇਗੀ, ਬਸ਼ਰਤੇਕਿ, ਪਰਜਾ ਦੇ ਹਿਤਾਂ ਦੀ ਰੱਖਿਆ ਕੀਤੀ ਜਾਵੇ। ਜਦੋਂ ਤਕ ਪਰਜਾ ਦੇ ਹਿਤਾਂ ਦੀ ਰੱਖਿਆ ਕਰੋਗੇ, ਬਾਦਸ਼ਾਹੀਆਂ ਕਾਇਮ ਰਹਿਣਗੀਆਂ। ਜਦੋਂ ਜਨਤਾ ਦੀ ਆਵਾਜ਼ ਦੇ ਵਿਰੁੱਧ ਅਨਿਆਇ ਹੋਵੇਗਾ, ਸਲਤਨਤ ਖ਼ਤਮ ਹੋ ਜਾਵੇਗੀ, ਜਿਵੇਂ:

ਕ੍ਰਿਪਾਦ੍ਰਿਸ਼ਟਿ ਅਵਲੋਕਿਕੈ ਬੋਲਤ ਭਏ ਸਤਿ ਭਾਇ॥
ਜਗ ਪਤਿਸਾਹੀ ਭੋਗਹੋ ਜਬ ਲਗ ਕਰੈ ਨਿਆਇ॥੬੦॥
ਜਬ ਤੁਮਰੀ ਕੁਲ ਨਿਜਾਇ ਨ ਹੋਵਹਿ॥
ਪਤਿਸਾਹਿਤ ਸਗਰੀ ਸੋ ਖੋਵਹਿ॥

(ਸ੍ਰੀ ਗੁਰ ਨਾਨਕ ਪ੍ਰਕਾਸ਼, ਉਤਰਾਰਧ 28, ਪੰਨਾ 1006)

ਮੁਗ਼ਲ ਸਰਕਾਰ ਦੇ ਸਮੇਂ ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੀ ਸਿੱਖਿਆ ਦੇ ਆਧਾਰ 'ਤੇ ਬਾਬਰ, ਹਮਾਯੂੰ ਅਤੇ ਅਕਬਰ ਸਮਰਾਟ ਨੇ ਬਹੁਤ ਨਿਆਇ ਸਹਿਤ ਹਕੂਮਤ ਦਾ ਪ੍ਰਬੰਧ ਚਲਾਇਆ। ਪਰਜਾ ਦੇ ਕਿਸੇ ਭੀ ਨਿਆਸਰੇ, ਨਿਹੱਥੇ ਅਤੇ ਅਧੀਨ ਪ੍ਰਾਣੀ ਨੂੰ ਨਿਆਇ ਤੋਂ ਵਾਂਝਾ ਨਹੀਂ ਰੱਖਿਆ। ਸੰਨ 1521 ਐਮਨਾਬਾਦ ਦੀ ਜੰਗ ਤੋਂ ਉਪਰੰਤ ਕਦੀ ਭੀ ਕਤਲੋ-ਗ਼ਾਰਤ ਨਹੀਂ ਕੀਤੀ। ਸਭ ਤੋਂ ਵਿਸ਼ੇਸ਼ ਘਟਨਾ ਇਹ ਹੋਈ ਕਿ ਬਾਬਰ ਨੇ ਐਮਨਾਬਾਦ ਦੀ ਬਰਬਾਦੀ ਸਮੇਂ ਕੈਦੀ ਕੀਤੇ ਇਸਤ੍ਰੀ ਪੁਰਸ਼, ਸਾਰੇ ਹੀ ਰਿਹਾਅ ਕਰ ਦਿੱਤੇ। ਇਕ ਭੀ ਕੈਦੀ ਜੇਲ੍ਹ ਵਿਚ ਨਹੀਂ ਰੱਖਿਆ। ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਉਸ ਨੇ ਹਰ ਕੈਦੀ ਦੀ ਲੁੱਟੀ ਹੋਈ ਸਮੱਗਰੀ ਭੀ ਵਾਪਸ ਪਰਤਾ ਦਿੱਤੀ। ਲੁੱਟ ਦਾ ਸਾਮਾਨ ਆਪਣੇ ਸਿਪਾਹੀਆਂ ਵਿਚ ਵੰਡਣ ਦੀ ਬਜਾਇ, ਹਰ ਦੁਖਿਆਰੇ ਵਿਅਕਤੀ ਨੂੰ ਵਾਪਸ ਮੋੜ ਦਿੱਤਾ। ਜਿਸ ਦੀ ਸਾਖਾ ਭਾਈ ਸੰਤੋਖ ਸਿੰਘ ਜੀ ਨੇ ਨਿਮਨ ਲਿਖਤ ਅਨੁਸਾਰ ਪ੍ਰਗਟਾਈ ਹੈ:

ਕਰੁਨਾਨਿਧਿ ਦੇਖੇ ਬਹੁਤ ਕੈਦ ਬਿਖੈ ਨਰ ਨਾਰਿ॥
ਦੁਖ ਪਾਵਤਿ ਕੁਰਲਾਤ ਹੈਂ ਜਿਉਂ ਬਨ ਕਮਲ ਤੁਖਾਰ॥੬੫॥

ਚੌਪਈ॥ **ਬਾਬਰ ਸੋਂ ਬੋਲੇ ਤਿਹ ਕਾਲਾ॥ ਛੋਡਹੁ ਕੈਦ ਜੋ ਗਹੀ ਬਿਸਾਲਾ॥**
ਸੌਜ ਖਸੋਟੀ ਜੋ ਇਨ ਕੇਰੀ॥ ਮਾਨਹੁ ਬਚ ਹਮਾਰ, ਦੇਹੁ ਫੇਰੀ॥੬੬॥
[ਇਨ੍ਹਾਂ ਦੀ ਖੋਹੀ ਹੋਈ ਸਮੱਗਰੀ ਮੇਰਾ ਬਚਨ ਮੰਨ ਕੇ ਮੋੜ ਦੇਵੋ।]

ਕਮਲ ਬਦਨ ਕੀ ਗਿਰਾ ਸੁਨੀ ਜਬਿ॥ ਸਪਦ ਛੁਡਾਏ ਨਰ ਨਾਰੀ ਸਭਿ॥
[ਫ਼ਟਾਫਟ ਰਿਹਾਅ ਕਰਵਾ ਦਿੱਤੇ।]

ਅਪਨੀ ਸੌਜ ਪਛਾਨੀ ਜਾਹੀ ॥ ਦਈ ਦਿਵਾਇ ਦੇਰਿ ਕੋਊ ਨਾਂਹੀ ॥੬੭॥

(ਸ੍ਰੀ ਗੁਰੂ ਨਾਨਕ ਪ੍ਰਕਾਸ਼, ਉਤਰਾਰਧ 28, ਪੰਨਾ 1006)

ਬਾਬਰ ਇਕ ਸਭਿਅਕ ਹੁਕਮਰਾਨ ਸੀ ਜੋ ਚੰਗੇਜ਼ ਖ਼ਾਨ ਅਤੇ ਅਮੀਰ ਤੈਮੂਰ ਦੇ ਸਮੇਂ ਨਾਲੋਂ ਵੱਖਰੀਆਂ ਆਦਤਾਂ ਰੱਖਣ ਵਾਲਾ ਅੱਛਾ ਇਨਸਾਨ ਅਤੇ ਚੁਨੀਦਾ ਹੁਕਮਰਾਨ ਸੀ, ਪ੍ਰੰਤੂ ਕੁਦਰਤ ਵਲੋਂ ਕੇਵਲ ਚਾਰ ਸਾਲ ਦਾ ਸਮਾਂ ਹੀ ਉਸ ਦੀ ਹਕੂਮਤ ਦੇ ਹਿੱਸੇ ਵਿਚ ਆਇਆ। ਸਤਿਗੁਰੂ ਨਾਨਕ ਸਾਹਿਬ ਜੀ ਦੀ ਸਿੱਖਿਆ ਪ੍ਰਾਪਤੀ ਤੋਂ ਉਪਰੰਤ ਉਸ ਨੇ ਕਦੀ ਭੀ ਭੰਗ ਅਤੇ ਸ਼ਰਾਬ ਦਾ ਇਸਤੇਮਾਲ ਨਹੀਂ ਕੀਤਾ। ਪਰਜਾ ਪ੍ਰਤਿ ਹਮੇਸ਼ਾ ਹੀ ਜ਼ਿੰਮੇਵਾਰ ਅਤੇ ਨਿਆਇਸ਼ੀਲ ਬਾਦਸ਼ਾਹ ਬਣਿਆ ਰਿਹਾ। ਇਹੀ ਕਾਰਣ ਸੀ ਕਿ ਸਤਿਗੁਰੂ ਪਾਤਿਸ਼ਾਹ ਜੀ ਦਾ ਬਚਨ ਮੰਨ ਕੇ ਐਮਨਾਬਾਦ ਦੇ ਸਾਰੇ ਕੈਦੀ ਛੱਡ ਦਿੱਤੇ, ਨਾਲ ਦੀ ਨਾਲ ਉਨ੍ਹਾਂ ਦਾ ਘਰੇਲੂ ਸਾਜ਼ੋ-ਸਾਮਾਨ ਭੀ ਵਾਪਸ ਮੋੜ ਦਿੱਤਾ। ਬਾਬਰ ਦੀ ਵਾਸਤਵਿਕਤਾ ਨੂੰ ਸਮਝਣ ਹਿਤ ਨਿਮਨ ਲਿਖਤ ਦਾ ਅਧਿਐਨ ਕਰਨਾ ਵਧੇਰੇ ਲਾਭਦਾਇਕ ਹੋਵੇਗਾ:

I have told you something of Babar already. Descended from Changiz and Taimur, he had something of their greatness and military ability. But the Mongols had become more civilized since the days of Changiz, and Babar was one of the most cultured and delightful persons one could meet. There was no sectarianism in him. No religious bigotry and he did not destroy as his ancestors used to do. *(Glimpses of World History, p. 303)*

ਮੁਗ਼ਲ ਰਾਜ ਦਾ ਬਾਨੀ ਬਾਬਰ ਇਕ ਇਨਸਾਫ਼ ਪਸੰਦ ਬਾਦਸ਼ਾਹ ਹੋ ਗੁਜ਼ਰਿਆ ਹੈ, ਜਿਸ ਨੇ ਹਮੇਸ਼ਾ ਹੀ ਪਰਜਾ ਦੇ ਹਿਤਾਂ ਨੂੰ ਪਹਿਲ ਦਿੱਤੀ। ਇਸ ਦੀਆਂ ਕਈ ਇਕ ਮਿਸਾਲਾਂ ਪੁਰਾਤਨ ਇਤਿਹਾਸ ਦੇ ਪੰਨਿਆਂ ਵਿਚ ਲਪੇਟੀਆਂ ਪਈਆਂ ਹਨ। ਜਿਵੇਂ, ਸੁਜਾਨ ਰਾਇ ਭੰਡਾਰੀ ਦੇ ਕਥਨ ਅਨੁਸਾਰ ਇਬਰਾਹੀਮ ਲੋਧੀ ਨੂੰ ਜਿਤ ਕੇ ਬਾਬਰ "ਆਗਰੇ ਵਿਚ ਬੈਠ ਕੇ ਦੇਸ ਪ੍ਰਬੰਧ ਅਤੇ ਮੁਹਿੰਮਾਂ ਦਾ ਇੰਤਜ਼ਾਮ ਕਰਨ ਵਿਚ ਰੁਝ ਗਿਆ। ਦੇਸ ਵਾਸੀਆਂ ਨੂੰ ਨਿਆਇ ਅਤੇ ਹੋਰ ਬਖਸ਼ੀਸ਼ਾਂ ਨਾਲ ਲਾਭਵੰਦ ਕੀਤਾ," ਭਾਵ ਬਾਬਰ ਨੇ ਰਾਜ-ਪ੍ਰਬੰਧ ਅਤੇ ਪਰਜਾ ਦੇ ਲਾਭ ਵੱਲ ਧਿਆਨ ਦਿੱਤਾ।

(ਖ਼ੁਲਾਸਤੁਤ ਤਵਾਰੀਖ਼, ਪੰਨੇ 280-86)

ਉਕਤ ਦਰਸਾਈ ਵਾਰਤਕ ਅਤੇ ਪਰਮਾਣਿਕ ਸਮੱਗਰੀ ਦੇ ਆਧਾਰ 'ਤੇ ਦਲੀਲਕ ਯੁਗ (Age of reason) ਦੀ ਗਾਥਾ ਆਪਣੇ ਵੇਗ ਵਿਚ ਚਲ ਰਹੀ ਹੈ ਜਿਸ ਵਿਚ ਕੁਝ ਗ਼ੈਰ-ਜ਼ਿੰਮੇਵਾਰ ਅਹਿਲਕਾਰਾਂ ਵਲੋਂ ਪਰਜਾ ਦੇ ਵਿਰੁੱਧ,

ਪ੍ਰਾਪਤ ਹੋਈ ਸੱਤਾ ਦੀ ਦੁਰਵਰਤੋਂ ਕਰਦੇ ਹੋਏ, ਧੱਕਾ, ਜ਼ੋਰ-ਜ਼ੁਲਮ ਅਤੇ ਅਸਹਿ ਅਨਿਆਇ ਕਰਨ ਦੀਆਂ ਵਾਰਦਾਤਾਂ ਆਮ ਹੀ ਵੇਖਣ-ਸੁਣਨ ਅਤੇ ਪੜ੍ਹਨ ਵਿਚ ਆਈਆਂ ਹਨ। ਜਿਨ੍ਹਾਂ ਦੀ ਜਾਣਕਾਰੀ ਆਪ ਜੀ ਪਿਛਲੇ ਸੂਤਰਾਂ ਵਿਚ ਪੜ੍ਹ ਆਏ ਹੋ, ਪ੍ਰੰਤੂ ਬਾਬਰ ਬਾਦਸ਼ਾਹ ਦੀ ਨੈਤਿਕਤਾ ਅਤੇ ਮਨੁੱਖੀ ਤੱਤੂ ਨੂੰ ਦਲੀਲ ਦੀ ਕਸਵੱਟੀ 'ਤੇ ਪਰਖਿਆਂ ਅਸੀਂ ਇਸ ਨਤੀਜੇ 'ਤੇ ਪੁੱਜੇ ਹਾਂ ਕਿ ਮੁਗ਼ਲ ਰਾਜ ਦਾ ਬਾਨੀ ਐਮਨਾਬਾਦ ਦੇ ਸਾਰੇ ਕੈਦੀਆਂ ਨੂੰ ਨਿਜੀ ਹਿਰਾਸਤ ਵਿਚੋਂ ਬਿਨਾਂ ਕਿਸੇ ਸ਼ਰਤ ਦੇ ਰਿਹਾਅ ਕਰਦਾ ਅਤੇ ਹਮਲਾਵਰ ਫ਼ੌਜਾਂ ਦੁਆਰਾ ਲੁੱਟਿਆ ਹੋਇਆ ਘਰੇਲੂ ਸਾਮਾਨ ਅਤੇ ਜਾਇਦਾਦ ਆਦਿ ਵਾਪਸ ਮੋੜਦਾ ਹੈ। ਇਸ ਚਿੱਤਰ ਦੇ ਦੂਜੇ ਪਾਸੇ, ਭਾਰਤੀ ਸਰਕਾਰ ਜੋ ਆਪਣੇ ਆਪ ਨੂੰ ਸੰਸਾਰ ਦੀ ਸਭ ਤੋਂ ਵੱਡੀ ਗਣਤੰਤਰ ਸਰਕਾਰ ਅਖਵਾਉਣ ਦਾ ਦਾਅਵਾ ਕਰਦੀ ਹੈ, ਇਸ ਦੇ ਦੁਰਵਰਤੀ ਅਤੇ ਅਧੋਤੀ ਲੋਕਤੰਤਰ ਰਾਜ ਵਿਚ ਹਜ਼ਾਰਾਂ ਹੀ ਗ੍ਰਿਹਸਥੀ ਸਿਖ ਬਗ਼ੈਰ ਮੁਕੱਦਮਾ ਚਲਾਏ ਜੇਲ੍ਹਾਂ ਦੀਆਂ ਅਧਿਰੀਆਂ ਕੋਠੜੀਆਂ ਵਿਚ ਸੜ ਰਹੇ ਹਨ। ਗ਼ਰਜ਼ੇਕਿ, ਰੈਫ਼ਰੈਂਸ ਲਾਇਬਰੇਰੀ ਨੂੰ ਅਗਨ ਭੇਟ ਕਰ ਕੇ ਖ਼ਾਲਸਈ ਸ਼ਾਨੋ-ਸ਼ੌਕਤ ਦਾ ਇਤਿਹਾਸ ਦੁਨੀਆ ਦੇ ਤਖ਼ਤੇ ਤੋਂ ਖ਼ਤਮ ਕੀਤਾ ਗਿਆ। ਭਾਰਤੀ ਪੁਲਿਸ ਵਲੋਂ ਉਨ੍ਹਾਂ ਗ਼ਰੀਬਾਂ ਦੇ ਲੁੱਟੇ ਹੋਏ ਸਾਮਾਨ, ਸਰਕਾਰੀ ਅੱਤਿਆਚਾਰੀਆਂ ਦੇ ਖ਼ੂਨੀ ਮਹਿਲ ਮਾੜੀਆਂ ਦਾ ਮਨੋਰੰਜਨ ਬਣ ਚੁੱਕੇ ਹਨ। ਰਾਜ ਸੱਤਾ ਦੀ ਦੁਰਵਰਤੋਂ ਕਰਦੇ ਹੋਏ, ਹਜ਼ਾਰਾਂ ਹੀ ਨਿਰਦੋਸ਼ ਗ੍ਰਿਹਸਥੀ ਗੁਰਸਿੱਖਾਂ ਦੀਆਂ ਲਾਸ਼ਾਂ, ਲਾਵਾਰਿਸ ਆਖ ਕੇ, ਪੰਜਾਬ ਦੇ ਦਰਿਆਵਾਂ ਅਤੇ ਸ਼ਮਸ਼ਾਨ ਘਾਟਾਂ ਦੀ ਬਲੀ ਚੜ੍ਹਾਈਆਂ ਗਈਆਂ। ਸਮਝ ਨਹੀਂ ਆ ਰਹੀ ਇਹ ਕੈਸਾ ਗਣਤੰਤਰ ਹੈ? ਜਿਸ ਦੀ ਗੋਦ ਵਿਚ ਅਪਰਾਧੀ ਕਰਮਚਾਰੀਆਂ ਨੂੰ ਉੱਚੀਆਂ ਪਦਵੀਆਂ ਦੁਆਰਾ ਸਨਮਾਨਤ ਕੀਤਾ ਜਾ ਰਿਹਾ ਹੈ। ਸਿੱਖਾਂ ਦੀਆਂ ਕੁਰਬਾਨੀਆਂ, ਕਾਲੇ ਪਾਣੀ ਦੀਆਂ ਸਜ਼ਾਵਾਂ, ਫਾਂਸੀ ਦੇ ਰੱਸਿਆਂ 'ਤੇ ਉਸਰਿਆ ਭਾਰਤੀ ਸਵਤੰਤ੍ਰਤਾ ਦਾ ਮਹਿਲ, ਸਿੱਖਾਂ ਵਾਸਤੇ ਕਤਲਗਾਹ ਬਣ ਚੁੱਕਾ ਹੈ। ਕਿਸੇ ਵਿਸ਼ੇਸ਼ ਧਾਰਾ ਦੇ ਅਧੀਨ ਸਿੱਖਾਂ ਦਾ ਦਰਿਆਈ ਪਾਣੀ, ਸਿੱਖਾਂ ਦੀ ਸਭਿਅਤਾ, ਸਿੱਖੀ ਸਰੂਪ ਅਤੇ ਸਿੱਖੀ ਧਰਮ ਨੂੰ ਨੇਸਤੋ-ਨਾਬੂਦ ਕਰਨ ਦੀਆਂ ਕੋਝੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ। ਭਾਰਤੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ, ਸਰਕਾਰੀ ਅੱਤਿਆਚਾਰੀਆਂ ਨੂੰ ਸ਼ਹਿ ਦਿੰਦਾ ਹੋਇਆ ਐਲਾਨ ਕਰਦਾ ਹੈ ਕਿ, "ਜਬ ਬੜਾ ਦਰਖ਼ਤ ਗਿਰਤਾ ਹੈ ਤਬ ਧਰਤੀ ਹਿਲ ਹੀ ਜਾਤੀ ਹੈ।"[1]

ਉਕਤ ਵਾਰਤਾ ਦੁਆਰਾ ਤਰਕਸ਼ੀਲ ਯੁਗ ਦੇ ਪ੍ਰਸੰਗ ਵਿਚ ਮਨੁੱਖੀ ਅਤੇ ਹੋਰ ਸਮੁੱਚੀ ਜ਼ਿੰਦਗੀ ਪ੍ਰਤਿ ਜਬਰ ਜ਼ੁਲਮ, ਧੱਕਾ ਅਤੇ ਹੱਠਧਰਮੀ ਦੇ ਵਤੀਰੇ

---

1. *See, India Commit Suicide.*

ਪ੍ਰਤਿ ਜ਼ਿਕਰ ਕੀਤਾ ਗਿਆ ਹੈ। ਜਿਥੇ ਸਤਿਗੁਰੂ ਪਾਤਿਸ਼ਾਹ ਜੀ ਨੇ ਸਮਾਜੀ ਅਨੈਤਿਕਤਾ ਪ੍ਰਤਿ ਸਹੀ ਅਤੇ ਵਾਜਿਬ ਦਲੀਲਾਂ ਦੁਆਰਾ, ਮਨੁੱਖੀ ਕਿਰਦਾਰ ਨੂੰ ਸਦਾਚਾਰੀ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ ਹੈ, ਉਥੇ ਨਾਲ ਹੀ ਨਾਲ ਭਰਮ, ਭੈ ਅਤੇ ਸਮਾਜੀ ਕੁਰੀਤੀਆਂ ਨੂੰ ਠੱਲ੍ਹ ਪਾਵਨ ਹਿਤ, ਨਿਗਰ ਦਲੀਲਾਂ ਪੇਸ਼ ਕੀਤੀਆਂ ਗਈਆਂ ਹਨ।

2. ਭਰਮ ਭੁਲੇਖੇ ਅਤੇ ਅੰਧ ਵਿਸ਼ਵਾਸ : ਜਿਥੇ ਅਗਿਆਨਤਾ ਹੈ, ਉਥੇ, ਦੁਬਿਧਾ ਆਪਣੇ ਆਪ ਹੀ ਆ ਜਾਂਦੀ ਹੈ। ਜਿਥੇ ਦੁਬਿਧਾ ਹੈ, ਉਥੇ ਭਰਮ ਭੁਲੇਖਿਆਂ ਦਾ ਉਤਪੰਨ ਹੋਣਾ ਇਕ ਸੁਭਾਵਿਕ ਗਤੀ ਹੀ ਆਖੀ ਜਾ ਸਕਦੀ ਹੈ। ਜਿਥੇ ਭਰਮ ਭੁਲੇਖਾ ਜਾਂ ਵਹਿਮ ਹੈ, ਉਥੇ ਭੈ, ਡਰ, ਸਹਿਮ, ਖ਼ੌਫ਼ ਅਤੇ ਖਾਹ ਹੌਲਾਂ ਦੀ ਸਥਿਤੀ ਦਾ ਉਤਪੰਨ ਹੋਣਾ ਇਕ ਸਾਧਾਰਨ ਜਿਹੀ ਅਵਸਥਾ ਹੁੰਦੀ ਹੈ। ਭਰਮ ਭੁਲੇਖਿਆਂ ਦਾ ਜਾਲ ਇਨਸਾਨੀ ਜ਼ਿੰਦਗੀ ਦੀ ਸਭ ਤੋਂ ਵੱਡੀ ਨਿਰਬਲਤਾ ਹੈ। ਐਸੀ ਮਨੁੱਖੀ ਨਿਰਬਲਤਾ ਦਾ ਅਉਖਧ ਕਰਨ ਹਿਤ, ਸਤਿਗੁਰੂ ਪਾਤਿਸ਼ਾਹ ਜੀ ਨੇ ਦੁਨੀਆ ਦੇ ਇਨਸਾਨ ਨੂੰ ਕ੍ਰਿਆਤਮਕ ਉਦਾਹਰਣਾਂ ਦੁਆਰਾ ਭਰਮ ਭੁਲੇਖਾ ਅਤੇ ਭੈ-ਰਹਿਤ ਜੀਵਨ ਬਤੀਤ ਕਰਨ ਹਿਤ ਅਤਿ ਸਾਧਾਰਨ, ਸੁਖਾਵੇਂ ਅਤੇ ਤਰਕਸ਼ੀਲ ਮਸ਼ਵਰੇ ਪੇਸ਼ ਕੀਤੇ ਹਨ, ਜਿਨ੍ਹਾਂ ਦਾ ਖੁੱਲ੍ਹਾ ਅਨੁਵਾਦ ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੀ ਸੰਸਾਰੀ ਯਾਤਰਾ ਦੇ ਪੰਨਿਆਂ ਵਿਚ ਕੀਤਾ ਜਾਵੇਗਾ। ਇਸ ਪੁਸਤਕ ਵਿਚ ਕੇਵਲ ਭਰਮ ਭੁਲੇਖਿਆਂ ਨੂੰ ਸਮਝਣ ਹਿਤ, ਤਰਕਸ਼ੀਲਤਾ ਪ੍ਰਤਿ ਵਿਆਖਿਆ ਕੀਤੀ ਜਾਵੇਗੀ। ਤਰਕ ਅਤੇ ਵਿਸ਼ਲੇਸ਼ਣ (ਤੱਤਾਂ ਦਾ ਨਿਖੇੜ) ਦੀ ਪੱਧਰਤਾ ਉੱਚੀ ਹੋ ਸਕਦੀ ਹੈ ਅਗਰ ਇਨ੍ਹਾਂ ਦੇ ਪਿੱਛੇ ਅੰਤ੍ਰੀਵੀ ਚੇਤਨਤਾ ਦਾ ਭੰਡਾਰਾ ਪਰੀਪੂਰਨ ਹੋ ਰਿਹਾ ਹੋਵੇ। ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੀ ਤਰਕਸ਼ੀਲ ਸ਼ੈਲੀ ਇਕ ਐਸੀ ਮਹਾਨ ਅਤੇ ਪੈਗੰਬਰੀ ਇਤਿਹਾਸਕ ਸਚਾਈ ਹੈ ਜੋ ਸਿੱਖੀ ਮਾਰਗ ਨੂੰ ਅੱਨਜਮੱਤੀ ਮਿਥ ਦੇ ਪ੍ਰਤਿਕਰਮ, ਇਕ ਨਿਆਰੀ ਅਤੇ ਤੇਜੱਸਵੀ ਸੇਧ ਬਖ਼ਸ਼ਦੀ ਹੈ, ਜਿਸ ਦੀ ਬੁਨਿਆਦੀ ਸ਼ਿਲਾ ਉੱਤੇ ਖ਼ਾਲਸਈ ਵਿਲੱਖਣਤਾ ਦਾ ਸਿਧਾਂਤ ਸੰਸਾਰ ਮੰਡਲ ਦੇ ਹਰ ਪਾਸੇ ਵਿਕਸਤ ਹੋ ਰਿਹਾ ਹੈ। ਸਤਿਗੁਰੂ ਪਾਤਿਸ਼ਾਹ ਜੀ ਦੀ ਅਦੁੱਤੀ ਤਾਲੀਮ ਅਤੇ ਖ਼ਾਲਸਈ ਤਦਰੂਪਤਾ ਸਾਖਾ ਭਰਦੀਆਂ ਹਨ ਕਿ ਗੁਰਸਿੱਖੀ ਦਾ ਨਿਰਾਲਾ ਸਿਧਾਂਤ ਭਰਮ-ਭ੍ਰਾਂਤੀ ਅਤੇ ਅੰਧ ਵਿਸ਼ਵਾਸੀ ਮਾਰਗ ਨਹੀਂ ਹੈ। ਨਿਰਸੰਦੇਹ, ਇਹੀ ਅਟੱਲ ਅਤੇ ਸਾਰਥਕ ਕਾਰਣ ਹੈ ਕਿ ਇਸ ਦੁਨੀਆ ਦੇ ਮੰਚ 'ਤੇ ਸਿੱਖ ਇਕ ਵੱਖਰੀ ਕੌਮ ਹੈ। ਭਰਮ ਅਤੇ ਭੁਲੇਖਿਆਂ ਦੀ ਰਵਾਨੀ ਇਸ ਦੇ ਮਾਰਗ ਦਾ ਰੋੜਾ ਨਹੀਂ ਬਣ ਸਕਦੀ। ਫਿਰ ਭੀ ਸਮੇਂ ਦੀ ਰਵਾਨੀ ਇਕ ਐਸੀ ਤੀਬਰਤਾ ਹੈ ਜੋ ਦੁਨੀਆ ਦੇ ਵੱਡੇ ਵੱਡੇ ਧਰਮਾਂ ਦੀ ਬੁਨਿਆਦੀ ਨਵੀਨਤਾ ਅਤੇ ਸ਼ੁੱਧਤਾ ਨੂੰ ਖੀਣਤ ਦਿਸ਼ਾ ਵੱਲ ਗਤੀਬੱਧ ਕਰਦੀਆਂ ਹਨ। ਸਿੱਖੀ ਜਗਤ ਦੀ ਵਿਲੱਖਣਤਾ ਅਤੇ ਪ੍ਰਥਮ

ਸ਼ੁੱਧਤਾ, ਉਸ ਵੇਲੇ ਨਿਵਾਣਾਂ ਵੱਲ ਵਹਿਣ ਲੱਗਦੀ ਹੈ ਜਦੋਂ ਸਮੂਹਕ ਅਤੇ ਵਿਅਕਤੀਗਤ ਤੌਰ 'ਤੇ ਸਿਖ ਕੌਮ ਦੀ ਅੰਤ੍ਰੀਵੀ ਲੋਚਾ ਵਿਚੋਂ ਸਤਿਗੁਰੂ ਸਾਹਿਬ ਦੇ ਪੈਗੰਬਰੀ ਜੱਲਾਲ ਦਾ ਆਫ਼ਤਾਬ (ਸੂਰਜ) ਭਰਮ ਭੁਲੇਖਿਆਂ ਦੀ ਅਸੂਝਤਾ ਦੇ ਰਹਿਮੋ-ਕਰਮ 'ਤੇ ਆਧਾਰਤ ਹੋ ਜਾਵੇ। ਪ੍ਰਣਾਮ ਵਜੋਂ, ਅਸ਼ਰਧੱਕ ਵਿਰਤੀ ਅਤੇ ਨਾਸਤਿਕਤਾ ਦਾ ਕਦਮ, ਸਿੱਖੀ ਦੀਆਂ ਮੂਲਿਕ ਸਫ਼ਾਂ ਵਿਚ ਦਰਾੜ-ਅੰਦਾਜ਼ੀ ਕਰਨ ਹਿਤ, ਸਫਲ ਹੋਇਆ ਜਿਥੋਂ ਧਰਮ ਦੀ ਉੱਜਲ ਚੇਤਨਤਾ ਭੀ ਧੁੰਧਲਾ ਗਈ। ਵਿਸ਼ੇਸ਼ ਤੌਰ 'ਤੇ ਸੰਨ 1999 ਵਿਚ ਜਦੋਂ ਕਿ ਸਮੂਲਚੀ ਸਿੱਖੀ ਨੇ ਸਤਿਗੁਰੂ ਦੇ ਲੜ ਲੱਗਣਾ ਸੀ। ਲਿਹਾਜ਼ਾ, ਸਿੱਖੀ ਦੀ ਤਦਰੂਪਤਾ ਲਗਪਗ ਸੰਸਾਰ ਦੇ ਕੁਝ ਕੁ ਗੁਰੂ ਘਰਾਂ ਵਿਚੋਂ ਮੌਡਿਰੇਸ਼ਨ (Moderation) ਦੇ ਨਿਸ਼ਾਨ ਥੱਲੇ ਅਲੋਪ ਹੋ ਗਈ। ਚੁਨਾਂਚਿ, ਨਾਸਤਿਕਤਾ ਦਾ ਰਖਵਾਨ "ਅਗਦੁ ਪੜੈ ਸੈਤਾਨੁ" ਦੀ ਧੁਨੀ ਦੁਆਰਾ ਸਮੁੱਚੀ ਸਿੱਖੀ ਨੂੰ ਗੁੰਮਰਾਹੀ ਦੇ ਵੂੰਦਰ-ਮਈ ਜਾਲ ਵਿਚ ਧਕੇਲੀ ਜਾ ਰਿਹਾ ਹੈ। ਐਸੀ ਅੰਧ-ਵਿਸ਼ਵਾਸੀ ਅਤੇ ਵਹਿਮ-ਪ੍ਰਸਤੀ ਦੀ ਗਤੀ ਨੂੰ ਸਮਝਣ ਹਿਤ, ਨਿਮਨ ਲਿਖਤ ਵਾਰਤਾ ਜ਼ਿਹਨ-ਨਸ਼ੀਨ (ਧਿਆਨ ਗੋਚਰੀ) ਕਰਨੀ ਲਾਭਦਾਇਕ ਹੋਵੇਗੀ। ਜਿਵੇਂ ਸਤਿਗੁਰੂ ਨਾਨਕ ਪਾਤਿਸ਼ਾਹ ਜੀ ਜਗਤ ਨਿਸਤਾਰਾ ਕਰਦੇ ਕਰਦੇ ਗੰਗਾ ਨਦੀ ਦੇ ਕਿਨਾਰੇ ਉਥੇ ਜਾ ਪਧਾਰੇ ਜਿਥੇ ਵਰਤਮਾਨ ਨਗਰੀ ਹਰਦੁਆਰ ਵੱਸੀ ਹੋਈ ਹੈ। ਗੰਗਾ ਇਸ਼ਨਾਨ ਦੇ ਸਮੇਂ, ਇਸ ਨਗਰੀ ਵਿਚ ਆਏ ਯਾਤਰੂਆਂ ਦੀ ਗਿਣਤੀ ਬਹੁਤ ਸੀ। ਅਗਿਆਨਤਾ ਦੇ ਕਾਰਣ ਭਰਮ ਭੁਲੇਖਿਆਂ ਦੇ ਅੰਧੇਰੇ ਵਿਚ ਵਿਚਰ ਰਹੇ ਲੋਕਾਂ ਦੇ ਭਰਮ-ਗੜ੍ਹ ਨੂੰ ਤੋੜਨ ਹਿਤ, ਹਜ਼ੂਰ ਨੇ ਗੰਗਾ ਨਦੀ ਦੇ ਤਟ 'ਤੇ ਨਿਜੀ ਵਿਸ਼ਰਾਮ ਸਥਾਨ ਦੀ ਮਨੋਨੀਤੀ ਕੀਤੀ। ਚੌਹਾਂ ਹੀ ਦਿਸ਼ਾਵਾਂ ਦੇ ਯਾਤਰੂ, ਮਹਾਨ ਪੁਰਬ ਜਾਣ ਕੇ ਅਤਿ ਸ਼ਰਧਾ ਸਹਿਤ ਗੰਗਾ ਇਸ਼ਨਾਨ ਵਾਸਤੇ ਆਏ। ਅਨੇਕਾਂ ਹੀ ਯਾਤਰੀ ਨਦੀ ਦੇ ਪਾਣੀ ਦੁਆਰਾ ਆਪਣੇ ਤਨ ਨੂੰ ਧੋ ਰਹੇ ਸਨ। ਪ੍ਰੰਤੂ, ਅੰਤ੍ਰੀਵੀ ਸੰਕਲਪ ਵਿਕਲਪਾਂ ਦੀ ਮਲੀਣਤਾ ਦੁਆਰਾ ਭਰੇ ਪਏ ਸਨ। ਮੋਹ ਮਾਇਆ, ਆਸਾ ਤ੍ਰਿਸ਼ਨਾ ਅਤੇ ਵਿਕਾਰਾਂ ਦੇ ਕਾਰਣ, ਮਨ ਦੀ ਪਵਿੱਤ੍ਰਤਾ ਤੋਂ ਸੱਖਣੇ ਪ੍ਰਾਣੀ, ਅਤਿ ਭਰਮ ਭੁਲੇਖੂ ਸ਼ਰਧਾ ਦੁਆਰਾ ਪੂਰਬ ਦਿਸ਼ਾ ਵੱਲ ਮੂੰਹ ਕਰ ਕੇ ਚੜ੍ਹਦੇ ਸੂਰਜ ਨੂੰ ਜਲਧਾਰੀ ਪ੍ਰਸੰਨਤਾ ਅਰਪਣ ਕਰ ਰਹੇ ਸਨ। ਲਖੂਖਾਂ ਹੀ ਪ੍ਰਾਣੀ ਜਲ ਵਿਚ ਟੁੱਭੀਆਂ ਮਾਰ ਮਾਰ ਕੇ ਆਪਣੇ ਆਪ ਨੂੰ ਸੁਭਾਗੇ ਸਮਝ ਰਹੇ ਸਨ। ਆਮ ਲੋਕਾਈ ਦੀ ਐਸੀ ਦਸ਼ਾ ਵੇਖ ਕੇ ਸਤਿਗੁਰੂ ਜੀ ਭੀ ਉਨ੍ਹਾਂ ਦੇ ਵਿਚ ਜਾ ਪਧਾਰੇ ਅਤੇ ਗੰਗਾ ਜਲ ਦੁਆਰਾ ਇਸ਼ਨਾਨ ਕਰਨਾ ਆਰੰਭ ਦਿੱਤਾ। ਅਨੇਕਾਂ ਹੀ ਯਾਤ੍ਰੀਆਂ ਦੇ ਵਿਚਕਾਰ ਖਲੋ ਕੇ, ਗੁਣ-ਸੰਪੰਨ ਸਤਿਗੁਰੂ ਜੀ ਪੱਛਮ ਦਿਸ਼ਾ ਵੱਲ ਮੂੰਹ ਕਰ ਕੇ ਪਾਣੀ ਦੀਆਂ ਅੰਜਲੀਆਂ (ਬੁੱਕ) ਭਰ ਭਰ ਕੇ ਲਹਿੰਦੇ ਵਲ ਨੂੰ ਛਿੜਕਣ ਲੱਗ ਗਏ। ਸਤਿਗੁਰੂ ਜੀ ਕਾਫ਼ੀ ਲੰਮਾ ਸਮਾਂ ਗੰਗਾ ਜਲ ਦੀਆਂ

ਅੰਜਲੀਆਂ ਭਰ ਭਰ ਕੇ ਪੱਛਮ ਦਿਸ਼ਾ ਵੱਲ ਜਲ ਸਿੰਚਨ ਕਰਦੇ ਰਹੇ। ਇਸ ਵਚਿੱਤਰ ਕੌਤਕ ਨੂੰ ਵੇਖ ਕੇ ਗੰਗਾ ਦੇ ਸ਼ਰਧਾਲੂ ਯਾਤ੍ਰੀ ਅਧਿਕ ਅਸਚਰਜ ਰੁਚੀ ਦੁਆਰਾ ਸਤਿਗੁਰੂ ਜੀ ਵੱਲ ਵੇਖਦੇ ਰਹੇ। ਪਰਸਪਰ ਘੁਸਰਮੁਸਰੀ ਭੀ ਹੁੰਦੀ ਰਹੀ ਕਿ ਇਹ ਐਸਾ ਕੌਣ ਪੁਰਸ਼ ਹੈ ਜੋ ਹਿੰਦੂ ਮਰਯਾਦਾ ਦੇ ਵਿਰੁੱਧ ਪੂਰਬ ਦੀ ਬਜਾਇ ਪੱਛਮ ਦਿਸ਼ਾ ਵੱਲ ਨੂੰ, ਜਲ ਦੀਆਂ ਅੰਜਲੀਆਂ ਭਰ ਭਰ ਕੇ ਛਿੜਕ ਰਿਹਾ ਹੈ? ਅਤਿ ਹੈਰਾਨੀ ਦੁਆਰਾ ਗੁਨ-ਖਾਨੀ ਸਤਿਗੁਰਾਂ ਵੱਲ ਵੇਖ ਰਹੇ ਸਨ। ਅੰਤ ਨੂੰ ਆਪਸ ਵਿਚ ਜੁੜ ਕੇ, ਸਤਿਗੁਰੂ ਜੀ ਪਾਸ ਆਏ। ਆਖਿਓਨੇ, ਅਸਾਨੂੰ ਇਹ ਸਮਝ ਨਹੀਂ ਆ ਰਹੀ ਕਿ, ਤੂੰ ਹਿੰਦੂ ਹੈਂ ਜਾਂ ਮੁਸਲਮਾਨ ਹੈਂ? ਅਸਾਨੂੰ ਇਸ ਪ੍ਰਸ਼ਨ ਦਾ ਉੱਤਰ ਸਪਸ਼ਟ ਕਰ ਕੇ ਦੱਸੋ? ਹੁਣ ਤੁਸੀਂ ਇਸ ਭੇਦ ਨੂੰ ਅਸਾਥੋਂ ਕੋਲੋਂ ਗੁਝਾ ਨਹੀਂ ਰੱਖ ਸਕਦੇ। ਜੇਕਰ ਤੂੰ ਤੁਰਕ ਹੈਂ ਤਦ ਤੂੰ ਹਿੰਦੂਆਂ ਦੇ ਪਵਿੱਤਰ ਸਥਾਨ 'ਤੇ ਕਿਉਂ ਆਇਆ ਹੈਂ? ਹਿੰਦੂਆਂ ਦੇ ਵਿਚ ਜੁੜ ਕੇ ਇਸ਼ਨਾਨ ਕਿਉਂ ਕਰਦਾ ਹੈਂ? ਅਗਰ ਤੂੰ ਹਿੰਦੂ ਹੈਂ, ਫਿਰ ਤੂੰ ਪੱਛਮ ਵੱਲ ਨੂੰ ਮੂੰਹ ਕਰ ਕੇ ਇਸ਼ਨਾਨ ਕਿਉਂ ਕਰਦਾ ਅਤੇ ਪਾਣੀ ਦੀਆਂ ਅੰਜਲੀਆਂ ਪੱਛਮ ਵੱਲ ਨੂੰ ਕਿਉਂ ਛਿੜਕਦਾ ਹੈਂ? ਐਸੀ ਨਵੀਨ ਰੀਤੀ ਕਿਉਂ ਚਲਾਈ ਹੈ? ਜੋ ਹਿੰਦੂ ਮਰਯਾਦਾ ਦੇ ਅਨੁਕੂਲ ਨਹੀਂ ਹੈ।

ਯਾਤਰੂਆਂ ਕੋਲੋਂ ਐਸੀਆਂ ਦਲੀਲਾਂ ਸੁਣ ਕੇ ਸਤਿਗੁਰੂ ਜੀ ਨੇ ਪ੍ਰਸ਼ਨ ਕੀਤਾ, ਜਿਨ੍ਹਾਂ ਪਿਤਰਾਂ ਪ੍ਰਤਿ ਗੰਗਾ ਜਲ ਭੇਟਾ ਕਰ ਰਹੇ ਹੋ, ਓਹ ਤੁਹਾਡੇ ਪਿਤਰ ਇਥੋਂ ਕਿਤਨੀ ਕੁ ਦੂਰੀ 'ਤੇ ਵਸਦੇ ਹਨ, ਜੋ ਤੁਹਾਡਾ ਭੇਜਿਆ ਜਲ ਪ੍ਰਾਪਤ ਕਰ ਕੇ ਤ੍ਰਿਪਤ ਹੁੰਦੇ ਹਨ? ਉਨ੍ਹਾਂ ਉੱਤਰ ਦਿੱਤਾ ਕਿ ਅਸਾਡੇ ਪਿਤਰ ਇਥੋਂ ਹਜ਼ਾਰਾਂ ਲੱਖਾਂ ਜੋਜਨ ਦੀ ਦੂਰੀ 'ਤੇ ਵਿਸ਼ਰਾਮ ਕਰਦੇ ਹਨ। ਉਨ੍ਹਾਂ ਦੀ ਗੱਲ ਸੁਣ ਕੇ ਸਤਿਗੁਰੂ ਜੀ ਨੇ ਫਿਰ ਆਪਣਾ ਕੰਮ ਕਰਨਾ ਆਰੰਭ ਦਿੱਤਾ, ਭਾਵ, ਪੱਛਮ ਵੱਲ ਨੂੰ ਪਾਣੀ ਦੀਆਂ ਅੰਜਲੀਆਂ ਭਰ ਭਰ ਕੇ ਸਿੰਚਨ ਕਰਨ ਲੱਗੇ। ਗੰਗਾ ਇਸ਼ਨਾਨੀ ਯਾਤਰੂ ਦੁਬਾਰਾ ਹੈਰਾਨ ਹੋ ਕੇ ਪੁੱਛਣ ਲੱਗੇ ਕਿ ਅਸਾਡੀਆਂ ਗੱਲਾਂ ਪੁੱਛ ਕੇ ਤੁਸੀਂ ਹੁਣ ਫਿਰ ਪੱਛਮ ਵੱਲ ਨੂੰ ਪਾਣੀ ਤ੍ਰੌਂਕਣਾ ਆਰੰਭ ਦਿੱਤਾ ਹੈ, ਅਸਾਡੀ ਕਿਸੇ ਭੀ ਗੱਲ ਦਾ ਉੱਤਰ ਨਹੀਂ ਦਿੱਤਾ ਕਿ ਤੂੰ ਕੌਣ ਹੈਂ? ਹਿੰਦੂ ਹੈਂ ਜਾਂ ਮੁਸਲਮਾਨ ਹੈਂ? ਪੱਛਮ ਦਿਸ਼ਾ ਵੱਲ ਪਾਣੀ ਦੀਆਂ ਅੰਜਲੀਆਂ ਭਰ ਭਰ ਕੇ ਕਿਸ ਨੂੰ ਤ੍ਰਿਪਤੀ ਦੇ ਰਹੇ ਹੋ?

ਉਨ੍ਹਾਂ ਦੀਆਂ ਸਾਰੀਆਂ ਗੱਲਾਂ ਸੁਣ ਕੇ ਹਜ਼ੂਰ ਨੇ ਫ਼ੁਰਮਾਇਆ—ਹੇ ਭਾਈ! ਜਦੋਂ ਮੈਂ ਗੰਗਾ ਇਸ਼ਨਾਨ ਕਰਨ ਹਿਤ ਆਇਆ, ਉਸ ਸਮੇਂ ਮੈਂ ਆਪਣੀ ਖੇਤੀ ਬੀਜ ਕੇ ਆਇਆ ਸਾਂ। ਪਿੱਛੇ ਪਾਣੀ ਦੇਣ ਵਾਲਾ ਕੋਈ ਵਿਅਕਤੀ ਭੀ ਨਹੀਂ ਹੈ। ਇਸ ਵਾਸਤੇ ਮੈਂ ਇਥੋਂ ਪਾਣੀ ਦੇ ਰਿਹਾ ਹਾਂ, ਤਾਂਕਿ ਖੇਤੀ ਸੁੱਕ ਨਾ ਜਾਵੇ, ਹਰੀ ਭਰੀ ਰਹੇ। ਸਤਿਗੁਰਾਂ ਦੀ ਗੱਲ ਸੁਣ ਕੇ ਕਹਿਣ ਲੱਗੇ—ਤੂੰ ਬਾਵਰਾ ਹੋ

ਗਿਆ ਹੈਂ, ਕਿਥੇ ਖਲੋਤਾ ਹੈਂ ਔਰ ਕਿਥੇ ਪਾਣੀ ਭੇਜ ਰਿਹਾ ਹੈਂ। ਇਹ ਪਾਣੀ ਤੇਰੀ ਖੇਤੀ ਵਿਚ ਕਿਵੇਂ ਜਾ ਸਕਦਾ ਹੈ? ਜਦੋਂ ਕਿ ਤੇਰੀ ਖੇਤੀ ਇਥੋਂ ਬਹੁਤ ਦੂਰ ਹੈ। ਤੂੰ ਆਪਣਾ ਸਮਾਂ ਅਤੇ ਸ਼ਕਤੀ ਅਜਾਈਂ ਵੰਞਾ ਰਿਹਾ ਹੈਂ। ਤੇਰਾ ਖੇਤ ਇਸ ਪਾਣੀ ਨਾਲ ਹਰਾ ਨਹੀਂ ਹੋਵੇਗਾ। ਤੂੰ ਬਹੁਤ ਵੱਡਾ ਅੰਜਾਣ ਪੁਰਸ਼ ਹੈਂ।

ਭਰਮ ਭੁਲੇਖਿਆਂ ਵਿਚ ਗ੍ਰਸੇ ਹੋਏ ਯਾਤਰੀਆਂ ਦੀਆਂ ਅੰਧ-ਵਿਸ਼ਵਾਸੀ ਗੱਲਾਂ ਸੁਣ ਕੇ, ਹਜ਼ੂਰ ਪਾਤਿਸ਼ਾਹ ਜੀ ਨੇ ਉਨ੍ਹਾਂ ਨੂੰ ਆਖਿਆ—ਹੇ ਪ੍ਰਮੇਸ਼ੁਰ ਦੀ ਭਾਉ ਭਗਤਿ ਵਲੋਂ ਭਟਕੇ ਹੋਏ ਲੋਕੋ! ਅਗਰ ਮੇਰਾ ਪਾਣੀ ਥੋੜ੍ਹੀ ਦੂਰੀ 'ਤੇ ਨਹੀਂ ਪਹੁੰਚ ਸਕਦਾ, ਤਦ ਤੁਹਾਡਾ ਭੇਜਿਆ ਹੋਇਆ ਪਾਣੀ ਤੁਹਾਡੇ ਪਿਤਰਾਂ ਪਾਸ ਕਿਵੇਂ ਅਪੜ ਸਕਦਾ ਹੈ? ਤੁਹਾਡੇ ਪਿਤਰ ਇਥੋਂ ਬਹੁਤ ਹੀ ਦੂਰੀ 'ਤੇ ਹਨ ਅਥਵਾ ਤੁਹਾਨੂੰ ਇਹ ਭੀ ਗਿਆਨ ਨਹੀਂ ਕਿ ਉਹ ਅਸਲ ਵਿਚ ਕਿਥੇ ਹਨ। ਜੋ ਪ੍ਰਾਣੀ ਵਾਹਿਗੁਰੂ ਦੀ ਭਾਉ ਭਗਤਿ ਤੋਂ ਬਿਨਾਂ ਐਸੇ ਭਰਮ ਭੁਲੇਖਿਆਂ ਵਿਚ ਪੈ ਕੇ ਇਸ ਅਮੋਲਕ ਜੀਵਨ ਦਾ ਸਮਾਂ ਬੇ-ਅਰਥ ਗੁਆ ਰਹੇ ਹਨ, ਐਸੇ ਗੰਗਾ ਇਸ਼ਨਾਨੀ ਅਥਵਾ ਕੋਈ ਭੀ ਵਿਅਕਤੀ ਜੋ ਉਕਤ ਦਰਸਾਏ ਭਰਮ ਭੁਲੇਖੇ ਅਤੇ ਵਹਿਮ ਪ੍ਰਸਤੀ ਵਿਚ ਗ੍ਰਸਿਆ ਹੋਇਆ ਦੰਭੀ, ਤਰਪਨ ਮਾਲਾ ਅਤੇ ਪਿਤਰਾਂ ਦੀ ਤ੍ਰਿਪਤੀ ਹਿਤ, ਪੂਰਬ ਦਿਸ਼ਾ ਵੱਲ ਜਲਧਾਰਾ ਸਿੰਚਨ ਕਰਦਾ ਹੈ। ਐਸੇ ਸੰਦੇਹ ਭਰਪੂਰ ਵਿਅਕਤੀਆਂ ਪ੍ਰਤਿ, ਭਾਈ ਸੰਤੋਖ ਸਿੰਘ ਜੀ ਨੇ ਨਰਕਗਾਮੀ ਹੋਣ ਦਾ ਸੰਕੇਤ ਦਰਸਾਇਆ ਹੈ, ਜਿਵੇਂ:

ਤੁਮਰੇ ਪਿਤਰ ਦੂਰ ਅਧਿਕਾਈ॥ ਸੋ ਜਲ ਲੈ ਕੈਸੇ ਤ੍ਰਿਪਤਾਈ॥
ਮੁਝੇ ਅਜਾਨ ਭਨਤਿ ਹੋ ਕੈਸੇ॥ ਬਡੇ ਅਜਾਨ ਭਏ ਤੁਮ ਐਸੇ॥੨੩॥
ਅਸ ਕਹਿ, ਤੂਸ਼ਨ ਭੇ ਜਗ ਸਾਂਈਂ॥ ਬੈਠਿ ਰਹੇ ਤਬ ਤਿਸ ਹੀ ਥਾਂਈਂ॥
[ਤੂਸ਼ਨ ਭੇ—ਚੁਪ ਹੋ ਗਏ]

ਪੁੰਜ ਮਨੁਜ ਤਹਿਂ ਮੱਜਨ ਕਰਹੀਂ॥ ਤਟ ਪਰ ਬੈਠਿ ਧਿਆਨ ਕੋ ਧਰਿਹੀਂ॥੨੪॥
ਦੋਹਰਾ॥ ਕੋ ਸੰਧਯਾ ਲਾਗੋ ਕੋ ਤਰਪਨ ਕੀਨ॥
ਤੂਸ਼ਨ ਹੋ ਬੈਠੇ ਕਿਤਕਿ, ਕਰ ਮਹਿ ਮਾਲਾ ਲੀਨ॥੨੫॥
ਚੌਪਈ॥ ਸ੍ਰੀ ਗੁਰੂ ਸਭ ਕੇ ਮਨ ਕੀ ਜਾਨੈ॥ ਤਿਨਹਿ ਸੁਨਾਵੈਂ ਬਚਨ ਬਖਾਨੈ॥
ਦੇਖਹੁ ਹਿੰਦੂ ਨਰਕ ਸਿਧਾਰਹਿਂ॥ ਜਮ ਗਹਿ ਲੋਹਿ ਮਾਰਿ ਬਹੁ ਮਾਰਹਿਂ॥੨੬॥

(ਸ੍ਰੀ ਗੁਰ ਨਾਨਕ ਪ੍ਰਕਾਸ਼, ਉਤਰਾਰਧ 8, ਪੰਨਾ 831)

ਜੀਵਨ ਦੇ ਦੌਰਾਨ ਕਈ ਇਕ ਐਸੇ ਸਿਧਾਂਤ ਹੁੰਦੇ ਹਨ, ਜਿਨ੍ਹਾਂ ਦੀ ਪ੍ਰੀਭਾਸ਼ਾ ਨੂੰ ਨਿਸ਼ਚਿਤ ਕਰਨ ਹਿਤ, ਕੋਈ ਨਾ ਕੋਈ ਵਿਸ਼ੇਸ਼ ਲੱਛਣ ਵਰਤੋਂ ਵਿਚ ਲਿਆਵਣਾ ਆਵਸ਼ਕ ਹੁੰਦਾ ਹੈ। ਇਸੇ ਤਰ੍ਹਾਂ ਕਿਸੇ ਮੰਤਵ ਦੀ ਪੂਰਤੀ ਲਈ ਕੋਈ ਨਾ ਕੋਈ ਲੱਛਣ ਜਾਂ ਤਰੀਕਾ ਵਰਤਣਾ ਭੀ ਲਾਜ਼ਮੀ ਹੁੰਦਾ ਹੈ। ਅਪਣਾਏ ਹੋਏ ਢੰਗ ਦੀ ਪੂਰਤੀ ਵਾਸਤੇ, ਕਿਸੇ ਨਾ ਕਿਸੇ ਸਾਧਨ ਦੀ ਵਰਤੋਂ ਕਰਨੀ ਭੀ ਕ੍ਰਿਆ-

ਸ਼ੈਲੀ ਦਾ ਅਵਿੱਛਤ ਅੰਗ ਹੁੰਦਾ ਹੈ। ਪਰਿਣਾਮ ਵਜੋਂ, ਮੰਤਵ ਨਾਲੋਂ ਵਿਧੀ ਉੱਤਮ ਸਥਾਨ ਰੱਖਦੀ ਹੈ ਔਰ ਵਿਧੀ ਨਾਲੋਂ ਸਾਧਨ ਦੀ ਨਿਜੀ ਵਿਸ਼ੇਸ਼ਤਾ ਹੁੰਦੀ ਹੈ। ਨਿਰਸੰਦੇਹ, ਇਸ ਸਿਧਾਂਤ ਦੇ ਅਨੁਸਾਰ ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦਾ ਮੰਤਵ ਸੱਚ ਦਾ ਸੰਦੇਸ਼ ਅਥਵਾ ਇਲਹਾਮੀ ਪੈਗ਼ਾਮ ਦੇਣਾ ਹੈ। ਲਿਹਾਜ਼ਾ, ਰੱਬੀ ਸੰਦੇਸ਼ ਦਿੰਦੇ ਸਮੇਂ ਹਜ਼ੂਰ ਨੇ ਕਦੀ ਭੀ ਹੱਠਧਰਮੀ ਦਾ ਮਾਰਗ ਨਹੀਂ ਅਪਣਾਇਆ, ਬਲਕਿ ਅੰਤ੍ਰੀਵੀ ਹੁਲਾਸ ਦੇ ਰਾਹੀਂ ਕੋਈ ਨਾ ਕੋਈ ਤਰਕਸ਼ੀਲ ਵਿਸ਼ਲੇਸ਼ਣ (analysis) ਵਿਧੀ ਅਤੇ ਸਾਧਨ ਦੀ ਵਰਤੋਂ ਕੀਤੀ ਹੈ ਤਾਂਕਿ ਆਮ ਦੁਨਿਆਵੀ ਲੋਕ ਸੁਖੈਨ ਢੰਗ ਦੁਆਰਾ ਰੱਬੀ ਸੰਦੇਸ਼ ਨੂੰ ਗ੍ਰਹਿਣ ਕਰ ਸਕਣ। ਉਕਤ ਦਰਸਾਏ ਤਰਕਸ਼ੀਲ ਵਿਸ਼ਲੇਸ਼ਣ ਵਿਚ ਤਿੰਨ ਪ੍ਰਕਾਰ ਦੇ ਵਿਸ਼ੇਸ਼ ਸਿਧਾਂਤ ਅਸਾਡੇ ਸਾਹਮਣੇ ਆਉਂਦੇ ਹਨ। ਜਿਵੇਂ, ਮੰਤਵ, ਵਿਧੀ ਅਤੇ ਸਾਧਨ (Motive, Process, and Sources)।

ਉਕਤ ਦਰਸਾਈ ਗੰਗਾ ਇਸ਼ਨਾਨੀ ਯਾਤਰਾ ਦਾ ਮੰਤਵ, ਦੁਨਿਆਵੀ ਲੋਕਾਂ ਨੂੰ ਭਰਮ ਭੁਲੇਖਿਆਂ ਵਿਚੋਂ ਕੱਢ ਕੇ ਸੱਚ ਨਾਲ ਜੋੜਨਾ, ਇਸ ਦਾ ਢੰਗ, ਗੰਗਾ ਜਲ ਦੀਆਂ ਅੰਜਲੀਆਂ ਭਰ ਭਰ ਕੇ ਪੱਛਮ ਵੱਲ ਨੂੰ ਸਿੰਚਤ ਕਰਨਾ ਔਰ ਸਾਧਨ, ਹਰਦੁਆਰ ਦਾ ਬਹੁਤ ਵੱਡਾ ਭਾਰੀ ਮੇਲਾ ਹੈ। ਜਿਸ ਦਾ ਲਾਭ ਉਠਾਉਂਦੇ ਹੋਏ ਹਜ਼ੂਰ ਨੇ ਥੋੜੇ ਸਮੇਂ ਵਿਚ ਅਨੇਕਾਂ ਹੀ ਭੁੱਲੜ ਪ੍ਰਾਣੀਆਂ ਨੂੰ ਅਟੱਲ ਸਚਾਈ ਨਾਲ ਜੋੜਿਆ ਹੈ। ਗਰਜ਼ੇਕਿ, ਅਨੇਕਾਂ ਹੀ ਭਾਰਤੀਆਂ ਨੂੰ ਨਰਕੀ ਜੀਵਨ ਵਿਚੋਂ ਕੱਢ ਕੇ ਸਦੀਵੀ ਸੱਚ ਨਾਲ ਸੰਯੁਕਤ ਕੀਤਾ ਹੈ। ਉਕਤ ਦਰਸਾਏ ਖ਼ਿਆਲਾਂ ਨੂੰ ਮੈਕਾਲਿਫ਼ ਦੇ ਸ਼ਬਦਾਂ ਦੁਆਰਾ ਗ੍ਰਹਿਣ ਕਰਨਾ ਲਾਭਦਾਇਕ ਹੋਵੇਗਾ। ਜਿਵੇਂ :

The Guru next visited Hardwar in pursuance of his mission. A great crowd assembled from the four cardinal points for the purpose of washing away their sins. (After long conversation) The Guru replied, "Ye have forgotten God." Without love and devotion your minds have gone astray. My field, which you say this water cannot reach, is near, but your ancestors are very far away, so how can the water ye offer them ever reach them or profit them ? Ye call me a fool, but ye are greater foolish yourselves.

The Guru after a little time again broke silence, and said, "The Hindus are going to hell. Death will seize and mercilessly punish them."[1]

---

1. *The Sikh Religion*, Vol-I, Max Arthur Macauliffe, pp. 50-51, (Low price publications, Nimri Delhi-110064.

ਉਕਤ ਦਰਸਾਈ ਤਰਕ ਅਤੇ ਵਿਸ਼ਲੇਸ਼ਣ ਦੁਆਰਾ ਇਹ ਸਿੱਧ ਕੀਤਾ ਗਿਆ ਹੈ ਕਿ ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੀ ਉਪਦੇਸ਼ਕ ਸ਼ੈਲੀ ਦਾ ਮਾਧਿਅਮ ਹੱਠਧਰਮੀ ਅਥਵਾ ਜ਼ਬਰਦਸਤੀ ਠੋਸਣ ਧਾਰਾ ਨਹੀਂ, ਬਲਕਿ, ਦਲੀਲ ਅਥਵਾ ਤਰਕਸ਼ੈਲੀ ਦੁਆਰਾ ਕਿਸੇ ਮੰਤਵ ਦੀ ਪੂਰਤੀ ਹਿਤ, ਜੁਗਤੀ ਅਤੇ ਸਾਧਨ ਦੀ ਵਰਤੋਂ ਕਰਨੀ, ਸਿੱਖਿਆ ਦਾ ਅਵਿੱਛੜ ਅੰਗ ਦਰਸਾਇਆ ਹੈ, ਤਾਂਕਿ ਇਕ ਜਗਿਆਸੂ ਜੀਵਨ ਯਾਤਰਾ ਦੇ ਦੌਰਾਨ ਅਵਿੱਦਿਆ ਦੁਆਰਾ ਪਸਰੇ ਹੋਏ ਭਰਮ ਭੁਲੇਖਿਆਂ ਤੋਂ ਸੁਰੱਖਿਅਤ ਰਹਿੰਦਾ ਹੋਇਆ, ਜੀਵਨ ਦੀ ਮੰਜ਼ਲ ਪ੍ਰਾਪਤ ਕਰ ਸਕੇ। ਜਿਵੇਂ, ਉਕਤ ਦਰਸਾਈ ਵਾਰਤਾ ਵਿਚ ਹਰਦੁਆਰ ਦੇ ਗੰਗਾ ਇਸ਼ਨਾਨ ਸਮੇਂ ਹਿੰਦੂ ਜਾਤੀ ਦੀ ਵਿਆਖਿਆ ਕੀਤੀ ਗਈ ਹੈ। ਉਸ ਸਮੇਂ ਸਤਿਗੁਰੂ ਜੀ ਦਾ ਵਾਸਤਾ ਹਿੰਦੂ ਜਾਤੀ ਨਾਲ ਹੀ ਸੀ, ਪ੍ਰੰਤੂ ਪ੍ਰਚੱਲਤ ਕਾਲ ਵਿਚ ਉਸ ਤੋਂ ਭੀ ਅਧਿਕ ਵਹਿਮ-ਪ੍ਰਸਤੀ, ਸਿਖ ਜਗਤ ਵਿਚ ਪਸਰੀ ਹੋਈ ਹੈ। ਸਤਿਗੁਰੂ ਜੀ ਦਾ ਉਪਦੇਸ਼ਕ ਨਿਸ਼ਾਨਾ ਕਿਸੇ ਖ਼ਾਸ ਜਾਤੀ ਅਥਵਾ ਪ੍ਰਣਾਲੀ ਨਾਲ ਨਹੀਂ। ਚੁਨਾਂਚਿ, ਹਜ਼ੂਰ ਦੀ ਸਿੱਖਿਆ ਦਾ ਦਾਇਰਾ ਸਾਰੀ ਪ੍ਰਿਥਵੀ ਪ੍ਰਤਿ ਸਾਂਝਾ ਹੈ। ਜੋ ਗੁਰੂ ਅਨੁਸਾਰੀ ਹੈ, ਉਹ ਉਪਦੇਸ਼ ਨੂੰ ਸ੍ਰਵਣ ਕਰ ਕੇ, ਮੰਨਨ ਕਰਦਾ ਅਤੇ ਜੀਵਨ ਵਿਚ ਢਾਲਦਾ ਹੈ। ਨਿਜੀ ਜੀਵਨ ਦੀ ਪੜਚੋਲ ਕਰਦਾ ਅਤੇ ਸਵੈਮ ਸਰੂਪ ਨੂੰ ਸਮਝਣ ਦਾ ਯਤਨ ਕਰਦਾ ਹੈ। ਜਿਵੇਂ :

ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥
ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ ॥

(ਵਾਰ ਸੋਰਠਿ, ਸਲੋਕ ਮ: ੩, ਪੰਨਾ 647/1)

ਦਲੀਲ ਦੇ ਯੁਗ ਦੀ ਵਾਰਤਾ ਇਥੇ ਸਮਾਪਤ ਹੁੰਦੀ ਹੈ, ਜਿਸ ਵਿਚ ਇਸ ਵਿਸ਼ੇ 'ਤੇ ਵਿਚਾਰ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਤਰਕਸ਼ੀਲ ਯੁਗ ਦਾ ਇਨਸਾਨ ਇਸ ਧਾਰਾ 'ਤੇ ਯਕੀਨ ਰੱਖਦਾ ਹੈ ਕਿ ਦੂਜੀਆਂ ਜੀਵਨ ਸ਼੍ਰੇਣੀਆਂ ਦੇ ਪ੍ਰਤਿਕਰਮ, ਜੋ ਇਨਸਾਨ ਸ਼੍ਰੇਣੀ ਹੈ ਇਹ ਵਿਚਾਰਸ਼ੀਲ, ਨਿਆਇ ਯੁਕਤ ਅਤੇ ਬਿਬੇਕੀ ਚੇਤਨਤਾ ਦੀ ਧਾਰਨੀ ਹੈ। ਐਸੀ ਨਿਆਇ ਯੁਕਤ ਅਤੇ ਬਿਬੇਕੀ ਚੇਤਨਤਾ ਹੀ, ਜੀਵ ਨੂੰ ਇਸ ਧਾਰਾ ਦੇ ਯੋਗ ਬਣਾਉਂਦੀ ਹੈ ਕਿ ਇਹ ਜ਼ਿੰਦਗੀ ਦੇ ਮਨਸੂਬਿਆਂ ਦੀ ਘਾੜਤ ਘੜ ਸਕੇ। ਇਸ ਚਿੱਤਰ ਦੇ ਦੂਜੇ ਪਾਸੇ ਜੋ ਪਸ਼ੂ-ਪੰਛੀ ਹਨ, ਇਹ ਸਾਰੇ ਹੀ ਨਿਜੀ ਭਾਵਕਤਾ ਦੇ ਅਧੀਨ ਕੰਮ ਕਰਦੇ ਹਨ। ਜਿਵੇ :

ਜਦੋਂ ਕੋਈ ਪਸ਼ੂ ਕਿਸੇ ਦੂਜੀ ਚੀਜ਼ ਤੋਂ ਡਰਦਾ ਹੈ, ਉਹ ਉਸ ਤੋਂ ਪਰੇ ਹਟ ਕੇ ਦੌੜਨ ਅਥਵਾ ਛੁਪਣ ਦਾ ਯਤਨ ਕਰਦਾ ਹੈ। ਇਸੇ ਤਰ੍ਹਾਂ ਜਦੋਂ ਕੋਈ ਜਾਨਵਰ ਕ੍ਰੋਧਤ ਦਸ਼ਾ ਵਿਚ ਹੋਵੇ, ਉਹ ਪਰਸਪਰ ਦੰਗਾ ਫ਼ਸਾਦ ਕਰਦੇ ਹਨ।

ਪ੍ਰੰਤੂ ਵਿਚਾਰਸ਼ੀਲ ਇਨਸਾਨ ਐਸਾ ਨਹੀਂ ਕਰਦਾ, ਭਾਵੇਂ ਕੁਝ ਭੀ ਅਥਵਾ ਕੈਸੀ ਭੀ ਭਿਆਨਕ ਜਾਂ ਕ੍ਰੋਧਤ ਸਥਿਤੀ ਕਿਉਂ ਨਾ ਹੋਵੇ, ਉਹ ਐਸੀ ਸਥਿਤੀ ਦੇ ਸਮੇਂ ਪਰਸਪਰ ਲੜਾਈ ਝਗੜਾ ਕਰਨਾ ਜਾਂ ਪਿੱਛਾ ਛੁਡਾਉਣ ਲਈ ਛੁਪਣ ਦੀ ਬਜਾਇ, ਕੋਈ ਨਾ ਕੋਈ ਜਾਇਜ਼ ਸਮਾਧਾਨ ਕੱਢ ਹੀ ਲੈਂਦਾ ਹੈ। ਭਾਵ, ਤਰਕਸ਼ੀਲਤਾ ਇਕ ਐਸੀ ਜੀਵਨ ਜਾਚ ਹੈ ਜੋ ਅਤਿ ਗੰਭੀਰ ਅਤੇ ਉਲਝੇ ਹੋਏ ਵਿਸ਼ਿਆਂ ਨੂੰ ਸੁਲਝਾ ਕੇ ਸਹੀ, ਵਾਜਿਬ ਅਤੇ ਸੁਖਾਵੀਂ ਜੀਵਨ ਸੇਧ ਪ੍ਰਦਾਨ ਕਰਦੀ ਹੈ। ਭਾਵੇਂ ਹਰ ਇਨਸਾਨ ਦੀ ਵਿਰਾਸਤ ਵਿਚ ਤਰਕਸ਼ੀਲਤਾ ਇਕ ਬੁਨਿਆਦੀ ਲੱਛਣ ਹੁੰਦਾ ਹੈ, ਪ੍ਰੰਤੂ ਆਮ ਇਨਸਾਨਾਂ ਦੀ ਸੋਚ ਅਤੇ ਮਾਨਸਿਕ ਪ੍ਰੇਰਨਾ ਇਤਨੀ ਸੀਮਤ ਹੁੰਦੀ ਹੈ ਕਿ ਉਹ ਦੂਰ-ਅੰਦੇਸ਼ੀ ਦੇ ਦਾਇਰੇ ਤਕ ਰਸਾਈ ਨਹੀਂ ਕਰ ਸਕਦੀ। ਲਿਹਾਜ਼ਾ, ਦੀਰਘ ਦ੍ਰਿਸ਼ਟੀ ਦੁਆਰਾ ਨਹੀਂ ਸੋਚ ਸਕਦੀ, ਬਲਕਿ ਮਨੋਵੇਗ ਤਰੰਗਾਂ ਦੇ ਅਧੀਨ ਹੀ ਜੀਵਨ ਕ੍ਰਿਆ ਨੂੰ ਅੰਤਮ ਛੁਹ ਦੇਣ ਦੇ ਆਹਰ ਵਿਚ ਮਗਨ ਰਹਿਣਾ ਹੀ ਪਸੰਦ ਕਰਦੀ ਹੈ। ਚਾਲੂ ਯੁਗ ਦੀ ਵਿਦਿਆ ਦਾ ਇਹੀ ਇਕ ਅਨ-ਖਿੜਿਆ ਲੱਛਣ ਹੈ ਜੋ ਪੁੰਨ ਅਤੇ ਪਾਪ ਦੇ ਵਿਚਕਾਰ ਵਿਸ਼ੇਸ਼ ਰੇਖਾ ਉਲੀਕਣੋਂ ਅਸਮਰੱਥ ਹੈ। ਕੇਵਲ ਤਰਕਸ਼ੀਲਤਾ ਹੀ ਇਕ ਐਸੀ ਸਾਰਥਿਕ ਸ਼ਕਤੀ ਹੈ ਜੋ ਪੁੰਨ ਪਾਪ ਦੀ ਰੇਖਾ ਉਲੀਕ ਸਕਦੀ ਹੈ। "ਬੀਜ ਮੰਤ੍ਰ ਸਰਬ ਕੋ ਗਿਆਨੁ" ਦੇ ਆਧਾਰ 'ਤੇ ਹਰ ਇਕ ਵਿਅਕਤੀ ਦੇ ਵਿਰਸੇ ਵਿਚ ਅੰਤ੍ਰੀਵੀ ਚੇਤਨਤਾ ਅਤੇ ਤਰਕਸ਼ੀਲਤਾ ਥੋੜੀ ਜਾਂ ਬਹੁਤੀ ਮਾਤ੍ਰਾ ਵਿਚ ਮੌਜੂਦ ਹੁੰਦੀਆਂ ਹਨ। ਇਨ੍ਹਾਂ ਦੀ ਸਹੀ ਨਿਆਇ ਯੁਕਤ, ਵਿਚਾਰਸ਼ੀਲ ਅਤੇ ਬਿਬੇਕੀ ਖੇਤਰ ਵਿਚ ਵਰਤੋਂ ਕਰਨ ਹਿਤ, ਕਿਸੇ ਖ਼ਾਸ ਵਿਦਿਆ ਪ੍ਰਨਾਲੀ ਦੀ ਆਵਸ਼ਕਤਾ ਹੁੰਦੀ ਹੈ, ਤਾਂਕਿ ਜੀਵ ਦੀ ਅੰਤ੍ਰੀਵੀ ਚੇਤਨਤਾ ਅਤੇ ਤਰਕਸ਼ੀਲ ਪ੍ਰੇਰਨਾ ਨੂੰ ਹੋਰ ਵਧੇਰੇ ਰੌਸ਼ਨ ਜ਼ਮੀਰ ਬਣਾਇਆ ਜਾ ਸਕੇ। ਤਰਕਸ਼ੀਲਤਾ ਇਕ ਐਸੀ ਅੰਤ੍ਰੀਵੀ ਜੋਤਿ ਹੈ, ਜੋ ਕਰਤਾ ਪੁਰਖ ਨੇ ਸਵੈਮ ਤੌਰ 'ਤੇ ਇਨਸਾਨ ਦੇ ਮਨ ਅਤੇ ਬੁੱਧੀ ਵਿਚ ਸਥਾਪਨ ਕੀਤੀ ਹੈ, ਤਾਂਕਿ ਇਹ ਪ੍ਰਕਿਰਤਕ ਜੂਨੀਆਂ ਦਾ ਸਰਦਾਰ, ਹਰ ਸਮੱਸਿਆ ਪ੍ਰਤਿ, ਸਹੀ ਅਤੇ ਉੱਚਿਤ ਨਿਰਣੈ ਕਰਨ ਦੇ ਯੋਗ ਹੋਵੇ। ਦਲੀਲ ਅਤੇ ਤਰਕਸ਼ੀਲਤਾ ਦਾ ਸਿਧਾਂਤ ਇਨਸਾਨੀ ਜੀਵਨ ਪ੍ਰਤਿ ਨਿਰਣਾਤਮਕ ਸੁਝਾਉ ਅਤੇ ਸੇਧ ਪ੍ਰਦਾਨ ਕਰਦਾ ਹੈ, ਤਾਂਕਿ ਸਮੁੱਚੀ ਮਨੁੱਖਤਾ ਪਰਸਪਰ ਸੰਧੀ ਇਕੱਤ੍ਰਤਾ ਦੇ ਆਧਾਰ 'ਤੇ ਇਕ ਐਸੀ ਰਿਆਸਤ ਅਥਵਾ ਰਾਜ ਪ੍ਰਨਾਲੀ ਦੀ ਸ਼ਿਲਾ ਸਥਾਪਨ ਕਰ ਸਕੇ ਜਿਸ ਦੇ ਆਸਰੇ ਹਰ ਇਕ ਵਿਅਕਤੀ ਦੇ ਜਾਨ, ਮਾਲ, ਸਵੈ-ਸਤਿਕਾਰ ਅਤੇ ਸੁਤੰਤ੍ਰਤਾ ਪ੍ਰਤਿ ਸੁਰੱਖਿਆ ਪ੍ਰਦਾਨ ਕੀਤੀ ਜਾ ਸਕੇ। ਜਿਸ ਵੇਲੇ ਕੋਈ ਭੀ ਸੰਧੀ ਜਾਂ ਜੋੜ ਮੇਲਾ ਸੰਯੁਕਤ ਕੀਤਾ ਜਾਂਦਾ ਹੈ, ਤਦ ਅਤਿਅੰਤ ਹੀ ਆਵਸ਼ਕ ਹੁੰਦਾ ਹੈ ਕਿ ਹਰ ਵਿਅਕਤੀ ਨਿਜੀ ਅਧਿਕਾਰਾਂ ਦਾ ਕੁਝ ਭਾਗ ਸੰਧੀ ਇਕੱਤ੍ਰਤਾ ਨੂੰ ਅਰਪਣ

ਕਰੇ। ਇਥੇ ਧਿਆਨਯੋਗ ਵਿਸ਼ੇਸ਼ ਧਾਰਾ ਇਹੀ ਹੈ ਕਿ ਨਿਜੀ ਅਧਿਕਾਰਾਂ ਦੀ ਕੁਰਬਾਨੀ ਕੀਤੇ ਬਿਨਾਂ ਕੇਂਦਰਯ ਰਾਜ ਪ੍ਰਣਾਲੀ ਦੀ ਬੁਨਿਆਦੀ ਸ਼ਿਲਾ ਸਥਾਪਨ ਕਰਨੀ ਭ੍ਰਾਮ-ਖ਼ਿਆਲੀ ਅਥਵਾ ਨਿਗੁਣੀ ਸੋਚ ਦਾ ਰੇਤਲਾ ਮੰਦਰ ਹੀ ਆਖਿਆ ਜਾ ਸਕਦਾ ਹੈ। ਪਰਸਪਰ ਸੰਧੀ ਇਕੱਤ੍ਰਤਾ ਦੇ ਆਧਾਰ 'ਤੇ ਅਰਪਣ ਕੀਤੇ ਹੋਏ ਕੁਝ ਅਧਿਕਾਰਾਂ ਦੀ ਭੇਟਾ ਦੇ ਰਾਹੀਂ, ਜੋ ਕੇਂਦਰਯ ਸੁਬੱਲਤਾ ਪ੍ਰਾਪਤ ਹੁੰਦੀ ਹੈ, ਅਸੀਂ ਸਾਰੇ ਹੀ ਸਮੁੱਚੇ ਤੌਰ 'ਤੇ ਉਸ ਦਾ ਲਾਭ ਪ੍ਰਾਪਤ ਕਰਦੇ ਹਾਂ। ਜਦੋਂ ਕਿ ਨਿਜੀ ਅਧਿਕਾਰਾਂ ਦੀ ਅਰਪਣ ਕੀਤੀ ਪੂੰਜੀ ਅਤਿ ਤੁੱਛ-ਮਾਤ੍ਰ ਹੁੰਦੀ ਹੈ ਇਸ ਦੇ ਪ੍ਰਤਿਕਰਮ, ਲਾਭ-ਸ਼ੈਲੀ ਦੀ ਦਰ ਬਹੁਤ ਵੱਡੀ ਹੁੰਦੀ ਹੈ। ਪ੍ਰਿਥਵੀ ਮੰਡਲ ਦਾ ਹਰ ਵਿਅਕਤੀ ਨਿਜੀ ਸਮਰੱਥਾ ਦੇ ਆਧਾਰ 'ਤੇ ਦਲੀਲਕ ਯੁਕਤੀ ਦਾ ਆਨੰਦ ਮਾਣਦਾ ਹੋਇਆ, ਜੀਵਨ ਦੇ ਹਰ ਖੇਤਰ ਵਿਚ ਵਿਕਾਸ ਕਰ ਸਕਦਾ ਹੈ। ਸਲਤਨਤ ਦੇ ਵਿਕਾਸ ਨੂੰ ਮੱਦੇ-ਨਜ਼ਰ ਰੱਖਦਿਆਂ ਉਹ ਸੁਬੱਲ ਸ਼ਬਦਾਂ ਦੁਆਰਾ ਇਹ ਆਖਣ ਦੀ ਯੋਗਤਾ ਰੱਖਦਾ ਹੈ ਕਿ ਤਰਕ-ਸ਼ੈਲੀ ਦੇ ਵਿਚਾਰ ਮੰਡਲ ਦੀ ਮੂਲਿਕ ਸ਼ਿਲਾ ਦੇ ਉਪਰ, ਸ੍ਰੇਸ਼ਟ ਅਤੇ ਉੱਚੀ ਵਿਦਿਆ ਦੀ ਉੱਨਤੀ ਦਾ ਮਿਆਰ, ਬੇ-ਲਾਗ ਭਾਸ਼ਣ-ਸ਼ੈਲੀ ਅਤੇ ਵਿਰੋਧੀ ਧਾਰਾ ਪ੍ਰਤਿ, ਸ਼ਹਿਨਸ਼ੀਲਤਾ ਜੈਸੇ ਬਾ-ਰਸੂਖ਼ ਬਾਨ੍ਹਣੂ ਬੰਨ੍ਹ ਸਕਦੇ ਹਾਂ। ਤਰਕਸ਼ੀਲ ਇਕੱਤ੍ਰਤਾ ਦੀ ਮੂਲ ਧਾਰਾ ਅਥਵਾ ਮਰਕਜ਼ੀ ਰਿਆਸਤ ਦੀ ਬੁਨਿਆਦ, ਦੇਸਵਾਸੀਆਂ ਦੇ ਵਾਯੂਮੰਡਲ, ਸਭਿਅਤਾ, ਖਾਨ ਪਾਨ ਪਹਿਰਾਨ, ਮਨੁੱਖੀ ਸੁਭਾਉ, ਸਮਾਜੀ ਕਦਰਾਂ-ਕੀਮਤਾਂ, ਸਮਾਜੀ ਵਰਤ ਵਰਤਾਰਾ, ਜੀਵਨ ਵਤੀਰਾ ਜੈਸੇ ਲੱਛਣਾਂ 'ਤੇ ਆਧਾਰਤ ਹੁੰਦੀ ਹੈ। ਹਾਲਾਂਕਿ, ਜੈਸੀ ਤਰਕਸ਼ੀਲ ਪ੍ਰਣਾਲੀ ਉੱਤਰੀ ਦੇਸਾਂ ਦੇ ਠੰਡੇ ਵਾਤਾਵਰਣ ਵਿਚ ਸਥਾਪਨ ਕੀਤੀ ਜਾ ਸਕਦੀ ਹੈ, ਐਸੀ ਸੁਤੰਤ੍ਰ ਅਤੇ ਤਰਕਸ਼ੀਲ ਸਲਤਨਤ ਮੱਧ-ਰੇਖਾ ਦੇ ਗਰਮ ਦੇਸਾਂ ਦੇ ਲੋਕਾਂ ਵਾਸਤੇ ਲਾਗੂ ਕਰਨੀ ਅਤਿ ਕਠਿਨ ਅਤੇ ਅਸੰਭਵ ਹੁੰਦੀ ਹੈ। ਕਿਉਂਕਿ, ਉਨ੍ਹਾਂ ਦੂਹਾਂ ਦੇ ਅੰਤ੍ਰੀਵੀ ਲੱਛਣਾਂ ਵਿਚ ਬਹੁਤ ਵੱਡਾ ਅੰਤਰ ਹੁੰਦਾ ਹੈ। ਇਹੀ ਵੱਡਾ ਕਾਰਣ ਹੈ ਕਿ ਗਰਮ ਦੇਸਾਂ ਦੇ ਲੋਕ ਠੰਡੇ ਵਾਤਾਵਰਣ ਵਿਚ ਰਹਿਣ ਵਾਲੇ ਲੋਕਾਂ ਦੀ ਨਿਸਬਤ, ਥੋੜੀ ਸ਼ਹਿਨਸ਼ੀਲਤਾ ਦੇ ਧਾਰਨੀ ਹੁੰਦੇ ਹਨ। ਜਿਨ੍ਹਾਂ ਲੋਕਾਂ ਵਿਚ ਧੀਰਜ ਅਤੇ ਸ਼ਹਿਨਸ਼ੀਲਤਾ ਦੀ ਘਾਟ ਹੋਵੇ, ਉਹ ਨਿਜੀ ਅਧਿਕਾਰਾਂ ਦੀ ਅਰਪਣਾ ਕਰਦੇ ਹੋਏ ਤਰਕਸ਼ੀਲਤਾ ਦੇ ਦਾਇਰੇ ਵਿਚ ਨਹੀਂ ਰਹਿ ਸਕਦੇ। ਇਹੀ ਵੱਡਾ ਕਾਰਣ ਹੈ ਕਿ ਗਰਮ-ਰੇਖਾ ਦੇ ਬਾਸ਼ਿੰਦੇ ਤਰਕਸ਼ੀਲ ਵਿਧਾਨ ਦੇ ਉਤਨੇ ਹਾਮੀ ਨਹੀਂ ਹੁੰਦੇ, ਜਿਤਨੇ ਕਿ ਠੰਡੇ ਵਾਤਾਵਰਣੀ ਲੋਕ ਹੁੰਦੇ ਹਨ। ਕਿਉਂਕਿ ਉਨ੍ਹਾਂ ਦਾ ਵਾਤਾਵਰਣ, ਉਨ੍ਹਾਂ ਦੀ ਭੋਜਨ-ਸ਼ੈਲੀ, ਉਨ੍ਹਾਂ ਦਾ ਸਮਾਜੀ ਢਾਂਚਾ, ਜੀਵਨ ਦੀ ਹਰ ਤਰ੍ਹਾਂ ਦੀ ਗਤੀ 'ਤੇ ਨਿਰਭਰ ਹੁੰਦਾ ਹੈ ਅਥਵਾ ਉਨ੍ਹਾਂ ਦੀ ਨਿਤਾਪ੍ਰਤਿ ਜੀਵਨ-ਸ਼ੈਲੀ ਨੂੰ ਪ੍ਰਭਾਵਤ ਕਰਦਾ ਹੈ। ਨਿਰਸੰਦੇਹ, ਵਾਤਾਵਰਣ

ਦਾ ਪ੍ਰਭਾਵ ਹੀ ਇਕ ਐਸੀ ਸੁਭਾਵਿਕ ਅਥਵਾ ਕੁਦਰਤੀ ਧਾਰਾ ਹੈ ਜੋ ਜੀਵਾਂ ਦੇ ਜੀਵਨ ਦੀ ਨੁਹਾਰ ਉਲੀਕਦੀ ਹੈ, ਜਿਵੇਂ :

ਪੱਥਰ ਅਤਿਅੰਤ ਹੀ ਸਖ਼ਤ ਅਥਵਾ ਕਠੋਰ ਹੁੰਦਾ ਹੈ, ਪ੍ਰੰਤੂ ਅਗਨੀ ਦੀ ਸੰਗਤਿ ਮਿਲਿਆਂ ਸੜ ਕੇ ਚੂਨਾ ਬਣ ਜਾਂਦਾ ਹੈ। ਅਗਨੀ ਦੇ ਪ੍ਰਭਾਵ ਦੁਆਰਾ ਸੜੇ ਹੋਏ ਚੂਨੇ ਦੀ ਅਗਨੀ, ਪਾਣੀ ਦੇ ਛਿੜਕਿਆਂ ਬੁਝ ਜਾਂਦੀ ਹੈ, ਭਾਵ, ਪਾਣੀ ਦੀ ਸੰਗਤਿ ਹੋਣ ਕਰਕੇ, ਦੱਗਧ ਹੋਏ ਚੂਨੇ ਵਿਚ ਠੰਡਕ ਵਰਤ ਜਾਂਦੀ ਹੈ, ਪ੍ਰੰਤੂ ਪਾਣੀ ਦੇ ਛਿੜਕਿਆਂ ਚੂਨੇ ਦੀ ਵਿਹੁ ਨਵਿਰਤ ਨਹੀਂ ਹੁੰਦੀ। ਵਿਹੁ ਦੀ ਨਵਿਰਤੀ ਨਾ ਹੋਣੀ ਪ੍ਰਗਟ ਕਰਦੀ ਹੈ ਕਿ ਉਸ ਦੇ ਅੰਤ੍ਰੀਵੀ ਤਲਾਂ ਵਿਚ ਅਗਨੀ ਦੀ ਅੰਸ਼ ਮੌਜੂਦ ਹੈ। ਅਗਰ ਐਸਾ ਚੂਨਾ ਜੀਭ ਉੱਤੇ ਰੱਖਿਆ ਜਾਵੇ, ਨਿਰਸੰਦੇਹ, ਜੀਭ ਉੱਤੇ ਛਾਲੇ ਪੈ ਜਾਂਦੇ ਹਨ ਜੋ ਵੱਡੇ ਦੁਖ ਦਾ ਕਾਰਣ ਹੁੰਦੇ ਹਨ। ਜ਼ਹਿਰੀਲਾ ਚੂਨਾ, ਪਾਨ ਸੁਪਾਰੀ ਅਤੇ ਕੱਥ ਨਾਲ ਮਿਲ ਕੇ, ਆਪਣਾ ਸੁਭਾਉ ਬਦਲ ਕੇ, ਸੋਹਣੀ ਰੰਗਤ ਵਾਲਾ, ਚੰਗੀ ਤਰ੍ਹਾਂ ਸਾਧਿਆ ਹੋਇਆ ਰੰਗ ਧਾਰਨ ਕਰਦਾ ਹੈ। ਇਸੇ ਤਰ੍ਹਾਂ ਗੁਰਮੁਖਾਂ ਦੀ ਸੰਗਤਿ ਵਿਚ ਜੁੜ ਕੇ, ਜੋ ਮਹਾਂ ਅਸਾਧ ਪੁਰਸ਼ ਹੈ, ਉਹ ਭੀ ਪੂਰਨ ਤੌਰ 'ਤੇ ਸਾਧਿਆ ਜਾਂਦਾ ਹੈ। ਜੋ ਪ੍ਰਾਣੀ ਲਘੂ ਸਮੇਂ ਵਾਸਤੇ ਸਤਿਸੰਗਤਿ ਵਿਚ ਜੁੜਦਾ ਹੈ, ਉਹ ਆਪਾ-ਭਾਵ ਗੁਆ ਕੇ ਸੰਗਤਿ ਦਾ ਰੂਪ ਹੋਇ ਨਿਬੜਦਾ ਹੈ। ਜੋ ਵਾਯੂਮੰਡਲ ਹੈ, ਇਹ ਜੀਵਾਂ ਦੀ ਜ਼ਿੰਦਗੀ ਨੂੰ ਨਿਜੀ ਅੰਸ਼ ਦੀ ਅਨੁਕੂਲਤਾ ਵਿਚ ਢਾਲਦਾ ਹੈ। ਜੈਸਾ ਵਾਯੂ-ਮੰਡਲ, ਤੈਸਾ ਵਿਹਾਰ ਅਤੇ ਕ੍ਰਿਆ ਹੁੰਦੀ ਹੈ। ਇਸ ਵਿਸ਼ੇ ਪ੍ਰਤਿ ਇਕ ਸੰਸਾਰ ਪ੍ਰਸਿੱਧ ਗਾਥਾ ਪ੍ਰਚੱਲਤ ਹੈ, ਜਿਵੇਂ :

We are products of our environment, because our environment shape us make us the way we do. More important, the size of our thinking, our life goal, our attitudes, our very personality is formed by our environment.

ਉਕਤ ਦਰਸਾਏ ਖ਼ਿਆਲਾਂ ਦੀ ਹਾਮਾ ਨਿਮਨ ਲਿਖਤ ਦੇ ਅਨੁਸਾਰ ਭਾਈ ਗੁਰਦਾਸ ਜੀ ਦੇ ਸ਼ਬਦਾਂ ਦੁਆਰਾ ਸਮਝਣੀ ਵਧੇਰੇ ਲਾਭਦਾਇਕ ਹੋਵੇਗੀ। ਜਿਵੇਂ :

ਪਥਰ ਚਿਤੁ ਕਠੋਰੁ ਹੈ ਚੂਨਾ ਹੋਵੈ ਅਗੀਂ ਦਧਾ॥
ਅਗ ਬੁਝੈ ਜਲ ਛਿਟਕਿਐ ਚੂਨਾ ਅਗਿ ਉਠੇ ਅਤਿ ਵਧਾ॥
ਪਾਣੀ ਪਾਇ ਵਿਹੁ ਨ ਜਾਇ ਅਗਨਿ ਨ ਛੁਟੈ ਅਵਗੁਣ ਬਧਾ॥
ਜੀਭੈ ਉਤੈ ਰਖਿਆ ਛਾਲੇ ਪਵਨਿ ਸੰਗਿ ਦੁਖ ਲਧਾ॥
ਪਾਨ ਸੁਪਾਰੀ ਕਥੁ ਮਿਲਿ ਰੰਗੁ ਸੁਰੰਗੁ ਸੰਪੂਰਣੁ ਸਧਾ॥
ਸਾਧਸੰਗਤਿ ਮਿਲਿ ਸਾਧੁ ਹੋਇ ਗੁਰਮੁਖਿ ਮਹਾ ਅਸਾਧ ਸਮਧਾ॥
ਆਪੁ ਗਵਾਇ ਮਿਲੈ ਪਲ ਅਧਾ॥੨੦॥੨੫॥ *(ਵਾਰ 25/20)*

ਪ੍ਰਿਥਵੀ ਦੇ ਸਮੁੱਚੇ ਵਿਗਿਆਨਿਕ ਯੁਗ ਦਾ ਅਧਿਐਨ ਕੀਤਿਆਂ ਇਸ ਸਿੱਟੇ 'ਤੇ ਰਸਾਈ ਹੁੰਦੀ ਹੈ ਕਿ ਇਸ ਜਗਤ ਦੇ ਮਹਾਨ ਕੋਸ਼ਾਂ (Encyclopaedia) ਦੀ ਮੂਲਿਕ ਸ਼ਿਲਾ ਤਰਕਸ਼ੀਲ ਯੁਗ ਹੀ ਆਖਿਆ ਜਾ ਸਕਦਾ ਹੈ। ਜਿਸ ਸਮਾਜ ਵਿਚ ਤਰਕਸ਼ੀਲਤਾ ਨਹੀਂ ਹੈ, ਉਥੇ ਆਮ ਤੌਰ 'ਤੇ ਪਰਜਾ ਦਾ ਨਿਤਾਪ੍ਰਤਿ ਜੀਵਨ, ਅੰਧ ਵਿਸ਼ਵਾਸੀ ਅਤੇ ਭਰਮ ਭੁਲੇਖੂ ਅਵਰੋਹੀ ਖ਼ੰਦਕਾਂ ਵਿਚ ਗ਼ਰਕ ਹੋ ਜਾਂਦਾ ਹੈ। ਇਹੀ ਵੱਡਾ ਕਾਰਨ ਸੀ ਕਿ ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੀ ਤਾਲੀਮ ਦਾ ਮੂਲਿਕ ਬਿੰਦੂ, ਅੰਤ੍ਰੀਵੀ ਰਹੱਸ ਦੀ ਤਰਕਸ਼ੀਲਤਾ 'ਤੇ ਵਿਕਸਤ ਹੋ ਰਿਹਾ ਹੈ ਜਿਸ ਵਿਚ ਭਰਮ ਭੁਲੇਖਿਆਂ ਅਤੇ ਅੰਧਵਿਸ਼ਵਾਸੀ ਤਰੰਗਾਂ ਪ੍ਰਤਿ ਕੋਟਾਨ-ਖੰਡ ਭੀ ਗੁੰਜਾਇਸ਼ ਨਹੀਂ ਹੈ। ਆਪ ਜੀ ਨੇ ਵੇਖਿਆ ਜਾਂ ਪੜ੍ਹਿਆ ਵੀ ਹੋਵੇਗਾ ਕਿ ਕਈ ਇਕ ਕਲਪਿਤ ਕਹਾਣੀਕਾਰਾਂ ਅਥਵਾ ਰੋਮਾਂਚਿਕ ਕਵਿਤਾਵਾਂ ਦੇ ਰਚੇਤਿਆਂ ਵਲੋਂ ਅਨੇਕਾਂ ਹੀ ਐਸੀਆਂ ਮਨਘੜਤ ਰਚਨਾਵਾਂ ਰਚੀਆਂ ਗਈਆਂ ਹਨ ਜੋ ਕਦੀ ਭੀ ਸਾਣ-ਸਿੱਧੀ ਦੇ ਖੇਤਰ ਵਿਚ ਨਹੀਂ ਆ ਸਕਦੀਆਂ। ਇਹੀ ਕਾਰਣ ਹੈ ਕਿ ਐਸੀਆਂ ਰੋਮਾਂਚਿਕ ਕਥਾ ਕਹਾਣੀਆਂ ਅਤੇ ਕਵਿਤਾਵਾਂ ਵਿਚ ਭਰਮ ਭੁਲੇਖਿਆਂ ਅਤੇ ਅੰਧਵਿਸ਼ਵਾਸੀ ਤੋਂ ਬਿਨਾਂ ਕੁਝ ਭੀ ਨਹੀਂ ਹੁੰਦਾ। ਗ਼ਰਜ਼ੇਕਿ, ਤੱਤ੍ਰ ਵਸਤੂ ਦੀ ਪ੍ਰਾਪਤੀ ਵਾਸਤੇ ਤਨਕ ਮਾਤਰ ਭੀ ਸਚਾਈ ਦੀ ਚਿਣਗ ਨਹੀਂ ਹੁੰਦੀ। ਜਿਵੇਂ, ਹਨੂਮਾਨ ਨੇ ਸਾਰਾ ਪਹਾੜ ਹੀ ਚੁੱਕ ਲਿਆਂਦਾ ਅਥਵਾ ਲੜਾਈ ਦੇ ਮੈਦਾਨ ਵਿਚ ਰਕਤ ਬਿੰਦ ਦਾ ਖ਼ੂਨ ਚੰਡੀ ਦੇਵੀ ਨਾਲ ਦੀ ਨਾਲ ਪੀਂਦੀ ਗਈ, ਆਦਿ।[1]

ਇਥੇ ਤਕ ਸੰਸਾਰ ਮੰਡਲ ਦੀ ਗਾਥਾ ਸਮਾਪਤ ਹੁੰਦੀ ਹੈ, ਜਿਸ ਵਿਚ ਕਈ ਇਕ ਯੁਗਾਂ ਅਥਵਾ ਯੁਗ ਗਰਦੀ ਪ੍ਰਤਿ ਵਿਚਾਰ ਕੀਤੀ ਗਈ ਹੈ। ਸੰਸਾਰ ਮੰਡਲ ਇਕ ਧਰਮਸ਼ਾਲਾ ਹੈ, ਜਿਸ ਵਿਚ ਜੀਵਨ ਬਤੀਤ ਕਰਦਾ ਹੋਇਆ ਜੀਵ, ਪੂਰੇ ਸਤਿਗੁਰੂ ਦੀ ਸਰਣਿ ਵਿਚ ਆਣ ਕੇ, ਭਾਵ, ਸਤਿਗੁਰੂ ਵਾਲਾ ਹੋ ਕੇ ਸਦੀਵੀ ਜੀਵਨ ਪਦਵੀ ਨੂੰ ਪ੍ਰਾਪਤ ਕਰ ਸਕਦਾ ਹੈ। ਦ੍ਰਿਸ਼ਟੀਮਾਨ ਸੰਸਾਰ ਵਿਚ ਵਿਚਰਦੇ ਹੋਏ, ਪਾਵਨ ਗੁਰਬਾਣੀ ਦਾ ਮਸ਼ਵਰਾ, ਜੀਵਨ ਯਾਤਰਾ ਸਫਲੀ ਕਰਨ ਹਿਤ ਲਾਜ਼ਮੀ ਹੀ ਸਹਾਈ ਹੋਵੇਗਾ, ਜਿਵੇਂ :

ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥
ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥

(ਸੋਰਠਿ ਮ: ੧, ਪੰਨਾ 635/17)

---

1. ਦੇਖੋ : *ਰਾਮਾਇਣ, ਲੰਕਾ ਕਾਂਡ*; ਦੇਖੋ : *ਦਸਮ ਗ੍ਰੰਥ*, ਰਕਤ ਬੀਜ ਬਧਹਿ ਪੰਚਮੋ ਅਧਿਆਇ, ਪੰਨੇ 85-91.

3

ਸੂਰਜ ਮੰਡਲ

3.24 ਪ੍ਰਿਥਵੀ ਦੇ ਸ਼ਾਸਨਿਕ ਪ੍ਰਬੰਧ ਨੂੰ ਇਨਸਾਨੀ ਸੂਝ ਸਮਝ ਦੇ ਕਾਰਜ ਖੇਤਰ ਵਿਚ ਉਲੀਕਣ ਹਿਤ, ਪੰਜਾਂ ਭਾਗਾਂ ਵਿਚ ਵੰਡਿਆ ਗਿਆ ਹੈ। ਜਿਨ੍ਹਾਂ ਵਿਚ ਸਰੀਰ ਮੰਡਲ, ਸੰਸਾਰ ਮੰਡਲ, ਸੂਰਜ ਮੰਡਲ, ਤਾਰਿਕਾ ਮੰਡਲ ਅਤੇ ਬ੍ਰਹਮ ਮੰਡਲ ਸ਼ਾਮਲ ਕੀਤੇ ਗਏ ਹਨ। ਸਰੀਰ ਮੰਡਲ ਅਤੇ ਸੰਸਾਰ ਮੰਡਲ ਦੀ ਵਿਆਖਿਆ ਇਸ ਤੋਂ ਪਹਿਲੇ ਦੋ ਮੰਡਲਾਂ ਵਿਚ ਆ ਚੁੱਕੀ ਹੈ। ਇਸ ਚਾਲੂ ਪ੍ਰਕਰਨ ਵਿਚ ਸੂਰਜ ਮੰਡਲ ਪ੍ਰਤਿ ਵਿਵਰਣਾਤਮਕ (descriptive) ਚਿੱਤਰ ਪੇਸ਼ ਕਰਨ ਦੀ ਆਗਿਆ ਲੋਚਦੇ ਹਾਂ। **ਸੂਰਜ:ਸੰ:ਪੁ:** ਸੂਰਜ, ਸ਼ਮਸ, ਖ਼ੁਰਸ਼ੀਦ, ਆਫ਼ਤਾਬ (Sun) ਆਦਿ। ਸੂਰਜ ਇਕ ਰੌਸ਼ਨ ਅਤੇ ਗਰਮ ਗੋਲਾ ਹੈ, ਜਿਸ ਦੇ ਗਿਰਦ ਧਰਤੀ ਦੇ ਘੁੰਮਣ ਨਾਲ ਦਿਨ ਰਾਤ ਅਤੇ ਰੁੱਤਾਂ ਬਣਦੀਆਂ ਹਨ। ਇਸ ਦਾ ਵਿਆਸ ਅੱਠ ਲੱਖ ਚੌਹਠ ਹਜ਼ਾਰ (8,64,000) ਮੀਲ ਹੈ। ਧਰਤੀ ਦੇ ਵਿਆਸ ਨਾਲੋਂ ਲਗਪਗ 109 ਗੁਣਾ ਜ਼ਿਆਦਾ ਹੈ। ਧਰਤੀ ਤੋਂ ਇਸ ਦੀ ਵਿੱਥ, ਬਾਨਵੇਂ ਕਰੋੜ ਤਰਾਸੀ ਲੱਖ (92,83,00,000) ਮੀਲ ਹੈ। ਲਗਪਗ ਤਰਾਨਵੇਂ ਮਿਲੀਅਨਜ਼ (93,000,000) ਅਥਵਾ (150,000,000) ਕਿਲੋਮੀਟਰ ਹੈ। ਸੂਰਜ ਦੀ ਤਪਸ਼ ਅਤੇ ਰੌਸ਼ਨੀ ਧਰਤੀ 'ਤੇ ਜੀਵਨ ਦੀ ਹੋਂਦ ਦਾ ਕਾਰਣ ਹੈ। ਅਸਾਡੇ ਤਾਰਿਕਾ ਮੰਡਲ ਵਿਚ ਲਗਪਗ ਦੋ ਅਰਬ (2,000,000,000) ਸੂਰਜ ਹਨ, ਜਿਨ੍ਹਾਂ ਵਿਚੋਂ ਅਸਾਡਾ ਸੂਰਜ ਅਸਾਡੀ ਧਰਤੀ ਤੋਂ ਸਭ ਤੋਂ ਨੇੜੇ ਹੈ। ਇਹੀ ਇਕ ਸੂਰਜ ਹੈ, ਜਿਸ ਦੀ ਰੌਸ਼ਨੀ ਤੇ ਤਪਸ਼, ਪ੍ਰਿਥਵੀ ਦੇ ਜੀਵਨ ਹਿਤ, ਹਰ ਪ੍ਰਕਾਰ ਦੀ ਸਮੱਗਰੀ ਉਤਪੰਨ ਕਰਦੀ ਹੈ। ਸੂਰਜ ਦੇ ਗਿਰਦ ਨੌਂ ਗ੍ਰਹਿ ਨਿਖੱਤ੍ਰ ਘੁੰਮਦੇ ਅਥਵਾ ਯਾਤਰਾ ਕਰਦੇ ਹਨ, ਜਿਨ੍ਹਾਂ ਵਿਚ ਅਸਾਡੀ ਪ੍ਰਿਥਵੀ ਭੀ ਸ਼ਾਮਲ ਹੈ। ਸੂਰਜ ਦੀ ਰੌਸ਼ਨੀ ਧਰਤੀ ਤਕ ਰਸਾਈ ਕਰਨ ਲਈ ਅੱਠ ਮਿੰਟ ਅਤੇ ਵੀਹ ਸੈਕਿੰਡ (8 mitutes and 20

seconds) ਦਾ ਸਮਾਂ ਖ਼ਰਚ ਕਰਦੀ ਹੈ, ਜਿਸ ਦੀ ਗਤੀ 1,86,282 ਮੀਲ ਅਤੇ 2,99,792 ਕਿਲੋਮੀਟਰ ਇਕ ਸੈਕਿੰਡ ਵਿਚ ਹੈ। ਇਸ ਦੀ ਘਣਫਲ ਮਾਤਰਾ, ਧਰਤੀ ਦੇ ਤੁਲ 1,300,000 ਗੁਣਾ ਵੱਧ ਹੈ। ਸੂਰਜ ਦਾ ਅੰਦਰੂਨੀ ਤਾਪਮਾਨ ਲਗਭਗ 27,000,000F ਅਥਵਾ 150,000,000C ਡਿਗਰੀ ਹੈ। ਹੁਣ ਤਕ ਸੂਰਜ ਦੀ ਆਯੂ ਚਾਰ ਅਰਬ ਸੱਠ ਕਰੋੜ (4,600,000,000) ਸਾਲ ਪੂਰੀ ਹੋ ਚੁੱਕੀ ਮੰਨੀ ਜਾਂਦੀ ਹੈ। ਇਸ ਦੀ ਕੁਲ ਜੋੜ ਆਯੂ ਦਸ ਅਰਬ (10,000,000,000) ਸਾਲ ਅਨੁਮਾਨ ਕੀਤੀ ਗਈ ਹੈ।

3.25 ਸੂਰਜ ਦੀ ਊਰਜਾ ਸ਼ਕਤੀ

ਸਮੁੱਚੇ ਸੰਸਾਰੀ ਜੀਵਨ ਦੀ ਜੀਵਨ ਸ਼ਕਤੀ, ਸੂਰਜ ਦੀ ਰੌਸ਼ਨੀ ਅਤੇ ਤਪਸ਼ ਦੁਆਰਾ ਜੀਵਨ ਦੇ ਹਰ ਜ਼ੱਰੇ ਜ਼ੱਰੇ ਵਿਚ ਰਸਾਈ ਕਰਦੀ ਹੈ। ਸਮੁੱਚੀ ਬਨਸਪਤੀ, ਸੂਰਜ ਦੀ ਗਰਮੀ ਅਤੇ ਰੌਸ਼ਨੀ ਨੂੰ ਉਤਪਾਦੀ ਵਿਧੀ ਦੁਆਰਾ ਵਰਤਦੀ ਹੋਈ (Synthesis of chemical compound with the aid of radiant energy) ਅਸਾਨੂੰ ਹਰ ਪ੍ਰਕਾਰ ਦੀ ਖ਼ੁਰਾਕ ਉਪਲਬਧ ਕਰਦੀ ਹੈ। ਪਸ਼ੂ ਪੰਛੀ ਬਨਸਪਤੀ ਨੂੰ ਵਰਤਦੇ ਹਨ ਔਰ ਇਨਸਾਨ ਇਨ੍ਹਾਂ ਦੁਹਾਂ ਦੀ ਵਰਤੋਂ ਕਰਦਾ ਹੋਇਆ ਜੀਵਨ ਨਿਰਬਾਹ ਕਰਦਾ ਹੈ। ਇਹ ਸ਼ਕਤੀ ਜਿਤਨੀ ਜਿਤਨੀ ਖ਼ਰਚ ਹੁੰਦੀ ਹੈ, ਨਾਲ ਦੀ ਨਾਲ ਉਤਨੀ ਹੀ ਕੁਦਰਤ ਦੇ ਪ੍ਰਬੰਧ ਦੁਆਰਾ **"ਜੋ ਕਿਛੁ ਪਾਇਆ ਸੁ ਏਕਾ ਵਾਰ"** ਦੀ ਵਿਧੀ ਦੇ ਅਧੀਨ ਪਰੀਪੂਰਨ ਹੁੰਦੀ ਰਹਿੰਦੀ ਹੈ। ਵਾਹਿਗੁਰੂ ਦੇ ਪ੍ਰਬੰਧ ਵਿਚ ਸੂਰਜ ਇਕ ਐਸਾ ਸਵੈ-ਚਲਿਤ ਸਾਧਨ ਹੈ, ਜਿਸ ਦੇ ਆਸਰੇ ਬਨਸਪਤੀ, ਪਸ਼ੂ ਪੰਛੀ, ਇਨਸਾਨ ਅਤੇ ਹੋਰ ਧਾਤਾਂ ਜਿਵੇਂ ਲੋਹਾ, ਕੋਇਲਾ, ਤਾਂਬਾ, ਪਿੱਤਲ, ਪਾਣੀ, ਹਵਾ, ਤੇਲ, ਗੈਸ ਆਦਿ ਪੈਦਾ ਹੁੰਦੇ ਹਨ। ਸੂਰਜ ਦੁਆਰਾ ਪ੍ਰਾਪਤ ਹੋ ਰਹੀ ਸ਼ਕਤੀ ਨੂੰ ਸਮਝਣਾ ਇਤਨਾ ਸੁਖੈਨ ਨਹੀਂ, ਜਿਤਨੀ ਆਸਾਨੀ ਦੁਆਰਾ ਅਸੀਂ ਇਸ ਦੀ ਵਰਤੋਂ ਕਰਦੇ ਹਾਂ। ਜਿਵੇਂ ਮੱਧ-ਰੇਖਾ ਦੇ ਖੇਤਰ ਵਿਚ ਸੂਰਜ ਦੀਆਂ ਕਿਰਨਾਂ ਸਿੱਧੀਆਂ ਪੈਂਦੀਆਂ ਹਨ, ਜਿਸ ਦਾ ਸਦਕਾ ਮੱਧ-ਰੇਖਾ ਦਾ ਵਾਤਾਵਰਣ ਬਹੁਤ ਗਰਮ ਹੁੰਦਾ ਹੈ, ਪ੍ਰੰਤੂ ਉੱਤਰੀ ਅਤੇ ਦੱਖਣੀ ਧੁਰਿਆਂ ਦਾ ਵਾਤਾਵਰਣ ਅਤਿ ਠੰਡਾ ਹੁੰਦਾ ਹੈ। ਮੱਧ-ਰੇਖਾ ਦੀ ਗਰਮ ਹਵਾ ਦੇ ਉਪਰ ਉਠਣੇ ਕਰਕੇ, ਉੱਤਰੀ ਅਤੇ ਦੱਖਣੀ ਸਿਰਿਆਂ ਦੀ ਠੰਡੀ ਹਵਾ ਦੀ ਗਤੀ ਸਮੂਲਚੀ ਪ੍ਰਿਥਵੀ ਦੇ ਵਾਤਾਵਰਣ ਨੂੰ ਸੁਖਾਵਾਂ ਬਣਾਂਦੀ ਹੈ।

3.26 ਸੂਰਜ ਦਾ ਘੁਮਾਉ ਅਤੇ ਗਤੀ

ਜਿਵੇਂ ਧਰਤੀ ਆਪਣੇ ਧੁਰੇ ਉਪਰ ਘੁੰਮਦੀ ਹੈ ਤਿਵੇਂ ਹੀ ਸੂਰਜ ਭੀ ਆਪਣੇ ਧੁਰੇ ਉਪਰ ਘੁੰਮਦਾ ਹੈ। ਧਰਤੀ ਇਕ ਦਿਨ ਰਾਤ ਵਿਚ ਅਥਵਾ ਚੌਬੀਸ(24) ਘੰਟਿਆਂ ਵਿਚ ਇਕ ਘੁੰਮਣ ਪੂਰਾ ਕਰਦੀ ਹੈ। ਇਸੇ ਤਰ੍ਹਾਂ ਸੂਰਜ ਇਕ ਮਹੀਨੇ ਵਿਚ ਇਕ ਘੁੰਮਣ ਪੂਰਾ ਕਰਦਾ ਹੈ। ਅੰਤਰ ਕੇਵਲ ਇਤਨਾ ਹੈ ਕਿ ਧਰਤੀ ਇਕ ਠੋਸ ਵਸਤੂ ਹੈ ਪ੍ਰੰਤੂ ਸੂਰਜ ਦੀ ਬਣਤਰ ਗੈਸਾਂ ਦਾ ਸਮੁਦਾਇ ਹੈ। ਗੈਸਾਂ ਦਾ ਸਮੁਦਾਇ ਹੋਣ ਕਰਕੇ ਇਸ ਦੇ ਘੁੰਮਣ ਵਿਚ ਧਰਤੀ ਦੇ ਘੁਮਾਉ ਦੀ ਨਿਸਬਤ ਅੰਤਰ ਹੈ। ਧਰਤੀ ਦਾ ਸਮੁਲਚਾ ਵਜੂਦ ਚੌਬੀਸ(24) ਘੰਟਿਆਂ ਵਿਚ ਇਕ ਘੁੰਮਣ ਪੂਰਾ ਕਰਦਾ ਹੈ ਜਿਥੋਂ ਦਿਨ ਅਤੇ ਰਾਤ ਬਣਦੇ ਹਨ। ਸੂਰਜ ਦਾ ਮੱਧ-ਰੇਖਾ ਵਾਲਾ ਹਿੱਸਾ ਇਕ ਮਹੀਨੇ ਤੋਂ ਥੋੜੇ ਘਟ ਸਮੇਂ ਵਿਚ ਇਕ ਘੁੰਮਣ ਪੂਰਾ ਕਰਦਾ ਹੈ ਜਦੋਂ ਕਿ ਇਸ ਦੇ ਸਿਰਿਆਂ ਦੇ ਨਜ਼ਦੀਕੀ ਹਿੱਸੇ ਇਕ ਮਹੀਨੇ ਨਾਲੋਂ ਥੋੜੇ ਵੱਧ ਸਮੇਂ ਵਿਚ, ਇਕ ਘੁੰਮਣ ਪੂਰਾ ਕਰਦੇ ਹਨ। ਇਸ ਦਾ ਕਾਰਣ ਇਹ ਹੈ ਕਿ ਸੂਰਜ ਧਰਤੀ ਵਾਂਗੂੰ ਠੋਸ ਵਸਤੂ ਨਹੀਂ ਹੈ, ਬਲਕਿ ਇਸ ਦੀ ਸਮੁੱਚੀ ਬਣਤਰ ਭਿੰਨ ਭਿੰਨ ਗੈਸਾਂ ਦੁਆਰਾ ਬਣਿਆ ਹੋਇਆ ਇਕ ਗੋਲਾਕਾਰ ਹੈ। ਧਰਤੀ ਸੂਰਜ ਦੇ ਗਿਰਦ ਚੱਕਰ ਕੱਟਣ ਵਾਸਤੇ ਇਕ ਸਾਲ ਦਾ ਸਮਾਂ ਖ਼ਰਚ ਕਰਦੀ ਹੈ। ਪ੍ਰੰਤੂ, ਅਸਾਡਾ ਸੂਰਜ ਤਾਰਿਕਾ ਮੰਡਲ (ਕਹਿਕਸ਼ਾਂ ਜਾਂ Galaxy) ਦੇ ਗਿਰਦ ਚੱਕਰ ਲਗਾਵਣ ਹਿਤ, ਬਾਈ ਕਰੋੜ ਪੰਜਾਹ ਲੱਖ (22,50,00,000) ਅਥਵਾ ਦੋ ਸੌ ਪੰਜੀ ਮਿਲੀਅਨਜ਼ (225,000,000) ਸਾਲ ਖ਼ਰਚ ਕਰਦਾ ਹੈ। ਆਕਾਸ਼ ਵਿਚ ਅਗਿਣਤ ਸਤਾਰਿਆਂ ਦਾ ਬਹੁਤ ਵੱਡਾ ਸਮੁਦਾਇ, ਜਿਸ ਨੂੰ ਆਕਾਸ਼ ਗੰਗਾ, ਛੜਿਆਂ ਦਾ ਰਾਹ, ਕਹਿਕਸ਼ਾਂ, ਗਲੈਕਸੀ, ਰਤਨ ਮੰਡਲ ਅਥਵਾ 'ਤਾਰਿਕਾ ਮੰਡਲ' ਜੈਸੇ ਨਾਵਾਂ ਦੁਆਰਾ ਪੁਕਾਰਿਆ ਜਾਂਦਾ ਹੈ। ਤਾਰਿਕਾ ਮੰਡਲ ਦੇ ਗਿਰਦ ਅਥਵਾ ਗਲੈਕਸੀ ਦੇ ਗਿਰਦ ਸੂਰਜ ਆਪਣੇ ਪਰਿਵਾਰ ਸਮੇਤ ਉਕਤ ਦਰਸਾਏ ਸਮੇਂ ਅਨੁਸਾਰ ਚੱਕਰ ਲਗਾਉਂਦਾ ਅਤੇ ਨਿਜੀ ਕੇਂਦਰਜ ਬਿੰਦੂ ਦੇ ਗਿਰਦ ਘੁੰਮਦਾ ਹੈ। ਸੂਰਜ ਅਤੇ ਇਸ ਦੇ ਪਰਿਵਾਰ ਦੀ ਸੰਗਿਆ ਸੂਰਜ ਮੰਡਲ ਅਥਵਾ ਸੋਲਰ ਸਿਸਟਮ (Solar system) ਕਰ ਕੇ ਆਖੀ ਜਾਂਦੀ ਹੈ।

3.27 ਸੂਰਜ ਦੀ ਪੂਜਾ

ਸੰਸਾਰੀ ਜੀਵਨ ਨੂੰ ਚਾਲੂ ਰੱਖਣ ਵਾਸਤੇ ਸੂਰਜ ਵਲੋਂ ਤਪਸ਼ ਅਤੇ ਰੌਸ਼ਨੀ ਉਪਲਬਧ ਹੁੰਦੀ ਰਹੀ। ਤਪਸ਼ ਅਤੇ ਰੌਸ਼ਨੀ ਦੀ ਸ਼ਕਤੀ ਨੂੰ ਧਿਆਨ ਵਿਚ ਰੱਖਦਿਆਂ, ਪੁਰਾਤਨ ਸਮੇਂ ਦੇ ਲੋਕਾਂ ਨੇ ਅਵਿਦਿਆ ਦੇ ਕਾਰਣ ਸੂਰਜ ਨੂੰ ਜੀਵਨ

ਦੇਣ ਵਾਲਾ ਦੇਵਤਾ ਸਮਝ ਕੇ ਇਸ ਦੀ ਪੂਜਾ ਕਰਨੀ ਆਰੰਭ ਦਿੱਤੀ। ਪੁਰਾਤਨ ਸਮੇਂ ਦਾ ਇਤਿਹਾਸ ਅਥਵਾ ਕਦੀਮੀ ਜੀਵਨ ਦੀ ਖੋਜ ਨਿਰਣੈ ਕਰਦੀ ਹੈ ਕਿ ਇਨਸਾਨ ਨੇ ਆਮ ਕਰਕੇ ਉਨ੍ਹਾਂ ਚੀਜ਼ਾਂ ਦੀ ਪੂਜਾ ਕਰਨੀ ਆਰੰਭ ਦਿੱਤੀ ਜਿਨ੍ਹਾਂ ਤੋਂ ਇਨ੍ਹਾਂ ਨੂੰ ਸੁਖ ਜਾਂ ਦੁਖ ਮਿਲਦਾ ਸੀ। ਸੂਰਜ ਦੇਵਤਾ, ਅਗਨੀ ਦੇਵਤਾ, ਪਾਣੀ ਦੇਵਤਾ, ਬਿਰਛ ਦੇਵਤਾ, ਗਊ ਦੇਵਤਾ, ਨਦੀ ਦੇਵਤਾ, ਵਿਸ਼ਨੂੰ ਦੇਵਤਾ, ਗਰੁੜ ਦੇਵਤਾ, ਬ੍ਰਹਮਾ ਦੇਵਤਾ, ਸ਼ਿਵ ਦੇਵਤਾ ਅਤੇ ਅਨੇਕਾਂ ਹੀ ਹੋਰ ਦੇਵਤੇ ਹਨ, ਜਿਨ੍ਹਾਂ ਤੋਂ ਸੁਖ ਦੁਖ ਦੀ ਪ੍ਰਾਪਤੀ ਹੋਣ ਕਰਕੇ, ਉਨ੍ਹਾਂ ਦੀ ਪੂਜਾ ਇਕ ਕਲਪਿਤ ਰੱਬ ਵਜੋਂ ਕੀਤੀ ਜਾਣ ਲੱਗੀ। ਸੰਸਾਰ ਵਿਚ ਕਈ ਐਸੇ ਧਰਮ ਭੀ ਹਨ, ਜਿਨ੍ਹਾਂ ਵਿਚ ਸੂਰਜ ਦੀ ਪੂਜਾ ਵਿਸ਼ੇਸ਼ ਸਥਾਨ ਰੱਖਦੀ ਹੈ। ਜਿਵੇਂ 'ਗਾਇਤ੍ਰੀ' ਹਿੰਦੂਆਂ ਦਾ ਮਹਾਂ ਮੰਤ੍ਰ ਹੈ, ਜਿਸ ਵਿਚ ਸੂਰਜ ਦੀ ਪੂਜਾ ਕੀਤੀ ਗਈ ਹੈ। ਗਾਇਤ੍ਰੀ ਮੰਤਰ ਨੂੰ ਕੇਵਲ ਦ੍ਵੈਜ ਬ੍ਰਾਹਮਣ ਹੀ ਜਪ ਸਕਦੇ ਹਨ। ਇਸ ਮੰਤਰ ਦੀ ਵਾਸਤਵਿਕ ਰੂਪ-ਰੇਖਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

"ਜੋ ਸੂਰਜ ਦੇਵਤਾ ਹੈ, ਸਭ ਨੂੰ ਜਿਵਾਉਂਦਾ ਹੈ, ਦੁਖਾਂ ਤੋਂ ਛੁਡਾਉਂਦਾ ਹੈ, ਪ੍ਰਕਾਸ਼ ਰੂਪ ਹੈ, ਬੇਨਤੀ ਕਰਣ ਯੋਗਯ ਹੈ, ਪਾਪ ਨਾਸ਼ਕ ਹੈ, ਜੋ ਸਾਡੀਆਂ ਬੁੱਧੀਆਂ ਨੂੰ ਪ੍ਰੇਰਦਾ ਹੈ, ਉਸ ਦਾ ਅਸੀਂ ਧਿਆਨ ਕਰਦੇ ਹਾਂ।"

(ਮਹਾਨ ਕੋਸ਼, ਗਾਇਤ੍ਰੀ, ਪੰਨਾ 403)

ਸੂਰਜ ਦੀ ਪੂਜਾ ਪ੍ਰਤਿ ਕੁਝ ਪੱਛਮੀ ਵਿਦਵਾਨਾਂ ਦੇ ਖ਼ਿਆਲਾਂ ਦਾ ਪ੍ਰਗਟ ਕਰਨਾ ਭੀ ਲਾਭਦਾਇਕ ਹੋਵੇਗਾ, ਜਿਵੇਂ :

Many ancient peoples worshiped the Sun as a God. They included the Egyptians in Africa, the Sumerains in Asia, the Greek in Europe, the Aztec and Maya Indian in North America, and the Inca Indians in South America. *(World Book 18, p. 784)*

ਪੁਰਾਤਨ ਸਮੇਂ ਦੇ ਲੋਕਾਂ ਨੇ ਅਗਿਆਨਤਾ ਦੇ ਕਾਰਣ ਅਨੇਕਾਂ ਹੀ ਐਸੀਆਂ ਕਲਪਿਤ ਕਥਾ ਕਹਾਣੀਆਂ ਸੂਰਜ ਪ੍ਰਤਿ ਘੜੀਆਂ ਹਨ, ਜਿਨ੍ਹਾਂ ਦਾ ਕੋਈ ਭੀ ਮੂੰਹ ਸਿਰ ਨਹੀਂ ਹੈ। ਜਿਵੇਂ : ਸੂਰਜ ਦਾ ਰਥ ਸੁਮੇਰ ਪਰਬਤ ਪਰ ਚਾਰੋਂ ਦਿਸ਼ਾ ਮੇਂ ਫਿਰਤਾ ਹੈ ਔਰ ਸੁਮੇਰ ਕੇ ਪੂਰਬ ਦਿਸ਼ਾ ਇੰਦ੍ਰ ਪੁਰੀ ਹੈ, ਦੱਖਣ ਜਮ ਪੁਰੀ ਹੈ, ਪੱਛਮ ਬਰਣਪੁਰੀ ਹੈ। ਸੂਰਜ ਆਪਣੇ ਨਿਕਲਣੇ ਕੇ ਅਸਥਾਨ ਸੇ ਫਿਰ ਉਸੀ ਕੇ ਸਾਹਮਣੇ ਜਾ ਕਰ ਅਸਤ ਹੋਤਾ ਹੈ। ਏਕ ਪਹੀਆ ਉਠ ਕਰ ਰਥ ਕਾ ਚਲਤਾ ਹੈ। ਦੂਸਰੇ ਪਹੀਏ ਕੀ ਧੁਰੀ ਸੁਮੇਰ ਪਰਬਤ ਪਰ ਧਰੂਅ ਲੋਕ ਸੇ ਦਬੀ ਹੂਈ ਹੈ ਔਰ ਸੂਰਜ ਕਾ ਰਥ ਛੱਤੀ ਲਾਖ ਜੋਜਨ ਕੇ ਵਿਸਤਾਰ ਮੇਂ ਹੈ। ਸਾਤ ਮੁਖ ਘੋੜਾ ਏਕ ਤਰਫ ਔਰ ਏਕ ਘੋੜਾ ਦੂਸਰੀ ਤਰਫ ਜੋਇਆ ਰਹਿਤਾ

ਹੈ। ਸੋ ਯੱਖਜ ਲੋਕ ਉਸ ਰਥ ਕੇ ਪੀਛੇ ਸੇ ਧਿਕਤੇ ਹੈਂ ਔਰ ਰੱਸੀ ਕੀ ਜਗਾਹ ਸਾਂਪ ਕੀ ਪੂਰੀ ਆਦਿਕ ਉਸ ਰਥ ਕੋ ਬਾਂਧੀ ਰਹਿਤੀ ਹੈ। ਅਰੁਣ ਸਾਰਥੀ ਰਥ ਕੋ ਹਾਂਕਤਾ ਹੈ। ਅਰ ਬਾਲ ਖਿਲ ਆਦਿਕ ਸਾਠ ਹਜ਼ਾਰ ਰਖੀਸ਼ਰ ਜਿਨ ਕੇ ਸਰੀਰ ਅੰਗੂਠੇ ਕੇ ਪ੍ਰਮਾਣ ਹੈਂ, ਉਸ ਰਥ ਕੇ ਆਗੇ ਸੂਰਜ ਕੀ ਓਰ ਮੂੰਹ ਕੀਏ ਹੂਏ ਉਸਤਤੀ ਕਰਤੇ ਪਿਛਲੇ ਪੈਰੋਂ ਸੇ ਦੌੜੇ ਚਲੇ ਜਾਤੇ ਹੈਂ।

(ਸ੍ਰੀ ਮਦ ਭਾਗਵਤ ਪੁਰਾਣ, ਸਕੰਧ 5, ਅਧਿ: 21, ਪੰਨਾ 178)

ਉਕਤ ਦਰਸਾਈ ਵਾਰਤਾ ਵਾਂਗੂੰ ਹੀ ਐਸੀਆਂ ਅਨੇਕਾਂ ਹੀ ਮਨੋਕਲਪਿਤ ਕਥਾ ਕਹਾਣੀਆਂ ਹਨ ਜੋ ਪੁਰਾਤਨ ਸਮੇਂ ਦੇ ਲੋਕਾਂ ਨੇ ਸੂਰਜ ਦੀ ਪੂਜਾ ਪ੍ਰਤਿ ਕਥਨ ਕੀਤੀਆਂ ਹਨ। ਜਿਨ੍ਹਾਂ ਵਿਚ ਮਿਸਰ, ਯੂਨਾਨ, ਇਰਾਕ ਦੇ ਲੋਕ, ਭਾਵ, ਜਿਥੇ ਭੀ ਪੁਰਾਤਨ ਸਭਿਅਤਾ ਦਾ ਆਰੰਭ ਹੋਇਆ, ਉਨ੍ਹਾਂ ਲੋਕਾਂ ਨੇ ਸੁਖ ਦੇਣ ਵਾਲੀਆਂ ਸ਼ਕਤੀਆਂ ਨੂੰ ਸੁਖਦਾਈ ਦੇਵਤਾ ਜਾਂ ਸੁਖਦਾਈ ਰੱਬ ਸਮਝ ਕੇ ਉਨ੍ਹਾਂ ਦੀ ਪੂਜਾ ਕਰਨੀ ਆਰੰਭ ਦਿੱਤੀ। ਆਪ ਜੀ ਦੀ ਜਾਣਕਾਰੀ ਹਿਤ ਕੁਝ ਹੋਰ ਦ੍ਰਿਸ਼ਟਾਂਤ ਦੇਣ ਲਈ ਆਗਿਆ ਚਾਹਾਂਗੇ। ਜਿਵੇਂ : (ਜੋ ਸਵੇਰੇ ਸੂਰਜ ਕਾ ਨਾਮ ਲੇਤਾ ਹੈ, ਸਭ ਪਾਪੋਂ ਸੇ ਛੂਟ ਜਾਤਾ ਹੈ)॥੧੧॥ (ਸ੍ਰੀ ਮਦ ਭਾਗਵਤ ਪੁਰਾਣ, ਸਕੰਧ 2, ਅਧਿ: 11, ਪੰਨਾ 558) ਦੁਨੀਆ ਦੇ ਧਾਰਮਕ ਖੇਤਰ ਦਾ ਅਧਿਐਨ ਕੀਤਿਆਂ, ਅਸਾਡੇ ਸਾਹਮਣੇ ਧਾਰਮਕ ਵਿਸ਼ਵਾਸ ਦੀਆਂ ਚਾਰ ਸ਼੍ਰੇਣੀਆਂ ਦ੍ਰਿਸ਼ਟੀਮਾਨ ਹੁੰਦੀਆਂ ਹਨ। ਸੂਰਜ ਪੂਜਾ ਪ੍ਰਤਿ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਇਨ੍ਹਾਂ ਚਾਰ ਸ੍ਰੇਣੀਆਂ ਨੂੰ ਸਮਝਣਾ ਅਤਿ ਆਵਸ਼ਕ ਹੈ, ਤਾਂਕਿ ਅਸੀਂ ਵਾਹਿਗੁਰੂ ਦੀ ਹੋਂਦ ਪ੍ਰਤਿ ਸਹੀ ਅਤੇ ਸਾਰਥਿਕ ਨਿਰਣਾ ਕਰ ਸਕੀਏ।

3.28 ਧਾਰਮਕ ਸ਼੍ਰੇਣੀਆਂ

ਧਾਰਮਕ ਦੁਨੀਆ ਦੀ ਸਮੁੱਚੀ ਇਮਾਰਤ ਸ਼ਰਧਾ ਅਤੇ ਵਿਸ਼ਵਾਸ ਦੀਆਂ ਮੂਲਿਕ ਸ਼ਿਲਾਵਾਂ 'ਤੇ ਉਸਰੀ ਹੋਈ ਹੈ, ਜਿਸ ਦਾ ਵਿਸਤਾਰ ਧਰਮ ਦੇ ਪ੍ਰਸੰਗ ਵਿਚ ਕੀਤਾ ਜਾਵੇਗਾ। ਇਥੇ ਕੇਵਲ ਐਸੇ ਵਿਸ਼ੇ ਪ੍ਰਤਿ ਧਿਆਨ ਦਿੱਤਾ ਗਿਆ ਹੈ, ਜਿਸ ਦਾ ਸੰਬੰਧ ਕੇਵਲ ਸੂਰਜ ਦੀ ਪੂਜਾ ਨਾਲ ਹੈ। ਸੂਰਜ ਦੀ ਪੂਜਾ ਪ੍ਰਤਿ ਧਾਰਮਕ ਸ਼੍ਰੇਣੀਆਂ ਦਾ ਵਿਵਰਣਾਤਮਕ ਉਲੇਖਣ ਕਰਨਾ, ਨਿਜੀ ਪੈਂਡੇ ਵੱਲ ਅੱਗੇ ਵਧਣ ਲਈ ਇਕ ਹੋਰ ਕਦਮ ਹੈ। ਪ੍ਰਾਚੀਨ ਕਾਲ 'ਚ ਮਨੁੱਖ ਕਲਪਿਤ ਵਸਤੂਆਂ ਦੇ ਘੇਰੇ ਵਿਚ ਬੁਰੀ ਤਰ੍ਹਾਂ ਘਿਰਿਆ ਹੋਇਆ ਸੀ। ਭਾਰਤ ਦੇ ਇਤਿਹਾਸ ਵਿਚ ਸਤਿਗੁਰੂ ਨਾਨਕ ਪਾਤਿਸ਼ਾਹ ਹੀ ਕੇਵਲ ਪ੍ਰਥਮ ਅਨੁਭਵੀ ਪੈਗੰਬਰ ਹਨ, ਜਿਨ੍ਹਾਂ ਨੇ ਦੁਨੀਆ ਦੇ ਇਨਸਾਨ ਨੂੰ ਭਰਮ ਭੁਲੇਖੀ ਘੇਰਿਆਂ ਵਿਚੋਂ ਕੱਢਣ ਲਈ, ਕੇਵਲ ਅਤੇ ਕੇਵਲ ਇਕ ਨਾਲ ਜੋੜਿਆ ਹੈ। ਨਿਰਸੰਦੇਹ,

ਧਾਰਮਕ ਵਿਸ਼ਵਾਸ ਦੀ ਇਹੀ ਪ੍ਰਥਮ ਸ਼੍ਰੇਣੀ ਹੈ, ਜਿਸ ਦੇ ਬਾਨੀ ਸਤਿਗੁਰੂ ਬਾਬਾ ਨਾਨਕ ਪਾਤਿਸ਼ਾਹ ਜੀ ਹੀ ਆਖੇ ਜਾ ਸਕਦੇ ਹਨ।

1. **ਇਕ ਈਸ਼ਵਰਵਾਦੀ** (Monotheism): ਕੇਵਲ ਇਕ ਵਾਹਿਗੁਰੂ ਨੂੰ ਮੰਨਣ ਵਾਲੇ, ਵਾਹਦਾਨੀਯਤ, ਤੋਹੀਦ, ਲਾ ਇਲਾਹ ਇਲਾ ਅੱਲਾਹ (ਰੱਬ ਤੋਂ ਬਿਨਾਂ ਹੋਰ ਕਿਸੇ ਨੂੰ ਉਸ ਦਾ ਸ਼ਰੀਕ ਨਾ ਮੰਨਣਾ)। ਇਸ ਇਕਾਂਗੀ ਸ਼ਬਦ ਦੀ ਧੁਨੀ ਸਭ ਤੋਂ ਪਹਿਲਾਂ ਹਿੰਦੁਸਤਾਨ ਦੀ ਸਰ ਜ਼ਮੀਨ ਅਤੇ ਇਸ ਦੇ ਗਵਾਂਢੀ ਦੇਸਾਂ ਵਿਚ, ਸਿੱਖੀ ਦੇ ਪਸਾਰੇ ਨਾਲ ਆਰੰਭ ਹੋਈ। ਹਜ਼ੂਰ ਨੇ ਆਪਣਾ ਪੈਗੰਬਰੀ ਸੰਦੇਸ਼, ਇਕ ਸ਼ਬਦ "ੴ ਸਤਿਨਾਮੁ" ਦੁਆਰਾ ਆਰੰਭ ਕੀਤਾ ਹੈ, ਜਿਵੇਂ:

ਇਕਸੁ ਬਿਨੁ ਹੋਰੁ ਦੂਜਾ ਨਾਹੀ ਬਾਬਾ ਨਾਨਕ ਇਹ ਮਤਿ ਸਾਰੀ ਜੀਉ ॥੪॥

(ਮਾਝ ਮ: ੫, ਪੰਨਾ 108/3)

ਜਿਥੇ ਪਾਵਨ ਗੁਰਬਾਣੀ ਵਿਚ ਕੇਵਲ ਇਕ ਈਸ਼ਵਰਵਾਦੀ ਮੂਲਿਕ ਸੋਮੇ ਦੀ ਵਿਆਖਿਆ ਕੀਤੀ ਗਈ ਹੈ, ਉਥੇ ਕਈ ਇਕ ਸੰਸਾਰ ਪੱਧਰ ਦੇ ਵਿਦਵਾਨ ਭੀ ਇਸ ਖ਼ਿਆਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਭਾਰਤ ਦੀ ਧਰਤੀ 'ਤੇ ਤੋਹੀਦ ਦਾ ਪੈਗ਼ਾਮ ਦੇਣ ਵਾਲਾ ਪ੍ਰਥਮ ਅਨੁਭਵੀ ਪੈਗੰਬਰ ਕੇਵਲ ਸਤਿਗੁਰੂ ਬਾਬਾ ਨਾਨਕ ਪਾਤਿਸ਼ਾਹ ਜੀ ਹੀ ਹਨ, ਜਿਵੇਂ:

"ਫਿਰ ਉਠੀ ਆਖਰ ਸਦਾ ਤੋਹੀਦ ਕੀ ਪੰਜਾਬ ਸੇ,
ਹਿੰਦ ਕੋ ਇਕ ਮਰਦੇ ਕਾਮਲ ਨੇ ਜਗਾਇਆ ਖ਼੍ਵਾਬ ਸੇ।"

(ਇਕਬਾਲ, ਬਾਂਗੇ ਦਰਾ, ਪੰਨਾ 240)

ਜਦੋਂ ਕਦੀ ਭੀ ਕਿਸੇ ਜੀਵ ਨੇ ਦਰਗਾਹੀ ਪੈਗੰਬਰ ਦੇ ਸੁਖਨ (ਧੁਰ ਕੀ ਬਾਣੀ) ਨੂੰ ਮੰਨਨ ਅਤੇ ਅਮਲ ਕੀਤਾ ਜਾਂ ਉਸ ਸਿਧਾਂਤ ਦਾ ਅਨੁਸਾਰੀ ਹੋ ਕੇ ਅੰਤ੍ਰੀਵੀ ਭਾਵਨਾ ਦੁਆਰਾ ਘਾਲ ਕਮਾਈ ਕੀਤੀ। ਸਿੱਟੇ ਵਜੋਂ, ਪਰਮਾਰਥ ਦੇ ਪੈਂਡੇ ਲਈ ਉਸ ਦੀ ਝੋਲੀ, ਪੋਹਲੀ ਅਤੇ ਭੱਖੜੇ ਦੇ ਕੰਡਿਆਂ ਦੀ ਬਜਾਇ, ਸੁਅੱਸਤਅਵਸਥੀ ਉਪਜੀਵਕਾ ਅਤੇ ਅੰਮ੍ਰਿਤਮਈ ਪਦਾਰਥਾਂ ਦੇ ਤੋਸੇ ਨਾਲ ਪਰੀਪੂਰਨ ਹੋ ਗਈ। ਅਗਰ ਕੋਈ ਵਿਦਵਾਨ ਜਾਂ ਧਾਰਮਕ ਗਿਆਤਾ ਤੋਹੀਦ ਦੀ ਜਾਣਕਾਰੀ ਤੋਂ ਸੱਖਣਾ ਰਹਿ ਕੇ ਆਮ ਜਨਤਾ ਨੂੰ ਧਾਰਮਕ ਰਹੱਸ ਤੋਂ ਜਾਣੂ ਕਰਵਾਉਣਾ ਚਾਹੇ, ਇਹ ਉਸ ਦੀ ਖ਼ਾਮ-ਖ਼ਿਆਲੀ ਹੋਵੇਗੀ ਕਿਉਂਕਿ ਉਸ ਦੀ ਝੋਲੀ ਧਰਮ ਦੇ ਬੀਜ ਵਲੋਂ ਸੱਖਣੀ ਹੁੰਦੀ ਹੈ। ਧਰਮ ਦਾ ਬੀਜ ਕੇਵਲ ਇਕ ਹੀ ਹੈ, ਉਹ ਹੈ "ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ" ਵਿਚ ਸਭ ਤੋਂ ਪ੍ਰਿਥਮ ਅੱਖਰ ਇਕੁ (੧), ਜੋ ਦੁਨੀਆ ਦੇ ਸਾਰੇ ਧਰਮਾਂ ਦਾ ਬੀਜ ਹੈ। ਭਾਵੇਂ, ਇਕਾਂਗੀ ਰਹੱਸ ਦਾ ਬੀਜ ਹਰ ਜ਼ੱਰੇ ਜ਼ੱਰੇ ਵਿਚ ਮੌਜੂਦ ਹੈ ਪ੍ਰੰਤੂ ਇਸ ਨੂੰ ਪ੍ਰਾਪਤ ਕਰਨ ਦੀ ਵਿਧੀ ਸਤਿਗੁਰੂ ਜੀ ਦੇ ਸ਼ਬਦ ਦੀ ਵਿਚਾਰ ਅਤੇ ਅਮਲ ਕਰਨਾ, ਫਿਰ ਸਬਰ

ਸੰਤੋਖ ਦੁਆਰਾ ਉਤਨਾ ਅਰਸਾ ਉਡੀਕ ਕਰਨੀ ਜਦੋਂ ਤਕ ਕਿ ਇਕਾਂਗੀ ਬੀਜ ਜੀਵ ਦੇ ਹਿਰਦੇ ਵਿਚ ਪੁੰਗਰਦਾ ਨਹੀਂ। ਇਥੇ ਖ਼ਿਆਲ ਰੱਖਣ ਵਾਲੀ ਇਕ ਹੀ ਰਮਜ਼ ਹੈ ਕਿ ਜਿਸ ਧਰਤੀ ਵਿਚ ਤੌਹੀਦ ਦਾ ਬੀਜ ਬੀਜਣਾ ਹੈ, ਉਹ ਧਰਤੀ ਚੰਗੀ ਤਰ੍ਹਾਂ ਵਾਹੀ ਸੰਵਾਰੀ ਹੋਵੇ, ਕੱਲਰ ਧਰਤੀ ਨਾ ਹੋਵੇ। ਜੋ ਕੱਲਰ ਜਾਂ ਬੰਜਰ ਧਰਤੀ ਹੈ, ਉਸ ਵਿਚ ਇਕਾਂਗੀ ਬੀਜ ਦੇ ਉੱਗਣ ਦੀ ਆਸ ਕਰਨੀ ਅਮੋਲਕ ਸਮੇਂ ਦੀ ਦੁਰਵਰਤੋਂ ਹੀ ਆਖੀ ਜਾ ਸਕਦੀ ਹੈ। ਜਿਸ ਇਨਸਾਨ ਦੀ ਕਰਮ ਪ੍ਰਣਾਲੀ ਅਭਾਗੀ ਹੋਵੇ, ਉਸ ਦੇ ਸ਼੍ਰਵਣਾਂ ਵਿਚ ਕਦੀ ਭੀ ਹੱਕ ਦੀ ਸਦਾ (ਧੁਨੀ) ਨਹੀਂ ਗੂੰਜ ਸਕਦੀ।

ਸਤਿਗੁਰੂ ਨਾਨਕ ਪਾਤਿਸ਼ਾਹ ਜੀ ਨੇ ਭਾਰਤ ਦੇ ਕੋਨੇ ਕੋਨੇ ਵਿਚ ਯਾਤਰਾ ਕੀਤੀ, ਤਾਂਕਿ ਤੌਹੀਦ ਦਾ ਬੀਜ ਭਾਰਤਵਾਸੀਆਂ ਦੇ ਹਿਰਦਿਆਂ ਵਿਚ ਬੀਜਿਆ ਜਾਵੇ, ਪ੍ਰੰਤੂ ਇਹ ਧਰਤੀ ਕੱਲਰ ਹੋਣ ਕਰਕੇ, ਇਸ ਵਿਚ ਤੌਹੀਦ ਦਾ ਬੀਜ ਨਹੀਂ ਪੁੰਗਰ ਸਕਿਆ। ਉਕਤ ਦਰਸਾਏ ਖ਼ਿਆਲ ਦੀ ਸਾਖਾ ਅਲਾਮਾ ਇਕਬਾਲ ਦੇ ਸ਼ਬਦਾਂ ਦੁਆਰਾ ਸਮਝਣੀ ਵਧੇਰੇ ਲਾਭਦਾਇਕ ਹੋਵੇਗੀ, ਜਿਵੇਂ:

ਆਹ! ਬਦਕਿਸਮਤ ਰਹੇ ਆਵਾਜ਼ੇ ਹੱਕ ਸੇ ਬੇਖ਼ਬਰ,
ਗ਼ਾਫ਼ਲ ਅਪਨੇ ਫਲ ਕੀ ਸ਼ੀਰੀਨੀ ਸੇ ਹੋਤਾ ਹੈ ਸ਼ਜਰ॥
ਆਸ਼ਕਾਰ ਉਸ ਨੇ ਕੀਆ ਜੋ ਜ਼ਿੰਦਗੀ ਕਾ ਰਾਜ਼ ਥਾ,
ਹਿੰਦ ਕੋ ਲੇਕਿਨ ਖ਼ਿਆਲੀ ਫ਼ਲਸਫ਼ਾ ਪਰ ਨਾਜ਼ ਥਾ॥
ਸ਼ਮਏ ਹੱਕ ਸੇ ਜੋ ਮੁਨੱਵਰ ਹੋ ਯਹ ਵੁਹ ਮਹਿਫ਼ਲ ਨ ਥੀ,
ਬਾਰਸ਼ੇ ਰਹਿਮਤ ਹੁਈ ਲੇਕਿਨ ਜ਼ਮੀ ਕਾਬਿਲ ਨ ਥੀ॥

(ਬਾਂਗੇ ਦਰਾ, ਪੰਨਾ 239)

ਧਾਰਮਿਕ ਸੰਸਾਰ ਵਿਚ ਜਿਥੇ ਇਕ ਵਾਹਿਗੁਰੂ ਦੀ ਹਸਤੀ 'ਤੇ ਅਕੀਦਾ ਰੱਖਣ ਵਾਲੇ ਸ਼ਰਧਾਲੂਆਂ ਦੀ ਬਹੁਤ ਵੱਡੀ ਸੰਖਿਆ ਹੈ, ਉਥੇ ਬਹੁ-ਦੇਵਵਾਦੀਆਂ ਦੀ ਸੰਖਿਆ ਭੀ ਘੱਟ ਨਹੀਂ ਹੈ, ਬਲਕਿ ਬਹੁ-ਦੇਵਵਾਦੀ ਪੁਜਾਰੀਆਂ ਦੀ ਭੀ ਇਕ ਵੱਖਰੀ ਦੁਨੀਆ ਹੈ। ਧਾਰਮਿਕ ਚਿੰਤਨ ਦੇ ਇਸ ਪੱਖ ਦਾ ਨਿਰਣੇ ਪ੍ਰਥਮ ਕਾਲੀਨ ਸੰਸਾਰੀ ਜੀਵਾਂ ਨੇ ਉਸ ਸਮੇਂ ਕੀਤਾ ਜਦੋਂ ਉਨ੍ਹਾਂ ਦੇ ਸਾਹਮਣੇ ਕੁਝ ਸਥੂਲ ਅਤੇ ਅਰਧ ਸਥੂਲ ਵਸਤੂਆਂ ਦਾ ਝਲਕਾਰਾ ਉਤਪੰਨ ਹੋਇਆ। ਉਨ੍ਹਾਂ ਝਲਕਾਰੀ ਵਸਤੂਆਂ ਵਿਚ ਕੁਝ ਕੁ ਵਸਤੂ ਬਹੁਤ ਹੀ ਸੁਖਦਾਇਕ ਅਤੇ ਕੁਝ ਅਤਿਅੰਤ ਹੀ ਦੁਖਦਾਇਕ ਭੀ ਸਨ। ਸੁਖਦਾਇਕ ਵਸਤੂਆਂ ਵਲੋਂ ਜੀਵਨ ਦੇ ਸੁਖਾਂ ਦੀ ਲਾਲਸਾ ਅਤੇ ਦੁਖਦਾਇਕ ਵਸਤੂਆਂ ਵਲੋਂ ਭੈ-ਭੀਤ ਹੋਏ ਪੂਰਬ-ਕਾਲੀ ਇਨਸਾਨ ਨੇ, ਇਨ੍ਹਾਂ ਦੀ ਪੂਜਾ ਕਰਨੀ ਆਰੰਭ ਦਿੱਤੀ, ਤਾਂਕਿ ਸੁਖਦਾਇਕ ਸ਼ਕਤੀ ਤੋਂ ਵੱਧ ਤੋਂ ਵੱਧ ਸੁੱਖ ਅਤੇ ਸੁਅੱਸਤਅਵਸਥੀ ਲਾਭ ਉਠਾਇਆ ਜਾ ਸਕੇ। ਇਸੇ ਚਿੱਤਰ ਦੇ ਦੂਜੇ ਪਾਸੇ ਦੁਖਦਾਈ ਸ਼ਕਤੀਆਂ ਦੇ

ਮਾਰੂ ਭੈ ਤੋਂ ਸਹਿਮੇ ਹੋਏ ਇਨਸਾਨ ਨੇ ਉਨ੍ਹਾਂ ਦੀ ਪ੍ਰਸੰਨਤਾ ਹਿਤ, ਉਨ੍ਹਾਂ ਦੀ ਪੂਜਾ ਕਰਨੀ ਆਰੰਭ ਦਿੱਤੀ। ਜਿਵੇਂ ਵਿਸ਼ਨੂੰ ਭਗਵਾਨ ਦੀ ਪੂਜਾ ਸੁਖਦਾਇਕ ਦੇਵਤੇ ਦੇ ਰੂਪ ਵਿਚ ਅੌਰ ਮੌਤ ਦੇ ਦੇਵਤੇ ਮਹਾਂਦੇਵ, ਸ਼ਿਵ ਦੀ ਪੂਜਾ ਭੈ-ਭੀਤ ਹੋਏ ਇਨਸਾਨ ਨੇ ਕਿਸੇ ਵਿਸ਼ੇਸ਼ ਤ੍ਰਾਸਮਈ ਭਰਮ ਭੁਲੇਖੇ ਵਿਚ ਆਰੰਭ ਕੀਤੀ, ਜਿਥੋਂ ਬਹੁ-ਦੇਵਵਾਦੀ ਪੂਜਾ ਦਾ ਆਰੰਭ ਹੁੰਦਾ ਹੈ। ਚਾਲੂ ਵਿਸ਼ਾ ਸੂਰਜ ਮੰਡਲ ਪ੍ਰਤਿ ਚਲ ਰਿਹਾ ਹੈ। ਦੈਵੀ ਸ਼ਕਤੀਆਂ ਦੀ ਬਹੁ-ਦੇਵਵਾਦੀ ਪੂਜਾ ਦੇ ਵਿਸ਼ੇ ਨੂੰ ਸਮਝਣ ਹਿਤ, ਸੂਰਜ ਦੀ ਪ੍ਰਕ੍ਰਿਆ ਅਤੇ ਇਸ ਦੀ ਪੂਜਾ ਨੂੰ ਸਮਝਣਾ ਵਧੇਰੇ ਰੌਚਕ ਹੋਵੇਗਾ।

3.29 ਬਹੁ ਦੇਵ ਪੂਜਾ (Polytheism)

ਯੂਨਾਨੀ ਗ੍ਰੰਥਾਂ ਅਤੇ ਵੇਦ ਵਿਆਖਿਆ ਵਿਚ ਦਸਿਆ ਗਿਆ ਹੈ ਕਿ ਸੂਰਜ ਦਾ ਇਕ ਰਥ ਹੈ, ਜਿਸ ਨੂੰ ਕਈ ਘੋੜੇ ਜਾਂ ਸਤ ਚੈਰੇਟੀਜ਼ (Charities) ਖਿਚਦੇ ਹਨ। ਯੂਨਾਨੀ ਮਤਿ ਦੀਆਂ ਸਤ ਚੈਰੇਟੀਜ਼ ਅਤੇ ਵੇਦ ਮਤਿ ਦੇ ਸਤ ਘੋੜੇ ਇਕ ਧਾਰਾ ਦੇ ਦੋ ਚਿੱਤਰ ਹੀ ਆਖੇ ਜਾ ਸਕਦੇ ਹਨ। ਜਿਵੇਂ *ਸ੍ਰੀ ਮਦ ਭਾਗਵਤ ਪੁਰਾਨ* ਵਿਚ ਲਿਖਿਆ ਹੈ:

ਪ੍ਰਿਥਵੀ ਕੇ ਆਠੋਂ ਓਰ ਆਠ ਹਾਥੀ, ਜਿਨ ਕੋ ਦਿਗਪਾਲ ਕਹਿਤੇ ਹੈਂ, ਜੋ ਬੜੇ ਬਲਵਾਨ ਹੈਂ, ਉਨ ਬਲਵਾਨ ਹਾਥੀਓਂ ਨੇ ਇਸ ਧਰਤੀ ਕੋ ਐਸਾ ਦਬਾ ਕੇ ਰੱਖਾ ਹੈ ਕਿ ਇਸ ਕੋ ਹਿਲਨੇ ਨਹੀਂ ਦੇਤੇ। ਅਰ ਸੁਮੇਰ ਪਰਬਤ ਪਰ ਚਾਰ ਪੁਰੀਆਂ ਹਨ, ਕੁਬੇਰ ਕੀ, ਵਰਣ ਕੀ, ਇੰਦਰ ਕੀ, ਅਰ ਯਮ ਪੁਰੀ ਹੈ। ਸੂਰਜ ਕਾ ਰਥ ਵਹਾਂ ਸੇ ਦੋ ਦੋ ਪਹਿਰ ਪੀਛੇ ਇਨ ਚਾਰੋਂ ਪੁਰੀਓਂ ਮੇਂ ਜਾਤਾ ਹੈ।

(ਸਕੰਧ ੫, ਅਧਿਆਇ 6)

ਸੂਰਜ ਆਪਣੇ ਨਿਕਲਨੇ ਕੇ ਅਸਥਾਨ ਸੇ ਫਿਰ ਉਸੀ ਕੇ ਸਾਹਮਣੇ ਜਾ ਕਰ ਅਸਤ ਹੋਤਾ ਹੈ। ਏਕ ਪਹੀਆ ਉਨ ਕੇ ਰਥ ਕਾ ਚਲਤਾ ਹੈ, ਦੂਸਰੇ ਪਹੀਏ ਕੀ ਧੁਰੀ ਸੁਮੇਰ ਪਰਬਤ ਪਰ ਧਰੂਅ ਲੋਕ ਸੇ ਦਬੀ ਹੂਈ ਹੈ। ਔਰ ਸੂਰਜ ਕਾ ਰਥ ਛੱਬੀ ਲਾਖ ਜੋਜਨ ਕੇ ਵਿਸਤਾਰ ਮੇਂ ਹੈ। ਸਾਤ ਮੁਖ ਘੋੜਾ ਏਕ ਤਰਫ਼ ਔਰ ਏਕ ਘੋੜਾ ਦੂਸਰੀ ਤਰਫ਼ ਜੋਇਆ ਰਹਿਤਾ ਹੈ। ਸੋ ਧੰਖਿਜ ਲੋਕ ਉਸ ਰਥ ਕੋ ਪੀਛੇ ਸੇ ਧਿਕਤੇ ਹੈਂ, ਔਰ ਰੱਸੀ ਕੀ ਜਗਾਹ ਸਾਂਪ ਕੀ ਧੁਰੀ ਆਦਿਕ ਉਸ ਰਥ ਕੋ ਬਾਂਧੀ ਰਹਿਤੀ ਹੈਂ। ਅਰੁਣ ਸਾਰਥੀ ਰਥ ਕੋ ਹਾਂਕਤਾ ਹੈ। ਅਰ ਬਾਲ ਖਿਲ ਆਦਿਕ ਸਾਠ ਹਜ਼ਾਰ ਰਿਖੀਸ਼ਰ ਜਿਨ ਕੇ ਸਰੀਰ ਅੰਗੂਠੇ ਕੇ ਪ੍ਰਮਾਣ ਹੈਂ, ਉਸ ਰਥ ਕੇ ਆਗੇ ਸੂਰਜ ਓਰ ਮੂੰਹ ਕੀਏ ਹੂਏ ਉਸਤਤੀ ਕਰਤੇ ਪਿਛਲੇ ਪੈਰੋਂ ਸੇ ਦੌੜੇ ਚਲੇ ਜਾਤੇ ਹੈਂ।੨੧।

(ਸ੍ਰੀ ਮਦ ਭਾਗਵਤ ਪੁਰਾਨ, ਸਕੰਧ 5, ਅਧਿਆਇ 21, ਪੰਨਾ 178)

ਸੂਰਜ ਦੀ ਪ੍ਰਕ੍ਰਿਆ ਨੂੰ ਵਧੇਰੇ ਵਿਸਤਾਰ ਦੁਆਰਾ ਸਮਝਿਆਂ ਅਸਾਨੂੰ ਬਹੁ-ਦੇਵਵਾਦੀ ਪੂਜਾ ਦੀ ਸਮੱਸਿਆ ਨੂੰ ਸਮਝਣਾ ਕਾਫੀ ਆਸਾਨ ਹੋ ਜਾਵੇਗਾ ਕਿ ਅਸਾਡੇ ਪੂਰਵਜਾਂ ਦੀ ਪੂਜਾ ਸ਼ੈਲੀ ਦਾ ਮਾਰਗ ਇਕਾਂਗਵਾਦੀ ਨਹੀਂ ਸੀ ਬਲਕਿ ਬਹੁ-ਦੇਵਵਾਦੀ ਸੀ। ਕੇਵਲ ਸਤਿਗੁਰੂ ਨਾਨਕ ਪਾਤਿਸ਼ਾਹ ਹੀ ਇਕ ਐਸੇ ਰੱਬੀ ਪੈਗੰਬਰ ਹਨ ਜਿਨ੍ਹਾਂ ਨੇ ਭਾਰਤ ਦੀ ਧਰਤੀ 'ਤੇ ਪਹਿਲੀ ਦਫ਼ਾ ਤੌਹੀਦ ਦਾ ਪਰਚਮ ਬੁਲੰਦ ਕੀਤਾ। ਆਪ ਜੀ ਦੀ ਵਧੇਰੇ ਜਾਣਕਾਰੀ ਹਿਤ ਬਹੁ-ਦੇਵਵਾਦੀ ਪੂਜਾ ਪ੍ਰਤਿ ਹਿੰਦੂ ਵੀਰਾਂ ਦੇ ਮਹਾਂ ਮੰਤਰ ਗਾਇਤਰੀ ਦੀ ਮਿਸਾਲ ਦੇਣੀ ਭੀ ਸਮੇਂ ਦੇ ਅਨੁਕੂਲ ਹੋਵੇਗੀ। ਜਿਵੇਂ :

"ਜੋ ਸੂਰਜ ਦੇਵਤਾ ਸਭ ਨੂੰ ਜਿਵਾਉਂਦਾ ਹੈ, ਦੁੱਖਾਂ ਤੋਂ ਛੁਡਾਉਂਦਾ ਹੈ, ਪ੍ਰਕਾਸ਼ ਰੂਪ ਹੈ, ਵੇਨਤੀ (ਬੇਨਤੀ) ਕਰਨ ਯੋਗ ਹੈ, ਪਾਪ ਨਾਸ਼ਕ ਹੈ, ਜੋ ਸਾਡੀਆਂ ਬੁਧੀਆਂ ਨੂੰ ਪ੍ਰੇਰਦਾ ਹੈ, ਉਸ ਦਾ ਅਸੀਂ ਧਿਆਨ ਕਰਦੇ ਹਾਂ"। (ਗਾਇਤਰੀ ਦਾ ਰੂਪ ਇਉਂ ਦੱਸਿਆ ਹੈ ਕਿ ਇਕ ਹੱਥ ਵਿਚ ਮਿਰਗ ਦਾ ਸਿੰਗ ਅਤੇ ਦੂਜੇ ਹੱਥ ਵਿਚ ਕਮਲ ਹੈ। ਲਾਲ ਵਸਤ੍ਰ, ਗਲ ਮੋਤੀਆਂ ਦਾ ਹਾਰ, ਕੰਨਾਂ ਵਿਚ ਕੁੰਡਲ ਅਤੇ ਮੱਥੇ ਉਪਰ ਮੁਕਟ ਹੈ।) ਇਹ ਹੈ ਗਾਇਤਰੀ ਮਹਾਂ ਮੰਤਰ ਜਿਸ ਵਿਚ ਨਿਰੋਲ ਸੂਰਜ ਦੀ ਪੂਜਾ ਕੀਤੀ ਹੈ।

ਜਿਵੇਂ ਹਿੰਦੂ ਮਤਿ ਵਿਚ ਤ੍ਰੈ-ਮੂਰਤੀ ਦੀ ਪੂਜਾ ਪ੍ਰਧਾਨ ਹੈ, ਨਿਰਸੰਦੇਹ ਇਸੇ ਤਰ੍ਹਾਂ ਈਸਾਈ ਮਤਿ ਵਿਚ ਭੀ ਤ੍ਰੈ-ਪੱਖੀ ਪੂਜਾ (Trinity Worship) ਪ੍ਰਧਾਨ ਹੈ। ਇਸ ਤ੍ਰੈ-ਪੱਖੀ ਪੂਜਾ ਨੂੰ ਇਕਾਂਗੀ ਦੇ ਦਾਇਰੇ ਵਿਚ ਉਲੀਕਣ ਹਿਤ, ਈਸਾਈ ਮਤਿ ਦੇ ਵਿਦਵਾਨਾਂ ਨੇ ਅਨੇਕਾਂ ਹੀ ਹੱਥਕੰਡੇ ਵਰਤੇ ਹਨ, ਪ੍ਰੰਤੂ ਅਟੱਲ ਸਚਾਈ ਤਾਂ ਇਹ ਹੈ ਕਿ ਤ੍ਰੈ-ਪੱਖੀ ਪੂਜਾ ਬਹੁ-ਦੇਵਵਾਦੀ ਪੂਜਾ ਦਾ ਇਕ ਨਿਗਰ ਅੰਗ ਹੈ, ਜੋ ਕਦੀ ਭੀ ਬਹੁ-ਦੇਵਵਾਦੀ ਪੂਜਾ ਤੋਂ ਜੁਦਾ ਨਹੀਂ ਕੀਤਾ ਜਾ ਸਕਦਾ। ਆਪ ਜੀ ਦੀ ਵਧੇਰੇ ਜਾਣਕਾਰੀ ਲਈ ਕੁਝ ਪਰਮਾਣਿਕ ਸਮੱਗਰੀ ਈਸਾਈ ਮਤਿ ਦੀਆਂ ਪੁਸਤਕਾਂ ਵਿਚੋਂ ਹੀ ਉਪਲਬਧ ਕੀਤੀ ਗਈ ਹੈ। ਜਿਵੇਂ :

The Lord Jesus Christ is fully divine, being the second person of the Godhead who becomes man. This of course, is where the crux of debate on the Trinity is to be found; those who dislike the doctrine dislike it primarily because they are unwilling to give such an exalted position to "the man" Jesus.

Such reluctance is seen first in the teaching of Arius of Alexandria (died A.D. 336) Sabellius, memtioned earlier, tended to merge the persons of the Trinity, so that Father, Son and Holy Spirit were only temporary manifestation of the one God, assumed

for the purpose of our redemption. Arius whose main work was done just before Sabellius, went to the other extreme. He divided the persons of trinity so the Son and the Spirit become less then God the Father. According to Arius, the Son and Spirit were beings willed into existences by God for the purpose of acting as his agent in redemption. Thus, they were not eternal (as God is), and they were not fully divine. Arius used the word divine to describe them in some lesser sense than when applying it to the Father. In more recent centuries the same error has been espused by Unitarians and by some modern cults.

(The Sovereign God, Vol. I, p. 143)

ਇਹ ਸੀ ਈਸਾਈ ਮਤਿ ਦਾ ਬਹੁਤ ਵੱਡਾ ਦੁਖਾਂਤ ਜੋ ਤ੍ਰੈ-ਪੱਖੀ ਪੂਜਾ ਦਾ ਅੰਜਾਮ ਹੈ। ਵਿਰਤੀਹਾਣ ਸਮੇਂ ਵਿਚ ਕੇਵਲ ਗੁਰਮਤਿ, ਇਸਲਾਮ ਅਤੇ ਯਹੂਦੀ ਹੀ ਐਸੇ ਧਰਮ ਹਨ ਜੋ ਇਕਾਂਗੀ ਪੂਜਾ ਦੇ ਮਾਰਗ 'ਤੇ ਚੱਲਦੇ ਹਨ। ਬਾਕੀ ਦੁਨੀਆ ਦੇ ਸਮੂਲਚੇ ਧਰਮ ਹੀ ਕਿਸੇ ਨਾ ਕਿਸੇ ਵਿੰਗੇ ਟੇਢੇ ਢੰਗ ਦੁਆਰਾ ਬਹੁ-ਦੇਵਵਾਦੀ ਪੂਜਾ ਦੀ ਘੁੰਮਣਘੇਰੀ ਵਿਚ ਗਰਦਿਸ਼ ਕਰਦੇ ਹਨ। ਇਥੇ ਤਕ ਬਹੁ ਦੇਵਵਾਦੀ ਪੂਜਾ ਦਾ ਪ੍ਰਸੰਗ ਸਮਾਪਤ ਹੁੰਦਾ ਹੈ।

3.30 ਸੰਦੇਹਵਾਦ ਪੂਜਾ (Agnosticism)

ਸੰਦੇਹ ਪੂਰਣ : ਜਿਸ ਨੂੰ ਇਹ ਵਹਿਮ ਹੈ ਕਿ ਅਸਾਨੂੰ ਰੱਬ ਦੀ ਬਾਬਤ ਜਾਣਕਾਰੀ ਨਹੀਂ ਹੋ ਸਕਦੀ; ਸ਼ੰਕਾਵਾਦੀ, ਅਸ਼ਰਧਕ, ਅਗਿਆਤਵਾਦੀ। ਜਿਸ ਦਾ ਅਕੀਦਾ ਹੈ ਕਿ ਹਮ ਕੋ ਖ਼ੁਦਾ ਯਾ ਦੂਸਰੀ ਗ਼ੈਰਮਾਦੀ ਚੀਜ਼ੋਂ ਕਾ ਸ਼ਊਰ ਯਾ ਇਲਮ ਨਹੀਂ ਹੋ ਸਕਤਾ; ਲਾ ਇਦਰਾਕ। ਲਾ ਇਦਰੀਯੱਤ, ਕਿ ਹਮ ਖ਼ੁਦਾ ਕੇ ਬਾਰੇ ਮੇਂ ਯਕੀਨ ਸੇ ਕੁਛ ਨਹੀਂ ਕਹਿ ਸਕਤੇ।

One who holds the view that any ultimate reality (as God) is unknown and prob.

ਜਿਨ੍ਹਾਂ 'ਤੇ ਵਾਹਿਗੁਰੂ ਜੀ ਦੀ ਜੋਤਿ ਪ੍ਰਗਟ ਹੋਇ ਆਂਵਦੀ ਹੈ, ਉਨ੍ਹਾਂ 'ਤੇ ਸੰਸਾਰੀ ਸ਼ੰਕਾਵਾਦੀ ਵਿਰਤੀ ਪ੍ਰਭਾਵ ਨਹੀਂ ਪਾ ਸਕਦੀ। ਪ੍ਰੰਤੂ ਜਿਨ੍ਹਾਂ ਦੇ ਈਮਾਨ ਵਿਚ ਗਿਰਾਵਟ ਆ ਜਾਵੇ, ਜਿਨ੍ਹਾਂ ਦੀ ਸ਼ਰਧਾ ਨਕਾਰਾਤਮਕ ਖੰਦਕਾਂ ਵਿਚ ਗ਼ਰਕ ਹੋ ਜਾਵੇ, ਉਨ੍ਹਾਂ ਦੀ ਸੁਰਤੀ ਗੁਰਮਤਿ ਦੀਆਂ ਅਗੰਮੀ ਉਡਾਰੀਆਂ ਦਾ ਰਸ ਮਾਨਣੋਂ ਅਸਮਰੱਥ ਹੋਇ ਨਿਬੜਦੀ ਹੈ। ਐਸਾ ਭੀ ਵੇਖਣ ਵਿਚ ਆਇਆ ਹੈ ਕਿ ਅਧਿਆਤਮਕ ਵਿਸ਼ਿਆਂ ਨੂੰ ਸਮਝਣ ਹਿਤ, ਅਸਾਡੀ ਬੁੱਧੀ ਦਾ ਮਿਆਰ ਇਤਨਾ ਬੁਲੰਦ ਨਹੀਂ ਹੁੰਦਾ ਕਿ ਅਸੀਂ ਪਰਮਾਰਥ ਦੀ ਰਮਜ਼ ਨੂੰ

ਸਮਝ ਸਕੀਏ। ਅਗਰ ਅਧਿਆਤਮਕ ਰੁਚੀ ਦਾ ਬੌਧਿਕ ਦਰਸ਼ਨ ਸ਼ਰਧਾਵਾਨਾਂ ਦੇ ਜ਼ਿਹਨ ਵਿਚ ਪ੍ਰਵੇਸ਼ ਕਰ ਜਾਵੇ, ਉਥੇ, ਅਧਿਆਤਮਕ ਦੁਨੀਆ ਦੀ ਮਹਿਫ਼ਲ ਚਮਕ ਉੱਠਦੀ ਹੈ। ਜੇਕਰ ਇਹੀ ਅਧਿਆਤਮਕ ਗੰਢੜੀ ਅਥਵਾ ਰੂਹਾਨੀ ਬਸਤਾ ਕਿਸੇ ਭੁੱਲ ਭੁਲੇਖੇ ਦੇ ਕਾਰਣ ਅਸ਼ਰਧਕ ਅਤੇ ਮੂਰਖਾਂ ਦੀ ਸੱਥ ਵਿਚ ਚਲਾ ਜਾਵੇ, ਇਸ ਦੀ ਰੰਗਤ ਕਾਲੁਖਤ ਹੋਇ ਨਿਬੜਦੀ ਹੈ। ਸੰਦੇਹਵਾਦੀਆਂ ਦੀ ਕਲਪਨਾ ਭਾਵੇਂ ਸਚਾਈ ਦੇ ਸਤੂਨਾਂ 'ਤੇ ਉਸਰੀ ਹੋਈ ਇਮਾਰਤ ਨਹੀਂ ਹੁੰਦੀ, ਪ੍ਰੰਤੂ ਸਾਧਾਰਨ ਜੀਵਾਂ ਦੇ ਹਿਰਦਿਆਂ ਵਿਚ ਸ਼ੰਕਾਵਾਦੀ ਰੁਚੀ ਦੇ ਰੇਤਲੇ ਮੰਡਪ ਉਸਾਰਨ ਲਈ ਐਸੀ ਕਪੋਲ ਕਲਪਨਾ, ਲਘੂ ਸਮੇਂ ਵਾਸਤੇ ਨਿਜੀ ਪ੍ਰਭਾਵ ਦੇ ਨਿਸ਼ਾਨਾਂ ਦੀ ਛਾਪ ਛੱਡ ਹੀ ਜਾਂਦੀ ਹੈ।

ਸਦੀਵੀ ਸਚਾਈ ਅਤੇ ਸੰਦੇਹਵਾਦੀ ਬਿਰਤੀ ਦੇ ਵਿਚਕਾਰ ਰੇਖਾ ਸਥਾਪਤ ਕਰਨ ਹਿਤ, ਪ੍ਰਾਚੀਨ ਕਾਲੀ ਘਟਨਾਵਾਂ ਦੇ ਵਿਰਸੇ ਦਾ ਉਲੇਖਣ ਕਰਨਾ ਭੀ ਉਤਨਾ ਹੀ ਆਵਸ਼ਕ ਹੈ ਜਿਤਨਾ ਕਿ ਵਿਰਤੀਹਾਣ ਸਮੇਂ ਅਸ਼ਰਧਕ ਅਤੇ ਸ਼ੰਕਾਵਾਦੀ ਕਪੋਲ ਕ੍ਰਿਆ ਨੂੰ ਸਮਝਣਾ ਲਾਜ਼ਮੀ ਹੈ। ਸਿਦਕਵਾਨੀ ਅਤੇ ਸ਼ਰਧਕ ਦਾਇਰੇ ਨੂੰ ਗਿਆਨ ਦੀ ਕੁੰਡਲੀ ਵਿਚ ਪ੍ਰਵੇਸ਼ਤਾ ਦੇਣ ਤੋਂ ਪੇਸ਼ਤਰ, ਸ਼ੰਕਾਵਾਦੀ ਦੇ ਦੁਚਿੱਤਾਪਨ ਨੂੰ ਸਮਝਣ ਸਮਝਾਣ ਦੀ ਖ਼ਾਤਰ ਗਿਆਨ ਅਤੇ ਗਿਆਨ ਦੀ ਕੁੰਜੀ ਤਾਲਾਸ਼ ਕਰਨੀ ਪਵੇਗੀ।

ਅਧਿਆਤਮਕ ਪ੍ਰਣਾਲੀ ਦੀ ਗਾਥਾ ਨੂੰ ਸਹੀ ਅਰਥਾਂ ਵਿਚ ਸਮਝਣ ਹਿਤ ਇਹ ਆਖਣ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ, ਅਗਰ ਅਸੀਂ ਇਹ ਆਖ ਲਈਏ ਕਿ ਜੋ ਸਮੱਸਿਆਵਾਂ ਪੁਰਾਤਨ ਸਮੇਂ ਦੇ ਇਨਸਾਨ ਨਾਲ ਸੰਬੰਧਿਤ ਸਨ, ਉਹ ਅੱਜ ਭੀ ਅਸਾਡੇ ਜੀਵਨ ਨਾਲ ਅਤਿ ਮੁਨਾਸਬ ਅਤੇ ਢੁਕਵੀਆਂ ਜਾਪਦੀਆਂ ਹਨ। ਕਈ ਦਫ਼ਾ ਐਸਾ ਭੀ ਵੇਖਣ ਵਿਚ ਆਇਆ ਹੈ ਕਿ ਇਕ ਤਰਕਸ਼ੀਲ ਇਨਸਾਨ ਰੱਬ ਦੀ ਖੋਜ ਕਰਦਾ ਕਰਦਾ ਨਿਜੀ ਸਮੱਸਿਆਵਾਂ ਦੀ ਘੁੰਮਣਘੇਰੀਆਂ ਦੇ ਜਾਲ ਵਿਚ ਸਵੈਮ ਤੌਰ 'ਤੇ ਫਸਦਾ ਅਤੇ ਸਮੂਲਚੇ ਸਮਾਜ ਨੂੰ ਭੀ ਸੰਦੇਹ ਪੂਰਣ ਭਰਮ ਭੁਲੇਖਿਆਂ ਦੇ ਮਹਾਂ ਜਾਲ ਵਿਚ ਫਸਾ ਜਾਂਦਾ ਹੈ। ਪ੍ਰੰਤੂ, ਜੀਵਨ ਦਾ ਪ੍ਰਯੋਜਨ ਅਤੇ ਜ਼ਿੰਦਗੀ ਦੇ ਨਿਸ਼ਾਨੇ ਦੀ ਪ੍ਰਸੰਨਤਾ ਤੋਂ ਆਪਹੁ ਮਹਿਰੂਮ ਰਹਿੰਦਾ ਅਤੇ ਆਪਣੇ ਚੇਲਿਆਂ ਨੂੰ ਭੀ ਰਸਾਤਲ ਦੀਆਂ ਅਵਰੋਹੀ ਖੰਦਕਾਂ ਵਿਚ ਗ਼ਰਕ ਕਰ ਜਾਂਦਾ ਹੈ। ਉਕਤ ਖ਼ਿਆਲ ਦੀ ਹਾਮਾ ਪਾਵਨ ਗੁਰਬਾਣੀ ਦੇ ਦਰਪਣ ਦੁਆਰਾ ਨਿਰੀਖਣ ਕਰਨੀ ਵਧੇਰੇ ਲਾਭਦਾਇਕ ਹੋਵੇਗੀ। ਜਿਵੇਂ :

ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥
ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥੧੦੪॥

(ਪੰਨਾ 1369/19)

ਵਰਤਮਾਨ ਕਾਲ ਵਿਚ ਪਦਾਰਥਵਾਦੀ ਗਿਆਨ, ਤਕਨੀਕੀ ਸੂਝ ਬੂਝ ਅਤੇ ਵਿਹਾਰਕ ਗਿਆਨ ਦੀ ਬਹੁਤਾਤ ਇਤਨੀ ਪ੍ਰਬਲ ਹੋ ਚੁੱਕੀ ਹੈ ਕਿ ਇਸ ਤੋਂ ਪਹਿਲਾਂ ਕਦੀ ਭੀ ਇਨਸਾਨੀ ਇਤਿਹਾਸ ਵਿਚ ਨਹੀਂ ਵੇਖੀ ਗਈ। ਜਦੋਂ ਕਿ ਐਸੀ ਪਦਾਰਥਵਾਦੀ ਅਤੇ ਵਿਹਾਰਕ ਸੂਝ ਬੂਝ ਦੀ ਇਕੱਤਰ ਕੀਤੀ ਹੋਈ ਸਮਗਰੀ ਇਨਸਾਨ ਨੂੰ ਜੀਵਨ ਸੇਧ ਦੇਣ ਵਲੋਂ ਅਸਮਰੱਥ ਹੋ ਨਿਬੜੀ, ਬਲਕਿ ਜੀਵਨ ਜਾਤੀ ਦੀ ਸੰਘੀ ਘੁੱਟਣ ਤੋਂ ਸਿਵਾਇ ਹੋਰ ਕੁਝ ਭੀ ਨਹੀਂ ਸੰਵਾਰਦੀ। ਐਸੀ ਸੰਕਾਵਾਦੀ ਸਮੱਸਿਆ ਦੇ ਲੱਛਣ ਅਤੇ ਪਦਾਰਥਵਾਦੀ ਗਿਆਨ ਢਾਂਚੇ ਤਕ ਰਸਾਈ ਕਰਨ ਲਈ, ਸਾਧਾਰਨ ਤੌਰ 'ਤੇ ਕੇਵਲ ਇਕ ਢੰਗ ਦੁਆਰਾ ਹੀ ਨਿਰੀਖਣ ਕੀਤਾ ਜਾ ਸਕਦਾ ਹੈ। ਇਸ ਖ਼ਿਆਲ ਦੇ ਪਿੱਛੇ ਇਹ ਧਾਰਾ ਕੰਮ ਕਰਦੀ ਹੈ ਕਿ ਹਰ ਵਸਤੂ ਨੂੰ ਤਰਕਸ਼ੀਲਤਾ ਦੀ ਕਸਵੱਟੀ 'ਤੇ ਘਸਾਇਆਂ ਹੀ ਉਸ ਦੀ ਵਾਸਤਵਿਕਤਾ ਦਾ ਰਾਜ਼ ਮਾਲੂਮ ਕੀਤਾ ਜਾ ਸਕਦਾ ਹੈ। ਤਰਕਸ਼ੀਲਤਾ ਦੇ ਆਧਾਰ 'ਤੇ ਹੀ, ਕਿਸੇ ਵਸਤੂ ਦੀ ਤੱਤਵਤਾ ਜਾਂ ਨਿਰ-ਤੱਤਵਤਾ ਦੇ ਗੁੱਝੇ ਲੱਛਣਾਂ ਨੂੰ ਜਾਨਣ ਹਿਤ, ਲਗਪਗ ਸਭ ਤੋਂ ਪ੍ਰਥਮ ਪਹੁੰਚ ਇਕ ਯੂਨਾਨੀ ਚਿੰਤਕ ਅਫਲਾਤੂਨ/ਪਲਾਟੋ ਨੇ ਕੀਤੀ। ਪਲਾਟੋ ਦੀ ਜ਼ਿੰਦਗੀ ਤੋਂ ਬਾਅਦ ਉਸ ਦਾ ਆਰੰਭ ਕੀਤਾ ਹੋਇਆ ਸਿਧਾਂਤ ਯੂਨਾਨੀ ਅਤੇ ਰੋਮਨ ਹਕੂਮਤ ਦੇ ਸਮੇਂ ਚਾਲੂ ਰਿਹਾ। ਇਸੇ ਸਿਧਾਂਤ ਦੀ ਥੋੜੀ ਬਹੁਤ ਘਾੜਤ ਘੜਦਿਆਂ ਘੜਦਿਆਂ ਅੱਜ ਦੀ ਸ਼ਿਲਪ ਕਲਾ ਤਕਨੀਕੀ ਦੀਆਂ ਸਿਖਰਾਂ 'ਤੇ ਆਣ ਪਹੁੰਚੀ। ਸ਼ਿਲਪ ਕਲਾ ਦਾ ਉਦਯੋਗੀ ਖੇਤਰ ਵਿਚ ਵਿਕਸਤ ਹੋਣਾ ਅਤਿਅੰਤ ਹੀ ਸ਼ਲਾਘਾਯੋਗ ਕਦਮ ਹੈ, ਪ੍ਰੰਤੂ ਇਹ ਉਦਯੋਗਿਕ ਵਿਕਾਸ ਅਧਿਆਤਮਕ ਦੁਨੀਆ ਵਾਸਤੇ ਇਕ ਧਰਮ ਸੰਕਟ, ਵਿਵਾਦਿ ਵਿਸ਼ਾ ਅਤੇ ਗੁੰਝਲਦਾਰ ਅੜੌਣੀ ਬਣ ਕੇ ਇਨਸਾਨੀ ਜੀਵਨ ਦੇ ਖੇਤਰ ਵਿਚ ਪ੍ਰਵੇਸ਼ ਕਰ ਚੁੱਕਾ ਹੈ। ਇਸ ਪਹੁੰਚ ਦੇ ਆਧਾਰ 'ਤੇ ਅਟੱਲ ਵਾਸਤਵਿਕਤਾ ਅਥਵਾ ਰੱਬੀ ਹਕੀਕਤ ਇਕ ਵਸਤੂ ਦੇ ਸਮਾਨ ਸੰਸਾਰੀ ਕਾਨੂੰਨ ਦੀ ਪਕੜ ਵਿਚ ਆ ਚੁੱਕੀ ਹੈ। ਉਦਯੋਗਿਕ ਵਿਕਾਸ ਦੇ ਕਾਰਣ ਦੁਨੀਆ ਦੇ ਬਹੁ-ਗਿਣਤੀ ਇਨਸਾਨ, ਸੰਸਾਰੀ ਵਸਤੂਆਂ ਵਾਂਗੂੰ ਕੱਚੇ ਮਾਲ ਦੀ ਨਿਆਈ ਵਾਪਾਰਿਕ ਮੰਡੀ ਦੇ ਵਸਤੂ ਖੇਤਰ ਵਿਚ ਵਰਤੀਂਦੇ ਵੇਖੇ ਜਾ ਸਕਦੇ ਹਨ। ਇਨਸਾਨੀ ਜੀਵਨ ਪ੍ਰਤਿ ਕਈ ਇਕ ਮਹਾਂ ਵਿਦਿਆਲਿਆਂ ਦੇ ਆਚਾਰੀਆਂ ਦੇ ਖ਼ਿਆਲ ਅਤਿਅੰਤ ਹੀ ਭੀਹਾਵਲੇ ਮਹਿਸੂਸ ਹੁੰਦੇ ਹਨ। ਜਿਵੇਂ,

On the personal level there is the science of behavioral technology and the frightening Teaching of a man like B.F. Skinner of Harvard University (USA) who claims that individual must be conditioned scientifically for the good of society.

(The Sovereign God, Vol. 1, p. 17)

ਜਦੋਂ ਅਸੀਂ ਸਮੂਲਚੀ ਅਧਿਆਤਮਕ ਦੁਨੀਆ ਦਾ ਅਧਿਐਨ ਕਰਦੇ ਹਾਂ, ਤਦ ਅਨੇਕਾਂ ਪ੍ਰਕਾਰ ਦੀਆਂ ਉਕਤੀਆਂ ਜੁਗਤੀਆਂ ਅਧਿਆਤਮਕ ਦਰਪਨ ਵਿਚ ਅਸਾਡੇ ਸਾਹਮਣੇ ਆਣ ਖਲੋਂਦੀਆਂ ਹਨ। ਗਰਜ਼ੇਕਿ, ਅਖੌਤੀ ਧਰਮਾਂ ਦੇ ਜ਼ਰ ਖ਼ਰੀਦ ਅਨੁਆਈ ਅਥਵਾ ਝੂਠੇ ਡੇਰੇਦਾਰ, ਬਨਾਵਟੀ ਸੰਤ ਜੀ ਮਹਾਰਾਜ, ਨਿਜੀ ਆਭਾ ਦੀ ਚਮਕ ਦਮਕ, ਹਰ ਵਿੰਗੇ ਟੇਢੇ ਢੰਗ ਦੁਆਰਾ ਪਰਜਾ ਦੀਆਂ ਸਫ਼ਾਂ ਵਿਚ ਪੇਸ਼ ਕਰਦੇ ਹਨ। ਪਰਿਣਾਮ ਵਜੋਂ, ਸਾਧਾਰਣ ਸ਼੍ਰੇਣੀ ਦੇ ਇਨਸਾਨ ਇਕ ਪ੍ਰਕਾਰ ਦੀ ਸੰਕਟਮਈ ਅਤੇ ਭਰਮ ਭੁਲੇਖਿਆਂ ਵਿਚ ਉਲਝਾਉਣ ਵਾਲੀ ਦੁਚਿੱਤੀ ਅਥਵਾ ਸੰਦੇਹ ਪੂਰਣ ਸਥਿਤੀ ਵਿਚ ਗ੍ਰਸੇ ਜਾਂਦੇ ਹਨ। ਜੀਵਨ ਪ੍ਰਯੋਜਨ ਪ੍ਰਾਪਤੀ ਦਾ ਨਿਸ਼ਾਨਾ ਸਾਧਾਰਣ ਪਰਜਾ ਦੀਆਂ ਸਫ਼ਾਂ ਵਿਚੋਂ ਅਲੋਪ ਹੋ ਜਾਂਦਾ ਹੈ। ਗਰਜ਼ੇਕਿ, ਇਨ੍ਹਾਂ ਬਹੁਪੱਖੀ ਡੇਰਿਆਂ ਵਲੋਂ ਗੁੰਮਰਾਹ ਕੀਤੇ ਹੋਏ ਅਸੁਝ ਚੇਲੇ ਚਪਟੇ, ਜ਼ਿੰਦਗੀ ਦਾ ਨਿਸ਼ਾਨਾ ਵਿਸਾਰ ਕੇ, "ਖਿਨ ਆਗੈ ਖਿਨ ਪੀਛੈ" ਜੈਸੀ ਅਧੋਗਤੀ ਦਾ ਸ਼ਿਕਾਰ ਹੋ ਜਾਂਦੇ ਹਨ। ਆਪ ਜੀ ਪਿਛਲੇ ਪੰਨਿਆਂ ਵਿਚ ਪੜ੍ਹ ਆਏ ਹੋ ਕਿ ਕੋਈ ਭੀ ਇਨਸਾਨ ਨਿਜੀ ਧਰਮ ਦੀ ਸਹੀ ਅਤੇ ਅਨੁਕੂਲ ਆਭਾ ਤੋਂ ਵਿਰਵਾ ਹੋਣੇ ਕਰਕੇ ਦੁਖਾਂ ਦੇ ਭੈ ਅਤੇ ਸੁਖਾਂ ਦੀ ਲਾਲਸਾ ਦੇ ਅਧੀਨ, ਕਿਸੇ ਵਸਤੂ ਦਾ ਸਹਾਰਾ ਲੋਚਦਾ ਹੈ।

ਜਦੋਂ ਕੋਈ ਭੀ ਵਿਅਕਤੀ ਨਿਜੀ ਲਾਲਸਾ ਦੀ ਪੂਰਤੀ ਹਿਤ, ਭੈ-ਭੀਤ ਹੋਏ ਜੀਵਨ ਤੋਂ ਰਾਹਤ ਹਾਸਿਲ ਕਰਨ ਲਈ ਕਿਸੇ ਦੇਵੀ ਦੇਵਤੇ ਦਾ ਸਹਾਰਾ ਪ੍ਰਾਪਤ ਕਰਨਾ ਲੋਚਦਾ ਹੈ, ਉਹ ਨਿਜੀ ਸੁਆਰਥ ਦੀ ਪੂਰਤੀ ਵਾਸਤੇ ਉਸ ਦੇਵਤੇ ਪ੍ਰਤੀ ਸਲਾਮ ਦੁਆ ਭੀ ਕਰਦਾ ਹੈ। ਅਗਰ ਸੁਭਾਵਕ ਹੀ ਐਸੀ ਲਾਲਸਾ ਪੂਰੀ ਹੋ ਜਾਵੇ ਤਦ ਐਸਾ ਲਾਲਚੀ ਇਨਸਾਨ ਉਸ ਦੇਵਤੇ ਨੂੰ ਸਲਾਮ ਕਰਦਾ ਅਤੇ ਸ਼ੀਰਣੀ ਭੇਟ ਕਰਦਾ ਹੈ। ਇਸੇ ਚਿੱਤਰ ਦੇ ਦੂਜੇ ਪਾਸੇ, ਅਗਰ ਉਸ ਦੀ ਲਾਲਸਾ ਬਰ ਨਾ ਆ ਸਕੇ, ਤਦ ਐਸਾ ਸੁਆਰਥੀ ਜੀਵ ਆਪਣੇ ਫ਼ਰਜ਼ੀ ਮਾਅਬੂਦ (ਪੂਜਯ) ਨੂੰ ਸਲਾਮ ਕਰਨ ਦੀ ਬਜਾਏ, ਪਿੱਠ ਫੇਰ ਜਾਂਦਾ ਹੈ। ਕਿਉਂਕਿ ਲਾਲਚੀ ਇਨਸਾਨ ਦਾ ਆਪਣੇ ਪੂਜਯ 'ਤੇ ਭਰੋਸਾ ਨਹੀਂ ਹੁੰਦਾ, ਬਲਕਿ ਸੁਆਰਥ ਪੂਰਤੀ ਦਾ ਮਸਲਾ ਹੀ ਜ਼ਿੰਦਗੀ ਦਾ ਨਿਸ਼ਾਨਾ ਹੁੰਦਾ ਹੈ। ਧਾਰਮਕ ਦੁਨੀਆ ਦੀ ਪ੍ਰਣਾਲੀ ਵਿਚ ਐਸੇ ਲੋਕਾਂ ਪ੍ਰਤੀ ਹੀ ਸੰਦੇਹ ਪੂਰਣ ਅਥਵਾ ਸ਼ੰਕਾਵਾਦੀ ਜੈਸੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਐਸੇ ਅਗਿਆਤਵਾਦੀ ਅਥਵਾ ਸੰਦੇਹ ਪੂਰਣ ਜੀਵਾਂ ਪ੍ਰਤੀ ਪਾਵਨ ਗੁਰਬਾਣੀ ਦਾ ਨਿਰਣਾਤਮਕ ਨਿਪਟਾਰਾ ਸਮਝਣਾ ਵਧੇਰੇ ਲਾਭਦਾਇਕ ਹੋਵੇਗਾ। ਸੁਆਰਥੀ ਜੀਵ ਬੁਨਿਆਦੀ ਤੌਰ 'ਤੇ ਗੁੰਮਰਾਹ ਹੁੰਦਾ ਹੈ। ਉਸ ਦਾ ਸਲਾਮ ਕਰਨਾ ਅਥਵਾ ਪਿੱਠ ਫੇਰਨਾ ਦੋਵੇਂ ਕ੍ਰਿਆਵਾਂ ਹੀ ਝੂਠੀਆਂ ਹਨ। ਉਸਨੂੰ ਲੋਕ ਪ੍ਰਲੋਕ ਵਿਚ ਕੋਈ ਟਿਕਾਣਾ ਜਾਂ ਢੋਈ ਨਹੀਂ ਮਿਲਦੀ। ਜਿਵੇਂ :

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥੨॥

(ਆਸਾ ਵਾਰ, ਮ: ੨, ਪੰਨਾ 474/5)

ਉਕਤ ਦਰਸਾਈ ਸਥਿਤੀ ਦੇ ਪਰਿਣਾਮ ਵਜੋਂ, ਸੂਝ ਸਮਝ ਦੀ ਨਗਰੀ ਵਿਚ ਇਕ ਗੰਭੀਰ ਵਾਤਾਵਰਣ ਦੀ ਹਾਲਤ ਉਤਪੰਨ ਹੋ ਚੁੱਕੀ ਹੈ। ਜਿਵੇਂ, ਪੁਰਾਤਨ ਕਾਲੀਨ ਵਿਅਕਤੀ ਧਾਰਮਕ ਅਸੂਝਤਾ ਦੇ ਕਾਰਣ, ਦਵੈਤਵਾਦੀ ਅਤੇ ਸ਼ੰਕਾਵਾਦੀ ਅਵਰੋਹੀ ਖ਼ੰਦਕਾਂ ਵਿਚ ਡਿੱਗੇ ਹੋਏ ਸਨ। ਨਿਰਸੰਦੇਹ, ਉਹੀ ਸਥਿਤੀ ਵਿਰਤਮਾਨ ਸਮੇਂ ਵਿਚ ਭੀ ਵੇਖੀ ਅਤੇ ਸੁਣੀ ਜਾ ਸਕਦੀ ਹੈ। ਐਸੀ ਗੰਭੀਰ ਹਾਲਤ ਨੂੰ ਵੇਖਦੇ ਹੋਏ ਬਹੁਤ ਸਾਰੇ ਅਧਿਆਤਮਕ ਵਿਚਾਰਵਾਨ ਜ਼ਿੰਦਗੀ ਦੇ ਇਸ ਮੋੜ 'ਤੇ ਆਣ ਕੇ ਠਹਿਰਾਉ ਦੀ ਸਥਿਤੀ ਵਿਚ ਖ਼ਾਮੋਸ਼ੀ ਧਾਰਨ ਕਰਨ ਲਈ ਮਜਬੂਰ ਹੋ ਗਏ ਹਨ। ਇਸ ਸਮੱਸਿਆ ਦਾ ਸਮਾਧਾਨ ਉਨ੍ਹਾਂ ਦੀ ਸਮਝ ਦੇ ਘੇਰੇ ਤੋਂ ਥੋੜਾ ਦੁਰੇਡੇ ਅਤੇ ਓਪਰਾ ਓਪਰਾ ਜਾਪਦਾ ਹੈ। ਇਸ ਵਿਸ਼ੇ ਪ੍ਰਤਿ ਵਿਦਵਾਨਾਂ ਦੀ ਤਰਕ ਸੰਗਤ ਅਥਵਾ ਬੁੱਧੀ ਸੰਗਤ ਦਾ ਗੈਰਸ਼ਖ਼ਸੀ (Impersonal) ਹੋਣਾ ਹੀ ਭਲੇ ਬੁਰੇ ਅਨਸਰ ਦੇ ਪ੍ਰਭਾਵ ਤੋਂ ਨਿਸਚਿਤ ਤੌਰ 'ਤੇ ਅਸੰਗ ਨਹੀਂ ਰਹਿ ਸਕਦਾ। ਇਹੀ ਵਿਸ਼ੇਸ਼ ਕਾਰਣ ਹੈ ਕਿ ਕੋਈ ਭੀ ਤਰਕਸ਼ੀਲ ਵਿਦਵਾਨ ਭਰਮ ਭੁਲੇਖਿਆਂ ਦੇ ਫੰਦੇ ਵਿਚ ਗ੍ਰਸੀ ਹੋਈ ਜਨਤਾ ਦੇ ਅੰੜ੍ਹੀਵੀ ਮਰਮ ਦੀ ਅਉਖਧ ਨਹੀਂ ਲੱਭ ਸਕਿਆ। ਗੁਰਮਤਿ ਦੀ ਇਲਹਾਮੀ ਅਤੇ ਇਕਾਂਗੀ ਤਾਲੀਮ ਦੇ ਵਿਰੁੱਧ, ਪੰਜਾਬ ਦੇ ਹਰ ਨਗਰ ਵਿਚ ਭੋਲੀ ਭਾਲੀ ਅਤੇ ਸਾਧਾਰਣ ਸਿਖ ਜਨਤਾ ਨੂੰ ਗੁੰਮਰਾਹ ਕਰਨ ਹਿਤ, ਕਿਸੇ ਖ਼ਾਸ ਯੋਜਨਾ ਦੇ ਅਧੀਨ ਅੱਧੇ ਪੜ੍ਹੇ ਲਿਖੇ ਬਹੁਰੂਪੀਏ ਸੰਤ ਸੁਆਮੀ ਜੀ, ਜੰਤਰ ਮੰਤਰ ਅਤੇ ਤੰਤਰਾਂ ਭਰਪੂਰ, ਅਤਿ ਸ਼ਕਤੀਸ਼ਾਲੀ ਅੱਡੇ ਬਣਾਈ ਬੈਠੇ ਹਨ। ਪਿਛਲੇ ਪੱਚੀ ਤੀਹ ਸਾਲਾਂ ਦੇ ਸਮੇਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜਾਬ ਦੇ ਨਗਰਾਂ ਵਿਚ ਗੁਰਮਤਿ ਦਾ ਇਕਾਂਗੀ ਪੈਗਾਮ ਦੇਣੋਂ ਅਸਮਰੱਥ ਰਹੀ ਹੈ। ਪਰਿਣਾਮ ਵਜੋਂ, ਸਮੂਲਚੀ ਸਿੱਖੀ ਦੀ ਵਿਚਾਰਧਾਰਾ ਇਕਾਂਗੀ ਨਿਸ਼ਾਨ ਨਾਲੋਂ ਟੁਟ ਕੇ ਜੰਤਰ ਮੰਤਰ ਅਤੇ ਤੰਤਰਾਂ ਦੀਆਂ ਸੰਦੇਹਵਾਦੀ ਅਥਵਾ ਸ਼ੰਕਾਵਾਦੀ ਅਵਰੋਹੀ ਖ਼ੰਦਕਾਂ ਵਿਚ ਜਾ ਡਿੱਗੀ ਹੈ। ਜੋ ਕੁਝ ਪਿਛਲੇ ਪੱਚੀ ਤੀਹ ਸਾਲਾਂ ਦੇ ਦੌਰਾਨ ਨਕਾਰਾਤਮਕ ਅਤੇ ਅੰਧਿਆਰੀ ਸਥਿਤੀ ਬਣੀ ਰਹੀ ਹੈ, ਇਸ ਨਖਿੱਧਾਤਮਕ ਹਾਲਤ ਦਾ ਫਲ ਪੂਰੀ ਸਿਖ ਕੌਮ ਅਗਲੇ ਸੌ ਸਾਲਾਂ ਦੇ ਦੌਰਾਨ ਭੋਗਦੀ ਰਹੇਗੀ। ਕਿਉਂਕਿ, ਅਸਾਡੀ ਮੂਲਿਕ ਸੰਸਥਾ ਸ਼੍ਰੋਮਣੀ ਕਮੇਟੀ ਨੇ ਗੁਰਮਤਿ ਦੇ ਪਸਾਰੇ ਦੀ ਬਜਾਏ, ਨਿਜੀ ਸੁਆਰਥ ਲਈ, ਨਿਜੀ ਪਦਵੀ ਵਾਸਤੇ, ਰਾਜਨੀਤੀ ਦੇ ਦ੍ਰਿਸ਼ਾਂ ਨੂੰ ਮਾਣਨ ਹਿਤ, ਸਮਾਂ, ਸ਼ਕਤੀ ਅਤੇ ਪੈਸੇ ਦੀ ਦੁਰਵਰਤੋਂ ਕੀਤੀ ਹੈ। ਜਦੋਂ ਕਿ ਸ਼੍ਰੋਮਣੀ ਕਮੇਟੀ ਦਾ ਨਿਸ਼ਾਨਾ (Mission)

ਗੁਰਮਤਿ ਦਾ ਪਸਾਰਾ ਹੈ ਨਾ ਕਿ ਰਾਜਨੀਤੀ। ਕੀ ਜਜ਼ਬਾਤੀ ਧਾਰਾਂ ਦੇ ਅਧੀਨ ਸਟੇਜਾਂ 'ਤੇ ਖੜੋ ਕੇ ਲੈਕਚਰ ਕਰਨੇ, ਕਿਤਾਬਾਂ, ਰਸਾਲਿਆਂ ਅਤੇ ਨਿਤਾਪ੍ਰਤਿ ਸਮਾਚਾਰ ਪੱਤਰਾਂ ਵਿਚ ਲੇਖ ਲਿਖਣੇ, ਇਸ ਧੁੰਧਲੀ ਸਥਿਤੀ ਦਾ ਅਉਖਧ ਆਖਿਆ ਜਾ ਸਕਦਾ ਹੈ ? ਨਹੀਂ ਕਦੀ ਭੀ ਨਹੀਂ ਹੋ ਸਕਦਾ। ਕਿਉਂਕਿ ਇਹ ਕਪੜਾ ਥਾਂ ਥਾਂ ਤੋਂ ਫਟ ਚੁੱਕਾ ਹੈ। ਲੀਰੋ ਲੀਰ ਅਤੇ ਚਾਕ ਚਾਕ ਹੋਏ ਵਸਤ੍ਰ ਨੂੰ ਪੁਨਰ ਸੀਵਨ ਕਰਨਾ ਅਗਰ ਅਸੰਭਵ ਨਹੀਂ ਆਖਿਆ ਜਾ ਸਕਦਾ ਗ਼ਾਲਿਬਨ, ਅਤਿ ਕਠਿਨ ਆਖ ਦੇਣਾ ਨਿਸ਼ਚੇ ਰਹਿਤ ਦਲੀਲ ਨਹੀਂ ਹੋਵੇਗੀ। ਐਸੀ ਅਧੋਗਤੀ ਸਥਿਤੀ ਪ੍ਰਤੀ ਕਿਸੇ ਵਿਦਵਾਨ ਦਾ ਕਥਨ ਹੈ। ਜਿਵੇਂ :

"ਏਕ ਚਾਕ ਹੋ ਤੋ ਸੀਅ ਲੂੰ,
ਜ਼ਾਲਿਮ ਨੇ ਫਾੜ ਡਾਲਾ ਹੈ ਤਾਰ ਤਾਰ ਕਰ ਕੇ।"

ਸਿੱਖੀ ਜਗਤ ਵਿਚ ਪਾਵਨ ਗੁਰਦੁਆਰਿਆਂ ਦੀਆਂ ਇਮਾਰਤਾਂ, ਅਤਿ ਆਲੀਸ਼ਾਨ ਢੰਗ ਦੁਆਰਾ ਵੱਡੇ ਵੱਡੇ ਬੁਰਜ ਅਤੇ ਉਨ੍ਹਾਂ ਉਪਰ ਸੋਨੇ ਦੇ ਸੁਨਹਿਰੀ ਕਲਸ ਚੜ੍ਹਾ ਚੜ੍ਹਾ ਕੇ ਉਸਾਰੀਆਂ ਗਈਆਂ ਹਨ ਔਰ ਲੰਗਰ ਹਾਲ ਭੀ ਬਹੁਤ ਹੀ ਵਿਸ਼ਾਲ ਢੰਗ ਦੁਆਰਾ ਬਣਾਏ ਵੇਖੇ ਜਾ ਸਕਦੇ ਹਨ। ਗੁਰੂ ਘਰਾਂ ਦੀ ਆਲੀਸ਼ਾਨਤਾ, ਗੁਰੂ ਕੇ ਲੰਗਰਾਂ ਦੀ ਵਿਸ਼ਾਲਤਾ ਇਹ ਦੋਵੇਂ ਵਸਤੂ ਆਵਸ਼ੱਕ ਹੀ ਸਿੱਖੀ ਜਗਤ ਦੇ ਮਾਣ ਸਤਿਕਾਰ ਵਿਚ ਇਜ਼ਾਫ਼ਾ ਕਰਦੀਆਂ ਹਨ, ਪ੍ਰੰਤੂ ਸਮੂਲਚੇ ਸੰਸਾਰ ਵਿਚ ਕੋਈ ਮਿਸਾਲ ਦੇਣ ਵਾਸਤੇ ਭੀ, ਕਿਸੇ ਇਕ ਗੁਰਦੁਆਰੇ ਵਿਚ ਭੀ ਲੈਕਚਰ ਹਾਲ ਨਹੀਂ ਹੈ, ਜਿਥੇ ਕੋਈ ਸ਼ਰਧਾਲੂ ਵਿਦਵਾਨ ਬੈਠ ਕੇ ਨਵੀਨ ਢੰਗ ਦੁਆਰਾ ਪੁੰਗਰਦੀ ਨਵੀਂ ਪੀੜੀ ਨੂੰ ਗੁਰਮਤਿ ਦੀ ਗੁੱਝੀ ਅਤੇ ਇਕਾਂਗੀ ਰਮਜ਼ ਸਮਝਾ ਸਕੇ। ਮਨਮਤਿ ਅਤੇ ਗੁਰਮਤਿ ਦੇ ਵਿਚਕਾਰ ਕਿਸੇ ਪ੍ਰਕਾਰ ਦੀ ਨਿਰਣਾਤਮਕ ਰੇਖਾ ਉਲੀਕਣ ਦੀ ਸਮਰੱਥਾ ਜ਼ਾਹਿਰ ਕਰ ਸਕੇ।

3.31 ਸੰਦੇਹਵਾਦ ਦਾ ਅਉਖਧ

ਉਕਤ ਦਰਸਾਏ ਸ਼ੰਕਾਵਾਦੀ ਮਸਲੇ ਦੇ ਸਮਾਧਾਨ ਪ੍ਰਤਿ ਗੁਰਮਤਿ ਨੇ ਸਲਾਮ ਜਵਾਬੀ ਇਨਸਾਨ ਦੀ ਬਿਹਤਰੀ ਵਾਸਤੇ ਨਿਰਣਾਤਮਕ ਸੁਝਾਉ ਸਾਦਰ ਫ਼ੁਰਮਾਏ ਹਨ, ਤਾਂਕਿ ਸੰਦੇਹ ਪੂਰਣ ਜੀਵ "ਖਿਨ ਆਗੈ ਖਿਨ ਪੀਛੈ" ਜੈਸੀ ਦੁਚਿੱਤੀ ਭਾਵਨਾ ਦਾ ਸ਼ਿਕਾਰ ਹੋਣੋ ਸੁਰੱਖਿਅਤ ਰਹਿ ਸਕੇ। ਗੁਰਮਤਿ ਦਾ ਇਲਹਾਮੀ ਸਿਧਾਂਤ ਪੁਰਾਤਨ ਸਮੇਂ ਦੇ ਅਫ਼ਲਾਤੂਨੀ/ਪਲਾਟੋ ਅਤੇ ਖਟ ਸ਼ਾਸਤ੍ਰ ਜੈਸੇ ਦੁਵੱਲੇ ਅਤੇ ਤੱਤ੍ਹੀਣ ਸਿਧਾਂਤਾਂ ਦੀ ਬਜਾਏ ਕੇਵਲ ਇਕ ਅਤੇ ਅਟੱਲ ਸਿਧਾਂਤ ਦੀ ਰਹਿਨੁਮਾਈ ਕਰਦਾ ਹੈ। ਕਿਉਂਕਿ ਗੁਰਮਤੀ ਸਿਧਾਂਤ ਦਾ ਮੂਲ-ਆਧਾਰ ਵਾਹਿਗੁਰੂ ਦੀ ਇਕਾਂਗੀ ਹਸਤੀ ਹੈ। ਵਾਹਿਗੁਰੂ ਇਕ ਹੈ, ਓਹੀ

ਸਮੂਲਚੀ ਕਾਇਨਾਤ ਦਾ ਕਰਤਾ ਹੈ। ਹਰ ਪ੍ਰਕਾਰੀ ਰਚਨਾ ਦੇ ਪਿੱਛੇ ਕੋਈ ਵਿਸ਼ੇਸ਼ ਪ੍ਰਯੋਜਨ ਹੁੰਦਾ ਹੈ, ਮਾਨਸ ਜਨਮ ਦਾ ਟੀਚਾ ਵਾਹਿਗੁਰੂ ਦੀ ਜਾਣਕਾਰੀ ਪ੍ਰਾਪਤ ਕਰਨਾ ਨਹੀਂ ਹੈ, ਬਲਕਿ ਆਪੇ ਦੀ ਪਹਿਚਾਣ ਦੁਆਰਾ ਆਪਾ ਮਿਟਾ ਕੇ ਏਕੇ ਵਿਚ ਲੀਨਤਾ ਹੈ। ਅਸੀਂ ਸਤਿਗੁਰੂ ਦੀ ਰਹਿਮਤ ਦਾ ਸਦਕਾ ਵਾਹਿਗੁਰੂ ਨੂੰ ਜਾਣ ਸਕਦੇ ਹਾਂ। ਗੁਰਮਤਿ ਦੇ ਆਧਾਰ 'ਤੇ ਉਸ ਦੀ ਪ੍ਰਾਪਤੀ ਇਕ ਅਕਹਿ ਅਤੇ ਵਿਸਮਾਦੀ ਅਵਸਥਾ ਹੈ। ਵਾਹਿਗੁਰੂ ਅਤੇ ਗੁਰਮੁਖਿ ਦਾ ਰਿਸ਼ਤਾ ਕੋਈ ਸਿਧਾਂਤਕ ਜਾਂ ਦਾਰਸ਼ਨਿਕ ਸੰਮਿਲਨ ਨਹੀਂ ਹੈ, ਗਰਜ਼ੇਕਿ, ਇਕ ਅਟੱਲ ਹਕੀਕਤ ਹੈ। ਇਸ ਰਿਸ਼ਤੇ ਦੀ ਮੂਲਿਕ ਸ਼ਿਲਾ ਅਤੁਟ ਪ੍ਰੇਮ ਅਤੇ ਹੁਕਮੀ ਦੇ ਹੁਕਮ ਵਿਚ ਵਿਚਰਨਾ ਹੈ। ਵਾਹਿਗੁਰੂ ਦਾ ਪ੍ਰੇਮ ਅਤੇ ਹੁਕਮ ਹੀ ਜੀਵ ਨੂੰ ਸਰਬ ਉਚ ਸ੍ਰੇਸ਼ਟਤਾ ਅਥਵਾ ਗੁਰਮੁਖਿ ਪਦਵੀ ਪ੍ਰਦਾਨ ਕਰਦਾ ਹੈ। ਗਰਜ਼ੇਕਿ, ਗੁਰਮੁਖਤਾਈ ਦੇ ਆਸਮਾਨੀ ਹੁਲਾਰੇ ਹੀ, ਇਕ ਗੁਰਸਿਖ ਨੂੰ ਅਤਿ ਗਹਿਰੀ ਬਾਰੀਕਬੀਨੀ, ਹਾਰਦਿਕ ਮਸਤੀ, ਨਾਮ ਖ਼ੁਮਾਰੀ ਅਤੇ ਅਰਸ਼ੀ ਦੁਨੀਆ ਦਾ ਮਾਰਗਦਰਸ਼ੀ ਬਣਾ ਦਿੰਦੇ ਹਨ।

ਜੀਵਨ ਦੇ ਦੌਰਾਨ ਅਨੇਕਾਂ ਹੀ ਝੱਖੜ, ਭੁੱਲ ਭੁਲੱਈਆਂ ਅਥਵਾ ਅਨਿਕ ਪ੍ਰਕਾਰੀ ਸਮੱਸਿਆਵਾਂ ਦਾ ਤਜਰਬਾ ਪ੍ਰਾਪਤ ਹੋਣਾ, ਜ਼ਿੰਦਗੀ ਦਾ ਅਵਿੱਛੜ ਅੰਗ ਹੀ ਆਖੇ ਜਾ ਸਕਦੇ ਹਨ। ਸਮੱਸਿਆਵਾਂ ਦੇ ਸਮਾਧਾਨ ਪ੍ਰਤਿ ਵਾਹਿਗੁਰੂ ਨਾਲ ਜਾਣ-ਪਛਾਣ ਕਰਨੀ ਅਤਿ ਆਵਸ਼ਕ ਹੈ। ਭਾਵੇਂ ਕੁਝ ਭੀ ਹੋਵੇ, ਅਸਾਨੂੰ ਹਰ ਹਾਲਤ ਵਿਚ ਇਹ ਨਿਰਣੈ ਕਰਨਾ ਹੀ ਪਵੇਗਾ ਕਿ ਵਾਸਤਵਿਕ ਤੌਰ 'ਤੇ ਵਾਹਿਗੁਰੂ ਦੀ ਜਾਣਕਾਰੀ ਅਥਵਾ ਵਾਹਿਗੁਰੂ ਨਾਲ ਜਾਣ-ਪਛਾਣ ਦੇ ਅਰਥ ਕੀ ਹਨ ? ਗੁਰਬਾਣੀ ਦੀ ਆਸਮਾਨੀ ਛੁਹ ਤੋਂ ਵਾਂਝੇ ਰਹਿ ਕੇ ਵਾਹਿਗੁਰੂ ਦੀ ਗਾਥਾ ਬਿਆਨ ਕਰਨੀ, ਇਕ ਅਧੂਰੀ ਕਲਪਨਾ ਤੋਂ ਬਿਨਾਂ ਹੋਰ ਕੁਝ ਭੀ ਨਹੀਂ ਹੈ। ਵਾਹਿਗੁਰੂ ਨਾਲ ਜਾਣਕਾਰੀ ਦਾ ਭਾਵ ਹੈ, ਅੰਤ੍ਰੀਵੀ ਸੁਚੇਤਨਤਾ। ਕਿਸੇ ਵਸਤੂ, ਥਾਂ ਅਤੇ ਸਮੇਂ ਦਾ ਗਿਆਨ ਹੋਣਾ, ਇਨਸਾਨੀ ਫ਼ਿਤਰਤ ਦਾ ਨਿਤਾਪ੍ਰਤਿ ਭਾਗ ਹੈ। ਅਸੀਂ ਦ੍ਰਿਸ਼ਟੀਮਾਨ ਵਸਤੂਆਂ, ਸੁਗੰਧੀ, ਸ੍ਰਵਣ ਸ਼ਕਤੀ, ਜਿਹਵਾ ਅਥਵਾ ਇੰਦਰੀ ਰਸ ਅਤੇ ਸਪਰਸ਼ ਕੀਤੀ ਹੋਈ ਵਸਤੂ ਦਾ ਗਿਆਨ ਪ੍ਰਾਪਤ ਕਰ ਸਕਦੇ ਹਾਂ। ਧਾਰਮਕ ਦੁਨੀਆ ਦੇ ਦਾਇਰੇ ਵਿਚ ਉਕਤ ਦਰਸਾਈ ਜਾਣਕਾਰੀ ਨੂੰ ਬਾਹਰਮੁਖੀ ਜਾਂ ਪੰਚ-ਮੁਖੀ ਗਿਆਨ ਦਾ ਬਸਤਾ ਹੀ ਆਖਿਆ ਜਾ ਸਕਦਾ ਹੈ। ਧਾਰਮਕ ਅਥਵਾ ਦੀਨੀ ਮਾਰਫ਼ਤ (ਗਿਆਨ) ਦਾ ਪ੍ਰਾਪਤ ਕਰਨਾ ਭੀ ਇਨਸਾਨੀ ਜੀਵਨ ਦਾ ਸ਼੍ਰੋਮਣੀ ਅੰਗ ਹੈ, ਪ੍ਰੰਤੂ ਪੰਚ-ਮੁਖੀ ਗਿਆਨ ਧਾਰਮਕ ਸੰਸਾਰ ਦੀ ਅੰਤ੍ਰੀਵੀ ਧੜਕਣ ਨਹੀਂ ਹੋ ਸਕਦਾ। ਇਹੀ ਵੱਡਾ ਕਾਰਣ ਹੈ ਕਿ ਸੰਸਾਰ ਦੇ ਵੱਡੇ ਵੱਡੇ ਧਾਰਮਕ ਗਿਆਨੀ, ਦੀਨ ਦੀ ਅੰਤ੍ਰੀਵੀ ਧੜਕਣ ਨੂੰ ਨਾ ਸਮਝਣ ਕਰਕੇ ਜੀਵਨ ਦੇ ਖੇਤਰ ਵਿਚ ਰਲਗੱਡ ਅਤੇ ਜ਼ਿੰਦਗੀ ਦੀ

ਦੁਰਲੱਭਤਾ ਵਲੋਂ ਮਨਹੂਸ ਹੋਏ ਵੇਖੇ ਗਏ ਹਨ। ਰੱਬ ਨਾਲ ਸਾਂਝ ਕਰਨੀ ਅਥਵਾ ਬ੍ਰਹਮ ਖੇਤਾ ਦੀ ਮੰਜ਼ਲ ਨੂੰ ਪ੍ਰਾਪਤ ਕਰਨਾ, ਗਿਆਨ ਦੀਆਂ ਇਕ ਜਾਂ ਹਜ਼ਾਰਾਂ ਹੀ ਪੁਸਤਕਾਂ ਪੜ੍ਹਨ ਦਾ ਸਿੱਟਾ ਨਹੀਂ ਹੈ। ਰੱਬੀ ਗਿਆਨ ਇਕ ਜ਼ੀਨਾ (ਪੌੜੀ) ਹੈ। ਇਸ ਪੌੜੀ ਦੇ ਅਨੇਕਾਂ ਹੀ ਪਾਇਦਾਨ (ਡੰਡੇ) ਹਨ। ਧੀਰੇ ਧੀਰੇ ਇਕ ਇਕ ਪਾਇਦਾਨ 'ਤੇ ਚੜ੍ਹਦੇ ਹੋਏ, ਗਿਆਨ ਦੀ ਟੀਸੀ ਵੱਲ ਚੜ੍ਹਨਾ ਹੀ ਇਲਹਾਮੀ ਗਿਆਨ ਦੀ ਪ੍ਰਾਪਤੀ ਦਾ ਸਹੀ ਅਤੇ ਯੋਗ ਢੰਗ ਆਖਿਆ ਜਾ ਸਕਦਾ ਹੈ। ਗਿਆਨ ਦੀ ਸਹੀ ਪ੍ਰਾਪਤੀ ਤੋਂ ਉਪਰੰਤ ਹੀ, "ਖਿਨ ਆਗੈ ਖਿਨ ਪੀਛੈ" ਜੈਸੀ ਸਲਾਮ ਜਵਾਬੀ ਕ੍ਰਿਆ ਦਾ ਅਭਾਵ ਹੋਣਾ ਸੰਭਵ ਹੈ। ਜਦੋਂ ਅਸੀਂ ਕਈ ਇਕ ਬ੍ਰਹਮ ਗਿਆਨੀ ਗੁਰਮੁਖਾਂ ਦੀ ਰੀਸੇ, ਆਤਮਕ ਬੁਲੰਦੀ ਦੇ ਪਾਂਧੀ ਬੀਣਨ ਹਿਤ, ਰੂਹਾਨੀ ਜ਼ੀਨਿਆਂ ਤੇ ਹੱਠਧਰਮੀ ਦੀ ਰਵਿਸ਼ ਧਾਰਨ ਕਰਦੇ ਹਾਂ, ਐਸਾ ਵਤੀਰਾ ਗਿਆਨ ਦੀ ਮੰਜ਼ਲ 'ਤੇ ਰਸਾਈ ਕਰਨ ਹਿਤ, ਅਤਿ ਘਾਤਕ ਵਤੀਰਾ ਹੈ। ਧੁਰ ਕੀ ਬਾਣੀ ਵਿਚ ਕਈ ਥਾਈਂ ਐਸੀ ਜੁਗਤੀ ਦਰਸਾਈ ਗਈ ਹੈ ਜਿਸ ਦੇ ਆਧਾਰ 'ਤੇ ਸੰਸਾ-ਮਈ ਵਿਰਤੀ ਨਿਰਯਤਨ ਹੀ ਇਕਾਂਗੀ ਵਿਸ਼ਵਾਸ ਦੇ ਦਾਇਰੇ ਵਿਚ ਪ੍ਰਵੇਸ਼ ਕਰਦੀ ਹੈ। ਅਸਾਡੀ ਅਤਿ ਗਹਿਰੀ ਅਤੇ ਪ੍ਰਚੰਡ ਹੋਈ ਅਧਿਆਤਮਕ ਤੀਬਰਤਾ ਦੀ ਰੁਚੀ, ਤਦ ਹੀ ਰੂਹਾਨੀ ਮੰਜ਼ਲਾਂ ਨੂੰ ਛੂਹਣ ਦੇ ਯੋਗ ਹੋ ਸਕਦੀ ਹੈ ਅਗਰ ਅਸੀਂ ਕਿਸੇ ਦੂਸਰੇ ਸੰਗੀ ਨਾਲ ਜੁੜ ਕੇ, ਭਾਵ, ਸਤਿਸੰਗਤਿ ਦੇ ਰੂਪ ਵਿਚ ਸੰਮਿਲਤ ਹੋ ਕੇ, ਵਾਹਿਗੁਰੂ ਦੀ ਰਹਿਮਤ 'ਤੇ ਭਰੋਸਾ ਕਰੀਏ। ਐਸਾ ਕੀਤਿਆਂ ਵਾਹਿਗੁਰੂ ਦੀ ਪਾਰਸਾਈ ਪਾਕੀਜ਼ਗੀ ਅਥਵਾ ਭਾਉ ਭਗਤਿ ਭਰਪੂਰ ਸੁਚਿਤ੍ਰਤਾ, ਜਗਿਆਸੂ ਸਿਖ ਦੇ ਹਿਰਦੇ ਦੀਆਂ ਤਹਿਆਂ ਵਿਚ ਸੁਭਾਵਕ ਹੀ ਦ੍ਰਿੜ੍ਹਤਾ ਦੀ ਨੀਂਹ ਸਥਾਪਤ ਕਰ ਦਿੰਦੀ ਹੈ। ਉਕਤ ਵਾਰਤਾ ਦਾ ਪਰਿਣਾਮ ਇਹ ਹੋਇਆ ਕਿ ਸ਼ੰਕਾਵਾਦੀ ਰੁਚੀ ਨੂੰ ਤਿਆਗੇ ਤੋਂ ਬਿਨਾਂ, ਅਗਲੀ ਮਾਰਫ਼ਤ ਦੀ ਪ੍ਰਾਪਤੀ ਹੋਣੀ ਅਸੰਭਵ ਹੈ। ਗ਼ਰਜ਼ੇਕਿ, ਸਲਾਮ ਜਵਾਬੀ ਰੁਚੀ ਤੋਂ ਖ਼ਲਾਸੀ ਪਾਵਨ ਹਿਤ, ਇਲਹਾਮੀ ਰਹਿਮਤ ਪ੍ਰਤੀ ਹਿਰਦੇ ਦੇ ਦਰਵਾਜ਼ੇ ਖੁਲ੍ਹਣੇ ਹੀ ਸਫਲਤਾ ਦਾ ਰਹੱਸ ਹੈ। ਜਿਵੇਂ:

> **ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥...**
> **ਇਸ ਮਾਰੀ ਬਿਨ ਗਿਆਨੁ ਨ ਹੋਈ ॥ ਇਸੁ ਮਾਰੇ ਬਿਨੁ ਜੂਠਿ ਨ ਧੋਈ ॥...**
> **ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥**
> **ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥**
>
> *(ਗਉੜੀ ਮ: ੫, ਪੰਨਾ 238/5)*

ਧਾਰਮਕ ਸ਼੍ਰੇਣੀ ਦੇ ਚਾਰ ਭਾਗਾਂ ਵਿਚੋਂ ਤਿੰਨ ਭਾਗ ਉਕਤ ਲਿਖਤ ਵਿਚ ਸੰਪੂਰਣ ਹੋ ਚੁੱਕੇ ਹਨ। ਇਸ ਤੋਂ ਅਗਲੇਰੇ ਪੈਰਾਗ੍ਰਾਫ਼ ਵਿਚ ਚੌਥਾ ਭਾਗ (ਨਾਸਤਿਕਤਾ) ਆਰੰਭ ਕਰਨ ਲਈ ਆਗਿਆ ਚਾਹੁੰਦੇ ਹਾਂ।

3.32 ਨਾਸਤਿਕਤਾ (Atheism)

ਨਾਸਤਿਕਤਾ:ਸੰ:ਵਿ: [नासतिकता] ਨਾਸਤਕਿ ਮਤਿ, ਰੱਬ ਨੂੰ ਨਾ ਮੰਨਣ ਦਾ ਵਾਦਿ, ਅਨ-ਈਸ਼ਵਰਵਾਦਿ, ਰੱਬ ਦੀ ਹੋਂਦ ਤੋਂ ਮੁਨਕਰ ਹੋਣ ਦਾ ਸਿਧਾਂਤ, ਬੇ-ਦੀਨੀ, ਕੁਫ਼ਰ, ਧੱਰੋਤ, ਆਦਿ। ਵਾਹਿਗੁਰੂ ਦੀ ਹੋਂਦ ਪ੍ਰਤਿ ਗੁਰਮਤਿ ਦਾ ਸਿਧਾਂਤ ਅਦ੍ਵੈਤਵਾਦ ਦੀ ਮੂਲਿਕ ਸ਼ਿਲਾ 'ਤੇ ਆਧਾਰਤ ਹੈ। ਵਾਹਿਗੁਰੂ ਇਕ ਹੈ, ਉਸ ਦਾ ਨਾਮ ਅਤੇ ਉਸ ਦੀ ਵਡਿਆਈ ਅਟੱਲ ਸਚਾਈ ਹੈ। ਸ੍ਰਿਸ਼ਟੀ ਦਾ ਕਰਤਾ ਹੈ, ਸਰਬਵਿਆਪੀ ਹੈ, ਲਾ-ਸ਼ਰੀਕ ਹੈ। ਇਹੀ ਕਾਰਣ ਹੈ ਕਿ ਉਹ ਨਿਰਭਉ ਅਤੇ ਨਿਰਵੈਰ ਹੈ। ਉਸ ਦੀ ਹੋਂਦ ਸਮੇਂ ਦੀ ਬੰਦਸ਼ ਤੋਂ ਰਹਿਤ ਹੈ, ਭਾਵ, ਕਾਲ ਚੱਕਰ ਤੋਂ ਮੁਕਤ ਹੈ। ਜਨਮ ਮਰਨ ਦੀ ਪ੍ਰਣਾਲੀ ਵਿਚ ਨਹੀਂ ਹੈ। ਸਵੈਮ ਪ੍ਰਕਾਸ਼ ਹੈ। ਦਇਆਲੂ ਅਤੇ ਕਿਰਪਾਲੂ ਹੈ। ਸਦੀਵੀ ਇਕ-ਰਸ ਹੈ, ਉਸ ਦੇ ਲੱਛਣਾਂ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਨਹੀਂ ਹੈ। ਸਰਬ ਸ਼ਕਤੀਵਾਨ, ਸਦੀਵੀ ਪਵਿਤ੍ਰ ਅਤੇ ਸਰਬੱਗ ਹੈ। ਉਸ ਦੀ ਪਵਿਤ੍ਰਤਾ ਅਤੇ ਵਡਿਆਈ ਬਹੁਤ ਵੱਡੀ, ਉੱਚੀ ਅਤੇ ਬੁਲੰਦ ਹੈ। ਰੱਬ ਦੀ ਵਡਿਆਈ ਬੰਦਿਆਂ ਦੇ ਤੋਲ ਦੁਆਰਾ ਨਹੀਂ ਤੋਲੀ ਜਾ ਸਕਦੀ। ਵਾਹਿਗੁਰੂ ਦੇ ਵਸੱਫ਼ (ਲੱਛਣ) ਬੰਦੇ ਦੀ ਤੱਕੜੀ ਦੁਆਰਾ ਵਜ਼ਨ ਕਰਨੇ ਅਸੰਭਵ ਹਨ ਕਿਉਂਕਿ ਇਨਸਾਨ ਦੀ ਤੱਕੜੀ ਕੋਟਾਨ ਕੋਟਾਨ ਖੰਡ ਤੋਂ ਭੀ ਕੋਟਾਨ ਜ਼ੱਰਾ ਮਾਤਰ ਹੈ। ਵਾਹਿਗੁਰੂ ਸਰਬ-ਸਮਰਥ ਅਤੇ ਸਰਬ ਸੱਤਾਧਾਰੀ ਅਤੇ ਵੱਡੀ ਹੂੰ ਵੱਡਾ ਹੈ। ਰੱਬ ਦੀ ਵਡੱਤਣ ਪ੍ਰਤੀ ਪਾਵਨ ਗੁਰਬਾਣੀ ਦੇ ਦਰਪਣ ਦੁਆਰਾ ਅਵਲੋਕਨ ਕੀਤਿਆਂ, ਉਸ ਦਾ ਜਾਹੋ-ਜੱਲਾਲ ਤੱਕਣਾ ਵਧੇਰੇ ਲਾਭਦਾਇਕ ਹੋਵੇਗਾ। ਜਿਵੇਂ :

ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ ॥
ਰੰਗ ਪਰੰਗ ਅਨੇਕ ਨ ਜਾਪਨ੍ਹਿ ਕਰਤਬਾ ॥
ਜੀਆ ਅੰਦਰਿ ਜੀਉ ਸਭੁ ਕਿਛੁ ਜਾਣਲਾ ॥
ਸਭੁ ਕਿਛੁ ਤੇਰੈ ਵਸਿ ਤੇਰਾ ਘਰੁ ਭਲਾ ॥
ਤੇਰੈ ਘਰਿ ਆਨੰਦੁ ਵਧਾਈ ਤੁਧੁ ਘਰਿ ॥
ਮਾਣੁ ਮਹਤਾ ਤੇਜੁ ਆਪਣਾ ਆਪਿ ਜਰਿ ॥
ਸਰਬ ਕਲਾ ਭਰਪੂਰੁ ਦਿਸੈ ਜਤ ਕਤਾ ॥
ਨਾਨਕ ਦਾਸਨਿ ਦਾਸੁ ਤੁਧੁ ਆਗੈ ਬਿਨਵਤਾ ॥੧੮॥

(ਵਾਰ ਰਾਮਕਲੀ, ਮ: ੫, ਪੰਨਾ 965/6)

3.33 ਵਾਸਤਵਿਕ ਸਮੱਸਿਆ

ਵਾਹਿਗੁਰੂ ਦੇ ਅਜ਼ੀਮ ਜਾਹੋ-ਜਲਾਲ ਨੂੰ ਨਾ ਸਮਝਦੇ ਹੋਏ ਕੁਝ ਪੰਚ-ਮੁਖੀ ਸੰਸਾਰੀ ਖੋਜੀਆਂ ਨੇ ਸ਼ੰਕੇ ਪ੍ਰਗਟ ਕੀਤੇ ਹਨ। ਇਹ ਉਨ੍ਹਾਂ ਦਾ ਦੋਸ਼ ਨਹੀਂ ਹੈ, ਬਲਕਿ ਬੁਨਿਆਦੀ ਉਲਝਣ ਤਾਂ ਇਹ ਹੈ ਕਿ ਇਕ ਇਨਸਾਨ ਪੰਚ-ਮੁਖੀ ਪੇਸ਼ੇ ਨਜ਼ਰ (ਮਨੁੱਖੀ ਦ੍ਰਿਸ਼ਟੀਕੋਣ) ਦੇ ਆਧਾਰ 'ਤੇ ਵਾਹਿਗੁਰੂ ਦੀ ਅਜ਼ਮਤ ਨੂੰ ਕਿਵੇਂ ਸਮਝ ਸਕਦਾ ਹੈ? ਜਦੋਂ ਕਿ ਪ੍ਰਮੇਸ਼ਰ ਅਪਾਰ ਅਤੇ ਅਨੰਤ ਹੈ, ਫਿਰ ਐਸਾ ਪ੍ਰਸ਼ਨ ਹੀ ਨਹੀਂ ਉਠਦਾ ਕਿ ਇਕ ਸੀਮਤ ਜੀਵ ਕਰਤੇ ਦੀ ਕੁਦਰਤਿ ਨੂੰ ਸਮਝ ਸਕੇ? ਵਾਹਿਗੁਰੂ ਸਵੈਮ ਸਤਿ ਹੈ, ਉਸ ਦੀ ਕਰਣੀ ਕਰਤੂਤ ਭੀ ਸਤਿ ਹੈ। ਆਪਣੀ ਗਿਣਤੀ ਮਿਣਤੀ ਅਤੇ ਅਵਸਥਾ ਨੂੰ ਕੇਵਲ ਉਹ ਆਪ ਹੀ ਸਮਝ ਸਕਦਾ ਹੈ। ਜਿਸ ਕਾਦਰ ਦੀ ਕ੍ਰਿਤ ਹੈ, ਓਹੀ ਸਭ ਕੁਝ ਕਰਣ ਦੇ ਯੋਗ ਹੈ। ਅਗਰ ਕੋਈ ਵਿਦਵਾਨ ਬਹੁਤੀ ਵਿਚਾਰ ਭੀ ਕਰੇ, ਤਦ ਭੀ ਉਹ ਵਾਹਿਗੁਰੂ ਦੇ ਭੇਦ ਨੂੰ ਨਹੀਂ ਪਾ ਸਕਦਾ। ਸਿਰਜਣਹਾਰ ਦੇ ਨਾਪ ਤੋਲ ਨੂੰ ਉਸ ਦਾ ਸਾਜਿਆ ਹੋਇਆ ਜੀਵ ਨਹੀਂ ਜਾਣ ਸਕਦਾ। ਜੋ ਕੁਝ ਕਾਦਰ ਨੂੰ ਭਾਂਵਦਾ ਹੈ ਓਹੀ ਕੁਝ ਹੁੰਦਾ ਹੈ। (ਜੀਵ ਦੀ ਹਿਮਾਕਤ ਬੇ-ਅਰਥ ਹੀ ਆਖੀ ਜਾ ਸਕਦੀ ਹੈ)। ਹਜ਼ੂਰ ਦਾ ਦਰਗਾਹੀ ਫੁਰਮਾਨ ਹੈ:

ਕਰਤੇ ਕੀ ਮਿਤਿ ਨ ਜਾਨੈ ਕੀਆ ॥ ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥੭॥

(ਗਉੜੀ ਸੁਖਮਨੀ ਮ: ੫, ਪੰਨਾ 285/1)

ਅਸਲੀਅਤ ਤਾਂ ਇਹ ਹੈ ਕਿ ਕੋਈ ਭੀ ਇਨਸਾਨ ਵਾਹਿਗੁਰੂ ਦੀ ਅਪਾਰਤਾ ਨੂੰ ਸਮਝਣੋਂ ਅਸਮਰੱਥ ਹੈ ਔਰ ਨਾ ਹੀ ਨਿਮਰਤਾ ਅਤੇ ਯਤਨਸ਼ੀਲ ਹੋ ਕੇ ਕਾਦਰ ਦੇ ਚਰਿੱਤਰਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਕਈ ਦਫ਼ਾ ਇਨਸਾਨ ਦਾ ਚਰਿੱਤਰ ਇਤਨਾ ਬਿਗੜ ਰੂਪ ਹੋਇ ਨਿਬੜਦਾ ਹੈ ਕਿ ਇਹ ਸਮੁੱਚੀ ਵਿਸ਼ਵ ਧਾਰਮਿਕ ਪ੍ਰਣਾਲੀ ਦੀ ਤੱਤ੍ਰਮਈ ਅਤੇ ਵਿਸ਼ਵਾਸ-ਦਰਸੀ ਤਾਲੀਮ ਦੇ ਸ਼ਬਦਾਂ ਦੀ ਝਲਕ ਨੂੰ ਨਾਸਤਿਕਤਾ ਦੇ ਰੰਗ ਚਿੱਤਰ ਦੁਆਰਾ ਸਿਆਹ ਫ਼ਾਮ (ਕਾਲਾ ਕਲੱਟ) ਕਰਨ ਲਈ ਮਗਨ ਰਹਿੰਦਾ ਹੈ। ਜਦੋਂ ਅਸੀਂ ਵਿਸ਼ਵਾਸ ਦੀ ਕਸਵੱਟੀ 'ਤੇ ਰਗੜ ਕੇ ਵੇਖਦੇ ਹਾਂ, ਤਦ ਬਾਹਰ-ਮੁਖੀ ਗਿਆਨ (superficial knowledge) ਰੱਬ ਵਲੋਂ ਬੇ-ਰੁਖੀ ਦਾ ਮੂਲ ਕਾਰਣ ਸਾਬਤ ਹੁੰਦਾ ਹੈ। ਜਾਪਦਾ ਇੰਝ ਹੈ ਕਿ ਜਿਵੇਂ ਐਸੀ ਨਾਸਤਿਕਵਾਦੀ ਰੁਚੀ ਦੇ ਇਨਸਾਨਾਂ ਦਾ ਨਿਵਾਸ ਅਸਤਵਿਅਸਤੀ (ਬੇ-ਤਰਤੀਬੇ) ਸਮਾਜੀ ਦਾਇਰੇ ਵਿਚ ਹੁੰਦਾ ਹੈ। ਜਿਸ ਸਮਾਜੀ ਢਾਂਚੇ ਦਾ ਕੋਈ ਖ਼ਾਸ ਨਜ਼ਮੋ-ਨਸਕ ਅਥਵਾ ਵਿਸ਼ੇਸ਼ ਪ੍ਰਬੰਧਕੀ ਸਲੀਕਾ ਨਾ ਹੋਵੇ, ਉਥੇ ਨਾਸਤਿਕਤਾ ਦਾ ਪਸਾਰਾ ਹੋ ਜਾਣਾ ਇਕ ਸੁਭਾਵਕ ਜਿਹੀ ਸਥਿਤੀ ਹੀ ਆਖੀ ਜਾ ਸਕਦੀ ਹੈ। ਅੱਜ ਦਾ ਧਾਰਮਿਕ ਅਤੇ ਰਾਜਨੀਤਕ

ਨੇਤਾ ਪਰਸਪਰ ਗੰਢ-ਜੋੜ ਦੁਆਰਾ ਲਗਪਗ ਸਮੂਲਚੇ ਧਾਰਮਿਕ ਸਥਾਨਾਂ ਦੀ ਦੁਰਵਰਤੋਂ ਕਰਦੇ ਹੋਏ, ਰੱਬੀ ਪਾਕਦਾਮਨੀ ਦੇ ਵਿਰੁੱਧ, ਅਖੌਤੀ ਡੇਰੇ ਬਾਜ਼ਾਂ ਨੂੰ ਇਕ ਟੂਲ ਦੇ ਆਧਾਰ 'ਤੇ ਵਰਤਦੇ ਹੋਏ, ਰੱਬੀ ਸਰਬ-ਸਮਰੱਥਾ ਦੇ ਖਿਲਾਫ਼ ਜਗਤ ਵਿਆਪੀ ਨਾਸਤਿਕਤਾ ਦਾ ਜਹਾਦ ਵਿੱਢੀ ਬੈਠੇ ਹਨ।

ਤੱਤ੍ਵ ਗਿਆਨ ਦੇ ਨਾ ਹੋਣ ਕਰਕੇ, ਕੁਝ ਸਾਕਤ ਵਿਰਤੀ ਅਥਵਾ ਸ਼ੈਤਾਨੀ ਮਜਲਿਸ ਦੇ ਵਿਅਕਤੀ ਗਿਆਨ ਵਿਹੂਣੀ ਰਈਅਤ ਨੂੰ ਰੱਬ ਨਾਲੋਂ ਤੋੜ ਕੇ ਨਿਜੀ ਅਧਿਕਾਰ ਦੇ ਨੀਚੇ ਵਰਤਣਾ ਆਰੰਭ ਦਿੰਦੇ ਹਨ। ਅੱਜ ਕੱਲ ਕਈ ਇਕ ਗੁਰੂ ਘਰਾਂ ਵਿਚ ਅਥਵਾ ਹੋਰ ਧਰਮਾਂ ਦੇ ਧਾਰਮਿਕ ਸਥਾਨਾਂ ਵਿਚ, ਇਨਸਾਨੀ ਭਲਾਈ ਦੇ ਨਾਮ ਥੱਲੇ, ਅਰਧ-ਨਾਸਤਿਕ ਪ੍ਰਣਾਲੀ ਦਾ ਢੰਡੋਰਾ ਦਿੱਤਾ ਜਾਂਦਾ ਹੈ। ਵਾਹਿਗੁਰੂ ਅਤੇ ਗੁਰੂ ਦੀ ਸ਼ਰਨ ਆਵਨ ਦੀ ਬਜਾਇ, ਨਿਗੁਰਾਪਨ ਅਤੇ ਅਸ਼ਰਧਕ ਵਿਤੰਡ ਬਾਜ਼ੀ ਦਾ ਪੱਲਾ ਭਾਰੀ ਜਾਪਦਾ ਹੈ। ਜੀਵ ਨੂੰ ਵਾਹਿਗੁਰੂ ਵਲੋਂ ਪ੍ਰਾਪਤ ਹੋਈ ਅਮੁੱਲੀ ਸਵਤੰਤ੍ਰਤਾ ਦੇ ਥਾਂ, ਇਨਸਾਨੀ ਪੰਜੇ ਵਿਚ ਜਕੜੀ ਹੋਈ ਸਵਤੰਤ੍ਰਤਾ ਪ੍ਰਤੀ ਨਾਸਤਿਕ ਆਦੇਸ਼ ਜਾਰੀ ਕੀਤੇ ਜਾਂਦੇ ਹਨ। ਐਸੀ ਨਾਸਤਿਕ ਗਤੀ ਨੂੰ ਵੇਖਦੇ ਹੋਏ ਕਈ ਇਕ ਪੱਛਮੀ ਵਿਦਵਾਨ ਭੀ ਚਿੰਤਤ ਹਨ। ਉਮੀਦ ਹੈ ਕਿ ਮਿਸਟਰ ਸਪਰਊਲ (Sproul) ਦਾ ਵਿਸ਼ਾ ਪੜ੍ਹਨ ਦੇ ਯੋਗ ਹੋਵੇਗਾ। ਜਿਵੇਂ :

Sproul says, "modem 'liberation' involves a revolt against the sovereign authority of God as members of Church and State join forces in a mutual act of cosmic treason."

(The Sovereign God, Vol. I, p. 153)

ਸਿੱਖੀ ਦੇ ਇਕਾਂਗਵਾਦੀ ਮੂਲਿਕ ਸਿਧਾਂਤਾਂ ਵਿਚ ਨਾਸਤਿਕਤਾ ਦੀ ਜ਼ਹਿਰੀਲੀ ਪਨੀਰੀ ਦੇ ਬੀਜ ਬੀਜਣ ਹਿਤ, ਪੰਜਾਬ ਦੇ ਹਰ ਇਕ ਪਿੰਡ ਵਿਚ, ਇਕ ਜਾਂ ਦੋ ਸਿੱਖੀ ਦੇ ਵਿਦਰੋਹੀ ਅ-ਯਥਾਰਥਿਕ ਪਾਖੰਡੀ, ਵੱਡੇ ਵੱਡੇ ਡੇਰੇ ਖੋਲ੍ਹੀ ਬੈਠੇ ਹਨ। ਜਾਪਦਾ ਇੰਝ ਹੈ ਜਿਵੇਂ ਆਸਤਿਕਵਾਦੀ ਸਿੱਖੀ ਸਮਾਜ ਦੇ ਵਿਰੁੱਧ, ਨਾਸਤਿਕਵਾਦੀ ਧੱਕੇਸ਼ਾਹੀ ਦਾ ਢਾਂਚਾ ਖੜਾ ਕੀਤਾ ਜਾ ਰਿਹਾ ਹੈ, ਤਾਂਕਿ ਸਿੱਖੀ ਦੀਆਂ ਬੁਨਿਆਦੀ ਸਫ਼ਾਂ ਵਿਚ ਇਕਾਂਗੀ ਸਿਧਾਂਤ ਨੂੰ ਮਿਟਾ ਕੇ, ਬਹੁ-ਦੇਵਵਾਦੀ, ਸੰਸਾਵਾਦੀ ਅਤੇ ਨਾਸਤਿਕਤਾ ਦੀ ਮੰਡੀ ਕਾਇਮ ਕੀਤੀ ਜਾ ਸਕੇ। ਸਿਖ ਸਮਾਜ ਨੂੰ ਨਖਿੱਧਾਤਮਕ ਦਸ਼ਾ ਵੱਲ ਧਕੇਲਣ ਹਿਤ, ਉਕਤ ਦਰਸਾਇਆ ਢਾਂਚਾ ਕਿਸੇ ਵਿਸ਼ੇਸ਼ ਨੀਤੀ ਦੇ ਅਧੀਨ ਜਬਰ ਅਤੇ ਧੱਕੇਸ਼ਾਹੀ (oppressive social structures) ਦਾ ਸੰਕੇਤਕ ਚਿੰਨ੍ਹ ਹੈ।

ਰੱਬੀ ਹੋਂਦ 'ਤੇ ਵਿਸ਼ਵਾਸ ਕਰਨਾ ਨਾਸਤਿਕਤਾ ਦਾ ਵਿਰੋਧੀ ਚਿੱਤਰ ਹੈ। ਇਸ ਤਸਵੀਰ ਦੇ ਦੂਜੇ ਪਾਸੇ, ਰੱਬ ਨੂੰ ਨਾ ਮੰਨਣਾ, ਆਸਤਿਕਤਾ ਦਾ

ਵਿਰੋਧਾਭਾਸੀ ਅਲੰਕਾਰ ਹੀ ਆਖਿਆ ਜਾ ਸਕਦਾ ਹੈ। ਗੁਰੂ ਘਰਾਂ ਵਿਚ ਆਣ ਕੇ ਹਾਜ਼ਰੀ ਭਰਨੀ ਜਾਂ ਗੁਰੂ ਕੇ ਲੰਗਰਾਂ ਵਿਚ ਬੈਠ ਕੇ ਇਕ ਦੂਸਰੇ ਨੂੰ ਮਿਲਣਾ ਗਿਲਣਾ ਕੋਈ ਮੰਦੀ ਰੁਚੀ ਨਹੀਂ ਹੈ, ਪ੍ਰੰਤੂ ਦੀਵਾਨ ਦੇ ਸਮੇਂ ਗੁਰੂ ਕੇ ਦੀਵਾਨ ਹਾਲ ਵਿਚ ਆਣ ਕੇ, ਕਿਸੇ ਖ਼ਾਸ ਜ਼ਾਬਤੇ ਦੇ ਅਧੀਨ ਗੁਰੂ ਕੀ ਸੰਗਤਿ ਵਿਚ ਨਾ ਬੈਠਣਾ, ਬਲਕਿ ਲੰਗਰ ਹਾਲ ਵਿਚ ਬੈਠ ਕੇ ਸਰਬਵਿਆਪਕ ਆਸਮਾਨੀ ਪਵਿੱਤ੍ਰਤਾ ਦੇ ਵਿਰੁੱਧ, ਨਾਸਤਿਕਵਾਦੀ ਮਹਿਫ਼ਲਾਂ ਨੂੰ ਸਰਗਰਮ ਕਰਨਾ, ਰੱਬ ਦੀ ਹੋਂਦ ਵਲੋਂ ਬੇ-ਮੁਖਤਾਈ ਅਤੇ ਅਜ਼ੀਮ ਕੁਫ਼ਰ ਹੈ। ਐਸੇ ਕਾਫ਼ਰ ਵਿਰਤੀ ਦੇ ਨਾਸਤਿਕ ਇਨਸਾਨਾਂ ਵਾਸਤੇ ਹਜ਼ੂਰ ਦਾ ਫ਼ੁਰਮਾਨ ਹੈ। ਜਿਵੇਂ :

ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥
ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ ॥

(ਭੈਰਉ ਮ: ੩, ਪੰਨਾ 1132/16)

ਕੇਵਲ ਵਾਹਿਗੁਰੂ ਹੀ ਇਕ ਐਸੀ ਨਿਆਂਯੁਕਤ, ਅਧਿਕਾਰਪੂਰਨ, ਸਰਬ-ਵਿਆਪੀ ਅਤੇ ਇਕ-ਰਸ ਸ਼ਕਤੀ ਹੈ ਜੋ ਸਮੁੱਚੀ ਬ੍ਰਹਮੰਡੀ ਰਚਨਾ ਦਾ ਸੁਆਮੀ ਹੈ, ਜਿਸ ਦੀ ਹੁਕਮਰਾਨੀ ਸ਼ਕਤੀ ਦੇ ਅਧੀਨ ਹਰ ਪ੍ਰਕਾਰ ਦੀ ਰਾਜ ਸੱਤਾ ਅਤੇ ਹਰ ਇਕ ਵਿਅਕਤੀ, ਨਿਜੀ ਜੀਵਨ ਦੇ ਖੇਲ ਖੇਲ ਰਿਹਾ ਹੈ। ਭਾਵੇਂ, ਪ੍ਰਚੱਲਤ ਸਮੇਂ ਦੇ ਸਾਰੇ ਹੀ ਧਾਰਮਿਕ ਸਥਾਨ ਅਤੇ ਧਾਰਮਿਕ ਪ੍ਰਣਾਲੀਆਂ ਉਸ ਵਾਹਿਗੁਰੂ ਦੀ ਹਜ਼ੂਰੀ ਵਿਚ ਬਹੁਤ ਲੰਮੀਆਂ ਚੌੜੀਆਂ ਅਰਦਾਸਾਂ ਬੇਨਤੀਆਂ ਕਰਦੇ ਵੇਖੇ ਅਤੇ ਸੁਣੇ ਗਏ ਹਨ। ਦੁਆਵਾਂ ਕਰਦੇ ਸਮੇਂ ਰੱਬੀ ਲੱਛਣਾ ਪ੍ਰਤੀ ਬਹੁਤ ਵੱਡੀ ਸੁਖੱਲਤਾ ਦੁਆਰਾ ਆਖਿਆ ਜਾਂਦਾ ਹੈ ਕਿ ਹੇ ਵਾਹਿਗੁਰੂ। ਤੂੰ ਮੁਕਤੀ ਦਾਤਾ ਹੈਂ, ਕ੍ਰਿਪਾਲੂ ਹੈਂ, ਦਇਆਲੂ ਹੈਂ, ਤੂੰ ਨੇਕੀਆਂ ਦਾ ਭੰਡਾਰਾ ਹੈਂ, ਪ੍ਰੰਤੂ ਉਸ ਦੀ ਬਜ਼ੁਰਗੀ, ਅਜ਼ਮਤ ਅਤੇ ਸਰਦਾਰੀ ਨੂੰ ਹਿਰਦੇ ਦੀਆਂ ਤਲਾਂ ਵਿਚ ਨਿਵਾਸ ਦੇਣ ਦਾ ਵਿਸ਼ਾ, ਜੀਵਨ ਦੇ ਖੇਤਰ ਵਿਚੋਂ ਦਿਖਾਈ ਨਹੀਂ ਦਿੰਦਾ। ਇਸ ਤਰ੍ਹਾਂ ਦਾ ਵਿਰੂਪੀ ਕਰਣ ਆਮ ਗੁਰੂ ਘਰਾਂ ਵਿਚ ਵੇਖਿਆ ਅਤੇ ਸੁਣਿਆ ਜਾ ਸਕਦਾ ਹੈ। ਗੁਰੂ ਘਰਾਂ ਵਿਚ ਗੁਰੂ ਦੀ ਮਤਿ ਜਾਂ ਗੁਰੂ ਦੀ ਸਿੱਖਿਆ ਧਾਰਨ ਲਈ ਆਮ ਜਨਤਾ ਦੀ ਇਕੱਤ੍ਰਤਾ ਨਾ ਹੁੰਦੀ ਹੈ ਔਰ ਨਾ ਹੀ ਕੀਤੀ ਜਾਂਦੀ ਹੈ, ਬਲਕਿ ਇਕ ਤਰ੍ਹਾਂ ਦੀ ਜਨ-ਸੰਖਿਆ ਦਾ ਵਾਧਾ ਕਰਨ ਹਿਤ, ਸੌਦਾ ਪੱਤਰ ਹੈ। ਇਸ ਸੌਦੇ ਪੱਤਰ ਨੂੰ ਕੋਈ ਵਿਅਕਤੀ ਪਰਵਾਨ ਭੀ ਕਰ ਸਕਦਾ ਹੈ ਅਥਵਾ ਕੋਈ ਦੂਜਾ ਵਿਅਕਤੀ ਅਪਰਵਾਨ ਭੀ ਕਰ ਸਕਦਾ ਹੈ, ਪ੍ਰੰਤੂ ਸ਼ਾਜ਼ੋ-ਨਾਦਿਰ (ਕਦੀ ਕਦਾਈਂ) ਹੀ ਆਪਾਂ ਵੇਖ ਸਕਦੇ ਹਾਂ ਜਦੋਂ ਕਿ ਕੋਈ ਜੀਵ ਇਹ ਮੰਗ ਕਰਦਾ ਹੋਵੇ ਕਿ ਹੇ ਮੇਰੇ ਸੁਆਮੀ ਜੀ! ਮੈਨੂੰ ਆਪਣੀ ਪਾਵਨ ਚਰਣ ਛੁਹ ਦੇ ਵਿਚ ਲੀਨਤਾ ਬਖ਼ਸ਼ੋ ਜੀ। ਸਿੱਖੀ ਪ੍ਰਾਪਤੀ ਦੀ ਮੂਲਿਕ

ਸਿਲਾ, ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਪਾ ਅਰਪਣ ਕਰਨਾ ਹੈ। ਜੋ ਪ੍ਰਾਣੀ ਸਤਿਗੁਰੂ ਜੀ ਦੀ ਸਦੀਵੀ ਬਾਦਸ਼ਾਹਤ ਦੇ ਸਾਹਮਣੇ ਆਪਾ ਭੇਟ ਕਰਦਾ ਹੈ, ਉਸੇ ਦੀ ਸੰਗਿਆ ਸਿਖ ਹੈ। ਜਿਵੇਂ:

"Submission means Sikhi and, who submit him or herself he or she is a Sikh."

ਆਪ ਜੀ ਉਕਤ ਵਾਰਤਾ ਵਿਚ ਪੜ੍ਹ ਆਏ ਹੋ ਕਿ ਮੰਤਵ ਨਾਲੋਂ ਜੁਗਤੀ ਅਤੇ ਜੁਗਤੀ ਨਾਲੋਂ ਸਾਧਨ ਅਮੁਲੀਕ ਹੁੰਦੇ ਹਨ।

ਨਾਸਤਿਕਤਾ ਦੀ ਬੀਮਾਰੀ ਤੋਂ ਛੁਟਕਾਰਾ ਹਾਸਿਲ ਕਰਨ ਹਿਤ, ਸਤਿਗੁਰੂ ਜੀ ਦੀ ਪਨਾਹ ਵਿਚ ਆਣ ਕੇ ਆਪਾ ਅਰਪਣ ਕਰਨਾ ਹੀ, ਬੇਮੁਖਤਾ ਦਾ ਸਹੀ ਅਤੇ ਵਾਜਿਬ ਅਉਖਧ ਹੈ। ਅਸਾਡਾ ਮੰਤਵ ਹੈ 'ਨਾਸਤਿਕਤਾ ਦੇ ਰੋਗ ਤੋਂ ਖ਼ਲਾਸੀ'। ਇਸ ਦੀ ਵਿਧੀ ਹੈ ਸਤਿਗੁਰੂ ਜੀ ਦੀ ਸ਼ਰਨ ਵਿਚ ਆਣ ਕੇ, ਆਪਾ ਅਰਪਣ ਕਰਨਾ। ਆਪਾ ਭੇਟਾ ਕਰਨ ਦਾ ਸਾਧਨ ਹੈ, ਪੰਚ ਜਨਾ (ਪੰਜਾਂ ਪਿਆਰਿਆਂ) ਦੇ ਸਾਹਮਣੇ ਪੇਸ਼ ਹੋ ਕੇ, ਅੰਮ੍ਰਿਤ ਦੀ ਦਾਤਿ ਵਾਸਤੇ ਪ੍ਰਾਰਥਨਾ ਕਰਨੀ, ਭਾਵ, ਨਿਗੁਰਾਪਨ ਨੂੰ ਤਿਆਗ ਕੇ ਗੁਰੂ ਵਾਲੇ ਬਣਨਾ ਹੈ। ਇਸ ਅਮਲ ਦੇ ਰਾਹੀਂ, ਸਤਿਗੁਰੂ ਜੀ ਦੀ ਨੂਰਾਨੀ ਛੁਹ ਪ੍ਰਾਪਤ ਹੁੰਦਿਆਂ ਹੀ, ਨਾਸਤਿਕਤਾ ਦੁਆਰਾ ਪਸਰੀ ਹੋਈ ਮਨੂਰਤ ਮਲੀਣਤਾ, ਕੰਚਨ ਦਾ ਰੂਪ ਧਾਰ ਜਾਂਦੀ ਹੈ। ਜੀਵ ਵਾਹਿਗੁਰੂ ਦੀ ਜੋਤਿ ਹੋਇ ਨਿਬੜਦਾ ਹੈ, ਜਿਵੇਂ:

ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ॥
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ॥੩॥

(ਸੋਰਠਿ ਮ: ੩, ਪੰਨਾ 638/13)

ਨਾਸਤਿਕ ਰੁਚੀ ਸਵੈਮ ਅਹੰਕਾਰ ਦੀ ਬੁਨਿਆਦ 'ਤੇ ਉਸਰੀ ਹੋਈ ਹਉਮੈ ਦੀ ਦੀਵਾਰ ਹੈ ਜੋ ਜੀਵ ਨੂੰ ਰਬਾਨੀਯਤ ਦੇ ਵਿਰੁੱਧ ਉਕਸਾਂਦੀ ਹੈ। ਭਾਵੇਂ, ਵਿਅਕਤੀਗਤਿ ਆਤਮ ਸ਼ਾਸਨ (autonomy of the individual) ਬਹੁਤ ਅੱਛੀ ਵਸਤੂ ਹੈ। ਬਸ਼ਰਤੇਕਿ, ਇਹ ਰੱਬੀ ਸ਼ਾਸਨ ਦੀ ਸ਼ਰੀਕ ਨਾ ਬਣ ਜਾਵੇ। ਵਾਹਿਗੁਰੂ ਦੇ ਪ੍ਰਤਿਕਰਮ ਸ਼ਰਕਤ ਕਰਨੀ, ਨਾ ਬਖ਼ਸ਼ਿਆ ਜਾਣ ਵਾਲਾ ਕੁਫ਼ਰ ਹੈ। ਕਈ ਇਕ ਪੱਛਮੀ ਲਿਖਾਰੀਆਂ ਨੇ ਆਤਮ ਸ਼ਾਸਨ ਦੇ ਸਿਧਾਂਤ ਨੂੰ ਇਤਨੀ ਸੁਬੱਲਤਾ ਦੁਆਰਾ ਸਮਾਜੀ ਜੀਵਨ ਦੇ ਖੇਤਰ ਵਿਚ ਲੈ ਆਂਦਾ ਹੈ ਕਿ ਦੁਨੀਆ ਦਾ ਅਸੂਝ ਇਨਸਾਨ ਆਸਤਿਕ ਰੁਚੀ ਨੂੰ ਤਿਲਾਂਜਲੀ ਦੇ ਕੇ ਨਾਸਤਿਕਤਾ ਦੀ ਸ਼ੈਲੀ ਵਿਚ ਆਣ ਢਿੱਗਾ ਹੈ। ਰੱਬੀ ਰਹਿਮਤ ਦੀਆਂ ਕਦਰਾਂ-ਕੀਮਤਾਂ ਦੇ ਥਾਂ, ਸਵੈਮ ਸ਼ਾਸਨਤਾ ਦੀ ਘੁਮੰਡੀ ਰਵਿਸ਼, ਇਸ ਦੇ ਜੀਵਨ ਵਿਚ ਅਤਿ ਘਾਤਕ ਅਤੇ ਬਿਰਤਕ ਰੂਪ ਧਾਰਨ ਕਰ ਬੈਠੀ ਹੈ। ਇਸ ਦ੍ਰਿਸ਼ਟਾਂਤ ਪ੍ਰਤੀ ਮਿਸਟਰ ਬੋਇਸ ਆਪਣੀ ਪੁਸਤਕ *ਰੱਬੀ ਪਵਿੱਤ੍ਰਤਾ* ਵਿਚ ਇੰਝ ਲਿਖਦੇ ਹਨ:

In their works the autonomy of the individual is a dominant philosophical ideal before which all other concepts, including the existence of God, must be eliminated.

(The Sovereign God, Vol. I, p. 154)

ਹਿੰਦੂ ਮਤਿ ਵਿਚ ਗਊ ਘਾਤ ਕਰਨੀ ਬਹੁਤ ਗੰਭੀਰ ਅਤੇ ਬੱਜਰ ਪਾਪ ਹੈ, ਅਗਰ ਬ੍ਰਾਹਮਣ ਗਊ ਹੱਤਿਆ ਕਰੇ, ਇਹ ਪਾਪ ਉਸ ਤੋਂ ਭੀ ਬੱਜਰ ਪਾਪ ਹੈ। ਕਈ ਪਾਪੀ ਐਸੇ ਭੀ ਹਨ ਜੋ ਸ਼ਰਾਬਾਂ ਪੀ ਕੇ ਜੂਏ ਖੇਲਦੇ ਅਤੇ ਪਰਾਈ ਇਸਤ੍ਰੀਆਂ ਦੀ ਪਤਿ ਭੀ ਲੁੱਟਦੇ ਹਨ। ਕਈ ਐਸੇ ਠੱਗ ਅਤੇ ਚੋਰ ਚਗਾਰ ਭੀ ਹਨ ਜੋ ਪਰਾਈ ਦੌਲਤ ਚੋਰੀ ਕਰਦੇ ਹਨ। ਬਹੁਤ ਸਾਰੇ ਇਨਸਾਨ ਐਸੇ ਭੀ ਹਨ ਜੋ ਵਿਸ਼ਵਾਸਘਾਤ, ਅਕ੍ਰਿਤਘਣਤਾ ਅਤੇ ਕਤਲੋ-ਗ਼ਾਰਤ ਕਰਦੇ ਹਨ। ਉਕਤ ਦਰਸਾਏ ਐਸੇ ਲੱਖਾਂ ਕਰੋੜਾਂ ਅਥਵਾ ਗਿਣਤੀ ਤੋਂ ਰਹਿਤ ਅਪਾਰਾਂ ਹੀ ਪਾਪੀ ਇਕੱਤ੍ਰ ਕਰ ਲਈਏ, ਇਨ੍ਹਾਂ ਸਾਰਿਆਂ ਨੂੰ ਅਥਵਾ ਅਗਿਣਤ ਅਪਾਰ ਨੂੰ ਤੱਕੜ ਦੇ ਇਕ ਪੱਲੜੇ ਵਿਚ ਰੱਖ ਲਈਏ, ਔਰ ਦੂਸਰੇ ਪੱਲੜੇ ਵਿਚ ਇਕ ਨਾਸਤਿਕ ਅਥਵਾ ਰੱਬ ਤੋਂ ਬੇਮੁਖ ਪ੍ਰਾਣੀ ਦਾ ਇਕ ਲੂੰ (ਵਾਲ) ਰੱਖ ਦੇਈਏ, ਗ਼ਾਲਿਬਨ, ਬੇਮੁਖ ਪ੍ਰਾਣੀ ਦੇ ਇਕ ਲੂੰ ਦਾ ਵਜ਼ਨ ਅਗਿਣਤ ਅਥਵਾ ਅਸੰਖਾਂ ਹੀ ਪਾਪਾਂ ਤੋਂ ਭਾਰੀ ਹੋਵੇਗਾ। ਨਾਸਤਿਕਤਾ ਦੇ ਚਰਿੱਤਰ ਦੀ ਸਹੀ ਰੂਪ-ਰੇਖਾ ਤੱਕਣ ਹਿਤ, ਭਾਈ ਗੁਰਦਾਸ ਜੀ ਦਾ ਅਲੰਕਾਰ ਵਧੇਰੇ ਲਾਭਦਾਇਕ ਹੋਵੇਗਾ :

ਬਾਮ੍ਹਣ ਗਾਂਈ ਵੰਸ ਘਾਤ ਅਪਰਾਧ ਕਰਾਰੇ ॥
ਮਦ੍ਹ ਪੀ ਜੂਏ ਖੇਲਦੇ ਜੋਹਨਿ ਪਰ ਨਾਰੇ ॥
ਮੁਹਨਿ ਪਰਾਈ ਲਖਿਮੀ ਠਗ ਚੋਰ ਚਗਾਰੇ ॥
ਵਿਸਾਸ ਧ੍ਰੋਹੀ ਅਕਿਰਤਘਣਿ ਪਾਪੀ ਹਤਿਆਰੇ ॥
ਲਖ ਕਰੋੜੀ ਜੋੜੀਅਨਿ ਅਣਗਣਤ ਅਪਾਰੇ ॥
ਇਕਤੁ ਲੂਇ ਨ ਪੁਜਨੀ ਬੇਮੁਖ ਗੁਰਦੁਆਰੇ ॥੧੬॥੩੪॥

ਨਾਸਤਿਕਤਾ ਅਤਿ ਗੰਭੀਰ ਅਜ਼ਾਬ (ਦੁਖ) ਅਤੇ ਦੀਰਘ ਰੋਗ ਹੈ। ਸਤਿਗੁਰੂ ਨਾਨਕ ਦਾ ਘਰ ਨਿਰਵੈਰ ਹੈ, ਜੋ ਬੇਮੁਖਾਂ ਨੂੰ ਬਾਜ਼ੂ ਤੋਂ ਪਕੜ ਕੇ ਬਹੁਤ ਹੀ ਪਿਆਰ ਸਤਿਕਾਰ ਦੁਆਰਾ ਨਾਸਤਿਕਤਾ ਦੇ ਸਾਗਰ ਤੋਂ ਪਾਰ ਲੰਘਾ ਕੇ ਵਾਹਿਗੁਰੂ ਦੀ ਨਿੱਘੀ ਗੋਦ ਬਖ਼ਸ਼ਦਾ ਹੈ। ਰੱਬ ਨਾਲੋਂ ਟੁੱਟਿਆਂ ਨੂੰ ਪੁਨਰ ਸੰਮਿਲਨ ਪ੍ਰਦਾਨ ਕਰਦਾ ਹੈ। ਇਸ ਲਈ ਹਰ ਵਿਅਕਤੀ ਦਾ ਪਰਮ ਧਰਮ ਹੈ ਕਿ ਉਹ ਸਤਿਗੁਰੂ ਦੇ ਸਕੂਲ ਵਿਚ ਦਾਖ਼ਲਾ ਪ੍ਰਾਪਤ ਕਰੇ, ਨਿਗੁਰਾਪਨ ਦੀ ਜਿਲ੍ਹਣ ਤੋਂ ਪਾਰ ਹੋਣ ਲਈ, ਸਰਬ ਸਮਰੱਥ ਅਤੇ ਸਰਬ ਗੁਣੀ ਨਿਧਾਨ ਸਤਿਗੁਰੂ ਜੀ ਦਾ ਪੱਲਾ ਗ੍ਰਹਿਣ ਕਰੇ। ਭਾਈ ਗੁਰਦਾਸ ਜੀ ਮਸ਼ਵਰਾ ਦੇ ਰਹੇ ਹਨ :

ਸਤਿਗੁਰ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਗੁਣਿਆਰੇ ॥
ਸਤਿਗੁਰ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ ॥

ਸੁਖ ਸਾਗਰੁ ਗੁਰਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ ॥
ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ ॥
ਗੁਰੁ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੋ ਉਤਾਰੇ ॥
ਸਤਿਗੁਰੁ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ ॥
ਸਤਿਗੁਰੁ ਆਗੂ ਜਾਣੀਐ ਬਾਹ ਪਕੜਿ ਅੰਧਲੇ ਉਧਾਰੇ ॥
ਮਾਣੁ ਨਿਮਾਣੇ ਸਦ ਬਲਿਹਾਰੇ ॥੧੯॥੨੬॥

ਇਥੇ ਤਕ ਪ੍ਰਕਿਰਤੀ ਦੇ ਤੀਸਰੇ ਭਾਗ "ਸੂਰਜ ਮੰਡਲ" ਦੀ ਗਾਥਾ ਸਮਾਪਤ ਹੁੰਦੀ ਹੈ। ਜਿਸ ਵਿਚ ਸੂਰਜ ਦੀ ਊਰਜਾ ਸ਼ਕਤੀ, ਸੂਰਜ ਦਾ ਘੁਮਾਉ ਅਤੇ ਗਤੀ, ਸੂਰਜ ਦੀ ਪੂਜਾ, ਧਾਰਮਕ ਸ਼੍ਰੇਣੀਆਂ ਅਤੇ ਸੂਰਜ, ਇਕ ਈਸ਼ਵਰਵਾਦਿ, ਬਹੁ ਦੇਵ ਪੂਜਾ, ਸੰਦੇਹ ਵਾਦਿ ਪੂਜਾ, ਸੰਦੇਹ ਵਾਦਿ ਦਾ ਅਉਖਧ, ਨਾਸਤਿਕਤਾ ਅਤੇ ਇਸ ਦਾ ਅਉਖਧ ਜੈਸੇ ਖ਼ਿਆਲਾਂ 'ਤੇ ਵਿਚਾਰ ਵਿਮਰਸ਼ ਕੀਤਾ ਗਿਆ ਹੈ। ਆਸ ਹੈ ਕਿ ਆਪ ਜੀ ਇਸ ਸੂਰਜ ਮੰਡਲੀ ਧਾਰਾ ਤੋਂ ਲਾਭ ਪ੍ਰਾਪਤ ਕਰੋਗੇ। ਸੂਰਜ ਮੰਡਲ ਦਾ ਅੰਤਮ ਛੰਦਖੰਡ (ਪੈਰਾ) ਨਾਸਤਿਕਤਾ, ਧਰਮ ਵਿਰੋਧੀ ਧਾਰਾ, ਬੇਦੀਨੀ, ਕੁਫ਼ਰ (Heresy) ਪ੍ਰਤੀ ਲਿਖਿਆ ਗਿਆ ਹੈ। ਪਾਵਨ ਗੁਰਬਾਣੀ ਦੁਆਰਾ ਮਨਮੁਖੀ ਕੁਫ਼ਰ ਦੇ ਵਿਪਰੀਤ, ਗੁਰਮੁਖੀ ਦੀਨਦਾਰੀ ਦਾ ਨਿਰਣੈ ਕਰਦੇ ਹੋਏ, ਸਤਿਗੁਰੂ ਪਾਤਿਸ਼ਾਹ ਜੀ ਨੇ ਮਸ਼ਵਰਾ ਸਾਦਰ ਫ਼ੁਰਮਾਇਆ ਹੈ ਕਿ ਗੁਰਮੁਖ ਦੀਨ ਦੁਨੀ ਵਿਚ ਪਰਵਾਨਿਤ ਹੁੰਦੇ ਹਨ। ਇਸ ਚਿੱਤਰ ਦੇ ਦੂਜੇ ਪਾਸੇ ਬੇਦੀਨੇ ਅਥਵਾ ਮਨਮੁਖ ਵਿਅਕਤੀ ਅਤੇ ਨਾਸਤਿਕ ਜੀਵ ਹਲਤ ਪਲਤ ਵਿਚ ਖ਼ੁਆਰੀ ਦਾ ਸਾਹਮਣਾ ਕਰਦੇ ਹਨ, ਜਿਵੇਂ :

ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ ਮਨਮੁਖ ਜਨਮਿ ਮਰਾਹਿ ॥

(ਸੋਰਠਿ ਵਾਰ, ਮ: ੪, ਪੰਨਾ 643/4)

ਧੁਰ ਕੀ ਬਾਣੀ ਦੇ ਅਨੁਸਾਰ ਹੀ ਅਲਾਮਾ ਇਕਬਾਲ ਨੇ ਭੀ ਧਰਮ ਵਿਰੋਧੀ ਅਨਸਰਾਂ ਵਾਸਤੇ ਨਿਰਣੈ ਕੀਤਾ ਹੈ ਕਿ ਜੋ ਬੇ-ਮੁਖ ਅਥਵਾ ਕਾਫ਼ਰ ਹੈ, ਉਹ ਮਨੁੱਖੀ ਜੀਵਨ ਦੀਆਂ ਕਦਰਾਂ-ਕੀਮਤਾਂ ਵਲੋਂ ਅਥਵਾ ਧਰਮ ਦੀ ਸੁਅੱਛਤਾ ਤੋਂ ਖੁੰਝਿਆ ਹੋਇਆ, ਦੁਨੀਆ ਦੇ ਹਰ ਕੋਨੇ ਵਿਚ ਕੁਰਾਹੇ ਪਿਆ ਹੋਇਆ ਜੀਵ ਹੈ ਔਰ ਜੋ ਗੁਰਮੁਖਿ (ਮੋਮਨ) ਹੈ, ਉਸ ਦੇ ਸਰੂਪ ਵਿਚ ਸਮੁੱਚਾ ਆਫ਼ਾਕ (ਸੰਸਾਰ) ਲੀਨ ਹੋ ਰਿਹਾ ਹੈ, ਜਿਵੇਂ :

ਕਾਫ਼ਰ ਕੀ ਯਹ ਪਹਿਚਾਨ ਹੈ ਕਿ ਆਫ਼ਾਕ ਮੇਂ ਗੁੰਮ ਹੈ।
ਮੋਮਨ ਕੀ ਯਹ ਪਹਿਚਾਨ ਹੈ ਕਿ ਗੁੰਮ ਇਸ ਮੇਂ ਹੈਂ ਆਫ਼ਾਕ।

(ਜ਼ਰਬੇ ਕਲੀਮ, ਪੰਨਾ 44)

ਸੂਰਜ ਮੰਡਲ ਦਾ ਕਾਂਡ ਇਥੇ ਹੀ ਸਮਾਪਤ ਹੁੰਦਾ ਹੈ। ਇਸ ਤੋਂ ਅਗਲੇਰੇ ਪੰਨਿਆਂ ਵਿਚ ਪ੍ਰਕਿਰਤੀ ਦਾ ਚੌਥਾ ਭਾਗ "ਤਾਰਿਕਾ ਮੰਡਲ" ਆਰੰਭ ਕਰਨ ਦੀ ਆਗਿਆ ਚਾਹੁੰਦੇ ਹਾਂ।

4

ਤਾਰਿਕਾ ਮੰਡਲ (Galaxies)

4.34 ਤਾਰਿਕਾ ਮੰਡਲ : (1) ਤਾਰਿਆਂ ਦਾ ਉਹ ਪ੍ਰਬੰਧ ਜਿਸ ਵਿਚ ਅਣਗਿਣਤ ਤਾਰੇ ਸ਼ਾਮਲ ਹਨ, ਜਿਨ੍ਹਾਂ ਦੇ ਹੋਣ ਕਰਕੇ ਅਨੇਕਾਂ ਹੀ ਤਾਰਿਕਾ ਮੰਡਲਾਂ ਦੀ ਹੋਂਦ ਕਾਇਮ ਹੈ, ਜਿਨ੍ਹਾਂ ਨੂੰ ਆਕਾਸ਼ ਗੰਗਾ, ਕਹਿਕਸ਼ਾ, ਸਤਾਰੋਂ ਕਾ ਝੁਰਮਟ, ਚਿੱਟਾ ਧੁੰਦ, ਦੂਰ ਦੇ ਤਾਰਾ ਮੰਡਲ ਜਾਂ ਗੈਸਾਂ ਕਰਕੇ ਬਣਿਆ ਚਮਕੀਲਾ ਦ੍ਰਿਸ਼ ਬਹੁਤ ਤਾਰੇ ਅਤੇ ਧੁੰਦਲਾ ਆਕਾਸ਼, ਨੀਹਾਰਿਕਾ ਆਦਿ ਆਖਿਆ ਜਾਂਦਾ ਹੈ। (2) ਸਦੀਮੀ ਸਤਾਰੋਂ ਕਾ ਵਹ ਨਜ਼ਰੀਆਹ ਜੋ ਨਿਜ਼ਾਮਿ ਸ਼ਮਸੀ ਔਰ ਸਿਆਰਗਾਨਿ ਧੁੰਦਲੇ ਮਾਦੇ ਸੇ ਵਜੂਦ ਮੇਂ ਆਏ। (3) ਤਾਰਿਆਂ ਦੀ ਉਹ ਵਿਸ਼ਾਗ ਪ੍ਰਣਾਲੀ, ਘੱਟਾ ਮਿੱਟੀ ਅਤੇ ਗੈਸਾਂ, ਜੋ ਕਿਸੇ ਵਿਸ਼ੇਸ਼ ਆਕ੍ਰਸ਼ਣ ਸ਼ਕਤੀ ਦੇ ਆਧਾਰ 'ਤੇ ਸੰਮਿਲਤ ਹਨ। ਜਿਤਨੇ ਭੀ ਤਾਰਿਕਾ ਮੰਡਲ ਹਨ, ਇਹ ਦੂਰ ਦੂਰ ਤਕ ਅਥਵਾ ਅਸੀਮਤਾ ਵਿਚ ਫੈਲੇ ਹੋਏ ਹਨ। ਅੱਜ ਦੀ ਖੋਜ ਦੇ ਆਧਾਰ 'ਤੇ ਇਕ ਤਾਰਿਕਾ ਮੰਡਲ ਦਾ ਪਸਾਰਾ ਸਮਾਸੀ ਮਿਣਤੀ ਦੇ ਲਿਹਾਜ਼ ਨਾਲ ਲਗਪਗ ਪੰਜ ਲੱਖ ਲਾਈਟ ਸਾਲ ਹੈ। ਜਦੋਂ ਕਿ ਲਾਈਟ/ਬਿਜਲੀ ਦੀ ਗਤੀ (9.46 Trillion) 946,000,000,000,000 ਕਿਲੋਮੀਟਰ ਇਕ ਸਾਲ ਵਿਚ ਹੈ। ਆਕਾਸ਼ ਦੇ ਵਿਗਿਆਨੀਆਂ ਨੇ ਦੂਰਦਰਸ਼ੀ ਆਲਿਆਂ ਦੁਆਰਾ ਅੱਜ ਤਕ ਲਗਪਗ ਦੋ ਬਿਲੀਅਨ (2,000,000,000) ਤਾਰਿਕਾ ਮੰਡਲ ਲੱਭੇ ਹਨ, ਜਦੋਂ ਕਿ ਤਾਰਿਕਾ ਮੰਡਲਾਂ ਦੀ ਸੰਖਿਆ ਹੋਰ ਭੀ ਪਰੇ ਤੋਂ ਪਰੇ ਹੈ, ਜਿਨ੍ਹਾਂ ਨੂੰ ਕੁਆਸਰ (Quasar) ਕਰ ਕੇ ਆਖਿਆ ਜਾਂਦਾ ਹੈ। ਅਸਾਡਾ ਸੂਰਜ ਮੰਡਲ ਅਸਾਡੇ ਤਾਰਿਕਾ ਮੰਡਲ ਦੇ ਇਕ ਖੂੰਜੇ ਵਿਚ ਇਕ ਸੂਈ ਦੇ ਨੁਕਤੇ ਜਿਤਨਾ ਅਤਿ ਲਘੂ ਸਥਾਨ ਹੈ। ਇਸ ਪ੍ਰਕਾਰ ਦੇ ਅਗਿਣਤ ਅਥਵਾ ਬੇਸ਼ੁਮਾਰ ਤਾਰਿਕਾ ਮੰਡਲ ਬ੍ਰਹਮੰਡ ਦੇ ਸਿਲਸਿਲੇ ਵਿਚ ਪਸਰੇ ਹੋਏ ਹਨ। ਜਿਤਨੇ ਭੀ ਤਾਰਿਕਾ ਮੰਡਲ ਹਨ, ਇਨ੍ਹਾਂ ਸਾਰਿਆਂ ਦੀ ਆਰੰਭਤਾ ਲਗਪਗ ਤੇਰਾਂ ਅਰਬ (13,000,000,000) ਸਾਲ ਪਹਿਲਾਂ ਕੇਵਲ ਇਕ

ਹੀ ਬਿੰਦੂ (ਬ੍ਰਹਮ) ਤੋਂ ਆਰੰਭ ਹੋਈ ਹੈ। ਜਿਨ੍ਹਾਂ ਦੀ ਹੋਂਦ ਪ੍ਰਤੀ ਅਥਵਾ ਕਾਦਰ ਦੀ ਰਚਨਾ ਵਾਸਤੇ ਸਤਿਗੁਰੂ ਪਾਤਿਸ਼ਾਹ ਜੀ ਨੇ ਪਰੇ ਤੋਂ ਪਰੇ, ਭਾਵ, ਬੇਅੰਤ ਅਤੇ ਅਥਾਹ ਜੈਸੇ ਸ਼ਬਦਾਂ ਦੁਆਰਾ ਪ੍ਰਗਟਾਇਆ ਹੈ, ਜਿਵੇਂ :

ਘਟਣਹਾਰੈ ਥਾਟੁ ਆਪੇ ਹੀ ਘਟਿਆ ॥
ਆਪੇ ਪੂਰਾ ਸਾਹੁ ਆਪੇ ਹੀ ਖਟਿਆ ॥
ਆਪੇ ਕਰਿ ਪਾਸਾਰੁ ਆਪੇ ਰੰਗ ਰਟਿਆ ॥
ਕੁਦਰਤਿ ਕੀਮ ਨ ਪਾਇ ਅਲਖ ਬ੍ਰਹਮਟਿਆ ॥
ਅਗਮ ਅਥਾਹ ਬੇਅੰਤ ਪਰੈ ਪਰਟਿਆ ॥
ਆਪੇ ਵਡ ਪਾਤਿਸਾਹੁ ਆਪਿ ਵਜੀਰਟਿਆ ॥
ਕੋਇ ਨ ਜਾਣੈ ਕੀਮ ਕੇਵਡੁ ਮਟਿਆ ॥
ਸਚਾ ਸਾਹਿਬੁ ਆਪਿ ਗੁਰਮੁਖਿ ਪਰਗਟਿਆ ॥੧॥

(ਰਾਮਕਲੀ ਮ: ੫, ਪੰਨਾ 957/6)

ਤਾਰਿਕਾ ਮੰਡਲ ਦੀ ਹੋਂਦ ਵਾਸਤੇ ਕੁਝ ਇੰਗਲਿਸ਼ ਦੇ ਉਦਾਹਰਣ ਵੇਖਣੇ ਭੀ ਲਾਭਦਾਇਕ ਹੋਣਗੇ। ਜਿਵੇਂ :

(4) Cloudy patch of light in the sky produced by group of stars or by a mass of gaseous matters, Milky way galaxy, One of billions of systems each including stars, nebulae, star clusters, and inter stellar that make up the universe. (b) Any of many immense bodies of highly rarefied gas or dust in inter stellar space. (c) A galaxy other than the Milky way galaxy, Nebular or nebula.

(5) By studying the speed of the galaxies motion at various distances from the earth, they found that all galaxies came from one (Wahiguru) point in space 13 billions years ago.

(See, World Book, Cosmology, p. 858)

ਅਸਾਡਾ ਸੂਰਜ 156 ਮੀਲ ਅਥਵਾ 250 ਕਿਲੋਮੀਟਰ ਇਕ ਸੈਕਿੰਡ ਦੀ ਗਤੀ ਦੁਆਰਾ ਤਾਰਿਕਾ ਮੰਡਲ ਬਿੰਦੂ ਦੇ ਉਦਾਲੇ ਯਾਤਰਾ ਕਰਦਾ ਹੈ। ਸੂਰਜ ਦੀ ਇਹ ਯਾਤਰਾ 225 ਮਿਲੀਅਨ (225,000,000) ਸਾਲਾਂ ਵਿਚ ਸੰਪੂਰਣ ਹੁੰਦੀ ਹੈ। *(ਦੇਖੋ, ਮਿਲਕੀ ਵੇਅ, ਪੰਨਾ 465)*

ਉਕਤ ਦਰਸਾਏ ਖ਼ਿਆਲ ਵਿਗਿਆਨਿਕ ਖੋਜ ਦੇ ਅਨੁਮਾਨ ਹਨ, ਸੰਭਵ ਹੈ ਕਿ ਆਪ ਜੀ ਇਨ੍ਹਾਂ ਖ਼ਿਆਲਾਂ ਨਾਲ ਸਹਿਮਤ ਨਾ ਹੋਵੋ। ਪ੍ਰੰਤੂ ਤਾਰਿਕਾ ਮੰਡਲ ਦੀ ਖੋਜ ਪ੍ਰਤੀ ਵਿਰਤੀਹਾਣ ਕਾਲ ਦੀ ਨਵੀਨ ਵਿਗਿਆਨਿਕ ਧਾਰਾ ਨੇ ਲਗਪਗ ਸਹੀ ਅਤੇ ਵਾਜਿਬ ਨਿਰਣਾਤਮਿਕ ਅੰਕੜੇ ਦਰਸਾਏ ਹਨ ਜਿਨ੍ਹਾਂ ਦੇ ਆਧਾਰ 'ਤੇ ਉਨ੍ਹਾਂ ਦੀ ਖੋਜ ਗ਼ਾਲਿਬਨ ਸਹੀ ਜਾਪਦੀ ਹੈ। ਤਾਰਿਕਾ ਮੰਡਲ

ਅਥਵਾ ਪ੍ਰਕਿਰਤੀ ਦੀ ਰਚਨਾ ਵਾਸਤੇ ਸਮੁਲਚੀ ਧਾਰਮਿਕ ਦੁਨੀਆ ਦੇ ਖਿਆਲਾਂ ਨੂੰ ਸਮਝਣਾ ਹੋਰ ਵਧੇਰੇ ਭਰੋਸੇਯੋਗ ਵਿਸ਼ਾ ਹੋਵੇਗਾ। ਸਮੁਲਚੀ ਬਣਤਰ ਉਸ ਕਰਤਾ ਦੀ ਕਿਰਤ ਹੈ, ਇਕ ਤੋਂ ਅਨੰਤਤਾ ਪ੍ਰਗਟ ਹੁੰਦੀ ਅਤੇ ਫਿਰ ਇਕਸ ਦੇ ਵਿਚ ਹੀ ਸਮਾ ਜਾਂਦੀ ਹੈ, ਜਿਵੇਂ :

ਸਗਲੀ ਬਣਤ ਬਣਾਈ ਆਪੇ ॥ ਆਪੇ ਕਰੇ ਕਰਾਏ ਥਾਪੇ ॥
ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ ॥੯॥

(ਮਾਝ ਮ: ੫, ਪੰਨਾ 131/13)

ਇਥੇ ਤਕ ਤਾਰਿਕਾ ਮੰਡਲ ਦੀ ਵਿਚਾਰ ਖ਼ਤਮ ਹੁੰਦੀ ਹੈ। ਇਸ ਤੋਂ ਅੱਗੇ ਬ੍ਰਹਮ ਮੰਡਲ ਪ੍ਰਤੀ ਵਿਚਾਰ ਕੀਤੀ ਜਾਵੇਗੀ।

ਬ੍ਰਹਮ ਮੰਡਲ (Universe)

5.35 ਬ੍ਰਹਮ ਮੰਡਲ: ਸਮੁੱਚੀ ਪ੍ਰਕਿਰਤੀ, ਅਸੀਮ ਪ੍ਰਕਿਰਤੀ, ਸਮੂਲਚੀ ਉਤਪਤੀ, ਕਾਇਨਾਤ, ਸਾਰੀ ਰਚਨਾ, ਕੁਲ ਤਸੱਵਰਾਤ, ਸਾਰੀ ਆਸਮਾਨੀ ਬਣਤਰ, ਸੀਮਾ ਰਹਿਤ ਆਕਾਸ਼ੀ ਢਾਂਚਾ, ਸਾਰੀਆਂ ਵਸਤੂਆਂ ਦਾ ਬਣਿਆ ਹੋਇਆ ਸਮੂਹ ਜਿਸ ਵਿਚ ਬਿਜਲੀ, ਪ੍ਰਕਾਸ਼, ਜੋਤੀ, ਸ਼ਕਤੀ, ਚਮਕ, ਵਿਕੀਰਨ (ਵਿਖਰੀਆਂ ਹੋਈਆਂ) ਵਸਤੂ ਸ਼ਾਮਲ ਹਨ। ਮੌਜੂਦਾਤ, ਹਕੀਕਤ, ਖ਼ਲਕਿ ਅੱਲਾਹ, ਜਿਸ ਵਿਚ ਧਰਤੀ, ਸੂਰਜ ਮੰਡਲ, ਅਨੇਕਾਂ ਹੀ ਤਾਰਿਕਾ ਮੰਡਲ ਵਿਚ, ਅਸਾਡੇ ਤਾਰਿਕਾ ਮੰਡਲ ਦਾ ਸ਼ਕਤੀਸ਼ਾਲੀ ਆਰ-ਪਾਰ ਘੇਰਾ ਲਗਪਗ ਇਕ ਲੱਖ (100,000) ਲਾਈਟ ਸਾਲ ਹੈ। ਜਦੋਂ ਕਿ ਇਕ ਸਾਲ ਦੇ ਵਿਚ ਲਾਈਟ 9.46 ਟ੍ਰੀਲੀਅਨ (946,000,000,000) ਕਿਲੋਮੀਟਰ ਦੀ ਯਾਤਰਾ ਕਰਦੀ ਹੈ। ਗਰਜ਼ੇਕਿ, ਹਵਾ ਪਾਣੀ ਪੁਲਾੜ, ਭਾਵ, ਹਰ ਤਰ੍ਹਾਂ ਦੀਆਂ ਸ਼ਕਤੀਆਂ ਦਾ ਕੇਂਦਰ ਬ੍ਰਹਮ ਮੰਡਲ ਹੈ, ਔਰ ਮੰਡਲ ਦਾ ਕੇਂਦ੍ਰਜ ਬਿੰਦੂ ਕੇਵਲ ਇਕ ਹੈ, ਔਰ ਉਹ ਇਕ ਹੀ ਸਤਿ ਹੈ, ਇਕ ਹੀ ਕਰਤਾ ਪੁਰਖ ਹੈ। ਸਾਰੀ ਰਚਨਾ ਉਸ ਇਕੋ ਵਾਹਿਗੁਰੂ ਦੇ ਹੁਕਮ ਵਿਚ ਬੱਧੀ ਹੋਈ ਕਾਰ ਕਮਾਂਵਦੀ ਹੈ।

The whole body of things and phenomena observed or postulated : Cosmos, A systematic whole held to rise by and persist through the direct intervention of divine power. The entire celestial cosmos, entire creation, an aggregate of stars comparable to the Milky way galaxy.

ਬ੍ਰਹਮ ਮੰਡਲ ਦਾ ਸਿਲਸਿਲਾ ਅਸੀਮ ਅਤੇ ਅਮਿਤ ਹੈ। ਸਮੂਲਚੀ ਬ੍ਰਹਮੰਡੀ ਰਚਨਾ ਦਾ ਆਰੰਭ ਇਕ ਸ਼ਬਦ ਦੁਆਰਾ ਹੋਇਆ, ਭਾਵ, ਇਸ ਪ੍ਰਕਿਰਤੀ ਦਾ ਕਾਰਣ ਉਹ ਬ੍ਰਹਮ ਅਥਵਾ ਉਸ ਦਾ ਸ਼ਬਦ (ਹੁਕਮ) ਹੈ। ਸਾਰਾ ਬ੍ਰਹਮੰਡ ਉਸ ਕਰਤਾਰ ਦੀ ਬਾਦਸ਼ਾਹੀ ਹੈ, ਬ੍ਰਹਮੰਡ ਦੇ ਹਰ ਜ਼ੱਰੇ ਜ਼ੱਰੇ ਵਿਚ

ਵਿਆਪਕ ਹੋ ਰਿਹਾ ਹੈ। ਆਸਮਾਨੀ ਤਾਰਿਕਾ ਮੰਡਲ, ਪਾਣੀ ਦੇ ਭੰਡਾਰੇ ਅਤੇ ਅਨੇਕਾਂ ਹੀ ਧਰਤੀਆਂ ਜੀਵਾਂ ਦੇ ਧਰਮ ਕਮਾਵਨ ਹਿਤ ਸਾਜੀਆਂ ਹਨ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਆਪੇ ਹੀ ਪੈਦਾ ਕਰ ਕੇ ਫਿਰ ਆਪ ਹੀ ਢਾਹ ਦਿੰਦਾ ਹੈ। ਸਮੂਲਚੀ ਪ੍ਰਕਿਰਤੀ ਨੂੰ ਉਨ੍ਹਾਂ ਦੀ ਲੋੜ ਦੇ ਅਨੁਸਾਰ ਰਿਜ਼ਕ ਅਤੇ ਹੋਰ ਰਹਿਣ ਸਹਿਣ ਦੀਆਂ ਵਸਤੂਆਂ ਉਪਲਬਧ ਕਰਦਾ ਹੈ। ਬਹੁਤ ਵੱਡਾ ਦਿਆਲੂ ਹੈ। ਉਹ ਬ੍ਰਹਮ ਹਰ ਜਗ੍ਹਾ 'ਤੇ ਆਪੇ ਆਪ ਹੀ ਵਰਤਦਾ ਅਤੇ ਜੀਵਾਂ ਦੀ ਪਾਲਣਾ ਭੀ ਕਰਦਾ ਹੈ। ਐਸੇ ਬ੍ਰਹਮੰਡ ਦੀ ਸਮੂਲਚੀ ਰਚਨਾ ਪ੍ਰਤੀ ਪਾਵਨ ਗੁਰਬਾਣੀ ਦਾ ਫ਼ੁਰਮਾਨ ਹੈ, ਜਿਵੇਂ :

ਆਪੇ ਤਖਤੁ ਰਚਾਇਓਨੁ ਆਕਾਸ ਪਤਾਲਾ ॥
ਹੁਕਮੇ ਧਰਤੀ ਸਾਜੀਅਨੁ ਸਚੀ ਧਰਮ ਸਾਲਾ ॥
ਆਪਿ ਉਪਾਇ ਖਪਾਇਦਾ ਸਚੇ ਦੀਨ ਦਇਆਲਾ ॥
ਸਭਨਾ ਰਿਜਕੁ ਸੰਬਾਹਿਦਾ ਤੇਰਾ ਹੁਕਮੁ ਨਿਰਾਲਾ ॥
ਆਪੇ ਆਪਿ ਵਰਤਦਾ ਆਪੇ ਪ੍ਰਤਿਪਾਲਾ ॥

(ਸੂਹੀ ਵਾਰ, ਮ: ੩, ਪੰਨਾ 785/11)

ਧਰਮ ਨੂੰ ਪਾਲਣਾ ਕਿਸੇ ਧਾਰਮਕ ਵਿਦਿਆ ਜਾ ਵਿਆਖਿਆ ਦਾ ਵਿਸ਼ਾ ਨਹੀਂ ਹੈ, ਲਿਹਾਜ਼ਾ, ਧਰਮ ਦੀ ਦਾਤਿ ਇਕ ਐਸੀ ਰੁਚੀ ਅਤੇ ਵਿਸ਼ੇਸ਼ ਬਿਬੇਕਤਾ ਹੈ ਜੋ ਵਾਹਿਗੁਰੂ ਵਲੋਂ ਸੰਸਾਰ ਦੇ ਧਰਮਪੰਥੀ ਜੀਵਾਂ ਨੂੰ ਰੱਬੀ ਫ਼ਜ਼ੀਲਤ ਵਜੋਂ ਪ੍ਰਾਪਤ ਹੁੰਦੀ ਹੈ। ਇਸ ਪ੍ਰਕਿਰਤੀ ਦਾ ਪਸਾਰਾ ਵਿਸ਼ਵਾਸ ਔਰ ਰੱਬੀ ਬਿਬੇਕਤਾ ਦੁਆਰਾ ਹੀ ਇਨਸਾਨੀ ਸੂਝ ਬੂਝ ਦੇ ਸੰਚੇ ਵਿਚ ਢਾਲਿਆ ਜਾ ਸਕਦਾ ਹੈ। ਇਸ ਦੀ ਪ੍ਰਦਰਸ਼ਨੀ ਕਰਨੀ ਇਨਸਾਨੀ ਸੋਚ ਦੇ ਜ਼ਾਵੀਏ ਤੋਂ ਅਤਿ ਦੁਰਗਮ ਬੁਲੰਦੀ 'ਤੇ ਹੈ। ਗ਼ਰਜ਼ੇਕਿ, ਪ੍ਰਕਿਰਤੀ ਦਾ ਆਰੰਭ ਕੇਵਲ ਅਤੇ ਕੇਵਲ ਵਿਸ਼ਵਾਸ ਦਾ ਵਿਸ਼ਾ ਹੀ ਆਖਿਆ ਜਾ ਸਕਦਾ ਹੈ, ਇਹ ਕਿਸੇ ਤਰ੍ਹਾਂ ਦੀ ਪ੍ਰਦਰਸ਼ਨੀ ਦੁਆਰਾ ਸਿੱਧ ਕਰਨਾ ਅਸੰਭਵ ਹੈ ਕਿਉਂਕਿ ਪ੍ਰਕਿਰਤੀ ਦਾ ਸੁਆਮੀ ਅਤੇ ਉਸਦੀ ਰਚਨਾ, ਅਥਾਹ ਅਤੇ ਅਗੰਮ ਹੈ। ਇਸ ਦੀ ਗਿਣਤੀ ਮਿਣਤੀ ਕਰਨ ਵਾਲਾ ਜੀਵ ਅਤਿ ਤੁੱਛ ਅਤੇ ਅਸੰਖ ਮਾਤਰ ਦੀ ਭੀ ਇਕ ਅਸੰਖ ਖੰਡ ਹੈ। ਵਾਹਿਗੁਰੂ ਅਤੇ ਉਸ ਦੀ ਰਚਨਾ ਇਨਸਾਨੀ ਲੇਖੇ ਤੋਂ ਬਾਹਿਰ ਹੈ। ਉਸ ਦੀ ਵਾਸਤਵਿਕਤਾ ਹਰ ਜਗ੍ਹਾ ਸਦੀਵੀ ਅਤੇ ਸਰਬ-ਵਿਆਪੀ ਰਮਜ਼ ਹੈ ਜੋ ਇਨਸਾਨੀ ਬੁੱਧੀ ਤੋਂ ਅਗੰਮ ਅਤੇ ਅਗੋਚਰ ਹੈ। ਸਾਰੀ ਗਾਥਾ ਦਾ ਅੰਜਾਮ ਇਹੀ ਹੈ ਕਿ :

ਤੁਮਰਾ ਲਖਾ ਨ ਜਾਇ ਪਸਾਰਾ ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥

(ਚੌਪਈ)

That the universe had a beginning is a matter of belief, but not of demonstration or of science. Universals are everywhere and forever.

ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥
ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥
ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥
ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥
ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥

(ਗਉੜੀ ਸੁਖਮਨੀ ਮ: ੫, ਪੰਨਾ 276/11)

5.36 ਬ੍ਰਹਮੰਡੀ ਸੁੰਦਰਤਾ

ਜਦੋਂ ਅਸੀਂ ਪ੍ਰਕਿਰਤਕ ਰਚਨਾ ਨੂੰ ਅੰਤ੍ਰੀਵੀ ਧਿਆਨ ਦੇ ਦਰਪਣ ਵਿਚੋਂ ਅਵਲੋਕਨ ਕਰਦੇ ਹਾਂ, ਤਦ ਇਸ ਦੀ ਹਰ ਇਕ ਵਸਤੂ ਕਿਸੇ ਖ਼ਾਸ ਸੈਂਚੇ ਵਿਚ ਢਲੀ ਹੋਈ ਅਤੇ ਸੁੰਦਰਤਾ ਦੇ ਜ਼ਖ਼ੀਰਿਆਂ ਨਾਲ ਲਬਾਲਬ ਪਰੀਪੂਰਨ ਹੋਈ ਜਾਪਦੀ ਹੈ। ਕੁਦਰਤਿ ਦੀ ਹੁਸੀਨ ਆਭਾ ਇਕ ਐਸੀ ਪ੍ਰਭਾਵਤ ਸ਼ੈਲੀ ਹੈ, ਜਿਸ ਨੂੰ ਵੇਖਿਆਂ, ਸੁੰਘਿਆਂ, ਸੁਣਿਆਂ, ਸਪਰਸ਼ ਕੀਤਿਆਂ ਅਥਵਾ ਰਸ ਮਾਣਿਆਂ ਸਮੁਲਚਾ ਜੀਵਨ ਸ਼ਾਦਮਾਨੀਆਂ ਦੇ ਗ੍ਰਹਿ ਵਿਖੇ ਪ੍ਰਵੇਸ਼ ਕਰਦਾ ਹੈ। ਬ੍ਰਹਮੰਡੀ ਹੁਸਨ ਦੀ ਕੋਟਾਨ-ਖੰਡ ਵੰਨਗੀ ਨੂੰ ਕਿਸੇ ਵਿਵਰਣਾਤਮਕ ਸ਼ੈਲੀ ਵਿਚ ਤਰਤੀਬ ਦੇਣੀ ਇਨਸਾਨੀ ਬੁੱਧੀ ਦਾ ਵਿਸ਼ਾ ਨਹੀਂ ਹੋ ਸਕਦਾ ਕਿਉਂਕਿ ਰੱਬੀ ਜ਼ੀਨਤ ਦਾ ਪਸਾਰਾ ਅਸੀਮ ਹੈ ਔਰ ਹੁਸਨ ਦੀ ਝਲਕ ਨੂੰ ਕਿਸੇ ਵਿਸ਼ੇਸ਼ ਜ਼ਾਵੀਏ ਵਿਚ ਉਲੀਕਣਾ ਸੀਮਤ ਤਖ਼ੱਯਲ ਦਾ ਵਿਸ਼ਾ ਨਹੀਂ ਹੈ। ਸਮੂਹਕ ਤੌਰ 'ਤੇ ਬ੍ਰਹਮੰਡੀ ਜਮਾਲ ਦਾ ਹੁਸਨ ਅੰਤਰਮੁਖੀ ਭੀ ਨਹੀਂ ਹੈ ਅਤੇ ਬਾਹਰਮੁਖੀ ਭੀ ਨਹੀਂ ਹੈ। ਅਕਸਰ ਰੱਬੀ ਹੁਸਨ ਦੇ ਲੱਛਣਾਂ ਦੀ ਪ੍ਰਪਿਰਾ ਆਸਮਾਨੀ ਰਬਾਨੀਅਤ ਨਾਲ ਸੰਜੁਕਤ ਹੁੰਦੀ ਹੈ। ਸਮੁੱਚੀ ਸੁੰਦਰਤਾ ਦਾ ਮੂਲ ਸੋਮਾ ਕੇਵਲ ਪ੍ਰਮੇਸ਼ਵਰੀ ਸੰਪੂਰਣਤਾ ਦੇ ਦਾਮਨ ਵਿਚ ਅਲੋਪ ਹੋ ਰਿਹਾ ਹੈ। ਰੱਬੀ ਹੁਸਨ ਦੀ ਅਟੱਲ ਆਭਾ ਦਾ ਚਿੱਤਰ ਸੁਖਮਨੀ ਸਾਹਿਬ ਵਿਚ ਵੇਖਿਆਂ ਵਧੇਰੇ ਲਾਭਦਾਇਕ ਹੋਵੇਗਾ, ਜਿਵੇਂ :

ਭਲਾ ਭਲਾ ਭਲਾ ਤੇਰਾ ਰੂਪ ॥ ਅਤਿ ਸੁੰਦਰ ਅਪਾਰ ਅਨੂਪ ॥

(ਗਉੜੀ ਸੁਖਮਨੀ ਮ: ੫, ਪੰਨਾ 279/10)

ਸੁੰਦਰਤਾ ਅਤੇ ਕੁਰੂਪਤਾ ਬ੍ਰਹਮੰਡੀ ਰਚਨਾ ਦੇ ਦੋ ਪਹਿਲੂ ਹਨ। ਸੁੰਦਰਤਾ ਦਾ ਸੰਬੰਧ ਸ਼ੁਭ ਗੁਣਾਂ ਨਾਲ ਹੈ। ਇਸੇ ਚਿੱਤਰ ਦੇ ਦੂਜੇ ਪਾਸੇ, ਕੁਰੂਪਤਾ ਦਾ

ਰਿਸ਼ਤਾ ਮੰਦੇ ਲੱਛਣਾਂ ਦੁਆਰਾ ਪ੍ਰਗਟਾਇਆ ਜਾਂਦਾ ਹੈ। ਸੁੰਦਰਤਾ ਪੁੰਨ ਫਲ ਹੈ, ਕੁਰੂਪਤਾ ਪਾਪ ਫਲ ਹੈ। ਜੋ ਸ਼ੁਭ ਕਰਮ ਕਰਨ ਦੀ ਲਾਲਸਾ ਹੈ, ਐਸੀ ਖ਼ਾਹਸ਼, ਐਸੀ ਰੁਚੀ, ਅਤਿ ਸੁੰਦਰ ਰੁਚੀ ਆਖੀ ਜਾਂਦੀ ਹੈ। ਇਸੇ ਤਸਵੀਰ ਦੇ ਪ੍ਰਤਿਕੂਲ, ਜੋ ਮੰਦਿਕਰਮੀ ਰੁਚੀ ਹੈ ਉਸ ਨੂੰ ਮੰਦੀ ਰੁਚੀ, ਕੁਰੂਪ, ਭੈੜੀ ਅਥਵਾ ਕੁਲੱਖਣੀ ਰੁਚੀ ਆਖਿਆ ਜਾਂਦਾ ਹੈ। ਇਸ ਵਿਚ ਕੋਈ ਅਤਿ ਕਥਨੀ ਨਹੀਂ ਹੋਵੇਗੀ ਅਗਰ ਇੰਝ ਆਖ ਲਈਏ ਕਿ ਸੁੰਦਰਤਾ ਨੂੰ ਸਮਝਣਾ ਹੀ ਅੰਤ੍ਰੀਵੀ ਬੋਧਕ ਸ਼ਕਤੀ ਦੇ ਭੰਡਾਰੇ ਦੀ ਪ੍ਰਾਪਤੀ ਹੈ। ਰੱਬੀ ਹੁਸਨ ਦੇ ਜਮਾਲ ਵਿਚੋਂ, ਆਸਮਾਨੀ ਫ਼ਹਿਮੀਅਤ ਦੀਆਂ ਦਹਿਲੀਜ਼ਾਂ 'ਤੇ ਪ੍ਰਥਮ ਕਦਮ ਰੱਖਣ ਦਾ ਅਵਸਰ ਪ੍ਰਾਪਤ ਹੋਣਾ, ਇਕ ਸੁਭਾਵਿਕ ਕ੍ਰਿਆ ਹੀ ਆਖੀ ਜਾ ਸਕਦੀ ਹੈ। ਜਦੋਂ ਕੁਦਰਤ ਦੀ ਹੁਸੀਨ ਆਭਾ ਸੰਸਾਰੀ ਜੀਵਾਂ ਦੇ ਅੰਤ੍ਰੀਵੀ ਦਾਮਨ ਨੂੰ, ਸਦੀਵੀ ਸ਼ਾਦਮਾਨੀਆਂ, ਪ੍ਰਸੰਨਤਾ, ਖ਼ੁਸ਼ੀਆਂ, ਖੇੜੇ ਅਤੇ ਮੁਸੱਰਤ ਦੇ ਭੰਡਾਰਿਆਂ ਦੁਆਰਾ ਮਾਲਾਮਾਲ ਕਰ ਦਿੰਦੀ ਹੈ, ਬਸ ਇਸੇ ਪ੍ਰਕਿਰਿਆ ਦੀ ਸੰਗਿਆ ਸੁੰਦਰਤਾ ਹੈ, ਇਹੀ ਰੱਬੀ ਹੁਸਨ ਹੈ, ਇਹੀ ਬ੍ਰਹਿਮੰਡੀ ਜਮਾਲ ਹੈ, ਇਹੀ ਰੱਬੀ ਕੁਦਰਤ ਦੀ ਦੈਵੀ ਝਲਕ ਹੈ। ਇਹੀ ਵਿਸਮਾਦੀ ਤਜੱਲੀ ਹੈ ਜੋ ਕੁਦਰਤਿ ਦੇ ਬ੍ਰਹਿਮੰਡੀ ਦ੍ਰਿਸ਼ਾਂ ਦੁਆਰਾ ਅਭਿਲਾਸ਼ੀ ਦੇ ਹਿਰਦੇ ਦੀਆਂ ਤਲਾਂ ਵਿਚ ਲਹਿ ਜਾਂਦੀ ਹੈ। ਨਿਰਯਤਨ ਹੀ ਕੁਦਰਤਿ ਦੇ ਨੂਰਾਨੀ ਜਲਵੇ ਵਿਚ ਦੁੱਬੇ ਹੋਏ ਜਗਿਆਸੂ ਦੀਆਂ ਅੰਤ੍ਰੀਵੀ ਭਾਵਨਾਵਾਂ, ਨਿਰਗੁਣੀ ਸ਼ੁੰਨ ਨੂੰ ਲੰਘ ਕੇ, ਸਰਗੁਣੀ ਬ੍ਰਹਿਮੰਡ ਵਿਚ ਪ੍ਰਵੇਸ਼ ਕਰਦੀਆਂ ਹਨ, ਔਰ ਜਗਿਆਸੂ ਦੇਹੀ ਦਿੰਦਾ ਹੈ।

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥

(ਆਸਾ ਮ: ੧, ਪੰਨਾ 464/8)

ਜੀਵ ਦੀ ਸ਼੍ਰਵਣ ਅਤੇ ਅਵਲੋਕਨ ਸ਼ਕਤੀ ਹੀ ਹੁਸਨ ਦੀ ਤਜੱਲੀ (ਪ੍ਰਚੰਡਤਾ) ਨੂੰ ਗ੍ਰਹਿਣ ਕਰਦੀਆਂ ਹਨ। ਜਿਸ ਦੇ ਆਧਾਰ 'ਤੇ ਹੁਸਨ ਦਾ ਅਭਿਲਾਸ਼ੀ, ਮਾਨਸਿਕ ਅਤੇ ਆਤਮਿਕ ਪ੍ਰਸੰਨਤਾ ਪ੍ਰਾਪਤ ਕਰਦਾ ਹੈ, ਔਰ ਸੁੰਦਰਤਾ ਹੀ ਦੁਬਿਧਾ ਦੇ ਦੇਸ ਵਿਚੋਂ ਲੰਘ ਕੇ, ਹਰਿ ਸਿਮਰਨ ਅਤੇ ਸ਼ੁਭ ਗੁਣਾਂ ਵਿਚ ਵਾਧਾ ਕਰਦੀ ਹੈ। ਹਰਿ ਸਿਮਰਨ ਅਤੇ ਸ਼ੁਭ ਗੁਣਾਂ ਦਾ ਮਾਰਗ ਹੀ, ਹੁਸਨ ਦੀ ਮੰਜ਼ਿਲ 'ਤੇ ਲੈ ਜਾਂਦਾ ਹੈ। ਸੁੰਦਰਤਾ ਦੀ ਮੰਜ਼ਲ ਕੇਵਲ ਇਕ ਹੈ। ਉਹ ਬਿਲਾ-ਸ਼ੁਬਹ ਵੱਡੀ ਹੂੰ, ਵੱਡਾ ਹੁਸਨ ਦਾ ਸੁਆਮੀ ਵਾਹਿਗੁਰੂ ਹੈ।

ਕਿਸੇ ਵਸਤੂ ਨੂੰ ਸੁੰਦਰਤਾ ਦੀ ਉਪਾਧੀ ਦੇਣ ਵਾਸਤੇ ਤਿੰਨਾਂ ਲੱਛਣਾਂ ਦੀ ਆਵਸ਼ਕਤਾ ਹੁੰਦੀ ਹੈ, ਜਿਨ੍ਹਾਂ ਵਿਚ ਸੰਪੂਰਣਤਾ ਪਰਸਪਰ ਤਾਲਮੇਲ ਅਤੇ ਆਭਾ ਜਾਂ ਚਮਕ ਦਮਕ। ਜਿਸ ਚੀਜ਼ ਦੇ ਵਿਚ ਉਕਤ ਦਰਸਾਏ ਤਿੰਨ ਤੱਥ

ਮੌਜੂਦ ਹੋਣ, ਉਹ ਵਸਤੂ ਹੁਸੀਨ ਅਥਵਾ ਖ਼ੂਬਸੂਰਤ ਆਖੀ ਜਾ ਸਕਦੀ ਹੈ। ਤਾਂ ਤੇ ਨਿਰਣੈ ਇਹ ਹੋਇਆ, ਕੇਵਲ ਇਕ ਵਾਹਿਗੁਰੂ ਹੀ ਸੁੰਦਰਤਾ ਦਾ ਸੁਆਮੀ ਹੈ। ਬੌਧਿਕਤਾ ਦੇ ਦਾਇਰੇ ਵਿਚ ਰਹਿੰਦੇ ਹੋਏ ਵਿਚਾਰ ਕੀਤਿਆਂ, ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ ਕਿ ਕਰਤਾਰ ਵਿਚ ਇਨ੍ਹਾਂ ਲੱਛਣਾਂ ਤੋਂ ਇਲਾਵਾ, ਅਨੇਕਾਂ ਹੀ ਹੋਰ ਵਧੇਰੇ ਖ਼ੂਬੀਆਂ ਦਾ ਭੰਡਾਰਾ ਮੌਜੂਦ ਹੈ। ਜਿਵੇਂ, ਦਿਆਲੂ, ਕ੍ਰਿਪਾਲੂ, ਭਗਤ ਵਛਲ, ਖ਼ਾਲਿਕ, ਪਾਲਿਕ ਅਤੇ ਘਾਇਕ, ਆਦਿ। ਪ੍ਰੰਤੂ, ਸੁੰਦਰਤਾ ਦੇ ਖੇਤਰ ਵਿਚ ਹੋਰ ਅਨੇਕਾਂ ਲੱਛਣਾਂ ਦੇ ਨਿਸਬਤ, ਸੰਪੂਰਣਤਾ, ਪਰਸਪਰ ਸੰਬੰਧ ਅਤੇ ਤਜੱਲੀ (ਚਮਕ ਦਮਕ) ਆਪਣੀ ਮਿਸਾਲ ਆਪ ਹੀ ਹਨ। ਜੋ ਵਸਤੂ ਭਲੀ ਅਤੇ ਗੁਣ ਸੰਪੰਨ ਹੋਵੇ, ਉਸ ਨੂੰ ਚੰਗੀ ਸੋਹਣੀ ਕਰ ਕੇ ਆਖ ਦੇਣਾ ਇਕ ਸਾਧਾਰਣ ਮੁਹਾਵਰਾ ਹੈ। ਰੱਬੀ ਪ੍ਰਬੰਧ ਇਕ ਐਸਾ ਬਾ-ਸਲੀਕਾ ਪ੍ਰਬੰਧ ਹੈ ਕਿ ਜਿਸ ਵਿਚ ਸਮੁੱਚੀ ਰਚਨਾ ਦਾ ਮੁਨਾਸਿਬ ਤਾਲਮੇਲ (Due proportion of coalesce) ਇਕ ਦੂਜੀ ਵਸਤੂ ਨਾਲ ਜੋੜ ਰੱਖਿਆ ਹੈ, ਭਾਵ, ਹਰ ਪ੍ਰਕਾਰੀ ਜ਼ਿੰਦਗੀ ਇਕ ਦੂਸਰੀ ਜ਼ਿੰਦਗੀ 'ਤੇ ਅਵਿਲੰਬਤ (ਨਿਰਭਰ) ਕਰ ਛੱਡੀ ਹੈ।

ਸਿੱਟੇ ਵਜੋਂ ਜਿਵੇਂ ਇਕ ਚੰਗੇ ਸੁਤਵੇਂ ਜਿਸਮ ਦਾ ਮਰਦ, ਜਿਸਮਾਨੀ ਸੰਗਤਾ ਅਤੇ ਢੁਕਵੇਂ ਰੰਗ ਦੀ ਚਮਕ ਦਮਕ ਭੀ ਰੱਖਦਾ ਹੋਵੇ। ਸਰਾਸਰ ਏਸੇ ਪ੍ਰਕਾਰ ਉਸ ਦੀ ਧਾਰਮਿਕ ਸੁੰਦਰਤਾ ਦਾ ਢਾਂਚਾ, ਸਿਸ਼ਟਾਚਾਰੀ ਚਰਿੱਤਰਤਾ, ਨਿਤਾਪ੍ਰਤਿ ਰੁਝੇਵੇਂ ਅਤੇ ਜੀਵਨ ਵਤੀਰੇ 'ਤੇ ਆਧਾਰਤ ਹੁੰਦਾ ਹੈ। ਐਸੇ ਜੀਵ ਨੂੰ ਆਮ ਜੀਵਨ ਵਿਚ ਚੰਗਾ ਪੁਰਸ਼, ਭਲਾ ਆਦਮੀ, ਅੱਛੇ ਸੁੰਦਰ ਜੀਵਨ ਵਾਲਾ ਇਨਸਾਨ ਆਖ ਸਕਦੇ ਹਾਂ। ਬ੍ਰਹਮੰਡੀ ਜੀਵਾਂ ਦੀ ਚਮਕ ਦਮਕ ਉਸ ਵੇਲੇ ਸੁੰਦਰਤਾ ਦੀਆਂ ਟੀਸੀਆਂ ਨੂੰ ਜਾ ਛੂੰਹਦੀ ਹੈ ਜਦੋਂ ਉਨ੍ਹਾਂ ਦੇ ਵਾਤਾਵਰਣ ਦੀ ਨੁਹਾਰ ਸਾਧਸੰਗਤਿ ਵਿਚ ਘੜੀ ਜਾਵੇ, ਭਾਵ, ਉਨ੍ਹਾਂ ਦੀ ਸੰਗਤਾ ਰੱਬ-ਰੁਜ਼ੀਆਂ ਰੂਹਾਂ ਨਾਲ ਇਕਮਿਕ ਹੋਵੇ, ਜਿਨ੍ਹਾਂ ਦੇ ਚਿਹਰਿਆਂ ਤੋਂ ਹਰਿ ਸਿਮਰਨ ਦੀ ਤਜੱਲੀ ਪ੍ਰਗਟ ਹੋਵੇ। ਉਨ੍ਹਾਂ ਦੀ ਮਨੁੱਖਤਾ ਦਾ ਘੇਰਾ ਭੀ ਅਤਿ ਗਹਿਰ ਗੰਭੀਰ ਅਤੇ ਅਪਾਰੀ ਹੁਸਨ ਦੇ ਜੱਲਾਲ ਵਿਚ ਇਕ ਵੱਖਰੀ ਥਾਹ ਦਾ ਦਾਮਨਗੀਰ ਹੁੰਦਾ ਹੈ, ਜਿਵੇਂ :

> **ਸੇਈ ਸੁੰਦਰ ਸੋਹਣੇ ॥ ਸਾਧਸੰਗਿ ਜਿਨ ਬੈਹਣੇ ॥**
> **ਹਰਿ ਧਨੁ ਜਿਨੀ ਸੰਜਿਆ ਸੇਈ ਗੰਭੀਰ ਅਪਾਰ ਜੀਉ ॥੩॥**
>
> *(ਮਾਝ ਮ: ੫, ਪੰਨਾ 132/10)*

ਅਸਲੀ ਸੁੰਦਰਤਾ ਉਹੀ ਹੈ ਜਿਸ ਦੀ ਆਭਾ ਦੂਸਰੀਆਂ ਚੀਜ਼ਾਂ ਨੂੰ ਨਿਜੀ ਚਮਕ ਦਮਕ, ਸਵੈਮ ਲੱਛਣਾ, ਨਿਜੀ ਸੰਗਤਾ ਦੁਆਰਾ ਦੀਨ ਦੁਨੀ ਦੀ

ਮਾਰਗ-ਦਰਸ਼ੀ ਅਤੇ ਰੌਸ਼ਨੀ ਪ੍ਰਦਾਨ ਕਰੇ। ਸੁਬੁੱਧਤਾ ਦੇ ਖੇਤਰ ਵਿਚ ਸੁੰਦਰਤਾ ਦਾ ਭਾਵ, ਚੀਜ਼ਾਂ ਦੀ ਪਰਸਪਰ ਸੰਗਤਾ, ਚਮਕ ਦਮਕ ਅਤੇ ਸੰਪੂਰਣਤਾ, ਇਨ੍ਹਾਂ ਲੱਛਣਾਂ ਦਾ ਕਾਰਣ ਕੇਵਲ ਇਕ ਹੀ ਹੋ ਸਕਦਾ ਹੈ ਜੋ ਕਿ ਸਮੁੱਚੀ ਪ੍ਰਕਿਰਤੀ ਵਾਸਤੇ, ਨਿਜੀ ਸੰਪੂਰਣਤਾ ਦੇ ਰਾਹੀਂ, ਪਰਸਪਰ ਸੰਗਤਾ (proportion) ਅਤੇ ਚਮਕ ਦਮਕ ਦਾ ਕਾਰਣ ਹੈ।

ਵਾਹਿਗੁਰੂ ਦੀ ਸੁੰਦਰਤਾ ਸਰਬ-ਵਿਆਪਕ ਹੈ, ਪ੍ਰਕਿਰਤੀ ਦੇ ਹਰ ਜ਼ੱਰੇ ਜ਼ੱਰੇ ਵਿਚ ਹੁਸਨ ਦੀ ਸੰਗਤਾ (harmony) ਦਾ ਕਾਰਣ ਭੀ ਕੇਵਲ ਇਕ ਵਾਹਿਗੁਰੂ ਹੀ ਹੈ। ਜੋ ਕੁਝ ਬ੍ਰਹਮੰਡ ਦੇ ਵਿਚ ਵਿਆਪਕ ਹੋ ਰਿਹਾ ਹੈ ਸਰਾਸਰ ਉਹੀ ਸੁੰਦਰਤਾ, ਜੀਵ ਦੇ ਸਰੀਰ ਵਿਚ ਭੀ ਪਰੀਪੂਰਣ ਹੋ ਰਹੀ ਹੈ। ਗ਼ਰਜ਼ੇਕਿ, ਜੀਵ ਨੂੰ ਬਾਹਿਰ ਜਾਣ ਦੀ ਆਵਸ਼ਕਤਾ ਨਹੀਂ ਹੈ। ਰੱਬੀ ਹੁਸਨ ਦਾ ਜਮਾਲ ਇਸ ਦੀ ਕਾਇਆਂ ਦੇ ਹਰ ਗੋਸ਼ੇ ਵਿਚ ਪਰੀਪੂਰਨ ਹੋ ਰਿਹਾ ਹੈ, ਜਿਵੇਂ:

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥

(ਧਨਾਸਰੀ ਪੀਪਾ ਜੀ, ਪੰਨਾ 695/13)

ਇਥੇ ਤਕ ਪ੍ਰਕਿਰਤੀ ਪ੍ਰਤਿ ਕੀਤੀ ਗਈ ਵਿਆਖਿਆ ਸਮਾਪਤ ਹੁੰਦੀ ਹੈ, ਜਿਸ ਵਿਚ ਪ੍ਰਕਿਰਤੀ ਦੇ ਵਿਸਥਾਰ ਨੂੰ ਪੰਜਾਂ ਭਾਗਾਂ ਦੁਆਰਾ ਵਿਵਰਣ ਕਰਨ ਦਾ ਯਤਨ ਕੀਤਾ ਗਿਆ ਹੈ। ਜਿਵੇਂ ਸਰੀਰ ਮੰਡਲ, ਸੰਸਾਰ ਮੰਡਲ, ਸੂਰਜ ਮੰਡਲ, ਤਾਰਿਕਾ ਮੰਡਲ ਅਤੇ ਬ੍ਰਹਮ ਮੰਡਲ ਆਦਿ। ਪ੍ਰਕਿਰਤੀ ਸੰਦਰਭ ਦਾ ਅੰਤਮ ਭਾਗ ਬ੍ਰਹਮ ਮੰਡਲ ਹੈ। ਬ੍ਰਹਮ ਮੰਡਲ ਇਕ ਐਸੀ ਵਾਸਤਵਿਕਤਾ ਹੈ ਜਿਸ ਵਿਚ ਵਾਹਿਗੁਰੂ ਦੀ ਅਥਾਹ ਅਤੇ ਅਨੰਤ ਰਚਨਾ ਦਾ ਪਸਾਰਾ ਪਸਰਿਆ ਹੋਇਆ ਹੈ। ਦੁਨੀਆ ਦੇ ਵੱਡੇ ਵੱਡੇ ਚਿੰਤਕ ਅਤੇ ਮਹਾਨ ਦਰਸ਼ਨ ਸ਼ਾਸਤਰੀ ਵਾਹਿਗੁਰੂ ਦੀ ਰਚਨਾ ਪ੍ਰਤੀ ਕਿਆਸੀ ਅਨੁਮਾਨ ਕਰਦੇ ਕਰਦੇ ਥੱਕ ਗਏ, ਪ੍ਰੰਤੂ ਉਸ ਦੀ ਕੁਦਰਤਿ ਦਾ ਅੰਤ ਨਹੀਂ ਪਾ ਸਕੇ। ਉਸ ਸੁਆਮੀ ਦਾ ਨਾਮ ਅਤੇ ਉਹ ਸਾਈਂ ਅਮੁਲੀਕ ਹੈ, ਉਸ ਦੀ ਕੀਮਤ ਅਤੇ ਗਿਣਤੀ ਮਿਣਤੀ ਕਰਨਾ ਇਨਸਾਨ ਦੀ ਪਾਇਆਂ ਤੋਂ ਬਾਹਿਰ ਹੈ। ਹਾਂ, ਜਿਨ੍ਹਾਂ 'ਤੇ ਸਤਿਗੁਰੂ ਦੀ ਰਹਿਮਤ ਹੋ ਜਾਵੇ, ਉਹ ਗੁਰਮੁਖ ਪਿਆਰੇ, ਉਸ ਸਾਈਂ ਦੇ ਨਾਮ ਦੀਆਂ ਦਾਤਾਂ ਅਤੇ ਅਨੰਤਤਾ ਦਾ ਰੰਗ ਮਾਣ ਸਕਦੇ ਹਨ, ਜਿਵੇਂ:

ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥
ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥੧॥

(ਸਿਰੀਰਾਗੁ ਮ: ੫, ਪੰਨਾ 81/1)

ਸੱਚਾ ਸਾਈਂ ਅਤੇ ਉਸ ਦਾ ਨਾਮ ਪ੍ਰਕਿਰਤੀ ਦੇ ਹਰ ਜ਼ੱਰੇ ਜ਼ੱਰੇ ਵਿਚ

ਵਿਆਪਕ ਹੋ ਰਿਹਾ ਹੈ। ਪ੍ਰਕਿਰਤੀ ਦੀ ਹਰ ਸ਼ੈ ਦਾ ਕਾਰਣ, ਨਾਮੀ ਅਤੇ ਉਸ ਦਾ ਨਾਮ ਹੈ। ਜਿਤਨੇ ਭੀ ਖੰਡ ਬ੍ਰਹਮੰਡ ਹਨ, ਇਨ੍ਹਾਂ ਦੀ ਸਥਾਪਨਾ, ਕਾਦਰ ਦੇ ਨਾਮ/ਹੁਕਮ ਦੁਆਰਾ ਹੀ ਵਜੂਦ ਵਿਚ ਆਉਂਦੀ ਹੈ। ਸਮੂਲਚੀ ਰਚਨਾ ਦਾ ਨਿਰਮਾਣਿਕ ਕਲਾਕਾਰ (Architect) ਉਹ ਕਾਦਰ ਆਪ ਹੈ। ਕੁਦਰਤ ਦੀ ਹਰ ਵਸਤੂ ਦਾ ਉਸਰੱਯਾ (Builder) ਉਸ ਦਾ ਨਾਮ/ਹੁਕਮ ਹੈ। ਜਿਸ ਦੀ ਸਾਖਾ ਪਾਵਨ ਗੁਰਬਾਣੀ ਦੇ ਦਰਪਣ ਦੁਆਰਾ ਅਵਲੋਕਨ ਕੀਤੀ ਜਾ ਸਕਦੀ ਹੈ, ਜਿਵੇਂ :

ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥

(ਗਉੜੀ ਸੁਖਮਨੀ ਮ: ੫, ਪੰਨਾ 284/11)

ਦਾਰਸ਼ਨਿਕ ਤਰਕਸ਼ੀਲਤਾ ਬਹੁਤ ਅੱਛੀ ਵਸਤੂ ਹੈ, ਜਿਸ ਦੇ ਆਧਾਰ 'ਤੇ ਅਨੁਭਵੀ ਵਿਰਤੀ ਦਾ ਆਰੰਭ ਹੁੰਦਾ ਹੈ। ਪ੍ਰੰਤੂ, ਜਿਸ ਵੇਲੇ ਕੋਈ ਦਾਰਸ਼ਨਿਕ ਰੱਬੀ ਰਹਿਮਤ ਅਤੇ ਇਲਹਾਮੀ ਰਜ਼ਾਕਾਰੀ ਨੂੰ ਲਾਂਭੇ ਰੱਖ ਕੇ ਤਰਕਵਿਤਰਕ ਦੀ ਮਸਲੇਬਾਜ਼ੀ ਦੇ ਚੁੰਗਲ ਵਿਚ ਉਲਝ ਜਾਵੇ, ਉਹ ਕਾਦਰ ਅਤੇ ਕੁਦਰਤ ਦੇ ਰਹੱਸ ਨੂੰ ਸਮਝਣੋਂ ਅਸਮਰੱਥ ਰਹਿੰਦਾ ਹੈ। ਰੱਬੀ ਰਹਿਮਤ ਤੋਂ ਖੁੰਝਿਆ ਹੋਇਆ ਵਿਤੰਡਵਾਦੀ, ਇਲਹਾਮੀ ਰਸ ਮਾਣਨ ਦੀ ਬਜਾਇ ਨਾਸਤਿਕਤਾ ਦੇ ਗ੍ਰਹਿ ਵਿਚ ਪ੍ਰਵੇਸ਼ ਕਰਦਾ ਹੈ।

ਰੱਬੀ ਹੁਸਨ ਦੀ ਆਭਾ ਪੰਚ-ਮੁਖੀ ਗਿਆਨ ਦਾ ਵਿਸ਼ਾ ਨਹੀਂ ਹੈ, ਸਰੀਰਕ ਅੱਖੀਆਂ ਦੁਆਰਾ ਵਾਹਿਗੁਰੂ ਦੀ ਸੁੰਦਰਤਾ ਵੇਖਣੀ ਅਸੰਭਵ ਹੈ। ਤਰਕਵਾਦੀ ਵਾਦਿ ਵਿਵਾਦਿ ਦੁਆਰਾ ਸੱਚ ਦੀ ਚਮਕ-ਦਮਕ ਅਲੋਪ ਹੋਇ ਨਿਬੜਦੀ ਹੈ। ਸਰਾਸਰ ਇਹੀ ਖ਼ਿਆਲ ਇਮਰਸਨ ਨੇ ਭੀ ਦਰਸਾਇਆ ਹੈ ਜਿਵੇਂ, "Under the polemically argument truth ceased itself." ਅੰਨਯਮਤੀਆਂ ਦੇ ਧਾਰਮਿਕ ਗ੍ਰੰਥ ਉਪਨਿਸ਼ਦਾਂ ਵਿਚ ਕਈ ਥਾਈਂ ਐਸਾ ਹੀ ਜ਼ਿਕਰ ਕੀਤਾ ਗਿਆ ਕਿ ਪ੍ਰਮੇਸ਼ਵਰ ਦਾ ਸਰੂਪ ਨੇਤਰਾਂ ਦੀ ਦ੍ਰਿਸ਼ਟੀ ਦਾ ਵਿਸ਼ਜ ਨਹੀਂ ਹੈ। ਜਿਵੇਂ :

"नचक्षु ना पश्यति कश्च नैनम्।"

(ਸ੍ਵੇਤਾਸ਼੍ਵਤਰ ਉਪਨਿਸ਼ਦ, ਅਧਿ 4, ਮੰਤ੍ਰ 20)

ਲਿਹਾਜ਼ਾ ਰੱਬੀ ਹੁਸਨ ਦੀ ਆਭਾ ਨੂੰ ਦ੍ਰਿਸ਼ਟੀਮਾਨ ਕਰਨ ਹਿਤ ਰੱਬ ਦੀ ਨਿਰਾਕਾਰਤਾ ਵਿਚ ਪ੍ਰਵੇਸ਼ ਕਰਨਾ ਪਵੇਗਾ, ਕਿਉਂਕਿ ਈਸ਼ਵਰੀ ਸੁੰਦਰਤਾ ਨੂੰ ਅਵਲੋਕਨ ਕਰਨ ਵਾਲਾ ਦਰਪਣ, ਪੰਚ-ਮੁਖੀ ਗਿਆਨ ਮਨ ਅਤੇ ਬੁੱਧੀ ਦਾ ਪਦਾਰਥਿਕ ਵਿਸ਼ਜ ਨਹੀਂ ਹੈ। ਗ਼ਾਰਜ਼ੋਕਿ, ਰੱਬੀ ਹੁਸਨੋ-ਜਮਾਲ ਦੀਆਂ ਨੂਰਾਨੀ ਕਿਰਨਾਂ ਹਰ ਜ਼ੱਰੇ ਜ਼ੱਰੇ ਵਿਚ ਓਤਿ ਪੋਤਿ ਹੋ ਰਹੀਆਂ ਹਨ। ਜਿਸ ਵੇਲੇ ਦ੍ਰਿਸ਼ਟਾ ਅਤੇ ਦ੍ਰਿਸ਼ਟੀਮਾਨ ਇਕ ਦੂਸਰੇ ਵਿਚ ਲੀਨ ਹੋ ਜਾਂਦੇ ਹਨ, ਤਦ ਸਮੂਲਚੇ

ਬ੍ਰਹਮੰਡ ਦੀ ਬਿਖਰੀ ਹੋਈ ਸੁੰਦਰਤਾ ਕੇਵਲ ਇਕ ਆਨੰਦਮਈ ਕੇਸ਼ ਵਿਚ ਅਭੇਦ ਹੋਇ ਨਿਖਰਦੀ ਹੈ। ਅੰਤਮ ਸਮੇਂ ਰੱਬੀ ਸੁੰਦਰਤਾ ਵਿਚ ਲੀਨਤਾ ਪ੍ਰਾਪਤ ਕਰਨੀ ਹੀ ਸਮੁਲਚੇ ਬ੍ਰਹਮੰਡ ਦਾ ਨਿਸ਼ਾਨਾ ਹੈ। ਜਿਥੇ ਪਹੁੰਚ ਕੇ ਹਰ ਬ੍ਰਹਮੰਡੀ ਵਸਤੂ, ਬ੍ਰਹਮੰਡੀ ਸੁੰਦਰਤਾ ਨੂੰ ਲੰਘ ਕੇ, ਸਦੀਵੀ ਹੁਸਨ ਦੀ ਆਨੰਦਮਈ ਆਭਾ ਵਿਚ ਸਮਾ ਜਾਂਦੀ ਹੈ, ਔਰ ਦਿਬਦ੍ਰਿਸ਼ਟੀ ਅਵਲੋਕਨੀ ਦੁਆਰਾ ਸਭਨੀ ਥਾਈਂ ਹੀ "ਅਨਦ ਰੂਪੁ ਸਭੁ ਨੈਨ ਅਲੋਇਆ" ਦੀ ਸਥਿਤੀ ਹੋਇ ਨਿਖਰਦੀ ਹੈ। ਜਿਵੇਂ :

> **ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ ॥**
> **ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ ॥**
> **ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ ॥**
> **ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥**
> **ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ ॥੧੨॥**

(ਵਾਰ ਸਿਰੀਰਾਗੁ ਮ: ੪, ਪੰਨਾ 87/16)

ਨਿਰੰਕਾਰ ਦੇ ਦੇਸ ਦੀ ਮਾਰਗ-ਸ਼ੈਲੀ ਸੰਸਾਰੀ ਮਾਰਗ-ਸ਼ੈਲੀ ਨਾਲੋਂ ਵੱਖਰੀ ਹੈ। ਇਸ ਰਮਜ਼ ਦਾ ਕੋਈ ਭੇਦ ਨਹੀਂ ਕਿ ਉਹ ਕਿਸ ਗੱਲ 'ਤੇ ਪ੍ਰਸੰਨ ਹੁੰਦਾ ਹੈ। ਕਿਸ ਨੇਕੀ ਦੇ ਕੀਤਿਆਂ ਰੀਝਦਾ ਹੈ। ਕੈਸੀ ਭਗਤੀ ਭਾਉ ਨੂੰ ਵੇਖ ਕੇ ਤਰੁੱਠਦਾ ਅਤੇ ਕਿਸ ਨੂੰ ਕਿਸ ਸਮੇਂ ਨਿਜੀ ਜਮਾਲ ਦੀ ਆਭਾ ਅਥਵਾ ਸਦੀਵ ਹੁਸਨ ਦੀ ਝਲਕ ਵਿਚ ਓਤਿ ਪੋਤਿਕ ਨਜ਼ਰਾਨਾ ਬਖ਼ਸ਼ਦਾ ਹੈ, ਜਿਵੇਂ :

> **ਜਾਨਉ ਨਹੀ ਭਾਵੈ ਕਵਨ ਬਾਤਾ ॥** *(ਸਿਰੀ ਮ: ੫, ਪੰਨਾ 71/6)*

ਇਸਲਾਮੀ ਦੁਨੀਆ ਦੇ ਅਉਲੀਆ ਦੀ ਸ਼੍ਰੇਣੀ ਵਿਚ ਇਕ ਜ਼ਿਕਰ ਆਇਆ ਹੈ ਕਿ ਅਬੀਦਾ ਨਾਮ ਦੀ ਇਕ ਅਤਿਅੰਤ ਹੀ ਹੁਸੀਨ ਅਤੇ ਅਲਬੇਲੀ ਨੱਢੀ, ਜਿਸ ਦੀ ਆਰੰਭਕ ਜੀਵਨੀ ਇਸਲਾਮੀ ਸ਼ਰਹਸ਼ਰੀਯੱਤ ਦੇ ਅਨੁਕੂਲ ਨਹੀਂ ਸੀ। ਅਬੀਦਾ ਬਹੁਤ ਹੀ ਚੰਚਲ ਅਤੇ ਨਾਜ਼-ਨਖ਼ਰਾ ਭਰਪੂਰ ਔਰਤ ਸੀ। ਇਸਤਰੀ ਮਰਯਾਦਾ ਦੇ ਅਨੁਸਾਰ ਅਬੀਦਾ ਇਤਨੀ ਸ਼ਰਮੀਲੀ ਅਥਵਾ ਲਾਜਵੰਤੀ ਭੀ ਨਹੀਂ ਸੀ। ਇਸ ਦੀ ਸਰੀਰਕ ਬਣਤਰ ਅਤੇ ਰੰਗ ਰੂਪ ਦੀ ਸ਼ੋਖ਼ੀ ਭੀ ਕੰਚਨ ਕਾਇਆਂ ਜੈਸੀ ਅਥਵਾ ਸ਼ਕੀਲੋ-ਜਮੀਲ (ਸੁੰਦਰਤਾ) ਦੀ ਸੀਮਾ ਨੂੰ ਲੰਘ ਚੁੱਕੀ ਸੀ। ਇਸ ਦੀ ਨਿਤਾਪ੍ਰਤਿ ਜੀਵਨੀ ਨੂੰ ਵੇਖ ਕੇ ਸ਼ਰਈ ਲੋਕ ਇਸ ਤੋਂ ਨਫ਼ਰਤ ਕਰਦੇ ਅਤੇ ਘਿਰਣਤ ਦ੍ਰਿਸ਼ਟੀ ਨਾਲ ਵੇਖਦੇ ਸਨ। ਅਬੀਦਾ ਦੀ ਜ਼ਿੰਦਗੀ ਵਿਚ ਇਕ ਦਿਨ ਐਸਾ ਆਇਆ ਕਿ ਇਬਾਦਤ ਸਥਾਨ ਨੂੰ ਨਿਜੀ ਇਸ਼ਕ ਦੀ ਸ਼ਮ੍ਹਾ ਬਣਾ ਬੈਠੀ। ਕਿਸੇ ਸ਼ਰਈ ਦੀਆਂ ਨਜ਼ਰਾਂ ਅਬੀਦਾ ਦੀ ਨਖ਼ਰੀਲੀ ਦੁਨੀਆ ਨੂੰ ਵੇਖ ਕੇ, ਹਕਾਰਤ (ਗਿਲਾਨੀ) ਦੀ ਅਗਨੀ ਵਿਚ ਦਗਧ ਹੋ ਉਠੀਆਂ। ਗਰਜ਼ੇਕਿ, ਅਬੀਦਾ ਸ਼ਰਹ ਦੀ ਕੜਿੱਕੀ ਵਿਚ ਆਣ ਫਿੱਗੀ।

ਇਨ੍ਹਾਂ ਹੀ ਦਿਨਾਂ ਵਿਚ ਮਸੀਤ ਦੇ ਮੀਨਾਰ ਤੋਂ ਅਬੀਦਾ ਦੇ ਕੰਨਾਂ ਵਿਚ ਅਜ਼ਾਨ (ਬਾਂਗ) ਸੁਣਾਈ ਦਿੱਤੀ ਹੈ। ਆਵਾਜ਼ ਆਈ :

"ਅੱਲ੍ਹਾ ਅਕਬਰ, ਅੱਲ੍ਹਾ ਅਕਬਰ, ਅੱਲ੍ਹਾ ਅਕਬਰ, ਅੱਲ੍ਹਾ ਅਕਬਰ !"

ਅੱਲ੍ਹਾ ਅਕਬਰ ਦੀ ਆਵਾਜ਼ ਨੂੰ ਸੁਣਦਿਆਂ ਹੀ ਅਬੀਦਾ ਨੇ ਆਖਿਆ—ਨਹੀਂ ਨਹੀਂ, 'ਜੱਲੇ ਜੱਲਾਲ ਹੂ ਅੱਲ੍ਹਾ, ਜੱਲੇ ਜੱਲਾਲ ਹੂ ਅੱਲ੍ਹਾ' ਭਾਵ ਅੱਲ੍ਹਾ ਦੀ ਆਭਾ, ਅੱਲ੍ਹਾ ਅਕਬਰ ਨਾਲੋਂ ਭੀ ਬਹੁਤ ਵੱਡੀ ਹੈ। ਉਸ ਨੇ ਐਸੇ ਅੰਦਾਜ਼ ਦੁਆਰਾ ਅੱਲ੍ਹਾ ਦੀ ਪ੍ਰਸ਼ੰਸਾ ਕੀਤੀ ਕਿ ਉਸ ਦੀ ਜ਼ਿੰਦਗੀ ਦੀ ਸੁਲੱਖਣੀ ਛਿਨ, ਪੰਚ ਪ੍ਰਵਾਨ ਦੀਆਂ ਮੰਜ਼ਲਾਂ ਨੂੰ ਸਰ ਕਰਦੀ ਹੋਈ ਕਿਸੇ ਗੈਬੀ ਪਰਾ ਜੀਨਤ ਵਿਚ ਅਭੇਦ ਹੋ ਨਿਬੜੀ। ਉਸ ਦੇ ਅੰਤ੍ਰੀਵੀ ਹਿਰਦੇ ਦੀ ਹੂਕ "ਏਕ ਚਿੱਤ ਜਿਹ ਇਕ ਛਿਨ ਧਿਆਇਓ ॥ ਕਾਲ ਫਾਸ ਕੇ ਬੀਚ ਨ ਆਇਓ ॥" ਦੀਆਂ ਮੰਜ਼ਲਾਂ ਨੂੰ ਪਾਰ ਕਰਦੀ ਹੋਈ "ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ" ਜੈਸੀ ਅਬਦੀ ਦੁਨੀਆ ਦੇ ਹੁਸਨ ਵਿਚ ਹਮੇਸ਼ਾ ਵਾਸਤੇ ਲੀਨ ਹੋ ਗਈ।

ਜਾਲਉ ਨਚੀ ਭਾਵੈ ਕਵਨ ਬਾਤਾ ॥ *(ਪੰਨਾ 71/6)*

ਇਥੇ ਪੰਜਵਾਂ ਪ੍ਰਕਰਣ ਸਮਾਪਤ ਹੁੰਦਾ ਹੈ, ਇਸ ਤੋਂ ਅੱਗੇ "ਧਰਮ ਦੀ ਦੁਨੀਆ" ਪ੍ਰਤਿ ਵਿਚਾਰ ਵਿਮੱਰਸ਼ ਕਰਨ ਦੀ ਆਗਿਆ ਚਾਹੁੰਦੇ ਹਾਂ।

6

ਧਰਮ ਦੀ ਦੁਨੀਆ

6.37 ਧਰਮ:ਸੰ:ਪੁ: [ਧਰਮ] ਜੀਵਨ ਦਾ ਉਹ ਪਵਿੱਤਰ ਨਿਯਮ ਜਿਸ ਦੇ ਆਧਾਰ 'ਤੇ ਸਮੁੱਚੀ ਪ੍ਰਕਿਰਤੀ ਕਿਸੇ ਖ਼ਾਸ ਜ਼ਬਤ ਦੇ ਅਧੀਨ ਨਿਯਮਬੱਧ ਹੋ ਰਹੀ ਹੈ। ਜ਼ਿੰਦਗੀ ਦਾ ਐਸਾ ਨਿਯਮ ਜਿਸ ਦੇ ਆਧਾਰ 'ਤੇ ਜੀਵ ਨਿਜੀ ਮੂਲ ਵਿਚ ਪ੍ਰਵੇਸ਼ ਕਰਦਾ ਹੈ। ਜਿਸ ਕਰਮ ਦੇ ਕੀਤਿਆਂ ਇਨਸਾਨ ਦਾ ਜੀਵਨ ਸਫਲ ਹੋਵੇ, ਐਸਾ ਕਰਮ ਕਰਨਾ ਹੀ ਧਰਮ ਹੈ। ਜਿਸ ਵਸਤੂ ਵਿਚ ਅਸਾਡਾ ਵਿਸ਼ਵਾਸ ਹੈ, ਉਹੀ ਅਸਾਡਾ ਧਰਮ ਹੈ। ਜਿਸ ਵਿਸ਼ਵਾਸ ਤੋਂ ਅਸਾਨੂੰ ਆਤਮਕ ਸ਼ਕਤੀ ਪ੍ਰਾਪਤ ਹੋਵੇ, ਉਹੀ ਧਰਮ ਹੈ। ਨਿਜੀ ਸਫਲਤਾ ਦੀ ਪੂਰਤੀ ਹਿਤ ਕੀਤੀ ਗਈ ਬੰਦਗੀ ਦਾ ਜੋ ਅਕੀਦਾ ਹੈ, ਉਹੀ ਧਰਮ ਹੈ। ਜਿਸ ਕਰਮ ਦੇ ਕੀਤਿਆਂ ਲੋਕ ਪ੍ਰਲੋਕ ਸਫਲਾ ਹੋਵੇ, ਉਹੀ ਧਰਮ ਹੈ।

ਇਤਬਾਰ ਕਰਨਾ, ਯਕੀਨ, ਭਰੋਸਾ, ਅਕੀਦ੍ਹਾ, ਈਮਾਨ, ਮਜ਼ਹਬ, ਜ਼ਿੰਮੇਵਾਰੀ, ਇਕਰਾਰ, ਕੌਲੋ ਇਕਰਾਰ, ਏਕ ਨਾ-ਦੀਦਾਹ ਹਸਤੀ ਪਰ ਈਮਾਨ, ਰੂਹਾਨੀਅਤ, ਮਜ਼ਹਬੀ ਰਸਮ ਕੀ ਅਦਾਇਗੀ, ਪੱਕਾ ਹੁਕਮ ਜਾਂ ਕਾਨੂੰਨ, ਰਸਮੋ-ਰਿਵਾਜ, ਮਜ਼ਹਬੋ-ਮਿਲਤ, ਦਸਤੂਰ, ਕਾਇਦਾ, ਹੱਕੋ-ਇਨਸਾਫ਼, ਨੇਕੀ ਜਾਂ ਨੇਕ ਕਾਮ, ਨਿਸ਼ਾਨਿ ਖ਼ੁਸੂਸੀਯੱਤ, ਮੰਨਨ ਕਰਨਾ, ਆਦਿ।

(a) Religion, the service and worship of God or the supernatural; (b) Commitment or devotion to religious faith or observance; (c) A personal set or institutionalized system of religious attitudes, beliefs and practices; (d) Scruplous conformity; (e) Conscientiousness; (f) a cause, principle, or system of beliefs held to with Ardor/Ardour and faith; (g) Believe, trust; (h) Righteousness, duty, virtue, merit, honesty, sect, justice, characteristics, faith.

6.38 ਧਰਮ ਦਾ ਸੰਕਲਪ

ਸੰਸਾਰ ਦੇ ਸਮੂਲਚੇ ਧਾਰਮਿਕ ਢਾਂਚੇ ਨੂੰ ਕਿਸੇ ਵਿਸ਼ੇਸ਼ ਗਤੀ ਵਿਚ ਉਲੀਕਣਾ ਕੋਈ ਸਾਧਾਰਨ ਵਿਸ਼ਾ ਨਹੀਂ ਹੈ। ਧਰਮਾਂ ਦੀ ਸੰਖਿਆ ਬਹੁਤ ਵੱਡੀ ਹੈ। ਸੰਸਾਰੀ ਲੋਕਾਂ ਵਾਸਤੇ ਧਰਮ ਇਕ ਸੰਗਠਤ ਕੀਤਾ ਹੋਇਆ ਢੰਗ ਅਤੇ ਸਾਧਨ ਹੈ ਜਿਸ ਦੇ ਆਧਾਰ 'ਤੇ ਇਕ ਜਮਾਇਤ ਦੇ ਰੂਪ ਵਿਚ ਜੁੜ ਕੇ ਆਪਣੇ ਪੂਜਯ ਦੀ ਉਪਾਸ਼ਨਾ ਕਰਦੇ, ਧਾਰਮਕ ਰਸਮੀ-ਰੀਤੀਆਂ ਨੂੰ ਮਨਾਂਦੇ, ਆਪਣੇ ਪ੍ਰਭੂ ਦੀ ਸਰਣਿ ਵਿਚ ਇਕੱਤਰ ਹੁੰਦੇ, ਬੰਦਗੀ ਅਤੇ ਸਜਦੇ ਭੇਟਾ ਕਰਦੇ ਹਨ। ਕਈ ਧਰਮ ਐਸੇ ਭੀ ਹਨ ਜੋ ਅਨਿਕ ਪ੍ਰਕਾਰੀ ਦੇਵ ਪੂਜਾ ਭੀ ਕਰਦੇ ਹਨ। ਹਰ ਇਕ ਧਰਮ ਦੀ ਆਪਣੀ ਆਪਣੀ ਰੁਚੀ ਅਤੇ ਭਰੋਸਾ ਹੈ ਕਿ ਉਹ ਕਿਸ ਢੰਗ ਦੁਆਰਾ ਅਤੇ ਕਿਸ ਦੀ ਉਪਾਸ਼ਨਾ ਕਰਦੇ ਹਨ। ਇਸ਼ਟ ਅਤੇ ਉਪਾਸ਼ਨਾ ਪ੍ਰਤਿ ਅੱਗੇ ਚੱਲ ਕੇ ਵਿਚਾਰ ਵਿਮਰਸ਼ ਕੀਤੀ ਜਾਵੇਗੀ। ਗਰਜ਼ੇਕਿ, ਸਮੂਲਚੀ ਧਾਰਮਿਕ ਪ੍ਰਣਾਲੀ ਹੀ, ਸੁਖਾਂ ਦੀ ਪ੍ਰਾਪਤੀ ਅਤੇ ਦੁਖਾਂ ਦੀ ਨਵਿਰਤੀ ਹਿਤ, ਆਪਣੇ ਪੂਜਯ ਦੀ ਉਪਾਸਨਾ ਭਿੰਨ ਭਿੰਨ ਵਿਧੀਆਂ ਦੁਆਰਾ ਆਯੋਜਤ ਕਰਦੀ ਹੈ। ਆਮ ਸੰਸਾਰੀ ਜੀਵਾਂ ਦਾ ਅਕੀਦ੍ਹਾ ਹੈ ਕਿ ਕੋਈ ਮਹਾਂ ਸੁਬੱਲ ਅਤੇ ਪਵਿੱਤਰ ਸ਼ਕਤੀ ਹੈ ਜਿਸ ਨੇ ਸਮੂਲਚੇ ਸੰਸਾਰ ਨੂੰ ਰਚਿਆ ਅਤੇ ਹਰ ਜੀਵ ਦੀ ਜ਼ਿੰਦਗੀ ਨੂੰ ਪ੍ਰਭਾਵਤ ਕਰਦੀ ਹੈ।

ਆਮ ਦੁਨਿਆਵੀ ਜੀਵ ਅਨੇਕਾਂ ਕਾਰਣਾਂ ਦੇ ਆਧਾਰ 'ਤੇ ਨਿਜੀ ਧਰਮਾਂ ਦਾ ਅਭਿਆਸ ਕਰਦੇ ਹਨ। ਸਾਰੀ ਦੁਨੀਆ ਵਿਚ ਅਕਸਰ ਲੋਕ ਧਰਮ ਦੀ ਪਾਲਣਾ ਇਸ ਵਾਸਤੇ ਕਰਦੇ ਹਨ ਕਿਉਂਕਿ ਧਰਮ ਉਨ੍ਹਾਂ ਦੀ ਸਭਿਅਤਾ, ਕਬੀਲਾ ਜਾਂ ਖ਼ਾਨਦਾਨੀ ਵਿਰਸਾ ਹੁੰਦਾ ਹੈ। ਧਰਮ ਪਾਲਿਕ ਲੋਕਾਂ ਨੂੰ ਉਨ੍ਹਾਂ ਦਾ ਧਰਮ ਐਸਾ ਇਹਸਾਸ ਪ੍ਰਦਾਨ ਕਰਦਾ ਹੈ ਕਿ ਹਰ ਤਰ੍ਹਾਂ ਦੇ ਜੀਵਨ ਖੇਤਰ ਵਿਚ ਉਨ੍ਹਾਂ ਦੀ ਸੁਰੱਖਿਆ ਹੋ ਰਹੀ ਹੈ ਔਰ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਕੋਈ ਪਵਿੱਤਰ ਸ਼ਕਤੀ ਹਰ ਸਮੇਂ ਅਸਾਡੇ ਮੰਦੇ ਚੰਗੇ ਕਰਮਾਂ ਨੂੰ ਵੇਖ ਰਹੀ ਹੈ। ਗਰਜ਼ੇਕਿ, ਧਰਮੀ ਲੋਕ ਆਪਣੇ ਇਸ਼ਟ ਦੇ ਸਨਮੁਖ ਨਿਜੀ ਸੁਰੱਖਿਆ ਪ੍ਰਤਿ, ਸੰਸਾਰੀ ਅਤੇ ਨਿਰੰਕਾਰੀ ਦਾਤਾਂ ਦੀ ਪ੍ਰਾਪਤੀ ਹਿਤ ਜੋਦੜੀਆਂ ਭੀ ਕਰਦੇ ਹਨ। ਸੰਸਾਰੀ ਲੋਕਾਂ ਦੀ ਘਣੀ ਸੰਖਿਆ ਇਸ ਵਾਸਤੇ ਭੀ ਨਿਜੀ ਧਰਮ ਦੀ ਪਾਲਣਾ ਕਰਦੀ ਹੈ ਕਿ ਉਨ੍ਹਾਂ ਦਾ ਧਰਮ ਉਨ੍ਹਾਂ ਵਾਸਤੇ ਮੁਕਤੀਦਾਤਾ, ਲੋਕ ਪ੍ਰਲੋਕ ਦੀ ਪ੍ਰਸੰਨਤਾ ਅਤੇ ਮੌਤ ਤੋਂ ਉਪਰੰਤ ਅੱਛੇ ਅੰਜਾਮ ਦੀ ਕਲਪਨਾ ਕੀਤੀ ਜਾਂਦੀ ਹੈ। ਕੁਝ ਲੋਕ ਐਸੇ ਭੀ ਹਨ, ਜਿਨ੍ਹਾਂ ਵਾਸਤੇ ਉਨ੍ਹਾਂ ਦਾ ਧਰਮ ਵਿਅਕਤੀਗਤ ਸੰਵੇਦਨਸ਼ੀਲਤਾ, ਵਿਵੇਕਤਾ, ਮਨੋਸਥਿਤੀ, ਸਹਜ ਬ੍ਰਿਤੀ, ਅਨੁਭੂਤੀ ਸੰਵੇਦਨ, ਇੰਦ੍ਰੀ ਅਨੁਭਵਸ਼ੀਲਤਾ, ਪ੍ਰਤੱਖ ਗਿਆਨ ਦੀ ਯੋਗਤਾ, ਅੰਤ੍ਰੀਵੀ ਚੇਤਨਤਾ,

ਵਿਵਹਾਰਿਕ ਗਿਆਨ, ਤਾਤਪਰਜ ਗਿਆਨ, ਸਾਰੰਸ਼ ਅਨੁਭਵਤਾ, ਧਰਮੀ ਜੀਵਨ ਦੇ ਸਹੀ ਅਰਥ ਸਮਝਣਾ, ਨਿਤਾਪ੍ਰਤਿ ਜੀਵਨ ਜਾਂਚ, ਕੁਵੱਤੇ ਮਦਰਿਕਾਹ ਕੋ ਸਮਝਣਾ (ਐਸੀ ਦਿਮਾਗ਼ੀ ਸ਼ਕਤੀ ਜਿਥੋਂ ਚੀਜ਼ਾਂ ਦੀ ਵਾਸਤਕਿਤਾ ਮਾਲੂਮ ਹੋ ਸਕੇ), ਸੋਚ ਸਮਝ, ਤਮੀਜ਼, ਸ਼ਊਰ, ਅਤੇ ਹਵਾਸੇ ਖ਼ਮਸਾਹ (ਪੰਚ-ਮੁਖੀ ਗਿਆਨ) ਜੈਸੀਆਂ ਸਾਰਥਕ ਵਸਤੂਆਂ ਦਾ ਗਿਆਨ ਬਖ਼ਸ਼ਦਾ ਹੈ। ਗ੍ਰਿਹਸਥੀ ਜੀਵਨ ਦੀ ਜਾਂਚ, ਗ੍ਰਿਹਸਥ ਵਿਚ ਰਹਿੰਦਿਆਂ ਪ੍ਰਯੋਜਨ ਦੀ ਪ੍ਰਾਪਤੀ, ਪਾਖੰਡਵਾਦਿ ਅਤੇ ਹੱਠਧਰਮੀ ਜੈਸੀਆਂ ਨਖਿੱਧਾਤਮਕ ਰੀਤੀਆਂ ਤੋਂ ਸੁਚੇਤਨਤਾ ਆਦਿ ਪ੍ਰਦਾਨ ਕਰਦਾ ਹੈ।

ਧਰਮ ਦੇ ਆਸਰੇ ਜੀਵ ਨੂੰ ਇਹ ਗਿਆਨ ਪ੍ਰਾਪਤ ਹੁੰਦਾ ਹੈ ਕਿ ਮਾਣਸ ਜਨਮ ਦਾ ਪ੍ਰਯੋਜਨ ਅਥਵਾ ਲਕਸ਼ ਕੀ ਹੈ ? ਜੀਵਨ ਦੀ ਅੰਤਮ ਮੰਜ਼ਲ ਕਿਹੜੀ ਹੈ ? ਮੰਜ਼ਲ ਤਕ ਰਸਾਈ ਕਰਨ ਦਾ ਢੰਗ ਅਤੇ ਸਾਧਨ ਕੀ ਹੈ ? ਮੰਜ਼ਲ ਦੇ ਮਾਰਗ ਵਿਚ ਰੁਕਾਵਟਾਂ ਕਿਹੜੀਆਂ ਕਿਹੜੀਆਂ ਹਨ ? ਰੁਕਾਵਟਾਂ ਨੂੰ ਸਰ ਕਰਨ ਦੀ ਵਿਧੀ ਕੀ ਹੈ ? ਪਾਪ ਪੁੰਨ, ਮੰਦਾ ਚੰਗਾ, ਗੁਨਾਹ ਅਤੇ ਖ਼ਲੂਸ, ਨੇਕੀ ਅਤੇ ਬਦੀ ਦੇ ਵਿਚਕਾਰ ਕੀ ਅੰਤਰ ਹੈ ? ਹਰ ਜੀਵ ਦੀਆਂ ਆਪਣੇ ਆਪ ਪ੍ਰਤਿ, ਆਪਣੇ ਪਰਿਵਾਰ ਪ੍ਰਤਿ, ਸਮਾਜ ਪ੍ਰਤਿ, ਕੌਮ ਅਤੇ ਦੇਸ ਪ੍ਰਤਿ, ਲਿਹਾਜ਼ਾ, ਵਾਹਿਗੁਰੂ ਪ੍ਰਤਿ ਕੀ ਕੀ ਜ਼ਿੰਮੇਵਾਰੀਆਂ ਹਨ ? ਇਥੇ ਤਕ ਸੰਖੇਪ ਸ਼ਬਦਾਂ ਦੁਆਰਾ ਧਰਮ ਦੀ ਚਿੱਤਰ ਰੇਖਾ ਦਾ ਉਲੇਖਣ ਕੀਤਾ ਗਿਆ ਹੈ। ਆਵਸ਼ਕ ਹੈ ਕਿ ਇਸ ਤੋਂ ਅੱਗੇ ਦੁਨੀਆ ਦੇ ਕੁਝ ਮੋਢੀ ਧਰਮਾਂ ਦਾ ਵਿਵਰਣਾਤਮਕ ਉਲੇਖਣ ਕੀਤਾ ਜਾਵੇ।

6.39 ਸੰਸਾਰ ਦੇ ਮੁਖ ਧਰਮ

ਇਸ ਦੁਨੀਆ ਵਿਚ ਧਰਮਾਂ ਦੀ ਗਿਣਤੀ ਥੋੜੀ ਨਹੀਂ, ਬਲਕਿ ਬਹੁ-ਪੱਖੀ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਵੇਖੇ ਜਾ ਸਕਦੇ ਹਨ ਪ੍ਰੰਤੂ ਸੰਸਾਰ ਦੇ ਮੁਖ ਧਰਮ ਨੌਂ ਹਨ ਜਿਨ੍ਹਾਂ ਵਿਚ ਇਸਲਾਮ, ਈਸਾਈ, ਸਿਖ, ਸ਼ਿੰਟੋ, ਹਿੰਦੂ, ਕਨਫ਼ਯੂਸ਼ਿਸ, ਤਾਓ, ਬੁਧ ਅਤੇ ਯਹੂਦੀ। ਉਕਤ ਦਰਸਾਏ ਧਰਮਾਂ ਵਿਚੋਂ ਕਈ ਇਕ ਧਰਮਾਂ ਦੇ ਸੰਚਾਲਕ ਲੱਭਣੇ ਅਸੰਭਵ ਹਨ, ਜਿਨ੍ਹਾਂ ਦੀ ਜਾਣਕਾਰੀ ਕਰਮ ਨੰਬਰ ਦੇ ਆਧਾਰ 'ਤੇ ਨਿਮਨ ਲਿਖਤ ਵਾਰਤਾ ਦੇ ਰਾਹੀਂ ਦਿੱਤੀ ਜਾ ਰਹੀ ਹੈ।

6.40 ਇਸਲਾਮ

ਇਸਲਾਮ : ਇਸ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਜੀ (ਸੰਨ, 570-632) ਹਨ, ਜਿਨ੍ਹਾਂ ਦੀ ਉਪਾਧੀ ਰਸੂਲਿ ਅੱਲ੍ਹਾ ਜਾਂ ਅੱਲ੍ਹਾ ਦਾ ਪੈਗ਼ੰਬਰ

ਕਰ ਕੇ ਆਖੀ ਜਾਂਦੀ ਹੈ। ਇਸਲਾਮ ਦੇ ਅਨੁਆਈਆਂ ਦੀ ਸੰਗਿਆ ਮੁਸਲਮਾਨ ਕਰ ਕੇ ਆਖੀ ਜਾਂਦੀ ਹੈ। ਮੁਹੰਮਦ ਸ਼ਬਦ ਦਾ ਭਾਵ ਹੈ ਜਿਸ ਦੀ ਪ੍ਰਸ਼ੰਸਾ ਕੀਤੀ ਜਾਵੇ। ਇਸਲਾਮੀ ਦੁਨੀਆ ਦਾ ਵਿਸ਼ਵਾਸ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਅੱਲ੍ਹਾ ਦਾ ਸੰਦੇਸ਼ ਲਿਆਵਣ ਵਾਲਾ ਅੰਤਮ ਪੈਗ਼ੰਬਰ ਹੈ। ਮੁਸਲਮਾਨ ਹਜ਼ਰਤ ਮੁਹੰਮਦ ਸਾਹਿਬ ਦੀ ਇੱਜ਼ਤ, ਮਾਣ ਅਤੇ ਸਤਿਕਾਰ ਕਰਦੇ ਹਨ, ਪ੍ਰੰਤੂ ਉਸ ਦੀ ਪੂਜਾ ਨਹੀਂ ਕਰਦੇ। ਇਸਲਾਮ ਵਿਚ ਮੂਰਤੀ ਪੂਜਾ, ਕਿਸੇ ਚਿੱਤਰ ਦੀ ਪੂਜਾ ਅਥਵਾ ਕਿਸੇ ਵਿਅਕਤੀ ਦੀ ਪੂਜਾ ਕਰਨੀ ਧਾਰਮਿਕ ਗੁਨਾਹ ਅਤੇ ਸ਼ਰਹ ਦੇ ਵਿਰੁੱਧ ਸਮਝਿਆ ਜਾਂਦਾ ਹੈ। ਮੁਹੰਮਦ ਸਾਹਿਬ ਦੀ ਸਿਖਿਆ ਤੋਂ ਪਹਿਲਾਂ ਅਰਬ ਦੇ ਲੋਕ ਅਤਿ ਅਸੱਭਿਅਕ, ਵਿਧਾਨ ਦੇ ਵਿਰੋਧੀ, ਅਨਿਕ ਪ੍ਰਕਾਰੀ ਬੁਤ ਪ੍ਰਸਤੀ ਅਤੇ ਦੇਵੀ ਦੇਵਤਿਆਂ ਦੇ ਪੁਜਾਰੀ ਸਨ। ਗਰਜ਼ੇਕਿ, ਮੁਹੰਮਦ ਸਾਹਿਬ ਅਰਬ ਦੇ ਲੋਕਾਂ ਵਾਸਤੇ ਅੱਲ੍ਹਾ ਦੀ ਦਰਗਹ ਵਿਚੋਂ ਇਕ ਨਵਾਂ ਸੰਦੇਸ਼ ਲੈ ਕੇ ਆਇਆ। ਉਸ ਨੇ ਅਰਬ ਦੇ ਲੋਕਾਂ ਨੂੰ ਉਪਦੇਸ਼ ਦਿੱਤਾ ਕਿ ਕੇਵਲ ਇਕ ਅੱਲ੍ਹਾ ਹੀ ਪੂਜਾ ਦੇ ਯੋਗ ਹੈ, ਔਰ ਅੱਲ੍ਹਾ ਦੀ ਰਜ਼ਾ ਅਥਵਾ ਅੱਲ੍ਹਾ ਦਾ ਹੁਕਮ ਇਹੀ ਹੈ ਕਿ ਇਸਲਾਮ ਦੀ ਆਰੰਭਤਾ ਵਾਸਤੇ ਹਰ ਵਿਅਕਤੀ ਦੀਨ ਵਿਚ ਆਵੇ ਅਤੇ ਆਪਣਾ ਆਪਾ ਅੱਲ੍ਹਾ ਦੇ ਸਾਹਮਣੇ ਅਰਪਣ ਕਰੇ। ਕਿਉਂਕਿ, ਇਸਲਾਮ ਦਾ ਤਾਤਪਰਜ ਹੀ ਅੱਲ੍ਹਾ ਦੇ ਨਾਮ 'ਤੇ ਆਪਾ ਭੇਟਾ ਕਰਨਾ ਹੈ। ਇਸਲਾਮ ਨੇ ਖ਼ਾਸ ਕਰਕੇ ਮੱਧਯ ਏਸ਼ੀਆ, ਦੱਖਣੀ ਏਸ਼ੀਆ ਅਤੇ ਕੁਝ ਯੂਰਪ ਦੇ ਦੇਸ਼ਾਂ ਵਿਚ ਇਸਲਾਮਿਕ ਸਭਿਅਤਾ ਦੇ ਪਸਾਰੇ ਵਾਸਤੇ ਬਹੁਤ ਹੀ ਸਖ਼ਤ ਅਤੇ ਨਿਰਣਾਇਕ (crucial) ਕਦਮ ਉਠਾਏ। ਪਰਿਣਾਮ ਵਜੋਂ, ਦੁਨੀਆ ਦੀ ਤਹਿਜ਼ੀਬ ਦਾ ਬਹੁਤ ਵੱਡਾ ਭਾਗ ਇਸਲਾਮ ਦੀ ਲਪੇਟ ਵਿਚ ਆਇਆ। ਮੁਹੰਮਦ ਸਾਹਿਬ ਨੇ ਇਸਲਾਮਿਕ ਦੁਨੀਆ ਵਿਚ ਇਕ ਨਵੀਨ ਢੰਗ ਦੀ ਭਾਈਚਾਰਕ ਅਤੇ ਸਾਂਝੀਵਾਲਤਾ ਦੀ ਨੀਂਹ ਰੱਖੀ। ਉਸ ਦੀ ਜ਼ਿੰਦਗੀ ਦੇ ਦੌਰਾਨ ਹੀ ਇਸਲਾਮਿਕ ਮਨੋਵਿਰਤੀ ਇਤਨੀ ਸੁਬੱਲ ਹੋ ਗਈ ਕਿ ਇਕ ਵਿਸ਼ਾਲ ਸ਼ਕਤੀ ਦੇ ਰੂਪ ਵਿਚ ਸੰਸਾਰੀ ਮੰਚ 'ਤੇ ਆਣ ਖਲੋਤੀ। ਚੁਨਾਂਚਿ, ਪੈਗ਼ੰਬਰ ਦੀ ਮੌਤ ਤੋਂ ਲਗਪਗ ਇਕ ਸੌ ਸਾਲ ਬਾਅਦ ਇਸਲਾਮ ਦਾ ਸਥਾਨ ਦੁਨੀਆ ਦੇ ਵੱਡੇ ਵੱਡੇ ਧਰਮਾਂ ਵਿਚ ਸ਼ੁਮਾਰ ਹੋਣ ਲੱਗਾ। ਗ਼ਰਜ਼ੇਕਿ, ਸੰਸਾਰ ਦੇ ਬਹੁਤ ਵੱਡੇ ਹਿੱਸੇ ਵਿਚ ਇਸਲਾਮਿਕ ਸ਼ਾਸਨ ਵਜੂਦ ਵਿਚ ਆਇਆ। ਇਸਲਾਮ ਦੀ ਧਾਰਮਕ ਪੁਸਤਕ ਕੁਰਾਨ ਹੈ, ਜਿਸ ਦੀ ਵਹੀ (ਅੱਲ੍ਹਾ ਦਾ ਸੰਦੇਸ਼) ਜਬਰਾਈਲ ਫ਼ਰਿਸ਼ਤੇ ਦੇ ਰਾਹੀਂ ਹਜ਼ਰਤ ਮੁਹੰਮਦ ਸਾਹਿਬ ਤਕ ਅਪੜਦੀ ਰਹੀ। ਕੁਰਾਨ ਵਿਚ ਕੁਲ ਜੋੜ 114 ਸੂਰਤ, 30 ਸਪਾਰੇ, 562 ਰਕੂਅ ਅਤੇ 6666 ਆਇਤਾਂ ਹਨ। ਇਸਲਾਮਿਕ ਸੰਸਾਰ ਦੇ ਕੇਂਦਰਜ ਅਸਥਾਨ ਅਰਬ ਦੇਸ ਵਿਚ 'ਮੱਕਾ' ਅਤੇ ਮੱਕਾ ਵਿਚ ਕੇਂਦਰ ਬਿੰਦੂ 'ਕਾਅਬਾ' ਹੈ ਜਿਸ ਵੱਲ ਮੂੰਹ ਕਰ ਕੇ ਸਮੁੱਚੀ ਇਸਲਾਮਿਕ ਦੁਨੀਆ

ਨਮਾਜ਼ ਪੜ੍ਹਦੀ ਹੈ। ਇਸਲਾਮੀ ਅਕੀਦੇ ਦੇ ਅਨੁਸਾਰ ਇਕ ਮੁਸਲਮਾਨ ਪ੍ਰਤਿ ਪੰਜਾਂ ਚੀਜ਼ਾਂ 'ਤੇ ਅਮਲ ਕਰਨਾ ਲਾਜ਼ਮੀ ਹੈ। ਇਕ ਅੱਲ੍ਹਾ, ਰਸੂਲਿ ਅੱਲ੍ਹਾ, ਕੁਰਾਨ 'ਤੇ ਭਰੋਸਾ; ਨਮਾਜ਼ ਪੜ੍ਹਨੀ, ਰੋਜ਼ੇ ਰੱਖਣੇ, ਜ਼ੁਕਾਤ ਦੇਣੀ (ਦਸਵੰਧ) ਅਤੇ ਜ਼ਿੰਦਗੀ ਦੇ ਦੌਰਾਨ ਇਕ ਦਫ਼ਾ ਹੱਜ ਕਰਨਾ ਅਗਰ ਸਰਮਾਇਆ ਸਹਿਯੋਗ ਦੇਵੇ। ਮੁਹੰਮਦ ਸਾਹਿਬ ਨੇ 25 ਸਾਲ ਦੀ ਉਮਰ ਵਿਚ ਇਕ ਧਨਵਾਨ ਇਸਤ੍ਰੀ ਨਾਲ ਸ਼ਾਦੀ ਕੀਤੀ, ਜਿਸ ਦਾ ਨਾਮ 'ਖਦੀਜਾ' ਸੀ ਜੋ ਕਿ ਆਪ ਜੀ ਨਾਲੋਂ 15 ਸਾਲ ਵੱਡੀ ਸੀ। ਹੀਰਾ ਪਹਾੜੀ 'ਤੇ ਲਿਵਲੀਨਤਾ ਸਮੇਂ 35 ਸਾਲ ਦੀ ਉਮਰ ਵਿਚ, ਆਪ ਜੀ ਨੂੰ ਜਬਰਾਈਲ ਫ਼ਰਿਸ਼ਤੇ ਦੇ ਰਾਹੀਂ ਰੱਬੀ ਇਲਹਾਮ ਹੋਇਆ ਕਿ ਤੁਸੀਂ ਅੱਲ੍ਹਾ ਦੇ ਪੈਗ਼ੰਬਰ ਹੋ। ਆਪ ਜੀ ਦੀ ਪੈਗ਼ੰਬਰੀ ਦਾ ਪਹਿਲਾ ਮੁਰੀਦ ਖਦੀਜਾ ਬਣੀ। ਪੈਗ਼ੰਬਰੀ ਦੇ ਵਿਰੁੱਧ ਮੱਕਾ ਵਿਚ ਇਤਨੀ ਵਿਰੋਧਤਾ ਵਧੀ ਕਿ ਅੰਤ ਨੂੰ ਸੰਨ 622 ਵਿਚ ਆਪ ਜੀ ਨੂੰ ਮੱਕਾ ਤੋਂ ਹਿਜਰਤ ਕਰ ਕੇ ਮਦੀਨਾ ਵਿਚ ਜਾਣ ਲਈ ਮਜਬੂਰ ਕੀਤਾ ਗਿਆ, ਜਿਥੋਂ ਇਸਲਾਮਿਕ ਸੰਨ ਆਰੰਭ ਹੁੰਦਾ ਹੈ। ਸੰਨ 630 ਵਿਚ ਮੁਹੰਮਦ ਸਾਹਿਬ ਨੇ ਦੋਬਾਰਾ ਹਮਲਾ ਕਰ ਕੇ ਮੱਕਾ ਨੂੰ ਫ਼ਤਹਿ ਕੀਤਾ, ਜਿਥੋਂ ਇਸਲਾਮ ਦੀ ਪੱਕੀ ਨੀਂਹ ਰੱਖੀ ਗਈ।

6.41 ਯਹੂਦੀ ਮਤਿ (Judaism)

ਸੰਸਾਰ ਪੱਧਰ 'ਤੇ ਕਿਸੇ ਭੀ ਧਰਮ ਪ੍ਰਤਿ, ਨਿਯਮਕ ਵਿਧੀ ਦੇ ਆਧਾਰ 'ਤੇ ਯੋਗ ਅਤੇ ਉਚਿਤ ਸ਼ਬਦਾਵਲੀ ਦਾ ਵਰਤਣਾ ਬਹੁਤ ਹੀ ਲਾਜ਼ਮੀ ਹੈ ਕਿਉਂਕਿ ਦੁਨੀਆ ਦਾ ਹਰ ਧਰਮ ਇਹ ਦਾਅਵਾ ਕਰਦਾ ਹੈ ਕਿ ਉਸ ਦੇ ਪਾਸ ਸੱਚੀ ਰੱਬੀ ਤਾਲੀਮ ਅਥਵਾ ਦਰਗਾਹੀ ਕਲਾਮ ਦੀ ਪੁਸਤਕ ਮੌਜੂਦ ਹੈ। ਇਸ ਸਮੱਸਿਆ ਦਾ ਸਮਾਧਾਨ ਇਤਨਾ ਸੁਖੈਨ ਨਹੀਂ ਜਿਤਨਾ ਕਿ ਅਸੀਂ ਸਮਝੀ ਬੈਠੇ ਹਾਂ। ਗਰਜ਼ੇਕਿ, ਸਮੁਲਚੀ ਧਾਰਮਕ ਪ੍ਰਣਾਲੀ 'ਤੇ ਵਿਚਾਰ ਵਿਮਰਸ਼ ਕਰਨਾ ਬਹੁਤ ਹੀ ਨਾਜ਼ੁਕ ਅਤੇ ਕਠਿਨ ਵਿਸ਼ਾ ਹੈ। ਅੱਜ ਇਸ ਦੁਨੀਆ ਦਾ ਹਰ ਮਜ਼ਹਬ ਅਤੇ ਉਸ ਦੇ ਪੈਰੋਕਾਰ, ਦੂਸਰੇ ਧਰਮਾਂ ਦੇ ਪ੍ਰਤਿਕਰਮ ਆਪਣੇ ਆਪਣੇ ਧਰਮ ਨੂੰ ਉਚਾ, ਸੁੱਚਾ ਅਤੇ ਸ਼੍ਰੋਮਣੀ ਸਮਝਦੇ ਹਨ। ਇਸ ਵਾਸਤੇ ਅਤਿ ਆਵਸ਼ਕ ਹੈ ਕਿ ਕਿਸੇ ਭੀ ਧਰਮ ਪ੍ਰਤਿ ਨਿਜੀ ਖ਼ਿਆਲਾਂ ਦਾ ਪ੍ਰਗਟਾਵਾ ਕਰਨ ਹਿਤ, ਬਹੁਤ ਹੀ ਦਿਆਨਤਦਾਰੀ ਅਤੇ ਸੁਹਿਰਦ ਸਾਰਥਿਕਤਾ ਦੁਆਰਾ ਹੀ ਹਰ ਵਿਸ਼ੇ ਪ੍ਰਤਿ ਸ਼ੁਧ, ਸਹੀ ਅਤੇ ਸੱਚੀ ਸ਼ਬਦਾਵਲੀ ਵਰਤੀ ਜਾਵੇ। ਇਹੀ ਵੱਡਾ ਕਾਰਣ ਹੈ ਕਿ ਪਾਵਨ ਗੁਰਬਾਣੀ ਦੁਆਰਾ ਹਰ ਲਿਖਾਰੀ ਵਾਸਤੇ ਕੁਝ ਐਸੇ ਆਸਮਾਨੀ ਮਸ਼ਵਰੇ ਸਾਦਰ ਫ਼ੁਰਮਾਏ ਹਨ, ਤਾਂਕਿ ਇਕ ਲਿਖਾਰੀ ਜੋ ਕੁਝ ਭੀ ਲਿਖੇ, ਵਾਹਿਗੁਰੂ ਦੇ ਭੈ ਵਿਚ ਵਿਚਰਦਾ ਹੋਇਆ ਸੱਚ ਅਤੇ ਕੇਵਲ ਸੱਚ ਹੀ ਲਿਖੇ, ਜਿਵੇਂ :

ਧੰਨੁ ਸੁ ਕਾਗਦੁ ਕਲਮ ਧੰਨੁ, ਧਨੁ ਭਾਂਡਾ ਧਨੁ ਮਸੁ ॥
ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥੧॥

(ਮਲਾਰ ਵਾਰ, ਮ: ੧, ਪੰਨਾ 1291/13)

ਭਾਵੇਂ ਕੋਈ ਭੀ ਧਰਮ ਕਿਉਂ ਨਾ ਹੋਵੇ, ਅਗਰ ਉਸ ਦੀਆਂ ਆਸਮਾਨੀ ਲਿਖਤਾਂ ਧੁਰ ਦਰਗਾਹੀ ਅਤੇ ਕੇਵਲ ਸੱਚ ਦੀ ਬੁਨਿਆਦ 'ਤੇ ਸੁਸ਼ੋਭਿਤ ਹਨ, ਤਦ ਉਹ ਲਿਖਤਾਂ ਸੰਸਾਰਕ ਪੱਧਰ 'ਤੇ ਦੁਨਿਆਵੀ ਸਮੱਸਿਆਵਾਂ ਨੂੰ ਅਨੁਭਵ ਕਰਦੀਆਂ ਹੋਈਆਂ ਸੰਸਾਰੀ ਸੰਕਟ ਦੀ ਨਵਿਰਤੀ ਪ੍ਰਤਿ, ਜੀਵਾਂ ਦੀ ਕਰਮ-ਸ਼ੈਲੀ ਨੂੰ ਸਹੀ ਅਤੇ ਵਾਜਿਬ ਦਿਸ਼ਾ ਵੱਲ ਮੋੜ ਲੈਂਦੀਆਂ ਹਨ, ਜਿਸ ਦੇ ਆਧਾਰ 'ਤੇ ਸੰਸਾਰੀ ਜੀਵਾਂ ਨੂੰ ਸੁਖ, ਸ਼ਾਂਤੀ ਅਤੇ ਕਲਿਆਣਕਾਰੀ ਜੀਵਨ ਦੀ ਪ੍ਰਾਪਤੀ ਹੁੰਦੀ ਹੈ। ਸਹੀ ਅਤੇ ਸੱਚੇ ਸ਼ਬਦਾਂ ਦੁਆਰਾ ਧਾਰਮਕ ਪ੍ਰਣਾਲੀ ਦੀ ਵਿਆਖਿਆ ਕਰਨੀ, ਕੰਡਿਆਲੇ ਮਾਰਗ ਦੀ ਯਾਤਰਾ ਹੀ ਆਖੀ ਜਾ ਸਕਦੀ ਹੈ। ਇਸ ਵਾਸਤੇ ਬਹੁਤ ਹੀ ਲਾਜ਼ਮੀ ਹੈ ਕਿ ਜਿਨ੍ਹਾਂ ਧਰਮਾਂ ਪ੍ਰਤਿ ਅਗਲੇਰੇ ਪੰਨਿਆਂ ਦੁਆਰਾ ਗਾਥਾ ਆਰੰਭ ਕੀਤੀ ਜਾ ਰਹੀ ਹੈ, ਉਨ੍ਹਾਂ ਵਾਸਤੇ ਪਾਵਨ ਗੁਰਬਾਣੀ ਦੇ ਆਧਾਰ 'ਤੇ ਕੁਝ ਆਰੰਭਕ ਸ਼ਬਦਾਵਲੀ ਦੁਆਰਾ ਧੁਰ ਕੀ ਬਾਣੀ ਦਾ ਵਿਸ਼ਾ-ਵਸਤੂ ਦਰਸਾਇਆ ਜਾਵੇ, ਜਿਵੇਂ :

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥

(ਪ੍ਰਭਾਤੀ ਕਬੀਰ, 1350/5)

ਗੁਰਮਤਿ ਦਾ ਮਸਲਕ (ਵਿਸ਼ਵਾਸ) ਹੈ ਕਿ ਹਰ ਸਮੇਂ ਉਸ ਕਰਤਾ ਨੇ ਭਿੰਨ ਭਿੰਨ ਥਾਵਾਂ 'ਤੇ ਧਰਮ ਦੀ ਉੱਨਤੀ ਪ੍ਰਤਿ, ਆਪਣੇ ਧਾਰਮਕ ਪੈਗੰਬਰ ਭੇਜੇ ਹਨ, ਜਿਨ੍ਹਾਂ ਨੇ ਵਾਹਿਗੁਰੂ ਦੀ ਹੋਂਦ ਅਤੇ ਉਸ ਦੀ ਮਹੱਤਤਾ ਪ੍ਰਤਿ ਜੀਵਾਂ ਨੂੰ ਸੂਝ ਬੂਝ ਬਖ਼ਸ਼ੀ, ਤਾਂਕਿ ਦੁਨੀਆ ਦਾ ਇਨਸਾਨ ਵਾਹਿਗੁਰੂ ਦੀ ਸਦੀਵੀ ਸਚਾਈ 'ਤੇ ਈਮਾਨ ਰੱਖੇ। ਪ੍ਰੰਤੂ ਸਮੇਂ ਦੀ ਗਤੀ, ਦੁਨਿਆਵੀ ਰੱਦੋ-ਬਦਲ ਅਤੇ ਸਮਾਜੀ ਝੱਖੜਾਂ ਦੇ ਕਾਰਣ, ਦਰਗਾਹੀ ਨਜ਼ੂਲਤ (ਦਰਗਾਹੀ ਸੱਚ) ਦੀ ਤੱਤਵਮਈ ਆਭਾ ਦਾ ਭੰਡਾਰਾ ਅਤੱਤਵਮਈ ਦਿਸ਼ਾ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਦਰਗਾਹੀ ਕਲਾਮ ਦੀ ਬਜਾਏ, ਵਿਅਕਤੀਗਤ ਭਰਮ ਭੁਲੇਖਿਆਂ ਦਾ ਜਾਲ ਸਾਧਾਰਨ ਜੀਵਾਂ ਦੇ ਜੀਵਨ ਨੂੰ ਗੁੰਮਰਾਹੀ ਦੀਆਂ ਅਵਰੋਹੀ ਖੰਦਕਾਂ ਦੀ ਦਲਦਲ ਵਿਚ ਖੜੇ ਕਰ ਦਿੰਦਾ ਹੈ। ਜੀਵਨ ਦਾ ਮਨੋਰਥ ਦਲਦਲ ਦੀਆਂ ਤਲਾਂ ਵਿਚ ਅਲੋਪ ਹੋਇ ਨਿਬੜਦਾ ਹੈ, ਜਿਵੇਂ :

ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥

(ਆਸਾ ਮ: ੧, ਪੰਨਾ 12/3)

ਦੁਨਿਆਵੀ ਝੱਖੜਾਂ ਦੇ ਕਾਰਣ 'ਬੰਦੇ ਦੀ ਰਚੀ ਹੋਈ ਕਲਾਮ' ਰੱਬ ਦੀ

ਕਲਾਮ ਹੋਇ ਨਿਬੜੀ, ਇਸੇ ਚਿੱਤਰ ਦੇ ਦੂਜੇ ਪਾਸੇ ਰੱਬੀ ਕਲਾਮ ਇਨਸਾਨ ਦੇ ਹੱਥੋਂ ਜਾਂਦੀ ਰਹੀ, ਭਾਵ, ਸੱਚ ਵਿਰੋਧੀ ਆਕਰਮਣਕਾਰੀਆਂ ਨੇ, ਸਾੜ ਫੂਕ ਕੇ ਦੁਨੀਆ ਦੇ ਤਖ਼ਤੇ ਤੋਂ ਅਲੋਪ ਕਰ ਦਿੱਤੀ। ਜਿਵੇਂ 7 ਜੂਨ, 1984 ਨੂੰ ਹਿੰਦੁਸਤਾਨੀ ਹਕੂਮਤ ਨੇ ਅਕਾਲ ਤਖ਼ਤ ਅਤੇ ਸਿਖ ਲਾਇਬ੍ਰੇਰੀ ਨੂੰ ਜਿਸ ਵਿਚ ਹਜ਼ਾਰਾਂ ਹੀ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਨੂੰ, ਅਗਨ ਭੇਟ ਕੀਤਾ ਗਿਆ। ਪ੍ਰੰਤੂ, ਸ਼ੁਕਰ ਹੈ ਉਸ ਮਾਲਿਕ ਦਾ ਕਿ ਇਸ ਹਮਲੇ ਤੋਂ ਪਹਿਲਾਂ ਹੀ ਸਿੱਖੀ ਦਾ ਪਸਾਰਾ ਸਰਬ ਜਗਤ ਵਿਆਪੀ ਹੋ ਚੁੱਕਾ ਸੀ। ਜਿਸ ਦਾ ਸਦਕਾ ਸਿੱਖੀ ਸਾਹਿਤ ਦੀ ਬਰਬਾਦੀ ਹੋਣੋਂ ਬਚ ਗਈ ਔਰ ਭਾਰਤੀ ਕੁਟਲ ਨੀਤੀ ਕਾਮਯਾਬ ਨਹੀਂ ਹੋ ਸਕੀ। ਨਿਰਸੰਦੇਹ, ਇਸੇ ਤਰ੍ਹਾਂ ਨਾਸਤਿਕ ਹਮਲਾਵਰਾਂ ਨੇ ਯਹੂਦੀਆਂ ਦੇ ਧਾਰਮਕ ਭੰਡਾਰੇ ਨੂੰ ਅਗਨ ਭੇਟ ਕਰ ਕੇ, ਸੰਸਾਰੀ ਮੰਚ ਤੋਂ ਨੇਸਤੋ-ਨਾਬੂਦ ਕੀਤਾ, ਭਾਵ, ਯਹੂਦੀ ਸਾਹਿਤ, ਯਹੂਦੀ ਧਾਰਮਕ ਸਮੱਗਰੀ, ਯਹੂਦੀ ਇਤਿਹਾਸ ਦਾ ਖ਼ਾਤਮਾ ਕਰ ਕੇ, ਯਹੂਦੀਆਂ ਨੂੰ ਦੇਸ ਤੋਂ ਬਦਰ ਕਰ ਕੇ ਗ਼ੁਲਾਮਾਂ ਦੀ ਜ਼ਿੰਦਗੀ ਜੀਵਨ ਲਈ ਬੰਦੀ ਬਣਾਇਆ ਗਿਆ। ਇਹੀ ਵੱਡਾ ਕਾਰਣ ਹੈ ਕਿ ਯਹੂਦੀਆਂ ਦੀਆਂ ਪਾਵਨ ਧਾਰਮਕ ਪੁਸਤਕਾਂ ਅਥਵਾ ਆਸਮਾਨੀ ਪੁਸਤਕਾਂ ਦਾ ਭੰਡਾਰਾ ਤੱਤਵਮਈ ਰੂਪ ਵਿਚ ਇਨ੍ਹਾਂ ਦੇ ਪਾਸ ਨਹੀਂ ਹੈ।

ਈਸਾਈ ਲੋਕ ਜਿਸ ਕਿਤਾਬ ਨੂੰ ਬਾਈਬਲ ਆਖ ਕੇ ਪੁਕਾਰਦੇ ਹਨ, ਉਹ *ਪੁਰਾਤਨ ਅਹਿਦਨਾਮਾ ਅਤੇ ਨਵੀਨ ਅਹਿਦਨਾਮਾ* (*Old Testament* and *New Testament*) ਦੇ ਨਾਮ ਦੁਆਰਾ ਪ੍ਰਚੱਲਤ ਹਨ। ਜੋ *ਪੁਰਾਤਨ ਅਹਿਦਨਾਮਾ* ਹੈ, ਇਸ ਵਿਚ ਉਣਤਾਲੀ (39) ਕਿਤਾਬਾਂ ਸ਼ਾਮਲ ਹਨ। ਇਹ 39 ਕਿਤਾਬਾਂ ਹੀ ਯਹੂਦੀਆਂ ਦਾ ਵਿਸ਼ਵਾਸ ਹੈ। ਯਹੂਦੀ ਭਾਈਚਾਰੇ ਦੇ ਲੋਕ, *ਨਵੀਨ ਅਹਿਦਨਾਮਾ* ਜਿਸ ਵਿਚ ਸਤਾਈ (27) ਕਿਤਾਬਾਂ ਹਨ, 'ਤੇ ਭਰੋਸਾ ਨਹੀਂ ਕਰਦੇ। ਜਦੋਂ ਕਿ *ਨਵੀਨ ਅਹਿਦਨਾਮਾ* ਕੇਵਲ ਈਸਾਈ ਭਾਈਚਾਰੇ ਦਾ ਹੀ ਪੁਸਤਕ ਸੰਗ੍ਰਹਿ ਆਖਿਆ ਜਾ ਸਕਦਾ ਹੈ। ਪ੍ਰੰਤੂ, ਰੋਮਨ ਕੈਥੋਲਿਕ ਭਾਈਚਾਰਾ *ਪੁਰਾਤਨ ਅਹਿਦਨਾਮੇ* ਵਿਚ ਸੱਤ (7) ਕਿਤਾਬਾਂ ਹੋਰ ਭੀ ਸ਼ਾਮਲ ਕਰਦੇ ਹਨ, ਜਿਨ੍ਹਾਂ ਨੂੰ ਐਪੋਕਰਾਈਫ਼ਾ ਆਖਿਆ ਜਾਂਦਾ ਹੈ। ਤਾਂਤੇ, ਰੋਮਨ ਕੈਥੋਲਿਕ ਦੇ ਵਿਸ਼ਵਾਸ ਅਨੁਸਾਰ ਪੁਰਾਤਨ ਅਹਿਦਨਾਮੇ ਵਿਚ ਕੁਲ ਜੋੜ ਛਿਆਲੀ (46) ਕਿਤਾਬਾਂ ਹਨ। ਐਪੋਕਰਾਈਫ਼ਾ (Apocrypha) ਦੀਆਂ ਸੱਤ (7) ਪੁਸਤਕਾਂ ਪ੍ਰਤਿ, ਈਸਾਈਆਂ ਦੇ ਆਪਸੀ ਮਤਾਂ ਮਤਾਂਤ੍ਰਾਂ ਅਤੇ ਯਹੂਦੀਆਂ ਦੇ ਵਿਸ਼ਵਾਸ ਵਿਚ ਬਹੁਤ ਵੱਡੀ ਖਾੜੀ ਹੈ ਜਿਸ ਖ਼ੰਦਕ ਨੂੰ ਭਰਨਾ ਅਸੰਭਵ ਹੈ, ਕਿਉਂਕਿ ਇਹ ਸੱਤ ਕਿਤਾਬਾਂ ਅੱਲ੍ਹਾ ਦੀ ਹੋਂਦ ਨੂੰ ਪ੍ਰਗਟ ਕਰਨ ਹਿਤ ਆਸਮਾਨੀ ਬਾਣੀ ਦੀ ਬਜਾਏ ਵਿਅਕਤੀਗਤ ਰਚਨਾਵਾਂ ਹਨ, ਜਿਨ੍ਹਾਂ ਨੂੰ ਆਸਮਾਨੀ ਜਾਂ ਦਰਗਾਹੀ ਸ਼ਬਦ ਦੇ ਆਧਾਰ 'ਤੇ ਕਦੀ ਭੀ ਨਹੀਂ ਮੰਨਿਆ ਜਾ ਸਕਦਾ।

ਪੁਰਾਤਨ ਅਹਿਦਨਾਮੇ ਦੀ ਸੁਥੈਨ ਵਰਤੋਂ ਨੂੰ ਮੁੱਖ ਰੱਖਦੇ ਹੋਏ ਯਹੂਦੀ ਭਾਈਚਾਰੇ ਨੇ ਇਸ ਨੂੰ ਤਿੰਨਾਂ ਭਾਗਾਂ ਵਿਚ ਵੰਡ ਲਿਆ ਹੈ, ਜਿਸ ਦਾ ਪਹਿਲਾ ਭਾਗ ਵਿਧਾਨ ਜਾਂ ਲਾਅ (Law) ਕਰ ਕੇ ਭੀ ਆਖਿਆ ਜਾਂਦਾ ਹੈ। ਆਮ ਸ਼ਬਦਾਂ ਵਿਚ ਇਸ ਨੂੰ ਤੂਰਾਤ, ਤੂਰਾ ਜਾਂ 'Pentateuch or five books of Moses' ਦੇ ਨਾਮ ਦੁਆਰਾ ਭੀ ਪੁਕਾਰਿਆ ਜਾਂਦਾ ਹੈ। ਇਨ੍ਹਾਂ ਤਿੰਨਾਂ ਭਾਗਾਂ ਦੇ ਨਾਮ ਨਿਮਨ ਲਿਖਤ ਦੇ ਆਧਾਰ 'ਤੇ ਵੇਖੇ ਜਾ ਸਕਦੇ ਹਨ, ਜਿਵੇਂ; ਵਿਧਾਨ, ਈਸ਼ਵਰੀ ਦੂਤ ਅਤੇ ਵਿਅਕਤੀਗਤ ਲਿਖਤਾਂ ਹਨ। ਇਨ੍ਹਾਂ ਦੇ ਨਾਵਾਂ ਦੀ ਸੂਚੀ ਬਾਈਬਲ ਭਾਸ਼ਾ ਵਿਚ ਨਿਮਨ ਲਿਖਤ ਦੁਆਰਾ ਵੇਖੀ ਜਾ ਸਕਦੀ ਹੈ, ਜਿਵੇਂ :

(1) The law, (2) The prophets, (3) The writing. (These three names called Division of the Old Testaments, according to Jewish belief.) ਇਨ੍ਹਾਂ ਤਿੰਨਾਂ ਭਾਗਾਂ ਦਾ ਵੇਰਵਾ ਨਿਮਨ ਲਿਖਤ ਦੁਆਰਾ ਵੇਖਿਆ ਜਾ ਸਕਦਾ ਹੈ :

(ੳ) ਸਿਧਾਂਤ ਜਾਂ ਤੂਰੇਤ ਅਥਵਾ ਤੂਰਾ : ਇਸ ਵਿਚ ਪੰਜ ਕਿਤਾਬਾਂ ਸ਼ਾਮਲ ਹਨ, ਜਿਨ੍ਹਾਂ ਵਿਚ (1) ਉਤਪਤੀ; (2) ਕੂਚ; ਨਿਕਾਸ ਜਾਂ ਬਾਹਰ ਨਿਕਲਣਾ; (3) ਲੇਵੀਆ ਜਾਂ ਸ਼ੁੱਧੀਜੀਵੀਆਂ ਦੀ ਪੋਥੀ; (4) ਗਿਣਤੀ; ਅਤੇ (5) ਬਿਵਸਥਾ ਸਾਰ, ਰਹਿਤ ਮਰਯਾਦਾ ਦਾ ਫ਼ਤਵਾ ਅਤੇ ਜਾਣਕਾਰੀ। ਇਨ੍ਹਾਂ ਪੋਥੀਆਂ ਦੇ ਨਾਮ ਅੰਗ੍ਰੇਜ਼ੀ ਵਿਚ ਨਿਮਨ ਲਿਖਤ ਦੇ ਅਨੁਸਾਰ ਹਨ :

(a) Genesis; (b) Exodus; (c) Leviticus; (d) Numbers and (e) Deuteronomy.

ਇਸਲਾਮੀ ਦੁਨੀਆ ਦੇ ਲੋਕ ਇਨ੍ਹਾਂ ਕਿਤਾਬਾਂ ਦੇ ਨਾਮ ਨਿਮਨ ਲਿਖਤ ਦੇ ਆਧਾਰ 'ਤੇ ਪੁਕਾਰਦੇ ਹਨ :

(1) ਪੈਦਾਇਸ਼; (2) ਖ਼ਰੂਜ; (3) ਅਹਬਾਰ; (4) ਗਿਣਤੀ; (5) ਅਸਤਫ਼ਤਾ ਜਾਂ ਸ਼ਰਈ ਹੁਕਮਾਂ ਦਾ ਫ਼ਤਵਾ ਦਰਿਆਫ਼ਤ ਕਰਨਾ।

(ਅ) ਈਸ਼ਵਰੀ ਦੂਤ (Prophets, Nebism) : ਇਸ ਭਾਗ ਵਿਚ ਛੋਟੀਆਂ ਵੱਡੀਆਂ ਪੁਸਤਕਾਂ ਦਾ ਸੰਗ੍ਰਹਿ ਬਾਈ (22) ਹੈ। ਇਨ੍ਹਾਂ ਬਾਈ ਕਿਤਾਬਾਂ ਦਾ ਸੰਬੰਧ ਯਹੂਦੀਆਂ ਦੀ ਜ਼ਿੰਦਗੀ, ਧਾਰਮਕ ਅਵਸਥਾ ਅਤੇ ਇਤਿਹਾਸ ਨਾਲ ਜੁੜਿਆ ਹੋਇਆ ਹੈ। ਈਸ਼ਵਰੀ ਦੂਤਾਂ ਦੁਆਰਾ ਲਿਖਤੀ ਪੁਸਤਕਾਂ ਦਾ ਵਿਵਹਾਰਕ ਤਾਲਮੇਲ ਯਹੂਦੀ ਜ਼ਿੰਦਗੀ ਨਾਲ ਓਦੋਂ ਤਕ ਕਾਇਮ ਰਿਹਾ, ਜਦੋਂ ਤਕ ਇਨ੍ਹਾਂ ਦਾ ਵਸੇਬਾ ਕੈਨਨ ਦੇਸ ਵਿਚ ਕਾਇਮ ਸੀ। ਪ੍ਰੰਤੂ ਬਾਬਲ (Babylon) ਦੇ ਬਾਦਸ਼ਾਹ (Nebuchadnezzar) ਨੇ ਸੰਨ 587 ਪੂਰਬ ਈਸਾ ਵਿਚ ਯਹੂਦੀ ਸਾਹਿਤ ਅਗਨ ਭੇਟ ਕੀਤਾ ਅਤੇ ਜੈਰੋਸ਼ਲਮ ਦਾ ਮੰਦਰ ਢਾਹ ਢੇਰੀ ਕਰ ਕੇ ਰਾਖ ਵਿਚ ਮਿਲਾ ਦਿੱਤਾ। ਅਨੇਕਾਂ ਹੀ ਯਹੂਦੀਆਂ ਨੂੰ

ਕੈਦੀ ਬਣਾ ਕੇ ਆਪਣੇ ਦੇਸ ਬਾਬਲ ਵਿਚ ਲੈ ਗਿਆ। ਜਿਥੇ ਯਹੂਦੀ ਲੋਕ ਗ਼ੁਲਾਮਾਂ ਦੀ ਜ਼ਿੰਦਗੀ ਬਤੀਤ ਕਰਦੇ ਰਹੇ। ਇਸ ਸਮੇਂ ਤੂਰੇਤ ਦੀ ਅਸਲੀ ਬਾਣੀ ਜੋ ਹਜ਼ਰਤ ਮੂਸਾ ਦੇ ਰਾਹੀਂ ਮਿਲੀ ਸੀ, ਖ਼ਤਮ ਹੋ ਗਈ।

(ੲ) ਲਿਖਤੀ ਕਿਤਾਬਾਂ (The writing) : ਇਸ ਸਿਲਸਿਲੇ ਵਿਚ ਭਿੰਨ ਭਿੰਨ ਪ੍ਰਕਾਰ ਦੀਆਂ ਬਾਰਾਂ (12) ਪੁਸਤਕਾਂ ਦਾ ਸੰਗ੍ਰਹਿ ਹੈ, ਜਿਨ੍ਹਾਂ ਵਿਚ ਜ਼ੰਬੂਰ ਆਦਿ ਪੁਸਤਕਾਂ ਸ਼ਾਮਲ ਹਨ। ਇਨ੍ਹਾਂ ਕਿਤਾਬਾਂ ਵਿਚ ਨੈਤਿਕ ਕਹਾਣੀਆਂ, ਪ੍ਰਾਰਥਨਾ ਅਤੇ ਪਿਆਰ ਦੇ ਗੀਤ ਵੇਖੇ ਜਾ ਸਕਦੇ ਹਨ। ਇਹ ਤਿੰਨੇ ਹੀ ਭਾਗ ਸੰਨ 587 ਪੂਰਬ ਈਸਾ ਬਾਬਲ ਦੇ ਆਕਰਮਣਕਾਰੀਆਂ ਨੇ ਅਗਨ ਭੇਟਾ ਕਰ ਕੇ ਪੂਰਬਲੀ ਸਭਿਅਤਾ ਦੀ ਬਹੁਤ ਵੱਡੀ ਬਰਬਾਦੀ ਕੀਤੀ। ਇਸ ਦਾ ਭਾਵ ਇਹ ਹੋਇਆ ਕਿ ਜੋ ਕੁਝ ਅਸੀਂ ਅੱਜ ਪੁਰਾਤਨ ਬਾਈਬਲ ਦੇ ਪਹਿਲੇ ਭਾਗ (ਤੂਰੇਤ) ਵਿਚ ਵੇਖਦੇ ਹਾਂ, ਉਹ ਮੂਲਿਕ ਅਤੇ ਤੱਤਵਮਈ ਵਿਰਸਾ ਨਹੀਂ ਹੈ, ਬਲਕਿ ਐਜ਼ਰਾ (Ezra) ਨਾਮੀ ਵਿਦਵਾਨ ਦੀ ਇਕੱਤਰ ਕੀਤੀ ਹੋਈ ਸਮੱਗਰੀ ਦਾ ਪੁਨਰ ਚਮਤਕਾਰ ਹੀ ਆਖਿਆ ਜਾ ਸਕਦਾ ਹੈ।

ਆਪ ਜੀ ਦੀ ਵਧੇਰੇ ਜਾਣਕਾਰੀ ਵਾਸਤੇ ਕੁਝ ਇਸਲਾਮਿਕ ਲਿਖਾਰੀਆਂ ਦੇ ਪਰੀਖਕ ਅਤੇ ਨਿਰਣਾਤਮਕ ਲੇਖ ਪੇਸ਼ ਕਰਨੇ ਭੀ ਲਾਭਦਾਇਕ ਹੋਣਗੇ। ਜਿਵੇਂ ਮਆਰਫ਼ੁਲ ਕੁਰਾਨ, ਸੰਗ੍ਰਹਿ ਦਾ ਕਰਤਾ 'ਤੂਰਾਤ' ਬਾਣੀ ਦੇ ਤੱਤਵਮਈ ਵਿਸਥਾਰ ਪ੍ਰਤਿ ਨਿਮਨ ਲਿਖਤ ਦੇ ਆਧਾਰ 'ਤੇ ਨਿਜੀ ਅਤੇ ਪਰਮਾਣਿਕ ਖ਼ਿਆਲਾਂ ਦੀ ਵਰਣਮਾਲਾ ਪ੍ਰਸਤੁਤ ਕਰਦਾ ਹੈ।

6.42 ਤੂਰੇਤ ਦੀ ਤਬਾਹੀ

ਪੁਰਾਤਨ ਸਮੇਂ ਦੇ ਦੌਰਾਨ ਯਹੂਦੀ ਭਾਈਚਾਰੇ ਨੂੰ ਹੀਬਰੋ (Hebrews) ਕਰ ਕੇ ਜਾਣਿਆ ਜਾਂਦਾ ਸੀ। ਹੀਬਰੋ ਸ਼੍ਰੇਣੀ ਦੇ ਲੋਕ ਕੈਨਨ ਦੇਸ਼, ਜਿਸ ਨੂੰ ਅੱਜ ਕੱਲ ਇਜ਼ਰਾਈਲ ਆਖਿਆ ਜਾਂਦਾ ਹੈ, ਵਿਚ ਨਿਵਾਸ ਕਰਦੇ ਸਨ। ਪ੍ਰੰਤੂ, ਯਹੂਦੀਆਂ ਦੇ ਦੇਸ ਨੂੰ ਬਦੇਸ਼ੀ ਹਮਲਾਵਰਾਂ ਨੇ ਕਈ ਦਫ਼ਾ ਖੀਣਤ ਕੀਤਾ। ਇਸ ਤਬਾਹੀ ਦੇ ਕਾਰਣ ਯਹੂਦੀ ਭਾਈਚਾਰਾ ਲਗਪਗ ਸਾਰੀ ਸ੍ਰਿਸ਼ਟੀ ਦੇ ਦੇਸਾਂ ਵਿਚ ਵਿਕੀਰਤ (ਖਿਲਰ) ਹੋ ਗਿਆ। ਤਕਰੀਬਨ ਸੰਨ 1000 ਪੂਰਬ ਈਸਾ, ਹਜ਼ਰਤ ਦਾਊਦ (David) ਨੇ ਜੈਰੋਸ਼ਲਮ ਨਗਰੀ ਦੀ ਬੁਨਿਆਦ ਰੱਖੀ। ਹਾਲਾਂਕਿ, ਜੈਰੋਸ਼ਲਮ ਨੂੰ ਜੁਡੀਆ ਸੰਗਠਨ ਦੇ ਕਬੀਲਿਆਂ ਦੀ ਰਾਜਧਾਨੀ ਅਤੇ ਧਾਰਮਕ ਕੇਂਦਰ ਸਥਾਪਨ ਕੀਤਾ। ਲਗਪਗ 960 ਪੂ.ਈ. ਤੋਂ ਅੱਠਵੀਂ ਸਦੀ ਪੂਰਬ ਈਸਾ ਤਕ, ਹਜ਼ਰਤ ਦਾਊਦ ਦਾ ਪੁੱਤਰ ਸੁਲੇਮਾਨ (Solomon) ਜੈਰੋਸ਼ਲਮ ਨਗਰੀ ਵਿਚ ਬੈਠ ਕੇ ਜੂਡੀਆ ਦੇਸ ਦੀ ਹਕੂਮਤ ਕਰਦਾ ਰਿਹਾ। ਸੁਲੇਮਾਨ ਦੇ ਰਾਜ ਕਾਲ ਵਿਚ ਯਹੂਦੀ ਕੌਮ ਅਤੇ ਜੂਡੀਆ ਦੇਸ ਨੇ ਬਹੁਤ

ਵੱਡੀ ਉੱਨਤੀ ਕੀਤੀ। ਸੁਲੇਮਾਨ ਨੇ ਜੁੜੀਆ ਸੰਗਠਨ ਦੇ ਰਾਜ ਕਾਜ ਨੂੰ ਸੰਭਾਲਦਿਆਂ ਹੀ ਜਿਹੋਵਾ ਦੇ ਮੰਦਰ ਦੀ ਉਸਾਰੀ ਆਰੰਭ ਦਿੱਤੀ ਕਿਉਂਕਿ ਉਹ ਬੁੱਤ ਪੂਜਾ ਦੇ ਮੰਦਰਾਂ ਦੇ ਪ੍ਰਤਿਕਰਮ, ਜਿਹੋਵਾ ਰੱਬ ਦੀ ਪ੍ਰਸੰਸਾ ਵਿਚ ਸਭ ਤੋਂ ਅੱਗੇ ਵਧਣਾ ਚਾਹੁੰਦਾ ਸੀ। ਇਸ ਮੰਦਰ ਦੀ ਉਸਾਰੀ ਵਾਸਤੇ ਲਗਪਗ ਸੱਤ ਜਾਂ ਅੱਠ ਸਾਲ ਦਾ ਸਮਾਂ ਖ਼ਰਚ ਕਰ ਕੇ ਮੰਦਰ ਦੀ ਸੁੰਦਰਤਾ ਨੂੰ ਵਧੇਰੇ ਆਕ੍ਰਸ਼ਕ ਬਣਾਵਣ ਹਿਤ ਤਕਰੀਬਨ ਪੱਚੀ ਕਰੋੜ (2,50,000,000) ਅਮਰੀਕਨ ਡਾਲਰ ਅਥਵਾ ਬਾਰਾਂ ਅਰਬ ਪੰਜਾਹ ਕਰੋੜ ਰੁਪਿਆ ਖ਼ਰਚ ਕਰ ਕੇ ਸੋਨਾ ਚਾਂਦੀ ਦੀ ਮੀਨਾਕਰੀ ਕੀਤੀ ਗਈ। ਸੁਲੇਮਾਨ ਨੇ ਇਜ਼ਰਾਈਲੀ ਸਾਹਿਤ ਨੂੰ ਪ੍ਰਗਤੀ ਦੇਣ ਹਿਤ, ਆਪਣੇ ਰਾਜ ਕਾਲ ਵਿਚ ਬਹੁਤ ਸਾਰੀਆਂ ਦਾਰਸ਼ਨਿਕ ਕਿਤਾਬਾਂ ਅਤੇ ਸੁਲੇਮਾਨੀ ਰਾਗ, ਕਹਾਉਤਾਂ ਅਤੇ ਉਪਦੇਸ਼ਕ ਪੋਥੀ (Song of Solomon, The book of Ecclesiastics, and a large part of Proverbs) ਭੀ ਲਿਖੇ। ਸਮੁਲਚੇ ਰਾਜ ਕਾਜ ਦੀ ਵ੍ਰਿਧੀ ਅਤੇ ਹੋਰ ਸ਼ਾਹੀ ਠਾਠ ਬਾਠ ਦੇ ਹੋਣ ਕਰਕੇ ਸੁਲੇਮਾਨ ਅਤਿ ਘੁਮੰਡੀ, ਅਭਿਮਾਨੀ, ਭੋਗ ਬਿਲਾਸੀ, ਨਾਜ਼ ਬਰਦਾਰੀ, ਦਿਲ ਜੋਈ ਅਤੇ ਨਫਸ ਪਰਵਰੀ ਦਾ ਇਤਨਾ ਅਭਿਲਾਸ਼ੀ ਹੋਇ ਨਿਬੜਿਆ ਕਿ ਐਸੀਆਂ ਰੁਚੀਆਂ ਦੇ ਅਧੀਨ ਕਾਮਨਾਵਾਂ ਦੀ ਪੂਰਤੀ ਹਿਤ ਉਸ ਨੇ ਇਕ ਹਜ਼ਾਰ (1000) ਵਿਆਹੁਤਾ ਇਸਤ੍ਰੀਆਂ ਅਤੇ ਪ੍ਰੇਮਕਾ ਭੀ ਰੱਖੀਆਂ ਹੋਈਆਂ ਸਨ। ਇਸਤ੍ਰੀਆਂ ਦੀ ਧਾਰਮਕ ਰੁਚੀ ਨੂੰ ਤ੍ਰਿਪਤ ਕਰਨ ਲਈ ਉਸ ਨੇ ਮੂਰਤੀ ਪੂਜਾ ਦੇ ਵੱਖਰੇ ਵੱਖਰੇ ਮੱਠ (Pagan shrines) ਤਾਅਮੀਰ ਕਰਵਾਏ, ਤਾਂਕਿ ਰਾਣੀਆਂ ਅਤੇ ਗੋਲੀਆਂ ਦੀ ਸਮੁੱਚੀ ਮੰਡਲੀ ਆਪਣੇ ਆਪਣੇ ਇਸ਼ਟ ਦੀ ਪੂਜਾ ਕਰ ਸਕੇ। ਇਸ ਪ੍ਰਕਾਰ ਦੀ ਕਰਮਸ਼ੀਲਤਾ ਨੇ 'ਹੀਬਰੋ ਮੂਲ ਧਾਰਾ' ਵਿਚ ਬੁੱਤ ਪੂਜਾ ਅਤੇ ਦੇਵਤਾ ਵਾਦਿ ਇਸ਼ਟ ਨੂੰ ਜਨਮ ਦਿੱਤਾ। ਸੁਲੇਮਾਨ ਨੇ ਅਹੰਕਾਰੀ ਵਿਰਤੀ ਅਤੇ ਭੋਗ ਵਿਲਾਸੀ ਰੁਚੀ ਦੇ ਅਧੀਨ ਬਹੁਤ ਵੱਡੀ ਗਿਣਤੀ ਵਿਚ ਜੰਗੀ ਰਥ, ਘੋੜਿਆਂ ਵਾਸਤੇ ਅਸਤਬਲ ਅਤੇ ਔਰਤਾਂ ਲਈ ਘੋੜਾ ਪਾਲਕੀਆਂ ਤਿਆਰ ਕਰਵਾਈਆਂ। ਪਰਿਣਾਮ ਵਜੋਂ, ਹੀਬਰੋ ਸੰਗਠਨ ਦੀ ਅਰਥ ਵਿਵਸਥਾ ਸੁੰਗੜਨੀ ਆਰੰਭ ਹੋ ਗਈ। ਅਤਿ ਘੁਮੰਡੀ ਹੋਣ ਕਰਕੇ ਗਵਾਂਢੀ ਦੇਸਾਂ ਅਤੇ ਪਰਜਾ ਦੇ ਦਿਲਾਂ ਵਿਚ ਉਸ ਪ੍ਰਤਿ ਇਤਨੀ ਈਰਖਾ ਵਧੀ ਕਿ ਉਸ ਦੀ ਜ਼ਿੰਦਗੀ ਦਾ ਅੰਤਮ ਸਮਾਂ ਅਤਿਅੰਤ ਹੀ ਜ਼ਹਿਰੀਲਾ, ਫਿੱਕਾ, ਕੜਵਾ, ਕਾਵੀਆ ਤੰਗੂ, ਘਰੇਲੂ ਅਤੇ ਵਿਅਕਤੀਗਤ ਭਰਮ ਭੁਲੇਖੇ, ਵੈਰ ਵਿਰੋਧ ਦੇ ਕਾਰਨ ਗਲ-ਘੋਟੂ ਹੋਇ ਨਿਬੜਿਆ। ਐਸੀ ਦੁਰਬਲ ਅਤੇ ਵਿਗੜ ਰੂਪ ਸਥਿਤੀ ਦਾ ਭਾਰ ਚੁੱਕਣ ਲਈ ਸੁਲੇਮਾਨ ਦਾ ਲੜਕਾ ਰੀਹੋਬੋਮ (Rehoboam) ਇਤਨਾ ਯੋਗ ਹੁਕਮਰਾਨ ਨਹੀਂ ਸੀ ਜੋ ਕਿ ਸ਼ਾਸਨ ਦੀ ਉਲਝੀ ਹੋਈ ਤਾਣੀ ਨੂੰ ਸੰਵਾਰ ਸਕੇ। ਪਰਿਣਾਮ ਵਜੋਂ, ਜੁੜੀਆ ਸ਼ਾਸਨ ਦਾ ਸੰਗਠਨ

ਖੇਰੂੰ ਖੇਰੂੰ ਹੋ ਕੇ ਗਿਆਰਾਂ ਕਬੀਲਿਆਂ ਵਿਚ ਵੰਡਿਆ ਗਿਆ। ਉਕਤ ਦਰਸਾਈ ਵਾਰਤਾ ਦੇ ਅਨੁਸਾਰ 'ਬਾਈਬਲੀਕਲ' ਸੰਸਾਰ ਵਿਚ ਕੁਝ ਐਸੇ ਇਨਸਾਨ ਭੀ ਹਨ ਜਿਨ੍ਹਾਂ ਦੀ ਬਾਣੀ ਪਵਿੱਤਰ ਬਾਈਬਲ ਵਿਚ ਪਰੌਫਿਟ ਜਾਂ ਨਬੀ ਦੇ ਤੌਰ 'ਤੇ ਲਿਖੀ ਮਿਲਦੀ ਹੈ ਔਰ ਜਿਸ ਬਾਈਬਲ ਦੀ ਪਵਿੱਤ੍ਰਤਾ ਨੂੰ ਵੱਡੀ ਰੰਗਤ ਦੁਆਰਾ ਵਧਾ ਚੜ੍ਹਾ ਕੇ ਭੋਲੇ ਭਾਲੇ ਲੋਕਾਂ ਨੂੰ ਕੁਰਾਹੇ ਪਾਵਨ ਹਿਤ ਪ੍ਰਚਾਰਿਆ ਜਾ ਰਿਹਾ ਹੈ। ਉਕਤ ਖ਼ਿਆਲਾਂ ਦੀ ਪੁਸ਼ਟਤਾ ਗਲੈਸਨ ਐਲ. ਆਰਚਰ (Gleason L. Archer, JR) ਦੇ ਸ਼ਬਦਾਂ ਦੁਆਰਾ ਪੇਸ਼ ਕਰਨੀ, ਸੁਹਿਰਦ ਪਾਠਕਾਂ ਵਾਸਤੇ ਵਧੇਰੇ ਜਾਣਕਾਰੀ ਅਤੇ ਸ੍ਰਿਸ਼ਟੀ ਪੱਧਰ ਦਾ ਸ੍ਰੇਸ਼ਟ ਵਿਸ਼ਾ ਹੋਵੇਗਾ, ਜਿਵੇਂ :

The greatness of Solomon's success and prosperity led to pride and self-indulgence. He had about 1,000 wives and mistresses. He indulged their religious prefemeces by building pagan shrines where they could worship. This action paved the way for the influence of idolatry upon the Hebrew nation. Solomon was also proud of his war chariots and built huge stables in which to quarter his horses. His ships brought goods from India, South Arabia and Ethopia.

After a few decades, the prosperity of Israel dwindled greatly. Economic hardship became widespread, despite almost freedom from war and in spite of friendly relations with all neighbouring people. Solomon's people finally revolted against high taxes and the system of forced labor that supported his extravagant building projects. His last years were embittered by personal disillusionment and by hostility at home and abroad. After Solomon died, his incompetent son, Rehoboam, could not hold the Hebrew empire together. The Ten tribes broke away set up the Northern Kingdom of Israel.

(World book 10, p. 474d, Solomon)

ਉਕਤ ਦਰਸਾਈ ਸੁਲੇਮਾਨੀ ਵਾਰਤਾ ਨੂੰ ਧਿਆਨ ਦੇ ਸੈਂਚੇ ਵਿਚ ਰੱਖ ਕੇ ਵਾਚਿਆਂ ਅਥਵਾ ਬਾਈਬਲ ਦੀ ਪੁਰਾਤਨ ਨਿਯਮਾਵਲੀ ਵਿਚੋਂ ਸੁਲੇਮਾਨੀ ਕਿਤਾਬਾਂ ਦਾ ਅਧਿਐਨ ਕੀਤਿਆਂ ਇਸ ਨਤੀਜੇ 'ਤੇ ਰਸਾਈ ਹੁੰਦੀ ਹੈ ਕਿ ਸੁਲੇਮਾਨ ਨੂੰ ਪੈਗੰਬਰ ਜਾਂ ਨਬੀ ਦੀ ਪਦਵੀ ਦੇਣੀ ਦਰਗਾਹੀ ਹੁਕਮ ਦੀ ਵਿਰੋਧਤਾ ਹੈ। ਸੁਲੇਮਾਨੀ ਵਾਰਤਾ ਅਤੇ ਰਾਗਾਂ ਦੀ ਪ੍ਰਨਾਲੀ ਰੱਬ ਨੂੰ ਦਰਸਾਣ ਪ੍ਰਤਿ ਇਨਸਾਨੀ ਰਚਨਾ ਹੀ ਆਖੀ ਜਾ ਸਕਦੀ ਹੈ ਜਦੋਂ ਕਿ ਇਨਸਾਨ ਦੀ

ਭਲਾਈ ਵਾਸਤੇ ਦਰਗਾਹੀ ਕਲਾਮ ਨਹੀਂ ਆਖੀ ਜਾ ਸਕਦੀ। ਤਦੇ ਹੀ ਕੁਝ ਸੰਸਾਰ ਪੱਧਰ ਦੇ ਲਿਖਾਰੀ ਇਸ ਗਾਥਾ ਨੂੰ ਲਿਖਣ ਲਈ ਮਜਬੂਰ ਹੋ ਗਏ ਕਿ ਬਾਈਬਲ ਰੱਬੀ ਸ਼ਬਦ ਨਹੀਂ ਹੈ। ਜਿਵੇਂ ਜੇਮਸ ਮੌਂਟਗੁਮਰੀ ਆਪਣੀ ਕਿਤਾਬ *The Sovereign God* ਦੇ ਪੰਨਾ 104 'ਤੇ 'The Modern Bible Criticism' ਦੇ ਸੱਤਵੇਂ ਪ੍ਰਕਰਣ ਵਿਚ, ਜੇ.ਆਈ. ਪੈਕਰ ਦੇ ਹਵਾਲੇ ਦੁਆਰਾ ਲਿਖਦੇ ਹਨ ਕਿ ਬਾਈਬਲ ਰੱਬੀ ਸ਼ਬਦ ਨਹੀਂ ਹੈ ਪ੍ਰੰਤੂ ਰੱਬੀ ਸ਼ਬਦ ਹੋ ਗਿਆ ਹੈ।

The Bible is not God's word, but becomes God's word for any one who believe in it as God's word.

(Fundamentalism and the Word of God, p. 148)

ਉਕਤ ਵਾਰਤਾ ਦੁਆਰਾ ਅਸੀਂ ਵੇਖ ਆਏ ਹਾਂ ਕਿ ਸੁਲੇਮਾਨ ਦੀ ਮੌਤ ਤੋਂ ਉਪਰੰਤ ਇਜ਼ਰਾਈਲੀ ਸ਼ਾਸਨ ਦਾ ਸੀਰਾਜ਼ਾ ਪਰਸਪਰ ਵਿਰੋਧਤਾ ਦੇ ਕਾਰਣ ਵੱਖਰੇ ਵੱਖਰੇ ਦੋ ਗਰੁੱਪਾਂ ਵਿਚ ਵੰਡਿਆ ਗਿਆ। ਇਕ ਟੋਲੀ ਦੀ ਰਾਜਧਾਨੀ ਸਮਾਰੀਆ ਅਤੇ ਦੂਜੇ ਗਰੁੱਪ ਦੀ ਰਾਜਧਾਨੀ ਜੈਰੋਸ਼ਲਮ ਹੋ ਗਈਆਂ। ਅੱਠਵੀਂ ਸ਼ਤਾਬਦੀ ਪੂਰਬ ਈਸਾ, ਯਹੂਦੀਆਂ ਦੀ ਸਮਾਰੀਆ ਹਕੂਮਤ ਨੂੰ ਅਸੀਰੀਆ ਦੀਆਂ ਫ਼ੌਜਾਂ ਨੇ ਇਤਨਾ ਬਰਬਾਦ ਕੀਤਾ ਕਿ ਇਨ੍ਹਾਂ ਦਾ ਨਾਮੋ-ਨਿਸ਼ਾਨ ਮਿਟਾ ਦਿੱਤਾ। ਗ਼ਰਜ਼ੇਕਿ, ਇਜ਼ਰਾਈਲੀ ਜਨਤਾ ਨੂੰ ਬੰਦੀ ਬਣਾ ਕੇ ਆਪਣੇ ਦੇਸ ਅਸੀਰੀਆ ਵਿਚ ਲੈ ਗਏ। ਇਸ ਬਰਬਾਦੀ ਦੇ ਕਾਰਣ ਉੱਤਰੀ ਹਿੱਸੇ ਦੇ ਇਜ਼ਰਾਈਲੀ ਸੰਸਾਰ ਦੇ ਭਿੰਨ ਭਿੰਨ ਭਾਗਾਂ ਵਿਚ ਖਿੰਡ ਗਏ। ਅਤਿ ਮੰਦੀ ਸਥਿਤੀ ਜੋ ਉਨ੍ਹਾਂ ਨਾਲ ਵਾਪਰੀ ਕਿ ਉਹ ਇਜ਼ਰਾਈਲੀ ਸਭਿਅਤਾ ਨੂੰ ਗੁੰਮ ਕਰ ਬੈਠੇ। ਗ਼ਰਜ਼ੇਕਿ, ਜਿਨ੍ਹਾਂ ਦੇਸਾਂ ਵਿਚ ਉਨ੍ਹਾਂ ਨੂੰ ਸ਼ਰਨ ਮਿਲੀ, ਉਨ੍ਹਾਂ ਦੀ ਸਭਿਅਤਾ ਦਾ ਹੀ ਮਿਲਗੋਭਾ ਬਣ ਗਏ। ਸਭ ਤੋਂ ਹਾਨੀਕਾਰਕ ਹਾਲਤ ਇਹ ਹੋਈ ਕਿ ਇਜ਼ਰਾਈਲੀਆਂ ਦਾ ਸਾਹਿਤ ਭੀ ਇਨ੍ਹਾਂ ਦੇ ਹੱਥੋਂ ਜਾਂਦਾ ਰਿਹਾ। ਚਾਲੂ ਸਮੇਂ ਦੇ ਖੋਜੀ/ਦਾਰਸ਼ਨਿਕ ਅਨੁਮਾਨ ਕਰਦੇ ਹਨ ਕਿ ਇਨ੍ਹਾਂ ਇਜ਼ਰਾਈਲੀਆਂ ਦੇ ਕੁਝ ਭਾਗ ਅਫ਼ਗ਼ਾਨਿਸਤਾਨ ਦੇ ਪਠਾਣ ਅਤੇ ਕੁਝ ਹਿੰਦੁਸਤਾਨੀ ਹਿੰਦੂਆਂ ਵਿਚ ਘੁਲਮਿਲ ਗਏ ਹਨ। ਇਨ੍ਹਾਂ ਉੱਤਰੀ ਇਜ਼ਰਾਈਲੀਆਂ ਦੇ ਉਜੜੇ ਹੋਏ ਦਸਾਂ ਕਬੀਲਿਆਂ ਦੀ ਸੰਗਿਆ ਅੱਜ ਭੀ ਗੁੰਮ ਹੋਏ ਦਸ ਫ਼ਿਰਕੇ ਆਖੀ ਜਾਂਦੀ ਹੈ। (They are known as the ten lost tribes.)

ਦੱਖਣੀ ਇਜ਼ਰਾਈਲੀ ਕੌਮ ਨਾਲ ਦੂਜਾ ਦੁਖਾਂਤ ਉਸ ਸਮੇਂ ਵਰਤਿਆ, ਜਦੋਂ ਸੰਨ 587 ਪੂਰਬੀ ਈਸਵੀ ਬਾਬਲ ਦੇ ਬਾਦਸ਼ਾਹ ਬਖ਼ਤ ਨਾਸਰ (Nebuchadnezzar) ਨੇ ਐਸਾ ਮਾਰੂ ਹਮਲਾ ਕੀਤਾ ਕਿ ਦੱਖਣੀ ਇਜ਼ਰਾਈਲੀ ਸ਼ਾਸਨ ਦੀਆਂ ਮੂਲਿਕ ਜੜ੍ਹਾਂ ਹੀ ਪੁੱਟੀਆਂ ਗਈਆਂ। ਗ਼ਰਜ਼ੇਕਿ, ਜੈਰੋਸ਼ਲਮ

ਦੇ ਦੁਰਲੱਭ ਮੰਦਰ ਨੂੰ ਢਾਹ-ਢੇਰੀ ਕਰ ਕੇ ਮਿੱਟੀ ਵਿਚ ਮਿਲਾ ਦਿੱਤਾ ਔਰ ਅਨੇਕਾਂ ਹੀ ਯਹੂਦੀਆਂ ਨੂੰ ਗ਼ੁਲਾਮ ਬਣਾ ਕੇ ਆਪਣੇ ਦੇਸ ਬਾਬਲ (Babylon) ਵਿਚ ਲੈ ਗਿਆ। ਮੰਦਰ ਵਿਚ ਰੱਖਿਆ ਹੋਇਆ ਪੁਰਾਤਨ ਯਹੂਦੀ ਸਾਹਿਤ, ਗਰਜ਼ੇਕਿ, ਕੋਈ ਭੀ ਕੀਮਤੀ ਪੁਸਤਕ ਜਾਂ ਸਾਹਿਤਕ ਸਮੱਗਰੀ ਅਗਨ ਭੇਟ ਹੋਣੋਂ ਨਹੀਂ ਬਚ ਸਕੀ। ਯਹੂਦੀ ਇਤਿਹਾਸ ਵਿਚ ਇਸ ਮਾਰੂ ਕਾਲ ਦੀ ਸੰਗਿਆ 'ਬਾਬਲ ਦੇਸ ਨਿਕਾਲਾ' (**Babylon exile**) ਕਰ ਕੇ ਤਵਾਰੀਖ਼ ਦੇ ਪੰਨੇ ਸੰਭਾਲੀ ਬੈਠੇ ਹਨ। ਪ੍ਰੰਤੂ, ਇਸ ਦੱਖਣੀ ਇਜ਼ਰਾਈਲੀ ਗਰੁੱਪ ਨੂੰ ਵਾਹਿਗੁਰੂ ਨੇ ਇਕ ਗੱਲੋਂ ਬਚਾਈ ਰੱਖਿਆ ਕਿ ਇਨ੍ਹਾਂ ਦੀ ਸਭਿਅਤਾ ਅਤੇ ਇਨ੍ਹਾਂ ਦੇ ਧਰਮ ਨੂੰ ਉੱਤਰੀ ਇਜ਼ਰਾਈਲਾਂ ਵਾਂਗੂ ਇਤਨਾ ਤਬਾਹੀ ਦਾ ਸਾਹਮਣਾ ਨਹੀਂ ਕਰਨਾ ਪਿਆ ਜਿਤਨਾ ਕਿ ਉਨ੍ਹਾਂ ਨੂੰ ਕਰਨਾ ਪਿਆ ਸੀ। ਇਸ ਤਵਾਰੀਖ਼ੀ ਤ਼ਬਾਹੀ ਦਾ ਜ਼ਿਕਰ *ਬਾਈਬਲ* ਦੇ ਪੰਨਿਆਂ ਵਿਚ ਅੱਜ ਭੀ ਮੌਜੂਦ ਹੈ, ਜਿਵੇਂ :

16. Then Isaiah said to Hezekiah, Hear the word of the lord.

17. Behold, the days are coming when all that is in your house, and all that fathers have laid up in store to this day shall be carried to Babylon; nothing shall be left," says the lord.

(O.T, 2 king 20, 16-17)

ਉਕਤ ਦਰਸਾਈ *ਬਾਈਬਲ* ਦੀ ਇਕ ਐਸੀ ਗੁਵਾਹੀ ਹੈ ਜਿਸ ਦੇ ਆਧਾਰ 'ਤੇ ਅਸੀਂ ਭਰੋਸਾ ਕਰ ਸਕਦੇ ਹਾਂ ਕਿ ਪੁਰਾਤਨ ਨਿਯਮ ਦਾ ਸਮੁੱਚਾ ਸਾਹਿਤ ਬਖ਼ਤ ਨਾਸਰ ਦੇ ਹਮਲੇ ਸਮੇਂ ਅਗਨ ਭੇਟ ਕਰ ਕੇ ਤਬਾਹ ਕੀਤਾ ਗਿਆ ਅਤੇ ਹੋਰ ਵੱਡਮੁਲੀਆਂ ਵਸਤੂਆਂ ਭੀ ਲੁੱਟ ਕੇ ਲੈ ਗਿਆ। ਜਿਸ ਦੀ ਹਾਮਾ *ਮਾਅਰਫ਼ਲ ਕੁਰਾਨ* ਦਾ ਕਰਤਾ ਨਿਮਨ ਲਿਖਤ ਦੇ ਆਧਾਰ 'ਤੇ ਪੇਸ਼ ਕਰਦਾ ਹੈ :

- ਤਬ ਯਸੀਆਹ ਨੇ ਫ਼ਰਕੀਆਹ ਸੇ ਕਹਾ, ਖ਼ੁਦਾਵੰਦ ਕਾ ਕਲਾਮ ਸੁਨ, ਦੇਖ ਵੁਹ ਦਿਨ ਆਤੇ ਹੈਂ ਕਿ, ਸਭ ਜੋ ਕੁਛ ਤੇਰੇ ਘਰ ਮੇਂ ਹੈ ਔਰ ਜੋ ਕੁਛ ਕਿ ਤੇਰੇ ਬਾਪ ਦਾਦੋਂ ਨੇ ਆਜ ਕੇ ਦਿਨ ਤਕ ਜਮਾਂਅ ਕਰ ਰੱਖਾ ਹੈ, ਸਭ ਬਾਬਲ ਕੋ ਲੇ ਜਾਏਂਗੇ, ਕੁਝ ਭੀ ਬਾਕੀ ਨਹੀਂ ਰਹੇਗਾ।

(ਸਲਾਤੀਨ 2,16/17) (ਮਾਅਰਫ਼ਲ ਕੁਰਾਨ, ਪੰਨਾ 9)

ਜਦੋਂ ਅਸੀਂ *ਬਾਈਬਲ* ਦਾ ਪੁਰਾਤਨ ਨਿਯਮ ਰਾਜਾ ਇਕ (1 King) ਵਿਚ ਲਿਖੀ ਗਾਥਾ ਨੂੰ ਅਤਿ ਧਿਆਨ ਜੋੜ ਕੇ ਵਾਚਦੇ ਹਾਂ, ਤਦ ਅਸਾਡੇ ਸਾਹਮਣੇ ਪੁਰਾਤਨ ਨਿਯਮ ਤੂਰੇਤ ਲਿਖਤ ਗਾਥਾ ਦੀ ਬਰਬਾਦੀ ਦਾ ਚਿੱਤਰ ਪ੍ਰਤੱਖ ਰੂਪ ਵਿਚ ਆਣ ਖਲੋਂਦਾ ਹੈ। ਜੇਰੋਸ਼ਲਮ ਦੇ ਮੰਦਰ ਦੀ ਉਸਾਰੀ ਤੋਂ ਬਾਅਦ ਜਦੋਂ ਤੂਰੇਤ ਦੀਆਂ ਤਖ਼ਤੀਆਂ ਵਾਲਾ ਸੰਦੂਕ ਪਵਿੱਤਰ ਹੈਕਲ ਵਿਚ ਲਿਆਂਦਾ ਗਿਆ, ਤਦ ਇਸ ਸੰਦੂਕ ਵਿਚੋਂ ਕੇਵਲ ਦੋ ਹੀ ਪੱਥਰ ਦੀਆਂ ਤਖ਼ਤੀਆਂ ਪ੍ਰਾਪਤ

ਗਈਆਂ। ਇਥੇ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਇਨ੍ਹਾਂ ਦੋ ਪੱਥਰ ਦੀਆਂ ਤਖ਼ਤੀਆਂ 'ਤੇ ਤੁਰੇਤ ਦੇ ਪੰਜ ਭਾਗ ਜਿਨ੍ਹਾਂ ਨੂੰ ਹਜ਼ਰਤ ਮੂਸਾ ਦੀ ਕਿਰਤ ਆਖਿਆ ਜਾਂਦਾ ਹੈ, ਕਿਵੇਂ ਸਮਾ ਸਕਦੇ ਹਨ ? ਇਥੋਂ ਇਹ ਸਿੱਧ ਹੁੰਦਾ ਹੈ ਕਿ ਤੁਰੇਤ ਦੀ ਅਸਲੀ ਲਿਖਤ ਸੁਲੇਮਾਨ ਦੇ ਰਾਜ ਕਾਲ ਵਿਚ ਹੀ ਗੁੰਮ ਹੋ ਚੁੱਕੀ ਸੀ। ਜਦੋਂ ਹਜ਼ਰਤ ਦਾਊਦ ਦੇ ਪੁੱਤਰ ਹਜ਼ਰਤ ਸੁਲੇਮਾਨ ਨੇ ਜ਼ੋਇਨ (Zion) ਮਹਿਲਾਂ ਵਿਚੋਂ ਪਵਿੱਤਰ ਬਾਈਬਲ ਦਾ ਸੰਦੂਕ ਮੰਗਵਾਇਆ, ਤਦ ਇਸ ਵਿਚੋਂ ਕੇਵਲ ਦੋ ਹੀ ਪੱਥਰ ਦੀਆਂ ਤਖ਼ਤੀਆਂ ਨਿਕਲੀਆਂ। ਉਕਤ ਦਰਸਾਈ ਵਾਰਤਾ ਦੀ ਹਕੀਕਤ ਨੂੰ ਸਹੀ ਅਰਥਾਂ ਵਿਚ ਸਮਝਣ ਹਿਤ, *ਬਾਈਬਲ* ਦਾ ਪੁਰਾਤਨ ਨਿਯਮ ਵਾਚਣਾ ਬਹੁਤ ਹੀ ਲਾਜ਼ਮੀ ਹੈ, ਜਿਸ ਵਿਚ ਕੇਵਲ ਪੱਥਰ ਦੀਆਂ ਦੋ ਸਲੇਟਾਂ ਦਾ ਵਾਸਤਵਿਕਤਾ ਨੂੰ ਵੇਖਿਆ ਅਤੇ ਪੜ੍ਹਿਆ ਜਾ ਸਕਦਾ ਹੈ, ਜਿਵੇਂ :

1—Then Solomon assembled the elders of Israel and all the heads of the tribes, the leaders of the fathers household of the sons of Israel, to King Solomon in Jerusalem, to bring up the Ark of the Covenant of the Lord from the city of David, which is Zion.

9—There was nothing in the ark except the two tablets of stone which Moses put there at Horiba (Sinal), where the Lord made a covenant with the sons of Israel, when they came out of the land of the Egypt. *(I King. 8: 1-9)*

6.43 ਤੁਰੇਤ ਗਾਥਾ ਦਾ ਪੁਨਰ ਨਿਰਮਾਣ

ਇਹ ਓਹ ਸਮਾਂ ਸੀ ਜਦੋਂ ਕਿ ਜੈਰੋਸ਼ਲਮ ਦੇ ਹੈਕਲ ਵਿਚ ਰੱਖੀਆਂ ਪਵਿੱਤਰ ਕਿਤਾਬਾਂ ਦਾ ਵਜੂਦ ਦੁਨੀਆ ਦੇ ਤਖ਼ਤੇ ਤੋਂ ਮਿਟਾ ਦਿੱਤਾ ਗਿਆ। ਲਗਪਗ ਪੰਜਾਹ (50) ਸਾਲ ਦੀ ਬੰਦੀ ਅਤੇ ਗੁਲਾਮੀ ਤੋਂ ਬਾਅਦ ਸੰਨ 539 ਪੂਰਬ ਈਸਵੀ ਵਿਚ ਈਰਾਨ ਦੇ ਪਾਰਸੀ ਬਾਦਸ਼ਾਹ ਸੈਰਸ (Syrups) ਨੇ ਬਾਬਲ ਦੀ ਸਲਤਨਤ ਨੂੰ ਫ਼ਤਹਿ ਕਰ ਕੇ ਨਿਜੀ ਅਧਿਕਾਰ ਵਿਚ ਕੀਤਾ। ਹਿਜ਼ਕੀਏਲ ਅਤੇ ਐਜ਼ਰਾ ਦੀਆਂ ਕੋਸ਼ਿਸ਼ਾਂ ਦੇ ਕਾਰਣ ਬਾਦਸ਼ਾਹ ਸੈਰਸ ਨੇ ਯਹੂਦੀ ਜਲਾਵਤਨੀ ਲੋਕਾਂ ਨੂੰ ਆਪਣੇ ਦੇਸ ਜੂਡਾ ਵਿਚ ਜਾਣ ਦੀ ਆਗਿਆ ਦਿੱਤੀ। ਗੁਲਾਮੀ ਦੀ ਥਕਾਵਟ ਤੋਂ ਬਾਅਦ ਐਜ਼ਰਾ ਅਤੇ ਹੈਜ਼ਕੀਏਲ (Ezra and Ezekiel) ਨੇ ਤੁਰੇਤ ਦੀਆਂ ਪੰਜਾਂ ਕਿਤਾਬਾਂ ਨੂੰ ਨਵੇਂ ਰੂਪ ਵਿਚ ਲਿਖਿਆ ਅਤੇ ਤਰਤੀਬ ਦਿੱਤੀ। ਬਾਬਲ ਦੀ ਕੈਦ ਦੇ ਸਮੇਂ ਯਹੂਦੀ ਲੋਕ ਪਰਸਪਰ ਇਕ ਦੂਸਰੇ ਤੋਂ ਤੁਰਾਤੀ ਕਾਨੂੰਨ ਦੀਆਂ ਯਾਦਾਂ, ਰਵਾਇਤੀ ਤੌਰ 'ਤੇ ਮੂੰਹ ਜ਼ਬਾਨੀ ਹੀ ਕਰਦੇ ਸਨ, ਔਰ ਇਨ੍ਹਾਂ ਰਵਾਇਤੀ ਕਥਾ ਕਹਾਣੀਆਂ ਨੂੰ ਐਜ਼ਰਾ ਨਾਮੀ ਪੁਜਾਰੀ ਲਿਖਦਾ ਗਿਆ, ਜਿਥੋਂ ਤੁਰੇਤ ਦੀ ਰਵਾਇਤੀ ਗਾਥਾ ਦਾ ਪੁਨਰ ਜਨਮ

ਹੋਇਆ। ਜਿਵੇਂ ਹਿੰਦੂਆਂ ਦੀਆਂ ਸਿੰਮ੍ਰਿਤੀਆਂ, ਇਸਲਾਮ ਦੀਆਂ ਸ਼ਰਹ ਸ਼ਰੀਅਤਾਂ ਰਵਾਇਤੀ ਹਨ, ਨਿਰਸੰਦੇਹ, ਇਸੇ ਤਰ੍ਹਾਂ ਪੁਰਾਤਨ ਬਾਈਬਲ ਦੀਆਂ ਤੂਰਾਤੀ ਯਾਦਾਂ ਭੀ ਰਵਾਇਤੀ ਹੀ ਆਖੀਆਂ ਜਾ ਸਕਦੀਆਂ ਹਨ। ਪਰਾਧੀਨਤਾ ਇਤਨੀ ਜ਼ਹਿਰੀਲੀ ਅਤੇ ਗਲ-ਘੋਟੂ ਹੁੰਦੀ ਹੈ, ਜਿਸ ਦੇ ਮਾਰੂ ਝੱਖੜਾਂ ਦੀ ਮਾਰ ਨਾ ਸਹਿੰਦੀਆਂ ਹੋਈਆਂ ਸਰਬੋਤਮ ਕੌਮਾਂ ਭੀ ਆਪਣੀ ਇਖ਼ਲਾਕੀ ਜੁਰਅਤ, ਭਾਸ਼ਾ, ਤਹਿਜ਼ੀਬੋ ਤਮੱਦਨ ਅਤੇ ਇੱਜ਼ਤ-ਆਬਰੂ ਦੇ ਖਜ਼ਾਨੇ ਵਲੋਂ ਖੀਣਤ ਹੋ ਜਾਂਦੀਆਂ ਹਨ। ਇਹੀ ਕੁਝ ਯਹੂਦੀ ਕੌਮ ਦੇ ਦੁਖਾਂਤ ਦੀ ਅਵਰੋਹੀ ਗਾਥਾ ਹੈ ਜੋ ਪੁਰਾਤਨ ਕਾਲ ਦਾ ਹਿਰਦੇ ਵੇਧਕ ਚਿੱਤਰ ਪੇਸ਼ ਕਰਦੀ ਹੈ। ਸਮੁੱਚੀ ਗਾਥਾ ਦਾ ਤੱਤ੍ਵਮਈ ਅੰਸ਼ ਇਹ ਹੋਇਆ ਕਿ ਤੂਰੇਤ ਦੀ ਗਾਥਾ ਹਜ਼ਰਤ ਮੂਸਾ ਰਚਿਤ ਗਾਥਾ ਨਹੀਂ ਹੈ, ਬਲਕਿ ਐਜ਼ਰਾ ਰਚਿਤ ਪੁਨਰ ਲਿਖਤ ਰਵਾਇਤੀ ਸੰਗਠਨ ਹੈ।

(ਮਆਰਫੁਲ ਕੁਰਾਨ, ਪੰਨੇ 10-24)

ਜਿਤਨਾ ਅਰਸਾ ਤਕ ਕੋਈ ਇਨਸਾਨ ਪੁਰਾਤਨ ਬਾਈਬਲ ਦੀ ਲਿਖਤ ਨੂੰ ਸਵੈਮ ਤੌਰ 'ਤੇ ਨਹੀਂ ਵਾਚਦਾ, ਨਿਰਸੰਦੇਹ, ਉਹ ਇਸ ਲਿਖਤ ਦੀ ਵਾਸਤਵਿਕਤਾ ਤੋਂ ਜਾਣੂ ਨਹੀਂ ਹੋ ਸਕਦਾ। ਜਿਵੇਂ ਜੋਸਫ ਵੈਲਿਸ ਆਪਣੀ ਕਿਤਾਬ *ਕੀ ਇਹ ਰੱਬ ਦੇ ਸ਼ਬਦ ਹਨ ?* (Joseph whales, writing in his book, *Is it God's Word*) ਵਿਚ ਲਿਖਦਾ ਹੈ ਕਿ ਤੂਰਾਤ ਕਾ ਖ਼ੁਦਾ ਬੇਸ਼ੁਮਾਰ ਕ਼ਾਤਲੋਂ ਕੇ ਬਹਾਏ ਹੂਏ ਖ਼ੂਨ ਸੇ ਹੋਲੀ ਖੇਲਤਾ ਨਜ਼ਰ ਆਤਾ ਹੈ। ਬੇ-ਰਹਿਮੀ ਸੇ ਸਜ਼ਾ ਦੇਨੇ ਵਾਲਾ, ਖ਼ੌਫ਼ਨਾਕ ਜ਼ਾਲਮ ਤੁਅੱਸਬ ਕਾ ਮੁਜੱਸਮਾ, ਮੁਤਕੱਬਰ ਸ਼ੇਖ਼ੀ ਬਾਜ਼, ਵਾਅਦਾ ਖ਼ਿਲਾਫ਼ ਔਰ ਝੂਠ ਬੋਲਨੇ ਵਾਲਾ ਹੈ।

(ਮਆਰਫੁਲ ਕੁਰਾਨ, ਪੰਨਾ 22)

6.44 ਤਾਲਮੂਦ ਦੀ ਰਚਨਾ (Talmud)

ਯਹੂਦੀਆਂ ਦੀ ਦਰਦ ਭਰੀ ਗਾਥਾ ਇਥੇ ਹੀ ਖ਼ਤਮ ਨਹੀਂ ਹੁੰਦੀ, ਚੁਨਾਂਚਿ, ਜਦੋਂ ਯਹੂਦੀ ਲੋਕਾਂ ਨੂੰ ਬਾਦਸ਼ਾਹ ਸੈਰਸ ਦੇ ਪੋਤਰੇ ਅਰਤਖ਼ਸ਼ਤਾਸ਼ (Artaxerxes) ਨੇ ਪੂਰੀ ਤਰ੍ਹਾਂ ਸਵਤੰਤ੍ਰਤਾ ਬਖ਼ਸ਼ ਦਿੱਤੀ, ਤਦ ਇਨ੍ਹਾਂ 'ਤੇ ਦੋਬਾਰਾ ਬਦੇਸ਼ੀ ਆਕਰਮਣ ਆਰੰਭ ਹੋ ਗਏ, ਜਿਨ੍ਹਾਂ ਵਿਚ ਯੂਨਾਨ ਦਾ ਪ੍ਰਸਿੱਧ ਬਾਦਸ਼ਾਹ ਸਿਕੰਦਰ, ਫਿਰ ਮਿਸਰ ਦਾ ਹਮਲਾ, ਸੀਰੀਆ ਅਤੇ ਸਭ ਤੋਂ ਬਾਅਦ ਰੋਮਨ ਬਾਦਸ਼ਾਹਾਂ ਦੇ ਹਮਲੇ ਹੋਏ। ਰੋਮਨ ਹੁਕਮਰਾਨਾਂ ਨੇ ਯਹੂਦੀ ਲੋਕਾਂ ਨੂੰ ਉਨ੍ਹਾਂ ਦੇ ਧਰਮ ਕਰਮ ਤੋਂ ਹੀਣਤ ਕਰਨ ਵਾਸਤੇ ਕਿਸੇ ਪ੍ਰਕਾਰ ਦੀ ਕਸਰ ਬਾਕੀ ਨਹੀਂ ਛੱਡੀ। ਰੋਮਨ ਸ਼ਾਸਨਕਾਰੀਆਂ ਦੀ ਸਖ਼ਤੀ ਦੇ ਕਾਰਣ ਯਹੂਦੀਆਂ ਵਾਸਤੇ

ਜੈਰੋਸ਼ਲਮ ਵਿਚ ਰਹਿਣਾ ਨਾ-ਗਵਾਰ ਹੋ ਚੁੱਕਾ ਸੀ। ਪਰਿਣਾਮ ਵਜੋਂ ਯਹੂਦੀਆਂ ਦੇ ਦੋ ਫ਼ਿਰਕੇ ਵੱਖਰੇ ਵੱਖਰੇ ਇਲਾਕਿਆਂ, ਗਲੀਲੋ ਅਤੇ ਬਾਬਲ ਵਿਚ ਨਿਵਾਸ ਕਰਨ ਲਈ ਮਜਬੂਰ ਹੋ ਗਏ। ਇਨ੍ਹਾਂ ਦੋਹਾਂ ਫ਼ਿਰਕਿਆਂ ਨੇ ਪਰਸਪਰ ਸੰਪਰਕ ਦੁਆਰਾ ਇਕ ਧਾਰਮਕ ਗ੍ਰੰਥ ਦੀ ਰਚਨਾ ਕੀਤੀ, ਜਿਸ ਦੀ ਸੰਗਿਆ *ਤਾਲਮੂਦ* ਕਰ ਕੇ ਆਖੀ ਜਾਂਦੀ ਹੈ। *ਤਾਲਮੂਦ* ਨੂੰ ਸਹੀ ਢੰਗ ਦੁਆਰਾ ਸਮਝਣ ਹਿਤ, ਦੋ ਪ੍ਰਣਾਲੀਆਂ ਵਿਚ ਵੰਡਿਆ ਜਾ ਸਕਦਾ ਹੈ, ਜਿਵੇਂ ਮਿਸ਼ਨਾ ਅਤੇ ਜਿਮਾਰਾ (*Mishnah* and *Gemara*)। *ਮਿਸ਼ਨਾ* ਗ੍ਰੰਥ ਵਿਚ ਯਹੂਦੀ ਭਾਈਚਾਰੇ ਦਾ ਕਾਨੂੰਨ ਅਤੇ ਜ਼ਿੰਦਗੀ ਦੇ ਰੀਤੀ ਰਿਵਾਜ ਅੰਕਤ ਕੀਤੇ ਗਏ ਹਨ, ਔਰ *ਮਿਸ਼ਨਾ* ਦੀ ਵਿਆਖਿਆ ਦੂਸਰੇ ਗ੍ਰੰਥ *ਜਿਮਾਰਾ* ਵਿਚ ਕੀਤੀ ਗਈ ਹੈ। *ਮਿਸ਼ਨਾ* ਦੀ ਵਿਆਖਿਆ ਪ੍ਰਤਿ ਸਮੂਲਚੇ ਯਹੂਦੀ ਵਿਦਵਾਨਾਂ ਦੀ ਪਰਸਪਰ ਸਹਿਮਤੀ ਨਹੀਂ ਹੈ। ਪ੍ਰੰਤੂ ਇਸ ਦੇ ਬਾਵਜੂਦ ਭੀ *ਤਾਲਮੂਦ* ਗ੍ਰੰਥ ਯਹੂਦੀ ਭਾਈਚਾਰੇ ਵਾਸਤੇ ਪੁਰਾਤਨ ਨਿਯਮ ਵਾਂਗੂ ਹੀ ਪਵਿੱਤਰ ਗ੍ਰੰਥ ਕਰ ਕੇ ਮੰਨਿਆ ਜਾਂਦਾ ਹੈ। ਇਨ੍ਹਾਂ *ਤਾਲਮੂਦ* ਕਿਤਾਬਾਂ ਦੀ ਲਿਖਤ ਲਗਪਗ ਸੰਨ ਈਸਵੀ 70-500 ਤਕ, ਭਾਵ, ਪਹਿਲੀ ਸਦੀ ਤੋਂ ਪੰਜਵੀਂ ਸਦੀ ਦੇ ਦਰਮਿਆਨੀ ਸਮੇਂ ਵਿਚ ਸੰਪੂਰਣ ਕੀਤੀ ਗਈ।

ਵਿਸ਼ਾ ਸੂਚੀ ਦੇ ਆਧਾਰ 'ਤੇ *ਤਾਲਮੂਦ* ਗ੍ਰੰਥ ਨੂੰ ਵਿਸ਼ੇਸ਼ ਤੌਰ 'ਤੇ ਛੇ ਵੱਡੇ ਵਿਸ਼ਿਆਂ ਅਤੇ ਛੋਟੇ ਵੱਡੇ ਤਰੇਠ (63) ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ਜਿਨ੍ਹਾਂ ਨੂੰ 'Tractates' ਕਰ ਕੇ ਭੀ ਆਖਿਆ ਜਾਂਦਾ ਹੈ। *ਤਾਲਮੂਦੀ* ਕਿਤਾਬਚਿਆਂ ਵਿਚ ਬਹੁਤ ਹੀ ਹੈਰਾਨ ਕਰਨ ਵਾਲੀਆਂ ਰਵਾਇਤੀ ਕਥਾ ਕਹਾਣੀਆਂ ਦੀ ਭਰਮਾਰ ਹੈ। ਜਿਵੇਂ ਦਸਮ ਗ੍ਰੰਥ, ਇਸਲਾਮਿਕ ਹਦੀਸਾਂ, ਅਨਯਮਤੀ ਪੌਰਾਣਿਕ ਕਲਪਨਾਤਮਕ ਗਾਥਾਵਾਂ ਵਿਚ, ਸਿਰ ਪੈਰਾਂ ਤੋਂ ਸੱਖਣੀਆਂ ਹਕਾਇਤਾਂ ਅਥਵਾ ਤ੍ਰਿਯ ਚਰਿੱਤਰ ਜੈਸੀਆਂ ਬੇਲੋੜੀਆਂ, ਝਾੜਫੂਕ, ਤਾਅਵੀਜ਼, ਜਾਦੂ ਟੂਣੇ ਜੈਸੀਆਂ ਅਨੇਕਾਂ ਹੀ ਲਿਖਤਾਂ ਮੌਜੂਦ ਹਨ। ਉਕਤ ਦਰਸਾਈ ਵਿਚਾਰ-ਸ਼ੈਲੀ ਦੀ ਹਾਮਾ ਮਿਸਟਰ ਸਪੋਂਗਲਿਰ (Spengler) ਨਿਮਨ ਲਿਖਤ ਦੇ ਆਧਾਰ 'ਤੇ ਪੇਸ਼ ਕਰਦਾ ਹੈ:

ਐਸੀਆਂ ਕਥਾ ਕਹਾਣੀਆਂ ਕਿਸੇ ਰਾਬੀ (ਯਹੂਦੀ ਧਰਮ ਸ਼ਾਸਤ੍ਰੀ) ਦੇ ਆਸਰੇ, ਉਪਰ ਤਕ ਪਹੁੰਚਾਈਆਂ ਜਾਂਦੀਆਂ ਸਨ ਜੋ ਕਿ *ਤਾਲਮੂਦ* ਅਤੇ ਫਿਰ ਇਸਲਾਮੀ ਦੁਨੀਆ ਵਿਚ ਅਤਿ ਸ਼ਿਦਤ ਦੁਆਰਾ ਪ੍ਰਵੇਸ਼ ਕਰ ਗਈਆਂ। *ਤਾਲਮੂਦ* ਕੀ ਕੋਈ ਰਵਾਇਤ ਯਾ ਮੁਸਲਮਾਨੋਂ ਕੀ ਹਾਦੀਸ ਅਗਰ ਕਿਸੇ ਅਸ਼ੁਧ ਦਲੀਲਬਾਜ਼ੀ (ਗੈਰ ਮੁਨਤਕਆਅ) ਨਾਲ ਹਜ਼ਰਤ ਮੂਸਾ ਜਾਂ ਹਜ਼ਰਤ ਮੁਹੰਮਦ ਤਕ ਪਹੁੰਚਾ ਦਿੱਤੀ ਜਾਂਦੀ, ਉਹ ਬਹੁਤ ਮੋਹਤਬਰ (ਸ੍ਰੇਸ਼ਟ) ਸਮਝੀ ਜਾਂਦੀ ਸੀ। ਐਸਾ ਢੰਗ ਜੈਰੋਸ਼ਲਮ ਵਿਚ ਆਮ ਕਰਕੇ ਅਤਿ ਪਵਿੱਤਰ ਸਮਝਿਆ ਜਾਂਦਾ।

ਮੈਨੇ ਆਪਣੇ ਉਸਤਾਦ ਸੇ ਯੂੰ ਸੁਨਾ ਕਿ, ਇਹੀ ਢੰਗ *ਯੰਦਾ ਓਵੇਸਤਾ* (ਪਾਰਸੀ ਧਰਮ ਪੁਸਤਕ) ਵਿਚ ਭੀ ਵੇਖਿਆ ਜਾ ਸਕਦਾ ਹੈ। ਇਥੇ ਤਕ *ਤਾਲਮੁਦ* ਦੀ ਗਾਥਾ ਸਮਾਪਤ ਹੁੰਦੀ ਹੈ, ਇਸ ਤੋਂ ਅਗਲੇਰੇ ਪੰਨਿਆਂ ਵਿਚ ਆਇਪੋਕਰੈਫ਼ਾ ਪ੍ਰਤਿ ਵਿਚਾਰ ਵਿਮੱਰਸ਼ ਕਰਨ ਦੀ ਆਗਿਆ ਚਾਹਾਂਗੇ।

(ਮਾਅਰਫ਼ਲ ਕੁਰਾਨ, ਪੰਨਾ 15)

(See, Decline of the West, Vol, II, p. 247)

6.45 ਆਇਪੋਕਰੈਫ਼ਾ (Apocrypha)

ਤਾਲਮੁਦ ਗ੍ਰੰਥ ਦੀਆਂ ਕੁਝ ਕਿਤਾਬਾਂ ਐਸੀਆਂ ਹਨ ਜੋ ਆਮ ਜੀਵਾਂ ਵਾਸਤੇ ਉਪਲਬਧ ਹੋ ਸਕਦੀਆਂ ਸਨ ਪ੍ਰੰਤੂ ਉਨ੍ਹਾਂ ਵਿਚੋਂ ਕੁਝ ਕਿਤਾਬਾਂ ਐਸੀਆ ਭੀ ਹਨ ਜੋ ਕੇਵਲ ਉਚ ਕੋਟੀ ਦੇ ਵਿਦਵਾਨਾਂ ਵਾਸਤੇ ਹੀ ਰਾਖਵੀਆਂ ਸਨ। ਤਾਲਮੁਦੀ ਕਿਤਾਬਾਂ ਦਾ ਜੋ *ਮਿਸ਼ਨਾ* ਭਾਗ ਹੈ, ਉਸ ਦੀ ਵਿਆਖਿਆ *ਜਿਮਾਰਾ* ਗ੍ਰੰਥ ਵਿਚ ਕੀਤੀ ਗਈ ਹੈ, ਇਸ ਵਿਆਖਿਆ ਪ੍ਰਤਿ ਸਾਰੇ ਯਹੂਦੀ ਵਿਦਵਾਨ ਪਰਸਪਰ ਸਹਿਮਤੀ ਦਾ ਪ੍ਰਗਟਾਵਾ ਕਰਨੋਂ ਅਸਮਰੱਥ ਸਨ। ਇਕ ਦੂਸਰੇ ਦੇ ਕੀਤੇ ਹੋਏ ਅਰਥਾਂ ਨੂੰ ਅਸ਼ੁਧ ਜਾਂ ਜਾਅਲੀ ਆਖਦੇ ਸਨ। ਜਿਥੋਂ ਇਨ੍ਹਾਂ ਰਚਨਾਵਾਂ ਦਾ ਨਾਮ ਹੀ 'Apocrypha' ਜਾਅਲੀ, ਨਕਲੀ, ਮਸਨੂਈ, ਝੂਠੀਆਂ ਅਥਵਾ ਬਨਾਵਟੀ ਰਚਨਾਵਾਂ ਹੀ ਪ੍ਰਸਿੱਧ ਹੋ ਨਿਬੜਿਆ। ਵਿਸ਼ੇਸ਼ ਅਤੇ ਅਦਭੁਤ ਗਾਥਾ ਤਾਂ ਇਹ ਹੈ ਕਿ ਇਨ੍ਹਾਂ ਕਿਤਾਬਾਂ ਦੀ ਸਮੁੱਚੀ ਸਮੱਗਰੀ ਯਹੂਦੀ ਅਤੇ ਈਸਾਈ ਮਤਿ ਦੇ ਇਸ਼ਟਾਂ ਵਿਚ ਇਕ ਵਿਸ਼ੇਸ਼ ਸਥਾਨ ਰੱਖਦੀ ਹੈ। ਆਇਪੋਕਰੈਫ਼ਾ ਸ਼ਬਦ ਦੇ ਅਰਥਾਂ ਨੂੰ ਸਮਝਣਾ ਭੀ ਇਤਨਾ ਹੀ ਲਾਜ਼ਮੀ ਹੈ ਜਿਤਨਾ ਕਿ ਇਸ ਦੇ ਕਲਪਨਾਤਮਕ ਨਿਯਮ ਨੂੰ ਜਾਣਨਾ ਆਵਸ਼ਕ ਹੈ, ਜਿਵੇਂ :

Apocrypha : Gk; Secret, not Canonical, obscure, to hide away, writing or statement of dubious authenticity, books included in the Septuagint and vulgate but excluded from the Jewish and Protestant Canon of the Old Testament, doubtful authenticity, spurious. *(Webster's Dictionary, p. 52)*

ਆਇਪੋਕਰੈਫ਼ਾ ਯੂਨਾਨੀ ਭਾਸ਼ਾ ਦਾ ਸ਼ਬਦ ਹੈ। ਗੁਪਤ ਰੱਖੀ ਹੋਈ ਵਸਤੂ, ਧਾਰਮਕ ਆਗਿਆ ਦੇ ਵਿਰੁੱਧ, ਧੁੰਧਲਾ, ਅਸਪਸ਼ਟ, ਛੁਪਾ ਕੇ ਪਰੇ ਰੱਖ ਦੇਣਾ, ਉਹ ਲਿਖਤ ਜਾਂ ਕਥਨ ਜਿਸ ਦੀ ਪ੍ਰਮਾਣਿਕਤਾ ਸੰਦੇਹਜਨਕ ਹੋਵੇ, ਵਰਣਨਾਤਮਕ ਵੇਰਵਾ ਜੋ ਈਸਾਈ ਸਮੇਂ ਤੋਂ ਪਹਿਲਾਂ ਯਹੂਦੀ ਵਿਦਵਾਨਾਂ ਨੇ ਲਿਖਿਆ ਅਤੇ ਜਿਸ ਨੂੰ ਯੂਨਾਨੀ ਈਸਾਈਆਂ ਨੇ ਪੁਰਾਤਨ ਨਿਯਮ ਵਿਚ ਅੰਕਤ ਕੀਤਾ, ਸੰਦੇਹ-ਪੂਰਣ ਪ੍ਰਮਾਣ ਸਮੱਗਰੀ, ਜਾਅਲੀ, ਨਕਲੀ, ਖੋਟਾ, ਝੂਠਾ, ਕੱਚੀ ਲਿਖਤ ਜਾਂ ਕੱਚੀ ਬਾਣੀ, ਆਦਿ।

ਮਾਅਰਫ਼ਲ ਕੁਰਾਨ ਦੇ ਕਥਨ ਅਨੁਸਾਰ ਆਇਪੋਕਰੇਫ਼ਾ ਲਿਖਤਾਂ ਪ੍ਰਤਿ ਇਹ ਨਹੀਂ ਸਮਝਣਾ ਚਾਹੀਦਾ ਕਿ ਇਨ੍ਹਾਂ ਨੂੰ ਝੂਠੀਆਂ ਜਾਂ ਜਾਅਲੀ ਹੋਣ ਦੇ ਨਾਤੇ ਅਸਵੀਕਾਰ ਕੀਤਾ ਗਿਆ ਹੋਵੇ, ਬਲਕਿ ਟ੍ਰੈਂਟ ਕੌਂਸਿਲ ਨੇ ਸੰਨ 1545 ਵਿਚ (Council of Trent in 1545 accepted these books for the Roman Catholic) ਇਹ ਕਿਤਾਬਾਂ ਰੋਮਨ ਕੈਥੋਲਿਕ ਧਰਮ ਵਿਚ ਲਾਗੂ ਕੀਤੀਆਂ ਗਈਆਂ, ਜਦੋਂ ਕਿ ਕੌਂਸਲ ਆਫ਼ ਲਾਉਡੀਸੀਆ (Council of Laodicea) ਨੇ ਸੰਨ ਈ: 360 ਵਿਚ ਇਹ ਨਿਰਣੈ ਕੀਤਾ ਸੀ ਕਿ ਆਇਪੋਕਰੇਫ਼ਾ ਦੀਆਂ ਕਿਤਾਬਾਂ ਨੂੰ ਸ਼ਰਹ ਸ਼ਰੀਅਤ ਦਾ ਵਿਧਾਨ ਨਾ ਸਮਝਿਆ ਜਾਵੇ। ਗਰਜ਼ੇਕਿ, ਲੂਥਰਨ ਈਸਾਈਆਂ ਤੋਂ ਬਿਨਾਂ ਪਰੋਟੈਸਟੈਂਟ ਦੇ ਬਾਕੀ ਗਿਰਜਿਆਂ ਵਿਚ ਭੀ ਸਵੀਕਾਰ ਕੀਤੀਆਂ ਗਈਆਂ।

ਆਰੰਭ ਕਾਲ ਦੇ ਸਮੇਂ ਬਾਈਬਲ ਦਾ ਪੁਰਾਤਨ ਨਿਯਮ ਹੀਬਰੋ ਭਾਸ਼ਾ ਵਿਚ ਮੌਜੂਦ ਸੀ, ਜਿਸ ਵਿਚ ਕੇਵਲ ਚੌਵੀ (24) ਕਿਤਾਬਾਂ ਸ਼ਾਮਲ ਸਨ। ਸਿਕੰਦਰ ਬਾਦਸ਼ਾਹ ਦੇ ਸਮੇਂ ਜੈਰੋਸ਼ਲਮ ਨੂੰ ਢਾਹ-ਢੇਰੀ ਕਰ ਕੇ, ਸਾਰੀਆਂ ਪੁਰਾਤਨ ਕਿਤਾਬਾਂ ਦਾ ਖ਼ਜ਼ਾਨਾ ਮਿਸਰ ਦੇਸ ਵਿਚ ਨਵੇਂ ਵਸਾਏ ਸ਼ਹਿਰ ਸਿਕੰਦਰੀਆ ਵਿਚ ਲਿਆਂਦਾ ਗਿਆ, ਜਿਥੇ ਹੀਬਰੋ ਬਾਈਬਲ ਦਾ ਉਲਥਾ ਯੂਨਾਨੀ ਭਾਸ਼ਾ ਵਿਚ ਕੀਤਾ ਗਿਆ, ਜਿਸ ਦੀ ਸੰਗਿਆ ਸੈਪਟੂਆਜਿੰਟ (Septuagint) ਕਰ ਕੇ ਆਖੀ ਜਾਂਦੀ ਹੈ। ਜਦੋਂ ਇਹ ਉਲਥਾ ਈਸਾਈ ਜਗਤ ਦੀ ਅਵਲੋਕਨੀ ਵਿਚ ਪਹਿਲੀ ਦਫ਼ਾ ਆਇਆ, ਤਦ ਇਸ ਵਿਚ ਚੌਵੀ (24) ਪੁਸਤਕਾਂ ਦੀ ਜਗ੍ਹਾ ਹੋਰ ਭੀ ਬਹੁਤ ਸਾਰੀਆਂ ਪੁਸਤਕਾਂ ਸਨ। ਜਦੋਂ ਕਿ ਇਸ ਤੋਂ ਪਹਿਲਾਂ ਹੀਬਰੋ ਭਾਸ਼ਾ ਦੇ ਪੁਰਾਤਨ ਨਿਯਮ ਵਿਚ ਨਹੀਂ ਸਨ। ਇਥੇ ਇਕ ਖ਼ਾਸ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਕੀ ਇਹ ਫ਼ਾਲਤੂ ਕਿਤਾਬਾਂ ਹੀ ਆਇਪੋਕਰੇਫ਼ਾ ਤਾਂ ਨਹੀਂ ਸਨ, ਜੋ ਕਿ ਆਮ ਸਾਧਾਰਨ ਜਨਤਾ ਦੀ ਪਹੁੰਚ ਤੋਂ ਛੁਪਾ ਕੇ ਰੱਖੀਆਂ ਹੋਈਆਂ ਸਨ। ਆਪ ਜੀ ਪਿੱਛੇ ਪੜ੍ਹ ਆਏ ਹੋ ਕਿ ਇਹ ਸਾਰੀਆਂ ਪੁਸਤਕਾਂ ਯਹੂਦੀ ਜਲਾਵਤਨੀ (ਦੇਸ ਨਿਕਾਲਾ) ਦੇ ਸਮੇਂ, ਐਜ਼ਰਾ ਨਾਮੀ ਯਹੂਦੀ ਵਿਦਵਾਨ ਨੇ ਲਿਖੀਆਂ ਸਨ, ਜਿਨ੍ਹਾਂ ਵਿਚੋਂ ਚੌਵੀ (24) ਕਿਤਾਬਾਂ ਛਾਪੀਆਂ ਗਈਆਂ ਅਤੇ ਬਾਕੀ ਸੱਤਰ (70) ਕਿਤਾਬਾਂ ਜੋ ਕਿ ਸਾਧਾਰਣ ਜਨਤਾ ਦੇ ਪੱਧਰ ਤੋਂ ਬਹੁਤ ਉੱਚੀਆਂ ਆਖ ਕੇ, ਉਨ੍ਹਾਂ ਨੂੰ ਛੁਪਾ ਕੇ ਰੱਖਿਆ ਗਿਆ। ਇਹੀ ਉਹ ਗਾਥਾ ਹੈ ਜਿਥੋਂ ਆਇਪੋਕਰੇਫ਼ਾ ਦੀ ਧੁੰਧਲੀ ਤਸਵੀਰ ਦਾ ਆਰੰਭ ਹੁੰਦਾ ਹੈ। ਇਹੀ ਵੱਡਾ ਕਾਰਣ ਹੈ ਕਿ ਇਸ ਕਲਪਨਿਕ ਪੁਸਤਕ ਸਮੱਗਰੀ ਨੂੰ ਜਾਅਲੀ, ਮਨਘੜਤ, ਝੂਠੀ ਅਤੇ ਬਨਾਵਟੀ ਆਖਿਆ ਜਾਂਦਾ ਹੈ। ਪੁਰਾਤਨ ਈਸਾਈਆਂ ਨੇ ਇਨ੍ਹਾਂ ਪੁਸਤਕਾਂ ਨੂੰ ਆਮ ਜਨਤਾ ਦੀ ਦ੍ਰਿਸ਼ਟੀ ਤੋਂ ਇਸ ਵਾਸਤੇ ਅਦ੍ਰਿਸ਼ਟ ਨਹੀਂ ਰੱਖਿਆ ਕਿ ਇਹ ਬਹੁਤੀਆਂ

ਗਹਿਰੀਆਂ ਸਨ ਬਲਕਿ ਇਨ੍ਹਾਂ ਨੂੰ ਇਸ ਵਾਸਤੇ ਛੁਪਾ ਕੇ ਰੱਖਿਆ ਗਿਆ ਕਿ ਇਨ੍ਹਾਂ ਵਿਚ ਬਹੁਤ ਹੀ ਜ਼ਿਆਦਾ ਸੰਦੇਹ-ਪੂਰਣ ਸਮੱਗਰੀ ਲਿਖੀ ਹੋਈ ਸੀ। ਇਹ ਕਿਤਾਬਾਂ *ਹੀਬਰੋ ਬਾਈਬਲ* ਦੇ ਪੁਰਾਤਨ ਨਿਯਮ ਵਿਚ ਨਹੀਂ ਸਨ, ਬਲਕਿ ਯੂਨਾਨੀ ਸੈਪਟੂਆਜਿੰਟ ਵਿਚ ਸ਼ਾਮਲ ਸਨ। ਜਿਥੋਂ ਸਾਧੂ ਜੈਰੋਮ ਗਰੂਡਜਿੰਗਲੀ (Jerome Grudgingly) ਨੇ ਇਨ੍ਹਾਂ ਕਿਤਾਬਾਂ ਨੂੰ ਸੰਨ ਈ: 394 ਵਿਚ ਵਲਗੇਟ (Vulgate) ਨਾਮੀ ਸੰਗ੍ਰਹਿ ਵਿਚ ਪ੍ਰਕਾਸ਼ਤ ਕੀਤਾ। ਬਹੁਤ ਸਾਰੀਆਂ ਪਰੋਟੈਸਟੈਂਟ ਬਾਈਬਲ ਵਿਚ ਅੱਜ ਭੀ ਇਸ ਸੰਗ੍ਰਹਿ ਨੂੰ ਮਾਨਤਾ ਦਿੱਤੀ ਜਾਂਦੀ ਹੈ, ਭਾਵ, ਪੁਰਾਤਨ 'ਬਾਈਬਲ' ਸੰਗ੍ਰਹਿ ਵਿਚ ਹੀਬਰੋ ਭਾਸ਼ਾਈ ਚੌਵੀ ਕਿਤਾਬਾਂ ਅਤੇ ਪੰਦਰਾਂ (15) ਆਇਪੋਕਰੈਫ਼ਿਕ ਕਿਤਾਬਾਂ ਨੂੰ ਸ਼ਾਮਲ ਕਰ ਕੇ ਕੁਲ ਉਨਤਾਲੀ (39) ਕਿਤਾਬਾਂ ਹੋ ਗਈਆਂ। ਪ੍ਰੰਤੂ, ਇਨ੍ਹਾਂ ਕਿਤਾਬਾਂ ਦੀ ਸੂਚੀ ਇਕਸਾਰਤਾ ਵਿਚ ਕਥਨ ਕਰਨੀ ਅਸੰਭਵ ਹੈ ਕਿਉਂਕਿ ਭਿੰਨ ਭਿੰਨ ਈਸਾਈ ਫ਼ਿਰਕਿਆਂ ਵਿਚ ਕਈ ਤਰ੍ਹਾਂ ਦੀਆਂ, ਪੁਰਾਤਨ ਨਿਯਮ ਦੀਆਂ 'ਬਾਈਬਲ' ਕਿਤਾਬਾਂ ਹਨ। ਇਥੇ ਇਤਨਾ ਹੀ ਸਮਝਣਾ ਕਾਫ਼ੀ ਹੋਵੇਗਾ ਕਿ ਪੁਰਾਤਨ ਨਿਯਮ 'ਬਾਈਬਲ' ਵਿਚ ਇਕਸਾਰਤਾ ਨਹੀਂ ਹੈ, ਔਰ ਪੁਰਾਤਨ ਨਿਯਮ ਦੀ ਸਮੁੱਚੀ ਲਿਖਤ ਰੱਬੀ ਸ਼ਬਦ ਨਹੀਂ ਬਲਕਿ ਮਨੁੱਖੀ ਕਿਰਤ ਨੂੰ ਰੱਬੀ ਕਿਰਤ ਦਾ ਸਥਾਨ ਦਿੱਤਾ ਗਿਆ ਹੈ। ਸੁਹਿਰਦ ਪਾਠਕਾਂ ਦੀ ਵਧੇਰੇ ਜਾਣਕਾਰੀ ਲਈ ਆਇਪੋਕਰੈਫ਼ਾ ਦੀਆਂ ਪੰਦਰਾਂ ਕਿਤਾਬਾਂ ਦੀ ਸੂਚੀ ਦੇਣੀ ਭੀ ਲਾਭਦਾਇਕ ਹੋਵੇਗੀ। ਜਿਵੇਂ:

1. *The Wisdom of Solomon* (c.30B.C); 2. *Ecclesiasticus* (Sirch, 132B.C); 3. *Tobit* (c.200B.C) 4. *Judith* (c. 150B.C); 5-1 *Esdras* (c.150-100B.C); 6-1 *Maccabees* (c.110 B.C); 7-2 *Maccabees)* 110-70B.C); 8. *Baruch* (c.150-50B.C); 9. *The letter of Jeremiah* (c.300-100); 10-2 *Esdras* (c.AD. 100); 11. *Adition to Esther* (c.140-130.BC); 12. *The Prayer of Azariah or Song of three young men;* 13. *Susanna* (1st century B.C); 14. *Bel and the Dragon* (c.100B.C); 15. *The Prayer of Mansseh* (First of second century B.C). (These books are titled by Ezra and Nehemiah).

(For more information see, From Ancient to modern transmission David Ewert p. 73) and (ਮਾਅਰਫ਼ਲ ਕੁਰਾਨ, ਪੰਨਾ 18)

ਉਕਤ ਦਰਸਾਈ ਗਾਥਾ ਦਾ ਸਾਰੰਸ਼ ਜਾਣਨ ਲਈ ਬਹੁਤ ਹੀ ਲਾਜ਼ਮੀ ਹੈ ਕਿ ਪੁਰਾਤਨ ਨਿਯਮ ਦੀ ਸਮੁੱਚੀ ਰਚਨਾ ਨੂੰ ਅਤਿ ਧਿਆਨ ਦੁਆਰਾ ਵਾਚਿਆ ਜਾਵੇ, ਤਦ ਇਕ ਚਿੰਤਕ ਉਸ ਨਿਸ਼ਾਨੇ ਤਕ ਰਸਾਈ ਕਰ ਸਕਦਾ ਹੈ ਕਿ ਇਸ ਰਚਨਾ ਦਾ ਵਾਸਤਵਿਕ ਚਿੱਤਰ ਕੈਸਾ ਹੈ। ਮਿਸਾਲ ਵਜੋਂ, ਜਦੋਂ

ਅਸੀਂ ਸਾਧੂ ਐਜ਼ਰਾ (ਐਸਦਰਾਸ) ਦੀ ਦਰਸਾਈ ਬਲੀਦਾਨ ਅਥਵਾ ਪਸ਼ੂਆਂ ਦੀ ਆਹੂਤੀ ਨੂੰ ਵਾਚਦੇ ਹਾਂ, ਤਦ ਪਾਠਕ ਇੰਞ ਮਹਿਸੂਸ ਕਰਦਾ ਹੈ ਜਿਵੇਂ ਉਹ ਕਤਲਗਾਹ ਅਥਵਾ ਬੁੱਚੜਖ਼ਾਨੇ ਵਿਚ ਖੜਾ ਹੋਵੇ। ਕਿਉਂਕਿ ਰੱਬ ਦੇ ਮੰਦਰ ਵਿਚ ਰੱਬੀ ਸਿਫ਼ਤਿ-ਸਾਲਾਹ ਕਰਨ ਦੀ ਬਜਾਏ, ਅਨਿਕ ਪ੍ਰਕਾਰੀ ਜਾਨਵਰਾਂ ਦੀ ਬਲੀ ਨਿਤਾਪ੍ਰਤਿ ਨਿਯਮ ਦੇ ਅਨੁਸਾਰ ਦਿੱਤੀ ਜਾਂਦੀ ਹੈ। ਉਹ ਕੈਸਾ ਰੱਬ ਹੈ ਜੋ ਜਾਨਵਰਾਂ ਦਾ ਖ਼ੂਨ ਪੀ ਕੇ ਰੀਝਦਾ ਅਤੇ ਕਾਤਲਾਂ ਨੂੰ ਵਰਦਾਨ ਬਖ਼ਸ਼ਦਾ ਹੈ ? ਜਿਵੇਂ, **ਬਾਈਬਲ** ਦੀਆਂ ਨਿਮਨ ਲਿਖਤ ਆਇਤਾਂ ਰੱਬੀ ਰੂਪ-ਰੇਖਾ ਨੂੰ ਸਮਝਣ ਹਿਤ ਵਧੇਰੇ ਸਹਾਇਕ ਹੋ ਸਕਦੀਆਂ ਹਨ :

9—And whatever is needed, both young bulls, rams, and lambs for a burnt offering to the God of heaven and wheat, salt, wine, and anointing oil, as priests in Jerusalem request, it is to be given to them daily without fail.

10—That they may offer acceptable sacrifices to the God of heaven and pray for the life of the king and his sons. *(Ezra 6:9 10)*

ਉਕਤ ਲਿਖਤ ਦੇ ਅਨੁਸਾਰ ਇਹ ਦੋ ਆਇਤਾਂ ਪੁਰਾਤਨ ਨਿਯਮ ਦੀ ਐਜ਼ਰਾ ਕਿਤਾਬ ਵਿਚੋਂ ਦਿੱਤੀਆਂ ਗਈਆਂ ਹਨ, ਇਹ ਲਿਖਤ ਯਹੂਦੀ ਅਤੇ ਈਸਾਈ ਮਤਿ ਵਾਸਤੇ ਅਤਿ ਪਾਵਨ ਅਤੇ ਮੰਨਣਯੋਗ ਸਮਝੀ ਜਾਂਦੀ ਹੈ, ਜੋ ਕਿ ਪੁਰਾਤਨ ਨਿਯਮ ਦੀਆਂ ਆਇਤਾਂ ਵਿਚੋਂ ਇਕ ਨਮੂਨੇ ਦੇ ਤੌਰ 'ਤੇ ਦਰਸਾਈ ਗਈ ਹੈ। ਇਹੀ ਕਾਰਣ ਸੀ, ਜੋਸਫ਼ ਵੈਲਿਸ (Joseph Whalse) ਆਪਣੀ ਕਿਤਾਬ *ਕੀ ਇਹ ਰੱਬ ਦਾ ਸ਼ਬਦ ਹੈ (Is it God's word)* ਵਿਚ ਇਹ ਲਿਖਣ ਲਈ ਮਜਬੂਰ ਹੋ ਗਿਆ ਕਿ "ਤੂਰਾਤ ਕਾ ਖ਼ੁਦਾ ਬੇ-ਸ਼ੁਮਾਰ ਕਾਤਲੋਂ ਕੇ ਬਹਾਏ ਹੂਏ ਖ਼ੂਨ ਸੇ ਹੋਲੀ ਖੇਲਤਾ ਨਜ਼ਰ ਆਤਾ ਹੈ। ਵਹ ਖ਼ੁਦ ਭੀ ਕਾਤਲ ਔਰ ਮਫ਼ਸਦ (ਫ਼ਸਾਦ ਕਰਨੇ ਵਾਲਾ) ਹੈ। ਚੋਰ ਗ਼ੱਦਾਰ ਇਨਤਕਾਮ ਕੇ ਜਜ਼ਬਾਹ ਮੇਂ ਇਕ ਖ਼ੂੰਖਾਰ ਅਫ਼ਰੀਤ (ਭੂਤ), ਗੁਨਹਗਾਰ ਔਰ ਬੇ-ਗੁਨਾਹ, ਦੋਨੋਂ ਕੋ ਬੇ-ਰਹਿਮੀਂ ਸੇ ਸਜ਼ਾ ਦੇਨੇ ਵਾਲਾ, ਨਿਹਾਯਤ ਮਹੀਬ (ਬਹੁਤ ਭਿਆਨਕ) ਔਰ ਖ਼ੌਫ਼ਨਾਕ ਜ਼ਾਲਮ ਔਰ ਤੁਅੱਸਬ ਕਾ ਮੁਜੱਸਮਾ, ਮਤੁਕੱਬਰ, ਸ਼ੇਖ਼ੀ ਬਾਜ਼, ਵਾਅਦਾ ਖ਼ਿਲਾਫ਼, ਗ਼ਲਤ ਗਿਆਨ ਔਰ ਢੀਠਾਈ ਸੇ ਝੂਠ ਬੋਲਨੇ ਵਾਲਾ ਹੈ।"

(ਮਾਅਰਫ਼ਲ ਕੁਰਾਨ, ਪੰਨਾ 23)

ਇਥੇ ਤਕ ਯਹੂਦੀ ਮਤਿ ਪ੍ਰਤਿ ਉਲੀਕੀ ਹੋਈ ਗਾਥਾ ਸਮਾਪਤ ਹੁੰਦੀ ਹੈ, ਜਿਸ ਵਿਚ ਯਹੂਦੀ ਕੌਮ ਪ੍ਰਤਿ ਆਮ ਜਾਣਕਾਰੀ, ਯਹੂਦੀ ਮਤਿ ਦੀਆਂ ਧਾਰਮਕ ਪੁਸਤਕਾਂ, ਤੂਰੇਤ ਗਾਥਾ ਦੀ ਰਚਨਾ, *ਤੂਰੇਤ ਗ੍ਰੰਥ* ਦੀ ਤਬਾਹੀ, *ਤੂਰੇਤ ਗ੍ਰੰਥ* ਦੀ ਪੁਨਰ ਰਚਨਾ, *ਤਾਲਮੂਦ ਗ੍ਰੰਥ* ਦੀ ਰਚਨਾ, *ਆਇਪੋਕਰੈਫ਼ਾ ਗ੍ਰੰਥ* ਦੀ

ਰਚਨਾ, ਆਇਪੋਕਰੇਫ਼ਾ ਦੀ ਵਾਸਤਵਿਕਤਾ, ਯਹੂਦੀ ਸਾਹਿਤ 'ਤੇ ਈਸਾਈਆਂ ਦਾ ਅਧਿਕਾਰ ਅਤੇ ਭਰੋਸਾ ਆਦਿ। ਯਹੂਦੀ ਕੌਮ ਜ਼ਿੰਦਗੀ ਦੇ ਅਨੇਕਾਂ ਝੱਖੜਾਂ ਨੂੰ ਸਰ ਕਰਦੀ ਹੋਈ ਮਈ 14, 1948 ਨੂੰ ਨਿਜੀ ਦੇਸ ਇਜ਼ਰਾਈਲ ਦੀ ਮਾਲਿਕ ਬਣੀ। ਪ੍ਰੰਤੂ ਅੱਜ ਭੀ ਇਸ ਕੌਮ ਦੇ ਸਾਹਮਣੇ ਅਤਿ ਗੰਭੀਰ ਚੁਣੌਤੀਆਂ ਹਨ। ਇਸ ਤੋਂ ਅਗਲੇਰੇ ਪੰਨਿਆਂ ਵਿਚ ਈਸਾਈ ਮਤਿ ਪ੍ਰਤਿ ਕੁਝ ਜਾਣਕਾਰੀ ਪ੍ਰਾਪਤ ਕਰਨ ਦੀ ਆਗਿਆ ਚਾਹਾਂਗੇ।

6.46 ਈਸਾਈ ਮਤਿ (Christianity)

ਈਸਾਈ:ਪੁ: (**Christian**) ਈਸਾ ਨੂੰ ਮੰਨਣ ਵਾਲਾ, ਈਸਾਈ ਮਤਿ ਦੇ ਪੈਰੋਕਾਰ, ਨਸਰਾਨੀ (Nazareth), ਮਸੀਹ ਹਜ਼ਰਤ ਈਸਾ ਦੇ ਪੈਰੋਕਾਰ, ਮਸੀਹ ਧਰਮ ਵਿਚ ਈਮਾਨ ਰੱਖਣ ਵਾਲੇ, ਈਸਾ ਮਸੀਹ ਦਾ ਅਨੁਗਾਮੀ, ਈਸਾਈ ਧਰਮ ਦਾ ਧਾਰਨੀ।

Christianity : The religion derived from Jesus Christ, based on the Bible as sacred scripture, and professed by Eastern Roman Catholic, and Protestant bodies. *(Webs, p. 196)*

6.47 ਈਸਾ/ਯਸੂ ਮਸੀਹ (Jesus)

ਫ਼ਲਸਤੀਨ ਦੇ ਵਸਨੀਕ ਯੂਸਫ਼ ਤਰਖਾਣ ਦਾ ਪੁੱਤਰ, ਜੋ ਕੁਮਾਰੀ ਮਰੀਅਮ ਦੇ ਉਦਰ ਤੋਂ ਪੈਦਾ ਹੋਇਆ। ਈਸਾ ਜੀ ਦਾ ਪੈਦਾਇਸ਼ ਸਥਾਨ ਬੈਥਲਮ ਜੋ ਜੈਰੋਸ਼ਲਮ ਤੋਂ ਲਗਪਗ ਪੰਜ ਮੀਲ ਦੀ ਦੂਰੀ 'ਤੇ ਦੱਖਣ ਦਿਸ਼ਾ ਵੱਲ ਹੈ। ਇਹ ਨਗਰ ਜਾਰਡਨ ਦੇਸ ਦਾ ਹਿੱਸਾ ਹੈ, ਪ੍ਰੰਤੂ ਸੰਨ 1967 ਦੇ ਯੁੱਧ ਤੋਂ ਉਪਰੰਤ ਇਜ਼ਰਾਈਲ ਦੇ ਅਧਿਕਾਰ ਵਿਚ ਆ ਗਿਆ ਹੈ। ਈਸਾਈਆਂ ਦੀ ਧਾਰਮਕ ਪੁਸਤਕ ਅੰਜੀਲ ਵਿਚ ਲਿਖਿਆ ਹੈ ਕਿ ਮਾਤਾ ਮਰੀਅਮ ਨੂੰ ਜਬਰਾਈਲ ਫ਼ਰਿਸ਼ਤੇ ਨੇ ਆਖਿਆ ਕਿ ਤੂੰ ਇਕ ਪੁੱਤਰ ਨੂੰ ਜਨਮ ਦੇਵੇਂਗੀ ਜੋ ਧਰਮ ਦਾ ਪ੍ਰਚਾਰ ਕਰੇਗਾ, ਜਿਸ ਦਾ ਜਨਮ ਸੰਮਤ 57 ਬਿਕਰਮੀ ਵਿਚ ਹੋਇਆ। ਈਸਾਈ ਵਿਸ਼ਵਾਸ ਦੇ ਅਨੁਸਾਰ ਈਸਾ ਨੂੰ ਰੱਬ ਦਾ ਪੁੱਤਰ ਕਰ ਕੇ ਮੰਨਿਆ ਜਾਂਦਾ ਹੈ। ਨਵੀਨ ਨਿਯਮ ਦੀਆਂ ਪੰਜ ਕਿਤਾਬਾਂ ਜਿਨ੍ਹਾਂ ਵਿਚ *Gospel of Matthew, Mark, Luke, John and acts* ਸ਼ਾਮਲ ਹਨ, ਇਨ੍ਹਾਂ ਪੰਜਾਂ ਕਿਤਾਬਾਂ ਦੇ ਆਧਾਰ 'ਤੇ ਈਸਾ ਦੇ ਜੀਵਨ ਪ੍ਰਤਿ ਬਹੁਤ ਵੱਡੀ ਮਾਤਰਾ ਵਿਚ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ। ਹਜ਼ਰਤ ਈਸਾ ਜੀ ਨੇ ਨਿਜੀ ਹੱਥਾਂ ਦੁਆਰਾ ਕੋਈ ਭੀ ਆਸਮਾਨੀ ਗ੍ਰੰਥ ਦੀ ਰਚਨਾ ਨਹੀਂ ਕੀਤੀ। ਜੋ ਕੁਝ ਭੀ ਅਸੀਂ ਅੱਜ ਵੇਖਦੇ ਜਾਂ ਸੁਣਦੇ ਹਾਂ, ਇਹ ਸਾਰੀਆਂ ਕਿਤਾਬਾਂ, ਈਸਾ ਦੇ ਅਨੁਗਾਮੀਆਂ ਦੀਆਂ

ਰਚਨਾਵਾਂ ਹੀ ਆਖੀਆਂ ਜਾ ਸਕਦੀਆਂ ਹਨ। ਈਸਾ ਜੀ ਦਾ ਵਾਸਤਵਿਕ ਜਨਮ ਦਿਨ, ਸੰਨ ਚਾਰ (4) ਪੂਰਬ ਈਸਾ ਹੈ ਜੋ ਕਿ ਰੋਮਨ ਸਰਕਾਰ ਦੇ ਸੂਬੇਦਾਰ ਹੈਰੋਡ ਦੇ ਸ਼ਾਸਨਿਕ ਕਾਲ ਦਾ ਸਮਾਂ ਹੈ। ਤਵਾਰੀਖ਼ ਦੇ ਪੰਨਿਆਂ ਅਨੁਸਾਰ, ਹੈਰੋਡ ਗਵਰਨਰ ਦਾ ਅੰਤਕਾਲ ਸੰਨ ਚਾਰ (4) ਪੂਰਬ ਈਸਾ ਵਿਚ ਹੋਇਆ ਹੈ। ਪ੍ਰੰਤੂ ਜਿਨ੍ਹਾਂ ਲੋਕਾਂ ਨੇ ਕੈਲੰਡਰ ਦੀ ਸਥਾਪਨਾ ਕੀਤੀ, ਉਨ੍ਹਾਂ ਨੇ ਤਵਾਰੀਖ਼ ਅਤੇ ਕਾਲ ਦੀ ਗਤੀ ਨੂੰ ਸਹੀ ਢੰਗ ਦੁਆਰਾ ਨਹੀਂ ਪੜਤਾਲਿਆ। ਪਰਿਣਾਮ ਵਜੋਂ, ਈਸਾ ਦਾ ਜਨਮ ਦਿਨ ਵਾਸਤਵਿਕ ਸਮੇਂ ਨਾਲੋਂ ਲਗਪਗ ਛੇ (6) ਸਾਲ ਪਿੱਛੋਂ ਹਿਸਟਰੀ ਦੇ ਪੰਨਿਆਂ 'ਤੇ ਪ੍ਰਗਟ ਹੋਇਆ। ਜਿਸ ਸਮੇਂ ਈਸਾ ਅੱਠਾਂ ਦਿਨਾਂ ਦਾ ਬਾਲਕ ਸੀ, ਤਦ ਯਹੂਦੀ ਰੀਤੀ ਦੇ ਅਨੁਸਾਰ ਉਸ ਦੀ ਸੁੰਨਤ (Circumcision) ਕੀਤੀ ਗਈ। ਇਸ ਖ਼ਿਆਲ ਦੀ ਪ੍ਰੋੜ੍ਹਤਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ। ਜਿਵੇਂ G. Campbell Morgan ਲਿਖਦਾ ਹੈ :

In the exact fulfillment of the Hebrew law Jesus was circumcised at the age of eight days. He was thus brought into the outward and visible manifestation of His relationship to the covenant of God with Israel.

(The Crises of the Christ, p. 109)

ਈਸਾ ਜੀ ਨੇ ਜਾਰਡਨ ਨਦੀ ਦੇ ਕਿਨਾਰੇ ਤੀਹ (30) ਸਾਲ ਦੀ ਆਯੂ ਵਿਚ ਜੌਹਨ ਦੀ ਨਿਗਰਾਨੀ ਵਿਚ ਬੈਪਤਸਮਾ (Baptize) ਪ੍ਰਾਪਤ ਕੀਤੀ। ਬੈਪਤਸਮਾ ਲੈਣ ਦਾ ਭਾਵ ਹੈ, ਆਪਾ ਵਾਹਿਗੁਰੂ ਦੇ ਸਾਹਮਣੇ ਭੇਟਾ ਕਰਨਾ। ਨਿਜੀ ਇਸ਼ਟ ਦੀ ਹਜ਼ੂਰੀ ਵਿਚ ਆਪਾ ਅਰਪਣ ਕਰਨਾ ਹੀ ਰੱਬ ਦੀ ਦਰਗਾਹ ਵਿਚ ਸਵੀਕਾਰੇ ਜਾਣ ਦਾ ਵਾਹਿਦ ਸਾਧਨ ਹੈ। ਦਰਗਾਹ ਵਿਚ ਪ੍ਰਵਾਨਗੀ ਪ੍ਰਾਪਤ ਕਰਨ ਹਿਤ, ਅੱਜ ਈਸਾ ਜੀ ਨੇ ਭੀ ਬੈਪਤਸਮਾ (ਦੀਖਿਆ) ਪ੍ਰਾਪਤ ਕੀਤੀ ਹੈ। ਜਿਵੇਂ :

Between these periods there came the solemn and significant ceremony of the baptism. As Jesus left that in His life, which was preparatory, and entered in the actual work of the ministry. He devoted Himself to the ultimate issue of His work, that namely, of an identification with men even to death. His being baptized was an act by which He consented to take His place among sinners. John's baptism was that of repentance.

(The Crises of the Christ, p. 120)

ਉਕਤ ਦਰਸਾਈ ਬੈਪਤਸਮਾ ਸੰਸਕਾਰ ਦੀ ਗਾਥਾ ਤੋਂ ਇਹ ਸਿੱਧ ਹੁੰਦਾ

ਹੈ ਕਿ ਈਸਾ ਜੀ ਨੇ ਰੱਬੀ ਗਾਥਾ ਦਾ ਪ੍ਰਚਾਰ ਕਰਨ ਤੋਂ ਪਹਿਲਾਂ ਬੈਪਤਸਮਾ ਪ੍ਰਾਪਤ ਕਰਨਾ ਧਾਰਮਕ ਜ਼ਿੰਦਗੀ ਦਾ ਆਰੰਭ ਦਰਸਾਇਆ ਹੈ, ਤਾਂਕਿ ਉਹ ਰੱਬੀ ਸੰਦੇਸ਼ ਦੀ ਸਹੀ ਅਤੇ ਵਾਸਤਵਿਕ ਸਚਾਈ ਕੁਰਾਹੇ ਪਏ ਜੀਵਾਂ ਦੇ ਸਾਹਮਣੇ ਰੱਖ ਸਕੇ। ਅੱਜ ਕਈ ਇਕ ਭੁੱਲੜ ਅਤੇ ਕੁਰਾਹੇ ਪਏ ਹੋਏ ਸਾਕਤ ਬਿਰਤੀ ਦੇ ਧਾਰਨੀ ਕੁਝ ਐਸੇ ਮਨਮਤੀ ਖ਼ਿਆਲਾਂ ਦਾ ਪ੍ਰਚਾਰ ਕਰਦੇ ਹਨ ਕਿ ਦੇਖੋ ਜੀ! ਸਤਿਗੁਰੂ ਧਾਰਨ ਦੀ ਕੋਈ ਲੋੜ ਨਹੀਂ ਹੈ, ਕੇਵਲ ਅੱਛੇ ਕਰਮ ਕਰੋ ਅਤੇ ਅੱਛੇ ਇਨਸਾਨ ਬਣੋ। ਕੈਸੀ ਰੱਬੀ ਵਿਰੋਧਤਾ ਅਤੇ ਖ਼ਾਮਖ਼ਿਆਲੀ/ ਕੱਚੀ ਬਾਣੀ ਦਾ ਕੁਫ਼ਰ ਭਰਿਆ ਢੋਲ ਵਜਾਇਆ ਜਾ ਰਿਹਾ ਹੈ? ਜੋ ਪ੍ਰਾਣੀ ਆਪਣੇ ਧਰਮ ਵਿਚ ਈਮਾਨ ਨਹੀਂ ਲਿਆਉਂਦਾ, ਉਸ ਦੀ ਕੀਤੀ ਹੋਈ ਘਾਲ ਕਮਾਈ ਅਕਾਰਥ ਹੀ ਜਾਵੇਗੀ, ਭਾਵੇਂ ਉਹ ਕਿਤਨਾ ਭੀ ਆਚਰਣਜ ਅਤੇ ਸ਼ੁਭ-ਕਰਮੀ ਕਿਉਂ ਨਾ ਹੋਵੇ।

ਇਸ ਚਾਲੂ ਪ੍ਰਸੰਗ ਦਾ ਵਿਸ਼ਾ ਵਸਤੂ, ਈਸਾਈ ਮਤਿ ਅਤੇ ਈਸਾ ਜੀ ਪ੍ਰਤਿ ਵਿਚਾਰ-ਵਟਾਂਦਰਾ ਕਰਨਾ ਹੈ, ਇਸ ਵਾਸਤੇ ਗੁਰੂ ਵਾਲੇ ਥੀਵਣ ਦਾ ਵਿਸ਼ਾ ਅੱਗੇ ਚੱਲ ਕੇ ਗੁਰਮਤਿ ਦੇ ਪ੍ਰਸੰਗ ਵਿਚ ਆਵੇਗਾ ਕਿ ਹਰ ਇਕ ਜੀਵ ਲਈ ਗੁਰੂ ਵਾਲੇ ਬਣਨਾ ਅਥਵਾ ਈਮਾਨ ਵਿਚ ਆਉਣਾ ਕਿਉਂ ਜ਼ਰੂਰੀ ਹੈ।

ਈਸਾ ਜੀ ਦੇ ਜਨਮ ਤੋਂ ਬਾਅਦ ਗੁਆਂਢੀ ਅਤੇ ਕੁਲ ਦੇ ਲੋਕਾਂ ਨੇ ਬੀਬੀ ਮਰੀਅਮ ਤੋਂ ਪੁੱਛ ਗਿਛ ਕੀਤੀ ਕਿ ਤੂੰ ਕੁਮਾਰੀ ਹੋਣ ਕਰਕੇ ਇਸ ਬਾਲਕ ਨੂੰ ਜਨਮ ਕਿਵੇਂ ਅਤੇ ਕਿਉਂ ਦਿੱਤਾ ਹੈ? ਤਦ ਬੀਬੀ ਮੈਰੀ ਨੇ ਆਖਿਆ ਕਿ ਤੁਸੀਂ ਇਸ ਬਾਲਕ ਤੋਂ ਹੀ ਪੁੱਛ ਸਕਦੇ ਹੋ। ਤਦ ਬਾਲਕ ਨੇ ਰੱਬ ਵੱਲ ਇਸ਼ਾਰਾ ਕਰਦਿਆਂ ਕੁਲ-ਰੀਤੀ ਦੇ ਲੋਕਾਂ ਨੂੰ ਭਰਮ ਭੁਲੇਖਿਆਂ ਤੋਂ ਰਹਿਤ ਕੀਤਾ। ਉਕਤ ਖ਼ਿਆਲ ਦੀ ਪ੍ਰੋੜ੍ਹਤਾ ਆਇਤ ਨੰਬਰ 27-31 ਤਕ, ਕੁਰਾਨ ਮਜੀਦ ਦੀ ਸੂਰਤ ਮਰੀਅਮ ਵਿਚੋਂ ਵੇਖੀ ਜਾ ਸਕਦੀ ਹੈ।

ਈਸਾ ਜੀ ਨੇ ਤੀਹ (30) ਸਾਲ ਦੀ ਆਯੂ ਵਿਚ ਧਰਮ ਪ੍ਰਚਾਰ ਆਰੰਭ ਕੀਤਾ। ਬਹੁਤ ਸਾਰੇ ਲੋਕਾਂ ਨੂੰ ਰੱਬੀ ਸੰਦੇਸ਼ ਦੁਆਰਾ ਪ੍ਰਭਾਵਿਤ ਕੀਤਾ। ਜਿਨ੍ਹਾਂ ਵਿਚੋਂ ਬਾਰਾਂ (12) ਚੇਲੇ ਈਸਾਈ ਮਤਿ ਵਿਚ ਬਹੁਤ ਵੱਡੀ ਮਾਨਤਾ ਰੱਖਦੇ ਹਨ। ਆਪ ਜੀ ਨੇ ਪੁਰਾਤਨ ਪਿਤਾ ਪੁਰਖੀ ਰੀਤਾਂ ਰਿਵਾਜਾਂ ਦੇ ਵਿਰੁੱਧ ਆਮ ਜਨਤਾ ਵਿਚ ਆਪਣੇ ਨਵੇਂ ਧਰਮ ਦਾ ਪ੍ਰਚਾਰ ਦੂਰ ਨੇੜੇ ਦੇ ਪਿੰਡਾਂ ਅਤੇ ਸਾਰੇ ਇਲਾਕੇ ਵਿਚ ਕਰਨਾ ਆਰੰਭ ਦਿੱਤਾ। ਜਿਸ ਦੇ ਵਿਰੁੱਧ ਯਹੂਦੀ ਲੋਕ ਅਤੇ ਉਨ੍ਹਾਂ ਦੇ ਧਾਰਮਕ ਆਗੂ ਆਪ ਜੀ ਦੇ ਵਿਰੋਧੀ ਹੋ ਗਏ, ਜਿਨ੍ਹਾਂ ਦਾ ਮੋਹਰੀ ਆਗੂ ਜੈਰੋਸ਼ਲਮ ਮੰਦਰ ਦਾ ਵੱਡਾ ਮਹੰਤ ਸੀ। ਈਸਾ ਜੀ 'ਤੇ ਦੋਸ਼ ਲਗਾਇਆ ਗਿਆ ਕਿ ਇਹ ਨਿਜੀ ਤੌਰ 'ਤੇ ਆਪਣੀ ਬਾਦਸ਼ਾਹੀ ਸਥਾਪਤ ਕਰਨੀ ਲੋੜਦਾ ਹੈ ਅਤੇ ਆਪਣੇ ਆਪ ਨੂੰ ਰੱਬ ਦਾ ਪੁੱਤਰ ਘੋਸ਼ਤ ਕਰਦਾ ਹੈ, ਜਿਸ ਦੇ ਕਾਰਨ

ਦੇਸ ਵਿਚ ਬਦਅਮਨੀ ਫੈਲਦੀ ਹੈ। ਜੈਰੋਸ਼ਲਮ ਦੀ ਛੋਟੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਛੋਟੀ ਅਦਾਲਤ ਨੇ ਜੁਰਮ ਫ਼ਰਦ ਤਿਆਰ ਕਰ ਕੇ ਸੂਬੇਦਾਰ ਹੈਰੋਡ (Herod) ਦੇ ਸਾਹਮਣੇ ਪੇਸ਼ ਕੀਤਾ, ਜਿਥੋਂ ਹੁਕਮ ਹੋਇਆ ਕਿ ਇਸਨੂੰ ਸਲੀਬ 'ਤੇ ਚਾੜ੍ਹਿਆ ਜਾਵੇ। ਈਸਾਈਆਂ ਦਾ ਵਿਸ਼ਵਾਸ ਹੈ ਕਿ ਈਸਾ ਜੀ ਨੇ ਸਲੀਬ 'ਤੇ ਚੜ੍ਹ ਕੇ ਨਿਜੀ ਪ੍ਰਾਣਾਂ ਦੀ ਆਹੂਤੀ ਦੇ ਕੇ ਆਪਣੇ ਸੇਵਕਾਂ ਦੇ ਸਾਰੇ ਪਾਪਾਂ ਦਾ ਭਾਰ ਆਪਣੇ ਸਿਰ 'ਤੇ ਚੁੱਕਿਆ ਹੈ। ਈਸਾਈ ਮਤਿ ਦਾ ਇਹ ਭੀ ਵਿਸ਼ਵਾਸ ਹੈ ਕਿ ਜੋ ਪ੍ਰਾਣੀ ਈਸਾ ਜੀ 'ਤੇ ਵਿਸ਼ਵਾਸ ਲਿਆਵਣਗੇ, ਉਨ੍ਹਾਂ ਦਾ ਨਿਸਤਾਰਾ ਹੋਵੇਗਾ, ਉਹ ਬਖ਼ਸ਼ੇ ਜਾਣਗੇ।

ਈਸਾਈ ਵਿਦਵਾਨਾਂ ਦਾ ਖ਼ਿਆਲ ਹੈ ਕਿ ਜੀਸਸ (Jesus) ਸ਼ਬਦ ਹਿਬਰੋ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਭਾਵ ਹੈ, ਮੁਕਤੀ ਦਾਤਾ। ਈਸਾਈ ਭਾਈਚਾਰਾ ਈਸਾ ਜੀ ਦਾ ਜਨਮ ਦਿਨ ਸੰਨ 300 A.D. ਤੋਂ ਆਰੰਭ ਕਰ ਕੇ ਅੱਜ ਤਕ 25 ਦਸੰਬਰ ਨੂੰ ਮਨਾਂਦੇ ਹਨ। ਈਸਾ ਜੀ ਨੇ ਇਹ ਦਾਅਵਾ ਕੀਤਾ ਕਿ ਮੈਂ ਲੋਕਾਂ ਦੇ ਪਾਪ ਬਖ਼ਸ਼ਣ ਦੀ ਸੱਤਾ ਰੱਖਦਾ ਹਾਂ, ਜਿਸ ਦੇ ਕਾਰਣ ਕੁਝ ਭਲੇ ਲੋਕ (Gentiles) ਬਹੁਤ ਜਲਦੀ ਈਸਾ ਜੀ ਦੇ ਸੇਵਕ ਬਣੇ। ਪ੍ਰੰਤੂ, ਗਲੀਲੀ ਸੂਬੇ ਦੇ ਧਾਰਮਕ ਆਗੂ ਈਸਾ ਜੀ ਦੀ ਸਿਖਿਆ ਤੋਂ ਪ੍ਰਭਾਵਤ ਨਹੀਂ ਹੋ ਸਕੇ। ਕਿਉਂਕਿ, ਈਸਾ ਜੀ ਨੇ ਪਾਪੀਆਂ ਨੂੰ ਬਖ਼ਸ਼ਣ ਦਾ ਬਚਨ ਭੀ ਦਿੱਤਾ ਸੀ, ਔਰ ਨਾਲ ਦੀ ਨਾਲ ਯਹੂਦੀ ਧਾਰਮਕ ਰੀਤੀਆਂ ਨੂੰ ਭੀ ਬਦਲੀ ਕਰਨਾ ਚਾਹੁੰਦਾ ਸੀ। ਈਸਾਈ ਵਿਚਾਰਧਾਰਾ ਦੇ ਅਨੁਸਾਰ ਈਸਾ ਜੀ ਦੀ ਜ਼ਿੰਦਗੀ ਦੇ ਅੰਤਮ ਕੁਝ ਮਹੀਨੇ (passion period) ਬਹੁਤ ਉਦਾਸੀਨਤਾ ਅਤੇ ਕਠਨਾਈ ਵਿਚ ਬਤੀਤ ਹੋਏ ਕਿਉਂਕਿ ਉਹ ਸਮੁੱਚੀ ਮਾਨਵਤਾ ਵਾਸਤੇ ਕਠਨਾਈਆਂ ਝੱਲ ਰਿਹਾ ਸੀ। ਇਨ੍ਹਾਂ ਹੀ ਦਿਨਾਂ ਵਿਚ ਉਹ ਯਹੂਦੀ ਸਵਤੰਤ੍ਰਤਾ ਪੁਰਬ ਪਾਸ-ਓਵਰ (pass over) ਦੇ ਸਮੇਂ ਜੈਰੋਸ਼ਲਮ ਵਿਚ ਆਇਆ। ਉਸ ਨੇ ਨਿਜੀ ਸੇਵਕਾਂ ਵਿਚ ਬੈਠ ਕੇ ਅੰਤਮ ਭੋਜਨ, ਰੋਟੀ ਅਤੇ ਵਾਇਨ ਦੁਆਰਾ ਕੀਤਾ। ਉਸ ਨੇ ਆਖਿਆ— ਇਸ ਭੋਜਨ ਵਿਚ ਮੇਰਾ ਸਰੀਰ ਅਤੇ ਖ਼ੂਨ ਸ਼ਾਮਲ ਹੈ। ਇਸ ਭੋਜਨ ਨੂੰ ਈਸਾਈ ਲੋਕ (Christian communion) ਅਥਵਾ ਈਸਾਈ ਸੰਪਰਕ ਭੋਜਨ ਭੀ ਆਖਦੇ ਹਨ। ਇਹੀ ਉਹ ਦਿਹਾੜਾ ਸੀ ਜਦੋਂ ਈਸਾ ਦੇ ਸ਼ਾਗਿਰਦ ਜੂਡਾ ਆਇਸਕੇਰੀਓਟ ਨੇ ਚਾਂਦੀ ਦੇ ਤੀਹ (30) ਸਿੱਕੇ ਲੈ ਕੇ ਈਸਾ ਨੂੰ ਪੁਲਿਸ ਦੇ ਹਵਾਲੇ ਕੀਤਾ। ਇਜ਼ਰਾਈਲੀ ਲੋਕਾਂ ਦਾ ਬਾਦਸ਼ਾਹ ਅਖਵਾਉਣ ਦੇ ਬਦਲੇ, ਈਸਾ ਜੀ ਨੂੰ ਰੋਮਨ ਬਾਦਸ਼ਾਹ ਹੈਰੋਡ ਐਂਟੀਪਾਸ ਦੇ ਹੁਕਮ ਦੁਆਰਾ ਗੋਲ ਗੋਥਾ ਪਹਾੜੀ ਦੇ ਲਾਗੇ ਸੂਲੀ 'ਤੇ ਚਾੜ੍ਹਿਆ ਗਿਆ। ਈਸਾਈ ਭਾਈਚਾਰੇ ਦਾ ਵਿਸ਼ਵਾਸ ਹੈ ਕਿ ਈਸਾ ਜੀ ਤੀਜੇ ਦਿਨ ਆਪਣੀ ਕਬਰ ਵਿਚੋਂ ਦੋਬਾਰਾ ਜੀਵਨ ਵਿਚ ਆ ਗਏ, ਜਿਸ ਨੂੰ ਉਸ ਦੇ ਦੋ ਸ਼ਾਗਿਰਦਾਂ ਨੇ ਵੇਖਿਆ ਜਿਨ੍ਹਾਂ ਦੇ ਨਾਮ

ਮੈਰੀ ਮੈਗਡੇਲਨ ਅਤੇ ਸਾਇਮਨ ਪੀਟਰ (Mary Magadalene and Simon Peter) ਕਰ ਕੇ ਆਖੇ ਜਾਂਦੇ ਹਨ।

ਈਸਾ ਜੀ ਨੇ ਲੋਕਾਂ ਨੂੰ ਰੱਬ ਨਾਲ ਪਿਆਰ ਕਰਨਾ ਅਤੇ ਰੱਬ ਦੀ ਲੋਕਾਈ ਨਾਲ ਪਿਆਰ ਕਰਨ ਦੀ ਸਿਖਿਆ ਦ੍ਰਿੜ੍ਹ ਕਰਵਾਈ ਹੈ। ਪਾਪੀਆਂ ਨੂੰ ਪਾਪਾਂ ਤੋਂ ਰਹਿਤ ਕਰ ਕੇ ਉਨ੍ਹਾਂ ਦੇ ਪਾਪਾਂ ਦਾ ਨਿਪਟਾਰਾ ਕੀਤਾ ਹੈ। ਉਸ ਨੇ ਕਦੀ ਭੀ ਪਾਪੀਆਂ ਦੇ ਵਿਰੁੱਧ ਘਿਰਣਾ ਨਹੀਂ ਕੀਤੀ। ਕਈ ਜਗ੍ਹਾ ਈਸਾ ਜੀ ਆਪਣੇ ਆਪ ਨੂੰ ਇਕ ਬਖ਼ਸ਼ਿੰਦ ਦੇ ਤੌਰ 'ਤੇ ਭੀ ਪੇਸ਼ ਕਰਦੇ ਹਨ।

(See, John 14: 6-15)

ਇਥੇ ਤਕ ਈਸਾਈ ਮਤਿ ਦੇ ਬੁਨਿਆਦੀ ਸਿਧਾਂਤਾਂ 'ਤੇ ਵਿਚਾਰ ਵਿਮੱਰਸ਼ ਕੀਤਾ ਗਿਆ ਹੈ। ਇਸ ਤੋਂ ਅਗਲੇਰੇ ਪੰਨਿਆਂ ਵਿਚ ਕੁਝ ਐਸੇ ਖ਼ਿਆਲ ਅੰਕਤ ਕਰਨ ਦੀ ਆਗਿਆ ਚਾਹਾਂਗੇ, ਜਿਨ੍ਹਾਂ ਵਿਚ ਕੁਝ ਮਾਡਰਨ ਸਮੇਂ ਦੇ ਖ਼ਿਆਲ ਬਾਈਬਲ ਦੀ ਧਾਰਾ ਦੇ ਅਨੁਕੂਲ ਦਿੱਤੇ ਜਾ ਰਹੇ ਹਨ।

6.48 ਕੀ ਈਸਾ ਰੱਬ ਦਾ ਪੁੱਤਰ ਹੈ ?

ਈਸਾਈ ਵਿਸ਼ਵਾਸ ਦੇ ਅਨੁਸਾਰ ਈਸਾ ਰੱਬ ਦਾ ਇਕਲੌਤਾ ਬੇਟਾ ਹੈ, ਜਿਸ ਦੀ ਹਾਮਾ ਪਾਵਨ ਬਾਈਬਲ ਵਿਚ ਕਈ ਥਾਈਂ ਭਰੀ ਗਈ ਹੈ। ਜਿਵੇਂ ਜੋਹਨ ਦੀ ਕਿਤਾਬ ਵਿਚ ਜ਼ਿਕਰ ਆਇਆ ਹੈ ਕਿ ਕੇਵਲ ਈਸਾ ਹੀ ਰੱਬ ਦਾ ਇਕਲੌਤਾ ਬੇਟਾ ਹੈ। ਸੁਹਿਰਦ ਪਾਠਕਾਂ ਦੀ ਜਾਣਕਾਰੀ ਹਿਤ ਕੇਵਲ ਇਕ ਜਾਂ ਦੋ ਪਰਮਾਣ ਹੀ ਦਿੱਤੇ ਜਾ ਰਹੇ ਹਨ ਪ੍ਰੰਤੂ ਇਕਲੌਤੇ ਪੁੱਤਰ ਦੀ ਪ੍ਰੋੜ੍ਹਤਾ ਪ੍ਰਤਿ ਬਾਈਬਲ ਦੇ ਨਵੀਨ ਨਿਯਮ ਵਿਚੋਂ ਅਨੇਕਾਂ ਹੀ ਪ੍ਰਮਾਣ ਉਪਲਬਧ ਕੀਤੇ ਜਾ ਸਕਦੇ ਹਨ, ਜਿਵੇਂ :

For God so loved the world, that he gave his begotten Son, that whosoever believeth in Him should not perish, but have everlasting life. *(King James, John 3:16)*

ਈਸਾਈ ਧਰਮ ਨੂੰ ਸਮਝਣਾ ਇਤਨਾ ਸੁਖੈਨ ਨਹੀਂ ਹੈ ਜਿਤਨਾ ਕਿ ਅਸੀਂ ਸਮਝਦੇ ਹਾਂ, ਕਿਉਂਕਿ ਇਸ ਦੇ ਅਨੇਕਾਂ ਹੀ ਫ਼ਿਰਕੇ ਹਨ ਔਰ ਹਰ ਫ਼ਿਰਕੇ ਦੀ ਵੱਖਰੀ ਵੱਖਰੀ ਬਾਈਬਲ ਹੈ। ਇਹ ਬਾਈਬਲਜ਼ ਇਸ ਵਾਸਤੇ ਪਰਸਪਰ ਭਿੰਨਤਾ ਰੱਖਦੀਆਂ ਹਨ ਕਿਉਂਕਿ ਹਰ ਫ਼ਿਰਕੇ ਦੇ ਵਿਸ਼ਵਾਸ ਵਿਚ ਬਹੁਤ ਵੱਡਾ ਅੰਤਰ ਹੈ। ਜਿਵੇਂ ਉਕਤ ਦਰਸਾਇਆ ਪ੍ਰਮਾਣ ਅਗਰ ਅਸੀਂ ਅਮਰੀਕਨ ਬਾਈਬਲ ਵਿਚੋਂ ਲੈ ਕੇ ਲਿਖੀਏ, ਤਦ ਉਸ ਦੀ ਸ਼ਬਦਾਵਲੀ ਨਿਮਨ ਲਿਖਤ ਦੇ ਅਨੁਸਾਰ ਹੋਵੇਗੀ :

For God so loved the world, that He gave His only begotten Son, that whoever believes in Him should not perish, but have eternal life. *(The new American standard Bible: John 3: 16)*

ਉਕਤ ਦਰਸਾਏ ਪ੍ਰਮਾਣਾਂ ਦੇ ਆਧਾਰ 'ਤੇ ਅਸਾਡੇ ਸਾਹਮਣੇ ਇਕ ਵਿਸ਼ੇਸ਼ ਪ੍ਰਕਾਰ ਦੀ ਧਾਰਾ ਰੁਪਮਾਨ ਹੋਇ ਆਂਵਦੀ ਹੈ ਕਿ ਕੇਵਲ ਈਸਾ ਜੀ ਹੀ ਰੱਬ ਦਾ ਇਕਲੌਤਾ ਪੁੱਤਰ ਹੈ, ਕੇਵਲ ਉਹ ਪ੍ਰਾਣੀ ਹੀ ਰੱਬੀ ਬਖ਼ਸ਼ਸ਼ ਦਾ ਪਾਤਰ ਬਣ ਸਕਦਾ ਹੈ ਜੋ ਪ੍ਰਾਣੀ ਇਸ ਦੀ ਸਰਨਿ ਵਿਚ ਆਵੇਗਾ। ਈਸਾਈ ਮਤਿ ਦੇ ਅਨੁਸਾਰ ਇਹ ਖ਼ਿਆਲ ਅਤਿ ਪਵਿੱਤਰ ਅਤੇ ਸੁਅੱਛ ਹੈ, ਪ੍ਰੰਤੂ ਅਸੀਂ ਸਤਿਕਾਰ, ਪਿਆਰ ਅਤੇ ਨੈਤਿਕਤਾ ਦੇ ਦਾਇਰੇ ਵਿਚ ਵਿਚਰਦੇ ਹੋਏ ਵੇਖਣਾ ਤਾਂ ਇਹ ਹੈ ਕਿ ਇਸ ਖ਼ਿਆਲ ਦੀ ਪ੍ਰੌੜ੍ਹਤਾ ਕਿਤਨੇ ਕੁ ਹੋਰ ਸੰਸਾਰੀ ਧਰਮ ਜਾਂ ਸੰਸਾਰੀ ਜੀਵ ਕਰਦੇ ਹਨ ਕਿ ਕੇਵਲ ਈਸਾ ਜੀ ਹੀ ਰੱਬ ਦਾ ਇਕਲੌਤਾ ਅਤੇ ਅਧਿਕਾਰੀ ਪੁੱਤਰ ਹੈ ? ਜਿਨ੍ਹਾਂ ਵਿਚ ਕੁਝ ਪ੍ਰਾਣੀ ਐਸੇ ਭੀ ਹਨ ਜੋ ਈਸਾਈ ਧਰਮ ਨਾਲ ਸੰਯੁਕਤ ਹਨ। ਜਿਵੇਂ ਮਿਸਟਰ ਜੇ.ਆਈ.ਪੈਕਰ ਦੇ ਕਥਨ ਅਨੁਸਾਰ ਕੁਝ ਕੱਟੜਤਾ ਰਹਿਤ ਅਥਵਾ ਉਦਾਰਚਿਤ ਅਮਰੀਕਨ ਧਾਰਮਕ ਜਨਤਾ ਦਾ ਖ਼ਿਆਲ ਹੈ ਕਿ,

1. ਵਾਹਿਗੁਰੂ ਦਾ ਲੱਛਣ ਬਹੁਤ ਪਵਿੱਤਰ ਅਤੇ ਉਜਲਾ ਹੈ। ਇਹੀ ਉਸ ਦਾ ਸਭ ਤੋਂ ਉੱਚਾ ਮਿਆਰ ਹੈ। ਸਮੁੱਚੀ ਮਨੁੱਖਤਾ ਅਥਵਾ ਕੋਈ ਭੀ ਜੀਵ ਚਾਹੇ ਉਹ ਪਾਪਾਂ ਤੋਂ ਭਿੰਨ ਹੈ ਜਾਂ ਪਾਪ ਸੰਯੁਕਤ ਹੈ, ਸਾਰੇ ਹੀ ਉਸ ਦੇ ਬੱਚੇ ਹਨ। ਉਹ ਸਾਰਿਆਂ ਨੂੰ ਪਿਆਰ ਕਰਦਾ ਹੈ। ਇਹ ਇਕ ਐਸੀ ਸਰਬ-ਵਿਆਪਕ ਅਟੱਲ ਵਾਸਤਵਿਕਤਾ ਹੈ ਕਿ ਵਾਹਿਗੁਰੂ ਦੀ ਪਿਤਾ ਪੁਰਸ਼ੀ (Fatherhood) ਅਤੇ ਸੰਸਾਰੀ ਜੀਵਾਂ ਦੀ ਭਾਈਚਾਰਕ (Brotherhood) ਅਵਸਥਾ ਵਿਚ ਸਮਰੂਪਤ (alike) ਝਲਕੀਆਂ ਦੇ ਬਹੁਪੱਖੀ ਦ੍ਰਿਸ਼ ਵੇਖੇ ਜਾ ਸਕਦੇ ਹਨ ਜਿਨ੍ਹਾਂ ਨੂੰ ਕਦੇ ਭੀ ਇਕ ਦੂਜੇ ਤੋਂ ਵੱਖਰੇ ਨਹੀਂ ਕੀਤਾ ਜਾ ਸਕਦਾ।
2. ਜਦੋਂ ਕਿ ਹਰ ਜੀਵ ਵਿਚ ਈਸ਼ਵਰੀ ਚਿਣਗ ਮੌਜੂਦ ਹੈ, ਇਸ ਵਾਸਤੇ ਸਾਰੇ ਹੀ ਜੀਵ ਹਾਰਦਿਕ ਤੌਰ 'ਤੇ ਅੱਛੇ ਹਨ। ਇਸ ਤੋਂ ਇਲਾਵਾ ਹੋਰ ਕੁਝ ਨਹੀਂ ਚਾਹੀਦਾ ਕਿ ਉਨ੍ਹਾਂ ਨੂੰ ਐਸੀ ਪ੍ਰੇਰਣਾ ਅਤੇ ਅਨੁਮਤੀ (ਆਗਿਆ) ਦਿੱਤੀ ਜਾਵੇ ਤਾਂਕਿ ਉਹ ਨਿਜੀ ਪ੍ਰਾਕ੍ਰਿਤਕ ਨੈਤਿਕਤਾ ਦਾ ਪ੍ਰਗਟਾਵਾ ਨਿਰਯਤਨ ਹੀ ਕਰ ਸਕਣ।
3. ਈਸਾ ਜੀ ਨੂੰ ਕੇਵਲ ਸਮਝ ਸੂਝ (Only in the sense) ਦੇ ਦਾਇਰੇ ਵਿਚ ਵਿਚਰਦੇ ਹੋਏ ਹੀ ਮਨੁੱਖ ਮਾਤਰ ਲਈ ਮੁਕਤੀਦਾਤਾ ਆਖਿਆ ਜਾ ਸਕਦਾ ਹੈ, ਕਿਉਂਕਿ ਉਹ ਇਕ ਸੰਪੂਰਣ ਪੁਰਸ਼ ਅਤੇ ਪਰਮਾਣਿਕ

ਸਿਖਿਆਦਾਤਾ ਹੈ। ਅਸਾਡੇ ਲਈ ਇਹ ਅਤਿ ਆਵਸ਼ਕ ਵਿਸ਼ਾ ਹੈ ਕਿ ਅਸੀਂ ਉਸ ਦਾ ਮਾਣ ਸਤਿਕਾਰ ਇਕ ਪ੍ਰਮੁੱਖ ਈਸਾਈ ਵਜੋਂ ਕਰੀਏ, ਗ਼ਰਜ਼ੇਕਿ, ਰੱਬ ਨੂੰ ਮੰਨਣ ਕਰਨ ਵਾਲੇ ਅਤੇ ਵਾਹਿਗੁਰੂ ਦੇ ਸੇਵਕਾਂ ਦੇ ਪ੍ਰਵਾਰ ਵਿਚੋਂ ਵੱਡਾ ਭਾਈ ਕਰ ਕੇ ਸਵੀਕਾਰ ਕਰੀਏ, ਕਿਉਂਕਿ ਉਹ ਕਿਸੇ ਅਨੋਖੀ ਸੂਝ ਬੂਝ ਦਾ ਧਾਰਨੀ ਅਤੇ ਅਨੂਪਮ ਈਸ਼ਵਰਵਾਦੀ ਨਹੀਂ ਸੀ। ਉਸ ਨੂੰ ਕੇਵਲ ਤਦ ਹੀ ਰੱਬ ਆਖਿਆ ਜਾਂਦਾ ਸੀ ਕਿ ਉਹ ਸੰਪੂਰਣ ਤੌਰ 'ਤੇ ਰੱਬੀ ਚੇਤਨਤਾ ਅਤੇ ਮਾਰਗ ਦਰਸ਼ੀ ਸੀ। ਉਹ ਕੁਮਾਰੀ ਦੇ ਉਦਰ ਤੋਂ ਪੈਦਾ ਨਹੀਂ ਹੋਇਆ ਅਤੇ ਉਸ ਨੇ ਕਦੇ ਭੀ ਕੋਈ ਕਰਾਮਾਤ ਨਹੀਂ ਵਿਖਾਈ। ਈਸ਼ਵਰੀ ਰਚਨਾ ਦੀ ਸ਼ਕਤੀਸ਼ਾਲੀ ਰਚਨਾਤਮਕ ਸੱਤਾ ਦੇ ਆਧਾਰ 'ਤੇ ਉਹ ਕਦੇ ਭੀ ਪੁਨਰ ਜੀਵਨ (resurrection) ਨੂੰ ਪ੍ਰਾਪਤ ਨਹੀਂ ਹੋਇਆ।

(Fundamentalism and the Word of God, p. 25)

4. ਈਸਾ ਜੀ ਤੁਲਨਾਤਮਕ ਤੌਰ 'ਤੇ ਦੂਜੇ ਜੀਵਾਂ ਨਾਲੋਂ ਭਿੰਨਤਾ ਰੱਖਦੇ ਹਨ, ਪ੍ਰੰਤੂ ਵਾਸਤਵਿਕ ਤੌਰ 'ਤੇ ਕੋਈ ਭੀ ਭਿੰਨਤਾ ਨਹੀਂ ਰੱਖਦੇ। ਬਿਲਕੁਲ ਏਸੇ ਤਰ੍ਹਾਂ ਈਸਾਈ ਮਤਿ ਭੀ ਦੂਜੇ ਧਰਮਾਂ ਦੇ ਤੁਲ ਕੋਈ ਭੀ ਭਿੰਨਤਾ ਨਹੀਂ ਰੱਖਦਾ, ਪ੍ਰੰਤੂ ਜਾਪਦਾ ਇੰਝ ਹੈ ਕਿ ਵਿਰਤੀਹਾਣ ਸਮੇਂ ਵਿਚ ਦੂਜੇ ਧਰਮ ਦੇ ਪ੍ਰਤਿਕਰਮ ਉੱਚਾ ਅਤੇ ਅੱਛਾ ਧਰਮ ਹੈ। ਜਦੋਂ ਕਿ ਸਾਰੇ ਧਰਮ ਹੀ ਉਸ ਇਕਾਈ ਤੋਂ ਉਤਪੰਨ ਹੋਏ ਹਨ ਜਿਸ ਇਕਾਈ ਦੀ ਅੰਸ਼ ਸਮੂਲਚੀ ਜ਼ਿੰਦਗੀ ਹੈ। ਜਿਵੇਂ ਪਾਵਨ ਗੁਰਬਾਣੀ ਦਾ ਫ਼ੁਰਮਾਨ ਹੈ :

ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥

(ਬਸੰਤੁ ਮ: ੧, ਪੰਨਾ 1188/15)

ਸੁਹਿਰਦ ਪਾਠਕਾਂ ਦੀ ਜਾਣਕਾਰੀ ਹਿਤ, ਬਹੁਤ ਹੀ ਅੱਛੀ ਯੁਕਤੀ ਹੋਵੇਗੀ ਅਗਰ ਉਕਤ ਦਰਸਾਈ ਪਰਮਾਣਿਕ ਸਮੱਗਰੀ ਦੀ ਵਾਸਤਵਿਕ ਰੂਪ-ਰੇਖਾ ਉਲੀਕੀ ਜਾਵੇ, ਤਾਂਕਿ ਅਸਾਡੀ ਸਮਝ ਸੂਝ ਦੇ ਦਾਇਰੇ ਵਿਚ ਆ ਸਕੇ ਕਿ ਈਸਾ ਜੀ ਦੇ ਇਕਲੌਤਾ ਰੱਬੀ ਬੇਟਾ ਹੋਣ ਦੀ ਅਸਲੀ ਝਲਕੀ ਕੈਸੀ ਹੈ ? ਇਸ ਪ੍ਰਤਿ ਨਿਮਨ ਲਿਖਤ ਵਾਰਤਾ ਸਹਾਇਕ ਸਮੱਗਰੀ ਹੋਵੇਗੀ :

The characteristic tenets of liberal faith of American in the early years of this century may be summarized as follow :

1. God's character is one of pure benevolence—benevolence; that is, without standard. All men are His children, and sin

separates no one from His love. The fatherhood of God and the brotherhood of man are alike universal.

2. There is a divine spark in every man. All men, therefore are good at heart, and need nothing more than encouragement to allow their natural goodness to express itself.
3. Jesus Christ is man's Savior only in the sense that He is man's perfect Teacher and example. We should regard Him simply as the first Christian, our elder brother in the world wide family of God. He was not divine in any unique sense. He was God only in the sense that He was a perfectly God-conscious and God-guided man. He was not born of a virgin; He did not work miracles, in the sense of 'mighty works' of divine creative power; and He did not rise from the dead.
4. Just as Christ differs from other men only comparatively, not absolutely, so Christianity differ from other religions not generically, but merely as the best and highest type of religion that has yet appeared. All religions are form of the same religion, just as all men are members of the same divine family. It follow of course, that Foreign Mission should not aim to convert from one faith to another, but rather to promote a crossfertilizing interchange where by each religion may be enriched through the contribution of all others.

(Fundamentalism and the Word of God, pp. 25-26)

ਉਕਤ ਦਰਸਾਈ ਪਰਮਾਣਿਕ ਵਾਰਤਾ ਦਾ ਸਾਰੰਸ਼ ਈਸਾ ਜੀ ਪ੍ਰਤਿ ਰੱਬੀ ਪੁੱਤਰ, ਅਲੌਕਿਕ ਚਮਤਕਾਰ, ਕੁਮਾਰੀ ਕੰਨਿਆ ਤੋਂ ਪੈਦਾਇਸ਼ ਅਤੇ ਪੁਨਰ-ਜੀਵਨ ਦੇ ਸਿਧਾਂਤ ਨੂੰ ਬਹੁਤ ਹੀ ਸਿੱਧੇ ਪੱਧਰੇ ਸ਼ਬਦਾਂ ਦੁਆਰਾ ਖੰਡਨ ਕਰਦਾ ਹੈ। ਇਸ ਪਿਤਾ ਪੁੱਤਰ, ਇਕਲੌਤਾ ਬੇਟਾ, ਕੁਮਾਰੀ ਕੰਨਿਆ ਤੋਂ ਜਨਮ ਅਤੇ ਪੁਨਰ-ਜੀਵਨ ਵਿਸ਼ੇ ਪ੍ਰਤਿ ਦੂਜੇ ਬੈਰੂਨੀ ਧਰਮਾਂ ਦੀ ਬਜਾਏ ਈਸਾਈ ਜਗਤ ਵਿਚ ਪਰਸਪਰ ਵਿਰੋਧਤਾ ਅਤੇ ਵੱਡੀ ਪੱਧਰ 'ਤੇ ਇਕ ਗੰਭੀਰ ਯੁੱਧ-ਨੀਤੀ ਜਾਰੀਆਂ ਹੋ ਰਹੀ ਹੈ।

ਕਈ ਦਫ਼ਾ ਈਸਾਈ ਮਤਿ ਦੇ ਲਿਖਾਰੀ ਪੁਰਾਤਨ ਨਿਯਮ ਵਿਚੋਂ ਰੱਬ ਦਾ ਇਕਲੌਤਾ ਬੇਟਾ ਸਾਬਤ ਕਰਨ ਹਿਤ ਬਹੁਤ ਹੀ ਉਲਝੇ ਹੋਏ ਉਦਾਹਰਣ ਪੇਸ਼ ਕਰਦੇ ਹਨ। ਐਸੇ ਉਦਾਹਰਣ ਬਾਪ ਬੇਟੇ ਦੀ ਗੁੱਥੀ ਸੁਲਝਾਣ ਦੀ ਬਜਾਏ, ਹੋਰ ਵਧੇਰੇ ਇਕ ਗੁੰਝਲਦਾਰ ਬੁਝਾਰਤ ਉਲੀਕਦੇ ਹਨ। ਜਿਵੇਂ ਮਿਸਟਰ ਕੈਂਪਬੈਲ ਮੋਰਗਨ ਆਪਣੀ ਕਿਤਾਬ *ਈਸਾ ਦੇ ਸੰਕਟ* ਵਿਚ ਲਿਖਦਾ ਹੈ ਕਿ.ਰੱਬ ਨੇ ਈਸਾ ਪ੍ਰਤਿ ਇਸ਼ਾਰਾ ਕਰ ਕੇ ਆਖਿਆ ਕਿ ਇਹ ਮੇਰਾ ਪਿਆਰਾ ਪੁੱਤਰ ਹੈ। ਮੈਂ ਇਸ ਦੇ ਵਾਸਤੇ ਪਵਿੱਤਰ ਪਰਬਤ ਜ਼ੋਇਨ ਦੇ ਉਪਰ ਇਕ ਬਾਦਸ਼ਾਹੀ ਦਾ ਫ਼ੁਰਮਾਨ ਜਾਰੀ ਕਰਦਾ ਹਾਂ। ਜਦੋਂ ਕਿ ਇਹ ਲਿਖਤ ਪੁਰਾਤਨ ਨਿਯਮ ਦੇ ਉੱਨੀਵੇਂ (19ਵੇਂ) ਸੰਦਰਭ ਵਿਚ ਹਜ਼ਰਤ ਦਾਊਦ ਵਾਸਤੇ ਨਾਜ਼ਲ ਹੋਈ ਹੈ ਨਾ ਕਿ ਈਸਾ ਵਾਸਤੇ। ਅਸਲੀ ਲਿਖਤ ਵੇਖਣੀ ਹੋਰ ਵਧੇਰੇ ਸਹੀ ਜਾਣਕਾਰੀ ਦਾ ਵਿਸ਼ਾ ਹੋਵੇਗੀ, ਜਿਵੇਂ :

The real point and force of the temptation can only be understood as the sublime and magnificent Psalm of the King is remembered. In that Psalm it is declared that God's anointed King shall be His Son. *(Crises of the Christ, p. 190)*

ਜਿਸ ਸ਼ਬਦ ਦੀ ਬਾਬਤ ਉਕਤ ਦਰਸਾਈ ਅੰਗਰੇਜ਼ੀ ਵਾਰਤਾ ਦਾ ਜ਼ਿਕਰ ਹੋ ਰਿਹਾ ਹੈ, ਉਹ ਸ਼ਬਦ ਜੰਬੂਰ ਦੀ ਗਾਥਾ ਵਿਚ ਹਜ਼ਰਤ ਦਾਊਦ ਵਾਸਤੇ ਜ਼ੋਇਨ ਦੀ ਪਹਾੜੀ 'ਤੇ ਬੋਲਿਆ ਗਿਆ ਹੈ, ਇਸ ਬਾਣੀ ਦਾ ਸੰਬੰਧ ਹਜ਼ਰਤ ਦਾਊਦ ਨਾਲ ਹੈ। ਈਸਾ ਜੀ ਨਾਲ ਇਸ ਸ਼ਬਦ ਦਾ ਕਿਸੇ ਪ੍ਰਕਾਰ ਦਾ ਭੀ ਸੰਬੰਧ ਨਹੀਂ ਹੈ। ਜਿਵੇਂ ਇਕ ਝੂਠ ਨੂੰ ਛੁਪਾਣ ਲਈ ਹਜ਼ਾਰਾਂ ਹੀ ਝੂਠ ਹੋਰ ਬੋਲਣੇ ਪੈਂਦੇ ਹਨ, ਬਿਲਕੁਲ ਇਹੀ ਹਾਲਤ ਇਨ੍ਹਾਂ ਵਿਦਵਾਨਾਂ ਦੀ ਹੈ ਜੋ ਈਸਾ ਜੀ ਦੀ ਪਵਿੱਤਰ ਅਤੇ ਚਮਕੀਲੀ ਜੀਵਨੀ ਨੂੰ ਗਲਤ ਲਿਖਤਾਂ ਦੁਆਰਾ ਹੋਰ ਘਸਮੈਲੀ ਅਤੇ ਮਸ਼ਕੂਕ ਬਣਾ ਰਹੇ ਹਨ। ਆਪ ਜੀ ਦੀ ਜਾਣਕਾਰੀ ਵਾਸਤੇ ਪੁਰਾਤਨ ਨਿਯਮ ਦੇ *ਅਮਰੀਕਨ ਬਾਈਬਲ* ਵਿਚੋਂ ਸਹੀ ਸ਼ਬਦ ਲਿਖਣੇ ਅਸਲੀਅਤ ਨੂੰ ਸਮਝਣ ਹਿਤ ਸਹਾਈ ਹੋਣਗੇ, ਜਿਵੇਂ :

6—But as for me, I have installed My King upon Zion, My holy mountain.

7—I will surely tell of the decree of the lord, He said to me, Thou art my Son, today I have begotten Thee. *(Psalm: 2, 6-7)*

ਅਨੇਕਾਂ ਹੀ ਹੋਰ ਭੀ ਐਸੀਆਂ ਉਦਾਹਰਣਾਂ ਹਨ ਜੋ ਪੁਰਾਤਨ *ਬਾਈਬਲ* ਵਿਚੋਂ ਦਿੱਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਨੂੰ ਖਿਚ ਧੂਹ ਕੇ ਈਸਾ ਜੀ ਨਾਲ ਜੋੜਿਆ ਜਾ ਰਿਹਾ ਹੈ। ਜਦੋਂ ਕਿ ਪੁਰਾਤਨ ਨਿਯਮ ਦਾ ਸੰਪਰਕ ਤਨਕ-ਮਾਤਰ ਭੀ ਈਸਾ ਜੀ ਨਾਲ ਨਹੀਂ ਹੈ। ਇਸ ਤੋਂ ਅਗਲੇਰੀਆਂ ਸਤਰਾਂ ਦੁਆਰਾ ਬਾਪ

ਬੇਟੇ ਦੀ ਤੱਤਵਮਈ ਸਥਿਤੀ ਨੂੰ ਸਮਝਣ ਲਈ ਕੁਝ ਉਦਾਹਰਣ ਇਸਲਾਮਿਕ ਸੰਸਾਰ ਵਿਚੋਂ *ਮਾਅਰਫ਼ਲ ਕੁਰਾਨ* ਅਤੇ *ਤਫ਼ਹੀਮਲ ਕੁਰਾਨ* ਦੁਆਰਾ ਦੇਣੇ ਭੀ ਉਚਿਤ ਹੋਣਗੇ, ਤਾਂਕਿ ਇਕਲੌਤੇ ਪੁੱਤਰ ਦਾ ਵਿਸ਼ਾ ਅੱਛੀ ਤਰ੍ਹਾਂ ਸਮਝਿਆ ਜਾ ਸਕੇ ਜਿਵੇਂ :

The Jews call, Uzair a son of Allah (God) and the Christians call Christ the Son of Allah (God). That is a saying, from their mouth; (In this) They but imitate what the unbelievers of old used to say. Allah's curse be on them. How they are deluded away from the Truth. *(Koran IX, 30, p. 448)*

ਉਕਤ ਦਰਸਾਈ ਅੰਗਰੇਜ਼ੀ ਵਾਰਤਾ ਨੂੰ ਉਰਦੂ ਅਤੇ ਪੰਜਾਬੀ ਭਾਸ਼ਾਵਾਂ ਵਿਚ ਇਕਲੌਤੇ ਪੁੱਤਰ ਦੀ ਧਰਮ ਸ਼ਾਸਤ੍ਰੀ ਕਲਪਨਾਤਮਕ ਪਹੇਲੀ ਨੂੰ ਸਮਝਣਾ ਭੀ ਹੋਰ ਵਧੇਰੇ ਜਾਣਕਾਰੀ ਦਾ ਵਿਸ਼ਾ ਹੋਵੇਗਾ, ਜਿਵੇਂ :

ਯਹੂਦੀ ਕਹਤੇ ਹੈਂ ਕਿ ਅਜ਼ੀਰ (Ezra) ਅੱਲਾਹ ਕਾ ਬੇਟਾ ਹੈ ਔਰ ਈਸਾਈ ਕਹਤੇ ਹੈਂ ਕਿ ਮਸੀਹ ਅੱਲਾਹ ਕਾ ਬੇਟਾ ਹੈ। ਯਹ ਬੇ-ਹਕੀਕਤ ਬਾਤੇਂ ਹੈਂ। ਜੋ ਵਹ ਅਪਨੀ ਜ਼ਬਾਨੋਂ ਸੇ ਉਨ ਲੋਗੋਂ ਕੀ ਦੇਖਾ ਦੇਖੀ ਨਿਕਾਲਤੇ ਹੈਂ ਜੋ ਇਨ ਸੇ ਪਹਿਲੇ ਕੁਫ਼ਰ ਮੇਂ ਮੁਬਤਿਲਾ (ਗ੍ਰਸੇ) ਹੂਏ ਥੇ। ਖ਼ੁਦਾ ਕੀ ਮਾਰ ਇਨ ਪਰ, ਯਹ ਕਹਾਂ ਸੇ ਧੋਖਾ ਖਾ ਰਹੇ ਹੈਂ। ਇਨਹੋਂ ਨੇ ਅਪਨੇ ਉਲਮਾ (ਵਿਦਵਾਨਾਂ) ਔਰ ਦਰਵੇਸ਼ੋਂ ਕੋ ਅੱਲਾਹ ਕੇ ਸਿਵਾ ਅਪਨਾ ਰੱਬ ਬਨਾ ਲੀਆ ਹੈ।

(ਤਫ਼ਹੀਮਲ ਕੁਰਾਨ, ਸੂ 9, ਪੰਨਾ 30)

ਉਪਰੋਕਤ ਲਿਖਤਾਂ ਦੇ ਆਧਾਰ 'ਤੇ ਅਗਰ ਈਸਾ ਜੀ ਰੱਬ ਦਾ ਇਕਲੌਤਾ ਬੇਟਾ ਨਹੀਂ ਹੈ, ਤਦ ਫਿਰ ਉਸ ਦੀ ਅਸਲੀ ਪਦਵੀ ਕੀ ਹੈ ? ਇਸ ਗੁੰਝਲ ਨੂੰ ਨਿਮਨ ਲਿਖਤ ਪਰਮਾਣਿਕ ਸਮੱਗਰੀ ਦੁਆਰਾ ਸੁਲਝਾਉਣ ਦਾ ਯਤਨ ਕੀਤਾ ਜਾਵੇਗਾ :

6.49 ਈਸਾ ਜੀ ਦੀ ਵਾਸਤਵਿਕ ਪਦਵੀ

ਈਸਾ ਜੀ ਦੀ ਪੈਦਾਇਸ਼ ਤੋਂ ਥੋੜੇ ਦਿਨ ਬਾਅਦ ਆਪ ਜੀ ਦੀ ਮਾਤਾ ਮਰੀਅਮ ਆਪਣੇ ਪਤੀ ਜੋਸਫ ਦੇ ਨਾਲ ਮਿਲ ਕੇ ਬੱਚੇ ਨੂੰ ਮਿਸਰ ਦੇਸ ਵਿਚ ਲੈ ਗਏ ਔਰ ਤੀਹ (30) ਸਾਲ ਦੀ ਆਯੂ ਤਕ ਆਪ ਜੀ ਗੁੰਮਨਾਮੀ ਦੀ ਸਥਿਤੀ ਵਿਚ ਨਿਵਾਸ ਕਰਦੇ ਰਹੇ। ਆਖ਼ਰਕਾਰ 30 ਸਾਲ ਦੀ ਉਮਰ ਵਿਚ ਆਪ ਜੀ ਨਿਜੀ ਦੇਸ ਫ਼ਲਸਤੀਨ ਵਿਚ ਵਾਪਸ ਆਏ। ਇਨ੍ਹਾਂ ਦਿਨਾਂ ਵਿਚ ਹੀ ਆਪ ਜੀ ਨੂੰ ਪੈਗ਼ੰਬਰੀ ਸੰਦੇਸ਼ ਪ੍ਰਾਪਤ ਹੋਇਆ ਔਰ ਲਗਪਗ ਇਹੀ ਤਿੰਨ ਕੁ ਸਾਲ ਦਾ ਸਮਾਂ ਸੀ ਜਿਸ ਦੇ ਦੌਰਾਨ ਆਪ ਜੀ ਨੇ ਰੱਬੀ ਸੰਦੇਸ਼ ਦਾ ਪ੍ਰਗਟਾਵਾ

ਯਹੂਦੀ ਪਰਜਾ ਵਿਚ ਕੀਤਾ। ਜਿਨ੍ਹਾਂ ਵਿਚੋਂ ਤਕਰੀਬਨ ਤਿੰਨ ਹਜ਼ਾਰ ਯਹੂਦੀਆਂ ਨੇ ਈਸਾ ਜੀ ਤੋਂ ਬੈਪਤਸਮਾ ਦੀ ਦਾਤਿ ਪ੍ਰਾਪਤ ਕੀਤੀ। ਈਸਾ ਜੀ ਏਸੀਨੈਸ (Esseness) ਫ਼ਿਰਕੇ ਵਿਚ ਵਿਚਰਦੇ ਹੋਏ ਨਿਜੀ ਜੀਵਨ ਬਤੀਤ ਕਰਦੇ ਰਹੇ। ਯੂਨਾਨੀ ਲੋਕਾਂ ਦੀ ਭਾਸ਼ਾ ਵਿਚ ਏਸੀਨੈਸ ਲੋਕਾਂ ਦੀ ਸੰਗਿਆ ਥੈਰਸਪੀਊਟਾਏ (Therspeutae) ਕਰ ਕੇ ਆਖੀ ਜਾਂਦੀ ਹੈ ਔਰ ਇਨ੍ਹਾਂ ਲੋਕਾਂ ਦੀ ਰਹਿਣੀ ਸਹਿਣੀ ਅਤੇ ਵਿਦਿਆ ਦਾ ਢਾਂਚਾ ਪਾਰਸੀ ਸੱਭਿਅਤਾ ਦੇ ਪ੍ਰਭਾਵ ਨਾਲ ਆਮ ਕਰਕੇ ਜੁੜਿਆ ਹੋਇਆ ਸੀ। ਗ਼ਰਜ਼ੇਕਿ, ਇਨ੍ਹਾਂ ਦੀ ਨਿਤਪ੍ਰਤਿ ਜੀਵਨੀ ਦਰਵੇਸ਼ਾਂ ਜੈਸੀ ਜ਼ਿੰਦਗੀ ਹੀ ਆਖੀ ਜਾ ਸਕਦੀ ਹੈ। ਇਹੀ ਉਹ ਲੋਕ ਸਨ ਜਿਨ੍ਹਾਂ ਨੇ ਤਿੰਨ ਹਜ਼ਾਰ ਦੀ ਗਿਣਤੀ ਵਿਚ ਈਸਾ ਜੀ ਤੋਂ ਬੈਪਤਸਮਾ ਪ੍ਰਾਪਤ ਕੀਤੀ। ਰੋਜ਼ਾਨਾ ਹੀ ਹੈਕਲ (ਪ੍ਰਾਰਥਨਾ ਮੰਦਰ) ਵਿਚ ਜੁੜ ਕੇ ਪ੍ਰਾਰਥਨਾ ਭੀ ਕਰਦੇ ਸਨ। ਇਸ ਖ਼ਿਆਲ ਦੀ ਪ੍ਰੋੜ੍ਹਤਾ *ਅੰਜੀਲ* ਵਿਚ ਭੀ ਕੀਤੀ ਗਈ ਹੈ, ਜਿਵੇਂ:

41—So then those who had received his word were baptized; and there were added that day about three thousand souls.

42—They devoted themselves to the teaching of the apostles and to the communal life, to the breaking of the bread and to the prayer.

(Acts, 2: 41-42)

ਅਗਰ ਬਹੁਤ ਗਹਿਰੀ ਖੋਜ ਦੁਆਰਾ ਵੇਖਿਆ ਜਾਵੇ, ਤਦ ਇਕ ਧਾਰਾ ਸਫੁੱਟ ਹੋ ਕੇ ਅਸਾਡੇ ਸਾਹਮਣੇ ਆ ਜਾਂਦੀ ਹੈ ਕਿ ਈਸਾ ਜੀ ਨੇ ਯਹੂਦੀ ਧਰਮ ਦੀ ਧਾਰਾ ਨੂੰ ਹੀ ਨਵੀਨ ਰੂਪ ਦਿੱਤਾ ਸੀ। *ਅੰਜੀਲ* ਦੀ ਕਹਾਵਤ ਦੇ ਅਨੁਸਾਰ ਉਸ ਨੇ ਗ਼ੈਰਯਹੂਦੀ ਲੋਕਾਂ ਪ੍ਰਤਿ ਇੰਝ ਆਖਿਆ ਸੀ ਕਿ ਮੈਂ ਆਪਣੇ ਬੇਟੋਂ ਕੀ ਰੋਟੀ ਕੁੱਤੋਂ ਕੇ ਆਗੇ ਡਾਲਨੇ ਨਹੀਂ ਆਇਆ। ਇਸ ਖ਼ਿਆਲ ਦੀ ਪ੍ਰੋੜ੍ਹਤਾ *ਅੰਜੀਲ* ਦੇ ਸ਼ਾਮਿਆਨੇ ਵਿਚੋਂ ਅਤੇ *ਮਾਅਰਫ਼ਲ ਕੁਰਾਨ* ਦੇ ਸਿਹਨ ਵਿਚੋਂ ਭੀ ਵੇਖੀ ਜਾ ਸਕਦੀ ਹੈ।

(ਮਾਅਰਫ਼ਲ ਕੁਰਾਨ, ਪੰਨਾ 28)

24—But He answered and said, "I was sent only to the lost sheep of the house of Israel."

25—But she came and began to bow down before Him, saying, "Lord help me !"

26—And He answered and said, "It is not good to take the children's bread and throw it to dogs."

(New American, Mathew 15: 24-26)

6.50 ਯਹੂਦੀਆਂ ਵਿਚ ਗ਼ੈਰ-ਯਹੂਦੀਆਂ ਦੀ ਮਿਸ਼ਰਤ

ਉਕਤ ਦਰਸਾਈ ਗਾਥਾ ਦੇ ਆਧਾਰ 'ਤੇ ਅਸੀਂ ਇਹ ਆਖ ਸਕਦੇ ਹਾਂ ਕਿ ਯਹੂਦੀ ਅਤੇ ਏਸੀਨੇਸ (Esseness) ਲੋਕਾਂ ਵਿਚ ਕੋਈ ਖ਼ਾਸ ਭਿੰਨਤਾ ਨਹੀਂ ਸੀ, ਕਿਉਂਕਿ ਧਾਰਮਕ ਸਿਧਾਂਤ ਦੋਹਾਂ ਫ਼ਿਰਕਿਆਂ ਵਾਸਤੇ ਕੇਵਲ ਯਹੂਦੀ ਮਤਿ ਵਾਲੇ ਸਿਧਾਂਤ ਹੀ ਨੀਅਤ ਕੀਤੇ ਗਏ ਸਨ। ਇਹੀ ਵਿਸ਼ੇਸ਼ ਕਾਰਣ ਹੈ ਕਿ ਈਸਾ ਜੀ ਨੇ ਯਹੂਦੀ ਮਤਿ ਨੂੰ ਕੇਵਲ ਨਵੀਨਤਾ ਦੇ ਲਿਬਾਸ ਵਿਚ ਸ਼ਿੰਗਾਰਨ ਦਾ ਯਤਨ ਕੀਤਾ ਸੀ ਔਰ ਆਪਣੇ ਨਵੀਨ ਮਤਿ ਦੇ ਪਸਾਰੇ ਵਾਸਤੇ ਉਸ ਨੇ 12 ਚੇਲਿਆਂ ਦੀ ਚੋਣ ਕੀਤੀ ਜਿਨ੍ਹਾਂ ਨੂੰ ਅਪੌਸਟਲ (Apostle) ਕਰ ਕੇ ਆਖਿਆ ਜਾਂਦਾ ਹੈ। ਪ੍ਰੰਤੂ, ਸੈਂਟ ਪਾਲ ਜੋ ਕਿ ਆਰੰਭ ਕਾਲ ਵਿਚ ਈਸਾ ਜੀ ਦੇ ਸਿਧਾਂਤ ਦਾ ਕੱਟੜ ਵਿਰੋਧੀ ਸੀ, ਉਸ ਨੇ ਈਸਾ ਜੀ ਦੀ ਤਾਲੀਮ ਨੂੰ ਗ੍ਰਹਿਣ ਕੀਤਾ ਅਤੇ ਗ਼ੈਰ-ਯਹੂਦੀਆਂ ਵਿਚ ਭੀ ਈਸਾ ਜੀ ਦੀ ਸਿਖਿਆ ਦਾ ਪ੍ਰਚਾਰ ਆਰੰਭ ਦਿੱਤਾ, ਜਿਥੋਂ ਈਸਾਈ ਮਤਿ ਯਹੂਦੀਆਂ ਨਾਲੋਂ ਟੁੱਟ ਕੇ ਇਕ ਵੱਖਰਾ ਈਸਾਈ ਫ਼ਿਰਕਾ ਹੋ ਨਿਬੜਿਆ ਔਰ ਜੋ ਵਿਅਕਤੀ ਇਨ੍ਹਾਂ ਵਿਚ ਸ਼ਾਮਲ ਹੋਏ, ਉਨ੍ਹਾਂ ਦੀ ਸੰਗਿਆ ਭਲੇ ਲੋਕ (Gentiles) ਕਰ ਕੇ ਪ੍ਰਸਿੱਧ ਹੋਈ। ਆਰੰਭ ਕਾਲ ਵਿਚ ਈਸਾਈ ਮਤਿ ਕੇਵਲ ਯਹੂਦੀ ਲੋਕਾਂ 'ਤੇ ਹੀ ਨਿਰਭਰ ਸੀ ਪ੍ਰੰਤੂ ਸੰਨ 70 ਵਿਚ ਰੋਮਨ ਆਕਰਮਣ ਦੇ ਸਮੇਂ ਜਨਰਲ ਟੀਟਸ ਨੇ ਸਮੂਲਚੀ ਯਹੂਦੀ ਕੌਮ ਦਾ ਬਹੁਤ ਵੱਡਾ ਘਾਣ ਕੀਤਾ ਜਿਥੋਂ ਈਸਾਈਆਂ ਦਾ ਨਵੀਨ ਫ਼ਿਰਕਾ ਭੀ ਗ਼ੈਰ-ਯਹੂਦੀਆਂ ਦੇ ਕੰਟਰੋਲ ਵਿਚ ਆਇਆ। ਇਹੀ ਉਹ ਸਮਾਂ ਸੀ ਜਦੋਂ ਈਸਾਈ ਮਤਿ ਯਹੂਦੀ ਮਤਿ ਨਾਲੋਂ ਵੱਖਰੀ ਹੋ ਗਈ। ਇਨ੍ਹਾਂ ਨਵੀਨ ਬਣੇ ਈਸਾਈਆਂ ਨੂੰ ਆਮ ਲੋਕ ਬਹੁਤ ਹੀ ਘਿਰਣਾ ਭਰੀ ਦ੍ਰਿਸ਼ਟੀ ਦੁਆਰਾ ਵੇਖਦੇ ਸਨ। ਇਨ੍ਹਾਂ ਦੇ ਨਵੀਨ ਬਣੇ ਫ਼ਿਰਕੇ ਨੂੰ ਕ੍ਰਿਸਚਨ (Christian) ਦੇ ਨਾਮ ਦੁਆਰਾ ਬੁਲਾਇਆ ਜਾਂਦਾ। ਭਾਵੇਂ ਯੂਨਾਨੀ (Greek) ਭਾਸ਼ਾ ਵਿਚ ਕ੍ਰਿਸਚਨ ਸ਼ਬਦ ਦਾ ਅਰਥ ਮਸੀਹਾ ਕਰ ਕੇ ਆਖਿਆ ਜਾਂਦਾ ਹੈ, ਪ੍ਰੰਤੂ ਵਿਰੋਧੀ ਖ਼ਿਆਲ ਦੇ ਲੋਕਾਂ ਵਲੋਂ ਕ੍ਰਿਸਚਨ ਨਾਮ ਮੰਦਭਾਵੀ ਅਰਥਾਂ ਵਿਚ ਹੀ ਪੁਕਾਰਿਆ ਜਾਂਦਾ ਸੀ। ਇਸ ਖ਼ਿਆਲ ਦੀ ਪ੍ਰੋੜ੍ਹਤਾ ਇਤਿਹਾਸ ਦੇ ਪੰਨਿਆਂ ਦੁਆਰਾ ਭੀ ਵੇਖੀ ਜਾ ਸਕਦੀ ਹੈ, ਜਿਵੇਂ :

> The Jewish religious leaders of Jesus time did not approve of His claim that He was the Messiah, or the promised deliverer of Jew. (The name Christ comes from a Greek word for Messiah.) They considered this action to be blasphemy.
>
> *(World book 3, p. 406)*

ਉਕਤ ਦਰਸਾਈ ਅੰਗਰੇਜ਼ੀ ਵਾਰਤਕ ਸਮੱਗਰੀ ਦਾ ਚਿੱਤਰ ਮਾਅਰਫ਼ਲ

ਕੁਰਾਨ ਦੇ ਆਈਨੇ ਵਿਚੋਂ ਦ੍ਰਿਸ਼ਟੀਮਾਨ ਕਰਨਾ ਹੋਰ ਵਧੇਰੇ ਜਾਣਕਾਰੀ ਦਾ ਵਿਸ਼ਾ ਹੋਵੇਗਾ। ਅਸਲੀ ਲਿਖਤ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ:

ਅੰਜੀਲ ਕੀ ਰੂ ਸੇ ਇਨ ਕਾ ਨਾਮ ਕ੍ਰਿਸਚਨ ਪਹਿਲੇ ਪਹਿਲ ਸੰਨ 43 ਈਸਵੀ ਮੇਂ ਰਖਾ ਗਿਆ। (ਏਆਮਾਲ 11; 26) ਲੇਕਿਨ *ਇਨਸਾਇਕਲੋਪੀਡੀਆ ਆਫ਼ ਰੀਲੀਜਨ ਨਾਲਿਜ* ਮੇਂ ਲਫ਼ਜ਼ ਕ੍ਰਿਸਚਨ ਕੇ ਤਹਿਤ ਲਿਖਾ ਹੈ ਕਿ ਇਨ ਕਾ ਯਹ ਨਾਮ ਕਰੀਬ ਸੰਨ 65 ਈਸਵੀ ਮੇਂ ਰਖਾ ਗਿਆ ਔਰ ਰਖਾ ਭੀ ਇਨ ਕੇ ਦੁਸ਼ਮਨੋਂ ਨੇ, ਜੋ ਅਜ਼ਰਹ ਤਾਅਨ ਵ ਤਾਅਰੀਜ਼ਨ (ਮਿਹਣੇ ਦੇ ਤੌਰ 'ਤੇ) ਇਨਹੇਂ ਕ੍ਰਿਸਚਨ ਯਾਨੀ ਤੇਲ ਔਰ ਚਰਬੀ ਮਲ ਕਰ ਗੰਦੇ ਰਹਿਨੇ ਵਾਲੇ ਕਹਾ ਕਰਤੇ ਥੇ। (Christ) ਕੇ ਮਾਅਨੇ ਤੇਲ ਯਾ ਚਰਬੀ ਸੇ ਮਸਾਜ ਕਰਨੇ ਵਾਲੇ (Anointed) ਕੇ ਹੈਂ। ਯਹ ਯੂਨਾਨੀ ਲਫ਼ਜ਼ 'Greaser' ਕੇ ਮੁਰਾਦਿਫ਼ ਹੈ।

(ਮਾਅਰਫ਼ਲ ਕੁਰਾਨ; ਪੰਨਾ 28)

ਕ੍ਰਿਸਚਨ ਸੰਗਿਆ ਦੀ ਆਰੰਭਕ ਭਾਸ਼ਾ ਨਵੀਨ ਨਿਯਮ ਦੀ *ਅੰਜੀਲ* ਦੁਆਰਾ ਭੀ ਵੇਖੀ ਜਾ ਸਕਦੀ ਹੈ, ਜਿਵੇਂ:

25—And he left for Tarsus to look for Saul;

26—And when he had found him, he brought him to Antioch. And it came about that for an entire year they met with the church and taught considerable numbers. And the disciples were first called Christian in Antioch.

(New Testament Acts; 11: 25-26)

ਉਕਤ ਵਾਰਤਾ ਦੇ ਅਨੁਸਾਰ ਆਰੰਭ ਕਾਲ ਵਿਚ ਈਸਾਈ ਮਤਿ ਕੇਵਲ ਯਹੂਦੀ ਲੋਕਾਂ 'ਤੇ ਹੀ ਨਿਰਭਰ ਸੀ। ਰੋਮਨ ਹਮਲੇ ਤੋਂ ਉਪਰੰਤ ਈਸਾਈਆਂ ਦੀ ਕਲੀਸਾ ਸੰਗਠਨ ਜੈਰੋਸ਼ਲਮ ਦੀ ਬਜਾਏ ਸ਼ਾਮ ਦੇਸ ਵਿਚ ਤਬਦੀਲ ਹੋ ਗਈ। ਧੀਰੇ ਧੀਰੇ ਇਨ੍ਹਾਂ ਈਸਾਈ ਲੋਕਾਂ ਨੇ ਸੰਨ 335 ਈਸਵੀ ਵਿਚ ਕੁਸਤਨਤੁਨੀਆ (Constantine) ਸਰਕਾਰ ਦੀ ਸਹਾਇਤਾ ਦੁਆਰਾ ਨਾਈਸੀਨ (Nicene) ਨਾਮੀ ਸ਼ਹਿਰ ਵਿਚ ਇਕ ਸੰਮੇਲਨ ਕੀਤਾ। ਇਹ ਸ਼ਹਿਰ ਅੱਜ ਕੱਲ ਉੱਤਰ ਪੱਛਮ ਤੁਰਕੀ ਵਿਚ ਸਥਿਤ ਹੈ। ਇਸ ਸੰਮੇਲਨ ਵਿਚ ਲਗਪਗ ਦੋ ਹਜ਼ਾਰ ਅਠਤਾਲੀ ਈਸਾਈ ਪ੍ਰਤਿਨਿਧ ਸ਼ਾਮਲ ਹੋਏ। ਰੋਮਨ ਸਲਤਨਤ ਦੇ ਬਾਦਸ਼ਾਹ ਕੁਸਤਨਤੁਨ ਨੇ ਈਸਾਈ ਮਤਿ ਨੂੰ ਧਾਰਨ ਕੀਤਾ ਅਤੇ ਸਵੈਮ ਤੌਰ 'ਤੇ ਇਸ ਕਾਨਫ਼ਰੰਸ ਦੀ ਪ੍ਰਧਾਨਗੀ ਕੀਤੀ। ਇਸ ਸੰਮੇਲਨ ਵਿਚ ਇਤਨੀ ਗਰਮਾਂ ਗਰਮ ਵਾਦਿ-ਵਿਵਾਦਿ ਹੋਈ ਕਿ ਸੰਮੇਲਨ ਕਿਸੇ ਭੀ ਸਮੱਸਿਆ ਦਾ ਸਮਾਧਾਨ ਨਾ ਕਰ ਸਕਿਆ। ਪਰਿਣਾਮ ਵਜੋਂ, ਸਤਾਰਾਂ ਸੌ ਤੀਹ (1730)

ਪ੍ਰਤਿਨਿਧ ਸੰਮੇਲਨ ਵਿਚੋਂ ਬਾਹਰ ਕੱਢਣੇ ਪਏ ਔਰ ਬਾਕੀ ਤਿੰਨ ਸੌ ਅਠਾਰ੍ਹਾਂ (318) ਭੀ ਕਿਸੇ ਨਤੀਜੇ 'ਤੇ ਨਾ ਪਹੁੰਚ ਸਕੇ, ਕਿਉਂਕਿ ਇਨ੍ਹਾਂ ਪਾਦਰੀਆਂ ਦੇ ਪਾਸ ਆਪਣੀਆਂ ਆਪਣੀਆਂ ਬਣਾਈਆਂ ਹੋਈਆਂ, (ਸਵੈਮ ਰਚਿਤ) ਚੌਂਤੀ (34) *ਅੰਜੀਲਾਂ* ਮੌਜੂਦ ਸਨ। ਹਰ ਪਾਦਰੀ ਸਵੈਮ ਰਚਿਤ *ਅੰਜੀਲ* ਨੂੰ ਹੀ ਪਵਿੱਤਰ ਸਮਝਦਾ ਅਤੇ ਈਸਾਈਆਂ ਲਈ ਧਾਰਮਿਕ ਪੁਸਤਕ ਸਥਾਪਤ ਕਰਨੀ ਲੋੜਦਾ ਸੀ। ਅੰਤ ਨੂੰ ਝਗੜਾ ਵਧਿਆ ਕਿ ਸਾਰੇ ਪਾਦਰੀ ਪਰਸਪਰ ਲੜਦੇ ਹੋਏ ਥੱਕ ਗਏ। ਵਾਦਿ-ਵਿਵਾਦਿ ਤੋਂ ਤੰਗ ਹੋ ਕੇ ਇਨ੍ਹਾਂ *ਅੰਜੀਲਾਂ* ਨੂੰ ਖਿਲਾਰ ਕੇ ਆਪਣੀ ਆਪਣੀ ਰਿਹਾਇਸ਼ ਗਾਹ ਵਿਚ ਆਣ ਬੈਠੇ। ਜਦੋਂ ਦੂਜੇ ਦਿਨ ਸਵੇਰੇ ਉੱਠ ਕੇ ਸੰਮੇਲਨ ਸਥਾਨ 'ਤੇ ਅੱਪੜੇ, ਤਦ ਕੀ ਵੇਖਦੇ ਹਨ ਕਿ ਕੁਝ ਕਿਤਾਬਾਂ ਅਤੇ ਚਿੱਠੀਆਂ ਮੇਜ਼ ਉਪਰ ਰੱਖੀਆਂ ਮਿਲੀਆਂ। ਥੱਕੇ ਹੁੱਸੇ ਹੋਏ ਪਾਦਰੀਆਂ ਨੇ ਇਨ੍ਹਾਂ ਕਿਤਾਬਾਂ ਅਤੇ ਪੱਤਰਾਂ ਨੂੰ ਹੀ ਪਵਿੱਤਰ ਸਮਝ ਕੇ ਨਵੀਨ ਨਿਯਮ ਦੀ *ਅੰਜੀਲ* ਦਾ ਵਜੂਦ ਘੋਸ਼ਤ ਕੀਤਾ। ਇਸ ਖ਼ਿਆਲ ਦੀ ਪ੍ਰੋੜ੍ਹਤਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

ਜੋ ਕੁਛ ਇਨ ਤੀਨ ਸੌ ਪਾਦਰੀਓਂ ਨੇ ਮੁਤਫ਼ਿਕਾਹ (ਸਰਬ ਸੰਮਤੀ ਨਾਲ) ਤੌਰ ਪਰ ਫ਼ੈਸਲਾ ਕਰ ਲੀਆ, ਉਸੇ ਖ਼ੁਦਾਵੰਦ ਕੀ ਖ਼ੁਸ਼ਨੂਦੀ ਸਮਝ ਲੇਨਾ ਚਾਹੀਏ। ਬਿਲਖ਼ਸੂਸ (ਵਿਸ਼ੇਸ਼ ਕਰਕੇ) ਇਸ ਲੀਏ ਕਿ ਇਨ ਕਾਬਿਲ ਹਸਤੀਓਂ ਕੇ ਦਿਲ ਮੇਂ ਰੂਹੇ-ਮੁਕੱਦਸ ਸਮਾ ਰਹਾ ਥਾ। ਜਿਸ ਨੇ ਉਨਹੋਂ ਖ਼ੁਦਾਵੰਦ ਕੀ ਮਰਜ਼ੀ ਕੀ ਤਰਫ਼ ਰਹਿਨੁਮਾਈ ਕਰ ਦੀ।

Historical view of the council of Nicaea, by Rev; Issac Boyle.

(ਮਾਅਰਫ਼ਲ ਕੁਰਾਨ, ਪੰਨਾ 30)

Nicene : Nicaea; of or relating to a Church council held in Nicaea in A.D. 325 or to the Nicene Creed.

(Webster's Dictionary, p. 768)

ਇਥੇ ਬਹੁਤ ਹੀ ਆਵਸ਼ਕ ਧਿਆਨ ਦੇਣ ਦੀ ਆਵਸ਼ਕਤਾ ਹੈ ਕਿ ਇਹ ਉਹ ਈਸਾਈ ਸੰਮੇਲਨ ਸੀ, ਜਿਸ ਵਿਚ ਈਸਾਈ ਜਗਤ ਦੀ ਧਾਰਮਿਕ ਜ਼ਿੰਦਗੀ ਦੇ ਬਹੁਤ ਹੀ ਵਿਸ਼ੇਸ਼ ਨਿਰਣੈ ਸਥਾਪਤ ਕੀਤੇ ਗਏ, ਜਿਨ੍ਹਾਂ ਵਿਚ ਈਸਾ ਜੀ ਨੂੰ ਇਕ ਰਸੂਲ ਦੀ ਪਦਵੀ ਤੋਂ ਉਪਰ ਚੁੱਕ ਕੇ ਰੱਬ ਦਾ ਇਕਲੌਤਾ ਪੁੱਤਰ ਬਣਾਇਆ ਗਿਆ, ਜਿਸ ਦੀ ਪ੍ਰੋੜ੍ਹਤਾ ਨਿਮਨ ਲਿਖਤ ਦੇ ਆਧਾਰ 'ਤੇ (Nicene Councils 325 A.D.) ਵਿਚ ਵੇਖੀ ਜਾ ਸਕਦੀ ਹੈ, ਜਿਵੇਂ :

The Nicene Creed summarized the chief articles of the Christians faith of that time. It is next oldest to the Apostles, Creed. It was adopted originally in the following form, but has been amplified since.

We belive in one God, the Father Almighty, maker of all things, both visible and invisible; and in one Lord, Jesus Christ, the Son of God, only begotten of the Father, that is to say, of the substance of the Father, God of God and light of light, very God of very God, begotten, not made, being of one substance with the father, by whom all things were made, both things in heaven and things on earth; who for us men and for our salvation, came down and was made flesh, was made man, suffered, and rose again on the third day, went up into the heavens, and is to come again to judge both the quick and the dead; and in the Holy Ghost.

(World book 14, p. 318)

ਸੰਨ 325 ਈਸਵੀ ਦੀ ਨਾਈਸੀਨ ਕੌਂਸਲ ਇਕ ਐਸੀ ਤਵਾਰੀਖ਼ੀ ਤਬਦੀਲੀ ਸੀ ਜਿਸ ਨੇ ਈਸਾ ਜੀ ਨੂੰ ਇਕ ਰਸੂਲ ਦੀ ਪਦਵੀ ਤੋਂ ਉਪਰ ਉਠਾ ਕੇ ਰੱਬ ਦਾ ਇਕਲੌਤਾ ਪੁੱਤਰ, ਰੱਬ ਦੀ ਸਾਰੰਸ਼, ਰੱਬ ਦਾ ਰੱਬ (God of God), ਭਾਵ, ਜੋ ਵਿਸ਼ੇਸ਼ਤਾਈਆਂ ਵਾਹਿਗੁਰੂ ਵਿਚ ਮੌਜੂਦ ਹਨ ਉਨ੍ਹਾਂ ਸਾਰੀਆਂ ਵਿਸ਼ੇਸ਼ਤਾਈਆਂ ਦਾ ਸੁਆਮੀ ਈਸਾ ਜੀ ਨੂੰ ਬਣਾ ਦਿੱਤਾ। ਇਹੀ ਵਿਸ਼ੇਸ਼ ਕਾਰਣ ਹੈ ਕਿ ਦੁਨੀਆ ਦਾ ਇਤਿਹਾਸ ਇਸ ਨੂੰ ਸਵੀਕਾਰ ਕਰਨ ਵਾਸਤੇ ਬਿਲਕੁਲ ਹੀ ਤਿਆਰ ਨਹੀਂ ਹੈ। ਇਹੀ ਵਿਸ਼ੇਸ਼ ਸੰਭਾਵਨਾ ਹੈ ਕਿ *ਕੁਰਾਨ ਮਜੀਦ* ਭੀ ਇਸ ਹੈਰਾਨੀ ਭਰਪੂਰ ਗਾਥਾ ਨੂੰ ਸਵੀਕਾਰ ਕਰਨੋਂ ਅਸਮਰੱਥ ਹੈ। ਜਿਵੇਂ :

ਆਪ ਜੀ ਦੀ ਜਾਣਕਾਰੀ ਹਿਤ ਕੁਝ ਐਸੇ ਉਦਾਹਰਣ ਪੇਸ਼ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਜਿਨ੍ਹਾਂ ਦੀ ਉਗਾਹੀ ਦੇ ਆਧਾਰ 'ਤੇ ਅਸੀਂ ਆਖ ਸਕਦੇ ਹਾਂ ਕਿ ਈਸਾ ਜੀ ਰੱਬ ਦਾ ਇਕਲੌਤਾ ਬੇਟਾ ਨਹੀਂ, ਬਲਕਿ ਜੋਸਫ ਅਤੇ ਮਰੀਅਮ ਦਾ ਪੁੱਤਰ ਅਤੇ ਇਕ ਰਸੂਲ/ਮਸੀਹਾ ਸੀ। ਇਹ ਕਿਵੇਂ ਹੋ ਸਕਦਾ ਹੈ ਕਿ ਬਾਪ ਅਤੇ ਬੇਟਾ ਇਕ ਹੀ ਸਮੇਂ ਵਿਦਮਾਨ ਹੋ ਸਕਣ ? ਅਤੇ ਇਕ ਸਮੇਂ ਵਿਚ ਅਨਿਤ ਭੀ ਹੋਣ ? ਅਗਰ ਈਸਾ ਜੀ ਰੱਬ ਦਾ ਇਕਲੌਤਾ ਬੇਟਾ ਸੀ, ਤਦ ਅੰਜੀਲ ਦੀਆਂ ਪਹਿਲੀਆਂ ਚਾਰ ਪੁਸਤਕਾਂ ਵਿਚੋਂ ਤਿੰਨ—ਮਾਥਿਊ, ਲੂਕ ਅਤੇ ਜੋਨ, ਇਹ ਨਿਰਣੈ ਕਰਦੀਆਂ ਹਨ ਕਿ ਈਸਾ ਜੀ ਜੋਸਫ ਤਰਖਾਣ ਅਤੇ ਉਸ ਦੀ ਵਿਆਹੁਤਾ ਪਤਨੀ ਮਰੀਅਮ ਦਾ ਪੁੱਤਰ ਸੀ। ਕਿਉਂਕਿ ਉਸ ਦੇ ਸਮਕਾਲੀ ਇਸ ਵਿਸ਼ੇ ਤੋਂ ਬਿਲਕੁਲ ਹੀ ਅਨਜਾਣ ਹਨ ਕਿ ਉਸਨੂੰ ਕੰਵਾਰੀ ਕੰਨਿਆ ਨੇ ਜਨਮ ਦਿੱਤਾ ਹੈ, ਬਲਕਿ ਈਸਾ ਜੀ ਦੇ ਸਮਕਾਲੀ ਉਸ ਨੂੰ ਜੋਸਫ ਦੇ ਬਹੁਤੇ ਬੱਚਿਆਂ ਵਿਚੋਂ ਇਕ ਬੱਚਾ ਹੀ ਜਾਣਦੇ ਸਨ। ਪਰਮਾਣਿਕ ਤੌਰ 'ਤੇ ਇਹ ਗੱਲ ਪ੍ਰਤੱਖ ਤੌਰ 'ਤੇ ਪ੍ਰਗਟ ਹੋਇ ਆਂਵਦੀ ਹੈ ਕਿ ਈਸਾ ਜੀ ਜੋਸਫ ਤਰਖਾਣ ਅਤੇ ਉਸ ਦੀ ਪਤਨੀ ਦਾ ਹੀ ਇਕ ਪੁੱਤਰ ਹੈ। ਇਸ ਵਾਸਤਵਿਕਤਾ

ਪ੍ਰਤਿ ਈਸਾਈ ਗੋਸਪਲ ਵਿਚੋਂ ਕੁਝ ਉਦਾਹਰਣ ਉਗਾਹੀ ਭਰਦੇ ਹਨ ਕਿ ਈਸਾ ਜੀ ਜੋਸਫ ਤਰਖਾਣ ਅਤੇ ਉਸ ਦੀ ਪਤਨੀ ਮਰੀਅਮ ਦਾ ਪੁੱਤਰ ਅਤੇ ਕੇਵਲ ਇਕ ਮਸੀਹਾ ਹੀ ਹੈ, ਜਿਵੇਂ :

And all were speaking well of Him and wondering at the gracious word which were falling from His lips; and they were saying, is this not Joseph's son? *(Luke, 4:22)*

And to Jacob was born Joseph the husband of Marry, by whom was born Jesus, who is called Christ. *(Mathew, 1-16)*

Philip found Nathanael and said to him, we have found Him of whom Moses in the Law and also the prophets wrote, Jesus of the Nazareth, the son of Joseph. *(John, 1-45)*

And they were saying, is not this Jesus, the son of Joseph, whose father and mother we know? . *(John, 6-42)*

Is not this the carpenter's son? Is not His mother called Mary and His brothers, James and Joseph and Simon and Judas?

(Mathew, 13; 55)

And His father and mother were amazed at the things, which were being said about Him. *(Luke, 2:33)*

And the child continued to grow and become strong, increasing in wisdom; and the grace of God was upon Him. 41—And His parents used to go to Jerusalem every year at the Feast of the Passover. 42—And when He become twelve, they went up there according to the custom of the Feast; 43—And as they were returning, after spending the full number of days, the boy Jesus stayed behind in Jerusalem. And His parents were unaware of it. *(Luke, 2:40-43)*

45—And when they did not find Him, they returned to Jerusalem, looking for Him.

46—And it came about that after three days they found Him in the temple, sitting in the midst of the teachers, both listening to them and asking them questions.

47—And all who heard Him, were amazed at His understanding and His answers.

48—And when they saw Him they were astonished; and His mother said to Him, Son, why have you treated us this way? Behold, your father and I have been anxiously looking for you.

(Luke, 2:45-48)

ਉਕਤ ਦਰਸਾਈਆਂ ਉਦਾਹਰਣਾਂ ਦੇ ਆਧਾਰ 'ਤੇ ਇਕ ਵਿਸ਼ੇਸ਼ ਸਚਾਈ ਪ੍ਰਤੱਖ ਰੂਪ ਵਿਚ ਅਸਾਡੇ ਸਾਹਮਣੇ ਪ੍ਰਗਟ ਹੋਇ ਆਂਵਦੀ ਹੈ ਕਿ ਕੇਵਲ ਬੱਚੇ ਦੀ ਮਾਤਾ ਹੀ ਸਮਝਦੀ ਹੈ ਕਿ ਮੇਰੇ ਬੱਚੇ ਦਾ ਬਾਪ ਕੌਣ ਹੈ। ਇਸ ਭੇਦ ਨੂੰ ਦੂਸਰਾ ਇਨਸਾਨ ਬਿਲਕੁਲ ਹੀ ਨਹੀਂ ਸਮਝ ਸਕਦਾ। ਅਗਰ ਮੈਰੀ ਨੂੰ ਇਹ ਗਿਆਨ ਹੁੰਦਾ ਕਿ ਉਸ ਦਾ ਬੇਟਾ ਨਿਹਕਲੰਕ ਗਰਭ-ਧਾਰਨਾ ਦੇ ਆਧਾਰ 'ਤੇ ਪੈਦਾ ਹੋਇਆ ਹੈ, ਤਦ ਉਸ ਮਾਤਾ ਮੈਰੀ ਨੂੰ ਆਖਣਾ ਚਾਹੀਦਾ ਸੀ ਕਿ ਮੈਂ ਅਤੇ ਤੇਰਾ ਬਾਪ ਗੌਡ (ਅੱਲਾਹ) ਤੈਨੂੰ ਭਾਲਦੇ ਰਹੇ। ਪ੍ਰੰਤੂ ਉਹ ਐਸਾ ਨਹੀਂ ਆਖ ਰਹੀ, ਬਲਕਿ ਬਾਰ ਬਾਰ ਆਪਣੇ ਪਤੀ ਜੋਸਫ ਦਾ ਨਾਮ ਬਾਪ ਦੇ ਤੌਰ 'ਤੇ ਬੋਲਦੀ ਹੈ। ਕੀ ਐਸੀ ਰੱਬ ਦੇ ਭੈ ਵਿਚ ਵਿਚਰਨ ਵਾਲੀ ਔਰਤ, ਰੱਬ ਦੇ ਪੁੱਤਰ ਦੀ ਬਜਾਏ ਜੋਸਫ ਤਰਖਾਣ ਦਾ ਪੁੱਤਰ ਕਿਉਂ ਆਖਦੀ ਹੈ ? ਕਿਉਂਕਿ, ਵਾਸਤਵਿਕ ਤੌਰ 'ਤੇ ਈਸਾ ਜੀ ਜੋਸਫ ਦਾ ਹੀ ਪੁੱਤਰ ਸੀ, ਰੱਬ ਦਾ ਪੁੱਤਰ ਨਹੀਂ ਸੀ ਔਰ ਮਾਤਾ ਮਰੀਅਮ ਦੀ ਉਗਾਹੀ ਇਕ ਐਸੀ ਅਟੱਲ ਸਚਾਈ ਹੈ ਕਿ ਜੋ ਕਿਸੇ ਹੋਰ ਦੂਸਰੀ ਉਗਾਹੀ ਦੀ ਮੁਹਤਾਜ ਨਹੀਂ ਹੈ ਕਿਉਂਕਿ ਉਹ ਬੱਚੇ ਦੀ ਮਾਤਾ ਹੈ ਔਰ ਸਭ ਤੋਂ ਵਧੇਰੇ ਜਾਣਦੀ ਹੈ ਕਿ ਬੱਚੇ ਦਾ ਬਾਪ ਕੌਣ ਹੈ।

ਇਕ ਕਿਤਾਬ ਜਿਸ ਦਾ ਸਿਰਲੇਖ *ਇਸਲਾਮ ਅਤੇ ਕ੍ਰਿਸਚੀਆਨਿਟੀ (Islam and Christianity)* ਹੈ, ਇਸ ਪੁਸਤਕ ਦੇ ਕਰਤਾ ਨਾਸੀਰ ਏ. ਫ਼ਾਰੂਕੀ 1988 ਵਿਚ ਇਕ *ਇਨਸਾਈਕਲੋਪੀਡੀਆ 94 ਬਾਇਬਲੀਕਾ* ਦੇ ਹਵਾਲੇ ਦੁਆਰਾ ਲਿਖਦੇ ਹਨ ਕਿ ਈਸਾ ਜੀ ਅਤੇ ਥੌਮਸ ਜੌੜੇ ਭਾਈ ਪੈਦਾ ਹੋਏ ਸਨ, ਜਿਨ੍ਹਾਂ ਦੀ ਰੂਪ-ਰੇਖਾ ਬਹੁਤ ਹੱਦ ਤਕ ਸਮਾਨਤਾ ਰੱਖਦੀ ਸੀ। ਇਹ ਕਿਵੇਂ ਹੋ ਸਕਦਾ ਹੈ ਕਿ ਦੋ ਜੌੜੇ ਭਰਾਵਾਂ ਵਿਚੋਂ ਇਕ ਜੋਸਫ ਦਾ ਪੁੱਤਰ ਹੋਵੇ ਅਤੇ ਦੂਜਾ ਰੱਬ ਦਾ ਪੁੱਤਰ ਹੋਵੇ ? ਇਸ ਖ਼ਿਆਲ ਦੀ ਪ੍ਰੋੜ੍ਹਤਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਅਤੇ ਪਰਖੀ ਜਾ ਸਕਦੀ ਹੈ, ਜਿਵੇਂ :

(f) Jesus was one of the twin born together, the other child being Thomas which name means "a twin" (Thilo. *Acta Thomae, 94 Encyclopaedia Biblica* Col. 5058, Hasting's *Dictionary of the Bible,* Vol. IV, Breviaries, published by Dominican Father press, Mosul, 1886). The twin brothers Jesus and Thomas were so alike that at a wedding which both attended they were mistaken for each other (*Acta Thomsae,* Vol. XX, p. 46). Now can any one believe that, of the twins Jesus and Thomas, one was born of Immaculate Conception and the other of their common father—Joseph the carpenter ? *(Islam and Christianity, p. 13)*

(h) ਕੁਝ ਹੋਰ ਕ੍ਰਿਸਚੀਅਨ ਪਦ ਅਧਿਕਾਰੀ ਭੀ ਯਕੀਨ ਰੱਖਦੇ ਹਨ ਕਿ

ਈਸਾ ਜੀ ਇਕ ਆਦਮੀ ਦਾ ਬੇਟਾ ਸੀ। ਜਿਨ੍ਹਾਂ ਵਿਚੋਂ ਕੁਝ ਹਵਾਲੇ *ਇਸਲਾਮ ਅਤੇ ਕ੍ਰਿਸਚੀਆਨਟੀ* ਵਿਚੋਂ ਨਿਮਨ ਲਿਖਤ ਵਿਚ ਅੰਕਤ ਕੀਤੇ ਜਾ ਰਹੇ ਹਨ :

(i) "Jesus is the Messiah, yet a mere man, born by natural generation to Joseph and Mary."

(History of the Apostolic Church, p. 318)

(ii) "All the believing Jew (i.e. the Christian of the time) and all the rest of Nazarene Jews esteemed Jesus with one consent as a mere man, the son of Joseph and Mary."

(*Commentary on the Holy Bible*, Vol. III, p. 276, by professor Dummelow of the Cambridge University and 42 other Christian scholars.)

(iii) "The Virgin Birth disappears from the sources altogerher."

(Encyclopaedia Biblica: *Col. 29570)*

(iv) "Christ will be a man among men—the Messiah will be descended from the seed of David: He will not be born of virgin, for God's promise to the ancient King was that he who is to come would issue from his seed." Are we think, that God was merely mocking him ? (*Commentary on Mathew* by Paulus). If Jesus was not born from a virgin mother, and if he was descended from David's seed, the literal concept of his being the son of God has no leg to stand on. *(Islam and Christianity, pp. 14-15)*

ਜਿਸ ਵੇਲੇ ਕ੍ਰਿਸਚੀਅਨ ਇਤਿਹਾਸ ਦੇ ਪੰਨਿਆਂ ਵਿਚੋਂ ਈਸਾ ਜੀ ਪ੍ਰਤਿ ਅਤਿ ਧਿਆਨ ਦੁਆਰਾ ਰੱਬ ਦਾ ਪੁੱਤਰ ਹੋਣ ਦੀ ਗਾਥਾ ਪੜ੍ਹਦੇ ਅਥਵਾ ਵੀਚਾਰਦੇ ਹਾਂ, ਤਦ ਐਸਾ ਜਾਪਦਾ ਹੈ ਕਿ ਜਿਵੇਂ ਪੂਰਬਵਰਤੀ ਈਸਾ ਜੀ ਦੇ ਪਰਮ ਸ਼ਰਧਾਲੂ ਸੇਵਕਾਂ ਵਲੋਂ ਕੁਝ ਐਸੀਆਂ ਵਿਸ਼ੇਸ਼ ਭੁੱਲਾਂ ਹੋਈਆਂ ਹਨ, ਜਿਨ੍ਹਾਂ ਦਾ ਨਿਪਟਾਰਾ ਕਰਨਾ ਅੱਜ ਤਕ ਭੀ ਕ੍ਰਿਸਚੀਅਨ ਜਗਤ ਵਾਸਤੇ ਅਤਿ ਅਸੰਭਵ ਹੋ ਚੁੱਕਾ ਹੈ। ਜਿਨ੍ਹਾਂ ਵਿਚ ਰੱਬ ਦਾ ਇਕਲੌਤਾ ਪੁੱਤਰ, ਟ੍ਰੈਨਿਟੀ, ਪਾਪਾਂ ਦੀ ਮਾਫ਼ੀ, ਸਲੀਬ 'ਤੇ ਚੜ੍ਹਨ ਕਰਕੇ ਸਾਰੀ ਕ੍ਰਿਸਚੀਆਨੀਟੀ ਦੇ ਪਾਪ ਆਪਣੇ ਸਿਰ ਲੈ ਲੈਣੇ, ਪੁਨਰ ਜੀਵਨ, ਆਦਿ। ਉਕਤ ਵਾਰਤਾ ਦੇ ਆਧਾਰ 'ਤੇ ਅਸੀਂ ਇਸ ਠੋਸ ਨਤੀਜੇ 'ਤੇ ਪੁੱਜੇ ਹਾਂ ਕਿ ਈਸਾ ਜੀ ਰੱਬ ਦਾ ਇਕਲੌਤਾ ਬੇਟਾ ਨਹੀਂ ਹੈ, ਬਲਕਿ ਜੋਸਫ ਤਰਖਾਣ ਅਤੇ ਮਾਤਾ ਮਰੀਅਮ ਦਾ ਪੁੱਤਰ ਸੀ। ਉਹ ਦੂਸਰੇ ਰੱਬੀ ਪੈਗ਼ੰਬਰਾਂ ਵਾਂਗੂ ਇਕ ਅੱਛਾ ਮਸੀਹਾ ਸੀ, ਭਾਵ, ਈਸਾ ਜੀ ਦੀ ਪਦਵੀ ਇਕ ਪਵਿੱਤਰ ਮਸੀਹਾ ਦੀ ਪਦਵੀ ਹੈ ਜੋ ਕਿ ਜੋਸਫ ਅਤੇ ਮਾਤਾ ਮਰੀਅਮ ਦਾ ਬੇਟਾ ਸੀ। ਇਸ ਤੋਂ ਅਗਲੇਰੇ ਪੰਨਿਆਂ ਵਿਚ ਇਕਲੌਤੇ ਪੁੱਤਰ ਪ੍ਰਤਿ ਇਤਨੇ

ਭੁਲੇਖੇ ਕਿਉਂ ਪਏ ਅਤੇ ਕਿਥੋਂ ਪਏ? ਪ੍ਰਤਿ ਵਿਚਾਰ ਵਿਮਰਸ਼ ਕਰਨ ਦੀ ਆਗਿਆ ਚਾਹੁੰਦੇ ਹਾਂ।

6.51 ਰੱਬੀ ਪੁੱਤਰ ਸਿਧਾਂਤ ਪ੍ਰਤਿ ਭੁਲੇਖੇ (Fallacy of Son of God)

ਈਸਾਈ ਜਗਤ ਦੀ ਸ਼ਰਧਾ ਦੇ ਅਨੁਸਾਰ ਈਸਾ ਜੀ ਰੱਬ ਦਾ ਇਕਲੌਤਾ ਬੇਟਾ ਆਖਿਆ ਜਾਂਦਾ ਹੈ। ਆਪਣੇ ਇਸ਼ਟ ਪ੍ਰਤਿ ਅਥਵਾ ਆਪਣੇ ਪੂਜਯ ਵਾਸਤੇ ਮਾਣ ਸਤਿਕਾਰ ਭਰਪੂਰ ਸ਼ਬਦਾਵਲੀ ਵਰਤਣੀ ਹਰ ਧਰਮ ਦਾ ਫ਼ਰਜ਼ ਹੈ ਕਿ ਉਹ ਨਿਜੀ ਧਰਮ ਦੇ ਸੁਆਮੀ ਦੀ ਪ੍ਰਸੰਸਾ ਜਿਤਨੀ ਭੀ ਕਰ ਸਕੇ, ਥੋੜ੍ਹੀ ਹੈ, ਭਾਵ, ਵੱਧ ਤੋਂ ਵੱਧ ਪ੍ਰਸੰਸਾ ਕਰਨੀ ਚਾਹੀਦੀ ਹੈ। ਇਸੇ ਪ੍ਰਕਾਰ ਸਿਖ ਧਰਮ ਵਿਚ ਭੀ ਵਾਹਿਗੁਰੂ ਵਾਸਤੇ ਬਾਪ, ਪਿਤਾ ਜੈਸੀ ਸਤਿਕਾਰਿਤ ਸ਼ਬਦਾਵਲੀ ਅਨੇਕਾਂ ਜਗ੍ਹਾ 'ਤੇ ਵਰਤੀ ਗਈ ਹੈ। ਪ੍ਰੰਤੂ ਇਸ ਦਾ ਭਾਵ ਹਰਗਿਜ਼ ਐਸਾ ਨਹੀਂ ਹੈ ਕਿ ਉਹ ਵਾਹਿਗੁਰੂ ਕੇਵਲ ਇਕ ਧਰਮ ਦੇ ਬਾਨੀ ਦਾ ਹੀ ਬਾਪ ਹੈ। ਬਾਕੀ ਸਮੂਲਚੀ ਲੋਕਾਈ ਬਾਪ ਤੋਂ ਬਿਨਾਂ ਹੀ ਪੈਦਾ ਹੋ ਗਈ ਹੈ। ਇਥੇ ਧਿਆਨ ਰੱਖਣ ਵਾਲੀ ਸਥਿਤੀ ਹੈ ਕਿ ਬਾਪ, ਪਿਤਾ, ਸਾਕ, ਸੱਜਣ, ਬੇਲੀ, ਬੰਧਪ, ਭ੍ਰਾਤਾ, ਪ੍ਰਿਯ, ਕੰਤ ਆਦਿ ਸ਼ਬਦਾਂ ਦੀ ਵਰਤੋਂ ਪ੍ਰਭੂ ਪਿਆਰ ਅਤੇ ਪ੍ਰਭੂ ਨੇੜਤਾ, ਪ੍ਰਭੂ ਨਾਲ ਇਕਮਿਕਤਾ ਅਤੇ ਅਭੇਦਤਾ ਪ੍ਰਾਪਤੀ ਵਾਸਤੇ ਰੂਪਕ ਅਥਵਾ ਅਲੰਕਾਰੀ (Metaphoric) ਸ਼ਬਦ ਹੀ ਆਖੇ ਜਾ ਸਕਦੇ ਹਨ, ਜਿਨ੍ਹਾਂ ਦੀ ਵਰਤੋਂ ਕੀਤਿਆਂ ਪ੍ਰਿਯ ਅਤੇ ਪ੍ਰੇਮੀ ਦੀ ਵਿੱਥ ਖ਼ਤਮ ਹੋਇ ਨਿਬੜਦੀ ਹੈ। ਨਿਰਸੰਦੇਹ, ਇਸੇ ਧਾਰਨਾ ਦੇ ਅਨੁਸਾਰ ਬਾਈਬਲ ਦੇ ਪੁਰਾਤਨ ਅਤੇ ਨਵੀਨ ਨੇਮਾਂ ਵਿਚ ਭੀ ਅਨੇਕਾਂ ਹੀ ਜਗ੍ਹਾ 'ਤੇ ਈਸਾ ਜੀ ਨੇ ਅਥਵਾ ਬਾਈਬਲ ਦੇ ਹੋਰ ਲਿਖਾਰੀਆਂ ਨੇ ਭੀ ਆਪਣੇ ਇਸ਼ਟ ਪ੍ਰਤਿ ਬਾਪ ਬੇਟੇ ਜੈਸੀ ਸ਼ਬਦਾਵਲੀ ਵਰਤੀ ਹੈ ਤਾਂਕਿ ਉਹ ਨਿਜੀ ਪੂਜਯ ਪ੍ਰਤਿ ਹੋਰ ਵਧੇਰੇ ਪ੍ਰਸੰਸਕ ਥੀਵਣ ਦੀ ਅਵਸਥਾ ਦੇ ਪਾਤਰ ਬਣ ਸਕਣ। ਈਸਾ ਜੀ ਨੇ ਕਈ ਜਗ੍ਹਾ ਆਪਣੇ ਆਪ ਨੂੰ ਇਨਸਾਨ ਦਾ ਪੁੱਤਰ (Son of man) ਕਰ ਕੇ ਭੀ ਪ੍ਰਗਟ ਕੀਤਾ ਹੈ, ਜਿਵੇਂ:

6—"But in order that you may know that the Son of Man has authority on earth to forgive Sins"—then He said to the paralytic, Rise, take up your bed and go home. *(Mathew, 9.6)*

ਕਈ ਇਕ ਹੋਰ ਐਸੇ ਉਦਾਹਰਣ ਭੀ ਅੰਜੀਲ ਵਿਚੋਂ ਪ੍ਰਾਪਤ ਹੁੰਦੇ ਹਨ ਜਿਥੇ ਈਸਾ ਜੀ ਨੇ ਰੂਪਕ ਅਥਵਾ ਅਲੰਕਾਰੀ ਢੰਗ ਦੁਆਰਾ ਆਪਣੇ ਆਪ ਨੂੰ ਰੱਬ ਦਾ ਪੁੱਤਰ ਦਰਸਾਇਆ ਹੈ। ਇਸ ਦਾ ਭਾਵ ਇਹ ਨਹੀਂ ਹੈ ਕਿ ਉਹ ਰੱਬ ਦਾ ਪੁੱਤਰ ਹੈ। ਪ੍ਰੰਤੂ ਐਸਾ ਪੁੱਤਰ ਪਿਤਾ ਦਾ ਸ਼ਬਦ ਰੱਬ ਦੀ ਨੇੜਤਾ ਪ੍ਰਗਟ ਕਰਨ ਹਿਤ, ਕੇਵਲ ਰੂਪਕ ਸ਼ਬਦ ਹੀ ਆਖਿਆ ਜਾ ਸਕਦਾ ਹੈ। ਜਿਵੇਂ ਨਿਮਨ ਲਿਖਤ ਅੰਜੀਲਕ ਪਰਮਾਣ ਪ੍ਰੋੜ੍ਹਤਾ ਕਰਦੇ ਹਨ:

29—My father, who has given them to me, is greater than all; and no one is able to snatch them out of the Father's hand. 30-I and the Father are one. *(John 10, 29-36)*

ਜਦੋਂ ਯਹੂਦੀ ਲੋਕ ਈਸਾ ਜੀ ਨੂੰ ਪੱਥਰ ਮਾਰ ਮਾਰ ਕੇ ਖ਼ਤਮ ਕਰਨ ਲਈ ਤੱਤਪਰ ਹੋ ਗਏ ਕਿ ਤੂੰ ਆਪਣੇ ਆਪ ਨੂੰ ਰੱਬ ਅਖਵਾਉਂਦਾ ਅਤੇ ਰੱਬ ਨਿੰਦਕ ਹੈਂ, ਤਦ ਈਸਾ ਜੀ ਨੇ ਆਖਿਆ ਕਿ ਮੈਂ ਤਾਂ ਆਪਣੇ ਆਪ ਨੂੰ ਰੱਬ ਦਾ ਬੱਚਾ ਹੀ ਆਖਿਆ ਸੀ ਅਤੇ ਈਸਾ ਜੀ ਨੇ ਯਹੂਦੀਆਂ ਨੂੰ ਵਿਵਰਣਾਤਮਿਕ ਤੌਰ 'ਤੇ ਬਿਆਨ ਕੀਤਾ ਕਿ ਕੀ ਤੁਹਾਡੇ ਕਾਨੂੰਨ ਵਿਚ ਨਹੀਂ ਲਿਖਿਆ ਕਿ ਸਾਰੇ ਹੀ ਰਸੂਲ (Prophets) ਆਪਣੇ ਆਪ ਨੂੰ ਰੱਬ ਅਖਵਾਉਂਦੇ ਰਹੇ ਹਨ ? ਅਤੇ ਮੈਂ ਉਨ੍ਹਾਂ ਦਾ ਪੁੱਤਰ ਅਥਵਾ ਸੰਤਾਨ ਹਾਂ। ਉਨ੍ਹਾਂ ਦੀ ਸੰਤਾਨ ਹੋਣ ਕਰਕੇ ਹੀ ਮੈਂ ਆਪਣੇ ਆਪ ਨੂੰ ਰੱਬ ਦਾ ਪੁੱਤਰ ਆਖਿਆ ਸੀ, ਕਿਉਂਕਿ ਉਹ ਆਪਣੇ ਆਪ ਨੂੰ ਰੱਬ ਅਖਵਾਉਂਦੇ ਸਨ। ਸੁਹਿਰਦ ਪਾਠਕਾਂ ਦੀ ਸਹੀ ਜਾਣਕਾਰੀ ਹਿਤ ਕੁਝ ਉਦਾਹਰਣ ਦੇਣੇ ਲਾਭਦਾਇਕ ਹੋਣਗੇ, ਜਿਵੇਂ :

6—I said You are gods, all of you sons of the Most High. *(Old Testament, Psalms, 82,6)*

22—"Then your shall say to Pharaoh, Thus says the Lord, Israel is My son, My first born." *(Old Testament, Exodus, 4,22)*

4—The Nephilim were on the earth in those days and also afterward, when the sons of God came into the daughters of men, and they bore children to them, those were the mighty men who were of old, men of renown. *(Old Testament, Genesis, 6,4)*

ਉਕਤ ਪਰਮਾਣਿਕ ਸਮੱਗਰੀ ਦੁਆਰਾ ਇਹ ਸਿੱਧ ਹੋਇਆ ਕਿ ਬਾਇਬਲੀਕਲ ਪੁਰਾਤਨ ਨੇਮ ਦੇ ਰਸੂਲ ਆਪਣੇ ਆਪ ਨੂੰ ਰੱਬ ਅਖਵਾਉਣ ਵਿਚ ਗੌਰਵ ਮਹਿਸੂਸ ਕਰਦੇ ਸਨ, ਭਾਵ, ਪੁਰਾਤਨ ਯਹੂਦੀ ਮਤਿ ਦੀ ਰੀਤ ਸੀ ਕਿ ਹਰ ਲਿਖਾਰੀ ਆਪਣੀ ਕਿਤਾਬਚੀ ਲਿਖ ਕੇ ਦਾਅਵਾ ਕਰਦਾ ਸੀ ਕਿ ਮੈਨੂੰ ਰੱਬ ਦਾ ਪੈਗ਼ਾਮ ਉਤਰਿਆ ਹੈ। ਇਸ ਵਾਸਤੇ ਮੈਂ ਹੀ ਰੱਬ (God) ਹਾਂ, ਜਿਥੋਂ ਈਸਾ ਜੀ ਨੂੰ ਬਹੁਤ ਵੱਡਾ ਭੁਲੇਖਾ ਲੱਗਾ ਜਾਪਦਾ ਹੈ ਕਿ ਮੈਂ ਹੀ ਰੱਬ ਦਾ ਇਕਲੌਤਾ ਬੇਟਾ ਹਾਂ, ਜਦੋਂ ਕਿ ਇਸ ਧਾਰਾ ਵਿਚ ਤਨਕ-ਮਾਤਰ ਭੀ ਵਾਸਤਵਿਕਤਾ ਨਹੀਂ ਹੈ, ਨਿਰੋਲ ਕਪੋਲ ਕਲਪਨਾ ਦਾ ਪਲੰਦਾ ਹੀ ਆਖੀ ਜਾ ਸਕਦੀ ਹੈ। ਇਸ ਧਾਰਾ ਦੀ ਪ੍ਰੌੜ੍ਹਤਾ ਨਿਮਨ ਲਿਖਤ ਪੁਰਾਤਨ ਨੇਮ ਦੀਆਂ ਕਿਤਾਬਾਂ ਵਿਚੋਂ ਸਾਧਾਰਨ ਤੌਰ 'ਤੇ ਹੀ ਵੇਖੀ ਜਾ ਸਕਦੀ ਹੈ। ਜਿਵੇਂ, ਸਾਲਮਨ (ਸੁਲੇਮਾਨ) ਨੂੰ ਭੀ ਰੱਬ ਦਾ ਪੁੱਤਰ ਹੀ ਆਖਿਆ ਗਿਆ ਹੈ।

10—He shall built a house for My name, and he shall be My son, and I will be his father; And I will establish the throne of his kingdom over Israel forever. *(1 Chronicles 22:10)*

I will surely tell of the decree of the lord; He said to Me Thou art My son, Today I have begotten Thee. (ਇਸ ਰੱਬੀ ਆਗਿਆ ਪੱਤਰ ਵਿਚ ਹਜ਼ਰਤ ਦਾਊਦ (ਡੇਵਿਡ) ਨੂੰ ਰੱਬ ਦਾ ਇਕਲੌਤਾ ਬੇਟਾ ਆਖ ਕੇ ਸੰਬੋਧਨ ਕੀਤਾ ਗਿਆ ਹੈ, ਭਾਵ, ਸਮੂਲਚੀ ਰਸੂਲਿਕ (Prophets) ਪ੍ਰਣਾਲੀ ਰੱਬ ਦੇ ਇਕਲੌਤੇ ਪੁੱਤਰਾਂ ਵਜੋਂ ਘੋਸ਼ਤ ਕੀਤੀ ਗਈ ਹੈ। ਇਸ ਵਾਸਤੇ ਕੇਵਲ ਈਸਾ ਜੀ ਪ੍ਰਤਿ ਹੀ ਰੱਬ ਦਾ ਇਕਲੌਤਾ ਬੇਟਾ ਹੋਣ ਦਾ ਦਾਅਵਾ ਇਕ ਭਰਮ ਅਤੇ ਭੁਲੇਖਾ ਹੈ ਜੋ ਕਿ ਨਿਖਾਰ ਦੀ ਕਸਵੱਟੀ 'ਤੇ ਪਰਖਿਆਂ ਸ਼ੁਧਤਾ ਦੇ ਮਿਆਰ ਤੋਂ ਬਹੁਤ ਹੀ ਡੂੰਘੀਆਂ ਤਲਾਂ ਵਿਚ ਜਾ ਖਲੋਂਦਾ ਹੈ। *(Psalms : 2,7)*

ਜਦੋਂ ਸਵੈਮ ਤੌਰ 'ਤੇ ਰੱਬ ਅਖਵਾਉਣ ਦੇ ਬਦਲੇ ਯਹੂਦੀਆਂ ਨੇ ਈਸਾ ਜੀ ਨੂੰ ਪੱਥਰਾਂ ਨਾਲ ਮਾਰ ਮਾਰ ਕੇ ਖ਼ਤਮ ਕਰਨ ਦਾ ਸੰਕਲਪ ਉਲੀਕਿਆ, ਤਦ ਈਸਾ ਜੀ ਨੇ ਰੱਬ ਅਤੇ ਰੱਬ ਦਾ ਪੁੱਤਰ ਹੋਣੋਂ ਨਾਂਹ ਕੀਤੀ। ਉਸ ਨੇ ਆਖਿਆ ਕਿ ਅਸਾਡੇ ਪੂਰਵਜਾਂ ਦੀ ਸਮੂਲਚੀ ਪ੍ਰਣਾਲੀ ਹੀ ਸਵੈਮ ਰੂਪ ਵਿਚ ਰੱਬ ਅਤੇ ਰੱਬ ਦੇ ਬੇਟੇ ਦਾ ਦਾਅਵਾ ਕਰਦੇ ਸਨ। ਇਸ ਵਾਸਤੇ ਮੈਂ ਭੀ ਆਖ ਦਿੱਤਾ ਕਿ ਮੈਂ ਭੀ ਰੱਬ ਹਾਂ ਅਤੇ ਰੱਬ ਦਾ ਬੇਟਾ ਹਾਂ, ਪ੍ਰੰਤੂ ਯਹੂਦੀਆਂ ਨੇ ਉਸ ਨੂੰ ਖਿਮਾ ਨਹੀਂ ਬਖ਼ਸ਼ੀ। ਐਸੇ ਹਾਨੀਕਾਰਕ ਵਾਤਾਵਰਣ ਤੋਂ ਛੁਟਕਾਰਾ ਕਰਾਵਨ ਹਿਤ, ਈਸਾ ਜੀ ਸਮੇਂ ਦੀ ਨਜ਼ਾਕਤ ਨੂੰ ਭਾਂਪਦੇ ਹੋਏ, ਅੱਖ ਬਚਾ ਕੇ ਇਨ੍ਹਾਂ ਯਹੂਦੀਆਂ ਦੇ ਮਾਰੂ ਫੰਦੇ ਵਿਚੋਂ ਨਿਕਲ ਗਏ ਔਰ ਜਾਰਡਨ ਨਦੀ ਦੇ ਕਿਨਾਰੇ ਜੰਗਲਾਂ ਵਿਚ ਛੁਪ ਕੇ ਪਨਾਹ ਲਈ। ਇਸ ਗਾਥਾ ਪ੍ਰਤਿ ਕੁਝ ਪਰਮਾਣਿਕ ਸਮੱਗਰੀ ਨਿਮਨ ਲਿਖਤ ਦੇ ਆਧਾਰ 'ਤੇ ਅੰਜੀਲ ਦੇ ਨਵੀਨ ਨਿਯਮ ਵਿੱਚੋਂ ਦਿੱਤੀ ਜਾ ਰਹੀ ਹੈ। ਵਧੇਰੇ ਜਾਣਕਾਰੀ ਹਿਤ ਦੇਖੋ, *'New Testament John; 10; 29-42'.*

31—The Jews took up stones again to stone Him. 32—Jesus answered them, "I showed you my good works from the Father; for which of them are you stoning me ?" 33—The Jews answered Him, "For a good work we do not stone you, but for blasphemy; and because you, being a man, make Yourself out to be God."

(John, 10; 31-33)

ਉਕਤ ਵਾਰਤਾ ਦੇ ਆਧਾਰ 'ਤੇ ਅਸਾਡੇ ਸਾਹਮਣੇ ਕਠਿਨ ਸਮੱਸਿਆ ਤਾਂ ਇਹ ਹੈ ਕਿ ਅਕਸਰ ਈਸਾ ਜੀ ਪ੍ਰਤਿ ਰੱਬ ਅਤੇ ਰੱਬ ਦਾ ਇਕਲੌਤਾ ਬੇਟਾ ਹੋਣ ਦਾ ਭਰਮ ਭੁਲੇਖਾ ਕਿਥੋਂ ਅਤੇ ਕਿਸ ਆਧਾਰ 'ਤੇ ਉਤਪੰਨ ਹੋਇਆ ? ਇਸ ਦਾ ਉੱਤਰ ਇੰਝ ਹੈ :

ਈਸਾਈ ਮਤਿ ਦਾ ਜਨਮ ਆਮ ਕਰਕੇ ਯਹੂਦੀ ਸੰਸਥਾ ਵਿਚੋਂ ਹੋਇਆ, ਨਵੀਨ ਪਰਿਵਰਤ ਹੋਏ ਯਹੂਦੀ ਈਸਾਈ ਆਪਣੇ ਰਸਮੋ-ਰਿਵਾਜ ਭੀ ਨਾਲ ਹੀ ਲੈ ਕੇ ਆਏ, ਭਾਵ, ਈਸਾਈ ਮਤਿ ਇਕ ਪ੍ਰਕਾਰ ਦਾ ਯਹੂਦੀ, ਯੂਨਾਨੀ ਅਤੇ ਪਾਰਸੀ ਧਾਰਾ ਦਾ ਮਿਲ-ਗੋਭਾ ਹੋਇ ਨਿਬੜਿਆ। ਇਸ ਮਿਲ-ਗੋਭੇ ਦੀ ਦਲਦਲ ਵਿਚੋਂ ਬਾਹਰ ਨਿਕਲਣ ਹਿਤ ਈਸਾਈਆਂ ਨੇ ਸੰਨ 325 ਈਸਵੀ ਵਿਚ ਕੁਸਤਨਤੁਨੀਆ ਦੇ ਬਾਦਸ਼ਾਹ ਦੀ ਪ੍ਰਧਾਨਗੀ ਵਿਚ ਨਾਈਸੀਨ (Nicene) ਕੌਂਸਿਲ ਬੁਲਾਈ। ਇਹ ਨਗਰੀ ਅੱਜ ਕੱਲ ਤੁਰਕੀ ਦੇਸ ਵਿਚ ਉੱਤਰ ਪੱਛਮ ਦੀ ਸਰਹੱਦ 'ਤੇ ਸਥਿਤ ਹੈ। ਇਸ ਕੌਂਸਲ ਦੇ ਦੌਰਾਨ ਈਸਾਈ ਮਤਿ ਨੇ ਨਿਜੀ ਰੂਪ-ਰੇਖਾ ਨੂੰ ਮਿਲ-ਗੋਭੇ ਤੋਂ ਸੁਰੱਖਿਅਤ ਰੱਖਣ ਲਈ ਮਨਭਾਵਤ ਸਿਧਾਂਤ ਉਲੀਕੇ, ਜਿਨ੍ਹਾਂ ਦੀ ਰੂਪ-ਰੇਖਾ ਆਪ ਪਿੱਛੇ ਉਪ ਪ੍ਰਸੰਗ ਨੰਬਰ 6-50 ਵਿਚ ਪੜ੍ਹ ਆਏ ਹੋ। ਆਪ ਜੀ ਦੀ ਵਿਗਿਆਨਿਕ ਸੂਝ ਬੂਝ ਵਾਸਤੇ ਨਾਈਸੀਨ ਕੌਂਸਲ ਦੀ ਸ਼ਬਦਾਵਲੀ ਨੂੰ ਦੋਬਾਰਾ ਲਿਖਣ ਦੀ ਬਜਾਏ, ਇਕ ਹੋਰ ਧਾਰਮਿਕ ਸੰਗਠਨ ਜਿਸ ਦੀ ਸੰਗਿਆ ਅਪੋਸਟਲ ਕਰੀਡ (Apostle Creed) ਕਰ ਕੇ ਆਖੀ ਜਾਂਦੀ ਹੈ, ਇਸ ਸੰਗਠਨ ਦੇ ਦੌਰਾਨ ਕੁਝ ਐਸੇ ਨਿਰਣੈ ਲਏ ਗਏ ਜਿਨ੍ਹਾਂ ਦਾ ਸੰਤਾਪ ਪਰਸਪਰ ਭਰਮ ਭੁਲੇਖਿਆਂ ਵਿਚ ਗ੍ਰਸਿਆ ਹੋਇਆ ਸਮੁੱਚਾ ਈਸਾਈ ਜਗਤ ਭੋਗ ਰਿਹਾ ਹੈ। ਪੂਰੀ ਜਾਣਕਾਰੀ ਹਿਤ ਦੇਖੋ *ਫ਼ੰਡਾਮੈਂਟਲਿਜ਼ਮ ਐਂਡ ਵਰਡ ਆਫ਼ ਗੌਡ*, ਕ੍ਰਿਤ ਮਿਸਟਰ ਪੈਕਰ (*Fundamentalism and the Word of God* by J.I. Packer) ਅਪੋਸਟਲ ਕਰੀਡ ਵਿਚ ਨਿਮਨ ਲਿਖਤ ਦੇ ਆਧਾਰ 'ਤੇ ਕੁਝ ਐਸੇ ਫ਼ੈਸਲੇ ਕੀਤੇ ਗਏ, ਜਿਨ੍ਹਾਂ ਵਿਚ ਸ਼ਰਧਾਲੂ ਵਲੋਂ ਸ਼ਪਤ ਲਈ ਗਈ ਕਿ ਮੈਂ ਇਕ ਈਸਾਈ ਹੋਣ ਦੇ ਨਾਤੇ ਪਿਤਾ ਰੱਬ 'ਤੇ ਭਰੋਸਾ ਕਰਦਾ ਹਾਂ, ਜੋ ਸਾਰੀਆਂ ਸ਼ਕਤੀਆਂ ਦਾ ਸੁਆਮੀ ਅਤੇ ਸੁਰਗ ਅਤੇ ਧਰਤੀ ਦਾ ਸਿਰਜਣਹਾਰ ਹੈ। ਮੈਂ ਈਸਾ ਜੀ 'ਤੇ ਯਕੀਨ ਰੱਖਦਾ ਹਾਂ ਜੋ ਪਵਿੱਤਰ ਰੂਹ ਦੇ ਆਧਾਰ 'ਤੇ ਮਾਤਾ ਮਰੀਅਮ ਦੇ ਗਰਭ ਵਿਚ ਆਇਆ ਅਤੇ ਕੁਮਾਰੀ ਕੁੜੀ ਤੋਂ ਜਨਮ ਲਿਆ। ਉਹ ਸੂਲੀ 'ਤੇ ਚਾੜ੍ਹਿਆ ਗਿਆ, ਕਬਰ ਵਿਚ ਦੱਬਿਆ ਗਿਆ, ਉਥੋਂ ਨਰਕਾਂ ਵਿਚ ਡਿੱਗ ਪਿਆ, ਤੀਜੇ ਦਿਨ ਉਥੋਂ ਉਠ ਕੇ ਸੁਰਗਾਂ ਵਿਚ ਚਲਾ ਗਿਆ, ਸੁਰਗਾਂ ਵਿਚ ਆਣ ਕੇ ਸਰਬ ਸ਼ਕਤੀਮਾਨ ਪਿਤਾ ਰੱਬ ਦੇ ਸੱਜੇ ਪਾਸੇ ਬੈਠ ਗਿਆ, ਉਹ ਦੋਬਾਰਾ ਮੁਰਦਿਆਂ ਅਤੇ ਜੀਵਤ ਪ੍ਰਾਣੀਆਂ ਦੇ ਨਿਰਣੈ ਕਰਨ ਹਿਤ ਆਵੇਗਾ। ਮੈਂ ਹੋਲੀ ਘੋਸਟ (ਪਵਿੱਤਰ ਰੂਹ) 'ਤੇ ਭੀ ਭਰੋਸਾ ਕਰਦਾ ਹਾਂ। ਮੈਂ ਪਵਿੱਤਰ ਗਿਰਜੇ ਅਤੇ ਈਸਾਈ ਸੰਤ ਮਹਾਤਮਾ 'ਤੇ ਭੀ ਭਰੋਸਾ ਰੱਖਦਾ ਹਾਂ, ਮੈਂ ਪਾਪਾਂ ਦੀ ਮਾਫ਼ੀ 'ਤੇ ਭੀ ਯਕੀਨ ਰੱਖਦਾ ਹਾਂ ਅਤੇ ਪੁਨਰ ਜਨਮ (Resurrection) 'ਤੇ ਭੀ ਭਰੋਸਾ ਰੱਖਦਾ ਹਾਂ। ਇਹ ਸਨ ਕੁਝ ਸਿਧਾਂਤ ਜੋ ਸੰਨ 150 ਈਸਵੀ ਦੇ ਸਮੇਂ ਕੀਤੇ ਗਏ, ਜਿਨ੍ਹਾਂ

ਵਿਚ ਰੱਬ 'ਤੇ ਭਰੋਸੇ ਦੀ ਬਜਾਏ ਬਾਕੀ ਸਾਰੇ ਹੀ ਭਰਮ ਭੁਲੇਖਿਆਂ ਦੀ ਨਗਰੀ ਦੇ ਵਸਨੀਕ ਜਾਪਦੇ ਹਨ। ਇਹੀ ਵੱਡਾ ਕਾਰਣ ਹੈ ਕਿ ਅੱਜ ਈਸਾਈ ਜਗਤ ਵਿਚ ਲਿਬਰਲ ਅਤੇ ਫ਼ੰਡਾਮੈਂਟਲ ਦੇ ਵਿਚਕਾਰ ਬਹੁਤ ਵੱਡੀ ਰੱਸਾ-ਕਸ਼ੀ ਹੋ ਰਹੀ ਹੈ। ਬਹੁਤ ਹੀ ਆਵਸ਼ਕ ਹੈ ਕਿ ਇਸ ਸੰਗਠਨ ਦੀ ਤਾਤਵਿਕ ਰੂਪ-ਰੇਖਾ ਭੀ ਲਿਖੀ ਜਾਵੇ, ਤਾਂਕਿ ਆਪ ਜੀ ਸਮਝ ਸਕੋ ਕਿ ਈਸਾਈ ਮਤਿ ਵਿਚ ਬੁਨਿਆਦੀ ਸਿਧਾਂਤਾਂ ਦੇ ਭਰਮ ਭੁਲੇਖੇ ਕਿਉਂ ਅਤੇ ਕਦੋਂ ਪਏ। ਜਿਵੇਂ :

Apostles Creed is a statement of the main Christian beliefs. It was in use as early as A.D. 150, and is supposed to have been used by the Apostles. "Here is the form of Creed."

I believe in God, the Father Almighty, Creator of heaven and earth; and in Jesus Christ, His only Son, Our Lord; Who was conceived by the Holy Ghost, born of the Virgin Mary, suffered under Pontius Pilate, was crucified, died, and was buried. He descended into hell; the third day He arose again from the dead; He ascended into heaven, sitteth at the right hand of God, the Father Almighty; From thence He shall come to Judge the living and dead. I belive in the Holy Ghost, the Holy Catholic Church, the communion of saints, the forgiveness of sins, the resurrection of the body, and life everlasting. Amen.

(World Book 1, p. 528)

ਉਕਤ ਦਰਸਾਈ ਪਰਮਾਣਿਕ ਵਾਤਰਾ ਦੁਆਰਾ ਈਸਾਈ ਮਤਿ ਦੀ ਵਿਸ਼ਵਾਸਧਾਰਾ ਨੂੰ ਨਿਰੂਪਣ ਕੀਤਾ ਗਿਆ ਹੈ, ਜਿਸ ਵਿਸ਼ਵਾਸ ਨੂੰ ਈਸਾਈ ਮਤਿ ਦੇ ਉਦਾਰਚਿਤ ਅਥਵਾ ਖੁਲ੍ਹ-ਦਿਲੇ (Liberal) ਖ਼ਿਆਲਾਂ ਦੇ ਜੀਵ ਸਵੀਕਾਰ ਕਰਨ ਲਈ ਤਿਆਰ ਨਹੀਂ ਹਨ, ਕਿਉਂਕਿ ਇਸ ਧਾਰਾ ਵਿਚ ਅੱਠ ਮੱਦਾਂ ਐਸੀਆਂ ਹਨ ਜੋ ਇਕ ਸ਼ਰਧਾਲੂ ਦੇ ਹਿਰਦੇ ਵਿਚ ਭਰਮ ਭੁਲੇਖੇ ਅਤੇ ਵਹਿਮ ਦੀ ਗੰਢੜੀ ਬੰਨ੍ਹਦੀਆਂ ਹਨ, ਇਹੀ ਕਾਰਣ ਸੀ ਕਿ ਈਸਾ ਜੀ ਨੇ ਆਪਣੇ ਸ਼ਰਧਾਲੂਆਂ ਪ੍ਰਤਿ ਸੁਝਾਉ ਦਿੱਤਾ ਸੀ ਕਿ ਹਰ ਇਕ ਉਹ ਇਨਸਾਨ ਰੱਬ ਦਾ ਪੁੱਤਰ ਹੈ ਜੋ ਉਸ ਨੇ ਪੈਦਾ ਕੀਤਾ ਹੈ ਅਤੇ ਪਰਸਪਰ ਪਿਆਰ ਭਰੀ ਜੀਵਨੀ ਬਤੀਤ ਕਰਦਾ ਹੈ। ਜਿਵੇਂ :

9—Blessed are the peacemakers, for they shall be called sons of God.

44—But I say to you love your enemies, and pray for those who persecute you.

45—In order that you may be sons of your Father who is

in heaven; for He causes Him sun rise on the evil and the good, and sends rain on the righteous and the unrighteous.

(New Testament, Mathew 5; 44-45)

ਇਥੇ ਤਕ ਈਸਾ ਜੀ ਪ੍ਰਤਿ ਪਾਏ ਗਏ ਭਰਮ ਭੁਲੇਖਿਆਂ ਦੀ ਗਾਥਾ ਸਮਾਪਤ ਹੁੰਦੀ ਹੈ। ਅਗਲੇਰੇ ਪੰਨਿਆਂ ਦੁਆਰਾ ਅੰਜੀਲ ਪ੍ਰਤਿ ਕੁਝ ਜਾਣਕਾਰੀ ਦੇਣ ਦਾ ਯਤਨ ਕੀਤਾ ਜਾਵੇਗਾ। ਉਕਤ ਵਿਚਾਰ ਵਿਮੱਰਸ਼ ਦੁਆਰਾ ਨਿਰਣੈ ਇਹ ਹੋਇਆ ਕਿ ਈਸਾ ਜੀ ਸਰੀਰਕ ਤੌਰ 'ਤੇ ਪਿਤਾ ਜੋਸਫ ਅਤੇ ਬੀਬੀ ਮਰੀਅਮ ਦਾ ਬੇਟਾ ਸੀ। ਆਮ ਸੰਸਾਰੀ ਜੀਵਾਂ ਵਾਂਗੂ ਰੱਬ ਦਾ ਪੁੱਤਰ ਭੀ ਸੀ।

6.52 ਨਵੀਨ ਅੰਜੀਲ ਦਾ ਨਿਯਮ (New Testament)

ਈਸਾਈ ਮਤਿ ਦੇ ਅਕੀਦੇ ਦੇ ਅਨੁਸਾਰ ਬਾਈਬਲ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—ਪੁਰਾਤਨ ਨਿਯਮ ਅਤੇ ਨਵੀਨ ਨਿਯਮ, (Old Testament and New Testament)। ਪੁਰਾਤਨ ਨਿਯਮ ਦੇ ਸਬੰਧ ਵਿਚ ਆਪ ਪਿੱਛੇ ਕਰਮ ਨੰਬਰ 6-41 ਹੇਠ ਪੜ੍ਹ ਆਏ ਹੋ। ਨਵੀਨ ਨਿਯਮ ਪੁਰਾਤਨ ਨਿਯਮ ਦੇ ਪ੍ਰਤਿਕਰਮ, ਤੀਜਾ ਹਿੱਸਾ ਹੀ ਆਖਿਆ ਜਾ ਸਕਦਾ ਹੈ। ਇਸ ਨਿਯਮ ਦੀਆਂ ਪਹਿਲੀਆਂ ਚਾਰ ਕਿਤਾਬਾਂ ਨੂੰ *ਈਸਾ ਜੀ ਦੀ ਅੰਜੀਲ* (Gospel of Christ) ਕਰ ਕੇ ਆਖਿਆ ਜਾਂਦਾ ਹੈ, ਜਿਨ੍ਹਾਂ ਵਿਚ ਮੈਥਿਉ, ਮਾਰਕ, ਲੂਕ ਅਤੇ ਜੌਹਨ ਦੀਆਂ ਲਿਖਤਾਂ ਸ਼ਾਮਲ ਹਨ। ਇਨ੍ਹਾਂ ਚਾਰੇ ਲਿਖਾਰੀਆਂ ਨੇ ਈਸਾ ਜੀ ਦੀ ਜੀਵਨੀ ਦੇ ਕਰਤੱਵ ਅਤੇ ਉਪਦੇਸ਼ਕ ਸ਼ਬਦਾਵਲੀ ਅੰਕਤ ਕਰਨ ਦਾ ਯਤਨ ਕੀਤਾ ਹੈ। ਇਨ੍ਹਾਂ ਚਾਰ ਕਿਤਾਬਾਂ ਤੋਂ ਉਪਰੰਤ ਰਸੂਲਾਂ ਦੇ ਕਰਤੱਵ (Acts of the Apostles) ਲਿਖੇ ਗਏ ਹਨ, ਜੋ ਕਿ ਲੂਕ ਦੀ ਲਿਖਤ ਦਾ ਤਵਾਰੀਖ਼ੀ ਕਰਮ ਅਨੁਬੰਧ ਲਗਾਤਾਰ ਚਾਲੂ ਰੱਖਿਆ ਗਿਆ ਹੈ। ਇਸ ਤੋਂ ਅੱਗੇ ਈਸਾਈ ਧਰਮ ਪ੍ਰਚਾਰਕਾਂ ਦੀਆਂ 21 ਚਿੱਠੀਆਂ ਹਨ ਜੋ ਉਨ੍ਹਾਂ ਨੇ ਈਸਾਈ ਮਤਿ ਦੇ ਪ੍ਰਚਾਰ ਹਿਤ ਲਿਖੀਆਂ ਹਨ। ਨਵੀਨ ਨਿਯਮ ਦੀ ਅੰਤਮ ਕਿਤਾਬ ਰੇਵੇਲੇਸ਼ਨ (Revelation or Apocalypse) ਕਰ ਕੇ ਆਖੀ ਜਾਂਦੀ ਹੈ। ਇਸ ਕਿਤਾਬ ਦੀ ਮੂਲਿਕ ਉਤਪਤੀ ਅਥਵਾ ਸ੍ਰੋਤ ਅਸਥਾਨ ਪੁਰਾਤਨ ਈਸਾਈ, ਯਹੂਦੀ, ਬਾਬਿਲੋਨ ਅਤੇ ਗਰੀਕ ਕਰ ਕੇ ਮੰਨਿਆ ਜਾਂਦਾ ਹੈ। ਇਸ ਕਿਤਾਬ ਵਿਚ ਈਸਾਈ ਚਰਚਾਂ ਵਾਸਤੇ ਸੰਦੇਸ਼ ਅਤੇ ਕੁਝ ਭਵਿੱਖ ਕਾਲ ਵਿਚ ਬੀਤਣ ਵਾਲੇ ਅਨੁਭਵੀ ਚਿੱਤਰ ਭੀ ਲਿਖੇ ਗਏ ਹਨ। ਨਵੀਨ ਨਿਯਮ ਵਿਚ ਕੁੱਲ ਸਤਾਈ (27) ਕਿਤਾਬਾਂ ਹਨ। ਅੱਜ ਤਕ *ਅੰਜੀਲ* ਦੀਆਂ ਕਿਤਾਬਾਂ ਪ੍ਰਤਿ ਅਥਵਾ ਲਿਖਤਾਂ ਪ੍ਰਤਿ ਬਹੁਤ ਹੀ ਗੰਭੀਰ ਕਿੰਤੂ-ਪ੍ਰੰਤੂ ਹੋ ਚੁੱਕੀ ਹੈ। ਗ਼ਰਜ਼ੇਕਿ, ਕਿਸੇ ਧਰਮ ਦੀ ਤਾਤਵਿਕਤਾ ਨੂੰ ਸਮਝਣ ਹਿਤ ਉਸ ਧਰਮ ਦੇ ਸਨੇਹੀਆਂ ਦੀ ਗੱਲ

ਅੰਤ ਗੰਭੀਰ ਹੋ ਕੇ ਸੁਣਨੀ ਅਤੇ ਵਿਚਾਰਨੀ ਹੀ ਪਵੇਗੀ। ਤਰਕਸ਼ੀਲਤਾ ਉਸ ਸਮੇਂ ਉਚਿਤ ਅਤੇ ਵਾਜਿਬ ਹੁੰਦੀ ਹੈ ਅਗਰ ਉਸ ਦੀ ਤਰਕ ਵਿਚ ਵਿਸ਼ਵਾਸ ਦੀ ਕਣੀ ਭੀ ਮੌਜੂਦ ਹੋਵੇ।

ਜਿਸ ਦਲੀਲ ਦੀ ਮੂਲਿਕ ਸ਼ਿਲਾ ਹੀ ਵਿਸ਼ਵਾਸ ਦੀ ਅੰਸ਼ ਤੋਂ ਸੱਖਣੀ ਹੋਵੇ, ਉਸ ਤਰਕ ਦੇ ਘੇਰੇ ਵਿਚੋਂ ਵਾਸਤਵਿਕਤਾ ਦੀ ਆਸ ਰੱਖਣੀ ਅਸਾਡੀ ਨਾਦਾਨੀ ਹੀ ਆਖੀ ਜਾ ਸਕਦੀ ਹੈ। ਗ਼ਰਜ਼ੇਕਿ, ਕਿਸੇ ਭੀ ਧਰਮ ਦਾ ਤੱਤਵ ਅੰਸ਼ ਲੱਭਣ ਹਿਤ, ਉਸ ਧਰਮ ਦੀ ਧਾਰਮਿਕ ਪੁਸਤਕ ਦਾ ਅਧਿਐਨ ਕਰਨਾ ਹੀ ਪਵੇਗਾ। ਕਈ ਦਫ਼ਾ ਐਸਾ ਭੀ ਵੇਖਣ, ਪੜ੍ਹਨ ਅਤੇ ਸੁਣਨ ਵਿਚ ਆਇਆ ਹੈ ਕਿ ਜਿਥੇ ਵਿਰੋਧਾਭਾਸੀ ਕਿੰਤੂਹਲ, ਕਿਸੇ ਧਰਮ ਦੀ ਨਿਖੇਧੀ, ਦੀਦਾਹ ਦਾਨਿਸਤਾ ਅਥਵਾ ਜਾਣ ਬੁਝ ਕੇ ਕਰਦੇ ਹਨ, ਉਥੇ ਉਸ ਧਰਮ ਦੇ ਅਨੁਗਾਮੀ ਸ਼ਰਧਾਲੂ ਆਪਣੇ ਇਸ਼ਟ ਨੂੰ ਇਤਨਾ ਵਧਾ ਚੜ੍ਹਾ ਕੇ ਪ੍ਰਚਾਰਦੇ ਹਨ ਕਿ ਉਹ ਵਾਸਤਵਿਕਤਾ ਦੀ ਸੀਮਾ ਨੂੰ ਭੀ ਉਲੰਘ ਜਾਂਦੇ ਹਨ। ਐਸੀ ਸੀਮਾ ਘਾਤਿਕ ਸਥਿਤੀ, ਧਰਮ ਅਤੇ ਧਰਮ ਦੇ ਸ਼ਰਧਾਲੂਆਂ ਅਥਵਾ ਅਨੁਗਾਮੀਆਂ ਪ੍ਰਤਿ, ਮੁਰਦੇ ਘੋੜੇ ਨੂੰ ਚਾਬਕ ਮਾਰਨ ਦੇ ਸਿਵਾਇ ਲਾਹੇ ਦੀ ਪ੍ਰਾਪਤੀ ਨਹੀਂ ਹੁੰਦੀ। ਨਿਸੰਦੇਹ, ਇਸੇ ਦੁਖਾਂਤ ਦਾ ਇਵਜ਼ਾਨਾ ਸਮੂਲਚਾ ਈਸਾਈ ਮਤਿ ਸਤਾਰ੍ਹਵੀਂ, ਅਠਾਰ੍ਹਵੀਂ ਅਤੇ ਵੀਹਵੀਂ ਸਦੀ ਤੋਂ ਹੀ ਗ਼ੈਰ-ਈਸਾਈਆਂ ਦੀ ਬਜਾਏ ਈਸਾਈ ਭਾਈਚਾਰੇ ਦੇ ਆਲੋਚਕਾਂ ਦੁਆਰਾ ਹੀ ਭੋਗਦਾ ਆ ਰਿਹਾ ਹੈ। ਉਨ੍ਹਾਂ ਆਲੋਚਕਾਂ ਵਿਚ ਪੁਰਾਤਨ ਲਿਬਿਰਲ ਅਤੇ ਨਵੀਨ ਥਿਓਲੋਜੀਅਨ (ਧਰਮ ਸ਼ਾਸਤ੍ਰੀ) ਵਿਸ਼ੇਸ਼ ਸਥਾਨ ਰੱਖਦੇ ਹਨ।

(See, J.I. Packer's, Fundamentalism and the Word of God, p. 151)

ਈਸਾ ਜੀ ਦੇ ਚਲਾਣੇ ਤੋਂ ਉਪਰੰਤ ਨਵੀਨ ਬਣੇ ਈਸਾਈ ਸ਼ਰਧਾਲੂਆਂ ਵਾਸਤੇ ਅਤਿ ਕਠਨਾਈ ਦਾ ਸਮਾਂ ਸੀ, ਜੋ ਰੱਬੀ ਸਿਧਾਂਤ ਈਸਾ ਜੀ ਨੇ ਪ੍ਰਚਾਰੇ ਸਨ, ਉਨ੍ਹਾਂ ਸਿਧਾਂਤਾਂ ਨੂੰ ਲਿਖਣ ਜਾਂ ਇਕੱਤਰ ਕਰਨ ਦਾ ਸਮਾਂ ਹੀ ਨਹੀਂ ਸੀ। ਆਖ਼ਰਕਾਰ ਉਹ ਸਮਾਂ ਭੀ ਆਇਆ ਜਦੋਂ ਈਸਾਈ, ਕਲੀਸਾ, ਯਹੂਦੀ ਅਤੇ ਗ਼ੈਰ-ਯਹੂਦੀ ਵਿਰੋਧੀ ਧੜਿਆਂ ਵਿਚਕਾਰ ਈਸਾ ਜੀ ਦੇ ਨਾਮ 'ਤੇ ਪਰਸਪਰ ਵਾਦਿ-ਵਿਵਾਦਿ ਆਰੰਭ ਹੋਇਆ, ਔਰ ਹਰ ਇਕ ਟੋਲੇ ਨੇ ਆਪਣੀ ਆਪਣੀ ਅੰਜੀਲ ਲਿਖਣੀ ਆਰੰਭ ਦਿੱਤੀ। ਸਿੱਟੇ ਵਜੋਂ ਕੁੱਲ ਚੌਂਤੀ (34) *ਅੰਜੀਲਾਂ* ਵਜੂਦ ਵਿਚ ਆਈਆਂ। ਔਰ ਇਹ ਸਾਰੀਆਂ *ਅੰਜੀਲਾਂ* ਵਿਚ ਈਸਾ ਜੀ ਦੀ ਮੁਢਲੀ ਜੀਵਨੀ ਦੇ ਹਾਲਾਤ ਦਰਜ ਕੀਤੇ ਗਏ ਸਨ। ਮਿਸਟਰ ਸਪਿੰਗਲਰ ਆਪਣੀ ਪੁਸਤਕ *ਪੱਛਮ ਦੀ ਬਰਬਾਦੀ* ਵਿਚ ਲਿਖਦਾ ਹੈ ਕਿ ਜਬ (ਹਜ਼ਰਤ ਮਸੀਹ) ਕੇ ਦੋਸਤ ਔਰ ਸ਼ਾਗਿਰਦ ਬੂੜ੍ਹੇ ਹੋ ਗਏ ਔਰ ਯੋਰੋਸ਼ਲਮ ਮੇਂ ਇਸ

ਜਮਾਇਤ ਕਾ ਸਦਰ ਆਪ ਕਾ ਭਾਈ ਥਾ, ਤੋਂ ਉਨਹੋਂ ਨੇ ਇਨ ਕਸਮ ਵ ਰਵਾਜਾਤ (ਕਿੱਸੇ ਕਹਾਣੀਆਂ) ਕੋ ਜੋ ਆਮ ਤੌਰ ਪਰ ਜ਼ਦ ਖ਼ਲਾਇਕ (ਵਿਰੋਧੀ ਭਾਵਨਾ ਦੇ ਲੋਕਾਂ ਦੀਆਂ ਸਨ) ਥੀਂ, ਯਕਜਾ ਮਰਤਬ ਕਰ ਕੇ ਆਪ ਕੀ ਸਵਾਨਿਹ ਉਮਰੀ ਤਸਨੀਫ਼ ਕੀ—ਯਹੀ ਅੰਜੀਲ ਹੈ।

(ਮਾਅਰਫ਼ਲ ਕੁਰਾਨ, ਪੰਨਾ 29)

ਈਸਾ ਜੀ ਦੀ ਨਿਜੀ ਭਾਸ਼ਾ ਆਰਮੇਨਿਕ (Aramanic) ਸੀ, ਪ੍ਰੰਤੂ ਹੈਰਾਨੀ ਦੀ ਗਾਥਾ ਤਾਂ ਇਹ ਹੈ ਕਿ ਉਕਤ ਦਰਸਾਈਆਂ (34) ਅੰਜੀਲਾਂ ਯੂਨਾਨੀ ਭਾਸ਼ਾ ਵਿਚ ਸਨ। ਇਸ ਦੁਖਾਂਤ ਪ੍ਰਤਿ ਨਿਰਣਾਤਮਕ ਸਮਾਧਾਨ ਕਰਨ ਹਿਤ ਸੰਨ 325 ਵਿਚ ਇਕ ਕੌਂਸਿਲ ਬੁਲਾਈ ਗਈ, ਜਿਸ ਦੀ ਇਕੱਤ੍ਰਤਾ ਤੁਰਕੀ ਦੇ ਸ਼ਹਿਰ ਨਾਈਸ (Nice or Nicene) ਵਿਚ ਹੋਈ।

ਨਾਈਸੀਨ ਕੌਂਸਿਲ ਦੇ ਸਾਹਮਣੇ 34 ਅੰਜੀਲਾਂ ਅਤੇ 113 ਈਸਾਈ ਸੇਵਕਾਂ ਦੀਆਂ ਚਿੱਠੀਆਂ ਰੱਖੀਆਂ ਗਈਆਂ ਜੋ ਉਨ੍ਹਾਂ ਨੇ ਲੋਕਾਂ ਨੂੰ ਈਸਾਈ ਧਰਮ ਧਾਰਨ ਪ੍ਰਤਿ ਲਿਖੀਆਂ ਸਨ, ਜਿਨ੍ਹਾਂ ਵਿਚੋਂ ਇਸ ਕੌਂਸਿਲ ਵਲੋਂ ਚਾਰ ਅੰਜੀਲਾਂ ਅਤੇ 21 ਚਿੱਠੀਆਂ ਔਰ ਰਸੂਲਾਂ ਦੇ ਕਾਰਨਾਮੇ ਸਵੀਕਾਰ ਕੀਤੇ ਗਏ। ਬਾਕੀ ਜਿਤਨੀਆਂ ਭੀ ਲਿਖਤਾਂ ਸਨ ਉਨ੍ਹਾਂ ਨੂੰ ਆਇਪੋਕਰੈਫ਼ਾ ਆਖ ਕੇ ਰੱਦ ਕੀਤਾ ਗਿਆ। ਜੋ ਕੁਝ ਇਸ ਕੌਂਸਿਲ ਵਿਚ ਸਵੀਕਾਰ ਕੀਤਾ ਗਿਆ, ਉਸ ਸਵੀਕਾਰਤ ਸੰਗ੍ਰਹਿ ਦੀ ਸੰਗਿਆ, ਨਵੀਨ ਨਿਯਮ ਦੇ ਨਾਮ ਦੁਆਰਾ ਪ੍ਰਸਿੱਧ ਹੋਈ। ਇਹੀ ਵੱਡਾ ਕਾਰਣ ਹੈ ਕਿ ਈਸਾਈ ਧਰਮ ਦੇ ਕੁਝ ਵਿਦਵਾਨ ਇਹ ਆਖਣ ਲਈ ਮਜਬੂਰ ਹੋ ਗਏ ਕਿ *ਅੰਜੀਲ* ਇਨਸਾਨ ਦੀ ਮੁਕਤੀ ਵਾਸਤੇ ਰੱਬੀ ਸ਼ਬਦ ਨਹੀਂ ਹੈ, ਬਲਕਿ ਰੱਬ ਦੇ ਨਾਮ ਥੱਲੇ ਇਨਸਾਨਾਂ ਦਾ ਰਚਿਆ ਹੋਇਆ ਇਕ ਧਾਰਮਕ ਸੰਗ੍ਰਹਿ ਹੈ। ਜਿਵੇਂ *ਫ਼ੰਡਾਮੈਂਟਲਿਜ਼ਮ ਐਂਡ ਦ ਵਰਡ ਆਫ਼ ਗੌਡ* ਦਾ ਕਰਤਾ ਲਿਖਦਾ ਹੈ ਕਿ :

In fact, the major books in our New Testament—the four Gospels, Paul's Epistles, I Peter, I John, Acts—were universally recognized from the first, though some of the others had to wait till the fourth century before being accepted by certain sections of the church. *(J.I. Packer, Fundamentalism and the Word of God, p. 66)*

ਈਸਾਈ ਮਤਿ ਵਿਚ ਇਕ ਮਹਾਂਪੁਰਸ਼ ਹੋਇਆ ਹੈ, ਜਿਸ ਦਾ ਸ਼ੁਭ ਨਾਮ ਬਲਟਮੈਨ (Bultmann) ਕਰ ਕੇ ਲਿਖਿਆ ਮਿਲਦਾ ਹੈ। ਬਲਟਮੈਨ ਅਤੇ ਉਸ ਦੇ ਸਕੂਲ ਦੀ ਸਿਖਿਆ ਦਰਸਾਂਦੀ ਹੈ ਕਿ ਪੁਰਾਤਨ ਸਮੇਂ ਵਿਚ ਬਾਈਬਲ ਦੀ ਸਮੱਗਰੀ ਲਿਖਤੀ ਰੂਪ ਵਿਚ ਨਹੀਂ ਸੀ, ਬਲਕਿ ਅਲਿਖਤੀ ਅਤੇ ਮੂੰਹ ਜ਼ਬਾਨੀ ਕਥਾ ਕਹਾਣੀ ਸੀ। ਤਾਤਵਿਕ ਸ਼ਬਦਾਵਲੀ ਐਸੇ ਹੈ :

During this period much of the Gospel material circulated in form of separate oral units, which may today be classified and arranged in a time sequence on the basis of their form. It is believed, by 'Bultmann' and others of his school.

(The Sovereign God, p. 102)

ਬਲਟਮੈਨ ਅਤੇ ਉਸ ਦੀ ਸਿਖਿਆ ਦੇ ਆਧਾਰ 'ਤੇ ਅਸੀਂ ਇਹ ਆਖ ਸਕਦੇ ਹਾਂ ਕਿ *ਅੰਜੀਲ* ਦੀ ਲਿਖਤ ਦੂਜੀਆਂ ਸੰਸਾਰੀ ਕਿਤਾਬਾਂ ਵਾਂਗੂੰ ਇਕ ਕਿਤਾਬ ਹੈ ਜੋ ਕਿ ਤਵਾਰੀਖ਼ੀ ਕਥਾ ਕਹਾਣੀਆਂ ਦੇ ਤੱਤ ਲੱਭਣ ਦਾ ਮਜਮੂਆਂ ਹੈ। ਪ੍ਰੰਤੂ ਇਸ ਵਿਚੋਂ ਸਰਬ ਅਧਿਕਾਰੀ ਨਿਰੰਕੁਸ਼ ਸਮੱਗਰੀ ਦੀ ਪ੍ਰਾਪਤੀ ਲੱਭਣੀ ਅਸੰਭਵ ਹੈ। ਕੇਵਲ ਪਰਸਪਰ ਇਨਸਾਨੀ ਟਾਕਰੇ ਦੀ ਤਵਾਰੀਖ਼ੀ ਸਥਿਤੀ ਅਤੇ ਇਨਸਾਨੀ ਹੋਂਦ ਪ੍ਰਤਿ ਕੁਝ ਜਾਣਕਾਰੀ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਉਕਤ ਖ਼ਿਆਲਾਂ ਦੀ ਵਾਸਤਵਿਕ ਰੂਪ-ਰੇਖਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ:

Lutheran scholar Edgar Krentz writes of Butlmann's conclusions, "On the one hand the Scriptures are, like any other book, the object of historical inquiry, which seeks the facts. But no absolute meaning is to be found in the facts. Meaning to be found is only as man personally confronts history and finds meaning for his own (existential interpretations). Only as man is not subjected to a strange worldviews is he set free to believe. It is this self-understanding that determine the work of interpretation, for interpretation must give free play for faith, God's creation."

(The Sovereign God, p. 102)

ਜਦੋਂ ਅਸੀਂ ਬਲਟਮੈਨ ਦੀ ਪਾਠਸ਼ਾਲਾ ਦੀ ਸਿਖਲਾਈ ਦੇ ਆਧਾਰ 'ਤੇ ਉਸ ਦੀ ਸਿਖਿਆ ਦਾ ਸਾਰਸ਼ ਕੱਢਦੇ ਹਾਂ, ਤਦ ਅਸਾਡੇ ਸਾਹਮਣੇ ਉਸ ਦੀ ਵਿਚਾਰਧਾਰਾ ਦਾ ਲੇਖਾ-ਜੋਖਾ ਨਿਮਨ ਲਿਖਤ ਦੇ ਅਨੁਸਾਰ ਪੇਸ਼ ਕੀਤਾ ਜਾ ਸਕਦਾ ਹੈ, ਜਿਵੇਂ:

1. ਪੂਰਬ ਕਾਲੀ ਈਸਾਈਆਂ ਦੇ ਨਿਕਾਸੀ ਸੋਮੇ ਵਲੋਂ ਤਾਤਵਿਕ ਤਵਾਰੀਖ਼ ਅਤੇ ਈਸਾ ਜੀ ਦੀ ਸ਼ਖ਼ਸੀਅਤ ਪ੍ਰਤਿ ਕੋਈ ਭੀ ਰੁਚੀ ਨਹੀਂ ਪ੍ਰਗਟਾਈ ਗਈ।

2. *ਬਾਈਬਲ* ਦੇ ਦਸਤਾਵੇਜ਼, ਦੁਰਬਲਤਾ ਭਰਪੂਰ ਤਰੁੱਟੀਆਂ ਅਤੇ ਕਾਲਪਨਿਕ ਮਿਥਿਹਾਸ ਅਥਵਾ ਪੌਰਾਣਿਕ ਗਾਥਾਵਾਂ ਦਾ ਸੰਗ੍ਰਹਿ ਹਨ।

3. ਹੋਰ ਕੋਈ ਭੀ ਐਸੀ ਆਧਾਰ ਸਮੱਗਰੀ ਜਾਂ ਨਿਕਾਸੀ ਸੋਮਾ ਨਹੀਂ

ਹੈ ਜਿਸ ਦੇ ਆਧਾਰ 'ਤੇ ਬਾਈਬਲ ਦੇ ਲਿਖਾਰੀਆਂ ਦੀ ਨਿਰੀਖਣਤਾ ਕੀਤੀ ਜਾ ਸਕੇ।

4. ਈਸਾ ਜੀ ਦੀ ਬਾਬਤ ਪੂਰਬ ਵਿਚਾਰੀ ਮਨਘੜਤ ਖ਼ਿਆਲ ਈਸਾਈ ਮਤਿ ਦੀ ਬਰਬਾਦੀ ਹੀ ਆਖੀ ਜਾ ਸਕਦੀ ਹੈ। ਐਸੇ ਖ਼ਿਆਲ ਅਗਵਾਈ ਦਿੰਦੇ ਹਨ ਕਿ ਈਸਾ ਜੀ ਪ੍ਰਤਿ ਰੱਬ ਹੋਣ ਦਾ ਵਿਸ਼ਵਾਸ ਨਾ ਕੀਤਾ ਜਾਵੇ, ਬਲਕਿ ਈਸਾ ਜੀ ਦਾ ਫ਼ਿਰਕਾ ਇਕ ਧਾਰਮਕ ਪੂਜਾ ਦੀ ਸੰਪਰਦਾਇ ਹੈ। ਇਸ ਸੰਪਰਦਾਇ ਦੇ ਪ੍ਰਭਾਵ ਸਾਫ਼ ਤੌਰ 'ਤੇ ਵੇਖੇ ਜਾ ਸਕਦੇ ਹਨ ਕਿ ਇਹ ਇਕ ਧਾਰਮਿਕ ਰੁਚੀਆਂ ਦਾ ਭੇਖੀ ਆਡੰਬਰ ਹੈ। *(ਦੀ ਸੋਵਰਿਨ ਗੌਡ, ਪੰਨਾ 103)*

ਉਕਤ ਦਰਸਾਏ ਉਲੇਖਣ ਦੇ ਆਧਾਰ 'ਤੇ ਕਈ ਇਕ ਈਸਾਈ ਸੰਗਠਨਾਂ ਵਿਚ ਐਸੇ ਖ਼ਿਆਲ ਭੀ ਉਭਰ ਕੇ ਸਾਹਮਣੇ ਆਏ ਹਨ ਕਿ ਹੁਣ ਅਸੀਂ ਕਦੇ ਭੀ ਇਹ ਨਹੀਂ ਆਖ ਸਕਾਂਗੇ ਕਿ 'ਬਾਈਬਲ' ਰੱਬ ਦਾ ਸ਼ਬਦ ਹੈ। 'ਅੰਜੀਲ' ਨੂੰ ਰੱਬੀ ਸ਼ਬਦ ਨਾ ਮੰਨਣਾ ਵਾਸਤਵਿਕ ਤੌਰ 'ਤੇ ਈਸਾਈ ਜਗਤ ਵਾਸਤੇ ਇਕ ਗੰਭੀਰ ਸਮੱਸਿਆ ਹੈ। ਨਿਮਨ ਲਿਖਤ ਵਾਕ ਪ੍ਰੌੜ੍ਹਤਾ ਕਰਦੇ ਹਨ:

For the future we can no longer say, "The Bible is the word of God." Even Saying "The word of God is in the Bible" would be wrong, if it were taken to mean that one set of statements in the Bible were purely human words and the rest God's word. We must say some thing like: "The Bible is not God's word, but become God's word for anyone who believes in it as God's word."

To summarize, according to the Butlmanian school :

1. The earliest Christian sources show no interest in the actual history or personality of Jesus.

2. The biblical documents are fragmentary and legendary.

3. There are no other sources against which the data provided by the biblical writers may be checked.

4. Preoccupation with the historical Jesus is actually destructive of Christianity, for it leads, not to faith in Jesus as God, but to a Jesus-cult, the effects of which can be clearly seen in pietism. *(The Sovereign God, p. 103)*

ਉਕਤ ਦਰਸਾਈ ਵਾਰਤਿਕ ਸਮੱਗਰੀ ਦੁਆਰਾ ਕੁਝ ਖ਼ਿਆਲ ਬਾਈਬਲ ਅਤੇ ਈਸਾਈ ਲਿਖਾਰੀਆਂ ਦੇ ਆਧਾਰ 'ਤੇ ਨਵੀਨ *ਅੰਜੀਲ* ਪ੍ਰਤਿ ਆਪ ਜੀ ਦੀ ਜਾਣਕਾਰੀ ਹਿਤ ਦਰਜ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਤੋਂ ਅਗਲੇਰੇ ਪੰਨਿਆਂ ਵਿਚ ਟ੍ਰੇਂਟ ਕੌਂਸਿਲ (Trent council) ਦੀ ਬਾਬਤ ਕੁਝ ਸਮੱਗਰੀ ਇਕੱਤਰ ਕਰਨ ਦੀ ਆਗਿਆ ਚਾਹੁੰਦੇ ਹਾਂ।

6.53 ਟ੍ਰੈਂਟ ਕੌਂਸਿਲ (Trent Council of 1545-1563)

ਜਿਵੇਂ ਚੌਥੀ ਸਦੀ ਦੇ ਆਰੰਭ ਵਿਚ ਨਾਈਸੀਨ ਕੌਂਸਿਲ ਸਥਾਪਤ ਕੀਤੀ ਗਈ ਸੀ, ਇਸੇ ਤਰ੍ਹਾਂ ਸੋਲ੍ਹਵੀਂ ਸਦੀ ਦੇ ਮੱਧਕਾਲ ਵਿਚ ਟ੍ਰੈਂਟ (ਇਟਲੀ) ਦੇ ਸਥਾਨ 'ਤੇ ਭੀ ਕਈ ਇਕ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਵਿਚ ਇਹ ਨਿਰਣੈ ਕੀਤਾ ਗਿਆ ਕਿ 1. ਈਸਾਈ ਮਤਿ ਵਿਚ ਆਇਪੋਕਰੈਫਾ ਦਾ ਕੀ ਸਥਾਨ ਹੈ ? 2. ਕੀ *ਅੰਜੀਲ* ਅਤੇ ਰਵਾਇਤੀ ਅਥਵਾ ਪਿਤਾ ਪੁਰਖੀ ਕਿੱਸਾ ਕਹਾਣੀਆਂ *ਅੰਜੀਲ* ਦੇ ਸਮਤੁਲਤ ਹਨ ਜਾਂ ਨਹੀਂ ? 3. *ਅੰਜੀਲ* ਦੇ ਲਿਖਤੀ ਨੁਸਖ਼ਿਆਂ (ਪੂਰਬ ਲਿਖਤੀ ਪੱਟੀਆਂ) ਵਿਚ ਜੋ ਪਰਸਪਰ ਵਿਰੋਧੀ ਖ਼ਿਆਲ ਹਨ, ਉਨ੍ਹਾਂ ਨੂੰ ਕਿਵੇਂ ਦੂਰ ਕੀਤਾ ਜਾਵੇ ? ਹੁਣ ਆਪਾਂ ਨਿਮਨ ਲਿਖਤ ਦੇ ਆਧਾਰ 'ਤੇ ਉਕਤ ਸਮੱਸਿਆਵਾਂ 'ਤੇ ਅਤਿ ਲਘੂ ਵਿਚਾਰ ਵਿਮੱਰਸ਼ ਕਰਨ ਦਾ ਯਤਨ ਕਰਾਂਗੇ, ਤਾਂਕਿ ਅਸਾਡਾ ਸਮਾਂ ਭੀ ਨਿਰਾਰਥ ਨਾ ਜਾਵੇ ਅਤੇ ਕਿਤਾਬ ਦਾ ਆਕਾਰ ਭੀ ਕਿਸੇ ਖ਼ਾਸ ਦਾਇਰੇ ਵਿਚ ਸੀਮਤ ਰਹੇ।

1. **ਆਇਪੋਕਰੈਫਾ (Apocrypha)**—ਜੈਰਮ ਨਾਮੀ ਲਿਖਾਰੀ ਨੇ ਆਇਪੋਕਰੈਫਾ ਦੀਆਂ ਕਿਤਾਬਾਂ *ਵਲਗੇਟ* ਨਾਮੀ *ਅੰਜੀਲ* ਵਿਚ ਲਿਖ ਦਿੱਤੀਆਂ ਸਨ। ਯੂਨਾਨੀ *ਬਾਈਬਲ* ਸੇਪਟੂਆਜਿੰਟ (Septuagint) ਵਿਚ ਭੀ ਆਇਪੋਕਰੈਫਾ ਕਿਤਾਬਾਂ ਦੀ ਸੂਚੀ ਵੇਖੀ ਜਾ ਸਕਦੀ ਹੈ। ਆਇਪੋਕਰੈਫਾ ਦਾ ਅਰਥ ਹੈ, ਐਸੀ ਲਿਖਤ ਜਿਸ ਦੀ ਉਗਾਹੀ ਨਾ ਮੰਨੀ ਜਾ ਸਕੇ, ਅਸਵੀਕਾਰਤ ਲੇਖ। ਪ੍ਰੰਤੂ, ਟ੍ਰੈਂਟ ਕੌਂਸਿਲ ਦੇ ਦੌਰਾਨ ਆਇਪੋਕਰੈਫਾ ਦੀਆਂ ਕਿਤਾਬਾਂ ਨੂੰ ਭੀ ਈਸਾਈ ਧਰਮ ਦੀਆਂ ਇਲਹਾਮੀ ਕਿਤਾਬਾਂ ਦਾ ਦਰਜਾ ਦਿੱਤਾ ਗਿਆ, ਜਿਨ੍ਹਾਂ ਵਿਚੋਂ ਅੱਜ ਭੀ ਵਰਤਮਾਨ ਸਮੇਂ ਦੀ *ਰੋਮਨ ਕੈਥੋਲਿਕ ਬਾਈਬਲ* ਦੇ ਪੁਰਾਤਨ ਨਿਯਮ ਵਿਚ ਆਇਪੋਕਰੈਫਾ ਦੀਆਂ ਸੱਤ (7) ਕਿਤਾਬਾਂ ਸ਼ਾਮਲ ਹਨ, ਜਿਨ੍ਹਾਂ ਦੀ ਸੂਚੀ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ। ਜਿਵੇਂ :

1. *Book of Tobit Roman Catholic Bible*, p. 701; 2. *Book of Judith*, p. 724; 3. *The First book of Maccabees*, p. 766; 4. *The second book of Maccabees*, p. 814; 5. *The book of wisdom*, p. 1133; 6. *The book Sirach*, p. 1165; 7. *Baruch*, p. 1460.

ਧਾਰਮਕ ਖੇਤਰ ਪ੍ਰਤਿ ਇਤਨੀ ਖੋਜ ਕਰਨ ਦੀ ਜ਼ਰੂਰਤ ਇਸ ਵਾਸਤੇ ਅਨੁਭਵੀ ਦਾਇਰੇ ਵਿਚ ਆਣ ਖਲੋਤੀ, ਕਿਉਂਕਿ ਕੁਝ ਧਰਮਾਂ ਵਿਚ ਕਈ ਇਕ ਜਥੇਬੰਦੀਆਂ ਐਸੀਆਂ ਭੀ ਹਨ ਜੋ ਸਾਧਾਰਨ ਅਤੇ ਭੋਲੇ ਭਾਇ ਜੀਵਨ ਬਤੀਤ ਕਰਨ ਵਾਲੇ ਲੋਕਾਂ ਨੂੰ ਗੁੰਮਰਾਹ ਕਰਨ ਵਿਚ ਹਮੇਸ਼ਾ ਹੀ ਮਗਨ ਰਹਿੰਦੀਆਂ ਹਨ। ਜਿਵੇਂ ਜਹੋਵਾ ਵਿਟਨਿਸ ਆਦਿ ਫ਼ਿਰਕਿਆਂ (Cults) ਨੇ ਅਨੇਕਾਂ ਦੀ ਪਰਿਵਾਰਾਂ ਵਿਚ ਤੋੜ-ਵਿਛੋੜ ਜੈਸੀ ਸੰਕਟਮਈ ਸਥਿਤੀ ਉਤਪੰਨ

ਕੀਤੀ ਹੈ। ਇਨ੍ਹਾਂ ਫ਼ਿਰਕਾਪ੍ਰਸਤ ਕਲਟਜ਼ ਦਾ ਮਨੋਰਥ ਲੋਕਾਂ ਨੂੰ ਜੀਵਨ ਪ੍ਰਦਾਨ ਕਰਨਾ ਨਹੀਂ ਹੈ, ਬਲਕਿ ਇਨ੍ਹਾਂ ਦਾ ਮੁਖ ਉਦੇਸ਼ ਪਰਿਵਾਰਾਂ ਨੂੰ ਦੋਫਾੜ ਕਰ ਕੇ ਉਨ੍ਹਾਂ ਨੂੰ ਨਿਜੀ ਧਰਮ ਵਲੋਂ ਪਤਿਤ ਕਰਨਾ ਹੈ। ਵਿਸ਼ੇਸ਼ ਕਰਕੇ ਭੋਲੀਆਂ ਇਸਤ੍ਰੀਆਂ ਇਨ੍ਹਾਂ ਦੇ ਆਇਪੋਕਰੈਫਾ ਫੰਦੇ ਵਿਚ ਫਸਣ ਲੱਗਿਆਂ ਤਨਕ-ਮਾਤਰ ਭੀ ਵਿਲੰਬਤਾ ਨਹੀਂ ਕਰਦੀਆਂ। ਜਹੋਵਾ ਵਿਟਨਿਸ ਦੀ ਵਾਰਤਾ ਅਗਲੇਰੇ ਪੰਨਿਆਂ ਵਿਚ ਆਵੇਗੀ, ਇਥੇ ਕੇਵਲ ਇਤਨਾ ਕਹਿਣਾ ਹੀ ਕਾਫ਼ੀ ਹੋਵੇਗਾ, ਆਪਣੇ ਅਸਲੀ ਮਜ਼ਮੂਨ ਵੱਲ ਮੋੜਾ ਘੱਤਣ ਦਾ ਯਤਨ ਕਰੀਏ। ਬਾਈਬਲ ਪ੍ਰਤਿ ਆਮ ਜਾਣਕਾਰੀ ਦਿੰਦਾ ਹੋਇਆ, ਮਿਸਟਰ ਐਵਿਰਟ ਲਿਖਦਾ ਹੈ ਕਿ :

When some thing is described as apocryphal, we mean that it is fictitious. An apocryphal story is simply not true. The word is used of legendary tales that tend to gather around distinguished people. In this popular sense of the word, "apocryphal" is really a derogatory term.

We use the word "apocryphal" in this chapter to refer to that collection of Jewish books that are not found in the *Hebrew Bible.* These books are however, in the Greek Septuagint and Jerome grudgingly allowed them to slip into Latin Vulgate in the fourth century AD and so they have become part of the bible of the Roman Catholic Church.

2—By the New Testament. Since the writers of the New Testament wrote in Greek, they tended to take their quotations from the Septuagint version of the Old Testament (according to one estimate, 80 percent of all quotations in the New Testament are from the Septuagint. The Septuagint made the Apocrypha available to New Testament writers.

(From Ancient tablets to modern translation, pp. 73-83)

ਮਾਰਟਨ ਲੂਥਰ ਦੇ ਕਥਨ ਅਨੁਸਾਰ ਆਇਪੋਕਰੈਫਾ ਦੀਆਂ ਕਿਤਾਬਾਂ ਬਾਜ਼ਾਰੀ, ਝੂਠੀਆਂ ਅਤੇ ਚਰਿੱਤਰਹੀਣ ਕਿਤਾਬਾਂ ਹਨ। ਇਹੀ ਕਾਰਣ ਸੀ ਕਿ ਉਸ ਨੇ ਇਨ੍ਹਾਂ ਦਾ ਉਲਥਾ ਜਰਮਨ ਬਾਈਬਲ ਵਿਚ ਨਹੀਂ ਕੀਤਾ।

(ਉਹੀ, ਪੰਨਾ 76)

ਆਇਪੋਕਰੈਫਾ ਦੀ ਹੋਰ ਵਧੇਰੇ ਜਾਣਕਾਰੀ ਹਿਤ ਉਕਤ ਯਹੂਦੀ ਲਿਖਤ ਪੈਰਾ '45' ਵਿਚ ਵੇਖਿਆ ਜਾ ਸਕਦਾ ਹੈ। ਅਗਲੇਰੇ ਪੰਨਿਆਂ ਦੁਆਰਾ

ਰਵਾਇਤੀ ਕਹਾਣੀਆਂ ਦੇ *ਅੰਜੀਲ* ਵਿਚ ਪ੍ਰਵੇਸ਼ ਹੋਣ ਪ੍ਰਤਿ, ਵਿਚਾਰ ਵਿਮਰਸ਼ ਕੀਤੀ ਜਾਵੇਗੀ।

6.54 ਅੰਜੀਲ ਵਿਚ ਰਵਾਇਤੀ ਕਹਾਣੀਆਂ ਦਾ ਪ੍ਰਵੇਸ਼

ਜਿਸ ਵੇਲੇ ਅਸੀਂ *ਮਾਅਰਫ਼ਲ ਕੁਰਾਨ* ਦੀ ਉਗਾਹੀ ਦੇ ਆਧਾਰ 'ਤੇ *Religion Tract Society of London,* ਦੇ ਪੰਨੇ 27-29 ਨੂੰ ਪੜ੍ਹਦੇ ਅਤੇ ਵੀਚਾਰਦੇ ਹਾਂ, ਤਦ ਇਕ ਚੀਜ਼ ਪ੍ਰਤੱਖ ਤੌਰ 'ਤੇ ਸਾਹਮਣੇ ਆਣ ਖਲੋਂਦੀ ਹੈ ਕਿ ਰਵਾਇਤੀ ਕਥਾ ਕਹਾਣੀਆਂ ਕਿਸ ਢੰਗ ਦੁਆਰਾ *ਅੰਜੀਲ* ਦਾ ਅਵਿੱਛੜ ਅੰਗ ਬਣੀਆਂ ਹਨ। ਜਿਸ ਵੇਲੇ ਇਨ੍ਹਾਂ ਰਵਾਇਤੀ ਕਹਾਣੀਆਂ ਦਾ ਪਲੰਦਾ ਟ੍ਰੈਂਟ ਕੌਂਸਿਲ ਦੇ ਸਾਹਮਣੇ ਰੱਖਿਆ ਗਿਆ, ਤਦ ਬਹੁਤ ਵੱਡੀ ਸੰਖਿਆ ਵਿਚ ਵਿਦਵਾਨਾਂ ਨੇ ਇਸ ਖ਼ਿਆਲ ਦੀ ਵਿਰੋਧਤਾ ਕੀਤੀ ਕਿ ਇਹ ਸੰਕਲਪਤ ਕਹਾਣੀਆਂ ਇਲਹਾਮੀ ਸ਼ਬਦ ਦੀ ਤੁਲਣਾ ਨਹੀਂ ਕਰ ਸਕਦੀਆਂ, ਜਿਨ੍ਹਾਂ ਵਿਚ ਮਿਸਟਰ ਬਰਟਨ ਦਾ ਨਾਮ ਵਿਸ਼ੇਸ਼ ਸਥਾਨ ਰੱਖਦਾ ਹੈ। ਪ੍ਰੰਤੂ ਮਿਸਟਰ ਬਰਟਨ ਦੇ ਵਿਰੁੱਧ ਜਨੂੰਨੀ ਈਸਾਈਆਂ ਦਾ ਐਸਾ ਸੈਲਾਬ ਆਇਆ ਕਿ ਬਰਟਨ ਨੂੰ ਆਪਣੀ ਸ਼ਬਦਾਵਲੀ ਵਾਪਸ ਲੈਣ ਲਈ ਮਜਬੂਰ ਕੀਤਾ ਗਿਆ। ਗ਼ਰਜ਼ੇਕਿ, ਛੇ ਵਿਦਵਾਨਾਂ ਦੀ ਇਕ ਕਮੇਟੀ ਬਣਾਈ ਗਈ, ਜਿਸ ਦੀ ਜ਼ਿੰਮੇਵਾਰੀ ਲਗਾਈ ਗਈ ਕਿ ਉਹ ਜੈਰਮ (Jerome) ਦੀ ਰਚਨਾ ਵਲਗੇਟ (Vulgate) ਦੀ ਛਾਣਬੀਣ ਕਰ ਕੇ ਇਕ ਨਵੀਨ *ਅੰਜੀਲ* ਤਿਆਰ ਕਰਨ। ਇਨ੍ਹਾਂ ਦੀ ਤਿਆਰ ਕੀਤੀ ਹੋਈ *ਅੰਜੀਲ* ਪੋਪ ਨੇ ਅਸਵੀਕਾਰ ਕੀਤੀ। ਅੰਤ ਨੂੰ ਇਸ *ਅੰਜੀਲ* ਦੀਆਂ ਲਿਖਤਾਂ ਚਾਰ ਦਫ਼ਾ ਦੀ ਅਦਲਾ-ਬਦਲੀ ਦੇ ਬਾਵਜੂਦ ਭੀ ਸਹੀ ਰੂਪ ਵਿਚ *ਅੰਜੀਲ* ਦਾ ਦਰਜਾ ਨਹੀਂ ਪ੍ਰਾਪਤ ਕਰ ਸਕੀਆਂ। ਚੁਨਾਂਚਿ ਹਰ ਇਕ *ਅੰਜੀਲ* ਇਕ ਦੂਸਰੀ *ਅੰਜੀਲ* ਨਾਲੋਂ ਇਕ ਵੱਖਰੀ ਸ਼ਬਦਾਵਲੀ ਸੰਭਾਲੀ ਬੈਠੀ ਹੈ। ਇਹੀ ਉਹ ਅੰਜੀਲਕ ਸ਼ਬਦਾਵਲੀ ਹੈ ਜਿਸਦਾ ਉਤਾਰਾ ਅੰਗ੍ਰੇਜ਼ੀ ਭਾਸ਼ਾ ਵਿਚ ਪਹਿਲੀ ਦਫ਼ਾ ਬਾਦਸ਼ਾਹ ਜੇਮਜ਼ ਦੇ ਸਮੇਂ ਸੰਨ 1611 ਵਿਚ ਕੀਤਾ ਗਿਆ। ਹੁਣ ਆਪਾਂ ਸਾਰੇ ਹੀ ਸਵੈਮ ਤੌਰ 'ਤੇ ਐਸੀ ਅਨੁਭਵਤਾ ਕਰ ਸਕਦੇ ਹਾਂ ਕਿ ਕੀ *ਅੰਜੀਲ* ਵਾਸਤਵਿਕ ਤੌਰ 'ਤੇ ਰੱਬੀ ਕਲਾਮ ਹੈ ਜਾਂ... ? ਇਕ ਨਾਮੀ ਗਰਾਮੀ ਪਾਰਖੂ ਜਿਸ ਦਾ ਨਾਂ ਸੈਲਸੋਸ ਕਰਕੇ ਲਿਖਿਆ ਮਿਲਦਾ ਹੈ, ਨਿਜੀ ਖ਼ਿਆਲਾਂ ਦਾ ਪ੍ਰਗਟਾਵਾ ਕਰਦਾ ਹੋਇਆ *ਬਾਈਬਲ* ਦੀ ਬਾਬਤ ਲਿਖਦਾ ਹੈ ਕਿ :

"ਈਸਾਈਓਂ ਨੇ ਆਪਣੀ ਮੁਕੱਦਸ ਕਿਤਾਬੋਂ ਮੇਂ ਦੀਦਾਹ ਦਾਨਿਸਤਾ (ਜਾਣ ਬੁਝ ਕੇ) ਫ਼ਰੇਬ ਕਾਰਾਨਾ ਅੰਦਾਜ਼ ਸੇ ਰੱਦੋਬਦਲ ਕਰ ਡਾਲਾ ਹੈ।"

(ਮਾਅਰਫ਼ਲ ਕੁਰਾਨ, ਪੰਨਾ 36)

ਕੁਝ ਈਸਾਈ ਵਿਦਵਾਨ ਭੀ ਇਸ ਖ਼ਿਆਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਨਵੀਨ *ਅੰਜੀਲ* ਲਿਖਣ ਦੇ ਸਮੇਂ ਈਸਾਈ ਲਿਖਾਰੀਆਂ ਦੇ ਸਾਹਮਣੇ ਯੂਨਾਨੀ *ਬਾਈਬਲ ਸੈਪਟੂਆਜਿੰਟ*, ਲਾਤਿਨ *ਬਾਈਬਲ ਵਲਗੇਟ* ਅਤੇ ਕਈ ਇਕ ਹੋਰ ਈਸਾ ਜੀ ਦੇ ਸ਼ਰਧਾਲੂਆਂ ਦੀਆਂ ਚਿੱਠੀਆਂ ਭੀ ਮੌਜੂਦ ਸਨ, ਜਿਨ੍ਹਾਂ ਦੀ ਨਕਲ ਇਨ੍ਹਾਂ ਲਿਖਾਰੀਆਂ ਨੇ ਮਨਭਾਵਤ ਵਿਧੀ ਦੁਆਰਾ ਕੀਤੀ। ਜਿਸ ਦੀ ਪਰਮਾਣਿਕ ਸਮੱਗਰੀ ਆਪ ਪਿਛਲੇ ਪੰਨਿਆਂ ਵਿਚ ਪੜ੍ਹ ਆਏ ਹੋ। ਖ਼ਿਆਲ ਰਹੇ, ਇਥੇ ਰੱਬੀ ਸ਼ਬਦ ਦੀ ਗੱਲ ਨਹੀਂ ਹੈ, ਬਲਕਿ ਈਸਾਈ ਮਤਿ ਦੇ ਫ਼ਿਰਕਿਆਂ ਦੀ ਪਰਸਪਰ ਵਿਰੋਧਾਭਾਸ ਵਿਰਤੀ ਅਤੇ ਹਉਮੈ ਦੀ ਪੂਰਤੀ ਹਿਤ ਇਨ੍ਹਾਂ ਰਵਾਇਤੀ ਚਿੱਠੀਆਂ ਅਤੇ ਆਇਪੋਕਰੈਫਾ ਜੈਸੀਆਂ ਲਿਖਤਾਂ ਨੂੰ *ਬਾਈਬਲ* ਦੇ ਪੰਨਿਆਂ ਵਿਚ ਰੱਬੀ ਸ਼ਬਦ ਆਖ ਕੇ ਮਾਨਤਾ ਪ੍ਰਦਾਨ ਕਰਨੀ ਹੈ। ਜਦੋਂ ਮਾਰਟਨ ਲੂਥਰ ਨੇ ਆਇਪੋਕਰੈਫਲ ਕਿਤਾਬਾਂ ਨੂੰ ਮਾਨਤਾ ਦੇਣੋਂ ਇਨਕਾਰ ਕੀਤੀ, ਤਦ ਇਸ ਦੇ ਪ੍ਰਤਿ ਵਿਰੋਧ ਵਜੋਂ ਰੋਮਨ ਕੈਥੋਲਿਕ ਸੰਗਠਨ ਨੇ ਸੰਨ 1546 ਵਿਚ ਇਕ ਆਦੇਸ਼ ਪੱਤਰ ਦੇ ਰਾਹੀਂ ਈਸਾਈ ਜਗਤ ਨੂੰ ਸੂਚਿਤ ਕੀਤਾ ਕਿ ਜੋ ਪ੍ਰਾਣੀ ਆਇਪੋਕਰੈਫਾ ਦੀਆਂ ਕਿਤਾਬਾਂ ਨੂੰ ਮਾਨਤਾ ਨਹੀਂ ਦੇਵੇਗਾ, ਉਹ ਨਿਸ਼ਿੱਧ ਅਤੇ ਧਿਰਕਾਰੀ ਪੁਰਸ਼ ਹੋਵੇਗਾ। ਇਸ ਵਾਰਤਾ ਦੀ ਵਾਸਤਵਿਕ ਰੂਪ-ਰੇਖਾ ਨੂੰ ਪੜ੍ਹਨਾ ਅਤੇ ਸਮਝਣਾ ਵਧੇਰੇ ਲਾਭਦਾਇਕ ਹੋਵੇਗਾ, ਜਿਵੇਂ :

The Roman Catholic Church was quick to respond, and in 1546 the Conucil of Trent declared all the Apocrypha (with the exception of 1 and 2 Esdras and The prayer of Manasseh) to be canonical and the council pronounced every person anathema who did not accept the Apocrypha as canonical. This was the first council of the Roman Catholic Church to give official approval to the present set of apocryphal books.

(From, Ancient Tablets to Modern Translation, p. 78)

ਪੁਰਾਤਨ ਈਸਾਈ ਤਵਾਰੀਖ਼ੀ ਪੰਨਿਆਂ ਦੇ ਆਧਾਰ 'ਤੇ ਅਸਾਨੂੰ ਇਹ ਆਖਣ ਵਿਚ ਕੋਈ ਮੁਗ਼ਾਲਤਾ ਨਹੀਂ ਹੋਣਾ ਚਾਹੀਦਾ ਕਿ ਆਰੰਭ ਕਾਲ ਦੇ ਈਸਾਈ ਸ਼ਰਧਾਲੂ ਕੋਰੇ ਅਨਪੜ੍ਹ ਅਤੇ ਅਵਿਦਕ ਵਿਅਕਤੀ ਸਨ, ਔਰ ਜੇ ਕੋਈ ਭੀ ਉਨ੍ਹਾਂ ਨੂੰ ਰੱਬੀ ਸ਼ਬਦ ਦੀ ਲਿਖਤ ਆਖ ਕੇ ਪੇਸ਼ ਕਰਦਾ ਸੀ, ਉਹ ਇਤਨੇ ਸ਼ਰਧਾਲੂ ਸਨ ਕਿ ਉਸੇ ਲਿਖਤ ਨੂੰ ਹੀ ਰੱਬੀ ਸ਼ਬਦ ਸਵੀਕਾਰਦੇ ਸਨ। ਕਹਾਣੀ ਇਥੇ ਤਕ ਅੱਗੇ ਵਧੀ ਕਿ ਕੁਝ ਝੂਠੇ ਅਤੇ ਮੱਕਾਰ ਲਿਖਾਰੀਆਂ ਨੇ ਈਸਾ ਜੀ ਦੇ ਸ਼ਰਧਾਲੂਆਂ ਦੇ ਨਾਮ 'ਤੇ ਕੁਝ ਕੱਚੀਆਂ ਅਤੇ ਝੂਠੀਆਂ ਲਿਖਤਾਂ ਲਿਖਣੀਆਂ ਆਰੰਭ ਦਿੱਤੀਆਂ, ਜਿਸ ਦਾ ਅੰਜਾਮ ਇਹ ਹੋਇਆ ਕਿ *ਬਾਈਬਲ*

ਦੇ ਪੁਰਾਤਨ ਅਤੇ ਨਵੀਨ ਨੇਮਾਂ ਵਿਚ ਝੂਠੀ ਸਮੱਗਰੀ ਨੂੰ ਪ੍ਰਵੇਸ਼ ਕਰਨ ਹਿਤ *ਬਾਈਬਲ* ਦੇ ਦਰਵਾਜ਼ੇ ਚੌਪਟ ਹੋ ਕੇ ਖੁੱਲ੍ਹ ਗਏ। ਇਸ ਝੂਠੀ ਸਮੱਗਰੀ ਪ੍ਰਤਿ ਸੈਂਟ ਪਾਲ 'ਤੇ ਪ੍ਰਸ਼ਨ ਕੀਤਾ ਗਿਆ ਕਿ ਤੂੰ ਸੱਚ ਦਾ ਪ੍ਰਗਟਾਵਾ ਕਰਨ ਦੀ ਬਜਾਏ ਝੂਠ ਕਿਉਂ ਬੋਲਦਾ ਹੈਂ ? ਇਸ ਪ੍ਰਸ਼ਨ ਦੇ ਉੱਤਰ ਵਿਚ ਸੈਂਟ ਪਾਲ ਨੇ ਆਖਿਆ ਕਿ ਜੇਕਰ ਮੇਰੇ ਝੂਠ ਬੋਲਿਆਂ ਰੱਬ ਦੀ ਵਡਿਆਈ ਪ੍ਰਗਟ ਹੋ ਸਕੇ, ਤਦ ਮੈਨੂੰ ਝੂਠ ਬੋਲਣ ਕਰਕੇ ਗੁਨਹਿਗਾਰ ਨਹੀਂ ਠਹਿਰਾਉਣਾ ਚਾਹੀਦਾ। (*ਮਾਅਰਫ਼ਲ ਕੁਰਾਨ*, ਪੰਨਾ 37) ਇਸ ਖ਼ਿਆਲ ਦੀ ਪ੍ਰੋੜ੍ਹਤਾ *ਅੰਜੀਲ* ਦੇ ਪੰਨਿਆਂ ਵਿਚੋਂ ਵੇਖੀ ਜਾ ਸਕਦੀ ਹੈ। ਜਿਵੇਂ :

"But if through my lie the truth of God abounded to His glory, why am I also still being judged as a sinner ?"

(New Testament, Roman: 3-7)

ਅੰਜੀਲ ਦੇ ਪੰਨਿਆਂ ਵਿਚ ਈਸਾ ਜੀ ਦੇ ਨਾਮ ਥੱਲੇ ਝੂਠੀ ਸਮੱਗਰੀ ਦਾ ਪ੍ਰਵੇਸ਼ ਹੋਣ ਕਰਕੇ ਹੀ ਤੱਤਕਾਲੀਨ ਸਮੇਂ ਦਾ ਈਸਾਈ ਪਹਿਲੇ ਸੰਸਾਰ ਯੁੱਧ ਤੋਂ ਉਪਰੰਤ ਭੁਜਾ ਪਸਾਰ ਕੇ ਪੁਕਾਰ ਉੱਠਿਆ ਕਿ ਜੋ ਕੁਝ ਰੱਬ ਦੇ ਨਾਮ ਥੱਲੇ *ਅੰਜੀਲ* ਵਿਚ ਲਿਖਿਆ ਗਿਆ ਹੈ, ਸਹੀ ਨਹੀਂ ਹੈ। ਜਿਸ ਦੀ ਵਾਸਤਵਿਕ ਰੂਪ-ਰੇਖਾ ਨਿਮਨ ਲਿਖਤ ਦੇ ਆਧਾਰ 'ਤੇ ਪੰਜਾਬੀ ਅਤੇ ਅੰਗ੍ਰੇਜ਼ੀ ਵਿਚ ਵੇਖੀ ਜਾ ਸਕਦੀ ਹੈ :

1—ਰੱਬੀ ਪ੍ਰਸਿੱਧਤਾ ਖ਼ਾਲਿਸ ਦਿਆਲੂ ਅਤੇ ਕਿਰਪਾਲੂ ਹੈ, ਜੋ ਕਿ ਸਵੈਮ ਤੌਰ 'ਤੇ ਇਕ ਲਾ-ਮਿਸਾਲ ਅਤੇ ਪਰਮਾਣਿਕ ਹਸਤੀ ਹੈ। ਸਾਰੇ ਇਨਸਾਨ ਉਸ ਦੇ ਬੱਚੇ ਹਨ। ਗੁਨਾਹੀ ਹੋਣ ਦੇ ਬਾਵਜੂਦ ਭੀ ਕੋਈ ਭੀ ਜੀਵ ਉਸ ਦੇ ਪਿਆਰ ਤੋਂ ਸੱਖਣਾ ਨਹੀਂ ਹੈ। ਵਾਹਿਗੁਰੂ ਦੀ ਪਿਤਾ ਪੁਰਖੀ ਅਤੇ ਜੀਵਾਂ ਦੀ ਭਾਈਚਾਰਕ ਰੁਚੀ ਸਮਰੂਪ ਅਤੇ ਸਰਬ-ਵਿਆਪੀ ਰੱਬੀ ਲੱਛਣ ਹਨ।

1—God's character is one of pure benevolence—benevolence, that is, without standards. All men are His children, and sin separates no one from His love. The Fatherhood of God and the brotherhood of men are alike universal.

2—ਰੱਬੀ ਜੋਤਿ ਸਾਰੇ ਜੀਵਾਂ ਵਿਚ ਮੌਜੂਦ ਹੈ। (ਸਭ ਮਹਿ ਜੋਤਿ ਜੋਤਿ ਹੈ ਸੋਇ) ਇਸ ਵਾਸਤੇ ਸਾਰੇ ਪੁਰਸ਼ ਹੀ ਹਾਰਦਿਕ ਤੌਰ 'ਤੇ ਅੱਛੇ ਹਨ। ਉਨ੍ਹਾਂ ਨੂੰ ਹੱਲਾਸ਼ੇਰੀ ਤੋਂ ਬਿਨਾਂ ਹੋਰ ਕੁਝ ਨਹੀਂ ਚਾਹੀਦਾ ਤਾਂਕਿ ਉਹ ਸਵੈਮ ਤੌਰ 'ਤੇ ਨਿਜੀ ਨੈਤਿਕਤਾ ਅਥਵਾ ਸਦਗੁਣਾਂ ਦਾ ਪ੍ਰਗਟਾਵਾ ਕਰ ਸਕਣ।

2—There is a divine spark in every man. All men, therefore, are good at heart, and need nothing more than encouragement to allow their natural goodness to express itself.

3—ਈਸਾ ਜੀ ਕੇਵਲ ਇਸ ਵਾਸਤੇ ਜੀਵਾਂ ਦਾ ਰੱਖਿਅਕ ਹੈ ਕਿਉਂਕਿ ਉਹ ਜੀਵਾਂ ਦਾ ਪੂਰਨ ਤੌਰ 'ਤੇ ਪ੍ਰਮਾਣਿਕ ਸਿਖਿਆਦਾਤਾ ਹੈ। ਅਸਾਨੂੰ ਲਾਜ਼ਮੀ ਹੀ ਉਸ ਦਾ ਸਤਿਕਾਰ ਸਾਧਾਰਣ ਤੌਰ 'ਤੇ ਇਕ ਆਰੰਭਕ ਈਸਾਈ ਅਤੇ ਰੱਬੀ ਦੁਨੀਆ ਵਿਚ ਇਕ ਵੱਡੇ ਭਾਈ ਵਜੋਂ ਕਰਨਾ ਚਾਹੀਦਾ ਹੈ, ਕਿਉਂਕਿ ਉਹ ਅਨੁਪਮ ਤੌਰ 'ਤੇ ਰੱਬੀ ਪੁਰਸ਼ ਨਹੀਂ ਸੀ। ਉਸ ਨੂੰ ਕੇਵਲ ਇਸ ਵਾਸਤੇ ਹੀ ਰੱਬ ਆਖਿਆ ਜਾਂਦਾ ਹੈ ਕਿ ਉਹ ਪੂਰਣ ਤੌਰ 'ਤੇ ਰੱਬੀ ਚੇਤਨਾ ਵਾਲਾ ਅਤੇ ਰੱਬ ਵਲੋਂ ਪੱਥ-ਪ੍ਰਦਰਸ਼ਕ ਆਦਮੀ ਸੀ। ਉਹ ਕੁਮਾਰੀ ਕੁੜੀ ਤੋਂ ਨਹੀਂ ਪੈਦਾ ਹੋਇਆ। ਉਸ ਨੇ ਕਦੇ ਭੀ ਰੱਬੀ ਸ਼ਕਤੀ ਦੀਆਂ ਕਰਾਮਾਤਾਂ ਨਹੀਂ ਵਿਖਾਈਆਂ ਅਤੇ ਉਹ ਕਬਰ ਵਿਚੋਂ ਦੋਬਾਰਾ ਜਿਊਂਦਾ ਹੋ ਕੇ ਨਹੀਂ ਉਠਿਆ।

3—Jesus Christ is man's Savior only in the sense that He is man's perfect Teacher and Example. We should regard Him simply as the first Christian, our elder brother in the worldwide family of God. He was not divine in any unique sense. He was God only in the sense that He was a perfectly God-conscious and God-guided man. He was not born of a virgin; He did not work miracles, in the sense of 'mighty work' of divine creative power; and he did not rise from the dead.

4—ਈਸਾ ਜੀ ਤੁਲਨਾਤਮਿਕ ਤੌਰ 'ਤੇ ਦੂਜਿਆਂ ਮਨੁਖਾਂ ਨਾਲੋਂ ਭਿੰਨ ਸਨ, ਪ੍ਰੰਤੂ ਪੂਰੀ ਤਰ੍ਹਾਂ ਦੂਜੇ ਮਨੁੱਖਾਂ ਨਾਲੋਂ ਉਸ ਵਿਚ ਕੋਈ ਭਿੰਨਤਾ ਨਹੀਂ ਸੀ। ਵਿਆਪਕ ਤੌਰ 'ਤੇ ਈਸਾਈ ਮਤਿ ਦੂਜੇ ਧਰਮਾਂ ਨਾਲੋਂ ਭਿੰਨਤਾ ਰੱਖਦਾ ਹੈ ਜੋ ਕਿ ਹੁਣ ਤਕ ਅੱਛੇ ਧਰਮ ਵਜੋਂ ਪ੍ਰਗਟ ਹੋਇਆ ਹੈ। ਪ੍ਰੰਤੂ ਸਾਰੇ ਧਰਮਾਂ ਦੀ ਰੂਪ-ਰੇਖਾ ਅਤੇ ਮਰਯਾਦਾ ਸ਼ੈਲੀ ਭੀ ਈਸਾਈ ਧਰਮ ਜੈਸੀ ਹੀ ਹੈ। ਜਿਵੇਂ ਕਿ ਸਾਰੇ ਮਨੁੱਖ ਰੱਬੀ ਪਰਿਵਾਰ ਦੇ ਹੀ ਸਦੱਸ (ਮੈਂਬਰ) ਹਨ। ਇਸ ਵਾਸਤੇ ਅਸਾਨੂੰ ਇਹ ਦ੍ਰਿੜ੍ਹ ਕਰ ਲੈਣਾ ਚਾਹੀਦਾ ਹੈ ਔਰ ਇਸ ਦੇ ਸੰਬੰਧ ਵਿਚ ਐਸਾ ਰਵੱਈਆ ਅਖ਼ਤਿਆਰ ਕਰਨਾ ਚਾਹੀਦਾ ਹੈ ਕਿ ਬਦੇਸੀ ਈਸਾਈ ਮਿਸ਼ਨਰੀਆਂ ਦਾ ਟੀਚਾ ਇਕ ਧਰਮ ਵਿਚੋਂ ਦੂਜੇ ਧਰਮ ਵਿਚ ਪਰਿਵਰਤ ਕਰਨਾ ਨਹੀਂ ਹੋਣਾ ਚਾਹੀਦਾ। ਪ੍ਰੰਤੂ ਵਾਸਤਵਿਕ ਤੌਰ 'ਤੇ ਪਰਸਪਰ ਧਰਮਾਂ ਦੀ ਯੋਗਤਾ ਦੇ ਆਧਾਰ 'ਤੇ ਉਪਜਾਊ ਨੀਤੀ ਧਾਰਨੀ ਚਾਹੀਦੀ ਹੈ। ਜਿਸ ਦੇ ਆਸਰੇ ਹਰ ਇਕ ਧਰਮ ਬਹੁਤਾ ਪ੍ਰਫੁੱਲਤ ਹੋ ਸਕਦਾ ਹੈ, (ਉਕਤ ਲਿਖਤ ਦਾ ਅੰਗ੍ਰੇਜ਼ੀ ਉਲਥਾ ਨਿਮਨ ਲਿਖਤ ਦੇ ਆਧਾਰ 'ਤੇ ਵੇਖਿਆ ਜਾ ਸਕਦਾ ਹੈ), ਜਿਵੇਂ:

4—Jesus as Christ differs from other men only comparatively, not absolutely, so Christianity differs from other religions not generically, but merely as the best and highest type of religion

that has yet appeared. All religions are forms of the same religion, just as all men are members of the same divine family. It follows, of course, that Foreign Missions should not aim to convert from one faith to another, but rather to promote a cross-fertilizing interchange whereby each religion may be enriched through the contribution of all other.

5—*ਬਾਈਬਲ* ਰੱਬੀ ਪ੍ਰਗਟਾਵੇ ਦੀ ਦਸਤਾਵੇਜ਼ ਨਹੀਂ ਹੈ, ਪ੍ਰੰਤੂ ਧਰਮ ਪ੍ਰਤਿ ਇਨਸਾਨੀ ਨੇਮ-ਪੱਤਰ ਦੀ ਸਾਖਾ ਹੈ। ਈਸਾਈ ਮਤਿ ਦਾ ਸਿਧਾਂਤ ਰੱਬ ਵਲੋਂ ਆਇਆ ਹੋਇਆ ਸ਼ਬਦ ਨਹੀਂ ਹੈ ਜੋ ਕਿ ਈਸਾਈ ਮਤਿ ਦੇ ਤਜਰਬੇ ਵਿਚ ਆ ਸਕੇ। ਜੋ ਸਚਾਈ ਹੈ ਉਹ ਇਸ ਤੋਂ ਉਲਟ ਹੈ। ਈਸਾਈ ਮਤਿ ਦੀ ਪ੍ਰਭਾਵਤ ਸ਼ੈਲੀ ਈਸਾਈ ਮਤਿ ਦੇ ਭਾਈਚਾਰੇ ਵਿਚ ਛੂਤ ਦੇ ਰੋਗ ਵਾਂਗੂੰ ਪਸਰੀ ਹੋਈ ਹੈ। ਇਹੀ ਕਾਰਣ ਹੈ ਕਿ ਇਹ ਦੂਜਿਆਂ ਦਾ ਧਰਮ ਭ੍ਰਿਸ਼ਟ ਕਰਨ ਹਿਤ, ਭਿਖਿਆ ਮੰਗਣ ਵਾਲਿਆਂ ਵਾਂਗੂੰ (Like mumps) ਦਰ ਦਰ ਭਟਕਦੇ ਫਿਰਦੇ ਹਨ। ਇਹੀ ਉਹ ਤਜਰਬਾ ਹੈ ਜੋ ਕਿ ਈਸਾਈ ਮਤਿ ਦੇ ਸਿਧਾਂਤ ਨੂੰ ਚਲਾਂਦਾ ਅਤੇ ਕਾਬੂ ਵਿਚ ਰੱਖਦਾ ਹੈ।

5—*The Bible* is not a divine record of revelation, but a human testament of religion; and Christian doctrine is not the God-given word, which must create and control Christian experience. The truth is the opposite. Christian experience is directly infectious within the Christian community—it is 'caught' like mumps; and this experience creates and controls Christian doctrine, which is merely an attempt to give it verbal expression.

(J.I. Packer's, Fundamentalism and the Word of God, pp. 25-26)

ਇਹ ਸਨ ਕੁਝ ਵਿਚਾਰ ਜੋ ਈਸਾਈ ਮਤਿ ਦੇ ਆਧਾਰ 'ਤੇ ਅਤੇ ਈਸਾਈ ਪ੍ਰੇਮੀਆਂ ਦੇ ਤਜਰਬੇ ਦੇ ਅਨੁਸਾਰ ਦਿੱਤੇ ਗਏ ਹਨ। ਜਿਸ ਵਿਚ ਆਇਪੋਕਰੈਫਾ ਜੈਸੀਆਂ ਰਵਾਇਤੀ ਕਥਾ ਕਹਾਣੀਆਂ ਦਾ *ਅੰਜੀਲ ਅਤੇ ਬਾਈਬਲ* ਵਿਚ ਪ੍ਰਵੇਸ਼ ਕਰਨਾ ਪ੍ਰਗਟ ਕੀਤਾ ਗਿਆ ਹੈ। ਇਥੇ ਖ਼ਿਆਲ ਰੱਖਣ ਵਾਲੀ ਇਕ ਵਿਸ਼ੇਸ਼ ਧਾਰਾ ਤਾਂ ਇਹ ਹੈ ਕਿ ਈਸਾਈ ਜਗਤ ਵਿਚ ਇਨ੍ਹਾਂ ਦੇ ਧਾਰਮਿਕ ਗ੍ਰੰਥ ਦੀ ਬਾਣੀ ਸਥਿਰ ਨਹੀਂ ਹੈ, ਬਲਕਿ ਇਨ੍ਹਾਂ ਦੇ ਫ਼ਿਰਕਿਆਂ ਦੀ ਇੱਛਾ ਦੇ ਅਨੁਸਾਰ *ਬਾਈਬਲ* ਦੀ ਬਾਣੀ ਇਕਸਾਰਤਾ ਵਿਚ ਨਹੀਂ ਰਹਿ ਸਕਦੀ, ਹਮੇਸ਼ਾ ਹੀ ਘਟਦੀ ਜਾਂ ਵਧਦੀ ਰਹਿੰਦੀ ਹੈ। ਜਿਵੇਂ ਡੈਵਿਡ ਐਵਰਟ ਆਪਣੀ ਪੁਸਤਕ ਦੇ ਪੰਨਾ ਨੰਬਰ 78 'ਤੇ ਲਿਖਦਾ ਹੈ ਕਿ ਆਇਪੋਕਰੈਫਾ ਦੀ ਲਿਖਤ ਨੂੰ ਕਲੈਵਨ ਰੀਤੀ ਦੇ ਈਸਾਈਆਂ ਨੇ ਸੰਨ 1648 ਵਿਚ ਪੱਕੇ ਤੌਰ 'ਤੇ ਧਰਮ

ਪੁਸਤਕ ਵਿਚੋਂ ਬਾਹਰ ਕੱਢ ਦਿੱਤਾ, ਪ੍ਰੰਤੂ ਅੰਗ੍ਰੇਜ਼ੀ ਭਾਸ਼ਾ ਦੀਆਂ ਸਾਰੀਆਂ *ਬਾਈਬਲ* ਵਿਚ 1629 ਤੋਂ ਪਹਿਲਾਂ ਆਇਪੋਕਰੈਫਾ ਸ਼ਾਮਿਲ ਸੀ। ਜਦੋਂ ਕਿੰਗ ਜੇਮਜ਼ ਦੀ *ਬਾਈਬਲ* 1611 ਤੋਂ ਉਪਰੰਤ ਪ੍ਰਕਾਸ਼ਨ ਕੀਤੀ ਗਈ, ਉਸ ਵਿਚੋਂ ਆਇਪੋਕਰੈਫਾ ਅਤੇ ਸੰਤ ਬਾਰਨਵਾਸ ਦੀ ਬਾਣੀ ਕੱਢ ਦਿੱਤੀ ਗਈ। ਪ੍ਰੰਤੂ ਵਰਤਮਾਨ ਸਮੇਂ ਵਿਚ *ਬਾਈਬਲ* ਪ੍ਰਕਾਸ਼ਨ ਦੀ ਪ੍ਰਵਿਰਤੀ (Trend) ਦੋਬਾਰਾ ਆਇਪੋਕਰੈਫਾ ਜੈਸੀਆਂ ਲਿਖਤਾਂ ਨੂੰ *ਬਾਈਬਲ* ਦੇ ਨੇਮ ਵਿਚ ਸ਼ਾਮਿਲ ਕਰ ਰਿਹਾ ਹੈ, ਜਿਵੇਂ :

Today the trend is in the opposite direction, and English *Bible* with the Apocrypha are becoming more popular again. This has raised the question of their canonicity once more, and we should give some reason why we believe they ought not to be considered as canonical.

(From, Ancient Tablets to Modern Translation, p. 79)

ਉਕਤ ਦਰਸਾਈ ਗਾਥਾ *ਬਾਈਬਲ* ਪ੍ਰੇਮੀਆਂ ਦੀਆਂ ਲਿਖਤਾਂ ਦੇ ਆਧਾਰ 'ਤੇ ਅੰਕਤ ਕੀਤੀ ਗਈ ਹੈ, ਤਾਂਕਿ ਸਹੀ ਤੌਰ 'ਤੇ ਸੁਹਿਰਦ ਪਾਠਕਾਂ ਦੀ ਸਮਝ ਵਿਚ ਆ ਸਕੇ ਕਿ ਕੀ *ਬਾਈਬਲ* ਵਾਸਤਵਿਕ ਤੌਰ 'ਤੇ ਰੱਬੀ ਸ਼ਬਦ ਹੈ ਜਾਂ ਇਨਸਾਨਾਂ ਦੀ ਰੁਚੀ ਦੇ ਆਧਾਰ 'ਤੇ ਰਚੀ ਹੋਈ ਕਿਰਤ ਹੈ ? ਜੋ ਕਿ ਰੱਬੀ ਸ਼ਬਦ ਦੀ ਸ਼ਾਪ ਥੱਲੇ ਪ੍ਰਗਟ ਕੀਤੀ ਜਾ ਰਹੀ ਹੈ। ਔਰ ਭੋਲੇ-ਭਾਇ ਜੀਵਨ ਬਤੀਤ ਕਰਨ ਵਾਲੇ ਸੰਸਾਰੀ ਲੋਕਾਂ ਨੂੰ ਆਇਪੋਕਰੈਫਾ ਜੈਸੀ ਕਲਪਨਾਤਮਕ ਰਵਾਇਤੀ ਗਾਥਾ ਦੀਆਂ ਕਥਾ ਕਹਾਣੀਆਂ ਦੁਆਰਾ ਗੁੰਮਰਾਹ ਕੀਤਾ ਜਾ ਰਿਹਾ ਹੈ। ਬਹੁਤ ਵੱਡੀ ਹੈਰਾਨੀ ਉਸ ਵੇਲੇ ਹੁੰਦੀ ਹੈ ਜਦੋਂ ਕਿ ਰੱਬੀ ਸ਼ਬਦ ਹੋਣ ਪ੍ਰਤਿ ਅਥਵਾ ਨਾ ਹੋਣ ਪ੍ਰਤਿ ਈਸਾ ਜੀ ਵਲੋਂ ਕੋਈ ਭੀ ਨਿਰਣਾਤਮਕ ਸੁਝਾਉ ਨਹੀਂ ਹੈ। ਪ੍ਰੰਤੂ ਆਮ ਈਸਾਈ ਸ਼ਰਧਾਲੂ ਹੀ ਕੌਂਸਿਲ ਦੇ ਰੂਪ ਵਿਚ ਇਕੱਤਰ ਹੋ ਕੇ ਨਿਰਣੈ ਕਰਦੇ ਹਨ ਕਿ ਇਹ ਬਾਣੀ ਰੱਬੀ ਸ਼ਬਦ ਹੈ ਜਾਂ ਨਹੀਂ ਹੈ। ਕਿਉਂਕਿ ਨਵੀਨ *ਅੰਜੀਲ* ਦੀ ਸੰਕਲਨਾ ਤੋਂ ਉਪਰੰਤ ਭੀ ਬਹੁਤ ਸਾਰੇ ਈਸਾਈ ਸ਼ਰਧਾਲੂਆਂ ਦੀਆਂ ਕਿਤਾਬਾਂ ਭੀ ਚਰਚਾਂ ਵਿਚ ਰੱਬੀ ਸ਼ਬਦ ਦਾ ਸਥਾਨ ਪ੍ਰਾਪਤ ਕਰਨ ਹਿਤ ਘੁੰਮਦੀਆਂ ਰਹੀਆਂ, ਤਾਂਕਿ ਇਨ੍ਹਾਂ ਨੂੰ ਭੀ ਰੱਬੀ ਸ਼ਬਦ ਦਾ ਦਰਜਾ ਪ੍ਰਾਪਤ ਹੋ ਸਕੇ। ਜਿਵੇਂ ਡੇਵਿਡ ਲਿਖਦਾ ਹੈ :

Once the New Testament books were written, they were collected, and eventually these twenty-seven books comprised the New Testament However by the time the limits of the New Testament canon were being drawn, a great many other Christian

books were circulating in the churches. Also, the oral tradition of Jesus, deeds and saying continued. And so a distinction between canonical and non canonical books had to be made.

(From, Ancient Tablets to Modern Translation, p. 116)

ਅਹਿਮਦੀਆ ਸੰਸਥਾ ਦੇ ਬਾਨੀ ਮਿਰਜ਼ਾ ਗ਼ੁਲਾਮ ਅਹਿਮਦ ਦੇ ਕਥਨ ਅਨੁਸਾਰ ਇਹ ਆਖਣ ਵਿਚ ਕੋਈ ਪ੍ਰੇਸ਼ਾਨੀ ਨਹੀਂ ਹੋਣੀ ਚਾਹੀਦੀ ਕਿ ਇਸਲਾਮੀ ਸ਼ਰਹ ਸ਼ਰੀਅਤ ਦੀਆਂ ਰਵਾਇਤਾਂ ਅਤੇ (ਈਸਾਈ ਮਤਿ ਦੀਆਂ ਕਿਤਾਬਾਂ) ਮਦਾਰੀ ਕੀ ਪਟਾਰੀ ਹੈ, ਜੋ ਮਰਜ਼ੀ ਹੈ ਡਾਲੋ ਜੋ ਮਰਜ਼ੀ ਹੈ ਨਿਕਾਲੋ।

(ਅਫ਼ਜ਼ਲ ਕਾਦੀਆਂ, ਜੁਲਾਈ 15, 1924; ਮਾਅਰਫ਼ਲ ਕੁਰਾਨ, ਪੰਨਾ 806)

ਬਾਈਬਲ ਦੀ ਲਿਖਤ ਪ੍ਰਤਿ ਰੱਬੀ ਸ਼ਬਦ ਸਵੀਕਾਰ ਕਰਨ ਹਿਤ, ਕਈ ਇਕ ਈਸਾਈ ਸ਼ਰਧਾਲੂਆਂ ਦੇ ਖ਼ਿਆਲ ਨਿਜੀ ਅਸਹਿਮਤੀ ਪ੍ਰਗਟ ਕਰਦੇ ਹਨ, ਜਿਨ੍ਹਾਂ ਨੂੰ ਕੱਟੜਵਾਦੀ ਈਸਾਈ ਬੇ-ਡੌਲ ਅਤੇ ਅਨਘੜਤ ਖ਼ਿਆਲਾਂ ਦੀ ਸਮੱਗਰੀ ਆਖ ਕੇ ਅਸਵੀਕਾਰਦੇ ਹਨ। ਕਿਉਂਕਿ ਈਸਾਈ ਸ਼ਰਧਾਲੂ ਇਸ ਹਕੀਕਤ ਤੋਂ ਭਲੀ ਭਾਂਤ ਜਾਣੂ ਹੋ ਚੁੱਕਾ ਹੈ ਕਿ *ਬਾਈਬਲ* ਰੱਬੀ ਸ਼ਬਦ ਨਹੀਂ ਹੈ, ਬਲਕਿ ਰੱਬ ਪ੍ਰਤਿ ਇਨਸਾਨਾਂ ਦੀ ਕੀਤੀ ਹੋਈ ਵਿਆਖਿਆ ਹੈ। ਜਿਵੇਂ :

The *Bible* is not revelation, but a memorial and legacy of revelation : a record of observations, impression and opinions of godly men involved in redemptive history. Scripture statements are simply human testimonies to revelation, fallible and inadequate as all man's words are. They must not be equated with a verbal word of God; there is in fact, no such word.

(J.I. Packer's, Fundamentalism and Word of God, p. 91)

ਇਥੇ *ਅੰਜੀਲ* ਵਿਚ ਰਵਾਇਤੀ ਕਹਾਣੀਆਂ ਦੀ ਵਾਰਤਾ ਸਮਾਪਤ ਹੁੰਦੀ ਹੈ, ਇਸ ਤੋਂ ਅਗਲੇਰੇ ਪੰਨਿਆਂ ਵਿਚ ਤ੍ਰੈ-ਮੁਖੀ ਰੱਬ ਅਥਵਾ ਟ੍ਰੈਨਿਟੀ (Trinity) ਪ੍ਰਤਿ ਕੁਝ ਖ਼ਿਆਲਾਂ ਦਾ ਪ੍ਰਗਟਾਵਾ ਕਰਨ ਦੀ ਆਗਿਆ ਚਾਹੁੰਦੇ ਹਾਂ।

6.55 ਤ੍ਰੈ-ਮੁਖੀ ਰੱਬ (Trinity)

ਅਨਧਮਤੀਆਂ ਦੇ ਤ੍ਰੈ-ਮੂਰਤੀ ਦੇਵਤੇ ਅਤੇ ਈਸਾਈ ਮਤਿ ਦਾ ਤ੍ਰੈ-ਮੁਖੀ ਰੱਬ ਇਕ ਚਿੱਤਰ ਦੇ ਦੋ ਰੂਪ ਹਨ, ਜਿਨ੍ਹਾਂ ਦੀ ਰੂਪ-ਰੇਖਾ ਇਨਸਾਨੀ ਸੂਝ ਬੂਝ ਦੇ ਜ਼ਾਵੀਏ ਵਿਚ ਉਲੀਕਣੀ ਇਤਨੀ ਸੁਹੇਲੀ ਨਹੀਂ ਜਿਤਨੀ ਕਿ ਅਸੀਂ ਸਮਝਦੇ ਹਾਂ। ਜਿਵੇਂ ਅਨਧਮਤੀਆਂ ਦੀ ਤ੍ਰੈ-ਮੂਰਤੀ ਵਿਸ਼ਨੂੰ, ਬ੍ਰਹਮਾ ਅਤੇ ਰੁਦਰ (ਸ਼ਿਵ) ਦੀ ਰੂਪ-ਰੇਖਾ, ਉਨ੍ਹਾਂ ਦੇ ਚਰਿੱਤਰ ਅਤੇ ਕਾਰਨਾਮਿਆਂ ਦਾ ਫ਼ਲਸਫ਼ਾ

ਉਲੀਕਦੀਆਂ ਹਨ, ਬਿਲਕੁਲ ਏਸੇ ਤਰ੍ਹਾਂ ਈਸਾਈ ਮਤਿ ਦਾ ਤ੍ਰੈ-ਮੁਖੀ ਰੱਬ ਭੀ ਤ੍ਰੈ-ਆਕਾਰੀ ਦਾਰਸ਼ਨਿਕ ਸਿਧਾਂਤ ਦੀਆਂ ਕਲਪਤ ਦੀਵਾਰਾਂ ਉਸਾਰਦਾ ਹੈ। ਤ੍ਰੈ-ਮੁਖੀ ਰੱਬ ਦੀ ਬਾਬਤ ਈਸਾਈ ਜਗਤ ਦਾ ਵਿਸ਼ਵਾਸ ਹੈ ਕਿ ਰੱਬ ਅਤੇ ਰੱਬ ਦਾ ਇਕਲੌਤਾ ਬੇਟਾ ਔਰ ਪਵਿੱਤਰ ਜੋਤਿ (Holy Spirit) ਇਹ ਤਿੰਨੇ ਹੀ ਰੱਬੀ ਸਮਾਨਤਾ ਰੱਖਦੇ ਹਨ। ਇਨ੍ਹਾਂ ਤਿੰਨ-ਆਕਾਰੀ ਪੁਰਸ਼ਾਂ ਨੂੰ ਰੱਬ ਆਖਿਆ ਜਾਂਦਾ ਹੈ। ਇਸ ਕਲਪਨਾਤਮਕ ਵਿਸ਼ੇ ਦੀ ਵਾਸਤਵਿਕ ਸ਼ੈਲੀ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਸ ਨੂੰ ਗੌਡ ਹੈੱਡ (God head) ਦੇ ਨਾਮ ਦੁਆਰਾ ਪੁਕਾਰਿਆ ਜਾਂਦਾ ਹੈ, ਜਿਵੇਂ :

There is but one living and true God who exist in three persons: God the father, God the Son and God the Holy Spirit.

(James Montgomery, The Sovereign God, p. 142)

ਉਕਤ ਦਰਸਾਏ ਤ੍ਰੈ-ਪੱਖੀ ਰੱਬ ਨੂੰ ਫ਼ਲਸਫ਼ੇ ਦੇ ਢਾਂਚੇ ਵਿਚ ਸਹੀ ਤੌਰ 'ਤੇ ਫ਼ਿਟ ਕਰਨ ਹਿਤ ਈਸਾਈ ਸ਼ਰਧਾਲੂਆਂ ਨੇ ਅਨੇਕਾਂ ਪ੍ਰਕਾਰ ਦੀਆਂ ਉਦਾਹਰਣਾਂ ਪੇਸ਼ ਕੀਤੀਆਂ ਹਨ ਕਿ ਇਹ ਤਿੰਨੇ ਪੁਰਸ਼ (person) ਹੀ ਰੱਬ ਹਨ ਪ੍ਰੰਤੂ ਇਤਨੀ ਜੱਦੋ-ਜਹਿਦ ਦੇ ਬਾਵਜੂਦ ਭੀ ਇਨ੍ਹਾਂ ਦੀ ਕਲਪਤ ਕਹਾਣੀ ਅਧੂਰੀ ਹੀ ਰਹਿ ਜਾਂਦੀ ਹੈ। ਇਹ ਕਹਾਣੀ ਅਧੂਰੀ ਕਿਉਂ ਰਹਿੰਦੀ ਹੈ, ਸੰਪੂਰਣਤਾ ਦੀਆਂ ਟੀਸੀਆਂ ਨੂੰ ਕਿਉਂ ਨਹੀਂ ਛੁੰਹਦੀ ? ਇਸ ਦਾ ਉੱਤਰ ਹੈ ਕਿ ਇਹ ਸਿਧਾਂਤ ਰੱਬੀ ਸਿਧਾਂਤ ਨਹੀਂ ਹੈ, ਬਲਕਿ ਗਿਰਜਿਆਂ ਦੀ ਰਾਜਨੀਤੀ 'ਤੇ ਕਬਜ਼ਾ ਕਰਨ ਹਿਤ, ਕੁਝ ਇਨਸਾਨਾਂ ਦਾ ਸਵੈਮ ਤੌਰ 'ਤੇ ਘੜਿਆ ਹੋਇਆ ਕਲਪਨਾਤਮਕ ਸਿਧਾਂਤ ਹੈ। ਇਸ ਖ਼ਿਆਲ ਦੀ ਪ੍ਰੋੜ੍ਹਤਾ ਈ. ਡਬਲਯੂ. ਹੋਪਕਿਨਸ ਦੀ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ :

In *Origin and Evolution of Religion*, E.W. Hopkins answers : "The final orthodox definition of the Trinity was largely a matter of Church politic." *(Should you believe in the Trinity ? p. 9)*

ਅਸੀਂ ਗੁਰਮਤਿ ਦੇ ਆਧਾਰ 'ਤੇ ਸਵੀਕਾਰ ਕਰਦੇ ਹਾਂ ਕਿ ਵਾਹਿਗੁਰੂ, ਸਤਿਗੁਰੂ ਅਤੇ ਸ਼ਬਦ ਇਕ ਰੂਪ ਅਥਵਾ ਇਕ ਜੋਤਿ ਹਨ, ਤਾਂਕਿ ਸ੍ਰਿਸ਼ਟੀ ਦਾ ਉੱਧਾਰ ਹੋ ਸਕੇ। ਪ੍ਰੰਤੂ ਇਸ ਹਕੀਕਤ ਨੂੰ ਕਦੀ ਭੀ ਨਹੀਂ ਭੁੱਲਣਾ ਚਾਹੀਦਾ ਕਿ ਵਾਹਿਗੁਰੂ ਸਰਬਸ਼ਕਤੀਵਾਨ ਅਤੇ ਵੱਡੀ ਹੂ ਵੱਡਾ ਹੈ, ਸਤਿਗੁਰੂ ਅਤੇ ਸ਼ਬਦ ਉਸ ਦੀ ਰਚਨਾ ਹੈ। ਇਸ ਧਾਰਾ ਦੀ ਪ੍ਰੋੜ੍ਹਤਾ ਬਾਰ ਬਾਰ ਧੁਰ ਕੀ ਬਾਣੀ ਦੁਆਰਾ ਕੀਤੀ ਗਈ ਹੈ, ਜਿਵੇਂ :

ਆਪੇ ਸਤਿਗੁਰੁ ਸਬਦੁ ਹੈ ਆਪੇ ॥ ਨਾਨਕ ਆਖਿ ਸੁਣਾਏ ਆਪੇ ॥੪॥

(ਬਿਲਾਵਲੁ ਮ: ੩, ਪੰਨਾ 797/7)

ਗੁਰਮਤਿ ਸਿਧਾਂਤ ਕੇਵਲ ਅਤੇ ਕੇਵਲ ਇਕਾਂਗੀ ਵਿਸ਼ਵਾਸ ਦਾ ਮਾਰਗ ਹੈ, ਜਿਸ ਵਿਚ ਦਵੈਤ ਭਾਵਨਾ ਵਾਸਤੇ ਕੋਈ ਸਥਾਨ ਨਹੀਂ ਹੈ। ਅਸੀਂ ਸ਼ਬਦ ਦੇ ਆਸਰੇ ਇਕ ਅਕਾਲ ਪੁਰਖ ਦੀ ਪੂਜਾ ਕਰਨੀ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਰੱਬ ਨਹੀਂ ਹੈ, ਬਲਕਿ ਰੱਬੀ ਜੋਤਿ ਨੂੰ, ਅਨਾਦੀ ਸੰਦੇਸ਼ ਨੂੰ, ਦੁਨੀਆ ਦੇ ਜੀਵਾਂ ਤਕ ਲਿਆਵਣ ਵਾਲਾ ਮਾਧਿਅਮ, ਵਸੀਲਾ ਅਤੇ ਸਾਧਨ ਹੈ। ਇਹੀ ਸਿਰਮੌਰ ਕਾਰਣ ਹੈ ਕਿ ਗੁਰਮਤਿ ਇਕ ਈਸ਼ਵਰਵਾਦੀ ਅਦਵੈਤਵਾਦੀ, ਵਾਹਦਤ ਪ੍ਰਸਤ (Monotheistic) ਮਤਿ ਹੈ। ਪਾਵਨ ਗੁਰਬਾਣੀ ਦੁਆਰਾ ਬਾਰ ਬਾਰ ਸੂਚਿਤ ਕੀਤਾ ਗਿਆ ਹੈ ਕਿ ਇਕ ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਭੀ ਦਵੈਤ ਪੁਰਸ਼, ਅਵਤਾਰ ਅਥਵਾ ਦੇਵੀ ਦੇਵਤੇ ਦੀ ਪੂਜਾ ਨਹੀਂ ਕਰਨੀ ਹੈ। ਕੇਵਲ ਇਕ ਦੀ ਪੂਜਾ ਕਰਨੀ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਨੂਪਮ ਅਤੇ ਆਸਮਾਨੀ ਤਾਲੀਮ ਹੈ, ਜਿਵੇਂ:

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ ॥
ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ ॥

(ਵਾਰ ਵਡਹੰਸ, ਮ: ੪, ਪੰਨਾ 590/3)

ਈਸਾਈ ਮਤਿ ਤ੍ਰੈ-ਮੁਖੀ ਪੂਜਾ ਕਰਦਾ ਹੋਇਆ ਭੀ ਸਵੈਮ ਤੌਰ 'ਤੇ ਇਕਾਂਗੀ ਪੂਜਾ ਦਾ ਧਰਮ ਘੋਸ਼ਤ ਕਰਦਾ ਹੈ, ਜੋ ਸੱਚ ਨਹੀਂ ਹੈ, ਬਲਕਿ ਅਸਲੀਅਤ ਤਾਂ ਇਹ ਹੈ ਕਿ ਈਸਾਈ ਮਤਿ ਦਵੈਤਵਾਦੀ (Polytheistic) ਧਰਮ ਹੈ, ਕਿਉਂਕਿ ਈਸਾ ਜੀ ਰੱਬ ਨਹੀਂ ਹੈ, ਬਲਕਿ ਇਕ ਪੈਗ਼ੰਬਰ ਹੈ। ਪੈਗ਼ੰਬਰ ਦੀ ਪੂਜਾ ਨਹੀਂ ਹੋ ਸਕਦੀ, ਚੁਨਾਂਚਿ ਮਾਣ, ਆਦਰ, ਸਤਿਕਾਰ ਅਤੇ ਪ੍ਰਸੰਸਾ ਦੇ ਯੋਗ ਹੋ ਸਕਦਾ ਹੈ। ਜੋ ਵਾਹਿਗੁਰੂ ਦੀ ਜੋਤਿ (Spirit) ਹੈ ਇਹ ਭੀ ਵਾਹਿਗੁਰੂ ਦੀ ਰਚਨਾ ਹੈ, ਉਸ ਦੀ ਸ਼ਕਤੀ ਹੈ। ਉਸ ਸ਼ਕਤੀ ਨੂੰ ਅਥਵਾ ਉਸ ਰੱਬੀ ਜੋਤਿ ਨੂੰ ਪ੍ਰਗਟ ਕਰਨ ਵਾਲਾ ਸੱਚਾ ਸਤਿਗੁਰੂ ਹੈ, ਜਿਵੇਂ:

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥

(ਧਨਾਸਰੀ ਮ: ੧, ਪੰਨਾ 13/5)

ਬਹੁਤ ਹੀ ਬਿਹਤਰ ਹੋਵੇਗਾ ਅਗਰ ਅਸੀਂ *ਅੰਜੀਲ* ਦੇ ਆਧਾਰ 'ਤੇ ਤ੍ਰੈ-ਮੁਖੀ ਰੱਬ ਪ੍ਰਤਿ ਹੋਰ ਛਾਣਬੀਣ ਕਰੀਏ, ਤਾਂਕਿ ਅਸੀਂ ਟ੍ਰੈਨਿਟੀ ਦੇ ਵਿਸ਼ੇ ਪ੍ਰਤਿ ਸਹੀ ਅਤੇ ਨਿਰਪੱਖੀ ਜਾਣਕਾਰੀ ਪ੍ਰਾਪਤ ਕਰ ਸਕੀਏ। ਈਸਾਈ ਮਤਿ ਵਿਚ ਕੁਝ ਐਸੇ ਪੂਰਬਕਾਲੀ ਸ਼ਰਧਾਲੂ ਜੋ ਪਹਿਲੀ ਅਤੇ ਦੂਜੀ ਸਦੀ ਵਿਚ ਹੋ ਗੁਜ਼ਰੇ ਹਨ, ਜਿਨ੍ਹਾਂ ਵਿਚ ਸ਼ਹੀਦ ਜਸਟਨ, ਐਰੀਨਾਯੁਸ, ਕਲੀਮਿੰਟ, ਟੈਰਟੂਲੀਅਨ, ਹਿੱਪੋਲਾਈਟਸ (Justin Martyr 165 C.E., Irenaeus 200 C.E., Clement

215 C.E., Tertullian 230 C.E., Hippolytus 235 C.E.,) ਇਹ ਸ਼ਰਧਾਲੂ ਸਮੂਲਚੇ ਤੌਰ 'ਤੇ ਤ੍ਰੈ-ਮੁਖੀ ਦਵੈਤਵਾਦੀ ਸਿਧਾਂਤ ਦੇ ਵਿਰੋਧੀ ਵਿਅਕਤੀ ਸਨ, ਬਲਕਿ ਇਹ ਸਾਰੇ ਹੀ ਨਾਈਸੀਨ ਕੌਂਸਿਲ ਦੇ ਭੀ ਵਿਰੋਧਾਭਾਸੀ ਸਨ, ਜਿਸ ਕੌਂਸਿਲ ਵਿਚ ਤ੍ਰੈ-ਮੁਖੀ ਦਵੈਤਵਾਦੀ ਸਿਧਾਂਤ ਦੀ ਹਰੀ ਝੰਡੀ ਦਿੱਤੀ ਗਈ। ਨਾਈਸੀਨ ਕੌਂਸਿਲ ਦੇ ਸਮੇਂ, ਤ੍ਰੈ-ਮੁਖੀ ਰੱਬ ਦੀ ਘਾੜਤ ਘੜਨ ਵਾਲਾ ਸਭ ਤੋਂ ਪਹਿਲਾ ਪਾਦਰੀ ਜਿਸ ਦਾ ਨਾਮ ਐਥਾਨਾਸੀਅਸ ਕਰਕੇ ਲਿਖਿਆ ਮਿਲਦਾ ਹੈ, ਉਸ ਨੇ ਘੋਸ਼ਤ ਕੀਤਾ ਕਿ ਅਸੀਂ ਤ੍ਰੈ-ਮੁਖੀ ਰੂਪ ਵਿਚ ਇਕ ਰੱਬ ਦੀ ਪੂਜਾ ਕਰਦੇ ਹਾਂ। ਜੋ ਸਾਡਾ ਬਾਪੂ ਰੱਬ ਹੈ, ਉਸ ਦਾ ਇਕਲੌਤਾ ਬੇਟਾ ਈਸਾ ਭੀ ਰੱਬ ਹੈ ਅਤੇ ਪਵਿੱਤਰ ਜੋਤਿ ਭੀ ਰੱਬ ਹੈ। ਇਹ ਤਿੰਨੇ ਹੀ ਤਿੰਨ ਰੱਬ ਨਹੀਂ, ਬਲਕਿ ਇਕ ਰੱਬ ਹਨ। ਜਿਸ ਦੀ ਵਾਸਤਵਿਕ ਰੂਪ-ਰੇਖਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

The Trinity was defined more fully in the Athanasian Creed. Athanasius was a clergyman who supported Constantine at Nisaea. The creed that bears his name declares : "We worship one God in Trinity... The Father is God: the Son is God, and the Holly Ghost is God; and yet they are not three Gods, but one God."

(Should you believe in the Trinity, pp. 9-19)

ਈਸਾ ਜੀ ਦੇ ਜਨਮ ਤੋਂ ਕੁਝ ਸਦੀਆਂ ਪਹਿਲਾਂ ਬਾਬਲ ਵਿਚ ਤ੍ਰੈ-ਮੂਰਤੀ ਜੜ੍ਹ ਪੂਜਾ ਦਾ ਦਵੈਤਵਾਦੀ ਰਿਵਾਜ ਆਮ ਕਰਕੇ ਹੀ ਪਾਇਆ ਜਾਂਦਾ ਸੀ ਜਿਥੋਂ ਪੂਰਬਕਾਲੀ ਮਿਸਰ, ਯੂਨਾਨ ਅਤੇ ਰੋਮ ਦੇ ਲੋਕ ਭੀ ਤ੍ਰੈ-ਮੂਰਤੀ ਪੂਜਾ ਪ੍ਰਤਿ ਪ੍ਰਭਾਵਤ ਹੋਏ। ਗ਼ਾਲਿਬਨ, ਈਸਾ ਜੀ ਦੀ ਮੌਤ ਤੋਂ ਕੁਝ ਅਰਸਾ ਬਾਅਦ ਇਹ ਤ੍ਰੈ-ਮੂਰਤੀ ਪੂਜਾ ਈਸਾਈ ਮਤਿ ਵਿਚ ਭੀ ਪ੍ਰਵੇਸ਼ ਕਰ ਗਈ। ਈਸਾਈ ਮਤਿ ਦੀ ਤਵਾਰੀਖ਼ ਵਿਚ ਐਡਵਰਡ ਗਿਬਸੋਨ ਲਿਖਦਾ ਹੈ ਕਿ ਇਹ ਸਚਾਈ ਸਮਤੁਲਤ ਵਾਸਤਵਿਕਤਾ ਰੱਖਦੀ ਹੈ ਕਿ ਅਗਰ ਈਸਾਈ ਮਤਿ ਨੇ ਦੇਵਤਿਆਂ ਦੀ ਪੂਜਾ ਨੂੰ ਜਿੱਤਿਆ ਹੈ, ਇਸ ਦੇ ਵਿਰੁੱਧ ਜੜ੍ਹ ਪੂਜਾ ਨੇ ਭੀ ਈਸਾਈ ਮਤਿ ਨੂੰ ਜਿੱਤਿਆ ਹੈ ਅਥਵਾ ਈਸਾਈ ਮਤਿ ਦੀ ਰੂਪ-ਰੇਖਾ ਨੂੰ ਵਿਗਾੜਿਆ ਹੈ। ਜਿਵੇਂ :

If paganism was conquered by Christianity, it is equally true that Christianity was corrupted by paganism.

(Should you believe in the Trinity, p. 11)

ਬਾਈਬਲ ਦੇ ਨਵੀਨ ਨੇਮ ਵਿਚ ਇਕ ਵਿਸ਼ੇਸ਼ ਲਿਖਤ ਦੁਆਰਾ ਪ੍ਰਗਟ ਕੀਤਾ ਗਿਆ ਹੈ ਕਿ ਈਸਾ ਜੀ ਰੱਬ ਨਹੀਂ ਹੈ ਔਰ ਰੱਬ ਦਾ ਬੇਟਾ ਭੀ ਨਹੀਂ

ਹੈ, ਕੇਵਲ ਅਤੇ ਕੇਵਲ ਰੱਬ ਅਤੇ ਈਸਾਈ ਜਗਤ ਦੇ ਵਿਚਕਾਰ ਇਕ ਮਧਿਅਸਥ, ਵਿਚੋਲਾ ਅਥਵਾ ਸਾਲਿਸ ਹੈ, ਤ੍ਰੈ-ਮੁਖੀ ਰੱਬ ਨਹੀਂ ਹੈ। ਅਸਲੀ ਲਿਖਤ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

For there is a one God, and one mediator also between God and men, the man Christ Jesus. *(New American, 1 Tomothy 2: 5)*

ਜਦੋਂ ਈਸਾ ਜੀ ਦਾ ਅੰਤਮ ਸਮਾਂ ਆਇਆ, ਤਦ ਉਸ ਨੇ ਰੋ ਰੋ ਕੇ ਆਪਣੇ ਸੁਆਮੀ ਅੱਗੇ ਅਰਦਾਸ ਕੀਤੀ ਕਿ ਹੇ ਮੇਰੇ ਪ੍ਰਭੂ! ਤੂੰ ਮੈਨੂੰ ਕਿਉਂ ਵਿਸਾਰ ਦਿੱਤਾ ਹੈ, ਮੈਨੂੰ ਕਿਉਂ ਤਿਆਗ ਦਿੱਤਾ ਹੈ। ਇਸ ਦਾ ਭਾਵ ਇਹ ਹੋਇਆ ਕਿ ਈਸਾ ਜੀ ਤ੍ਰੈ-ਮੂਰਤੀ ਦਾ ਭਾਗ ਨਹੀਂ, ਬਲਕਿ ਰੱਬ ਤੋਂ ਬਹੁਤ ਛੋਟਾ ਉਸ ਦਾ ਸੇਵਕ ਹੈ ਜੋ ਨਿਜੀ ਰੱਖਿਆ ਪ੍ਰਤਿ ਆਪਣੇ ਇਸ਼ਟ ਦੇ ਸਾਹਮਣੇ ਅਰਦਾਸ ਕਰ ਰਿਹਾ ਹੈ। **ਬਾਈਬਲ** ਦੀ ਵਾਸਤਵਿਕ ਲਿਖਤ ਐਸੇ ਹੈ :

And at the ninth hour Jesus cried out with a loud voice Eloi, Eloi, Lama sbachthani ? Which is translated, "My God, My God why hast Thou Forsaken Me ?" *(New American, Mark 15:34)*

ਇਹ ਸਨ ਕੁਝ ਵਿਚਾਰ ਜੋ ਈਸਾ ਜੀ ਦੀ ਤ੍ਰੈ-ਮੂਰਤੀ ਪ੍ਰਤਿ ਦਿੱਤੇ ਗਏ ਹਨ, ਜਿਸ ਦਾ ਪਰਿਣਾਮ ਇਹ ਹੋਇਆ ਕਿ ਈਸਾ ਜੀ ਤ੍ਰੈ-ਮੁਖੀ ਰੱਬ ਨਹੀਂ ਸੀ, ਬਲਕਿ ਪ੍ਰਭੂ ਦਾ ਭੇਜਿਆ ਹੋਇਆ ਇਕ ਪੈਗ਼ੰਬਰ ਸੀ। ਇਸ ਤੋਂ ਅਗਲੇਰੇ ਪ੍ਰਸੰਗ ਵਿਚ ਪਵਿੱਤਰ ਚੇਤਨ ਸੱਤਾ ਅਥਵਾ, ਹੋਲੀ ਸਪਿਰਟ ਪ੍ਰਤਿ ਵਿਚਾਰ ਵਟਾਂਦਰਾ ਕਰਨ ਦੀ ਆਗਿਆ ਚਾਹਾਂਗੇ।

6.56 ਪਵਿੱਤਰ ਚੇਤਨ ਸੱਤਾ (Holy Spirit)

ਈਸਾਈ ਵਿਸ਼ਵਾਸ ਦੇ ਅਨੁਸਾਰ ਅਤੇ ਤ੍ਰੈ-ਮੁਖੀ ਸਿਧਾਂਤ ਦੇ ਆਧਾਰ 'ਤੇ ਰੱਬ ਦੀ ਕ੍ਰਿਆਸ਼ੀਲ ਸ਼ਕਤੀ ਅਥਵਾ ਹੋਲੀ ਘੋਸਟ ਭੀ ਗੌਡ ਹੈਡ (God Head) ਦਾ ਤੀਸਰਾ ਹਿੱਸੇਦਾਰ ਰੱਬ ਹੈ ਜੋ ਕਿ ਬਾਪੂ ਅਤੇ ਬੇਟੇ ਦੇ ਸਮਾਨ ਰੱਬ ਦੇ ਤਿੰਨ ਸਿਰਾਂ ਵਿਚੋਂ ਇਕ ਸਿਰ ਹੈ। ਜਿਵੇਂ ਕਿ (Our Orthodox Christian Faith) says : The Holy Spirit is totally God.

ਹੋਲੀ ਘੋਸਟ ਤੀਸਰਾ ਰੱਬ ਨਹੀਂ ਹੈ, ਬਲਕਿ ਪ੍ਰਭੂ ਦੀ ਸ਼ਕਤੀ ਹੈ ਜੋ ਉਸ ਵਾਹਿਗੁਰੂ ਦੇ ਅਧੀਨ ਉਸ ਦੇ ਹੁਕਮ ਵਿਚ ਵਿਚਰਦੀ ਹੋਈ ਸਮੂਲਚੇ ਬ੍ਰਹਿਮੰਡ ਦੇ ਨਿਜ਼ਾਮ ਨੂੰ ਗਤੀਬੱਧ ਕਰਦੀ ਹੈ। ਵਿਸ਼ਵਾਸਧਾਰੀ ਜੀਵਾਂ ਪ੍ਰਤਿ, ਦਰਗਾਹੀ ਸਿਖਿਆ ਪ੍ਰਦਾਨ ਕਰਦੀ ਹੈ। ਇਸ ਖ਼ਿਆਲ ਦੀ ਪ੍ਰੋੜ੍ਹਤਾ ਪਵਿੱਤਰ *ਅੰਜੀਲ* ਦੇ ਪੰਨਿਆਂ ਵਿਚ ਭੀ ਕੀਤੀ ਗਈ ਹੈ, ਜਿਵੇਂ :

But the Helper, the Holy spirit, whom the Father will send

in My name, He will teach you all things, and bring to your remembrance all that I said to you. *(New American, John, 14,26)*

ਉਕਤ ਦਲੀਲ ਦੇ ਆਧਾਰ 'ਤੇ ਹੋਲੀ ਸਪਿਰਟ ਤੀਜਾ ਰੱਬ ਨਹੀਂ ਹੈ, ਬਲਕਿ ਰੱਬੀ ਸ਼ਕਤੀ ਹੈ ਜੋ ਉਸ ਦੇ ਹੁਕਮ ਵਿਚ ਰਹਿੰਦੀ ਹੋਈ ਬ੍ਰਹਮੰਡੀ ਕਾਰੋਬਾਰ ਨੂੰ ਕਿਸੇ ਖ਼ਾਸ ਗਤੀ ਦੁਆਰਾ ਸਥਾਪਨ ਕਰਦੀ ਹੈ। ਵਾਹਿਗੁਰੂ ਦਾ ਅਗੰਮੀ ਹੁਕਮ ਇਸੇ ਕ੍ਰਿਆਸ਼ੀਲ ਸ਼ਕਤੀ ਦੇ ਆਸਰੇ ਹੀ ਬ੍ਰਹਮੰਡ ਦੇ ਹਰ ਜ਼ੱਰੇ ਜ਼ੱਰੇ 'ਤੇ ਲਾਗੂ ਅਥਵਾ ਕਾਰਗਰ ਹੁੰਦਾ ਹੈ। ਇਸ ਪ੍ਰਤਿ ਪਾਵਨ ਗੁਰਬਾਣੀ ਦਾ ਦਰਗਾਹੀ ਫ਼ੁਰਮਾਨ ਹੈ:

ਪਾਤਾਲ ਪੁਰੀਆ ਲੋਅ ਆਕਾਰਾ॥ ਤਿਸੁ ਵਿਚਿ ਵਰਤੈ ਹੁਕਮੁ ਕਰਾਰਾ॥
ਹੁਕਮੇ ਸਾਜੇ ਹੁਕਮੇ ਢਾਹੇ ਹੁਕਮੇ ਮੇਲਿ ਮਿਲਾਇਦਾ॥੫॥

(ਮਾਰੂ ਮ: ੩, ਪੰਨਾ 1060/19)

ਸੰਸਾਰੀ ਜੀਵਾਂ ਦੇ ਉੱਧਾਰ ਹਿਤ, ਉਹ ਸਰਬ-ਸ਼ਕਤੀਵਾਨ ਵਾਹਿਗੁਰੂ ਨਿਜੀ ਸ਼ਕਤੀ, ਨਿਜੀ ਪਿਆਰ, ਨਿਜੀ ਉਪਦੇਸ਼, ਅਗੰਮੀ ਦਾਤਾਂ ਪ੍ਰਤਿ ਸੂਝ ਬੂਝ ਦੇਣ ਹਿਤ, ਆਪਣੇ ਪੈਗ਼ੰਬਰਾਂ ਦੇ ਰਾਹੀਂ ਪਾਵਨ ਗੁਰਬਾਣੀ ਦੇ ਸੈਂਚੇ ਵਿਚ ਢਾਲ ਕੇ ਅਸਾਡੇ ਤਕ ਭੇਜਦਾ ਹੈ, ਤਾਂਕਿ ਅਸੀਂ ਸਾਰੇ ਹੀ ਸੰਸਾਰੀ ਜੀਵ ਉਸ ਦੇ ਹੁਕਮ ਵਿਚ ਵਿਚਰਦੇ ਹੋਏ, ਉਸ ਦੀ ਸ਼ਕਤੀ ਨੂੰ ਵਰਤਦੇ ਹੋਏ, ਉਸ ਦੀਆਂ ਬਖ਼ਸ਼ੀਆਂ ਦਾਤਾਂ ਨੂੰ ਭੋਗਦੇ ਹੋਏ, ਉਸ ਦੇ ਪਿਆਰ ਨੂੰ ਮਾਣਦੇ ਹੋਏ, ਜੀਵਨ ਦੇ ਅੰਤਮ ਮਨੋਰਥ, ਸਦੀਵੀ ਜੀਵਨ ਅਥਵਾ ਅਭੇਦਤਾ ਦੀ ਮੰਜ਼ਲ ਪ੍ਰਾਪਤ ਕਰ ਸਕੀਏ। ਉਕਤ ਵਾਰਤਾ ਦੇ ਆਧਾਰ 'ਤੇ ਅਸੀਂ ਇਸ ਨਤੀਜੇ 'ਤੇ ਅੱਪੜੇ ਹਾਂ ਕਿ ਵਾਹਿਗੁਰੂ ਇਕ ਅਤੇ ਕੇਵਲ ਇਕ ਹੈ। ਦੂਜਾ ਹੋਰ ਕੋਈ ਭੀ ਤ੍ਰੈ-ਮੁਖੀ ਰੱਬ ਦੇ ਰੂਪ ਵਿਚ ਉਸ ਦਾ ਸ਼ਰੀਕ ਨਹੀਂ ਹੋ ਸਕਦਾ। ਭਾਵੇਂ ਈਸਾ ਜੀ ਹੋਵੇ, ਭਾਵੇਂ ਹੋਲੀ ਸਪਿਰਟ ਹੋਵੇ, ਰੱਬ ਲਾ-ਸ਼ਰੀਕ ਹੈ, ਉਸ ਦੀ ਬਰਾਬਰੀ ਕੋਈ ਭੀ ਨਹੀਂ ਕਰ ਸਕਦਾ। ਅਗਰ ਕੋਈ ਭੁੱਲੜ ਇਨਸਾਨ ਰੱਬੀ ਵਿਸ਼ਵਾਸ ਤੋਂ ਲਾਂਭੇ ਹਟ ਕੇ ਰੱਬ ਦੀ ਰੀਸ ਅਥਵਾ ਬਰਾਬਰੀ ਕਰਦਾ ਹੋਇਆ ਉਸ ਦਾ ਸ਼ਰੀਕ ਬਣਨ ਦੀ ਜਾਂ ਕਿਸੇ ਹੋਰ ਨੂੰ ਬਣਾਵਣ ਦੀ ਹਿਮਾਕਤ ਕਰਦਾ ਹੈ, ਬਿਲਾ-ਸ਼ੁਬਾ ਉਹ ਆਸਤਿਕ ਨਹੀਂ, ਬਲਕਿ ਨਾਸਤਿਕ (Heretic) ਹੈ। ਤ੍ਰੈ-ਮੁਖੀ ਰੱਬ ਥੀਵਣ ਦਾ ਸਿਧਾਂਤ, ਇਕਾਂਗੀ, ਅਦਵੈਤਵਾਦੀ (Monotheism) ਸਿਧਾਂਤ ਨਹੀਂ ਹੈ, ਬਲਕਿ ਦਵੈਤਵਾਦੀ, ਮੁਸ਼ਰਿਕ (Polytheism) ਸਿਧਾਂਤ ਹੀ ਆਖਿਆ ਜਾ ਸਕਦਾ ਹੈ।

ਵਾਹਿਗੁਰੂ ਵੱਡੀ ਹੂੰ ਵੱਡਾ ਹੈ, ਅਜ਼ੀਮਲ-ਅਜ਼ੀਮ ਹੈ। ਕੋਈ ਭੀ ਪੈਗ਼ੰਬਰ ਅਥਵਾ ਕੋਈ ਭੀ ਸ਼ਕਤੀ ਉਸ ਦੇ ਸਮਾਨ ਨਹੀਂ ਹੋ ਸਕਦੀ। ਹਰ ਪ੍ਰਕਾਰ ਦੀ

ਸ਼ਕਤੀ, ਹਰ ਪ੍ਰਕਾਰੀ ਸਪਿਰਟ, ਅਨੇਕਾਂ ਹੀ ਪੈਗੰਬਰ ਉਸ ਦੇ ਕੋਟਾਨ ਹੂੰ ਕੋਟਾਨ ਖੰਡ ਦੇ ਤੁਲ ਭੀ ਨਹੀਂ ਹੋ ਸਕਦੇ। ਉਸ ਅਜ਼ੀਮਲ-ਅਜ਼ੀਮ ਵਾਹਿਗੁਰੂ ਦਾ ਕੋਈ ਭੀ ਬੇਟਾ ਨਹੀਂ ਹੈ, ਇਸੇ ਚਿੱਤਰ ਦੇ ਦੂਜੇ ਪਾਸੇ ਸਾਰੇ ਜੀਵ ਹੀ ਉਸ ਦੇ ਬੇਟੇ ਹਨ। ਉਹ ਸਮੂਲਚੀ ਬ੍ਰਹਮੰਡੀ ਕਿਰਤ ਦਾ ਸਾਂਝਾ ਪਿਤਾ ਹੈ। ਸਮੂਲਚੀ ਪ੍ਰਕਿਰਤੀ ਹੀ ਉਸ ਦੀਆਂ ਬਖ਼ਸ਼ੀਆਂ ਦਾਤਾਂ ਨੂੰ ਭਿੰਨ ਭਿੰਨ ਵਿਧੀਆਂ ਦੁਆਰਾ ਮਾਣਦੀ ਅਤੇ ਭੋਗਦੀ ਹੈ। ਸਮੂਲਚੇ ਜੀਵਾਂ ਪ੍ਰਤਿ ਵਾਹਿਗੁਰੂ ਦੀ ਪਿਤਾ-ਪੁਰਖੀ ਅਤੇ ਬਖ਼ਸ਼ਸ਼ਾਂ ਦਾ ਜ਼ਿਕਰ ਕਰਦੇ ਹੋਏ ਧੁਰ ਕੀ ਬਾਣੀ ਦੁਆਰਾ ਨਿਰਣਾਤਮਕ ਟੁਕਦੰਮ ਕਰਾਰੀ ਦਾ ਚਿੱਤਰ ਪੇਸ਼ ਕੀਤਾ ਗਿਆ ਹੈ, ਜਿਵੇਂ :

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥ ਨਉ ਨਿਧਿ ਤੇਰੈ ਅਖੁਟ ਭੰਡਾਰਾ॥
ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ॥

(ਮਾਝ ਮ: ੫, ਪੰਨਾ 97/6)

ਇਥੇ ਤਕ ਈਸਾਈ ਮਤਿ ਦੀ ਵਿਚਾਰਧਾਰਾ ਦੇ ਆਧਾਰ 'ਤੇ ਤ੍ਰੈ-ਮੁਖੀ ਰੱਬ ਪ੍ਰਤਿ ਵਿਚਾਰ-ਵਿਮੱਰਸ਼ ਕੀਤਾ ਗਿਆ ਹੈ, ਜਿਸ ਦੇ ਆਧਾਰ 'ਤੇ ਇਸ ਨਿਰਣੈ 'ਤੇ ਪੁੱਜੇ ਹਾਂ ਕਿ ਈਸਾ ਜੀ ਉਸ ਵਾਹਿਗੁਰੂ ਦਾ ਸੰਦੇਸ਼ ਦੇਣ ਵਾਲਾ ਕੇਵਲ ਇਕ ਪੈਗੰਬਰ ਹੈ, ਹੋਲੀ ਸਪਿਰਟ ਜਾਂ ਹੋਲੀ ਘੋਸਟ ਉਸ ਵਾਹਿਗੁਰੂ ਦੀ ਰਚੀ ਹੋਈ ਸ਼ਕਤੀ ਹੈ। ਵਾਹਿਗੁਰੂ ਦੀ ਸ਼ਕਤੀ ਅਤੇ ਈਸਾ ਜੀ ਜੈਸੇ ਅਗਿਣਤ ਹੀ ਪੈਗੰਬਰ ਉਸ ਦੇ ਦਰਵਾਜ਼ੇ 'ਤੇ ਭਿਖਾਰੀ ਬਣ ਕੇ ਜੋਦੜੀਆਂ ਕਰਦੇ ਹਨ। ਜਿਵੇਂ ਈਸਾ ਜੀ ਨੇ ਭੀ ਅੰਤਮ ਸੁਆਸਾਂ ਦੇ ਸਮੇਂ ਪ੍ਰਭੂ ਦੀ ਸਰਣਿ ਵਿਚ ਰੋ ਰੋ ਕੇ ਜੋਦੜੀਆਂ ਕੀਤੀਆਂ ਹਨ, ਜਿਵੇਂ :

(Jesus) saying, "Father, if Thou art willing, remove this cup from Me; yet not My will, but Thine be done."

(New American, Luke, 22:42)

ਈਸਾ ਜੀ ਸਲੀਬ ਨੂੰ ਵੇਖ ਕੇ ਕਹਿਣ ਲੱਗਾ—ਹੇ ਪਿਤਾ! ਜੇ ਤੈਨੂੰ ਚੰਗਾ ਲੱਗਦਾ ਹੈ ਤਦ ਇਹ (ਦੁਖਦਾਈ ਮੌਤ ਦਾ) ਪਿਆਲਾ ਮੈਥੋਂ ਪਰੇ ਕਰ ਦੇ। ਹੁਣ ਤਕ ਮਰਨ ਪ੍ਰਤਿ ਮੇਰੀ ਇੱਛਾ ਨਹੀਂ ਹੈ, ਪਰ ਇਹ ਤੇਰੀ ਇੱਛਾ ਨਾਲ ਹੀ ਹੋਵੇ। (ਇਹ ਉਸ ਦੀ ਵਾਹਿਗੁਰੂ ਅੱਗੇ ਅੰਤਮ ਅਰਦਾਸ ਸੀ। ਇਸ ਦਾ ਭਾਵ ਇਹ ਹੋਇਆ ਕਿ ਈਸਾ ਜੀ ਤ੍ਰੈ-ਮੁਖੀ ਰੱਬ ਨਹੀਂ ਸੀ, ਬਲਕਿ ਅਸਲੀ ਅਤੇ ਕੇਵਲ ਇਕ ਰੱਬ ਤਾਂ ਉਹ ਸੀ ਜਿਸ ਦੇ ਅੱਗੇ ਈਸਾ ਜੀ ਨਿਜੀ ਬਚਾਉ ਲਈ ਅਰਦਾਸ ਕਰਦਾ ਹੈ।) ਨਿਰਣੈ ਇਹ ਹੋਇਆ ਕਿ ਤ੍ਰੈ-ਮੁਖੀ ਰੱਬ ਇਕ ਮਨੋਕਲਪਤ ਸਮੱਗਰੀ ਹੈ ਜੋ ਨਾਈਸੀਨ ਕੌਂਸਿਲ ਦੇ ਸਮੇਂ ਈਸਾਈ ਸ਼ਰਧਾਲੂਆਂ ਦੇ ਗਲੇ ਦਾ ਹਾਰ ਬਣਾ ਕੇ ਈਸਾਈ ਧਰਮ ਦੀ ਜ਼ੀਨਤ ਥਾਪੀ ਗਈ ਔਰ ਇਹ ਨਿਸ਼ਚਿਤ ਕਰ ਦਿੱਤਾ ਗਿਆ ਕਿ ਰੱਬ ਦੀ ਹੋਂਦ ਹੀ ਸਵੈਮ ਰੱਬ ਹੈ, ਉਸ ਦਾ ਬੇਟਾ ਈਸਾ

ਭੀ ਇਕ ਹੋਂਦ ਅਤੇ ਰੱਬ ਹੈ, ਇਕ ਹੋਰ ਹੋਂਦ ਜੋ ਪਵਿੱਤਰ ਘੋਸਟ ਹੈ ਉਹ ਭੀ ਰੱਬ ਹੈ। ਇਹ ਤਿੰਨੇ ਸੰਕਲਪਕ ਚਿੰਨ੍ਹ (God Head) ਕਰਕੇ ਆਖੇ ਜਾਂਦੇ ਹਨ। ਇਨ੍ਹਾਂ ਦੀ ਸੋਭਾ ਅਤੇ ਗੌਰਵ ਭੀ ਇਕ ਸਮਾਨ ਹੈ। ਇਨ੍ਹਾਂ ਦੀ ਪਦਵੀ ਸਦੀਵੀ ਅਤੇ ਸਾਂਝੀ ਹੈ। ਬਾਪੂ ਭੀ ਰੱਬ ਹੈ, ਪੁੱਤਰ ਭੀ ਰੱਬ ਹੈ ਅਤੇ ਹੋਲੀ ਘੋਸਟ ਭੀ ਰੱਬ ਹੈ। ਇਹ ਸਾਰੇ ਤਿੰਨ ਰੱਬ ਹੁੰਦੇ ਹੋਏ ਭੀ ਤਿੰਨ ਨਹੀਂ ਹਨ, ਬਲਕਿ ਇਕ ਰੱਬ ਹਨ। ਈਸਾਈ ਮਤਿ ਦੀ ਇਸ ਉਲਝੀ ਹੋਈ ਤਾਣੀ ਦੇ ਵਿਪਰੀਤ ਅਨੇਕਾਂ ਹੀ ਵਿਦਵਤਾ ਭਰਪੂਰ ਅਤੇ ਕਾਰਣ ਸੰਯੁਕਤ ਪੁਸਤਕ ਸਮੱਗਰੀ ਪ੍ਰਕਾਸ਼ਤ ਹੋ ਚੁੱਕੀ ਹੈ। ਜਿਵੇਂ (ੳ) ਈਸਾ ਜੀ ਨੇ ਕਿਸੇ ਭੀ ਜਗ੍ਹਾ 'ਤੇ ਜਾਂ ਕਿਸੇ ਭੀ ਸਮੇਂ ਤ੍ਰੈ-ਮੁਖੀ ਰੱਬ ਦਾ ਪ੍ਰਗਟਾਵਾ ਨਹੀਂ ਕੀਤਾ। ਕਿਸੇ ਨੇ ਈਸਾ ਜੀ 'ਤੇ ਪ੍ਰਸ਼ਨ ਕੀਤਾ ਕਿ ਸਭ ਤੋਂ ਸ੍ਰੇਸ਼ਟ ਰੱਬੀ ਹੁਕਮ ਕਿਹੜਾ ਹੈ ? ਉਸ ਨੇ ਉੱਤਰ ਦਿੰਦੇ ਹੋਏ ਕੇਵਲ ਇਕ ਰੱਬੀ ਹੋਂਦ ਹੀ ਪ੍ਰਗਟ ਕੀਤੀ ਹੈ। ਉਦਾਹਰਣ ਵਜੋਂ ਈਸਾ ਨੇ ਆਖਿਆ :

Asked Him, "What commandment is the foremost of all ?" 29—Jesus answered, "The foremost is, Hear, O Israel; the Lord our God in One Lord." *(New American, Mark; 12:28-29)*

ਸ਼ੈਤਾਨ ਵਲੋਂ ਪਾਏ ਗਏ ਭਰਮ ਭੁਲੇਖੇ ਤੋੜਨ ਹਿਤ, ਈਸਾ ਜੀ ਨੇ ਉਸ ਨੂੰ ਸੰਬੋਧਨ ਕਰਦੇ ਹੋਏ ਆਖਿਆ :

The Jesus said to him, "(Begone) Go away, Satan ! For it is written, You shall worship the Lord your God, and serve Him Only." *(Mathew; 4: 10)*

ਈਸਾਈ ਮਤਿ ਦੀ ਧਾਰਮਕ ਪੁਸਤਕ ਵਿਚ ਅਨੇਕਾਂ ਹੀ ਐਸੀਆਂ ਹੋਰ ਉਦਾਹਰਣਾਂ ਉਪਲਬਧ ਹੁੰਦੀਆਂ ਹਨ ਜੋ ਕੇਵਲ ਇਕ ਰੱਬ ਦੀ ਗੱਲ ਕਰਦੀਆਂ ਹਨ, ਪ੍ਰੰਤੂ ਈਸਾ ਜੀ ਦੀ ਮੌਤ ਤੋਂ ਸੈਂਕੜੇ ਸਾਲ ਉਪਰੰਤ ਈਸਾਈ ਚਾਤਰਾਂ ਨੇ ਦੁਬਿਧਾਧਾਰੀ ਜੈਂਟਾਇਲ ਨੂੰ ਭਰਮਾਵਨ ਹਿਤ, ਅਨੇਕਾਂ ਪ੍ਰਕਾਰੀ ਐਸੇ ਹੱਥਕੰਡੇ ਵਰਤੇ ਹਨ ਜਿਨ੍ਹਾਂ ਵਿਚ ਤਨਕ-ਮਾਤਰ ਭੀ ਸਚਾਈ ਨਹੀਂ ਹੈ। ਗ਼ਰਜ਼ੇਕਿ, ਪਰਲੇ ਦਰਜੇ ਦੀਆਂ ਬੇਅਰਥ ਅਤੇ ਮਨੋਕਲਪਤ ਰਵਾਇਤਾਂ ਈਸਾਈ ਸਿਧਾਂਤ ਵਿਚ ਸੰਮਿਲਤ ਕੀਤੀਆਂ ਗਈਆਂ, ਤਾਂਕਿ ਦੁਬਿਧਾਧਾਰੀ (Gentile) ਕਬੀਲਿਆਂ ਦੇ ਲੋਕ ਈਸਾਈ ਮਤਿ ਵਿਚ ਆਵਨ ਹਿਤ ਭਰਮਾਏ ਜਾ ਸਕਣ। ਇਸ ਖ਼ਿਆਲ ਦੀ ਪ੍ਰੋੜ੍ਹਤਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

(e) The creed was imported more than a hundred years after Jesus from mythology and paganism rempant in Mediterranean littoral, to attract the Gentiles to Christianity.

(Islam and Christianity, p. 10)

ਈਸਾਈਆਂ ਨੇ ਅਨੇਕਾਂ ਪ੍ਰਕਾਰ ਦੇ ਸਬਜ਼-ਬਾਗ਼ਾਂ ਦੀ ਸੈਰ ਕਰਵਾ ਕੇ ਆਮ ਸਾਧਾਰਨ ਜਨ-ਸੰਖਿਆ ਅਤੇ ਭੋਲੇ-ਭਾਇ ਜੀਵਨ ਬਤੀਤ ਕਰਨ ਵਾਲੇ ਲੋਕਾਂ ਨੂੰ ਗੁੰਮਰਾਹ ਕਰ ਕੇ ਈਸਾਈ ਮਤਿ ਵਿਚ ਪ੍ਰਵੇਸ਼ ਕਰਨ ਹਿਤ ਮਜਬੂਰ ਕੀਤਾ। ਇਸ ਚਿੱਤਰ ਦੇ ਵਿਪਰੀਤ, ਈਸਾਈ ਧਰਮ ਆਪਣੇ ਗਵਾਂਢੀ ਧਰਮਾਂ ਨੂੰ ਸਵੀਕਾਰ ਕਰਨ ਹਿਤ ਬਿਲਕੁਲ ਹੀ ਤਿਆਰ ਨਹੀਂ ਹੈ। ਇਨ੍ਹਾਂ ਨੇ ਦੂਜੇ ਧਰਮਾਂ ਨਾਲੋਂ ਆਪਣਾ ਰੱਬ ਭੀ ਇਕ ਵੱਖਰਾ ਤ੍ਰੈ-ਮੁਖੀ ਰੱਬ ਬਣਾਇਆ ਹੈ। ਮਨਘੜਤ ਖ਼ਿਆਲਾਂ ਦੀ ਉਪਜ ਨੇ ਇਨ੍ਹਾਂ ਨੂੰ ਜਨੂੰਨੀ ਅਤੇ ਇਤਨੇ ਕੱਟੜਵਾਦੀ ਬਣਾ ਛੱਡਿਆ ਹੈ ਕਿ ਇਨ੍ਹਾਂ ਵਾਸਤੇ ਦੂਸਰੇ ਧਰਮਾਂ ਨਾਲ ਮਿਲ ਕੇ ਟੁਰਨਾ ਅਸੰਭਵ ਹੋ ਨਿਬੜਿਆ ਹੈ। ਈਸਾਈ ਮਤਿ ਦਾ ਇਕ ਐਸਾ ਕਲਪਤ ਹਰਚੰਦਉਰੀ ਤਖ਼ੱਯਲ ਹੈ ਕਿ ਇਨ੍ਹਾਂ ਤੋਂ ਬਿਨਾਂ ਦੂਸਰੇ ਧਰਮਾਂ ਦੇ ਸਾਰੇ ਸ਼ਰਧਾਲੂ ਨਰਕਾਂ ਵਿਚ ਜਾਣਗੇ। ਕੇਵਲ ਈਸਾਈ ਸ਼ਰਧਾਲੂ ਹੀ ਈਸਾ ਜੀ ਦੇ ਕਲਪਤ ਸੁਰਗਾਂ ਵਿਚ ਪ੍ਰਵੇਸ਼ ਕਰਨਗੇ। ਕੈਸੀ ਮਨਘੜਤ ਅਤੇ ਹਰਚੰਦਉਰੀ ਗਾਥਾ ਹੈ ?

(ਦੇਖੋ : Mansions of the Spirit, pp. 29-70)

ਇਥੇ ਤਕ ਤ੍ਰੈ-ਮੁਖੀ ਰੱਬ ਦੀ ਗਾਥਾ ਸਮਾਪਤ ਹੁੰਦੀ ਹੈ। ਇਸ ਤੋਂ ਅਗਲੇਰੇ ਪੰਨਿਆਂ ਵਿਚ ਈਸਾ ਜੀ ਦੇ ਪੁਨਰ ਜੀਵਨ ਪ੍ਰਤਿ ਵਾਰਤਾ ਆਰੰਭ ਕਰਨ ਦੀ ਆਗਿਆ ਚਾਹਾਂਗੇ।

6.57 ਮੌਤ ਅਤੇ ਪੁਨਰ ਜੀਵਨ (Death and Resurrection)

ਈਸਾਈ ਵਿਸ਼ਵਾਸ ਦੇ ਅਨੁਸਾਰ ਈਸਾ ਜੀ ਨੂੰ ਸਲੀਬ 'ਤੇ ਚਾੜ੍ਹ ਕੇ ਸਰੀਰ ਵਿਚ ਮੇਖਾਂ ਗੱਡ ਕੇ ਮਾਰਿਆ ਗਿਆ। ਮਰਨ ਤੋਂ ਉਪਰੰਤ ਤੀਸਰੇ ਦਿਨ ਦੋਬਾਰਾ ਜਿਉਂਦੇ ਹੋ ਗਏ। ਈਸਾ ਜੀ ਦੀ ਮੌਤ ਪ੍ਰਤਿ ਈਸਾਈ ਵਿਸ਼ਵਾਸ ਦੇ ਆਧਾਰ 'ਤੇ ਗਾਥਾ ਦਾ ਵੇਰਵਾ ਇਸ ਪ੍ਰਕਾਰ ਦਰਸਾਇਆ ਜਾਂਦਾ ਹੈ ਕਿ ਹਕੂਮਤ ਦੇ ਫ਼ੌਜੀ ਸੈਨਿਕ ਈਸਾ ਜੀ ਨੂੰ 'ਗੋਲਗਾਥਾ' (Calvary) 'ਤੇ ਲੈ ਗਏ। ਹੀਬਰੋ ਭਾਸ਼ਾ ਵਿਚ 'ਗੋਲਗਾਥਾ' ਇਕ ਸਥਾਨ ਦਾ ਨਾਮ ਹੈ ਜਿਸ ਨੂੰ ਅੰਗਰੇਜ਼ੀ ਵਿਚ 'Calvary' ਦੇ ਨਾਮ ਦੁਆਰਾ ਪੁਕਾਰਿਆ ਜਾਂਦਾ ਹੈ। ਇਹ ਸਥਾਨ ਪੁਰਾਤਨ ਜੈਰੋਸ਼ਲਮ ਤੋਂ ਬਾਹਰ ਸੀ ਜਿਥੇ ਈਸਾ ਜੀ ਨੂੰ ਸਲੀਬ 'ਤੇ ਚਾੜ੍ਹਿਆ ਗਿਆ। ਪ੍ਰੰਤੂ ਕਿਸੇ ਨੂੰ ਭੀ ਇਹ ਗਿਆਨ ਨਹੀਂ ਹੈ ਕਿ ਵਾਸਤਵਿਕ ਤੌਰ 'ਤੇ ਉਹ ਕਿਹੜੀ ਜਗ੍ਹਾ ਹੈ ਜਿਸ ਨੂੰ 'ਗੋਲਗਾਥਾ' ਦੇ ਨਾਮ ਦੁਆਰਾ ਪੁਕਾਰਿਆ ਜਾਂਦਾ ਹੈ। ਕੇਵਲ ਖ਼ਿਆਲ ਕੀਤਾ ਜਾਂਦਾ ਹੈ ਕਿ ਜਿਥੇ ਅੱਜ ਕੱਲ੍ਹ ਸੈਪੂਲਚਰ (Sepulchre) ਗਿਰਜਾ ਸਥਿਤ ਹੈ, ਉਹੀ ਸਥਾਨ 'ਗੋਲਗਾਥਾ' ਹੈ। ਸੂਲੀ ਚਾੜ੍ਹਨ ਤੋਂ ਪਹਿਲਾਂ ਸਮੇਂ ਦੀ ਰੀਤੀ ਅਨੁਸਾਰ ਈਸਾ ਜੀ ਨੂੰ ਅੰਗੂਰਾਂ ਦੀ ਸ਼ਰਾਬ ਕਿਸੇ

ਨਸ਼ੀਲੀ ਦਵਾਈ ਨਾਲ ਮਿਲਾ ਕੇ ਪੀਣ ਹਿਤ ਦਿੱਤੀ ਗਈ ਤਾਂਕਿ ਮਰਨ ਵੇਲੇ ਬਹੁਤੀ ਪੀੜ ਮਹਿਸੂਸ ਨਾ ਹੋਵੇ ਅਤੇ ਅਲੀਜਾਹ ਇਸ ਦੀ ਰੱਖਿਆ ਕਰ ਸਕੇ। ਲਗਪਗ ਸਵੇਰ ਦੇ ਸਮੇਂ ਉਸਨੂੰ ਮੇਖਾਂ ਗੱਡ ਕੇ ਸਲੀਬ 'ਤੇ ਟੰਗ ਦਿੱਤਾ। ਲੋਕਾਂ ਨੂੰ ਖ਼ਬਰਦਾਰ ਕਰਨ ਹਿਤ ਉਸ ਦੀ ਸਲੀਬ ਉੱਤੇ ਇਹ ਲਿਖ ਕੇ ਲਾਇਆ ਗਿਆ ਕਿ ਇਹ ਹੈ ਯਹੂਦੀਆਂ ਦਾ ਬਾਦਸ਼ਾਹ! ਕੁਝ ਸਮੇਂ ਤੋਂ ਉਪਰੰਤ ਉਸ ਦੀ ਮ੍ਰਿਤੂ ਹੋ ਗਈ ਔਰ ਮ੍ਰਿਤੂ ਤੋਂ ਥੋੜਾ ਸਮਾਂ ਪਹਿਲਾਂ ਈਸਾ ਜੀ ਦੁਖਦਾਈ ਮੌਤ ਤੋਂ ਭੈ-ਭੀਤ ਹੋ ਕੇ ਰੋਣ ਲਗ ਪਏ, ਮੌਤ ਤੋਂ ਬਚਣ ਵਾਸਤੇ ਪ੍ਰਭੂ ਦੇ ਦਰਬਾਰ ਵਿਚ ਜੋਦੜੀ ਕੀਤੀ ਕਿ ਹੇ ਮੇਰੇ ਪ੍ਰਭੂ! ਤੂੰ ਮੈਨੂੰ ਕਿਉਂ ਵਿਸਾਰ ਦਿੱਤਾ ਹੈ। ਅਤਿ ਨਿਮਰਤਾ ਸਹਿਤ ਅਰਦਾਸ ਕੀਤੀ—ਹੇ ਪ੍ਰਭੂ! ਮੈਨੂੰ ਇਸ ਦੁਖਦਾਈ ਘਟਨਾ ਤੋਂ ਬਚਾ ਲੈ, ਅਜੇ ਮੇਰਾ ਦਿਲ ਮਰਨ ਲਈ ਤਿਆਰ ਨਹੀਂ ਹੈ। ਇਸ ਖ਼ਿਆਲ ਦੀ ਪ੍ਰੋੜ੍ਹਤਾ *ਅੰਜੀਲ* ਦੇ ਪੰਨਿਆਂ ਵਿਚ ਭੀ ਕੀਤੀ ਗਈ ਹੈ, ਜਿਵੇਂ :

34—And at the ninth hour Jesus cried out with a loud voice, Eloi, Eloi, lama sabachthani ? Which is translated, "My God, My God, why hast Thou Forsaken Me ?" *(Mark, 15:34)*

42—Father, he said, "If you will, take this cup of suffering away from me, Not my will, however, but your will be done." *(Luke, 22:42)*

ਮ੍ਰਿਤੂ ਦੇ ਸਮੇਂ ਈਸਾ ਜੀ ਨੇ ਪ੍ਰਭੂ ਅੱਗੇ ਬੇਨਤੀ ਕੀਤੀ ਕਿ ਹੇ ਮੇਰੇ ਸੁਆਮੀ! ਜੇਕਰ ਤੇਰੀ ਇੱਛਾ ਹੋਵੇ ਤਦ ਇਹ ਮੌਤ ਦਾ ਦੁਖਦਾਈ ਪਿਆਲਾ ਮੈਥੋਂ ਪਰੇ ਹਟਾ ਲੈ। ਇਹ ਮੇਰੀ ਇੱਛਾ ਦੁਆਰਾ ਨਹੀਂ ਹੋ ਸਕਦਾ, ਕੇਵਲ ਤੇਰੀ ਇੱਛਾ ਦੁਆਰਾ ਹੀ ਹੋ ਸਕਦਾ ਹੈ। ਈਸਾਈ ਵਿਚਾਰਧਾਰਾ ਦੇ ਆਧਾਰ 'ਤੇ ਜਦੋਂ ਅਸੀਂ ਮੌਤ ਦੇ ਹਮਲੇ ਨੂੰ ਕਿਸੇ ਖ਼ਾਸ ਗਹਿਰਾਈ ਵਿਚ ਸਮਝਣ ਦਾ ਯਤਨ ਕਰਦੇ ਹਾਂ, ਤਦ ਮ੍ਰਿਤੂ ਨੂੰ ਮਾਨਵੀਕਰਣ ਦੇ ਦਾਇਰੇ ਵਿਚ ਉਲੀਕਦੇ ਹੋਏ ਈਸਾ ਜੀ ਦੀ ਮ੍ਰਿਤੂ ਦੇ ਸੰਖੇਪ ਨਿਸ਼ਾਨ ਨਿਮਨ ਲਿਖਤ ਦੇ ਆਧਾਰ 'ਤੇ ਵੇਖੇ ਜਾ ਸਕਦੇ ਹਨ ਕਿ ਮੌਤ ਇਨਸਾਨ ਦਾ ਸਭ ਤੋਂ ਵੱਡਾ ਦੁਸ਼ਮਨ ਅਤੇ ਭੈ-ਭੀਤ ਕਰਨ ਵਾਲਾ ਵਿਸ਼ਾਲ ਪ੍ਰੇਤ ਹੈ। ਮੌਤ ਦੀ ਭਿਆਨਕ ਛਲਵਾਨ ਦਾ ਅਕਸ ਸੰਸਾਰੀ ਜੀਵਾਂ ਦੀ ਅਸਤਿਤਵ ਉੱਤੇ ਹਮੇਸ਼ਾ ਹੀ ਛਾਇਆ ਰਹਿੰਦਾ ਹੈ। ਇਹੀ ਉਹ ਤਖ਼ੱਯਲ ਹੈ ਜੋ ਇਨਸਾਨ ਦੇ ਕਲਾਵੇ ਵਿਚ ਨਹੀਂ ਆ ਸਕਦਾ। ਧਾਰਮਿਕ ਸੰਸਾਰ ਦੇ ਖੇਤਰ ਵਿਚ ਮੌਤ ਨਾਲ ਮਿੱਤ੍ਰਤਾ ਸਥਾਪਨ ਕਰਨੀ ਇਕ ਦੁਸ਼ਵਾਰ ਘਾਟੀ ਨੂੰ ਸਰ ਕਰਨ ਵਾਲੀ ਸਥਿਤੀ, ਅਸੰਭਵ ਸਮੱਸਿਆ ਅਤੇ ਅਤਿ ਵਿਕਰਾਲ ਵਿਰੋਧੀ ਧਿਰ ਦਾ ਸਾਹਮਣਾ ਕਰਨਾ ਹੈ। ਸਾਧਾਰਨ ਜੀਵਾਂ ਪ੍ਰਤਿ ਮੌਤ ਦਾ ਇਕ ਲਾ-ਜਵਾਬ ਅਤੇ ਦਹਿਸ਼ਤ ਪੈਦਾ ਕਰਨ ਵਾਲਾ ਹਊਆ, ਜੋ

ਹਰ ਜੀਵ ਨੂੰ ਆਪਣਾ ਰਿਣੀ ਥੀਵਣ ਲਈ ਮਜਬੂਰ ਕਰਦਾ ਹੈ। ਕੀ ਮੌਤ ਇਕ ਸਾਧਾਰਨ ਤੌਰ 'ਤੇ ਅਰੁਚੀ-ਸੰਪੰਨ ਅਥਵਾ ਰੱਬੀ ਜਮਾਲ ਦੀ ਤਬਾਹੀ ਕਰਨ ਵਾਲਾ ਅਸਵੀਕਾਰਤ, ਘਿਰਣਤ ਮਾਰੂ ਝਟਕਾ ਅਤੇ ਜੀਵਨ ਦੇ ਵਿਰੁੱਧ ਅਦਾਲਤੀ ਵਿਨਾਸ਼ ਦਾ ਇਤਲਾਹ-ਨਾਮਾ ਤਾਂ ਨਹੀਂ ਹੈ ? ਇਹੀ ਵੱਡਾ ਕਾਰਣ ਸੀ ਕਿ ਈਸਾ ਜੀ ਅਤੇ ਉਸ ਦੇ ਸੇਵਕ ਮੌਤ ਦੇ ਮਾਰੂ ਅਤੇ ਵਿਨਾਸ਼ਕਾਲੀ ਝਟਕੇ ਦੀ ਤਾਬ ਨਾ ਸਹਾਰਦੇ ਹੋਏ ਪਿੱਛੇ ਹਟਣ ਲੱਗੇ, ਸਲੀਬ 'ਤੇ ਚੜ੍ਹਨ ਲੱਗੇ ਡਿੱਗ ਪਏ, ਮੌਤ ਦਾ ਮਾਰੂ ਝਟਕਾ ਨਾ ਸਹਾਰਦੀ ਹੋਈ, ਅੰਤਮ ਸੁਆਸਾਂ ਦੀ ਲੜੀ ਰੁਦਨਮਈ ਕੁਰਲਾਹਟ ਦੇ ਮਾਹੌਲ ਵਿਚ ਸਦੀਵਕਾਲ ਲਈ ਸੁਰਚੀ-ਸੰਪੰਨ ਕਾਇਆਂ ਨੂੰ ਅਲਵਿਦਾ ਆਖਣ ਲਈ ਮਜਬੂਰ ਹੋ ਗਈ। ਅੰਤਮ ਸਮੇਂ ਈਸਾ ਜੀ ਨੇ ਉੱਚੀ ਆਵਾਜ਼ ਦੁਆਰਾ ਰੋ ਰੋ ਕੇ ਕੁਝ ਆਖਣਾ ਚਾਹਿਆ, ਪ੍ਰੰਤੂ ਕਾਇਆਂ ਨੂੰ ਸੁੰਞੀ ਛੱਡ ਕੇ ਜੀਵਾਤਮਾ ਹਮੇਸ਼ਾ ਲਈ ਵਿਦਾ ਹੋ ਚੁੱਕਾ ਸੀ। ਉਕਤ ਦਰਸਾਈ ਵਾਰਤਿਕ ਸਮੱਗਰੀ ਦੀ ਪ੍ਰੋੜ੍ਹਤਾ *ਅੰਜੀਲ* ਦੇ ਪੰਨਿਆਂ ਵਿਚ ਨਿਮਨ ਲਿਖਤ ਦੇ ਆਧਾਰ 'ਤੇ ਕੀਤੀ ਗਈ ਹੈ, ਜਿਵੇਂ :

36—And some one ran and filled a sponge with sour wine, put it on a reed, and gave Him a drink, saying, "Let us see whether Elijah will come to take Him down."

37—And Jesus uttered a loud cry, and breathed His last.

(Mark, 15:36-37)

ਈਸਾਈ ਮਤਿ ਦੀ ਵਿਸ਼ਵਾਸ ਪ੍ਰਣਾਲੀ ਜ਼ਰੂਰਤ ਤੋਂ ਜ਼ਿਆਦਾ ਕੱਟੜਵਾਦ ਅਤੇ ਜਨੂੰਨੀ ਧਾਰਾ ਦੇ ਭੰਵਰ ਵਿਚ ਆ ਚੁੱਕੀ ਹੈ ਜੋ ਕਿ ਵਰਤਮਾਨ ਕਸਵੱਟੀ ਦੀ ਪੱਧਰ ਤੋਂ ਲਾਂਭੇ ਅਥਵਾ ਰੇਲ ਦੀ ਲੀਹ ਤੋਂ ਲਹਿ ਚੁੱਕੀ ਹੈ। ਪਟੜੀ ਤੋਂ ਲੱਥੀ ਹੋਈ ਕਿਸੇ ਭੀ ਧਾਰਮਕ ਪ੍ਰਣਾਲੀ ਦਾ ਭਵਿੱਖ ਕਦੀ ਭੀ ਸਾਰਥਿਕ ਨਹੀਂ ਹੋ ਸਕਦਾ, ਬੁੱਧੀ ਦੁਆਰਾ ਉਲੀਕੀ ਹੋਈ ਤਰਕਸ਼ੀਲਤਾ ਦੀ ਬਲੀ ਦਿੱਤਿਆਂ ਹੀ, ਜਨੂੰਨੀ ਵਿਰਤੀ ਤੋਂ ਛੁਟਕਾਰੇ ਦੀ ਰੋਸ਼ਨੀ ਵੇਖੀ ਜਾ ਸਕਦੀ ਹੈ। ਕੱਟੜਵਾਦ ਦੀ ਤਾਲੀਮ ਇਕ ਝੱਖੜ ਦੀ ਨਿਆਈਂ ਹੁੰਦੀ ਹੈ, ਭਾਵੇਂ ਲਘੂ ਸਮੇਂ ਵਾਸਤੇ ਸ਼ਾਂਤੀ, ਹਿਫ਼ਾਜ਼ਤ ਅਤੇ ਤਸਕੀਨ ਜ਼ਰੂਰ ਬਖ਼ਸ਼ਦੀ ਹੈ, ਪ੍ਰੰਤੂ ਝੱਖੜ ਦੀ ਹੱਲਾਸ਼ੇਰੀ ਦੇ ਲੰਘਿਆਂ ਫਿਰ ਉਹੀ ਨਿਰਾਸਤਾ, ਨਿਸਫਲਤਾ ਅਤੇ ਮਾਯੂਸੀ ਦੇ ਚਿੱਤਰ ਨਿਤਾਪ੍ਰਤਿ ਜੀਵਨ ਦੇ ਅਵਿੱਛੜ ਅੰਗ ਬਣੇ ਰਹਿੰਦੇ ਹਨ। ਇਥੇ ਧਿਆਨ ਗੋਚਰੀ ਕੇਵਲ ਇਕ ਹੀ ਤੱਤ੍ਰਤਾ ਹੈ ਕਿ ਪੁਨਰ ਜਾਗ੍ਰਤੀ ਦਾ ਖੇਤਰ ਇਨਸਾਨੀ ਤਰਕਸ਼ੀਲਤਾ ਦੁਆਰਾ ਨਹੀਂ ਉਲੀਕਿਆ ਜਾ ਸਕਦਾ, ਜਦੋਂ ਤਕ ਕਿ ਵਾਹਿਗੁਰੂ ਦੀ ਜੋਤਿ ਦਾ ਜਜ਼ਬਾ ਤਰਕਸ਼ੀਲਤਾ ਦਾ ਭਾਈਵਾਲ ਨਾ ਬਣ ਜਾਵੇ। ਇਹੀ ਵੱਡਾ ਕਾਰਣ ਸੀ ਅਤੇ ਹੈ ਜਦੋਂ ਪਿਛਲੀ ਸਦੀ ਦੇ ਕੁਝ ਈਸਾਈ

ਸ਼ਰਧਾਲੂ ਇਹ ਆਖਣ ਲਈ ਮਜਬੂਰ ਹੋ ਗਏ ਕਿ ਈਸਾ ਜੀ ਕੁਮਾਰੀ ਕੰਨਿਆ ਤੋਂ ਪੈਦਾ ਨਹੀਂ ਹੋਇਆ ਅਤੇ ਉਹ ਕਬਰ ਵਿਚੋਂ ਦੋਬਾਰਾ ਜਿਊਂਦਾ ਹੋ ਕੇ ਨਹੀਂ ਉਠਿਆ।

(See, Fundamental and the Word of God, p. 25)

ਸੰਸਾਰ ਪੱਧਰ 'ਤੇ ਇਹ ਗੱਲ ਸਾਬਤ ਹੋ ਚੁੱਕੀ ਹੈ ਕਿ ਧਰਮ ਦਾ ਪ੍ਰਚਾਰ ਧਰਮ ਪੁਸਤਕ ਨੂੰ ਧਿਆਨ ਵਿਚ ਰੱਖਦੇ ਹੋਏ ਵਿਰਤੀਹਾਣ ਸਮੇਂ ਦੀ ਨਬਜ਼ ਦੇ ਆਧਾਰ 'ਤੇ ਕੀਤਾ ਜਾਵੇ। ਕਿਸੇ ਭੀ ਵਿਦਵਾਨ 'ਤੇ ਤਰਕਸ਼ੀਲਤਾ ਦੇ ਦਰਵਾਜ਼ੇ ਕਦੀ ਭੀ ਬੰਦ ਨਹੀਂ ਕੀਤੇ ਜਾ ਸਕਦੇ, ਕਿਉਂਕਿ ਵਿਦਵਤਾ ਅਤੇ ਤਰਕਸ਼ੀਲਤਾ ਜੈਸੀਆਂ ਦਾਤਾਂ ਭੀ ਵਾਹਿਗੁਰੂ ਦੀ ਬਖ਼ਸ਼ਸ਼ ਅਤੇ ਰਹਿਮਤ ਦੁਆਰਾ ਹੀ ਪ੍ਰਾਪਤ ਹੁੰਦੀਆਂ ਹਨ। ਬਸ਼ਰਤੇਕਿ, ਬਿਬੇਕੀ ਵਿਦਵਾਨ ਦਰਗਾਹੀ ਸ਼ਬਦ ਦੇ ਆਧਾਰ 'ਤੇ ਤਰਕਸ਼ੀਲਤਾ ਦੇ ਦਰਵਾਜ਼ੇ ਖੋਲ੍ਹਣ ਅਤੇ ਬੰਦ ਕਰਨ ਦੀ ਮੁਹਾਰਤ ਰੱਖਦਾ ਹੋਵੇ। ਤਰਕਸ਼ੀਲ ਸਵਤੰਤਰਤਾ ਕਿਸੇ ਭੀ ਵਿਦਵਾਨ ਦਾ ਜਮਾਂਦਰੂ ਹੱਕ ਹੈ, ਪ੍ਰੰਤੂ ਕਿਸੇ ਭੀ ਧਰਮ ਦੇ ਵਿਰੁੱਧ ਵਿਦਰੋਹ ਕਰਨਾ ਅਥਵਾ ਨਿਜੀ ਧਰਮ ਨੂੰ ਤੱਤ੍ਵਤਾ ਤੋਂ ਰਹਿਤ ਇਤਨਾ ਵਧਾ ਚੜ੍ਹਾ ਕੇ ਬਿਆਨ ਕਰਨਾ ਕਿ ਜਿਸ ਦੀ ਮੂਲਿਕ ਧਾਰਾ ਰੇਤੇ ਦੀਆਂ ਬੁਨਿਆਦਾਂ 'ਤੇ ਉਸਰੀ ਹੋਵੇ, ਐਸੀ ਮਨਘੜਤ ਗੰਢੜੀ ਦਰਗਾਹੀ ਪਾਪ ਹੀ ਆਖਿਆ ਜਾ ਸਕਦਾ ਹੈ।

ਈਸਾਈ ਮਤਿ ਦਾ ਬਹੁਤ ਹੀ ਵੱਡਾ ਸ਼ਰਧਾਲੂ ਜਿਸ ਦਾ ਨਾਮ ਰੀਮਾਰੱਸ (Reimarus) ਕਰ ਕੇ ਲਿਖਿਆ ਮਿਲਦਾ ਹੈ, ਉਹ ਸੰਸਾ ਰਹਿਤ ਹੋ ਕੇ ਲਿਖਦਾ ਹੈ ਕਿ ਈਸਾ ਜੀ ਨੇ ਰੱਬੀ ਬਾਦਸ਼ਾਹੀ ਦੇ ਆਵਨ ਪ੍ਰਤਿ ਪ੍ਰਚਾਰ ਕੀਤਾ। ਨਿਰਸੰਦੇਹ ਈਸਾ ਜੀ ਭਰਮ ਭੁਲੇਖਿਆਂ ਤੋਂ ਨਵਿਰਤ ਅਤੇ ਰੱਬ ਦਾ ਪਿਆਰਾ ਬੰਦਾ ਸੀ। ਰੀਮਾਰੱਸ ਨੇ ਈਸਾਈ ਮਤਿ ਨੂੰ ਨਿਰੀਖਣ ਕਰਦੇ ਹੋਏ ਲਿਖਿਆ ਹੈ ਕਿ ਈਸਾਈ ਸਿਧਾਂਤ ਉਨ੍ਹਾਂ ਪੁਰਾਤਨ ਈਸਾਈਆਂ ਦੀ ਉਪਜ ਹੈ ਜਿਨ੍ਹਾਂ ਨੇ ਈਸਾ ਜੀ ਦੀ ਮੁਰਦਾ ਦੇਹੀ ਚੋਰੀ ਕਰ ਕੇ ਇਹ ਦਾਅਵਾ ਕੀਤਾ ਕਿ ਈਸਾ ਜੀ ਕਾਇਆਂ ਸਮੇਤ ਪੁਨਰ ਜੀਵਨ ਨੂੰ ਪ੍ਰਾਪਤ ਹੋ ਗਏ। ਇਸ ਖ਼ਿਆਲ ਦੀ ਤਾਤਵਿਕ ਵਾਰਤਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

According to him (Reimarus), Jesus preached the coming of God's kingdom, but he died forsaken by God and disillusioned. Christianity was viewed as the product of early disciples who stole the corpse, proclaimed a bodily resurrection and gathered followers.

The most popular "lives of Jesus," the two by David Friedrich

Strauss, rejected most of the Gospel material as mythology; and Bruno Bauer ended his quest by denying that there ever was a historical Jesus. Bauer explained all the stories about Jesus as the product of the imagination of the primitive Christian community.

(James Montgomery, The Sovereign God, Vol. I, pp. 100-101)

ਈਸਾ ਜੀ ਦੇ ਪੁਨਰ ਜੀਵਨ ਪ੍ਰਤਿ ਉਕਤ ਦਰਸਾਈਆਂ ਕੁਝ ਉਦਾਹਰਣ ਈਸਾਈ ਸ਼ਰਧਾਲੂਆਂ ਦੀਆਂ ਲਿਖਤਾਂ ਦੇ ਆਧਾਰ 'ਤੇ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿਚ ਇਹ ਨਿਰਣੈ ਕੀਤਾ ਗਿਆ ਹੈ ਕਿ ਪੁਰਾਤਨ ਸਮੇਂ ਦੇ ਈਸਾਈਆਂ ਨੇ ਈਸਾ ਜੀ ਦੀ ਲੋਥ ਨੂੰ ਚੋਰੀ ਕਰ ਕੇ ਕਿਸੇ ਥਾਂ 'ਤੇ ਖ਼ਤਮ ਕਰ ਦਿੱਤਾ ਅਤੇ ਈਸਾਈ ਜਗਤ ਵਿਚ ਇਹ ਪ੍ਰਸਿੱਧ ਕੀਤਾ ਗਿਆ ਕਿ ਈਸਾ ਜੀ ਦੇਹੀ ਸਮੇਤ ਪੁਨਰ ਜੀਵਨ ਨੂੰ ਪ੍ਰਾਪਤ ਹੋ ਗਏ। ਹੁਣ ਅਸੀਂ ਇਸੇ ਵਿਸ਼ੇ ਪ੍ਰਤਿ ਕੁਝ ਉਦਾਹਰਣਾਂ ਇਸਲਾਮਿਕ ਜਗਤ ਦੀਆਂ ਲਿਖਤਾਂ ਦੇ ਆਧਾਰ 'ਤੇ ਇਕੱਤਰ ਕਰ ਰਹੇ ਹਾਂ।

ਇਸਲਾਮ ਅਤੇ ਈਸਾਈਅਤ ਦਾ ਕਰਤਾ *ਅੰਜੀਲ* ਦੇ ਆਧਾਰ 'ਤੇ ਕੁਝ ਐਸੀਆਂ ਉਦਾਹਰਣਾਂ ਪੇਸ਼ ਕਰਦਾ ਹੈ, ਜੋ ਅਤਿ ਹੈਰਾਨ ਕਰਨ ਵਾਲੀ ਗਾਥਾ ਪ੍ਰਗਟ ਕਰਦੀਆਂ ਹਨ। ਉਹ ਕਥਨ ਕਰਦਾ ਹੈ ਕਿ ਈਸਾ ਜੀ ਨੇ ਇਸ ਮੌਤ ਦੇ ਪਿਆਲੇ ਤੋਂ ਪਰੇ ਰਹਿਣ ਲਈ ਹਰ ਸੰਭਵ ਯਤਨ ਕੀਤਾ। ਸਾਥੀਆਂ ਸਮੇਤ ਆਪਣੇ ਆਪ ਨੂੰ ਛੁਪਾਉਣ ਦੇ ਅਨੇਕਾਂ ਹੀ ਯਤਨ ਕੀਤੇ, ਤਾਂਕਿ ਜਾਨ-ਲੇਵਾ ਗ੍ਰਿਫ਼ਤਾਰੀ ਤੋਂ ਸੁਰੱਖਿਅਤ ਰਹਿ ਸਕੇ। ਅਤਿ ਰੁਦਨਮਈ ਦਸ਼ਾ ਵਿਚ ਵਿਚਰਦੇ ਹੋਏ ਆਪਣੇ ਆਪ ਨੂੰ ਕਿਸੇ ਗੁਫ਼ਾ ਵਿਚ ਲੁਕਾਉਣ ਦਾ ਯਤਨ ਕੀਤਾ, ਪ੍ਰੰਤੂ ਸਫਲ ਨਾ ਹੋ ਸਕਿਆ। ਉਸ ਨੇ ਲੋਕਾਂ ਦੇ ਪਾਪਾਂ ਦੀ ਖ਼ਾਤਰ ਕਿਸੇ ਪ੍ਰਕਾਰ ਦੀ ਕੁਰਬਾਨੀ ਨਹੀਂ ਦਿੱਤੀ, ਬਲਕਿ ਉਹ ਆਪਣੇ ਆਪ ਨੂੰ ਛੁਪਾਉਣ ਤੋਂ ਅਸਮਰੱਥ ਰਿਹਾ ਅਤੇ ਇਕ ਨਿਜੀ ਸਾਥੀ ਦੀ ਖ਼ਬਰ ਦੇ ਆਧਾਰ 'ਤੇ ਕਰਮਚਾਰੀਆਂ ਨੇ ਉਸ ਨੂੰ ਸਰਕਾਰੀ ਹਿਰਾਸਤ ਵਿਚ ਕੈਦ ਕੀਤਾ। ਇਸਲਾਮਿਕ ਲਿਖਾਰੀ ਦੀ ਅਸਲੀ ਸ਼ਬਦਾਵਲੀ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

The above two creeds are based on the thinking that Jesus voluntarily gave supreme sacrifice. That thinking is against facts for:

(Islam and Christianity, p. 23)

(a) The gospels show that Jesus did his level best to hide and evade his arrest, so much so that he lamented that while even a fox had a hole to hide in, the "son of man" [Jesus himself] had nowhere to lay his head.

(b) And when arrest and crucifixion seemed imminent, the attitude to Jesus was far from that of a person gladly seeking crucifixion to save the sinful humanity. Consider the following :

"My soul is exceedingly sorrowful unto death. And he went forward a little and fell on the ground and prayed that if it were possible, the hour might pass from him. And he said : "Abba, Father, all things are possible unto thee; take away this cup from me." *(Mark, 14:34-36)*

"And being in agony he prayed more earnestly and his sweat was as it were drops of blood falling down to the ground."

(Luke, 22:44)

"My soul is exceedingly sorrowful even unto death."

(Mathew, 26:38)

On the cross, Jesus cried, "My God, my God, why hast thou forsaken me ?" *(Mathew, 27:46)*

Islam and Christianity ਦੇ ਲਿਖਾਰੀ ਨੇ ਈਸਾ ਜੀ ਦੀ ਪੈਗੰਬਰੀ ਪ੍ਰਤਿ ਬਹੁਤ ਕਠੋਰ ਅਤੇ ਅਸੱਭਿਅਕ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ, ਜਿਸ ਦੀ ਵਾਸਤਵਿਕ ਰੂਪ-ਰੇਖਾ ਪੰਜਾਬੀ ਅਤੇ ਅੰਗਰੇਜ਼ੀ ਵਿਚ ਕੀਤੀ ਜਾ ਰਹੀ ਹੈ ਜਿਵੇਂ :

ਈਸਾ ਜੀ ਦੀ ਜਿਸਮਾਨੀ ਅਤੇ ਮਾਨਸਿਕ ਪੀੜਾ ਉਕਤ ਦਰਸਾਈ ਵਾਰਤਿਕ ਸਮੱਗਰੀ ਦੁਆਰਾ ਦਰਸਾਈ ਗਈ ਹੈ। ਐਸੀ ਅਪਜਸੀ ਦਸ਼ਾ ਤੋਂ ਉਸ ਦੀ ਕੀਤੀ ਹੋਈ ਜੋਦੜੀ ਉਸ ਨੂੰ ਸੂਲੀ 'ਤੇ ਚੜ੍ਹਨੋਂ ਕਿਵੇਂ ਬਚਾ ਸਕਦੀ ਸੀ ਜਦੋਂ ਕਿ ਉਹ ਇਕ ਅਭਾਗਾ ਅਤੇ ਰੱਬ ਦਾ ਸਰਾਪਿਆ ਹੋਇਆ ਬੰਦਾ ਸੀ। ਇਕ ਪੈਗੰਬਰ ਨੂੰ ਮੌਤ ਦੀ ਸਜ਼ਾ ਮਿਲਣੀ ਹੀ ਚਾਹੀਦੀ ਹੈ, ਜਦੋਂ ਕਿ ਉਹ ਝੂਠੀ ਭਵਿੱਖਬਾਣੀ ਕਰਦਾ ਹੋਵੇ। *(Deuteronomy, 18:20)*

ਝੂਠੀ ਭਵਿੱਖਬਾਣੀ ਕਰਨ ਦਾ ਸਿੱਟਾ ਸੀ ਕਿ ਉਹ ਸੂਲੀ 'ਤੇ ਟੰਗਿਆ ਗਿਆ। ਇਹੀ ਕਾਰਣ ਸਨ ਜੋ ਈਸਾ ਜੀ ਨੂੰ ਸੰਕਟ ਅਤੇ ਮਾਨਸਿਕ ਪੀੜਾ ਦੇ ਖੇਤਰ ਵਿਚ ਪ੍ਰਵੇਸ਼ ਕਰਦੇ ਸਨ। ਰੱਬ ਕਦੇ ਭੀ ਉਸ ਨੂੰ ਯਹੂਦੀਆਂ ਹੱਥੋਂ ਸੂਲੀ 'ਤੇ ਨਾ ਚੜ੍ਹਾਉਣ ਦਿੰਦਾ, ਜੇਕਰ ਉਹ ਝੂਠੀ ਭਵਿੱਖਬਾਣੀ ਕਰਨ ਵਾਲਾ ਸਰਾਪਿਆ ਹੋਇਆ ਪੈਗੰਬਰ ਨਾ ਹੁੰਦਾ। *(Islam and Christianity, p. 25)*

ਉਕਤ ਲਿਖਤ ਪੰਜਾਬੀ ਵਾਰਤਾ ਦਾ ਸਹੀ ਰੂਪ ਇੰਗਲਿਸ਼ ਭਾਸ਼ਾ ਵਿਚ ਨਿਮਨ ਲਿਖਤੰ ਦੁਆਰਾ ਵੇਖਿਆ ਜਾ ਸਕਦਾ ਹੈ, ਜਿਵੇਂ :

The great distress and anguish of Jesus has been described

above. How could his prayer for being saved from the ignominy of being hanged on cross is accursed of God. And for a prophet to be killed is the sign of his being a false prophet.

(Deuteronomy, 18:20)

It is these consequences of being hanged and killed on the cross that caused such distress and anguish to Jesus. And God could not possibly have let the Jews kill Jesus on the cross and thus prove him to not only a false prophet but also accursed of God. *(Islam and Christianity, p. 25)*

ਪਾਵਨ ਗੁਰਬਾਣੀ ਦੁਆਰਾ ਕਈ ਜਗ੍ਹਾ 'ਤੇ ਇਹ ਨਿਰਣੈ ਕੀਤਾ ਗਿਆ ਹੈ ਕਿ ਉਹ ਵਾਹਿਗੁਰੂ, ਆਪਣੇ ਸੇਵਕਾਂ ਦੀ ਅਰਦਾਸ ਕਬੂਲ ਕਰਦਾ ਹੈ। ਜਿਵੇਂ, ਨਾਮਦੇਵ ਜੀ ਦੀ ਜੋਦੜੀ ਸੁਣ ਕੇ ਮੁਈ ਹੋਈ ਗਊ ਨੂੰ ਪੁਨਰ ਜੀਵਨ ਬਖ਼ਸ਼ਿਆ ਅਤੇ ਸਮੇਂ ਦੇ ਬਾਦਸ਼ਾਹ ਦੇ ਜ਼ੁਲਮ ਤੋਂ ਨਾਮਦੇਵ ਜੀ ਦੀ ਰੱਖਿਆ ਕੀਤੀ। ਭਗਤ ਪ੍ਰਹਿਲਾਦ ਦੀ ਜੋਦੜੀ ਸੁਣ ਕੇ ਪਾਪੀ ਹਰਣਾਖਸ਼ ਕੋਲੋਂ ਉਸ ਦੀ ਜਾਨ ਬਖ਼ਸ਼ੀ ਕੀਤੀ। ਵਾਹਿਗੁਰੂ ਦੀ ਵਡਿਆਈ ਕਥਨੀ ਬਦਨੀ ਤੋਂ ਬਾਹਰ ਹੈ, ਜਿਥੇ ਕਿਥੇ ਉਸ ਦੇ ਸੇਵਕਾਂ ਨੂੰ ਮਾਨਸਿਕ ਅਤੇ ਸਰੀਰਕ ਸੰਕਟ ਪੇਸ਼ ਆਉਂਦੇ ਹਨ, ਉਨ੍ਹਾਂ ਦੀ ਰੱਖਿਆ ਕਰਦਾ ਹੈ। ਹਜ਼ੂਰ ਦਾ ਦਰਗਾਹੀ ਫ਼ੁਰਮਾਨ ਹੈ:

ਤੇਰੀ ਵਡਿਆਈ ਕਹੀ ਨ ਜਾਇ ॥ ਜਹ ਕਹ ਰਾਖਿ ਲੈਹਿ ਗਲਿ ਲਾਇ ॥
ਨਾਨਕ ਦਾਸ ਤੇਰੀ ਸਰਣਾਈ ॥ ਪ੍ਰਭਿ ਰਾਖੀ ਪੈਜ ਵਜੀ ਵਾਧਾਈ ॥

(ਆਸਾ ਮ: ੫, ਪੰਨਾ 371/18)

ਉਕਤ ਦਰਸਾਏ ਪ੍ਰਮਾਣ ਦੇ ਅਨੁਸਾਰ ਵਾਹਿਗੁਰੂ ਅਸੀਮ ਕਰੁਣਾਮਈ ਦਿਆਲੂ ਅਤੇ ਅਥਾਹ ਸਮਰੱਥਾ ਦਾ ਸੁਆਮੀ ਹੈ ਜੋ ਹਮੇਸ਼ਾ ਹੀ ਆਪਣੇ ਨਿਰਮਾਣ ਸੇਵਕਾਂ ਦੀ ਅਰਦਾਸ ਸਵੀਕਾਰ ਕਰਦਾ ਹੈ। ਜਿਤਨੇ ਭੀ ਪੈਗ਼ੰਬਰ, ਉਸ ਅਜ਼ੀਮ ਅਤੇ ਅਸੀਮ ਵਾਹਿਗੁਰੂ ਨੇ ਸੰਸਾਰ ਦੇ ਸੁਧਾਰ ਹਿਤ ਭੇਜੇ ਹੁੰਦੇ ਹਨ, ਉਨ੍ਹਾਂ ਦੀ ਅਰਦਾਸ ਲਾਜ਼ਮੀ ਹੀ ਪ੍ਰਵਾਨ ਕਰਦਾ ਹੈ। ਭਾਵੇਂ ਉਹ ਵਾਹਿਗੁਰੂ ਦੇ ਦਰਸਾਏ ਹੋਏ ਧਾਰਮਿਕ ਖੇਤਰ ਵਿਚ ਅਸਫਲ ਭੀ ਕਿਉਂ ਨਾ ਹੋ ਜਾਣ। ਉਹ ਦਿਆਲੂ ਪ੍ਰਭੂ ਤਦ ਭੀ ਉਨ੍ਹਾਂ ਦੀ ਅਰਦਾਸ ਨਿਜੀ ਕਰੁਣਾਮਈ ਨੀਤੀ ਦੇ ਅਨੁਸਾਰ ਸੁਣਦਾ ਅਤੇ ਉਨ੍ਹਾਂ ਦੇ ਦੁਖਾਂ ਦੀ ਨਵਿਰਤੀ ਕਰਦਾ ਹੈ। ਉਕਤ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਉਹ ਬਿਰਦ ਪਾਲਕ ਸੁਆਮੀ, ਨਿਜੀ ਸੇਵਕਾਂ ਦੀ ਆਨ ਅਤੇ ਇੱਜ਼ਤ ਸਦੀਵਕਾਲ ਲਈ ਕਾਇਮ ਰੱਖਦਾ ਹੈ। ਜੋ ਕੁਝ ਉਸ ਦੇ ਸੇਵਕ ਚਿਤਵਨ ਕਰਦੇ ਹਨ ਉਹ ਪ੍ਰਭੂ, ਉਨ੍ਹਾਂ ਦੀ ਚਿਤਵਨੀ ਸਵੀਕਾਰ ਕਰਦਾ ਹੈ। ਗ਼ਰਜ਼ੇਕਿ, ਜੋ ਕੋਈ ਭੀ ਉਸ ਦੇ ਪਾਵਨ ਚਰਨਾਂ ਦੀ

ਪਸਾਰ ਵਿਚ ਆਨ ਕੇ ਜੋਦੜੀ ਕਰਦਾ ਹੈ, ਸੁਭਾਵਿਕ ਹੀ ਐਸੇ ਸੇਵਕ ਪ੍ਰਭੂ ਦੇ ਨਿਜੀ ਪ੍ਰਾਣ ਹੋਇ ਥੀਂਵਦੇ ਅਤੇ ਪ੍ਰਭੂ ਦੀ ਜੋਤਿ ਵਿਚ ਲੀਨ ਹੋਇ ਨਿਬੜਦੇ ਹਨ। ਐਸੀ ਨਿਰਮਾਣ ਅਤੇ ਹਿਰਦੇ ਵੇਧਕ ਅਰਦਾਸ ਪ੍ਰਣਾਲੀ ਦੁਆਰਾ, ਪ੍ਰਾਪਤ ਹੋਈ ਅਥਾਹ ਰਹਿਮਤ ਨਿਮਨ ਲਿਖਤ ਵਾਕ ਦੁਆਰਾ ਦਰਸਾਈ ਗਈ ਹੈ, ਜਿਵੇਂ :

ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ ॥
ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ ॥੧॥ਰਹਾਉ॥
ਸਰਣਿ ਪਰੇ ਚਰਣਾਰਬਿੰਦ ਜਨ ਪ੍ਰਭ ਕੇ ਪ੍ਰਾਨ ॥
ਸਹਜਿ ਸੁਭਾਇ ਨਾਨਕ ਮਿਲੇ ਜੋਤੀ ਜੋਤਿ ਸਮਾਨ ॥੨॥

(ਬਿਲਾਵਲੁ ਮ: ੫, ਪੰਨਾ 817/13)

ਮੌਤ ਦੇ ਸਮੇਂ ਅਤੇ ਮੌਤ ਤੋਂ ਕੁਝ ਸਮਾਂ ਪਹਿਲਾਂ, ਈਸਾ ਜੀ ਵਲੋਂ ਕੀਤੀਆਂ ਹੋਈਆਂ ਨਿਰਮਾਣ ਅਰਦਾਸਾਂ, ਵਾਹਿਗੁਰੂ ਦੇ ਦਰੋ-ਦੌਲਤ 'ਤੇ ਕਬੂਲ ਹੋਈਆਂ। ਜੋ ਕੁਝ ਉਸ ਨੇ ਨਿਜੀ ਅਰਦਾਸਾਂ ਦੇ ਸਮੇਂ ਜੋਦੜੀਆਂ ਕੀਤੀਆਂ ਸਨ, ਉਹ ਪ੍ਰਵਾਨ ਚੜ੍ਹ ਗਈਆਂ। ਉਸ ਦੀਆਂ ਅਰਦਾਸਾਂ ਵਿਚ ਇਕ ਵਿਸ਼ੇਸ਼ ਚਿਤਵਨੀ ਦਰਸਾਈ ਗਈ ਹੈ ਕਿ ਹੇ ਮੇਰੇ ਅੱਬਾ! ਹੇ ਮੇਰੇ ਰੱਬ! ਕੀ ਇਹ ਮੌਤ ਦਾ ਦੁਖਦਾਈ ਪਿਆਲਾ ਮੈਥੋਂ ਦੂਰ ਹੋ ਸਕਦਾ ਹੈ? ਈਸਾ ਜੀ ਦੀ ਜੋਦੜੀ ਦੇ ਸ਼ਬਦ ਇਸ ਤਰ੍ਹਾਂ ਹਨ, ਜਿਵੇਂ :

36—And He was saying, "Abba, Father, all things are possible unto thee; take away this cup from me."

(Mark, 14:34-36)

ਈਸਾ ਜੀ ਜੋ ਕਿ ਮਾਤਾ ਮਰੀਅਮ ਦਾ ਪੁੱਤਰ ਸੀ, ਉਸ ਦੀਆਂ ਅਰਦਾਸਾਂ ਸੁਣ ਕੇ ਵਾਹਿਗੁਰੂ ਜੀ ਨੇ ਉਸ ਨੂੰ ਸੂਲੀ ਦੇ ਤਖ਼ਤੇ ਤੋਂ ਸੁਰੱਖਿਅਤ ਰੱਖਿਆ, ਮਰਨ ਨਹੀਂ ਦਿੱਤਾ। ਭਾਵੇਂ ਯਹੂਦੀਆਂ ਨੇ ਨਿਜੀ ਤੌਰ 'ਤੇ ਉਸ ਨੂੰ ਮਰਿਆ ਸਮਝ ਕੇ ਥੱਲੇ ਬਣੇ ਖੱਡੇ ਵਿਚ ਸੁੱਟ ਦਿੱਤਾ, ਪ੍ਰੰਤੂ ਉਹ ਮਰਿਆ ਨਹੀਂ ਸੀ, ਬਲਕਿ ਸਰੀਰਕ ਮੁਰਦੇਹਾਣੀ ਅਥਵਾ ਉਹ ਮੂਰਛਤ ਹੋ ਚੁੱਕਾ ਸੀ। ਜਿਥੋਂ ਉਸ ਨੂੰ ਉਸ ਦੀ ਮਾਤਾ ਜੀ ਕੁਝ ਸੇਵਕਾਂ ਸਮੇਤ ਰਾਤ ਦੇ ਸਮੇਂ ਉਠਾ ਕੇ ਲੈ ਗਈ। ਕਿਸੇ ਗੁਫ਼ਾ ਵਿਚ ਲੈ ਜਾ ਕੇ ਦੇਸੀ ਦਵਾਈਆਂ ਅਤੇ ਮਲ੍ਹਮ ਦੁਆਰਾ ਉਸ ਦਾ ਇਲਾਜ ਕੀਤਾ ਗਿਆ, ਔਰ ਤੀਸਰੇ ਦਿਨ ਉਠ ਕੇ ਉਹ ਆਪਣੇ ਕੁਝ ਮੁਰੀਦਾਂ ਨੂੰ ਮਿਲਿਆ। ਉਸ ਮਿਲਣੀ ਤੋਂ ਉਪਰੰਤ ਉਹ ਆਪਣੀ ਮਾਤਾ ਮਰੀਅਮ ਦੇ ਨਾਲ ਕਿਸੇ ਬਾਗ ਬਗ਼ੀਚਿਆਂ ਵਾਲੇ ਗੁਮਨਾਮੀ ਦੇਸ਼ ਵਿਚ ਹਮੇਸ਼ਾ ਵਾਸਤੇ ਚਲਾ ਗਿਆ। ਉਕਤ ਖ਼ਿਆਲ ਦੀ ਪ੍ਰੋੜ੍ਹਤਾ ਪਾਵਨ ਕੁਰਾਨ ਅਤੇ ਕੁਝ ਉਦਾਹਰਣ ਪਾਵਨ ਅੰਜੀਲ ਵਿਚੋਂ ਭੀ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਦਾ ਵੇਰਵਾ

ਨਿਮਨ ਲਿਖਤ ਦੇ ਆਧਾਰ 'ਤੇ ਨਿਰੀਖਣ ਕਰਨਾ ਵਧੇਰੇ ਗਿਆਨ ਦਾ ਵਿਸ਼ਾ ਹੋਵੇਗਾ। ਅਸਲੀ ਲਿਖਤ *ਕੁਰਾਨ ਮਜੀਦ* ਦੀ ਚੌਥੀ ਸੂਰਤ ਨਿਸਾ ਦੀ ਆਯਤ ਨੰਬਰ 157 ਵਿਚ ਵੇਖੀ ਜਾ ਸਕਦੀ ਹੈ, ਜਿਵੇਂ:

"ਵ ਕੌਲਿਹਿਮ ਇੱਨਾਂ ਕਤਲਨ ਮਸੀਹ ਈਸਾ ਇਬਨਿ ਮਰੀਅਮ ਰਸੂਲਿ ਅੱਲਹ ਵ ਮਾ ਕਤਲੂਹ ਵ ਮਾ ਸਾਲਾਬੂਹੁ, ਵ ਲਕਿਨ ਸ਼ੁਬਹੁ ਲਹੁਮ ਵ ਇਨ ਅਲਜ਼ੀਨ ਅਖ਼ਤਾਲਾਫ਼ੂਵਾ ਫ਼ੀਦਹਿ ਲਫ਼ੀ ਸ਼ਕਿਨ ਮਿੰਨੂਹੁ!"

ਅਰਥ : ਅਤੇ ਉਹਨਾਂ (ਯਹੂਦੀਆਂ) ਦੇ ਇਹ ਗੱਲ ਕਹਿਣ ਕਰਕੇ ਕਿ (ਅਸੀਂ) ਨਿਰਸੰਦੇਹ ਮਰੀਅਮ ਦੇ ਪੁੱਤਰ ਈਸਾ ਮਸੀਹ ਨੂੰ ਜੋ ਅੱਲਹ ਦਾ ਰਸੂਲ (ਬਣਿਆ ਫਿਰਦਾ) ਸੀ–(ਸੂਲੀ ਚਾੜ੍ਹ ਕੇ) ਕਤਲ ਕਰ ਦਿੱਤਾ ਹੈ। ਹਾਲਾਂਕਿ ਉਹਨਾਂ ਨੇ ਉਸਨੂੰ ਕਤਲ ਨਹੀਂ ਕੀਤਾ ਸੀ ਤੇ ਨਾ ਸੂਲੀ ਚਾੜ੍ਹ ਕੇ ਹੀ ਮਾਰਿਆ ਸੀ। ਹਾਂ ਉਹ ਉਹਨਾਂ ਨੂੰ (ਸਲੀਬ ਚੜ੍ਹ ਕੇ ਮਰਨ ਵਾਲਿਆਂ ਸਮਾਨ) ਜ਼ਰੂਰ ਭਾਸਿਆ। ਜੋ ਲੋਕ ਇਸ ਘਟਨਾ (ਮਸੀਹ ਦੇ ਸੂਲੀ ਤੋਂ ਜ਼ਿੰਦਾ ਉਤਰ ਆਉਣ) ਬਾਰੇ ਮਤਭੇਦ ਰੱਖਦੇ ਹਨ, ਉਹ ਬੇਸ਼ਕ (ਉਸ ਦੇ ਜ਼ਿੰਦਾ ਉਤਾਰੇ ਜਾਣ ਕਰਕੇ) ਭਰਮ ਵਿਚ (ਫਸੇ ਹੋਏ) ਹਨ। ਉਨ੍ਹਾਂ ਨੂੰ ਇਸ ਬਾਰੇ ਕੋਈ (ਪੱਕਾ) ਪਤਾ ਨਹੀਂ ਹੈ। ਹਾਂ, ਉਹ (ਕੇਵਲ ਇਕ) ਭਰਮ ਦੇ ਪਿੱਛੇ ਲੱਗ ਰਹੇ ਹਨ ਅਰਥਾਤ ਉਨ੍ਹਾਂ ਨੇ ਇਸ (ਘਟਨਾ ਦੀ ਅਸਲੀਅਤ) ਨੂੰ ਪੂਰੀ ਤਰ੍ਹਾਂ ਨਹੀਂ ਸਮਝਿਆ ਤੇ ਜੋ ਸਮਝਿਆ ਹੈ (ਉਹ ਉਕਾ ਹੀ ਗ਼ਲਤ ਹੈ)।157।

ਸਗੋਂ ਅਸਲੀਅਤ ਤਾਂ ਇਹ ਹੈ ਕਿ ਅੱਲਹ ਨੇ ਉਸ ਨੂੰ ਆਪਣੀ ਹਜ਼ੂਰੀ ਵਿਚ ਵੱਡਾ ਮਾਣ ਦਿੱਤਾ ਸੀ (ਅਰਥਾਤ ਉਹ ਸੂਲੀ 'ਤੇ ਮਰਿਆ ਨਹੀਂ ਸੀ) ਕਿਉਂ ਜੋ ਅੱਲਾ ਵੱਡਾ ਬਲਵਾਨ ਤੇ ਯੁਕਤੀਮਾਨ ਹੈ।158।

(ਕੁਰਾਨ: ਸੂਰਤ: 4:157-158)

ਜਿਸ ਵੇਲੇ ਈਸਾ ਜੀ ਸਲੀਬ 'ਤੇ ਚਾੜ੍ਹੇ ਗਏ, ਉਸ ਸਮੇਂ ਦੋ ਹੋਰ ਅਪਰਾਧੀ ਭੀ ਉਨ੍ਹਾਂ ਨੇ ਨਾਲ ਹੀ ਇਕ ਸੱਜੇ ਅਤੇ ਦੂਸਰਾ ਖੱਬੇ ਪਾਸੇ ਸਲੀਬ 'ਤੇ ਚਾੜ੍ਹੇ ਗਏ। ਯਹੂਦੀ ਰੀਤੀ ਦੇ ਅਨੁਸਾਰ ਅਗਰ ਅਪਰਾਧੀ ਨਾ ਮਰਿਆ ਹੋਵੇ, ਤਦ ਉਸ ਦੀਆਂ ਲੱਤਾਂ ਤੋੜ ਮਰੋੜ ਕੇ ਉਸ ਨੂੰ ਮਾਰਿਆ ਜਾਂਦਾ ਸੀ। ਉਨ੍ਹਾਂ ਦੋਨਾਂ ਅਪਰਾਧੀਆਂ ਦੀਆਂ ਲੱਤਾਂ ਭੰਨ ਤੋੜ ਕੇ ਉਨ੍ਹਾਂ ਦਾ ਅੰਤ ਕੀਤਾ ਗਿਆ, ਪ੍ਰੰਤੂ ਈਸਾ ਜੀ ਦੀਆਂ ਲੱਤਾਂ ਨਹੀਂ ਭੰਨੀਆਂ ਤੋੜੀਆਂ ਗਈਆਂ, ਬਲਕਿ ਉਸ ਦੀ ਲੋਥ ਜੋਸਫ ਨਾਮੀ ਸ਼ਰਧਾਲੂ ਦੇ ਹਵਾਲੇ ਕੀਤੀ ਗਈ ਔਰ ਜੋਸਫ, ਈਸਾ ਜੀ ਦੀ ਲੋਥ ਨੂੰ ਇਕ ਸਮਾਧ (Tomb) ਵਿਚ ਲੈ ਗਿਆ ਤਾਂਕਿ ਸ਼ਪਤ ਦੇ ਉਤਸਵ ਸਮੇਂ ਕਿਸੇ ਹੋਰ ਦੀ ਨਜ਼ਰ ਨਾ ਪਵੇ। ਜੋਸਫ ਨੇ ਨਿਜੀ ਸਪੁਰਦਗੀ ਵਿਚ ਦੇਸੀ ਦਵਾਈਆਂ ਅਤੇ ਮਲ੍ਹਮ ਪੱਟੀ ਦੁਆਰਾ ਈਸਾ ਜੀ ਦਾ ਇਲਾਜ ਕੀਤਾ ਔਰ

ਤੀਸਰੇ ਦਿਨ ਸੇਵਕਾਂ ਦੇ ਨਾਲ ਮਿਲਦੇ ਹੋਏ ਹਮੇਸ਼ਾ ਵਾਸਤੇ ਗੁੰਮਨਾਮੀ ਦੇ ਦੇਸ਼ ਵਿਚ ਪ੍ਰਵੇਸ਼ ਕਰ ਗਏ, ਤਾਂਕਿ ਦੋਬਾਰਾ ਇਨ੍ਹਾਂ ਜ਼ਾਲਮਾਂ ਦੇ ਹੱਥ ਨਾ ਚੜ੍ਹ ਜਾਵੇ, ਜਿਨ੍ਹਾਂ ਉਸ ਨੂੰ ਸਲੀਬ 'ਤੇ ਚਾੜ੍ਹ ਕੇ ਤਸੀਹੇ ਦਿੱਤੇ ਸਨ। ਰੱਬ ਦੀ ਦਰਗਹ ਵਿਚ ਉਸ ਦੀ ਅਰਦਾਸ ਸੁਣੀ ਗਈ ਜੋ ਉਸ ਨੇ ਨਿਜੀ ਜਾਨ ਬਖ਼ਸ਼ੀ ਹਿਤ ਕੀਤੀ ਸੀ। *(See, Islam and Christianity, pp. 26-28)*

ਇਸ ਖ਼ਿਆਲ ਦੀ ਪ੍ਰੋੜ੍ਹਤਾ ਅੰਜੀਲ ਦੇ ਪੰਨਿਆਂ ਦੁਆਰਾ ਭੀ ਕੀਤੀ ਗਈ ਹੈ, ਜਿਵੇਂ :

In the day of His flesh, when He offered up both prayers and supplications with loud crying and tear to Him who was able save Him from death, and who was heard because of His piety.

(New American, Hebrew, 5:7)

ਕੁਰਾਨ ਦੀ ਵਿਆਖਿਆ ਦੇ ਆਧਾਰ 'ਤੇ ਅਸੀਂ ਇਹ ਆਖ ਸਕਦੇ ਹਾਂ ਕਿ ਈਸਾ ਜੀ ਦੀ ਮੌਤ ਸਲੀਬ ਉਪਰ ਨਹੀਂ ਹੋਈ, ਬਲਕਿ ਉਸ ਦੀ ਮੂਰਛਤ ਦੇਹੀ ਉਨ੍ਹਾਂ ਦੇ ਸ਼ਰਧਾਲੂ ਜੋਸਫ, ਉਨ੍ਹਾਂ ਦੀ ਮਾਤਾ ਅਤੇ ਕੁਝ ਹੋਰ ਸਨੇਹੀਆਂ ਦੇ ਹਵਾਲੇ ਕੀਤੀ ਗਈ। ਤਿੰਨਾਂ ਕੁ ਦਿਨਾਂ ਦੇ ਇਲਾਜ ਤੋਂ ਉਪਰੰਤ ਈਸਾ ਜੀ ਦੀ ਸਰੀਰਕ ਹਾਲਤ ਕੁਝ ਠੀਕ ਹੋ ਗਈ, ਤੀਸਰੇ ਦਿਨ ਲੁਕ ਛੁਪ ਕੇ ਨਿਜੀ ਸ਼ਰਧਾਲੂਆਂ ਵਿਚ ਵਿਚਰਦੇ ਰਹੇ, ਇਸ ਸੰਪਰਕ ਦਾ ਭਰਮ ਹੀ ਪੁਨਰ ਜੀਵਨ ਅਤੇ ਅਥਾਹ ਭਰਮ ਭੁਲੇਖਿਆਂ ਦਾ ਕਾਰਣ ਬਣਿਆ ਹੈ। ਇਸ ਸੰਪਰਕ ਤੋਂ ਉਪਰੰਤ ਈਸਾ ਜੀ ਮਾਤਾ ਮਰੀਅਮ ਸਮੇਤ ਸਦੀਵਕਾਲ ਲਈ ਕਿਸੇ ਗੁਪਤ ਸਥਾਨ 'ਤੇ ਜਾ ਵਿਰਾਜੇ, ਜਿਥੇ ਉਨ੍ਹਾਂ ਨੇ ਸਾਰੀ ਆਯੂ ਬਤੀਤ ਕੀਤੀ। ਇਸ ਦੇਸ ਦਾ ਨਾਮ 'ਕਸ਼ਮੀਰ' ਕਰ ਕੇ ਆਖਿਆ ਜਾਂਦਾ ਹੈ, ਜਿਵੇਂ :

The statement made in the *Quran*, Corroborate the above statements quoted from the *Gospels*. Jesus did not die on the cross, nor was he killed as were the two thieves, but to the Jews he appeared as if he were dead.

To Muslims, the evidence of the *Holy Quran* is more than enough. After asserting in more than one place that Jesus did not die on the cross, the *Holy Quran* goes on to make a statement, little noticed in the fourteen centuries of recent discoveries, that Jesus and Mary were given refuge by God in "Plateau of fruits and springs."

A description which fits Kashmir and no other land. The graves of Mary (at Muree, called after her) and of Jesus in Srinagar

(Kashmir) confirm their having found refuge in Kashmir where they died nobly, and rest in eternal peace and bliss.

(Islam and Christianity, p. 28)

ਸੁਹਿਰਦ ਪਾਠਕਾਂ ਦੀ ਹੋਰ ਵਧੇਰੇ ਜਾਣਕਾਰੀ ਹਿਤ ਇਹ ਬਿਆਨ ਕਰਨਾ ਅਤਿਅੰਤ ਹੀ ਆਵਸ਼ਕ ਹੈ ਕਿ ਈਸਾ ਜੀ ਨੇ ਕਈ ਦਫ਼ਾ ਇਹ ਦਾਅਵਾ ਕੀਤਾ ਹੈ ਕਿ ਮੈਂ ਇਸਰਾਈਲ ਦੀਆਂ ਗੁੰਮ ਹੋਈਆਂ ਭੇਡਾਂ ਦੀ ਸੰਭਾਲ ਵਾਸਤੇ ਆਇਆ ਹਾਂ, ਤਾਂਕਿ ਇੱਜੜ ਵਿਚੋਂ ਗੁੰਮ ਹੋਈਆਂ ਭੇਡਾਂ ਦੀ ਰਾਖੀ ਕੀਤੀ ਜਾ ਸਕੇ, ਜਿਵੇਂ :

For the Son of man has come to save that which was lost.

(New American, Mathew, 18:11)

ਸੰਨ 1000 ਬੀ.ਸੀ. (ਪੂਰਬ ਈਸਾ) ਵਿਚ ਯਹੂਦੀਆਂ ਦੇ ਬਾਰਾਂ ਕਬੀਲਿਆਂ ਨੇ ਸੰਯੁਕਤ ਤੌਰ 'ਤੇ ਇਸਰਾਈਲ ਦੇਸ ਵਿਚ ਨਿਜੀ ਹਕੂਮਤ ਸਥਾਪਨ ਕੀਤੀ। ਹਜ਼ਰਤ ਸੁਲੇਮਾਨ ਦੀ ਮੌਤ ਤੋਂ ਉਪਰੰਤ ਯਹੂਦੀ ਦੋ ਹਿੱਸਿਆਂ ਵਿਚ ਵੰਡੇ ਗਏ। ਇਕ ਹਿੱਸਾ ਉੱਤਰ ਅਤੇ ਦੂਜਾ ਹਿੱਸਾ ਦੱਖਣ ਭਾਗ ਕਰ ਕੇ ਪ੍ਰਸਿੱਧ ਹੋਏ। ਉੱਤਰੀ ਭਾਗ ਵਾਲੇ ਯਹੂਦੀ ਆਪਣੇ ਆਪ ਨੂੰ 'ਇਸਰਾਈਲੀ' ਅਤੇ ਦੱਖਣੀ ਭਾਗ ਵਾਲੇ ਯਹੂਦੀ ਆਪਣੇ ਆਪ ਨੂੰ 'ਜੂਡਾ' ਕਰ ਕੇ ਅਖਵਾਂਦੇ ਰਹੇ। ਸੰਨ 700 ਪੂਰਬ ਈਸਾ ਵਿਚ ਐਸੇਰੀਅਨ ਦੀ ਹਕੂਮਤ ਨੇ ਲਗਪਗ ਸਮੂਲਚੇ ਮੱਧ ਪੂਰਬੀ ਦੇਸਾਂ 'ਤੇ ਕਬਜ਼ਾ ਕੀਤਾ, ਜਿਨ੍ਹਾਂ ਵਿਚ ਉੱਤਰੀ ਭਾਗ ਇਸਰਾਈਲਾਂ ਦੀ ਹਕੂਮਤ ਭੀ ਐਸੇਰੀਅਨ ਦੇ ਕਬਜ਼ੇ ਵਿਚ ਆ ਗਈ। ਇਨ੍ਹਾਂ ਉੱਤਰੀ ਭਾਗ ਦੇ ਇਸਰਾਈਲਾਂ 'ਤੇ ਇਤਨੀ ਅਸਹਿ ਮਾਰ ਪਈ ਕਿ ਇਹ ਇਸ ਕਹਿਰ ਨੂੰ ਬਰਦਾਸ਼ਤ ਨਾ ਕਰ ਸਕੇ। ਅੰਜਾਮ ਇਹ ਹੋਇਆ ਕਿ ਇਹ ਸਮੂਲਚੀ ਇਸਰਾਈਲੀ ਕੌਮ ਅੱਕਾਂ ਦੀਆਂ ਕੁਕੜੀਆਂ ਦੇ ਖੰਭਾਂ ਵਾਂਗੂੰ ਦੇਸ਼ ਦੇਸ਼ਾਂਤਰਾਂ ਵਿਚ ਖੇਰੂੰ ਖੇਰੂੰ ਹੋ ਗਈ ਔਰ ਇਨ੍ਹਾਂ ਉੱਜੜੇ ਹੋਏ ਇਸਰਾਈਲੀਆਂ ਦੀ ਬਹੁ-ਗਿਣਤੀ ਅਫ਼ਗਾਨਿਸਤਾਨ, ਸਰਹੱਦੀ ਸੂਬਾ ਅਤੇ ਕਸ਼ਮੀਰ ਵਿਚ ਆਣ ਟਿਕੀ। ਇਹੀ ਉਹ ਗੁੰਮ ਹੋਈਆਂ ਇਸਰਾਈਲੀ ਭੇਡਾਂ ਸਨ, ਜਿਨ੍ਹਾਂ ਦੀ ਰਖਵਾਲੀ ਕਰਨ ਹਿਤ ਈਸਾ ਜੀ ਉਕਤ ਦਰਸਾਏ *ਅੰਜੀਲ* ਦੇ ਸ਼ਬਦਾਂ ਦੁਆਰਾ ਦਾਅਵਾ ਕਰਦੇ ਹਨ ਕਿ ਮੈਂ ਇਨ੍ਹਾਂ ਇਸਰਾਈਲੀ ਗੁੰਮ ਹੋਈਆਂ ਭੇਡਾਂ ਦੀ ਰਾਖੀ ਹਿਤ ਆਇਆ ਹਾਂ ਔਰ ਦੱਖਣੀ ਜੂਡਾ ਦਾ ਦੇਸ ਭੀ ਨੇਬੂਚੇਟਾਇਜ਼ਰ (ਨਾਸਰ) ਨਾਮੀ ਬਾਬਲ ਦੇ ਬਾਦਸ਼ਾਹ ਨੇ ਸੰਨ 587 ਪੂਰਬ ਈਸਾ ਵਿਚ ਨਿਜੀ ਕਬਜ਼ੇ ਵਿਚ ਕੀਤਾ। ਜੈਰੋਸ਼ਲਮ ਦੀ ਮੂਲਿਕ ਤੌਰ 'ਤੇ ਤਬਾਹੀ ਕਰਕੇ ਸਮੂਲਚੀ ਜੂਡਾ ਕੌਮ ਨੂੰ ਗ਼ੁਲਾਮ ਬਣਾ ਕੇ ਬਾਬਲ ਵਿਚ ਲੈ ਗਿਆ, ਜਿਨ੍ਹਾਂ ਵਿਚੋਂ ਕੁਝ ਲੋਕ ਭੱਜ ਨੱਠ ਕੇ ਅਫ਼ਗਾਨਿਸਤਾਨ ਅਤੇ ਕਸ਼ਮੀਰ ਵਿਚ ਆਪਣੇ

ਉੱਜੜੇ ਹੋਏ ਭਾਈਚਾਰੇ ਨਾਲ ਜਾ ਮਿਲੇ। ਇਹੀ ਉਹ ਗੁੰਮ ਹੋਈਆਂ ਇਸਰਾਈਲੀ ਭੇਡਾਂ ਹਨ, ਜਿਨ੍ਹਾਂ ਦਾ ਜ਼ਿਕਰ *ਅੰਜੀਲ* ਵਿਚ ਕੀਤਾ ਗਿਆ ਹੈ। ਇਨ੍ਹਾਂ ਦੀ ਰਾਖੀ ਵਾਸਤੇ ਹੀ ਈਸਾ ਜੀ ਨਿਜੀ ਜਾਨ ਬਚਾ ਕੇ ਆਪਣੀ ਮਾਤਾ ਜੀ ਦੇ ਸਮੇਤ ਕਸ਼ਮੀਰ ਵਿਚ ਚਲੇ ਗਏ। ਕਸ਼ਮੀਰ ਵਿਚ ਈਸਾ ਜੀ ਅਤੇ ਉਨ੍ਹਾਂ ਦੀ ਮਾਤਾ ਜੀ ਧਾਰਮਕ ਤੌਰ 'ਤੇ ਸਫਲ ਜੀਵਨ ਭੋਗਦੇ ਹੋਏ, ਜੀਵਨ ਦੇ ਅੰਤਮ ਇਤਿਹਾਸ ਦੀਆਂ ਪੈੜਾਂ ਦੇ ਨਿਸ਼ਾਨ ਬਾਕੀ ਛੱਡ ਗਏ ਹਨ। ਈਸਾ ਜੀ ਦੀ ਕਬਰ ਸ੍ਰੀਨਗਰ ਦੇ ਲਾਗੇ 'ਮਹੱਲਾ ਖ਼ਾਨ ਯਾਰ' ਵਿਖੇ ਸੁਸ਼ੋਭਿਤ ਹੋ ਰਹੀ ਹੈ। ਇਸ ਦੀ ਪ੍ਰੋੜ੍ਹਤਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

They were therefore described as "Lost". Jesus, mission was really to them. His blessed mother accompanied him. These ten tribes in Kashmir and the surrounding areas accepted him and he died a successful prophet and was buried in Mohala Khan Yar, Srinagar (Kashmir) where his tomb is described in the archeological department records as that of "Yuz Asaf, Nabi (Prophet)." Yuz is Kashmiri form of "Yusu" or Jesus. And Asaf stands for Yosaf (Jeseph), the father of Jesus.

Mary, when she died, was buried in hill top now known as murree in Rawalpindi district Pakistan.—There is lot of historical evidence about which the reader would be more that satisfied if he were to read. *(Islam and Christianity, p: 29)*

(1) *Jesus in Heaven on earth*, by Khwaja Nazir Ahmad, Bar-at-law, published by Ahmadiyya Anjuman Ishaat Islam. A.A.I.I.L. Canada, post box 964, Postal station "A" Vancouver, B.C. Canada.

(2) *Jesus Died in Kashmir*, by A. Faber-Kaiser, published by, as above.

ਇਹ ਸਨ ਕੁਝ ਖ਼ਿਆਲ ਜੋ ਇਸਲਾਮਿਕ ਧਾਰਾ ਦੇ ਆਧਾਰ 'ਤੇ ਦਿੱਤੇ ਗਏ ਹਨ, ਪ੍ਰੰਤੂ ਈਸਾਈ ਮਤਿ ਦਾ ਵਿਸ਼ਵਾਸ ਹੈ ਕਿ ਈਸਾ ਜੀ ਸਲੀਬ 'ਤੇ ਸ਼ਹੀਦ ਕੀਤੇ ਗਏ ਔਰ ਤੀਸਰੇ ਦਿਨ ਪੁਨਰ ਜੀਵਨ ਨੂੰ ਪ੍ਰਾਪਤ ਹੋ ਕੇ ਨਰਕਾਂ ਵਿਚਦੀ ਹੁੰਦੇ ਹੋਏ ਸੁਰਗਾਂ ਵਿਚ ਆਣ ਕੇ ਰੱਬ ਦੇ ਸੱਜੇ ਪਾਸੇ ਵਿਰਾਜਮਾਨ ਹੋ ਰਹੇ ਹਨ। ਸੁਹਿਰਦ ਪਾਠਕਾਂ ਅੱਗੇ ਬੇਨਤੀ ਹੈ ਕਿ ਉਹ ਨਿਜੀ ਤੌਰ 'ਤੇ ਨਿਰਣੈ ਕਰ ਸਕਦੇ ਹਨ ਕਿ ਵਾਸਤਵਿਕ ਤੌਰ 'ਤੇ ਅਸਲੀਅਤ

ਕੀ ਹੈ ਅਤੇ ਮਨਘੜਤ ਗਾਥਾ ਕਿਹੜੀ ਹੈ ? ਇਥੇ ਈਸਾ ਜੀ ਪ੍ਰਤਿ ਪੁਨਰ ਜੀਵਨ ਗਾਥਾ ਸਮਾਪਤ ਹੁੰਦੀ ਹੈ, ਅੱਗੇ ਮੂਲਿਕ ਪਾਪਾਂ ਦੀ ਪ੍ਰਾਸ਼ਚਿਤ ਗਾਥਾ ਆਰੰਭ ਕਰਾਂਗੇ।

6.58 ਪਾਪ ਅਤੇ ਪ੍ਰਾਸ਼ਚਿਤ (Sins and Atonement)

ਸੰਸਾਰ ਦੇ ਇਤਿਹਾਸ ਵਿਚ ਜਿਤਨੇ ਭੀ ਧਰਮ ਹਨ, ਸਾਰੇ ਹੀ ਦਾਅਵਾ ਕਰਦੇ ਹਨ ਕਿ ਇਨਸਾਨ ਦੀ ਜ਼ਿੰਦਗੀ ਵਿਚ ਅੱਛੇ ਅਤੇ ਬੁਰੇ ਕਰਮਾਂ ਦਾ ਸਿਲਸਿਲਾ ਨਿਰੰਤਰ ਵੇਗ ਦੇ ਅਧੀਨ ਜਾਰੀ ਰਹਿੰਦਾ ਹੈ। ਪੁਰਾਤਨ ਕਾਲੀਨ ਧਰਮ-ਪੱਖੀ ਵਿਦਵਾਨਾਂ ਨੇ ਬੁਰੇ ਕਰਮਾਂ ਅਥਵਾ ਪਾਪਾਂ ਦੀ ਨਵਿਰਤੀ ਹਿਤ, ਕੁਝ ਜੁਗਤੀਆਂ ਅਤੇ ਸਾਧਨ ਭੀ ਦਰਸਾਏ ਹਨ। ਜਿਵੇਂ ਹਿੰਦੂ ਮਤਿ ਵਿਚ ਯੱਗ ਕਰਨਾ, ਤੀਰਥਾਂ 'ਤੇ ਜਾ ਕੇ ਪਾਪਾਂ ਦੇ ਪ੍ਰਾਸ਼ਚਿਤ ਪ੍ਰਤਿ ਇਸ਼ਨਾਨ ਕਰਨਾ, ਬ੍ਰਾਹਮਣਾਂ ਦੀ ਪੂਜਾ ਕਰਨੀ, ਆਦਿ। ਸਰਾਸਰ ਇਹੀ ਸਾਧਨ, ਇਸੇ ਪ੍ਰਕਾਰ ਦੀ ਵਿਧੀ ਯਹੂਦੀਆਂ ਵਿਚ ਭੀ ਵਰਤੀਂਦੀ ਰਹੀ ਹੈ ਜਿਸ ਦੀ ਸੰਗਿਆ ਭੇਟਾ ਕਰਨਾ, ਅਰਪਣ ਕਰਨਾ, ਪਾਪਾਂ ਦੀ ਨਵਿਰਤੀ ਹਿਤ ਕਿਸੇ ਪਸ਼ੂ ਦੀ ਬਲੀ ਅਥਵਾ ਕੁਰਬਾਨੀ ਦੇਣੀ ਇਕ ਸਾਧਾਰਨ ਰੀਤੀ ਹੀ ਆਖੀ ਜਾਂਦੀ ਸੀ, ਜਿਸ ਦੀਆਂ ਉਦਾਹਰਣਾਂ ਪੁਰਾਤਨ ਧਰਮਾਂ ਦੇ ਗ੍ਰੰਥਾਂ ਵਿਚ ਆਮ ਕਰਕੇ ਵੇਖੀਆਂ ਜਾ ਸਕਦੀਆਂ ਹਨ। ਜਿਵੇਂ *ਬਾਈਬਲ* ਦੇ ਪੁਰਾਤਨ ਨਿਯਮ ਵਿਚ ਪਾਪਾਂ ਦੇ ਪ੍ਰਾਸ਼ਚਿਤ ਪ੍ਰਤਿ (Sin offering) ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

That there came certain from Shechem, from Shiloh, and from Samaria, even fourscore men, having there beards shaven, and their clothes rent, and having cut themselves, with offerings and incense in their hands, to bring them to the house of the Lord.

(Jerem, 41-5)

And Noah builded (built) an altar unto the Lord; and took of every clean beast, and of every clean fowl, and offered burnt offering on the altar. *(Genesis, 8-20)*

ਯਹੂਦੀ ਧਾਰਾ ਦੇ ਅਨੁਸਾਰ ਪਾਪਾਂ ਦੀ ਨਵਿਰਤੀ ਵਾਸਤੇ ਬਲੀਦਾਨ ਦੇਣਾ ਇਕ ਪ੍ਰਕਾਰ ਦੀ ਬਾਈਬਲੀਕਲ ਮਰਯਾਦਾ ਹੀ ਆਖੀ ਜਾ ਸਕਦੀ ਹੈ। ਹੋਰ ਵਧੇਰੇ ਜਾਣਕਾਰੀ ਹਿਤ ਦੇਖੋ : (ii Samuel 12:13; ii Chronicles 6:27; Ezekiel 3:20; Genesis 4-3; Genesis 8-20 and 22, 1-13; Ezra 8:25)

ਬਾਈਬਲ ਦੇ ਪੁਰਾਤਨ ਨਿਯਮ ਦੇ ਆਧਾਰ 'ਤੇ ਪਾਪਾਂ ਦੀ ਨਵਿਰਤੀ

ਹਿਤ, ਪੰਜ ਪ੍ਰਕਾਰ ਦੀ ਆਹੂਤੀ ਦਿੱਤੀ ਜਾਂਦੀ ਹੈ—(1) ਅਗਨੀ ਦੀ ਬੇਦੀ ਉਪਰ ਜਲ ਜਾਣਾ ਜਾਂ ਕਿਸੇ ਵਸਤੂ ਦੀ ਹੋਮ ਦੇਣੀ। (2) ਮਾਸ ਦੀ ਆਹੂਤੀ ਦੇਣੀ ਅਥਵਾ ਕਿਸੇ ਪਸ਼ੂ ਦੀ ਬਲੀ ਦੇਣੀ। (3) ਸੁਖ ਸ਼ਾਂਤੀ ਪ੍ਰਤਿ ਕਿਸੇ ਵਸਤੂ ਦੀ ਬਲੀ ਦੇਣੀ। (4) ਪਾਪਾਂ ਦੀ ਨਵਿਰਤੀ ਪ੍ਰਤਿ ਬਲੀ ਦੇਣੀ। (5) ਨਿਜੀ ਇਸ਼ਟ ਦੀ ਪ੍ਰਸੰਨਤਾ ਪ੍ਰਤਿ ਨਿਤਾਪ੍ਰਤਿ ਹੋਮ ਕ੍ਰਿਆ ਕਰਨੀ। ਇਨ੍ਹਾਂ ਪੰਜ ਪ੍ਰਕਾਰੀ ਆਹੂਤੀਆਂ ਤੋਂ ਇਲਾਵਾ ਕਿਸੇ ਭੀ ਸਮੇਂ ਅਥਵਾ ਕਿਸੇ ਖ਼ਾਸ ਉਤਸਵ ਦੇ ਸਮੇਂ ਬਲੀਦਾਨ ਦੇਣਾ ਪੁਰਾਤਨ ਸਮੇਂ ਦੇ ਯਹੂਦੀਆਂ ਵਿਚ ਆਮ ਮਰਯਾਦਾ ਸੀ। ਇਹ ਸਨ ਕੁਝ ਉਦਾਹਰਣ ਜੋ ਯਹੂਦੀ ਮਤਿ ਦੇ ਕਾਨੂੰਨ ਅਨੁਸਾਰ ਬਲੀਦਾਨ ਅਥਵਾ ਹੋਮ ਕ੍ਰਿਆ ਦੀ ਰੀਤੀ ਨੂੰ ਸੰਪੂਰਣ ਕਰਦੀਆਂ ਹਨ। ਆਪ ਜੀ ਪਿਛਲੇ ਪ੍ਰਕਰਣਾਂ ਵਿਚ ਭਲੀ-ਭਾਂਤਿ ਪੜ੍ਹ ਆਏ ਹੋ ਕਿ ਪੁਰਾਤਨ ਸਮੇਂ ਦੇ ਈਰਾਨੀ, ਪਾਰਸੀ, ਯੂਨਾਨੀ ਦਾਰਸ਼ਨਿਕ, ਮਿਸਰ ਦੇ ਪੁਰਾਤਨ ਨੇਮੀ ਅਤੇ ਹਿੰਦੂ ਮਤਿ ਦੇ ਯੱਗੀਕਰਣ ਅਥਵਾ ਹੋਮ ਬਲੀਦਾਨ ਕਰਨ ਵਾਲੇ ਕਿਸੇ ਇਕ ਰੀਤੀ ਦੇ ਪੁਜਾਰੀ ਆਖੇ ਜਾ ਸਕਦੇ ਹਨ, ਇਨ੍ਹਾਂ ਸਾਰਿਆਂ ਦਾ ਇਸ਼ਟ ਪਿਛੋਕੜ ਅਤੇ ਸੇਵਨ ਢੰਗ ਭੀ ਇਕੋ ਹੀ ਜਾਪਦਾ ਹੈ।

ਉਕਤ ਦਰਸਾਈ ਬਲੀਦਾਨ ਰੀਤੀ ਪੁਰਾਤਨ ਬਾਈਬਲ ਦਾ ਨਿਯਮ ਹੈ, ਜਿਸ ਦੀਆਂ ਉਦਾਹਰਣਾਂ ਆਪ ਜੀ ਉਕਤ ਦਰਸਾਈ ਪਰਿਮਾਣਿਕ ਸਾਗਿਰੀ ਵਿਚ ਪੜ੍ਹ ਆਏ ਹੋ। ਇਥੇ ਬਹੁਤ ਹੀ ਧਿਆਨ-ਗੋਚਰੀ ਸਥਿਤੀ ਹੈ ਕਿ ਈਸਾਈ ਮਤਿ ਭੀ ਬਾਈਬਲ ਦੇ ਪੁਰਾਤਨ ਨਿਯਮ ਵਿਚ ਪੱਕਾ ਵਿਸ਼ਵਾਸ ਰੱਖਦਾ ਹੈ। ਪ੍ਰੰਤੂ ਜਿਥੇ ਇਨ੍ਹਾਂ ਨੂੰ ਯਹੂਦੀ ਕਾਨੂੰਨ ਦੀ ਧਾਰਾ ਠੀਕ ਤੌਰ 'ਤੇ ਫਿੱਟ ਨਹੀਂ ਬੈਠਦੀ, ਇਹ ਲੋਕ ਉਸ ਧਾਰਾ ਨੂੰ ਨਹੀਂ ਮੰਨਦੇ ਔਰ ਦਾਅਵਾ ਕਰਦੇ ਹਨ ਕਿ ਈਸਾ ਜੀ ਨੇ ਆਪਣੇ ਨਿਜੀ ਜੀਵਨ ਦਾ ਬਲੀਦਾਨ ਦੇ ਕੇ ਸਮੂਲਚੀ ਪ੍ਰਿਥਵੀ ਦੇ ਪਾਪਾਂ ਦਾ ਭਾਰ ਆਪਣੇ ਜ਼ਿੰਮੇ ਲੈ ਲਿਆ ਹੈ। ਈਸਾਈ ਭਾਈਚਾਰੇ ਦਾ ਇਹ ਅਖਾਣ ਹੈ ਕਿ ਯਹੂਦੀ ਮਤਿ ਵਾਲਿਆਂ ਦਾ ਬਲੀਦਾਨ ਦੋਸ਼-ਪੂਰਣ ਅਥਵਾ ਅਧੂਰਾ ਸੀ, ਜਦੋਂ ਕਿ ਇਸੇ ਚਿੱਤਰ ਦੇ ਪ੍ਰਤਿਕੂਲ ਈਸਾ ਜੀ ਆਪਹੁੰ ਅਤੇ ਉਸ ਦਾ ਦਿੱਤਾ ਬਲੀਦਾਨ ਦੋਸ਼-ਰਹਿਤ ਅਤੇ ਸੰਪੂਰਣ ਕਰਕੇ ਆਖਦੇ ਹਨ। ਯਹੂਦੀ ਜਿਥੇ ਕਿਸੇ ਪਸ਼ੂ ਜਾਂ ਦੁੰਬੇ ਦੀ ਆਹੂਤੀ ਦਿੰਦੇ ਸਨ, ਉਥੇ ਈਸਾ ਜੀ ਰੱਬ ਦਾ ਭੇਜਿਆ ਹੋਇਆ ਐਸਾ ਦੁੰਬਾ ਸੀ ਜਿਸ ਨੇ ਸਾਰੀ ਪ੍ਰਿਥਵੀ ਦੇ ਪਾਪਾਂ ਦਾ ਭਾਰ ਆਪਣੇ ਸਿਰ 'ਤੇ ਚੁੱਕ ਲਿਆ ਹੈ। ਬੈਪਤਸਮਾ ਗ੍ਰਹਿਣ ਕਰਨ ਤੋਂ ਬਾਅਦ ਦੂਜੇ ਦਿਨ ਈਸਾ ਜੀ ਨੂੰ ਆਪਣੇ ਵੱਲ ਆਉਂਦਾ ਵੇਖ ਕੇ ਜੌਨ ਨੇ ਆਪਣੇ ਸਾਥੀਆਂ ਪ੍ਰਤਿ ਸੰਬੋਧਨ ਕੀਤਾ ਤੇ ਆਖਿਆ—ਦੇਖੋ! ਰੱਬ ਦਾ ਦੁੰਬਾ ਆ ਗਿਆ, ਜਿਸ ਨੇ ਪ੍ਰਿਥਵੀ ਦੇ ਪਾਪ ਖੰਡਨ ਕਰਨੇ ਹਨ, ਜਿਵੇਂ :

The next day he saw Jesus coming to him, and said, Behold the Lamb of God who takes away the sin of the world.

(New American, John, 1:29)

ਈਸਾਈ ਧਾਰਾ ਦੇ ਅਨੁਸਾਰ ਦੁਨੀਆ ਦਾ ਇਨਸਾਨ ਮੂਲਿਕ ਪਾਪਾਂ ਦਾ ਧਾਰਨੀ ਹੈ ਅਥਵਾ ਜਮਾਂਦਰੂ ਤੌਰ 'ਤੇ ਪਾਪੀ ਹੈ। ਇਸ ਖ਼ਿਆਲ ਨੇ ਦੁਨੀਆ ਦੇ ਇਨਸਾਨ ਨੂੰ ਝੱਲਾ ਅਤੇ ਨੈਤਿਕ ਤੌਰ 'ਤੇ ਅੰਗਹੀਣ, ਭਾਵ, ਇਖ਼ਲਾਕੀ ਖੇਤਰ ਵਿਚ ਲੰਗੜਾ ਬਣਾ ਛੱਡਿਆ ਹੈ। ਜਦੋਂ ਅਸੀਂ *ਬਾਈਬਲ* ਦੇ ਦਾਇਰੇ ਵਿਚ ਵਿਚਰਦੇ ਹੋਏ ਇਨਸਾਨੀ ਜੀਵਨ ਵਿਚ ਮੂਲਿਕ ਪਾਪਾਂ ਦੇ ਵਿਰਾਸਤ ਪ੍ਰਤਿ ਅਧਿਐਨ ਕਰਦੇ ਹਾਂ, ਤਦ ਅਸਾਡੇ ਸਾਮ੍ਹਣੇ *ਬਾਈਬਲ* ਦੀ ਗਾਥਾ ਅਤਿਅੰਤ ਹੀ ਸੁਬੱਲ ਦਲੀਲ ਦੁਆਰਾ ਨਿਰਣੈ ਕਰਦੀ ਹੈ ਕਿ ਸ਼ੈਤਾਨ ਨੇ ਬਾਬਾ ਆਦਮ ਦੀ ਅਰਧੰਗੀ ਮਾਈ ਹੱਵਾ ਨੂੰ ਉਸ ਬਿਰਖ ਦਾ ਫਲ ਖਾਣ ਪ੍ਰਤਿ ਗੁਮਰਾਹ ਕੀਤਾ ਜੋ ਕਿ ਰੱਬ ਵੱਲੋਂ ਵਰਜਿਤ ਕੀਤਾ ਗਿਆ ਸੀ। ਹੱਵਾ ਨੇ ਸਵੈਮ ਤੌਰ 'ਤੇ ਉਸ ਫਲ ਨੂੰ ਖਾਧਾ ਅਤੇ ਆਪਣੇ ਪਤੀ ਬਾਬਾ ਆਦਮ ਨੂੰ ਭੀ ਉਸ ਫਲ ਦੇ ਖਾਣ ਲਈ ਮਜਬੂਰ ਕੀਤਾ। *ਅੰਜੀਲ* ਦੇ ਕਥਨ ਅਨੁਸਾਰ ਰੱਬੀ ਹੁਕਮ ਦੀ ਉਲੰਘਣਾ ਕਰਨ ਦੀ ਜ਼ਿੰਮੇਵਾਰ, ਵਾਸਤਵਿਕ ਤੌਰ 'ਤੇ ਬੀਬੀ ਹੱਵਾ ਨੂੰ ਹੀ ਠਹਿਰਾਇਆ ਗਿਆ ਹੈ ਕਿਉਂਕਿ ਬਾਬਾ ਆਦਮ ਸ਼ੈਤਾਨ ਦੇ ਗੁਮਰਾਹੀਏ ਚੱਕਰ ਵਿਚ ਨਹੀਂ ਆਇਆ। ਇਸ ਖ਼ਿਆਲ ਦੀ ਪ੍ਰੋੜ੍ਹਤਾ *ਅੰਜੀਲ* ਦੇ ਪੰਨਿਆਂ ਵਿਚ ਭੀ ਕੀਤੀ ਗਈ ਹੈ, ਜਿਵੇਂ :

And it was not Adam who was deceived, but the woman being quite deceived, fell into transgression.

(New American, 1 Timothy 2:14)

ਉਕਤ ਦਰਸਾਈ ਬਾਈਬਲੀਕਲ ਤੁਕ ਦੇ ਆਧਾਰ 'ਤੇ ਈਸਾਈ ਇਸਤਰੀ ਦੇ ਅਧਿਕਾਰਾਂ ਨੂੰ ਸਰਾਸਰ ਸੀਮਤ ਕੀਤਾ ਗਿਆ ਹੈ। ਇਸ ਕੀਤੇ ਪਾਪ ਦੇ ਆਧਾਰ 'ਤੇ ਕੋਈ ਭੀ ਈਸਾਈ ਇਸਤਰੀ ਕਿਸੇ ਭੀ ਚਰਚ ਦੀ ਉਪਦੇਸ਼ਕ ਨਹੀਂ ਹੋ ਸਕਦੀ ਕਿਉਂਕਿ ਉਸ ਔਰਤ ਦਾ ਕੀਤਾ ਹੋਇਆ ਪਾਪ ਸਮੂਲਚੀ ਈਸਾਈ ਵੰਸ਼ ਵਿਚ ਪੀੜ੍ਹੀ ਦਰ ਪੀੜ੍ਹੀ ਚਾਲੂ ਹੋ ਚੁੱਕਾ ਹੈ। ਈਸਾਈ ਮਤਿ ਦੀ ਇਸ ਮੂਲਿਕ ਧਾਰਾ ਦੇ ਅਨੁਸਾਰ ਇਕ ਨੰਨ੍ਹਾ-ਮੁੰਨਾ ਜਮਾਂਦਰੂ ਬੱਚਾ ਭੀ ਪੈਦਾਇਸ਼ੀ ਤੌਰ 'ਤੇ ਪਾਪੀ ਹੈ। ਔਰਤ ਜਾਤੀ ਨੂੰ ਪਾਪਾਂ ਦੀ ਮੂਲਿਕ ਧਾਰਾ ਠਹਿਰਾਉਂਦੇ ਹੋਏ ਉਸ ਨੂੰ ਧਾਰਮਕ ਅਧਿਕਾਰਾਂ ਤੋਂ ਵਾਂਝਿਆਂ ਕੀਤਾ ਗਿਆ ਹੈ, ਜਿਵੇਂ :

11—Let a woman quietly receive instruction with entire submissiveness.

12—But I do not allow a woman to teach or exercise authority over a man, but to remain quit.

(New American, 1 Timothy 2:11-12)

ਬੁਨਿਆਦੀ ਪਾਪਾਂ ਦੇ ਪਰਿਣਾਮ ਵਜੋਂ ਪਾਪ ਸਮੱਗਰੀ ਇਤਨੀ ਦੰਡਸ਼ੀਲ ਦਰਸਾਈ ਗਈ ਕਿ ਰੱਬ ਨਾ ਕਰੇ ਅਗਰ ਜਮਾਂਦਰੂ ਬੱਚਾ ਜੰਮਦਾ ਹੀ ਖ਼ਤਮ ਹੋ ਜਾਵੇ ਅਤੇ ਉਸ ਨੂੰ ਬੈਪਤਸਮਾ ਨਾ ਦਿੱਤੀ ਗਈ ਹੋਵੇ, ਉਹ ਮੁਰਦਾ ਬੱਚਾ ਈਸਾਈਆਂ ਦੇ ਪਵਿੱਤਰ ਸਮਝੇ ਜਾਂਦੇ ਸ਼ਮਸ਼ਾਨਘਾਟ (ਕਬਰਸਤਾਨ) ਦੀ ਸੀਮਾ ਵਿਚ ਨਹੀਂ ਦਫ਼ਨਾਇਆ ਜਾ ਸਕਦਾ ਕਿਉਂਕਿ ਉਹ ਬੁਨਿਆਦੀ ਤੌਰ 'ਤੇ ਪਾਪੀ ਹੈ। ਇਸ ਲਈ ਉਹ ਸਦੀਵਕਾਲ ਵਾਸਤੇ ਨਰਕ ਦੀ ਅਗਨੀ ਵਿਚ ਸੜਦਾ ਹੀ ਰਹੇਗਾ।

ਜਦੋਂ ਅਸੀਂ ਯਹੂਦੀਆਂ ਦੇ ਤੈਬਰਨੈਕਲ (ਪੂਜਾ ਸਥਾਨ) ਵਿਚ ਪਾਪਾਂ ਦੇ ਪ੍ਰਸ਼ਚਿਤ ਪ੍ਰਤਿ ਯਹੂਦੀ ਧਾਰਾ ਦਾ ਅਧਿਐਨ ਕਰਦੇ ਹਾਂ, ਤਦ ਅਸਾਡੇ ਸਾਹਮਣੇ ਕੁਝ ਐਸੇ ਵਿਆਕੁਲ ਉਜੱਡ ਅਤੇ ਅੰਧਵਿਸ਼ਵਾਸੀ ਕ੍ਰਿਆਕਰਮ ਦੀ ਸਮੱਗਰੀ ਪ੍ਰਗਟ ਹੋਇ ਆਂਵਦੀ ਹੈ, ਜਿਸ 'ਤੇ ਨਜ਼ਰਸਾਨੀ ਕੀਤਿਆਂ ਹਿਰਦੇ ਦੀਆਂ ਰੂਹਾਨੀ ਤਰਬਾਂ ਥਰਥਰਾਹਟ ਦੇ ਖੇਤਰ ਵਿਚ ਪ੍ਰਵੇਸ਼ ਕਰਦੀਆਂ ਹਨ। ਰੱਬ ਅਤੇ ਵਿਸ਼ਵਾਸਧਾਰੀ ਸ਼ਰਧਾਲੂ ਦੇ ਵਿਚਕਾਰ ਇਕ ਬਹੁਤ ਵੱਡੀ ਅਤੇ ਭਿਅੰਕਰ ਖਾੜੀ, ਖ਼ਲੀਜ, ਸਮੁੰਦ ਸਾਗਰ ਦਾ ਪਾੜਾ ਦਰਸਾਇਆ ਗਿਆ ਹੈ। ਬੰਦਾ ਨਿਜੀ ਮੂਲਿਕ ਪਾਪਾਂ ਦੇ ਕਾਰਣ ਇਸ ਖਾੜੀ ਨੂੰ ਪਾਰ ਕਰਨੋਂ ਅਸਮਰੱਥ ਹੈ। ਯਹੂਦੀਆਂ ਦੇ ਪੁਰਾਤਨ ਨਿਯਮ ਵਿਚ ਕੁਝ ਐਸੇ ਸੰਕੇਤਕ ਚਿੰਨ੍ਹ (Symbolic) ਦਰਸਾਏ ਗਏ ਹਨ ਜਿਨ੍ਹਾਂ ਦੇ ਆਧਾਰ 'ਤੇ ਇਕ ਵਿਸ਼ਵਾਸਧਾਰੀ ਨਿਜੀ ਪਾਪਾਂ ਪ੍ਰਤਿ ਪ੍ਰਾਸ਼ਚਿਤ ਕਰਦਾ ਹੋਇਆ ਆਪਣੇ ਬੁਨਿਆਦੀ ਪਾਪਾਂ ਦੀ ਪੰਡ ਆਹੂਤੀ ਕੀਤੇ ਜਾਣ ਵਾਲੇ ਅਬੋਧ ਅਤੇ ਬੇਕਸੂਰੇ ਪਸ਼ੂ ਦੇ ਜ਼ਿੰਮੇ ਇੰਤਕਾਲ ਕਰ ਦਿੰਦਾ ਹੈ, ਜੋ ਕਿ ਉਸ ਸ਼ਰਧਾਲੂ ਵਿਸ਼ਵਾਸਧਾਰੀ ਦੇ ਥਾਂ ਨਿਜੀ ਪ੍ਰਾਣਾਂ ਦੀ ਆਹੂਤੀ ਦੇ ਜਾਂਦਾ ਹੈ। ਆਹੂਤੀ ਵਾਲੇ ਦਿਨਾਂ ਵਿਚ ਧਾਰਮਿਕ ਆਗੂ ਸਭ ਤੋਂ ਪਹਿਲਾਂ ਨਿਜੀ ਪਾਪਾਂ ਦੇ ਪ੍ਰਾਸ਼ਚਿਤ ਲਈ ਕਿਸੇ ਪਸ਼ੂ ਦੀ ਬਲੀ ਦਿੰਦਾ ਅਤੇ ਉਸ ਤੋਂ ਉਪਰੰਤ ਸਾਧਾਰਨ ਜਨਸੰਖਿਆ ਵਾਸਤੇ ਪਸ਼ੂ ਆਹੂਤੀ ਦੀ ਰਸਮ ਨਿਭਾਈ ਜਾਂਦੀ। ਬਲੀ ਦੀ ਰਸਮ ਸਮਾਪਤੀ ਤੋਂ ਬਾਅਦ ਸਮੂਲਚੀ ਪਰਜਾ ਤੈਬਰਨੈਕਲ ਵਿਚ ਪ੍ਰਵੇਸ਼ ਕਰਦੀ। ਪਸ਼ੂ ਆਹੂਤੀ ਦੀ ਰਸਮ ਅਤਿ ਮਹੱਤਵਪੂਰਣ ਅਤੇ ਪ੍ਰਚੰਡਮਈ ਵਿਧੀ ਦੁਆਰਾ ਨੇਪਰੇ ਚਾੜ੍ਹੀ ਜਾਂਦੀ। ਪਸ਼ੂਆਂ ਦੀ ਬਲੀ ਇਸ ਵਾਸਤੇ ਨਹੀਂ ਦਿੱਤੀ ਜਾਂਦੀ ਸੀ ਕਿ ਪਸ਼ੂਆਂ ਦੀ ਹੱਤਿਆ ਕਰਨੀ ਹੈ, ਬਲਕਿ ਇਸ ਆਹੂਤੀ ਦਾ ਮੰਤਵ ਬੁਨਿਆਦੀ ਪਾਪਾਂ ਦੀ ਸੁਧਾਈ ਕਰਨਾ ਸੀ।

ਇਸੇ ਪ੍ਰਕਾਰ ਹਿੰਦੂ ਮਤਿ ਵਿਚ ਭੀ ਪਾਪਾਂ ਦੀ ਨਵਿਰਤੀ ਪ੍ਰਤਿ ਅਥਵਾ

ਮੋਖ਼ਸ਼ ਪ੍ਰਾਪਤੀ ਹਿਤ ਕਾਸ਼ੀ ਨਗਰੀ ਵਿਚ ਆਰੇ ਦੁਆਰਾ ਨਿਜੀ ਕਾਇਆਂ ਦੇ ਬੰਦ ਬੰਦ ਕਟਵਾਏ ਜਾਂਦੇ ਸਨ। ਯਹੂਦੀਆਂ ਅਤੇ ਹਿੰਦੂਆਂ ਵਲੋਂ ਪਾਪ ਨਵਿਰਤੀ ਅਤੇ ਮੋਖਸ਼ ਵਿਧੀ ਦਾ ਖੰਡਨ ਕਰਦੇ ਹੋਏ ਈਸਾਈ ਮਤਿ ਨੇ ਬੁਨਿਆਦੀ ਪਾਪਾਂ ਦੀ ਨਵਿਰਤੀ ਹਿਤ, ਦਵੈਤ ਭਾਵੀ ਪੂਜਕਾਂ ਦੇ ਸੰਗਠਨ (Gentile and Pagans) ਨੂੰ ਈਸਾਈ ਮਤਿ ਵਿਚ ਲਿਆਵਣ ਹਿਤ ਇਕ ਨਵੀਨ ਅਤੇ ਮਨੋਕਲਪਤ ਸਿਧਾਂਤ ਪੇਸ਼ ਕੀਤਾ ਹੈ ਕਿ ਬੁਨਿਆਦੀ ਪਾਪਾਂ ਦੀ ਨਵਿਰਤੀ ਪ੍ਰਤਿ ਅਸਲੀ ਅਤੇ ਸੱਚਾ ਪ੍ਰਾਸ਼ਚਿਤ ਈਸਾ ਜੀ ਨੇ ਪ੍ਰਸਤੁਤ ਕੀਤਾ ਹੈ, ਕਿਉਂਕਿ ਉਹ ਸੰਸਾਰੀ ਦੁੰਬਿਆਂ ਦੀ ਬਜਾਏ ਰੱਬ ਦਾ ਅਸਲੀ ਦੁੰਬਾ ਹੈ, ਜੋ ਕਿ ਸਮੂਲਚੇ ਪਾਪੀਆਂ ਦੇ ਪ੍ਰਥਾਇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਸਮੁੱਚੇ ਸੰਸਾਰ ਦੇ ਪਾਪਾਂ ਦੀ ਗੰਢੜੀ ਆਪਣੇ ਸਿਰ 'ਤੇ ਚੁੱਕ ਕੇ ਲੈ ਗਿਆ ਹੈ, ਔਰ ਸਮੁੱਚੇ ਈਸਾਈ ਭਾਈਚਾਰੇ ਨੂੰ ਮੂਲਿਕ ਪਾਪਾਂ ਦੀ ਲਾਅਨਤ ਤੋਂ ਸੁਰਖ਼ਰੂ ਕਰ ਗਿਆ ਹੈ। ਹੁਣ ਕਿਸੇ ਭੀ ਈਸਾਈ ਭਗਤ ਨੂੰ ਕਿਸੇ ਪ੍ਰਕਾਰ ਦਾ ਖ਼ਦਸਾ ਨਹੀਂ ਹੈ ਕਿ ਉਹ ਪਾਪੀ ਹੈ, ਕਿਉਂਕਿ ਉਸ ਦੇ ਸਮੂਲਚੇ ਪਾਪਾਂ ਦੀ ਪੰਡ ਈਸਾ ਜੀ ਆਪਣੇ ਨਾਲ ਲੈ ਗਏ ਹਨ।

ਜਿਤਨੇ ਅਰਸੇ ਤਕ ਅਸੀਂ *ਅੰਜੀਲ* ਦਾ ਹਰ ਇਕ ਸ਼ਬਦ ਅਤਿ ਧਿਆਨ ਦੁਆਰਾ ਅਤੇ ਗਿਆਨ ਦੀ ਛਾਣਨੀ ਵਿਚ ਛਾਣ ਕੇ ਨਹੀਂ ਵਿਚਾਰਦੇ, ਨਿਰਸੰਦੇਹ, *ਅੰਜੀਲ* ਦੀ ਗਾਥਾ ਅਸਾਡੀ ਸਮਝ ਵਿਚ ਨਹੀਂ ਆ ਸਕਦੀ। ਈਸਾਈ ਮਤਿ ਦਾ ਦਾਅਵਾ ਹੈ ਕਿ ਈਸਾ ਜੀ ਨੇ ਨਿਜੀ ਬਲੀਦਾਨ ਦੇ ਕੇ ਸਮੂਲਚੀ ਪ੍ਰਿਥਵੀ ਦੇ ਪਾਪਾਂ ਦਾ ਭਾਰ ਆਪਣੇ ਜ਼ਿੰਮੇ ਲੈ ਲਿਆ ਹੈ। ਪ੍ਰੰਤੂ ਜਦੋਂ ਅਸੀਂ ਡੂੰਘੀ ਵਿਚਾਰ ਦੁਆਰਾ *ਅੰਜੀਲ* ਦੀ ਗਾਥਾ ਵਾਚਦੇ ਹਾਂ, ਤਦ ਅਸਾਡੇ ਸਾਹਮਣੇ *ਅੰਜੀਲ* ਦਾ ਵਾਸਤਵਿਕ ਚਿੱਤਰ ਪ੍ਰਤੱਖ ਰੂਪ ਵਿਚ ਪ੍ਰਗਟ ਹੋਇ ਆਂਵਦਾ ਹੈ। ਮੂਲਿਕ ਪਾਪਾਂ ਦੀ ਨਵਿਰਤੀ ਹਿਤ ਈਸਾ ਜੀ ਦੀ ਪੈਦਾਇਸ਼ ਤੋਂ ਪਹਿਲਾਂ ਯਹੂਦੀਆਂ ਦੀ ਸਮੁੱਚੀ ਨਸਲ ਜਾਰਡਨ ਨਦੀ 'ਤੇ ਆਣ ਕੇ ਬੈਪਤਸਮਾ ਦੇ ਆਗੂ ਜੋਨ ਕੋਲੋਂ ਬੈਪਤਸਮਾ ਪ੍ਰਾਪਤ ਕਰਦੇ ਸਨ ਤਾਂਕਿ ਉਨ੍ਹਾਂ ਦੇ ਮੂਲਿਕ ਪਾਪਾਂ ਦੀ ਨਵਿਰਤੀ ਹੋ ਸਕੇ। ਇਸ ਖ਼ਿਆਲ ਦੀ ਸਾਖੀ *ਅੰਜੀਲ* ਦੇ ਚੌਖਟੇ ਵਿਚੋਂ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

4—John the Baptist appeared in the wilderness preaching a baptism of repentance for the forgiven of sins.

5—And all the country of Judea was going out to him, and all the people of Jerusalem; and they were being baptized by him in the Jordan River, confessing their sins.

(New American, Mark 1:4-5)

ਮੂਲਿਕ ਪਾਪਾਂ ਦੇ ਪ੍ਰਾਸ਼ਚਿਤ ਰੂਪ-ਰੇਖਾ ਦਾ ਸਹੀ ਚਿੱਤਰ ਨਿਜੀ ਤੌਰ 'ਤੇ ਅਟੱਲ ਸਾਖੀ ਭਰਦਾ ਹੈ ਕਿ ਈਸਾ ਜੀ ਤੋਂ ਪਹਿਲਾਂ ਭੀ ਮੂਲਿਕ ਪਾਪਾਂ ਦੀ ਨਵਿਰਤੀ ਹਿਤ ਯਹੂਦੀ ਲੋਕਾਂ ਵਿਚ ਇਕ ਆਮ ਮਰਯਾਦਾ ਸੀ। ਪ੍ਰੰਤੂ ਈਸਾਈ ਮਤਿ ਇਕ ਵੱਖਰੀ ਅਤੇ ਮਨੋਕਲਪਤ ਗਾਥਾ ਪੇਸ਼ ਕਰਦਾ ਹੈ ਕਿ ਮੂਲਿਕ ਪਾਪਾਂ ਦੀ ਨਵਿਰਤੀ ਦਾ ਅਉਖਧ ਕੇਵਲ ਅਤੇ ਕੇਵਲ ਇਕੋ ਇਕ ਈਸਾ ਜੀ ਵਲੋਂ ਦਿੱਤੀ ਹੋਈ ਨਿਜੀ ਪ੍ਰਾਣਾਂ ਦੀ ਆਹੂਤੀ ਹੈ, ਤਾਂਕਿ ਬਹੁ ਦੇਵ ਪੂਜਕ ਅਤੇ ਈਸਾ ਦੀ ਤਾਲੀਮ ਵਲੋਂ ਮੁਨਕਰ (Gentile and Pagan) ਯਹੂਦੀਆਂ ਦਾ ਗ੍ਰੋਹ ਈਸਾਈ ਮਤਿ ਵਿਚ ਖਿਲਾ-ਹੁਜਤ ਪ੍ਰਵੇਸ਼ ਕਰ ਸਕੇ। ਈਸਾ ਜੀ ਦਾ ਸੂਲੀ ਚੜ੍ਹ ਕੇ ਬਲੀਦਾਨ ਦੇਣਾ, ਪੁਨਰ-ਜੀਵਨ, ਈਸਾ ਦੇ ਨਾਮ 'ਤੇ ਮੂਲਿਕ ਪਾਪਾਂ ਦੀ ਨਵਿਰਤੀ ਜੈਸੇ ਮਨੋਕਲਪਤ ਪ੍ਰਚਾਰ ਹਿਤ ਈਸਾਈ ਮਤਿ ਨੇ ਭੋਲੇ-ਭਾਇ ਜੀਵਨ ਬਤੀਤ ਕਰਨ ਵਾਲੇ ਸਾਦਾ-ਲੋਹ ਲੋਕਾਂ ਨੂੰ ਗੁੰਮਰਾਹ ਕਰਨ ਹਿਤ ਕਰੋੜਾਂ ਅਰਬਾਂ ਦੀ ਗਿਣਤੀ ਵਿਚ ਮਨੋਕਲਪਤ ਸਾਹਿਤ ਸਮੱਗਰੀ ਸੰਸਾਰ ਦੇ ਕੋਨੇ ਕੋਨੇ ਵਿਚ ਹਰ ਇਕ ਵਿਅਕਤੀ ਤਕ ਪਹੁੰਚਾਈ ਹੈ, ਤਾਂਕਿ ਇਨ੍ਹਾਂ ਦੀ ਮਨੋਕਲਪਤ ਰਚਨਾ ਗਿਆਨ ਤੋਂ ਸੱਖਣੇ ਲੋਕਾਂ ਦੇ ਦਿਲਾਂ ਵਿਚ ਨਿਜੀ ਪ੍ਰਭਾਵ ਪਾ ਸਕੇ। ਇਸ ਪ੍ਰੋਗਰਾਮ ਦੇ ਅਧੀਨ ਸਾਰੀ ਦੁਨੀਆ ਵਿਚ ਈਸਾਈ ਮਤਿ ਦਾ ਪਸਾਰਾ ਨਿਰਸੰਦੇਹ ਹੋਇਆ ਹੈ। ਪ੍ਰੰਤੂ ਅਠਾਰਵੀਂ, ਉੱਨੀਵੀਂ ਅਤੇ ਵੀਹਵੀਂ ਸਦੀ ਦੇ ਈਸਾਈ ਸ਼ਰਧਾਲੂਆਂ ਨੇ ਇਸ ਮਨੋਕਲਪਤ ਗਾਥਾ ਨੂੰ ਸਮਝਣਾ ਆਰੰਭ ਦਿੱਤਾ ਹੈ ਔਰ ਅਨੁਭਵੀ ਖ਼ਿਆਲਾਂ ਦੀ ਨਗਰੀ ਵਿਚ ਚਰਾਗ਼ ਦੀ ਰੌਸ਼ਨੀ ਪ੍ਰਕਾਸ਼ ਹੋ ਚੁੱਕੀ ਹੈ। ਇਨਸਾਨ ਉੱਚੀ ਉੱਚੀ ਪੁਕਾਰ ਕੇ ਕਹਿ ਉਠਿਆ ਹੈ ਕਿ ਜੋ ਧਰਮ ਇਹ ਦਾਅਵਾ ਕਰਦਾ ਹੈ ਕਿ ਸਮੂਲਚੀ ਸਚਾਈ ਕੇਵਲ ਮੇਰੇ ਧਰਮ ਵਿਚ ਹੈ, ਉਹ ਧਰਮ ਅਵੱਸ਼ ਹੀ ਝੂਠਾ ਧਰਮ ਹੈ, ਜਿਵੇਂ :

Each people can only appropriate the knowledge of God in its own way. Each, therefore, will possess a partial perception of all that God may be. But that does not make it false. What is false is the pretension of any one group to possess the whole truth.

(Michael Ingham, Mansions of the Spirit, p. 75)

ਪੁਰਾਤਨ ਸਮੇਂ ਦੀ ਇਕ ਗਾਥਾ ਹੈ ਕਿ ਇਕ ਰਾਜੇ ਨੇ ਆਪਣੇ ਸਮਝਦਾਰ ਵਜ਼ੀਰਾਂ ਨੂੰ ਆਖਿਆ ਕਿ ਕੁਝ ਜਮਾਂਦਰੂ ਅੰਨ੍ਹੇ ਲਿਆਂਦੇ ਜਾਣ ਅਤੇ ਉਨ੍ਹਾਂ ਨੂੰ ਹਾਥੀ ਵਿਖਾਇਆ ਜਾਵੇ। ਕੁਝ ਅੰਨ੍ਹੇ ਵਿਅਕਤੀ ਇਕੱਤਰ ਕੀਤੇ ਗਏ। ਰਾਜੇ ਨੇ ਆਖਿਆ—ਹੇ ਭਾਈ! ਇਹ ਤੁਹਾਡੇ ਸਾਹਮਣੇ ਹਾਥੀ ਖੜਾ ਹੈ। ਇਕ ਅੰਨ੍ਹੇ ਨੂੰ ਹਾਥੀ ਦਾ ਸਿਰ ਪਕੜਾਇਆ ਗਿਆ, ਦੂਜੇ ਨੂੰ ਹਾਥੀ ਦੇ ਕੰਨ ਪਕੜਾਏ

ਗਏ, ਤੀਸਰੇ ਵਿਅਕਤੀ ਨੂੰ ਹਾਥੀ ਦੀ ਸੁੰਡ ਗ੍ਰਹਿਣ ਕਰਵਾਈ ਗਈ, ਚੌਥੇ ਨੂੰ ਹਾਥੀ ਦਾ ਪੈਰ ਫੜਾਇਆ ਗਿਆ, ਪੰਜਵੇਂ ਅੰਨ੍ਹੇ ਨੂੰ ਹਾਥੀ ਦਾ ਵੱਡਾ ਦੰਦ ਗ੍ਰਹਿਣ ਕਰਵਾਇਆ ਗਿਆ, ਛੇਵੇਂ ਵਿਅਕਤੀ ਨੂੰ ਹਾਥੀ ਦੀ ਪੂਛ ਫੜਾਈ ਗਈ। ਐਸੀ ਕ੍ਰਿਆ ਤੋਂ ਉਪਰੰਤ ਉਨ੍ਹਾਂ ਨੂੰ ਆਖਿਆ ਗਿਆ—ਹੇ ਭਾਈਓ! ਇਹ ਹੈ ਹਾਥੀ ਜੋ ਆਪ ਜੀ ਨੂੰ ਦਿਖਾਇਆ ਗਿਆ ਹੈ। ਹਰ ਇਕ ਅੰਨ੍ਹੇ ਵਿਅਕਤੀ ਨੇ ਨਿਜੀ ਸਪਰਸ਼ ਸ਼ਕਤੀ ਦੇ ਆਧਾਰ 'ਤੇ ਹਾਥੀ ਦੀ ਰੂਪ-ਰੇਖਾ ਆਪਣੇ ਮਨ ਵਿਚ ਉਲੀਕੀ। ਰਾਜੇ ਨੇ ਇਕੱਲੇ ਇਕੱਲੇ ਨੂੰ ਪੁਛਿਆ ਕਿ ਹੁਣ ਤੁਸੀਂ ਦੱਸੋ ਕਿ ਹਾਥੀ ਕੈਸਾ ਹੁੰਦਾ ਹੈ ? ਜਿਸ ਨੇ ਹਾਥੀ ਦਾ ਸਿਰ ਫੜਿਆ ਸੀ, ਆਖਣ ਲੱਗਾ—ਹਾਥੀ ਦੀ ਰੂਪ-ਰੇਖਾ ਇਕ ਵੱਡੇ ਮਟਕੇ ਦੀ ਨਿਆਈਂ ਹੈ। ਜਿਸ ਨੇ ਕੰਨ ਪਕੜੇ ਹੋਏ ਸਨ, ਆਖਣ ਲੱਗਾ—ਹਾਥੀ ਦੀ ਸ਼ਕਲ ਬਰਤਨ ਜੈਸੀ ਹੈ। ਜਿਸ ਨੇ ਹਾਥੀ ਦੇ ਵੱਡੇ ਵੱਡੇ ਦੰਦ ਗ੍ਰਹਿਣ ਕੀਤੇ ਸਨ, ਕਹਿਣ ਲੱਗਾ—ਹਾਥੀ ਦੀ ਸ਼ਕਲ ਹਲ ਦੇ ਫਾਲੇ ਜੈਸੀ ਹੈ। ਜਿਸ ਨੇ ਹਾਥੀ ਦੀ ਸੁੰਡ ਫੜੀ ਹੋਈ ਸੀ, ਉਸ ਨੇ ਜਵਾਬ ਦਿੱਤਾ ਕਿ ਬਿਰਖ ਦੇ ਤਣੇ ਜੈਸਾ ਹੈ।

ਭਾਵੇਂ ਹਾਥੀ ਇਕ ਹੈ ਔਰ ਹਾਥੀ ਦੀ ਰੂਪ-ਰੇਖਾ ਭੀ ਹਾਥੀ ਜੈਸੀ ਹੈ, ਪ੍ਰੰਤੂ ਅੰਨ੍ਹੇ ਵਿਅਕਤੀਆਂ ਨੇ ਕੇਵਲ ਐਸੀ ਰੂਪ-ਰੇਖਾ ਦਾ ਦਾਅਵਾ ਕੀਤਾ ਜੋ ਕੁਝ ਉਨ੍ਹਾਂ ਨੇ ਨਿਜੀ ਸਪਰਸ਼ ਸ਼ਕਤੀ ਦੁਆਰਾ ਅਨੁਭਵ ਕੀਤਾ ਸੀ। ਐਸਾ ਕਿਉਂ ਹੋਇਆ ? ਕਿਉਂਕਿ ਅੰਨ੍ਹੇ ਕੋਲ ਇਤਨੀ ਸਮਰੱਥਾ ਨਹੀਂ ਹੈ ਕਿ ਉਹ ਸਮੂਲਚੇ ਹਾਥੀ ਦੀ ਰੂਪ-ਰੇਖਾ ਨੂੰ ਵੇਖ ਸਕੇ। ਸਭ ਤੋਂ ਵੱਡਾ ਕਾਰਣ ਭੀ ਇਹੀ ਹੈ ਕਿ ਵਾਹਿਗੁਰੂ ਬਹੁਤ ਵੱਡਾ ਅਤੇ ਅਸੀਮ ਹੈ, ਅਸੀਂ ਅਗਿਆਨੀ ਅਤੇ ਅੰਨ੍ਹੇ ਹਾਂ, ਜੋ ਕੁਝ ਅਥਵਾ ਜਿਤਨਾ ਕੁਝ ਭੀ ਥੋੜਾ ਬਹੁਤ ਅਸੀਂ ਸਮਝਿਆ ਅਤੇ ਜਾਣਿਆ ਜਾਂ ਵੇਖਿਆ ਹੈ, ਕੇਵਲ ਅਸੀਂ ਉਹੀ ਕੁਝ ਹੀ ਅੰਨ੍ਹਿਆਂ ਦੇ ਹਾਥੀ ਵੇਖਣ ਵਾਂਗੂੰ ਝੂਠੇ ਦਾਅਵੇ ਕਰੀ ਜਾ ਰਹੇ ਹਾਂ ਕਿ ਰੱਬ ਦੀ ਰੂਪ-ਰੇਖਾ ਕੇਵਲ ਉਹੀ ਕੁਝ ਹੈ ਜੋ ਅਸਾਡੇ ਧਾਰਮਕ ਗ੍ਰੰਥ ਵਿਚ ਲਿਖੀ ਗਈ ਹੈ ਔਰ ਅੰਨ੍ਹਿਆਂ ਵਾਂਗੂੰ ਇਕ ਦੂਸਰੇ ਦੇ ਵਿਰੁੱਧ ਮਾਰੂ ਹਥਿਆਰਾਂ ਦੀ ਵਰਤੋਂ ਕਰੀ ਜਾ ਰਹੇ ਹਾਂ। ਅਸਲੀ ਮੂੜ੍ਹ ਅਤੇ ਅਜਾਣ ਉਹੀ ਧਰਮ ਜਾਂ ਇਨਸਾਨ ਹੈ ਜੋ ਇਹ ਦਾਅਵਾ ਕਰਦਾ ਹੈ ਕਿ ਮੇਰਾ ਧਰਮ ਅਤੇ ਮੈਂ ਹੀ ਸੱਚਾ ਔਰ ਸਹੀ ਹਾਂ, ਬਾਕੀ ਸਾਰੇ ਧਰਮ ਅਤੇ ਉਨ੍ਹਾਂ ਦੇ ਸ਼ਰਧਾਲੂ ਝੂਠੇ ਹਨ। ਇਸ ਖ਼ਿਆਲ ਦੀ ਸਾਖੀ ਪਾਵਨ ਗੁਰਬਾਣੀ ਦੁਆਰਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ:

ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥
ਕਹੁ ਨਾਨਕ ਗੁਰਿ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ ॥

(ਆਸਾ ਮ: ੫, ਪੰਨਾ 382/1)

ਐਸਾ ਇਨਸਾਨ ਅਸੂਝ ਹੈ ਜੋ ਇਹ ਦਾਅਵਾ ਕਰਦਾ ਹੈ ਕਿ ਮੈਂ ਵਾਹਿਗੁਰੂ ਨੂੰ ਜਾਣ ਲਿਆ ਹੈ। ਪ੍ਰੰਤੂ ਜਿਸ ਨੇ ਵਾਹਿਗੁਰੂ ਪ੍ਰਤਿ (ਤਨਕ-ਮਾਤਰ ਭੀ) ਗਿਆਨ ਪ੍ਰਾਪਤ ਕੀਤਾ, ਉਹ ਛੁਪਿਆ ਨਹੀਂ ਰਹਿ ਸਕਦਾ (ਭਾਵ ਸਾਰੀ ਸ੍ਰਿਸ਼ਟੀ ਵਿਚ ਸਵੈਮ ਹੀ ਅਥਵਾ ਸਾਧਾਰਨ ਤੌਰ 'ਤੇ ਪ੍ਰਗਟ ਹੋਇ ਆਂਵਦਾ ਹੈ)—ਹੇ ਨਾਨਕ! ਤੂੰ ਇਸ ਭੇਦ ਪ੍ਰਤਿ ਇਨ੍ਹਾਂ ਲੋਕਾਂ ਨੂੰ ਆਖ (ਭਾਵ, ਸਪਸ਼ਟ ਕਰ ਦੇ) ਜਿਸ ਨੂੰ ਗੁਰੂ ਨੇ ਨਾਮ ਰੂਪੀ ਅੰਮ੍ਰਿਤ ਪਿਲਾਇਆ ਹੈ, ਉਹ ਨਾਮ ਦਾ ਰਸ ਲੇ ਲੈ ਕੇ ਖਿੜਿਆ ਰਹਿੰਦਾ ਹੈ।

ਏਸੇ ਚਿੱਤਰ ਦੇ ਦੂਜੇ ਪਾਸੇ ਅਗਰ ਕੋਈ ਇਹ ਦਾਅਵਾ ਕਰੇ ਕਿ ਕੇਵਲ ਈਸਾ ਜੀ ਨੇ ਹੀ ਨਿਜੀ ਬਲੀ ਦੇ ਕੇ ਸਮੂਲਚੀ ਈਸਾਈ ਮਤਿ ਵਾਸਤੇ ਹਰ ਪ੍ਰਕਾਰ ਦੇ ਪਾਪਾਂ ਤੋਂ ਖ਼ਲਾਸੀ ਕਰਵਾ ਦਿੱਤੀ ਹੈ, ਕਿਉਂਕਿ ਉਹ ਪਾਪੀਆਂ ਦੀ ਖ਼ਾਤਰ ਨਿਜੀ ਪ੍ਰਾਣਾਂ ਦੀ ਕੁਰਬਾਨੀ ਦੇ ਗਿਆ ਹੈ। ਜਿਵੇਂ ਜੇਮਜ਼ ਮੌਂਟਗੁਮਰੀ ਦਾਅਵਾ ਕਰਦਾ ਹੈ ਕਿ,

The true and only atonement was to be provided by the Lord Jesus Christ who, as the perfect Lamb of God, died in place of sinners. *(The Sovereign God, p. 171)*

ਉਕਤ ਦਰਸਾਏ ਖ਼ਿਆਲ ਦੀ ਆਲੋਚਨਾ ਕਰਦੇ ਹੋਏ ਮਿਸਟਰ ਹਿਕ (Mr. Hick) ਨੇ ਨਿਰਣਾਤਮਕ ਨਿਰਣੈ ਕੀਤਾ ਹੈ ਕਿ ਕੇਵਲ ਈਸਾਈ ਮਤਿ ਹੀ ਮੁਕਤੀ ਦਾ ਸਾਧਨ ਨਹੀਂ ਹੈ, ਬਲਕਿ ਈਸਾ ਜੀ ਬਹੁਤ ਸਾਰੇ ਪੈਗ਼ੰਬਰਾਂ ਦੇ ਵਿਚੋਂ ਦੂਸਰੇ ਪੈਗ਼ੰਬਰਾਂ ਵਾਂਗੂੰ ਹੀ ਇਕ ਪੈਗ਼ੰਬਰ ਹੈ, ਉਹ ਸਾਰੇ ਹੀ ਮੁਕਤੀ ਦਾਤੇ ਹਨ, ਈਸਾ ਇਕੱਲਾ ਮੁਕਤੀ ਦਾਤਾ ਨਹੀਂ ਹੈ। ਮਿਸਟਰ ਹਿਕ ਨੇ ਬਹੁਤ ਵਜ਼ਨਦਾਰ ਦਲੀਲ ਦਿੰਦੇ ਹੋਏ ਪ੍ਰਗਟ ਕੀਤਾ ਹੈ ਕਿ ਈਸਾ ਜੀ ਨੇ ਨਿਜੀ ਤੌਰ 'ਤੇ ਆਪਣੇ ਆਪ ਨੂੰ ਰਬਾਨੀ ਅਥਵਾ ਈਸ਼ਵਰਵਾਦੀ ਹੋਣ ਦਾ ਦਾਅਵਾ ਨਹੀਂ ਕੀਤਾ। ਉਸ ਨੇ ਨਿਜੀ ਸੇਵਕਾਂ ਪ੍ਰਤਿ ਸਪਸ਼ਟ ਕੀਤਾ ਸੀ ਕਿ ਸਮੂਲਚੀ ਸ਼ਕਤੀ ਉਸ ਵਾਹਿਗੁਰੂ ਦੀ ਸ਼ਕਤੀ ਹੀ ਕੰਮ ਕਰਦੀ ਹੈ। ਇਹ ਜੋ ਕੁਝ ਅੱਜ ਈਸਾਈ ਮਤਿ ਦਾਅਵਾ ਕਰਦਾ ਹੈ ਕਿ ਈਸਾ ਜੀ ਹੀ ਸਾਰੇ ਪਾਪੀਆਂ ਦੇ ਪਾਪਾਂ ਨੂੰ ਲਪੇਟ ਕੇ ਆਪਣੇ ਨਾਲ ਹੀ ਲੈ ਗਿਆ ਹੈ। ਇਹ ਸਭ ਕੁਝ ਈਸਾ ਤੋਂ ਬਾਅਦ ਚਰਚਾਂ ਦੇ ਪਾਦਰੀਆਂ ਨੇ ਸਲਾਹ ਮਸ਼ਵਰੇ ਕਰ ਕੇ ਬਾਈਬਲ ਵਿਚ ਲਿਖ ਦਿੱਤਾ ਹੈ ਕਿ ਮੈਂ ਅਤੇ ਮੇਰਾ ਬਾਪੂ ਇਕ ਹੀ ਰੱਬ ਹਾਂ। ਮਿਸਟਰ ਹਿਕ ਨੇ ਇਸ ਝੂਠ ਨੂੰ ਪ੍ਰਗਟ ਕਰਦੇ ਹੋਏ ਦਾਅਵਾ ਕੀਤਾ ਹੈ ਕਿ *ਅੰਜੀਲ* ਵਿਚ ਜੋ ਕੁਝ ਲਿਖਿਆ ਗਿਆ ਹੈ, ਇਹ ਸਭ ਕੁਝ ਈਸਾ ਤੋਂ ਉਪਰੰਤ ਈਸਾਈ ਸੰਗਠਨ ਦੀ ਪੋਸਟ-ਈਸਟਰ ਕਮਿਊਨਿਟੀ (Post Easter Community) ਦੀ ਲਿਖਤ ਹੈ। ਉਕਤ ਦਰਸਾਈ ਵਾਰਤਾ ਨੂੰ ਅਸਲੀ ਸ਼ਬਦਾਂ ਵਿਚ ਜਾਣਨ ਹਿਤ, ਤੱਤ੍ਵ ਰੂਪ-ਰੇਖਾ ਦਾ ਉਲੀਕਣਾ ਆਵਸ਼ਕ ਹੈ, ਜਿਵੇਂ :

Hick argues that Christianity is not the one and only way of salvation, but one among several, and that Christ is not only Savior. To strengthen and defend this argument the challenges the traditional Christian understanding of the incarnation of God in Christ. He contends that Jesus himself did not claim to be divine. Jesus, rather, pointed his disciples beyond himself to the Father. It was the later churches that conceived the idea of his divinity and inserted these claims into the story of Jesus when it was written down. *(Mansion of the Spirit, p. 82)*

ਸੰਸਾਰ ਪੱਧਰ 'ਤੇ ਸਾਰੇ ਧਰਮ ਹੀ ਆਪਣੀ ਆਪਣੀ ਧਾਰਾ ਦੇ ਅਨੁਸਾਰ ਸੱਚੇ ਅਤੇ ਸਹੀ ਹਨ, ਔਰ ਦੁਨੀਆ ਦੇ ਸਾਰੇ ਧਰਮਾਂ ਵਿਚ ਹੀ ਥੋੜੀਆਂ ਬਹੁਤ ਖ਼ਾਮੀਆਂ ਭੀ ਵੇਖੀਆਂ ਜਾ ਸਕਦੀਆਂ ਹਨ। ਅਗਰ ਕਿਸੇ ਇਕ ਧਰਮ ਦੇ ਝਰੋਖੇ ਵਿਚੋਂ ਵੇਖਦੇ ਹੋਏ ਇਹ ਦਾਅਵਾ ਕਰੀਏ ਕਿ ਕੇਵਲ ਇਸ ਧਰਮ ਦੀ ਸਿਖਿਆ ਹੀ ਸਹੀ ਅਥਵਾ ਠੀਕ ਹੈ ਜਾਂ ਏਸੇ ਚਿੱਤਰ ਦੇ ਦੂਜੇ ਪਾਸੇ ਵੇਖਦੇ ਹੋਏ ਇਹ ਦਾਅਵਾ ਕਰੀਏ ਕਿ ਸਾਰੇ ਧਰਮ ਹੀ ਆਪਣੀ ਆਪਣੀ ਜਗ੍ਹਾ 'ਤੇ ਸਹੀ ਅਤੇ ਸੱਚੇ ਹਨ। ਪ੍ਰੰਤੂ ਉਕਤ ਦਰਸਾਏ ਖ਼ਿਆਲਾਂ ਦੀ ਬਜਾਏ, ਅਗਰ ਇੰਝ ਆਖ ਲਈਏ ਕਿ ਸਾਰੇ ਧਰਮਾਂ ਵਿਚ ਹੀ ਸਚਾਈ ਅਤੇ ਕੁਝ ਅਸ਼ੁਧੀਆਂ ਵੇਖੀਆਂ ਜਾ ਸਕਦੀਆਂ ਹਨ, ਜਿਵੇਂ :

It is very simple to claim "All religions are true" rather, it is more accurate to say that there is truth and error in all religions.

ਪਾਪਾਂ ਦੀ ਨਵਿਰਤੀ ਅਤੇ ਪਾਪਾਂ ਦੇ ਪ੍ਰਾਸ਼ਚਿਤ ਪ੍ਰਤਿ ਆਪ ਜੀ ਉਕਤ ਦਰਸਾਈ ਲਿਖਤ ਵਿਚ ਪੜ੍ਹ ਆਏ ਹੋ ਕਿ ਈਸਾਈ ਮਤਿ ਵਿਚ ਪਾਪਾਂ ਦੀ ਨਵਿਰਤੀ ਵਾਸਤੇ ਕੇਵਲ ਇਕ ਖ਼ਿਆਲ ਹੀ ਪ੍ਰਧਾਨ ਦਰਸਾਇਆ ਗਿਆ ਹੈ ਜੋ ਈਸਾਈ ਸ਼ਰਧਾਲੂਆਂ ਦੀ ਸੋਚ ਸਮਝ ਦੇ ਅਨੁਸਾਰ ਠੀਕ ਨਹੀਂ ਹੈ, ਬਲਕਿ ਸਰਾਸਰ ਸੰਦੇਹਪੂਰਣ ਹੈ। ਈਸਾਈ ਪ੍ਰਚਾਰਕਾਂ ਦਾ ਮੁਖ ਮੰਤਵ ਰੱਬ ਦੀ ਸਿਫ਼ਤਿ-ਸਾਲਾਹ ਕਰਨਾ ਨਹੀਂ ਹੈ, ਬਲਕਿ ਸਚਾਈ ਤਾਂ ਇਹ ਹੈ ਕਿ ਪ੍ਰਭੁਤਾ ਅਤੇ ਦਮਨ ਸੱਤਾ ਕਿਸ ਦੇ ਹੱਥ ਵਿਚ ਹੈ ? ਇਸ ਸ਼ਕਤੀ ਨੂੰ ਨਿਜੀ ਦਮਨ ਚੱਕਰ ਵਿਚ ਰੱਖਣ ਹਿਤ, ਧਰਮ ਦੀ ਵਰਤੋਂ ਇਕ ਸੰਦ (Tool) ਦੇ ਤੌਰ 'ਤੇ ਕੀਤੀ ਜਾ ਰਹੀ ਹੈ। ਧਰਮ ਨੂੰ ਇਕ ਸੰਦ ਦੇ ਆਧਾਰ 'ਤੇ ਵਰਤਦਿਆਂ *ਅੰਜੀਲ* ਦੀ ਕਿਤਾਬ ਗ਼ਰੀਬ ਕਾਮਿਆਂ ਦੇ ਹੱਥਾਂ ਵਿਚ ਫੜਾ ਕੇ ਪੈਸੇ ਦੀ ਆਰਥਿਕ ਸੱਤਾ, ਪ੍ਰਭੂਸੱਤਾ ਅਤੇ ਦਮਨ ਸੱਤਾ ਆਪਣੇ ਹੱਥਾਂ ਵਿਚ ਕਾਬੂ ਕਰਨ ਦੀ ਖੇਲ ਹੈ। ਈਸਾਈ ਤਵਾਰੀਖ਼ ਦੇ ਪੰਨੇ ਇਸ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਜਦੋਂ ਆਮ ਲੋਕਾਂ

ਨੇ ਆਪਸੀ ਤਾਲਮੇਲ ਦੁਆਰਾ ਪਰਸਪਰ ਸੰਜੋਗੀ ਜੀਵਨ ਦੀ ਬੁਨਿਆਦ ਰੱਖਣੀ ਆਰੰਭ ਦਿੱਤੀ, ਤਦ ਈਸਾਈ ਜਨੂੰਨੀਆਂ ਨੇ ਤਿੰਨ ਪ੍ਰਕਾਰ ਦੇ ਜੁਰਮ ਫ਼ਰਦ ਲੋਕਾਂ ਵਿਰੁੱਧ ਮੜ੍ਹਨੇ ਆਰੰਭ ਦਿੱਤੇ। ਆਖਿਆ ਗਿਆ ਕਿ ਇਹ ਰੱਬ ਦੇ ਸ਼ਰੀਕ ਅਤੇ ਰੱਬ ਦੇ ਵੈਰੀ ਹਨ। ਯਹੂਦੀਆਂ ਦੇ ਵਿਰੁੱਧ ਦੋਸ਼ ਲਗਾਇਆ ਗਿਆ ਕਿ ਇਹ ਈਸਾ ਦੇ ਕਾਤਿਲ ਹਨ। ਇਸਲਾਮ ਨੂੰ ਰੱਬ ਦੇ ਵਿਰੋਧੀ ਆਖ ਕੇ ਸੰਨ 1095 ਤੋਂ ਆਰੰਭ ਕਰ ਕੇ ਲਗਪਗ ਸੰਨ 1300 ਤਕ ਧਰਮ ਯੁੱਧ ਦੇ ਨਾਮ ਥੱਲੇ ਅਨੇਕਾਂ ਹੀ ਮਾਸੂਮਾਂ ਦੇ ਕਤਲ ਕੀਤੇ ਗਏ। ਧਰਮ ਦੀ ਛਤਰ ਛਾਇਆ ਥੱਲੇ ਦੂਸਰੇ ਲੋਕਾਂ ਦੀ ਜ਼ਿੰਦਗੀ ਨੂੰ ਨਿਜੀ ਹਿਤਾਂ ਲਈ ਵਰਤਣਾ ਈਸਾਈ ਮਤਿ ਦੀ ਇਕ ਸੁਭਾਵਿਕ ਅਤੇ ਸਾਧਾਰਨ ਨੀਤੀ ਦਾ ਅੰਗ ਹੀ ਆਖਿਆ ਜਾ ਸਕਦਾ ਹੈ। ਡੇਵਡ ਲੋਚਹੈਡ ਨਿਜੀ ਪੁਸਤਕ *'Dialogical Imperative 1988'* ਵਿਚ ਈਸਾਈ ਤਵਾਰੀਖ਼ ਦੀ ਰੰਗਤ ਨਿਮਨ ਲਿਖਤ ਦੇ ਆਧਾਰ 'ਤੇ ਪੇਸ਼ ਕਰਦਾ ਹੈ, ਜਿਵੇਂ:

Christian history is full of examples in which communities have felt threaten by alternative theologies and have reaponded by depicting their opponents as enemies of God. The early theologions described Ghosticism in these terms.

Arianism (Aryanism) was interpreted in this way by the defenders of Nicaea. Islam, at the time of the Crusades, was understood as a movement against God.

Catholic and Protestants, at the time of the Reformation, felt threatened by each other and described each other in the terms.

Jews while objectively not much of the threat to the dominant Christian culture in Europe were perceived as a threat and were described as "Christ killers".

(Mansion of the Spirit, p. 91)

ਉਕਤ ਦਰਸਾਈਆਂ ਉਦਾਹਰਣਾਂ ਦੀ ਰੌਸ਼ਨੀ ਵਿਚ ਅਸੀਂ ਆਖ ਸਕਦੇ ਹਾਂ ਕਿ ਜਿਥੇ ਧਰਮ ਨੇਕ ਅਮਲਾਂ ਦੇ ਪਸਾਰੇ ਹਿਤ ਇਕ ਬਹੁਤ ਹੀ ਅੱਛਾ ਸਕੂਲ ਹੈ, ਸਰਾਸਰ ਇਸ ਚਿੱਤਰ ਦੇ ਦੂਜੇ ਪਾਸੇ ਧਰਮ ਦੀ ਦੁਰਵਰਤੋਂ ਪਾਪਾਂ ਦਾ ਪ੍ਰਾਸ਼ਚਿਤ ਕਰਨ ਦੇ ਥਾਂ, ਪਾਪੀ ਵਿਰਤੀਆਂ ਨੂੰ ਜਨਮ ਦੇਣ ਵਾਲੀ ਪਾਠਸ਼ਾਲਾ ਭੀ ਹੈ ਕਿਉਂਕਿ ਸੰਸਾਰੀ ਜੀਵਾਂ ਦੀ ਬਹੁ-ਸੰਮਤੀ ਨਿਜੀ ਧਰਮ ਵਿਚ ਅਟੁੱਟ ਵਿਸ਼ਵਾਸ ਰੱਖਦੀ ਹੈ। ਧਰਮੀ ਹੋਣ ਦੇ ਨਾਤੇ ਅਸਾਡਾ ਇਖ਼ਲਾਕੀ ਫ਼ਰਜ਼ ਹੈ ਕਿ ਅਸੀਂ ਇਕ ਦੂਸਰੇ ਪ੍ਰਤਿ ਬੇਗਾਨੇ ਅਥਵਾ ਓਪਰੇ ਹੋ ਕੇ ਨਾ ਰਹੀਏ, ਬਲਕਿ ਗਵਾਂਢੀ ਧਰਮਾਂ ਵਾਸਤੇ ਦਰਵਾਜ਼ੇ ਖੁੱਲ੍ਹੇ ਰੱਖਣ ਦਾ ਯਤਨ ਕਰੀਏ। ਜੇਕਰ

ਅਸੀਂ ਨਿਜੀ ਪਾਪਾਂ ਪ੍ਰਤਿ ਵਾਸਤਵਿਕ ਢੰਗ ਦੁਆਰਾ ਪ੍ਰਸ਼ਚਿਤ ਕਰਨੀ ਲੋਚਦੇ ਹਾਂ, ਤਦ ਅਸਾਨੂੰ ਨਿਸ਼ਚੈ ਕਰਨਾ ਪਵੇਗਾ ਕਿ ਦੂਸਰੇ ਗਵਾਂਢੀ ਧਰਮਾਂ ਪ੍ਰਤਿ ਅਸਾਡੀ ਨੀਤੀ ਢਾਹੂ ਅਤੇ ਘਾਤਕ ਤਾਂ ਨਹੀਂ ਹੈ। ਪਰਸਪਰ ਕਦਮ ਮਿਲਾ ਕੇ ਚੱਲਣਾ ਹੀ ਸੰਸਾਰ ਪੱਧਰ 'ਤੇ ਇਕ ਨਵੀਨ ਅਤੇ ਨਰੋਏ ਸਮਾਜ ਦੀ ਬੁਨਿਆਦੀ ਸ਼ਿਲਾ ਰੱਖਣ ਦਾ ਸੰਕੇਤਕ ਚਿੰਨ੍ਹ ਹੈ, ਜਿਵੇਂ :

ਮਨ ਅਪੁਨੇ ਤੇ ਬੁਰਾ ਮਿਟਾਨਾ॥ ਪੇਖੈ ਸਗਲ ਸ੍ਰਿਸਟਿ ਸਾਜਨਾ॥

(ਗਉੜੀ ਸੁਖਮਨੀ ਮ: ੫, ਪੰਨਾ 266/8)

ਉਕਤ ਦਰਸਾਈ ਗਾਥਾ ਦੇ ਆਧਾਰ 'ਤੇ ਈਸਾਈ ਮਤਿ ਦੁਆਰਾ ਪਾਪਾਂ ਦੇ ਪ੍ਰਾਸ਼ਚਿਤ ਪ੍ਰਤਿ ਇਕ ਐਸਾ ਸੁਥੱਲ ਖ਼ਿਆਲ ਪੇਸ਼ ਕੀਤਾ ਗਿਆ ਹੈ, ਜਿਸ ਦੇ ਆਧਾਰ 'ਤੇ ਇਹ ਦਾਅਵਾ ਕੀਤਾ ਗਿਆ ਹੈ ਕਿ ਅੰਤ ਦੇ ਸਮੇਂ ਸਮੂਲਚੇ ਈਸਾਈ ਭਗਤਾਂ ਨੂੰ ਈਸਾ ਦੇ ਨਾਮ 'ਤੇ ਸਾਰੇ ਕੀਤੇ ਹੋਏ ਪਾਪਾਂ ਵਲੋਂ ਮਾਫ਼ੀ-ਨਾਮਾ ਦਿੱਤਾ ਜਾਵੇਗਾ, ਜਿਸ ਨੂੰ ਲੈਬਰਲ (ਉਦਾਰਚਿੱਤ) ਖ਼ਿਆਲਾਂ ਦੇ ਈਸਾਈ ਸ਼ਰਧਾਲੂ ਸਵੀਕਾਰ ਕਰਨ ਹਿਤ, ਬਿਲਕੁਲ ਹੀ ਰਜ਼ਾਮੰਦ ਨਹੀਂ ਹਨ। ਬਹੁਤ ਹੀ ਬਿਹਤਰ ਹੋਵੇਗਾ ਅਗਰ ਅਸੀਂ ਈਸਾਈ ਪਾਪ ਸਮੱਗਰੀ ਦੀ ਤਲਾਫ਼ੀ ਪ੍ਰਤਿ ਕੁਝ ਗ਼ੈਰ-ਈਸਾਈ ਵਿਚਾਰਧਾਰਾ ਦਾ ਅਧਿਐਨ ਭੀ ਸੁਹਿਰਦ ਪਾਠਕਾਂ ਨਾਲ ਸਾਂਝਾ ਕਰੀਏ, ਤਾਂਕਿ ਅਸੀਂ ਵਧੇਰੇ ਤੌਰ 'ਤੇ ਈਸਾਈ ਮਤਿ ਵਲੋਂ ਪ੍ਰਚਾਰੀ ਜਾ ਰਹੀ ਪਾਪ ਪ੍ਰਾਸ਼ਚਿਤ ਸਮੱਗਰੀ ਨੂੰ ਸਮਝ ਸਕੀਏ।

ਈਸਾਈ ਮਤਿ ਦਾ ਖ਼ਿਆਲ ਹੈ ਕਿ ਬਾਬਾ ਆਦਮ ਅਤੇ ਉਸ ਦੀ ਪਤਨੀ ਬੀਬੀ ਹੱਵਾ (ਈਵ) ਵਲੋਂ ਕੀਤੇ ਪਾਪ ਦੇ ਕਾਰਣ ਸਮੂਲਚੀ ਮਨੁੱਖਤਾ ਨਸਲ-ਦਰ-ਨਸਲ ਪਾਪੀ ਅਤੇ ਦੋਸ਼ੀ ਠਹਿਰਾਈ ਗਈ। ਇਸ ਫ਼ਤਵੇ ਦੇ ਅਧੀਨ ਬਾਬਾ ਆਦਮ ਦੀ ਸਮੂਲਚੀ ਔਲਾਦ ਨਿਰੰਤਰ ਕਾਲ ਹਿਤ ਨਰਕਾਂ ਦੀ ਅਗਨੀ ਵਿਚ ਸੜਦੀ ਰਹੇਗੀ। ਭਾਵੇਂ ਤੁਸੀਂ ਕਿਤਨੇ ਭੀ ਪੁੰਨੀ ਅਤੇ ਧਰਮ-ਧਾਰਨੀ ਭੀ ਕਿਉਂ ਨਾ ਹੋਵੋ, ਕਿਉਂਕਿ ਰੱਬ ਆਪਣੇ ਬਣਾਏ ਕਾਨੂੰਨ ਵਿਚ ਕਦੀ ਭੀ ਬਦਲੀ ਨਹੀਂ ਕਰ ਸਕਦਾ, ਭਾਵ, ਬਾਬਾ ਆਦਮ ਅਤੇ ਮਾਈ ਹੱਵਾ ਦਾ ਕੀਤਾ ਹੋਇਆ ਪਾਪ ਸਮੂਲਚੀ ਆਦਮ ਨਸਲ ਵਾਸਤੇ ਮੂਲਿਕ ਪਾਪੀ ਹੋਣ ਪ੍ਰਤਿ ਰੱਬੀ ਕਾਨੂੰਨ ਥਾਪਿਆ ਗਿਆ ਹੈ। *(Rev. Goldseck: Atonement, p. 5)*

ਈਸਾਈ ਧਾਰਾ ਦੇ ਆਧਾਰ 'ਤੇ ਰੱਬੀ ਇਨਸਾਫ਼ ਦੀ ਗਾਥਾ ਚੱਲ ਰਹੀ ਹੈ। ਕੈਸਾ ਅਨਿਆਇ ਹੈ ? ਜਦੋਂ ਕਿ ਪਾਪ ਕਰਨ ਵਾਲਾ ਅਥਵਾ ਰੱਬ ਦਾ ਹੁਕਮ ਨਾ ਮੰਨਣ ਵਾਲਾ ਕੋਈ ਹੋਰ ਹੈ ਅਤੇ ਇਸ ਕੀਤੇ ਪਾਪ ਦੀ ਸਜ਼ਾ ਭੁਗਤਣ ਵਾਲਾ ਕੋਈ ਹੋਰ ਹੈ ਔਰ ਸਮੂਲਚੀ ਸ੍ਰਿਸ਼ਟੀ ਦੇ ਕੀਤੇ ਪਾਪਾਂ ਦਾ ਭਾਰ ਚੁੱਕਣ ਵਾਲਾ ਕੋਈ ਹੋਰ ਹੈ। ਕਹਿੰਦੇ ਹਨ ਕਿ ਜਦੋਂ ਈਸਾ ਜੀ ਨੇ ਰੱਬ ਨੂੰ ਤਸੱਲੀ

ਦੇਣ ਹਿਤ ਸੂਲੀ 'ਤੇ ਚੜ੍ਹ ਕੇ ਸਾਰੇ ਜੀਵਾਂ ਦੇ ਪਾਪਾਂ ਦਾ ਭਾਰ ਅਤੇ ਹਰਜਾਨਾ ਆਪਣੇ ਸਿਰ 'ਤੇ ਚੁੱਕ ਲਿਆ। ਇਸ ਤਰ੍ਹਾਂ ਰੱਬੀ ਹੁਕਮ ਦੀ ਉਲੰਘਣਾ ਕਰਨ ਵਾਲਿਆਂ ਦੀ ਸਮੂਲਚੀ ਔਲਾਦ ਨੂੰ ਮਾਫ਼ੀ ਦਿੱਤੀ ਗਈ। ਇਸ ਖ਼ਿਆਲ ਪ੍ਰਤਿ ਵਾਸਤਵਿਕ ਗਾਥਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

Since Christ, God and man, has taken upon Himself our sins (by his death on the cross) in order to atone for them by giving satisfaction to God's outraged justice.

(Rev. J.F. De Groot, Catholic Teaching, p. 162)

ਕੈਸੀ ਅਦਭੁੱਤ ਗਾਥਾ ਹੈ ਕਿ ਈਸਾਈ ਮਤਿ ਵਿਚ ਬਹੁਤ ਸਾਰੇ ਸੁਲਝੇ ਹੋਏ ਵਿਦਵਾਨਾਂ ਦੇ ਹੁੰਦਿਆਂ ਭੀ ਐਸੇ ਹੱਠਧਰਮੀ ਅਤੇ ਰੂੜ੍ਹੀਵਾਦੀ ਸਿਧਾਂਤ ਨੂੰ ਕਿਸ ਤਰ੍ਹਾਂ ਨਿਜੀ ਜੀਵਨ ਦਾ ਭਾਗ ਬਣਾ ਲਿਆ ਹੈ ? ਪਾਪਾਂ ਦੇ ਨਿਪਟਾਰੇ ਪ੍ਰਤਿ ਪਾਵਨ ਗੁਰਬਾਣੀ ਦਾ ਦਰਗਾਹੀ ਫ਼ੁਰਮਾਨ ਹੈ ਕਿ ਵਾਹਿਗੁਰੂ ਦਾ ਧਰਮ ਨਿਆਇ ਹਰ ਇਨਸਾਨ ਵਾਸਤੇ ਧੀਰਜ ਦਿੰਦਾ ਹੈ ਕਿ ਕੋਈ ਭੀ ਪਾਪੀ ਜੀਵ ਪ੍ਰਭੂ ਦੇ ਦੀਵਾਨ ਵਿਚ ਨਹੀਂ ਨਿਭ ਸਕਦਾ, ਭਾਵ, ਸਜ਼ਾ ਤੋਂ ਬਿਨਾਂ ਛੁਟਕਾਰਾ ਨਹੀਂ ਪਾ ਸਕਦਾ। ਇਨਸਾਫ਼ ਤਾਂ ਇਹ ਹੈ ਕਿ ਅਗਰ ਕੋਈ ਜੀਵ ਇਸ ਹੱਥ ਦੁਆਰਾ ਪਾਪ ਕਰਦਾ ਹੈ, ਉਸ ਨੂੰ ਓਸੇ ਹੱਥ ਦੁਆਰਾ ਭੁਗਤਣਾ ਹੀ ਪਵੇਗਾ, ਜਿਵੇਂ :

ਧਰਮੁ ਧੀਰਾ ਕਲਿ ਅੰਦਰੇ ਇਹੁ ਪਾਪੀ ਮੂਲਿ ਨ ਤਗੈ ॥
ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਇਕ ਘੜੀ ਮੁਹਤੁ ਨ ਲਗੈ ॥

(ਮਾਰੂ ਮ: ੫, ਪੰਨਾ 1098/6)

ਵਾਹਿਗੁਰੂ ਦੇ ਅਦਲ ਪ੍ਰਤਿ ਪਾਵਨ ਬਾਈਬਲ ਵਿਚ ਭੀ ਕੁਝ ਐਸੀਆਂ ਹੀ ਮਿਸਾਲਾਂ ਮਿਲਦੀਆਂ ਹਨ ਜਿਨ੍ਹਾਂ ਦੇ ਆਧਾਰ 'ਤੇ ਅਸੀਂ ਇਹ ਨਿਰਣੈ ਲੈ ਸਕਦੇ ਹਾਂ ਕਿ ਹਰ ਜੀਵ ਨੂੰ ਨਿਜੀ ਕਰਮਾਂ ਦਾ ਇਵਜ਼ਾਨਾ ਉਤਾਰਨਾ ਹੀ ਪਵੇਗਾ। ਹੋਰ ਕੋਈ ਭੀ ਦੂਸਰਾ ਵਿਅਕਤੀ ਉਸ ਦੇ ਕੀਤੇ ਪਾਪਾਂ ਦਾ ਭਾਰ ਨਹੀਂ ਉਠਾ ਸਕਦਾ। ਹਰ ਵਿਅਕਤੀ ਨਿਜੀ ਕਰਤੂਤਾਂ ਦਾ ਫਲ ਲਾਜ਼ਮੀ ਹੀ ਭੁਗਤੇਗਾ। ਜੋ ਪ੍ਰਾਣੀ ਖੱਟੇ ਅੰਗੂਰ ਖਾਵੇਗਾ, ਉਸ ਦੇ ਹੀ ਦੰਦ ਖੱਟੇ ਹੋਵਣਗੇ, ਨਾ ਕਿ ਉਸ ਦੀ ਸੰਤਾਨ ਦੇ ਦੰਦ ਖੱਟੇ ਹੋਵਣਗੇ।

29—In those days they will not say again, The fathers have eaten sour grapes. And the children's teeth are set on edge.

30—But every one will die for his own iniquity; each man who eats the sour grapes, his teeth will be set on edge.

(New American, Jeremiah 31:29-30)

ਅਗਰ ਬਾਬਾ ਆਦਮ ਦੇ ਕੀਤੇ ਪਾਪਾਂ ਦਾ ਇਵਜ਼ਾਨਾ ਉਸ ਦੀ ਔਲਾਦ ਨੂੰ ਉਤਾਰਨਾ ਪੈਣਾ ਸੀ, ਤਦ ਆਦਮ ਤੋਂ ਈਸਾ ਜੀ ਤਕ ਪਾਪਾਂ ਦਾ ਭਾਰ ਚੁੱਕਣ ਵਾਲਾ ਕੌਣ ਸੀ ? ਇਸ ਦਾ ਭਾਵ ਇਹ ਹੋਇਆ ਕਿ ਜਿਤਨੇ ਪ੍ਰਾਣੀ ਈਸਾ ਜੀ ਤੋਂ ਪਹਿਲਾਂ ਮਰੇ ਹਨ, ਉਹ ਸਾਰੇ ਹੀ ਨਰਕਾਂ ਦੀ ਅਗਨੀ ਵਿਚ ਸੜ ਰਹੇ ਹਨ। ਕੈਸਾ ਇਨਸਾਫ਼ ਹੈ, ਕੈਸਾ ਨਿਆਇ ਹੈ ? ਇਸ ਪ੍ਰਸ਼ਨ ਦੇ ਉੱਤਰ ਵਿਚ ਈਸਾਈ ਸ਼ਰਧਾਲੂ ਇਕ ਬਹੁਤ ਹੀ ਵੱਡੀ ਕਲਪਨਾ ਪੇਸ਼ ਕਰਦੇ ਹਨ ਕਿ ਈਸਾ ਜੀ ਦੀ ਹੋਂਦ ਅਨਾਦੀ ਹੈ। ਇਸ ਅਨਾਦੀ ਅਵਸਥਾ ਨੂੰ ਸਮਝਣ ਹਿਤ '*Pre-existence of Christ*' ਵੇਖੋ।

ਈਸਾ ਜੀ ਨੂੰ ਬੈਪਤਸਮਾ ਦੇਣ ਵਾਲਾ ਜੌਨ ਹੈ, ਜੌਨ ਦੀ ਬਾਬਤ ਈਸਾ ਜੀ ਦੇ ਨਿਜੀ ਖ਼ਿਆਲ ਹਨ ਕਿ ਜੌਨ ਸਭ ਤੋਂ ਵੱਡਾ ਰੱਬੀ ਪੈਗੰਬਰ ਹੈ ਔਰ ਜਿਤਨੇ ਭੀ ਪੈਗੰਬਰ ਹੋਏ ਹਨ, ਇਹ ਸਾਰੇ ਹੀ ਕਿਸੇ ਨਾ ਕਿਸੇ ਔਰਤ ਦੁਆਰਾ ਹੀ ਪੈਦਾ ਹੋਏ ਹਨ (ਜਿਨ੍ਹਾਂ ਵਿਚ ਈਸਾ ਜੀ ਭੀ ਇਕ ਹੈ)। ਈਸਾ ਜੀ ਕਹਿੰਦੇ ਹਨ ਕਿ ਅੱਜ ਤਕ ਜੌਨ ਨਾਲੋਂ ਵੱਡਾ ਕੋਈ ਭੀ ਪੈਦਾ ਨਹੀਂ ਹੋਇਆ। ਉਕਤ ਦਰਸਾਏ ਖ਼ਿਆਲਾਂ ਦੀ ਤਾਤਵਿਕ ਸ਼ਬਦਾਵਲੀ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

9—But what went ye out for to see ? A Prophet ? Yea, I say unto you, and more than a prophet.

11—Verily I say unto you, among them that are born of women there hath not risen a greater than John the Baptist.

(King James, Mathew 11: 9,11)

ਜੌਨ ਦੇ ਮਾਤਾ ਪਿਤਾ ਜ਼ਿਕਰੀਆ ਅਤੇ ਐਲਜ਼ਬੈਥ ਸਨ, ਇਨ੍ਹਾਂ ਦੀ ਬਾਬਤ *ਅੰਜੀਲ* ਵਿਚ ਜ਼ਿਕਰ ਆਇਆ ਹੈ ਕਿ ਇਹ ਦੋਨੋਂ ਹੀ ਰੱਬ ਦੀ ਹਜ਼ੂਰੀ ਵਿਚ ਪਾਪਾਂ ਤੋਂ ਰਹਿਤ ਵਿਅਕਤੀ ਸਨ ਕਿਉਂਕਿ ਇਨ੍ਹਾਂ ਨੇ ਰੱਬੀ ਹੁਕਮ ਦੀ ਪਾਲਣਾ ਕੀਤੀ, ਇਸ ਵਾਸਤੇ ਇਹ ਹਮੇਸ਼ਾ ਹੀ ਪਾਪਾਂ ਤੋਂ ਨਿਰਲੇਪ ਸਨ। ਅਗਰ ਜ਼ਿਕਰੀਆ ਅਤੇ ਐਲਜ਼ਬੈਥ ਪਾਪਾਂ ਤੋਂ ਰਹਿਤ ਸਨ, ਤਦ *ਅੰਜੀਲ* ਦੀ ਇਹ ਕਲਪਨਾਤਮਿਕ ਗਾਥਾ ਨਿਰੋਲ ਅਸਿਧਾਂਤਿਕ ਅਤੇ ਕਪੋਲ ਕਲਪਨਾ ਹੀ ਸਾਬਤ ਹੁੰਦੀ ਹੈ ਕਿ ਹਰ ਵਿਅਕਤੀ ਬਾਬਾ ਆਦਮ ਦੇ ਕੀਤੇ ਪਾਪ ਦੀ ਵਿਰਾਸਤ ਦੇ ਆਧਾਰ 'ਤੇ ਜਮਾਂਦਰੂ ਹੀ ਪਾਪੀ ਹੈ। ਇਸ ਧਾਰਾ ਪ੍ਰਤਿ *ਅੰਜੀਲ* ਦਾ ਕਥਨ ਹੈ :

6—And they were both righteous before God, walking in all the commandments and ordinance of the Lord blameless.

(King James, Luke 1:6)

ਬਾਈਬਲ ਦੇ ਪੰਨਿਆਂ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਹਜ਼ਰਤ

ਦਾਊਦ ਰੱਬ ਦੀ ਹਜ਼ੂਰੀ ਵਿਚ ਗਿਆ, ਕਿਉਂਕਿ ਉਹ ਬਹੁਤ ਹੀ ਸੱਚਾ ਅਤੇ ਪਾਕਦਾਮਨ ਵਿਅਕਤੀ ਸੀ। ਪਾਪਾਂ ਤੋਂ ਰਹਿਤ ਹੋਣ ਕਰਕੇ ਰੱਬ ਨੇ ਉਸਨੂੰ ਇਕ ਪੁੱਤਰ ਦੀ ਦਾਤਿ ਬਖ਼ਸ਼ੀ ਤਾਂਕਿ ਉਸ ਦਾ ਪੁੱਤਰ ਉਸ (ਹਜ਼ਰਤ ਦਾਊਦ) ਦੇ ਰਾਜ ਸਿੰਘਾਸਣ ਨੂੰ ਸੰਭਾਲ ਸਕੇ। ਇਸ ਵਾਰਤਾ ਦਾ ਸਿੱਟਾ ਇਹ ਨਿਕਲਿਆ ਕਿ ਹਜ਼ਰਤ ਦਾਊਦ, ਬਾਬਾ ਆਦਮ ਅਤੇ ਮਾਤਾ ਈਵ ਦੇ ਕੀਤੇ ਪਾਪਾਂ ਦੀ ਵਿਰਾਸਤ ਤੋਂ ਰਹਿਤ ਸੀ, ਉਸਨੂੰ ਬਾਬਾ ਆਦਮ ਦੇ ਕੀਤੇ ਪਾਪ ਦਾ ਤਨਕ ਮਾਤਰ ਭੀ ਲੇਸ ਨਹੀਂ ਸੀ। ਆਮ ਵਿਦਵਾਨਾਂ ਦੀ ਭੀ ਇਹੀ ਵਿਚਾਰ ਹੈ ਕਿ ਬਾਈਬਲ ਦੀ ਸਮੂਲਚੀ ਗਾਥਾ ਪਰਸਪਰ ਵਿਰੋਧਾਭਾਸ ਖ਼ਿਆਲਾਂ ਦੀ ਸਮੱਗਰੀ ਹੈ। ਦਾਊਦ ਪ੍ਰਤਿ ਪਾਪਾਂ ਤੋਂ ਰਹਿਤ ਹੋਣ ਦੀ ਵਾਰਤਾ ਦਾ ਵਾਸਤਵਿਕ ਚਿੱਤਰ ਬਾਈਬਲ ਦੇ ਪੰਨਿਆਂ ਵਿਚੋਂ ਨਿਮਨ ਲਿਖਤ ਦੇ ਆਧਾਰ 'ਤੇ ਵੇਖਿਆ ਜਾ ਸਕਦਾ ਹੈ, ਜਿਵੇਂ :

6—And Solomon said, Thou hast shewed unto thy servant David my father great mercy, according to as he walked before thee in truth, and in righteousness, and in uprightness of heart with thee; and thou hast kept for him this great kindness, that Thou hast given him a son to sit on his throne, as it is this day.

(King James, 1 King, 3:6)

ਬਾਈਬਲ ਅਤੇ *ਅੰਜੀਲ* ਵਿਚ ਹੋਰ ਭੀ ਬਹੁਤ ਐਸੀਆਂ ਉਦਾਹਰਣਾਂ ਹਨ, ਜਿਨ੍ਹਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਈਸਾ ਜੀ ਦੇ ਜਨਮ ਤੋਂ ਪਹਿਲਾਂ ਵਾਹਿਗੁਰੂ ਦੀ ਰਚਨਾ ਵਿਚ ਐਸੇ ਵਿਅਕਤੀ ਭੀ ਹੋ ਗੁਜ਼ਰੇ ਹਨ ਜਿਨ੍ਹਾਂ 'ਤੇ ਬਾਬਾ ਆਦਮ ਦੇ ਕੀਤੇ ਪਾਪਾਂ ਦਾ ਨਾਮ-ਮਾਤਰ ਭੀ ਕੋਈ ਅਸਰ ਨਹੀਂ ਸੀ। ਵਾਹਿਗੁਰੂ ਦੀ ਸ੍ਰਿਸ਼ਟੀ ਵਿਚ ਹਰ ਵਿਅਕਤੀ ਨਿਜੀ ਮੰਦੀਆਂ ਚੰਗੀਆਂ ਕਰਤੂਤਾਂ ਦਾ ਸਵੈਮ ਤੌਰ 'ਤੇ ਜ਼ਿੰਮੇਵਾਰ ਹੈ। ਈਸਾ ਜੀ ਦੇ ਸੂਲੀ ਚੜ੍ਹਨ ਕਰਕੇ ਪਾਪੀਆਂ ਦੇ ਪਾਪ ਨਹੀਂ ਧੋਤੇ ਜਾ ਸਕਦੇ, ਜਦੋਂ ਤਕ ਕਿ ਉਹ ਨਿਜੀ ਤੌਰ 'ਤੇ ਆਪਣੇ ਰੂਹਾਨੀ ਰਹਿਬਰ ਦੀ ਸਿਖਿਆ ਦੇ ਆਧਾਰ 'ਤੇ ਜੀਵਨ ਬਤੀਤ ਨਹੀਂ ਕਰਦੇ। ਕੀਤੇ ਪਾਪਾਂ ਤੋਂ ਛੁਟਕਾਰੇ ਦਾ ਸਾਧਨ ਕੇਵਲ ਅਤੇ ਕੇਵਲ ਵਾਹਿਗੁਰੂ ਦੀ ਰਹਿਮਤ ਹੈ। ਰੱਬੀ ਰਹਿਮਤ ਕੇਵਲ ਉਨ੍ਹਾਂ 'ਤੇ ਹੁੰਦੀ ਹੈ ਜੋ ਆਪਣੇ ਮੁਰਸ਼ਦ ਦੀ ਤਾਲੀਮ ਨੂੰ ਜੀਵਨ ਦਾ ਅਵਿੱਛੜ ਅੰਗ ਸਥਾਪਨ ਕਰ ਲੈਂਦੇ ਹਨ। ਜੋ ਪ੍ਰਾਣੀ ਨਿਜੀ ਪਾਪਾਂ ਦੀ ਗੰਢੜੀ ਬੰਨ੍ਹ ਕੇ ਤ੍ਰਾਹਿ ਤ੍ਰਾਹਿ ਕਰਦਾ ਹੋਇਆ ਗੁਰਮੁਖਿ ਗਾਡੀ ਰਾਹ ਦਾ ਯਾਤਰੂ ਬਣ ਜਾਂਦਾ ਹੈ, ਵਾਹਿਗੁਰੂ ਬਿਰਦ ਪਾਲਿਕ ਹੈ, ਪਾਪੀਆਂ ਨੂੰ ਨਿਜੀ ਸੇਵਕ ਥਾਪ ਕੇ ਬਖ਼ਸ਼ਸ਼ ਕਰਦਾ ਅਤੇ ਪਾਪਾਂ ਦੀ ਗੰਢੜੀ ਸਾੜ ਕੇ ਪਾਵਨ ਅਤੇ ਪਵਿੱਤਰ ਬਣਾ ਦਿੰਦਾ ਹੈ, ਜਿਵੇਂ :

ਤ੍ਰਾਹਿ ਤ੍ਰਾਹਿ ਕਰਿ ਸਰਨੀ ਆਏ ਜਲਤਉ ਕਿਰਪਾ ਕੀਜੈ ॥
ਕਰੁ ਗਹਿ ਲੇਹੁ ਦਾਸ ਅਪੁਨੇ ਕਉ ਨਾਨਕ ਅਪੁਨੋ ਕੀਜੈ ॥

(ਮਲਾਰ ਮ: ੫, ਪੰਨਾ 1269/19)

ਇਥੇ ਤਕ ਪਾਪ ਅਤੇ ਪ੍ਰਾਸ਼ਚਿਤ ਦੀ ਗਾਥਾ ਸਮਾਪਤ ਹੁੰਦੀ ਹੈ, ਇਸ ਤੋਂ ਅਗਲੇਰੇ ਪੰਨਿਆਂ ਵਿਚ ਈਸਾਈ ਮਤਿ ਪ੍ਰਤਿ ਪੁਨਰ ਨਿਰਮਾਣ ਸੰਗਠਨ ਪ੍ਰਤਿ ਵਾਰਤਾ ਆਰੰਭ ਕਰਨ ਦੇ ਤਲਿਬਗਾਰ ਹੋਵਾਂਗੇ।

6.59 ਪੁਨਰ ਨਿਰਮਾਣ (Reformation)

ਉਕਤ ਵਾਰਤਾ ਦੁਆਰਾ ਆਪ ਜੀ ਪਾਪਾਂ ਦੀ ਉਪਜ ਅਤੇ ਪਾਪਾਂ ਤੋਂ ਛੁਟਕਾਰੇ ਪ੍ਰਤਿ ਪੜ੍ਹ ਆਏ ਹੋ ਕਿ ਸਮੂਲਚੀ ਮਨੁੱਖ ਜਾਤੀ ਦੇ ਮੂਲਿਕ ਤੌਰ 'ਤੇ ਪਾਪੀ ਹੋਣ ਦਾ ਮੂਲ ਕਾਰਣ ਬਾਬਾ ਆਦਮ ਅਤੇ ਮਾਤਾ ਹੱਵਾ (ਈਵ) ਵਲੋਂ ਕੀਤਾ ਹੋਇਆ ਪਾਪ ਹੈ। ਉਸ ਮੂਲਿਕ ਪਾਪ ਦੀ ਮੁਆਫ਼ੀ ਈਸਾ ਜੀ ਨੇ ਸਲੀਬ 'ਤੇ ਚੜ੍ਹ ਕੇ ਸਾਰੀ ਸ੍ਰਿਸ਼ਟੀ ਦੇ ਪਾਪਾਂ ਦੀ ਗੰਢੜੀ ਆਪਣੇ ਜ਼ਿੰਮੇ ਲੈ ਲਈ ਹੈ। ਹਰ ਈਸਾਈ ਭਗਤ ਨੂੰ ਪਾਪਾਂ ਤੋਂ ਇੰਝ ਬਰੀ ਕਰ ਦਿੱਤਾ ਹੈ ਜਿਵੇਂ ਅਨਯਮਤੀਏ ਗੰਗਾ ਦਾ ਇਸ਼ਨਾਨ ਕਰਨ ਤੋਂ ਉਪਰੰਤ ਪਿਛਲੇ ਕੀਤੇ ਸਾਰੇ ਪਾਪਾਂ ਤੋਂ ਮੁਕਤ ਹੋ ਜਾਂਦੇ ਹਨ ਔਰ ਫਿਰ ਭਵਿੱਖ ਕਾਲ ਵਿਚ ਜਿਤਨੇ ਮਰਜ਼ੀ ਹੈ ਪਾਪ ਕਰ ਸਕਦੇ ਹਨ ਕਿਉਂਕਿ ਗੰਗਾ ਨਦੀ ਦੇ ਇਸ਼ਨਾਨ ਕੀਤਿਆਂ ਭੂਤ ਕਾਲ ਵਿਚ ਕੀਤੇ ਸਮੂਲਚੇ ਪਾਪ ਧੋਤੇ ਜਾਂਦੇ ਹਨ। ਸਰਾਸਰ ਇਸੇ ਪ੍ਰਕਾਰ ਈਸਾਈ ਪ੍ਰੇਮੀ ਭੀ ਜਿਤਨੇ ਮਰਜ਼ੀ ਪਾਪ ਕਰ ਸਕਦੇ ਹਨ ਕਿਉਂਕਿ ਉਨ੍ਹਾਂ ਦੇ ਸਮੂਲਚੇ ਪਾਪਾਂ ਦੀ ਗੰਢੜੀ ਈਸਾ ਜੀ ਨੇ ਸਲੀਬ 'ਤੇ ਚੜ੍ਹ ਕੇ ਆਪਣੇ ਮੋਢਿਆਂ 'ਤੇ ਚੁੱਕ ਲਈ ਹੈ। ਕੈਸਾ ਸਿਧਾਂਤ ਹੈ, ਕੈਸੇ ਮਾਫ਼ੀ-ਨਾਮੇ ਹਨ ? ਐਸੇ ਮਾਫ਼ੀ-ਨਾਮਿਆਂ ਪ੍ਰਤਿ ਪਾਵਨ ਗੁਰਬਾਣੀ ਦਾ ਦਰਗਾਹੀ ਫ਼ੁਰਮਾਨ ਹੈ, ਜਿਵੇਂ :

ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥ ਪੂਜਾ ਕਰਹਿ ਬਹੁਤੁ ਬਿਸਥਾਰਾ ॥
ਕਰਿ ਇਸਨਾਨੁ ਤਨਿ ਚਕ੍ਰ ਬਣਾਏ ॥ ਅੰਤਰ ਕੀ ਮਲੁ ਕਬ ਹੀ ਨ ਜਾਏ ॥੧॥
ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ ॥
ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ ॥੧॥ਰਹਾਉ॥
ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮ ਪੁਰਿ ਬਾਂਧਿ ਖਰੇ ਕਾਲੰਕ ॥੨॥

(ਪ੍ਰਭਾਤੀ ਮ: ੫, ਪੰਨਾ 1348/1)

ਈਸਾਈ ਭਗਤਾਂ ਦੀ ਆਤਮ ਤ੍ਰਿਪਤੀ ਪ੍ਰਤਿ ਪਾਪਾਂ ਦੇ ਕੱਫ਼ਾਰੇ (ਗੁਨਾਹਾਂ ਦੀ ਮਾਫ਼ੀ ਪ੍ਰਤਿ ਦੰਡ) ਵਾਸਤੇ ਸਰ ਰਿਚਰਡ ਗਰੇਗੌਰੀ ਬਾਈਬਲ ਦੀ ਦਰਸਾਈ

ਹੋਈ ਰੱਬੀ ਸ਼ਕਤੀ ਪ੍ਰਤਿ ਲਿਖਦਾ ਹੈ ਕਿ *ਬਾਈਬਲ* ਨਿਮਨ ਲਿਖਤ ਧਾਰਾ ਦੇ ਅਧਾਰ 'ਤੇ ਸਿਹਤਮੰਦ ਵਿਸ਼ਵਾਸ ਨੂੰ ਪ੍ਰਗਟ ਕਰਨੋਂ ਅਸਮਰੱਥ ਰਹੀ ਹੈ:

(ੳ) *ਬਾਈਬਲ* ਦਾ ਸਵੈਮ ਤੌਰ 'ਤੇ ਪਰਸਪਰ ਵਿਰੋਧਾਭਾਸ ਹੈ।

(ਅ) ਈਸਾਈ ਧਰਮ ਦੀ ਬੁਨਿਆਦ ਕਿਹੜੀਆਂ ਚੀਜ਼ਾਂ 'ਤੇ ਹੋਣੀ ਚਾਹੀਦੀ ਹੈ, ਨੈਤਿਕ ਸਥਿਤੀ ਦਾ ਜ਼ਾਬਤਾ ਕੈਸਾ ਹੋਵੇ, ਇਸ ਦੇ ਆਧਾਰ 'ਤੇ ਜੋ ਸਿਧਾਂਤ ਅੱਜ ਕੱਲ ਚਾਲੂ ਹਨ, ਉਹ *ਬਾਈਬਲ* ਵਿਚ ਨਹੀਂ ਹਨ।

(ੲ) ਜੋ ਹਾਲਾਤ *ਬਾਈਬਲ* ਵਿਚ ਦਰਸਾਏ ਗਏ ਹਨ, ਚਾਲੂ ਸਮੇਂ ਦੀ ਸਾਇੰਸ ਦੇ ਪ੍ਰਗਟਾਵੇ ਉਨ੍ਹਾਂ ਨੂੰ ਗ਼ਲਤ ਸਾਬਤ ਕਰਦੇ ਹਨ।

(ਮਾਅਰਫ਼ੁਲ ਕੁਰਾਨ, ਪੰਨੇ 39-40);

(Religion in Science Civilization, pp. 81-82)

ਪਾਪਾਂ ਦੇ ਮਾਫ਼ੀ-ਨਾਮਿਆਂ ਦਾ ਜ਼ਿਕਰ ਕਰਦੇ ਹੋਏ ਪੋਪ ਅਰਬਨ ਦੂਜਾ ਨੇ ਆਦੇਸ਼ ਜਾਰੀ ਕੀਤੇ ਕਿ ਜੋ ਈਸਾਈ ਭਗਤ ਸਵੈਮ ਤੌਰ 'ਤੇ ਸਲੀਬੀ ਯੁੱਧ ਵਿਚ ਭਾਗ ਨਹੀਂ ਲੈ ਸਕਦੇ, ਉਹ ਆਪਣੀ ਥਾਂ 'ਤੇ ਕਿਸੇ ਹੋਰ ਨੂੰ ਭੇਜ ਸਕਦੇ ਹਨ। ਇਸ ਦੇ ਇਵਜ਼ਾਨੇ ਵਜੋਂ ਉਨ੍ਹਾਂ ਨੂੰ ਪਾਪਾਂ ਦੀ ਸਮੱਗਰੀ ਤੋਂ ਮਾਫ਼ੀ-ਨਾਮਾ ਦਿੱਤਾ ਜਾਵੇਗਾ, ਜੋ ਉਨ੍ਹਾਂ ਲਈ ਅੰਤ ਦੇ ਸਮੇਂ ਛੁਟਕਾਰੇ ਦਾ ਸਾਧਨ ਹੋਵੇਗਾ।

ਜਦੋਂ ਪੋਪ ਲੀਓ ਦਸਵੇਂ (Leo X) ਨੇ ਰੋਮ ਵਿਚ ਸੈਂਟ ਪਾਲ ਦਾ ਗਿਰਜਾ ਬਣਵਾਇਆ, ਉਸ ਨੇ ਭੀ ਇਸੇ ਪ੍ਰਕਾਰ ਦੇ ਮਾਫ਼ੀ-ਨਾਮੇ ਭੇਜਣੇ ਆਰੰਭ ਦਿੱਤੇ। ਬਸ, ਫਿਰ ਕੀ ਸੀ! ਮਾਫ਼ੀ-ਨਾਮਿਆਂ ਨੇ ਸਾਧਾਰਨ ਲੋਕਾਂ ਵਾਸਤੇ ਇਕ ਵਪਾਰ ਦੀ ਮੰਡੀ ਖੋਲ੍ਹ ਦਿੱਤੀ। ਇਨ੍ਹਾਂ ਮਾਫ਼ੀ-ਨਾਮਿਆਂ ਦੀ ਰੂਪ-ਰੇਖਾ ਨਿਮਨ ਲਿਖਤ ਦੇ ਆਧਾਰ 'ਤੇ ਹੁੰਦੀ ਸੀ, ਜਿਵੇਂ:

ਤੁਹਾਡੇ ਉਪਰ ਯਸੂਹ ਮਸੀਹ ਰੱਬ ਦੀ ਰਹਿਮਤ ਹੋਵੇ ਅਤੇ ਤੁਹਾਨੂੰ ਆਪਣੇ ਪਵਿੱਤਰ ਰਹਿਮ ਦੁਆਰਾ ਸਾਰੇ ਪਾਪਾਂ ਦੀ ਸਜ਼ਾ ਤੋਂ ਨਿਰਬੰਧ ਕਰੇ। ਮੈਂ ਉਸ (ਮਸੀਹ) ਦੀ ਅਤੇ ਉਸ ਦੇ ਚੇਲੇ ਪਤਰਸ (ਪਾਲ) ਅਤੇ ਪਵਿੱਤਰ ਪੋਪ ਦੀ ਸਨਦ ਦੇ ਆਧਾਰ 'ਤੇ ਜੋ ਉਨ੍ਹਾਂ ਨੇ ਮੈਨੂੰ ਬਖ਼ਸ਼ੀ ਹੈ, ਤੁਹਾਨੂੰ ਪਾਪਾਂ ਤੋਂ ਆਜ਼ਾਦ ਕਰਦਾ ਹਾਂ। ਸਭ ਤੋਂ ਪਹਿਲਾਂ ਕਲੀਸਾ ਦੀਆਂ ਸਾਰੀਆਂ ਤ੍ਰਿਸਕਾਰੀ ਭਾਵਨਾਵਾਂ ਤੋਂ ਅਤੇ ਹਰ ਪ੍ਰਕਾਰ ਦੇ ਗੁਨਾਹ ਤੋੜਨ ਦੀਆਂ ਸੀਮਾਵਾਂ ਚਾਹੇ ਉਹ ਕਿਤਨੀਆਂ ਹੀ ਭਿਆਨਕ ਅਤੇ ਕਠਿਨ ਕਿਉਂ ਨਾ ਹੋਣ ਔਰ ਮੈਂ ਉਹ ਸਜ਼ਾ ਤੁਹਾਥੋਂ ਚੁੱਕ ਲੈਂਦਾ ਹਾਂ ਜੋ ਤੁਹਾਡੇ ਪਾਪਾਂ ਦੇ ਕਾਰਣ ਤੁਹਾਨੂੰ ਨਰਕਾਂ ਦੀ ਸਜ਼ਾ ਮਿਲਣ ਵਾਲੀ ਸੀ, ਤਾਂਕਿ ਜਦੋਂ ਤੁਸੀਂ ਮਰੋਗੇ, ਤੁਹਾਡੇ ਵਾਸਤੇ ਨਰਕ ਦੇ ਦਰਵਾਜ਼ੇ ਬੰਦ ਹੋਣਗੇ ਅਤੇ ਜੰਨਤ ਦੇ ਰਸਤੇ ਬਹੁਤ ਖੁੱਲ੍ਹੇ ਹੋਣਗੇ। ਇਹ ਸਭ ਕੁਝ ਬਾਪ, ਬੇਟੇ ਅਤੇ ਪਵਿੱਤਰ ਸਪਿਰਟ ਦੇ ਨਾਮ 'ਤੇ ਹੋਵੇਗਾ।

(ਮਾਅਰਫ਼ੁਲ ਕੁਰਾਨ, ਪੰਨਾ 41)

ਜਿਸ ਤਰ੍ਹਾਂ ਉਪਰ ਲਿਖਿਆ ਜਾ ਚੁੱਕਾ ਹੈ ਕਿ ਇਨ੍ਹਾਂ ਮਾਫ਼ੀ-ਨਾਮਿਆਂ ਦੀਆਂ ਕੀਮਤਾਂ ਭੀ ਭਿੰਨ ਭਿੰਨ ਹੁੰਦੀਆਂ ਸਨ ਅਤੇ ਹਰ ਇਕ ਏਜੰਟ ਦੇ ਪਾਸ ਇਨ੍ਹਾਂ ਕੀਮਤਾਂ ਦੀ ਕਾਪੀ ਮੌਜੂਦ ਹੁੰਦੀ ਸੀ। ਜਿਸ ਦੀ ਅਸਲੀ ਲਿਸਟ *ਟੈਕਸ ਆਫ਼ ਦੀ ਸੈਕਰਡ ਰੋਮਨ ਚੇਨਸਰੀ (Tax of the Sacred Roman Chancery)* ਦੀ ਕਿਤਾਬ ਵਿਚ ਰੱਖੀ ਜਾਂਦੀ ਸੀ। ਜਿਨ੍ਹਾਂ ਵਿਚ ਹਮਲ ਦਾ ਗਿਰਾਨਾ, ਅਦਾਲਤ ਵਿਚ ਝੂਠੀ ਕਸਮ, ਚੋਰੀ, ਅਸਮਤ ਲੁੱਟਣੀ, ਜਬਰ ਜ਼ਨਾਹ, ਕਤਲ ਆਦਿ ਦੇ ਮਾਫ਼ੀ-ਨਾਮੇ ਹੁੰਦੇ ਸਨ।

ਮਾਫ਼ੀ-ਨਾਮਿਆਂ ਦੀਆਂ ਕੀਮਤਾਂ ਨਿਮਨ ਲਿਖਤ ਦੇ ਆਧਾਰ 'ਤੇ ਨਿਰੀਖਣ ਕੀਤੀਆਂ ਜਾ ਸਕਦੀਆਂ ਹਨ, ਜਿਵੇਂ :

(1) ਗਰਭ ਦੋਸ਼ ਜਾਂ ਹਮਲ ਗਿਰਾਨਾ	:	6	ਪੈਨਸ
(2) ਚੋਰੀ ਕਰਨੀ	:	12	ਸ਼ਲਿੰਗ
(3) ਅਦਾਲਤ ਵਿਚ ਝੂਠੀ ਕਸਮ	:	9	ਸ਼ਲਿੰਗ
(4) ਪਤਵੰਤੀ ਔਰਤ ਦੀ ਪਤ ਲੁੱਟਣੀ	:	9	ਸ਼ਲਿੰਗ
(5) ਔਰਤ ਨਾਲ ਦੁਰ-ਵਿਵਹਾਰ, ਹਰਾਮਕਾਰੀ	:	7	ਸ਼ਲਿੰਗ
(6) ਕਤਲ ਕਰਨਾ	:	7	ਸ਼ਲਿੰਗ

ਉਕਤ ਦਰਸਾਏ ਮਾਫ਼ੀ-ਨਾਮੇ ਨਿਜੀ ਗੁਨਾਹਾਂ ਦੀ ਬਖ਼ਸ਼ਸ਼ ਵਾਸਤੇ ਭੀ ਖ਼ਰੀਦੇ ਜਾਂਦੇ ਸਨ, ਬਲਕਿ ਹਰ ਮਰਦ ਆਪਣੇ ਪਾਪਾਂ ਦੀ ਕੀਮਤ ਜਾਂ ਇਵਜ਼ਾਨਾ ਉਤਾਰਨ ਵਜੋਂ ਭੀ ਖ਼ਰੀਦ ਸਕਦਾ ਸੀ। ਮਾਫ਼ੀ-ਨਾਮਿਆਂ ਦੇ ਦਲਾਲ ਇਸ ਕਿਸਮ ਦੀਆਂ ਆਵਾਜ਼ਾਂ ਕੱਸਿਆ ਕਰਦੇ ਸਨ ਕਿ ਆਓ ਅੱਗੇ ਵਧੋ, ਸੁਰਗ ਦੇ ਦਰਵਾਜ਼ੇ ਖੁੱਲ੍ਹ ਗਏ ਹਨ। ਜੇਕਰ ਹੁਣ ਭੀ ਸੁਰਗ ਵਿਚ ਪ੍ਰਵੇਸ਼ ਨਾ ਕਰ ਸਕੇ ਫਿਰ ਕਦੋਂ ਕਰੋਗੇ ? ਤੁਸੀਂ ਬਾਰਾਂ ਪੈਨਸ ਦੇ ਬਦਲੇ ਆਪਣੇ ਬਾਪ ਦੀ ਰੂਹ ਨੂੰ ਨਰਕਾਂ ਵਿਚੋਂ ਕੱਢਵਾ ਸਕਦੇ ਹੋ। ਤੁਸੀਂ ਇਤਨੇ ਨਾਲਾਇਕ ਬੇਟੇ ਹੋ ਕਿ ਬਾਰਾਂ ਪੈਨਸ ਦੇ ਬਦਲੇ ਆਪਣੇ ਪਿਤਰਾਂ ਨੂੰ ਨਰਕਾਂ ਵਿਚੋਂ ਨਹੀਂ ਕੱਢਵਾ ਸਕਦੇ ? ਜੇਕਰ ਤੁਹਾਡੇ ਪਾਸ ਕੁਝ ਭੀ ਨਹੀਂ, ਤਦ ਤੁਸੀਂ ਆਪਣਾ ਕੋਟ ਅਥਵਾ ਬਸਤ੍ਰ ਉਤਾਰ ਕੇ ਮਾਫ਼ੀ-ਨਾਮਾ ਖ਼ਰੀਦ ਸਕਦੇ ਹੋ।

ਆਕਸਫ਼ੋਰਡ ਯੂਨੀਵਰਸਿਟੀ ਦਾ ਚਾਂਸਲਰ ਥਾਮਸ ਗੈਸਕੋਗਿਨ (Thomas Gascoigne 1450 A.D.) ਲਿਖਦਾ ਹੈ ਕਿ ਅੱਜ ਕੱਲ ਗੁਨਾਹਗਾਰ ਹਰ ਜਗ੍ਹਾ ਇਹ ਕਹਿੰਦੇ ਸੁਣਾਈ ਦਿੰਦੇ ਹਨ ਕਿ ਮੈਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਹੈ ਕਿ ਮੈਂ ਰੱਬ ਦੀ ਹਜ਼ੂਰੀ ਵਿਚ ਕਿਤਨੇ ਕੁ ਗੁਨਾਹ ਕਰਦਾ ਹਾਂ ਕਿਉਂਕਿ ਮੈਂ ਹਰ ਇਕ ਗੁਨਾਹ ਦਾ ਮਾਫ਼ੀ-ਨਾਮਾ ਗੁਨਾਹ ਦੀ ਸਜ਼ਾ ਦੇ ਬਦਲੇ ਖ਼ਰੀਦ ਸਕਦਾ ਹਾਂ। ਕਦੇ ਚਾਰ ਪੈਨਸ ਦੇ ਬਦਲੇ, ਕਦੀ ਜੂਏ ਦੇ ਇਕ

ਦਾਉ ਦੇ ਬਦਲੇ, ਕਦੀ ਇਕ ਸ਼ਰਾਬ ਦੇ ਪਿਆਲੇ ਬਦਲੇ, ਕਿਸੇ ਬਾਜ਼ਾਰੀ ਔਰਤ ਦੇ ਬਦਲੇ, ਮਾਫ਼ੀ-ਨਾਮਾ ਖ਼ਰੀਦਿਆ ਜਾ ਸਕਦਾ ਸੀ।

(Quoted by Monken, Treaties on Right and Wrong, pp. 187-88)

ਯੂਨੀਵਰਸਲ ਚਰਚਜ਼ ਦੇ ਸ਼ਕਤੀਸ਼ਾਲੀ ਸ਼ਾਸਨ ਦਾ ਸਮਾਂ ਇਤਨਾ ਜਰਾਇਮ ਪੇਸ਼ਾ ਸਮਾਂ ਸੀ ਕਿ ਜਿਸ ਦੀ ਮਿਸਾਲ ਹਿਸਟਰੀ ਦੇ ਪੰਨਿਆਂ 'ਤੇ ਨਹੀਂ ਮਿਲ ਸਕਦੀ। ਜਿਸ ਵਿਚ ਬਦ-ਨਜ਼ਮੀ, ਜ਼ੁਲਮ, ਧੱਕਾ, ਬੇ-ਇਨਸਾਫ਼ੀ, ਬਦਕਾਰੀ, ਲੜਾਈ ਝਗੜੇ ਇਤਨੇ ਪਸਰ ਗਏ ਸਨ ਕਿ ਉਹ ਸੀਮਾ ਤੋਂ ਪਾਰ ਲੰਘ ਗਏ ਸਨ। ਇਹ ਸਮਾਂ ਬਦਕਾਰੀਆਂ ਦਾ ਸਮਾਂ ਸੀ।

(ਮਾਅਰਫ਼ਲ ਕੁਰਾਨ, ਪੰਨਾ 42)

ਪਾਪਾਂ ਦੀ ਮਾਫ਼ੀ ਅਤੇ ਕਈ ਇਕ ਹੋਰ ਕਾਰਨਾਂ ਦੇ ਹੋਣ ਕਰਕੇ ਧਾਰਮਿਕ ਸ਼ਕਤੀ ਦੀ ਲਗਾਤਾਰ ਦੁਰਵਰਤੋਂ ਈਸਾਈ ਗਿਰਜਿਆਂ ਵਿਚ ਆਮ ਕਰਕੇ ਹੀ ਪ੍ਰਗਟ ਰੂਪ ਵਿਚ ਵੇਖੀ ਜਾ ਸਕਦੀ ਸੀ। ਗਿਰਜਿਆਂ ਦੇ ਬੰਦੋਬਸਤ ਦੇ ਨਾਮ ਥੱਲੇ ਅਥਵਾ ਈਸਾ ਦੇ ਨਾਮ ਥੱਲੇ, ਪੈਸੇ ਦਾ ਬਹੁਤ ਵੱਡਾ ਹਿੱਸਾ ਆਮ ਪਰਜਾ ਕੋਲੋਂ ਉਗਰਾਹੀ ਵਜੋਂ ਕੀਤਾ ਜਾਂਦਾ ਸੀ। ਇਸ ਪੈਸੇ ਦੀ ਉਗਰਾਹੀ ਹਿਤ, ਅਨੇਕਾਂ ਪ੍ਰਕਾਰ ਦੇ ਢੰਗ ਵਰਤੇ ਜਾਂਦੇ ਸਨ। ਪਰਿਣਾਮ ਵਜੋਂ ਈਸਾਈ ਧਰਮ ਦੇ ਆਤਮਕ ਖੇਤਰ ਨੂੰ ਬਹੁਤ ਹੀ ਵੱਡਾ ਨੁਕਸਾਨ ਪੁੱਜਾ। ਐਸੇ ਢੰਗਾਂ ਦੁਆਰਾ ਹੀ ਗਿਰਜਾ ਸੰਭਾਲੂ ਪਦਵੀਆਂ ਭੀ ਵੇਚੀਆਂ ਜਾਂਦੀਆਂ ਸਨ। ਉਨ੍ਹਾਂ ਦਿਨਾਂ ਵਿਚ ਹੀ ਪਰਜਾ ਦੇ ਪੈਸੇ ਦੀ ਇਤਨੀ ਦੁਰਵਰਤੋਂ ਹੋਣ ਲੱਗੀ ਕਿ ਵਿਸ਼ੇਸ਼ ਕਰਕੇ ਇਟਲੀ ਦੇਸ ਵਿਚ ਪੋਪ ਅਤੇ ਉਸ ਦੇ ਪਾਦਰੀ ਵਰਗ ਦੀ ਸਦੱਸਤਾ ਦਾ ਜੀਵਨ ਰਾਜੇ ਮਹਾਰਾਜਿਆਂ ਨਾਲੋਂ ਭੀ ਮਨੋਰੰਜਨ ਅਤੇ ਐਸ਼-ਪ੍ਰਸਤੀ ਦਾ ਜੀਵਨ ਸੀ। ਪਾਦਰੀ ਵਰਗ ਨੇ ਲੋੜ ਤੋਂ ਵਧੀਕ ਬੇ-ਅਰਥ ਖ਼ਰਚ ਕਰ ਕੇ ਨਿਜੀ ਮਹਿਲ ਮਾੜੀਆਂ ਭੀ ਉਸਾਰੀਆਂ। ਇਨ੍ਹਾਂ ਪਾਦਰੀ ਵਰਗ ਦੇ ਵਿਅਕਤੀਆਂ ਨੇ ਇਸ ਕਾਲੇ ਧਨ ਦੀ ਦੁਰਵਰਤੋਂ ਕਰਦੇ ਹੋਏ, ਵਧੀਆਂ ਹੋਈਆਂ ਕਾਮਨਾਵਾਂ ਦੀ ਤ੍ਰਿਪਤੀ ਕੀਤੀ। ਗਿਰਜਿਆਂ ਦੀ ਧਾਰਮਿਕ ਜ਼ਿੰਦਗੀ ਦੁਖਾਂਤ ਦੇ ਖੇਤਰ ਵਿਚ ਪ੍ਰਵੇਸ਼ ਕਰ ਗਈ। ਗਿਰਜਿਆਂ ਵਿਚੋਂ ਰੱਬੀ ਪਵਿਤ੍ਰਤਾ ਅੰਤਮ ਸੁਆਸਾਂ 'ਤੇ ਆਣ ਟਿਕੀ। ਰੱਬੀ ਪ੍ਰਸੰਸਾ ਅਤੇ ਦਰਗਾਹੀ ਕੀਰਤੀ ਦੇ ਉਤਸਵ ਨਾਮ-ਮਾਤਰ ਹੀ ਬਾਕੀ ਰਹਿ ਗਏ। ਇਸ ਦੇ ਉਲਟ ਗਿਰਜਿਆਂ ਵਿਚ ਰੱਬੀ ਸਿਫ਼ਤਿ-ਸਾਲਾਹ ਦੇ ਥਾਂ ਬੰਦਿਆਂ ਦੀਆਂ ਚਾਪਲੂਸੀਆਂ ਹੋਣ ਲੱਗੀਆਂ। ਮੁਕਤੀ ਦੀ ਪ੍ਰਾਪਤੀ, ਪੈਸੇ ਦੇ ਤੋਲ ਦੁਆਰਾ ਖ਼ਰੀਦੀ ਜਾ ਸਕਦੀ ਸੀ। ਉਕਤ ਦਰਸਾਈਆਂ ਮਰਯਾਦਾ ਰਹਿਤ ਕਮਜ਼ੋਰੀਆਂ ਨੇ ਈਸਾਈ ਮਤਿ ਵਿਚ ਪੁਨਰ ਨਿਰਮਾਣ ਪ੍ਰਤਿ ਰੱਬੀ ਸ਼ਰਧਾਲੂਆਂ ਦੇ ਹਿਰਦਿਆਂ ਵਿਚ ਗਿਰਜਾ ਸੁਧਾਰ ਸੁਬੱਲਤਾ ਬਖ਼ਸ਼ੀ, ਜਿਥੋਂ

ਜੌਨ ਵਾਇਕਲਿਫ਼ (John Wycliffe) ਅਤੇ ਕੁਝ ਹੋਰ ਉਸ ਦੇ ਸਾਥੀ ਪੋਪ ਪਦਵੀ ਦੀ ਦੁਰਵਰਤੋਂ ਦੇ ਵਿਰੋਧ ਵਿਚ ਆਣ ਖਲੋਤੇ। ਪ੍ਰੰਤੂ ਪਦਵੀ ਦੀ ਦੁਰਵਰਤੋਂ ਕਰਨ ਵਾਲੇ ਪੋਪਾਂ ਨੇ ਰਜਵਾੜਿਆਂ ਨੂੰ ਨਿਜੀ ਪ੍ਰਭਾਵ ਵਿਚ ਵਰਤਦੇ ਹੋਏ, ਵਾਇਕਲਿਫ਼ ਅਤੇ ਉਸ ਦੇ ਸਾਥੀਆਂ ਦੇ ਵਿਰੁੱਧ ਧਾਰਮਿਕ ਫ਼ਤਵਾ ਦਿੰਦਿਆਂ ਦੋਸ਼ੀ ਠਹਿਰਾਇਆ ਕਿ ਵਾਇਕਲਿਫ਼ ਅਤੇ ਉਸ ਦੇ ਸਾਥੀ ਧਰਮ ਵਿਰੋਧੀ, ਕਾਫ਼ਰ, ਧਰਮ ਭ੍ਰਿਸ਼ਟੀ ਅਤੇ ਨਾਸਤਿਕ ਹਨ। ਅੰਜਾਮ ਵਜੋਂ, ਉਨ੍ਹਾਂ ਨੂੰ ਵੱਡੀਆਂ ਵੱਡੀਆਂ ਸਜ਼ਾਵਾਂ, ਮਾਨਸਿਕ ਅਤੇ ਸਰੀਰਕ ਕਸ਼ਟ, ਦੇਸ ਨਿਕਾਲਾ ਜੈਸੇ ਭਿਆਨਕ ਵਾਤਾਵਰਣ ਅਤੇ ਸੰਕਟਮਈ ਹਾਲਤਾਂ ਦਾ ਸਾਹਮਣਾ ਰਹਿੰਦੀ ਆਯੂ ਤਕ ਭੋਗਣਾ ਪਿਆ। ਆਰਚਵਿਸ਼ਪ ਆਰਨਡੇਲ ਦਾ ਫ਼ਤਵਾ ਵਾਇਕਲਿਫ਼ ਅਤੇ ਉਸ ਦੇ ਸਾਥੀਆਂ ਪ੍ਰਤਿ ਅਤਿ ਭਿਆਨਕ ਅਥਵਾ ਜਾਨ-ਲੇਵਾ ਮਾਰੂ ਫ਼ਤਵਾ ਸੀ। ਐਸੇ ਫ਼ਤਵੇ ਦੁਰਵਰਤੀ ਧਾਰਮਿਕ ਆਗੂਆਂ ਵਲੋਂ ਨਿਜੀ ਭੈ ਦੇ ਅਧੀਨ ਹੀ ਵਰਤੇ ਜਾਂਦੇ ਹਨ। ਇਸ ਫ਼ਤਵੇ ਦੀ ਸ਼ਬਦਾਵਲੀ ਅਤੇ ਆਰਚਵਿਸ਼ਪ ਆਰਨਡੇਲ ਦੀ ਵਾਸਤਵਿਕ ਰੂਪ-ਰੇਖਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

The prestige of the Papacy had fallen to very low ebb, and the life of the clergy left much to be desired. Wycliffe (1329-1384) became a severe critic of this corrupt church and sought to call people back to a more biblical kind of Christianity.

They got him into trouble with the hierarchy. His followers were denounced as "Lollards" (derived from "Low landers" but used in the sense of "heretics") and Wycliffe himself was pronounced heretical. Archbishop Arundel called him a "son of the old serpent, forerunner and disciple of Antichrist."

(Ancient Tablets to Modern Translation, p. 184)

ਵਾਇਕਲਿਫ਼ ਦੀ ਮੌਤ 1384 ਵਿਚ ਹੋ ਗਈ, ਇਸ ਦੀ ਮੌਤ ਤੋਂ ਬਾਅਦ ਸਮੇਂ ਦੀ ਪੋਪ ਸ਼ਕਤੀ ਨੇ ਇਸ ਦੇ ਸਾਥੀ ਜੌਨ ਹੱਸ ਨੂੰ ਲੋਹੇ ਦੇ ਕਿੱਲੇ 'ਤੇ ਟੰਗ ਕੇ ਜਿਊਂਦੇ ਜੀਅ ਅਗਨ ਭੇਟ ਕੀਤਾ। ਪ੍ਰੰਤੂ ਸੰਨ 1415 ਵਿਚ ਕੌਂਨਸਟੈਨਸ ਦੀ ਸਲਾਹ ਮਸ਼ਵਰਾ ਕਮੇਟੀ (Council of Constance) ਨੇ ਵਾਇਕਲਿਫ਼ ਅਤੇ ਉਸ ਦੇ ਸਾਥੀ ਜੌਨ ਹੱਸ ਦੀਆਂ ਲਿਖਤਾਂ ਨੂੰ ਸਵੀਕਾਰ ਕਰਦੇ ਹੋਏ, ਪੋਪ ਦੀ ਅਤਿ ਨਿਰਦਈ ਕਰਤੂਤ ਨੂੰ ਨਕਾਰਾਤਮਕ ਅਤੇ ਦੋਸ਼ੀ ਠਹਿਰਾਇਆ ਔਰ ਵਾਇਕਲਿਫ਼ ਦੀਆਂ ਹੱਡੀਆਂ ਕਬਰ ਵਿਚੋਂ ਕੱਢ ਕੇ ਅੱਗ ਵਿਚ ਸਾੜੀਆਂ ਗਈਆਂ ਅਤੇ ਉਸ ਦੀ ਰਾਖ ਦਰਿਆ ਦੇ ਪਾਣੀ ਵਿਚ ਛੱਡੀ ਗਈ ਤਾਂਕਿ ਵਾਇਕਲਿਫ਼ ਦਾ ਉਪਦੇਸ਼ ਸਾਗਰ ਦੇ ਪਾਣੀਆਂ ਵਿਚ ਵਹਿੰਦਾ ਹੋਇਆ

ਸਮੂਲਚੀ ਸ੍ਰਿਸ਼ਟੀ ਦੇ ਲੋਕਾਂ ਤਕ ਪਹੁੰਚ ਸਕੇ। ਇਹੀ ਕਾਰਣ ਹੈ ਕਿ ਅੱਜ ਭੀ ਵਾਇਕਲਿਫ਼ ਨੂੰ "ਪੁਨਰ ਨਿਰਮਾਣ ਦਾ ਚੜ੍ਹਦਾ ਸੂਰਜ" ਆਖਿਆ ਜਾਂਦਾ ਹੈ।

"He is called, the Morning star of the Reformation."

ਈਸਾਈ ਮਤਿ ਵਿਚ ਇਕ ਹੋਰ ਵਿਦਵਾਨ ਵਿਲੀਅਮ ਟੈਨਡੇਲ (William Tyndale, 1494-1536) ਹੋਇਆ ਹੈ। ਉਸ ਦਾ ਖ਼ਿਆਲ ਸੀ ਕਿ ਰੱਬ ਦੀ ਗਾਥਾ ਹਰ ਪੇਂਡੂ ਅਤੇ ਹਲ ਵਾਹਕ ਦੇ ਗਿਆਨ ਵਿਚ ਆਉਣੀ ਚਾਹੀਦੀ ਹੈ, ਕਿਉਂਕਿ ਵਾਇਕਲਿਫ਼ ਦੀਆਂ ਲਿਖਤਾਂ ਕਾਨੂੰਨੀ ਤੌਰ 'ਤੇ ਬੰਦ ਕੀਤੀਆਂ ਗਈਆਂ ਸਨ। ਇਸ ਵਾਸਤੇ ਟੈਨਡੇਲ ਨੇ ਆਪਣੀਆਂ ਲਿਖਤਾਂ ਨੂੰ ਸਿਰੇ ਚਾੜ੍ਹਨ ਹਿਤ ਇੰਗਲੈਂਡ ਦੇ ਥਾਂ ਜਰਮਨੀ ਵਿਚ ਜਾਣਾ ਬਿਹਤਰ ਸਮਝਿਆ। ਉਥੇ ਜਾ ਕੇ ਉਸ ਨੇ *ਅੰਜੀਲ* ਨੂੰ ਅੰਗਰੇਜ਼ੀ ਭਾਸ਼ਾ ਵਿਚ ਨਵਾਂ ਰੂਪ ਦਿੱਤਾ। ਇਕ ਵਿਉਪਾਰੀ ਦੀ ਸਹਾਇਤਾ ਦੁਆਰਾ ਉਸ ਨੇ ਨਿਜੀ ਲਿਖਤਾਂ ਕਪੜਿਆਂ ਅਤੇ ਬੈਰਲਾਂ ਵਿਚ ਛੁਪਾ ਕੇ ਬਰਤਾਨੀਆਂ ਵਿਚ ਭੇਜੀਆਂ। ਟੈਨਡੇਲ ਦੀ ਐਸੀ ਕਾਰਵਾਈ ਵੇਖ ਕੇ ਲੰਡਨ ਦਾ ਮੋਹਰੀ ਵਿਸ਼ਪ ਟਰਨਸਟਾਲ ਅਤਿ ਕਰੋਧਤ ਦਸ਼ਾ ਵਿਚ ਆਇਆ। ਜਿਤਨੀਆਂ *ਅੰਜੀਲ* ਦੀਆਂ ਕਾਪੀਆਂ ਟੈਨਡੇਲ ਵਲੋਂ ਆਈਆਂ ਸਨ, ਉਹ ਸਾਰੀਆਂ ਹੀ ਇਕੱਤਰ ਕਰ ਕੇ ਆਮ ਜਨਤਾ ਦੇ ਸਾਹਮਣੇ ਅਗਨ ਭੇਟ ਕੀਤੀਆਂ ਗਈਆਂ। ਈਸਾਈ ਤਵਾਰੀਖ਼ ਸਾਖੀ ਭਰਦੀ ਹੈ ਕਿ ਇਨ੍ਹਾਂ ਪਾਦਰੀ ਵਰਗ ਦੇ ਆਗੂਆਂ ਨੂੰ ਧਰਮ ਨਾਲ ਤਨਿਕ ਮਾਤਰ ਭੀ ਵਾਸਤਾ ਨਹੀਂ ਹੈ ਬਲਕਿ ਸੰਸਾਰੀ ਸ਼ਕਤੀ ਅਤੇ ਨਿਜੀ ਸੋਭਾ ਪ੍ਰਤਿ ਭੋਲੇ ਭਾਲੇ ਅਤੇ ਨਿਜੀ ਧਰਮ ਵਲੋਂ ਅਗਿਆਤ ਲੋਕਾਂ ਨੂੰ ਈਸਾਈ ਮਤਿ ਵਿਚ ਪ੍ਰਵੇਸ਼ ਕਰਵਾ ਕੇ ਉਨ੍ਹਾਂ ਦਾ ਦੀਨ ਭ੍ਰਿਸ਼ਟ ਕਰਨਾ ਹੈ। ਇਨ੍ਹਾਂ ਖ਼ਿਆਲਾਂ ਦੇ ਅਧੀਨ ਹੀ ਵਿਸ਼ਪ ਟਰਨਸਟਾਲ ਦੇ ਸਮੇਂ ਦੀ ਹਕੂਮਤ ਨਾਲ ਸਲਾਹ ਮਸ਼ਵਰਾ ਕਰ ਕੇ ਟੈਨਡੇਲ ਦੇ ਵਿਰੁੱਧ, ਈਸਾ ਵਿਰੋਧੀ ਅਤੇ ਕਾਫ਼ਰ ਹੋਣ ਦਾ ਫ਼ਤਵਾ ਜਾਰੀ ਕੀਤਾ। ਸੰਨ 1535 ਵਿਚ ਟੈਨਡੇਲ ਨੂੰ ਉਸ ਦੇ ਘਰੋਂ ਜ਼ਬਰਦਸਤੀ ਚੁੱਕ ਕੇ ਕੈਦ ਵਿਚ ਸੁੱਟਿਆ ਗਿਆ, ਸੰਨ 1536 ਵਿਚ ਈਸਾ ਵਿਰੋਧੀ ਅਤੇ ਕਾਫ਼ਰ ਹੋਣ ਦੇ ਦੋਸ਼ ਵਿਚ ਦੋਸ਼ੀ ਠਹਿਰਾਇਆ ਗਿਆ। ਬਾਦਸ਼ਾਹ ਚਾਰਲਸ ਪੰਚਮ ਦੇ ਹੁਕਮ ਦੁਆਰਾ ਲੋਹੇ ਦੀ ਮੇਖ ਨਾਲ ਬੰਨ੍ਹ ਕੇ ਜਿਊਂਦਾ ਹੀ ਸਾੜਿਆ ਗਿਆ। ਇਹ ਸੀ ਕੁਝ ਈਸਾਈ ਧਰਮ ਦੇ ਆਗੂਆਂ ਦੀ ਗਾਥਾ ਜੋ ਕਿ ਹਕੂਮਤ ਨਾਲ ਮਿਲ ਕੇ ਰੱਬੀ ਭਗਤਾਂ ਦੇ ਵਿਰੁੱਧ ਕੀਤੀ ਗਈ। ਐਸੀਆਂ ਖ਼ਾਮੀਆਂ ਲਗਪਗ ਸਾਰੇ ਧਰਮਾਂ ਵਿਚ ਹੀ ਵੇਖੀਆਂ ਜਾ ਸਕਦੀਆਂ ਹਨ। ਪ੍ਰੰਤੂ ਈਸਾਈ ਮਤਿ ਸਭ ਤੋਂ ਅੱਗੇ ਹੈ। ਟੈਨਡੇਲ ਦੇ ਅਗਨੀ ਭੇਟਾ ਹੋਣ ਦੀ ਗਾਥਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

In August 1536 he was found guilty of heresy and condemned to be executed. When the tragic moment arrived, Tyndale was tied to the stake, strangled by the hangman, and then burned. His last words were, "Lord open the King of England's eyes."
(Ancient Tablets to Modern Translation, p. 189)

ਟੈਨਡੇਲ ਦੀ ਮੌਤ ਤੋਂ ਉਪਰੰਤ ਇੰਗਲੈਂਡ ਦੇ ਬਾਦਸ਼ਾਹ ਹੈਨਰੀ ਅੱਠਵੇਂ ਨੇ ਟੈਨਡੇਲ ਦੀਆਂ ਲਿਖਤਾਂ ਨੂੰ ਸਵੀਕਾਰ ਕਰਦਿਆਂ ਜਨਤਾ ਦੇ ਪੜ੍ਹਨ ਹਿਤ, ਟੈਨਡੇਲ ਲਿਖਤ *ਬਾਈਬਲ* ਦੀ ਮਨਜ਼ੂਰੀ ਦਿੱਤੀ ਤਾਂਕਿ ਦੇਸ਼ ਦੇ ਸਾਰੇ ਲੋਕ ਪੜ੍ਹ ਸਕਣ। ਇਹੀ ਉਹ *ਬਾਈਬਲ* ਦਾ ਅੰਗ੍ਰੇਜ਼ੀ ਭਾਸ਼ਾ ਵਿਚ ਉਲਥਾ ਸੀ ਜੋ ਟੈਨਡੇਲੀ ਅਨੁਵਾਦ ਕਰਕੇ ਪ੍ਰਸਿੱਧ ਹੋਇਆ। *ਅੰਜੀਲ* ਦਾ ਅੰਗ੍ਰੇਜ਼ੀ ਭਾਸ਼ਾ ਦਾ ਇਹੀ ਅਨੁਵਾਦ ਸੀ ਜਿਸ ਨੂੰ ਸਮੇਂ ਦੇ ਪੋਪ ਨੇ ਸੈਂਟ ਪਾਲ ਦੇ ਗਿਰਜੇ ਵਿਚ ਪ੍ਰਵੇਸ਼ ਕਰਨ ਤੋਂ 'ਕੂੜ' ਆਖ ਕੇ ਰੋਕਿਆ ਸੀ। ਅੱਜ ਉਹੀ *ਅੰਜੀਲ* ਸਮੁਲਚੇ ਇੰਗਲੈਂਡ ਵਿਚ ਚਾਲੂ ਹੈ, ਕਿਉਂਕਿ ਵਾਹਿਗੁਰੂ ਹਮੇਸ਼ਾ ਹੀ ਨਿਜੀ ਸੇਵਕਾਂ ਦੀ ਪੈਜ ਰੱਖਦਾ ਹੈ।

ਉਕਤ ਦਰਸਾਈ ਵਾਰਤਾ ਦੇ ਆਧਾਰ 'ਤੇ ਆਪ ਜੀ ਦੋ ਈਸਾਈ ਪ੍ਰੇਮੀਆਂ ਦੀ ਗਾਥਾ ਪੜ੍ਹ ਆਏ ਹੋ, ਜਿਨ੍ਹਾਂ ਨੇ ਈਸਾਈ ਮਤਿ ਦੀਆਂ ਬੁਨਿਆਦੀ ਕਮਜ਼ੋਰੀਆਂ ਨੂੰ ਵੇਖਦੇ ਹੋਏ ਈਸਾਈ ਮਤਿ ਪ੍ਰਤਿ ਪੁਨਰ ਨਿਰਮਾਣ ਅਥਵਾ ਸੁਧਾਰ ਲਹਿਰ ਦਾ ਮੁੱਢ ਬੰਨ੍ਹਣ ਦਾ ਯਤਨ ਕੀਤਾ, ਪ੍ਰੰਤੂ ਇਨ੍ਹਾਂ ਦੀਆਂ ਧਰਮ ਸੁਧਾਰ ਲਹਿਰਾਂ ਥੋੜ੍ਹੀ ਬਹੁਤ ਸਫਲਤਾ ਦੇ ਖੇਤਰ ਵਿਚ ਹੀ ਅਲੋਪ ਹੋ ਗਈਆਂ। ਕਿਉਂਕਿ ਕੈਥੋਲਿਕ ਪੋਪ ਪ੍ਰਣਾਲੀ ਅਧਿਕ ਪ੍ਰਭਾਵਸ਼ਾਲੀ ਹੋਣ ਕਰਕੇ ਵਾਇਕਲਿਫ ਅਤੇ ਟੈਨਡੇਲੀ ਲਹਿਰਾਂ ਇਨ੍ਹਾਂ ਪਾਦਰੀਆਂ ਦੇ ਪ੍ਰਤਿਕਰਮ, ਆਮ ਪਰਜਾ ਨੂੰ ਧਾਰਮਿਕ ਹਲੂਣਾ ਦੇਣੋਂ ਅਸਮਰੱਥ ਰਹੀਆਂ। ਪ੍ਰੰਤੂ ਇਨ੍ਹਾਂ ਲਹਿਰਾਂ ਨੇ ਪੋਪ ਪ੍ਰਣਾਲੀ ਦੀਆਂ ਆਪ-ਹੁਦਰੀ ਵਧੀਕੀਆਂ ਨੂੰ ਨੱਥ ਪਾਵਨ ਹਿਤ, ਇਕ ਧਾਰਮਕ ਖੇਤਰ ਵਜੂਦ ਵਿਚ ਲੈ ਆਂਦਾ। ਇਸ ਖੇਤਰ ਦਾ ਲਾਭ ਕਿਸੇ ਹੋਰ ਸਾਧੂ ਪ੍ਰੋਫੈਸਰ ਦੇ ਹਿੱਸੇ ਵਿਚ ਆਇਆ, ਜਿਸ ਦਾ ਨਾਮ ਮਾਰਟਿਨ ਲੂਥਰ ਕਰ ਕੇ ਪ੍ਰਸਿੱਧ ਹੈ।

ਇਹ ਤੀਸਰੀ ਪੁਨਰ ਨਿਰਮਾਣ ਦੀ ਲਹਿਰ ਮਾਰਟਿਨ ਲੂਥਰ ਦੀ ਅਗਵਾਈ ਵਿਚ ਆਰੰਭ ਹੋਈ। ਇਹ ਸੁਧਾਰ ਲਹਿਰ ਉਥੋਂ ਆਰੰਭ ਹੋਈ, ਜਿਥੋਂ ਸੁਧਾਰਿਕ ਲਹਿਰਾਂ ਦੀ ਵਿਰੋਧਤਾ ਬਹੁਤ ਵੱਡੇ ਪੱਧਰ 'ਤੇ ਕੀਤੀ ਜਾਂਦੀ ਸੀ। ਭਾਵ, ਮਾਰਟਿਨ ਲੂਥਰ ਨੇ ਇਸ ਲਹਿਰ ਦੀ ਆਰੰਭਤਾ ਕੈਥੋਲਿਕ ਗਿਰਜੇ ਵਿਚੋਂ ਅਕਤੂਬਰ 31, 1517 ਨੂੰ ਕੀਤੀ। ਸਵੈਮ ਤੌਰ 'ਤੇ ਮਾਰਟਿਨ ਲੂਥਰ ਇਕ ਸਾਧੂ ਵਿਰਤੀ ਦਾ ਧਰਮ ਸ਼ਾਸਤ੍ਰੀ (Theology Professor) ਸੀ। ਉਸ ਨੇ ਨਿਜੀ

ਤੌਰ 'ਤੇ ਧਰਮ ਸੁਧਾਰ ਹਿਤ ਇਕ ਜਰਮਨੀ ਨਗਰੀ ਵਿਟਨਬਰਗ ਕੇਂਦਰਜ ਗਿਰਜੇ ਦੇ ਨਾਮ ਪਚਾਨਵੇਂ (95) ਖੋਜ ਪ੍ਰਬੰਧ (ਥੀਸਿਸ) ਲਿਖੇ। ਇਨ੍ਹਾਂ ਖੋਜ ਭਰਪੂਰ ਪੱਤਰਾਂ ਵਿਚ ਉਨ੍ਹਾਂ ਵਿਸ਼ਿਆਂ 'ਤੇ ਕਿੰਤੂ ਕੀਤਾ ਗਿਆ ਜਿਨ੍ਹਾਂ ਦੇ ਰਾਹੀਂ ਭੋਲੀ ਜਨਤਾ ਨੂੰ ਗੁੰਮਰਾਹ ਕਰ ਕੇ ਸਾਰੇ ਪਾਪਾਂ ਦੀ ਮਾਫ਼ੀ ਪ੍ਰਤਿ ਈਸਾ ਜੀ ਦੇ ਨਾਮ ਦੇ ਮਾਫ਼ੀ-ਨਾਮੇ ਦਿੱਤੇ ਜਾਂਦੇ ਸਨ। ਇਨ੍ਹਾਂ ਮਾਫ਼ੀ-ਨਾਮਿਆਂ ਦੇ ਜੰਗਲ ਵਿਚ ਸਾਧਾਰਨ ਅਤੇ ਭੋਲੀ ਭਾਲੀ ਪਰਜਾ ਨੂੰ ਲੁਟਿਆ ਜਾਂਦਾ ਸੀ। ਜਿਵੇਂ ਆਪ ਜੀ ਉਕਤ ਪੰਨਿਆਂ ਵਿਚ ਪੜ੍ਹ ਆਏ ਹੋ ਕਿ ਹਰ ਤਰ੍ਹਾਂ ਦੇ ਪਾਪ ਦਾ ਮਾਫ਼ੀ-ਨਾਮਾ ਕੀਮਤ ਤਾਰ ਕੇ ਖ਼ਰੀਦਿਆ ਜਾਂਦਾ ਸੀ, ਹਰ ਪਾਪ ਦੀ ਮਾਫ਼ੀ ਪ੍ਰਤਿ ਵੱਖਰੀ ਵੱਖਰੀ ਕੀਮਤ ਰੱਖੀ ਗਈ ਸੀ ਕਿ ਤੁਸੀਂ ਇਤਨੀ ਮਾਇਆ ਭੇਟ ਕਰੋ, ਈਸਾ ਜੀ ਤੁਹਾਡੇ ਸਾਰੇ ਪਾਪਾਂ ਦਾ ਬੋਝ ਆਪਣੇ ਜ਼ਿੰਮੇ ਲੈ ਲਵੇਗਾ। ਐਸੀ ਪਾਪ ਪ੍ਰਾਸਚਿਤ ਅਤੇ ਮਾਫ਼ੀ-ਨਾਮਾ ਪ੍ਰਣਾਲੀ ਦਾ ਖੰਡਨ ਮਾਰਟਿਨ ਲੂਥਰ ਨੇ ਨਿਮਨ ਲਿਖਤ ਸ਼ਬਦਾਂ ਦੁਆਰਾ ਕੀਤਾ ਹੈ, ਜਿਵੇਂ :

The theses were a series of statement that attacked the sale of indulgence (pardon from some penalty of sins). Luther later criticized what he considered other abuses in the churches.

(World book 16, p. 187)

ਮਾਰਟਨ ਲੂਥਰ ਦੇ ਖੋਜ ਪ੍ਰਬੰਧਕੀ ਵਿਆਖਿਆ ਪੱਤਰਾਂ ਦੀ ਅੰਕ ਮਾਲਾ ਦੁਆਰਾ ਪਾਪਾਂ ਦੀ ਮਾਫ਼ੀ ਪ੍ਰਤਿ ਕੀਤਾ ਹੋਇਆ ਇਕ ਢੁਕਵਾਂ ਹਮਲਾ ਸੀ। ਇਸ ਤੋਂ ਬਾਅਦ ਲੂਥਰ ਨੇ ਸੋਚਣਾ ਆਰੰਭ ਦਿੱਤਾ ਕਿ ਵਾਸਤਵਿਕ ਤੌਰ 'ਤੇ ਚਰਚਾਂ ਵਿਚ ਕਿਸ ਪ੍ਰਕਾਰ ਦੀਆਂ ਬੇ-ਨਿਯਮੀਆਂ ਅਥਵਾ ਪਦਵੀ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਲੂਥਰ ਦਾ ਵਿਸ਼ਵਾਸ ਸੀ ਕਿ ਇਨਸਾਨ ਈਸਾ ਦੇ ਰਸਤੇ, ਕੇਵਲ ਇਕ ਰੱਬ 'ਤੇ ਭਰੋਸਾ ਰੱਖੇ ਅਤੇ ਰੱਬ ਨਾਲ ਜੁੜਿਆ ਰਹੇ। ਕੇਵਲ ਵਾਹਿਗੁਰੂ ਦੀ ਪ੍ਰੀਤੀ ਅਤੇ ਉਸ ਦੀ ਰਹਿਮਤ ਹੀ ਜੀਵ ਨੂੰ ਕੀਤੇ ਪਾਪਾਂ ਦੀ ਮਾਫ਼ੀ ਦੇ ਸਕਦੀ ਹੈ। ਲੂਥਰ ਦਾ ਵਿਸ਼ਵਾਸ ਹੈ ਕਿ ਕੇਵਲ ਰੱਬ ਹੀ ਜੀਵਾਂ ਦੇ ਕੀਤੇ ਕਰਮਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਨਿਜੀ ਨਿਆਇ ਪ੍ਰਣਾਲੀ ਦੁਆਰਾ ਪਰਖਦਾ ਅਤੇ ਦਰਗਾਹੀ ਕ੍ਰਿਪਾ ਦੇ ਅਧੀਨ ਬਖ਼ਸ਼ਦਾ ਹੈ। ਲੂਥਰ ਦੀ ਦਰਸਾਈ ਹੋਈ ਸਿਧਾਂਤਕ ਪਰਿਮਾਣਿਕਤਾ ਦਾ ਕੇਂਦਰਜ ਬਿੰਦੂ, ਈਸਾ 'ਤੇ ਭਰੋਸਾ ਕਰਨਾ ਹੈ। ਇਸ ਖ਼ਿਆਲ ਨੇ ਸਾਰੇ ਚਰਚਾਂ ਦੀ ਵਿਚਾਰਧਾਰਾ ਨੂੰ ਬੁਨਿਆਦੀ ਤੌਰ 'ਤੇ ਖੰਡਨ ਕੀਤਾ, ਕਿਉਂਕਿ ਰੱਬੀ ਦਿਆਲਤਾ ਅਤੇ ਜੀਵਾਂ ਵਲੋਂ ਸ਼ੁਭ ਕਰਮਾਂ ਦੀ ਪ੍ਰਣਾਲੀ ਪਾਪਾਂ ਵਲੋਂ ਬਖ਼ਸ਼ਸ਼ ਅਤੇ ਨਿਸਤਾਰੇ ਦਾ ਸਾਧਨ, ਚਰਚਾਂ ਦੇ ਪਾਦਰੀਆਂ ਨੂੰ ਨਹੀਂ ਭਾਂਵਦਾ ਸੀ। ਪਰਿਣਾਮ ਵਜੋਂ :

ਜਨਵਰੀ 1521 ਨੂੰ ਪੋਪ ਲੀਓ ਦਸਵੇਂ (Leo X) ਨੇ ਲੂਥਰ ਨੂੰ ਈਸਾਈ

ਮੂਲ ਧਾਰਾ ਵਿਚੋਂ ਛੇਕ ਦਿੱਤਾ ਔਰ ਨਿਜੀ ਐਲਾਨਨਾਮਾ (ਹੁਕਮਨਾਮਾ) ਜਾਰੀ ਕਰ ਕੇ ਘੋਸ਼ਤ ਕੀਤਾ ਕਿ ਲੂਥਰ ਨਾਸਤਿਕ ਅਤੇ ਈਸਾਈ ਧਾਰਾ ਦਾ ਵਿਰੋਧੀ ਹੈ। ਲੂਥਰ ਦੇ ਵਿਰੁੱਧ ਅਗਲੀ ਕਾਰਵਾਈ ਕਰਨ ਹਿਤ, ਬਾਦਸ਼ਾਹ ਚਾਰਲਸ ਪੰਚਮ ਨੇ ਹੁਕਮ ਕੀਤਾ ਕਿ ਲੂਥਰ ਚਰਚ ਵਿਰੋਧੀ ਨਿਜੀ ਭਾਸ਼ਣ ਅਤੇ ਲਿਖਤਾਂ ਨੂੰ ਵਾਪਸ ਲੈ ਲਵੇ ਜਾਂ ਕੀਤੇ ਜੁਰਮ ਦੀ ਸਜ਼ਾ ਭੁਗਤਣ ਹਿਤ ਜਰਮਨੀ ਦੀ ਵਰਮਸ ਨਗਰੀ ਵਿਚ ਸੰਸਦ ਦੇ ਸਾਹਮਣੇ ਪੇਸ਼ ਹੋਵੇ। ਪ੍ਰੰਤੂ ਲੂਥਰ ਨੇ ਇਕ ਤਵਾਰੀਖ਼ੀ ਅਤੇ ਪ੍ਰਸਿੱਧ ਭਾਸ਼ਣ ਦੁਆਰਾ ਬਾਦਸ਼ਾਹ ਵਲੋਂ ਆਏ ਹੁਕਮ ਦਾ ਉੱਤਰ ਦਿੰਦਿਆਂ ਐਲਾਨ ਕੀਤਾ ਕਿ ਜਿਤਨਾ ਅਰਸਾ ਤਕ ਕੋਈ ਪਾਦਰੀ ਜਾਂ ਸੰਸਦ ਮੈਨੂੰ *ਬਾਈਬਲ* ਦੇ ਆਧਾਰ 'ਤੇ ਸਹੀ ਦਲੀਲ ਦੁਆਰਾ ਨਿਸਚਿਤ ਨਹੀਂ ਕਰਵਾ ਦਿੰਦਾ ਕਿ ਮੈਂ ਈਸਾਈ ਮਤਿ ਜਾਂ *ਬਾਈਬਲ* ਦਾ ਵਿਰੋਧੀ ਹਾਂ। ਇਸ ਵਾਸਤੇ ਮੈਂ ਕਿਸੇ ਭੀ ਕੌਂਸਲ ਜਾਂ ਇਕੱਲੇ ਪੋਪ ਦੀ ਕਥਨੀ 'ਤੇ ਯਕੀਨ ਨਹੀਂ ਕਰਾਂਗਾ, ਕਿਉਂਕਿ ਪਾਦਰੀ ਲੋਕ ਹਮੇਸ਼ਾ ਹੀ ਇਕ ਦੂਸਰੇ ਪ੍ਰਤਿ ਵਿਰੋਧਤਾ ਅਤੇ ਖੰਡਨ ਮੰਡਨ ਦਾ ਯੁੱਧ ਕਰਦੇ ਹੀ ਰਹਿੰਦੇ ਹਨ। ਮੈਂ ਜੋ ਕੁਝ ਆਖਿਆ ਹੈ, *ਬਾਈਬਲ* ਦੀ ਸੀਮਾ ਵਿਚ ਹੀ ਆਖਿਆ ਹੈ। ਕੇਵਲ ਰੱਬ ਦੀ ਗਾਥਾ ਹੀ ਆਖੀ ਹੈ, ਇਸ ਵਾਸਤੇ ਮੈਂ ਕੋਈ ਭੀ ਅੱਖਰ ਵਾਪਸ ਲੈਣ ਲਈ ਤਿਆਰ ਨਹੀਂ ਹਾਂ ਔਰ ਮੇਰੀ ਜ਼ਮੀਰ ਭੀ ਆਗਿਆ ਨਹੀਂ ਦਿੰਦੀ ਕਿ ਮੈਂ ਇਸ ਵਿਚ ਕੋਈ ਪਰਿਵਰਤਨ ਕਰਾਂ। ਇਸ ਭਾਸ਼ਣ ਦੇ ਵਿਰੋਧ ਵਿਚ ਮਈ 1521 ਵਿਚ ਬਾਦਸ਼ਾਹ ਚਾਰਲਸ ਨੇ ਵਰਮਸ ਦੇ ਹੁਕਮਨਾਮੇ 'ਤੇ ਹਸਤਾਖ਼ਰ ਕੀਤੇ ਕਿ ਮਾਰਟਨ ਲੂਥਰ ਦੇਸੀ ਕਾਨੂੰਨ ਅਤੇ ਪੋਪ ਦੇ ਹੁਕਮਾਂ ਦਾ ਵਿਰੋਧੀ ਹੈ, ਇਸ ਵਾਸਤੇ ਇਸ ਨੂੰ ਕੋਈ ਭੀ ਵਿਅਕਤੀ ਕਤਲ ਕਰ ਸਕਦਾ ਹੈ। ਜੋ ਲੂਥਰ ਦੀ ਹੱਤਿਆ ਕਰੇਗਾ, ਉਸ ਨੂੰ ਕੋਈ ਭੀ ਸਜ਼ਾ ਨਹੀਂ ਹੋਵੇਗੀ। ਲੂਥਰ ਦੀਆਂ ਸਾਰੀਆਂ ਲਿਖਤਾਂ ਭੀ ਇਕੱਤਰ ਕਰ ਕੇ ਅਗਨ ਭੇਟ ਕੀਤੀਆਂ ਗਈਆਂ। ਪ੍ਰੰਤੂ, ਫ਼ਰੈਡਰਿੱਕ ਵਾਇਸ ਨਾਮੀ ਸ਼ਾਹਜ਼ਾਦੇ ਨੇ ਉਸ ਦੀ ਸਹਾਇਤਾ ਕੀਤੀ, ਜਿਸ ਦੇ ਆਧਾਰ 'ਤੇ ਮਾਰਟਨ ਲੂਥਰ ਮੌਤ ਦੇ ਮੂੰਹੋਂ ਬਚ ਗਿਆ ਔਰ ਉਸ ਦੀ ਲਿਖੀ ਹੋਈ *ਬਾਈਬਲ* ਭੀ ਪਰੋਟੈਸਟੈਂਟ ਅਤੇ ਐਂਗਲੀਕਨ ਚਰਚਾਂ ਵਿਚ ਚਾਲੂ ਕੀਤੀ ਗਈ।

(History of the Christion Church, pp. 203-251)

ਸੰਨ 1530 ਵਿਚ ਮਾਰਟਨ ਲੂਥਰ ਦਾ ਸਿਧਾਂਤ ਅਤੇ ਪਸ਼ਚਾਤਾਪ, ਜਰਮਨੀ ਦੇ ਸ਼ਹਿਰ ਆਉਗਸਬਰਗ ਵਿਚ ਸੰਸਦੀ ਕੌਂਸਿਲ ਦੇ ਸਾਹਮਣੇ ਪੇਸ਼ ਕੀਤਾ ਗਿਆ। ਇਹ ਪਸ਼ਚਾਤਾਪ (confession) ਹੀ ਲੂਥਰਨ ਸਿਧਾਂਤ ਦੀ ਮੂਲਿਕ ਵਿਆਖਿਆ ਸੀ, ਜਿਸ ਨੂੰ ਲਾਗੂ ਕੀਤਾ ਗਿਆ। ਸੰਨ 1555 ਵਿਚ ਰੋਮਨ ਸਲਤਨਤ ਦੇ ਬਾਦਸ਼ਾਹ ਨੇ ਇਸ ਆਉਗਸਬਰਗ ਸੁਲਹ-ਨਾਮੇ 'ਤੇ ਨਿਜੀ

ਹਸਤਾਖ਼ਰ ਕੀਤੇ ਔਰ ਲੂਥਰਨ ਸਿਧਾਂਤ ਨੂੰ ਸਰਕਾਰੀ ਤੌਰ 'ਤੇ ਵਾਜਿਬ ਮਾਨਤਾ ਦਿੱਤੀ ਗਈ। ਇਸ ਢੰਗ ਦੁਆਰਾ ਲੂਥਰਨ ਧਰਮ, ਰੋਮਨ ਕੈਥੋਲਿਕ ਧਰਮ ਦੀ ਪੋਪ ਪ੍ਰਣਾਲੀ ਤੋਂ ਛੁਟਕਾਰਾ ਪ੍ਰਾਪਤ ਕਰ ਕੇ ਸਵੀਡਨ, ਡੈਨਿਸ਼, ਫ਼ਿਨਲੈਂਡ, ਨਾਰਵੇ ਅਤੇ ਡੈਨਮਾਰਕ ਜੈਸੇ ਦੇਸ਼ਾਂ ਵਿਚ ਰਾਸ਼ਟਰੀ ਧਰਮ ਵਜੋਂ ਮੰਨਿਆ ਗਿਆ। ਇਸ ਤੋਂ ਬਾਅਦ ਕਲੈਵਨ ਨਾਮੀ ਵਿਦਵਾਨ ਨੇ ਸਮੂਲਚੇ ਉੱਤਰੀ ਯੌਰਪ ਵਿਚ ਕੈਥੋਲਿਕ ਧਰਮੀ ਲੋਕਾਂ ਨੂੰ ਪਰਿਵਰਤ ਕਰ ਕੇ ਲੂਥਰਨ ਧਰਮ ਪ੍ਰੋਟੈਸਟੈਂਟ ਨਾਲ ਜੋੜ ਦਿੱਤਾ।

ਪੁਨਰ ਨਿਰਮਾਣ ਦੇ ਪਰਿਣਾਮ ਵਜੋਂ, ਯੌਰਪ ਦੀ ਧਰਤੀ ਧਾਰਮਿਕ ਤੌਰ 'ਤੇ ਦੋ ਭਾਗਾਂ ਵਿਚ ਵੰਡੀ ਗਈ। ਕੈਥੋਲਿਕ ਧਰਮੀ ਲੋਕ ਦੱਖਣੀ ਅਤੇ ਲੂਥਰਨ ਧਰਮੀ ਅਥਵਾ ਪਰੋਟੈਸਟੈਂਟ ਉੱਤਰੀ ਭਾਗ ਵਿਚ ਸ਼ਾਮਲ ਹੋ ਗਏ। ਸਿੱਟੇ ਵਜੋਂ ਰੋਮਨ ਕੈਥੋਲਿਕ ਧਰਮੀਆਂ ਨੇ ਖੁਣਸੀ ਦਸ਼ਾ ਵਿਚ ਆਣ ਕੇ ਜਵਾਬੀ ਪੁਨਰ ਨਿਰਮਾਣ ਆਰੰਭ ਦਿੱਤਾ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਰੋਮਨ ਕੈਥੋਲਿਕ ਧਰਮੀਆਂ ਨੂੰ ਭੀ ਪੋਪ ਪ੍ਰਣਾਲੀ ਦੀਆਂ ਬੇ-ਨਿਯਮੀਆਂ ਅਤੇ ਖ਼ੁਦੀ ਵਧੀਕੀਆਂ ਤੋਂ ਰਾਹਤ ਪ੍ਰਾਪਤ ਹੋਈ। ਅੰਜਾਮ ਵਜੋਂ, ਸਮੂਲਚੇ ਈਸਾਈ ਧਰਮ ਨੇ ਨਿਜੀ ਸੁਧਾਰ ਅਤੇ ਉੱਨਤੀ ਦਾ ਮਾਰਗ ਗ੍ਰਹਿਣ ਕੀਤਾ। ਜਿਸ ਦਾ ਸਦਕਾ ਸਮੂਲਚੀ ਪ੍ਰਿਥਵੀ ਦੇ ਚਿੱਤਰ 'ਤੇ ਈਸਾਈ ਧਰਮ ਵਿਸ਼ਵਵਿਆਪੀ ਧਰਮ ਹੋ ਨਿਬੜਿਆ।

ਭਾਵੇਂ ਉਕਤ ਦਰਸਾਈ ਵਾਰਤਾ ਦੇ ਆਧਾਰ 'ਤੇ ਈਸਾਈ ਮਤਿ ਦੀ ਗਾਥਾ ਚੱਲ ਰਹੀ ਹੈ। ਪ੍ਰੰਤੂ ਜਦੋਂ ਅਸੀਂ ਸਮੂਲਚੀ ਧਾਰਮਕ ਪ੍ਰਣਾਲੀ ਦਾ ਅਧਿਐਨ ਕਰਦੇ ਹਾਂ, ਤਦ ਅਸਾਡੇ ਸਾਹਮਣੇ ਸਮੁੱਚੀ ਧਾਰਮਕ ਗੰਢੜੀ ਵਿਚੋਂ ਦੋ ਪ੍ਰਕਾਰ ਦੇ ਦ੍ਰਿਸ਼ ਦ੍ਰਿਸ਼ਟੀਮਾਨ ਹੋਇ ਆਂਵਦੇ ਹਨ। ਜਿਵੇਂ ਧਾਰਮਕ ਕਿਤਾਬਾਂ ਵਿਚ ਕੁਝ ਹੋਰ ਹੈ ਅਤੇ ਧਰਮੀ ਲੋਕਾਂ ਦੀਆਂ ਕਰਤੂਤਾਂ ਕੁਝ ਹੋਰ ਹਨ। ਜਿਵੇਂ ਇਸਲਾਮ ਅਤੇ ਈਸਾਈ ਇਕ ਰੱਬ ਨੂੰ ਮੰਨਨ ਕਰਦੇ ਹਨ, ਪ੍ਰੰਤੂ ਪਰਸਪਰ ਅਹੰਕਾਰੀ ਵਿਰਤੀ ਦੇ ਅਧੀਨ ਇਕ ਦੂਸਰੇ ਦੇ ਵਿਰੋਧੀ ਬਣ ਕੇ ਹਜ਼ਾਰਾਂ ਸਾਲ ਖ਼ੂਨ ਦੀਆਂ ਨਦੀਆਂ ਵਹਾਉਂਦੇ ਰਹੇ ਹਨ। ਜਦੋਂ ਕਿ *ਬਾਈਬਲ* ਅਤੇ *ਕੁਰਾਨ* ਦੀ ਤਾਲੀਮ ਪਰਸਪਰ ਪਿਆਰ ਕਰਨਾ ਦ੍ਰਿੜ੍ਹ ਕਰਵਾਂਦੀ ਹੈ। ਏਸੇ ਤਰ੍ਹਾਂ ਬੁਧ ਮਤਿ ਹਿੰਦੁਸਤਾਨ ਵਿਚ ਪੈਦਾ ਹੋਇਆ, ਪ੍ਰੰਤੂ ਹਿੰਦੂ ਦੀ ਵਰਨ ਭੇਦ ਨੀਤੀ ਬੁਧ ਮਤਿ ਦੀ ਸਿਖਿਆ ਦੇ ਵਿਰੁੱਧ ਇਤਨੀ ਜ਼ਿਆਦਾ ਖੁਣਸ ਵਿਚ ਆਈ ਕਿ ਹਿੰਦੂਆਂ ਵਲੋਂ ਬੁਧ ਮਤਿ ਨੂੰ ਕਤਲੋ-ਗ਼ਾਰਤ ਦਾ ਨਿਸ਼ਾਨਾ ਬਣਾਇਆ ਗਿਆ। ਦੇਸ ਵਿਚੋਂ ਦੇਸ ਨਿਕਾਲਾ ਦਿੱਤੇ ਬਿਨਾਂ ਸ਼ਾਂਤੀ ਨਹੀਂ ਆਈ।

ਅੰਜੀਲ ਵਿਚ ਕੁਝ ਐਸੀਆਂ ਉਦਾਹਰਣਾਂ ਪ੍ਰਾਪਤ ਹੁੰਦੀਆਂ ਹਨ ਕਿ

ਈਸਾਈ ਭਾਈਚਾਰੇ ਦਾ ਆਰੰਭ ਯਹੂਦੀਆਂ ਵਿਚੋਂ ਹੋਇਆ ਹੈ। ਇਨ੍ਹਾਂ ਦੇ ਪ੍ਰਾਰਥਨਾ ਸਥਾਨ ਭੀ ਇਕ 'ਸੈਨਾਗੋਗ' ਹੀ ਹੋਇਆ ਕਰਦੇ ਸਨ, ਜਿਸ ਦੀਆਂ ਉਦਾਹਰਣਾਂ *ਅੰਜੀਲ* ਦੇ ਪੰਨਿਆਂ ਵਿਚੋਂ ਵੇਖੀਆਂ ਜਾ ਸਕਦੀਆਂ ਹਨ। ਪੂਰਬਕਾਲੀ ਈਸਾਈ ਅਨੁਭਵ ਕਰਦੇ ਸਨ ਕਿ ਅਸੀਂ ਯਹੂਦੀ ਧਰਮ ਦਾ ਹੀ ਇਕ ਭਾਗ ਹਾਂ ਔਰ ਯਹੂਦੀ ਧਾਰਮਕ ਪ੍ਰਣਾਲੀ ਭੀ ਇਹੀ ਸਮਝਦੀ ਸੀ ਕਿ ਈਸਾਈ ਯਹੂਦੀ ਮਤਿ ਦਾ ਹੀ ਭਾਗ ਹਨ। ਇਸ ਖ਼ਿਆਲ ਦੀ ਹਾਮਾ *ਅੰਜੀਲ* ਦੇ ਪੰਨਿਆਂ ਦੁਆਰਾ ਵੇਖੀ ਜਾ ਸਕਦੀ ਹੈ, ਜਿਵੇਂ:

The New Testament proclaims Christ as the fulfillment of Jewish messianic expectation and its earliest books presuppose the disciples' membership in the synagogue.

(Mansions of the Spirit, p. 15)

ਈਸਾਈਆਂ ਦੀ ਚਰਚ ਸੰਸਥਾ ਨੇ ਜਿਵੇਂ ਯਹੂਦੀਆਂ ਦੇ ਵਿਰੁੱਧ ਨਿਜੀ ਖ਼ਿਆਲਾਂ ਦਾ ਪ੍ਰਗਟਾਵਾ ਕਰਦੇ ਹੋਏ ਸਮੂਲਚੀ ਸ਼ਕਤੀ ਨੂੰ ਨਿਜੀ ਅਧਿਕਾਰਾਂ ਦੇ ਖੇਤਰ ਵਿਚ ਕੇਂਦਰਤ ਕੀਤਾ ਔਰ ਸਮੂਲਚੀ ਸੱਤਾ ਪੋਪ ਦੇ ਹੱਥਾਂ ਵਿਚ ਸੌਂਪ ਦਿੱਤੀ। ਇਸੇ ਪੋਪ ਪ੍ਰਣਾਲੀ ਦੇ ਸਮੇਂ ਵਿਚ ਕੁਝ ਐਸੇ ਵਿਕਰਾਲ ਹਾਦਸੇ ਵਜੂਦ ਵਿਚ ਆਏ ਹਨ, ਜਿਨ੍ਹਾਂ ਦੀ ਉਦਾਹਰਣ ਚੰਗੇਜ਼ੀ ਕਾਨੂੰਨ ਨੂੰ ਭੀ ਮਾਤ ਪਾ ਦਿੰਦੀ ਹੈ। ਔਰੰਗਜ਼ੇਬੀ ਵਿਧਾਨ ਭੀ ਇਸ ਤੋਂ ਪਿੱਛੇ ਰਹਿ ਜਾਂਦਾ ਹੈ। ਇਹੀ ਉਹ ਸਮਾਂ ਸੀ ਜਦੋਂ ਇਨਸਾਨੀ ਅੱਤਿਆਚਾਰਾਂ ਦੀ ਤਸਵੀਰ, ਤਵਾਰੀਖ਼ ਦੇ ਪੰਨਿਆਂ 'ਤੇ ਈਸਾਈ ਮਤਿ ਦੇ ਅਨਿਆਈਂ ਜ਼ੁਲਮਾਂ ਦੀ ਗਾਥਾ ਪੇਸ਼ ਕਰਦੀ ਹੈ।

ਹਰ ਪ੍ਰਕਾਰ ਦੀਆਂ ਧਾਰਮਕ ਅਤੇ ਸੰਸਾਰੀ ਸ਼ਕਤੀਆਂ ਪੋਪ ਦੇ ਅਧੀਨ ਕੰਮ ਕਰਦੀਆਂ ਸਨ। ਸਾਰੀਆਂ ਵਿਰੋਧੀ ਧਿਰਾਂ ਅਤਿ ਨਿਰਦੈਤਾ ਅਤੇ ਤਰਸਹੀਣ ਜੁਗਤੀ ਦੁਆਰਾ ਕੁਚਲੀਆਂ ਗਈਆਂ। ਪੋਪ ਕਾਲ ਨੂੰ ਮਨੁੱਖੀ ਇਤਿਹਾਸ ਵਿਚ ਇਕ ਅਤਿ ਵਿਕਰਾਲ ਅਤੇ ਭਿਆਨਕ ਕਾਲ ਵਜੋਂ ਯਾਦ ਕੀਤਾ ਜਾਂਦਾ ਹੈ। 1229 ਵਿਚ ਪੋਪ ਗਰੇਗੋਰੀ ਨੌਂਵੇਂ ਨੇ ਉਨ੍ਹਾਂ ਲੋਕਾਂ ਦੇ ਵਿਰੁੱਧ ਬਹੁਤ ਹੀ ਨਫ਼ਰਤ ਭਰਿਆ ਅਤੇ ਤਰਸਹੀਣ ਫ਼ਤਵਾ ਲਾਗੂ ਕੀਤਾ ਕਿ ਜੋ ਇਨਸਾਨ ਈਸਾਈ ਮਤਿ ਨੂੰ ਸਵੀਕਾਰ ਨਹੀਂ ਕਰੇਗਾ, ਉਹ ਕਾਫ਼ਰ ਹੈ ਔਰ ਕਾਫ਼ਰ ਹੋਣ ਦੇ ਨਾਤੇ ਸਜ਼ਾਏ ਮੌਤ ਦਿੱਤੀ ਜਾਵੇਗੀ। ਸਾਰੀ ਯੌਰਪ ਦੇ ਰਾਜੇ ਭੀ ਇਸ ਖ਼ਿਆਲ ਨਾਲ ਸਹਿਮਤ ਕੀਤੇ ਗਏ ਸਨ ਕਿ ਜੋ ਜੀਵ ਈਸਾਈ ਨਹੀਂ ਹੈ, ਉਹ ਕਾਫ਼ਰ ਹੈ ਔਰ ਕਾਫ਼ਰ ਹੋਣ ਦੀ ਸਜ਼ਾ ਕਿੱਲੀ ਨਾਲ ਟੰਗ ਕੇ ਅਗਨੀ ਦੀ ਧੀਰੇ ਧੀਰੇ ਤਪਸ਼ ਨਾਲ ਕਬਾਬ ਕੀਤਾ ਜਾਵੇਗਾ, ਜਿਵੇਂ:

Torture was used (after 1252) as a means of bringing the

refused to confess, and impenitent heretics were burned at the stake. Inquisition became an authorized department of church administration. *(History of the Christian Church, p. 186)*

ਈਸਾਈ ਮਤਿ ਦੀ ਪਾਦਰੀ ਸੰਸਥਾ ਵਲੋਂ ਆਮ ਸਾਧਾਰਣ ਲੋਕਾਂ ਦੀ ਚੇਤਨਤਾ ਵਿਚ ਬੁਨਿਆਦੀ ਪਾਪਾਂ ਦੀ ਹੋਂਦ ਪ੍ਰਤਿ ਇਤਨੀ ਦਹਿਸ਼ਤ ਫੈਲਾਈ ਗਈ ਕਿ ਬੁਨਿਆਦੀ ਪਾਪਾਂ ਦੇ ਭੈ ਤੋਂ ਭੈ-ਭੀਤ ਹੋਇਆ ਹਰ ਇਕ ਈਸਾਈ, ਪਸ਼ਚਾਤਾਪ ਵਜੋਂ ਰੋਮ ਦੀ ਯਾਤਰਾ ਵਾਸਤੇ ਟੁਰਿਆ ਹੀ ਰਹਿੰਦਾ ਸੀ ਤਾਂਕਿ ਮੂਲਕ ਪਾਪਾਂ ਦੀ ਗਤੀ ਹੋ ਸਕੇ। ਕਿਤਨਾ ਵਹਿਮ ਅਤੇ ਭਰਮ ਭੁਲੇਖਾ ਹੈ ਈਸਾਈ ਧਰਮ ਵਿਚ। ਜਾਪਦਾ ਹੈ ਕਿ ਈਸਾਈ ਧਰਮ ਵਹਿਮੀ ਕਰਮ ਧਰਮ ਵਿਚ ਹਿੰਦੂ ਧਰਮ ਨੂੰ ਭੀ ਪਿੱਛੇ ਛੱਡ ਗਿਆ ਹੈ। ਸੰਨ 1300 ਵਿਚ ਦੋ ਲੱਖ ਤੋਂ ਵਧੀਕ ਈਸਾਈਆਂ ਨੇ ਪਾਪਾਂ ਦੀ ਮਾਫ਼ੀ ਵਾਸਤੇ ਰੋਮ ਨਗਰੀ ਦੀ ਯਾਤਰਾ ਕੀਤੀ, ਕਿਉਂਕਿ ਪੋਪ ਨੇ ਉਨ੍ਹਾਂ ਦੇ ਪਾਪਾਂ ਦੀ ਮਾਫ਼ੀ ਵਾਸਤੇ ਭਰੋਸਾ ਦਿੱਤਾ ਸੀ ਕਿ ਤੁਹਾਡੇ ਸਮੂਲਚੇ ਪਾਪਾਂ ਦੀ ਗੰਢੜੀ ਖ਼ਤਮ ਕੀਤੀ ਜਾਵੇਗੀ। ਹਿਸਟਰੀ ਦੇ ਪੰਨੇ ਪ੍ਰਗਟ ਕਰਦੇ ਹਨ ਕਿ ਪਾਪਾਂ ਦੀ ਨਵਿਰਤੀ ਹਿਤ ਈਸਾਈ ਮਤਿ ਕਿਤਨੇ ਭੁਲੇਖਿਆਂ ਦਾ ਸ਼ਿਕਾਰ ਹੈ ਔਰ ਫਿਰ ਦਾਅਵਾ ਭੀ ਕਰਦਾ ਹੈ ਕਿ ਕੇਵਲ ਈਸਾਈ ਮਤਿ ਹੀ ਮੁਕਤੀ ਦਾ ਸਾਧਨ ਹੈ, ਜਿਵੇਂ :

Remorse and fear drove thousands of people on pilgrimages. People travel to Rome and to other celebrated places as a means of soothing trouble consciences. In the year 1300 more than 200,000 pilgrims visited Rome because the pope had promised all penitents who visited the Churches of apostles that year absolution from all their sins.

(History of the Christian Church, p. 213)

ਬੁਨਿਆਦੀ ਪਾਪਾਂ ਦੀ ਪ੍ਰਣਾਲੀ ਤੋਂ ਸਹਿਮੇ ਹੋਏ ਯਾਤਰੀ ਗਿਰਜੇ ਵਿਚ ਰੱਖੇ ਹੋਏ ਬਕਸੇ ਵਿਚ ਆਪਣੀ ਆਪਣੀ ਮਾਇਆ ਭੇਟਾ ਕਰਦੇ ਸਨ। ਇਸ ਝਲਕੀ ਵਿਚ ਯਾਤਰੀ ਇੰਝ ਅਨੁਭਵ ਕਰਦਾ ਸੀ ਕਿ ਜਿਵੇਂ ਪੋਪ ਰੱਬ ਨਾਲ ਇਕਮਿਕ ਹੋ ਰਿਹਾ ਹੈ। ਭਾਵ ਇਹ ਹੋਇਆ ਕਿ ਇਨ੍ਹਾਂ ਸਾਧਾਰਣ ਲੋਕਾਂ ਨੂੰ ਅਨੇਕਾਂ ਵਿਧੀਆਂ ਦੁਆਰਾ ਬੁਨਿਆਦੀ ਪਾਪਾਂ ਦੀ ਨਵਿਰਤੀ ਪ੍ਰਤਿ ਪ੍ਰੇਰਿਆ ਜਾਂਦਾ ਸੀ। ਉਕਤ ਦਰਸਾਈ ਵਾਰਤਿਕ ਸਮੱਗਰੀ ਦੀ ਵਾਸਤਵਿਕ ਰੂਪ-ਰੇਖਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

A Red Cross was set up in the midst of the Church, and banner was displayed; in short, one might think they were receiving God Himself. (Lindsay). In front of the cross was placed

a large iron chest to receive the money. Hymns, processions, bulletins, to buy indulgences. Tazel would frequently say,

"Soon as the groschen in the casket rings,
The troubled soul from purgatory springs."

(History of the Christian Church, p. 233)

ਇਥੇ ਤਕ ਈਸਾਈ ਮਤਿ ਅਤੇ ਈਸਾਈ ਮਤਿ ਵਿਚ ਬੁਨਿਆਦੀ ਪਾਪਾਂ ਦੇ ਪ੍ਰਾਸ਼ਚਿਤ ਪ੍ਰਤਿ ਵਾਰਤਾ ਸਮਾਪਤ ਹੁੰਦੀ ਹੈ, ਜਿਸ ਵਿਚ ਈਸਾਈ ਮਤਿ ਈਸਾ ਅਥਵਾ ਯਸੂਹ ਮਸੀਹ ਕੀ ਈਸਾ ਰੱਬ ਦਾ ਪੁੱਤਰ ਹੈ ? ਈਸਾ ਜੀ ਦੀ ਵਾਸਤਵਿਕ ਪਦਵੀ, ਯਹੂਦੀਆਂ ਵਿਚ ਗ਼ੈਰ-ਯਹੂਦੀਆਂ ਦੀ ਮਿਸ਼ਰਤ, ਰੱਬੀ ਪੁੱਤਰ ਸਿਧਾਂਤ ਪ੍ਰਤਿ ਭੁਲੇਖੇ, *ਨਵੀਨ ਅੰਜੀਲ* ਦਾ ਨਿਯਮ, ਟ੍ਰੈਂਟ ਕੌਂਸਲ, ਰਵਾਇਤੀ ਕਹਾਣੀਆਂ ਦਾ *ਅੰਜੀਲ* ਵਿਚ ਪ੍ਰਵੇਸ਼, ਤ੍ਰੈ-ਮੁਖੀ ਰੱਬ ਹੋਲੀ ਸਪਿਰਟ, ਈਸਾ ਜੀ ਦੀ ਮੌਤ ਅਤੇ ਪੁਨਰ ਜੀਵਨ, ਪਾਪ ਅਤੇ ਪ੍ਰਾਸ਼ਚਿਤ ਅਤੇ ਪੁਨਰ ਨਿਰਮਾਣ। ਈਸਾਈ ਮਤਿ ਦੀ ਗਾਥਾ ਸਮਾਪਤ ਕਰਨ ਤੋਂ ਪਹਿਲਾਂ ਬਹੁਤ ਹੀ ਲਾਜ਼ਮੀ ਹੈ ਕਿ ਈਸਾਈ ਮਤਿ ਪ੍ਰਤਿ ਕੁਝ ਈਸਾਈ ਵਿਦਵਾਨਾਂ ਦੇ ਖ਼ਿਆਲ ਅੰਕਤ ਕੀਤੇ ਜਾਣ, ਤਾਂਕਿ ਪਾਠਕਾਂ ਨੂੰ ਸਹੀ ਜਾਣਕਾਰੀ ਪ੍ਰਾਪਤ ਹੋ ਸਕੇ।

6.60 ਈਸਾ ਦਾ ਪੁਨਰ ਆਗਮਨ (Physical Return)

ਈਸਾਈ ਮਤਿ ਦਾ ਪਸਰਪਰ ਅੰਤ੍ਰੀਵੀ ਵਾਦ-ਵਿਵਾਦ ਵਿਸ਼ੇਸ਼ ਕਰਕੇ ਹੀਬਰੋ ਅਤੇ ਗਰੀਕ ਭਾਸ਼ਾ ਦੀਆਂ ਬਾਈਬਲਜ਼ ਨੂੰ ਠੀਕ ਤੌਰ 'ਤੇ ਨਾ ਸਮਝਣਾ ਹੈ ਕਿਉਂਕਿ ਟੀਕਾਕਾਰਾਂ ਨੇ ਨਿਜੀ ਬੁਧੀ ਦੇ ਆਧਾਰ 'ਤੇ ਆਪਣੀ ਆਪਣੀ ਭਾਸ਼ਾ ਵਿਚ ਮਨਭਾਵਤ ਟੀਕਾਕਾਰੀ ਕੀਤੀ ਹੈ। ਟੀਕਾ ਕਰਨ ਲਗਿਆਂ ਕੁਝ ਸਵੈ-ਇੱਛਤ ਸ਼ਬਦ ਭੀ ਦਰਜ ਕੀਤੇ ਗਏ ਹਨ। ਸਵੈ-ਇੱਛਤ ਸਮੱਗਰੀ ਦਾ *ਬਾਈਬਲ* ਵਿਚ ਪ੍ਰਵੇਸ਼ ਹੋਣਾ ਹੀ, ਨੰਵੀਨ ਵਿਦਵਾਨਾਂ ਵਾਸਤੇ ਆਲੋਚਨਾਤਮਕ ਖੇਤਰ ਦਾ ਦਾਇਰਾ ਉਲੀਕਦਾ ਹੈ। ਮਿਸਾਲ ਵਜੋਂ, ਈਸਾਈ ਮਤਿ ਦਾ ਵਿਸ਼ਵਾਸ ਹੈ ਕਿ ਈਸਾ ਜੀ ਇਸ ਦੁਨੀਆ ਵਿਚ ਦੋਬਾਰਾ ਵਾਪਸ ਆਉਣਗੇ। ਈਸਾ ਜੀ ਦੇ ਦੋਬਾਰਾ ਆਵਨ ਹਿਤ ਸਵੈਮ ਤੌਰ 'ਤੇ ਈਸਾਈ ਮਤਿ ਮਤਾਂਤ੍ਰਾਂ ਵਿਚ ਪਰਸਪਰ ਬਹੁਤ ਵੱਡਾ ਭੇਦ ਹੈ ਜਿਵੇਂ ਜਹੋਵਾ ਵਿਟਨਿਸ ਦਾ ਦਾਅਵਾ ਹੈ ਕਿ :

Since the days of "Pastor" Russell and Judge Rutherford, one of the favorite dogmas of the watchtower has been that of the *parusia*, the second coming or "presence" of the Lord Jesus Christ.

Jehovah's Witness, loyal Russellites that they are, have tenaciously clung to the "pastor's" theology in this respect and maintain that in the year 1914 when the "time of the Gentiles" ended (according to Russell), the "second presence" of Christ begun. *(Watchtower Bible and Tract Society, p. 319)*

ਉਕਤ ਦਰਸਾਏ ਅੰਗਰੇਜ਼ੀ ਪਦੇ ਵਿਚ ਈਸਾਈ ਮਤਿ ਦੇ ਜਹੋਵਾ ਵਿਟਨੈਸ ਫ਼ਿਰਕੇ ਵਲੋਂ ਉਲੀਕਿਆ ਹੋਇਆ ਬਹੁਤ ਸਿੱਧਾ ਪੱਧਰਾ ਅਤੇ ਚਿੱਟਾ ਲਾਇਤਬਾਰੀ ਚਿੱਠਾ ਹੈ। ਇਸ ਝੂਠੀ ਸਮੱਗਰੀ ਦੀ ਪ੍ਰਦਰਸ਼ਨੀ ਇਹ ਲੋਕ ਭੋਲੇ-ਭਾਇ ਜੀਵਨ ਬਤੀਤ ਕਰਨ ਵਾਲੇ ਲੋਕਾਂ ਦੇ ਘਰਾਂ ਵਿਚ ਇਕ ਹਮਲਾਵਰ ਦੇ ਢੰਗ ਦੁਆਰਾ ਪ੍ਰਵੇਸ਼ ਹੋ ਕੇ ਕਰਦੇ ਅਤੇ ਅਗਿਆਨੀ ਪਰਜਾ ਨੂੰ ਗੁੰਮਰਾਹ ਕਰਦੇ ਹਨ ਔਰ ਦਾਅਵਾ ਕਰਦੇ ਹਨ ਕਿ ਈਸਾ ਜੀ ਨੇ ਨਿਜੀ ਧਿਆਨ ਇਸ ਦੁਨੀਆ ਦੀਆਂ ਚਾਲੂ ਸਮੱਸਿਆਵਾਂ ਵੱਲ ਮੋੜਿਆ ਹੈ ਔਰ ਲੋਕਾਂ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਹੈ। ਸੱਚੇ ਈਸਾਈਆਂ ਨੂੰ ਜ਼ਿੰਦਗੀ ਬਤੀਤ ਕਰਨ ਹਿਤ, ਸਿੱਖਿਆ ਦਿੱਤੀ ਹੈ ਤਾਂਕਿ ਉਹ ਧਰਮ ਯੁਧ ਝੱਖੜ ਦੇ ਸਮੇਂ ਆਪਣੇ ਆਪ ਨੂੰ ਬਚਾ ਸਕਣ, ਜਦੋਂ ਕਿ ਪ੍ਰਿਥਵੀ ਦੇ ਧਰਾਤਲ ਤੋਂ ਸਮੂਲਚੀ ਅਸ਼ਰਧਕ (ਗੈਰ-ਈਸਾਈ) ਪਰਜਾ ਦਾ ਵਿਨਾਸ਼ ਕੀਤਾ ਜਾਵੇਗਾ।

(Kingdom of the Cults, p. 79)

ਐਸੇ ਮਨੋਕਲਪਤ ਖ਼ਿਆਲਾਂ ਦੀ ਝੂਠੀ ਸਮੱਗਰੀ ਅੱਜ ਕੱਲ ਆਮ ਕਰਕੇ ਈਸਾਈ ਮਤਿ ਦੇ ਫ਼ਿਰਕੇ (ਜਹੋਵਾ ਆਦਿ) ਅਸੂਝ ਲੋਕਾਂ ਦੇ ਘਰਾਂ ਵਿਚ ਆਕਰਮਣਯ ਢੰਗ ਦੁਆਰਾ ਉਨ੍ਹਾਂ ਦੇ ਮੂੰਹ ਵਿਚ ਧੱਕੇ ਨਾਲ ਪਾ ਰਹੇ ਹਨ। ਜਦੋਂ ਕਿ ਇਨ੍ਹਾਂ ਦੀ *ਅੰਜੀਲ* ਵਿਚ ਹੀ ਐਸੇ ਝੂਠੇ ਪੈਗ਼ੰਬਰਾਂ ਦੀ ਲਾਇਤਬਾਰੀ ਤੋਂ ਖ਼ਬਰਦਾਰ ਕੀਤਾ ਗਿਆ ਹੈ। (See, Mathew, 24: 23-27) ਜਿਵੇਂ:

For false Christ and false prophets will arise and will show great signs and wonders, so as to mislead, if possible even the elect, (do not go forth) (do not believe them).

(New American, Mathew, 24: 23-27)

ਈਸਾ ਜੀ ਦੇ ਪੁਨਰ ਜੀਵਨ ਪ੍ਰਤਿ ਈਸਾਈਆਂ ਦੇ ਫ਼ਿਰਕਿਆਂ ਵਿਚ ਬਹੁਤ ਹੀ ਵੱਡਾ ਅੰਤਰ ਹੈ, ਕੋਈ ਦਾਅਵਾ ਕਰਦਾ ਹੈ ਕਿ ਈਸਾ ਜੀ ਦੇਹੀ ਦੇ ਸਮੇਤ ਦੋਬਾਰਾ ਜੀਵਤ ਹੋਣਗੇ, ਕੋਈ ਕਹਿੰਦਾ ਹੈ ਕਿ ਉਨ੍ਹਾਂ ਦੀ ਪਵਿੱਤਰ ਰੂਹ ਹੀ ਦੋਬਾਰਾ ਦੇਖੀ ਗਈ। ਸਿੱਟੇ ਵਜੋਂ ਦੋਵੇਂ ਹੀ ਝੂਠੀਆਂ ਅਤੇ ਮਨੋਕਲਪਤ ਕਹਾਣੀਆਂ ਜੋੜ ਕੇ ਅੰਧੀ ਅਤੇ ਗਿਆਨ ਵਿਹੂਣੀ ਪਰਜਾ ਨੂੰ ਔਝੜ ਪਾ ਰਹੇ

ਹਨ। ਇਸ ਲਾਇਤਬਾਰੀ ਅਤੇ ਮਨੋਕਲਪਤ ਗਾਥਾ ਦੀ ਵਧੇਰੇ ਜਾਣਕਾਰੀ ਹਿਤ *ਕਿੰਗਡਮ ਆਫ਼ ਦੀ ਕਲਟਸ*, ਪੰਨਾ ਨੰਬਰ 99 'ਤੇ (The Physical Return of Christ) ਨੂੰ ਪੜ੍ਹਨਾ ਅਤੇ ਵਿਚਾਰ ਕਰਨਾ ਬਹੁਤ ਹੀ ਲਾਜ਼ਮੀ ਹੈ ਤਾਂਕਿ ਇਸ ਝੂਠੀ ਗਾਥਾ ਦਾ ਪਲੰਦਾ ਸੁਹਿਰਦ ਪਾਠਕਾਂ ਦੀ ਗਿਆਨ ਪ੍ਰਣਾਲੀ ਵਿਚ ਪ੍ਰਵੇਸ਼ ਕਰ ਸਕੇ। ਮਿਸਾਲ ਵਜੋਂ, ਜਿਵੇਂ :

Jehovah's Witness declares that Christ returned to the temple in 1914 and cleansed it by 1918 for judgement upon sinful men and Satan's organizations. The affirm that since He did not rise physically, neither will He return physically. These arguments are another example of the half-truth used by Jehovah's Withnesses to lead people astray. *(The Kingdom of the Cults, p. 99)*

ਅਸੁਝ ਜਨਤਾ ਨੂੰ ਗੁੰਮਰਾਹ ਕਰਨ ਹਿਤ ਉਕਤ ਦਰਸਾਈ ਝੂਠੀ ਸਮੱਗਰੀ ਦਾ ਦਾਅਵਾ ਐਸੀ ਸ਼ਬਦਾਵਲੀ ਦੁਆਰਾ ਕਰਦੇ ਹਨ ਕਿ ਅਗਰ ਕੋਈ ਇਹ ਨਾ ਮੰਨੇ ਕਿ ਈਸਾ ਦੋਬਾਰਾ ਆਵੇਗਾ, ਉਹ ਇਨਸਾਨ ਰੱਬੀ ਦੁਸ਼ਮਨ ਅਤੇ ਅਥਾਹ ਮੂਰਖ ਹੋਵੇਗਾ।

The doctrine of the physical return of Christ cannot be denied in the Scripture unless a denial of God's Word also be entered which would exhibit unfathomable ingnorance.

(The Kingdom of the Calts, p. 99)

ਈਸਾਈ ਮਤਿ ਦੀ ਸਮੂਲਚੀ ਵਾਰਤਾ ਨੂੰ ਸਮਾਪਤ ਕਰਨ ਤੋਂ ਪੇਸ਼ਤਰ ਬਹੁਤ ਹੀ ਲਾਜ਼ਮੀ ਹੈ ਕਿ ਕੁਝ ਈਸਾਈ ਵਿਦਵਾਨਾਂ ਦੇ ਪੱਖੀ ਅਤੇ ਵਿਪੱਖੀ ਖ਼ਿਆਲਾਂ ਦਾ ਵੇਰਵਾ ਦਿੱਤਾ ਜਾਵੇ ਤਾਂਕਿ ਅਸਾਡੀ ਬੁੱਧੀ ਦੀ ਵਲਗਣ ਵਿਚ ਈਸਾਈ ਮਤਿ ਦੀ ਵਾਸਤਵਿਕਤਾ ਟਿਕਾਈ ਜਾ ਸਕੇ। ਇਸ ਵਾਸਤਵਿਕਤਾ ਨੂੰ ਕੇਵਲ ਅਤੇ ਕੇਵਲ ਇਕ ਅਨਾਦੀ ਅਤੇ ਅਨੰਤ ਵਾਹਿਗੁਰੂ ਦੇ ਦਰਪਣ ਦੁਆਰਾ ਦ੍ਰਿਸ਼ਟੀਮਾਨ ਕੀਤਾ ਜਾ ਸਕੇ। ਅੱਜ (ਮਈ 24, 2000) ਤੋਂ ਕੁਝ ਦਹਾਕੇ ਪਹਿਲਾਂ ਦਾ ਜ਼ਿਕਰ ਹੈ ਕਿ ਈਸਾਈ ਬੁੱਧੀਜੀਵੀਆਂ ਨੇ ਸਵੈਮ ਤੌਰ 'ਤੇ ਇਸ ਧਾਰਾ ਦੇ ਅਧੀਨ ਈਸਾਈ ਮਤਿ ਦੀਆਂ ਸਿਧਾਂਤਿਕ ਪ੍ਰੰਪਰਾਵਾਂ ਨੂੰ ਤਲਾਂਜਲੀ ਦਿੰਦੇ ਹੋਏ ਆਖਿਆ ਕਿ ਅਸੀਂ ਇਨ੍ਹਾਂ ਧਾਰਾਵਾਂ ਨੂੰ ਸਵੀਕਾਰ ਕਰਨ ਹਿਤ ਤਿਆਰ ਨਹੀਂ ਹਾਂ ਕਿ ਈਸਾ ਜੀ ਰੱਬ ਹੈ ਜਾਂ ਰੱਬ ਦਾ ਇਕਲੌਤਾ ਪੁੱਤਰ ਹੈ ਅਤੇ ਈਸਾ ਜੀ ਤਿੰਨ ਮੁੱਖੀ ਰੱਬ ਹੈ। ਈਸਾ ਜੀ ਦਾ ਪੁਨਰ ਜੀਵਨ ਅਥਵਾ ਦੋਬਾਰਾ ਜਿਊਂਦਾ ਹੋਣਾ, ਉਸ ਨੇ ਸਾਰੇ ਜੀਵਾਂ ਦੇ ਪਾਪਾਂ ਦਾ ਹਰਜਾਨਾ ਸਲੀਬ 'ਤੇ ਚੜ੍ਹ ਕੇ ਨਿਜੀ ਮੋਢਿਆਂ 'ਤੇ ਚੁੱਕ ਲਿਆ ਹੈ। ਇਨ੍ਹਾਂ ਵਿਸ਼ਿਆਂ ਪ੍ਰਤਿ ਬਹੁਤ

ਜ਼ਿਆਦਾ ਪੱਖੀ ਅਤੇ ਵਿਰੋਧੀ ਸਾਹਿਤ ਪ੍ਰਕਾਸ਼ਨ ਹੋ ਚੁੱਕਾ ਹੈ, ਜਿਨ੍ਹਾਂ ਦੀ ਸੂਚੀ ਪੱਛਮੀ ਪੁਸਤਕਾਲਿਆਂ ਵਿਚੋਂ ਵੇਖੀ ਜਾ ਸਕਦੀ ਹੈ। ਇਥੇ ਕੇਵਲ ਇਕ ਦੋ ਹਵਾਲੇ ਦੇਣੇ ਹੀ ਕਾਫ਼ੀ ਹੋਣਗੇ। ਇਕ ਕਿਤਾਬ ਜਿਸ ਦਾ ਸਿਰਲੇਖ *ਦੀ ਮੈਥ ਆਫ਼ ਗੌਡ ਇਨਕਾਰਨੇਟ (The Myth of God Incarnate)* ਇੰਗਲੈਂਡ ਵਿਚ 1977 ਵਿਚ ਛਪੀ ਸੀ। ਇਸ ਪੁਸਤਕ ਵਿਚ ਈਸਾਈ ਮਤਿ ਪ੍ਰਤਿ ਕੁਝ ਵਿਸ਼ਵ-ਵਿਦਿਆਲੇ ਦੇ ਵਿਦਵਾਨਾਂ ਦੇ ਅਤਿ ਦੂਰ-ਦਰਸ਼ਕ, ਪ੍ਰਭਾਵਸ਼ਾਲੀ ਅਤੇ ਸਾਂਝੇ ਖ਼ਿਆਲ ਦਿੱਤੇ ਗਏ ਸਨ, ਇਹ ਵਿਦਵਾਨ ਇੰਗਲੈਂਡ ਦੀਆਂ ਤਿੰਨ ਪ੍ਰਮੁੱਖ ਯੂਨੀਵਰਸਿਟੀਆਂ—ਔਕਸਫ਼ੋਰਡ, ਕੈਂਮਬਰਿਜ ਅਤੇ ਬੈਰਮਿੰਘਮ ਜੈਸੇ ਵਿਸ਼ਵ-ਵਿਦਿਆਲਿਆਂ ਦੇ ਪ੍ਰੋਫ਼ੈਸਰ ਸਨ। ਇਨ੍ਹਾਂ ਦੀ ਪ੍ਰੈਸ ਕਾਨਫ਼ਰੰਸ ਵਿਚ *ਰਿਊਟਰ ਸਮਾਚਾਰ* ਦੇ ਹਵਾਲੇ ਦੇ ਆਧਾਰ 'ਤੇ ਨਿਮਨ ਲਿਖਤ ਖ਼ਿਆਲਾਂ ਦਾ ਨਿਚੋੜ ਦਿੱਤਾ ਗਿਆ ਹੈ, ਜਿਵੇਂ :

(ੳ) ਈਸਾ ਜੀ ਨੇ ਆਪਣੇ ਸਮੇਂ ਦੇ ਦੌਰਾਨ ਕਿਸੇ ਪ੍ਰਕਾਰੀ ਈਸ਼ਵਰਵਾਦੀ ਹੋਂਦ ਦਾ ਦਾਅਵਾ ਨਹੀਂ ਕੀਤਾ।

(ਅ) ਉਹ ਇਕ ਰੱਬ ਵਲੋਂ ਚੁਣਿਆ ਹੋਇਆ ਆਦਮੀ ਸੀ ਪ੍ਰੰਤੂ ਰੱਬ ਦਾ ਪੁੱਤਰ ਨਹੀਂ ਸੀ।

(ੲ) ਈਸਾ ਜੀ ਨੇ ਕਦੀ ਭੀ ਤ੍ਰੈ-ਮੁਖੀ ਰੱਬ (Trinity) ਦੀ ਸਿਧਾਂਤਕ ਸਿਖਿਆ ਨਹੀਂ ਦਿੱਤੀ, ਇਹ ਲਿਖਤ ਉਸ ਤੋਂ ਪਿੱਛੋਂ ਅੰਧਵਿਸ਼ਵਾਸੀ ਲੋਕਾਂ (Pagan) ਦੇ ਪ੍ਰਭਾਵ ਅਧੀਨ ਝੂਠੀ ਲਿਖਤ ਵਜੋਂ ਦਰਜ ਕੀਤੀ ਗਈ। (ਇਸ ਦਾ ਸਹੀ ਉਲਥਾ ਦੇਖੋ)

(a) Jesus in his time did not lay claim to divinity.

(b) He was only a man chosen by God but not the Son of God.

(c) Jesus never taught the doctrine of Trinity. It was invented later under pagan and other influences.

(Islam and Christianity, p. 30)

ਉਕਤ ਦਰਸਾਏ ਸੁਨਿਸਚਿਤ ਖ਼ਿਆਲਾਂ ਦੇ ਸਮਰੂਪ ਹੀ ਇਕ ਹੋਰ ਇੰਗਲੈਂਡ ਦੀ ਯੂਨੀਵਰਸਿਟੀ (Southampton) ਦੇ ਕੁਝ ਚੁਨੀਂਦਾ ਪ੍ਰੋਫ਼ੈਸਰਾਂ ਵਲੋਂ ਭੀ ਈਸਾਈ ਧਾਰਮਕ ਪ੍ਰੰਪਰਾਵਾਂ ਵਲੋਂ ਮਿਤੀ ਜੁਲਾਈ 8, 1977 ਨੂੰ ਤਿਲਾਂਜਲੀ ਪੱਤਰ *ਚਰਚ ਟਾਇਮਜ਼* ਲੰਡਨ ਦੇ ਨਾਮ 'ਤੇ ਵਸੂਲ ਹੋਏ, ਜਿਨ੍ਹਾਂ ਦੀ ਸ਼ਬਦਾਵਲੀ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ :

ਅਸੀ ਇਹ ਯਕੀਨ ਰੱਖਦੇ ਹਾਂ ਅਤੇ ਧਰਮ ਸ਼ਾਸਤ੍ਰੀ ਹੋਣ ਦੇ ਨਾਤੇ, ਖ਼ਾਸ ਕਰਕੇ ਉਨ੍ਹਾਂ ਵਾਸਤੇ ਜੋ ਯੂਨੀਵਰਸਿਟੀ ਪੱਧਰ 'ਤੇ ਸਿਖਿਆ ਭੀ ਦਿੰਦੇ ਹਨ,

ਇਸ ਵਾਸਤੇ ਇਹ ਅਸਾਡੀ ਜ਼ਿੰਮੇਵਾਰੀ ਭੀ ਹੈ ਕਿ ਅਸੀਂ ਜਨਤਕ ਨਿਆਇ ਲਈ ਜੋ ਈਸਾਈ ਧਰਮ ਦੇ ਮੂਲਿਕ ਸਿਧਾਂਤਾਂ ਵਿਚ ਝੂਠੀ ਸਮੱਗਰੀ ਅੰਕਤ ਕੀਤੀ ਗਈ ਹੈ, ਉਸ ਦਾ ਪ੍ਰਗਟਾਵਾ ਢੁਕਵੀਆਂ ਦਲੀਲਾਂ ਦੁਆਰਾ ਪੇਸ਼ ਕਰੀਏ। ਇਨ੍ਹਾਂ ਵਿਦਵਾਨਾਂ ਦੇ ਖ਼ਿਆਲ ਨਿਮਨ ਲਿਖਤ ਦੇ ਆਧਾਰ 'ਤੇ ਵੇਖੇ ਜਾ ਸਕਦੇ ਹਨ, ਜਿਵੇਂ:

(ੳ) ਇਥੇ ਕੋਈ ਭੀ ਈਸ਼ਵਰਵਾਦੀ ਇਕਲੌਤਾ ਪੁੱਤਰ ਨਹੀਂ ਹੈ, ਨਾ ਕੋਈ ਇਸ ਤੋਂ ਪਹਿਲਾਂ ਸੀ ਔਰ ਨਾ ਹੀ ਹੋਵੇਗਾ।

(ਅ) ਈਸਾ ਜੀ ਪ੍ਰਤਿ ਈਸ਼ਵਰੀ ਪੁੱਤਰ ਹੋਣ ਦਾ ਭਰੋਸਾ ਨਵੀਨ ਨਿਯਮ *ਅੰਜੀਲ* ਦੇ ਲਿਖਾਰੀਆਂ ਵਲੋਂ ਝੂਠੀ ਵਿਆਖਿਆ ਹੈ।

(ੲ) ਇਹ ਉਕਤ ਦਰਸਾਈ ਪ੍ਰਤੀਤ ਕਲਪਨਾਤਮਕ ਲਿਖਤ ਦੇ ਸੰਕੇਤਕ ਚਿੰਨ੍ਹ ਹਨ। ਨਵੀਨ ਸਮੇਂ ਦੇ ਇਨਸਾਨ ਵਾਸਤੇ ਇਹ ਨਿਰਬਲ ਅਤੇ ਛੱਡੀ ਹੋਈ (ਉਜੜੀ ਹੋਈ) ਧਾਰਾ, ਗ੍ਰਹਿਣ ਕਰਨ ਦੇ ਯੋਗ ਨਹੀਂ ਹੈ। ਸਹੀ ਸ਼ਬਦਾਵਲੀ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ:

Equally categorical repudiation came from the distinguished professors of the Department of Theology and Religion in Southampton University (England). In their letter dated July 8, 1977, addressed to the important *Church Times* of London, they said inter alia :

"We believe that it is the duty of theologians, especially of those who teach at universities, to raise publicly questions about the principles of Christian faith, to justify those principles or to show them as false in accordance with evidence and with sound reasoning."

ਸਾਊਥ ਐਮਪਟਨ ਯੂਨੀਵਰਸਿਟੀ ਦੇ ਮਾਨਵਰ ਵਿਦਵਾਨਾਂ ਨੇ ਨਿਜੀ ਵਿਚਾਰਾਂ ਦੀ ਸਮੱਗਰੀ ਦਾ ਨਿਸ਼ਕਰਸ਼ ਅਨੁਮਾਨ (conclusion) ਦਿੰਦੇ ਹੋਏ ਆਪਣੇ ਅੰਤ੍ਰੀਵੀ ਖ਼ਿਆਲਾਂ ਦਾ ਅਭਿਵਿਅੰਜਨ (expression) ਨਿਮਨ ਲਿਖਤ ਦੇ ਆਧਾਰ 'ਤੇ ਕੀਤਾ ਹੈ, ਜਿਵੇਂ:

(a) That there is no divine son, that there never has been one, and that there never could be one.

(b) That the belief in Jesus as divine son rests upon a false interpretation of the facts by the authors of the New Testament.

(c) That the above belief belongs to the "Myth or symbols" category, that it is incapable of comprehension by the modern man and that it should be abandoned. *(Islam and Christianity, p. 31)*

ਉਕਤ ਦਰਸਾਈ ਵਾਰਤਾ ਦੁਆਰਾ ਕੁਝ ਵਿਪੱਖੀ ਖ਼ਿਆਲਾਂ ਦਾ ਪ੍ਰਗਟਾਵਾ ਸੁਨਿਸਚਿਤ ਦਲੀਲਾਂ ਦੇ ਆਧਾਰ 'ਤੇ ਕੀਤਾ ਗਿਆ ਹੈ। ਨਿਮਨ ਲਿਖਤ ਦੁਆਰਾ ਕੁਝ ਐਸੇ ਸ਼ਰਧਾਲੂ ਈਸਾਈਆਂ ਦੇ ਵਿਚਾਰ ਪ੍ਰਗਟ ਕਰਨ ਦੀ ਆਸ਼ਾ ਕਰਦੇ ਹਾਂ, ਜਿਨ੍ਹਾਂ ਦਾ ਵਿਸ਼ਵਾਸ ਇਸ ਬੁਨਿਆਦ 'ਤੇ ਉਸਰਿਆ ਹੈ ਕਿ ਈਸਾ ਜੀ ਤੋਂ ਬਿਨਾਂ ਹੋਰ ਕੋਈ ਭੀ ਮੁਕਤੀਦਾਤਾ ਨਹੀਂ ਹੈ, ਬਲਕਿ ਈਸਾ ਜੀ ਦੇ ਸੇਵਕ *ਅੰਜੀਲ* ਦੇ ਪੰਨਿਆਂ ਵਿਚ ਈਸਾ ਜੀ ਦੇ ਨਾਮ ਥੱਲੇ, ਇਹ ਦਾਅਵਾ ਕਰਦੇ ਹਨ ਕਿ ਈਸਾ ਜੀ ਸਵੈਮ ਤੌਰ 'ਤੇ ਘੋਸ਼ਤ ਕਰਦੇ ਹਨ ਕਿ ਮੈਥੋਂ ਦੂਰ ਰਹਿ ਕੇ ਕੋਈ ਭੀ ਇਨਸਾਨ ਰੱਬ ਨੂੰ ਨਹੀਂ ਮਿਲ ਸਕਦਾ, ਜਿਵੇਂ :

I am the way, the truth, and the life, no man cometh unto the Father, but by me. *(John 14:6)*

ਉਕਤ ਦਰਸਾਈ ਈਸਾ ਜੀ ਦੀ ਤੁਕ ਦਾ ਸਾਰੰਸ਼ ਇਹੀ ਹੈ ਕਿ ਈਸਾ ਜੀ ਦਾਅਵਾ ਕਰਦੇ ਹਨ ਕਿ ਮੈਥੋਂ ਬਿਨਾਂ ਰੱਬ ਨੂੰ ਕੋਈ ਹੋਰ ਜੀਵ ਕਿਸੇ ਹਾਲਤ ਵਿਚ ਭੀ ਨਹੀਂ ਮਿਲ ਸਕਦਾ, ਜਦੋਂ ਤਕ ਕਿ ਉਹ ਮੇਰੀ ਸਰਣਿ ਵਿਚ ਨਾ ਆ ਜਾਵੇ। ਇਹੀ ਸਭ ਤੋਂ ਵੱਡਾ ਅਤੇ ਗੰਭੀਰ ਕਾਰਣ ਹੈ ਕਿ ਈਸਾਈ ਸ਼ਰਧਾਲੂ ਦੁਨੀਆ ਦੇ ਦੂਸਰੇ ਧਰਮਾਂ ਪ੍ਰਤਿ ਅਤਿ ਹਾਸੋਹੀਣੀ ਸ਼ਬਦਾਵਲੀ ਵਰਤਦੇ ਹਨ। ਜਿਵੇਂ ਡਾਕਟਰ ਵੈਨ ਬੈਲਿਨ ਦਾ ਕਥਨ ਹੈ ਕਿ ਈਸਾਈ ਮਤਿ ਤੋਂ ਬਿਨਾਂ, ਦੂਸਰੇ ਹੋਰ ਸਾਰੇ ਧਰਮ, ਚਰਚਾਂ ਤੋਂ ਉਧਾਰ ਖ਼ਰੀਦੀ ਪ੍ਰਣਾਲੀ ਦੇ ਬਿਨ ਭੁਗਤਾਨੀ ਹੁੰਡੀ ਦੇ ਪਰਚੇ ਹਨ, ਜਿਵੇਂ :

My approach is quite is honestly theological in its orientation, with the aim of contrast and reaffirmation in view. Dr Van Baalen is correct when he says that "the cults are the unpaid bill of the church."

(House of Cults, p. 14 & Kingdom of Cults, p. 14)

ਜਦੋਂ ਅਸੀਂ ਸੁਰਤੀ ਦੀ ਪ੍ਰਵਾਜ਼ ਨੂੰ ਵਿਚਾਰ ਮੰਡਲ ਦੀ ਅਗੰਮਤਾ ਦੇ ਦਾਇਰੇ ਵਿਚ ਲੀਨ ਕਰਦੇ ਹਾਂ, ਤਦ ਅਸਾਡੀ ਵਿਰਤੀ ਦੀ ਕੋਣ, ਈਸਾਈ ਮਤਿ ਦੇ ਪਸਾਰੇ ਪ੍ਰਤਿ ਅਨੁਭਵੀ ਤਖ਼ੱਯਲ ਦੀ ਪ੍ਰਣਾਲੀ ਵਿਚ ਪ੍ਰਵੇਸ਼ ਕਰਦੀ ਹੈ। ਔਰ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਈਸਾਈ ਮਤਿ ਦੇ ਬਹੁਤ ਪਸਾਰੀ ਖੇਤਰ ਦਾ ਤੱਥਪੂਰਣ ਕਾਰਣ ਕੀ ਹੈ ? ਇਸ ਰਚਨਾਤਮਕ ਸੰਕਲਪ ਦੇ ਉੱਤਰ ਪ੍ਰਤਿ ਤਿੰਨ ਪ੍ਰਕਾਰ ਦੀ ਤੱਤਵਤਾ ਆਸ਼ਕਾਰ ਹੋਇ ਆਂਵਦੀ ਹੈ, ਜਿਥੋਂ ਅਸਾਨੂੰ ਗਿਆਨ ਹੁੰਦਾ ਹੈ ਕਿ ਈਸਾਈ ਮਤਿ ਦਾ ਗਹਿਰ ਗੰਭੀਰ ਪਸਾਰਾ ਤਿੰਨਾਂ ਲੱਛਣਾਂ 'ਤੇ ਆਧਾਰਤ ਹੈ।

1. ਰੋਮਨ ਹਕੂਮਤ

ਰੋਮਨ ਹਕੂਮਤ ਦੀ ਜਨ-ਸੰਖਿਆ ਦੂਰ ਦੁਰਾਡੇ ਦੇਸ਼ ਦੇਸ਼ਾਂਤਰਾਂ ਵਿਚ ਫੈਲੀ ਹੋਈ ਸੀ। ਲਗਪਗ ਸਮੂਲਚੀ ਜਨਤਾ ਹੀ ਨਾਸਤਿਕ ਅਤੇ ਬਹੁ-ਦੇਵ ਪੂਜਕ ਸੀ। ਦੇਵਤਾ ਕਦੀ ਭੀ ਨਿਜੀ ਸ਼ਿਸ਼ ਦੀ ਘਾੜਤ ਅਨੁਪਮ ਸੰਪੂਰਣਤਾ ਦੀਆਂ ਟੀਸੀਆਂ 'ਤੇ ਨਹੀਂ ਉਲੀਕ ਸਕਦਾ। ਪੁਰਾਤਨ ਕਾਲ ਤੋਂ ਅਥਵਾ ਆਰੰਭਕ ਕਾਲ ਤੋਂ ਹੀ ਇਨਸਾਨੀ ਦੁਰਬਲਤਾ ਐਸੀ ਵਸਤੂ ਹੈ ਕਿ ਇਹ ਆਸਮਾਨੀ ਮੰਡਲਾਂ ਵੱਲ ਝਾਤੀ ਮਾਰ ਕੇ ਜੋਦੜੀ ਕਰਦਾ ਤੇ ਕੁਝ ਅਣਹੋਈਆਂ ਦਾਤਾਂ ਮੰਗਦਾ ਹੈ, ਤਾਂਕਿ ਇਸ ਦੀ ਕਲਪਨਾਤਮਕ ਅਤੇ ਸੰਭਾਵੀ ਰੁਚੀਆਂ ਦਾ ਦਾਮਨ ਪ੍ਰਫੁੱਲਤ ਹੋ ਸਕੇ, ਇਸ ਨੂੰ ਸਦੀਵ ਕਾਲੀ ਕੁਸ਼ਲਖੇਮਤਾ ਦੀ ਪ੍ਰਾਪਤੀ ਹੁੰਦੀ ਰਹੇ। ਐਸੀ ਮੂਲਿਕ ਦੁਰਬਲਤਾ ਦਾ ਲਾਭ ਆਰੰਭਕਾਲੀ ਈਸਾਈ ਧਾਰਮਿਕ ਆਗੂਆਂ ਨੇ ਸੀਮਤ ਸੀਮਾਵਾਂ ਤੋਂ ਉਰਾਰ-ਪਾਰ ਮਨਭਾਵਤ ਇੱਛਾ ਦੇ ਅਨੁਸਾਰ ਪ੍ਰਾਪਤ ਕੀਤਾ ਹੈ। ਗ਼ਰਜ਼ੇਕਿ, ਰੋਮਨ ਸਲਤਨਤ ਦੀਆਂ ਅਗਿਣਤ ਸ਼ਾਸਨਿਕ ਪ੍ਰਣਾਲੀਆਂ ਈਸਾਈ ਮਤਿ ਦੀ ਮਨੋਕਲਪਤ ਧਾਰਾ ਦੀ ਵਲਗਣ ਵਿਚ ਲਪੇਟੀਆਂ ਗਈਆਂ। ਰੋਮਨ ਸ਼ਾਸਨ ਦੀ ਛਤਰ ਛਾਇਆ ਇਨ੍ਹਾਂ ਦੇ ਧਾਰਮਿਕ ਖੇਤਰ ਦੀ ਰੱਖਿਅਕ ਬਣ ਗਈ। ਭਾਵੇਂ ਇਨ੍ਹਾਂ ਦੇ ਆਰੰਭਕਾਲੀ ਪਾਦਰੀ ਮਨੋਕਲਪਤ ਰਚਨਾਵਾਂ ਰਚ ਰਚ ਕੇ ਈਸਾ ਜੀ ਦੇ ਨਾਮ ਥੱਲੇ ਝੂਠ ਨੂੰ ਸੱਚ ਦੀ ਤੱਕੜੀ ਵਿਚ ਤੋਲ ਕੇ ਪ੍ਰਚਾਰਦੇ ਰਹੇ ਜੋ ਕਿ ਅੱਜ ਭੀ *ਸੈਂਟ ਪਾਲ* ਦੀਆਂ ਚਿੱਠੀਆਂ ਦੇ ਨਾਮ ਦੁਆਰਾ *ਅੰਜੀਲ* ਦੀ ਟਕਸਾਲੀ ਬਾਣੀ ਵਿਚ ਪ੍ਰਸਿੱਧਤਾ ਰੱਖਦੀਆਂ ਹਨ। ਇਕ ਦਫ਼ਾ ਸੈਂਟ ਪਾਲ ਤੋਂ ਰੋਮਨਾਂ ਨੇ ਪੁਛਿਆ ਕਿ ਤੂੰ ਮਨੋਕਲਪਤ ਅਤੇ ਝੂਠਾ ਪ੍ਰਚਾਰ ਕਿਉਂ ਕਰਦਾ ਹੈਂ ? ਉਸ ਨੇ ਉੱਤਰ ਵਿਚ ਆਖਿਆ—ਜੇਕਰ ਮੇਰੇ ਝੂਠ ਬੋਲਿਆਂ ਈਸਾਈ ਮਤਿ ਵਿਚ ਉੱਨਤੀ ਹੁੰਦੀ ਹੋਵੇ, ਤਦ ਤੁਸੀਂ ਮੈਨੂੰ ਪਾਪੀ ਨਾ ਆਖੋ। ਜਿਸ ਦੀ ਵਾਸਤਵਿਕ ਰੂਪ-ਰੇਖਾ *ਅੰਜੀਲ* ਵਿਚੋਂ ਪ੍ਰਾਪਤ ਹੁੰਦੀ ਹੈ, ਜਿਵੇਂ :

But if through my lie the truth of God abounded to His glory, why am I also still being judged as a sinner ? *(Roman, 3:7)*

ਉਕਤ ਤੁਕ ਵਿਚ ਸੈਂਟ ਪਾਲ ਦੀ ਲਾਇਤਬਾਰੀ (ਝੂਠੀ) ਗਾਥਾ ਦਾ ਜ਼ਿਕਰ ਚਲ ਰਿਹਾ ਹੈ। ਹੁਣ ਵੇਖਣਾ ਇਹ ਹੈ ਕਿ ਅਸਲ ਵਿਚ ਉਹ ਕਿਹੜੀ ਗਾਥਾ ਹੈ ਜਿਸ ਤੋਂ ਪਾਲ ਨੂੰ ਪਾਪੀ ਅਤੇ ਦੋਸ਼ੀ ਹੋਣ ਦਾ ਭੈ ਚਿੰਤਤ ਕਰ ਰਿਹਾ ਹੈ ਕਿ ਪਾਲ ਝੂਠ ਬੋਲ ਰਿਹਾ ਹੈ ? ਜਿਸ ਝੂਠ ਦੀ ਬਾਬਤ ਆਪ ਜੀ ਕੁਝ ਯੂਨੀਵਰਸਿਟੀਆਂ ਦੇ ਮਾਨਵਰ ਧਰਮ ਸ਼ਾਸਤ੍ਰੀਆਂ ਦੇ ਖ਼ਿਆਲ ਨੇੜਲੇ ਉਕਤ ਪੰਨਿਆਂ ਵਿਚ ਪੜ੍ਹ ਆਏ ਹੋ, ਇਹੀ ਝੂਠ ਹੈ ਜੋ ਪਾਲ ਬੋਲ ਰਿਹਾ ਹੈ। ਇਸ

ਝੂਠ ਦੀ ਗੰਢੜੀ ਨੂੰ ਰੋਮਨ ਸ਼ਾਸਨ ਦੀ ਪਰਜਾ ਅਤੇ ਅਧਿਕਾਰੀਆਂ ਨੇ ਨਿਜੀ ਲਾਲਸਾ ਦੇ ਅਧੀਨ ਇਸ ਵਾਸਤੇ ਖ਼ਰੀਦ ਲਿਆ ਕਿਉਂਕਿ ਇਸ ਤੋਂ ਪਹਿਲਾਂ ਉਨ੍ਹਾਂ ਦੇ ਜੀਵਨ ਦੀ ਤ੍ਰਿਪਤੀ ਵਾਸਤੇ ਕਿਸੇ ਪ੍ਰਕਾਰ ਦਾ ਧਰਮ ਖੇਤਰ ਮੌਜੂਦ ਨਹੀਂ ਸੀ। ਪ੍ਰੰਤੂ ਵਿਰਤੀਹਾਣ ਕਾਲ ਦਾ ਜੀਵ, ਨਿਤਾਪ੍ਰਤਿ ਨਵੀਨਤਾ ਵਿਚ ਪਰਿਵਰਤ ਹੋਣ ਕਰਕੇ ਇਸ ਝੂਠ ਦੀ ਗੰਢੜੀ ਨੂੰ ਖ਼ਰੀਦਣ ਹਿਤ ਤਿਆਰ ਨਹੀਂ ਹੈ। ਭਾਵੇਂ ਧਰਮ ਦਾ ਧਾਰਨੀ ਹੋਣਾ ਅੱਜ ਦੇ ਇਨਸਾਨ ਦੀ ਪ੍ਰਥਮ ਆਵਸ਼ਕਤਾ ਹੈ, ਪ੍ਰੰਤੂ ਝੂਠ ਨੂੰ ਖ਼ਰੀਦਣਾ ਇਸ ਦੀ ਆਦਤ ਨਹੀਂ ਹੈ। ਕਿਉਂਕਿ ਇਸ ਝੂਠੀ ਸਮੱਗਰੀ ਦੇ ਪਰਿਣਾਮ ਵਜੋਂ ਹੀ ਨਵੰਬਰ 18, 1978 ਨੂੰ 900 ਈਸਾਈ ਸ਼ਰਧਾਲੂਆਂ ਨੇ ਆਤਮ ਹੱਤਿਆ ਕੀਤੀ। ਜਦੋਂ ਕਿ ਈਸਾਈ ਮਤਿ ਨਿਜੀ ਤੌਰ 'ਤੇ ਦੂਸਰੇ ਧਰਮਾਂ ਦੀ ਵਿਸ਼ੇਸ਼ਤਾ ਤੋਂ ਇਨਕਾਰੀ ਹੋ ਚੁੱਕਾ ਹੈ। ਜਿਸ ਦੇ ਫਲਸਰੂਪ 900 ਈਸਾਈ ਸ਼ਰਧਾਲੂਆਂ ਦੀ ਆਤਮਘਾਤੀ ਘਟਨਾ ਵਜੂਦ ਵਿਚ ਆਈ। ਇਸ ਮਾਰੂ ਹਾਦਸੇ ਦੀ ਵਾਸਤਵਿਕਤਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ:

> It is a very real mental and emotional chain which has a strong hold on the cultist's ability to discern truth from error, light from darkness. If the tragedy of Jonestown on November 18, 1978, when over 900 cult followers of "Rev" Jim Jones committed forced suicide. *(The Kingdom of the Cults, p. 27)*

ਇਤਨੀ ਝੂਠ ਸਮੱਗਰੀ ਦੇ ਹੁੰਦਿਆਂ ਭੀ ਈਸਾਈ ਮਤਿ ਦਾ ਪ੍ਰਚਾਰਕ ਢੰਗ ਇਤਨਾ ਗਤੀਬੱਧ ਹੈ ਕਿ ਜਿਸ ਦੀ ਮਿਸਾਲ ਇਹ ਆਪ ਹੀ ਹਨ। ਇਨ੍ਹਾਂ ਵਿਚ ਨਿਜੀ ਧਰਮ ਪਸਾਰੇ ਪ੍ਰਤਿ ਸ਼ਰਧਾ ਅਤੇ ਲਗਨ ਇਤਨੀ ਪ੍ਰਬਲ ਹੈ ਕਿ ਦੁਨੀਆ ਦਾ ਕੋਈ ਭੀ ਦੂਸਰਾ ਧਰਮ ਇਨ੍ਹਾਂ ਦੀ ਸਮਾਨਤਾ ਨਹੀਂ ਕਰ ਸਕਦਾ। ਈਸਾਈ ਮਤਿ ਦੇ ਬਹੁਪੱਖੀ ਪਾਸਾਰੇ ਦਾ ਦੂਸਰਾ ਕਾਰਣ ਯੂਨਾਨੀ (ਗਰੀਕ) ਦੇ ਦਰਸ਼ਨ ਸ਼ਾਸਤ੍ਰੀਆਂ ਦਾ ਫ਼ੋਕਟ ਫ਼ਲਸਫ਼ਾ ਹੈ।

2. ਯੂਨਾਨੀ ਫ਼ਲਸਫ਼ਾ

ਯੂਨਾਨੀ ਦਰਸ਼ਨ ਵਿਚ ਦਾਰਸ਼ਨਿਕ ਸਮੱਗਰੀ ਦਾ ਪੱਲੜਾ ਕਾਫ਼ੀ ਭਾਰੀ ਹੈ, ਪ੍ਰੰਤੂ ਇਹ ਫ਼ਲਸਫ਼ਾ ਰੱਬ ਦੀ ਇਕਾਂਗੀ ਝਲਕ ਵਲੋਂ ਸੱਖਣਾ ਹੈ। ਜਿਥੋਂ ਸ਼ਰਧਾਲੂ ਸ਼ਿਸ਼ ਦੀ ਉਪਜ ਨਹੀਂ ਹੋ ਸਕਦੀ, ਦਿਮਾਗੀ ਘੋੜਿਆਂ ਦੀ ਤੀਖਣ ਗੰਮਤਾ ਹੋ ਸਕਦੀ ਹੈ। ਪ੍ਰੰਤੂ ਜੀਵਨ ਦੇ ਤਾਤਵਿਕ ਰਹੱਸ, ਆਸਮਾਨੀ ਤੱਤ੍ਰ ਵਸਤੂ ਅਤੇ ਰੂਹਾਨੀ ਮੰਜ਼ਲਾਂ ਦੀ ਪ੍ਰਾਪਤੀ ਵਲੋਂ, ਯੂਨਾਨੀ ਫ਼ਲਸਫ਼ਾ ਨਿਜੀ ਸਿਆਣਪ ਦੀਆਂ ਘੁਣਤਰਬਾਜ਼ੀਆਂ ਵਿਚ ਉਲਝ ਕੇ ਸਵੈਮ ਖੀਣਤ ਦਸ਼ਾ

ਵਿਚ ਅਲੋਪ ਹੋ ਜਾਂਦਾ ਹੈ। ਯੂਨਾਨੀ ਦਾਰਸ਼ਨਿਕ ਪ੍ਰਣਾਲੀ ਵਿਚ ਕਈ ਇਕ ਐਸੇ ਦਰਸ਼ਨ ਸ਼ਾਸਤ੍ਰੀ ਹੋ ਗੁਜ਼ਰੇ ਹਨ ਜਿਨ੍ਹਾਂ ਦਾ ਵਿਸ਼ਵਾਸ ਸੀ ਕਿ ਸੱਚ ਦੀ ਬਜਾਏ ਪ੍ਰਤਿਭਾਸ਼ਾਲੀ ਅਥਵਾ ਚਾਤੁਰ ਅਤੇ ਵਾਦਵਿਵਾਦੀ ਬੁੱਧੀਵਾਨਾਂ ਦੀ ਪ੍ਰਣਾਲੀ ਕਾਇਮ ਕੀਤੀ ਜਾਵੇ ਤਾਂਕਿ ਉਹ ਸੰਸਾਰੀ ਅਥਵਾ ਮਾਦੀ ਵਸਤੂ ਭੇਦ ਪ੍ਰਤਿ ਵੱਧ ਤੋਂ ਵੱਧ ਪ੍ਰੇਰਨਾ ਦੇਣ ਦੀ ਯੋਗਤਾ ਰੱਖਦੇ ਹੋਣ। ਜਿਥੋਂ ਯੂਨਾਨੀ ਪਰਜਾ ਦੇ ਧਾਰਮਕ ਪੱਖ ਦੀ ਰਵਾਨੀ ਢਲਵਾਨੀ ਪੱਧਰਾਂ ਦੇ ਧਰਾਤਲ 'ਤੇ ਜਾ ਟਿਕੀ। ਐਸੀ ਧਾਰਮਕ ਢਲਵਾਨੀ ਸਥਿਤੀ ਦਾ ਲਾਭ ਉਸ ਸਮੇਂ ਦੇ ਈਸਾਈ ਪ੍ਰਚਾਰਕਾਂ ਵਲੋਂ ਮਨਭਾਵਤ ਇੱਛਾ ਦੁਆਰਾ ਪ੍ਰਾਪਤ ਕੀਤਾ ਗਿਆ। ਇਨ੍ਹਾਂ ਈਸਾਈ ਪ੍ਰਚਾਰਕਾਂ ਦੀ ਸੂਚੀ ਵਿਚ ਸੈਂਟ ਪਾਲ ਦਾ ਨਾਮ ਖ਼ਾਸ ਕਰਕੇ ਆਖਿਆ ਜਾ ਸਕਦਾ ਹੈ। ਅਗਰ ਅਸੀਂ ਇਹ ਆਖ ਲਈਏ ਕਿ ਈਸਾ ਜੀ ਦੀ ਬਜਾਏ ਸੈਂਟ ਪਾਲ ਹੀ ਈਸਾਈ ਮਤਿ ਦਾ ਬੁਨਿਆਦੀ ਸਤੂਨ ਹੈ, ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਯੂਨਾਨੀ ਦਰਸ਼ਨ ਸ਼ਾਸਤ੍ਰੀਆਂ ਵਲੋਂ ਸੱਚ ਦੀ ਢੂੰਡ ਵਲੋਂ ਬੇ-ਰੁਖ਼ੀ ਦਾ ਜ਼ਿਕਰ ਨਿਮਨ ਲਿਖਤ ਦੁਆਰਾ ਵੇਖਿਆ ਜਾ ਸਕਦਾ ਹੈ, ਜਿਵੇਂ :

They wanted to develop clever debaters, and were more concerned with persuading people than with reaching the truth. Some even denied that there was any truth at all. They said that all knowledge is relative, and that things are correct or incorrect only as people consider them so. *(World Book#15, p. 351)*

ਯੂਨਾਨੀ ਫ਼ਿਲਾਸਫ਼ਰਾਂ ਵਿਚ ਕੁਝ ਨਾਮੀ ਗਰਾਮੀ ਫ਼ਿਲਾਸਫ਼ਰ ਭੀ ਹੋਏ ਹਨ, ਜਿਵੇਂ ਸੂਫ਼ੀਆ, ਸੁਕਰਾਤ, ਅਫ਼ਲਾਤੂਨ ਅਤੇ ਅਰਸਤੂ ਆਦਿ ਦੇ ਨਾਮ ਆਮ ਹੀ ਜਾਣੇ ਜਾਂਦੇ ਹਨ। ਜਿਨ੍ਹਾਂ ਦੀ ਨਾਮਾਵਲੀ ਅੰਗਰੇਜ਼ੀ ਵਿਚ ਨਿਮਨ ਲਿਖਤ ਨਾਵਾਂ ਦੇ ਆਧਾਰ 'ਤੇ ਆਖੀ ਜਾ ਸਕਦੀ ਹੈ, ਜਿਵੇਂ: Sophist Socrates, Plato and Aristotle, 600 B.C.-500 A.D.

ਯੂਨਾਨੀ ਦਰਸ਼ਨ ਸ਼ਾਸਤ੍ਰੀਆਂ ਤੋਂ ਉਪਰੰਤ ਕੁਝ ਈਸਾਈ ਧਰਮ ਦੇ ਧਾਰਮਿਕ ਦਰਸ਼ਨ ਸ਼ਾਸਤ੍ਰੀ ਭੀ ਹੋਏ ਹਨ ਜਿਨ੍ਹਾਂ ਨੇ ਯੂਨਾਨੀ ਫਿਲਾਸਫ਼ਰਾਂ ਦੀ ਨਕਲ ਕਰਦਿਆਂ, ਉਨ੍ਹਾਂ ਦੀ ਦਾਰਸ਼ਨਿਕ ਨੀਤੀ ਨੂੰ ਈਸਾਈ ਮਤਿ ਦੇ ਦਾਇਰੇ ਵਿਚ ਲੈ ਆਂਦਾ। ਜਿਥੋਂ ਉਨ੍ਹਾਂ ਨੇ ਸੈਂਟ ਪਾਲ ਦੀ ਤਾਲੀਮ ਨੂੰ ਗ੍ਰਹਿਣ ਕਰਦੇ ਹੋਏ ਈਸਾ ਨੂੰ ਰੱਬ ਹੋਣ ਦਾ ਰੁਤਬਾ ਪ੍ਰਦਾਨ ਕੀਤਾ। ਉਕਤ ਵਾਰਤਾ ਵਿਚ ਆਪ ਜੀ ਭਲੀਭਾਂਤ ਪੜ੍ਹ ਆਏ ਹੋ ਕਿ ਈਸਾ ਜੀ ਪ੍ਰਤਿ ਰੱਬ ਹੋਣ ਦੀ ਪਦਵੀ ਨੂੰ ਤੱਤਕਾਲੀਨ ਸਮੇਂ ਦਾ ਧਰਮ ਸ਼ਾਸਤ੍ਰੀ ਸਵੀਕਾਰ ਕਰਨ ਹਿਤ ਰਜ਼ਾਮੰਦ ਨਹੀਂ ਹੈ। ਈਸਾਈ ਧਰਮ ਸ਼ਾਸਤ੍ਰੀਆਂ ਵਿਚ ਦੋ ਪੂਰਬ ਸੰਕੇਤੀ (Fore runner)

ਸ਼ਾਸਤ੍ਰੀ ਹੋ ਗੁਜ਼ਰੇ ਹਨ ਜਿਨ੍ਹਾਂ ਦੇ ਸ਼ੁਭ ਨਾਮ—St. Augustine 354-430 and St. Thomas Aquinas, in 1200 A.D)—ਕਰ ਕੇ ਆਖੇ ਜਾਂਦੇ ਹਨ। ਇਨ੍ਹਾਂ ਫ਼ਿਲਾਸਫ਼ਰਾਂ ਨੇ ਯੂਨਾਨੀ ਫ਼ਿਲਾਸਫ਼ਰਾਂ ਦੀ ਕਥਨੀ ਨੂੰ ਈਸਾਈ ਰੰਗਤ ਦਿੰਦਿਆਂ, ਜਿਥੇ ਰੱਬੀ ਹੋਂਦ ਅਤੇ ਰੱਬੀ ਸਦੀਵਤਾ ਦੀ ਗੱਲ ਕੀਤੀ ਹੈ ਉਥੇ ਈਸਾ ਜੀ ਨੂੰ ਭੀ ਰੱਬ ਹੋਣ ਦੀ ਪਦਵੀ ਤੋਂ ਵਾਂਝਾ ਨਹੀਂ ਰਹਿਣ ਦਿੱਤਾ, ਜਿਵੇਂ :

Early Christian philosophers tried interpret Christianity and to relate it to the Greeks and Romans. They wanted to defend and bring into their philosophic systems such Christian doctrines as immortality; love; monotheism; or belief in one God; and the example of Christ as God and man. *(World book#15, p. 351)*

ਈਸਾਈ ਮਤਿ ਦੇ ਪਸਾਰੇ ਦੀ ਸ਼ੀਘਰ ਰਵਾਨੀ ਦਾ ਦੂਸਰਾ ਮੁਖ ਕਾਰਣ ਯੂਨਾਨੀ ਫ਼ਲਸਫ਼ਾ ਸੀ ਜਿਸ ਦੀ ਬਾਬਤ ਆਪ ਜੀ ਨੇ ਇਸ ਚਾਲੂ ਵਿਸ਼ੇ ਵਿਚ ਪੜ੍ਹਿਆ ਅਤੇ ਸਮਝਿਆ ਹੈ। ਇਸ ਤੋਂ ਅਗਲੇਰੇ ਪੰਨਿਆਂ ਵਿਚ ਯਹੂਦੀ ਮਤਿ ਦਾ ਕੱਟੜਪੰਥੀ ਵਤੀਰਾ ਅਤੇ ਜਨੂੰਨੀ ਕਰਮ-ਕਾਂਡੀ ਧਾਰਾ ਹੈ ਜੋ ਈਸਾਈ ਮਤਿ ਦੇ ਪਸਾਰੇ ਵਿਚ ਤੀਸਰਾ ਅਤੇ ਮੁਖ ਸਾਧਨ ਹੈ।

(ਦੇਖੋ : Mathew 15, 3-6)

3. ਯਹੂਦੀ ਮਤਿ ਦਾ ਜਨੂੰਨੀ ਅਤੇ ਕਰਮਕਾਂਡੀ ਵਤੀਰਾ

ਦੁਨੀਆ ਦਾ ਹਰ ਵਿਅਕਤੀ ਕਿਸੇ ਅੱਛੇ ਅਤੇ ਵਾਜਿਬ ਧਰਮ ਵਿਚ ਵਿਚਰਦਾ ਹੋਇਆ ਵਾਹਿਗੁਰੂ ਦੀ ਸਦੀਵੀ ਹਸਤੀ ਵਿਚ ਪ੍ਰਵੇਸ਼ ਕਰਨਾ ਮੰਗਦਾ ਹੈ। ਸਰੀਰਕ, ਮਾਨਸਿਕ ਅਤੇ ਆਤਮਕ ਤੌਰ 'ਤੇ ਕਿਸੇ ਧੁਰ ਦਰਗਾਹੀ ਆਨੰਦੀ ਅਵਸਥਾ ਵਿਚ ਸਦੀਵੀ ਲੀਨਤਾ ਦਾ ਇੱਛਕ ਹੈ। ਭਾਵੇਂ ਯਹੂਦੀ ਮਤਿ ਕੇਵਲ ਇਕ ਇਕਾਈ ਦਾ ਪੁਜਾਰੀ ਹੈ ਪ੍ਰੰਤੂ ਰੱਬੀ ਮਿਲਾਪ ਨੂੰ ਇਤਨਾ ਗੁੰਝਲਦਾਰ ਅਤੇ ਕਰਮਕਾਂਡੀ ਬਣਾ ਦਿੱਤਾ ਹੈ ਜਿਸ ਨੂੰ ਇਕ ਸਾਧਾਰਣ ਜੀਵ ਵਾਸਤੇ ਜੀਵਨ ਰੀਤੀ ਦਾ ਅਵਿੱਛੜ ਅੰਗ ਬਣਾ ਲੈਣਾ, ਅਤਿ ਕਠਨ ਹੀ ਨਹੀਂ ਬਲਕਿ ਅਸੰਭਵ ਭੀ ਹੈ। ਭਾਵੇਂ, ਯਹੂਦੀ ਮਤਿ ਵਿਚ ਕੇਵਲ ਇਕ ਰੱਬ 'ਤੇ ਭਰੋਸਾ ਕਰਨਾ ਹੀ ਧਾਰਮਕ ਤਾਲੀਮ ਦਾ ਪ੍ਰਥਮ ਅੰਗ ਥਾਪਿਆ ਗਿਆ ਹੈ ਪ੍ਰੰਤੂ ਰੱਬੀ ਪੂਜਾ ਦੀ ਬਜਾਏ, ਆਚਾਰਸ਼ੀਲਤਾ ਅਤੇ ਸ਼ਾਸਤ੍ਰ ਨੀਤੀ ਨੂੰ ਇਕਾਂਗੀ ਵਿਸ਼ਵਾਸ 'ਤੇ ਭਾਰੂ ਕੀਤਾ ਗਿਆ ਹੈ, ਭਾਵ, ਰੱਬੀ ਭਗਤੀ ਨਾਲੋਂ ਆਚਾਰਸ਼ੀਲਤਾ ਅਤੇ ਸ਼ਾਸਤ੍ਰ ਨੀਤੀ ਆਵਸ਼ਕ ਸਮਝੀ ਗਈ ਹੈ, ਜਿਵੇਂ :

Thus moral and ethical teachings play a more important role in Judaism than do teaching about God. *(World book#11, p. 143)*

ਯਹੂਦੀ ਵਿਸ਼ਵਾਸ ਇਸ ਖ਼ਿਆਲ ਦੀ ਹਾਮਾ ਭਰਦਾ ਹੈ ਕਿ ਇਨ੍ਹਾਂ ਦੇ ਪੈਗੰਬਰ ਹਜ਼ਰਤ ਮੂਸਾ ਨੂੰ ਰੱਬੀ ਕਾਨੂੰਨ, *ਤੂਰੇਤ* ਅਤੇ *ਤਾਲਮੂਦ* ਦੇ ਰੂਪ ਵਿਚ ਤੂਰ ਪਰਬਤ (Mount Sinai) 'ਤੇ ਰੱਬ ਵਲੋਂ ਪ੍ਰਾਪਤ ਹੋਇਆ। ਇਸ ਰੱਬੀ ਕਾਨੂੰਨ ਦੇ ਅਨੁਸਾਰ ਯਹੂਦੀ ਲੋਕ ਦਿਨ ਵਿਚ ਤਿੰਨ ਦਫ਼ਾ ਪ੍ਰਾਰਥਨਾ ਵਿਚ ਜੁੜਦੇ ਹਨ। ਇਸ ਕਾਨੂੰਨ ਦੀ ਸੰਗਿਆ ਮਿਸ਼ਨਾਹ ਜਾਂ ਗਿਮਰਾ ਕਰ ਕੇ ਆਖੀ ਜਾਂਦੀ ਹੈ। ਯਹੂਦੀ ਕਾਨੂੰਨ ਦੀਆਂ ਕਿਤਾਬਾਂ ਵਿਚ ਇਕ ਕਿਤਾਬ ਹੈ ਜਿਸ ਦਾ ਨਾਮ *ਲੇਵੀਟਿਕਸ (Leviticus)* ਹੈ। ਇਸ ਕਿਤਾਬ ਵਿਚ ਅਨੇਕਾਂ ਪ੍ਰਕਾਰ ਦੇ ਧਾਰਮਕ ਅਤੇ ਨਿਤਾਪ੍ਰਤਿ ਜੀਵਨ ਦੇ ਰੀਤੀ ਰਿਵਾਜ ਉਲੀਕੇ ਗਏ ਹਨ। ਐਸੇ ਹੱਠ ਧਰਮੀ ਰਿਵਾਜਾਂ ਦੇ ਵਿਰੁੱਧ ਲਾਭ ਉਠਾਉਂਦੇ ਹੋਏ ਈਸਾਈ ਪਾਦਰੀਆਂ ਨੇ ਬਹੁਤ ਸਾਰੇ ਯਹੂਦੀ ਲੋਕਾਂ ਨੂੰ ਈਸਾਈ ਮਤਿ ਵਿਚ ਪ੍ਰਵੇਸ਼ ਕਰਨ ਹਿਤ, ਮਨਭਾਵਤ ਪ੍ਰਚਾਰ (propaganda) ਕੀਤਾ। ਅੰਜਾਮ ਵਜੋਂ, ਕਾਫ਼ੀ ਵੱਡੀ ਮਾਤਰਾ ਵਿਚ ਯਹੂਦੀ ਲੋਕ ਈਸਾਈ ਮਤਿ ਵਿਚ ਪਰਿਵਰਤ ਕਰ ਗਏ। ਉਕਤ ਦਰਸਾਏ ਬਹੁਤ ਹੀ ਵੱਡੇ ਤਿੰਨ ਕਾਰਣ ਸਨ, ਜਿਨ੍ਹਾਂ ਦੇ ਆਧਾਰ 'ਤੇ ਈਸਾਈ ਮਤਿ ਦਾ ਪਸਾਰਾ ਬਹੁਤ ਵੱਡੀ ਮਾਤਰਾ ਵਿਚ ਹੋਇਆ। ਸਾਰੀ ਯੋਰਪ ਵਿਚ ਰੋਮਨ ਹਕੂਮਤ ਦੇ ਹੋਣ ਕਰਕੇ ਲਗਪਗ ਸਾਰੇ ਲੋਕ ਧਰਮ ਦੀ ਸਾਖਾ ਵਲੋਂ ਸੱਖਣੇ ਸਨ, ਜਿਸ ਕਾਰਣ ਈਸਾਈ ਮਤਿ ਨੂੰ ਆਪਣਾ ਧਰਮ ਪ੍ਰਚਾਰਨ ਵਿਚ ਕਿਸੇ ਪ੍ਰਕਾਰ ਦੀ ਕਠਿਨਾਈ ਪੇਸ਼ ਨਹੀਂ ਆਈ। ਇਹੀ ਤਿੰਨ ਕਾਰਣ ਸਨ ਜਿਨ੍ਹਾਂ ਦੇ ਆਸਰੇ ਗਿਣਤੀ ਦੇ ਆਧਾਰ 'ਤੇ ਈਸਾਈ ਮਤਿ ਸ੍ਰਿਸ਼ਟੀ ਦਾ ਸਭ ਤੋਂ ਵੱਡਾ ਮਤਿ ਗਿਣਿਆ ਜਾਂਦਾ ਹੈ। ਨਿਜੀ ਧਰਮ ਪ੍ਰਚਾਰਨ ਹਿਤ ਲਗਨ ਅਤੇ ਸ਼ਰਧਾ, ਈਸਾਈ ਮਤਿ ਦਾ ਇਕ ਅਵਿੱਛੜ ਅਤੇ ਅਮੁਲੀਕ ਅੰਗ ਹੀ ਆਖਿਆ ਜਾ ਸਕਦਾ ਹੈ। ਇਥੇ ਈਸਾਈ ਮਤਿ ਪ੍ਰਤਿ ਵਿਚਾਰ ਵਿਮੱਰਸ਼ ਸਮਾਪਤ ਕਰਨ ਦੀ ਆਗਿਆ ਚਾਹਾਂਗੇ। ਇਸ ਤੋਂ ਅਗਲੇਰੇ ਪੰਨਿਆਂ ਵਿਚ ਜਹੋਵਾ ਵਿਟਨੈਸ ਫ਼ਿਰਕੇ ਪ੍ਰਤਿ ਕੁਝ ਲਘੂ ਪ੍ਰਗਟਾਵਾ ਕਰਨ ਦੇ ਯਤਨ ਕੀਤੇ ਜਾਣਗੇ ਤਾਂਕਿ ਅਗਿਆਤ ਪ੍ਰਾਣੀਆਂ ਨੂੰ ਇਨ੍ਹਾਂ ਵਲੋਂ ਕੀਤੀ ਜਾਂਦੀ ਧਰਮ ਭ੍ਰਿਸ਼ਟ ਨੀਤੀ ਦਾ ਗਿਆਨ ਹੋ ਸਕੇ।

6.61 ਜਿਹੋਵਾ ਵਿਟਨੈਸ (Jehovah's Witnesses)

ਹਰ ਪ੍ਰਕਾਰੀ ਜੀਵਨ ਪ੍ਰਤਿ ਇਹ ਦੀਖਤ ਸੰਸਾਰ ਇਕ ਗਰਾਮ ਦੀ ਨਿਆਈਂ ਹੈ। ਵਿਰਤੀਹਾਣ ਕਾਲ ਦੇ ਦੌਰਾਨ ਇਹ ਪ੍ਰਿਥਵੀ ਇਤਨੀ ਵਿਸ਼ਾਲ ਅਤੇ ਅਦੀਖਤ ਵਸਤੂ ਨਹੀਂ ਰਹੀ ਜਿਤਨੀ ਕਿ ਅਸੀਂ ਭੂਤਕਾਲ ਵਿਚ ਸਮਝਦੇ ਰਹੇ ਹਾਂ। ਅੱਜ ਅਸੀਂ ਇਸ ਦੁਨੀਆ ਦੀ ਯਾਤਰਾ ਕੁਝ ਘੰਟਿਆਂ ਵਿਚ ਕਰ ਸਕਦੇ ਹਾਂ ਕਿਉਂਕਿ ਅਸਾਡੀ ਆਵਾਜਾਈ ਦੇ ਸਾਧਨ ਇਤਨੇ ਤੇਜ਼ ਅਤੇ ਪ੍ਰਬਲ

ਹੋ ਗਏ ਹਨ, ਜਿਨ੍ਹਾਂ ਦੀ ਮਿਸਾਲ ਉਹ ਆਪ ਹੀ ਹਨ। ਆਵਾਜਾਈ ਦੇ ਸਾਧਨਾਂ ਵਿਚ ਪ੍ਰਗਤੀ ਹੋਣ ਕਰਕੇ ਇਸ ਸ੍ਰਿਸ਼ਟੀ ਦਾ ਇਨਸਾਨ ਇਕ ਦੂਸਰੇ ਵਾਸਤੇ ਓਪਰਾ, ਅਜਨਬੀ ਅਥਵਾ ਬੇਗਾਨਾ ਨਹੀਂ ਰਿਹਾ। ਅਸਾਡੀ ਪਰਸਪਰ ਤਜਰਬਾਕਾਰੀ ਸਰਬਪੱਖੀ ਜਾਣਕਾਰੀ, ਵਿਹਾਰਕ ਅਤੇ ਭਾਈਚਾਰਕ ਤਾਲਮੇਲ, ਇਕ ਦੂਸਰੇ ਦੇ ਸੰਪਰਕ ਵਿਚ ਇਤਨੇ ਲੀਨ ਹੋ ਗਏ ਹਨ ਕਿ ਇਸ ਸੰਸਾਰ ਦੀ ਸਮੂਲਚੀ ਧਾਰਮਕ ਪ੍ਰਣਾਲੀ, ਸਭਿਅਤਾ, ਜੀਵਨ ਵਿਧੀ, ਜੀਵਨ ਦੇ ਸਾਧਨ, ਸ਼ਿਲਪ ਨਿਪੁੰਨਤਾ, ਕਲਾ ਕੌਸ਼ਲ, ਨੈਤਿਕਤਾ, ਅਰਥਾਚਾਰ, ਵਿਦਿਆ ਪ੍ਰਣਾਲੀ, ਸੁਅਸਤ ਅਵਸਥਾ, ਸਮਾਜੀ ਗੁੰਝਲਾਂ ਅਤੇ ਉਨ੍ਹਾਂ ਦੇ ਸਮਾਧਾਨ ਆਦਿ ਸੰਸਾਰ ਪੱਧਰ 'ਤੇ ਓਤਿ ਪੋਤਿ ਹੋ ਰਹੇ ਹਨ। ਅੱਜ ਤੋਂ ਕੁਝ ਸਦੀਆਂ ਪਹਿਲਾਂ ਧਰਮ ਦੇ ਝੰਡੇ ਥੱਲੇ ਧਾਰਮਕ ਆਗੂ ਨਿਜੀ ਖੇਤਰਾਂ ਵਿਚ ਸਾਧਾਰਣ ਪਰਜਾ ਪ੍ਰਤਿ ਧਰਮ ਉਪਦੇਸ਼ ਦੁਆਰਾ ਸੰਸਾਰੀ ਜੀਵਾਂ ਨੂੰ ਨਿਜੀ ਇੱਛਾ ਦੇ ਅਨੁਸਾਰ ਜੀਵਨ ਸੇਧ ਦਿੰਦੇ ਸਨ। ਸੰਸਾਰ ਪੱਧਰ 'ਤੇ ਸਮੂਲਚੀ ਧਾਰਮਕ ਵਲਗਣ ਦਾ ਨਿਰੀਖਣ ਕੀਤਿਆਂ ਕੁਝ ਐਸੇ ਸੰਕੇਤਕ ਚਿੰਨ੍ਹ ਸਰਬਪੱਖੀ ਸਮਾਜ ਦਾ ਅਨੁਭਵੀ ਖੇਤਰ ਉਲੀਕਦੇ ਹਨ ਜਿਥੋਂ ਅਸਾਨੂੰ ਇਕ ਐਸੀ ਅੰਤ੍ਰੀਵੀ ਅਨੁਭਵਤਾ ਦਾ ਪ੍ਰਕਾਸ਼ ਹੋਇ ਆਂਵਦਾ ਹੈ ਕਿ ਭਿੰਨ ਭਿੰਨ ਪ੍ਰਕਾਰੀ ਧਰਮਾਂ ਦਾ ਆਦਰਸ਼ਕ ਖੇਤਰ ਅਤੇ ਵਾਸਤਵਿਕ ਮਨੋਰਥ ਕੀ ਹੈ ? ਵਾਹਿਗੁਰੂ ਵਲੋਂ ਨੀਯਤ ਕੀਤਾ ਹੋਇਆ ਹਰ ਧਰਮ ਦਾ ਬੁਨਿਆਦੀ ਫ਼ਰਜ਼ ਤਾਂ ਇਹ ਹੈ ਕਿ ਨਿਜੀ ਮੂਲ ਨਾਲੋਂ ਵਿੱਛੜ ਚੁੱਕੇ ਇਨਸਾਨ ਨੂੰ ਦੋਬਾਰਾ ਉਸ ਦੇ ਮੂਲਿਕ ਸੋਮੇ ਵਾਹਿਗੁਰੂ ਨਾਲ ਜੋੜਨਾ ਅਥਵਾ ਅਭੇਦ ਕਰਨਾ ਹੈ। ਪ੍ਰੰਤੂ ਹਰ ਧਰਮ ਦੇ ਸੰਚਾਲਕ ਤੋਂ ਉਪਰੰਤ ਉਸ ਦੇ ਅਨੁਯਾਈ ਦਰਸਾਏ ਸਿਧਾਂਤ ਨੂੰ ਲਾਂਭੇ ਰੱਖ ਕੇ ਨਿਜੀ ਮਨੋਵਿਰਤੀ ਦੇ ਅਧੀਨ, ਸੰਸਾਰੀ ਕਾਮਨਾਵਾਂ ਦੇ ਵਲਵਲੇ, ਮੁਲਕਗੀਰੀ, ਖੇਤਰ ਵਲਗਣ ਅਤੇ ਆਰਥਿਕ ਲਾਭ ਦੀ ਪੂਰਤੀ ਹਿਤ, ਆਸਮਾਨੀ ਧਰਮ ਦੀ ਇਤਨੀ ਦੁਰਵਰਤੋਂ ਕਰਦੇ ਹਨ ਕਿ ਜਿਸ ਦਾ ਨਿਕਾਬ ਚੁੱਕਿਆਂ ਧਾਰਮਕ ਪਾਦਰੀਆਂ ਦੇ ਬਹੁਰੂਪੀ ਚਿੱਤਰ ਪਰਜਾ ਦੇ ਨਿਤਾਪ੍ਰਤਿ ਜੀਵਨ ਵਿਚੋਂ ਆਮ ਹੀ ਵੇਖੇ ਜਾ ਸਕਦੇ ਹਨ। ਧਾਰਮਕ ਮਦਾਰੀਆਂ ਦੀ ਗੁੱਥੀ ਵਿਚੋਂ ਖ਼ਾਸ ਕਰਕੇ ਦੋ ਧਰਮ ਐਸੇ ਹਨ, ਜਿਨ੍ਹਾਂ ਨੇ ਇਨਸਾਨ ਨੂੰ ਇਲਹਾਮੀ ਨੂਰ ਵਿਚ ਲੀਨ ਕਰਨ ਦੀ ਬਜਾਏ ਕੇਵਲ ਨਿਜੀ ਹਉਮੈ ਅਤੇ ਮੁਲਕਗੀਰੀ ਦਾ ਸੁਪਨਾ ਹੀ ਪੂਰਾ ਕੀਤਾ ਹੈ। ਜਿਨ੍ਹਾਂ ਵਿਚ ਇਸਲਾਮ ਅਤੇ ਈਸਾਈ ਮਤਿ ਦਾ ਨਾਮ ਨਿਰਸੰਦੇਹ ਹਿਸਟਰੀ ਦੇ ਪੰਨਿਆਂ ਵਿਚੋਂ ਪੜ੍ਹਿਆ ਜਾ ਸਕਦਾ ਹੈ। ਇਨ੍ਹਾਂ ਨੇ ਕੁਰਾਨ ਅਤੇ ਅੰਜੀਲ ਦੇ ਵਾਸਤੇ ਪਾ ਪਾ ਕੇ ਤਲਵਾਰ ਅਤੇ ਤੋਪਾਂ ਦੀ ਮਾਰ ਥੱਲੇ ਦੂਸਰੇ ਸੰਸਾਰੀ ਧਰਮਾਂ ਦਾ ਇਤਨਾ ਘਾਣ ਕੀਤਾ ਹੈ ਕਿ ਜਿਸ ਦੀ ਮਿਸਾਲ ਇਹ ਆਪ ਹੀ ਹਨ। ਜਿਵੇਂ ਸ਼ਿਕਾਰੀ ਲੋਕ ਨਿਜੀ ਉਪਜੀਵਕਾ ਦੀ ਪੂਰਤੀ ਹਿਤ, ਇਕ ਪਾਲਤੂ ਪੰਛੀ

ਧਾਲਦੇ ਹਨ, ਉਹ ਧਾਲਤੂ ਪੰਛੀ ਆਪਣੀ ਭਾਸ਼ਾ ਬੋਲਦਾ ਅਤੇ ਸੰਗੀਤਕ ਤਰਾਨੇ ਭੀ ਗਾਇਨ ਕਰਦਾ ਹੈ। ਉਸਦੀ ਭਾਸ਼ਾ ਸ੍ਰਵਣ ਕਰਕੇ ਉਸ ਦੇ ਵਰਣ ਆਸ਼ਰਮੀ ਅਥਵਾ ਬਰਾਦਰੀ ਦੇ ਦੂਸਰੇ ਪੰਛੀ ਭੀ ਸ਼ਿਕਾਰੀ ਦੇ ਜਾਲ ਵਿਚ ਆਣ ਫਸਦੇ ਹਨ। ਇਸ ਪੰਛੀ ਜਾਲ ਦੀ ਮਿਸਾਲ ਭਾਈ ਗੁਰਦਾਸ ਜੀ ਦੀ ਕਥਨੀ ਅਨੁਸਾਰ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ:

ਮੁਲਹ ਜਿਵੈ ਪੰਖੇਰੂਆ ਫਾਸੈ ਆਪਿ ਕੁਟੰਬ ਫਹਾਏ॥

(ਵਾਰ 31, ਪਉੜੀ 14/3)

ਜਿਵੇਂ ਪੰਛੀਆਂ ਵਿਚੋਂ ਕੋਈ ਇਕ ਭੁੱਲੜ ਬਟੇਰਾ ਸ਼ਿਕਾਰੀ ਦੀ ਕੈਦ ਵਿਚ ਫਸ ਜਾਂਦਾ ਹੈ। ਇਸ ਪੰਛੀ ਨੂੰ ਸ਼ਿਕਾਰੀ ਨਿਜੀ ਇੱਛਾ ਦੇ ਅਨੁਸਾਰ ਸਿਖਲਾਈ ਦਿੰਦਾ ਹੈ ਤਾਂਕਿ ਉਹ ਦੂਜੇ ਸਾਥੀਆਂ ਨੂੰ ਭੀ ਸ਼ਿਕਾਰੀ ਦੇ ਫੰਦੇ ਵਿਚ ਫਾਹੁਣ ਲਈ ਸਹਾਇਤਾ ਕਰੇ। ਸ਼ਿਕਾਰ ਦੇ ਸਮੇਂ ਸ਼ਿਕਾਰੀ ਸਿਖਿਆ ਪ੍ਰਾਪਤ ਬਟੇਰੇ (ਮੁਲਹ) ਨੂੰ ਜਾਲ ਵਿਚ ਬੰਨ੍ਹ ਕੇ ਰੱਖ ਦਿੰਦੇ ਹਨ। ਫਿਰ ਜਾਲ ਵਿਚ ਬੰਨ੍ਹ ਕੇ ਰੱਖਿਆ ਹੋਇਆ ਮੁਲਹ, ਭਾਈਚਾਰਕ ਭਾਸ਼ਾ ਬੋਲ ਕੇ ਪਰਿਵਾਰਿਕ ਸਾਥੀਆਂ ਨੂੰ ਭੀ ਸ਼ਿਕਾਰੀ ਦੀ ਬੰਦੀ ਵਿਚ ਫਾਹੁਣ ਲਈ ਅਤਿ ਕਾਰਗਰ ਸਿੱਧ ਹੁੰਦਾ ਹੈ, ਭਾਵ, ਸ਼ਿਕਾਰੀ ਵਾਸਤੇ ਮਾਸਾਹਾਰੀ ਭੋਜਨ ਦਾ ਵਸੀਲਾ ਬਣਾ ਦਿੰਦਾ ਹੈ। ਬਿਲਕੁਲ ਇਸ ਬਟੇਰ ਦੀ ਨਿਆਈਂ ਸਿੱਖੀ ਜਗਤ ਵਿਚ ਭੀ ਕੁਝ ਐਸੇ ਭੁੱਲੜ ਵਿਅਕਤੀ ਹਨ ਜੋ ਗੁਰਮਤਿ ਦੀ ਸੀਰਤ ਤੋਂ ਅਜਾਣ ਹੋਣ ਦੇ ਨਾਤੇ ਈਸਾਈ ਮਤਿ ਦੇ ਪ੍ਰਚਾਰਕ ਫ਼ਿਰਕਿਆਂ ਦੇ ਜਾਲ ਵਿਚ ਫਾਹੇ ਜਾਂਦੇ ਹਨ। ਇਨ੍ਹਾਂ ਭੋਲੇ-ਭਾਇ ਜੀਵਨ ਬਤੀਤ ਕਰਨ ਵਾਲੇ ਜੀਵਾਂ ਨੂੰ ਗੁਮਰਾਹ ਕਰਨ ਹਿਤ, ਈਸਾਈ ਮਿਸ਼ਨਰੀਆਂ ਵਲੋਂ ਕੁਝ ਪਾਲਤੂ ਬਟੇਰੇ ਭੀ ਪਾਲੇ ਹੁੰਦੇ ਹਨ ਜੋ ਇਨ੍ਹਾਂ ਭੋਲੇ ਅਤੇ ਅਜਾਣ ਜੀਵਾਂ ਨੂੰ ਗੁਮਰਾਹ ਕਰ ਕੇ ਗੁਰਮਤਿ ਦੀ ਨੂਰਾਨੀ ਸੀਰਤ ਨਾਲੋਂ ਤੋੜ ਕੇ ਨਿਰੋਲ ਝੂਠ ਦਾ ਪਲੰਦਾ ਉਨ੍ਹਾਂ ਦੇ ਹੱਥਾਂ ਵਿਚ ਗ੍ਰਹਿਣ ਕਰਵਾਉਣ ਹਿਤ ਸਹਾਇਕ ਹੁੰਦੇ ਹਨ। ਈਸਾਈਆਂ ਦੇ ਕਈ ਇਕ ਫ਼ਿਰਕਿਆਂ ਵਲੋਂ ਦੂਸਰੇ ਧਰਮਾਂ ਵਿਚ ਦਖ਼ਲਅੰਦਾਜ਼ੀ ਅਥਵਾ ਘੁਸਪੈਠੀ ਦੇ ਢੰਗ ਦੁਆਰਾ ਉਨ੍ਹਾਂ ਨੂੰ ਕੁਰਾਹੇ ਪਾਵਨ ਦੀ ਕ੍ਰਿਆ ਈਸਾਈ ਮਤਿ ਦੇ ਆਦਿ ਕਾਲ ਤੋਂ ਹੀ ਕੀਤੀ ਜਾ ਰਹੀ ਹੈ। ਜਿਸ ਦਾ ਲਾਭ ਈਸਾਈ ਮਿਸ਼ਨਰੀਆਂ ਨੇ ਮਿੱਥੇ ਹੋਏ ਟੀਚੇ ਨਾਲੋਂ ਬਹੁਤ ਹੀ ਵੱਧ ਮਾਤਰਾ ਵਿਚ ਪ੍ਰਾਪਤ ਕੀਤਾ ਹੈ। ਲਗਪਗ ਅਠਾਰ੍ਹਵੀਂ ਸਦੀ ਤੋਂ ਬਾਅਦ ਇਨ੍ਹਾਂ ਦੀ ਮਨੋਕਲਪਤ ਗਾਥਾ ਦਾ ਪਾਜ, ਵਿਦਿਆ ਪ੍ਰਾਪਤ ਸੰਸਾਰੀ ਲੋਕਾਂ ਦੇ ਸਾਹਮਣੇ ਆਪਣੀ ਵਾਸਤਵਿਕਤਾ ਦੀ ਰੀਂਢੜੀ ਨੂੰ ਅਲੋਪ ਰੱਖਣੋਂ ਅਸਮਰੱਥ ਹੋ ਬੈਠਾ। ਇਨ੍ਹਾਂ ਦਾ ਅਸਲੀ ਚਿੱਤਰ, ਦਰਪਨ ਦੇ ਸਾਹਮਣੇ ਆ ਖਲੋਤਾ ਜਿਥੋਂ ਵਿਰਤੀਹਾਨ ਸਮੇਂ ਦੇ ਯੋਰਪੀਅਨ, ਅਮਰੀਕਨ ਅਤੇ ਕਈ ਇਕ

ਹੋਰ ਦੇਸ਼ਾਂ ਦੇ ਈਸਾਈ ਵਿਦਵਾਨਾਂ ਨੇ ਇਸ ਮਨੋਕਲਪਤ ਕਹਾਣੀ ਦੇ ਸੰਦਰਭ ਨੂੰ ਸਵੀਕਾਰ ਕਰਨੋਂ ਇਨਕਾਰ ਕਰ ਦਿੱਤਾ। ਜਿਸ ਦੀ ਪਰਮਾਣਿਕ ਸਮੱਗਰੀ ਆਪ ਜੀ ਉਕਤ ਦਰਸਾਈ ਧਾਰਾ ਵਿਚ ਪੜ੍ਹ ਆਏ ਹੋ। ਇਥੇ ਆਪ ਜੀ ਦੀ ਹੋਰ ਵਧੇਰੇ ਜਾਣਕਾਰੀ ਹਿਤ ਇਕ ਹੋਰ ਦ੍ਰਿਸ਼ਟਾਂਤ ਜੋ ਈਸਾਈ ਵਿਰੋਧੀ ਨਹੀਂ ਬਲਕਿ ਇਨ੍ਹਾਂ ਦੀ ਕਲਪਤ ਗਾਥਾ ਵਲੋਂ ਇਨਕਾਰੀ ਹੈ, ਜਿਸ ਦੀ ਵਾਸਤਵਿਕ ਰੂਪ-ਰੇਖਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

The immediate factor in the current breakdown in respect for authority is the impact of European existentialism through the works of such men as Friedrich Nietzsche, Jean Paul Sartre, Albert camus and Martin Heidgger. *(The Sovereign God, Vol. 1, p. 154)*

ਇਤਨੀ ਮੰਦੀ ਦਸ਼ਾ ਹੋਣ ਦੇ ਬਾਵਜੂਦ ਭੀ ਇਨ੍ਹਾਂ ਦੀਆਂ ਪ੍ਰਚਾਰਕ ਮਿਸ਼ਨਰੀਆਂ ਨਿਜੀ ਲਗਨ, ਸ਼ਰਧਾ ਅਤੇ ਈਸਾਈ ਪਾਸਾਰਿਕ ਮਨਸੂਬੇ ਤੋਂ ਪਿੱਛੇ ਨਹੀਂ ਹਟੀਆਂ, ਬਲਕਿ ਨਿਜੀ ਮਿਸ਼ਨ ਪ੍ਰਤਿ ਲਗਾਤਾਰ ਗਤੀਬੱਧ ਯਾਤਰਾ ਕਰਦੀਆਂ ਹਨ। ਜਿਨ੍ਹਾਂ ਵਿਚ ਜਿਹੋਵਾ ਵਿਟਨੈਸ ਭੀ ਇਕ ਐਸਾ ਹੀ ਈਸਾਈ ਫ਼ਿਰਕਾ ਹੈ ਜਿਸ ਦੀ ਈਸਾਈ ਪਾਸਾਰਿਕ ਗਤੀ ਦੂਜੇ ਈਸਾਈ ਫ਼ਿਰਕਿਆਂ ਨਾਲੋਂ ਨਿਰਸੰਦੇਹ ਵੱਖਰੀ ਅਤੇ ਲਗਨਸ਼ੀਲਤ ਹੈ। ਜਿਸ ਦੇ ਬਟੇਰ ਜਾਲ ਵਿਚ ਕਈ ਇਕ ਸਿਖ ਘਰਾਣਿਆਂ ਦੇ ਭੁੱਲੜ ਵਿਅਕਤੀ ਭੀ ਗੁੰਮਰਾਹ ਹੋ ਚੁੱਕੇ ਹਨ ਅਤੇ ਦੂਸਰੇ ਸਾਧਾਰਣ ਗਵਾਂਢੀ ਲੋਕਾਂ ਨੂੰ ਭੀ ਕੁਰਾਹੇ ਪਾਉਣ ਦਾ ਯਤਨ ਕਰਦੇ ਹਨ। ਆਓ! ਆਪਾਂ ਭੀ ਇਸ ਫ਼ਿਰਕੇ (Cult) ਪ੍ਰਤਿ ਵਿਚਾਰ ਵਿਮੱਰਸ਼ ਕਰਨ ਦੇ ਯਤਨ ਕਰੀਏ, ਤਾਂਕਿ ਇਸ ਦੇ ਵਾਸਤਵਿਕ ਚਿੱਤਰ ਤੋਂ ਜਾਣੂ ਹੋ ਸਕੀਏ।

6.62 ਜਿਹੋਵਾ ਵਿਟਨੈਸ ਦੀ ਸੰਖੇਪ ਹਿਸਟਰੀ

ਜਿਸ ਫ਼ਿਰਕੇ ਦੀ ਸੰਗਿਆ ਜਿਹੋਵਾ ਵਿਟਨੈਸ ਕਰ ਕੇ ਆਖੀ ਜਾਂਦੀ ਹੈ, ਇਸ ਫ਼ਿਰਕੇ ਦਾ ਸੰਚਾਲਕ 'ਚਾਰਲਸ ਟੇਜ਼ ਰੱਸਲ' (Charles Taze Russell) ਹੈ, ਜੋ ਬਹੁਤ ਮਿਹਨਤੀ, ਪ੍ਰਬਲ, ਸ਼ਕਤੀਸ਼ਾਲੀ ਸ਼ਾਸਤ੍ਰੀ, ਉਤਸ਼ਾਹ ਭਰਪੂਰ ਅਤੇ ਬਹੁਤ ਹੀ ਅੱਛਾ ਪ੍ਰਬੰਧਕ ਵਿਅਕਤੀ ਸੀ, ਜੋ ਇਕ ਤੋੜ ਕੇ ਸੁੱਟੀ ਹੋਈ ਦੂਰ ਪਈ ਸੰਸਥਾ ਨੂੰ ਖੜੀ ਕਰ ਗਿਆ। ਇਸ ਸੰਸਥਾ ਦਾ ਨਾਮ ਜਿਹੋਵਾ ਵਿਟਨੈਸ ਅਚਨਚੇਤ ਹੀ ਅਮਰੀਕਾ ਦੀ ਇਕ ਸਟੇਟ (Ohio) 1931 ਵਿਚ ਲਿਆ ਗਿਆ। ਇਸ ਸੰਸਥਾ ਦਾ ਨਾਮ ਰੱਖਣ ਪਿੱਛੇ ਟਾਵਰ ਹਾਊਸੀ ਰੱਸਲ ਦੇ ਚੇਲਿਆਂ ਅਤੇ ਡਾਅਨ ਬਾਈਬਲ ਮਿਸ਼ਨਰੀ ਸ਼ਾਗਿਰਦਾਂ ਦੇ ਵਿਚਕਾਰ ਬਹੁਤ ਵੱਡਾ ਅੰਤਰ ਸੀ। ਰੱਸਲ ਦਾ ਜਨਮ ਫ਼ਰਵਰੀ 16, 1852 ਵਿਚ ਜੋਸਫ਼ ਐਲ

ਅਤੇ ਅੰਨਨਾ ਐਲੀਜ਼ਾ ਦੇ ਗ੍ਰਹਿ ਵਿਖੇ ਅਮਰੀਕਾ ਦੇ ਸੂਬਾ ਪੈਨਸਲਵੇਨੀਆ, ਪਿਟਸਬਰਗ ਵਿਚ ਹੋਇਆ। ਇਸ ਦੀ ਕਿਸ਼ੋਰ ਅਵਸਥਾ ਐਲਲੀਘੈਨੀ ਕਸਬੇ ਵਿਚ ਬੀਤੀ। ਪੱਚੀ ਸਾਲ ਦੀ ਆਯੂ ਵਿਚ ਇਹ ਬੰਦਿਆਂ ਦੇ ਸਜਾਵਟੀ ਸਟੋਰਾਂ (Men's furnishing stores) ਦਾ ਮੈਨੇਜਰ ਸੀ। ਆਰੰਭ ਕਾਲ ਵਿਚ ਇਹ ਸਦੀਵੀ ਦੁਖਾਂ ਦੀ ਸਿਧਾਂਤਕ ਪ੍ਰਣਾਲੀ (The doctrine of eternal torment) ਦੇ ਵਿਰੁੱਧ ਸੀ। ਇਸ ਕਰਮ ਦੇ ਪਰਿਣਾਮ ਵਜੋਂ ਇਹ ਕਈ ਇਕ ਐਸੀਆਂ ਸੰਸਥਾਵਾਂ ਵਿਚ ਜਾਣ ਲੱਗਾ ਜੋ ਧਾਰਮਿਕ ਸੰਸਥਾਵਾਂ ਦਾ ਤ੍ਰਿਸਕਾਰ ਕਰਦੀਆਂ ਸਨ। ਪ੍ਰੰਤੂ ਇਸ ਨੇ ਸੰਨ 1870 ਦੇ ਆਰੰਭ, ਪਿਟਸਬਰਗ ਕਸਬੇ ਵਿਚ ਇਕ *ਬਾਈਬਲ* ਕਲਾਸ ਆਰੰਭ ਕੀਤੀ ਜਦੋਂ ਇਸ ਦੀ ਆਯੂ ਅਠਾਰ੍ਹਾਂ (18) ਸਾਲ ਸੀ। ਛੇ ਸਾਲ ਦੀ ਮਿਹਨਤ ਤੋਂ ਉਪਰੰਤ ਸੰਨ 1876 ਵਿਚ ਇਸ ਨੂੰ ਪਿਟਸਬਰਗ ਕਸਬੇ ਦੇ ਚਰਚ ਦਾ ਪਾਦਰੀ ਨਿਯੁਕਤ ਕੀਤਾ ਗਿਆ। ਸੰਨ 1876 ਤੋਂ 1878 ਤਕ ਇਸ ਨੂੰ ਨਿਊਯਾਰਕ ਵਿਚ ਇਕ ਛੋਟੇ ਜਿਹੇ ਮਾਸਕ ਰਸਾਲੇ 'ਰਾਚੈਸਟਰ' ਦਾ ਸਹਿਕਾਰੀ ਸੰਪਾਦਕ ਨਿਯੁਕਤ ਕੀਤਾ ਗਿਆ। ਪ੍ਰੰਤੂ ਇਸ ਨੂੰ ਉਸ ਕੰਮ ਤੋਂ ਹਟਣਾ ਪਿਆ ਜਦੋਂ ਲੋਕਾਂ ਦੇ ਕੀਤੇ ਹੋਏ ਪਾਪਾਂ ਸਬੰਧੀ ਈਸਾ ਜੀ ਵਲੋਂ ਹਰਜਾਨਾ ਭਰਨ ਦੇ ਮਾਮਲੇ 'ਤੇ ਬਹੁਤ ਵੱਡੀ ਮਾਤਰਾ ਵਿਚ ਸ਼ਾਸਤ੍ਰਾਰਥ (ਧਾਰਮਕ ਵਾਦ-ਵਿਵਾਦੀ) ਵਿਰੋਧ ਉਤਪੰਨ ਹੋ ਗਿਆ।

ਸੰਖੇਪ ਰੂਪ ਵਿਚ ਇਸ ਕੰਮ ਨੂੰ ਛੱਡਣ ਤੋਂ ਉਪਰੰਤ ਇਸ ਨੇ ਸੰਨ 1879 ਵਿਚ ਇਕ *ਸੰਦੇਸ਼ਵਾਹਕ (Herald)* ਨਾਮੀ ਪੱਤਰ ਕੱਢਣਾ ਆਰੰਭ ਦਿੱਤਾ, ਜੋ ਵਿਰਤੀਹਾਣ ਸਮੇਂ ਵਿਚ ਜਿਹੋਵਾ ਵਿਟਨੈਸ ਸ਼ਾਸਨ ਦਾ ਵਾਚਟਾਵਰ ਘੋਸ਼ਕ ਪੱਤਰ ਆਖਿਆ ਜਾਂਦਾ ਹੈ। ਜਿਸ ਦੀ ਪ੍ਰਥਮ ਪ੍ਰਕਾਸ਼ਕ ਸੰਖਿਆ 106 ਭਾਸ਼ਾਵਾਂ ਵਿਚ ਇਕ ਮਹੀਨੇ ਦੇ ਦੌਰਾਨ ਛੇ ਹਜ਼ਾਰ ਤੋਂ ਉੱਨਤੀ ਕਰਦੀ ਕਰਦੀ, ਇਕ ਕਰੋੜ ਅਠੱਤਰ ਲੱਖ (6000 ਤੋਂ 1,78,00,000) ਤਕ ਅੱਪੜ ਗਈ ਹੈ। *ਨਿਊਯਾਰਕ ਵਾਚਟਾਵਰ* ਦਾ ਇਕ ਹੋਰ *ਅਵੇਕ* ਮਾਲਕ ਰਸਾਲਾ ਚੌਂਤੀ (34) ਭਾਸ਼ਾਵਾਂ ਵਿਚ 1,56,00,000 ਕਾਪੀਆਂ ਪ੍ਰਕਾਸ਼ ਕਰ ਕੇ ਸਾਰੀ ਦੁਨੀਆ ਵਿਚ ਹਰ ਮਹੀਨੇ ਜਿਹੋਵਾ ਵਿਟਨੈਸ ਦੇ ਪ੍ਰਚਾਰ ਹਿਤ ਮੁਫ਼ਤ ਵੰਡਿਆ ਜਾਂਦਾ ਹੈ। ਇਥੇ ਧਿਆਨ ਗੋਚਰੀ ਸਥਿਤੀ ਇਹੀ ਹੈ ਕਿ ਨਿਜੀ ਧਾਰਮਕ ਪ੍ਰਚਾਰ ਹਿਤ ਇਤਨੀ ਲਗਨ, ਸਿਦਕ, ਦ੍ਰਿੜ੍ਹਤਾ ਅਤੇ ਸ਼ਰਧਾ ਕਿਸੇ ਹੋਰ ਧਰਮ ਵਿਚ ਨਹੀਂ ਵੇਖੀ ਜਾ ਸਕਦੀ।

ਉਕਤ ਦਰਸਾਈ ਪ੍ਰਕਾਸ਼ਨ ਸਥਿਤੀ ਦੀ ਉਪਜ ਇਤਨੀ ਅੱਗੇ ਵਧ ਗਈ ਕਿ ਚਾਰਲਸ ਰੱਸਲ ਦੇ ਸੁਪਨਿਆਂ ਦੇ ਮਿੱਥੇ ਹੋਏ ਟੀਚੇ ਤੋਂ ਭੀ ਬਹੁਤ ਅੱਗੇ ਲੰਘ ਗਈ। ਸੰਨ 1884 ਵਿਚ ਪਾਦਰੀ ਰੱਸਲ ਨੇ ਪਿਟਸਬਰਗ ਨਗਰੀ ਵਿਚ ਇਕ ਹੋਰ ਸੰਮਿਲਤ ਸੰਸਥਾ ਦੀ ਬੁਨਿਆਦ ਰੱਖੀ ਜਿਸ ਦਾ ਨਾਮ 'ਜ਼ੋਇਨ

ਵਾਚਟਾਵਰ ਟ੍ਰੈਕਟ ਸੋਸਾਇਟੀ' ਕਰ ਕੇ ਪ੍ਰਸਿੱਧ ਹੋਇਆ। ਇਸ ਸੋਸਾਇਟੀ ਨੇ ਰੱਸਲ ਦੀਆਂ ਲਿਖੀਆਂ ਸੱਤ (7) ਕਿਤਾਬਾਂ ਵਿਚੋਂ ਪਹਿਲੀ ਦਫ਼ਾ ਛੇ ਕਿਤਾਬਾਂ 1886 ਵਿਚ ਪ੍ਰਕਾਸ਼ਤ ਕੀਤੀਆਂ, ਜਿਨ੍ਹਾਂ ਦਾ ਸਿਰਲੇਖ '*Studies in the Scriptures*' ਪ੍ਰਸਿੱਧ ਹੋਇਆ। ਇਨ੍ਹਾਂ ਕਿਤਾਬਾਂ ਦੀ ਪ੍ਰਕਾਸ਼ਨਾ 'The Millennial Dawn' ਪ੍ਰਕਾਸ਼ਨ ਕੰਪਨੀ ਨੇ ਕੀਤੀ। ਚਾਰਲਸ ਰੱਸਲ ਦੀ ਲਿਖੀ ਹੋਈ ਸੱਤਵੀਂ ਕਿਤਾਬ *The Finished Mystry* ਉਸ ਦੀ ਮੌਤ ਤੋਂ ਉਪਰੰਤ 1917 ਵਿਚ ਪ੍ਰਕਾਸ਼ਤ ਕੀਤੀ ਗਈ। ਇਸ ਕਿਤਾਬ ਦੇ ਪ੍ਰਕਾਸ਼ਤ ਹੋਣ ਕਰਕੇ ਜਿਹੋਵਾ ਵਿਟਨੈਸ ਸੰਸਥਾ ਵਿਚ ਦੋਫਾੜੀ ਸਥਿਤੀ ਸਿਖਰਾਂ 'ਤੇ ਆਣ ਪਹੁੰਚੀ। ਸੰਸਥਾ ਦਾ ਵੱਡਾ ਸਮੂਹਕ ਅਤੇ ਵਿਆਪਕ ਟੋਲਾ ਜੇ.ਐਫ਼.ਰੁਥਰਫ਼ੋਰਡ (J.F.Rutherford) ਦੀ ਨਿਗਰਾਨੀ ਵਿਚ ਜੁੜ ਬੈਠਾ ਅਤੇ ਲਘੂ ਟੋਲੀ ਰੱਸਲ ਦੇ ਨਾਮ ਥੱਲੇ ਹੀ 'The Dawn Bible student Association' ਦੀ ਪਹਿਲੀ ਧਾਰਾ ਵਿਚ ਟਿਕੀ ਰਹੀ ਔਰ ਜੋ ਵੱਡੀ ਟੋਲੀ ਰੁਥਰਫ਼ੋਰਡ ਨਾਲ ਜੁੜੀ ਸੀ ਇਸ ਟੋਲੀ ਦੀ ਸੰਗਿਆ, ਜਿਹੋਵਾ ਵਿਟਨੈਸ ਕਰ ਕੇ ਪ੍ਰਸਿੱਧ ਹੋਈ ਜੋ ਕਿ ਵਿਰਤੀਹਾਣ ਕਾਲ ਵਿਚ ਭੀ ਚਾਲੂ ਹੈ। ਅੰਕ ਸ਼ਾਸਤ੍ਰੀਆਂ ਦੇ ਕਥਨ ਅਨੁਸਾਰ—The Watchtower Bible and Tract Society—ਸੰਨ 1896 ਵਿਚ ਸਥਾਪਤ ਕੀਤੀ ਗਈ ਜੋ ਕਿ ਜਿਹੋਵਾ ਵਿਟਨੈਸ ਸੰਸਥਾ ਦਾ ਕੇਂਦਰਜ ਬਿੰਦੂ ਕਰਕੇ ਪ੍ਰਸਿੱਧ ਹੋਈ। ਇਸ ਕੇਂਦਰ ਦੀਆਂ ਸ਼ਾਖਾਵਾਂ ਲਗਪਗ ਸੰਸਾਰ ਦੇ ਸੌ (100) ਦੇਸ਼ਾਂ ਵਿਚ ਮੌਜੂਦ ਹਨ ਪ੍ਰੰਤੂ ਇਸ ਦੀਆਂ ਮਿਸ਼ਨਰੀ ਟੋਲੀਆਂ ਲਗਪਗ 250 ਦੇਸ਼ਾਂ ਵਿਚ ਨਿਜੀ ਧਰਮ ਦਾ ਪ੍ਰਚਾਰ ਕਰਦੀਆਂ ਹਨ। ਇਸ ਸੰਸਥਾ ਵਲੋਂ ਪ੍ਰਕਾਸਤ ਕੀਤਾ ਹੋਇਆ ਧਾਰਮਕ ਸਾਹਿਤ ਲਗਪਗ ਇਕ ਸੌ ਦਸ (110) ਭਾਸ਼ਾਵਾਂ ਵਿਚ ਮੁਫ਼ਤ ਸੇਵਾ ਦੇ ਆਧਾਰ 'ਤੇ ਵੰਡਿਆ ਜਾਂਦਾ ਹੈ। ਜਿਹੋਵਾ ਵਿਟਨੈਸ ਦੇ ਸਵੈ-ਇੱਛਤ ਸੇਵਾਦਾਰ ਅਤੇ ਲਿਖਾਰੀਆਂ ਦੀ ਸੰਖਿਆ ਲਗਪਗ 563453 ਹੈ ਜੋ ਅਪ੍ਰੈਲ 1985 ਦੇ ਅੰਕੜਿਆਂ ਦੇ ਆਧਾਰ 'ਤੇ ਦਿੱਤੀ ਗਈ ਹੈ। ਜਿਹੋਵਾ ਵਾਚਟਾਵਰ ਸੋਸਾਇਟੀ ਅਤਿ ਸੰਜੀਦਗੀ ਦੁਆਰਾ ਧਾਰਮਕ ਵਿਆਖਿਆ ਅਤੇ ਪ੍ਰਚਾਰਕ ਸੰਸਥਾ ਵਜੋਂ ਪ੍ਰਸਿੱਧ ਹੋ ਚੁੱਕੀ ਹੈ ਔਰ ਈਸਾਈ ਜਗਤ ਦੀ ਅਨਿਕ ਪ੍ਰਕਾਰੀ ਧਾਰਮਕ ਅਤੇ ਉਤਸ਼ਾਹਿਕ ਗਤੀ ਨੂੰ ਚੁਣੌਤੀ ਦੇਣ ਦੀ ਯੋਗਤਾ ਰੱਖਦੀ ਹੈ, ਜਿਵੇਂ:

> The Society has become a great disseminator of propaganda and a challenge to the zeal of every Christian.
>
> *(The Kingdom of the Cults, p. 39)*

ਸੰਨ 1908 ਵਿਚ ਜਿਹੋਵਾ ਵਿਟਨੈਸ ਦਾ ਕੇਂਦਰਜ ਸਥਾਨ ਪਿਟਸਬਰਗ ਤੋਂ ਬਰੁੱਕਲੈਨ ਨਿਊਯਾਰਕ ਵਿਚ ਬਦਲੀ ਕੀਤਾ ਗਿਆ। ਜਿਥੇ ਕੁਝ

ਜਾਇਦਾਦ 17 ਹਿੱਕ ਸਟਰੀਟ 'ਤੇ ਖ਼ਰੀਦੀ ਗਈ। ਉਸ ਦਿਨ ਤੋਂ ਇਸ ਕੇਂਦਰ ਦੀ ਸੰਗਿਆ ਬਰੁੱਕਲੈਨ ਟੈਬਰਨੈਕਲ (The Brooklyn Tabernacle) ਦੇ ਨਾਮ ਦੁਆਰਾ ਆਖੀ ਜਾਣ ਲੱਗੀ। ਪ੍ਰੰਤੂ ਕੋਲੰਬੀਆ ਹਾਈਟ 'ਤੇ ਇਕ ਹੋਰ ਬਹੁਤ ਵੱਡੀ ਜਾਇਦਾਦ ਦਾ ਟੁਕੜਾ ਖ਼ਰੀਦਿਆ ਗਿਆ। ਗ਼ਰਜ਼ੇਕਿ, ਸੋਸਾਇਟੀ ਦੀ ਸਫਲਤਾ ਅਤੇ ਪ੍ਰਗਤੀ ਦੇ ਕਾਰਣ ਸਮੂਲਚਾ ਬਲਾਕ ਹੀ ਅੱਜ ਤਕ ਇਨ੍ਹਾਂ ਦੇ ਅਧੀਨ ਹੈ। ਤੁਲਨਾਤਮਕ ਤੌਰ 'ਤੇ ਹੋਰ ਅਨੇਕਾਂ ਸਫਲਤਾਵਾਂ ਦੇ ਨਾਲ ਨਾਲ ਇਸ ਸੋਸਾਇਟੀ ਨੇ ਸਮੇਂ ਦੀ ਨਵੀਨਤਾ ਦੇ ਤੁਲਨਾਤਮਕ ਇਕ ਬਹੁਤ ਹੀ ਵੱਡਾ ਛਾਪਾਖ਼ਾਨਾ ਭੀ ਖੋਲ੍ਹਿਆ ਹੈ ਜਿਥੋਂ ਅਰਬਾਂ ਦੀ ਗਿਣਤੀ ਵਿਚ ਧਾਰਮਕ ਸਾਹਿਤ ਪ੍ਰਕਾਸ਼ਤ ਹੁੰਦਾ ਹੈ। ਸੰਨ 1928 ਵਿਚ ਇਸ ਛਾਪੇਖ਼ਾਨੇ ਦਾ ਆਰੰਭਕ ਉਦਘਾਟਨ ਅਤੇ ਚੱਠ ਮਨਾਈ ਗਈ, ਇਸ ਤੋਂ ਉਪਰੰਤ ਸੰਨ 1949 ਅਤੇ 1957 ਵਿਚ ਪ੍ਰਕਾਸ਼ਨ ਵਿਭਾਗ ਦੇ ਨਮਿੱਤ, ਨਵੀਨ ਢੰਗ ਦੇ ਮਕਾਨ ਅਤੇ ਦਫ਼ਤਰੀ ਕਮਰਿਆਂ ਦੀ ਉਸਾਰੀ ਭੀ ਕੀਤੀ ਗਈ। ਇਨ੍ਹਾਂ ਸਹੂਲਤਾਂ ਦੇ ਨਾਲ ਨਾਲ ਇਕ ਬਹੁਤ ਹੀ ਵੱਡਾ ਕਿੰਗਡਮ ਫ਼ਾਰਮ ਭੀ ਚਾਲੂ ਕੀਤਾ ਗਿਆ ਜਿਥੋਂ ਸੋਸਾਇਟੀ ਦੇ ਕਰਮਚਾਰੀਆਂ ਵਾਸਤੇ ਖਾਣ ਪੀਣ ਵਾਲੇ ਪਦਾਰਥਾਂ ਦੀ ਪੂਰਤੀ ਅਤੇ ਫ਼ਰਨੀਚਰ ਵਾਸਤੇ ਲੱਕੜੀ ਸਪਲਾਈ ਕੀਤੀ ਜਾਂਦੀ ਹੈ। ਹਰ ਕਰਮਚਾਰੀ ਜੋ ਫ਼ੈਕਟਰੀ ਵਿਚ ਕੰਮ ਕਰਦਾ ਹੈ, ਉਸ ਨੂੰ ਕੇਵਲ ਨਾਮ-ਮਾਤਰ ਹੀ ਕੁਝ ਰਾਸ਼ੀਫਲ, ਰਿਹਾਇਸ਼ੀ ਕਮਰਾ ਅਤੇ ਭੋਜਨ ਦਿੱਤਾ ਜਾਂਦਾ ਹੈ। ਇਹ ਕਾਮੇ ਲੋਕ ਨਿਜੀ ਧਰਮ ਦੇ ਵਾਧੇ ਹਿਤ, ਕਿਸੇ ਮਾਹਵਾਰੀ ਤਲਬ ਅਤੇ ਭੱਤੇ ਤੋਂ ਰਹਿਤ, ਨਿਰਇੱਛਤ (ਮੁਫ਼ਤ) ਸੇਵਾ ਕਰਦੇ ਹਨ।

ਜਿਹੋਵਾ ਵਿਟਨੈਸ ਫ਼ਿਰਕੇ ਦਾ ਸੰਚਾਲਕ ਚਾਰਲਸ ਰੱਸਲ ਅਕਤੂਬਰ 31, 1916 ਅੰਤਮ ਸਮੇਂ ਤਕ ਈਸਾਈ ਮਤਿ ਦੇ ਟਾਕਰੇ 'ਤੇ ਅਮਰੀਕਨ ਮਹਾਂਦੀਪ ਦੀ ਟੈਕਸਸ ਸਟੇਟ ਵਿਚ ਆਪਣੇ ਚੇਲਿਆਂ ਨੂੰ ਇਸ ਨਵੇਂ ਚਲਾਏ ਧਰਮ ਪ੍ਰਤਿ ਸਿਖਿਆ ਦਿੰਦਾ ਰਿਹਾ। ਪ੍ਰੰਤੂ ਕਾਨੂੰਨੀ ਗੁੰਝਲਾਂ ਵਿਚ ਫਸਣ ਕਰਕੇ ਇਸ ਪੁਰਾਣੇ ਪਾਦਰੀ ਦੀ ਜੀਵਨੀ ਅਤਿ ਰੰਗੀਨ ਅਤੇ ਅਸਾਧਾਰਣ ਜ਼ਿੰਦਗੀ ਸੀ। ਲੇਕਿਨ ਫਿਰ ਭੀ ਨਿਸਚਿਤ ਕੀਤੇ ਖੇਤਰ ਵਿਚ ਇਸ ਦੀ ਜੀਵਨੀ ਸਫਲਤਾ ਤੋਂ ਵਾਂਝੀ ਨਹੀਂ ਸੀ, ਭਾਵ, ਨਿਜੀ ਖੇਤਰ ਵਿਚ ਪੂਰੀ ਤਰ੍ਹਾਂ ਕਾਮਯਾਬ ਸੀ। ਸੁਹਿਰਦ ਪਾਠਕਾਂ ਦੀ ਸਹੀ ਅਤੇ ਉਚਿਤ ਜਾਣਕਾਰੀ ਹਿਤ ਅਥਵਾ ਵਾਸਤਵਿਕਤਾ ਦੀ ਪ੍ਰੇਰਨਾ ਹਿਤ, ਨਿਮਨ ਲਿਖਤ ਵਿਵਰਣਾਤਮਕ ਵੇਰਵਾ (*The Brooklyn daily Eagle,* November 1, 1926) ਵਿਚੋਂ ਪੇਸ਼ (Quote) ਕੀਤਾ ਗਿਆ ਹੈ। ਪਰਿਮਾਣਿਕ ਬਿੰਦੂ ਨੂੰ ਧਿਆਨ ਵਿਚ ਰੱਖਦੇ ਹੋਏ ਕਿਸੇ ਪ੍ਰਕਾਰੀ ਭੁਲੇਖੇ ਤੋਂ ਰਹਿਤ, ਪਾਦਰੀ ਰੱਸਲ ਦੀ ਵਾਸਤਵਿਕ ਗਾਥਾ ਅੰਕਤ ਕੀਤੀ ਗਈ ਹੈ। ਹੋ ਸਕਦਾ ਹੈ ਕਿ ਪਾਦਰੀ ਰੱਸਲ ਦੇ ਸ਼ਰਧਾਲੂ ਅਨੁਯਾਈ ਭੀ ਇਸ ਗਾਥਾ ਨੂੰ

ਪੜ੍ਹਨ ਤੋਂ ਉਪਰੰਤ ਨਿਜੀ ਧਾਰਮਕ ਆਗੂ ਦੀਆਂ ਵਿਅਕਤੀਗਤਿ ਵਿਸ਼ੇਸ਼ਤਾਈਆਂ ਤੋਂ ਜਾਣੂ ਹੋ ਸਕਣਗੇ। ਜਿਸ ਦੀ ਸਿਖਿਆ ਦੇ ਆਧਾਰ 'ਤੇ ਇਨ੍ਹਾਂ ਸ਼ਰਧਾਲੂਆਂ ਨੇ ਨਿਜੀ ਜੀਵਨ ਦੀ ਸਦੀਵੀ ਮੰਜ਼ਲ ਉਸ ਦੇ ਹਵਾਲੇ ਕੀਤੀ ਹੈ। ਪਾਦਰੀ ਰੱਸਲ ਦੇ ਇਖ਼ਲਾਕੀ ਕਿਰਦਾਰ ਦਾ ਪ੍ਰਗਟਾਵਾ ਕਰਦਾ ਹੋਇਆ *ਦੀ ਕਿੰਗਡਮ ਆਫ਼ ਦੀ ਕਲਟਜ਼* ਦਾ ਕਰਤਾ *(Author of The Kingdom of the Cults)* ਪ੍ਰਸਤੁਤ ਕਰਦਾ ਹੈ ਕਿ :

ਵਾਚਟਾਵਰ ਸੋਸਾਇਟੀ ਨੇ ਪਾਦਰੀ ਰੱਸਲ ਦੀ ਸ਼ਾਦੀ ਪਿਟਸਬਰਗ ਦੀ ਇਸਤ੍ਰੀ ਮੈਰੀਆ ਐਕਲੀ ਨਾਲ ਸਥਾਪਿਤ ਕੀਤੀ, ਕਿਉਂਕਿ ਇਹ ਇਸਤ੍ਰੀ ਪਾਦਰੀ ਰੱਸਲ ਦੀ ਸਿਖਿਆ ਤੋਂ ਬਹੁਤ ਪ੍ਰਭਾਵਤ ਹੋ ਚੁੱਕੀ ਸੀ, ਔਰ ਇਸ ਇਸਤ੍ਰੀ ਨੇ ਵਾਚਟਾਵਰ ਦੀ ਯੋਜਨਾਤਮਕ ਕਾਰਜ-ਸ਼ੈਲੀ ਨੂੰ ਗਤੀਬੱਧ ਕਰਨ ਹਿਤ, ਪਾਦਰੀ ਰੱਸਲ ਦੀ ਬਹੁਤ ਸਹਾਇਤਾ ਕੀਤੀ। ਲਗਪਗ ਦੋ ਸਾਲ ਤੋਂ ਬਾਅਦ (ਸੰਨ 1881 ਵਿਚ) ਪਾਦਰੀ ਰੱਸਲ ਦੀ ਧਾਰਮਕ ਸਿਖਿਆ ਅਥਵਾ ਵਾਚਟਾਵਰ ਦੀ ਪ੍ਰਕਾਸ਼ਨ ਸਮੱਗਰੀ ਸੰਸਾਰ ਪੱਧਰੀ ਨਿਊਜ਼ ਪਰਚਿਆਂ ਵਿਚ ਜਾਣੀ ਆਰੰਭ ਹੋ ਗਈ। ਰੱਸਲ ਅਤੇ ਮੈਰੀਆ ਦੀ ਲਗਨ ਦਾ ਸਦਕਾ ਵਾਚਟਾਵਰ ਸੋਸਾਇਟੀ ਅਦਭੌਤਿਕ ਵਿਧੀ ਦੁਆਰਾ ਉੱਨਤੀ ਦੀ ਵਲਗਣ ਵਿਚ ਪ੍ਰਵੇਸ਼ ਕਰ ਗਈ, ਪ੍ਰੰਤੂ 1897 ਵਿਚ ਮੈਰੀਆ ਐਕਲੀ ਆਪਣੇ ਪਤੀ ਪਾਦਰੀ ਰੱਸਲ ਨੂੰ ਛੱਡ ਕੇ ਲਾਂਭੇ ਹੋ ਗਈ। ਛੇ ਸਾਲ ਪਿਛੋਂ ਸੰਨ 1903 ਵਿਚ ਮੈਰੀਆ ਨੇ ਪਾਦਰੀ ਰੱਸਲ ਦੇ ਵਿਰੁੱਧ ਅੱਡਰੀ ਰਿਹਾਇਸ਼ ਹਿਤ, ਮੁਕੱਦਮਾ ਦਾਇਰ ਕੀਤਾ। ਉਤੇਜਨਾਪੂਰਨ ਅਤੇ ਭੜਕਾਊ (Sensational testimony) ਗਵਾਹੀਆਂ ਦੇ ਹੁੰਦਿਆਂ ਹੋਇਆਂ ਭੀ ਮੈਰੀਆ ਦੀ ਸੁਰੱਖਿਆ ਹਿੱਤ, ਰੱਸਲ ਦੇ ਅਪਰਾਧ ਧਿਆਨ ਵਿਚ ਰੱਖਦਿਆਂ ਅਦਾਲਤ ਨੇ 1906 ਵਿਚ ਪਾਦਰੀ ਰੱਸਲ ਦੇ ਵਿਰੁੱਧ ਫ਼ੈਸਲਾ ਦੇ ਦਿੱਤਾ। ਮੈਰੀਆ ਨੂੰ ਪਤੀ ਵਲੋਂ ਦਿੱਤੇ ਜਾਣ ਵਾਲੇ ਅਲਹਿਦਗੀ ਖ਼ਰਚ ਪ੍ਰਤਿ, ਪਾਦਰੀ ਰੱਸਲ ਦੇ ਖ਼ਿਆਲ ਅਨੁਸਾਰ ਅਣਚਾਹਿਆ ਮੁਕੱਦਮਾ (Undesirable litigation) ਸੀ। ਪ੍ਰੰਤੂ ਇਹ ਮੁਕੱਦਮਾ ਨਿਸਚਿਤ ਤੌਰ 'ਤੇ 1909 ਵਿਚ 6,036 ਡਾਲਰ ਦੀ ਰਕਮ ਪਾਦਰੀ ਰੱਸਲ ਵਲੋਂ ਉਸਦੀ ਪਤਨੀ ਮੈਰੀਆ ਨੂੰ ਦੇਣ ਤੋਂ ਬਾਅਦ ਬੇਬਾਕ ਕੀਤਾ ਗਿਆ। ਉਕਤ ਦਰਸਾਇਆ ਅਦਾਲਤੀ ਮੁਕੱਦਮਾ ਪ੍ਰਗਟ ਕਰਦਾ ਹੈ ਕਿ ਪਾਦਰੀ ਰੱਸਲ ਦੀਆਂ ਸਰਗਰਮੀਆਂ ਦਾ ਰੁਝਾਨ ਕਿਸ ਪ੍ਰਕਾਰ ਦਾ ਸੀ। ਗ਼ਰਜ਼ੇਕਿ, ਧਾਰਮਕ ਖੇਤਰ ਦੀਆਂ ਕਈ ਇਕ ਸਹਾਇਕ ਸੰਸਥਾਵਾਂ ਜੋ ਕਿ ਪਾਦਰੀ ਰੱਸਲ ਦੇ ਅਧੀਨ ਹੋਲਡਿੰਗ ਕੰਪਨੀ ਦੇ ਨਾਮ ਥੱਲੇ ਚਲਾਈਆਂ ਜਾ ਰਹੀਆਂ ਸਨ, ਜਿਨ੍ਹਾਂ ਦਾ ਸਮੂਲਚਾ ਸਰਮਾਇਆ ਪਾਦਰੀ ਰੱਸਲ ਦੇ ਖਾਤੇ ਵੱਲ ਪਾਣੀ ਦੀ ਧਾਰਾ ਵਾਂਗੂ ਵਹਿੰਦਾ ਸੀ। ਐਸੀ ਅਧਿਕ੍ਰਿਤ ਹਿੱਸੇਦਾਰੀ (Holding Company) ਦੀ ਪੂੰਜੀ ਦੇ ਇਕ ਹਜ਼ਾਰ ਡਾਲਰ ($ 1000)

ਹਿੱਸਿਆਂ ਵਿਚੋਂ 990 ਡਾਲਰ ਪਾਦਰੀ ਰੱਸਲ ਦਾ ਹਿੱਸਾ ਸੀ ਅਤੇ ਬਾਕੀ ਕੇਵਲ ਦੱਸ ਡਾਲਰ ($ 10) ਉਸ ਦੇ ਸਮੂਲਚੇ ਅਨੁਯਾਈਆਂ ਦੀ ਹਿੱਸੇਦਾਰੀ ਸੀ। ਸਮੂਲਚੀ ਗਾਥਾ ਦਾ ਸਿੱਟਾ ਇਹ ਹੈ ਕਿ ਪਾਦਰੀ ਰੱਸਲ ਪ੍ਰਗਟ ਤੌਰ 'ਤੇ ਸਮੂਲਚੇ ਸਰਮਾਏ ਨੂੰ ਨਿਜੀ ਬੰਧੇਜ ਵਿਚ ਰੱਖਣ ਦੀ ਸਮਰੱਥਾ ਰੱਖਦਾ ਸੀ। ਗ਼ਰਜ਼ੇਕਿ, ਕਿਸੇ ਭੀ ਦੂਸਰੇ ਵਿਅਕਤੀ ਪ੍ਰਤਿ ਉਤਰਦਾਇਕ ਨਹੀਂ ਸੀ।

ਜਿਹੋਵਾ ਵਿਟਨੈਸ ਪਾਦਰੀ ਰੱਸਲ ਦੀਆਂ ਸਰਗਰਮੀਆਂ ਦੀ ਵਾਰਤਾ ਬਹੁਤ ਲੰਮੀ ਚੌੜੀ ਵਾਰਤਾ ਹੈ ਜੋ ਕਿ ਚਮਤਕਾਰੀ ਕਣਕ ਦੇ ਕ੍ਰਿਸ਼ਮਿਆਂ (Activities of Miracle Wheat) ਨਾਲ ਪਰੀਪੂਰਨ ਹੋ ਰਹੀ ਹੈ, ਜਿਸ ਦੀ ਦਾਸਤਾਂ ਪੂਰੀ ਕਰਨ ਹਿਤ, ਇਕ ਵੱਖਰੀ ਪੁਸਤਕ ਦੀ ਆਵਸ਼ਕਤਾ ਹੈ। ਇਸ ਚਮਤਕਾਰੀ ਕਣਕ ਦੇ ਬੀਜ ਪ੍ਰਤਿ ਪਾਦਰੀ ਰੱਸਲ ਵਲੋਂ ਕੀਤੀ ਹੋਈ ਝੂਠੀ ਅਤੇ ਅਪਮਾਨਜਨਕ ਵਿਆਖਿਆ ਦੇ ਵਿਰੁੱਧ ਅਦਾਲਤ ਨੇ ਜਨਵਰੀ 1913 ਵਿਚ ਇਸ ਨੂੰ ਇਕ ਲੱਖ ਡਾਲਰ ਤਾਵਾਨ (ਹਰਜਾਨੇ) ਵਜੋਂ ਦੇਣ ਲਈ ਹੁਕਮ ਦਿੱਤਾ, ਕਿਉਂਕਿ ਪਾਦਰੀ ਰੱਸਲ ਨੇ ਝੂਠਾ ਦਾਅਵਾ ਕੀਤਾ ਸੀ ਕਿ ਇਸ ਕਣਕ ਦਾ ਬੀਜ ਦੂਜੀਆਂ ਕਿਸਮਾਂ ਦੇ ਪ੍ਰਤਿਕਰਮ ਪੰਜ ਗੁਣੀ ਪੈਦਾਇਸ਼ ਦੇਵੇਗਾ। ਇਹੀ ਕਾਰਣ ਸੀ ਕਿ *ਈਗਲ ਪਰਚੇ* ਦੇ ਸੰਪਾਦਕ ਨੇ ਅਦਾਲਤ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਆਖਿਆ ਸੀ ਕਿ ਪਾਦਰੀ ਰੱਸਲ ਦਾ ਧਾਰਮਕ ਫ਼ਿਰਕਾ, ਸਰਮਾਇਆ ਇਕੱਤਰ ਕਰਨ ਤੋਂ ਸਿਵਾ ਹੋਰ ਕੁਝ ਭੀ ਨਹੀਂ ਹੈ, ਜਿਵੇਂ :

The Eagle goes even further and declares that at the trial will show that 'Pastor Russell's' religious cult nothing more than a money making scheme. *(The Kingdom of the Cults, pp. 38-40)*

ਵਿਰਤੀਹਾਣ ਸਮੇਂ ਵਿਚ ਵਾਚਟਾਵਰ ਸੋਸਾਇਟੀ ਇਹੀ ਪ੍ਰੋੜ੍ਹਤਾ ਕਰਦੀ ਹੈ ਕਿ ਚਾਰਲਸ ਰੱਸਲ ਨੇ ਚਮਤਕਾਰੀ ਕਣਕ (Miracle Wheat) ਦੇ ਨਾਮ 'ਤੇ ਸਰਮਾਇਆ ਨਹੀਂ ਬਣਾਇਆ। ਜੋ ਕੁਝ ਭੀ ਕਣਕ ਵੇਚਣ ਤੋਂ ਲਾਭ ਹੋਇਆ, ਉਹ ਸਮੂਲਚਾ ਸਰਮਾਇਆ ਸਹਾਇਤਾ ਦੇ ਤੌਰ 'ਤੇ ਵਾਚਟਾਵਰ ਸੰਸਥਾ ਨੂੰ ਦਿੱਤਾ ਗਿਆ। ਇਹ ਲੋਕ ਇਸ ਚੀਜ਼ ਨੂੰ ਭੁੱਲ ਜਾਂਦੇ ਹਨ ਕਿ ਸੰਸਥਾ ਦੇ ਇਕ ਹਜ਼ਾਰ ਹਿੱਸਿਆਂ ਵਿਚੋਂ ਚਾਰਲਸ ਰੱਸਲ ਦੇ ਨੌਂ ਸੌ ਨੱਬੇ (990) ਹਿੱਸੇ ਸਨ। ਕਿਸੇ ਪ੍ਰਕਾਰ ਦੀ ਕੋਈ ਭੀ ਸਹਾਇਤਾ ਇਸ ਸੰਸਥਾ ਨੂੰ ਜਾਂਦੀ ਸੀ, ਉਸ ਵਿਚੋਂ 99% ਹਿੱਸੇਦਾਰੀ ਚਾਰਲਸ ਰੱਸਲ ਦੇ ਖ਼ਜ਼ਾਨੇ ਵਿਚ ਆਉਂਦੀ ਸੀ। ***ਬਰੁੱਕਲੈਨ ਈਗਲ*** ਪਰਚੇ ਨੇ ਪਾਦਰੀ ਰੱਸਲ ਦੀ ਕਪਟ-ਵਿਦਿਆ ਨੂੰ ਪ੍ਰਗਟ ਕਰਨ ਹਿਤ ਇਸ ਰਣਨੀਤੀ ਦੀ ਅਗਵਾਈ ਕੀਤੀ। ਇਸ ਤੋਂ ਢੁੱਕਵੀ ਸਥਿਤੀ ਹੋਰ ਕੀ ਹੋ ਸਕਦੀ ਸੀ ਜਦੋਂ ਕਿ ਪਾਦਰੀ ਰੱਸਲ ਦੀ ਕਪਟੀ ਦਾਅਵਿਆਂ ਦੇ ਵਿਰੁੱਧ ਮੌਕੇ ਦੀਆਂ ਪਰਮਾਣਿਕ ਗਵਾਹੀਆਂ ਮੌਜੂਦ ਸਨ।

ਇਕ ਦਫ਼ਾ ਦਾ ਜ਼ਿਕਰ ਹੈ ਕਿ ਸੰਸਥਾ ਦੇ ਪ੍ਰਚਾਰ ਹਿਤ ਚਾਰਲਸ ਰੱਸਲ ਨੇ ਸੰਸਾਰ ਪੱਧਰੀ ਯਾਤਰਾ ਆਰੰਭ ਕਰਨ ਤੋਂ ਪਹਿਲਾਂ ਬਹੁਤ ਸਾਰੀ ਪ੍ਰਕਾਸ਼ਕ ਸਮੱਗਰੀ ਉਨ੍ਹਾਂ ਦੇਸ਼ਾਂ ਵਿਚ ਆਪਣੇ ਜਾਣ ਤੋਂ ਪਹਿਲਾਂ ਹੀ ਭੇਜੀ, ਤਾਂਕਿ ਉਨ੍ਹਾਂ ਦੇਸ਼ਾਂ ਦੇ ਲੋਕਾਂ ਨੂੰ ਨਿਜੀ ਸੰਸਥਾ ਅਤੇ ਈਸਾਈ ਮਤਿ ਪ੍ਰਤਿ ਚਾਨਣ ਪਾ ਸਕੇ। ਜਿਨ੍ਹਾਂ ਦੇਸ਼ਾਂ ਦੀ ਯਾਤਰਾ ਉਸ ਨੇ ਕਰਨੀ ਸੀ, ਉਹ ਲੋਕ ਹਾਰਦਿਕ ਉਤਸ਼ਾਹ ਸਹਿਤ ਇਸ ਦੇ ਭਾਸ਼ਣਾਂ ਦੇ ਇੰਤਜ਼ਾਰ ਵਿਚ ਇਕੱਤਰ ਹੁੰਦੇ ਰਹੇ ਪ੍ਰੰਤੂ ਪਾਦਰੀ ਰੱਸਲ ਜੀ ਉਨ੍ਹਾਂ ਸ਼ਰਧਾਲੂਆਂ ਦੀ ਅਰਮਾਨਾਂ ਭਰੀ ਤਾਂਘ ਨੂੰ ਦਿਲਾਸਾ ਨਾ ਦੇ ਸਕੇ। ਨਿਮਨ ਲਿਖਤ ਪਰਮਾਣਿਕ ਸਮੱਗਰੀ ਇਸ ਖ਼ਿਆਲ ਦੀ ਹਾਮਾ ਭਰਦੀ ਹੈ ਕਿ ਚਾਰਲਸ ਰੱਸਲ ਵਲੋਂ ਘੋਸ਼ਤ ਕੀਤੀ ਹੋਈ ਸੰਕਲਪਿਕ ਯਾਤਰਾ ਇਕ ਪ੍ਰਕਾਰ ਦਾ ਖ਼ਿਆਲੀ ਪਲੰਦਾ ਹੀ ਸੀ ਜੋ ਕਿ ਅਮਲ ਵਿਚ ਨਹੀਂ ਆਇਆ, ਜਿਵੇਂ:

The following documentary evidence is taken from *The Brooklyn Daily Eagle*, page 18, Feburary 1912 and is titled "Pastor Russell's Imaginary Sermons...Printed Reports of Addresses in Foreign Lands that He never made—One at Hawaii, a Sample." These excerpts concern the "Pastor's World Tour" and are very enlightening with respect to his reliability and truthfulness.

(The Kingdom of the Cults, p. 41)

ਜਿਹੋਵਾ ਵਿਟਨੈਸ ਸੰਸਥਾ ਦੇ ਸੰਚਾਲਕ ਪਾਦਰੀ ਚਾਰਲਸ ਰੱਸਲ ਦੀ ਵਧੇਰੇ ਜਾਣਕਾਰੀ ਹਿਤ, *ਕਿੰਗਡਮ ਆਫ਼ ਦੀ ਕਲਟਜ਼* ਦੀ ਪ੍ਰਸਤੁਤ ਸਮੱਗਰੀ ਨੂੰ ਬਹੁਤ ਗਿਆਨ ਪੂਰਵਕ ਵਿਧੀ ਦੁਆਰਾ ਪੜ੍ਹਨਾ ਹੀ ਪਵੇਗਾ। ਜਦੋਂ ਕਿ ਇਸ ਦੇ ਕੀਤੇ ਹੋਏ ਝੂਠੇ ਦਾਅਵਿਆਂ ਦੀ ਬਿਨਾਅ 'ਤੇ ਇਕ ਹੋਰ ਪਾਦਰੀ (Rev. J.J.Ross) ਇਸ ਨੂੰ ਅਦਾਲਤ ਵਿਚ ਲੈ ਗਿਆ। ਅਦਾਲਤ ਨੇ ਕਿਸੇ ਪ੍ਰਕਾਰੀ ਸ਼ੱਕ ਸੰਦੇਹ ਰਹਿਤ ਪਰਮਾਣਿਕ ਗਵਾਹੀਆਂ ਦੇ ਆਧਾਰ 'ਤੇ ਪਾਦਰੀ ਚਾਰਲਸ ਰੱਸਲ ਦੇ ਵਿਰੁੱਧ ਪੂਰਵ ਚਿੰਤਤ ਝੂਠਾ ਹਲਫ਼ੀਆ ਬਿਆਨ ਦੇਣ ਵਾਲਾ ਵਿਅਕਤੀ ਘੋਸ਼ਤ ਕੀਤਾ ਗਿਆ। ਅਦਾਲਤੀ ਕਾਰਵਾਈ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ:

Once again Russell's "unswerving" honesty received a rude blow; the situation was out of his hands and Russell stood helpless as counselor Staunton wrong statement after statement from him which established him beyond doubt as a premeditated perjurer.

As a result of the court's action Mr. Ross's charges were proven true and the real character of Russell was revealed, that

of a man who no scruples about lying under oath and whose doctrines were admittedly based on no sound educational knowledge of the subject in question. "However, Russell took every opportunity to make money and legal clashes were frequent as a result. He maneuvered masterfully just one jump ahead of the law."
(The Kingdom of the Cults, p. 45)

ਕਈ ਇਕ ਈਸਾਈ ਚਰਚ ਸੰਸਥਾਵਾਂ ਚਾਰਲਸ ਰੱਸਲ ਦੀ ਸਿਧਾਂਤਕ ਸਮੱਗਰੀ ਨੂੰ ਖ਼ਤਮ ਕਰਨ ਹਿਤ ਉਸਦੇ ਵਿਰੁੱਧ ਬਹੁਤ ਲੰਮੇ ਸਮੇਂ ਤਕ ਸੰਘਰਸ਼ਸ਼ੀਲ ਰਹੀਆਂ ਹਨ ਪ੍ਰੰਤੂ ਉਸ ਦੀ ਰੱਸਲਾਈਟ ਰਵਾਨੀ ਅਰੁਕ ਤੌਰ 'ਤੇ ਗਤੀਬੱਧ ਰਹੀ ਔਰ ਈਸਾਈ ਸੰਸਥਾਵਾਂ ਇਹ ਦਾਅਵਾ ਭੀ ਕਰਦੀਆਂ ਰਹੀਆਂ ਹਨ ਕਿ ਚਾਰਲਸ ਰੱਸਲ ਇਕ ਧਾਰਮਕ ਵਿਆਖਿਆਕਾਰ ਹੁੰਦਿਆਂ ਹੋਇਆਂ, ***ਬਾਈਬਲ*** ਦੀ ਅਸਲੀ ਵਿਆਖਿਆ ਕਰਨ ਦੀ ਬਜਾਏ ਅਨਘੜਤ (Swaved) ਅਤੇ ਉਘੜ ਦੁਘੜ ਵਿਆਖਿਆ ਹੀ ਕਰਦਾ ਹੈ। ਉਹ ਕਿਸੇ ਭੀ ਵਿਅਕਤੀ ਨੂੰ ਢੁਕਵੀਂ ਅਤੇ ਪ੍ਰਭਾਵਤ ਅਗਵਾਈ ਨਹੀਂ ਦੇ ਸਕਿਆ। ਇਹੀ ਵੱਡਾ ਕਾਰਣ ਸੀ ਕਿ ਉਹ ਸੱਚੇ ਰੱਬ ਦੀ ਹਜ਼ੂਰੀ ਵਿਚ ਸਿਰੇ ਨਾ ਚੜ੍ਹ ਸਕਿਆ। ਇਹ ਸਨ ਕੁਝ ਰੱਸਲ ਵਿਰੋਧੀ ਈਸਾਈ ਸ਼ਰਧਾਲੂਆਂ ਦੇ ਖ਼ਿਆਲ ਜੋ ਸੁਹਿਰਦ ਪਾਠਕਾਂ ਦੀ ਸੱਥ ਵਿਚ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ। ਪ੍ਰੰਤੂ ਇਸ ਚਿੱਤਰ ਦੇ ਦੂਜੇ ਪਾਸੇ ਪੰਛੀ-ਝਾਤ ਮਾਰਿਆਂ, ਵਾਸਤਵਿਕ ਅਤੇ ਬਹੁ-ਰੰਗੀ ਚਿੱਤਰ ਰੇਖਾ ਦੀ ਝਲਕ, ਕੁਝ ਵੱਖਰੀ ਰੰਗਤ ਪੇਸ਼ ਕਰਦੀ ਹੈ। ਜਿਵੇਂ ਪਾਦਰੀ ਰੱਸਲ ਵਲੋਂ ਆਮ ਸੰਸਾਰੀ ਲੋਕਾਂ ਨੂੰ ਜੀਵਨ ਮਨੋਰਥ ਦੀ ਪ੍ਰਾਪਤੀ ਹਿਤ ਜਾਗ੍ਰਤ ਕਰਨਾ ਅਤੇ ਲਗਾਤਾਰ ਧਾਰਮਕ ਵਿਆਖਿਆ ਕਰਦੇ ਰਹਿਣਾ, ਉਸ ਦੇ ਨਿਤਾਪ੍ਰਤਿ ਜੀਵਨ ਦਾ ਅਤੁੱਟ ਅੰਗ ਹੀ ਆਖਿਆ ਜਾ ਸਕਦਾ ਸੀ। ਪਾਦਰੀ ਚਾਰਲਸ ਰੱਸਲ ਦੀਆਂ ਧਾਰਮਕ ਯਾਤ੍ਰਾਵਾਂ ਦਾ ਘੇਰਾ ਇਤਨਾ ਵਿਸ਼ਾਲ ਸੀ ਕਿ ਜਿਸ ਦਾ ਤਵਾਜ਼ਨ ਕਰਨਾ ਇਤਨਾ ਆਸਾਨ ਨਹੀਂ ਜਿਤਨਾ ਕਿ ਅਸੀਂ ਸਮਝਦੇ ਹਾਂ। ਚਾਰਲਸ ਰੱਸਲ ਦੀ ਲਿਖਤੀ ਅਤੇ ਵਿਆਖਿਕ ਰਵਾਨੀ ਨੇ, ਬਾਈਬਲੀਕਲ ਅਥਵਾ ਈਸਾਈ ਮਤਿ ਦੀਆਂ ਮਨੋਕਲਪਤ, ਮੂਲਿਕ ਧਾਰਾਵਾਂ ਦਾ ਪ੍ਰਗਟ ਤੌਰ 'ਤੇ ਖੰਡਨ ਕੀਤਾ ਹੈ। ਜਿਸ ਦੇ ਵਿਰੋਧ ਵਿਚ ਈਸਾਈ ਸ਼ਰਧਾਲੂਆਂ ਦਾ ਖ਼ਿਆਲ ਹੈ ਕਿ ਯਥਾਰਥਿਕ ਹਕੀਕਤ ਤਾਂ ਇਹ ਹੈ ਕਿ ਰੱਸਲ ਦੀ ਵਿਦਿਆ ਅਤੇ ਸਿਖਲਾਈ ਨੂੰ ਇਨਸਾਫ਼ ਦੀ ਕਸਵੱਟੀ 'ਤੇ ਪਰਖਿਆਂ, ਪ੍ਰਗਟ ਹੁੰਦਾ ਹੈ ਕਿ ਉਹ ***ਬਾਈਬਲ*** ਦੀ ਵਿਆਖਿਆ ਕਰਨ ਦੇ ਯੋਗ ਨਹੀਂ ਸੀ, ਜਿਵੇਂ:

In the course of his writing and lectures Russell denied many of the cardinal doctrines of the Bible—the Trinity, the Deity of Christ, the physical resurrection and return of Christ, eternal

punishment, the reality of hell, the eternal existence of the soul, and the validity of the infinite atonement.

(The Kingdom of the Cults, p. 45)

ਈਸਾਈ ਮਤਿ ਦੀ ਮਨੋਕਲਪਤ ਧਾਰਮਕ ਪ੍ਰਣਾਲੀ ਦਾ ਖੁੱਲ੍ਹੀ ਅਤੇ ਨਿਧੜਕ ਸ਼ਬਦਾਵਲੀ ਦੁਆਰਾ ਖੰਡਨ ਕਰਨਾ, ਜਿਹੋਵਾ ਪ੍ਰਮੇਸ਼ਵਰ ਵਲੋਂ ਪ੍ਰਾਪਤ ਹੋਈ ਐਸੀ ਵਿਰਾਸਤ, ਕੇਵਲ ਚਾਰਲਸ ਰੱਸਲ ਦੇ ਹਿੱਸੇ ਵਿਚ ਹੀ ਆਈ ਹੈ, ਜਿਸ ਤੋਂ ਸੇਧ ਪ੍ਰਾਪਤ ਕਰਦੇ ਹੋਏ ਕਈ ਇਕ ਹੋਰ ਧਰਮ ਸ਼ਾਸਤ੍ਰੀਆਂ ਨੇ ਭੀ ਇਸ ਮਨੋਕਲਪਤ ਸ਼ਾਸਤ੍ਰ ਵਿਦਿਆ ਦਾ ਸ਼ਰੇਆਮ ਖੰਡਨ ਕੀਤਾ ਹੈ। ਇਹੀ ਵਿਸ਼ੇਸ਼ ਕਾਰਣ ਜਾਪਦਾ ਹੈ ਕਿ ਕਈ ਇਕ ਈਸਾਈ ਵਿਦਵਾਨਾਂ ਨੇ ਚਾਰਲਸ ਰੱਸਲ ਦੀ ਜੀਵਨੀ 'ਤੇ ਜ਼ਰੂਰਤ ਤੋਂ ਜ਼ਿਆਦਾ ਨਕਾਰਾਤਮਕ ਅਤੇ ਆਲੋਚਨਾਤਮਕ ਸਮੱਗਰੀ ਲਿਖੀ ਹੈ। ਈਸਾਈ ਲਿਖਾਰੀ ਦਾਅਵਾ ਕਰਦੇ ਹਨ ਕਿ ਰੱਸਲ ਦੀਆਂ ਲਿਖਤਾਂ ਅਤਿ ਨਿਗੁਣੀਆਂ ਅਤੇ ਤੁੱਛ ਸਨ। ਮਾਨਸਿਕ ਤੌਰ 'ਤੇ ਇਹ ਬਹੁਤ ਅਹੰਕਾਰੀ ਅਤੇ ਸੇਵਾ-ਭਾਵ ਤੋਂ ਰਹਿਤ ਵਿਅਕਤੀ ਸੀ, ਕਿਉਂਕਿ ਉਹ (ਰੱਸਲ) ਦਾਅਵਾ ਕਰਦਾ ਹੈ ਕਿ *ਬਾਈਬਲ* ਪੜ੍ਹਨ ਦੀ ਬਜਾਏ ਮੇਰੀਆਂ ਕਿਤਾਬਾਂ ਹੀ ਪੜ੍ਹੀਆਂ ਜਾਣ। ਜਿਨ੍ਹਾਂ ਦੇ ਪੜ੍ਹਿਆਂ ਸਹੀ ਰੱਬੀ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ ਪ੍ਰੰਤੂ ਈਸਾਈ ਲਿਖਾਰੀਆਂ ਦੇ ਵਿਪ੍ਰੀਤ, ਰੱਸਲ ਦੇ ਸ਼ਰਧਾਲੂਆਂ ਦੀ ਮਨੋਵਿਰਤੀ, ਉਸ ਨੂੰ ਈਸਾਈ ਮਤਿ ਦੇ ਮੋਢੀ ਸੰਤ ਜਨਾਂ ਜਿਵੇਂ ਸੈਂਟ ਪਾਲ, ਵਾਈਕਲਿਫ਼ ਅਤੇ ਲੂਥਰ ਦੇ ਸਮਾਨ ਈਸਾਈ ਧਰਮ ਪੁਸਤਕ ਦਾ ਯੋਗ ਵਿਆਖਿਆਕਾਰ ਸਮਝਦੇ ਹਨ। ਚੁਨਾਂਚਿ, ਕੁਝ ਐਸੇ ਭੀ ਈਸਾਈ ਮਤਿ ਦੇ ਸ਼ਰਧਾਲੂ ਲਿਖਾਰੀ ਹਨ ਜੋ ਚਾਰਲਸ ਰੱਸਲ ਦੇ ਵਿਰੁੱਧ ਬਹੁਤ ਕੁਝ ਲਿਖਦੇ ਹਨ, ਜਿਵੇਂ :

The honest fact is that Russell had no training or education to justify his interpretation of Scripture. By this it is not meant that great education is a necessary qualification for exegesis, but when a man contradicts practically every major doctrine of the *Bible* he ought to have the education needed to defend (if that possible) his arguments. "Pastor Russell" did not have that knowledge, or even the qualifications for ordination by any recognized body. The title "Pastor" was assumed, not earned, and to document this fact we quote from the November 1, 1916, edition of *the Brooklyn Daily Eagle.*

(The Kingdom of the Cults, pp. 45-46)

ਪਾਦਰੀ ਰੱਸਲ ਵਲੋਂ ਚਲਾਈ ਸੰਸਥਾ (Russellism) ਦੇ ਵਿਰੋਧ ਵਿਚ

ਕਈ ਇਕ ਈਸਾਈ ਲਿਖਾਰੀਆਂ ਨੇ ਬਹੁਤ ਹੀ ਸਖ਼ਤ ਕਦਮ ਉਠਾਉਂਦੇ ਹੋਏ ਰੱਸਲ ਦੇ ਵਿਪ੍ਰੀਤ, ਇਥੇ ਤਕ ਲਿਖ ਛੱਡਿਆ ਹੈ ਕਿ ਰੱਸਲਇਜ਼ਮ ਦਾ ਸਿਧਾਂਤ ਰੱਸਲ ਦੀ ਮੌਤ ਤੋਂ ਬਾਅਦ ਖ਼ਤਮ ਨਹੀਂ ਹੋਇਆ, ਬਲਕਿ ਉਹ ਜਿਹੋਵਾ ਵਿਟਨੈਸ ਦੀ ਘੋਸ਼ਣਾ ਪ੍ਰਣਾਲੀ ਵਾਚਟਾਵਰ ਦੇ ਨਾਮ ਥੱਲੇ ਵਿਰਤੀਹਾਣ ਸਮੇਂ ਵਿਚ ਭੀ ਜਿਊਂਦਾ ਹੈ। (It lives under the title The Watchtower Jehovah's Kingdom.) ਜਿਸ ਦੇ ਆਧਾਰ 'ਤੇ ਪਾਦਰੀ ਰੱਸਲ ਦਾ ਸੁਪਨਾ ਸਾਕਾਰ ਹੁੰਦਾ ਹੈ ਕਿਉਂਕਿ ਚਾਰਲਸ ਰੱਸਲ ਦੀਆਂ ਲਿਖਤਾਂ ਦੇ ਨਿਰਮਾਤਾ ਅੱਜ ਭੀ ਈਸਾਈ ਜਗਤ ਪ੍ਰਤਿ ਬਹੁਤ ਗੰਭੀਰ ਚੁਣੌਤੀ ਦਾ ਕਾਰਨ ਬਣੇ ਹੋਏ ਹਨ।

ਚਾਰਲਸ ਰੱਸਲ ਦੀ ਮੌਤ ਤੋਂ ਉਪਰੰਤ ਇਸ ਸੰਸਥਾ ਨੂੰ ਸੁਰੱਖਿਅਤ ਰੱਖਣ ਹਿਤ ਕੁਝ ਅਧਿਕ੍ਰਿਤ ਵਿਅਕਤੀਆਂ ਦੁਆਰਾ ਬਹੁਤ ਜਲਦੀ ਇਸ ਸੰਸਥਾ ਦੀ ਵਾਗਡੋਰ ਇਕ ਸ਼ਕਤੀਸ਼ਾਲੀ ਮਾਰਗ ਨਿਰਦੇਸ਼ਕ ਜੱਜ 'ਜੋਸਿਫ਼ ਫ਼ਰੈਂਕਲਿਨ ਰੂਥਰਫ਼ੋਰਡ' ਦੇ ਹਵਾਲੇ ਕੀਤੀ ਗਈ। ਨਿਜੀ ਕੁਲੀਨਤਾ ਅਤੇ ਸ੍ਰੇਸ਼ਟਤਾਈ ਪ੍ਰਗਟ ਕਰਨ ਹਿਤ ਜੱਜ ਰੂਥਰਫ਼ੋਰਡ ਨੇ ਪੂਰੀ ਸ਼ਕਤੀ ਦੁਆਰਾ, ਸੰਗਠਿਤ ਧਰਮਾਂ ਦੇ ਵਿਰੁਧ ਆਕਰਮਣ ਕਰਨਾ ਆਰੰਭ ਦਿੱਤਾ। ਵਿਸ਼ੇਸ ਤੌਰ 'ਤੇ ਈਸਾਈ ਮਤਿ ਦੇ ਵਿਰੁੱਧ, ਰੇਡੀਓ ਭਾਸ਼ਣ, ਫੋਨੋਗਰਾਫ਼ ਰਿਕਾਰਡਿੰਗ ਅਤੇ ਸੰਕਲਿਤ ਪੁਸਤਕਾਂ ਦੁਆਰਾ ਧਮਾਕੇਦਾਰ ਵਿਰੋਧਾਭਾਸੀ ਧੁੰਮਾਂ ਪਾਉਣੀਆਂ ਆਰੰਭ ਦਿੱਤੀਆਂ। ਗ਼ਰਜ਼ੇਕਿ, ਉਸ ਦੀ ਅਹੰਕਾਰੀ ਵਿਰਤੀ ਵਿਚ ਇਤਨੀ ਫੂਕ ਭਰੀ ਗਈ ਕਿ ਰੱਸਲ ਦੀ ਹਉਮੈ ਨੂੰ ਭੀ ਮਾਤ ਪਾ ਗਿਆ। ਖ਼ਾਸ ਕਰਕੇ ਜਦੋਂ ਉਸ ਨੇ ਆਪਣੀ ਚਲਿਤ ਲਿਖਤ *'Why Serve Jehovah ?'* ਵਿਚ ਇਹ ਏਲਾਨ ਕੀਤਾ ਕਿ ਵਿਰਤੀਹਾਣ ਸਮੇਂ ਵਿਚ ਕੇਵਲ ਮੈਂ ਹੀ ਜਿਹੋਵਾ ਦਾ ਮੂੰਹ ਹਾਂ ਕਿਉਂਕਿ ਮੇਰੇ ਸ਼ਬਦ ਰੱਬੀ ਪਵਿੱਤਰਤਾ ਨੂੰ ਪ੍ਰਗਟ ਕਰਨ ਹਿਤ ਆਸਮਾਨੀ ਆਦੇਸ਼ ਹਨ ਔਰ ਰੱਬ ਨੇ ਮੇਰੇ ਸ਼ਬਦਾਂ ਨੂੰ ਇਸ ਕਾਰਜ ਲਈ ਮਨੋਨੀਤ ਕੀਤਾ ਹੈ। ਜਿਹੋਵਾ ਸੰਸਥਾ ਦਾ ਸਦੱਸ ਹੁੰਦਾ ਹੋਇਆ ਅਗਰ ਕੋਈ ਵਿਅਕਤੀ ਇਸ ਦੇ ਨਿਰਣੈ ਕੀਤੇ ਹੋਏ ਫ਼ੈਸਲੇ 'ਤੇ ਪ੍ਰਸ਼ਨ ਕਰਦਾ, ਉਸ ਦੇ ਉੱਤਰ ਵਿਚ ਅਥਵਾ ਫਲਸਰੂਪ, ਪ੍ਰਸ਼ਨ ਕਰਨ ਵਾਲੇ ਵਿਅਕਤੀ ਨੂੰ ਤਿਕੜਮ ਨੀਤੀ ਵਾਲਾ ਛਲੀਆ ਅਥਵਾ ਕਪਟੀ ਆਖਿਆ ਜਾਂਦਾ। ਐਸਾ ਵਤੀਰਾ ਜੱਜ ਰੂਥ ਦੇ ਅੰਤਮ ਸਮੇਂ ਜਨਵਰੀ 8, 1942 ਤਕ ਚਲਦਾ ਰਿਹਾ। ਦੂਸਰੇ ਧਰਮ ਅਤੇ ਉਨ੍ਹਾਂ ਦੇ ਪੂਜਯ ਆਗੂਆਂ ਦੇ ਸੰਬੰਧ ਵਿਚ ਜੱਜ ਰੂਥ ਹਮੇਸ਼ਾ ਹੀ ਅਤਿ ਨਿੰਦਨਯ ਅਤੇ ਧ੍ਰਿਕਾਰਿਤ ਸ਼ਬਦਾਵਲੀ ਵਰਤਦਾ ਸੀ, ਜਿਵੇਂ :

Fear of relation or rebuke was never characteristic of Judge Rutherford, and quite often he displayed complete contempt for all "Religions" and their leaders. *(The Kingdom of the Cults, p. 47)*

ਸੰਨ 1933 ਵਿਚ ਜੋ ਵਿਧਰੋਹ ਅਥਵਾ ਅੱਤਿਆਚਾਰ, ਜਿਹੋਵਾ ਵਿਟਨੈਸ ਦੇ ਵਿਰੁੱਧ ਹੋਇਆ, ਉਸ ਦੇ ਪਰਿਣਾਮ ਵਜੋਂ ਗ਼ੁੱਸੇ ਵਿਚ ਆਣ ਕੇ ਜੱਜ ਰੂਥ ਨੇ ਈਸਾਈ ਸੰਸਥਾਵਾਂ ਦੇ ਵਿਰੁੱਧ, ਖ਼ਾਸ ਕਰਕੇ ਰੋਮਨ ਕੈਥੋਲਿਕ ਦੇ ਵਿਰੁੱਧ, ਵਾਵੇਲਾ ਅਤੇ ਟਕਰਾਉ ਦੀ ਨੀਤੀ ਆਰੰਭ ਦਿੱਤੀ। ਦੂਸਰੇ ਧਰਮਾਂ ਦੇ ਅੰਤ੍ਰੀਵੀ ਮਾਮਲਿਆਂ ਦੀ ਖ਼ੁਫ਼ੀਆਗਿਰੀ, ਭਾਵ 1918 ਅਮਰੀਕਨ ਐਕਟ, ਐਸਪੋਇਨਿਜ ਦੀ ਉਲੰਘਣਾ ਦੇ ਅਧੀਨ ਜੱਜ ਰੂਥ ਨੂੰ ਕੁਝ ਸਮੇਂ ਲਈ ਜੇਲ੍ਹ ਯਾਤਰਾ ਭੀ ਕਰਨੀ ਪਈ। ਇਨ੍ਹਾਂ ਹਰਕਤਾਂ ਨੇ ਜੱਜ ਰੂਥ ਦੇ ਕਿਲਕਾਨੀ, ਸ਼ੋਰ-ਮਚਾਨੀ ਅਤੇ ਬੱਦਲਾਂ ਵਾਂਗੂ ਗੜਗਜ ਕੇ ਹਮਲਿਆਂ ਵਿਚ ਥੋੜੀ ਬਹੁਤ ਸਿਲ੍ਹਾਬੀ ਸਥਿਤੀ ਤਾਂ ਉਤਪੰਨ ਕਰ ਦਿੱਤੀ ਪ੍ਰੰਤੂ ਜੱਜ ਰੂਥ ਦੀ ਆਕ੍ਰਮਣ ਨੀਤੀ ਵਿਚ ਸੁਧਾਰ ਨਾ ਹੋ ਸਕਿਆ, ਜਿਵੇਂ :

Few things, however, were allowed to dampen the Judge's vociferous thundering and even a term in Atlanta Federal penitentiary, for violation of the "Espionage Act" in 1918, failed to silence the Judge's attacks. *(The Kingdom of the Cults, p. 47)*

ਸੰਨ 1919 ਦੇ ਤੀਜੇ ਮਹੀਨੇ ਵਿਚ ਜੱਜ ਰੂਥ ਨੂੰ ਐਟਲਾਂਟਾ ਜੇਲ੍ਹ ਵਿਚੋਂ ਰਿਹਾਅ ਕੀਤਾ ਗਿਆ। ਰਿਹਾਈ ਤੋਂ ਉਪਰੰਤ ਹੋਰ ਕਿਸੇ ਥਾਂ ਜਾਣ ਦੀ ਬਜਾਏ ਇਸ ਨੇ ਸਭ ਤੋਂ ਪਹਿਲਾਂ, ਜਿਹੋਵਾ ਵਿਟਨੈਸ ਦੀਆਂ ਸਫ਼ਾਂ ਵਿਚ ਪ੍ਰਵੇਸ਼ ਕੀਤਾ ਤਾਂਕਿ ਇਸ ਨੂੰ ਇਕ ਜ਼ਿੰਦਾ ਸ਼ਹੀਦ ਦੀ ਪਦਵੀ ਪ੍ਰਾਪਤ ਹੋ ਸਕੇ। ਸਮੂਲਚੀ ਜਿਹੋਵਾ ਮੰਡਲੀ ਦੀ ਇਹ ਢੁਕਵੀਂ ਅਤੇ ਪੇਚੀਦਾ ਸੋਚ, ਪਹਿਲਾਂ ਤੋਂ ਤਿਆਰ ਕੀਤਾ ਹੋਇਆ ਅਤਿ ਛਲਕਪਟੀ ਖੇਲ ਸੀ। ਨਿਰਸੰਦੇਹ, ਇਨ੍ਹਾਂ ਨੇ ਇਸ ਕਰਤੱਵ ਨੂੰ ਇਕ ਸੰਤ ਵਿਅਕਤੀ (ਜੱਜ) ਨੂੰ ਤਸੀਹੇ ਦਿੱਤੇ ਜਾਣ ਦੇ ਜਸ਼ਨ ਵਜੋਂ ਮਨਾਇਆ। ਇਥੇ ਸੰਤਾਪ ਦੀ ਸਥਿਤੀ ਇਹੀ ਸੀ ਕਿ ਲਘੂ ਨੀਤੀ ਦੇ ਨਿਮਰਭੂਤ ਪ੍ਰਬੰਧਕਾਂ ਨੇ ਇਸ ਨੂੰ ਸਮਾਜ ਵਿਚ ਯੋਗ ਸਮਾਈ ਦੇ ਦਿੱਤੀ, ਜਿਸ ਦੇ ਕਾਰਣ ਜੱਜ ਰੂਥਰ ਇਕ ਅੱਛੇ ਸੁਲਝੇ ਹੋਏ ਆਗੂ ਵਜੋਂ ਜਿਹੋਵਾ ਵਿਟਨੈਸ ਦੀਆਂ ਸਫ਼ਾਂ ਵਿਚ ਪ੍ਰਵੇਸ਼ ਹੋਇਆ। ਗ਼ਰਜ਼ੇਕਿ, ਇਸ ਦੀ ਸਮੂਲਚੀ ਆਯੂ ਇਕ ਪ੍ਰਕਾਰੀ ਕਾਲਪਨਿਕ ਕਥਾ ਕਹਾਣੀਆਂ (Legendary) ਦੇ ਸੰਗ੍ਰਹਿ ਵਜੋਂ ਪ੍ਰਸਿੱਧਤਾ ਦੀਆਂ ਟੀਸੀਆਂ ਨੂੰ ਛੂੰਹਦੀ ਰਹੀ।

ਚਾਰਲਸ ਰੱਸਲ ਅਤੇ ਜੱਜ ਰੂਥਰਫ਼ੋਰਡ ਜਿਹੋਵਾ ਵਿਟਨੈਸ ਸੰਸਥਾ ਦੇ ਮਹੱਤਵ ਅਤੇ ਬੁਨਿਆਦੀ ਥੰਮ੍ਹ ਹੀ ਆਖੇ ਜਾ ਸਕਦੇ ਹਨ। ਇਨ੍ਹਾਂ ਦੋਹਾਂ ਆਗੂਆਂ ਦੀ ਲਗਨ, ਸਿਦਕ, ਘਾਲ-ਕਮਾਈ ਅਤੇ ਸ਼ਰਧਾ ਦਾ ਸਦਕਾ ਹੀ, ਜਿਹੋਵਾ ਵਿਟਨੈਸ ਸੰਸਥਾ ਦਾ ਪਸਾਰਾ ਦੁਨੀਆ ਦੇ ਕੋਨੇ ਕੋਨੇ ਵਿਚ ਫੈਲ ਰਿਹਾ ਹੈ। ਸਾਹਿਤਕ ਤੌਰ 'ਤੇ, ਰੂਥਰਫ਼ੋਰਡ ਦੇ ਤੁਲਨਾਤਮਕ, ਚਾਰਲਸ ਰੱਸਲ ਦਾ

ਕੱਦ ਬਹੁਤ ਹੀ ਛੋਟਾ ਸੀ, ਭਾਵ, ਤਾਲੀਮ ਦੇ ਦਾਇਰੇ ਵਿਚ ਚਾਰਲਸ ਰੱਸਲ ਵਿਚ ਬੌਨੇ ਕੱਦ ਦਾ (Pygmy) ਆਗੂ ਸੀ। ਨਿਰਸੰਦੇਹ, ਅਸੀਂ ਆਖ ਸਕਦੇ ਹਾਂ ਕਿ ਅਗਰ ਇਹ ਦੋਵੇਂ ਆਗੂ ਇਤਨੇ ਸ਼ਰਧਿਕ ਅਤੇ ਮਿਹਨਤੀ ਨਾ ਹੁੰਦੇ, ਤਦ ਸੰਭਵ ਸੀ ਕਿ ਜਿਹੋਵਾ ਵਿਟਨੈਸ ਦਾ ਪਸਾਰਾ ਇਤਨੀ ਤੇਜ਼ੀ ਨਾਲ ਨਾ ਹੁੰਦਾ। ਜੱਜ ਰੂਥਰ ਦੀ ਮੌਤ ਤੋਂ ਬਾਅਦ ਇਸ ਸੰਸਥਾ ਦਾ ਪ੍ਰਧਾਨ 'Nathan Homer Knorr' ਨੂੰ ਥਾਪਿਆ ਗਿਆ। ਇਸ ਨੇ ਭੀ ਪੂਰਬਲੇ ਲੀਡਰਾਂ ਦੀ ਪੈਰਵੀ ਕਰਦੇ ਹੋਏ, ਇਸ ਸੰਸਥਾ ਨੂੰ ਹਰ ਪਹਿਲੂ ਤੋਂ ਬਹੁਤ ਅੱਗੇ ਵਧਾਇਆ। ਇਸ ਦੀ ਮੌਤ ਜੂਨ 1977 ਵਿਚ ਹੋ ਗਈ। ਇਸ ਤੋਂ ਉਪਰੰਤ ਸੰਸਥਾ ਦੀ ਪ੍ਰਧਾਨਗੀ 'Frederick W. Franz' ਨੇ ਸੰਭਾਲੀ, ਜੋ ਅੱਜ ਤਕ ਇਸ ਸੰਸਥਾ ਨੂੰ ਅਗਵਾਈ ਦੇ ਰਿਹਾ ਹੈ ਔਰ ਇਸ ਦੀ ਅਗਵਾਈ ਵਿਚ ਸੰਸਥਾ ਪਹਿਲਾਂ ਨਾਲੋਂ ਭੀ ਸੁਬੱਲਤਾ ਦੇ ਖੇਤਰ ਵਿਚ ਪ੍ਰਵੇਸ਼ ਕਰਦੀ ਜਾ ਰਹੀ ਹੈ।

ਜਿਹੋਵਾ ਵਿਟਨੈਸ ਦੀ ਸਭ ਤੋਂ ਗੰਭੀਰ ਅਤੇ ਸੰਕਟਮਈ ਸਥਿਤੀ ਤਾਂ ਇਹ ਹੈ ਕਿ ਇਨ੍ਹਾਂ ਦੇ ਪ੍ਰਕਾਸ਼ਤ ਕੀਤੇ ਹੋਏ ਸਾਹਿਤ, ਸਾਖਸ਼ਾਤ ਲੱਛਣ ਅਤੇ ਪਰਚਾਰਕ ਤਰਜਮਾਨੀ ਪ੍ਰਗਟ ਕਰਦੇ ਹਨ ਕਿ ਇਨ੍ਹਾਂ ਨੇ ਪੂਰਨ ਤੌਰ 'ਤੇ ਈਸਾਈ ਮਤਿ ਦੀ ਤਵਾਰੀਖ਼ੀ ਅਸਲੀਅਤ 'ਤੇ ਆਧਾਰਤ ਸਾਹਿਤ ਸਮੱਗਰੀ ਪ੍ਰਤਿ, ਜਾਣ ਬੁਝ ਕੇ ਅਣਗਹਿਲੀ ਅਤੇ ਅਨਾਦਰਤਾ ਕੀਤੀ ਹੋਈ ਹੈ। ਭਾਵੇਂ ਕੁਝ ਭੀ ਹੋਵੇ, ਸਮੇਂ ਦਾ ਲਾਭ ਉਠਾਉਂਦੇ ਹੋਏ ਇਹ ਹਮੇਸ਼ਾ ਹੀ ਸਮੁੱਚੇ ਵਿਰੋਧੀ ਧਰਮਾਂ ਦਾ ਖੰਡਨ ਕਰਦੇ, ਉਨ੍ਹਾਂ ਨੂੰ ਰੱਬ ਦੇ ਸ਼ਤਰੂ ਅਤੇ ਅਪਰਾਧੀ ਜੈਸੀ ਸ਼ਬਦਾਵਲੀ ਦੁਆਰਾ ਪੁਕਾਰਦੇ ਹਨ। ਜਿਹੋਵਾ ਵਿਟਨੈਸ ਦਾ ਕਥਨ ਹੈ ਕਿ ਈਸਾਈ ਪਾਦਰੀਆਂ ਨੇ ਬਾਈਬਲ ਦੀ ਵਾਸਤਵਿਕਤਾ ਵਿਚ ਬਹੁਤ ਹੀ ਜ਼ਿਆਦਾ ਹੇਰਾਫੇਰੀਆਂ ਕੀਤੀਆਂ ਹਨ। ਜਿਥੋਂ ਸੱਚੇ ਅਤੇ ਰੱਬੀ ਲੋਕਾਂ ਨੂੰ ਸੱਚ ਦੀ ਪ੍ਰਾਪਤੀ ਅਸੰਭਵ ਹੋ ਗਈ ਸੀ। ਇਹੀ ਕਾਰਣ ਸੀ ਕਿ ਜਿਹੋਵਾ ਰੱਬ ਨੇ ਵਿਲੀਅਮ ਟੈਨਡੇਲ ਨੂੰ ਅਸਲੀ ਬਾਈਬਲ ਲਿਖਣ ਦੀ ਜ਼ਿੰਮੇਵਾਰੀ ਬਖ਼ਸ਼ੀ। ਭਾਵੇਂ ਇਨ੍ਹਾਂ ਪਾਦਰੀਆਂ ਨੇ ਵਿਲੀਅਮ ਟੈਨਡੇਲ ਦੀ ਲਿਖਤੀ ਬਾਈਬਲੀਕਲ ਸਮੱਗਰੀ ਅਗਨੀ ਭੇਟ ਕੀਤੀ ਅਤੇ ਟੈਨਡੇਲ ਨੂੰ ਭੀ ਕਬਾਬ ਬਣਾ ਕੇ ਸਾੜਿਆ ਗਿਆ ਔਰ ਹੁਣ ਇਨ੍ਹਾਂ ਸ਼ੈਤਾਨਾਂ ਦੀ ਮਨੋਕਲਪਤ ਬਾਈਬਲ ਘਾੜਤ ਦੀ ਰੁਚੀ ਨੂੰ, ਠੱਲ੍ਹ ਪਾਉਣ ਲਈ, ਜਿਹੋਵਾ ਪ੍ਰਮੇਸ਼ਵਰ ਨੇ ਚਾਰਲਸ ਰੱਸਲ ਨੂੰ ਭੇਜਿਆ ਹੈ। ਜਿਸ ਨੇ ਇਕ ਕਿਤਾਬ '*Study in the Scriptures*' ਲਿਖ ਕੇ ਲੋਕਾਂ ਨੂੰ ਜਿਹੋਵਾ ਪ੍ਰਤਿ ਸਹੀ ਸੰਦੇਸ਼ ਦਿੱਤਾ ਹੈ। *(The Kingdom of the Cults, p. 50)*

ਜਿਹੋਵਾ ਵਿਟਨੈਸ ਅਤੇ ਈਸਾਈ ਮਤਿ ਦੇ ਦੂਸਰੇ ਫ਼ਿਰਕਿਆਂ ਦੇ ਸਿਧਾਂਤਕ ਮਾਰਗ, ਵੱਖਰੀਆਂ ਵੱਖਰੀਆਂ ਸਮਾਂਨਾਂਤਰ (parallel) ਰੇਖਾਵਾਂ ਹਨ, ਜੋ ਕਦੀ ਭੀ ਪਰਸਪਰ ਲੀਨਤਾ ਦੇ ਖੇਤਰ ਵਿਚ ਨਹੀਂ ਸਮਾ ਸਕਦੀਆਂ ਕਿਉਂਕਿ

ਇਨ੍ਹਾਂ ਦੀ ਸਮੁੱਚੀ ਪਰਿਭਾਸ਼ਿਕ ਸ਼ਬਦਾਵਲੀ (terminology) ਵਿਚ ਬਹੁਤ ਹੀ ਵੱਡੀ ਅਤੇ ਡੂੰਘੀ ਖਾਈ ਹੈ। ਇਹ ਸਾਰੇ ਹੀ ਇਕ ਦੂਸਰੇ ਨੂੰ ਅਸ਼ੁਧ ਭੁਲਿਆ ਹੋਇਆ, ਕੁਰਾਹੇ ਪਿਆ ਹੋਇਆ ਅਤੇ ਉਝੜ ਪਾਂਧੀ ਜੈਸੀ ਸ਼ਬਦਾਵਲੀ ਦੁਆਰਾ ਕਲੰਕਤ ਕਰਦੇ ਹਨ। ਇਹੀ ਸਭ ਤੋਂ ਵੱਡਾ ਸੰਤਾਪ ਹੈ ਜਿਸ ਨੂੰ ਈਸਾਈ ਮਤਿ ਦੇ ਸਾਰੇ ਫ਼ਿਰਕੇ ਹੀ ਭੋਗ ਰਹੇ ਹਨ, ਕਿਉਂਕਿ ਇਨ੍ਹਾਂ ਦੀ ਸਿਧਾਂਤਕ ਪਰਿਭਾਸ਼ਾ ਇਕ ਨਹੀਂ ਹੈ। ਹਰ ਇਕ ਫ਼ਿਰਕੇ ਦੀ ਆਪਣੀ ਆਪਣੀ ਮਨੋਕਲਪਤ ਪਰਿਭਾਸ਼ਿਕ ਸ਼ਬਦਾਵਲੀ ਹੈ, ਜਿਵੇਂ :

1. ਰੱਬੀ ਪ੍ਰਮੁੱਖਤਾ ਦੀ ਬਜਾਏ, ਈਸਾ ਜੀ ਦੀ ਪ੍ਰਮੁੱਖਤਾ ਬਹੁਤ ਹੀ ਜ਼ਿਆਦਾ ਵੱਡੀ ਕਰਕੇ ਦਰਸਾਈ ਜਾਂਦੀ ਹੈ।

2. ਈਸਾ ਜੀ ਕੇਵਲ ਰੱਬ ਦਾ ਪੁੱਤਰ ਹੀ ਨਹੀਂ, ਬਲਕਿ ਰੱਬ ਦਾ ਸ਼ਰੀਕ ਕਰਕੇ ਦਰਸਾਇਆ ਜਾਂਦਾ ਹੈ।

3. ਈਸਾ ਜੀ ਰੱਬ ਹੈ ਜਾਂ ਆਖਦੇ ਹਨ (Deity of Christ) ਭਾਵ ਈਸਾ ਜੀ ਹੀ ਰੱਬ ਹੈ।

4. ਈਸਾ ਜੀ ਦੀ ਅਨੰਤਤਾ, ਭਾਵ ਈਸਾ ਜੀ ਰੱਬ ਨਾਲੋਂ ਭੀ ਪਹਿਲਾਂ ਅਤੇ ਸਦੀਵੀ ਹੈ (Eternity of Christ)।

5. ਈਸਾ ਜੀ ਰੱਬੀ ਉਤਪਤੀ ਨਹੀਂ ਹੈ ਬਲਕਿ ਸਦੀਵੀ ਹੈ, ਭਾਵ ਰੱਬ ਨਾਲੋਂ ਭੀ ਪਹਿਲਾਂ ਦਾ ਹੈ (Preexistence)।

6. ਕੁਝ ਅੰਜੀਲਕ ਸ਼ਬਦਾਂ ਦੇ ਅਸ਼ੁਧ ਅਰਥ ਕੱਢ ਕੇ ਈਸਾ ਜੀ ਨੂੰ ਸਰਬ-ਵਿਆਪੀ ਪ੍ਰਮੇਸ਼ਵਰ ਪ੍ਰਗਟ ਕਰਦੇ ਹਨ, ਜਿਵੇਂ *ਅੰਜੀਲ* ਵਿਚ ਇਕ ਸ਼ਬਦ ਆਇਆ ਹੈ ਜਿਥੇ ਜਿਹੋਵਾ ਪ੍ਰਮੇਸ਼ਵਰ ਈਸਾ ਪ੍ਰਤਿ ਆਖਦਾ ਹੈ ਕਿ :

"Thou art my Son, this day have I begotten thee" I will be a Father to Him, And He shall be a Son to me. *(Hebrew, 1:5)*

ਉਕਤ ਦਰਸਾਈਆਂ ਅੰਜੀਲਕ ਤੁਕਾਂ ਪ੍ਰਗਟ ਕਰਦੀਆਂ ਹਨ ਕਿ ਈਸਾ ਜੀ ਰੱਬ ਨਹੀਂ ਹੈ, ਬਲਕਿ ਰੱਬ ਦਾ ਪੁੱਤਰ ਹੈ (ਉਹ ਭੀ ਈਸਾਈ ਧਾਰਾ ਦੇ ਅਨੁਸਾਰ, ਪ੍ਰੰਤੂ ਦੂਸਰੇ ਧਰਮ ਉਸਨੂੰ ਰੱਬ ਦਾ ਪੁੱਤਰ ਭੀ ਸਵੀਕਾਰ ਨਹੀਂ ਕਰਦੇ ਬਲਕਿ ਇਕ ਰੱਬੀ ਪੈਗੰਬਰ ਹੀ ਸਵੀਕਾਰਦੇ ਹਨ), ਪ੍ਰੰਤੂ ਸੰਨ 325 ਦੇ ਨੈਸੀਅਨ ਏਲਾਨਨਾਮੇ ਤੋਂ ਉਪਰੰਤ ਈਸਾਈ ਪਾਦਰੀਆਂ ਨੇ ਸਮੂਲਚੇ ਈਸਾਈ ਜਗਤ ਵਿਚ ਐਸੀ ਗ਼ਲਤ-ਫ਼ਹਿਮੀ ਅਥਵਾ ਅਸ਼ੁਧ ਵਿਚਾਰਧਾਰਾ ਉਤਪੰਨ ਕਰ ਦਿੱਤੀ ਹੈ ਜੋ ਅੱਜ ਭੀ ਸਮੂਲਚੇ ਈਸਾਈ ਜਗਤ ਵਾਸਤੇ ਅਮਿੱਟ ਰੋਗ ਬਣ ਕੇ ਚਿੰਬੜੀ ਹੋਈ ਹੈ। ਜਿਵੇਂ '*The Kingdom of the Cults*' ਦਾ ਲਿਖਾਰੀ ਭੀ ਇਸੇ ਰੋਗ 'ਚ ਗ੍ਰਸਿਆ ਜਾਪਦਾ ਹੈ, ਉਹ ਲਿਖਦਾ ਹੈ ਕਿ :

(Jesus) not a creature or a demi-god but "God over all, that Jesus Christ before His incarnation was the eternal word, Wisdom, or Logos, of God, preexistence from all eternity, co-equal, co-existent, co-eternal with the Father. (And he claimed as instance)

But to be Biblical in the true sense of the term we must be willing to admit that He (Christ) was known prior to His incarnation as the eternal word.

(The Kingdom of the Cults, pp. 116-17)

7. ਈਸਾ ਜੀ ਨੂੰ ਪ੍ਰਮੇਸ਼ਵਰ ਆਖਣਾ ਅਥਵਾ ਵਾਹਿਗੁਰੂ ਦਾ ਸ਼ਰੀਕ ਬਣਾ ਕੇ ਪ੍ਰਗਟ ਕਰਨਾ, ਭਾਵ, "co-equal, co-existence, co-eternal" ਜੈਸੀ ਪਰਿਭਾਸ਼ਿਕ ਸ਼ਬਦਾਵਲੀ ਵਰਤਣੀ ਰੱਬ ਦੀ ਬਰਾਬਰੀ ਅਥਵਾ ਸ਼ਰਕਤ ਕਰਨੀ ਹੀ ਆਖੀ ਜਾ ਸਕਦੀ ਹੈ, ਜਿਸ ਦੀ ਬਾਬਤ ਪਾਵਨ ਗੁਰਬਾਣੀ ਅਤਿ ਗੰਭੀਰ ਸ਼ਬਦਾਵਲੀ ਦੁਆਰਾ ਤਾੜਨਾ ਕਰਦੀ ਹੈ, ਜਿਵੇਂ :

ਸਾਲਾਹਿਹੁ ਸਚੁ ਸਭ ਊਪਰਿ ਹਰਿ ਧਨੀ ॥
ਜਿਸੁ ਨਾਹਿ ਕੋਇ ਸਰੀਕੁ ਕਿਸੁ ਲੇਖੈ ਹਉ ਗਨੀ ॥

(ਤਿਲੰਗ ਮ: ੪, ਪੰਨਾ 723/7)

ਅੰਜੀਲਕ ਧਾਰਾ ਦੇ ਅਨੁਸਾਰ ਈਸਾ ਜੀ ਨੇ ਨਿਜੀ ਸੇਵਕਾਂ ਨੂੰ ਉਪਦੇਸ਼ ਦਿੰਦੇ ਹੋਏ ਸਵੈਮ ਤੌਰ 'ਤੇ ਆਖਿਆ ਸੀ ਕਿ ਉਹ ਪ੍ਰਮੇਸ਼ਰ ਮੇਰੇ ਨਾਲੋਂ ਬਹੁਤ ਹੀ ਵੱਡਾ ਹੈ। ਮੈਂ ਕੇਵਲ ਉਸ ਦਾ ਬੱਚਾ ਹਾਂ। ਇਸ ਧਾਰਾ ਦੀ ਵਿਰੋਧਤਾ ਕਰਦੇ ਹੋਏ ਇਹ ਲੋਕ ਜਾਣੇ ਅਨਜਾਣੇ ਈਸਾ ਜੀ ਨੂੰ ਰੱਬ ਦਾ ਸ਼ਰੀਕ ਕਿਉਂ ਬਣਾ ਰਹੇ ਹਨ ? ਇਸ ਪ੍ਰਸ਼ਨ ਦਾ ਉੱਤਰ ਕੇਵਲ ਇਹੀ ਜਾਪਦਾ ਹੈ ਕਿ ਦੁਤੀਆ ਪੂਜਕ (Gentile pagans) ਨੂੰ ਈਸਾਈ ਮਤਿ ਦੀ ਲਪੇਟ ਵਿਚ ਬੰਨ੍ਹਣ ਹਿਤ ਸੰਨ 325 ਵਿਚ ਜੋ ਨੈਸੀਅਨ ਏਲਾਨ ਕੀਤਾ ਗਿਆ, ਉਸ ਦੇ ਆਧਾਰ 'ਤੇ ਸਮੇਂ ਦੇ ਪਾਦਰੀਆਂ ਨੇ ਅੰਜੀਲਕ ਸਮੱਗਰੀ ਵਿਚ ਬਹੁਤ ਸਾਰੀਆਂ ਐਸੀਆਂ ਮਨੋਕਲਪਤ ਕਥਾ ਕਹਾਣੀਆਂ ਜੋੜ ਦਿੱਤੀਆਂ ਜੋ ਰੱਬੀ ਕਸਵੱਟੀ 'ਤੇ ਪਰਖਿਆਂ ਝੂਠੀਆਂ ਸਾਬਤ ਹੁੰਦੀਆਂ ਹਨ ਕਿਉਂਕਿ ਰੱਬ ਇਕ ਹੈ, ਕੇਵਲ ਅਤੇ ਕੇਵਲ ਇਕ ਹੈ, ਉਸ ਦਾ ਸ਼ਰੀਕ ਕੋਈ ਭੀ ਨਹੀਂ ਹੈ ਔਰ ਨਾ ਹੀ ਕੋਈ ਹੋ ਸਕਦਾ ਹੈ। ਜਿਵੇਂ ਅੰਜੀਲ ਆਖਦੀ ਹੈ :

I go to the Father; for the Father is greater than I.

(N.T. John 14:28)

ਉਕਤ ਦਰਸਾਈ ਵਾਰਤਾ ਦਾ ਤੱਤਸਾਰ ਇਹੀ ਹੈ ਕਿ ਕੇਵਲ ਵਾਹਿਗੁਰੂ ਹੀ ਵੱਡੀ ਹੂੰ ਵੱਡਾ ਹੈ, ਉਸ ਦਾ ਸ਼ਰੀਕ ਕੋਈ ਨਹੀਂ ਹੈ, ਉਸ ਦੀ ਬਰਾਬਰੀ ਕਰਨੀ ਸਭ

ਤੋਂ ਵੱਡਾ ਅਤੇ ਨਾ ਬਖ਼ਸ਼ਿਆ ਜਾਣ ਵਾਲਾ ਕੁਫ਼ਰ ਹੀ ਆਖਿਆ ਜਾ ਸਕਦਾ ਹੈ।

8. ਈਸਾ ਜੀ ਨੂੰ ਸਮੂਲਚੀ ਸ੍ਰਿਸ਼ਟੀ ਦੇ ਪਾਪਾਂ ਦਾ ਹਰਤਾ ਦਰਸਾਇਆ ਜਾਂਦਾ ਹੈ। ਐਸੀ ਮਨੋਕਲਪਤ ਗਾਥਾ ਨੂੰ ਈਸਾਈ ਮਤਿ ਦੇ ਆਮ ਬੁੱਧੀਜੀਵੀਆਂ ਨੇ ਸਵੀਕਾਰ ਨਹੀਂ ਕੀਤਾ ਹੈ, ਭਾਵ, ਜੈਸਾ ਕਰਮ ਕੋਈ ਕਰੇਗਾ ਉਸ ਕਰਮ ਦਾ ਫਲ ਲਾਜ਼ਮੀ ਹੀ ਭੁਗਤਣਾ ਪਵੇਗਾ। ਇਸ ਚਿੱਤਰ ਦੇ ਦੂਜੇ ਪਾਸੇ ਰੱਬੀ ਰਹਿਮਤ ਸਾਰੇ ਧਰਮਾਂ ਵਿਚੋਂ ਹੀ ਪ੍ਰਾਪਤ ਹੋ ਸਕਦੀ ਹੈ। ਜੋ ਕੋਈ ਇਨਸਾਨ ਆਪਣੇ ਧਰਮ ਦੇ ਆਧਾਰ 'ਤੇ ਵਾਹਿਗੁਰੂ ਦੀ ਪਨਾਹ ਵਿਚ ਆਵੇਗਾ, ਉਸ ਦੇ ਪਾਪਾਂ ਦੀ ਗੰਢੜੀ ਵਾਹਿਗੁਰੂ ਆਪ ਸੰਭਾਲ ਲੈਂਦਾ ਹੈ ਕਿਉਂਕਿ ਉਹ ਬਖ਼ਸ਼ੰਦ ਹੈ। ਉਸ ਦੀ ਬਖ਼ਸ਼ਸ਼ ਨੂੰ ਕਿਸੇ ਇਕ ਸਭਿਅਤਾ ਜਾਂ ਧਰਮ ਦੇ ਘੇਰੇ ਵਿਚ ਬੰਦ ਨਹੀਂ ਕੀਤਾ ਜਾ ਸਕਦਾ।

"Please do not bond the God in one part of the culture or religion."

9. ਈਸਾ ਜੀ ਦਾ ਸੂਲੀ ਚੜ੍ਹਨ ਤੋਂ ਬਾਅਦ ਦੋਬਾਰਾ ਜਿਊਂਦੇ ਹੋ ਜਾਣਾ ਇਸ ਧਾਰਾ ਪ੍ਰਤਿ ਆਪ ਜੀ ਕਰਮ ਨੰਬਰ 6.57 ਵਿਚ ਪੜ੍ਹ ਆਏ ਹੋ। ਪੁਨਰ ਜੀਵਨ ਧਾਰਾ ਪ੍ਰਤਿ ਹੋਰ ਜਾਣਕਾਰੀ ਵਾਸਤੇ ਕਰਮ ਨੰਬਰ 6.57 ਦੋਬਾਰਾ ਪੜ੍ਹਨ ਦੀ ਖੇਚਲ ਕਰਨ ਪ੍ਰਤਿ ਆਪ ਜੀ ਦੇ ਧੰਨਵਾਦੀ ਹੋਵਾਂਗੇ।

10. ਈਸਾ ਜੀ ਦਾ ਦੋਬਾਰਾ ਵਾਪਸ ਆਉਣਾ 'Physical Return of Christ' ਇਕ ਐਸੀ ਮਨੋਕਲਪਤ ਧਾਰਾ ਹੈ, ਜਿਸ ਦੀ ਰੂਪ-ਰੇਖਾ ਜਿਹੋਵਾ ਵਿਟਨੈਸ ਵਿਸ਼ਵਾਸੀ ਧਾਰਾ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ ਕਿ ਈਸਾ ਜੀ 1914 ਵਿਚ ਦੋਬਾਰਾ ਵਾਪਸ ਆ ਚੁੱਕੇ ਹਨ ਔਰ ਪਹਿਲੀ ਵਿਸ਼ਵ ਯੁੱਧ 1914-1918 ਵਿਚ ਪਾਪੀਆਂ ਦਾ ਵਿਨਾਸ਼ ਭੀ ਕਰ ਚੁੱਕੇ ਹਨ। ਦੇਖੋ:

"The physical return of Christ."

(The Kingdom of the Cults, pp. 79,99)

6.63 ਨਿਸ਼ਕਰਸ਼/ਸਿੱਟਾ (Conclusion)

ਉਕਤ ਦਰਸਾਈ ਵਾਰਤਾ ਦੇ ਆਧਾਰ 'ਤੇ ਈਸਾਈ ਮਤਿ ਪ੍ਰਤਿ ਸੰਖਿਪਤ ਖ਼ਿਆਲਾਂ ਦੀ ਲੜੀ ਸਮਾਪਤ ਕਰਨ ਤੋਂ ਪੇਸ਼ਤਰ ਅਤਿ ਲਾਜ਼ਮੀ ਹੈ ਕਿ ਅਸਾਨੂੰ ਈਸਾਈ ਮਤਿ ਦੇ ਪਰਸਪਰ ਅੰਦਰੂਨੀ ਵਾਦ-ਵਿਵਾਦ ਪ੍ਰਤਿ ਇਹ ਜਾਣਕਾਰੀ ਹੋ ਸਕੇ ਕਿ ਇਹ ਸਵੈਮ ਵਿਰੋਧੀ ਵਾਦ-ਵਿਵਾਦ ਕਿਉਂ ਹੈ? ਬਾਈਬਲ ਦੇ ਲੇਖਾਂ ਵਿਚ ਪਰਸਪਰ ਵਿਰੋਧੀ ਅਸੰਗਤਾ ਅਥਵਾ ਵਿਰੋਧਾਭਾਸ (contradiction) ਕਿਉਂ ਹੈ? ਇਸ ਸੰਤਾਪ ਪ੍ਰਤਿ ਖੋਜ ਕੀਤਿਆਂ ਇਸ ਨਤੀਜੇ 'ਤੇ ਰਸਾਈ ਹੁੰਦੀ ਹੈ ਕਿ ਈਸਾ ਜੀ ਦੀ ਮੌਤ ਤੋਂ ਉਪਰੰਤ ਪੂਰਬਕਾਲੀ ਈਸਾਈ

ਪਾਦਰੀਆਂ ਨੇ ਤਿੰਨ ਏਲਾਨ-ਨਾਮੇ (Creeds) ਲਾਗੂ ਕੀਤੇ, ਜਿਨ੍ਹਾਂ ਦੇ ਰਾਹੀਂ ਇਨ੍ਹਾਂ ਪਾਦਰੀਆਂ ਨੇ ਮਨਭਾਵਤ ਸੰਕਲਪ ਬਾਈਬਲ ਦੀਆਂ ਲਿਖਤਾਂ ਵਿਚ ਅੰਕਤ ਕੀਤੇ। ਤਿੰਨ ਏਲਾਨ-ਨਾਮੇ ਕਿਹੜੇ ਹਨ?

1. Apostle's Creed (ਪਾਦਰੀਆਂ ਦਾ ਏਲਾਨਨਾਮਾ)

ਇਹ ਏਲਾਨ ਪੂਰਬਕਾਲੀ ਪਾਦਰੀਆਂ ਵਲੋਂ ਸੰਨ 150 ਵਿਚ ਲਾਗੂ ਕੀਤਾ ਗਿਆ, ਜਿਸ ਵਿਚ ਈਸਾਈ ਮਤਿ ਦੀ ਦੀਖਿਆ ਪ੍ਰਣਾਲੀ ਪ੍ਰਤਿ ਅਤੇ ਧਾਰਮਕ ਰੀਤੀਆਂ ਦਾ ਵੇਰਵਾ ਦਿੱਤਾ ਗਿਆ ਸੀ। ਇਸ ਏਲਾਨ-ਨਾਮੇ ਦੀ ਨੇਮਾਵਲੀ ਨੂੰ ਅੱਜ ਭੀ ਰੋਮਨ ਕੈਥੋਲਿਕ ਧਰਮ ਦੇ ਉਪਾਸ਼ਕ ਮੰਨਨ ਕਰਦੇ ਹਨ। ਵਿਸ਼ੇਸ਼ ਕਰਕੇ ਜੰਟਾਇਲ ਪੈਗਨ ਨੂੰ ਈਸਾਈ ਮਤਿ ਦੇ ਖੇਤਰ ਵਿਚ ਘੜੀਸਣ ਵਾਸਤੇ ਇਹ ਏਲਾਨ-ਨਾਮਾ ਲਾਗੂ ਕੀਤਾ ਗਿਆ। ਇਸ ਏਲਾਨ-ਨਾਮੇ ਦੀ ਲਿਖਤੀ ਧਾਰਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ; ਜਿਵੇਂ ਕਿ ਮੈਂ ਰੱਬ ਵਿਚ ਭਰੋਸਾ ਰੱਖਦਾ ਹਾਂ ਜੋ ਸਰਬ-ਸ਼ਕਤੀਵਾਨ ਬਾਪ ਹੈ। ਜੋ ਸੁਰਗ ਅਤੇ ਧਰਤੀ ਦਾ ਸਾਜਣਹਾਰ ਹੈ ਅਤੇ ਈਸਾ ਜੀ 'ਤੇ ਵਿਸ਼ਵਾਸ ਰੱਖਦਾ ਹਾਂ ਜੋ ਉਸ ਰੱਬ ਦਾ ਇਕੋ ਇਕ ਬੇਟਾ ਅਤੇ ਅਸਾਡਾ ਈਸ਼ਵਰ ਹੈ ਜੋ ਪਵਿੱਤਰ ਰੂਹ ਦੇ ਆਸਰੇ ਗਰਭ ਵਿਚ ਆਇਆ ਅਤੇ ਕੁਮਾਰੀ ਮਰੀਅਮ ਨੂੰ ਪੈਦਾ ਹੋਇਆ। ਜਿਸ ਨੇ ਪੌਂਟੀਅਸ ਪਾਈਲੇਟ (Pontius Pilate) ਦੇ ਹੁਕਮ ਵਿਚ ਸੰਤਾਪ ਭੋਗਿਆ ਅਤੇ ਸੂਲੀ ਚਾੜ੍ਹਿਆ ਗਿਆ। ਉਹ ਮਰ ਗਿਆ ਅਤੇ ਦੱਬਿਆ ਗਿਆ। ਉਹ ਨਰਕਾਂ ਵਿਚ ਚਲਾ ਗਿਆ। ਤੀਜੇ ਦਿਨ ਫਿਰ ਮੁਰਦਿਆਂ ਵਿਚੋਂ ਉਠ ਕੇ ਜਿਊਂਦਾ ਹੋ ਗਿਆ ਅਤੇ ਸੁਰਗਾਂ ਵਿਚ ਚੜ੍ਹਾਈ ਕਰ ਗਿਆ ਅਤੇ ਫਿਰ ਉਹ ਸਰਬ ਕਲਾ ਸਮਰੱਥ ਪ੍ਰਮੇਸ਼ਵਰ ਦੇ ਸੱਜੇ ਪਾਸੇ ਜਾ ਬੈਠਾ। ਉਥੋਂ ਉਹ ਜੀਵਤ ਅਤੇ ਮੁਰਦਿਆਂ ਦੇ ਨਿਆਂਇ ਕਰਨ ਹਿਤ, ਵਾਪਸ ਆਵੇਗਾ। ਮੈਂ ਪਵਿੱਤਰ ਰੂਹ ਕੈਥੋਲਿਕ ਦੇ ਪਵਿੱਤਰ ਗਿਰਜਿਆਂ, ਈਸਾਈ ਸੰਤ ਜਨਾਂ ਦੇ ਸੰਗਠਨ ਵਿਚ ਭੀ ਯਕੀਨ ਕਰਦਾ ਹਾਂ। ਪਾਪਾਂ ਦੀ ਮਾਫ਼ੀ ਅਤੇ ਈਸਾ ਜੀ ਦੇ ਦੇਹੀ ਸਮੇਤ ਪੁਨਰ ਅਤੇ ਸਦੀਵੀ ਜੀਵਨ 'ਤੇ ਭੀ ਭਰੋਸਾ ਕਰਦਾ ਹਾਂ। ਇਹ ਸੀ ਉਹ ਏਲਾਨਨਾਮਾ ਜਿਸ ਦੀ ਗੰਢੜੀ ਵਿਚ ਦੁਤੀਆ ਭਾਉ (Gentiles and Pagans) ਸ਼੍ਰੇਣੀ ਦੇ ਲੋਕਾਂ ਨੂੰ ਈਸਾਈ ਮਤਿ ਦੀ ਲਪੇਟ ਵਿਚ ਲਿਆਂਦਾ ਗਿਆ। ਉਕਤ ਦਰਸਾਈਆਂ ਧਾਰਾਵਾਂ ਵਿਚੋਂ ਅੱਜ ਦੇ ਈਸਾਈ ਧਰਮ-ਸ਼ਾਸਤ੍ਰੀ ਕੇਵਲ ਰੱਬੀ ਹੋਂਦ ਅਤੇ ਈਸਾ ਜੀ ਦੀ ਪੈਗੰਬਰੀ ਹਸਤੀ ਨੂੰ ਮੰਨਨ ਤੋਂ ਇਲਾਵਾ ਹੋਰ ਸਮੂਲਚੇ ਏਲਾਨ-ਨਾਮੇ ਦਾ ਖੰਡਨ ਕਰਦੇ ਹਨ, ਜਿਸ ਦੀ ਬਾਬਤ ਆਪ ਜੀ ਉਕਤ ਲੇਖਾਂ ਵਿਚ ਪੜ੍ਹ ਆਏ ਹੋ। ਇਸ ਤੋਂ ਅੱਗੇ ਦੂਸਰਾ ਏਲਾਨ-ਨਾਮਾ ਅੰਕਤ ਕੀਤਾ ਜਾਵੇਗਾ, ਜਿਸ ਦੀ ਸੰਗਿਆ ਨਾਇਸੀਨ ਕੌਂਸਲ ਕਰਕੇ ਆਖੀ ਜਾਂਦੀ ਹੈ। ਇਸ ਏਲਾਨਨਾਮੇ ਪ੍ਰਤਿ ਆਪ ਜੀ ਈਸਾ ਜੀ ਦੀ ਪਦਵੀ

ਦੇ ਸਿਰਲੇਖ ਨੰਬਰ "6-50" ਵਿਚ ਪੜ੍ਹ ਆਏ ਹੋ। ਇਸ ਨੂੰ ਦੋਬਾਰਾ ਪੜ੍ਹਨ ਦੀ ਕਿਰਪਾ ਨੰਬਰ "6-50" ਵਿਚੋਂ ਕੀਤੀ ਜਾਵੇ।

2. ਨਾਇਸੀਨ ਕੌਂਸਲ (Nicene Conucils)

ਤ੍ਰੈ-ਮੁਖੀ ਰੱਬ ਪ੍ਰਤਿ ਵਧਿਆ ਹੋਇਆ ਵਾਦ-ਵਿਵਾਦ ਖ਼ਤਮ ਕਰਨ ਹਿਤ, ਈਸਾਈ ਚਰਚਾਂ ਵਲੋਂ ਤੁਰਕੀ ਦੇਸ਼ ਦੇ ਨਾਇਸੀਨ ਕਸਬੇ ਵਿਚ ਦੋ ਦਫ਼ਾ ਧਾਰਮਕ ਸਭਾ ਆਯੋਜਤ ਕੀਤੀ ਗਈ ਜਿਸ ਦੀ ਪ੍ਰਧਾਨਗੀ ਕੁਸਤਨਤੁਨੀਆਂ ਦੇ ਬਾਦਸ਼ਾਹ ਕੁਸਤੁਨਤੁਨ (Constantine) ਨੇ ਕੀਤੀ, ਤਾਂਕਿ ਤ੍ਰੈ-ਮੁਖੀ ਪ੍ਰਮੇਸ਼ਵਰੀ (Trinity, Triune) ਮਾਮਲੇ ਦਾ ਝਗੜਾ ਸੁਲਝਾਇਆ ਜਾਵੇ। ਸੰਨ 150 ਦੀ ਅਪੋਸਟਲ ਕਰੀਡ (Apostle Creed) ਦੇ ਸਮੇਂ ਮਿਸਰ ਦੇਸ਼ ਦੇ ਸ਼ਹਿਰ ਅਲੈਗਜੈਂਡਰੀਆ ਦਾ ਪਾਦਰੀ, ਜਿਸ ਦਾ ਨਾਮ ਐਰੀਅਸ (Arius) ਸੀ, ਉਸ ਨੇ ਤ੍ਰੈ-ਮੁਖੀ ਰੱਬੀ ਹੋਂਦ ਦੀ ਵਿਰੋਧਤਾ ਕੀਤੀ, ਜਿਸ ਦੀ ਵਾਦ-ਵਿਵਾਦੀ ਧਾਰਾ ਅੱਜ ਭੀ ਈਸਾਈ ਜਗਤ ਵਿਚ ਐਰੀਅਨ ਝਗੜੇ 'The dispute caused by the Arian view of the Trinity' ਦੇ ਨਾਮ ਦੁਆਰਾ ਪੁਕਾਰੀ ਜਾਂਦੀ ਹੈ। ਐਰੀਅਸ ਇਕ ਪਾਦਰੀ ਸੀ, ਜੋ ਅਲੈਗਜੈਂਡਰੀਆ ਦੇ ਰਹਿਣ ਵਾਲਾ ਸੀ, ਜਿਸ ਨੇ ਸੰਨ 150 ਦੀ ਪਾਦਰੀ ਸਭਾ ਦੇ ਸਮੇਂ ਈਸਾ ਜੀ ਨੂੰ ਰੱਬੀ ਪਦਵੀ ਦੇਣ ਦੇ ਵਿਰੋਧ ਵਿਚ ਆਵਾਜ਼ ਉਠਾਈ ਸੀ। ਉਸ ਨੇ ਆਖਿਆ ਸੀ ਕਿ ਈਸਾ ਜੀ ਰੱਬ ਦੀ ਬਰਾਬਰੀ ਨਹੀਂ ਕਰ ਸਕਦਾ ਬਲਕਿ ਇਕ ਰਸੂਲ ਹੈ, ਕਿਉਂਕਿ ਈਸਾ ਜੀ ਰੱਬੀ ਵਾਸਤਵਿਕਤਾ ਨਹੀਂ ਹੈ ਬਲਕਿ ਰੱਬ ਦਾ ਸੇਵਕ ਹੈ। ਇਹੀ ਉਹ ਧਾਰਾ ਹੈ, ਜਿਸ ਦੀ ਓਟ ਲੈ ਕੇ ਜਿਹੋਵਾ ਵਿਟਨੈਸ ਦੀ ਸੰਸਥਾ ਤ੍ਰੈ-ਮੁਖੀ ਰੱਬੀ ਹੋਂਦ ਨੂੰ ਸਵੀਕਾਰ ਨਹੀਂ ਕਰਦੀ। ਐਰੀਅਸ ਨੇ ਤ੍ਰੈ-ਮੁਖੀ ਰੱਬੀ ਹੋਂਦ ਦਾ ਮਨੋਕਲਪਤ ਪਾਜ, ਪ੍ਰਗਟ ਤੌਰ 'ਤੇ ਦੁਨੀਆ ਦੇ ਸਾਹਮਣੇ ਰੱਖਿਆ ਹੈ ਤਾਂਕਿ ਦੁਨੀਆ ਦਾ ਇਨਸਾਨ ਮਨੋਕਲਪਤ ਰੱਬੀ ਬਰਾਬਰੀ ਦੇ ਕੁਫ਼ਰ ਤੋਂ ਸੁਰੱਖਿਅਤ ਰਹਿ ਸਕੇ, ਜਿਵੇਂ :

> Arius of course, rejected this as illogical and unreasonable.
> *(The Kingdom of the Cults, p. 115)*

ਐਰੀਅਸ ਵਲੋਂ ਸਥਾਪਤ ਕੀਤੀ ਹੋਈ ਸਹੀ ਅਤੇ ਸੱਚੀ ਧਾਰਾ ਨੂੰ ਈਸਾਈ ਵਿਰੋਧੀ ਧਾਰਾ ਸਮਝਦੇ ਹੋਏ, ਈਸਾਈ ਜਗਤ ਦੇ ਗਿਰਜਿਆਂ ਨੇ ਇਕੱਤਰ ਹੋ ਕੇ ਸੰਨ 325 ਨਾਇਸੀਨ ਕਸਬੇ ਵਿਚ ਇਕ ਸਭਾ ਆਯੋਜਤ ਕੀਤੀ, ਜਿਸ ਸਭਾ ਦੀ ਸੰਗਿਆ ਨਾਇਸੀਨ ਕੌਂਸਲ ਕਰਕੇ ਆਖੀ ਜਾਂਦੀ ਹੈ। ਇਸ ਕੌਂਸਲ ਦੇ ਦੌਰਾਨ ਉਨ੍ਹਾਂ ਸਾਰੇ ਲੋਕਾਂ ਨੂੰ ਈਸਾਈ ਧਰਮ ਵਿਚੋਂ ਵੰਚਿਤ ਕੀਤਾ ਗਿਆ ਜੋ ਸੰਨ 150 ਵਿਚ ਘੋਸ਼ਤ ਕੀਤੀ ਹੋਈ ਮਨੋਕਲਪਤ ਗਾਥਾ ਨੂੰ ਸਵੀਕਾਰ

ਨਹੀਂ ਕਰਦੇ ਸਨ, ਜਿਸ ਦੀ ਸਹੀ ਰੂਪ-ਰੇਖਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

The early church fathers were in essential agreement that Jesus Christ pre-existed from all eternity in a unique relationship to God the Father. In the year 325 at the Council of Nicaea it was officially proclaimed that Jesus Christ was of the same substance or nature as the Father, and those who differed from this pronouncement which the Church had always held were excommunicated. Among them was, Arius of Alexandria, a learned Presbyter and the Christological father of Jehovah's Witnesses. Arius held that Jesus Christ was a created being.

(The Kingdom of the Cults, p. 115)

Arianism :

ਇਹ ਪੂਰਬਕਾਲੀ ਈਸਾਈ ਮਤਿ ਦੀ ਵਿਚਾਰਧਾਰਾ ਹੈ ਜਿਸ ਦੀ ਰੂਪ-ਰੇਖਾ ਐਰੀਅਸ ਨਾਮੀਂ ਪਾਦਰੀ ਨੇ ਘੜੀ। ਇਹ ਪਾਦਰੀ ਅਲੈਗਜੈਂਡਰੀਆ ਸ਼ਹਿਰ ਮਿਸਰ ਦਾ ਵਸਨੀਕ ਸੀ। ਲਗਪਗ ਸੰਨ 318 ਵਿਚ ਐਰੀਅਸ ਪਾਦਰੀ ਅਤੇ ਉਸ ਦੇ ਅਨੁਯਾਈਆਂ ਨੇ ਤ੍ਰੈ-ਮੁਖੀ ਰੱਬੀ ਸਿਧਾਂਤ, ਈਸਾ ਜੀ ਦੀ ਰੱਬੀ ਸ਼ਰਕਤ, ਈਸਾ ਜੀ ਦੇ ਪ੍ਰਮੇਸ਼ਵਰ ਨਾਲ ਬਾਪ ਬੇਟੇ ਦੇ ਰਿਸ਼ਤੇ ਨੂੰ ਰੱਦ ਕਰ ਦਿੱਤਾ। ਗ਼ਰਜ਼ੇਕਿ, ਐਰੀਅਸ ਨੇ ਲੋਕਾਂ ਨੂੰ ਉਪਦੇਸ਼ ਦਿੱਤਾ ਕਿ ਈਸਾ ਜੀ ਰੱਬ ਦਾ ਪੈਦਾ ਕੀਤਾ ਹੋਇਆ ਇਕ ਪਵਿੱਤਰ ਰਸੂਲ ਸੀ। ਈਸਾ ਜੀ ਸਦੀਵੀ ਨਹੀਂ ਹੈ। ਈਸਾ ਆਦੀ ਅਤੇ ਅਨਾਦੀ ਹੋਂਦ ਨਹੀਂ ਹੈ। ਪ੍ਰੰਤੂ, ਪ੍ਰਮੇਸ਼ਵਰ ਨੇ ਉਸਨੂੰ ਜੀਵਾਂ ਦੇ ਤਾਰਨ ਹਿਤ ਪੈਦਾ ਕੀਤਾ ਤੇ ਭੇਜਿਆ ਹੈ। ਪਰਿਣਾਮ ਵਜੋਂ ਈਸਾਈ ਕੌਂਸਿਲ ਨੇ ਬਾਦਸ਼ਾਹ ਕੁਸਤੁਨਤੁਨ ਦੀ ਸਹਾਇਤਾ ਦੁਆਰਾ ਪਾਦਰੀ ਐਰੀਅਸ ਅਤੇ ਉਸ ਦੇ ਚੇਲਿਆਂ ਨੂੰ ਕਾਫ਼ਰ ਦੀ ਉਪਾਧੀ ਦਾ ਫ਼ਤਵਾ ਦਿੰਦੇ ਹੋਏ ਸੰਨ 318 ਵਿਚ ਈਸਾਈ ਮਤਿ ਦੇ ਦਾਇਰੇ 'ਚੋਂ ਖਾਰਜ ਕਰ ਦਿੱਤਾ। ਪ੍ਰੰਤੂ ਪਾਦਰੀ ਐਰੀਅਸ ਦੇ ਅਨੁਯਾਈ ਅੱਜ ਭੀ ਈਸਾਈ ਮਤਿ ਦੀ ਮਨੋਕਲਪਤ ਧਾਰਾ ਦੇ ਵਿਰੁੱਧ, ਵਿਰੋਧੀ ਸੰਸਥਾ ਵਜੋਂ ਗਤੀਸ਼ੀਲ ਹਨ। ਅੱਠਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਇਸ ਮਨੋਕਲਪਤ ਧਾਰਾ ਦੇ ਵਿਰੋਧ ਵਿਚ ਬਹੁਤ ਵੱਡਾ ਵਾਦ-ਵਿਵਾਦ ਹੋਇਆ, ਜਿਸ ਨੂੰ ਸੁਲਝਾਵਨ ਹਿਤ, ਕੁਸਤੁਨਤੁਨ ਬਾਦਸ਼ਾਹ ਦੀ ਸਰਪ੍ਰਸਤੀ ਪ੍ਰਾਪਤ ਕਰਦੇ ਹੋਏ ਈਸਾਈ ਪਾਦਰੀਆਂ ਨੇ ਨਾਇਸੀਨ ਕਸਬੇ ਵਿਚ ਦੋਬਾਰਾ ਸੰਨ 787 ਵਿਚ ਇਕ ਹੋਰ ਕੌਂਸਿਲ ਬੁਲਾਈ, ਤਾਂਕਿ ਸੰਨ 150 ਦੀ ਸਵੈਮ ਰਚਿਤ ਪਾਦਰੀ-ਧਾਰਾ ਨੂੰ ਈਸਾਈ ਜਗਤ ਦੀ ਨਿਤਾਪ੍ਰਤਿ ਮਰਯਾਦਾ ਦਾ ਅਵਿੱਛੜ ਅੰਗ ਘੋਸ਼ਤ ਕੀਤਾ

ਜਾ ਸਕੇ। ਇਥੇ ਤਕ ਨਾਇਸੀਨ ਕੌਂਸਿਲ ਦੀ ਵਿਆਖਿਆ ਸਮਾਪਤ ਹੁੰਦੀ ਹੈ, ਇਸ ਤੋਂ ਅਗਲੇਰੇ ਪੰਨਿਆਂ ਵਿਚ ਸੰਖਿਪਤ ਤੋਰ 'ਤੇ ਟ੍ਰੈਂਟ ਕੌਂਸਲ ਪ੍ਰਤਿ ਵਿਚਾਰ ਵਿਮੱਰਸ਼ ਕਰਨ ਦੀ ਆਗਿਆ ਚਾਹਾਂਗੇ।

3. ਟ੍ਰੈਂਟ ਕੌਂਸਿਲ (Trent Council of 1545-1563)

ਟ੍ਰੈਂਟ ਕੌਂਸਿਲ ਦੀ ਵਧੇਰੇ ਜਾਣਕਾਰੀ ਹਿਤ ਦੇਖੋ ਪਿਛਲੇਰੀ ਲਿਖਤ ਨੰਬਰ '6.53' ਤਾਂਕਿ ਅਸਾਡੇ ਸਾਹਮਣੇ ਈਸਾਈ ਮਤਿ ਦੀ ਵਾਸਤਵਿਕ ਰੂਪ-ਰੇਖਾ ਦੀ ਝਲਕ ਆਸ਼ਕਾਰ ਹੋ ਸਕੇ। ਇਹ ਕੌਂਸਿਲ ਟ੍ਰੈਂਟ (ਇਟਲੀ) ਦੇ ਸਥਾਨ 'ਤੇ ਸਥਾਪਤ ਕੀਤੀ ਗਈ, ਜਿਸ ਵਿਚ ਅਨਿਕ ਪ੍ਰਕਾਰੀ ਸੰਮੇਲਨ ਕੀਤੇ ਗਏ ਤਾਂਕਿ ਇਹ ਨਿਰਣੈ ਕੀਤਾ ਜਾ ਸਕੇ ਕਿ:

1. ਈਸਾਈ ਮਤਿ ਵਿਚ ਆਇਪੋਕਰੈਫ਼ਾ ਦਾ ਕੀ ਸਥਾਨ ਹੈ? 2. ਕੀ ਪਿਤਾ ਪੁਰਖੀ ਰਵਾਇਤੀ ਕਥਾ ਕਹਾਣੀਆਂ *ਅੰਜੀਲ* ਦੇ ਸਮਤੁਲਤ ਹਨ ਜਾਂ ਨਹੀਂ? 3. *ਅੰਜੀਲ* ਦੇ ਲਿਖਤੀ ਨੁਸਖ਼ਿਆਂ (ਪੂਰਬ ਲਿਖਤੀ ਪੱਟੀਆਂ) ਵਿਚ ਜੋ ਪਰਸਪਰ ਵਿਰੋਧੀ ਖ਼ਿਆਲ ਹਨ, ਉਨ੍ਹਾਂ ਨੂੰ ਕਿਵੇਂ ਦੂਰ ਕੀਤਾ ਜਾਵੇ? (ਈਸਾਈ ਮਤਿ ਦੇ ਅਨੁਯਾਈਆਂ ਵਿਚ ਇਕ ਬਹੁਤ ਹੀ ਵੱਡੀ ਅਤੇ ਸ਼ਲਾਘਾਯੋਗ ਖ਼ੂਬੀ ਹੈ ਕਿ ਇਹ ਕਿਸੇ ਭੀ ਉਲਝੀ ਹੋਈ ਸਮੱਸਿਆ ਦਾ ਸਮਾਧਾਨ "ਮਿਲਬੇ ਕੀ ਮਹਿਮਾ" ਦੇ ਖੇਤਰ ਵਿਚੋਂ ਅਕਸਰ ਲੱਭ ਹੀ ਲੈਂਦੇ ਹਨ। ਪ੍ਰੰਤੂ ਇਹ ਇਤਨੇ ਚਾਤੁਰ ਹਨ ਕਿ ਇਨ੍ਹਾਂ ਨੇ ਆਪਣੀਆਂ ਧਾਰਮਕ ਕਿਤਾਬਾਂ ਵਿਚ ਮਨੋਕਲਪਤ ਕਥਾ ਕਹਾਣੀਆਂ ਨੂੰ ਲਿਖਣ ਲੱਗਿਆਂ ਕਦੇ ਭੀ ਅਤੇ ਕਿਸੇ ਪ੍ਰਕਾਰੀ ਭੀ ਵਿਲੰਬਤਾ (ਦੇਰ) ਨਹੀਂ ਕੀਤੀ। *(ਦੇਖੋ, ਮਾਅਰਫ਼ਲ ਕੁਰਾਨ, ਪੰਨਾ 36)*

ਧਾਰਮਕ ਰੀਤੀਆਂ ਅਤੇ ਧਰਮ ਦੀ ਨੇਮਾਵਲੀ ਰੱਬੀ-ਮਿਲਾਪ ਦਾ ਸਾਧਨ ਹੁੰਦੀਆਂ ਹਨ ਤਾਂਕਿ ਹਰ ਇਕ ਇਨਸਾਨ ਸੁਖ ਸ਼ਾਂਤੀ ਦਾ ਜੀਵਨ ਬਤੀਤ ਕਰਦਾ ਹੋਇਆ, ਸਵੈਮ ਮੂਲਿਕ ਸੋਮੇ ਵਿਚ ਲੀਨਤਾ ਪ੍ਰਾਪਤ ਕਰ ਸਕੇ। ਪ੍ਰੰਤੂ ਧਰਮ ਦੀ ਇਤਨੀ ਦੁਰਵਰਤੋਂ ਹੋ ਰਹੀ ਹੈ ਕਿ ਨਿਜੀ ਧਰਮ ਦੀ ਪੱਟੀ ਗਲੇ ਵਿਚ ਲਟਕਾ ਕੇ ਨਕਲੀ ਕਥਾ ਕਹਾਣੀਆਂ ਦੁਆਰਾ ਭੋਲੇ-ਭਾਇ ਜੀਵਨ ਬਤੀਤ ਕਰਨ ਵਾਲੇ ਸਾਧਾਰਨ ਵਿਅਕਤੀਆਂ ਨੂੰ ਇਤਨਾ ਗੁੰਮਰਾਹ ਕੀਤਾ ਜਾਂਦਾ ਹੈ ਕਿ ਅਗਿਆਨੀ ਲੋਕ ਮਨੋਕਲਪਤ ਕਥਾ ਕਹਾਣੀਆਂ ਦੇ ਪ੍ਰਭਾਵ ਦੁਆਰਾ ਰਸਾਤਲ ਦੀਆਂ ਅਵਰੋਹੀ ਖ਼ੰਦਕਾਂ ਵਿਚ ਇਤਨੇ ਗ਼ਰਕ ਹੋ ਜਾਂਦੇ ਹਨ ਕਿ ਉਹ ਨਿਜੀ ਧਰਮ ਦੀਆਂ ਆਸਮਾਨੀ ਪੌੜੀਆਂ ਤੋਂ ਖਿਸਕਦੇ ਖਿਸਕਦੇ ਆਇਪੋਕਰੈਫ਼ੀ ਗੁੰਝਲਾਂ ਵਿਚ ਜਕੜੇ ਜਾਂਦੇ ਹਨ, ਕਿਉਂਕਿ ਚਾਤੁਰ ਲੋਕ ਕਲਪਤ ਕਥਾ ਕਹਾਣੀਆਂ ਦੁਆਰਾ ਸਾਧਾਰਨ ਲੋਕਾਂ ਦਾ ਦੀਨ ਭ੍ਰਿਸ਼ਟ ਕਰਨ ਹਿਤ ਧਰਮ ਦੀ ਦੁਰਵਰਤੋਂ ਕਰਦੇ ਹਨ।

7

ਧਰਮ ਦੀ ਦੁਰਵਰਤੋਂ (Misuse of Faith)

7.64 ਧਰਮ ਇਕ ਐਸਾ ਮਾਰਗ ਹੈ ਜਿਸ 'ਤੇ ਯਾਤਰਾ ਕਰਦਾ ਹੋਇਆ ਜੀਵ ਫ਼ਰਸ਼ਾਂ ਤੋਂ ਉੱਠ ਕੇ ਅਰਸ਼ਾਂ ਵਿਚ ਪ੍ਰਵੇਸ਼ ਕਰਦਾ ਹੈ। ਗਰਜ਼ੇਕਿ, ਆਪਣੀ ਬੁਨਿਆਦੀ ਸਰੋਤ ਵਿਚ ਅਭੇਦ ਹੋ ਜਾਂਦਾ ਹੈ। ਆਤਮਕ ਚਿੰਤਨ ਦੀਆਂ ਪੌੜੀਆਂ 'ਤੇ ਚੜ੍ਹਨ ਲੱਗਿਆਂ ਕਈ ਦਫ਼ਾ ਐਸਾ ਅਨੁਭਵ ਪ੍ਰਗਟ ਹੋਇ ਆਂਵਦਾ ਹੈ ਕਿ ਹਰ ਇਨਸਾਨ ਦਾ ਧਰਮ ਉਸ ਦੇ ਦੁੱਖਾਂ ਅਤੇ ਸੁੱਖਾਂ ਦੀ ਸ਼ੈਲੀ ਹੈ। ਦੁੱਖਾਂ ਦੀ ਨਵਿਰਤੀ ਵਾਸਤੇ ਅਤੇ ਸੁੱਖਾਂ ਦੀ ਪ੍ਰਾਪਤੀ ਹਿਤ ਕਿਸੇ ਅਗੰਮੀ ਸ਼ਕਤੀ ਦੀ ਝਾਕ ਰੱਖਣੀ, ਉਸ ਦੇ ਵਿਸ਼ਵਾਸ ਵਿਚ ਬੱਝੇ ਰਹਿਣਾ ਹੀ ਪੂਰਬਕਾਲੀ ਇਨਸਾਨ ਦਾ ਧਰਮ ਆਖਿਆ ਜਾ ਸਕਦਾ ਹੈ। ਜਾਪਦਾ ਇੰਝ ਹੈ ਕਿ ਜਿਵੇਂ ਦੁੱਖਾਂ ਦਾ ਭੈ ਅਤੇ ਸੁੱਖਾਂ ਦੀ ਲਾਲਸਾ ਦੇ ਖੇਤਰ ਵਿਚੋਂ ਹੀ ਧਰਮ ਦੀ ਉਤਪਤੀ ਹੋਈ ਹੋਵੇ। ਇਹੀ ਵੱਡਾ ਕਾਰਨ ਸੀ ਕਿ ਦੁੱਖਾਂ ਤੋਂ ਤ੍ਰਭਕਿਆ ਹੋਇਆ ਜੀਵ ਉਨ੍ਹਾਂ ਚੀਜ਼ਾਂ ਦੀ ਪੂਜਾ ਕਰਨ ਲੱਗਾ ਜਿਨ੍ਹਾਂ ਤੋਂ ਉਸ ਨੂੰ ਡਰ, ਭੈ ਅਤੇ ਸੰਕਟਮਈ ਸਥਿਤੀ ਦਾ ਸਾਹਮਣਾ ਕਰਨਾ ਪਿਆ। ਜਿਵੇਂ ਆਸਮਾਨੀ ਬਿਜਲੀ ਦੀ ਕੜਕ ਅਤੇ ਮਾਰੂ ਝਪਟ, ਨਦੀਆਂ ਦੇ ਹੜ੍ਹ, ਅਨੇਕਾਂ ਪ੍ਰਕਾਰ ਦੀਆਂ ਬੀਮਾਰੀਆਂ, ਸੱਪਾਂ ਦਾ ਜ਼ਹਿਰ, ਜੰਗਲੀ ਜਾਨਵਰਾਂ ਦੇ ਡਰਾਵੇ ਅਤੇ ਜਾਨ ਲੇਵਾ ਹਮਲੇ, ਸਰੀਰਕ ਰੋਗ ਅਤੇ ਮੌਤ ਜੈਸੇ ਵਿਨਾਸ਼ਕਾਲੀ ਆਕਰਮਣ ਅਤੇ ਭਿਆਨਕ ਹਮਲਿਆਂ ਤੋਂ ਭੈ-ਭੀਤ ਹੋਏ ਇਨਸਾਨ ਨੇ ਇਨ੍ਹਾਂ ਚੀਜ਼ਾਂ ਦੀ ਪੂਜਾ ਅਤੇ ਇਨ੍ਹਾਂ ਦੁਖਦਾਇਕ ਸ਼ਕਤੀਆਂ ਨੂੰ ਪ੍ਰਸੰਨ ਕਰਨ ਹਿਤ, ਕਿਸੇ ਸਮੱਗਰੀ ਦੁਆਰਾ ਹੋਮ ਕ੍ਰਿਆ, ਪਸ਼ੂ ਆਦਿ ਜੀਵਾਂ ਦੀ ਬਲੀ ਦੇਣੀ ਆਰੰਭ ਦਿੱਤੀ। ਇਸ ਕ੍ਰਿਆ-ਸ਼ੈਲੀ ਨੂੰ ਹੀ ਨਿਜੀ ਵਿਸ਼ਵਾਸ ਅਥਵਾ ਸਵੈਮ ਧਰਮ ਦਾ ਖੇਤਰ ਸਮਝ ਬੈਠਾ। ਇਸ ਚਿੱਤਰ ਦੇ ਪ੍ਰਤਿਕਰਮ, ਸੁਖਦਾਇਕ ਸ਼ਕਤੀਆਂ ਜਿਵੇਂ ਸੂਰਜ, ਚੰਦਰਮਾ, ਪੀਣ ਵਾਲਾ ਪਾਣੀ, ਵਰਖਾ ਦਾ ਜਲ, ਅਗਨੀ, ਹਵਾ, ਬਿਰਖਾਂ ਦੀ ਛਾਂ, ਤਾਰਿਆਂ ਦੀ ਰਿਮਝਿਮ, ਦੁੱਧ ਦੇਣ ਵਾਲੇ ਪਸ਼ੂ, ਸਵਾਰੀ ਕਰਨ ਵਾਲੇ ਜਾਨਵਰ ਆਦਿ ਸੁਖਦਾਇਕ ਦੇਵਤੇ ਸਵੀਕਾਰ ਕੀਤੇ ਗਏ। ਇਨ੍ਹਾਂ ਸੁਖਦਾਇਕ ਸ਼ਕਤੀਆਂ ਦੀ

ਪੂਜਾ ਦਾ ਦਾਇਰਾ ਭੀ ਇਨਸਾਨ ਦੇ ਜੀਵਨ ਵਿਚ ਉਤਨਾ ਹੀ ਭਾਰੂ ਹੈ ਜਿਤਨਾ ਕਿ ਦੁਖਦਾਇਕ ਸ਼ਕਤੀਆਂ ਦਾ ਖੇਤਰ ਹੈ। ਉਕਤ ਵਾਰਤਾ ਦਾ ਸਾਰੰਸ਼ ਇਹ ਹੋਇਆ ਕਿ ਆਮ ਸਾਧਾਰਣ ਜੀਵ, ਜਿਸ ਨੂੰ ਧਰਮ ਦੀ ਬਾਬਤ ਵਾਸਤਵਿਕ ਜਾਣਕਾਰੀ ਨਹੀਂ ਹੈ, ਉਹ ਭੈ ਅਤੇ ਲਾਲਚ ਦੇ ਅਧੀਨ ਧਰਮ ਦੇ ਦਾਇਰੇ ਵਿਚ ਪ੍ਰਵੇਸ਼ ਕਰਦਾ ਅਤੇ ਕਈ ਦਫ਼ਾ ਨਿਜੀ ਧਰਮ ਤਿਆਗ ਕੇ ਕਿਸੇ ਦੂਸਰੇ ਧਰਮ ਦਾ ਓਟ ਆਸਰਾ ਭੀ ਗ੍ਰਹਿਣ ਕਰਦਾ ਹੈ ਤਾਂਕਿ ਭੈ-ਦਾਇਕ ਸ਼ਕਤੀਆਂ ਤੋਂ ਸੁਰੱਖਿਆ ਅਤੇ ਸੰਸਾਰੀ ਪਦਾਰਥਾਂ ਦੇ ਲਾਲਚ ਦੀ ਰੁਚੀ ਪੂਰੀ ਹੋ ਸਕੇ। ਅਤੀਤ ਕਾਲ ਤੋਂ ਹੀ ਇਸ ਸੰਸਾਰ ਵਿਚ ਕੁਝ ਐਸੀਆਂ ਸ਼ੈਤਾਨਿਕ ਮੰਡਲੀਆਂ ਹਨ ਜੋ ਭੈ ਅਤੇ ਲਾਲਚ ਦੇ ਸ਼ਸਤ੍ਰਾਂ ਦੁਆਰਾ ਸੁਬੱਲਤ ਹੁੰਦੀਆਂ ਹਨ। ਵਾਸਤਵਿਕ ਤੌਰ 'ਤੇ ਇਹੀ ਉਹ ਜਨੂੰਨੀ ਟੋਲੇ ਹਨ ਜੋ ਇਨਸਾਨ ਦੇ ਰੂਪ ਵਿਚ ਧਾਰਮਕ ਬੁਰਕੇ ਪਹਿਨ ਕੇ, ਸਾਧਾਰਣ ਜੀਵਾਂ ਦਾ ਦੀਨ ਭ੍ਰਿਸ਼ਟ ਕਰਨ ਹਿਤ, ਧਰਮ ਦੀ ਦੁਰਵਰਤੋਂ ਕਰਦੇ ਹੋਏ ਸ਼ੈਤਾਨੀਅਤ ਦਾ ਕਰਤੱਵ ਅਦਾ ਕਰਦੇ ਹਨ। ਇਹੀ ਲੋਕ ਹਨ ਜੋ ਅੱਲਹ ਕੇ ਨਾਮ ਪਰ ਕਤਲੋ-ਗਾਰਤ ਕਰਤੇ ਹੈਂ।

ਰੋਮਨ ਹਕੂਮਤ ਦੇ ਬਾਦਸ਼ਾਹ ਡੀਸੀਅਸ (Decius) ਨੇ ਸੰਨ 248 ਈਸਵੀ ਵਿਚ ਰੋਮਨ ਸ਼ਾਸਨ ਦੀ ਹਜ਼ਾਰ ਸਾਲਾ ਜਯੰਤੀ ਦਾ ਉਤਸਵ ਮਨਾਇਆ। ਪੂਰਬਕਾਲੀ ਰੋਮਨ ਸ਼ਾਸਨਿਕ ਤੇਜੱਸਵੀ ਰੀਤੀਆਂ ਅਤੇ ਗੌਰਵਮਈ ਠਾਠਬਾਠ ਦਾ ਪ੍ਰਗਟਾਵਾ ਕਰਨ ਹਿਤ ਇਹ ਸਮਾਂ ਅਤਿ ਵਾਜਬ ਅਤੇ ਢੁਕਵਾਂ ਸਮਾਂ ਸੀ। ਸ਼ਾਸਨਿਕ ਸ਼ਾਨੋ-ਸ਼ੌਕਤ ਤੇ ਤੇਜੱਸਵੀ ਅਤੇ ਗੌਰਵਮਈ ਵਿਰਸੇ ਦਾ ਸਿਹਰਾ ਵਿਸ਼ੇਸ਼ ਕਰਕੇ ਪੁਰਾਤਨ ਰੋਮਨ ਧਰਮ ਦੀ ਮਨੌਤ ਅਤੇ ਦੇਸ਼-ਭਗਤੀ ਦੇ ਪੁਨਰ ਸੰਗਠਨ ਦਾ ਇਵਜ਼ਾਨਾ ਹੀ ਪ੍ਰਗਟ ਕੀਤਾ ਗਿਆ। ਪ੍ਰੰਤੂ ਇਨ੍ਹਾਂ ਦਿਨਾਂ ਵਿਚ ਹੀ ਜੰਗਲੀ ਅਤੇ ਉਜੱਡ ਵਾਸੀਆਂ (Barbarian) ਵਲੋਂ ਅਤਿ ਭਿਅੰਕਰ ਹਮਲੇ ਅਤੇ ਦੇਸ਼ ਦੀ ਅੰਦਰੂਨੀ ਵਾਦ-ਵਿਵਾਦੀ ਚੇਸ਼ਟਾ ਨੇ ਰੋਮਨ ਸ਼ਾਸਨ ਵਾਸਤੇ ਅਤਿ ਗੰਭੀਰ ਸਥਿਤੀ ਉਤਪੰਨ ਕਰ ਦਿੱਤੀ। ਜਨਤਕ ਰੁਝਾਨ ਅਤੇ ਰਾਏ ਦੇ ਆਧਾਰ 'ਤੇ ਈਸਾਈ ਮਤਿ ਦਾ ਪਸਾਰਾ ਹੀ ਐਸੀ ਭਿਅੰਕਰ ਸਥਿਤੀ ਦਾ ਮੁਖ ਕਾਰਣ ਠਹਿਰਾਇਆ ਗਿਆ, ਕਿਉਂਕਿ ਪੁਰਾਤਨ ਧਰਮ ਦੀ ਪਾਲਣਾ ਕੀਤਿਆਂ ਰੋਮਨ ਸ਼ਾਸਨ ਬਹੁਤ ਹੀ ਤੇਜ਼ੀ ਨਾਲ ਨਿਜੀ ਜਾਹੋ-ਜੱਲਾਲ ਦੀਆਂ ਟੀਸੀਆਂ ਨੂੰ ਛੂੰਹਦਾ ਗਿਆ। ਪ੍ਰੰਤੂ ਇਸ ਜੰਗਲੀ ਆਕਰਮਣ ਅਤੇ ਦੇਸ਼ ਵਿਰੋਧੀ ਅੰਦਰੂਨੀ ਬਿਪਤਾ ਦਾ ਕਾਰਣ ਈਸਾਈ ਮਤਿ ਦੀ ਪਾਸਾਰਿਕ ਅਤੇ ਧਰਮ ਬਦਲੂ ਨੀਤੀ ਦਰਸਾਈ ਗਈ। ਪਰਿਣਾਮ ਵਜੋਂ ਨਵੀਨ ਪਰਿਵਰਤ ਹੋਏ ਈਸਾਈ ਲੋਕਾਂ ਨੂੰ ਅਨਿਕ ਪ੍ਰਕਾਰੀ ਸੰਕਟਮਈ ਜ਼ੁਲਮਾਂ ਦਾ ਸਾਹਮਣਾ ਕਰਨਾ ਪਿਆ। ਈਸਾਈ ਮਤਿ ਦਾ ਬੀਜ ਨਾਸ਼ ਕਰਨ ਹਿਤ ਸਮੁੱਚੇ ਦੇਸ਼ ਵਿਚ ਐਸੀ ਵਿਧਾਨਿਕ ਪ੍ਰਣਾਲੀ ਕਾਇਮ ਕੀਤੀ ਗਈ, ਜੋ ਇਹ ਜਾਇਜ਼ਾ ਲਵੇ ਕਿ ਐਸੀ ਗੰਭੀਰ ਸਥਿਤੀ

ਉਤਪੰਨ ਹੋਣ ਦਾ ਅਸਲੀ ਕਾਰਨ ਕੀ ਹੋ ਸਕਦਾ ਹੈ ? ਜਿਵੇਂ ਈਸਾਈ ਮਤਿ ਦੀ ਇਹ ਬੁਨਿਆਦੀ ਨੀਤੀ ਹੈ ਕਿ ਇਹ ਕਿਸੇ ਭੀ ਗਵਾਂਢੀ ਧਰਮ ਨੂੰ ਪ੍ਰਫੁੱਲਤ ਹੁੰਦਾ ਨਹੀਂ ਵੇਖ ਸਕਦੇ। ਇਨ੍ਹਾਂ ਨੇ ਹਰ ਪ੍ਰਕਾਰੀ ਵਿੰਗੀ ਟੇਢੀ ਨੀਤੀ ਵਰਤਦਿਆਂ ਦੂਜੇ ਧਰਮਾਂ 'ਤੇ ਧਾਰਮਕ ਅਤੇ ਰਾਜਨੀਤਕ ਆਕਰਮਣ ਕਰਨਾ ਹੀ ਕਰਨਾ ਹੈ। ਕਿਸੇ ਭੀ ਗਵਾਂਢੀ ਧਰਮ ਦਾ ਵਿਨਾਸ਼ ਕਰਨਾ, ਉਸ ਦੀ ਵਿਨਾਸ਼ਕਾਲੀ ਮੜ੍ਹੀ 'ਤੇ ਈਸਾਈਅਤ ਦੇ ਮੰਦਰ ਉਸਾਰਨੇ ਇਨ੍ਹਾਂ ਦੀ ਮੂਲਿਕ ਤਾਲੀਮ ਹੈ। ਇਹੀ ਕਾਰਨ ਸੀ ਕਿ ਰੋਮਨ ਸ਼ਾਸਨ ਅਧਿਕਾਰੀਆਂ ਨੇ ਈਸਾਈ ਪਾਦਰੀਆਂ ਅਤੇ ਈਸਾਈ ਲੋਕਾਂ ਨੂੰ ਨਾਸਤਕ ਉਪਾਧੀ ਦਿੰਦੇ ਹੋਏ, ਪੁਰਾਤਨ ਰੋਮਨ ਧਰਮੀਆਂ ਦੀ ਵਲਗਣ ਵਿਚ ਪ੍ਰਵੇਸ਼ ਕਰਨ ਦੀ ਸਖ਼ਤ ਪਾਬੰਦੀ ਲਾਗੂ ਕਰ ਦਿੱਤੀ, ਤਾਂਕਿ ਇਹ ਲੋਕ ਕਿਸੇ ਦੂਜੇ ਧਰਮ ਵਿਚ ਮੁਦਾਖ਼ਲਿਤ ਨਾ ਕਰ ਸਕਣ, ਜਿਵੇਂ :

The Christians steadily refused to worship the Roman gods and to burn incense before the statues of the Emperor. Hence they were marked as atheist and as public enemies.

(A History of the Christian Church, p. 102)

ਭਾਵੇਂ ਰੋਮਨ ਸ਼ਾਸਨ ਦਾ ਧਰਮ ਇਕ ਈਸ਼ਵਰਵਾਦੀ ਧਰਮ ਨਹੀਂ ਸੀ, ਬਲਕਿ ਦਵੈਤਵਾਦੀ ਅਥਵਾ ਬਹੁ-ਦੇਵ ਪੂਜਕ ਧਰਮ ਸੀ। ਇਸ ਦੇ ਪ੍ਰਤਿਕੂਲ ਈਸਾਈ ਧਰਮ ਨਿਜੀ ਤੌਰ 'ਤੇ ਇਕਾਂਗੀ ਅਥਵਾ ਇਕ ਈਸ਼ਵਰਵਾਦੀ ਹੋਣ ਦਾ ਦਾਅਵਾ ਕਰਦਾ ਹੈ। ਪ੍ਰੰਤੂ ਸੰਨ 150 ਏਲਾਨ-ਨਾਮੇ ਦੇ ਆਧਾਰ 'ਤੇ ਤ੍ਰੈ-ਮੁਖੀ ਰੱਬ ਅਥਵਾ ਈਸਾ ਜੀ ਅਤੇ ਪਵਿੱਤਰ ਰੂਹ ਨੂੰ ਰੱਬ ਦਾ ਤੁਲ ਪੂਜਣ ਦੀ ਕ੍ਰਿਆ ਈਸਾਈ ਧਰਮ ਨੂੰ ਭੀ ਰੋਮਨ ਧਰਮ ਵਾਂਗੂੰ ਹੀ ਬਹੁ-ਦੇਵਵਾਦੀ ਧਰਮ ਦੀ ਵਲਗਣ ਵਿਚ ਪ੍ਰਵਿਸ਼ਟ ਕਰਦੀ ਹੈ। ਇਥੇ ਇਹ ਨਿਰਣੈ ਕਰਨਾ ਅਤਿ ਕਠਨ ਹੈ ਕਿ ਇਨ੍ਹਾਂ ਦੋਹਾਂ ਵਿਚੋਂ ਕੌਣ ਇਕਾਂਗੀ ਅਤੇ ਕੌਣ ਬਹੁ-ਦੇਵਵਾਦੀ ਧਰਮ ਹੈ ? ਈਸਾਈ ਮਤਿ ਵਲੋਂ ਪੁਰਾਤਨ ਰੋਮਨ ਧਰਮੀਆਂ 'ਤੇ ਧਾਰਮਕ ਆਕਰਮਣ ਕੀਤਾ ਗਿਆ, ਇਸ ਧਰਮ ਦੁਰਵਰਤੀ ਆਕਰਮਣ ਨੂੰ ਠੱਲ੍ਹ ਪਾਵਨ ਹਿਤ ਸੰਨ 295-313 ਤਕ ਰੋਮਨ ਸ਼ਾਸਨ ਵਲੋਂ ਈਸਾਈਆਂ ਦਾ ਕਤਲੇਆਮ ਹੁੰਦਾ ਰਿਹਾ। ਈਸਾਈ ਧਰਮ ਵਲੋਂ ਦੂਸਰੇ ਧਰਮਾਂ ਦੇ ਵਿਰੁੱਧ ਨਿਰੰਤਰ ਆਕਰਮਣ ਨੀਤੀ ਵਿਰਤੀਹਾਣ ਸਮੇਂ ਵਿਚ ਭੀ ਚਾਲੂ ਹੈ। ਜਿਵੇਂ, ਇਸਲਾਮਿਕ ਸ਼ਰਹ ਸ਼ਰੀਅੱਤ ਦੇ ਆਧਾਰ 'ਤੇ ਇਸਲਾਮੀ ਧਰਮਵੇਤਾ ਦੂਸਰੇ ਧਰਮਾਂ ਦੇ ਅਨੁਯਾਈਆਂ ਪ੍ਰਤਿ ਕਾਫ਼ਰ ਸ਼ਬਦ ਦੀ ਵਰਤੋਂ ਕਰਦੇ ਹਨ। ਨਿਰਸੰਦੇਹ, ਤਿਵੇਂ ਹੀ ਈਸਾਈ ਪਾਦਰੀ ਭੀ, ਅਨਯ ਧਰਮੀਆਂ ਵਾਸਤੇ ਪੈਗਨ (Pagan) ਸ਼ਬਦ ਦੀ ਵਰਤੋਂ ਕਰਦੇ ਹੋਏ ਗੌਰਵ ਮਹਿਸੂਸ ਕਰਦੇ ਹਨ ਔਰ ਇਹ ਦਾਅਵਾ ਕਰਦੇ ਹਨ ਕਿ ਜੋ ਪ੍ਰਾਣੀ ਈਸਾ

ਜੀ ਦੀ ਸਰਣਿ ਵਿਚ ਨਹੀਂ ਆਵੇਗਾ, ਉਹ ਕਦੀ ਭੀ ਮੁਕਤੀ ਨੂੰ ਪ੍ਰਾਪਤ ਨਹੀਂ ਹੋਵੇਗਾ। ਕੈਸਾ ਅਨਿਆਇ ਅਤੇ ਆਪ-ਹੁਦਰੀ ਨੀਤੀ ਹੈ, ਕੈਸੀ ਕਲਪਨਾਤਮਕ ਦਲੀਲ ਅਤੇ ਇਕਪਾਸੜ ਰੱਸਾ-ਕਸ਼ੀ ਹੈ ? ਕੀ ਇਹ ਧਾਰਮਕ ਵਿਰਸੇ ਦੀ ਸਹੀ ਵਰਤੋਂ ਹੈ ਜਾਂ ਦੁਰਵਰਤੋਂ ਹੈ ? ਇਹੀ ਉਹ ਅਸਮਤੁਲਤ ਅਤੇ ਤਿਲ੍ਹਕਵੀਂ ਧਾਰਮਕ ਢਲਵਾਨ ਹੈ ਜੋ ਅੱਲਹ ਕੇ ਨਾਮ ਪਰ ਕਤਲੋ-ਗ਼ਾਰਤ ਕੀ ਇਜਾਜ਼ਤ ਦੇਤੀ ਹੈ। ਇਹੀ ਉਹ ਲੋਕ ਹਨ ਜਿਨ੍ਹਾਂ ਦੇ ਹੱਥਾਂ ਵਿਚ ਦੂਜੇ ਲੋਕਾਂ ਦੇ ਧਰਮ ਨੂੰ ਭ੍ਰਿਸ਼ਟ ਕਰਨ ਵਾਲਾ ਪੈਮਾਨਾ ਹਮੇਸ਼ਾ ਹੀ ਨਾਪ-ਤੋਲ ਦੀਆਂ ਉਲਾਂਘਾਂ ਅਤੇ ਗਿਣਤੀ-ਮਿਣਤੀ ਕਰਦਾ ਹੀ ਰਹਿੰਦਾ ਹੈ। ਆਪਣੇ ਆਪ ਨੂੰ ਸੰਤ ਅਤੇ ਧਰਮ ਪਾਲਿਕ ਸ਼ਾਸਤ੍ਰੀ ਭੀ ਅਖਵਾਂਦੇ ਹਨ। ਐਸੇ ਧਰਮ-ਭ੍ਰਿਸ਼ਟੀ ਸੰਤ ਸ਼ਾਸਤ੍ਰੀਆਂ ਪ੍ਰਤਿ ਹੀ ਪਾਵਨ ਗੁਰਬਾਣੀ ਦਾ ਇਲਹਾਮੀ ਫ਼ੁਰਮਾਨ ਹੈ, ਜਿਵੇਂ :

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥
ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥

(ਆਸਾ ਕਬੀਰ ਜੀ, ਪੰਨਾ 476/1)

ਜਿਵੇਂ ਆਪ ਜੀ ਪਿਛਲੇ ਪੰਨਿਆਂ ਵਿਚ ਪੜ੍ਹ ਆਏ ਹੋ ਕਿ ਈਸਾਈ ਧਰਮ ਦੇ ਅਨੁਯਾਈਆਂ ਅਤੇ ਰੋਮਨ ਪਰਜਾ ਦੇ ਦਰਮਿਆਨ ਧਰਮ ਦੇ ਨਾਮ 'ਤੇ ਬਹੁਤ ਵੱਡਾ ਵਿਦਰੋਹ ਹੋਇਆ। ਵਾਸਤਵਿਕ ਤੌਰ 'ਤੇ ਧਰਮ ਇਨਸਾਨੀ ਜੀਵਨ ਦਾ ਅਵਿੱਛੜ ਅੰਗ ਹੈ ਜਿਸ ਦੇ ਆਧਾਰ 'ਤੇ ਬਹੁਤ ਸਾਰੇ ਵਿਅਕਤੀ ਸਤਿਸੰਗਤਿ ਦੇ ਰੂਪ ਵਿਚ ਇਕੱਤਰ ਹੋ ਕੇ ਵਾਹਿਗੁਰੂ ਦੀ ਪ੍ਰਸੰਸਾ ਕਰਦੇ ਅਤੇ ਸ਼ੁਭ ਅਮਲਾਂ ਦੀ ਸਿੱਖਿਆ ਗ੍ਰਹਿਣ ਕਰਦੇ ਹਨ, ਤਾਂਕਿ ਧਾਰਮਕ ਲੋਕਾਂ ਦੀ ਸੁਲਝੀ ਹੋਈ ਜੀਵਨੀ ਦਾ ਨਿਰਮਲ ਅਤੇ ਸੁਲੱਝਿਆ ਹੋਇਆ ਪ੍ਰਭਾਵਕ ਪ੍ਰਤਿਬਿੰਬ, ਆਮ ਪਰਜਾ ਦੀ ਨਿਤਾਪ੍ਰਤਿ ਜੀਵਨ-ਸ਼ੈਲੀ ਨੂੰ ਸੱਭਿਅਕ ਅਤੇ ਮਾਰਗ-ਦਰਸ਼ੀ ਬਣਾ ਸਕੇ। ਅਗਰ ਸਾਰੇ ਧਰਮ ਸ਼ਾਸਤ੍ਰੀ ਇਲਹਾਮੀ ਧਰਮ ਦੀ ਸਹੀ ਅਤੇ ਵਾਜਬ ਪੱਟੀ ਪੜ੍ਹ ਲੈਣ, ਤਦ ਤੁਸੀਂ ਵੇਖੋਗੇ ਕਿ ਧਰਮ ਦੇ ਨਾਮ 'ਤੇ ਜੋ ਜ਼ਿੰਦਗੀ ਦਾ ਘਾਣ ਹੋ ਰਿਹਾ ਹੈ, ਨਿਰਸੰਦੇਹ, ਇਹ ਬੰਦ ਹੋ ਜਾਵੇਗਾ। ਪਰਿਣਾਮ ਵਜੋਂ ਸਮੁੱਚਾ ਗਲੋਬਿਕ ਜੀਵਨ ਖੇਤਰ ਸੁਖਾਵਾਂ ਅਤੇ ਪਰਸਪਰ ਸਹਾਇਕ ਸਾਬਤ ਹੋਵੇਗਾ। ਐਸੇ ਮਾਰਗ-ਦਰਸ਼ੀ ਧਰਮਵੇਤਾ ਹੀ ਸੰਸਾਰੀ ਜੀਵਾਂ ਪ੍ਰਤਿ ਸਹੀ ਅਤੇ ਢੁਕਵੀਂ ਜੀਵਨ-ਸ਼ੈਲੀ ਦਰਸਾ ਸਕਦੇ ਹਨ ਕਿ ਸਮੁੱਚੀ ਮਨੁੱਖਤਾ ਦਾ ਕੇਵਲ ਇਕੋ ਹੀ ਧਰਮ ਹੈ। ਜਿਵੇਂ :

ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥

ਏਕੋ ਤਖਤੁ ਏਕੋ ਪਾਤਿਸਾਹੁ ॥ ਸਰਬੀ ਥਾਈ ਵੇਪਰਵਾਹੁ ॥
ਤਿਸ ਕਾ ਕੀਆ ਤ੍ਰਿਭਵਣ ਸਾਰੁ ॥ ਓਹੁ ਅਗਮੁ ਅਗੋਚਰੁ ਏਕੰਕਾਰੁ ॥

(ਬਸੰਤੁ ਮ: ੧, ਪੰਨਾ 1188/15)

ਭਾਵੇਂ ਕੋਈ ਸਿਖ ਹੈ, ਈਸਾਈ ਹੈ, ਹਿੰਦੂ ਹੈ, ਮੁਸਲਮਾਨ ਹੈ, ਬੋਧੀ ਹੈ, ਪਾਰਸੀ ਹੈ ਅਥਵਾ ਕੋਈ ਭੀ ਹੈ, ਸਾਰਿਆਂ ਵਾਸਤੇ ਕੇਵਲ ਇਕੋ ਹੀ ਵਾਹਿਗੁਰੂ ਦਾ ਤਖ਼ਤ ਹੈ, ਕੇਵਲ ਇਕੋ ਹੀ ਪਾਤਸ਼ਾਹ ਹੈ। ਉਹ ਸਰਬ-ਵਿਆਪੀ ਹੈ। ਹਰ ਇਕ ਜੀਵ-ਮਾਤਰ ਦਾ ਧਰਮ ਪਾਲਕ ਉਹ ਵਾਹਿਗੁਰੂ ਹੀ ਹੈ, ਭਾਵੇਂ ਕੋਈ ਕਿਸੇ ਭੀ ਧਰਮ ਦਾ ਧਾਰਨੀ ਕਿਉਂ ਨਾ ਹੋਵੇ। ਉਹ ਵਾਹਿਗੁਰੂ ਇਤਨਾ ਬੇਪਰਵਾਹ ਹੈ ਕਿ ਉਸ ਨੂੰ ਕੋਈ ਪ੍ਰਵਾਹ ਨਹੀਂ ਕਿ ਤੁਸੀਂ ਕੀ ਹੋ, ਚਾਹੇ ਤੁਸੀਂ ਸਿਖ ਹੋ, ਚਾਹੇ ਤੁਸੀਂ ਈਸਾਈ ਹੋ, ਚਾਹੇ ਤੁਸੀਂ ਉਸ ਦੀ ਪ੍ਰਸੰਸਾ ਕਰਦੇ ਹੋ, ਚਾਹੇ ਤੁਸੀਂ ਉਸਨੂੰ ਮੰਦੇ ਬਚਨ ਬੋਲਦੇ ਹੋ, ਉਸ ਦੀ ਭਗਤੀ ਕਰਦੇ ਹੋ ਜਾਂ ਨਹੀਂ ਕਰਦੇ ਹੋ, ਉਸਨੂੰ ਇਨ੍ਹਾਂ ਛੋਟੀਆਂ ਮੋਟੀਆਂ ਇਨਸਾਨੀ ਕਰਤੂਤਾਂ ਦੀ ਕੋਈ ਪ੍ਰਵਾਹ ਨਹੀਂ ਹੈ, ਕਿਉਂਕਿ ਉਹ ਵੱਡੀ ਹੂੰ ਵੱਡਾ ਅਤੇ ਲਾ-ਸ਼ਰੀਕ ਹੈ। ਅਸਾਡੇ ਮਨ, ਬੁੱਧੀ, ਸੁਰਤੀ ਅਤੇ ਪੰਚ-ਮੁਖੀ ਗਿਆਨ ਪ੍ਰਨਾਲੀ ਦੀ ਰਸਾਈ ਤੋਂ ਪਰੇ ਹੈ। ਕੇਵਲ ਉਹੀ ਇਕ ਸੱਚ ਹੈ, ਬਾਕੀ ਸਭ ਕੁਝ ਮਿਥਿਆ ਹੈ। ਇਸ ਸਚਾਈ ਨੂੰ ਦ੍ਰਿੜ੍ਹ ਕਰਨਾ, ਭਾਵ, ਪੱਕੇ ਤੌਰ 'ਤੇ ਇਸ ਸੱਚ ਨੂੰ ਹਿਰਦੇ ਦੀਆਂ ਤਲਾਂ ਵਿਚ ਟਿਕਾ ਲੈਣਾ ਹੀ ਕੇਵਲ ਅਤੇ ਕੇਵਲ ਇਕੋ ਧਰਮ ਹੈ। ਐਸੇ ਇਕੋ ਧਰਮ ਤਕ ਰਸਾਈ ਕਰਨ ਦੀ ਵਿਧੀ ਹਰ ਇਨਸਾਨ ਵਾਸਤੇ ਵੱਖਰੀ ਵੱਖਰੀ ਹੈ, ਕਿਉਂਕਿ ਉਸ ਦੀ ਧਾਰਮਕ ਪ੍ਰਨਾਲੀ, ਸੱਭਿਅਕ ਸ਼ੈਲੀ, ਵਾਤਾਵਰਨੀ ਘਾੜਤ, ਖਾਨ ਪਾਨ ਪਹਿਰਾਨ ਦੀ ਸੂਤ, ਸਮਾਜੀ ਖੇਤਰ, ਭਾਸ਼ਾਈ ਸ਼ੈਲੀ, ਬੰਦਗੀ ਦੇ ਢੰਗ, ਵਿਦਿਆ ਪ੍ਰਨਾਲੀ ਅਤੇ ਭਾਈਚਾਰਕ ਜੀਵਨ ਦੇ ਢਾਂਚੇ ਦੀ ਨੁਹਾਰ ਇਕ ਦੂਸਰੇ ਨਾਲੋਂ ਭਿੰਨਤਾ ਰੱਖਦੀ ਹੈ ਔਰ ਪਰਸਪਰ ਭਿੰਨਤਾ ਹੀ ਇਕ ਐਸੀ ਅਮੁਲੀਕ ਧਾਰਾ ਹੈ ਜੋ ਰੱਬੀ ਸਰਬ-ਵਿਆਪੀ ਹੋਂਦ ਨੂੰ ਪ੍ਰਗਟ ਕਰਦੀ ਹੈ। ਰੱਬੀ ਭਿੰਨਤਾ ਦਾ ਵਾਸਤਵਿਕ ਚਰਿੱਤਰ ਇਹੀ ਹੈ ਕਿ ਅਸੀਂ ਸਾਰੇ ਹੀ ਪਰਸਪਰ ਪ੍ਰਤਿਯੋਗਤਾ ਵਿਚ ਜੀਵਨ ਬਤੀਤ ਕਰਦੇ ਹੋਏ, ਬੇਪ੍ਰਵਾਹੀ ਮਾਰਗ 'ਤੇ ਇਕ ਦੂਸਰੇ ਨਾਲ ਕਦਮ ਮਿਲਾ ਕੇ ਸੱਚ ਦੀ ਤਾਲਾਸ਼ ਵਿਚ ਦ੍ਰਿੜ੍ਹ ਰਹੀਏ। ਪਰਸਪਰ ਪਿਆਰ ਮੁਹੱਬਤ ਦਾ ਪ੍ਰਗਟਾਵਾ ਕਰਦੇ ਹੋਏ, ਸ਼ੁਭ ਅਮਲਾਂ ਦੀ ਇਕ ਨਵੀਨ ਨਗਰੀ ਵਸਾ ਲਈਏ, ਤਾਂਕਿ ਅਸੀਂ ਸਾਰੇ ਹੀ ਇਕ ਰੱਬੀ ਜਮਾਤ ਦੇ ਖੇਤਰ ਵਿਚ ਵਿਚਰਦੇ ਹੋਏ ਉਸ ਬੇਪਰਵਾਹ ਦੀ ਬੇਪਰਵਾਹੀ ਵਿਚ ਸਦੀਵਕਾਲ ਲਈ ਅਭੇਦ ਹੋ ਸਕੀਏ। ਸਮੁੱਚੀ ਧਾਰਮਕ ਪ੍ਰਨਾਲੀ ਦਾ ਮਾਰਗ-ਦਰਸ਼ੀ ਸਿਧਾਂਤ ਇਹੀ ਹੈ ਕਿ ਬੇਪਰਵਾਹ ਵਾਹਿਗੁਰੂ ਕੇਵਲ ਇਕ ਹੈ। ਉਹ ਇਕ ਸਾਰਿਆਂ ਦਾ ਸਾਂਝਾ ਹੈ। ਹਰ ਧਰਮ ਇਹੀ ਦਾਅਵਾ ਕਰਦਾ ਹੈ ਕਿ ਉਹ ਇਕ ਮੇਰਾ ਹੈ ਮੇਰਾ ਹੈ।

ਐਸਾ ਆਖਣਾ ਸੱਚ ਹੈ ਕਿਉਂਕਿ ਉਹ ਸਾਰੀ ਰਚਨਾ ਦਾ ਸਾਂਝਾ ਬਾਪ ਹੈ। ਉਹ ਕਿਸੇ ਇਕੱਲੇ ਵਿਅਕਤੀ ਦੀ ਵਿਰਾਸਤ ਨਹੀਂ ਹੈ। ਜੋ ਪ੍ਰਾਣੀ ਇਹ ਦਾਅਵਾ ਕਰਦੇ ਹਨ ਕਿ ਅਸਾਡੇ ਮਸੀਹ ਦੀ ਸ਼ਰਨ ਗ੍ਰਹਿਣ ਕੀਤਿਆਂ ਹੀ ਪ੍ਰਭੂ-ਮਿਲਾਪ ਦੀ ਅਵਸਥਾ ਪ੍ਰਾਪਤ ਹੋ ਸਕਦੀ ਹੈ, ਉਹ ਧਾਰਮਕ ਅਗਿਆਨਤਾ ਦੇ ਅੰਧੇਰੇ ਵਿਚ ਜੀਵਨ ਦੀ ਅਮੁਲੀਕ ਵਿਰਾਸਤ ਨੂੰ ਬਰਬਾਦ ਕਰ ਰਹੇ ਹਨ। ਇਨਸਾਨੀ ਜੀਵਨ ਦੀ ਇਹ ਸਭ ਤੋਂ ਵੱਡੀ ਨਿਘਾਰੂ ਭੁੱਲ ਅਤੇ ਮੰਦੀ ਅਵਸਥਾ ਹੁੰਦੀ ਹੈ, ਜਦ ਕੋਈ ਇਨਸਾਨ ਜਾਂ ਕੋਈ ਸੰਸਥਾ ਇਹ ਸਮਝ ਬੈਠੇ ਕਿ ਮੈਂ ਸਭ ਤੋਂ ਸ੍ਰੇਸ਼ਟ ਅਤੇ ਉੱਚਾ ਹਾਂ, ਇਹੀ ਮੰਦਭਾਗੀ ਦਸ਼ਾ ਕਈ ਇਕ ਦੁਨਿਆਵੀ ਧਰਮਾਂ ਵਿਚ ਭੀ ਪ੍ਰਤੱਖ ਤੌਰ 'ਤੇ ਵੇਖੀ ਅਥਵਾ ਅਨੁਭਵ ਕੀਤੀ ਜਾ ਸਕਦੀ ਹੈ। ਜੋ ਆਪਣੇ ਆਪ ਨੂੰ ਦੀਰਘ ਅਤੇ ਆਪਣੇ ਗਵਾਂਢੀ ਧਰਮਾਂ ਨੂੰ ਲਘੂਮਾਤਰ ਹੀ ਸਮਝਦੇ ਹਨ, ਐਸੀ ਘੁਮੰਡੀ ਵਿਰਤੀ ਪ੍ਰਤਿ ਦਰਗਾਹੀ ਫ਼ੁਰਮਾਨ ਹੈ, ਜਿਵੇਂ :

ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ ॥
ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ ॥

(ਮਾਰੂ ਕਬੀਰ ਜੀ, ਪੰਨਾ 1105/16)

ਇਕ ਦਫ਼ਾ ਦਾ ਜ਼ਿਕਰ ਹੈ ਕਿ ਈਸਾਈ ਮਤਿ ਦਾ ਇਕ ਬਹੁਤ ਵੱਡਾ ਵਿਦਵਾਨ ਪਾਦਰੀ (ਬਿਸ਼ਪ ਇੰਘਮ) ਸਮੁੱਚੇ ਸੰਸਾਰੀ ਧਰਮਾਂ ਦੀ ਵਧੇਰੇ ਜਾਣਕਾਰੀ ਹਿਤ ਗਲੋਬਲ ਭ੍ਰਮਣ ਕਰਦਾ ਕਰਦਾ ਬੰਬਈ ਨਗਰੀ ਵਿਚ ਚਲਾ ਗਿਆ। ਈਸਾਈ ਪ੍ਰਵਿਰਤੀ ਦੇ ਮੂਲਿਕ ਆਸ਼ੇ (Tendency) ਨੂੰ ਮੁਖ ਰੱਖਦੇ ਹੋਏ ਉਸ ਨੇ ਨਿਜੀ ਮੇਜ਼ਬਾਨ (ਪ੍ਰਾਹੁਣਚਾਰਿਕ) ਪ੍ਰਤਿ ਈਸਾਈ ਧਾਰਾ ਦੀ ਵਿਆਖਿਆ ਆਰੰਭ ਦਿੱਤੀ। ਬਿਸ਼ਪ ਇੰਘਮ ਨਿਤਾਪ੍ਰਤਿ ਆਪਣੇ ਪ੍ਰਾਹੁਣਚਾਰਿਕ ਨੂੰ ਅੰਜੀਲਕ ਝਲਕੀਆਂ ਪੇਸ਼ ਕਰਦਾ ਰਿਹਾ। ਈਸਾਈ ਮਤਿ ਦੀ ਹੋਰ ਵਧੇਰੇ ਜਾਣਕਾਰੀ ਹਿਤ ਪ੍ਰਾਹੁਣਚਾਰਿਕ ਵਲੋਂ ਬਿਸ਼ਪ ਇੰਘਮ 'ਤੇ ਵੱਖਰੇ ਵੱਖਰੇ ਵਿਸ਼ੇ ਸੰਬੰਧੀ ਅਤਿ ਫ਼ਹਿਮੀਦਾਹ ਅਤੇ ਸਤਿਕਾਰਿਤ ਪ੍ਰਸ਼ਨ ਹੁੰਦੇ ਰਹੇ। ਕਈ ਦਫ਼ਾ ਇਤਨੇ ਗੰਭੀਰ ਪ੍ਰਸ਼ਨਾਂ ਦਾ ਗੇੜਾ ਆਰੰਭ ਹੁੰਦਾ ਕਿ ਬਿਸ਼ਪ ਇੰਘਮ ਨੂੰ ਲਾ-ਉੱਤਰੀ ਅਨੋਤਰੀ ਦਸ਼ਾ ਦਾ ਸਾਹਮਣਾ ਕਰਨਾ ਪਿਆ। ਪ੍ਰਸ਼ਨਾਂ ਦੀ ਪ੍ਰਵਾਜ਼ ਇਤਨੀ ਬੁਲੰਦੀਆਂ ਨੂੰ ਜਾ ਛੂੰਹਦੀ ਜਿਥੇ ਇੰਘਮ ਦੀ ਉਡਾਨ ਦੇ ਖੰਭ ਢਿੱਲੇ ਪੈ ਜਾਂਦੇ ਕਿਉਂਕਿ ਸਮੁੱਚੇ ਤੌਰ 'ਤੇ ਪ੍ਰਸ਼ਨਾਂ ਦੀ ਗੰਢੜੀ, ਪ੍ਰਾਹੁਣਚਾਰਿਕ ਦੀ ਨਿਜੀ ਆਤਮਕ ਵਿਚਾਰਧਾਰਾ ਅਤੇ ਸੰਸਾਰ ਪੱਧਰੀ ਧਾਰਮਕ-ਸ਼ੈਲੀ ਦੇ ਅਨੁਭਵੀ ਮੰਡਲਾਂ ਦੀ ਪ੍ਰਤੱਖ ਝਲਕ ਵੇਖਣ ਦੀ ਇੱਛਕ ਸੀ। ਸਵਾਲਾਂ ਦੀ ਬੁਛਾੜਕ ਧਾਰਾ ਦੇ ਭਾਰ ਥੱਲੇ ਦੱਬੀ ਹੋਈ ਬਿਸ਼ਪ ਇੰਘਮ ਦੀ ਵਿਚਾਰਧਾਰਾ ਇਤਨੀ ਭੜਕਾਊ ਹੋ ਨਿਬੜੀ ਕਿ ਉਹ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਬਜਾਏ

ਈਸਾਈ ਵਿਰਤੀ ਦੇ ਬੁਨਿਆਦੀ ਆਸ਼ੇ ਦੇ ਆਧਾਰ 'ਤੇ ਆਪਣੇ ਹਿਰਦੇ ਵਿਚ ਸੋਚਣ ਲੱਗਾ ਕਿ ਮੈਨੂੰ ਗੌਡ (ਪ੍ਰਮੇਸ਼ਵਰ) ਨੇ ਈਸਾਈ ਮਤਿ ਦੀ ਅੰਜੀਲਿਕ ਧਾਰਾ ਪ੍ਰਗਟ ਕਰਨ ਹਿਤ ਅਤੇ ਇਸ ਪਰਿਵਾਰ ਨੂੰ ਈਸਾਈ ਮਤਿ ਦੀ ਕੁੰਡਲੀ ਵਿਚ ਪਰਿਵਰਤ (ਬਦਲੀ) ਕਰਨ ਹਿਤ ਇਥੇ ਭੇਜਿਆ ਹੈ। ਪ੍ਰੰਤੂ ਬਿਸ਼ਪ ਇੰਘਮ ਦੀ ਕਲਪਨਾਤਮਕ ਧਾਰਾ ਫਲਦਾਇਕ ਨਾ ਹੋ ਸਕੀ। ਪਰਸਪਰ ਪ੍ਰਸ਼ਨੋਤਰੀ ਦੇ ਦੌਰਾਨ ਇਕ ਐਸਾ ਸਮਾਂ ਭੀ ਆਇਆ ਜਦੋਂ ਕਿ ਗੁਫ਼ਤਗੂ ਦੀ ਰਵਾਨੀ ਅਚਾਨਕ ਹੀ ਆਸ਼ਾਵਿਪਰੀਤੀ ਦਾ ਤਿੱਖਾ ਮੋੜ ਕੱਟ ਗਈ। ਬਿਸ਼ਪ ਇੰਘਮ ਦੀ ਪ੍ਰਾਹੁਣਚਾਰਿਕ ਨੇ ਅਤਿ ਧੀਰਜ ਅਤੇ ਨਿਸ਼ਚਿਤ ਤੌਰ 'ਤੇ ਪ੍ਰਗਟ ਕੀਤਾ ਕਿ ਮੈਂ ਤੁਹਾਡੀ ਵਿਚਾਰ ਨੂੰ ਅੱਛੀ ਤਰ੍ਹਾਂ ਸਮਝ ਗਈ ਹਾਂ ਪ੍ਰੰਤੂ ਕੀ ਤੁਸੀਂ ਮੇਰੇ ਧਰਮ ਦੀ ਬਾਬਤ ਅਸਾਡੇ ਪਰਿਵਾਰ ਦੀਆਂ ਧਾਰਮਕ, ਆਤਮਕ ਅਥਵਾ ਰਹਿਤ ਮਰਯਾਦਕ ਰੀਤੀਆਂ ਪ੍ਰਤਿ ਭੀ ਕੁਝ ਜਾਣਨਾ ਚਾਹੋਗੇ ? ਜੋ ਕਿ ਬਿਸ਼ਪ ਇੰਘਮ ਨੇ ਪ੍ਰਾਹੁਣਚਾਰੀ ਦੇ ਸਮੇਂ ਅਤਿ ਵਿਸਮਿਤ ਧਾਰਮਕ ਰੀਤੀਆਂ ਨੂੰ ਸਵੈਮ ਦ੍ਰਿਸ਼ਟੀ ਦੁਆਰਾ ਅਵਲੋਕਨ ਕੀਤਾ ਸੀ। ਪ੍ਰਾਹੁਣਚਾਰਿਕ ਦਾ ਖ਼ਿਆਲ ਸੀ ਕਿ ਬਿਸ਼ਪ ਇੰਘਮ ਭੀ ਮੇਰੇ ਧਰਮ ਪ੍ਰਤਿ ਇਕ ਇੱਛਕ ਜਗਿਆਸੂ ਦੀ ਤਰ੍ਹਾਂ ਸ਼੍ਰਵਣ ਕਰੇਗਾ ਅਥਵਾ ਸਮਝਣਾ ਚਾਹੇਗਾ ਜਿਵੇਂ ਕਿ ਮੈਂ ਉਸ ਦੇ ਈਸਾਈ ਧਰਮ ਦੀ ਧਾਰਾ ਨੂੰ ਅਤਿ ਹਾਰਦਿਕ ਢੰਗ ਦੁਆਰਾ ਸੁਣਿਆ ਹੈ। ਗ਼ਰਜ਼ੇਕਿ, ਪ੍ਰਾਹੁਣਚਾਰਿਕ ਨੇ ਬਿਸ਼ਪ ਇੰਘਮ ਨੂੰ ਨਿਜੀ ਧਾਰਮਕ ਰੁਝੇਵਿਆਂ ਪ੍ਰਤਿ ਅਧਿਕ ਜਾਣਕਾਰੀ ਦਿੰਦੇ ਹੋਏ ਇਕ ਦੋ ਆਤਮਕ ਆਚਾਰੀਆਂ ਨਾਲ ਪਰਸਪਰ ਭੇਂਟ ਭੀ ਕਰਵਾਈ, ਜਿਨ੍ਹਾਂ ਨੇ ਨਿਜੀ ਧਰਮ ਦੇ ਆਧਾਰ 'ਤੇ ਸਮੁੱਚੀ ਮਨੁੱਖਤਾ ਪ੍ਰਤਿ ਅਤਿ ਪ੍ਰਭਾਵਸ਼ਾਲੀ ਅਤੇ ਪ੍ਰੇਰਕ ਰਹੱਸ ਦਾ ਪ੍ਰਗਟਾਵਾ ਕੀਤਾ। ਇਸੇ ਚਿੱਤਰ ਦੇ ਵਿਪਰੀਤ ਬਿਸ਼ਪ ਇੰਘਮ ਨੇ ਨਿਸ਼ਚਾਤਮਕ ਤੌਰ 'ਤੇ ਈਸਾ ਜੀ ਦੀ ਅਨੂਪਮਤਾ ਅਤੇ ਅੰਤਮ ਦਸ਼ਾ, ਭਾਵ, ਸੂਲੀ ਚੜ੍ਹਨਾ ਅਤੇ ਪੁਨਰ ਜੀਵਨ ਸੰਬੰਧੀ ਚਰਚਾ ਆਰੰਭ ਦਿੱਤੀ, ਤਦ ਉਸ ਧਾਰਮਕ ਆਚਾਰੀਆਂ ਨੇ ਅਤਿ ਧੀਰਜ ਦੁਆਰਾ ਇਸ ਧਾਰਾ ਨੂੰ ਤੁੱਛ ਅਤੇ ਅਰਥਹੀਣ ਸਮਝਦੇ ਹੋਏ, ਸੁਭਾਵਕ ਹੀ ਇਕ ਪਾਸੇ ਰੱਖਦਿਆਂ, ਬਿਸ਼ਪ ਇੰਘਮ ਪ੍ਰਤਿ ਸੰਬੋਧਨ ਕੀਤਾ ਕਿ :

That truth cannot be confined to any single path and that God's beauty and glory is demonstrated in many incarnations beyond the one called Jesus. *(Mansions of the Spirit, p. 11)*

ਉਕਤ ਵਾਰਤਾ ਦੇ ਆਧਾਰ 'ਤੇ ਇਕ ਨਿਰਣਾਤਮਕ ਸੁਝਾਉ ਅਥਵਾ ਅਕੱਟ ਫ਼ੈਸਲਾ ਅਸਾਡੀ ਵਿਚਾਰ-ਸ਼ੈਲੀ ਨੂੰ ਸੰਬੋਧਨ ਕਰਦਾ ਹੈ ਕਿ ਈਸਾਈ ਮਤਿ ਦੀ ਵਿਚਾਰਧਾਰਾ ਵਿਚ ਇਕ ਬਹੁਤ ਹੀ ਵੱਡੀ ਖੀਣਤ ਅਤੇ ਉਲਰਵੀਂ ਫਲਵਾਨ ਹੈ ਜਿਸ ਦੇ ਉਪਰ ਯਾਤਰਾ ਕੀਤਿਆਂ, ਯਾਤਰੀ ਦਾ ਪੈਰ ਤਿਲ੍ਹਕ

ਜਾਣਾ ਇਕ ਸੁਭਾਵਕ ਜਿਹੀ ਸਥਿਤੀ ਹੀ ਆਖੀ ਜਾ ਸਕਦੀ ਹੈ, ਕਿਉਂਕਿ ਈਸਾ ਜੀ ਦੀ ਵਾਸਤਵਿਕਤਾ ਨੂੰ ਇਤਨੀਆਂ ਭੁਲਭੁਲਾਣੀਆਂ ਅਥਵਾ ਧੁੰਧਰਾਲੇ (Camouflage) ਜਾਲ ਵਿਚ ਬੇ-ਪਛਾਣ ਕੀਤਾ ਗਿਆ ਹੈ ਕਿ ਇਸ ਧਾਰਾ ਨੂੰ ਸਮਝਣ ਲੱਗਿਆਂ ਇਕ ਨਹੀਂ, ਬਲਕਿ ਅਨੇਕਾਂ ਹੀ ਸੰਦੇਹਪੂਰਣ ਸੰਕਲਪ ਜਗਿਆਸੂ ਤੇ ਤਖ਼ੱਯਲ ਵਿਚ ਸੁਭਾਵਕ ਹੀ ਪ੍ਰਵੇਸ਼ ਕਰਦੇ ਹਨ। ਜਿਵੇਂ ਕ੍ਰਿਸਚੀਅਨ ਸਾਇੰਸ ਇਸ ਖ਼ਿਆਲ ਦੀ ਪ੍ਰੋੜ੍ਹਤਾ ਕਰਦਾ ਹੈ ਕਿ :

1. Referring to Genesis 2:7: "Is this addition to His creation real or unreal ? Is it the truth, or is it a lie concerning man and God ? It must be a lie. *(Science and Health, p. 524)*

2. The manifest mistakes in the ancient versions; the thirty thousand different readings in Old Testament, and the three hundred thousand in New, ...these facts show how a mortal and material sense stole into the divine record, with its own hue darkening, to some extent, the inspired pages. And 1—"The theory of three persons in one God (that is a personal Trinity or Triunity) suggests polytheism, rather than the one ever-present I am."

(Science and Health, pp. 139, 256 & The Kingdom of the Cults, p. 138)

ਇਲਹਾਮੀ ਖੇਤਰ ਦੀਆਂ ਆਸਮਾਨੀ ਪ੍ਰਵਾਜ਼ਾਂ ਨੂੰ ਅਨੁਭਵ ਕੀਤਿਆਂ ਅਥਵਾ ਸ਼ਬਦ ਸੁਰਤਿ ਦੇ ਆਸਰੇ ਅਰਸ਼ੀ ਵਲਗਣ ਦੀਆਂ ਅਥਾਹ ਅਤੇ ਗਹਿਰ ਗੰਭੀਰ ਤਲਾਂ ਵਿਚ ਟੁੱਭੀ ਮਾਰਿਆਂ ਇਸ ਨਿਰਣੈ 'ਤੇ ਰਸਾਈ ਹੁੰਦੀ ਹੈ ਕਿ ਇਸ ਦੁਨੀਆ ਦਾ ਕੋਈ ਭੀ ਜੀਵ ਨਿਜੀ ਵਿਸ਼ਵਾਸ ਦੀ ਧਾਰਮਕ ਸ਼ੈਲੀ ਦਾ ਆਸਰਾ ਗ੍ਰਹਿਣ ਕਰਦਾ ਹੋਇਆ ਅਰਸ਼ੀ ਜ਼ੀਨਤ ਨੂੰ ਸਪਰਸ਼ ਕਰਨ ਹਿਤ ਅਗੰਮੀ ਧਾਰਨਾ ਨਾਲ ਜੁੜਿਆ ਹੈ। ਉਸਨੂੰ ਨਿਜੀ ਧਰਮ ਬਦਲੂ ਪਰਪੰਚ ਅਤੇ ਧਰਮ ਖੀਣਤ ਸੁਆਰਥੀ ਨੀਤੀ ਦੁਆਰਾ ਜਿੱਚ ਨਹੀਂ ਕਰਨਾ ਚਾਹੀਦਾ, ਕਿਉਂਕਿ ਰੱਬੀ ਮਾਰਗ 'ਤੇ ਟੁਰੇ ਹੋਏ ਜੀਵ ਨੂੰ ਧਰਮ ਬਦਲੂ ਜ਼ਹਿਰੀਲੀ ਮਿਠਾਸ ਦੀ ਪੁੜੀ ਦੇਣੀ ਇਕ ਨਾ ਬਖ਼ਸ਼ਿਆ ਜਾਣ ਵਾਲਾ ਅਤਿ ਦੁਰਗੰਧਤ, ਦੁਰਵਰਤਕ ਅਤੇ ਧਾਰਮਕ ਪਾਪ ਹੈ। ਰੱਬੀ ਕਾਨੂੰਨ ਦੀ ਘੋਰ ਉਲੰਘਣਾ ਹੈ। ਵਾਸਤਵਿਕ ਤੌਰ 'ਤੇ ਜੋ ਤੱਤਵੇਤਾ ਧਾਰਮਕ ਆਗੂ ਹਨ, ਉਹ ਕਦੀ ਭੀ ਧਾਰਮਕ ਸੁਆਰਥ ਹਿਤ ਧਰਮ ਬਦਲੂ ਪ੍ਰਚਮ ਨੂੰ ਨਿਜੀ ਪ੍ਰਸੰਸਾ ਦਾ ਅਲੰਬਰਦਾਰ ਹੋਣਾ ਪਸੰਦ ਨਹੀਂ ਕਰਦੇ ਅਤੇ ਨਾ ਹੀ ਆਪਣੇ ਸ਼ਰਧਾਲੂਆਂ ਨੂੰ ਐਸਾ ਅਬਖ਼ਸ਼ ਜੁਰਮ ਕਰਨ ਦੀ ਆਗਿਆ ਦਿੰਦੇ ਹਨ, ਕਿਉਂਕਿ ਰੱਬੀ ਤਲਬਗਾਰਾਂ ਦੀ ਰੂਹਾਨੀ ਤੜਪ ਅਥਵਾ ਉਨ੍ਹਾਂ ਦੀ ਆਤਮਕ ਰੁਚੀ ਨਿਜੀ ਵਿਸ਼ਵਾਸ ਦੇ ਆਧਾਰ 'ਤੇ

'ਚਰਨ ਕਮਲ ਕੀ ਮੌਜ' ਵਿਚ ਵੇਧਤ ਹੁੰਦੀ ਹੈ। ਤਦੇ ਹੀ ਜਗਤ ਗੁਰੂ ਬਾਬਾ ਨਾਨਕ ਜੀ ਨੇ ਆਪਣੇ ਸੁਆਮੀ ਦੀ ਦਰਗਹ ਵਿਚ ਵਿਭਿੰਨ ਪ੍ਰਕਾਰੀ ਵਿਸ਼ਵਾਸੀ ਜੀਵਾਂ 'ਤੇ ਉੱਧਾਰ ਪ੍ਰਤਿ ਗੁਜ਼ਾਰਿਸ਼ ਕੀਤੀ ਹੈ ਕਿ ਐ ਮੇਰੇ ਤਰਨ ਤਾਰਨ ਵਾਹਿਗੁਰੂ! ਉਪਾਧੀਆਂ ਦੀ ਅਗਨੀ ਵਿਚ ਸੜ ਰਹੇ ਜਗਤ ਨੂੰ ਨਿਜੀ ਚਰਨਾਂ ਨਾਲ ਜੋੜ ਕੇ ਰੱਖ ਲੈ। ਭਾਵੇਂ ਕੋਈ ਭੀ ਕਿਉਂ ਨਾ ਹੋਵੇ ਅਤੇ ਕਿਸੇ ਭੀ ਮਾਰਗ ਦੀ ਵਰਤੋਂ ਕਰਦਾ ਹੋਇਆ ਤੇਰੇ ਮਿਲਾਪ ਦੀਆਂ ਮੰਜ਼ਲਾਂ ਦਾ ਰਾਹਗੀਰ ਕਿਉਂ ਨਾ ਹੋਵੇ, ਜਿਵੇਂ:

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥
ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥
ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥

(ਬਿਲਾਵਲੁ ਵਾਰ, ਮ: ੩, ਪੰਨਾ 853/12)

ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਦਰਸਾਏ ਹੋਏ ਆਤਮਕ ਮਾਰਗ ਵਿਚ ਜਗਿਆਸੂ ਵਾਸਤੇ ਕੋਈ ਭੀ ਅਤੇ ਕਿਸੇ ਭੀ ਪ੍ਰਕਾਰ ਦਾ ਬੰਧਨ ਨਹੀਂ ਹੈ ਕਿ ਅਗਰ ਤੂੰ ਮੇਰੀ ਸਰਣਿ ਵਿਚ ਨਹੀਂ ਆਵੇਂਗਾ ਤੈਨੂੰ ਕਦੀ ਭੀ ਮੁਕਤੀ ਪ੍ਰਾਪਤ ਨਹੀਂ ਹੋਵੇਗੀ, ਤੂੰ ਆਪਣੇ ਪਿਤਾ ਵਾਹਿਗੁਰੂ ਨੂੰ ਕਦੀ ਭੀ ਨਹੀਂ ਮਿਲ ਸਕੇਂਗਾ। ਕੈਸਾ ਧੋਖਾ ਹੈ, ਕੈਸੀ ਧੁੰਦਲੀ ਛਾਇਆ ਹੈ। ਕੈਸਾ ਮਨੋਕਲਪਤ ਪਰਪੰਚ ਹੈ ? ਕੈਸੇ ਢੰਗ ਦੁਆਰਾ ਜਗਿਆਸੂ ਦੀ ਨਿਜੀ ਸਵਤੰਤ੍ਰਤਾ ਨੂੰ ਖੀਣਤ ਕੀਤਾ ਗਿਆ ਹੈ, ਜਿਵੇਂ:

Jesus said to him, "I am the way and the truth, and the life, no one comes to the father, but through Me. *(N.T. John 14:6)*

ਵਿਸ਼ਵ ਸੰਗਠਨ ਦੀ ਸਿਧਾਂਤਕ ਪ੍ਰਣਾਲੀ ਵਿਚ ਇਕ ਮਤਾ ਹੈ, ਜਿਸ ਦੇ ਆਧਾਰ 'ਤੇ ਹਰ ਵਿਅਕਤੀ ਨੂੰ ਬੋਲਣ ਦੀ, ਲਿਖਣ ਦੀ, ਧਰਮ ਗ੍ਰਹਿਣ ਕਰਨ ਦੀ, ਵਿਦਿਆ ਪ੍ਰਾਪਤ ਕਰਨ ਦੀ ਸੰਪੂਰਣ ਆਜ਼ਾਦੀ ਹੈ। ਪ੍ਰੰਤੂ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੀ ਬਾਦਸ਼ਾਹੀ ਵਿਚ ਹਰ ਜੀਵ ਵਾਸਤੇ ਸਰਬਪੱਖੀ ਅਤੇ ਸੰਪੂਰਣ ਆਜ਼ਾਦੀ ਹੈ ਭਾਵੇਂ ਉਹ ਕਿਸੇ ਭੀ ਵਿਸ਼ਵਾਸ ਦਾ ਧਾਰਨੀ ਕਿਉਂ ਨਾ ਹੋਵੇ। ਗੁਰਮਤਿ ਦਰਸ਼ਨ ਵਿਚ ਅਨੇਕਾਂ ਹੀ ਐਸੇ ਸਿਧਾਂਤਕ ਪੱਖ ਮੌਜੂਦ ਹਨ ਜੋ ਹਰ ਇਨਸਾਨ ਨੂੰ ਸਰਬਪੱਖੀ ਵਿਤਕਰਾ ਰਹਿਤ ਸੰਪੂਰਣ ਸਵਤੰਤ੍ਰਤਾ ਪ੍ਰਦਾਨ ਕਰਦੇ ਹਨ, ਅਨੇਕਾਂ ਹੀ ਹੋਰ ਕਾਰਨਾਂ ਵਿਚੋਂ ਇਹ ਭੀ ਇਕ ਵਿਸ਼ੇਸ਼ ਕਾਰਨ ਹੈ ਜੋ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੀ ਸਰਬਪੱਖੀ ਅਤੇ ਸਰਬ-ਸ਼੍ਰੋਮਣੀ ਵਡਿਆਈ ਦਾ ਲਖਾਇਕ ਹੈ, ਜਿਵੇਂ:

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥

(ਸੂਹੀ ਮ: ੫, ਪੰਨਾ 750/4)

ਅਥਵਾ

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥

(ਸੋਰਠਿ ਮ: ੫, ਪੰਨਾ 611/16)

ਹੋ ਸਕਦਾ ਹੈ ਕਿ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੀ ਸਰਬ-ਵਿਆਪਕ ਵਡਿਆਈ ਨੂੰ ਧਿਆਨ ਵਿਚ ਰੱਖਦਿਆਂ ਹੀ ਬਿਸ਼ਪ ਇੰਘਮ ਭੀ ਸਤਿਗੁਰੂ ਨਾਨਕ ਪਾਤਸ਼ਾਹ ਜੀ ਵਲੋਂ ਦਰਸਾਈ ਸਰਬ-ਵਿਆਪਕ ਧਾਰਮਕ ਨੀਤੀ ਨੂੰ ਸਮਝਣ ਅਤੇ ਲਿਖਣ ਲਈ ਮਜਬੂਰ ਹੋ ਗਿਆ ਹੋਵੇ, ਜਿਵੇਂ :

I think my hosts enjoyed these discussions as much as I did, but they never tried to convert me from Christianity. It was never their goal to lead me away from the path on which my soul was set. They simply wanted to broaden my horizons, to show me a bigger spiritual picture, and to offer me their love, which genuinely grew between us as the time passed.

(Mansions of the Spirit, p. 11)

ਅੱਜ ਸਾਰਾ ਸੰਸਾਰ ਉਤਨਾ ਵੱਡਾ ਅਤੇ ਨਾ-ਦੀਦਾਹ (ਓਪਰਾ) ਨਹੀਂ ਰਿਹਾ ਜਿਤਨਾ ਕਿ ਅੱਜ ਤੋਂ ਇਕ ਸਦੀ ਪਹਿਲਾਂ ਹੁੰਦਾ ਸੀ। ਅੱਜ ਇਹ ਇਕ ਗਲੋਬਲ ਪਿੰਡ ਬਣ ਗਿਆ ਹੈ। ਇਸ ਨਗਰ ਵਿਚ ਰਹਿੰਦੇ ਹੋਏ ਅਤਿ ਆਵਸ਼ਕ ਹੈ ਕਿ ਅਸੀਂ ਆਪਣੇ ਗਵਾਂਢੀ ਦੇ ਦੁਖ ਸੁਖ, ਸ਼ਾਦੀ ਗ਼ਮੀ, ਰਸਮੋ ਰਿਵਾਜ, ਵਿਤੀ ਸਾਧਨ, ਅੱਛਾਈਆਂ ਬੁਰਾਈਆਂ, ਧਾਰਮਕ ਮਨੌਤ, ਨੈਤਿਕ ਅਨੈਤਿਕ ਰੁਚੀਆਂ, ਵਿਦਿਆ ਪ੍ਰਨਾਲੀ, ਆਵਣ ਜਾਵਣ ਦੇ ਸਾਧਨ, ਖਾਨ ਪਾਨ ਪਹਿਰਾਨ ਆਦਿ ਜੈਸੀਆਂ ਨਿਤਾਪ੍ਰਤਿ ਜੀਵਨ ਦੀਆਂ ਰੁਚੀਆਂ ਤੋਂ ਜਾਣੂ ਹੋ ਸਕੀਏ, ਤਾਂਕਿ ਅਸੀਂ ਨਿਜੀ ਵਿਸ਼ਵਾਸਕ ਦ੍ਰਿੜ੍ਹਤਾ ਨੂੰ ਪਾਲਦੇ ਹੋਏ, ਪਰਸਪਰ ਸਹਿਯੋਗੀ ਧਾਰਾ ਦਾ ਜ਼ਾਵੀਆ ਉਲੀਕ ਸਕੀਏ। ਪਰਸਪਰ ਸਹਾਇਤਾ ਦਾ ਅਰਥ ਕਦੀ ਭੀ ਐਸਾ ਨਹੀਂ ਹੋਣਾ ਚਾਹੀਦਾ ਕਿ ਅਸੀਂ ਸਹਾਇਤਾ ਦੇ ਛਲਕਪਟੀ, ਧੁੰਆਂਧਾਰੀ ਬੱਦਲਾਂ ਦੀ ਅੰਧੇਰ-ਗਰਦੀ ਵਿਚ ਸਹਾਇਤਾ ਦੇ ਬਹਾਨੇ ਦੂਸਰਿਆਂ ਦੇ ਧਰਮ ਨੂੰ ਖੀਣਤ ਕਰੀਏ, ਜਦੋਂ ਕਿ ਹਰ ਧਰਮ ਨਿਜੀ ਧਾਰਮਕ-ਸ਼ੈਲੀ ਦੇ ਦਾਇਰੇ ਵਿਚ ਅਮੁਲੀਕ ਸੰਪੰਨਤਾ ਸੰਭਾਲੀ ਬੈਠਾ ਹੈ। ਕਿਸੇ ਭੀ ਦੂਸਰੇ ਧਰਮ 'ਤੇ ਨਿਜੀ ਧਰਮ ਦੀ ਸਰਬਉਚਤਾ ਪ੍ਰਗਟ ਕਰਨੀ ਸਮੁੱਚੇ ਸੰਸਾਰ ਦੀ ਸੁਖ ਸ਼ਾਂਤੀ ਨੂੰ ਭੰਗ ਕਰਨਾ ਹੈ। ਪਰਿਣਾਮ ਵਜੋਂ ਦੋ ਧਰਮਾਂ ਦੇ ਵਿਚਕਾਰ

ਰਣਭੂਮੀ ਤਿਆਰ ਕਰਨਾ ਹੈ। ਅੱਜ ਤੋਂ ਕੁਝ ਸਮਾਂ ਪਹਿਲਾਂ ਧਰਮ ਦਾ ਬੁਰਕਾ ਪਹਿਨ ਕੇ ਈਸਾਈਆਂ ਨੇ ਬਦਲਾ-ਲਊ ਭਾਵਨਾ ਦੇ ਅਧੀਨ ਲੱਖਾਂ ਹੀ ਯਹੂਦੀਆਂ ਦਾ ਕਤਲੇਆਮ ਕੀਤਾ। ਨਿਜੀ ਧਰਮ ਵਿਚ ਦ੍ਰਿੜ੍ਹ ਹੋਣ ਦਾ ਕਦੀ ਭੀ ਇਹ ਭਾਵ ਨਹੀਂ ਹੋ ਸਕਦਾ ਕਿ ਦੂਸਰੇ ਗਵਾਂਢੀ ਧਰਮ ਦਾ ਸਰਬਨਾਸ਼ ਕੀਤਾ ਜਾਵੇ, ਬਲਕਿ ਵਿਰਤੀਹਾਣ ਸਮੇਂ ਦੇ ਵਾਤਾਵਰਣ ਨੂੰ ਅਨੁਭਵ ਕਰਦੇ ਹੋਏ ਐਸੀ ਧਾਰਾ ਉਤਪੰਨ ਹੁੰਦੀ ਹੈ ਕਿ ਜਿਵੇਂ ਇਕ ਰੇਲਵੇ ਜੰਕਸ਼ਨ 'ਤੇ ਆਪਣੇ ਆਪਣੇ ਸਮੇਂ ਦੇ ਅਨੁਸਾਰ ਸਾਰੀਆਂ ਰੇਲ ਗੱਡੀਆਂ ਇਕੱਠੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਦੇ ਯਾਤਰੀ ਆਪਣੀ ਆਪਣੀ ਰੁਚੀ ਦੇ ਆਧਾਰ 'ਤੇ ਇਕ ਦੂਸਰੀ ਗੱਡੀ ਵਿਚ ਬਦਲੀ ਹੁੰਦੇ ਹਨ, ਨਿਜੀ ਵਿਸ਼ਵਾਸ ਦੇ ਆਧਾਰ 'ਤੇ ਆਪਣੀ ਮਿਥੀ ਹੋਈ ਮੰਜ਼ਲ 'ਤੇ ਰਸਾਈ ਕਰਦੇ ਹਨ। ਇਨ੍ਹਾਂ ਯਾਤਰੀਆਂ ਵਿਚ ਕੋਈ ਭੀ ਵੱਡਾ ਜਾਂ ਛੋਟਾ ਨਹੀਂ ਹੈ, ਗ਼ਰਜ਼ੇਕਿ, ਸਾਰੇ ਹੀ ਸੰਤੁਲਤ ਅਥਵਾ ਸਮਾਨ ਹਨ ਪ੍ਰੰਤੂ ਇਹ ਸਮਝ ਲੈਣਾ ਅਤਿ ਆਵਸ਼ਕ ਹੈ ਕਿ ਇਹ ਸਾਰੇ ਹੀ ਮੁਸਾਫ਼ਰ ਹਨ। ਇਸ ਸੰਸਾਰੀ ਜੰਕਸ਼ਨ 'ਤੇ ਥਿਰ ਰਹਿਣ ਵਾਲਾ ਕੋਈ ਭੀ ਨਹੀਂ ਹੈ। ਨਾ ਕੋਈ ਈਸਾਈ ਰਹੇਗਾ, ਨਾ ਕੋਈ ਸਿਖ ਰਹੇਗਾ, ਨਾ ਕੋਈ ਮੁਸਲਿਮ ਰਹੇਗਾ, ਨਾ ਕੋਈ ਹਿੰਦੀ ਅਤੇ ਹਿੰਦੂ ਰਹੇਗਾ। ਜਦੋਂ ਰਹਿਣਾ ਹੀ ਨਹੀਂ ਹੈ, ਫਿਰ ਇਹ ਧਾਰਮਕ ਦੁਰ-ਵਿਵਹਾਰੀ ਕਿਉਂ ? ਧਰਮ ਦੇ ਨਾਮ ਥੱਲੇ ਪਰਸਪਰ ਵਿਰੋਧਾਭਾਸ, ਆਪਸੀ ਝਗੜੇ, ਅੱਲਹ ਕੇ ਨਾਮ ਪਰ ਕਤਲੋਗ਼ਾਰਤ, ਈਸਾ ਕੇ ਨਾਮ ਪਰ ਧਰਮ ਯੁੱਧ, ਹਿੰਦੀ ਹਿੰਦੂ ਹਿੰਦੁਸਤਾਨ ਕੇ ਨਾਮ ਪਰ ਨਸੱਲ-ਕੁਸ਼ੀ, ਸਿੱਖੀ ਦੇ ਪ੍ਰਭਮ ਥੱਲੇ ਵਾਦ-ਵਿਵਾਦ ਅਤੇ ਅੱਤਿਆਚਾਰ ਕਿਉਂ ਹੈ ? ਇਸ ਪ੍ਰਸ਼ਨ ਦਾ ਉੱਤਰ ਇਤਨਾ ਕਠਿਨ ਨਹੀਂ ਹੈ ਜਿਤਨਾ ਕਿ ਅਸੀਂ ਸਮਝੀ ਬੈਠੇ ਹਾਂ। ਇਹ ਜੀਵ ਐਸਾ ਮਕਰੂਹ ਅਤੇ ਕਪਟੀ ਹੈ ਕਿ ਨਿਜੀ ਧਰਮ ਨੂੰ ਸਮਝਣ ਦੀ ਬਜਾਏ ਧਾਰਮਕ ਮੋਰਚਾਬੰਦੀ ਉਲੀਕਦਾ ਹੈ। ਧਾਰਮਕ ਗੰਨ ਪਾਊਡਰ ਦੁਆਰਾ ਗਵਾਂਢੀਆਂ ਦੀ ਸਵਤੰਤ੍ਰਤਾ ਨੂੰ ਨਿਜੀ ਅਧਿਕਾਰ ਦੇ ਅਧੀਨ ਕਰਨਾ ਲੋਚਦਾ ਹੈ। ਇਸੇ ਇਲਾਮਤ ਦਾ ਦੂਸਰਾ ਨਾਮ "ਧਰਮ ਦੇ ਨਾਮ ਥੱਲੇ ਰੱਬੀ ਕਾਨੂੰਨ ਦੀ ਵਿਰੋਧਤਾ ਅਤੇ ਬਰਬਾਦੀ" ਹੈ। ਇਸ ਘੁਮੰਡੀ ਅਤੇ ਅਗਿਆਨੀ ਪੁਰਸ਼ ਨੂੰ ਇਹ ਸਮਝ ਹੀ ਨਹੀਂ ਹੈ ਕਿ ਇਹ ਸੰਸਾਰ ਚਰਾਗਾਹ ਹੈ। ਸੰਝਾਂ ਦੇ ਸਮੇਂ ਹਰ ਚਰਵਾਹੇ ਲਈ ਆਦੇਸ਼ ਹੈ ਕਿ ਚਰਾਗਾਹ ਦੀ ਮਹਿਫ਼ਲ ਛੱਡਣੀ ਹੀ ਪਵੇਗੀ, ਜਿਵੇਂ :

ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ॥
ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ॥
ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ॥

(ਆਸਾ ਮ: ੧, ਪੰਨਾ 418/7)

ਈਸਾਈ *ਅੰਜੀਲ* ਵਿਚ ਇਕ ਬਹੁਤ ਹੀ ਅੱਛਾ ਸੰਦੇਸ਼ ਹੈ ਕਿ ਤੁਸੀਂ ਆਪਣੇ ਗਵਾਂਢੀ ਨਾਲ ਐਸਾ ਸਲੂਕ ਕਰੋ ਅਥਵਾ ਐਸਾ ਪਿਆਰ ਕਰੋ, ਜੈਸਾ ਕਿ ਤੁਸੀਂ ਦੂਸਰਿਆਂ ਦੀ ਤਰਫ਼ੋਂ ਆਸ ਰੱਖਦੇ ਹੋ। ਗਵਾਂਢੀ ਨਾਲ ਅੱਛਾ ਵਰਤਾਓ ਜਾਂ ਪਿਆਰ ਕਰਨ ਦਾ ਭਾਵ ਇਹ ਨਹੀਂ ਹੈ ਕਿ ਤੁਸੀਂ ਪਿਆਰ ਅਥਵਾ ਅੱਛੇ ਸਲੂਕ ਦਾ ਛਲ-ਕਪਟੀ ਬੁਰਕਾ ਪਹਿਨ ਕੇ ਮਨੋਕਲਪਤ ਕਥਾ ਕਹਾਣੀਆਂ ਦੁਆਰਾ ਦੂਸਰੇ ਸਾਥੀਆਂ ਦਾ ਧਰਮ ਭ੍ਰਿਸ਼ਟ ਕਰੋ। ਬਲਕਿ, ਸਾਰਥਿਕ ਧਾਰਾ ਤਾਂ ਇਹ ਹੈ ਕਿ ਅਸੀਂ ਹਰ ਜੀਵ ਨਾਲ ਉਸ ਦੇ ਧਰਮ ਦਾ ਸਤਿਕਾਰ ਤੇ ਰੱਖਿਆ ਕਰਦੇ ਹੋਏ, ਉਸ ਨਾਲ ਪਿਆਰ ਅਤੇ ਸ੍ਰੇਸ਼ਟ ਆਚਰਣ ਦੀ ਸਾਂਝ ਪਾਈ ਰੱਖੀਏ। ਸਾਰੀ ਦੁਨੀਆ ਵਾਸਤੇ ਧਰਮ ਇਕ ਅਗਾਂਹਵਧੂ ਅਤੇ ਪਰਸਪਰ ਤਾਲਮੇਲਕ ਸੰਸਥਾ ਹੈ। ਹਰ ਧਰਮ ਦੀ ਸਹੀ ਅਤੇ ਵਾਜਬ ਢੰਗ ਦੁਆਰਾ ਕੀਤੀ ਹੋਈ ਵਰਤੋਂ ਹਾਨੀਕਾਰਕ ਵਿਅਕਤੀਆਂ ਨੂੰ ਭੀ ਸੁਅਸਥਅਵਸਥੀ ਅਤੇ ਤਸੱਲੀਬਖ਼ਸ਼ ਮਾਰਗ ਦਰਸਾ ਸਕਦੀ ਹੈ, ਕਿਉਂਕਿ ਆਮ ਸੰਸਾਰੀ ਜੀਵ ਹਾਰਦਿਕ ਤੌਰ 'ਤੇ ਧਰਮ ਪਾਲਕ ਹੁੰਦੇ ਹਨ। ਐਸੇ ਸਾਧਾਰਨ ਜੀਵਾਂ ਦੀ ਆਤਮਕ ਤ੍ਰਿਪਤੀ ਹਿਤ ਨਾਨਾ ਪਰਕਾਰੀ ਆਤਮਕ ਸੇਵਾਵਾਂ ਅਤਿ ਸਨਮਾਨਤ ਅਤੇ ਆਵਸ਼ਕ ਫ਼ਰਜ਼ ਨਿਭਾਉਂਦੀਆਂ ਹਨ। ਹਰ ਇਕ ਧਰਮ ਕੋਲ "ਅਨਿਕ ਭਾਂਤਿ ਕਰਿ ਸੇਵਾ ਕਰੀਐ॥ ਜੀਉ ਪ੍ਰਾਨ ਧਨੁ ਆਗੈ ਧਰੀਐ॥" ਜੈਸੇ ਬਹੁਤ ਹੀ ਉੱਚੇ ਅਤੇ ਸੁੱਚੇ ਸੰਕਲਪ ਹੁੰਦੇ ਹਨ ਪ੍ਰੰਤੂ ਉਨ੍ਹਾਂ ਦੀ ਵਰਤੋਂ ਦਾ ਢੰਗ ਵੱਖਰਾ ਵੱਖਰਾ ਹੁੰਦਾ ਹੈ। ਇਸ ਵਾਸਤੇ ਬਹੁਤ ਹੀ ਲਾਜ਼ਮੀ ਹੈ ਕਿ ਆਪਾਂ ਸਾਰੇ ਹੀ ਪਰਸਪਰ ਸਦਭਾਵਨਾ ਦੁਆਰਾ ਦੂਸਰੇ ਸਾਥੀਆਂ ਵਾਸਤੇ ਭੀ ਧਾਰਮਕ ਬੁਲੰਦੀਆਂ ਦੇ ਦਰਵਾਜ਼ੇ ਖੁੱਲ੍ਹੇ ਰੱਖੀਏ, ਤਾਂਕਿ ਇਨਸਾਨੀ ਜੀਵਨ ਦੀ ਜ਼ੀਨਤ ਨੂੰ ਹੋਰ ਵਧੇਰੇ ਆਕ੍ਰਸ਼ਕ ਬਣਾਵਣ ਹਿਤ, ਇਕ ਐਸੀ ਬ੍ਰਹਮੰਡੀ ਅਵਲੋਕਨ ਪ੍ਰਦਰਸ਼ਨੀ ਦੇ ਸਕੀਏ ਜਿਸ ਦੇ ਆਧਾਰ 'ਤੇ ਸਮੁੱਚੀ ਜੀਵਨੀ ਪ੍ਰਫੁੱਲਤ ਹੋ ਸਕੇ। ਸ੍ਰੇਸ਼ਟਾਚਾਰੀ ਖੁਲ੍ਹ-ਦਿਲੀ, ਨਾਨਾ ਪ੍ਰਕਾਰੀ ਸਕਾਰਾਤਮਿਕਤਾ ਅਤੇ ਪ੍ਰਮਾਣਿਕ ਵਿਚਾਰਧਾਰਾ ਦੁਆਰਾ ਸਰਬੋਤਮ ਹਕੀਕਤ ਨੂੰ ਇਨਸਾਨੀ ਜੀਵਨ ਦਾ ਨਿੱਗਰ ਭਾਗ ਬਣਾ ਸਕੀਏ।

ਦੁਨੀਆ ਦੇ ਹਰ ਇਕ ਧਰਮ ਦਾ ਮੂਲਿਕ ਅਧਿਕਾਰ ਹੈ ਕਿ ਉਹ ਜਿਤਨੀ ਭੀ ਪ੍ਰਗਤੀ ਕਰਨੀ ਚਾਹੇ ਕਰ ਸਕਦਾ ਹੈ, ਜਦੋਂ ਕਿ ਉਹ ਨਿਜੀ ਧਰਮ ਦੇ ਸਹੀ ਪ੍ਰਚਾਰ ਦੁਆਰਾ ਆਮ ਸੰਸਾਰੀ ਜੀਵਾਂ ਨੂੰ ਕੇਵਲ ਰੱਬੀ ਵਿਸ਼ਵਾਸ ਨਾਲ ਸੰਯੁਕਤ ਕਰਨ ਦੀ ਇੱਛਾ ਰੱਖਦਾ ਹੋਵੇ। ਇਸ ਦੇ ਪ੍ਰਤਿਕੂਲ ਅਗਰ ਕੋਈ ਭੀ ਧਰਮ ਮਨੋਕਲਪਤ ਕਥਾ ਕਹਾਣੀਆਂ ਦਾ ਇੰਦਰ-ਜਾਲ ਤਾਣ ਕੇ, ਭੋਲੇ-ਭਾਇ ਜੀਵਨ ਬਤੀਤ ਕਰਨ ਵਾਲੇ ਸੰਸਾਰੀ ਜੀਵਾਂ ਨੂੰ ਗੁਮਰਾਹ ਕਰਨ ਦਾ ਯਤਨ ਕਰੇ, ਤਦ ਇਸ ਮਨੋਕਲਪਤ ਧਾਰਾ ਦੇ ਪ੍ਰਤਿਕਰਮ ਉਸ ਧਰਮ ਦੇ ਅਨੁਯਾਈ ਹੀ ਇਨ੍ਹਾਂ ਕਥਾ ਕਹਾਣੀਆਂ ਦੀ ਵਿਰੋਧਤਾ ਕਰਨੀ ਆਰੰਭ ਦਿੰਦੇ ਹਨ। ਜਿਵੇਂ

ਕਿ ਵਿਰਤੀਹਾਨ ਸਮੇਂ ਵਿਚ ਈਸਾਈ ਮਤਿ ਦੇ ਵਿਰੁੱਧ ਈਸਾਈ ਵਿਦਵਾਨਾਂ ਨੇ ਹੀ ਇਸ ਝੂਠੀ ਸਮੱਗਰੀ ਨੂੰ ਪ੍ਰਗਟ ਕਰਨ ਹਿਤ ਇਕ ਨਹੀਂ, ਬਲਕਿ ਸੈਂਕੜੇ ਹੀ ਪੁਸਤਕਾਂ ਲਿਖੀਆਂ ਹਨ। ਇਨ੍ਹਾਂ ਦਾ ਪਰਸਪਰ ਵਿਰੋਧਾਭਾਸ ਇਤਨਾ ਤੂਲਾਨੀ (ਲੰਮਾ ਚੌੜਾ) ਹੋ ਚੁੱਕਾ ਹੈ ਕਿ ਜਿਸ ਦੀ ਨਿਰਣਾਤਮਕ ਮੰਜ਼ਲ ਤਲਾਸ਼ ਕਰਨ ਦੀ ਬਜਾਇ ਸੱਚ ਅਤੇ ਝੂਠ ਦੇ ਵਿਚਕਾਰ ਰੱਸਾ-ਕਸ਼ੀ ਹੈ। ਜਿਨ੍ਹਾਂ ਕੌਮਾਂ ਨੇ ਜਾਂ ਕਿਸੇ ਭੀ ਧਾਰਮਕ ਸੰਸਥਾ ਨੇ ਸੱਚ ਨੂੰ ਤਿਲਾਂਜਲੀ ਦੇ ਕੇ ਝੂਠ ਦਾ ਪੱਲਾ ਗ੍ਰਹਿਣ ਕੀਤਾ ਹੈ, ਉਨ੍ਹਾਂ ਦੀ ਮਾਰਗਦਰਸ਼ੀ ਧਾਰਾ ਇਤਨੀ ਉਜਾੜੂ ਅਤੇ ਤਿਲ੍ਹਕਵੀਂ ਹੁੰਦੀ ਹੈ ਕਿ ਸੱਚ ਦੇ ਵਣਜਾਰੇ, ਐਸੀ ਮਨੋਕਲਪਤ ਮਾਰਗਦਰਸ਼ੀ ਦੇ ਯਾਤਰੀ ਬਣਨਾ ਪਸੰਦ ਨਹੀਂ ਕਰਦੇ ਕਿਉਂਕਿ ਉਨ੍ਹਾਂ ਦਾ ਜੀਵਨ ਆਧਾਰ ਸੱਚ ਵੇਖਣਾ, ਸੱਚ ਸੁਣਨਾ, ਸੱਚ ਬੋਲਣਾ, ਗਰਜ਼ੇਕਿ, ਉਨ੍ਹਾਂ ਦੇ ਤਨ ਮਨ ਵਿਚ ਨਿਰੋਲ ਸੱਚ ਦਾ ਨਿਵਾਸ ਹੁੰਦਾ ਹੈ। ਉਹ ਕਦੀ ਭੀ ਝੂਠੀ ਸਾਖੀ ਨਹੀਂ ਭਰਦੇ ਬਲਕਿ ਹਮੇਸ਼ਾ ਹੀ ਸੱਚੀ ਸਾਖੀ ਪੇਸ਼ ਕਰਦੇ ਹਨ। ਉਨ੍ਹਾਂ ਦੇ ਪ੍ਰਚਾਰਕ ਸਾਧਨ ਨਿਰੋਲ ਸੱਚ ਦੇ ਆਧਾਰਤ ਹੁੰਦੇ ਹਨ। ਇਹੀ ਕਾਰਣ ਹੈ ਕਿ ਉਨ੍ਹਾਂ ਦੀ ਵਿਰੋਧਤਾ ਭੀ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਦੀ ਪ੍ਰਚਾਰਕ ਸਮੱਗਰੀ ਦਾ ਆਧਾਰ ਕੇਵਲ ਸੱਚ ਹੀ ਹੁੰਦਾ ਹੈ। ਪ੍ਰਚਾਰਕ ਸਮੱਗਰੀ ਸੱਚੀ ਹੋਣ ਕਰਕੇ ਉਨ੍ਹਾਂ ਦੀ ਪ੍ਰਸਿੱਧਤਾ ਭੀ ਨਿਰਸੰਦੇਹ ਸੱਚੀ ਹੁੰਦੀ ਹੈ। ਪ੍ਰੰਤੂ ਜਿਨ੍ਹਾਂ ਨੇ ਸੱਚ ਦਾ ਪੱਲਾ ਤਿਆਗ ਕੇ ਮਿਥਿਹਾਸਿਕ ਸਮੱਗਰੀ ਦਾ ਸਹਾਰਾ ਗ੍ਰਹਿਣ ਕੀਤਾ ਹੋਵੇ, ਉਹ ਹਮੇਸ਼ਾ ਹੀ ਪਰਸਪਰ ਵਿਰੋਧਾਭਾਸ ਦੇ ਕਾਰਣ ਸੰਤਾਪ ਭੋਗਦੇ ਹਨ। ਗਰਜ਼ੇਕਿ, ਇਸ ਦੁਨੀਆ ਵਿਚੋਂ ਰੋਂਦੇ ਕੁਰਲਾਂਦੇ ਹੀ ਟੁਰ ਜਾਂਦੇ ਹਨ। ਜੈਸੇ ਕਿ ਅੱਜ ਅਸੀਂ ਈਸਾਈ ਮਤਿ ਦੀ ਹਾਲਤ ਪਰਸਪਰ ਵਿਰੋਧਤਾ ਦੇ ਰੂਪ ਵਿਚ ਵੇਖ ਰਹੇ ਹਾਂ। ਉਕਤ ਦਰਸਾਏ ਖ਼ਿਆਲ ਦੀ ਪ੍ਰੋੜ੍ਹਤਾ ਪਾਵਨ ਗੁਰਬਾਣੀ ਦੁਆਰਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥
ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ ॥
ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ ॥੪॥

(ਸਿਰੀਰਾਗੁ ਮ: ੩, ਪੰਨਾ 69/17)

ਕਈ ਦਫ਼ਾ ਵੇਖਣ ਸੁਣਨ ਵਿਚ ਆਇਆ ਕਿ ਕੁਝ ਤ੍ਰਿਸ਼ਨਾਲੂ ਲੋਕ ਸੰਸਾਰੀ ਕਾਰੋਬਾਰ ਵਿਚ ਲਾ-ਇਤਬਾਰੀ ਕਰਦੇ ਹਨ। ਪ੍ਰੰਤੂ ਧਾਰਮਕ ਦੁਨੀਆ ਵਿਚ ਲਾ-ਇਤਬਾਰੀ ਲਈ ਕੋਈ ਭੀ ਗੁੰਜਾਇਸ਼ ਨਹੀਂ ਹੈ। ਇਹੀ ਕਾਰਣ ਹੈ ਕਿ ਕੁਝ ਈਸਾਈ ਵਿਦਵਾਨਾਂ ਨੇ ਧਾਰਮਕ ਦੁਰਵਰਤੋਂ ਦੇ ਵਿਰੁੱਧ ਨਿਜੀ ਖ਼ਿਆਲਾਂ ਦਾ ਇਜ਼ਹਾਰ ਕੀਤਾ ਹੈ। ਜਿਨ੍ਹਾਂ ਵਿਚ ਕ੍ਰਿਸਚੀਅਨ ਸਾਇੰਸ, ਈਸਾਈ ਮਤਿ ਦੇ ਅਨੇਕਾਂ ਫ਼ਿਰਕਿਆਂ ਵਿਚੋਂ ਇਕ ਮੋਢੀ ਅਤੇ ਪ੍ਰਸਿੱਧ ਧਾਰਮਕ

ਸੰਸਥਾ ਹੈ, ਜਿਸ ਦੀ ਧਾਰਮਕ ਆਗੂ ਮਿਸਜ਼ ਐਡੀ (Mrs. Eddy) ਅਤੇ ਉਨ੍ਹਾਂ ਦੇ ਸਾਥੀ ਨਿਮਨ ਲਿਖਤ ਦੇ ਆਧਾਰ 'ਤੇ ਈਸਾਈ ਮੂਲਿਕ ਧਾਰਾ ਦੀ ਵਿਰੋਧਤਾ ਅਤਿ ਵਜ਼ਨਦਾਰ ਸ਼ਬਦਾਵਲੀ ਦੁਆਰਾ ਕਰਦੇ ਹਨ, ਜਿਵੇਂ ਕਿ :

ਬਾਈਬਲ ਦੀ ਲਿਖਤ ਪੂਰਬਕਾਲੀ ਈਸਾਈਆਂ ਵਲੋਂ ਸੰਕਲਿਤ ਕੀਤੀ ਹੋਈ ਕਿਤਾਬ ਹੈ ਜਿਸ ਦੀ ਪਾਠਕ ਗਤੀ ਵਿਚ ਸੈਂਕੜੇ, ਬਲਕਿ ਹਜ਼ਾਰਾਂ ਹੀ ਅਸ਼ੁਧੀਆਂ ਹਨ। ਇਸ ਦੀ ਈਸ਼ਵਰੀ ਅਨੂਪਮਤਾ ਭਰੋਸੇਯੋਗ ਨਹੀਂ ਹੈ। *ਬਾਈਬਲ* ਦੀ ਲਤਾਫ਼ਤ ਅਥਵਾ ਅੰਤਰ-ਮੁਖੀ ਪ੍ਰੇਰਨਾ ਸੰਦੇਹਪੂਰਣ ਹੈ। ਇਸਦੀ ਬਨਾਵਟ ਅਲੰਕਾਰੀ ਅਥਵਾ ਰੂਪਕ ਹੈ। *ਬਾਈਬਲ* ਦੀ ਗਾਥਾ ਦੂ-ਅਰਥੀ ਹੈ, ਭਾਵ, ਪਰਸਪਰ ਵਿਰੋਧਾਭਾਸ ਰੱਖਦੀ ਹੈ। ਇਹ ਕਲਪਤ ਅਤੇ ਝੂਠੀਆਂ ਕਹਾਣੀਆਂ ਦਾ ਸੰਗ੍ਰਹਿ ਹੈ। ਇਸ ਦੇ ਮੂਲਿਕ ਅਰਥਾਂ ਨੂੰ ਪੜ੍ਹਨਾ ਅਤੇ ਇਸ ਦੀ ਵਿਆਖਿਆ ਕਰਨੀ ਅਸੰਭਵ ਹੈ। *ਬਾਈਬਲ* ਸਮੱਗਰੀ ਦੀ ਦਸਤਾਵੇਜ਼ੀ ਮਹਾਨਤਾ ਯੋਰਪ ਅਤੇ ਅਮਰੀਕਨ ਇਤਿਹਾਸ ਨਾਲੋਂ ਵੱਧ ਨਹੀਂ ਹੈ, ਆਦਿ।

(The Kingdom of the Cults, p. 144 & Miscellaneous Writing, p. 170)

ਸੰਭਵ ਹੈ ਕਿ ਉਕਤ ਦਰਸਾਈ ਪੰਜਾਬੀ ਵਾਰਤਾ ਦਾ ਅਨੁਵਾਦ ਵਾਸਤਵਿਕ ਰੂਪ ਵਿਚ ਕਰਨਾ ਹੋਰ ਵਧੇਰੇ ਲਾਭਦਾਇਕ ਹੋਵੇਗਾ ਜਿਸ ਦੇ ਆਧਾਰ 'ਤੇ ਅਸੀਂ ਇਸ ਪਰਿਣਾਮ 'ਤੇ ਰਸਾਈ ਕਰਦੇ ਹਾਂ ਕਿ ਸੱਚੀ ਸਮੱਗਰੀ ਦੇ ਨਾ ਹੋਣ ਕਰਕੇ ਈਸਾਈ ਸੰਸਥਾਵਾਂ ਵਿਚ ਕਿਤਨਾ ਪਰਸਪਰ ਵਿਰੋਧਾਭਾਸ ਹੈ। ਜਿਥੇ ਕਿਥੇ ਭੀ ਕਿਸੇ ਸਿਧਾਂਤਕ ਸਮੱਗਰੀ ਪ੍ਰਤਿ ਆਪਸੀ ਟਕਰਾਉ ਹੋਵੇ, ਉਥੇ ਨਿਰਸੰਦੇਹ ਕੋਈ ਨਾ ਕੋਈ ਅਸ਼ੁਧਤਾਈ ਲਾਜ਼ਮੀ ਹੀ ਹੁੰਦੀ ਹੈ, ਜਿਵੇਂ ਕਿ ਈਸਾ ਜੀ ਦੇ ਪੁਨਰ ਜੀਵਨ ਦੀ ਗਾਥਾ ਈਸਾਈ ਵਿਸ਼ਵਾਸ ਦੀ ਮੂਲਿਕ ਸ਼ਿਲਾ ਹੈ। ਪ੍ਰੰਤੂ ਕ੍ਰਿਸਚੀਅਨ ਸਾਇੰਸ ਫ਼ਿਰਕੇ ਦਾ ਵਿਸ਼ਵਾਸ ਹੈ ਕਿ ਈਸਾ ਜੀ ਦੀ ਮੌਤ ਸੂਲੀ 'ਤੇ ਨਹੀਂ ਹੋਈ, ਬਲਕਿ ਉਹ ਸ਼ਮਸ਼ਾਨ ਭੂਮੀ ਵਿਚ ਛੁਪ ਕੇ ਪਿਆ ਰਿਹਾ।

(The Kingdom of the Cults, p. 153 & Science and Health, p. 44)

ਆਓ ਉਕਤ ਦਰਸਾਏ ਖ਼ਿਆਲਾਂ ਦਾ ਉਲਥਾ ਅੰਗਰੇਜ਼ੀ ਭਾਸ਼ਾ ਵਿਚ ਵੇਖਣ ਦਾ ਯਤਨ ਕਰੀਏ, ਤਾਂਕਿ ਵਾਸਤਵਿਕ ਲਿਖਤ ਅਸਾਡੀ ਸਮਝ ਦਾ ਵਿਸ਼ਾ ਬਣ ਸਕੇ।

To the average *Christian Scientists Bible* is a compilation of ancient writings "full of hundreds of thousands of textual errors... It is divinity is ...uncertain, its inspiration ...questionable...It is made up of metaphors, allegories, myths and febles... It cannot be read and interpreted literally. *(The Kingdom of the Cults, p. 144)*

To all Christian Scientists then, since they swear allegiance to Mrs. Eddy, "The material record of the *Bible* ...is no more important to our well-being than the history of Europe and America."

(Miscellaneous writings, p. 170 & The Kingdom of the Cults, p. 144)

Mrs. Eddy and Christian science boldly assert, "His disciples believed Jesus to be dead while he was hidden in the sepulchre, whereas he was alive."

Jesus' students... did not perform many wonderful works until they saw him after his crucifixion and learned that he had not died.

(The Kingdom of the Cults, p. 153 & Science and Health, pp. 44-46)

ਈਸਾਈ ਮਤਿ ਦੇ ਜਿਤਨੇ ਭੀ ਬੁਨਿਆਦੀ ਸਿਧਾਂਤ ਹਨ, ਉਨ੍ਹਾਂ ਸਾਰਿਆਂ ਪ੍ਰਤਿ ਬਹੁਤ ਹੀ ਘਣੀ ਮਾਤਰਾ ਵਿਚ ਈਸਾਈ ਫ਼ਿਰਕਿਆਂ ਵਿਚ ਪਰਸਪਰ ਵਿਰੋਧਾਭਾਸ ਹੈ ਜਿਵੇਂ ਤ੍ਰੈ-ਪੱਖੀ ਰੱਬ *ਬਾਈਬਲ* ਦੀ ਪ੍ਰੇਰਕ ਮਹਾਨਤਾ, ਕੁਮਾਰੀ ਕੰਨਿਆ ਤੋਂ ਪੈਦਾਇਸ਼, ਈਸਾ ਜੀ ਦੀਆਂ ਕਰਾਮਾਤਾਂ, ਮੌਤ ਅਤੇ ਪੁਨਰ ਜੀਵਨ, ਨਰਕਾਂ ਵਿਚ ਉਤਰਨਾ, ਫਿਰ ਸੁਰਗਾਂ ਵਿਚ ਚਲੇ ਜਾਣਾ, ਬਾਪੂ ਦੇ ਸੱਜੇ ਪਾਸੇ ਬੈਠ ਜਾਣਾ, ਸਮੂਲਚੀ ਦੁਨੀਆ ਦੇ ਪਾਪਾਂ ਦੀ ਨਵਿਰਤੀ, ਜੀਵਾਂ ਦੇ ਫ਼ੈਸਲੇ ਕਰਨ ਹਿਤ ਦੋਬਾਰਾ ਮੁੜ ਕੇ ਆਉਣਾ, ਈਸਾ ਜੀ ਦੀ ਹੋਂਦ ਸਾਰੀ ਪ੍ਰਕਿਰਤੀ ਤੋਂ ਪਹਿਲਾਂ ਅਤੇ ਸਦੀਵੀ ਹੋਣੀ, ਆਦਿ। ਜਿਤਨਾ ਪਰਸਪਰ ਵਿਰੋਧਾਭਾਸ ਈਸਾਈ ਫ਼ਿਰਕਿਆਂ ਵਿਚ ਹੈ, ਇਤਨਾ ਅੰਤਰ ਦੁਨੀਆ ਦੀ ਹੋਰ ਕਿਸੇ ਭੀ ਧਾਰਮਕ ਸੰਸਥਾ ਵਿਚ ਨਹੀਂ ਹੈ। ਇਨ੍ਹਾਂ ਵਿਚ ਸਭ ਤੋਂ ਵੱਡੀ ਖ਼ੂਬੀ ਇਹੀ ਹੈ ਕਿ ਇਤਨਾ ਪਰਸਪਰ ਟਕਰਾਉ ਹੁੰਦੇ ਹੋਏ ਭੀ ਇਹ ਇਕੱਠੇ ਬੈਠਣ ਦੀ ਸਮਰੱਥਾ ਰੱਖਦੇ ਹਨ। ਇਨ੍ਹਾਂ ਦਾ ਮਿਲ ਕੇ ਬੈਠਣਾ ਹੀ ਸਾਰੀ ਦੁਨੀਆ ਵਿਚ ਈਸਾਈ ਮਤਿ ਦਾ ਪਸਾਰਾ ਹੈ। ਕੱਚੀ ਬਾਣੀ ਨੂੰ ਪੱਕੀ ਦੇ ਭਾਉ ਵੇਚਣਾ ਇਨ੍ਹਾਂ ਦੀ ਵਿਸ਼ੇਸ਼ਤਾ ਹੈ ਜੋ ਕਿ ਹੋਰ ਕਿਸੇ ਧਰਮ ਵਿਚ ਬਹੁਤ ਹੀ ਘੱਟ ਵੇਖਣ ਵਿਚ ਆਈ ਹੈ।

ਈਸਾਈ ਸਿਧਾਂਤ ਨੂੰ ਅੰਤ੍ਰੀਵੀ ਪ੍ਰੇਰਨਾ ਦੇ ਆਧਾਰ 'ਤੇ ਨਿਰੀਖਣ ਕੀਤਿਆਂ ਇਸ ਨਤੀਜੇ 'ਤੇ ਰਸਾਈ ਹੁੰਦੀ ਹੈ ਕਿ ਇਨ੍ਹਾਂ ਦੀ ਕਲਪਨਾਤਮਕ ਸ਼ਾਸਤਰ ਵਿਦਿਆ ਉਸ ਸਮੇਂ ਵਿਚ ਸਫਲ ਰਹੀ, ਜਦੋਂ ਕਿ ਇਨ੍ਹਾਂ ਦੇ ਪ੍ਰਤਿਕਰਮ ਕੋਈ ਭੀ ਦੂਸਰਾ ਸਿਧਾਂਤ ਨਹੀਂ ਸੀ। ਪ੍ਰੰਤੂ ਵਿਰਤੀਹਾਣ ਸਮੇਂ ਵਿਚ ਗੁਰਮਤਿ ਸਿਧਾਂਤ, ਸਮੂਲਚੀ ਮਨੁੱਖਤਾ ਨੂੰ ਜੀਵਨ ਸੇਧ ਦੇਣ ਹਿਤ, ਸਭ ਤੋਂ ਸ੍ਰੇਸ਼ਟ ਤੇ ਸੁਹੇਲਾ ਸਿਧਾਂਤ ਹੈ। ਪ੍ਰੰਤੂ ਸਭ ਤੋਂ ਦੁਖਦਾਈ ਸਥਿਤੀ ਇਹੀ ਹੈ ਕਿ ਸਿੱਖੀ

ਦੀ ਸ਼੍ਰੋਮਣੀ ਸੰਸਥਾ ਧਾਰਮਕ ਤੌਰ 'ਤੇ ਸਮੁੱਚੀ ਕੌਮ ਨੂੰ ਲਾਮਬੰਦ ਕਰਨੋਂ ਅਸਮਰੱਥ ਰਹੀ ਹੈ। ਪਰਿਣਾਮ ਵਜੋਂ ਸਿੱਖੀ ਦਾ ਪਸਾਰਾ ਉਤਨਾ ਨਹੀਂ ਹੋ ਸਕਿਆ ਜਿਤਨਾ ਕਿ ਹੋਣਾ ਚਾਹੀਦਾ ਸੀ। ਈਸਾਈ ਪਾਦਰੀਆਂ ਦੇ ਦਿਮਾਗ਼ ਵਿਚ ਉਹੀ ਪੂਰਬਕਾਲੀ ਭਰਮ ਭੁਲੇਖਿਆਂ ਵਾਲੀ ਵਿਚਾਰ-ਸ਼ੈਲੀ ਬੈਠੀ ਹੋਈ ਹੈ ਕਿ ਸਾਰੇ ਦੁਨਿਆਵੀ ਧਰਮਾਂ ਨੂੰ ਈਸਾਈ ਮਤਿ ਦੀ ਲਪੇਟ ਵਿਚ ਆ ਜਾਣਾ ਚਾਹੀਦਾ ਹੈ, ਜਦੋਂ ਕਿ ਇਨ੍ਹਾਂ ਦੀ ਸਮੂਲਚੀ ਸ਼ਾਸਤਰ ਵਿਦਿਆ ਮਨੋਕਲਪਤ ਕਥਾ ਕਹਾਣੀਆਂ ਦਾ ਸੰਗ੍ਰਹਿ ਹੋਣ ਕਰਕੇ ਮੰਨਣ ਦੇ ਯੋਗ ਨਹੀਂ ਹੈ।

ਇਕ ਦਫ਼ਾ ਦਾ ਜ਼ਿਕਰ ਹੈ ਕਿ ਸੰਨ 1893 ਸ਼ਿਕਾਗੋ ਨਗਰੀ ਯੂ.ਐਸ.ਏ. ਵਿਚ ਇਕ ਸਰਬ ਧਰਮ ਸੰਮੇਲਨ ਹੋਇਆ। (The first parliament of the World's religions.) ਉਸ ਸੰਮੇਲਨ ਵਿਚ ਈਸਾਈ ਪਾਦਰੀਆਂ ਦੀ ਬਹੁਤਾਤ ਸੀ। ਸਮੁੱਚੀ ਭਾਸ਼ਨਿਕ ਆਵੇਗ ਦੇ ਸਮੇਂ ਬਹੁਤੇ ਈਸਾਈ ਬੁਲਾਰਿਆਂ ਨੇ ਇਹ ਦਾਅਵਾ ਕੀਤਾ ਕਿ ਕੇਵਲ ਈਸਾਈ ਮਤਿ ਹੀ ਰੱਬੀ ਪੈਗ਼ਾਮ ਦਾ ਸਰਬੋਤਮ ਪ੍ਰਗਟਾਵਾ ਹੈ। ਦੂਸਰੇ ਸੰਸਾਰੀ ਧਰਮਾਂ ਦੀ ਅੰਤਮ ਮੰਜ਼ਲ ਇਹੀ ਹੈ ਕਿ ਉਹ ਈਸਾਈ ਧਰਮ ਦੀ ਲਪੇਟ ਵਿਚ ਪ੍ਰਵੇਸ਼ ਕਰ ਜਾਣ। ਭਾਵੇਂ ਈਸਾਈ ਪਾਦਰੀ ਡਾਰਵਨ ਦੇ ਲਗਾਤਾਰ ਵਿਕਾਸੀ ਸਿਧਾਂਤ ਵਿਚ ਯਕੀਨ ਨਹੀਂ ਰੱਖਦੇ, ਪ੍ਰੰਤੂ ਨਿਜੀ ਸੁਆਰਥ ਦੀ ਸਿੱਧੀ ਵਾਸਤੇ ਆਪਣੇ ਭਾਸ਼ਣਾਂ ਵਿਚ ਇਸ ਗੱਲ 'ਤੇ ਬਹੁਤ ਹੀ ਅਧਿਕ ਜ਼ੋਰ ਦਿੱਤਾ ਗਿਆ ਕਿ ਨੀਵੀਂ ਵਸਤੂ ਦਾ ਕਰਮ ਹੈ ਕਿ ਉਹ ਆਪ ਤੋਂ ਉੱਚੀ ਵਸਤੂ ਪ੍ਰਤਿ ਵਧਣ ਫੁਲਣ ਲਈ ਰਸਤੇ ਤੋਂ ਲਾਂਭੇ ਹੋ ਜਾਵੇ, ਤਾਂਕਿ ਮਨੁੱਖਤਾ ਵਿਚ ਧਾਰਮਕ ਵਿਕਾਸ ਕੀਤਾ ਜਾ ਸਕੇ। (ਕੈਸੀ ਖ਼ਾਮ ਖ਼ਿਆਲੀ ਹੈ) ਜਾਪਦਾ ਇੰਝ ਹੈ ਕਿ ਇਨ੍ਹਾਂ ਲੋਕਾਂ ਨੇ ਅੱਜ ਤਕ ਰੱਬੀ ਪ੍ਰਸੰਸਾ ਸੁਣਨ ਅਥਵਾ ਸਮਝਣ ਦਾ ਯਤਨ ਹੀ ਨਹੀਂ ਕੀਤਾ। ਕਿਉਂਕਿ ਇਨ੍ਹਾਂ ਲੋਕਾਂ ਦਾ ਕੇਂਦਰੀ ਬਿੰਦੂ ਰੱਬ ਨਹੀਂ ਹੈ, ਬਲਕਿ ਵਾਹਿਗੁਰੂ ਦੀ ਬਜਾਏ ਈਸਾ ਜੀ ਪ੍ਰਤਿ ਘੜੀ ਹੋਈ ਮਨੋਕਲਪਤ ਕਥਾ ਕਹਾਣੀ ਹੈ। ਜਿਸ ਨੂੰ ਰੱਬੀ ਮਹਿਮਾ ਦਾ ਗਿਆਨ ਹੀ ਨਹੀਂ ਹੈ, ਉਹ ਰੱਬ ਦੀ ਗੱਲ ਕਿਵੇਂ ਕਰ ਸਕਦਾ ਹੈ? ਉਕਤ ਦਰਸਾਈ ਭਾਸ਼ਨਿਕ ਪ੍ਰਣਾਲੀ ਦੇ ਪ੍ਰਤਿਕਰਮ ਵਜੋਂ ਸੁਆਮੀ ਵਿਵੇਕਾਨੰਦ ਜੀ ਨੇ ਇਨ੍ਹਾਂ ਅਹੰਕਾਰੀ ਪਾਦਰੀਆਂ ਦੀ ਮਨੋਕਲਪਤ ਧਾਰਨਾ ਨੂੰ ਚੁਣੌਤੀ ਦਿੰਦੇ ਹੋਏ ਐਸਾ ਸੁਲਝਿਆ ਹੋਇਆ ਸੰਯੁਕਤਸ਼ੀਲ, ਤਰਕਸ਼ੀਲ ਅਤੇ ਸਰਬਭਾਰੂ (Great impacted) ਭਾਸ਼ਣ ਦਿੱਤਾ ਕਿ ਕਾਨਫ਼ਰੰਸ ਵਿਚ ਬੈਠੇ ਇਕਤਰਫ਼ੀ ਵਿਚਾਰਧਾਰਾ ਦੀਆਂ ਨੀਹਾਂ ਹਿਲਾ ਦਿੱਤੀਆਂ। ਸੁਆਮੀ ਵਿਵੇਕਾਨੰਦ ਜੀ ਅਤਿ ਸ਼ਕਤੀਸ਼ਾਲੀ ਅਤੇ ਸੰਯੁਕਤਸ਼ਾਲੀ ਬੁਲਾਰਾ ਸੀ। ਵਿਵੇਕਾਨੰਦ ਜੀ ਵਲੋਂ ਦਿੱਤੇ ਹੋਏ ਸਰਬ ਸਾਂਝੀਵਾਲਤਾ ਅਥਵਾ ਸੰਯੁਕਤਸ਼ੀਲ ਸਿਧਾਂਤ ਨੂੰ ਬਹੁਤ ਸਾਰੇ ਅਮਰੀਕਨ ਲੋਕਾਂ ਨੇ ਗ੍ਰਹਿਣ ਕੀਤਾ, ਪ੍ਰੰਤੂ ਜਨੂੰਨੀ ਪਾਦਰੀਆਂ ਨੇ ਦਿਲ ਖੋਲ੍ਹ

ਕੇ ਵਿਰੋਧਤਾ ਕੀਤੀ, ਬਲਕਿ ਉਸ ਕਾਨਫ਼ਰੰਸ ਵਿਚ ਭਾਈਵਾਲ ਬਣਨੋਂ ਭੀ ਇਨਕਾਰ ਕੀਤਾ ਜਿਸ ਵਿਚ ਈਸਾਈਆਂ ਤੋਂ ਬਿਨਾਂ ਦੂਸਰੇ ਧਰਮਾਂ ਦੇ ਸਦੱਸ ਭਾਗ ਲੈਣ। ਸਰਬ ਧਰਮੀ ਕਾਨਫ਼ਰੰਸ ਵਿਚ ਨਾ ਸ਼ਾਮਲ ਹੋਣ ਵਾਲਿਆਂ ਵਿਚ ਸਭ ਤੋਂ ਕੱਟੜ ਅਤੇ ਪਹਿਲਾ ਪਾਦਰੀ ਡਾਕਟਰ ਬੈਨਸਨ, ਕਾਂਟਿਰਬਰੀ ਦਾ ਵਸਨੀਕ ਸੀ ਜਿਸ ਨੇ ਕਾਨਫ਼ਰੰਸ ਅਸੈਂਬਲੀ ਨੂੰ ਜਵਾਬੀ ਪੱਤਰ ਰਾਹੀਂ ਸੂਚਿਤ ਕੀਤਾ ਕਿ "ਕੇਵਲ ਈਸਾਈ ਮਤਿ ਹੀ ਇਕੋ-ਇਕ ਧਰਮ ਹੈ, ਇਹ ਕਿਵੇਂ ਹੋ ਸਕਦਾ ਹੈ ਕਿ ਕੇਵਲ ਇਕ ਧਰਮ ਦੂਜੇ ਧਰਮਾਂ ਦੀ ਵਿਚਾਰ ਸਭਾ ਦਾ ਸਦੱਸ ਬਣੇ ਜਦੋਂ ਕਿ ਉਨ੍ਹਾਂ ਦੀ ਤੁਲਨਾਤਮਕ ਵਿਚਾਰਧਾਰਾ ਰਾਖਵੀਂ ਵਿਸ਼ੇਸ਼ਤਾ ਅਤੇ ਧਾਰਮਕ ਦਾਅਵੇਦਾਰੀ ਸੰਤੁਲਤ (ਅਸਾਡੇ ਬਰਾਬਰ) ਨਹੀਂ ਹੈ"।

(Pilgrimage of hope, 1992 & Mansions of the Spirit, p. 30)

ਆਰਚ ਬਿਸ਼ਪ ਡਾ: ਬੈਨਸਨ ਦੇ ਦ੍ਰਿਸ਼ਟੀਕੋਣ ਦਾ ਅਸਲੀ ਪ੍ਰਤਿਬਿੰਬ ਓਦੋਂ ਪ੍ਰਗਟ ਹੋਇਆ, ਜਦੋਂ ਕਿ ਉਸ ਨੇ ਕਾਨਫ਼ਰੰਸ ਤੋਂ ਚਾਰ ਸਾਲ ਬਾਅਦ ਇਕ ਮਤੇ ਦੀ ਪ੍ਰੋੜ੍ਹਤਾ ਕਰਦੇ ਹੋਏ ਆਖਿਆ ਕਿ ਕਈ ਇਕ ਅੰਗਰੇਜ਼ੀ ਬੋਲਣ ਵਾਲੇ ਈਸਾਈਆਂ ਦੀ ਆਦਤ ਬਣ ਗਈ ਹੈ ਕਿ ਉਹ ਨਿਜੀ ਮਨੋਰੰਜਨ ਹਿਤ ਹਿੰਦੂ ਅਤੇ ਬੁਧ ਧਰਮ ਪ੍ਰਤਿ ਅਤਿ ਵਧਾ ਚੜ੍ਹਾ ਕੇ ਵਿਚਾਰ ਦਿੰਦੇ ਹੋਏ ਈਸਾਈ ਮਤਿ ਦੀ ਅਸਲੀ ਵਿਚਾਰਧਾਰਾ ਨੂੰ ਅੱਖੋਂ ਓਹਲੇ ਕਰਦੇ ਹਨ ਜਦੋਂ ਕਿ ਈਸਾ ਜੀ ਕੇਵਲ ਇਕੋ ਹੀ ਮੁਕਤੀ ਦਾਤਾ ਅਤੇ ਸਾਰੀ ਮਨੁੱਖਤਾ ਦਾ ਰਾਜਾ ਥਾਪਿਆ ਗਿਆ। ਇਸ ਧਾਰਾ ਨੂੰ ਲਾਜ਼ਮੀ ਹੀ ਸੁਬੱਲਤਾ ਸਹਿਤ ਲਾਗੂ ਕੀਤਾ ਜਾਵੇ। ਪ੍ਰੰਤੂ ਡਾ: ਬੈਨਸਨ ਦੇ ਇਸ ਮਤੇ ਦੀ ਪ੍ਰੋੜ੍ਹਤਾ ਨਾ ਹੋ ਸਕੀ, ਨਿਜੀ ਉਜੱਡਤਾ ਨੂੰ ਛੁਪਾਵਨ ਹਿਤ ਉਸ ਨੇ ਇਕ ਅਤਿ ਰੋਚਕ ਅਤੇ ਆਲੋਚਕ ਬਿਆਨਬਾਜ਼ੀ ਕੀਤੀ। "ਅਸਲੀਅਤ ਤਾਂ ਇਹ ਹੈ ਕਿ ਸਾਰੇ ਧਰਮ ਹੀ ਵਾਸਤਵਿਕ ਤੌਰ 'ਤੇ ਘੱਟ ਜਾਂ ਵੱਧ ਸੱਚੇ ਹੁੰਦੇ ਹਨ ਔਰ ਸਾਰੇ ਧਰਮ ਹੀ ਭੇਸ ਦੇ ਆਧਾਰ 'ਤੇ ਘੱਟ ਜਾਂ ਵੱਧ ਝੂਠੇ ਹੁੰਦੇ ਹਨ, ਜਿਵੇਂ :

One of those who opposed the 1893 parliament and declined an invitation to attend, Arch Bishop of Centerbury, Dr. Benson. In a letter to the assembly stating his objection to its very concept, he wrote, "The Christian religion is the one religion. I do not understand how that one religion can be regarded as a member of a parliament of religions, without assuming the equality of other intended members and the parity of their position and claims."

(Pilgrimage of Hope, 1992)

ਉਹ ਵਾਹਿਗੁਰੂ, ਉਸ ਦਾ ਨਾਮਣਾ ਅਤੇ ਉਸ ਦੀ ਕੁਦਰਤ ਇਤਨੀ

ਵਿਸ਼ਾਲ ਹੈ ਜੋ ਕਿ ਇਨਸਾਨੀ ਮਨ ਦੀ ਉਡਾਰੀ ਬੁੱਧੀ ਦਾ ਸੋਚ ਦਾ ਵਿਰਸਾ ਨਹੀਂ ਹੈ। ਉਹ ਅਗੰਮ, ਅਗੋਚਰ, ਅਥਾਹ ਅਤੇ ਅਨੰਤ ਹੈ। ਉਸ ਨੂੰ ਕਿਸੇ ਧਾਰਮਕ ਘੇਰੇ ਵਿਚ ਕਦੀ ਭੀ ਬੰਦ ਨਹੀਂ ਕੀਤਾ ਜਾ ਸਕਦਾ। ਭਾਵੇਂ ਕੋਈ ਇਨਸਾਨ ਅਥਵਾ ਕੋਈ ਭੀ ਧਰਮ ਕਿਉਂ ਨਾ ਹੋਵੇ, ਜਦੋਂ ਉਹ ਇਹ ਦਾਅਵਾ ਕਰਦਾ ਹੈ ਕਿ ਰੱਬ ਮੇਰੀ ਕਿਤਾਬ ਜਾਂ ਮੇਰੇ ਕੁੱਜੇ ਵਿਚ ਹੀ ਤਾੜਿਆ ਹੋਇਆ ਹੈ। ਉਸ ਜੈਸਾ ਭੁੱਲੜ ਇਨਸਾਨ ਕੇਵਲ ਉਹ ਆਪ ਹੀ ਹੋ ਸਕਦਾ ਹੈ। ਇਹੀ ਕਾਰਣ ਹੈ ਕਿ ਯਹੂਦੀ ਵਿਦਵਾਨ ਫ਼ਰੈਂਜ਼ ਰੋਜ਼ਿਨਵਿਗ ਇਹ ਆਖਣ ਲਈ ਮਜਬੂਰ ਹੋ ਗਿਆ ਕਿ ਜਿਤਨਾ ਅਰਸਾ ਤਕ ਈਸਾਈ ਮਤਿ ਇਸ ਬਿਆਨ (John 14:6) ਦੀ ਪਾਲਣਾ ਕਰਦੀ ਰਹੇਗੀ ਜਾਂ ਇਸ ਨੂੰ ਪ੍ਰਮਾਣਿਕ ਸਿਧਾਂਤ ਵਜੋਂ ਮੰਨਨ ਕਰਦੀ ਰਹੇਗੀ, ਇਸ ਵਿਚ ਵਾਹਿਗੁਰੂ ਦੀ ਹੋਂਦ ਵਾਸਤੇ ਕੋਈ ਥਾਂ ਨਹੀਂ ਹੈ, ਜਿਵੇਂ :

Jewish scholar Franz Rosenzweig has commented that "as long as Christianity maintain this statement (John 14:6) as its authentic dogma, there is no place for the living God."

(Mansions of the Spirit, p. 80. Letters, 1935)

ਭਾਵੇਂ ਕੋਈ ਵਿਅਕਤੀ ਜਾਂ ਕੋਈ ਭੀ ਸੰਸਥਾ ਕਿਉਂ ਨਾ ਹੋਵੇ, ਜਦੋਂ ਉਸ ਦੀ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ" ਦੀ ਲਗਨ ਪ੍ਰਮੇਸ਼ਵਰੀ ਸਾਂਝੀਵਾਲਤਾ ਅਤੇ ਰੱਬੀ ਭਾਈਚਾਰੇ ਨਾਲੋਂ ਅੱਡਰੀ ਹੋ ਜਾਵੇ, ਅਲੱਗ ਥਲੱਗ ਹੋ ਜਾਵੇ, ਸਮਝ ਲੈਣਾ ਚਾਹੀਦਾ ਹੈ ਕਿ ਉਹ ਇਨਸਾਨ ਅਥਵਾ ਉਹ ਸੰਸਥਾ ਉਸ ਆਸਮਾਨੀ ਸਿਧਾਂਤ "ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ" ਦੀ ਵਿਰੋਧਤਾ ਕਰ ਰਹੀ ਹੈ ਔਰ ਰੱਬ ਨੂੰ ਨਫ਼ਰਤ ਦੇ ਕੁੱਜੇ (Goblet) ਵਿਚ ਬੰਦ ਕਰਨਾ ਲੋੜਦੇ ਹਨ। ਨਿਜੀ ਧਰਮ ਨੂੰ ਦੂਜੇ ਧਰਮਾਂ ਦੇ ਪ੍ਰਤਿਕਰਮ ਵੱਡਾ ਸਮਝਣਾ ਅਥਵਾ ਸ੍ਰੇਸ਼ਟ ਸਮਝਣਾ ਇਥੇ ਰੱਬੀ ਮਹਿਮਾ ਦਾ ਪ੍ਰਸ਼ਨ ਨਹੀਂ ਹੈ ਬਲਕਿ ਨਿਜੀ ਪ੍ਰਭੁਤਾ, ਦਬਦਬਾ ਅਤੇ ਨਿਜੀ ਸ਼ਾਸਨ (domination and control) ਸਥਾਪਨ ਕਰਨ ਦੀ ਰੁਚੀ ਹੈ। ਇਹੀ ਉਹ ਲੋਕ ਹਨ ਜੋ ਧਰਮ ਦਾ ਬੁਰਕਾ ਪਹਿਨ ਕੇ ਵੈਰ ਵਿਰੋਧ, ਲੜਾਈ ਝਗੜੇ ਕਰਦੇ ਅਤੇ ਕਰਵਾਉਂਦੇ ਹਨ। ਐਸੇ ਵੱਖਵਾਦੀ ਲੋਕਾਂ ਵਲੋਂ ਹੀ ਟੇਢੇ ਪੈਂਤੜੇ ਵਰਤਦੇ ਹੋਏ ਵਿਰੋਧੀ ਖ਼ਿਆਲ ਦੇ ਲੋਕਾਂ ਪ੍ਰਤਿ ਕਾਫ਼ਰ, ਛਲਕਪਟੀ ਅਤੇ ਸ਼ੈਤਾਨ ਜੈਸੀ ਸ਼ਬਦਾਵਲੀ ਵਰਤੀ ਜਾਂਦੀ ਹੈ। ਪਰਿਣਾਮ ਵਜੋਂ ਉਨ੍ਹਾਂ ਦੇ ਵਿਰੁੱਧ ਧਰਮ ਯੁੱਧ ਅਤੇ ਪ੍ਰੀਖਕ (Crusade and Inquisition) ਕੇਂਦਰ ਖੋਲ੍ਹੇ ਜਾਂਦੇ ਹਨ। ਹੋਰ ਵਾਰਤਾ ਲਿਖਣ ਤੋਂ ਪਹਿਲਾਂ ਲਾਜ਼ਮੀ ਹੈ ਕਿ ਈਸਾਈ ਧਰਮ ਯੁੱਧ ਪ੍ਰਤਿ ਕੁਝ ਲਿਖਿਆ ਜਾਵੇ।

8

ਈਸਾਈ ਧਰਮ ਯੁੱਧ (Crusade)

8.65 ਈਸਾਈ ਤਵਾਰੀਖ਼ ਐਸੀਆਂ ਚਿਤਾਵਨੀਆਂ ਨਾਲ ਪਰੀਪੂਰਨ ਹੋ ਰਹੀ ਹੈ ਜੋ ਕਿ ਇਨ੍ਹਾਂ ਦੇ ਵਿਪਰੀਤ ਧਰਮ ਸ਼ਾਸਤ੍ਰੀਆਂ ਵਲੋਂ ਦਿੱਤੀਆਂ ਗਈਆਂ, ਜਿਨ੍ਹਾਂ ਤੋਂ ਈਸਾਈ ਸੰਘ (Community) ਨੇ ਅਤਿ ਘਬਰਾਹਟ ਅਤੇ ਖਟਕਾ ਮਹਿਸੂਸ ਕੀਤਾ। ਇਨ੍ਹਾਂ ਵਿਰੋਧੀ ਧਾਰਾਵਾਂ ਨੂੰ ਖ਼ਤਮ ਕਰਨ ਹਿਤ ਅਥਵਾ ਇਨ੍ਹਾਂ ਦਾ ਚਿੱਤਰ ਪੇਸ਼ ਕਰਨ ਲਈ ਪ੍ਰਮੇਸ਼ਵਰ ਦੇ ਸ਼ਤਰੂ ਕਰਕੇ ਆਖਿਆ ਗਿਆ। ਵਿਸ਼ੇਸ਼ ਕਰਕੇ ਪੂਰਬਕਾਲੀ ਧਰਮ ਸ਼ਾਸਤ੍ਰੀਆਂ ਪ੍ਰਤਿ ਰੱਬੀ ਦੁਸ਼ਮਨ (Gnosticism) ਆਖਿਆ ਗਿਆ।

ਖ਼ਾਸ ਕਰਕੇ ਨੈਸੀਆ (Nicaea) ਕੌਂਸਿਲ ਦੀ ਰੱਖਿਆ ਵਾਸਤੇ ਪਾਦਰੀ ਐਰੀਅਸ (Arius, Arianism) ਦੇ ਅਨੁਯਾਈਆਂ ਪ੍ਰਤਿ ਉਕਤ ਦਰਸਾਈ ਸ਼ਬਦਾਵਲੀ ਵਰਤੀ ਗਈ। ਧਰਮ ਯੁੱਧ ਨੂੰ ਪ੍ਰਵਾਨਗੀ ਦੇਣ ਲਈ ਸਮੁੱਚੇ ਇਸਲਾਮ ਨੂੰ ਰੱਬ ਵਿਰੋਧੀ ਸ਼ਕਤੀ ਆਖਿਆ ਗਿਆ। ਇਹੀ ਸੰਕੇਤਾਵਲੀ ਇਨ੍ਹਾਂ ਈਸਾਈ ਫ਼ਿਰਕਿਆਂ ਰੋਮਨ ਕੈਥੋਲਿਕ ਅਤੇ ਪ੍ਰੋਟੈਸਟੈਂਟ ਨੇ ਇਕ ਦੂਸਰੇ ਦੇ ਵਿਰੋਧ ਵਿਚ ਪੁਨਰ ਸੰਗਠਨ (Reformation) ਦੇ ਸਮੇਂ ਵਰਤੀ। ਭਾਵੇਂ ਯਹੂਦੀ ਲੋਕ ਈਸਾਈਆਂ ਵਾਸਤੇ ਇਤਨੇ ਖ਼ਤਰਨਾਕ ਨਹੀਂ ਸਨ, ਪ੍ਰੰਤੂ ਈਸਾਈ ਸੰਗਠਨ ਨੇ ਉਨ੍ਹਾਂ ਨੂੰ ਈਸਾ ਦੇ ਹੱਤਿਆਰੇ ਆਖ ਕੇ ਦੋਸ਼ੀ ਠਹਿਰਾਇਆ।

ਪਸਰਪਰ ਵਿਤਰੇਕਤਾ (ਨਿਖੇੜ) (Mutual isolation) ਦੇ ਉਤਪੰਨ ਹੋਣ ਕਰਕੇ ਈਸਾਈ ਸੰਘ ਨੇ ਚੌਤਰਫ਼ੀ ਘਬਰਾਹਟ ਮਹਿਸੂਸ ਕੀਤੀ। ਐਸੇ ਵੈਰ-ਵਿਰੋਧੀ ਵਾਤਾਵਰਨ ਦੇ ਹੋਣ ਕਰਕੇ ਇਨਸਾਨੀ ਸੁਭਾਵਕ ਪ੍ਰੇਰਨਾ ਦੇ ਅਧੀਨ, ਆਤਮ ਸੁਰੱਖਿਆ ਹਿਤ ਹੋਰ ਸਮੂਲਚੀ ਨੈਤਿਕ ਵਿਚਾਰਧਾਰਾ ਦਾ ਭੋਗ ਪਾ ਦਿੱਤਾ। ਆਪਣੇ ਪਰਾਏ, ਦੇਸੀ ਪਰਦੇਸੀ ਦਾ ਖ਼ਿਆਲ, ਭੂਤ ਬਣ ਕੇ ਪ੍ਰਗਟ ਹੋਇਆ। ਦੂਸਰਿਆਂ ਨੂੰ ਖ਼ਤਮ ਕਰਨ ਹਿਤ, ਮਨੁੱਖਤਾਹੀਣ ਕਰਨ ਲਈ ਈਸਾਈ ਪਾਦਰੀਆਂ ਵਲੋਂ ਭੰਡੀ ਪ੍ਰਚਾਰ ਸ਼ੁਰੂ ਕੀਤਾ ਗਿਆ। ਪਰਿਣਾਮ ਵਜੋਂ, ਸਮੂਲਚੀ ਈਸਾਈ ਸੰਸਥਾ ਹਿੰਸਕ ਕ੍ਰਿਆ ਕਰਨ ਲਈ ਆਮਾਦਾ ਹੋ ਗਈ।

ਅਰਬ ਦੇ ਮੁਸਲਮਾਨਾਂ ਨੇ ਲਗਪਗ ਸੰਨ 600 ਵਿਚ ਭੂ-ਮੱਧ ਸਾਗਰ ਦਾ ਸਮੂਲਚਾ ਪੂਰਬੀ ਤਟ ਆਪਣੇ ਕਬਜ਼ੇ ਵਿਚ ਕਰ ਲਿਆ। ਜੈਰੋਸ਼ਲਮ ਜਿਥੇ ਈਸਾ ਜੀ ਪੈਦਾ ਹੋਏ ਸਨ, ਸੰਨ 1000 ਤਕ ਮੁਸਲਮਾਨਾਂ ਦੇ ਕਬਜ਼ੇ ਵਿਚ ਰਿਹਾ। ਈਸਾਈਆਂ ਵਾਸਤੇ ਜੈਰੋਸ਼ਲਮ ਬਹੁਤ ਹੀ ਪਵਿੱਤਰ ਨਗਰੀ ਹੈ, ਜਿਵੇਂ ਖ਼ਾਲਸੇ ਵਾਸਤੇ ਨਨਕਾਣਾ ਸਾਹਿਬ ਹੈ। ਆਮ ਤੌਰ 'ਤੇ ਅਰਬ ਸ਼ਾਸਨ ਦੇ ਅਧਿਕਾਰੀ ਈਸਾਈ ਯਾਤਰੂਆਂ ਵਾਸਤੇ ਸੁਵਿਧਾਵਾਂ ਉਤਪੰਨ ਕਰਦੇ ਸਨ ਤਾਂਕਿ ਉਹ ਆਪਣੇ ਪਰੋਫ਼ਿਟ (ਨਬੀ) ਦੀ ਪੈਦਾਇਸ਼ੀ ਭੂਮੀ ਦੀ ਯਾਤਰਾ ਕਰ ਸਕਣ। ਤਕਰੀਬਨ ਸੰਨ 1000 ਵਿਚ ਤੁਰਕੀ ਦੇ ਸਲਜਕ ਕਬੀਲੇ ਨੇ ਕੁਸਤੁਨਤੁਨੀਆ ਦੀ ਮੱਧ ਪੂਰਬੀ ਈਸਾਈ ਸਲਤਨਤ ਦਾ ਭੋਗ ਪਾ ਕੇ ਸਾਰੀ ਤੁਰਕੀ ਵਿਚ ਇਸਲਾਮ ਦਾ ਝੰਡਾ ਲਹਿਰਾ ਦਿੱਤਾ। ਇਸਲਾਮਿਕ ਪੱਖੀ ਯੋਧਾ ਅਤੇ ਅੱਛਾ ਪ੍ਰਬੰਧਕ ਹੋਣ ਦੇ ਨਾਤੇ ਤੁਰਕਿਸਤਾਨ ਦੀ ਭੂਮੀ ਤੋਂ ਹਮੇਸ਼ਾ ਵਾਸਤੇ ਈਸਾਈਅਤ ਦੀ ਹਕੂਮਤ ਦਾ ਸ਼ੀਰਾਜ਼ਾ ਖੇਰੂੰ ਖੇਰੂੰ ਕਰ ਦਿੱਤਾ। ਸੰਨ 1071 ਵਿਚ ਤੁਰਕ ਹਕੂਮਤ ਨੇ ਲਗਪਗ ਅਰਬ, ਸੈਰੀਆ ਅਤੇ ਜੈਰੋਸ਼ਲਮ ਆਦਿ ਇਲਾਕੇ ਨਿਜੀ ਅਧਿਕਾਰ ਵਿਚ ਲੈ ਆਂਦੇ। ਪ੍ਰੰਤੂ ਚੰਗੇਜ਼ ਖ਼ਾਨ ਅਤੇ ਈਸਾਈ ਧਰਮ ਯੋਧਿਆਂ ਦੇ ਹਮਲਿਆਂ ਨੇ ਲਗਪਗ ਸੰਨ 1200 ਵਿਚ ਸਲਜਕ (ਸਲਾਹੁਦੀਨ) ਕਬੀਲੇ ਦੀ ਹਕੂਮਤ ਖ਼ਤਮ ਕਰ ਦਿੱਤੀ। ਪ੍ਰੰਤੂ ਤੁਰਕਾਂ ਦਾ ਕਬਜ਼ਾ ਅਰਬ, ਸੈਰੀਆ ਅਤੇ ਜੈਰੋਸ਼ਲਮ 'ਤੇ ਕਾਇਮ ਸੀ। ਸੰਨ 1090 ਵਿਚ ਬੈਜ਼ਨਟਾਈਨ ਦੇ ਰਾਜਾ ਅਲੈਸੀਅਸ ਨੇ ਤੁਰਕਾਂ ਦੇ ਵਿਰੁੱਧ ਯੁੱਧ ਕਰਨ ਹਿਤ ਪੋਪ ਅਰਬਨ ਦੂਸਰੇ ਤੋਂ ਸਹਾਇਤਾ ਮੰਗੀ। ਅਰਬਨ ਨੇ ਨਿਜੀ ਅਤੇ ਈਸਾਈ ਚਰਚਾਂ ਦੀ ਪ੍ਰਸਿੱਧਤਾ ਅਥਵਾ ਯੌਰਪੀਅਨ ਲੋਕਾਂ ਦੀ ਪਰਸਪਰ ਇਲਾਕਾ ਖੋਹੂ ਅਤੇ ਵੈਰ-ਵਿਰੋਧੀ ਨੀਤੀ ਨੂੰ ਧਿਆਨ ਵਿਚ ਰੱਖਦਿਆਂ, ਸੰਨ 1095 ਵਿਚ ਫ਼ਰਾਂਸ ਦੀ ਨਗਰੀ ਕੱਲਰ ਮਾਊਂਟ ਵਿਚ ਈਸਾਈ ਸ਼ਰਧਾਲੂਆਂ ਅਤੇ ਸੁਲਝੇ ਹੋਏ ਸਾਊ ਬੰਦਿਆਂ ਦੀ ਮੀਟਿੰਗ ਬੁਲਾਈ, ਜਿਸ ਵਿਚ ਉਸ ਨੇ ਅਤਿ ਜਜ਼ਬਾਤੀ ਭਾਸ਼ਣ ਦਿੰਦੇ ਹੋਏ ਆਖਿਆ ਕਿ ਅਸਾਡਾ ਧਰਮ ਹੈ ਕਿ ਅਸੀਂ ਆਪਣੇ ਜੱਦੀ ਵੈਰੀ (ਇਸਲਾਮ) ਤੋਂ ਜੈਰੋਸ਼ਲਮ ਦੀ ਪਾਵਨ ਧਰਤੀ ਦਾ ਹਰ ਜ਼ੱਰਾ ਜ਼ੱਰਾ ਆਜ਼ਾਦ ਕਰਵਾਈਏ। ਪੋਪ ਅਰਵਨ ਵਲੋਂ ਕੀਤੀ ਗਈ ਪ੍ਰਾਰਥਨਾ "ਇਹੀ ਰੱਬ ਦੀ ਇੱਛਾ ਹੈ" (God wills it !) ਦੇ ਜੈਕਾਰਿਆਂ ਦੀ ਗੂੰਜ ਵਿਚ ਸਵੀਕਾਰ ਕੀਤੀ ਗਈ। ਗ਼ਰਜ਼ੇਕਿ, ਕੁਝ ਸਤਿਕਾਰਿਤ ਬੰਦੇ ਭੀ ਪੋਪ ਦੇ ਪੈਰਾਂ 'ਤੇ ਢਹਿ ਪਏ ਔਰ ਨਿਜੀ ਜਾਇਦਾਦ ਰੱਬ ਦੇ ਨਾਮ 'ਤੇ ਅਰਪਣ ਕਰ ਦਿੱਤੀ। ਪੀਟਰ ਹੈਰਮਿਟ ਦੀ ਸਰਦਾਰੀ ਥੱਲੇ ਹਜ਼ਾਰਾਂ ਹੀ ਈਸਾਈ ਸ਼ਰਧਾਲੂ ਧਰਮ ਯੁੱਧ ਸੰਗਠਨ ਵਿਚ ਭਰਤੀ ਹੋ ਗਏ। ਕੁਝ ਸੰਨਿਆਸੀ ਅਤੇ ਤਿਆਗੀ ਮਹੰਤ ਆਪਣੀ ਤਪੱਸਿਆ ਨੂੰ ਛੱਡ ਕੇ ਈਸਾਈ ਧਰਮ ਯੁੱਧ ਫ਼ੌਜ ਵਿਚ ਭਰਤੀ ਹੋ ਗਏ। ਧਰਮ

ਯੁੱਧ ਸ਼ਕਤੀ ਨੂੰ ਸੁਬੱਲ ਅਤੇ ਬਹੁ-ਸੰਖਿਅਕ ਬਣਾਵਣ ਹਿਤ ਪੋਪ ਅਰਵਨ ਨੇ ਪੂਰੇ ਨੌਂ ਮਹੀਨੇ ਫ਼ਰਾਂਸ ਦੇਸ਼ ਵਿਚ ਪ੍ਰਚਾਰਿਕ ਭ੍ਰਮਣ ਕੀਤਾ। ਪੋਪ ਨੇ ਆਪਣੇ ਜਜ਼ਬਾਤੀ ਭਾਸ਼ਣ ਵਿਚ ਇਹ ਦਾਅਵਾ ਕੀਤਾ ਕਿ ਜੋ ਲੋਕ ਈਸਾ ਦੇ ਨਾਮ 'ਤੇ ਧਰਮ ਯੁੱਧ ਵਿਚ ਸ਼ਾਮਲ ਹੋਣਗੇ, ਉਨ੍ਹਾਂ ਨੂੰ ਕੀਤੇ ਪਾਪਾਂ ਤੋਂ ਛੁਟਕਾਰਾ ਪ੍ਰਾਪਤ ਹੋਵੇਗਾ। ਤੁਸੀਂ ਯਕੀਨ ਕਰੋ ਕਿ ਧਰਮ ਯੁੱਧ ਲੜਨ ਦੇ ਇਵਜ਼ਾਨੇ ਵਿਚ ਤੁਹਾਨੂੰ ਸੁਰਗਾਂ ਵਿਚ ਅਮਿੱਟ ਵਡਿਆਈ ਪ੍ਰਾਪਤ ਹੋਵੇਗੀ। ਧਰਮ ਯੁੱਧ ਨਾਮ ਥੱਲੇ ਪੋਪ ਵਲੋਂ ਨੀਤੀ ਭਾਸ਼ਨਿਕ ਸ਼ਬਦਾਵਲੀ ਦੇ ਅਤਿ ਲਘੂ ਖੰਡ ਦਾ ਅਨੁਵਾਦ ਨਿਮਨ ਲਿਖਤ ਦੇ ਆਧਾਰ 'ਤੇ ਨਿਰੀਖਣ ਕੀਤਾ ਜਾ ਸਕਦਾ ਹੈ। ਜਿਵੇਂ :

Undertake this journey eagerly for the remission of your sins, and be assured of the reward of imperishable glory in the Kingdom of Heaven. *(The Age of the Faith, p. 587)*

ਦੋ ਸਾਲ ਧਰਮ ਯੁੱਧ ਪ੍ਰਚਾਰ ਤੋਂ ਉਪਰੰਤ ਜਦੋਂ ਪੋਪ ਅਰਵਨ ਦੂਜਾ ਰੋਮ (ਇਟਲੀ) ਵਿਚ ਵਾਪਸ ਪਰਤਿਆ, ਈਸਾਈ ਸ਼ਰਧਾਲੂਆਂ ਵਲੋਂ ਉਸਨੂੰ ਬਹੁਤ ਹੀ ਨਿੱਘਾ ਸੁਆਗਤ ਅਤੇ ਮਾਣ ਸਤਿਕਾਰ ਪ੍ਰਾਪਤ ਹੋਇਆ। ਰੋਮ ਦੇ ਪੋਪ ਸਿੰਘਾਸਣ 'ਤੇ ਵਿਰੋਧਤਾ ਰਹਿਤ ਕਾਬਿਜ਼ ਹੋ ਗਿਆ। ਧਰਮ ਯੁੱਧ ਦੀ ਸ਼ਕਤੀ ਨੂੰ ਵਧੇਰੇ ਸੁਬੱਲਤਾ ਪ੍ਰਦਾਨ ਕਰਨ ਹਿਤ ਪੋਪ ਨੇ ਸਮੁੱਚੀ ਗ਼ੁਲਾਮ ਅਤੇ ਕਮੀਨ ਦਰਜੇ ਦੀ ਨੌਕਰ ਚਾਕਰ ਸ਼੍ਰੇਣੀਆਂ (Serf and Vassal) ਭੀ ਆਜ਼ਾਦ ਕਰ ਦਿੱਤੀਆਂ। ਇਹੀ ਵੱਡਾ ਕਾਰਨ ਸੀ ਕਿ ਆਮ ਤੌਰ 'ਤੇ ਅਤਿ ਵਿਹਲੜ, ਬੇਕਾਰ ਅਤੇ ਕੁਝ ਮੌਕਾ-ਪ੍ਰਸਤ ਲੋਕ ਜਿਨ੍ਹਾਂ ਦਾ ਮੰਤਵ ਇਲਾਕੇ ਦਾ ਕਬਜ਼ਾ, ਧਨ ਦੌਲਤ ਦੀ ਲੁਟ ਮਾਰ ਕਰਨਾ ਅਤੇ ਵਿਉਪਾਰ ਦੀ ਬਿਹਤਰੀ ਵਾਸਤੇ ਨਵੀਂ ਮੰਡੀ ਖੋਲ੍ਹਣਾ ਸੀ, ਜਿਨ੍ਹਾਂ ਵਿਚ ਖ਼ਾਸ ਕਰਕੇ ਨਾਰਮਨ ਕਬੀਲਾ ਅਤੇ ਕੁਝ ਇਟਾਲੀਅਨ ਵਿਉਪਾਰੀਆਂ ਦਾ ਨਾਮ ਵਿਸ਼ੇਸ਼ ਕਰਕੇ ਲਿਆ ਜਾਂਦਾ ਹੈ।

8.66 ਪਹਿਲਾ ਧਰਮ ਯੁੱਧ (1095-1099)

ਆਪ ਜੀ ਪੂਰਬਲੇ ਲੇਖ 'ਪਾਪਾਂ ਦੀ ਮਾਫ਼ੀ' ਵਿਚ ਪੜ੍ਹ ਆਏ ਹੋ ਕਿ ਈਸਾਈ ਧਾਰਾ (Tendency) ਦੇ ਆਧਾਰ 'ਤੇ ਕੀਤੇ ਪਾਪਾਂ ਦੀ ਮਾਫ਼ੀ ਕੋਈ ਭੀ ਪਾਦਰੀ ਕਿਸੇ ਭੀ ਕੀਮਤ 'ਤੇ ਦੇ ਸਕਦਾ ਹੈ। ਬਿਲਕੁਲ ਏਸੇ ਸਿਧਾਂਤ ਦੇ ਅਧੀਨ ਪੋਪ ਨੇ ਏਲਾਨ ਕੀਤਾ ਕਿ ਜੋ ਪ੍ਰਾਣੀ ਧਰਮ ਯੁੱਧ ਵਿਚ ਭਾਗ ਲੈਣਗੇ, ਉਨ੍ਹਾਂ ਨੂੰ ਹਰ ਪ੍ਰਕਾਰੀ ਸਮੁੱਚੇ ਪਾਪਾਂ ਵਲੋਂ ਮਾਫ਼ੀ ਦਿੱਤੀ ਜਾਵੇਗੀ। ਜਿਨ੍ਹਾਂ ਵਿਚ ਗ਼ੁਲਾਮ, ਕੈਦੀ ਅਤੇ ਭਗੌੜੇ ਕਰਜ਼ਈ, ਨਿਜੀ ਸੁਆਰਥ ਵਾਸਤੇ ਧਰਮ ਯੁੱਧ ਵਿਚ ਸ਼ਾਮਲ ਹੋ ਗਏ। ਮੌਤ ਦੀ ਸਜ਼ਾ ਵਾਲੇ ਕੈਦੀਆਂ ਨੂੰ ਧਰਮ ਯੁੱਧ ਦੇ ਬਦਲੇ

ਅਥਵਾ ਜੈਰੋਸ਼ਲਮ ਵਿਚ ਪੱਕੇ ਠਹਿਰਾਉ ਦੇ ਬਦਲੇ, ਪੂਰਨ ਆਜ਼ਾਦੀ ਦਿੱਤੀ ਗਈ। ਜਿਸ ਨੇ ਧਰਮ ਯੁੱਧ ਦੀ ਸੰਖਿਆ ਵਿਚ ਬਹੁਤ ਉਤਸ਼ਾਹ ਅਤੇ ਵਾਧਾ ਤਾਂ ਜ਼ਰੂਰ ਕੀਤਾ ਪ੍ਰੰਤੂ ਯੋਗਤਾ ਵਿਚ ਢਲਵਾਨ ਆ ਗਈ।

ਵਿਰੋਧੀ ਸ਼ਕਤੀ ਨੂੰ ਖੀਣਤ ਕਰਨ ਹਿਤ, ਯੁੱਧ ਨੀਤੀ ਦਾ ਦਸਤੂਰ ਹੈ ਕਿ ਵਿਰੋਧੀ ਸ਼ਤਰੂ ਦੀਆਂ ਕਾਰਵਾਈਆਂ ਨੂੰ ਅਤਿ ਘਿਰਣਤ ਸ਼ੈਲੀ ਦੁਆਰਾ ਦਰਸਾਇਆ ਜਾਵੇ, ਜਿਵੇਂ ਕਿ ਸੰਨ 1984 ਨੀਲਾ ਤਾਰਾ ਸੈਨਿਕ ਗਤੀਆਂ ਤੋਂ ਪੇਸ਼ਤਰ ਅਤੇ ਸੈਨਿਕ ਹਮਲਿਆਂ ਦੇ ਸਮੇਂ ਹਿੰਦੁਸਤਾਨ ਦੀ ਕਾਂਗਰਸ ਸਰਕਾਰ ਨੇ ਸਮੁੱਚੀ ਖ਼ਾਲਸਈ ਕੌਮ ਦੇ ਵਿਰੁੱਧ ਐਸੀ ਮਨੋਕਲਪਤ ਅਤੇ ਦੁਰਗੰਧਤ ਸ਼ਬਦਾਵਲੀ ਰੇਡੀਓ ਅਤੇ ਦੂਰਦਰਸ਼ਨ ਪ੍ਰਚਾਰ ਅਥਵਾ ਪ੍ਰਸਾਰ ਸਾਧਨਾਂ ਦੇ ਰਾਹੀਂ ਹਿੰਦੂ ਪਰਜਾ ਦੇ ਸਾਹਮਣੇ ਰੱਖੀ, ਅੰਜਾਮ ਵਜੋਂ ਦੋ ਲੱਖ ਪੰਜਾਹ ਹਜ਼ਾਰ ਸਿਖ ਕੌਮ ਦੇ ਬੇ-ਗੁਨਾਹ ਬੱਚੇ, ਇਸਤ੍ਰੀਆਂ ਅਤੇ ਸ਼ਰੀਫ਼ ਲੋਕਾਂ ਦਾ ਕਤਲੇਆਮ ਕੀਤਾ ਗਿਆ।

ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸਲਾਮ ਨੇ ਨਿਜੀ ਧਰਮ ਪਸਾਰਾ, ਭੂਗੋਲਿਕ ਕਬਜ਼ਾ ਅਤੇ ਮਾਲੇ ਗ਼ਨੀਮਤ (ਲੋਟੂ ਮਾਲ) ਦੀ ਖ਼ਾਤਰ ਦੁਨੀਆ ਦੇ ਹਰ ਕੋਨੇ ਵਿਚ ਬਹੁਤ ਹੀ ਭਾਰੀ ਅੱਤਿਆਚਾਰ ਕੀਤੇ ਹਨ। ਚੁਨਾਂਚਿ, ਵਿਰੋਧੀ ਧਰਮਾਂ ਦੇ ਧਰਮ ਅਸਥਾਨਾਂ ਦਾ ਮਲੀਆ-ਮੇਟ ਕਰ ਕੇ ਇਸਲਾਮੀ ਮਸੀਤਾਂ ਦੀ ਉਸਾਰੀ ਕੀਤੀ ਗਈ। ਐਸੀਆਂ ਇਸਲਾਮਿਕ ਕਰਤੂਤਾਂ ਦਾ ਲਾਭ ਉਠਾਉਂਦਿਆਂ ਈਸਾਈ ਪਾਦਰੀਆਂ ਨੇ ਇਸਲਾਮ ਦੇ ਵਿਰੁੱਧ ਕੁਝ ਸੱਚਾ ਅਤੇ ਕੁਝ ਝੂਠਾ ਪ੍ਰਾਪੇਗੰਡਾ (ਪ੍ਰਸਾਰ) ਰਣਨੀਤੀ ਦੇ ਤਹਿਤ ਆਰੰਭ ਦਿੱਤਾ, ਤਾਂਕਿ ਈਸਾਈ ਪਰਜਾ ਨੂੰ ਇਸਲਾਮ ਦੇ ਵਿਰੁੱਧ ਉਤੇਜਿਤ ਕੀਤਾ ਜਾ ਸਕੇ। ਬਲਕਿ ਹਜ਼ਰਤ ਮੁਹੰਮਦ ਸਾਹਿਬ ਦੀ ਪਾਵਨ ਹਸਤੀ 'ਤੇ ਭੀ ਮਨੋਕਲਪਤ ਅਤੇ ਦੂਸ਼ਨਾਤਮਕ ਪ੍ਰਾਪੇਗੰਡਾ ਕਰਨ ਤੋਂ ਭੀ ਗੁਰੇਜ਼ ਨਹੀਂ ਕੀਤਾ। ਜਿਵੇਂ ਕਿ ਮੁਹੰਮਦ ਨੇ ਝੂਠੀ ਸਮੱਗਰੀ ਰਚ ਕੇ ਝੂਠੇ ਅਤੇ ਨਿੰਦਨਯ ਰੱਬੀ ਏਲਾਨ ਕੀਤੇ ਹਨ। ਇਸਲਾਮੀ ਲੋਕ ਰੱਬ ਦੀ ਬਜਾਏ ਮੁਹੰਮਦ ਦੇ ਬੁਤ ਦੀ ਪੂਜਾ ਕਰਦੇ ਹਨ। ਮੁਹੰਮਦ ਦੇ ਸੇਵਕਾਂ ਦੀਆਂ ਗੱਪਾਂ ਸੁਣੀਆਂ ਹਨ ਕਿ ਉਸ ਨੂੰ ਮਿਰਗੀ ਪੈਂਦੀ ਸੀ ਅਤੇ ਉਹ ਜੀਵਤ ਭੇਡਾਂ ਨੂੰ ਭੀ ਖਾ ਜਾਂਦਾ ਸੀ। ਪੂਰਬਵਾਸੀ ਝੂਠੀਆਂ ਅਤੇ ਕਲਪਤ ਕਹਾਣੀਆਂ ਨੂੰ ਅਤਿ ਆਨੰਦਮਈ ਕਰਕੇ ਸੁਣਾਂਦਾ ਸੀ। ਅਗਿਆਤ ਸੁੰਦਰਤਾਈਆਂ (ਹੂਰਾਂ ਆਦਿ) ਬਹਾਦਰ ਪੁਰਸ਼ਾਂ ਦਾ ਇੰਤਜ਼ਾਰ ਕਰ ਰਹੀਆਂ ਹਨ, ਆਦਿ। ਜਿਸ ਦੀ ਵਾਸਤਵਿਕ ਰੂਪ-ਰੇਖਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ:

Propaganda of the kind customary in war stressed the disabilites of Christians in Palestine the atrocities of Moslems, the

blasphemies of the Mohammedan creed; Moslem were described as worshiping a statue of Mohammed, and pious gossip related how the Prophet, fallen in an epileptic fit, had been eaten alive by hogs. Fabulous tales were told of Oriental wealth and of dark beauties waiting to be taken by brave men.

(The Age of the Faith, p. 588)

ਈਸਾਈ ਧਰਮ ਯੁੱਧ ਪ੍ਰਤਿ ਉਕਤ ਦਰਸਾਈ ਰੰਗ-ਬਰੰਗੀ ਮਨੋਰਥ ਪ੍ਰੇਰਨਾ ਦੇ ਆਧਾਰ 'ਤੇ ਸ਼ਾਜ਼ੋ-ਨਾਦਰ ਅਥਵਾ ਅਤਿ ਕਠਨ ਹੁੰਦਾ ਹੈ ਕਿ ਇਕ ਪ੍ਰਕਾਰੀ ਯੋਗਤਾ ਭਰਪੂਰ ਫ਼ੌਜੀ ਸੰਗਠਨ ਇੱਕਤਰ ਕੀਤਾ ਜਾ ਸਕੇ। ਕਈ ਇਕ ਹਾਲਤਾਂ ਵਿਚ ਐਸੀ ਸਥਿਤੀ ਆਈ ਜਦੋਂ ਕਿ ਅਤਿ ਹੱਠਧਰਮੀ ਢੰਗ ਦੇ ਆਧਾਰ 'ਤੇ ਇਸਤ੍ਰੀਆਂ ਅਤੇ ਬੱਚਿਆਂ ਨੂੰ ਭੀ ਆਪਣੇ ਪਤੀ ਅਤੇ ਮਾਂ ਬਾਪ ਦੇ ਨਾਲ ਜਾਣ ਲਈ ਮਜਬੂਰ ਕੀਤਾ ਗਿਆ। ਸ਼ਾਇਦ ਇਸ ਦਾ ਕਾਰਣ ਈਸਾਈ ਧਰਮ ਯੋਧਿਆਂ ਦੀ ਬੇਸਵਾਗਾਮੀ ਰੁਚੀ ਨੂੰ ਸੰਤੁਸ਼ਟ ਕਰਨਾ ਸੀ। ਇਨ੍ਹਾਂ ਲੋਕਾਂ ਦਾ ਖ਼ਿਆਲ ਸੀ ਕਿ ਜੇਰੋਸ਼ਲਮ ਬਹੁਤ ਹੀ ਨੇੜੇ ਹੋਵੇਗਾ। ਇਸ ਵਾਸਤੇ ਇਨ੍ਹਾਂ ਕੋਲ ਲੰਮੀ ਯਾਤਰਾ ਵਾਸਤੇ ਬਹੁਤੇ ਸਾਧਨ ਨਹੀਂ ਸਨ। ਜਦੋਂ ਇਨ੍ਹਾਂ ਦੇ ਖਾਣ ਪੀਣ ਦੇ ਸਾਧਨ ਖ਼ਤਮ ਹੋ ਗਏ ਤਦ ਇਨ੍ਹਾਂ ਨੇ ਰਸਤੇ ਵਿਚ ਲੋਕਾਂ ਦੀਆਂ ਫ਼ਸਲਾਂ ਅਤੇ ਘਰਾਂ ਦੀ ਲੁੱਟ ਮਾਰ ਕਰਨੀ ਆਰੰਭ ਦਿੱਤੀ; ਇਨ੍ਹਾਂ ਨੇ ਲੋਕਾਂ ਦੇ ਮਾਲੋ-ਦੌਲਤ ਅਤੇ ਇਸਤ੍ਰੀਆਂ ਨਾਲ ਬਲਾਤਕਾਰੀ ਆਰੰਭ ਦਿੱਤੀ; ਆਮ ਲੋਕ ਇਨ੍ਹਾਂ ਨੂੰ ਵੇਖ ਕੇ ਆਪਣੇ ਘਰਾਂ ਦੇ ਦਰਵਾਜ਼ੇ ਬੰਦ ਕਰ ਲੈਂਦੇ। ਆਖ਼ਰ ਤੁਰਕੀ ਫ਼ੌਜਾਂ ਨੇ ਇਨ੍ਹਾਂ ਸਾਰੇ ਧਰਮ ਯੋਧਿਆਂ ਦਾ ਸਫ਼ਾਇਆ ਕਰ ਦਿੱਤਾ। ਪ੍ਰੰਤੂ ਈਸਾਈਆਂ ਦੀ ਸਿਖਲਾਈ-ਸ਼ੁਦਾਹ ਫ਼ੌਜ ਨੇ ਬਹੁਤ ਵੱਡੇ ਖ਼ੂਨ-ਖ਼ਰਾਬੇ ਤੋਂ ਬਾਅਦ ਜੁਲਾਈ 15, 1099 ਵਿਚ ਜੈਰੋਸ਼ਲਮ ਸ਼ਹਿਰ ਦੀਆਂ ਦੀਵਾਰਾਂ ਨੂੰ ਭੰਨ ਤੋੜ ਕੇ ਮੁਸਲਮਾਨਾਂ ਅਤੇ ਯਹੂਦੀਆਂ ਦਾ ਕਤਲੇਆਮ ਕਰਦੇ ਹੋਏ ਮਾਸੂਮ ਬੱਚਿਆਂ ਨੂੰ ਭੁੰਨ ਭੁੰਨ ਕੇ ਖਾਧਾ, ਸ਼ਹਿਰ ਨੂੰ ਫ਼ਤਹਿ ਕੀਤਾ। ਇਸ ਫ਼ਤਹਿ ਦੀ ਅੱਖੀਂ ਡਿੱਠੀ ਦਾਸਤਾਂ *ਐਲਬਰਟਸ ਐਕਿਉਨ ਮਿਲ ਮੈਨ iv 38n* ਵਿਚ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ :

Other contemporaries contribute details : women were stabbed to death, suckling babies were snatched by the leg from their mother's breast and flung over the walls, or had their necks broken by being dashed against posts; and 70,000 Moslems remaining in the city were slaughtered. The surviving Jews were herded into a synagogue and burned alive. The victors flocked to the church of the holy Sepulcher, whose grotto, the believed, had

once held the crucified Christ. There embracing one another, they wept with joy and release, and thanked the God of Mercies for their victory.

(The Age of the Faith, p. 592)

ਵਾਸਤਵਿਕ ਤੌਰ 'ਤੇ ਧਰਮ ਦਾ ਅਰਥ ਹੈ ਵਾਹਿਗੁਰੂ ਦੇ ਭੈ ਵਿਚ ਵਿਚਰਦੇ ਹੋਏ, ਉਸ ਨੂੰ ਯਾਦ ਰੱਖਣਾ ਅਤੇ ਸ਼ੁਭ ਅਮਲ ਕਰਨੇ ਹਨ। ਉਹ ਕਾਦਰ ਕੁਦਰਤ ਦੇ ਹਰ ਜ਼ੱਰੇ ਜ਼ੱਰੇ ਵਿਚ ਵਿਆਪਕ ਹੋ ਰਿਹਾ ਹੈ। ਭਾਵ ਇਹ ਹੋਇਆ ਕਿ ਪ੍ਰਕਿਰਤੀ ਦੀ ਹਰ ਇਕ ਸ਼ੈ ਨਾਲ ਪਿਆਰ ਕਰਨਾ ਹੀ ਵਾਹਿਗੁਰੂ ਦੀ ਯਾਦ ਅਤੇ ਉਸ ਦੇ ਭੈ ਵਿਚ ਵਿਚਰਨਾ ਹੈ। ਭੈ ਅਤੇ ਪਿਆਰ ਦੇ ਪ੍ਰਗਟਾਵੇ ਦੀ ਜੁਗਤੀ ਸ਼ੁਭ ਅਮਲ ਕਰਨੇ ਹਨ। ਸਿੱਟਾ ਇਹ ਨਿਕਲਿਆ ਕਿ ਵਾਹਿਗੁਰੂ ਦੀ ਯਾਦ ਅਤੇ ਸ਼ੁਭ ਅਮਲ ਕਰਨੇ ਇਨਸਾਨੀ ਜੀਵਨ ਦੀਆਂ ਦੋ ਸਮਾਂਨਾਂਤਰ ਰੇਖਾਵਾਂ ਹਨ ਜੋ ਪਰਸਪਰ ਸਹਾਇਤਾ ਦੇ ਖੇਤਰ ਵਿਚ ਵਿਚਰਦੀਆਂ ਹੋਈਆਂ, ਜੀਵਨ ਦੇ ਮਨੋਰਥ (ਅਭੇਦਤਾ) ਵਿਚ ਸਦੀਵਕਾਲ ਲਈ ਲੀਨ ਹੋ ਜਾਂਦੀਆਂ ਹਨ। ਇਹੀ ਕਾਰਨ ਸੀ ਕਿ ਸਤਿਗੁਰੂ ਪਾਤਸ਼ਾਹ ਜੀ ਨੇ ਧਰਮ ਅਤੇ ਧਰਮੀ ਲੋਕਾਂ ਦੇ ਲੱਛਣ ਦਰਸਾਂਦੇ ਹੋਏ ਨਿਰਣਾਤਮਕ ਫ਼ੈਸਲਾ ਦਿੱਤਾ ਹੈ ਕਿ ਸਭ ਤੋਂ ਸ੍ਰੇਸ਼ਟ ਧਰਮ ਕਿਹੜਾ ਹੈ :

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ *(ਸੁਖਮਨੀ ਮ: ੫, ਪੰਨਾ 266/13)*

ਦੁਨਿਆਵੀ ਦੌਲਤ ਅਤੇ ਅਹੰਕਾਰੀ ਵਿਰਤੀ ਨੂੰ ਪ੍ਰਬਲ ਕਰਨ ਹਿਤ ਅਥਵਾ ਵਿਰੋਧੀ ਖ਼ਿਆਲਾਂ ਦੇ ਵਿਨਾਸ਼ ਵਾਸਤੇ ਇਸ ਅਸ਼ੁਭ, ਅਹੰਕਾਰੀ, ਸੁਆਰਥੀ ਅਤੇ ਦਹਿਸ਼ਤਪਸੰਦ ਇਨਸਾਨ ਨੇ ਧਰਮ ਦਾ ਪੱਟਾ ਅਥਵਾ ਕਰਾਸ ਆਪਣੇ ਗਲੇ ਵਿਚ ਲਟਕਾ ਕੇ ਪ੍ਰਮੇਸ਼ਵਰ ਦੀ ਪ੍ਰਮੇਸ਼ਵਰਤਾ ਨੂੰ (ਗੌਡ ਦੀ ਗੌਡਸ਼ਿਪ ਨੂੰ) ਖ਼ਤਮ ਕਰਨ ਹਿਤ ਕੋਈ ਭੀ ਕਸਰ ਬਾਕੀ ਨਹੀਂ ਛੱਡੀ।

ਪੋਪ ਅਤੇ ਜਨੂੰਨੀ ਧਾਰਮਕ ਲੋਕਾਂ ਦੀ ਅਗਵਾਈ ਦੇ ਅਧੀਨ ਈਸਾਈ ਸ਼ਰਧਾਲੂਆਂ ਵਲੋਂ ਬਹੁਤ ਵੱਡੀ ਪ੍ਰੰਪਰਾ ਦੇ ਆਧਾਰ 'ਤੇ ਚਾਰ ਧਰਮ ਯੁੱਧ ਇਸਲਾਮੀ ਹਕੂਮਤਾਂ, ਇਸਲਾਮੀ ਅਤੇ ਯਹੂਦੀ ਲੋਕਾਂ ਦੇ ਵਿਰੁੱਧ ਲੜੇ ਗਏ, ਜਿਨ੍ਹਾਂ ਦਾ ਸਮੁੱਚਾ ਸਮਾਂ ਲਗਪਗ ਸੰਨ 1095-1300 ਤਕ ਹੈ। ਜਿਵੇਂ ਪਹਿਲਾ ਧਰਮ ਯੁੱਧ 1096-1099 ਤਕ, ਦੂਜਾ ਧਰਮ ਯੁੱਧ 1147-1149 ਤਕ, ਤੀਜਾ 1189-1192 ਤਕ, ਚੌਥਾ 1201-1204 ਤਕ। ਇਹ ਚਾਰ ਧਰਮ ਯੁੱਧ ਈਸਾਈ ਇਤਿਹਾਸ ਵਿਚ ਖ਼ਾਸ ਵਿਸ਼ੇਸ਼ਤਾ ਰੱਖਦੇ ਹਨ। ਇਨ੍ਹਾਂ ਚਾਰ ਯੁੱਧਾਂ ਤੋਂ ਉਪਰੰਤ ਸੰਨ 1300 ਤਕ ਕੁਝ ਹੋਰ ਛੋਟੀਆਂ ਪ੍ਰੰਪਰਾਵਾਂ ਦੇ ਅਧੀਨ ਭੀ ਕੁਝ ਧਰਮ ਯੁੱਧ ਲੜੇ ਗਏ, ਪ੍ਰੰਤੂ ਇਨ੍ਹਾਂ ਦੀ ਕੋਈ ਵਿਸ਼ੇਸ਼ਤਾ ਨਹੀਂ ਹੈ।

8.67 ਧਰਮ ਯੁੱਧਾਂ ਦਾ ਪਰਿਣਾਮ (Result of the Crusades)

ਧਰਮ ਯੁੱਧ ਯਾਤਰਾ ਪ੍ਰਤਿ ਯੌਰਪੀਅਨ ਲੋਕਾਂ ਵਲੋਂ ਕੀਤੀ ਹੋਈ ਤੇਜ਼ੀ ਇਤਨੀ ਸਫਲ ਨਹੀਂ ਹੋਈ ਜਿਤਨੀ ਕਿ ਉਹ ਸਮਝੀ ਬੈਠੇ ਸਨ। ਹਾਂ, ਇਕ ਗੱਲ ਜ਼ਰੂਰ ਹੈ ਕਿ ਇਨ੍ਹਾਂ ਨੂੰ ਆਪਣੇ ਘਰੋਂ ਬਾਹਰ ਜਾਣ ਦਾ ਅਭਿਆਸ ਜ਼ਰੂਰ ਹੋ ਗਿਆ ਜਿਸ ਦੇ ਆਧਾਰ 'ਤੇ ਇਨ੍ਹਾਂ ਨੇ ਦੂਸਰੇ ਦੇਸ਼ਾਂ ਦੀ ਯਾਤਰਾ ਕਰਨੀ ਆਰੰਭ ਦਿੱਤੀ। ਇਸ ਦਾ ਸਦਕਾ ਇਹ ਸੰਸਾਰ ਦੇ ਦੂਜੇ ਦੇਸ਼ਾਂ ਜਿਵੇਂ ਅਮਰੀਕਾ, ਆਸਟਰੇਲੀਆ ਅਤੇ ਕਈ ਇਕ ਨਵੀਨ ਦੇਸ਼ਾਂ ਵਿਚ ਆਣ ਟਿਕੇ। ਪੱਛਮੀ ਜੀਵਨ ਰੀਤੀ ਦੇ ਥਾਂ ਪੂਰਬੀ ਤਹਿਜ਼ੀਬ ਇਨ੍ਹਾਂ ਦੇ ਨਿਤਾਪ੍ਰਤਿ ਜੀਵਨ ਵਿਚ ਪ੍ਰਵੇਸ਼ ਕਰ ਗਈ। ਯੌਰਪੀਅਨ ਲੋਕਾਂ ਨੇ ਖਾਨ ਪਾਨ ਪਹਿਰਾਨ ਦੇ ਨਵੀਨ ਢੰਗ ਭੀ ਪੂਰਬੀ ਸਭਿਅਤਾ ਤੋਂ ਪ੍ਰਾਪਤ ਕੀਤੇ। ਦੂਰ ਦੁਰੇਡੇ ਦੇਸ਼ਾਂ ਵੱਲ ਯਾਤਰਾ ਕਰਨ ਦੀ ਰੁਚੀ ਹੋਰ ਵਧੇਰੇ ਪ੍ਰਬਲ ਹੋ ਗਈ। ਜਿਸ ਦੇ ਆਧਾਰ 'ਤੇ ਨਵੀਨ ਕਿਸਮ ਦੇ ਸਮੁੰਦਰੀ ਜਹਾਜ਼ ਬਣਾਵਣ ਦੀ ਇੱਛਾ ਵਧੇਰੇ ਤੇਜ਼ੀ ਵਿਚ ਆ ਗਈ। ਹੋਰਨਾਂ ਚੀਜ਼ਾਂ ਦੇ ਨਾਲ ਨਾਲ ਯੁੱਧ ਖੇਤਰ ਦੇ ਨਵੀਨ ਢੰਗ ਸਿਖਣ ਦਾ ਸਮਾਂ ਭੀ ਪ੍ਰਾਪਤ ਹੋਇਆ। ਇਟਾਲੀਅਨ ਵਿਉਪਾਰੀਆਂ ਵਾਸਤੇ ਪ੍ਰਦੇਸੀ ਵਸਤੂਆਂ ਦਾ ਵਾਪਾਰ ਅਤੇ ਬਦੇਸ਼ੀ ਮੁਦਰਾ ਦਾ ਆਦਾਨ ਪ੍ਰਦਾਨ ਕਰਨ ਵਿਚ ਕਾਫ਼ੀ ਮੁਹਾਰਤ ਹਾਸਿਲ ਹੋਈ, ਜਿਸ ਨੇ ਪੱਛਮੀ ਲੋਕਾਂ ਵਿਚ ਮਾਲੀ ਪ੍ਰਫੁੱਲਤਾ ਅਤੇ ਸਭਿਅਕ ਜੀਵਨ ਬਤੀਤ ਕਰਨ ਦੀ ਰੁਚੀ ਉਤਪੰਨ ਕੀਤੀ।

ਧਰਮ ਯੁੱਧ ਆਰੰਭ ਕਰਨ ਤੋਂ ਪਹਿਲਾਂ ਜੋ ਮਨੋਰਥ ਇਨ੍ਹਾਂ ਲੋਕਾਂ ਨੇ ਉਲੀਕਿਆ ਸੀ ਅਥਵਾ ਮਨੋਰਥ ਦੀ ਪੂਰਤੀ ਹਿਤ ਵੱਡੀਆਂ ਵੱਡੀਆਂ ਡੀਂਗਾਂ ਅਤੇ ਹਰਚੰਦਉਰੀ ਦੇ ਮਹਿਲ ਉਸਾਰੇ ਸਨ, ਉਹ ਸਿਰੇ ਨਹੀਂ ਚੜ੍ਹ ਸਕੇ ਬਲਕਿ ਉਸ ਮਨੋਰਥ ਨੂੰ ਪੂਰਾ ਕਰਨ ਵਿਚ ਅਸਫਲਤਾ ਹੀ ਇਨ੍ਹਾਂ ਦੇ ਪੱਲੇ ਪਈ। ਦੋ ਸੌ ਸਾਲ ਧਰਮ ਯੁੱਧ ਦੇ ਝੰਡੇ ਥੱਲੇ ਕੀਤੀ ਹੋਈ ਜੱਦੋ-ਜਹਿਦ ਇਤਨੀ ਨਾਕਾਮ ਰਹੀ ਕਿ ਇਨ੍ਹਾਂ ਦਾ ਪਵਿੱਤਰ ਅਸਥਾਨ ਜੈਰੋਸ਼ਲਮ, ਈਸਾਈਆਂ ਦੇ ਕਥਨ ਅਨੁਸਾਰ ਬੇ-ਰਹਿਮ ਅਤੇ ਜ਼ਾਲਮ ਲੋਕਾਂ (ਮਮਾਲਿਕ) ਦੇ ਅਧੀਨ ਹੀ ਰਿਹਾ। ਧਰਮ ਸਥਾਨ ਦੀ ਯਾਤਰਾ 'ਤੇ ਜਾਣ ਵਾਲੇ ਈਸਾਈ ਯਾਤਰੀ ਅਤਿ ਸਹਿਮੇ ਹੋਏ, ਲਘੂ ਮਾਤਰਾ ਵਿਚ ਹੀ ਰਹਿ ਗਏ। ਧਾਰਮਕ ਵਿਚਿਤ੍ਰਤਾ ਦੇ ਹੁੰਦਿਆਂ ਹੋਇਆਂ ਭੀ, ਪਹਿਲੇ ਸਮਿਆਂ ਵਿਚ ਮੁਸਲਿਮ ਸ਼ਾਸਨ ਈਸਾਈ ਯਾਤਰੀਆਂ ਨਾਲ ਅਤਿ ਸਹਿਨਸ਼ੀਲਤ ਅਤੇ ਉਦਾਰਸ਼ੀਲਤ ਵਰਤਾਉ ਕਰਦਾ ਸੀ। ਪ੍ਰੰਤੂ ਈਸਾਈਆਂ ਵਲੋਂ ਧਰਮ ਦੀ ਆੜ ਵਿਚ ਕੀਤੇ ਗਏ ਆਕਰਮਣ ਦੇ ਇਵਜ਼ਾਨੇ ਵਜੋਂ, ਈਸਾਈਆਂ ਦੇ ਵਿਰੁੱਧ ਇਸਲਾਮਿਕ ਸ਼ਾਸਨ ਵਲੋਂ ਅਸਹਿਨਸ਼ੀਲਤ ਵਰਤਾਉ ਦਾ ਆਰੰਭ ਹੋਣਾ ਇਕ ਸੁਭਾਵਕ ਜਿਹੀ ਪ੍ਰਸਥਿਤੀ ਹੀ ਆਖੀ ਜਾ

ਸਕਦੀ ਹੈ। ਮੱਧ ਸਾਗਰ ਦੀਆਂ ਉਹ ਬੰਦਰਗਾਹਾਂ ਭੀ ਇਸਲਾਮਿਕ ਅਧਿਕਾਰ ਖੇਤਰ ਵਿਚ ਆ ਗਈਆਂ ਜਿਨ੍ਹਾਂ ਤੋਂ ਇਟਾਲੀਅਨ ਵਿਉਪਾਰੀ ਲਾਭ ਪ੍ਰਾਪਤ ਕਰਦੇ ਸਨ। ਈਸਾਈ ਧਰਮ ਦੇ ਪ੍ਰਤਿਕਰਮ, ਇਸਲਾਮੀ ਸਭਿਅਤਾ ਨੇ ਇਹ ਸਿੱਧ ਕਰ ਦਿੱਤਾ ਕਿ ਇਹ ਯੁੱਧ ਅਤੇ ਵਿਦਿਅਕ ਖੇਤਰ ਵਿਚ ਵਿਰੋਧੀ ਧਿਰ ਦੀ ਪ੍ਰਤਿਕਰਮ ਹੋਰ ਵਧੇਰੇ ਨਿਖਰਵੀਂ, ਸੁਖਾਵੀਂ, ਸੋਧੀ ਹੋਈ ਅਤੇ ਪ੍ਰਵੀਨ ਹੈ। ਈਸਾਈਆਂ ਨੂੰ ਕਿਸੇ ਕੌਮੀ ਟੀਚੇ ਦੀ ਪ੍ਰਾਪਤੀ ਹਿਤ ਪੋਪ ਅਰਵਨ ਨੇ ਜੋ ਬਹੁਮੁੱਲਾ ਮਨੋਰਥ ਧਰਮ ਯੁੱਧ ਦੇ ਨਿਸ਼ਾਨ ਥੱਲੇ ਦ੍ਰਿੜ੍ਹ ਕਰਵਾਇਆ ਸੀ, ਉਸ ਦੀਆਂ ਧੱਜੀਆਂ ਉਡ ਗਈਆਂ, ਕਿਉਂਕਿ ਇਹ ਧਰਮ ਯੁੱਧ ਸਮੇਂ ਦੇ ਬਾਦਸ਼ਾਹ ਦੇ ਅਨੁਕੂਲ ਨਹੀਂ ਸੀ। ਵਿਸਵੇਦਾਰੀ ਢੰਗ ਦਾ ਨਿਜ਼ਾਮ ਜੋ ਪਹਿਲਾਂ ਆਪਣੇ ਜੋਬਨ 'ਤੇ ਸੀ, ਤਹਿਸ ਨਹਿਸ ਹੋ ਗਿਆ। ਧਰਮ ਵੀਰਾਂ ਵਾਸਤੇ ਲੰਮੇ ਮਾਰਗ ਦੀ ਰਸਦ ਭੇਜਣ ਵਿਚ ਅਸਫਲ ਰਿਹਾ। ਪਰਿਣਾਮ ਵਜੋਂ, ਸਹਾਇਕ ਸਮੱਗਰੀ ਵਲੋਂ ਯੁੱਧ ਕਰਮਚਾਰੀ ਸੱਖਣੇ ਹੋ ਗਏ ਔਰ ਧਰਮ ਯੋਧਿਆਂ ਦੀ ਜਜ਼ਬਾਤੀ ਧਾਰਾ ਭੀ ਖੁੰਡੀ ਹੋ ਗਈ, ਕਿਉਂਕਿ ਉਹ ਇਸਲਾਮ ਨੂੰ ਅਧੀਨ ਕਰਨ ਦੀ ਬਜਾਏ, ਕੁਸਤੁਨਤੁਨੀਆ ਦੀ ਈਸਾਈ ਸਲਤਨਤ ਤੋਂ ਭੀ ਹੱਥ ਧੋ ਬੈਠੇ। ਸਿਰਮੌਰ ਫ਼ੌਜੀ ਪਦਵੀਆਂ ਦੇ ਅਧਿਕਾਰੀ ਨਿਜੀ ਜਾਇਦਾਦਾਂ ਨੂੰ ਸਸਤੇ ਭਾਉ ਵੇਚ ਕੇ ਜੈਰੋਸ਼ਲਮ ਦੀ ਧਰਤੀ ਨੂੰ ਹਮੇਸ਼ਾ ਵਾਸਤੇ ਅੰਤਮ ਸਲਾਮ ਆਖਣ ਲਈ ਮਜਬੂਰ ਹੋ ਗਏ। ਅੰਤਮ ਪਰਿਣਾਮ ਵਜੋਂ ਜੋ ਕੁਝ ਈਸਾਈ ਮਤਿ ਦੇ ਪਾਦਰੀਆਂ ਨੇ ਈਸਾਈ ਮਤਿ ਦੇ ਪਸਾਰੇ ਪ੍ਰਤਿ ਉਲੀਕਿਆ ਸੀ, ਉਹ ਅਸਫਲਤਾ ਦੇ ਰੂਪ ਵਿਚ ਇਨ੍ਹਾਂ ਦੇ ਸਾਹਮਣੇ ਆਇਆ, ਕਿਉਂਕਿ ਵਾਹਿਗੁਰੂ ਦੇ ਨਿਜ਼ਾਮ ਵਿਚ ਨਿਵਾਰਿਕ ਵਿਰਤੀ (ਦੂਜੇ ਨੂੰ ਕੱਢ ਦੇਣ ਦੀ ਇੱਛਾ) ਵਾਸਤੇ ਨਿਰਸੰਦੇਹ ਕੋਈ ਭੀ ਜਗ੍ਹਾ ਨਹੀਂ ਹੈ। ਵਾਹਿਗੁਰੂ ਬਹੁਤ ਹੀ ਅਸੀਮ ਹੈ, ਉਹ ਕਿਸੇ ਧਾਰਮਕ ਸੀਮਾ ਵਿਚ ਬੰਦ ਨਹੀਂ ਕੀਤਾ ਜਾ ਸਕਦਾ। ਈਸਾਈਆਂ ਦਾ ਰੱਬ ਦੂਜੇ ਧਰਮਾਂ ਨਾਲੋਂ ਵੱਖਰਾ ਰੱਬ ਨਹੀਂ ਹੈ। ਇਸ ਭੁੱਲੜ ਇਨਸਾਨ ਦੇ ਮਨ ਦਾ ਅਹੰਕਾਰੀ ਅੰਧੇਰਾ ਹੀ ਇਕ ਐਸੀ ਕਾਲਖ ਹੈ ਜੋ ਇਸ ਨੂੰ ਰੱਬੀ ਵਿਰਾਸਤ ਤੋਂ ਵਾਂਝਾ ਰੱਖਦਾ ਹੈ। ਰੱਬ ਨੂੰ ਕਦੇ ਭੀ ਧਾਰਮਕ ਪੰਨਿਆਂ ਵਿਚ ਬੰਦ ਨਹੀਂ ਕੀਤਾ ਜਾ ਸਕਦਾ।

ਧਾਰਮਕ ਨਿਮਰਤਾ ਇਕ ਐਸੀ ਵਸਤੂ ਹੈ ਜਿਸ ਦੇ ਕਾਰਨ ਇਕ ਧਰਮੀ ਇਨਸਾਨ ਦਾ ਵਿਚਾਰ ਮੰਡਲ ਬਹੁਤ ਖੁੱਲ੍ਹਾ ਹੋ ਜਾਂਦਾ ਹੈ। ਸੋਚ ਮੰਡਲ ਦੀ ਵਿਸ਼ਾਲਤਾ ਹੀ ਗਵਾਂਢੀ ਧਰਮਾਂ ਵਾਸਤੇ ਸੁਖਾਵੀਂ ਅਤੇ ਵਾਜਬ ਅਸਥਿਤੀ ਦਾ ਦਾਇਰਾ ਉਲੀਕਦੀ ਹੈ। ਪਰਿਣਾਮ ਵਜੋਂ, ਅਸਾਡੇ ਵਿਚਾਰ ਮੰਡਲ ਦੀ ਸੰਭਵਤਾ ਇਤਨੀ ਸੁਬੱਲ ਹੋਇ ਨਿਬੜਦੀ ਹੈ ਕਿ ਅਸੀਂ ਪਰਸਪਰ ਗਿਆਨ ਪ੍ਰਾਪਤੀ ਦਾ ਵਾਤਾਵਰਣ ਉਤਪੰਨ ਕਰਨ ਹਿਤ ਉਤਸ਼ਾਹਤ ਦਾਇਰੇ ਵਿਚ ਪ੍ਰਵੇਸ਼ ਕਰਦੇ ਹਾਂ, ਕਿਉਂਕਿ ਵਿਸ਼ਾਲਧਾਰਾ ਦਾ ਇਨਸਾਨ ਹੀ ਵਿਕਾਸ ਅਵਸਥਾ

ਦੀ ਮੰਜ਼ਲ ਸਰ ਕਰਨ ਦੀ ਯੋਗਤਾ ਰੱਖਦਾ ਹੈ, ਭਾਵੇਂ ਉਹ ਮੰਜ਼ਲ ਅਥਵਾ ਜੀਵਨ ਮਨੋਰਥ ਇਨਸਾਨੀ ਜੀਵਨ ਦੀ ਧਾਰਮਕ, ਰਾਜਨੀਤਕ, ਸਭਿਅਕ, ਆਰਥਿਕ ਭਾਵ ਕਿਸੇ ਭੀ ਸ਼ੈਲੀ ਵਿਚੋਂ ਕਿਉਂ ਨਾ ਹੋਵੇ। ਇਨਸਾਨੀ ਨਿਮਰਤਾ, ਉਦਾਰਤਾ ਅਤੇ ਵਿਸ਼ਾਲ ਹਿਰਦਾ ਹੀ ਸਮੁੱਚੀ ਪ੍ਰਕਿਰਤੀ ਦੇ ਦਾਮਨ ਵਿਚੋਂ ਰੱਬੀ ਅਨੇਕਤਾ ਦੇ ਅਮੀਰ ਵਿਰਸੇ ਨੂੰ ਮਾਣ ਸਕਦਾ ਹੈ। ਜਿਥੋਂ ਆਪਣੇ ਹਮਸਾਏ (ਗਵਾਂਢੀ) ਪ੍ਰਤਿ ਪਿਆਰ, ਪਰਸਪਰ ਵਿਕਾਸਸ਼ੀਲਤਾ ਅਤੇ ਸਰਬੋਤਮ ਰੱਬੀ ਜੋਤਿ ਦੀ ਨਜ਼ੂਲਤ ਜੀਵ ਦੇ ਹਿਰਦੇ ਵਿਚ ਆਣ ਟਿਕਦੀ ਹੈ। ਰੱਬੀ ਜੋਤਿ ਦੇ ਦ੍ਰਿਸ਼ (visions) ਅਸਾਡੇ ਜੀਵਨ ਦਾ ਅੰਗ ਬਣ ਜਾਂਦੇ ਹਨ ਜਦੋਂ ਅਸੀਂ ਪਰਸਪਰ ਸਦਭਾਵਨਾ, ਪਰਸਪਰ ਗਿਆਨ ਪ੍ਰਾਪਤੀ, ਪਰਸਪਰ ਮਾਨਤਾ, ਪਰਸਪਰ ਆਸ਼ਾਵਾਦੀ ਸੋਚ ਅਤੇ ਪਰਸਪਰ ਪਿਆਰ ਦੀ ਦੁਨੀਆ ਵਸਾਉਣ ਵਿਚ ਸਫਲ ਹੋ ਜਾਂਦੇ ਹਾਂ। ਗ਼ਰਜ਼ੇਕਿ, ਵਾਹਿਗੁਰੂ ਸਰਬ-ਵਿਆਪੀ ਹੈ। ਸਮੁੱਚੀ ਬ੍ਰਹਮੰਡੀ ਅਨੇਕਤਾ ਹੀ ਉਸ ਦੀ ਵਿਰਾਸਤ ਹੈ। ਹਰ ਜ਼ੱਰੇ ਜ਼ੱਰੇ ਨੂੰ ਵਿਕਸਤ ਕਰਨਾ ਉਸ ਦੀ ਵਿਰਦ ਪਾਲਕ ਬਜ਼ੁਰਗੀ ਹੈ।

ਸੈਰ ਕਰਦੇ ਕਰਦੇ ਕਿਸੇ ਘਣੇ ਜੰਗਲ ਵਿਚ ਚਲੇ ਜਾਈਏ, ਉਥੇ ਅਨੇਕਾਂ ਪ੍ਰਕਾਰੀ ਬਨਸਪਤੀ ਆਪਣੀ ਆਪਣੀ ਮੌਜ ਵਿਚ ਵਿਕਸਿਤ ਹੋ ਰਹੀ ਹੈ। ਹਰ ਛੋਟਾ ਵੱਡਾ ਬਿਰਖ ਨਿਜੀ ਬਲ ਅਤੇ ਨਿਜੀ ਰੁਚੀ ਦੇ ਆਧਾਰ 'ਤੇ ਪ੍ਰਫੁੱਲਤ ਹੋ ਰਿਹਾ ਹੈ। ਕੋਈ ਭੀ ਪੇੜ ਜਾਂ ਨੰਨ੍ਹਾ-ਮੁਨਾ ਪੌਦਾ ਐਸਾ ਦਾਅਵਾ ਨਹੀਂ ਕਰਦਾ ਕਿ ਪ੍ਰਕਿਰਤੀ ਦਾ ਰਚਤਾ ਕੇਵਲ ਮੇਰੇ ਵਿਚ ਹੀ ਵਿਆਪਕ ਹੋ ਰਿਹਾ ਹੈ। ਪ੍ਰੰਤੂ ਪਰਸਪਰ ਸਹਾਇਤਾ ਦੇ ਆਧਾਰ 'ਤੇ ਪ੍ਰਕਿਰਤੀ ਦੀ ਹਰ ਸ਼ੈ ਪ੍ਰਫੁੱਲਤ ਹੋ ਰਹੀ ਹੈ। ਵਾਹਿਗੁਰੂ ਦੀ ਰਚਨਾ ਰੱਬੀ ਕਾਇਨਾਤ, ਪ੍ਰਮੇਸ਼ਵਰੀ ਪ੍ਰਕਿਰਤੀ ਧਾਰਮਕ ਜਨੂੰਨੀਆਂ ਵਾਸਤੇ ਸੰਦੇਸ਼ ਦੇ ਰਹੀ ਹੈ ਕਿ ਉਹ ਵਾਹਿਗੁਰੂ ਸਰਬ-ਵਿਆਪੀ ਹੈ। ਸਰਬ-ਵਿਆਪੀ ਸਿਧਾਂਤ ਦੇ ਆਧਾਰ 'ਤੇ ਉਹ ਸਾਰਿਆਂ ਦਾ ਸਾਂਝਾ ਬਾਪੂ ਹੈ। ਕਿਸੇ ਇਕ ਦੀ ਜਾਇਦਾਦ ਨਹੀਂ ਹੈ। ਜੋ ਇਨਸਾਨ ਜਾਂ ਕੋਈ ਭੀ ਧਰਮ, ਰੱਬੀ ਵਿਆਪਕਤਾ ਨੂੰ ਨਿਜੀ ਸੰਦੂਕੜੀ ਵਿਚ ਕੀਲਣਾ ਲੋੜਦਾ ਹੈ, ਸਮਝ ਲੈਣਾ ਚਾਹੀਦਾ ਹੈ ਕਿ ਉਹ ਧਰਮ ਹਾਲੇ ਤਕ ਰੱਬੀ ਅਸੀਮਤਾ ਨੂੰ ਸਮਝ ਹੀ ਨਹੀਂ ਸਕਿਆ। ਉਸ ਅਪਰੰਪਰ ਪ੍ਰਭੂ ਨੇ ਜਿਵੇਂ ਪ੍ਰਕ੍ਰਿਤਕ ਰਚਨਾ ਅਨੇਕਾਂ ਪ੍ਰਕਾਰ ਦੀ ਰਚੀ ਹੈ, ਨਿਰਸੰਦੇਹ ਏਸੇ ਸਿਧਾਂਤ ਦੇ ਆਧਾਰ 'ਤੇ ਅਨੇਕਾਂ ਪ੍ਰਕਾਰੀ ਧਰਮ ਭੀ ਸਾਜੇ ਹਨ ਤਾਂਕਿ ਪਰਸਪਰ ਮੁਕਾਬਲਾ ਅਤੇ ਸਾਹਸੀ ਜਜ਼ਬੇ ਦੁਆਰਾ ਰੱਬੀ ਅਨੰਤਤਾ ਨੂੰ ਹੋਰ ਨੇੜੇ ਹੋ ਕੇ ਸਮਝ ਸਕੀਏ। ਰੈਬੀ ਮਟੱਕ ਦਾ ਖ਼ਿਆਲ ਹੈ ਕਿ :

I should no more want a world with one religion than I should want only one coloured Rose in my garden.

(In the words of Rabbi Mattuck)

ਈਸਾਈ ਮਤਿ ਇਹ ਦਾਅਵਾ ਕਰਦਾ ਹੈ ਕਿ ਰੱਬੀ ਸਚਾਈ ਕੇਵਲ ਈਸਾ ਜੀ 'ਤੇ ਹੀ ਪ੍ਰਗਟ ਹੋਈ ਹੈ। ਇਸ ਦਾ ਭਾਵ ਇਹ ਹੋਇਆ ਕਿ ਇਨਸਾਨ ਪ੍ਰਤਿ ਰੱਬੀ ਗਿਆਨ ਦੀ ਪ੍ਰਾਪਤੀ ਅਤਿ ਪੱਖਪਾਤੀ ਅਤੇ ਅਨਿਆਇਸ਼ੀਲ ਹੈ। ਈਸਾ ਤੋਂ ਬਿਨਾਂ ਵਾਹਿਗੁਰੂ ਦੀ ਸੰਪੂਰਣਤਾ ਕਿਸੇ ਹੋਰ ਨੇ ਬਿਆਨ ਹੀ ਨਹੀਂ ਕੀਤੀ, ਪ੍ਰਿਥਵੀ ਅਤੇ ਸੁਰਗਾਂ ਵਿਚ ਸਾਰੀਆਂ ਚੀਜ਼ਾਂ ਈਸਾ ਪ੍ਰਤਿ ਰਾਖਵੀਆਂ ਹਨ। ਈਸਾ ਤੋਂ ਬਿਨਾਂ ਕੋਈ ਭੀ ਇਨਸਾਨ ਰੱਬ ਤਕ ਰਸਾਈ ਨਹੀਂ ਕਰ ਸਕਦਾ। ਅੰਤਮ ਨਿਆਇ ਦੇ ਸਮੇਂ ਹਰ ਇਕ ਇਨਸਾਨ ਈਸਾ ਜੀ ਅੱਗੇ ਗੋਡੇ ਟੇਕੇਗਾ। (ਕੈਸੀ ਅਧੂਰੀ ਵਿਚਾਰ ਅਥਵਾ ਕੈਸੀ ਖਾਮ-ਖ਼ਿਆਲੀ ਹੈ ?)

ਈਸਾਈ ਮਤਿ ਵਲੋਂ ਗ੍ਰਹਿਣ ਕੀਤੀ ਹੋਈ ਇਹੀ ਉਹ ਨਿਸ਼ੇਧਿਕ ਘਿਣਾਉਣੀ ਵਿਸ਼ਵਾਸਧਾਰਾ ਹੈ ਜੋ ਦੂਜੇ ਧਰਮਾਂ ਨੂੰ ਰੱਬੀ ਦਾਇਰੇ ਚੋਂ ਕੱਢ ਦੇਣ ਦੀ ਇੱਛਾ (Exclusiveness) ਰੱਖਦੀ ਹੈ ਕਿ ਕੇਵਲ ਈਸਾ ਜੀ ਹੀ ਪੂਰਣ ਤੌਰ 'ਤੇ ਰੱਬੀ ਜੋਤਿ ਦਾ ਪ੍ਰਗਟਾਵਾ ਹੈ। ਉਸ ਨੇ ਜੀਵਾਂ ਦੀ ਮੁਕਤੀ ਦਾ ਖੇਲ ਸਲੀਬ 'ਤੇ ਚੜ੍ਹ ਕੇ ਜਿੱਤ ਲਿਆ। ਦੁਨੀਆ ਵਿਚ ਹੋਰ ਕੋਈ ਭੀ ਐਸਾ ਪੈਗੰਬਰ ਨਹੀਂ ਹੈ ਜੋ ਕਿ ਤੁਹਾਨੂੰ ਮੁਕਤੀ ਦੇ ਸਕੇ। ਤੁਹਾਡੇ ਪਾਪਾਂ ਦੇ ਇਵਜ਼ਾਨੇ ਵਿਚ ਉਸ ਦੀ ਕੁਰਬਾਨੀ ਅਤੇ ਪੁਨਰ ਜੀਵਨ, ਸਦੀਵੀ ਜੀਵਨ ਪ੍ਰਾਪਤੀ ਦਾ ਕੇਵਲ ਇਕੋ ਹੀ ਸਾਧਨ ਹੈ। ਐਸਾ ਵਿਸ਼ੇਸ਼ ਮਾਰਗ ਰੱਬ ਨੇ ਕੇਵਲ ਤੁਹਾਡੇ ਵਾਸਤੇ ਹੀ ਖੋਲ੍ਹਿਆ ਹੈ। ਦੁਨੀਆ ਦੇ ਗਵਾਂਢੀ ਧਰਮਾਂ ਪ੍ਰਤਿ ਐਸੇ ਅਪਮਾਨਜਨਕ ਬਚਨ ਬੋਲਣੇ ਅਤਿ ਮੂਰਖਤਾ ਭਰਪੂਰ ਹਨ, ਜਿਨ੍ਹਾਂ ਦੇ ਵਰਤਿਆਂ, ਈਸਾਈ ਬੌਧਿਕਤਾ ਇਕ ਕਠੋਰ ਪੱਥਰ ਨਾਲ ਠੋਕਰ ਖਾਂਦੀ ਹੋਈ, ਦੂਸਰੇ ਧਰਮਾਂ ਵਲੋਂ ਪਰਸਪਰ ਭਰੋਸੇ ਤੋਂ ਵਾਂਝੀ ਰਹਿ ਜਾਂਦੀ ਹੈ। ਪ੍ਰੰਤੂ ਇਨ੍ਹਾਂ ਦੇ ਖ਼ਿਆਲ ਵਿਚ ਇਹੀ ਦੂਰਦ੍ਰਿਸ਼ਟੀ ਅਤੇ ਰੱਬੀ ਗਿਆਨ ਹੈ, ਜਿਵੇਂ :

This "Scandal of particularity" may be folly to the non believing world, a stumbling block to Christianity's intellectual credibility, but it is the wisdom of God. (But those who are the called both Jews and Greeks, Christ the power of God and the wisdom of God. (1 Cor 1:24). This wisdom and no other, is the one Christians are given the power and freedom to proclaim. The uniqueness of Christ is an absolute requirement for faith, and to question it is to deny orthodox Christian belief and a court the very heresies the New Testament repudiates.

(Mansions of the Spirit, p. 52)

ਇਹੀ ਇਨ੍ਹਾਂ ਦਾ ਵਿਹਾਰਿਕ ਗਿਆਨ ਹੈ, ਇਸ ਤੋਂ ਇਲਾਵਾ ਹੋਰ ਕੁਝ ਭੀ ਨਹੀਂ ਹੈ। ਇਹੀ *ਅੰਜੀਲ* ਦੀਆਂ ਉਹ ਤੁਕਾਂ ਹਨ ਜਿਨ੍ਹਾਂ ਦੇ ਆਧਾਰ 'ਤੇ

ਈਸਾਈ ਦਾਅਵਾ ਕਰਦੇ ਹਨ ਕਿ ਧਰਮ ਦੀ ਪਾਲਣਾ ਵਾਸਤੇ ਕੇਵਲ ਈਸਾ ਦੀ ਲੋੜ ਹੈ। ਅਗਰ ਕੋਈ ਇਨ੍ਹਾਂ ਦੇ ਉਕਤ ਦਰਸਾਏ ਦਾਅਵੇ ਨੂੰ ਨਾ ਮੰਨੇ, ਤਦ ਇਹ ਜਨੂੰਨੀ ਈਸਾਈ ਨਵੀਨ ਅੰਜੀਲਕ ਧਾਰਾ ਦੇ ਆਧਾਰ 'ਤੇ ਉਸ ਨੂੰ ਬਹੁਤ ਵੱਡਾ ਕਾਫ਼ਰ ਆਖ ਕੇ ਉਸ ਨਾਲੋਂ ਸੰਬੰਧ ਤੋੜ ਲੈਂਦੇ ਹਨ। ਸੰਸਾਰ ਦੇ ਦੂਸਰੇ ਧਰਮਾਂ ਵਾਸਤੇ ਇਨ੍ਹਾਂ ਦੇ ਹਿਰਦੇ ਵਿਚ ਤਨਕ ਮਾਤਰ ਭੀ ਗੁੰਜਾਇਸ਼ ਨਹੀਂ ਹੈ। ਇਹੀ ਇਨ੍ਹਾਂ ਦਾ ਵਾਸਤਵਿਕ ਪ੍ਰਤਿਬਿੰਬ ਹੈ। ਗਰਜ਼ੇਕਿ, ਇਨ੍ਹਾਂ ਨੇ ਦੂਸਰੇ ਧਰਮਾਂ ਦੇ ਸ਼ਰਧਾਲੂਆਂ ਵਾਸਤੇ ਅਤਿ ਅਸੱਭਿਅਕ ਸਜ਼ਾਵਾਂ ਨੀਅਤ ਕੀਤੀਆਂ ਹਨ। ਭਾਵੇਂ ਉਹ ਆਚਰਣਹੀਣ ਸਜ਼ਾਵਾਂ ਰੱਬ ਵਲੋਂ ਨਹੀਂ ਹਨ ਪ੍ਰੰਤੂ ਇਨ੍ਹਾਂ ਵਲੋਂ ਗ਼ੈਰ-ਈਸਾਈਆਂ ਵਾਸਤੇ ਅਤਿ ਮਾਰੂ ਹੱਥਕੰਡੇ ਵਰਤੇ ਗਏ ਹਨ। ਜਿਵੇਂ ਫਲੋਰੈਂਸ ਏਲਾਨ-ਨਾਮੇ ਵਿਚ ਇਨ੍ਹਾਂ ਦੀ ਅਸਲੀ ਝਲਕ ਆਸ਼ਕਾਰ ਹੋਇ ਆਂਵਦੀ ਹੈ, ਜਿਵੇਂ :

The view of the absoluteness of Christianity has clear implication for attitudes to people out side the Church. It was expressed directly and without compromise, for example, by the Council of Florence in 1438 : "No one remaining outside the Catholic Church, not just pagans, but also Jews or heretice or schismatic, can become partakers of eternal life; but they will go to the everlasting fire which was prepared for the devil and his angels, unless before the end of life they are joined to the Church."

(Mansions of the Spirit, p. 52)

ਇਹੀ ਉਹ ਫਲੋਰੈਂਸ ਏਲਾਨ-ਨਾਮਾ ਹੈ ਜਿਸ ਦੇ ਅਧੀਨ ਗ਼ੈਰ-ਈਸਾਈਆਂ ਵਾਸਤੇ ਨਿਰੀਖਣ ਅਥਵਾ ਪਰੀਖਿਕ ਛਾਣਬੀਣ (inquisition) ਆਰੰਭ ਕੀਤੀ ਗਈ, ਜਿਸ ਦਾ ਜ਼ਿਕਰ ਅਗਲੇ ਪੰਨਿਆਂ ਵਿਚ ਦਿੱਤਾ ਜਾਵੇਗਾ। ਅਸੀਂ ਇਤਨਾ ਕੁ ਖ਼ਿਆਲ ਇਥੇ ਲਾਜ਼ਮੀ ਹੀ ਦੇ ਸਕਦੇ ਹਾਂ ਕਿ ਈਸਾਈ ਮਤਿ ਦਾ ਚਾਲੂ ਕੀਤਾ ਹੋਇਆ ਨਿਰੀਖਣ ਸਮਾਂ ਇਸਲਾਮਿਕ ਸਮੇਂ ਨਾਲੋਂ ਬਹੁਤ ਹੀ ਜ਼ਿਆਦਾ ਅਸੱਭਿਅਕ, ਕਰੂਰ, ਬੇ-ਰਹਿਮ ਅਤੇ ਅਤਿਆਚਾਰੀ ਸਮਾਂ ਸੀ। ਭਾਵੇਂ ਔਰੰਗਜ਼ੇਬ ਅਤਿਅੰਤ ਹੀ ਜ਼ਾਲਿਮ ਅਤੇ ਨਿਰਦਈ ਸੀ ਪ੍ਰੰਤੂ ਇਸ ਦੌਰ ਵਿਚ ਈਸਾਈ ਪਾਦਰੀ ਔਰੰਗਜ਼ੇਬ ਨੂੰ ਮਾਤ ਪਾ ਗਏ ਹਨ। ਅੰਜੀਲਕ ਧਾਰਾ ਜੋ ਉਪਦੇਸ਼ ਕਰਦੀ ਹੈ ਕਿ ਆਪਣੇ ਗਵਾਂਢੀ ਨਾਲ ਪਿਆਰ ਕਰੋ, ਉਸ ਦੀਆਂ ਧੱਜੀਆਂ ਇਨ੍ਹਾਂ ਅਖੌਤੀ ਅਤੇ ਮਨੋਕਲਪਤ ਗਾਥਾ ਦੇ ਉਪਦੇਸ਼ਕਾਂ ਨੇ ਹੀ ਉਡਾਈਆਂ ਹਨ। ਫਲੋਰੈਂਸ ਏਲਾਨ-ਨਾਮੇ ਵਿਚ ਇਹ ਦਰਜ ਕੀਤਾ ਗਿਆ ਸੀ ਕਿ ਕੋਈ ਭੀ ਇਨਸਾਨ ਜੋ ਕਾਫ਼ਰ ਹੈ, ਈਸਾਈ ਵਿਰੋਧੀ ਹੈ, ਜੋ ਈਸਾਈ ਜਨੂੰਨੀ ਈਸਾਈਅਤ ਤੋਂ ਮੁਨਕਰ ਹੈ, ਇਨ੍ਹਾਂ ਸਾਰਿਆਂ ਨੂੰ ਮੱਛੀ ਦੇ ਜਾਲ ਵਿਚ

ਇਕੱਠੇ ਕਰੋ, ਭਾਵ, ਸਾਰਿਆਂ ਨੂੰ ਧੱਕੇ ਨਾਲ ਇਕੱਠੇ ਕਰ ਕੇ ਲਿਆਂਦਾ ਜਾਵੇ। ਖ਼ਾਸ ਕਰਕੇ ਯਹੂਦੀ ਅਤੇ ਪੈਗਨ ਵਿਰਤੀ ਵਾਲੇ ਆਮ ਇਨਸਾਨ, ਧਰਮ ਸੋਧਿਕ, ਅਸੀਮਤੀ ਰੱਖਣ ਵਾਲੇ ਵਿਅਕਤੀਆਂ ਨੂੰ ਭਿਅੰਕਰ ਧਮਕੀਆਂ ਦੇ ਨੀਚੇ ਚਰਚਾਂ ਵਿਚ ਇਕੱਤਰ ਕੀਤਾ ਜਾਵੇ। ਉਨ੍ਹਾਂ ਨੂੰ ਇਤਨੇ ਤਸੀਹੇ ਦਿੱਤੇ ਜਾਣ ਜਦੋਂ ਤਕ ਉਹ ਈਸਾਈ ਲਪੇਟ ਵਿਚ ਨਹੀਂ ਆ ਜਾਂਦੇ। ਈਸਾਈਆਂ ਵਲੋਂ ਐਸੀ ਹਰਕਤ ਈਸਾਈ ਮਤਿ ਦਾ ਉਪਦੇਸ਼ ਦੇਣਾ ਨਹੀਂ ਸੀ ਬਲਕਿ ਗ਼ੈਰ-ਈਸਾਈਆਂ ਦੇ ਵਿਰੁੱਧ ਇਕ ਬਹੁਤ ਵੱਡੇ ਪੈਮਾਨੇ 'ਤੇ ਗਿਣੀ ਮਿਥੀ ਸਾਜ਼ਿਸ਼ ਅਤੇ ਅਤਿ ਅਸੱਭਿਅਕ ਕਰੂਰਿਕ ਗਾਥਾ ਹੀ ਆਖੀ ਜਾ ਸਕਦੀ ਹੈ। ਇਸ ਆਚਰਣਹੀਣ ਸ਼ੈਲੀ ਦਾ ਰੂਪ ਉਸ ਵੇਲੇ ਆਸ਼ਕਾਰ ਹੋਇ ਨਿਬੜਿਆ ਜਦੋਂ ਪੰਦਰ੍ਹਵੀਂ ਸਦੀ ਵਿਚ ਈਸਾ ਦੇ ਨਾਮ 'ਤੇ ਫ਼ੌਜੀ ਕਾਰਵਾਈਆਂ ਦੇ ਅਧੀਨ, ਗ਼ੈਰ-ਈਸਾਈਆਂ 'ਤੇ ਬਸਤੀਵਾਦ ਦਾ ਕਹਿਰ ਲਾਗੂ ਕੀਤਾ ਗਿਆ। ਲਾਤੀਨੀ ਭਾਸ਼ਾ ਦੀ *ਅੰਜੀਲ* ਵਿਚ ਇਕ ਅਤਿ ਗੰਭੀਰ ਤੁਕ ਲਿਖੀ ਮਿਲਦੀ ਹੈ ਕਿ (ecclesiam nulla salus) "Outside the Church no salvation" ਇਹੀ ਉਹ ਮਨੋਕਲਪਤ ਈਸਾਈ ਧਾਰਮਕ ਬੁਨਿਆਦ ਹੈ ਜਿਸ ਦੇ ਆਧਾਰ 'ਤੇ ਈਸਾਈ ਮਿਸ਼ਨਰੀ ਭੋਲੇ-ਭਾਇ ਜੀਵਨ ਬਤੀਤ ਕਰਨ ਵਾਲੇ ਗ਼ੈਰ-ਈਸਾਈਆਂ ਦਾ ਧਰਮ ਭ੍ਰਿਸ਼ਟ ਕਰਦੀਆਂ ਹਨ। ਜਿਸ ਦੀ ਵਾਸਤਵਿਕ ਸ਼ਬਦਾਵਲੀ ਨਿਮਨ ਲਿਖਤ ਦੇ ਆਧਾਰ 'ਤੇ ਮੈਥਿਊ ਦੀ ਪੁਸਤਕ ਵਿਚ ਵੇਖੀ ਜਾ ਸਕਦੀ ਹੈ, ਕਿ ਜਾਓ ਅਤੇ ਸਾਰਿਆਂ ਨੂੰ ਈਸਾਈ ਬਣਾ ਦੇਵੋ, ਜਿਵੇਂ :

Go therefore and make disciple of all the nations, baptizing them in the name of the Father and the Son and the Holy Spirit.

(New American, Mathew 28:19)

ਆਪ ਜੀ ਉਕਤ ਲੇਖਾਂ ਵਿਚ ਭਲੀ ਭਾਂਤ ਪੜ੍ਹ ਆਏ ਹੋ ਕਿ ਬਾਈਬਲ ਰੱਬੀ ਸ਼ਬਦ ਨਹੀਂ ਹੈ ਬਲਕਿ ਰੱਬ ਦੇ ਨਾਮ ਥੱਲੇ ਕੁਝ ਲਿਖਾਰੀਆਂ ਦੀ ਲਿਖੀ ਹੋਈ ਕਲਪਨਾਤਮਕ ਗਾਥਾ ਹੈ। ਜਿਸ ਦੀ ਮੂਲਿਕ ਧਾਰਾ ਸੰਨ 150 ਏ.ਡੀ. ਵਿਚ ਅਪੋਸਟਲ ਏਲਾਨ-ਨਾਮੇ ਦੇ ਸਮੇਂ ਅੰਕਤ ਕੀਤੀ ਗਈ। ਇਹੀ ਕਾਰਨ ਹੈ ਕਿ ਕੁਝ ਲਿਬਰਲ ਖ਼ਿਆਲ ਦੇ ਈਸਾਈ ਵਿਦਵਾਨਾਂ ਨੇ *ਬਾਈਬਲ* ਦੀਆਂ ਮਨੋਕਲਪਤ ਲਿਖਤਾਂ ਪ੍ਰਤਿ ਅਤਿ ਗੰਭੀਰ ਅਤੇ ਵਿਰੋਧੀ ਨਿਰਣੈ ਲਏ ਹਨ। ਜਿਵੇਂ :

To the average Christian Scientist the *Bible* is a compilation of ancient writings "full of hundreds of thousands of textual errors, its divine is uncertain, its inspiration questionable, it is made up of metaphors, allegories, myths and fables, it can not be read and interpreted literally. *(The Kingdom of the Cults, p. 144)*

ਈਸਾਈ ਧਰਮ ਦੀ ਧਰਮ ਸ਼ਾਸਤਰ ਵਿਦਿਆ ਅਤੇ ਨਿਤਾਪ੍ਰਤਿ ਧਾਰਮਕ ਅਭਿਆਸ ਇਕ ਦੂਸਰੇ ਈਸਾਈ ਫ਼ਿਰਕਿਆਂ ਦੇ ਵਿਚਕਾਰ ਬਹੁਤ ਵੱਡੀ ਖਾੜੀ ਬਣਾਈ ਬੈਠਾ ਹੈ। ਜਿਵੇਂ ਆਪ ਜੀ ਉਕਤ ਲੇਖ ਵਿਚ ਪੜ੍ਹ ਆਏ ਹੋ ਕਿ ਰੋਮਨ ਕੈਥੋਲਿਕ ਫ਼ਿਰਕੇ ਦੀ ਧਰਮ ਸ਼ਾਸਤਰ ਵਿਦਿਆ ਏਲਾਨ ਕਰਦੀ ਹੈ ਕਿ ਪਾਪਾਂ ਦੇ ਛੁਟਕਾਰੇ ਵਾਸਤੇ ਮੁਕਤੀ ਦੀ ਪ੍ਰਾਪਤੀ ਹਿਤ ਤੁਹਾਨੂੰ ਹਰ ਹਾਲਤ ਵਿਚ ਰੋਮਨ ਕੈਥੋਲਿਕ ਚਰਚ ਦੇ ਸਦੱਸ ਬਣਨਾ ਹੀ ਪਵੇਗਾ। ਪ੍ਰੰਤੂ ਏਸੇ ਚਿੱਤਰ ਦੇ ਦੂਜੇ ਪਾਸੇ ਪਰੋਟੈਸਟੈਂਟ ਧਾਰਮਕ ਪ੍ਰੰਪਰਾ ਦਾ ਦ੍ਰਿਸ਼ਟੀਕੋਣ ਰੋਮਨ ਕੈਥੋਲਿਕ ਨਾਲੋਂ ਬਿਲਕੁਲ ਵਿਰੋਧੀ ਜ਼ਾਵੀਆ ਉਲੀਕਦਾ ਹੈ। ਇਹ ਦਾਅਵਾ ਕਰਦੇ ਹਨ ਕਿ ਹਰ ਪ੍ਰਕਾਰੀ ਮੁਕਤੀ ਛੁਟਕਾਰਾ ਨਿਸਤਾਰਾ ਈਸਾ ਨੇ ਸਲੀਬ 'ਤੇ ਚੜ੍ਹ ਕੇ ਈਸਾਈਆਂ ਲਈ ਰਾਖਵਾਂ ਕਰ ਦਿੱਤਾ ਹੈ, ਜਿਵੇਂ :

Protestant Reformers emphasized the once-for all character of Christ's redemption on the cross, the Lausanne Declaration (1974) expresses this view :

There is only one Redeemer and only one Gospel... We repudiate as slight on Jesus Christ and the Gospel any syncretism and any dialogues which claims that Jesus Christ speaks equally through all religions and ideologies. Jesus Christ, true man and true God, gave himself as the sole redemption for sinners. He is the only mediator between God and man. And there is a no other name by which we are saved...However those reject Jesus Christ scorn the joy of salvation and thus condemn themselves to eternal separation from God. *(Mansions of the Spirit, pp. 53-54)*

ਕ੍ਰਿਸਚੀਅਨ ਪਾਦਰੀਆਂ ਦੀ ਅੰਧ-ਵਿਸ਼ਵਾਸੀ ਨੀਤੀ ਨੂੰ ਧਿਆਨ ਵਿਚ ਰੱਖਦੇ ਹੋਏ ਇਕ ਨਹੀਂ, ਬਲਕਿ ਅਨੇਕਾਂ ਹੀ ਰੱਬ ਦੇ ਪਿਆਰੇ ਅਤੇ ਈਸਾਈ ਸ਼ਰਧਾਲੂ ਇਨ੍ਹਾਂ ਦੀ ਤੰਗਦਿਲੀ ਅਤੇ ਇਕਪਾਸੜ ਜਨੂੰਨੀ ਰੀਤੀ ਤੋਂ ਛੁਟਕਾਰਾ ਪਾਵਨ ਹਿਤ ਹਮੇਸ਼ਾ ਵਾਸਤੇ ਅਲਵਿਦਾ ਕਹਿਣ ਲਈ ਮਜਬੂਰ ਹੋ ਗਏ ਕਿ ਇਹ ਇਕ ਐਸੀ ਊਟ-ਪਟਾਂਗੀ ਮਾਨਸਿਕ ਵਿਚਾਰ-ਸ਼ੈਲੀ ਹੈ ਜੋ ਦਾਅਵਾ ਕਰਦੀ ਹੈ ਕਿ ਈਸਾ ਜੀ ਕਿਸੇ ਦੂਸਰੇ ਬੰਦੇ ਦੇ ਤੁਲਨਾਤਮਕ ਬਹੁਤਾ ਈਸ਼ਵਰਵਾਦੀ ਹੈ। ਈਸਾ ਜੀ ਪ੍ਰਤਿ ਮਨੋਕਲਪਤ ਕਰਾਮਾਤੀ ਕਥਾ ਕਹਾਣੀਆਂ ਨਿਰੋਲ ਕਲਪਤ, ਮਿਥਿਹਾਸਿਕ ਅਤੇ ਰਵਾਇਤੀ ਸਿਲਸਿਲਾ ਹੈ, ਜੋ ਈਸਾ ਦੇ ਨਾਮ 'ਤੇ ਗੁੰਫਤ ਕੀਤਾ ਗਿਆ ਹੈ। ਵਿਰਤੀਹਾਣ ਸਮੇਂ ਦੀ ਵਿਕਸਤ ਰੂਹਾਨੀ ਸ਼ਕਤੀ ਕਦੀ ਭੀ ਐਸਾ ਉਪਦੇਸ਼ ਨਹੀਂ ਕਰਦੀ ਕਿ ਤੇਰੇ ਕੀਤੇ ਸਮੁੱਚੇ ਪਾਪਾਂ ਦਾ ਭਾਰ ਈਸਾ ਨੇ ਸੂਲੀ 'ਤੇ ਚੜ੍ਹ ਕੇ ਆਪਣੇ ਮੋਢਿਆਂ 'ਤੇ ਚੁੱਕ ਲਿਆ ਹੈ। ਤੁਹਾਡਾ

ਪਾਪਾਂ ਦੀ ਮਾਫ਼ੀ ਦਾ ਸਿਧਾਂਤ ਬੇਤਰਤੀਬਾ, ਖ਼ਿਆਲੀ ਪਲੰਦਾ, ਅਨੈਤਿਕ ਅਤੇ ਅਧਰਮੀ ਰੁਚੀ ਹੈ। ਅਸੀਂ ਆਪਣੇ ਬੱਚਿਆਂ ਨੂੰ ਪਾਦਰੀਆਂ ਵਲੋਂ ਆਯੋਜਿਤ ਕੀਤੀ ਹੋਈ ਰੂਹਾਨੀ ਅਭਿਆਸੀ ਸਭਾ ਵਿਚ ਭੇਜ ਕੇ ਪਛਤਾਵਾ ਕਰਦੇ ਹਾਂ, ਜਿਥੇ ਬਿਨਾਂ ਸ਼ੁਭ ਕਰਮ ਕੀਤਿਆਂ ਪਾਪਾਂ ਦੀ ਮਾਫ਼ੀ ਅਤੇ ਮੁਕਤੀ ਕੇਵਲ ਈਸਾ ਜੀ 'ਤੇ ਭਰੋਸਾ ਕੀਤਿਆਂ ਹੀ ਪ੍ਰਾਪਤ ਹੁੰਦੀ ਹੈ।

ਲਾਰਡ ਡੌਂਡਿੰਗ ਜੋ ਕਿ ਰੂਹਾਨੀ ਸਭਾ ਦਾ ਅਤਿ ਸ਼ਕਤੀਸ਼ਾਲੀ ਸਦੱਸ ਸੀ, ਉਹ ਆਪਣੀ ਪੁਸਤਕ *ਮੈਨੀ ਮੈਨਸ਼ਨਜ਼* ਦੇ ਪੰਨਾ 107 (*Many Mansions,* p. 107) ਵਿਚ ਲਿਖਦਾ ਹੈ : ਪਹਿਲੀ ਚੀਜ਼ ਤਾਂ ਇਹ ਹੈ ਕਿ ਜਿਸ ਦਾ ਸਾਹਮਣਾ ਜਨੂੰਨੀ ਈਸਾਈਆਂ ਨੇ ਕਰਨਾ ਹੈ, ਉਹ ਹੈ ਤ੍ਰੈ-ਮੁਖੀ ਰੱਬ (Trinity), ਵਿਕਸਤ ਜਗਤ ਵਿਚ ਜਿਸ ਦਾ ਕੋਈ ਭੀ ਪੈਰੋਕਾਰ ਨਹੀਂ ਹੈ। ਈਸਾ ਜੀ ਦੀ ਈਸ਼ਵਰਤ ਜੋ ਰੱਬ ਦੀ ਸ਼ਰੀਕ ਆਖੀ ਜਾਂਦੀ ਹੈ, ਜਿਸ ਦੀ ਸਵੀਕਾਰਤਾ ਪ੍ਰਤਿ ਸਮੁੱਚਾ ਸੰਸਾਰ ਇਨਕਾਰੀ ਹੈ, ਭਾਵੇਂ ਈਸਾ ਜੀ ਨਿਰਸੰਦੇਹ ਰੱਬ ਦਾ ਬੇਟਾ ਹੈ, ਏਸੇ ਤਰ੍ਹਾਂ ਅਸੀਂ ਸਾਰੇ ਹੀ ਰੱਬ ਦੇ ਪੁੱਤਰ ਹਾਂ। ਸਾਨੂੰ ਸਾਰੇ ਸ਼ਰਧਾਲੂਆਂ ਨੂੰ ਉਪਦੇਸ਼ ਦਿੱਤਾ ਜਾਂਦਾ ਹੈ ਕਿ ਤੁਸੀਂ ਯਕੀਨ ਕਰੋ ਕਿ ਤੁਹਾਡੇ ਕੀਤੇ ਪਾਪਾਂ ਪ੍ਰਤਿ ਤੌਬਾ ਅਤੇ ਮਾਫ਼ੀ ਈਸਾ ਜੀ ਦੇ ਸ਼ੁਭ ਅਮਲਾਂ ਦੁਆਰਾ ਪ੍ਰਾਪਤ ਹੋ ਸਕੇਗੀ, ਕਿਉਂਕਿ ਉਸ ਨੇ ਤੁਹਾਡੇ ਪਾਪਾਂ ਦੀ ਖ਼ਾਤਰ ਸਲੀਬ 'ਤੇ ਚੜ੍ਹ ਕੇ ਇਵਜ਼ਾਨਾ ਭਰ ਦਿੱਤਾ ਹੈ। ਕੈਸਾ ਜ਼ਬਰਦਸਤੀ ਹੁਕਮ ਅਤੇ ਮਨੋਕਲਪਤ ਸਿਧਾਂਤ ਹੈ, ਵਿਕਸਤ ਰੂਹਾਨੀਅਤ ਦੇ ਸ਼ਰਧਾਲੂ ਸਾਹਸ ਪੂਰਣ ਵਿਧੀ ਦੁਆਰਾ, ਐਸੀ ਲਿਖਤ ਦੇ ਵਿਰੁੱਧ ਸੰਘਰਸ਼ ਕਰਨਗੇ। ਇਸ ਸੰਘਰਸ਼ ਦਾ ਪ੍ਰਥਮ ਕਦਮ ਅੱਗੇ ਰੱਖਦੇ ਹੋਏ ਪ੍ਰਮਾਰਥ 'ਤੇ ਤਾਲਿਬਾਨ ਨੇ ਸੱਤ ਪ੍ਰਕਾਰ ਦੇ ਨਿਯਮ ਬਣਾਏ ਹਨ, ਜਿਨ੍ਹਾਂ ਦੀ ਰੂਪ-ਰੇਖਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

1. The Fatherhood of God. 2. The Brotherhood of Man. 3. Continuous of Existence. 4. Communion of Spirits and Ministry of Angels. 5. Personal Responsibility. 6. Compensation and Retribution Hereafter for Good and Evil Done on Earth. 7. A Path of Endless Progression.

(The Seven Principle of Spiritualism, pp. 2-3)

ਸੁਹਿਰਦ ਪਾਠਕਾਂ ਦੀ ਹੋਰ ਵਧੇਰੇ ਜਾਣਕਾਰੀ ਹਿਤ ਆਵਸ਼ਕ ਹੈ ਕਿ ਉਕਤ ਪੰਨੇ ਵਿਚ ਅੰਕਤ ਕੀਤੀ ਗਈ ਪੰਜਾਬੀ ਵਿਸ਼ਾ-ਵਸਤੂ ਦੀ ਅਸਲੀ ਰੂਪ-ਰੇਖਾ ਕੁਝ ਪੱਛਮੀ ਵਿਦਵਾਨਾਂ ਦੀ ਖੋਜ ਦੇ ਅਨੁਸਾਰ, ਅੰਗਰੇਜ਼ੀ ਭਾਸ਼ਾ ਵਿਚ ਦਿੱਤੀ ਜਾਵੇ ਤਾਂਕਿ ਪਰਮਾਣਿਕ ਸਮੱਗਰੀ ਦਾ ਸਹੀ ਨਾਪ ਤੋਲ ਕੀਤਾ ਜਾ ਸਕੇ, ਜਿਵੇਂ :

It is an absurd idea that Jesus was any more divine than any other man. ...Weisse. The miraculous conception of Christ is merely a fabulous tale. ...Heweis. Advance spirit do not teach the atonement of Christ...nothing of the kind. ...Nocholas.

Your doctrine of the atonement is the very climax of a deranged imagination, and one that is of the unrighteous and immoral tendency. Hall.

We regret and condemn the practice of Spiritualists sending their children to be instructed in the teaching of a vicarious atonement or salvation by faith and not of works. ...A resolution passed at the spiritualistic Convention in Bradford, England.

Lord Dowding a strong advocate of Spiritualism says in his book, *Many Mansions* (p. 107), "The first thing which the orthodox Christians has to face is that the doctrine of Trinity seems to have no adherents in advanced circles of the spirit world. The divinity of Christ as a co-equal partner with the father is universally denied Jesus Christ was indeed the Son of God, as also are we sons of God... We (i.e., orthodox Christians) are taught to believe in the remission of sins to the penitent, through the virtue of Christ's sacrifice and atonement. This doctrine Importer (the pseudonym of one of these advanced spirit) vigorously combats in a score of passages."

(The Kingdom of the Cults, pp. 139-242)

ਜਿਵੇਂ ਖ਼ਾਲਸਈ ਧਾਰਾ "ਜਬ ਲਗ ਖਾਲਸਾ ਰਹੇ ਨਿਆਰਾ" ਦੇ ਅਧੀਨ ਦਾਅਵਾ ਕਰਦੀ ਕਿ ਸਿੱਖੀ ਇਕ ਨਿਵੇਕਲਾ ਧਰਮ ਹੈ। ਬਿਲਕੁਲ ਏਸੇ ਸਿਧਾਂਤ ਦੇ ਤੁਲਨਾਤਮਕ ਈਸਾਈ ਮਤਿ ਭੀ ਆਪਣੇ ਆਪ ਨੂੰ ਇਕ ਨਿਆਰਾ ਧਰਮ ਹੋਣ ਦਾ ਦਾਅਵਾ ਕਰਦਾ ਹੈ। ਜਿਸ ਵਿਚ ਕੁਝ ਐਸੀਆਂ ਧਾਰਮਕ ਧਾਰਾਵਾਂ ਹਨ ਜਿਨ੍ਹਾਂ ਦੇ ਆਧਾਰ 'ਤੇ ਇਹ ਦੂਸਰੇ ਧਰਮਾਂ ਦੀ ਨਿਸਬਤ ਆਪਣੇ ਆਪ ਨੂੰ ਨਿਵੇਕਲਾ ਧਰਮ ਹੋਣ ਦਾ ਦਾਅਵਾ ਕਰਦੇ ਹਨ। ਜਿਵੇਂ :

1. ਈਸਾ ਜੀ ਦਾ ਕੁਮਾਰੀ ਕੰਨਿਆ ਤੋਂ ਪੈਦਾ ਹੋਣਾ, 2. ਈਸਾ ਜੀ ਦਾ ਸਰੀਰਕ ਤੌਰ 'ਤੇ ਪੁਨਰ ਜੀਵਨ, 3. ਰੱਬ ਦਾ ਇਕਲੌਤਾ ਬੇਟਾ ਹੋਣਾ, 4. ਰੱਬ ਦਾ ਭੀ ਰੱਬ ਹੋਣਾ, 5. ਪ੍ਰਕਿਰਤੀ ਤੋਂ ਪਹਿਲਾਂ ਉਸ ਦੀ ਹੋਂਦ, 6. ਸਾਰੇ ਈਸਾਈਆਂ ਦੇ ਪਾਪਾਂ ਦੀ ਮਾਫ਼ੀ, 7. ਈਸਾ ਤੋਂ ਬਿਨਾਂ ਕੋਈ ਭੀ ਜੀਵ ਮੁਕਤੀ ਨਹੀਂ ਪਾ ਸਕਦਾ, 8. ਉਹ ਰੱਬ ਦੇ ਸੱਜੇ ਪਾਸੇ ਬੈਠਾ ਹੈ,

9. ਉਹ ਜੀਵਾਂ ਦੇ ਫ਼ੈਸਲੇ ਕਰਨ ਹਿਤ ਦੋਬਾਰਾ ਆਵੇਗਾ, 10. ਈਸਾ ਜੀ ਸਦੀਵੀ ਹੈ, ਆਦਿ। ਈਸਾਈ ਮਤਿ ਦੇ ਇਹ ਦਸ ਸਿਧਾਂਤ ਹਨ ਜਿਨ੍ਹਾਂ ਦੇ ਆਧਾਰ 'ਤੇ ਇਹ ਆਪਣੇ ਆਪ ਨੂੰ ਦੂਜੇ ਧਰਮਾਂ ਦੇ ਪ੍ਰਤਿਕਰਮ ਵੱਡੇ ਅਤੇ ਸਿਰਮੌਰ ਸਮਝਦੇ ਹਨ। ਪ੍ਰੰਤੂ ਸਮੁੱਚੀ ਸ੍ਰਿਸ਼ਟੀ ਇਨ੍ਹਾਂ ਦਸ (10) ਸਿਧਾਂਤਾਂ ਨੂੰ ਸਵੀਕਾਰ ਨਹੀਂ ਕਰਦੀ, ਜਿਨ੍ਹਾਂ ਦੀ ਵਿਆਖਿਆ ਆਪ ਜੀ ਉਕਤ ਵਿਸ਼ਾ-ਵਸਤੂ ਵਿਚ ਪੜ੍ਹ ਆਏ ਹੋ। ਸਾਰੀ ਦੁਨੀਆ ਇਸ ਸਿਧਾਂਤ ਨਾਲ ਸਹਿਮਤ ਹੈ ਕਿ ਈਸਾ ਜੀ ਭੀ ਦੁਨੀਆ ਦੇ ਦੂਸਰੇ ਰੂਹਾਨੀ ਆਗੂਆਂ ਵਾਂਗੂੰ ਇਕ ਰਸੂਲ ਸੀ, ਇਸ ਤੋਂ ਉਪਰ ਉਹ ਕੁਝ ਭੀ ਨਹੀਂ ਸੀ। ਪ੍ਰੰਤੂ ਈਸਾਈ ਧਰਮ ਇਤਨੀ ਹੱਠਧਰਮੀ 'ਤੇ ਤੁਲਿਆ ਹੋਇਆ ਹੈ ਕਿ ਇਨ੍ਹਾਂ ਦੀ ਦ੍ਰਿਸ਼ਟੀ ਵਿਚ ਦੂਸਰੇ ਧਰਮਾਂ ਵਾਸਤੇ ਤਨਕ ਮਾਤਰ ਭੀ ਗੁੰਜਾਇਸ਼ ਨਹੀਂ ਹੈ। ਇਹੀ ਉਹ ਵੱਖਵਾਦੀ ਵਿਰਤੀ ਹੈ ਜਿਸ ਨੇ ਸੁਹਿਰਦ ਅਤੇ ਸ਼ਰਧਾਲੂ ਈਸਾਈਆਂ ਨੂੰ ਇਹ ਆਖਣ ਲਈ ਮਜਬੂਰ ਕਰ ਦਿੱਤਾ ਕਿ ਈਸਾ ਜੀ ਦੀਆਂ ਕਰਾਮਾਤਾਂ ਰੱਬੀ ਵਿਰੋਧਤਾ ਅਤੇ ਕਹਿਰ ਹੈ, ਜਿਵੇਂ:

"Miracle" means something done in defiance of Natural Law. Therefore there are no Miracles. The demonstrations you speak of can be manifested today by our Sensitive (often called mediums) by the application of perfectly natural forces, when necessary conditions are provided.

(The History of Spiritualism, p. 182)

ਸਾਰੀ ਬ੍ਰਹਮੰਡਿਕ ਪ੍ਰਕਿਰਤੀ ਦਾ ਮੂਲ ਕਾਰਣ ਕੇਵਲ ਇਕ ਵਾਹਿਗੁਰੂ ਹੈ, ਉਹ ਕਰਨਕਾਰਨ ਸਮਰੱਥ ਹੈ। ਪ੍ਰਕਿਰਤੀ ਦਾ ਹਰ ਇਕ ਅਣੂ ਉਸ ਦੇ ਹੁਕਮ ਦੁਆਰਾ ਉਤਪੰਨ ਹੁੰਦਾ ਹੋਇਆ ਕਰਤਾ ਦੇ ਭੈ ਵਿਚ ਵਧਦਾ ਫੁਲਦਾ ਫਲਦਾ ਵਿਕਸਤ ਹੁੰਦਾ ਅਤੇ ਅੰਤ ਨੂੰ ਅਪਰੰਪਰ ਅਸੀਮਤਾ ਵਿਚ ਲੀਨ ਹੋ ਜਾਂਦਾ ਹੈ। ਉਹ ਵਾਹਿਗੁਰੂ ਹੀ ਸਮੁੱਚੀ ਸ੍ਰਿਸ਼ਟੀ ਦਾ ਵਾਹਿਦ ਸੁਆਮੀ ਹੈ।

ਸਮੁੱਚੀ ਰਚਨਾ ਉਸ ਦਾ ਖੇਲ ਹੈ ਔਰ ਸਾਰੇ ਹੀ ਉਸ ਦੇ ਪੁੱਤਰ ਧੀਆਂ ਹਨ। ਨਿਜੀ ਰੁਚੀ ਦੇ ਅਨੁਸਾਰ ਸਾਰੇ ਹੀ ਆਪਣੀ ਆਪਣੀ ਖੇਲ, ਖੇਲ ਰਹੇ ਹਨ। ਸਾਰਿਆਂ ਨੂੰ ਖੇਲਦੇ ਵੇਖ ਕੇ ਉਹ ਅਤਿਅੰਤ ਹੀ ਪ੍ਰਸੰਨ ਹੁੰਦਾ ਹੈ। ਅਗਰ ਈਸਾਈ ਸਿਧਾਂਤ ਦੇ ਅਨੁਸਾਰ ਜੋ ਪ੍ਰਾਣੀ ਈਸਾ ਜੀ ਦੇ ਪੈਰੀਂ ਨਹੀਂ ਪੈਣਗੇ, ਕੀ ਉਹ ਸਾਰੇ ਹੀ ਨਰਕਾਂ ਦੀ ਅਗਨੀ ਵਿਚ ਸੜਨਗੇ? ਅਗਰ ਅਸੀਂ ਇਸ ਸਿਧਾਂਤ ਨੂੰ ਮੰਨ ਭੀ ਲਈਏ, ਇਸ ਦਾ ਅਰਥ ਇਹ ਹੋਵੇਗਾ ਕਿ ਉਹ ਪ੍ਰਮੇਸ਼ਰ, ਪ੍ਰਕਿਰਤੀ ਦੀ ਬਹੁ-ਸੰਮਤੀ ਨੂੰ ਦੋਸ਼ੀ ਠਹਿਰਾ ਕੇ, ਨਿਰਾਸ਼ਾਵਾਦੀ, ਬੇ-ਰਹਿਮ, ਘਾਤਕ ਅਤੇ ਅਨਿਆਈ ਨਿਸ਼ਾਨੇ ਵੱਲ ਨੂੰ ਖਿੱਚੀ ਜਾ ਰਿਹਾ ਹੈ। ਅਗਰ

ਬਦਕਿਸਮਤੀ ਦੇ ਕਾਰਣ ਐਸੇ ਰੱਬ ਨੂੰ ਮੰਨ ਭੀ ਲਿਆ ਜਾਵੇ ਕਿ ਉਸਨੇ ਸਮੂਲਚੀ ਰਚਨਾ ਨਿਜੀ ਸਰੂਪ ਦੇ ਆਧਾਰ 'ਤੇ ਰਚੀ ਹੈ, ਕੀ ਉਹ ਲਘੂਮਾਤਰ ਈਸਾਈਆਂ ਤੋਂ ਬਿਨਾਂ ਬਾਕੀ ਸਾਰੀ ਰਚਨਾ ਵਾਸਤੇ ਸੰਕਟਮਈ ਜੀਵਨ ਹੀ ਪ੍ਰਦਾਨ ਕਰਨਾ ਲੋਚਦਾ ਹੈ ? ਇਥੇ ਬਹੁਤ ਗੰਭੀਰ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਉਹ ਕੈਸਾ ਵਿਦਰੋਹੀ ਅਤੇ ਤ੍ਰਿਸਕਾਰਯੋਗ ਰਸੂਲ ਹੈ ਜੋ ਦੂਸਰੇ ਧਰਮ ਪਾਲਕਾਂ ਨੂੰ ਨਰਕਾਂ ਦੀ ਅਗਨੀ ਵਿਚ ਸੜਦਿਆਂ ਵੇਖ ਕੇ ਪ੍ਰਸੰਨ ਹੁੰਦਾ ਹੈ। ਉਹ ਕੈਸਾ ਬਾਪੂ ਹੈ ਜਿਸ ਦਾ ਮਨੋ-ਕਲਪਤ ਇਕਲੌਤਾ ਪੁੱਤਰ ਈਸਾਈਆਂ ਤੋਂ ਬਿਨਾਂ ਸਮੂਲਚੀ ਪ੍ਰਕਿਰਤੀ ਨੂੰ ਨਰਕਾਂ ਦੀ ਅਗਨੀ ਵਿਚ ਲੂਹਣਾ ਲੋਚੰਦਾ ਹੈ ? ਜਿਵੇਂ :

The notion that a billions souls have gone down to the torment of hell fire without even hearing of Jesus Christ is not only repugnant and abhorrent, it also implies a God who is repugnant and abhorrent.

If we took to be true, it would mean that God condemn the vast majority of the world's people to hopeless destiny. It would mean believing in a God who goes to the trouble of creating all human beings in the divine image and the offers salvation only to a small friction of them, the once who happen to be Christian.

(Mansions of the Spirit, p. 61)

ਉਕਤ ਵਿਚਾਰਧਾਰਾ ਦੇ ਆਧਾਰ 'ਤੇ ਅਸੀਂ ਇਸ ਸਿੱਟੇ 'ਤੇ ਪਹੁੰਚੇ ਹਾਂ ਕਿ ਸਦੀਵੀ ਜੀਵਨ, ਸਦੀਵੀ ਅਭੇਦਤਾ ਅਥਵਾ ਈਸਾਈ ਕਥਨ ਅਨੁਸਾਰ ਮੁਕਤੀ (salvation) ਵਾਸਤੇ ਈਸਾਈ ਹੋਣਾ ਨਿਰਸੰਦੇਹ ਜ਼ਰੂਰੀ ਨਹੀਂ ਹੈ। ਗ਼ਰਜ਼ੇਕਿ, ਤੁਸੀਂ ਕਿਸੇ ਭੀ ਧਰਮ ਵਿਚ ਵਿਚਰਦੇ ਹੋਏ, ਉਸ ਦੀ ਧਾਰਮਕ-ਸ਼ੈਲੀ ਦੇ ਅਨੁਸਾਰ ਜੀਵਨ ਬਤੀਤ ਕਰਦੇ ਹੋਏ, ਮੁਕਤੀ ਦੀ ਦਾਤਿ ਪ੍ਰਾਪਤ ਕਰ ਸਕਦੇ ਹੋ, ਕਿਉਂਕਿ ਉਹ ਵਾਹਿਗੁਰੂ ਪੱਖਪਾਤੀ ਗੌਡ ਨਹੀਂ ਹੈ। ਉਹ ਸਾਰਿਆਂ ਦਾ ਬਾਪੂ ਹੈ, ਸਾਰਿਆਂ ਦਾ ਸਾਂਝਾ ਹੈ, ਸਾਰੇ ਹੀ ਉਸ ਉਪਰ ਭਰੋਸਾ ਅਤੇ ਮਾਣ ਰੱਖਦੇ ਹਨ। ਰੱਬ ਦੀ ਰਹਿਮਤ ਇਤਨੀ ਵਿਸ਼ਾਲ ਹੈ ਕਿ ਇਹ ਧਾਰਮਕ ਮੱਛੀਆਂ, ਅਥਾਹ ਸਾਗਰ ਦੀ ਸਾਰ ਨੂੰ ਸਮਝਣੋਂ ਅਸਮਰੱਥ ਹਨ। ਹਾਂ, ਮੱਛੀ ਕੇਵਲ ਸਾਗਰ ਦੇ ਰਸ ਨੂੰ, ਸਾਗਰ ਦੀਆਂ ਲਹਿਰਾਂ ਨੂੰ, ਸਾਗਰ ਦੇ ਹੁੱਲਾਸ ਨੂੰ ਮਾਣ ਸਕਦੀ ਹੈ ਪ੍ਰੰਤੂ ਉਸ ਦੀ ਅਨੰਤਤਾ ਨੂੰ ਨਹੀਂ ਜਾਣ ਸਕਦੀ।

ਵਾਹਿਗੁਰੂ ਹੀ ਜਾਣਦਾ ਹੈ ਕਿ ਇਹ ਕੱਟੜਵਾਦੀ ਲੋਕ ਇਤਨੇ ਅਲੱਚਕ ਅਤੇ ਅਲਿਫ਼ਵੇਂ ਕਿਉਂ ਹਨ ਜਦੋਂ ਕਿ ਇਨ੍ਹਾਂ ਦੀ ਧਾਰਮਕ ਕਿਤਾਬ ਵਿਚ ਇਹ ਨਿਸ਼ਚੇ ਕੀਤਾ ਗਿਆ ਹੈ ਕਿ ਕੋਈ ਭੀ ਇਨਸਾਨ ਭਾਵੇਂ ਉਹ ਕਿਸੇ ਭੀ ਦੇਸ਼, ਮੰਡਲ ਅਤੇ ਧਰਮ ਦਾ ਧਾਰਨੀ ਕਿਉਂ ਨਾ ਹੋਵੇ, ਵਾਹਿਗੁਰੂ ਨੇ ਉਨ੍ਹਾਂ ਸਾਰਿਆਂ

ਵੱਲ ਆਪਣਾ ਪਵਿੱਤਰ ਬਾਜ਼ੂ ਅਤੇ ਦ੍ਰਿਸ਼ਟੀ ਪ੍ਰਗਟ ਕੀਤੀ ਹੈ ਕਿ ਉਹ ਸਾਰੇ ਹੀ ਅੰਤ ਦੇ ਸਮੇਂ ਮੁਕਤੀ ਨੂੰ ਪ੍ਰਾਪਤ ਕਰਨਗੇ, ਜਿਵੇਂ :

1. The Lord has bared His Holy arm in the sight of all the nations; that all the ends of the earth may see the salvation of our God. *(New American, Isaiah 52:10)*

2. And in the generations gone by He permitted all the nations to go their own way. *(New American, Act 14:16)*

3. But glory and honour and peace to every man who does good, to the Jew first also to the Greek. 11—For there is no partiality with God. *(New American, Roman 2:10-11)*

4. Let the nations be glad and sing for joy; For Thou wilt judge the peoples with uprightness, and guide the nations on the earth. *(New American, Psalms 67:4)*

ਇਹ ਸਨ ਕੁਝ ਪ੍ਰਮਾਣ ਜੋ ਨਿਰੋਲ *ਬਾਈਬਲ* ਦੇ ਆਧਾਰ 'ਤੇ ਦਿੱਤੇ ਗਏ ਹਨ ਕਿ ਹਰ ਇਨਸਾਨ ਰੱਬੀ ਰਹਿਮਤ ਨੂੰ ਪ੍ਰਾਪਤ ਕਰ ਸਕਦਾ ਹੈ ਭਾਵੇਂ ਉਹ ਕੋਈ ਭੀ ਕਿਉਂ ਨਾ ਹੋਵੇ, ਉਸ ਦੇ ਵਾਸਤੇ ਈਸਾਈ ਹੋਣਾ ਬਿਲਕੁਲ ਹੀ ਲਾਜ਼ਮੀ ਨਹੀਂ ਹੈ। ਦੂਜੇ ਧਰਮਾਂ ਤੋਂ ਲਾਂਭੇ ਰਹਿ ਕੇ ਅਥਵਾ ਦੂਜੇ ਧਰਮਾਂ ਨੂੰ ਮਾਨਤਾ ਨਾ ਦੇਣ ਕਰਕੇ ਈਸਾਈ ਧਰਮ ਰੱਬੀ ਕਾਨੂੰਨ ਅਤੇ *ਬਾਈਬਲ* ਦੀ ਵਿਰੋਧਤਾ ਹੀ ਕਰਦਾ ਹੈ ਜੋ ਕਿ ਰੱਬ ਦੇ ਘਰ ਵਿਚ ਕਦੀ ਭੀ ਮਨਜ਼ੂਰ ਨਹੀਂ ਹੈ। ਇਹ ਧਾਰਮਕ ਵਿਰਤੀ ਨਹੀਂ, ਬਲਕਿ ਇਨਸਾਨੀ ਘੁਮੰਡ ਹੈ। ਐਸੇ ਅਹੰਕਾਰੀਆਂ ਵਾਸਤੇ ਹੀ ਸਤਿਗੁਰੂ ਜੀ ਨੇ ਚੇਤਾਵਨੀ ਦਿੱਤੀ ਹੈ ਕਿ :

ਹਉਮੈ ਵਿਚਿ ਪ੍ਰਭੁ ਕੋਇ ਨ ਪਾਏ ॥ ਮੂਲਹੁ ਭੁਲਾ ਜਨਮੁ ਗਵਾਏ ॥੨॥

(ਧਨਾਸਰੀ ਮ: ੩, ਪੰਨਾ 664/11)

ਅਗਰ ਕੋਈ ਪ੍ਰਸ਼ਨ ਕਰੇ ਕਿ ਅਹੰਕਾਰੀ ਪੁਰਸ਼ ਦੀ ਸਭ ਤੋਂ ਵੱਡੀ ਨਿਸ਼ਾਨੀ ਕੀ ਹੁੰਦੀ ਹੈ ? ਇਸ ਪ੍ਰਸ਼ਨ ਦਾ ਉੱਤਰ ਕੇਵਲ ਇਕ ਹੈ ਕਿ ਅਹੰਕਾਰੀ ਪੁਰਸ਼ ਕਦੀ ਭੀ ਦੂਸਰੇ ਖ਼ਿਆਲ ਨੂੰ ਮਾਨਤਾ ਨਹੀਂ ਦੇਵੇਗਾ। ਅਹੰਕਾਰੀ ਵਿਅਕਤੀ ਦੀ ਇਹੀ ਬਦਬਖ਼ਤੀ ਹੈ ਕਿ ਉਹ ਸਾਰਾ ਦਿਨ, ਸਾਰਾ ਹਫ਼ਤਾ, ਸਾਰਾ ਮਹੀਨਾ, ਸਾਰਾ ਸਾਲ, ਗ਼ਰਜ਼ੇਕਿ, ਕਈ ਦਫ਼ਾ ਸਾਰੀ ਆਯੂ ਧਾਰਮਕ ਗ੍ਰੰਥਾਂ ਦਾ ਅਧਿਐਨ ਕਰਦਾ ਹੈ ਪ੍ਰੰਤੂ ਅਹੰਕਾਰੀ ਵਿਰਤੀ ਦਾ ਅਭਾਵ ਨਹੀਂ ਹੁੰਦਾ। ਗ਼ਰਜ਼ੇਕਿ, ਹਉਮੈ ਵਿਰਤੀ ਦਾ ਅਭਾਵ ਹੋਣਾ ਭੀ ਨਹੀਂ ਚਾਹੀਦਾ ਕਿਉਂਕਿ ਹਉਮੈ ਦੇ ਵਿਨਾਸ਼ ਹੋਇਆਂ, ਸਮੂਹਕ ਤੌਰ 'ਤੇ ਜਗਤ ਦੀ ਪ੍ਰਕ੍ਰਿਆ/ਕਾਰਜ ਪੱਧਤੀ ਖ਼ਤਮ ਹੋ ਜਾਂਦੀ ਹੈ। ਦੁਨਿਆਵੀ ਜੀਵਨ ਦੀ ਕਾਰਜ-ਸ਼ੈਲੀ ਦਾ ਭੋਗ ਪੈ ਜਾਂਦਾ ਹੈ। "ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ" ਦੀ ਲਗਨ ਮੱਠੀ ਪੈਣ ਕਰਕੇ,

ਪਰਉਪਕਾਰੀ ਵ੍ਰਿਧੀ ਭੀ ਅੰਤਮ ਸੁਆਸਾਂ 'ਤੇ ਆਣ ਟਿਕਦੀ ਹੈ। ਪ੍ਰਕਿਰਤਕ ਗਤੀ ਨੂੰ ਗਤੀਬੱਧ ਰੱਖਣ ਹਿਤ, ਹਉਮੈ ਦਾ ਹੋਣਾ ਅਤਿਅੰਤ ਹੀ ਲਾਜ਼ਮੀ ਹੈ। ਜਗਤ ਦੀ ਪ੍ਰਕ੍ਰਿਆ ਨੂੰ ਰਵਾਨੀ ਦੇਣ ਲਈ ਉਸ ਪ੍ਰਭੂ ਨੇ ਹਉਮੈ ਦੀ ਕਣੀ, ਹਰ ਇਕ ਅਣੂ ਵਿਚ ਸੂਖਸ਼ਮ ਸ਼ਕਤੀ ਦੇ ਤੌਰ 'ਤੇ ਓਤਿਪੋਤਿ ਕਰ ਛੱਡੀ ਹੈ, ਤਾਂਕਿ ਦੁਨਿਆਵੀ ਰਵਾਨੀ ਦੀ ਸਵੈ-ਚਲਿਤ ਗਤੀ, ਜੀਵਨ ਇਤਿਹਾਸ ਦੇ ਪੰਨਿਆਂ ਦੀ ਸੰਪੰਨਤਾ ਕਰਦੀ ਰਹੇ। ਇਹ ਕਾਰਣ ਹੈ ਕਿ ਵਾਹਿਗੁਰੂ ਨੇ ਜਗਤ ਰਚਨਾ ਦੇ ਸਮੇਂ ਹਰ ਜ਼ੱਰੇ ਜ਼ੱਰੇ ਵਿਚ ਹਉਮੈ ਦੀ ਅੰਸ਼ ਸਮੋ ਛੱਡੀ ਹੈ, ਜਿਵੇਂ:

ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ॥

(ਮਾਰੂ ਵਾਰ, ਮ: ੫, ਪੰਨਾ 1096/8)

ਦੁਨਿਆਵੀ ਕਾਰ-ਵਿਹਾਰ ਦੀ ਸੰਪੂਰਣਤਾ ਲਈ ਹਉਮੈ ਦਾ ਹੋਣਾ ਅਤਿ ਆਵਸ਼ਕ ਹੈ। ਬ੍ਰਹਮੰਡੀ ਕਾਰਜ-ਸ਼ੈਲੀ ਨੂੰ ਗਤੀਬੱਧ ਰੱਖਣਾ ਬ੍ਰਹਮੰਡੀ ਨਿਜ਼ਾਮ ਦਾ ਅਥਵਾ ਵਾਹਿਗੁਰੂ ਦਾ ਮੰਤਵ ਹੈ। ਇਥੇ ਧਿਆਨ-ਗੋਚਰੀ ਵਿਚਾਰ ਇਹੀ ਹੈ ਕਿ ਕਿਸੇ ਭੀ ਮੰਤਵ ਦੀ ਸੰਪੂਰਣਤਾ ਲਈ ਤਿੰਨ ਪ੍ਰਕਾਰ ਦੇ ਵਸਤੂ ਭੇਦ ਹੁੰਦੇ ਹਨ, ਜਿਵੇਂ ਮੰਤਵ, ਜੁਗਤੀ ਅਤੇ ਸਾਧਨ। ਕਾਰਜ ਦੀ ਪੂਰਨਤਾ ਹਿਤ, ਭਾਵੇਂ ਮੰਤਵ ਸਰਬ ਸ਼੍ਰੋਮਣੀ ਹੁੰਦਾ ਹੈ ਪ੍ਰੰਤੂ ਮੰਤਵ ਦੀ ਤਕਮੀਲ ਵਾਸਤੇ, ਜੁਗਤੀ ਮੰਤਵ ਨਾਲੋਂ ਭੀ ਅਧਿਕ ਸਿਰਮੌਰ ਹੈ। ਜੁਗਤੀ ਨੂੰ ਕਾਰਗਰ ਅਥਵਾ ਸਾਰਥਿਕ (effective) ਕਰਨ ਲਈ ਕਿਸੇ ਸਾਧਨ ਦੀ ਆਵਸ਼ਕਤਾ ਹੁੰਦੀ ਹੈ। ਇਸ ਵਾਸਤੇ ਸਿੱਟਾ ਇਹ ਨਿਕਲਿਆ ਕਿ ਮੰਤਵ ਨਾਲੋਂ ਜੁਗਤੀ ਅਤੇ ਜੁਗਤੀ ਨਾਲੋਂ ਸਾਧਨ ਸਰਤਾਜ ਆਖਿਆ ਜਾ ਸਕਦਾ ਹੈ।

ਬ੍ਰਹਮੰਡੀ ਕਾਰਜ-ਸ਼ੈਲੀ ਨੂੰ ਚਲਾਵਣ ਹਿਤ ਹਉਮੈ ਦੀ ਆਵਸ਼ਕਤਾ ਹੈ। ਹਉਮੈ ਇਕ ਜੁਗਤੀ ਹੈ ਜਿਸ ਦੇ ਅਧੀਨ ਦੁਨਿਆਵੀ ਸਰਗਰਮੀਆਂ ਸਰੰਜਾਮ ਹੁੰਦੀਆਂ ਹਨ। ਜੁਗਤੀ ਨੂੰ ਹਰਕਤ ਵਿਚ ਲਿਆਵਣ ਤੋਂ ਪਹਿਲਾਂ ਅਤਿਅੰਤ ਹੀ ਲਾਜ਼ਮੀ ਹੈ ਕਿ ਇਸ ਨੂੰ ਅਨੁਕੂਲਤਾ (adjustment) ਦੀ ਵਲਗਣ ਵਿਚ ਲਿਆਂਦਾ ਜਾਵੇ। ਹਰ ਜੁਗਤੀ ਨੂੰ ਵਰਤਣ ਤੋਂ ਪੇਸ਼ਤਰ ਬਹੁਤ ਹੀ ਜ਼ਰੂਰੀ ਹੈ ਕਿ ਉਸ ਦੀ ਅਨੁਕੂਲਤਾ, ਤਰਤੀਬ, ਸਮਾਯੋਜਨਤਾ ਅਥਵਾ ਵਿਵਸਥਾ ਨੂੰ ਨਿਰੀਖਣਤਾ ਦੇ ਘੇਰੇ ਵਿਚ ਲਿਆਂਦਾ ਜਾਵੇ। ਗੁਰਮਤਿ ਸ਼ੈਲੀ ਦੀ ਵਲਗਣ ਵਿਚ ਐਡਜਸਟਮੈਂਟ ਦਾ ਨਾਮ ਹੀ ਸੰਜਮ ਹੈ, ਭਾਵ, ਅਹੰਕਾਰ ਦੀ ਵਰਤੋਂ ਕਿਸੇ ਖ਼ਾਸ ਸੰਜਮ ਵਿਚ ਰਹਿੰਦੇ ਹੋਏ ਕਰਨੀ ਹੈ। ਦ੍ਰਿਸ਼ਟਾਂਤ ਵਜੋਂ ਜਿਵੇਂ ਅਗਨੀ ਦਾ ਕਰਮ ਹੈ—ਸਾੜਨਾ, ਜਲਾਉਣਾ, ਦਗਧ ਕਰਨਾ। ਪ੍ਰੰਤੂ ਕਿਸੇ ਸੰਜਮ ਵਿਚ ਵਰਤਣ ਕਰਕੇ ਅਗਨੀ ਸੁਖਦਾਇਕ ਹੈ। ਅਸਾਡਾ ਭੋਜਨ ਤਿਆਰ ਕਰਦੀ ਹੈ, ਇਸ਼ਨਾਨ ਵਾਸਤੇ ਪਾਣੀ ਗਰਮ ਕਰਦੀ ਹੈ। ਲੋਹੇ ਨੂੰ ਮੋੜਨ ਲਈ ਗਰਮ

ਕਰਦੀ ਹੈ, ਆਦਿ। ਅਗਨੀ ਵਾਂਗੂੰ ਜੁਗਤੀ ਤੋਂ ਰਹਿਤ ਹਉਮੈ ਭੀ ਦੀਰਘ ਰੋਗ ਹੈ ਪ੍ਰੰਤੂ ਸ਼ਬਦ ਪ੍ਰੀਖਿਆ ਦੇ ਸੰਚੇ ਵਿਚ ਢਲਣ ਕਰਕੇ ਹਉਮੈ ਭੀ ਸੁਖਦਾਇਕ ਵਸਤੂ ਹੈ, ਜਿਵੇਂ ਹਜ਼ੂਰ ਦਾ ਫ਼ੁਰਮਾਨ ਹੈ:

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥

(ਵਾਰ ਆਸਾ, ਮ: ੨, ਪੰਨਾ 466/16)

ਅਹੰਕਾਰੀ ਵਿਰਤੀ ਦਾ ਇਹ ਸੁਭਾਉ ਹੈ ਕਿ ਜੀਵ ਹਉਮੈ ਦੇ ਅਧੀਨ ਕਰਮ ਕਮਾਂਵਦੇ ਹਨ। ਇਹੀ ਉਹ ਕਰਮ ਹਨ ਜੋ ਹਉਮੈ (ਦੁਰਵਰਤੀ) ਦੇ ਅਧੀਨ ਕਰਨ ਕਰਕੇ ਜੀਵ ਮੁੜ ਮੁੜ ਜੋਨੀਆਂ ਦੇ ਬੰਧਨਾਂ ਵਿਚ ਪਾਏ ਜਾਂਦੇ ਹਨ।

ਹਉਮੈ ਦੀ ਉਪਜ ਕਿਥੋਂ ਹੁੰਦੀ ਹੈ ? ਉਹ ਕਿਹੜਾ ਸੰਜਮ ਹੈ, ਜਿਸ ਦੇ ਵਰਤਿਆਂ ਇਹ ਦੂਰ ਹੋ ਸਕਦੀ ਹੈ ? ਵਾਹਿਗੁਰੂ ਵਲੋਂ ਇਹੀ ਹੁਕਮ ਹੈ ਕਿ ਜੀਵ ਪੂਰਬਲੇ ਕੀਤੇ ਕਰਮਾਂ ਦੇ ਆਧਾਰ 'ਤੇ ਹਉਮੈ (ਦੁਰਵਰਤੀ) ਦੇ ਅਧੀਨ ਭਟਕਦੇ ਫਿਰਦੇ ਹਨ। ਹਉਮੈ ਬਹੁਤ ਵੱਡਾ ਰੋਗ ਹੈ ਪ੍ਰੰਤੂ ਦਾਰੂ ਭੀ ਹਉਮੈ ਕਰਨ ਵਿਚ ਹੀ ਹੈ। ਜੇ ਵਾਹਿਗੁਰੂ ਆਪਣੀ ਰਹਿਮਤ ਕਰ ਦੇਵੇ ਤਦ ਜੀਵ ਹਉਮੈ ਦੇ ਅਧੀਨ ਗੁਰੂ ਦਾ ਉਪਦੇਸ਼ ਕਮਾਂਵਦੇ ਹਨ। (ਭਾਵ ਸੰਜਮੀ ਹਉਮੈ ਵਿਚ ਸੁਖ ਹੈ, ਅਸੰਜਮੀ ਹਉਮੈ ਵਿਚ ਦੁਖ ਹੈ।) ਨਾਨਕ ਆਖਦਾ ਹੈ—ਹੇ ਰੱਬੀ ਬੰਦਿਓ ! ਤੁਸੀਂ ਸੁਣਹੁ, ਇਸ ਤਰ੍ਹਾਂ (ਸੁਵਰਤੀ ਹਉਮੈ ਕੀਤਿਆਂ) ਸੰਕਟ ਮਿਟ ਜਾਂਦੇ ਹਨ।

ਸੰਨ 1965 ਵਿਚ ਰੋਮਨ ਕੈਥੋਲਿਕ ਚਰਚ ਨੇ ਦੂਸਰੇ ਧਰਮਾਂ ਦੇ ਸੰਬੰਧ ਵਿਚ ਇਕ ਏਲਾਨ-ਨਾਮਾ ਘੋਸ਼ਤ ਕੀਤਾ, ਜਿਸ ਦੀ ਪਰਿਭਾਸ਼ਿਕ-ਸ਼ੈਲੀ ਉਲੀਕਦੇ ਹੋਏ ਦੂਜੀ ਵੈਟੀਕਨ ਕੌਂਸਿਲ ਨੇ ਆਮ ਸੰਸਾਰੀ ਧਰਮਾਂ ਪ੍ਰਤਿ ਨਿਜੀ ਸੰਮਿੱਲਤਾ ਪ੍ਰਗਟ ਕਰਨ ਹਿਤ, ਫ਼ਲੋਰੈਂਸ ਕੌਂਸਿਲ ਦੇ ਟਾਕਰੇ 'ਤੇ ਸ਼ਬਦਾਵਲੀ ਦੀ ਰਵਾਨੀ ਵੱਖਰੇ ਢੰਗ ਦੁਆਰਾ ਤਿਆਰ ਕੀਤੀ। ਭਾਵੇਂ ਦੁਨੀਆ ਦੇ ਗਵਾਂਢੀ ਧਰਮਾਂ ਨੂੰ ਪ੍ਰਭਾਵਤ ਕਰਨ ਲਈ, ਏਲਾਨ-ਨਾਮੇ ਦੀ ਅਸਲੂਬੇ ਬਿਆਨੀ (ਵਿਆਖਿਆ ਦਾ ਢੰਗ) ਅਤਿ ਸੁੰਦਰ ਸ਼ਬਦਾਵਲੀ ਦੁਆਰਾ ਲਿਖਿਆ ਗਿਆ ਪ੍ਰੰਤੂ ਪਰਨਾਲਾ ਓਥੇ ਹੀ ਡਿਗਦਾ ਰਿਹਾ ਜਿਥੇ ਅਪੋਸਟਲ ਕੌਂਸਿਲ (Apostle Council) ਨੇ ਸੰਨ 150 ਵਿਚ ਚਾਲੂ ਕੀਤਾ ਸੀ। ਕੈਥੋਲਿਕ ਚਰਚ ਦੀ ਵੈਟੀਕਨ ਦੂਜੀ ਕੌਂਸਿਲ ਸੰਨ 1965 ਵਿਚ ਏਲਾਨ ਕਰਦੀ ਹੈ ਕਿ ਕੈਥੋਲਿਕ

ਚਰਚ ਇਸ ਸਚਾਈ ਅਤੇ ਪਵਿੱਤ੍ਰਤਾ ਤੋਂ ਇਨਕਾਰੀ ਨਹੀਂ ਹੈ ਜੋ ਦੂਜੇ ਧਰਮਾਂ ਵਿਚ ਹੈ। ਕੌਂਸਿਲ ਹਾਰਦਿਕ ਤੌਰ 'ਤੇ ਇਨ੍ਹਾਂ ਧਰਮਾਂ ਦਾ ਮਾਣ ਸਤਿਕਾਰ ਕਰਦੀ ਹੈ ਜਿਸ ਢੰਗ ਦੁਆਰਾ ਇਨ੍ਹਾਂ ਦੀ ਜੀਵਨਵਿਧੀ ਅਤੇ ਕ੍ਰਿਆਸ਼ੀਲਤਾ ਹੈ। ਭਾਵੇਂ ਅਸਾਡੇ ਨਾਲੋਂ ਇਨ੍ਹਾਂ ਦੀ ਸੰਪਰਦਾਇਕ ਸਿਖਿਆ ਅਤੇ ਨੈਤਿਕ ਕਦਰਾਂ-ਕੀਮਤਾਂ ਵੱਖਰੀਆਂ ਵੱਖਰੀਆਂ ਹਨ, ਪ੍ਰੰਤੂ ਇਨ੍ਹਾਂ ਵਿਚ ਭੀ ਸਚਾਈ ਦੀ ਝਲਕ ਕਿਸੇ ਨਾਲੋਂ ਘੱਟ ਨਹੀਂ ਹੈ ਜੋ ਕਿ ਸਾਰੇ ਜੀਵਾਂ ਵਿਚ ਰੱਬੀ ਜੋਤਿ ਦਾ ਪ੍ਰਗਟਾਵਾ ਹੈ। ਪ੍ਰੰਤੂ ਕੌਂਸਿਲ ਦਾਅਵਾ ਕਰਦੀ ਹੈ ਔਰ ਅਭਿੱਜਕ ਵਿਰਤੀ ਦੁਆਰਾ ਇਸ ਦਾਅਵੇ ਦੀਆਂ ਪਾਬੰਦੀਆਂ ਪ੍ਰਤਿ ਏਲਾਨ ਕਰਦੀ ਹੈ ਕਿ ਈਸਾ ਹੀ ਸਚਾਈ ਅਤੇ ਜੀਵਨ ਦਾ ਮਾਰਗ ਹੈ। (ਜੌਨ 14:6) ਉਸ ਵਿਚੋਂ ਹੀ ਹਰ ਇਨਸਾਨ ਨਿਜੀ ਧਰਮ ਅਤੇ ਜੀਵਨ ਦੀ ਪੂਰਤੀ ਪ੍ਰਾਪਤ ਕਰ ਸਕਦਾ ਹੈ ਕਿਉਂਕਿ ਰੱਬ ਨੇ ਉਸ ਵਿਚ ਸਾਰੀਆਂ ਵਸਤੂਆਂ ਹੀ ਸਥਾਪਤ ਕੀਤੀਆਂ ਹਨ। *(2 ਕਰੰਥੀਅਨ 5:18)* *(Mansions of the Spirit, p. 66)*

ਆਪਾਂ ਪਿੱਛੇ ਭਲੀ ਭਾਂਤ ਪੜ੍ਹ ਆਏ ਹਾਂ ਕਿ ਅਹੰਕਾਰੀ ਪੁਰਸ਼ ਭਾਵੇਂ ਉਹ ਕੋਈ ਭੀ ਕਿਉਂ ਨਾ ਹੋਵੇ, ਉਹ ਕਦੀ ਭੀ ਦੂਸਰੇ ਸਾਥੀਆਂ ਨੂੰ ਮਾਨਤਾ ਦੇਣ ਲਈ ਰਜ਼ਾਮੰਦ ਨਹੀਂ ਹੋਵੇਗਾ। ਇਹ ਉਸ ਦੀ ਬਦਬਖ਼ਤੀ ਹੁੰਦੀ ਹੈ ਕਿ ਉਹ ਰੱਬੀ ਰਜ਼ਾ ਵਾਹਿਗੁਰੂ ਦੇ ਭਾਣੇ ਨੂੰ ਸਵੀਕਾਰ ਕਰਨ ਹਿਤ ਕਦੀ ਭੀ ਤਿਆਰ ਨਹੀਂ ਹੋਵੇਗਾ। ਬ੍ਰਹਮੰਡੀ ਸਚਾਈ ਦੇ ਵਿਰੁੱਧ, ਉਸ ਦੀ ਹੱਠਧਰਮੀ ਹੀ ਉਸ ਦਾ ਧਰਮ ਹੁੰਦਾ ਹੈ।

ਤਵਾਰੀਖ਼ੀ ਪੰਨੇ ਇਸ ਵਾਸਤਵਿਕਤਾ ਪ੍ਰਤਿ ਸ਼ਾਹਿਦ ਹਨ ਕਿ ਭਾਵੇਂ ਈਸਾਈ ਮਿਸ਼ਨਰੀਆਂ ਪਿਛਲੇ ਪੰਜ ਸੌ ਸਾਲ ਤੋਂ ਧਰਮ ਦੇ ਨਾਮ 'ਤੇ ਪਰਸਪਰ ਵਿਰੋਧਾਭਾਸਿਕ ਨੀਤੀ ਦੇ ਅਧੀਨ ਬਹੁਤ ਵੱਡੀ ਸਰਗਰਮੀ ਦੁਆਰਾ ਵਾਦ-ਵਿਵਾਦ ਕਰਦੀਆਂ ਰਹੀਆਂ ਹਨ। ਇਨ੍ਹਾਂ ਦਾ ਵਾਦ-ਵਿਵਾਦੀ ਸਨਬੰਧ ਇਥੇ ਤਕ ਹਤਿਆਰਾ ਹੋਇ ਨਿਬੜਿਆ ਕਿ ਇਕ ਦੂਸਰੇ ਪ੍ਰਤਿ ਕਾਫ਼ਰ, ਬੇਦੀਨਾ, ਮੁਨਕਰ, ਜੈਸੇ ਵਿਰੋਧੀ ਫ਼ਤਵਿਆਂ ਤਕ ਨੌਬਤ ਆਣ ਪੁੱਜੀ। ਇਕ ਐਸਾ ਸਮਾਂ ਭੀ ਆਇਆ ਜਦੋਂ ਕਿ ਪਰਸਪਰ ਵੈਰ-ਵਿਰੋਧੀ ਭਾਵਨਾ ਅਤੇ ਧੱਕੇਸ਼ਾਹੀ, ਬਲ ਪ੍ਰਯੋਗ ਇਤਨਾ ਸੁਬੱਲ ਹੋ ਗਿਆ ਕਿ ਆਖ਼ਰਕਾਰ ਲੜਦੇ ਲੜਦੇ ਥੱਕ ਗਏ, ਬਲਕਿ ਈਸਾ ਦੇ ਨਾਮ 'ਤੇ ਹੁੱਲੜਬਾਜ਼ੀਆਂ ਕਰਦੇ ਕਰਦੇ ਹੁੱਸ ਗਏ। ਹੁੱਸਿਆ ਹੋਇਆ ਬੰਦਾ ਸੁਭਾਵਿਕ ਹੀ ਅਹੰਕਾਰੀ ਟੀਸੀ ਤੋਂ ਥੱਲੇ ਤਿਲ੍ਹਕਦਾ ਤਿਲ੍ਹਕਦਾ ਅਵਰੋਹੀ ਖ਼ੰਦਕਾਂ ਵਿਚ ਜਾ ਟਿਕਦਾ ਹੈ। ਅਤੀਤਕਾਲ ਦੀ ਗਿਰਾਵਟ ਤੋਂ ਸਿੱਖਿਆ ਲੈਂਦਾ ਹੋਇਆ, ਪਰਸਪਰ ਸੰਯੁਕਤਸ਼ੀਲਤਾ ਦਾ ਹਮਦਮ ਹੋਇ ਨਿਬੜਦਾ ਹੈ। ਇਹੀ ਵੱਡਾ ਕਾਰਣ ਹੈ ਕਿ ਵਿਰਤੀਹਾਣ ਸਮੇਂ ਵਿਚ ਸਾਰੀਆਂ ਹੀ ਈਸਾਈ ਮਿਸ਼ਨਰੀਆਂ ਨੇ ਈਸਾਈਅਤ ਦੇ ਮਨੋਰਥ ਲਈ ਪਰਸਪਰ

ਸਦਭਾਵਨਾ ਦੁਆਰਾ ਇਕ ਦੂਸਰੇ ਈਸਾਈ ਫ਼ਿਰਕੇ ਦੇ ਵਿਰੁੱਧ, ਵਿਨਾਸ਼ਿਕ ਜੁੱਧ ਨੀਤੀ ਤਿਆਗ ਕੇ, ਪਰਸਪਰ ਪ੍ਰਤਿਯੋਗਤਾ ਦਾ ਮਾਰਗ ਧਾਰਨ ਕੀਤਾ ਹੈ। ਹੁਣ ਕੈਥੋਲਿਕ ਅਤੇ ਪਰੋਟੈਸਟੈਂਟ ਦੋਵੇਂ ਵਿਰੋਧੀ ਪਾਰਟੀਆਂ ਹੁੱਸ ਗਈਆਂ, ਆਪੋ ਆਪਣੇ ਧਰਮ ਦੀ ਪਾਲਣਾ ਕਰਨ ਹਿਤ, ਦੋਤਰਫ਼ੀ ਸੰਪੰਨਤਾ ਨੂੰ ਸਥਿਰਤਾ ਵਿਚ ਲੈ ਗਈਆਂ ਹਨ। ਹੋ ਸਕਦਾ ਹੈ ਕਿ ਵਿਰਤੀਹਾਣ ਸਮੇਂ ਦੇ ਸਿਖ ਲੀਡਰ ਭੀ ਉਕਤ ਦਰਸਾਈ ਸੰਕਟਮਈ ਸਥਿਤੀ ਤੋਂ ਸਬਕ ਸਿੱਖਣਗੇ ਤਾਂਕਿ ਸਿਖ ਕੌਮ ਭੀ ਸੁਅਸਥਅਵਸਥੀ ਦਾਮਨ ਵਿਚ ਪ੍ਰਵੇਸ਼ ਕਰ ਸਕੇ। ਬਹੁਤ ਹੀ ਬਿਹਤਰ ਹੋਵੇਗਾ ਅਗਰ ਉਕਤ ਦਰਸਾਈ ਵਾਰਤਕ ਸਮੱਗਰੀ ਦੀ ਮੂਲਿਕ-ਸ਼ੈਲੀ ਦਰਸਾਈ ਜਾਵੇ ਤਾਂਕਿ ਸੁਹਿਰਦ ਵਿਦਵਾਨ ਇਸ ਤੋਂ ਲਾਭ ਉਠਾ ਸਕਣ, ਜਿਵੇਂ :

Such a relationship has characterized Protestants and Catholics over the centuries since the Reformation, says Lochhead. They both recognize each other as being in the same "business"—that is the proclamation of the gospel of Jesus Christ—but they have both emphasized their differences from each other rather than their similarites. Each has laid claim to the truth of the gospel and denounced the heresies of the other. Though there have been times of open hostility and violence between them, and serious effort to weaken and supplant the influence of the other, the more recent relationship especially since Vatican II, has been one of competition rather than belligerence. Catholics have given up trying to annihilate Protestants, and vice versa, and now both parties have settle down to the realities of long-term co-existence.

(Mansions of the Spirit, pp. 95-96)

ਦੁਨੀਆ ਦੇ ਇਨਸਾਨ ਪ੍ਰਤਿ ਧਰਮ ਦਾ ਧਾਰਨੀ ਹੋਣਾ ਇਨਸਾਨੀ ਜੀਵਨ ਦਾ ਅਤਿ ਸੁਹੇਲਾ ਅਤੇ ਅਵਿੱਛੜ ਅੰਗ ਹੈ। ਬਸ਼ਰਤੇਕਿ, ਧਾਰਮਕ ਸਿੱਖਿਆ ਸਮੂਲਚੇ ਜੀਵਨ ਪ੍ਰਤਿ ਸਾਂਝੀਵਾਲਤਾ ਦੀ ਦਾਮਨਗੀਰ ਹੋਵੇ। ਪ੍ਰਿਥਵੀ ਦੇ ਸਾਰੇ ਧਰਮ ਹੀ ਆਪਣੀ ਆਪਣੀ ਥਾਂ 'ਤੇ ਬਹੁਤ ਹੀ ਅੱਛੇ ਅਤੇ ਸੁਲਝਿਆ ਹੋਇਆ ਜੀਵਨ ਪ੍ਰਦਾਨ ਕਰਦੇ ਹਨ। ਪ੍ਰੰਤੂ ਧਰਮ ਦੀ ਦੁਰਵਰਤੋਂ ਉਸ ਸਮੇਂ ਉਭਰਦੀ ਹੈ ਜਦੋਂ ਕੋਈ ਇਕ ਧਰਮ ਦੂਸਰੇ ਧਰਮਾਂ ਦੇ ਪ੍ਰਤਿਕਰਮ ਆਪਣੇ ਆਪ ਨੂੰ ਵਿਤਰੇਕਤਾ (isolation) ਜੈਸੀ ਸਥਿਤੀ ਵਿਚ ਪ੍ਰਵੇਸ਼ ਕਰਦਾ ਹੈ। ਐਸੇ ਵਿਤਰੇਕਤ ਧਰਮ ਦਾ ਮਨੋਰਥ ਲੋਕਾਂ ਨੂੰ ਜੀਵਨ ਪ੍ਰਦਾਨ ਕਰਨਾ ਨਹੀਂ ਹੁੰਦਾ, ਬਲਕਿ ਉਨ੍ਹਾਂ ਦਾ ਮਨੋਰਥ ਭੋਲੇ-ਭਾਇ ਜੀਵਨ ਬਤੀਤ ਕਰਨ ਵਾਲੇ ਲੋਕਾਂ

ਦਾ ਗ੍ਰਹਿਣਿਕ ਧਰਮ, ਭ੍ਰਿਸ਼ਟ ਕਰਨਾ ਹੁੰਦਾ ਹੈ। ਇਸ ਧਾਰਾ ਪ੍ਰਤਿ ਜਿਊਂਦੀ ਜਾਗਦੀ ਅਤੇ ਪ੍ਰਤੱਖ ਮਿਸਾਲ ਅਫ਼ਰੀਕਨ ਲੋਕਾਂ ਦੇ ਜੀਵਨ ਵਿਚੋਂ ਵੇਖੀ ਜਾ ਸਕਦੀ ਹੈ ਜਿਥੇ ਦੁਨੀਆ ਦੇ ਸਭ ਤੋਂ ਵੱਡੇ ਦੋ ਧਰਮਾਂ ਨੇ ਨਿਜੀ ਬਲ ਪ੍ਰੀਖਿਆ ਵਾਸਤੇ ਦੰਗਲ ਦੀ ਭੂਮੀ ਤਿਆਰ ਕੀਤੀ, ਜਿਨ੍ਹਾਂ ਵਿਚ ਈਸਾਈ ਅਤੇ ਇਸਲਾਮ ਖ਼ਾਸ ਕਰਕੇ ਆਖੇ ਜਾ ਸਕਦੇ ਹਨ। ਇਨ੍ਹਾਂ ਦੋਹਾਂ ਧਰਮਾਂ ਨੇ ਪਰਸਪਰ ਪ੍ਰਤਿਯੋਗਤਾ ਦੇ ਜਜ਼ਬੇ ਨੂੰ ਲਾਂਭੇ ਰੱਖ ਕੇ ਧਾਰਮਕ ਵਿਤਰੇਕਤਾ (isolation) ਦੀ ਰੇਖਾ ਉਲੀਕਣੀ ਆਰੰਭ ਦਿੱਤੀ। ਅੰਜਾਮ ਵਜੋਂ ਸਮੁੱਚੀ ਅਫ਼ਰੀਕਨ ਜ਼ਿੰਦਗੀ ਵਿਚ ਧਾਰਮਕ ਪ੍ਰਤਿਯੋਗਤਾ ਦੀ ਬਜਾਏ ਪਰਸਪਰ ਵਿਰੋਧਤਾ, ਵੈਰ ਵਿਰੋਧ, ਨਫ਼ਰਤ, ਘਿਰਣਾ, ਪਰਸਪਰ ਖੁਣਸ, ਦ੍ਵੈਸ਼, ਸ਼ਤਰੂ-ਪਨ, ਵੈਰੀ ਹਾਲਾ (animosity) ਜੈਸੀਆਂ ਘਿਰਣਤ ਧਾਰਾਵਾਂ ਨੇ ਜਨਮ ਲਿਆ। ਪਰਸਪਰ ਵਿਰੋਧੀ ਨੀਤੀ ਦੇ ਅਧੀਨ ਅਨੇਕਾਂ ਹੀ ਰੱਬ ਦੇ ਘਰ ਰੱਬ ਦੇ ਨਾਮ ਥੱਲੇ ਹੀ ਅਗਨ ਭੇਟ ਕੀਤੇ ਗਏ। ਧਰਮ ਦਾ ਪਰਚਮ ਲਹਿਰਾ ਕੇ ਧਰਮੀ ਲੋਕਾਂ ਨੂੰ ਈਸਾ ਦੇ ਨਾਮ 'ਤੇ ਅਥਵਾ ਕੁਰਾਨ ਦੇ ਨਾਮ 'ਤੇ, ਕਤਲ ਕਰਨਾ ਇਨ੍ਹਾਂ ਦਾ ਧਾਰਮਕ ਵਿਸ਼ੇਸ਼ਣ ਹੈ। ਜਿਵੇਂ, ਮਾਈਕਲ ਇੰਘਮ ਲਿਖਦਾ ਹੈ ਕਿ :

> Christianity is frequently depicted as a foreign religion, as the religion of Europe, the white, the oppressors. African Christians respond with indignation and denial. Churches are burned and mosques are destroyed in a self-perpetuating pattern of religious civil war that divides communities and families, and creates lasting animosities. *(Mansions of the Spirit, p. 96)*

ਈਸਾ ਜੀ ਕਹਿੰਦੇ ਹਨ ਕਿ ਤੁਸੀਂ ਆਪਣੇ ਗਵਾਂਢੀ ਨੂੰ ਇਤਨਾ ਪਿਆਰ ਅਤੇ ਸਤਿਕਾਰ ਦੇਵੋ ਜਿਤਨਾ ਕਿ ਤੁਸੀਂ ਦੂਸਰਿਆਂ ਵਲੋਂ ਆਸ਼ਾ ਰੱਖਦੇ ਹੋ। ਵਾਸਤਵਿਕ ਤੌਰ 'ਤੇ ਇਹੀ ਧਰਮ ਦਾ ਚਿੱਤਰ ਹੈ, ਪ੍ਰੰਤੂ ਇਸ ਦੇ ਪ੍ਰਤਿਕੂਲ, ਦੂਸਰੇ ਲੋਕਾਂ, ਦੂਸਰੀਆਂ ਕੌਮਾਂ ਤੇ ਦੂਸਰੇ ਦੇਸ਼ਾਂ 'ਤੇ ਨਿਜੀ ਪ੍ਰਭੁਤਾ ਅਤੇ ਦਮਨ ਵਿਰਤੀ ਲਾਗੂ ਕਰਨ ਦਾ ਢੰਗ ਹੀ ਆਖਿਆ ਜਾ ਸਕਦਾ ਹੈ। ਪਰਿਣਾਮ ਵਜੋਂ ਇਨਸਾਨ, ਇਨਸਾਨ ਦੇ ਵਿਰੁੱਧ ਵੈਰ ਭਾਵਨਾ (hostility) ਦਾ ਫੰਦਾ ਵਿਛਾਂਦਾ ਹੈ, ਜਿਥੋਂ ਪਰਸਪਰ ਸਦਭਾਵਨਾ ਦਾ ਅੰਤ ਹੋ ਜਾਣਾ ਇਕ ਸੁਭਾਵਕ ਜਿਹੀ ਸਥਿਤੀ ਹੋਇ ਨਿਬੜਦੀ ਹੈ। ਧਾਰਮਕ ਸੰਸਾਰ ਦਾ ਸਾਂਝਾ ਮਨੋਰਥ ਰੱਬੀ ਜਲਵੇ ਵਿਚ ਵਿਚਰਦੇ ਹੋਏ ਰੱਬੀ ਪਿਆਰ ਦੇ ਆਸਰੇ ਰੱਬੀ ਹੋਂਦ ਵਿਚ ਸਦੀਵੀ ਲੀਨਤਾ ਹੈ। ਰੱਬੀ ਲੀਨਤਾ ਕਿਸੇ ਭੀ ਤਰਫ਼ੋਂ ਕਿਸੇ ਭੀ ਧਰਮ ਵਿਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ, ਕਿਉਂਕਿ ਉਹ ਵਾਹਿਗੁਰੂ ਅਸੀਮ ਅਤੇ ਸਰਬ-ਵਿਆਪੀ ਹੈ। ਗਰਜ਼ੇਕਿ, ਉਹ ਕਿਸੇ ਇਕ ਧਰਮ ਦੀ ਸੰਦੂਕੜੀ ਵਿਚ ਬੰਦ ਨਹੀਂ ਕੀਤਾ ਜਾ

ਸਕਦਾ। ਭਾਵੇਂ ਉਹ ਕੋਈ ਭੀ ਧਰਮ ਕਿਉਂ ਨਾ ਹੋਵੇ, ਅਗਰ ਉਹ ਇਹ ਦਾਅਵਾ ਕਰਦਾ ਹੈ ਕਿ ਰੱਬ ਮੇਰੀ ਜੇਬ ਵਿਚ, ਮੇਰੀ ਧਾਰਮਕ ਕਿਤਾਬ ਵਿਚ ਕੀਲਿਆ ਹੋਇਆ ਅਥਵਾ ਬੰਦੀ ਕੀਤਾ ਹੋਇਆ ਹੈ। ਸੂਝ ਸਮਝ ਅਤੇ ਧਾਰਮਕ ਗਿਆਨ ਦੇ ਚੌਪਟ ਖੋਲ੍ਹ ਕੇ ਉਸ ਇਨਸਾਨ ਦੀ ਬਾਬਤ, ਉਸ ਧਰਮ ਦੀ ਬਾਬਤ, ਸਮਝ ਲੈਣਾ ਚਾਹੀਦਾ ਹੈ ਕਿ ਉਸ ਇਨਸਾਨ ਜੈਸਾ, ਉਸ ਧਰਮ ਜੈਸਾ, ਛਲੀਆ ਕਪਟੀ, ਬਹੁ ਰੂਪੀਆ ਉਹ ਆਪ ਹੀ ਹੋ ਸਕਦਾ ਹੈ। ਕਿਉਂਕਿ ਉਹ ਰੱਬ ਦੇ ਨਾਮ ਥੱਲੇ ਭੋਲੇ-ਭਾਇ ਜੀਵਨ ਬਤੀਤ ਕਰਨ ਵਾਲੇ ਲੋਕਾਂ ਨੂੰ ਮਨੋਕਲਪਤ ਮਦਾਰੀ ਗੁਥੀ ਵਿਚੋਂ, ਮਿਥਿਹਾਸ ਵਸਤੂ, ਅਸਵੀਕਾਰਤ ਮੁਲੰਮਾ ਅਤੇ ਗੁੰਮਰਾਹੂ ਸੌਦਾ ਵੇਚਦਾ ਹੈ। ਰੱਬ ਦੇ ਨਾਮ ਥੱਲੇ ਐਸੀ ਸਮੱਗਰੀ ਵੇਚਣੀ, ਅਬਖ਼ਸ਼ ਜੁਰਮ ਅਤੇ ਘੋਰ ਉਪਦ੍ਰਵ ਹੈ। ਧਾਰਮਕ ਦੁਨੀਆ ਵਿਚ ਵਿਚਰਦੇ ਹੋਏ ਐਸੇ ਉਪਦ੍ਰਵ ਕਰਨਾ ਹੀ ਧਰਮ ਦਾ ਅਸ਼ੁੱਧ ਪ੍ਰਯੋਗ ਅਥਵਾ ਦੁਰਵਰਤੋਂ ਹੈ। ਐਸੇ ਧਰਮ ਵੇਚੂ ਮਦਾਰੀਆਂ ਦੀ ਨਕਲੀ ਅਤੇ ਮਨੋਕਲਪਤ ਅਥਵਾ ਕਸੁੰਭਕ ਆਭਾ ਨੂੰ ਵੇਖ ਕੇ ਅਕਸਰ ਭੋਲੇ ਪੰਛੀ ਸਿੰਮਲ ਰੁੱਖ ਦੀਆਂ ਟਹਿਣੀਆਂ 'ਤੇ ਆਣ ਹੀ ਬੈਠਦੇ ਹਨ, ਜਿਵੇਂ :

> **ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥**
> **ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥**
> **ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥**
> **ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥**

(ਵਾਰ ਆਸਾ, ਮ: ੧, ਪੰਨਾ 470/12)

ਭਾਵੇਂ ਸਿੰਮਲ ਰੁੱਖ ਬਹੁਤ ਹਰਿਆਵਲਾ ਅੱਛੇ ਮੋਟੇ ਤਣੇ ਵਾਲਾ ਅਤੇ ਉਚਾ ਲੰਮਾ ਹੁੰਦਾ ਹੈ, ਆਮ ਪੰਛੀ ਫਲਾਂ ਦੀ ਆਸ਼ਾ ਰੱਖ ਕੇ ਉਸ ਦੀਆਂ ਸਰਸਬਜ਼ ਸ਼ਾਖ਼ਾਂ 'ਤੇ ਆਣ ਟਿਕਦੇ ਹਨ। ਪ੍ਰੰਤੂ, ਫਲਾਂ ਵਿਚ ਮਿਠਾਸ ਨਹੀਂ ਹੈ ਅਤਿ ਫਿੱਕੇ ਅਤੇ ਕੁਸੈਲੇ ਹੁੰਦੇ ਹਨ। ਪੱਤਰ ਭੀ ਖਾਣ ਦੇ ਯੋਗ ਨਹੀਂ ਹੁੰਦੇ, ਜਿਥੋਂ ਪੰਛੀ ਨਿਰਾਸੇ ਹੋ ਕੇ ਪਰਤ ਜਾਂਦੇ ਹਨ। ਜੋ ਪੇੜ ਮਿਠਾਸ ਅਤੇ ਤੱਤ੍ਵ ਸੰਪੰਨਤਾ ਸਹਿਤ ਹੁੰਦੇ ਹਨ, ਉਹ ਇਤਨੇ ਉਚੇ ਲੰਮੇ ਭਾਵ ਮਿਥਿਹਾਸਕ ਦਿਖਾਵੇ ਵਾਲੇ ਨਹੀਂ ਹੁੰਦੇ, ਉਹ ਝੁਕੇ ਹੋਏ ਹੁੰਦੇ ਹਨ।

ਭਾਵੇਂ ਤੋਤਾ ਪੰਛੀ ਆਪਣੇ ਆਪ ਨੂੰ ਅਤਿ ਚਾਤੁਰ ਸਮਝਦਾ ਹੈ, ਵਾਸਤਵਿਕ ਤੌਰ 'ਤੇ ਅਗਿਆਨੀ ਹੈ, ਜੋ ਸਿੰਮਲ ਰੁੱਖ ਅਤੇ ਅੰਗੂਰਾਂ ਦੇ ਬੂਟਿਆਂ ਦਾ ਅੰਤਰ ਨਹੀਂ ਸਮਝ ਸਕਿਆ। ਬੇ-ਸਮਝੀ ਦਾ ਕਾਰਣ ਅਗਿਆਨਤਾ ਹੈ। ਅਗਿਆਨਤਾ ਦੇ ਅਧੀਨ ਉਹ ਸਿੰਮਲ ਰੁੱਖ 'ਤੇ ਆਣ ਬੈਠਦਾ ਹੈ। ਦੂਜੇ ਭਾਵ (polytheism) ਵਿਚ ਲੀਨ ਹੋਣ ਕਰਕੇ ਉਸ ਦੀ ਧਰਮ ਪੂਜਕ ਰੁਚੀ, ਅੰਧੇਰੇ ਵਿਚ ਠੋਕਰਾਂ ਖਾਂਦੀ ਹੈ। ਅਕਸਰ ਗਿਆਨਹੀਣ ਵਿਅਕਤੀ ਮਨੋਕਲਪਤ

ਕਸੁੰਭੇ ਦੀ ਰੰਗਤ ਨੂੰ ਵੇਖ ਕੇ ਗੁੰਮਰਾਹ ਹੋ ਹੀ ਜਾਂਦਾ ਹੈ। ਤਦੇ ਹੀ ਹਜ਼ੂਰ ਨੇ ਅਗਿਆਨੀ ਪੁਰਸ਼ਾਂ ਦਾ ਚਿੱਤਰ ਨਿਮਨ ਲਿਖਤ ਦੁਆਰਾ ਪੇਸ਼ ਕੀਤਾ ਹੈ ਕਿ :

ਗਿਆਨ ਹੀਣੰ ਅਗਿਆਨ ਪੂਜਾ ॥
ਅੰਧ ਵਰਤਾਵਾ ਭਾਉ ਦੂਜਾ ॥੨੨॥
ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ ॥
ਸਚ ਬਿਨੁ ਸਾਖੀ ਮੂਲੋ ਨ ਬਾਕੀ ॥੨੩॥ *(ਸਲੋਕ ਮ: ੧, ਪੰਨਾ 1412/4)*

ਧਰਮ ਦੀ ਸਹੀ ਵਰਤੋਂ ਵਾਸਤੇ ਸ਼ਰਧਾ ਦਾ ਹੋਣਾ ਬਹੁਤ ਹੀ ਆਵਸ਼ਕ ਹੈ। ਅਗਰ ਅਸੀਂ ਇਹ ਆਖ ਲਈਏ ਕਿ ਧਰਮ ਦੀ ਮੂਲਿਕ ਸ਼ਿਲਾ ਹੀ ਸ਼ਰਧਾ ਹੈ, ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਪ੍ਰੰਤੂ ਧਰਮ ਦੀ ਉੱਨਤੀ ਵਾਸਤੇ ਧਰਮ ਪ੍ਰਤਿ ਸਹੀ ਅਤੇ ਅਮਲੀ ਮੁਹਾਰਤ ਹੋਣੀ ਸ਼ਰਧਾ ਨਾਲੋਂ ਭੀ ਅਤਿ ਗੰਭੀਰ ਵਿਸ਼ਾ ਹੈ। ਜਿਥੇ ਸ਼ਰਧਾ ਧਾਰਮਕ ਜੀਵਨ ਦੀ ਬੁਨਿਆਦ ਹੈ, ਉਥੇ ਧਰਮ ਦੇ ਵਿਕਾਸ ਵਾਸਤੇ ਗਿਆਨ ਦਾ ਹੋਣਾ ਬਹੁਤ ਹੀ ਲਾਜ਼ਮੀ ਹੈ। ਵਾਹਿਗੁਰੂ ਦੇ ਦੇਸ਼ ਦੀਆਂ ਮੰਜ਼ਲਾਂ ਸਰ ਕਰਨ ਲਈ ਆਤਮਕ ਜ਼ੀਨਿਆ (ਪੌੜੀਆਂ) 'ਤੇ ਚੜ੍ਹਨਾ ਹੀ ਪਵੇਗਾ। ਧਰਮ ਦੀ ਪੌੜੀ ਦਾ ਹਰ ਡੰਡਾ ਚੜ੍ਹਨ ਹਿਤ, ਕੋਈ ਨਾ ਕੋਈ ਜੁਗਤੀ ਅਤੇ ਸਾਧਨ ਦਾ ਹੋਣਾ ਆਵਸ਼ਕ ਧਾਰਾ ਹੈ। ਧਾਰਮਕ ਪ੍ਰਵਾਜ਼ਾਂ ਦੀ ਉਡਾਰੀ ਵਾਸਤੇ ਗਿਆਨ ਜੁਗਤੀ ਹੈ, ਸੰਤ ਕਾ ਮਾਰਗ ਸਾਧਨ ਹੈ। ਰੂਹਾਨੀ ਮਾਰਗ ਦੀਆਂ ਮੰਜ਼ਲਾਂ 'ਤੇ ਚੜ੍ਹਨ ਲਗਿਆਂ, ਹਰ ਜ਼ੀਨਾ (ਪੌੜੀ ਦਾ ਡੰਡਾ) ਉਪਰ ਚੜ੍ਹਨ ਕਰਕੇ ਦ੍ਰਿਸ਼ਟੀ ਦਾ ਜ਼ਾਵੀਆ ਪਹਿਲਾਂ ਨਾਲੋਂ ਕੁਝ ਹੋਰ, ਕੁਝ ਬਹੁਤਾ ਸਰਬਵਿਆਪੀ ਦ੍ਰਿਸ਼ ਵੇਖਣ ਦੀ ਯੋਗਤਾ ਪ੍ਰਾਪਤ ਕਰਦਾ ਹੈ। ਸ਼ਰਧਾ ਅਤੇ ਗਿਆਨ ਤੋਂ ਸੱਖਣੀ ਧਾਰਮਕ-ਸ਼ੈਲੀ ਰੂਹਾਨੀ ਪ੍ਰਵਾਜ਼ਾਂ ਦੇ ਦੌਰਾਨ ਅਸਫਲ ਰਹਿੰਦੀ ਹੈ। ਇਸ ਵਾਸਤੇ ਜੋ ਅਗਿਆਨੀ ਸ਼ਰਧਾਲੂ ਹੈ ਉਸ ਦੀ ਕੀਤੀ ਹੋਈ ਪੂਜਾ ਅਗਿਆਨਤਾ ਦੀਆਂ ਅਵਰੋਹੀ ਖ਼ੰਦਕਾਂ ਵਿਚ ਗ਼ਰਕ ਹੋਣੇ ਕਰਕੇ "ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥" ਜੈਸੀ ਦਲਦਲ ਵਿਚ ਹਮੇਸ਼ਾ ਵਾਸਤੇ ਅਲੋਪ ਹੋ ਜਾਂਦੀ ਹੈ। ਇਹੀ ਕਾਰਣ ਹੈ ਕਿ ਜਗਤ ਗੁਰੂ ਬਾਬਾ ਜੀ ਨੇ ਮਸ਼ਵਰਾ ਸਾਦਰ ਫ਼ੁਰਮਾਇਆ ਹੈ ਕਿ, "ਗਿਆਨ ਹੀਣੰ ਅਗਿਆਨ ਪੂਜਾ" ਅਗਿਆਨੀ ਪੁਰਸ਼ ਦਾ ਸਮਾਜੀ ਵਿਵਹਾਰ ਭੀ ਅਗਿਆਨਤਾ ਭਰਪੂਰ ਹੀ ਹੁੰਦਾ ਹੈ, ਭਾਵ ਉਹ ਅਗਿਆਨਤਾ ਦੇ ਅੰਧੇਰੇ ਵਿਚ ਵਿਚਰਦਾ ਹੋਇਆ ਸੰਸਾਰੀ ਅਤੇ ਧਾਰਮਕ ਵਿਹਾਰਾਂ ਦੀ ਰਲਗੱਡ ਦੁਰਵਰਤੋਂ ਕਰਦਾ ਹੈ। ਉਹ ਜਾਣ ਬੁਝ ਕੇ ਐਸਾ ਨਹੀਂ ਕਰਦਾ, ਬਲਕਿ ਅਸੂਝਤਾ ਦੇ ਕਾਰਣ ਉਸ ਦਾ ਜੀਵਨ ਵਤੀਰਾ ਹੀ ਐਸਾ ਹੋ ਜਾਂਦਾ ਹੈ ਕਿ ਉਹ ਅੰਧੇਰਾ ਅਤੇ ਰੌਸ਼ਨੀ ਦੇ ਵਿਚਕਾਰ ਸਹੀ ਰੇਖਾ ਉਲੀਕਣੋਂ ਅਸਮਰੱਥ ਹੋਇ ਨਿਬੜਦਾ ਹੈ।

ਅਗਿਆਨਤਾ ਦੇ ਅੰਧੇਰੇ ਵਿਚ ਜੀਵਨ ਬਤੀਤ ਕਰਨ ਵਾਲਾ ਯਾਤਰੀ ਜੀਵਨ ਦੀ ਸਹੀ ਸੇਧ (ਇਕਾਂਗੀ ਮਾਰਗ) ਤੋਂ ਅਕਸਰ ਖਿੜਕ ਹੀ ਜਾਂਦਾ ਹੈ। "ਏਕਸੁ ਬਿਨੁ ਮੈ ਅਵਰੁ ਨ ਜਾਨਾ ਸਤਿਗੁਰਿ ਦੀਆ ਬੁਝਾਈ" ਦੇ ਅਰਸ਼ੀ ਪੈਗ਼ਾਮ ਨੂੰ ਵਿਸਾਰ ਕੇ ਦੂਜੀ ਦੁਰਮਤਿ ਵਿਚ ਜਕੜਿਆ ਜਾਂਦਾ ਹੈ। ਇਹੀ ਵੱਡਾ ਕਾਰਨ ਹੈ ਕਿ ਕੁਝ ਭੁੱਲੜ ਵਿਅਕਤੀ ਸਿੱਖੀ ਦੇ ਮਹਾਨ ਵਿਰਸੇ ਨੂੰ ਵਿਸਾਰ ਕੇ ਕਲਪਨਾਤਮਿਕ ਅਤੇ ਰਵਾਇਤੀ ਕਥਾ-ਕਹਾਣੀਆਂ ਦੇ ਫੰਦੇ ਵਿਚ ਗ੍ਰਸੇ ਜਾਂਦੇ ਹਨ। ਇਸੇ ਤਖ਼ੱਯਲ ਦੀ ਕਾਲੁਖ਼ਤ ਰੇਖਾ ਦਾ ਪ੍ਰਤਿਬਿੰਬ ਹੀ "ਅੰਧ ਵਰਤਾਵਾ ਭਾਉ ਦੂਜਾ" ਹੈ।

ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਗਿਆਨ ਦੀ ਪ੍ਰਾਪਤੀ ਕਿਵੇਂ ਅਤੇ ਕਿਥੋਂ ਹੋਵੇ ? ਗਿਆਨ ਪ੍ਰਾਪਤੀ ਦੇ ਮਾਰਗ ਵਿਚ ਕੁਝ ਰੁਕਾਵਟਾਂ ਐਸੀਆਂ ਹਨ ਜਿਨ੍ਹਾਂ ਨੂੰ ਦੂਰ ਕੀਤੇ ਬਿਨਾਂ, ਗਿਆਨ ਦੀ ਝਲਕ ਜਗਿਆਸੂ ਦੇ ਹਿਰਦੇ ਦੀਆਂ ਤਲਾਂ ਵਿਚ ਪ੍ਰਵੇਸ਼ ਨਹੀਂ ਕਰ ਸਕਦੀ। ਗਿਆਨ ਚਾਨਣ ਹੈ, ਕਈ ਦਫ਼ਾ ਸੂਰਜ ਦੀ ਰੌਸ਼ਨੀ ਬੱਦਲਾਂ ਦੇ ਅੰਧੇਰੇ ਵਿਚ ਮੱਧਮ ਪੈ ਜਾਂਦੀ ਹੈ। ਇਸੇ ਤਰ੍ਹਾਂ ਕੁਸੰਗਤ ਦੇ ਹੋਣ ਕਰਕੇ ਗਿਆਨ ਦੀ ਝਲਕ ਅੰਧ ਵਰਤਾਰੇ ਵਿਚ ਬਦਲ ਜਾਂਦੀ ਹੈ। ਸੱਚਾ ਸਤਿਗੁਰੂ ਇਕ ਐਸੀ ਵਾਹਿਦ ਅਤੇ ਆਸਮਾਨੀ ਸ਼ਕਤੀ ਹੈ ਜੋ ਜਗਿਆਸੂ ਦੇ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਅਥਵਾ "ਦੀਵਾ ਬਲੈ ਅੰਧੇਰਾ ਜਾਇ ॥" ਜੈਸੀ ਸਥਿਤੀ ਉਤਪੰਨ ਕਰਦਾ ਹੈ। ਸਤਿਗੁਰੂ ਜੀ ਦਾ ਦਰਸਾਇਆ ਹੋਇਆ ਮਾਰਗ ਅਥਵਾ ਗੁਰਮਤਿ ਸਿਧਾਂਤ ਧਰਮ ਕੀ ਪੌੜੀ ਹੈ ਜਿਸ 'ਤੇ ਚੜ੍ਹਿਆਂ, ਰੂਹਾਨੀ ਪੈਂਡੇ ਦਾ ਯਾਤਰੀ ਮਾਇਕ ਰੁਕਾਵਟਾਂ ਨੂੰ ਸਰ ਕਰਦਾ ਹੋਇਆ ਕਰਮ ਖੰਡ ਵਿਚ ਪ੍ਰਵੇਸ਼ ਕਰਦਾ ਹੈ। ਸਿੱਟਾ ਇਹ ਨਿਕਲਿਆ ਕਿ ਸਤਿਗੁਰੂ ਦਾ ਬਖ਼ਸ਼ਿਆ ਹੋਇਆ ਗਿਆਨ, ਜੀਵ ਨੂੰ ਧਰਮ ਪਾਲਣ ਦੀ ਜੁਗਤੀ ਦਰਸਾਂਦਾ ਹੈ ਔਰ ਧਰਮੀ ਜੀਵ ਹੀ ਵਾਹਿਗੁਰੂ ਦੇ ਚਰਨ ਕਮਲਾਂ ਵਿਚ ਲੀਨਤਾ ਪ੍ਰਾਪਤ ਕਰਦਾ ਹੈ। ਜਗਤ ਗੁਰੂ ਪਾਤਿਸ਼ਾਹ ਜੀ ਇਸ ਖ਼ਿਆਲ ਦੀ ਪ੍ਰੋੜ੍ਹਤਾ ਨਿਮਨ ਲਿਖਤ ਦੁਆਰਾ ਕਰਦੇ ਹਨ :

ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ ॥ *(ਪੰਨਾ 1412/4)*

ਭਾਵੇਂ ਰੱਬੀ ਗਿਆਨ ਦੀ ਝਲਕ ਸਰਬ-ਵਿਆਪੀ ਜਮਾਲ ਹੈ। ਜਿਵੇਂ **"ਬੀਜ ਮੰਤ੍ਰ ਸਰਬ ਕੋ ਗਿਆਨੁ"** ਵਾਹਿਗੁਰੂ ਦਾ ਨਾਮ ਬੁਨਿਆਦੀ ਸ਼ਬਦ ਹੈ ਔਰ ਇਹ ਸ਼ਬਦ ਹੀ ਸਰਬ-ਵਿਆਪੀ ਹੈ ਜਿਸ ਦੇ ਆਸਰੇ ਪ੍ਰਕਿਰਤੀ ਦੀ ਹਰ ਵਸਤੂ ਵਿਚ ਵਾਹਿਗੁਰੂ ਦੇ ਜਮਾਲ ਦਾ ਪ੍ਰਕਾਸ਼ ਹੈ, ਭਾਵ, ਵਾਹਿਗੁਰੂ ਦਾ ਉਤਪੰਨ ਕੀਤਾ ਹੋਇਆ ਗਿਆਨ ਸਰਬ-ਵਿਆਪੀ ਹੈ।

ਸੱਚਾ ਸਤਿਗੁਰੂ ਸਰਬ-ਵਿਆਪੀ ਗਿਆਨ ਦਾ ਅਥਾਹ ਸਾਗਰ ਹੈ ਔਰ

ਗਿਆਨ ਪ੍ਰਕਿਰਤਕ ਖੇਤਰ ਦਾ ਚਸ਼ਮਾ ਹੈ। ਧਿਆਨ ਦੀਆਂ ਮੰਜ਼ਲਾਂ ਨੂੰ ਸਰ ਕਰਨ ਹਿਤ, ਵਿਰਤੀ ਦੀਆਂ ਪ੍ਰਵਾਜ਼ਾਂ ਉਡਣ ਲਈ ਅਥਵਾ ਸੁਰਤੀ ਦਾ ਮਾਰਗ ਗ੍ਰਹਿਣ ਕਰਨ ਹਿਤ, ਧਰਮ ਦਾ ਹੋਣਾ ਉਤਨਾ ਹੀ ਆਵਸ਼ਕ ਹੈ, ਜਿਵੇਂ ਜੀਵਨਗਤੀ ਨੂੰ ਗੁਮਕਦੀ ਰੱਖਣ ਲਈ ਵਾਯੂਮੰਡਲ ਦਾ ਹੋਣਾ ਬਹੁਤ ਹੀ ਲਾਜ਼ਮੀ ਹੈ। ਸੁਰਤੀ ਮੰਡਲ ਦੀ ਯਾਤਰਾ ਕੀਤੇ ਬਿਨਾ ਇਨਸਾਨ ਦੀ ਜੀਵਨ-ਸ਼ੈਲੀ ਵਿਚ ਸੱਚ ਦੀ ਝਲਕ ਦਾ ਪ੍ਰਕਾਸ਼ ਹੋਣਾ ਅਸੰਭਵ ਹੈ। ਸੱਚ ਇਕ ਐਸੀ ਸਦੀਵੀ ਵਸਤੂ ਹੈ ਜੋ ਅੰਤਮ ਸਮੇਂ ਜੀਵ ਦੀ ਸਾਖੀ ਭਰਦਾ ਹੈ। ਜਿਸ ਜੀਵ ਦੀ ਸਾਖੀ ਸੱਚ ਦੀ ਸਿਆਹੀ ਦੁਆਰਾ ਲਿਖੀ ਜਾਵੇ, ਐਸਾ ਜੀਵ ਜੀਵਨ ਮਨੋਰਥ ਦੀ ਪ੍ਰਾਪਤੀ, ਅਭੇਦਤਾ ਦੀ ਦਾਤਿ ਹਾਸਿਲ ਕਰ ਸਕਦਾ ਹੈ। ਕਈ ਇਕ ਅਭਾਗੇ ਜੀਵ ਐਸੇ ਭੀ ਹਨ ਜੋ ਮਨੋਕਲਪਤ ਕਥਾ ਕਹਾਣੀਆਂ, ਕਸੁੰਭੇ ਦੀ ਰੰਗਤ ਜੈਸੇ ਭ੍ਰਮ ਭੁਲੇਖਿਆਂ ਵਿਚ ਗ੍ਰਸਣ ਕਰਕੇ, ਗੁਰਮਤਿ ਦੀ ਸੋਝੀ ਤੋਂ ਵਿਰਵੇ ਰਹਿ ਗਏ, ਸੱਚ ਦੀ ਸਾਖੀ ਤੋਂ ਸੱਖਣੇ ਰਹਿਣ ਕਰਕੇ ਮਾਨਸ ਜਨਮ ਦੀ ਦੁਰਲੱਭਤਾ ਦਾ ਮੂਲ ਭੀ ਗੁੰਮ ਕਰ ਬੈਠੇ। ਐਸੇ ਯਾਤ੍ਰੀਆਂ ਪ੍ਰਤਿ ਹੀ ਉਕਤ ਵਾਕ ਦੋਬਾਰਾ ਦਿੱਤਾ ਜਾ ਰਿਹਾ ਹੈ, ਜਿਵੇਂ ਕਿ:

ਗੁਰ ਬਿਨੁ ਗਿਆਨੁ ਧਰਮ ਬਿਨੁ ਧਿਆਨੁ ॥
ਸਚ ਬਿਨੁ ਸਾਖੀ ਮੂਲੋ ਨ ਬਾਕੀ ॥ *(ਪੰਨਾ 1412/4)*

ਜਦੋਂ ਅਸੀਂ ਪ੍ਰਿਥਵੀ ਦੇ ਸਮੁੱਚੇ ਧਰਮਾਂ ਦਾ ਅਧਿਐਨ ਕਰਦੇ ਹਾਂ, ਤਦ ਬਿਨਾਂ ਕਿਸੇ ਵਿਤਕਰੇ ਦੇ ਅਸਾਡੇ ਸਾਹਮਣੇ ਇਕ ਅਤੇ ਕੇਵਲ ਇਕ ਸੱਚਾਈ, ਆਸ਼ਕਾਰ ਹੋਇ ਆਂਵਦੀ ਹੈ ਕਿ ਮਾਨਸ ਜਨਮ ਦੇ ਮਨੋਰਥ ਦੀ ਪ੍ਰਾਪਤੀ ਵਾਸਤੇ, ਉਸਦੀ ਜੁਗਤੀ ਅਤੇ ਸਾਧਨ, ਗੁਰਮਤਿ ਦਾ ਸਰਬ ਸਾਂਝੀਵਾਲ ਅਤੇ ਸਰਬੱਤ ਦੇ ਭਲੇ ਦਾ ਸਿਧਾਂਤ ਹੈ, ਜਿਸ ਵਿਚ ਕੇਵਲ ਅਤੇ ਕੇਵਲ, ਰੱਬੀ ਹਕੀਕਤ ਹੀ ਦਰਸਾਈ ਗਈ ਹੈ। ਇਹੀ ਵੱਡਾ ਕਾਰਨ ਹੈ, ਪਾਵਨ ਗੁਰਬਾਣੀ ਦੁਆਰਾ ਦੁਨੀਆ ਦੇ ਕੁਰਾਹੇ ਪਏ ਇਨਸਾਨ ਪ੍ਰਤਿ ਸੰਬੋਧਨ ਕੀਤਾ ਗਿਆ ਹੈ ਕਿ ਐਸਾ ਰੂਹਾਨੀ ਰਹਿਬਰ ਧਾਰਨ ਕਰੋ, ਜਿਥੋਂ ਤੁਹਾਨੂੰ ਮਾਨਸ ਜਨਮ ਦਾ ਪ੍ਰਯੋਜਨ ਅਥਵਾ ਸਦੀਵੀ ਜੀਵਨ ਪ੍ਰਾਪਤ ਹੋ ਸਕੇ। ਗ਼ਰਜ਼ੇਕਿ, ਸਤਿਗੁਰੂ ਦਾ ਬੋਲਿਆ ਹੋਇਆ ਬਚਨ ਦਰਗਾਹੀ ਪੈਗ਼ਾਮ ਹੈ, ਜਿਵੇਂ:

ਜੋ ਬੋਲੇ ਪੂਰਾ ਸਤਿਗੁਰੂ ਸੋ ਪਰਮੇਸਰਿ ਸੁਣਿਆ ॥
ਸੋਈ ਵਰਤਿਆ ਜਗਤ ਮਹਿ ਘਟਿ ਘਟਿ ਮੁਖਿ ਭਣਿਆ ॥
ਬਹੁਤੁ ਵਡਿਆਈਆ ਸਾਹਿਬੈ ਨਹ ਜਾਹੀ ਗਣੀਆ ॥
ਸਚੁ ਸਹਜੁ ਅਨਦੁ ਸਤਿਗੁਰੂ ਪਾਸਿ ਸਚੀ ਗੁਰ ਮਣੀਆ ॥
ਨਾਨਕ ਸੰਤ ਸਵਾਰੇ ਪਾਰਬ੍ਰਹਮਿ ਸਚੇ ਜਿਉ ਬਣਿਆ ॥੧੨॥

(ਵਾਰ ਬਿਲਾਵਲ ਮ: ੪, ਪੰਨਾ 854/13)

ਇਥੇ ਤਕ ਧਰਮ ਯੁੱਧ ਅਤੇ ਉਸ ਦੀ ਦੁਰਵਰਤੋਂ ਦਾ ਮਜ਼ਮੂਨ ਸਮਾਪਤ ਕਰਨ ਦੀ ਆਗਿਆ ਚਾਹਾਂਗੇ, ਇਸ ਤੋਂ ਅਗਲੇਰੇ ਪੰਨਿਆਂ ਵਿਚ ਧਰਮ ਦੇ ਭੰਡੇ ਥੱਲੇ ਤਹਿਕੀਕਾਤ, ਪੁੱਛ-ਪੜਤਾਲ ਅਤੇ ਧਾਰਮਕ ਪ੍ਰੀਖਿਆ (Inquisition) ਦਾ ਪਰਕਰਣ ਆਰੰਭ ਕਰਨ ਵਾਸਤੇ ਤਲਬਗਾਰ ਹੋਵਾਂਗੇ।

(ਜੁਲਾਈ 8, 2000, ਐਬਟਸਫੋਰਡ, ਬੀ.ਸੀ. ਕੈਨੇਡਾ)

8.68 ਧਾਰਮਕ ਪ੍ਰੀਖਿਆ (Inquisition)

ਈਸਾਈ ਧਰਮ ਵਲੋਂ ਨੀਅਤ ਕੀਤਾ ਹੋਇਆ ਧਾਰਮਕ ਵਿਧਾਨ, ਜਿਸ ਦੇ ਤਹਿਤ ਉਨ੍ਹਾਂ ਲੋਕਾਂ ਨੂੰ ਬਹੁਤ ਹੀ ਭਿਅੰਕਰ ਸਜ਼ਾਵਾਂ ਦਿੱਤੀਆਂ ਗਈਆਂ, ਜੋ ਲੋਕ ਈਸਾਈ ਧਰਮ ਨੂੰ ਨਹੀਂ ਮੰਨਦੇ ਸਨ। ਯੋਰਪ ਵਿਚ ਅਨੇਕਾਂ ਹੀ ਐਸੇ ਸਥਾਨ ਹਨ ਜਿਥੇ ਈਸਾਈ ਪਾਦਰੀਆਂ ਨੇ ਵਿਰੋਧੀ ਖ਼ਿਆਲਾਂ ਦੇ ਲੋਕਾਂ ਦੀ ਸੋਚ ਨੂੰ ਦਮਨ ਕਰਨ ਹਿਤ, ਉਨ੍ਹਾਂ ਦੇ ਵਿਰੁੱਧ ਅਨੇਕਾਂ ਪ੍ਰਕਾਰ ਦੇ ਜਨੂੰਨੀ ਫ਼ਤਵੇ ਲਾਗੂ ਕੀਤੇ। ਜਿਵੇਂ ਕਾਫ਼ਰ, ਈਸਾ ਦਾ ਵੈਰੀ, ਈਸਾਈ ਚਰਚਾਂ ਦਾ ਵਿਰੋਧੀ ਆਦਿ, ਜੈਸੀਆਂ ਮਨਘੜਤ ਧਾਰਾ ਦੇ ਅਧੀਨ, ਚਰਚ ਵਿਰੋਧੀ ਸੋਚ ਦਾ ਸਰਬਨਾਸ਼ ਕੀਤਾ ਗਿਆ। ਸਭ ਤੋਂ ਪਹਿਲਾਂ ਈਸਾਈ ਚਰਚਾਂ ਦੇ ਮਜ਼ਹਬੀ ਵਿਧਾਨ ਨੂੰ ਲਾਗੂ ਕਰਨ ਹਿਤ, ਰੋਮਨ ਸਲਤਨਤ ਦੇ ਅਧੀਨ ਕੁਸਤੁਨਤੁਨੀਆਂ (Constantine) ਦੇ ਪਾਦਰੀਆਂ ਨੇ ਸੰਨ 306-337 ਤਕ ਆਮ ਸ਼ਹਿਰੀਆਂ ਦੀ ਪੁੱਛ-ਪੜਤਾਲ ਦਾ ਕਾਰਜ ਆਰੰਭ ਕੀਤਾ। ਜੋ ਪ੍ਰਾਣੀ ਈਸਾਈ ਮਤਿ ਨੂੰ ਸਵੀਕਾਰ ਨਹੀਂ ਕਰਦਾ ਸੀ, ਉਹ ਸਲਤਨਤ ਅਤੇ ਚਰਚਾਂ ਦਾ ਵਿਦਰੋਹੀ ਸਮਝਿਆ ਜਾਂਦਾ ਸੀ। ਈਸਾਈ ਮਤਿ ਨੂੰ ਨਾ ਮੰਨਣਾ ਇਕ ਸੰਗੀਨ ਜੁਰਮ ਸੀ। ਸਮੇਂ ਦੀ ਹਕੂਮਤ ਅਤੇ ਈਸਾਈ ਪਾਦਰੀ, ਅਖੌਤੀ ਕਾਫ਼ਰਾਂ ਦੀਆਂ ਸੂਚੀਆਂ ਤਿਆਰ ਕਰਦੇ ਰਹੇ।

ਪ੍ਰੰਤੂ ਸੰਨ 1100 ਅਤੇ 1200 ਦੇ ਸਮੇਂ ਸਰਕਾਰੀ ਕਰਮਚਾਰੀਆਂ ਨੇ ਆਮ ਜਨਤਾ ਦੇ ਵਿਰੁੱਧ ਈਸਾਈ ਚਰਚਾਂ ਦੀ ਸਹਾਇਤਾ ਕਰਨੀ ਬੰਦ ਕਰ ਦਿੱਤੀ। ਅੰਜਾਮ ਵਜੋਂ ਕੁਝ ਖ਼ਾਸ ਸੰਸਥਾਵਾਂ ਨੇ ਈਸਾਈ ਚਰਚਾਂ ਦੇ ਵਿਰੁੱਧ ਵਿਦਰੋਹੀ ਨੀਤੀ ਧਾਰਨ ਕੀਤੀ। ਧਾਰਮਕ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਈਸਾਈ ਚਰਚਾਂ ਨੇ ਸ਼ਕਤੀ ਦੀ ਵਰਤੋਂ ਆਪਣੇ ਹੱਥਾਂ ਵਿਚ ਲੈ ਲਈ। ਸੰਨ 1231 ਵਿਚ ਪੋਪ ਗਰੇਗੋਰੀ ਨੌਵੇਂ ਨੇ ਇਕ ਵਿਸ਼ੇਸ਼ ਅਦਾਲਤ ਸਥਾਪਤ ਕੀਤੀ ਜੋ ਈਸਾਈ ਵਿਰੋਧੀ ਸ਼ੱਕੀ ਲੋਕਾਂ ਦਾ ਧਰਮ ਬਦਲੀ ਕਰੇ। ਗ਼ਰਜ਼ੇਕਿ, ਸੰਨ 1452 ਵਿਚ ਚਰਚਾਂ ਦੇ ਅਧਿਕਾਰੀਆਂ ਨੇ ਸਮੁੱਚੀ ਧਰਮ-ਬਦਲੂ ਪ੍ਰੀਖਿਆ ਪ੍ਰਣਾਲੀ ਆਪਣੇ ਹੱਥਾਂ ਵਿਚ ਲੈ ਆਂਦੀ। ਈਸਾਈ ਧਰਮ ਦੇ ਅਨੁਯਾਈ ਇਸ ਅਦਾਲਤ ਦੇ ਨਿਆਇ ਪਾਲਕ ਥਾਪੇ ਗਏ। ਧਰਮ ਵਿਰੋਧੀ ਪੁੱਛ-ਪੜਤਾਲ

ਦਾ ਦਾਇਰਾ ਖ਼ਾਸ ਕਰਕੇ ਫ਼ਰਾਂਸ, ਜਰਮਨੀ, ਇਟਲੀ ਅਤੇ ਸਪੇਨ ਵਿਚ ਕ੍ਰਿਆਸ਼ੀਲ ਕੀਤਾ ਗਿਆ। ਇਹ ਅਦਾਲਤਾਂ ਬਹੁਤ ਹੀ ਖ਼ੁਫ਼ੀਆ ਢੰਗ ਦੁਆਰਾ ਆਪ-ਹੁਦਰੀ ਸ਼ਕਤੀ ਦੀ ਦੁਰਵਰਤੋਂ ਦਿਲ ਖੋਲ੍ਹ ਕੇ ਕਰਦੀਆਂ ਸਨ ਔਰ ਅਖੌਤੀ ਕਾਫ਼ਰਾਂ ਨੂੰ ਅਨਿਕ ਪਰਕਾਰੀ ਤਸੀਹੇ ਅਤੇ ਲੋਹੇ ਦੇ ਕਿੱਲਾਂ ਨਾਲ ਪੁੱਠੇ ਲਟਕਾ ਕੇ ਧੀਰੇ ਧੀਰੇ ਜਲਤ ਅਗਨੀ ਦੁਆਰਾ ਕਬਾਬ ਕੀਤਾ ਗਿਆ। ਆਖ਼ਰਕਾਰ, ਇਨ੍ਹਾਂ ਜਨੂੰਨੀਆਂ ਨੇ ਸੰਨ 1500 ਵਿਚ ਪੁਨਰ ਸੰਗਠਤ (Protestant) ਈਸਾਈਆਂ ਦੇ ਵਿਰੁੱਧ ਭੀ ਸ਼ੱਕੀਆ ਪੁੱਛ ਪੜਤਾਲੀ ਲਹਿਰ ਚਾਲੂ ਕੀਤੀ। ਸਮੇਂ ਦੀ ਨਿਆਇ ਪ੍ਰਣਾਲੀ ਨੂੰ ਧਿਆਨ ਵਿਚ ਰੱਖਦਿਆਂ ਕਿਸੇ ਖ਼ਾਸ ਮਜਬੂਰੀ ਦੇ ਅਧੀਨ ਇਸ ਹੱਤਿਆਰੀ ਲਹਿਰ ਨੂੰ ਬੰਦ ਕਰਨਾ ਪਿਆ, ਕਿਉਂਕਿ ਚਾਲੂ ਸਮੇਂ ਦੀ ਨਿਆਇ ਪ੍ਰਣਾਲੀ ਐਸੀ ਅਮਾਨਵੀ ਕਾਰਵਾਈ ਕਰਨ ਲਈ ਆਗਿਆ ਨਹੀਂ ਦਿੰਦੀ ਸੀ।

ਵਾਸਤਵਿਕ ਤੌਰ 'ਤੇ ਯੌਰਪੀਅਨ ਚਰਚਾਂ ਦੀ ਪਦਵੀ ਇਤਨੀ ਬੁਲੰਦ ਹੋ ਚੁੱਕੀ ਸੀ ਕਿ ਇਨ੍ਹਾਂ ਵਲੋਂ ਵਣਜ ਵਾਪਾਰ, ਰੱਬੀ ਭਗਤੀ ਪ੍ਰਤਿ ਸ਼ਰਧਾ, ਨੈਤਿਕਤਾ, ਵਿਦਿਆ ਪ੍ਰਣਾਲੀ, ਵਿਆਹ ਸ਼ਾਦੀਆਂ ਦੇ ਰਸਮੋ-ਰਿਵਾਜ, ਆਮ ਯੁੱਧ ਲੜਨੇ, ਧਰਮ ਯੁੱਧ ਕਰਨੇ, ਮ੍ਰਿਤਕ ਸਮਾਗਮ ਕਰਨੇ, ਜਨਤਾ ਪ੍ਰਤਿ ਭਵਿੱਖ-ਵਾਚੀ ਸਹਾਇਕ ਕ੍ਰਿਆਵਾਂ ਕਰਨੀਆਂ, ਰਾਜ ਪ੍ਰਬੰਧੀ ਢਾਂਚੇ ਵਿਚ ਸਰਗਰਮ ਰਹਿਣਾ, ਮੱਧਕਾਲੀ ਇਤਿਹਾਸ ਵਿਚ ਚਰਚ ਸੰਸਥਾਵਾਂ ਨੇ ਬਹੁਤ ਮਹਿੰਗਾ ਯੋਗਦਾਨ ਪਾਇਆ। ਐਸੇ ਮਹੱਤਵਪੂਰਨ ਸਮਾਗਮ ਸਰੰਜਾਮ ਦੇਣ ਲਈ ਆਮ ਜਨਤਾ ਕੋਲੋਂ ਪੈਸੇ ਦੀ ਉਗਰਾਹੀ ਵਾਸਤੇ ਉਨ੍ਹਾਂ ਨੂੰ ਅਨੇਕਾਂ ਹੀ ਢੰਗਾਂ ਦੁਆਰਾ ਉਕਸਾਇਆ ਜਾਂਦਾ ਸੀ ਤਾਂਕਿ ਉਨ੍ਹਾਂ ਦਾ ਇਕੱਤਰ ਕੀਤਾ ਹੋਇਆ ਪੈਸਾ ਚਰਚਾਂ ਦੀ ਗੋਲਕ ਵਿਚ ਖਿਚਿਆ ਜਾ ਸਕੇ। ਚਰਚਾਂ ਦੀ ਆਮਦਨੀ ਦਾ ਵੱਡਾ ਸਾਧਨ ਲੋਕਾਂ ਕੋਲੋਂ ਦਸਵੰਧ ਪ੍ਰਾਪਤ ਕਰਨਾ ਸੀ। ਦਸਵੀਂ ਸਦੀ ਤੋਂ ਬਾਅਦ ਹਰ ਇਕ ਪਾਦਰੀ ਦੇ ਸੂਬੇ ਦੇ ਲੋਕ ਨਿਜੀ ਦਸਵੰਧ ਵਿਚੋਂ ਕੁਝ ਭਾਗ ਵੱਡੇ ਪਾਦਰੀ ਵਾਸਤੇ ਭੀ ਦਿੰਦੇ ਸਨ। ਕਈ ਦਫ਼ਾ ਦਸਵੰਧ ਦੀ ਅਦਾਇਗੀ ਵਾਸਤੇ ਵਸੀਅਤਨਾਮਾ ਭੀ ਲਿਖਿਆ ਜਾਂਦਾ ਸੀ। ਪਾਦਰੀ ਲੋਕ ਦਸਵੰਧ ਤੋਂ ਪ੍ਰਾਪਤ ਹੋਣ ਵਾਲੀ ਜਾਇਦਾਦ ਨੂੰ ਗਿਰਵੀ ਭੀ ਰੱਖ ਸਕਦੇ ਸਨ। ਬਾਰ੍ਹਵੀਂ ਸਦੀ ਦੇ ਆਰੰਭ ਵਿਚ ਚਰਚਾਂ ਦੀ ਆਮਦਨੀ ਦਾ ਤਾਣਾਪੇਟਾ ਇਤਨਾ ਸ਼ਕਤੀਸ਼ਾਲੀ ਹੋ ਨਿਬੜਿਆ ਕਿ ਪਾਦਰੀ ਲੋਕ ਉਗਰਾਹੀ ਕਰਨ ਦੀ ਬਜਾਏ, ਵਿਤੀ ਸੰਪਦਾ ਨੂੰ ਨਿਜੀ ਵਣਜ ਦੇ ਵਾਧੇ ਵਾਸਤੇ ਵਰਤਣ ਲੱਗ ਪਏ। ਦਸਵੰਧ ਦੀ ਦੁਰਵਰਤੋਂ ਦੇ ਕਾਰਣ ਪਾਦਰੀ ਫਿਟਕਾਰੇ ਜਾਣ ਲੱਗੇ। ਐਸੀ ਹਾਲਤ ਨੂੰ ਵੇਖਦੇ ਹੋਏ ਇੰਗਲੈਂਡ ਦੇ ਲੋਕ ਦਸਵੰਧ ਦੇਣ ਹਿਤ, ਟਾਲਮਟੋਲ ਕਰਨ ਲੱਗੇ। ਦਸਵੰਧ ਨਾ ਦੇਣ ਕਰਕੇ ਪਾਦਰੀਆਂ ਨੇ ਉਨ੍ਹਾਂ ਨੂੰ ਈਸਾਈਧਾਰਾ ਵਿਚੋਂ

ਬੇ-ਦਖ਼ਲ ਕਰਨਾ ਆਰੰਭ ਦਿੱਤਾ। ਜਿਵੇਂ, ਵਿਰਤੀਹਾਣ ਸਮੇਂ ਵਿਚ ਸਰਕਾਰੀ ਟੈਕਸ ਭਰਿਆ ਜਾਂਦਾ ਹੈ, ਬਿਲਕੁਲ ਇਸੇ ਤਰ੍ਹਾਂ ਚਰਚਾਂ ਅਤੇ ਪਾਦਰੀਆਂ ਪ੍ਰਤਿ ਜਨਤਾ ਟੈਕਸ ਭਰਦੀ ਸੀ। ਸੰਨ 1280 ਵਿਚ ਗੀਗੋਈ ਅਤੇ ਅਮੀਲੀਆ ਨਗਰੀਆਂ ਦੇ ਵਸਨੀਕ ਪਾਦਰੀਆਂ ਵਲੋਂ ਦਿੱਤੀ ਧਾਰਮਕ ਬੇ-ਦਖ਼ਲੀ (excommunication) ਅਤੇ ਧਾਰਮਕ ਥਾਵਾਂ 'ਤੇ ਨਾ ਜਾਣ ਦੀਆਂ ਪਾਬੰਦੀਆਂ ਦੇ ਵਿਰੁੱਧ, ਲਾਮਬੰਦ ਹੋਣੇ ਆਰੰਭ ਹੋ ਗਏ। ਪਾਦਰੀਆਂ ਤੋਂ ਦੁਖੀ ਹੋਏ ਲੋਕਾਂ ਨੇ ਮਤਾ ਪਾਸ ਕੀਤਾ ਕਿ ਕੋਈ ਭੀ ਇਨਸਾਨ ਇਨ੍ਹਾਂ ਪਾਦਰੀਆਂ ਨਾਲ ਬੈਠ ਕੇ ਗੱਲਬਾਤ ਨਾ ਕਰੇ ਅਤੇ ਕਿਸੇ ਪ੍ਰਕਾਰੀ ਦਸਵੰਧ ਦੇਣ ਦੀ ਪ੍ਰਤਿੱਗਿਆ ਨਾ ਕਰੇ। ਐਸੀ ਸਥਿਤੀ ਨੂੰ ਅਨੁਭਵ ਕਰਦਿਆਂ ਪਾਦਰੀਆਂ ਨੇ ਪਰਜਾ ਨਾਲ ਮਿਲ ਕੇ ਇਹ ਫ਼ੈਸਲਾ ਕੀਤਾ ਕਿ ਤੁਸੀਂ ਕਰਜ਼ੇ ਦੇ ਤੌਰ 'ਤੇ ਪਾਦਰੀਆਂ ਅਤੇ ਚਰਚਾਂ ਨੂੰ ਨਿਜੀ ਕਮਾਈ ਦਾ ਹਿੱਸਾ ਮੋੜਦੇ ਰਹੋ ਔਰ ਮੌਤ ਤੋਂ ਬਾਅਦ ਆਪਣੀ ਜਾਇਦਾਦ ਦਾ ਕੁਝ ਹਿੱਸਾ ਚਰਚਾਂ ਦੇ ਨਾਮ 'ਤੇ ਛੱਡੋ। ਪਰਜਾ ਵਾਸਤੇ ਐਸਾ ਹੁਕਮ ਦਿੱਤਾ ਗਿਆ ਕਿ ਕੋਈ ਭੀ ਵਿਅਕਤੀ ਪਾਦਰੀ ਦੀ ਹਾਜ਼ਰੀ ਤੋਂ ਬਿਨਾਂ ਨਿਜੀ ਵਸੀਅਤ ਨਹੀਂ ਲਿਖਵਾ ਸਕਦਾ। ਜੋ ਪ੍ਰਾਣੀ ਪਾਦਰੀਆਂ ਦਾ ਹਿੱਸਾ ਨਹੀਂ ਦੇਵੇਗਾ, ਉਸ ਦੀ ਮੁਰਦਾ ਦੇਹੀ, ਪਵਿੱਤਰ ਕਬਰਸਤਾਨ ਵਿਚ ਨਹੀਂ ਦਫ਼ਨਾਈ ਜਾ ਸਕਦੀ। ਸਾਧਾਰਨ ਲੋਕ (Laity) ਨਿਜੀ ਵਸੀਅਤਨਾਮਾ ਲਿਖਣ ਦੀ ਸਮਰੱਥਾ ਨਹੀਂ ਰੱਖਦੇ ਸਨ, ਇਸ ਵਾਸਤੇ ਪਾਦਰੀ ਲੋਕ ਹੀ ਇਨ੍ਹਾਂ ਦੇ ਅੰਤਮ ਵਸੀਅਤਨਾਮੇ ਆਪਣੀ ਇੱਛਾ ਦੇ ਅਨੁਸਾਰ ਹੀ ਲਿਖਦੇ ਸਨ। ਸੰਨ 1170 ਵਿਚ ਪੋਪ ਅਲੈਗਜੈਂਡਰ ਤੀਸਰੇ ਨੇ ਐਲਾਨ ਕੀਤਾ ਕਿ ਕੋਈ ਭੀ ਵਿਅਕਤੀ ਪਾਦਰੀ ਦੀ ਗ਼ੈਰ-ਹਾਜ਼ਰੀ ਵਿਚ ਨਿਜੀ ਵਸੀਅਤ ਨਹੀਂ ਲਿਖਵਾ ਸਕਦਾ। ਅਗਰ ਕੋਈ ਭੀ ਮੁਨਸ਼ੀ ਜਾਂ ਲਿਖਾਰੀ ਪਾਦਰੀ ਦੀ ਗ਼ੈਰ-ਹਾਜ਼ਰੀ ਵਿਚ ਵਸੀਅਤਨਾਮਾ ਲਿਖੇਗਾ, ਉਹ ਈਸਾਈ ਸੰਗਠਨ ਵਿਚੋਂ ਛੇਕਿਆ ਜਾਵੇਗਾ। ਖ਼ਾਸ ਕਰਕੇ ਪਾਦਰੀ ਲੋਕ ਇਸ ਗੱਲ ਨੂੰ ਬਹੁਤ ਹੀ ਦੂਰਦਰਸ਼ੀ ਵਿਧੀ ਦੁਆਰਾ ਨੇੜਿਓਂ ਹੋ ਕੇ ਅਨੁਮਾਨ ਕਰਦੇ ਸਨ ਕਿ ਲੋਕਾਂ ਦੀ ਪਾਪ ਵਿਨਾਸ਼ਿਕ ਅਮਲਦਾਰੀ ਦੇ ਉਚੇਚੇ ਅਧਿਕਾਰ ਉਨ੍ਹਾਂ ਪਾਸ ਹੀ ਸੁਰੱਖਿਅਤ ਰਹਿਣੇ ਚਾਹੀਦੇ ਹਨ। ਈਸਾਈ ਚਰਚ ਅਤੇ ਪਾਦਰੀਆਂ ਦੇ ਜੀਵਨ ਵਿਚ ਉਕਤ ਦਰਸਾਏ ਪੈਸੇ ਦਾ ਇਤਨਾ ਪਸਾਰਾ ਹੋਇਆ ਕਿ ਹਰ ਇਕ ਪਾਦਰੀ ਅਨੇਕਾਂ ਹੀ ਵੱਡੇ ਸ਼ਹਿਰਾਂ, ਤਹਿਸੀਲਾਂ, ਜ਼ਿਲਿਆਂ ਅਤੇ ਸੂਬਿਆਂ ਦੇ ਮਾਲਿਕ ਬਣ ਬੈਠੇ। ਟੌਰਸ ਦੇ ਡੇਰੇ ਦਾ ਮਹੰਤ ਵੀਹ ਹਜ਼ਾਰ ਗ਼ੁਲਾਮ ਸੇਵਕਾਂ ਦਾ ਸੁਆਮੀ ਬਣ ਬੈਠਾ। ਸਪੇਨ ਦੇਸ਼ ਦਾ ਚੌਥਾਈ ਭਾਗ ਪਾਦਰੀਆਂ ਦੇ ਅਧਿਕਾਰ ਖੇਤਰ ਵਿਚ ਨਿਯੁਕਤ ਕੀਤਾ ਗਿਆ। ਸੁਹਿਰਦ ਪਾਠਕਾਂ ਦੀ ਜਾਣਕਾਰੀ ਹਿਤ ਧਰਮ ਦੀ ਦੁਰਵਰਤੋਂ ਪ੍ਰਤਿ ਅਤਿ ਤੁੱਛ-ਮਾਤਰ ਹਾਲਾਤ ਦਰਸਾਏ ਗਏ ਹਨ ਤਾਂਕਿ ਅਸਾਨੂੰ ਇਹ ਗਿਆਨ

ਹੋ ਸਕੇ ਕਿ ਧਾਰਮਕ ਭੇਖ ਦੇ ਪਿਛਲੇ ਪਾਸੇ ਕਿਤਨਾ ਕੁ ਅੰਧੇਰਾ ਹੈ। ਐਸੇ ਦੁਰਵਿਵਹਾਰੀ ਢੰਗ ਦੁਆਰਾ ਪਾਦਰੀਆਂ ਦੀ ਇਕੱਤਰ ਕੀਤੀ ਹੋਈ ਸੰਪਤੀ ਅਤੇ ਮਾਇਕ ਅੰਬਾਰਾਂ ਨੂੰ ਵੇਖਦੇ ਹੋਏ ਸਮੇਂ ਦੇ ਹੁਕਮਰਾਨਾਂ ਦੇ ਹਿਰਦੇ ਵਿਚ ਵਿਰੋਧਾਭਾਸੀ ਖੁਣਸ ਦਾ ਉਤਪੰਨ ਹੋਣਾ ਇਕ ਸਾਧਾਰਨ ਜਿਹੀ ਸਥਿਤੀ ਹੀ ਆਖੀ ਜਾ ਸਕਦੀ ਹੈ। ਜਿਸ ਦੇ ਅੰਜਾਮ ਵਜੋਂ, ਪ੍ਰੋਹਤੀ ਜਾਇਦਾਦਾਂ ਦੀ ਕੁਰਕੀ ਕਰਨੀ ਆਰੰਭ ਦਿੱਤੀ। ਗ਼ਰਜ਼ੇਕਿ, ਸਮੁੱਚੀ ਪਾਦਰੀ ਡੇਰਾਦਾਰੀ ਅਤੇ ਮਹੰਤਗੀਰੀ ਨੂੰ ਸ਼ਾਹੀ ਠਾਠਬਾਠ ਤੋਂ ਲਾਹ ਕੇ ਮੰਗਤੇ, ਭੇਖਾਰੀ ਭਾਵ ਨਿਰਧਨਤਾ ਦੀ ਸਥਿਤੀ ਵਿਚ ਪਰਵਿਰਤ ਕਰ ਦਿੱਤਾ ਗਿਆ।

ਸੰਨ 1250 ਦੇ ਅੰਕੜਿਆਂ ਦੇ ਆਧਾਰ 'ਤੇ ਅਨੁਮਾਨ ਲਗਾਇਆ ਗਿਆ ਕਿ ਪੋਪ ਦੀ ਆਮਦਨੀ ਸਮੁੱਚੇ ਯੋਰਪ ਦੇ ਟੈਕਸ ਨਾਲੋਂ ਬਹੁਤ ਹੀ ਜ਼ਿਆਦਾ ਸੀ। ਐਸੀਆਂ ਪ੍ਰੋਹਤੀ ਦੁਰਵਿਵਹਾਰੀ ਰੀਤੀਆਂ ਦੇ ਵਿਰੁੱਧ ਗਰੇਗੋਰੀ ਦਸਵੇਂ ਨੇ ਸੰਨ 1274 ਵਿਚ ਇਕ ਸਰਵ ਸਾਧਾਰਣ ਕੌਂਸਿਲ ਬੁਲਾਈ ਤਾਂਕਿ ਪ੍ਰੋਹਤੀ ਕੁਰਤੀਆਂ ਨੂੰ ਕਿਸੇ ਖ਼ਾਸ ਜ਼ਾਬਤੇ ਵਿਚ ਲਿਆਂਦਾ ਜਾਵੇ।

(The Age of the Faith, pp. 760-768)

ਲਗਪਗ ਬਾਰ੍ਹਵੀਂ ਸਦੀ ਦੇ ਅੰਤਮ ਸਮੇਂ ਪਰਜਾ ਦੇ ਦਿਲਾਂ ਵਿਚੋਂ ਪ੍ਰੋਹਤ ਸ਼੍ਰੇਣੀ ਦੇ ਵਿਰੁੱਧ ਬਹੁਤ ਵੱਡੇ ਹੜ੍ਹ ਦੀ ਧਾਰਾ ਵਹਿਣ ਲੱਗੀ। ਆਪ ਜੀ ਪਿਛਲੇ ਪੰਨਿਆਂ ਵਿਚ ਪੜ੍ਹ ਆਏ ਹੋ ਕਿ ਡਿੱਗਾ ਢੱਠਾ ਅਥਵਾ ਹੁੱਸਿਆ ਹੋਇਆ ਇਨਸਾਨ ਕਈ ਦਫ਼ਾ ਧਾਰਮਕ ਸਰਗਰਮੀਆਂ ਤੋਂ ਭੀ ਰਾਹਤ ਪ੍ਰਾਪਤ ਕਰਨ ਹਿਤ, ਥੋੜੇ ਸਮੇਂ ਵਾਸਤੇ ਗੋਸ਼ਾ-ਨਸ਼ੀਨੀ, ਇਕਾਂਤ, ਗੁਫ਼ਾ ਨਿਵਾਸ ਕਰਨ ਲਈ ਯਤਨ ਕਰਦਾ ਹੈ। ਧਰਮ ਯੁੱਧ ਦੀ ਅਸਫਲਤਾ ਤੋਂ ਉਪਰੰਤ, ਈਸਾਈ ਸ਼ਰਧਾਲੂਆਂ ਦੇ ਹਿਰਦੇ ਵਿਚੋਂ ਰਹੱਸਮਈ ਧਾਰਮਕ ਵਿਦਿਆ ਅਥਵਾ ਧਾਰਮਕ ਜਜ਼ਬਾਤੀ ਪ੍ਰਨਾਲੀ, ਉਨ੍ਹਾਂ ਦੀ ਭਾਵਾਤਮਕ ਵੀਚਾਰਧਾਰਾ, ਖਿਸਕਣੀ ਆਰੰਭ ਹੋ ਗਈ। ਗ਼ਰਜ਼ੇਕਿ, ਈਸਾਈ ਪ੍ਰੋਹਤ ਸ਼੍ਰੇਣੀ ਪ੍ਰਤਿ ਬਦਲਾ ਲਊ ਭਾਵਨਾ ਦਾ ਦੌਰ ਆਰੰਭ ਹੋ ਗਿਆ। ਐਸੀ ਕੁਸੈਲੀ ਅਤੇ ਨਾ-ਗਵਾਰਾ ਹਾਲਤ ਹੋਇ ਨਿਬੜੀ ਕਿ ਉਹ ਈਸਾਈ ਚਰਚ ਸੰਗਠਨ ਨੂੰ ਭੀ ਸੰਦੇਹਿਕ ਦ੍ਰਿਸ਼ਟੀ ਦੁਆਰਾ ਵੇਖਣ ਲਈ ਮਜਬੂਰ ਹੋ ਗਏ। ਉਨ੍ਹਾਂ ਦੇ ਤਰਸਯੋਗ ਪ੍ਰਤਿਬਿੰਬ ਤੋਂ ਪ੍ਰਗਟ ਹੁੰਦਾ ਸੀ ਕਿ ਈਸਾਈ ਮਤਿ ਦੇ ਪਾਦਰੀ ਵਰਗ ਦੀ ਦੁਨੀਆ ਅਤੇ ਰੱਬੀ ਪਵਿੱਤ੍ਰਤਾ ਦੋ ਭਾਗਾਂ ਵਿਚ ਵੰਡੀ ਹੋਈ ਹੈ। ਰੂਹਾਨੀਅਤ ਰੱਬੀ ਪਾਕਦਾਮਨੀ ਹੈ ਇਸ ਦੇ ਪ੍ਰਤਿਕੂਲ, ਪ੍ਰੋਹਤਵਾਦੀ ਮਾਇਕ ਸਮੱਗਰੀ ਸ਼ੈਤਾਨ ਦੀ ਉਪਜ ਹੈ। ਉਨ੍ਹਾਂ ਨੇ ਇਥੇ ਤਕ ਆਖ ਦਿੱਤਾ ਕਿ *ਬਾਈਬਲ* ਦੇ ਪੁਰਾਤਨ ਨਿਯਮ ਦਾ ਜਿਹੋਵਾ ਅਤੇ ਸ਼ੈਤਾਨ ਪਰਸਪਰ ਸਮਾਨਤਾ ਰੱਖਦੇ ਹਨ। ਜਿਵੇਂ :

They divided the cosmos into a spiritual world created by God and a material world created by Satan; and they identified Satan with the Yahveh of Old testament.

(The Age of the Faith, p. 769)

ਲਗਪਗ ਸੰਨ 1000 ਵਿਚ ਟਾਊਲੌਸ ਅਤੇ ਓਰਲੀਅਨ ਨਗਰੀਆਂ ਵਿਚ ਈਸਾਈ ਮਤਿ ਵਿਚੋਂ ਇਕ ਹੋਰ ਧਰਮ ਉਤਪੰਨ ਹੋਇਆ, ਜੋ ਈਸਾ ਜੀ ਦੀਆਂ ਕਰਾਮਾਤਾਂ, ਈਸਾ ਜੀ ਦਾ ਪੁਨਰ ਜਨਮ, ਈਸਾ ਜੀ ਦੇ ਬੈਪਤਸਮਾ ਦੀ ਨੈਤਿਕਤਾ, ਈਸਾ ਜੀ ਦੀ ਰੱਬ ਨਾਲ ਏਕਤਾ (Eucharist) ਅਤੇ ਈਸਾਈ ਸਾਧੂਆਂ ਵਲੋਂ ਕੀਤੀ ਹੋਈ ਗੁਣਕਾਰੀ ਅਰਦਾਸ ਜੈਸੇ ਈਸਾਈ ਮਤਿ ਦੇ ਬੁਨਿਆਦੀ ਸਿਧਾਂਤਾਂ ਦੇ ਵਿਰੋਧੀ ਸਨ। ਇਨ੍ਹਾਂ ਨਵਧਰਮੀਆਂ ਨੂੰ ਅਪਰਾਧੀ ਅਤੇ ਦੋਸ਼ੀ ਠਹਿਰਾਂਦੇ ਹੋਏ ਇਨ੍ਹਾਂ ਵਿਚੋਂ ਤੇਰਾਂ (13) ਨਵਧਰਮੀ ਈਸਾਈਆਂ ਨੂੰ ਮਹੰਤ ਮੰਡਲੀ ਨੇ ਸੰਨ 1023 ਵਿਚ ਧੀਰੇ ਧੀਰੇ ਜਲਤ ਅਗਨੀ ਦੁਆਰਾ ਕਬਾਬ ਬਣਾ ਕੇ ਭੁੰਨਿਆ। ਇਨ੍ਹਾਂ ਦਾ ਸਭ ਤੋਂ ਵੱਡਾ ਦੋਸ਼ ਇਹ ਸੀ ਕਿ ਇਹ ਨਿਜੀ ਭਾਸ਼ਾ ਵਿਚ, ਦਿਹਾਤੀ ਭਾਸ਼ਾ ਵਿਚ, ਪਾਦਰੀ ਦੀ ਗ਼ੈਰ-ਹਾਜ਼ਰੀ ਵਿਚ *ਬਾਈਬਲ* ਪੜ੍ਹਦੇ ਅਤੇ ਪਰਸਪਰ *ਬਾਈਬਲ* ਦੀ ਵਿਆਖਿਆ ਕਰਦੇ ਸਨ। ਉਨ੍ਹਾਂ ਦਾ ਕਸੂਰ *ਬਾਈਬਲ* ਪੜ੍ਹਨਾ ਹੀ ਨਹੀਂ ਸੀ ਬਲਕਿ ਉਨ੍ਹਾਂ ਦਾ ਵੱਡਾ ਜੁਰਮ ਤਾਂ ਇਹ ਸੀ ਕਿ ਉਹ ਆਖਦੇ ਸਨ ਕਿ ਪਾਦਰੀ ਲੋਕਾਂ ਨੂੰ ਸ਼ਹਿਨਸ਼ਾਹੀ ਜੀਵਨ ਬਤੀਤ ਕਰਨ ਦੀ ਬਜਾਏ ਸਾਧਾਰਣ ਜੀਵਨ ਬਤੀਤ ਕਰਨਾ ਚਾਹੀਦਾ ਹੈ, ਜਿਨ੍ਹਾਂ ਵਿਚ ਵਿਸ਼ੇਸ਼ ਕਰਕੇ ਹਯੂਮੀਲੀਆਟੀ ਇਟਲੀ (Humiliati, Italy) ਅਤੇ ਉਸ ਦਾ ਸੰਗੀ ਬੈਗੁਨ ਸ਼ਾਮਿਲ ਸਨ। ਪਾਦਰੀ ਵਰਗ ਵਲੋਂ ਇਨ੍ਹਾਂ ਰੱਬੀ ਪਿਆਰਿਆਂ ਦੇ ਵਿਰੁੱਧ ਬਿਲਕੁਲ ਓਹੀ ਫ਼ਤਵਾ ਦਿੱਤਾ ਗਿਆ ਜੋ ਧਾਰਮਕ ਜਨੂੰਨੀ ਆਮ ਕਰਕੇ ਰੱਬੀ ਬੰਦਿਆਂ ਦੇ ਵਿਰੁੱਧ ਵਰਤਦੇ ਹਨ—ਕਿ ਇਹ ਲੋਕ ਕਾਫ਼ਰ ਅਤੇ ਈਸਾ ਵਿਰੋਧੀ ਹਨ।

ਇਹ ਨਵਧਰਮੀ ਵਾਹਿਗੁਰੂ ਦੇ ਪਿਆਰੇ ਆਖਦੇ ਸਨ ਕਿ ਹਰ ਇਕ ਈਸਾਈ ਨੂੰ ਰੱਬੀ ਬੰਦਿਆਂ ਜੈਸਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਇਨ੍ਹਾਂ ਪਾਦਰੀਆਂ ਕੋਲ ਕਿਸੇ ਪ੍ਰਕਾਰ ਦੀ ਸੰਪਦਾ ਨਹੀਂ ਹੋਣੀ ਚਾਹੀਦੀ। ਜੀਵਨ ਬਤੀਤ ਕਰਨ ਹਿਤ, ਧਰਮ ਦੀ ਕਮਾਈ ਇਕ ਥਾਂ ਇਕੱਤਰ ਕਰ ਕੇ ਵੰਡ ਛਕਣੀ, ਸਾਦਾ ਵਸਤ੍ਰ ਅਤੇ ਪਵਿੱਤਰ ਜੀਵਨ ਬਤੀਤ ਕਰਨਾ ਚਾਹੀਦਾ ਹੈ।

ਨਵਧਰਮੀ ਈਸਾਈਆਂ ਵਿਚ ਇਕ ਪੀਟਰ ਨਾਮੀ ਵਿਅਕਤੀ ਵਿਸ਼ੇਸ਼ ਸਥਾਨ ਰੱਖਦਾ ਸੀ। ਉਸ ਦੇ ਅਨੁਯਾਈ ਅਤਿ ਹਾਰਦਿਕ ਵਿਧੀ ਦੁਆਰਾ *ਬਾਈਬਲ* ਦੀ ਸਿਖਿਆ ਪ੍ਰਾਪਤ ਕਰਦੇ ਸਨ। ਪ੍ਰੰਤੂ ਉਨ੍ਹਾਂ ਦੀ ਮਾਨਸਿਕ ਕ੍ਰਿਆ ਵਿਚੋਂ ਪਾਦਰੀ ਵਿਰੋਧਾਭਾਸ ਦੀ ਆਭਾ ਆਮ ਹੀ ਵੇਖੀ ਅਤੇ ਅਨੁਭਵ ਕੀਤੀ

ਜਾ ਸਕਦੀ ਸੀ। ਉਨ੍ਹਾਂ ਨੇ ਸਮੁੱਚੇ ਪ੍ਰੋਹਤਵਾਦੀ ਵਰਗ ਅਤੇ ਪਾਦਰੀ ਪ੍ਰਮਾਣਿਕਤਾ ਨੂੰ ਸਵੀਕਾਰ ਕਰਨੋਂ ਭੀ ਇਨਕਾਰ ਕੀਤਾ ਔਰ ਏਲਾਨ ਕੀਤਾ ਕਿ ਕੋਈ ਭੀ ਅਪਰਾਧੀ ਪਾਦਰੀ ਕਿਸੇ ਪਵਿੱਤਰ ਉਤਸਵ ਦੀ ਕ੍ਰਿਆ ਨਹੀਂ ਨਿਭਾ ਸਕਦਾ। ਐਸੇ ਲੱਛਣਾਂ ਵਾਲਾ ਪਾਦਰੀ, ਸ਼ਰਧਾਲੂ ਵਿਅਕਤੀਆਂ ਦੇ ਪਾਪਾਂ ਦੀ ਨਵਿਰਤੀ ਹਿਤ, ਪੁੰਨਸ਼ੀਲਤਾ ਦੀ ਯੋਗਤਾ ਨਹੀਂ ਰੱਖਦਾ। ਨਵਧਰਮੀ ਸੰਸਥਾ ਦੇ ਕਈ ਇਕ ਵਿਅਕਤੀ ਪਾਪ ਨਵਿਰਤੀ ਦਸਵੰਧ ਦੇਣੋਂ ਭੀ ਇਨਕਾਰੀ ਅਤੇ ਪਾਪ ਸੋਧਿਕ ਅਸਥਾਨ ਦੀ ਆਵਸ਼ਕਤਾ ਪ੍ਰਤਿ ਭੀ ਪ੍ਰਸ਼ਨ ਚਿੰਨ੍ਹ ਲਗਾਣ ਲਈ ਮਜਬੂਰ ਹੋ ਗਏ। ਸੁਝਾਉ ਇਹ ਦਿੱਤਾ ਗਿਆ ਕਿ ਸਮੁੱਚੀ ਧਾਰਮਕ ਸੇਵਾ ਪਾਦਰੀ ਦੀ ਬਜਾਏ, ਸਾਰੀ ਸੰਗਤਿ ਦੇ ਆਧਾਰ 'ਤੇ ਹੋਣੀ ਲਾਜ਼ਮੀ ਹੈ। ਨਵਧਰਮੀ ਸ਼ਰਧਾਲੂ ਫ਼ਿਰਕੇ ਵਲੋਂ ਕੀਤੀਆਂ ਜਾ ਰਹੀਆਂ ਐਸੀਆਂ ਕਾਰਵਾਈਆਂ ਪਾਦਰੀ ਵਰਗ ਵਾਸਤੇ ਅਤਿ ਹਾਨੀਕਾਰਕ ਸਨ। ਪਰਿਣਾਮ ਵਜੋਂ, ਸੰਨ 1184 ਵਿਚ ਇਨ੍ਹਾਂ ਨਵਧਰਮੀ ਈਸਾਈਆਂ ਨੂੰ ਧਰਮ ਵਿਰੋਧੀ ਆਖ ਕੇ ਦੋਸ਼ੀ ਠਹਿਰਾਇਆ ਗਿਆ। ਇਨ੍ਹਾਂ ਗ਼ਰੀਬੜੇ ਈਸਾਈਆਂ ਨੂੰ ਸੰਨ 1206 ਵਿਚ ਚਰਚ ਦੀ ਕੌਂਸਿਲ ਦੇ ਸਾਹਮਣੇ ਲਿਆਂਦਾ ਗਿਆ। ਇਤਨੀ ਹੱਠਧਰਮੀ ਕੀਤੀ ਗਈ ਕਿ ਇਨ੍ਹਾਂ ਸਾਰਿਆਂ ਨੂੰ ਕਾਫ਼ਰ ਘੋਸ਼ਤ ਕੀਤਾ ਗਿਆ। ਹੁਕਮ ਕੀਤਾ ਗਿਆ ਕਿ ਲਾਤੀਨੀ ਭਾਸ਼ਾ ਤੋਂ ਬਿਨਾਂ, ਕੋਈ ਵਿਅਕਤੀ ਨਿਜੀ ਭਾਸ਼ਾ ਵਿਚ *ਬਾਈਬਲ* ਨਹੀਂ ਪੜ੍ਹ ਸਕਦਾ। ਇਸ ਹਤਿਆਰੇ ਫ਼ੈਸਲੇ ਦੀ ਮਾਰ ਥੱਲੇ ਹਜ਼ਾਰਾਂ ਹੀ ਸੁਹਿਰਦ ਨਵਧਰਮੀ ਵਿਅਕਤੀਆਂ ਨੂੰ ਮੁਜਰਿਮ ਠਹਿਰਾ ਕੇ, ਮੱਧਮ ਅਗਨੀ ਦੀ ਤਪਸ਼ ਦੁਆਰਾ ਕਬਾਬ ਕੀਤਾ ਗਿਆ। ਬਾਰ੍ਹਵੀਂ ਸਦੀ ਦੇ ਮੱਧਕਾਲੀਨ ਸਮੇਂ ਵਿਚ ਸਾਰੀ ਪੱਛਮੀ ਯੌਰਪ ਦੇ ਕਸਬਿਆਂ ਨੂੰ ਛਾਣਬੀਣ ਕੰਘੀ ਦੁਆਰਾ ਪੜਤਾਲ ਕੀਤਾ ਗਿਆ। ਪਾਦਰੀ ਵਰਗ ਵਲੋਂ ਕੀਤੀਆਂ ਐਸੀਆਂ ਹਰਕਤਾਂ ਨੂੰ ਵੇਖਦੇ ਹੋਏ ਆਮ ਪਰਜਾ ਅਮੀਰ ਲੋਕਾਂ ਅਤੇ ਪਾਦਰੀਆਂ ਦੇ ਵਿਰੁੱਧ ਹੋ ਗਈ। ਪਰਜਾ ਨੇ ਏਲਾਨ ਕੀਤਾ ਕਿ ਪਾਦਰੀਆਂ ਦਾ ਗਿਰਜਾ ਵੇਚੂ ਅਧਿਕਾਰ, ਸੰਪਦਾ, ਵਿਆਹੁਤਾ ਸੰਜੋਗ ਅਤੇ ਰਖੇਲ ਜਾਂ ਕਨੀਜ਼ ਇਸਤਰੀਆਂ ਖੋਹ ਲਈਆਂ ਜਾਣ। ਇਨ੍ਹਾਂ ਦੀ ਸਮੁੱਚੀ ਜਾਇਦਾਦ ਦੀ ਨੀਲਾਮੀ ਕੀਤੀ ਜਾਵੇ। ਅਗਰ ਇਹ ਲੋਕ ਇਸ ਕੰਮ ਵਿਚ ਰੁਕਾਵਟ ਪਾਵਣਗੇ, ਤਦ ਇਨ੍ਹਾਂ ਦੇ ਘਰ ਭੀ ਲੁੱਟ ਲਏ ਜਾਣ। ਇਨ੍ਹਾਂ ਹਰਾਮੀਆਂ ਨੂੰ ਸ਼ਹਿਰ ਵਿਚ ਜਾਣੋਂ ਭੀ ਠਾਕਿਆ ਜਾਵੇ। ਨਵਪੰਥੀਆਂ ਵਲੋਂ ਕੀਤੀ ਗਈ ਐਸੀ ਵਧੀਕੀ ਨੂੰ ਵੇਖਦੇ ਹੋਏ ਇਲਾਕੇ ਦੇ ਰਾਜਾ ਇਨੋਸੈਂਟ ਤੀਸਰੇ ਨੇ ਸਾਰੇ ਅਹਿਲਕਾਰਾਂ ਪ੍ਰਤਿ ਹੁਕਮ ਜਾਰੀ ਕੀਤਾ ਕਿ ਕੋਈ ਭੀ ਨਵਧਰਮੀ ਕਾਫ਼ਰ ਕਿਸੇ ਸਰਕਾਰੀ ਮਹਿਕਮੇ ਵਿਚ ਭਰਤੀ ਨਾ ਕੀਤਾ ਜਾਵੇ। ਇਸ ਹੁਕਮ ਦੇ ਵਿਰੁੱਧ ਨਵਧਰਮੀਆਂ ਨੇ ਰੋਸ ਵਜੋਂ, ਧਾਰਮਕ ਪਾਦਰੀਆਂ ਦੇ ਵਿਰੁੱਧ ਅਤਿ ਤ੍ਰਿਸਕਾਰਿਤ ਅਤੇ ਮੰਦੀ ਸ਼ਬਦਾਵਲੀ ਦੀ ਵਰਤੋਂ

ਕੀਤੀ। ਨਵਧਰਮੀ ਲੋਕਾਂ ਦਾ ਅਸਲੀ ਧਰਮ ਕੈਥਰੀ (Cathari) ਕਰਕੇ ਲਿਖਿਆ ਮਿਲਦਾ ਹੈ। ਕੈਥਰੀ ਨਵਧਰਮੀਆਂ ਪ੍ਰਤਿ ਜੋ ਲਿਖਤੀ ਇਤਿਹਾਸ ਪ੍ਰਾਪਤ ਹੁੰਦਾ ਹੈ, ਕੇਵਲ ਉਨ੍ਹਾਂ ਦੇ ਵਿਰੋਧੀਆਂ ਵਲੋਂ ਹੀ ਲਿਖਿਆ ਮਿਲਦਾ ਹੈ। ਕੋਈ ਭੀ ਐਸੀ ਲਿਖਤ ਨਹੀਂ ਹੈ ਜੋ ਉਨ੍ਹਾਂ ਦੀ ਨਿਜੀ ਲਿਖਤ ਹੋਵੇ, ਕਿਉਂਕਿ ਵਿਰੋਧੀ ਧਿਰਾਂ ਨੇ ਉਨ੍ਹਾਂ ਦਾ ਸਮੁੱਚਾ ਇਤਿਹਾਸ ਅਗਨ ਭੇਟ ਕਰ ਦਿੱਤਾ ਸੀ। ਇਹੀ ਕਾਰਣ ਹੈ ਕਿ ਉਨ੍ਹਾਂ ਦੇ ਵਿਰੁੱਧ ਬਹੁਤ ਹੀ ਵਧਾ ਚੜ੍ਹਾ ਕੇ ਲਿਖੀ ਹੋਈ ਊਲ-ਜਲੂਲ ਸਮੱਗਰੀ ਪ੍ਰਾਪਤ ਹੁੰਦੀ ਹੈ। ਮਿਸਾਲ ਵਜੋਂ :

Who at their ordination vowed to leave parents, mate, and children, to devote themselves "to God and the Gospel... never to touch a woman, never to kill an animal, never to eat meat, eggs, or diary food, nor any thing but fish and vegetables."

(The Age of the Faith, p. 771)

ਕੈਥਰੀ ਧਰਮ ਦੇ ਲੋਕ ਨਿਰੋਲ ਰੱਬੀ ਪੁਜਾਰੀ ਸਨ ਪ੍ਰੰਤੂ ਇਨ੍ਹਾਂ ਦੇ ਵਿਰੋਧੀ ਜਨੂੰਨੀਆਂ ਨੇ ਇਨ੍ਹਾਂ ਨੂੰ ਈਸਾ ਵਿਰੋਧੀ ਅਤੇ ਧਰਮ ਗ੍ਰੰਥ ਵਿਰੋਧੀ ਆਖ ਕੇ ਦੋਸ਼ੀ ਠਹਿਰਾਇਆ। ਕਿਉਂਕਿ ਇਹ ਤ੍ਰੈ-ਮੁਖੀ ਰੱਬ, ਕੁਮਾਰੀ ਕੰਨਿਆ ਤੋਂ ਈਸਾ ਦਾ ਜਨਮ, ਈਸਾ ਨੂੰ ਰੱਬ ਦਾ ਬੇਟਾ ਦੇ ਥਾਂ ਕੇਵਲ ਇਕ ਰਸੂਲ ਹੀ ਮੰਨਦੇ ਸਨ। ਕੈਥਰੀ ਧਰਮ ਦੇ ਲੋਕ ਕਿਸੇ ਖ਼ਾਸ ਪੁਜਾਰੀ ਸੰਸਥਾ (Institution of private property) ਨੂੰ ਮੰਨਣ ਤੋਂ ਸਾਫ਼ ਇਨਕਾਰੀ ਅਤੇ ਸਮਾਨਿਤ ਨੈਤਿਕਤਾ ਦੀ ਇੱਛਾ ਰੱਖਦੇ ਸਨ। ਨੈਤਿਕਤਾ ਦੀਆਂ ਬੁਲੰਦੀਆਂ ਨੂੰ ਛੂਹਣਾ ਅਤੇ ਆਪਣੇ ਵਿਰੋਧੀ ਸ਼ਤਰੂ ਨੂੰ ਪਿਆਰ ਕਰਨਾ, ਉਨ੍ਹਾਂ ਦੀ ਸਿਖਿਆ ਸੀ। ਰੋਗੀ ਅਤੇ ਗ਼ਰੀਬ ਲੋਕਾਂ ਦੀ ਦੇਖਭਾਲ ਕਰਨੀ, ਕਦੀ ਭੀ ਮੰਦਾ/ਫਿੱਕਾ ਬਚਨ ਨਹੀਂ ਬੋਲਣਾ, ਹਰ ਸਮੇਂ ਸੁਲਹਕੁਲ ਨੀਤੀ ਧਾਰਨ ਕਰਨੀ, ਭਾਵ, ਅਮਨ ਸ਼ਾਂਤੀ ਰੱਖਣੀ, ਕਿਸੇ ਦੇ ਵਿਰੁੱਧ ਸ਼ਕਤੀ ਦੀ ਵਰਤੋਂ ਅਨੈਤਿਕਤਾ ਹੈ, ਭਾਵੇਂ ਕੋਈ ਨਾਸਤਿਕ ਭੀ ਕਿਉਂ ਨਾ ਹੋਵੇ। ਗੰਭੀਰ ਜੁਰਮ ਦੇ ਬਦਲੇ ਮੌਤ ਦੰਡ ਦੇਣਾ ਭੀ ਗੰਭੀਰ ਜੁਰਮ ਹੈ। ਹਰ ਇਨਸਾਨ ਨੂੰ ਨਿਸ਼ਚਿੰਤ ਹੋ ਕੇ ਭਰੋਸਾ ਕਰਨਾ ਚਾਹੀਦਾ ਹੈ ਕਿ ਅੰਤ ਦੇ ਸਮੇਂ ਬਿਨਾਂ ਕਿਸੇ ਹਾਨੀਕਾਰਕ ਕਰਮ ਕੀਤਿਆਂ, ਪਾਪੀਆਂ ਅਤੇ ਬੁਰਾਈਆਂ ਦੇ ਵਿਰੁੱਧ ਵਾਹਿਗੁਰੂ ਦੀ ਫ਼ਤਹਿ ਹੋਵੇਗੀ। ਕੈਥਰੀ ਸੰਸਥਾ ਦੇ ਸਿਧਾਂਤ ਵਿਚ ਪਾਪਾਂ ਦੀ ਮਾਫ਼ੀ (Purgatory) ਅਤੇ ਨਰਕ ਨਾਮ ਦੀ ਕੋਈ ਚੀਜ਼ ਨਹੀਂ ਸੀ। ਹਰ ਇਕ ਆਤਮਾ ਮੁਕਤ ਹੋਵੇਗੀ, ਅਗਰ ਉਹ ਜੀਵਨ ਦੇ ਦੌਰਾਨ ਪਵਿੱਤ੍ਰਤਾ ਵਿਚ ਵਿਚਰਦੀ ਹੈ।

ਬੈਕੁੰਠ ਦੀ ਪ੍ਰਾਪਤੀ ਵਾਸਤੇ ਵਿਅਕਤੀਗਤ ਨੂੰ ਪਵਿੱਤ੍ਰਤਾ ਦੇ ਦਾਇਰੇ ਵਿਚ ਜੀਵਨ ਬਤੀਤ ਕਰਦੇ ਹੋਏ ਮਰਨਾ ਪਵੇਗਾ। ਇਸ ਦੀ ਪ੍ਰਾਪਤੀ ਵਾਸਤੇ

ਅਤਿ ਆਵਸ਼ਕ ਹੈ ਕਿ ਕੈਥਰੀ ਧਰਮ ਦੇ ਆਗੂ ਤੋਂ ਸਿਖਿਆ ਪ੍ਰਾਪਤ ਕੀਤੀ ਜਾਵੇ। ਇਹੀ ਇਕ ਅੰਤਮ ਜੁਗਤੀ ਹੈ ਜੋ ਆਤਮਾ ਨੂੰ ਪਵਿੱਤਰ ਕਰਦੀ ਹੈ। ਇਹੀ ਕੈਥਰੀ ਧਰਮੀਆਂ ਦੀ ਬਦਕਿਸਮਤੀ ਸੀ ਕਿ ਉਹ ਰੱਬੀ ਰਹਿਮਤ ਦੀ ਬਜਾਏ, ਧਾਰਮਕ ਆਗੂ ਦੀ ਸਿਖਿਆ ਨਾਲ ਆਣ ਜੁੜੇ। ਜੋਗੀਆਂ ਵਾਂਗੂ ਸਾਹ ਰੋਕਣ ਦੀ ਕ੍ਰਿਆ ਭੀ ਇਨ੍ਹਾਂ ਦੇ ਕਰਮ ਕਰਤੂਤ ਵਿਚ ਸ਼ਾਮਲ ਸੀ। ਕੈਥਰੀ ਧਰਮੀਆਂ ਨੇ ਇਸ ਧਾਰਾ ਨੂੰ ਸਵੀਕਾਰ ਕਰਨੋਂ ਇਨਕਾਰ ਕੀਤਾ ਕਿ ਸਾਰੇ ਈਸਾਈ ਚਰਚ, ਈਸਾ ਦੇ ਚਰਚ ਹਨ। ਸੈਂਟ ਪਾਲ ਅਥਵਾ ਪੀਟਰ ਕਦੇ ਭੀ ਰੋਮ ਵਿਚ ਨਹੀਂ ਗਿਆ ਅਤੇ ਉਸ ਨੇ ਕਦੇ ਭੀ ਪੋਪ ਪਦਵੀ ਦਾ ਆਰੰਭ ਨਹੀਂ ਕੀਤਾ, ਬਲਕਿ ਸਮੇਂ ਦਾ ਪੋਪ ਧਾਰਮਕ ਆਗੂ ਹੋਣ ਦੀ ਬਜਾਏ, ਸਮੇਂ ਦੇ ਬਾਦਸ਼ਾਹ ਦਾ ਉਤਰ-ਅਧਿਕਾਰੀ ਹੈ। ਈਸਾ ਦੇ ਪਾਸ ਕੋਈ ਥਾਂ ਨਹੀਂ ਸੀ ਜਿਥੇ ਉਹ ਆਪਣਾ ਸਿਰ ਛੁਪਾ ਸਕੇ, ਪ੍ਰੰਤੂ ਪੋਪ ਦੀ ਰਿਹਾਇਸ਼ ਮਹਿਲਾਂ ਵਿਚ ਹੈ। ਈਸਾ ਦੇ ਪਾਸ ਕੋਈ ਭੀ ਜਾਇਦਾਦ ਅਤੇ ਪੈਸਾ ਨਹੀਂ ਸੀ, ਪ੍ਰੰਤੂ ਈਸਾਈ ਮੱਠਾਂ ਦੇ ਅਧਿਅਕਸ਼ ਬਹੁਤ ਹੀ ਧਨਾਢ ਹਨ। ਕੈਥਰੀ ਧਾਰਮਕ ਆਗੂਆਂ ਨੇ ਦਾਅਵਾ ਕੀਤਾ ਹੈ ਕਿ ਈਸਾਈ ਬਿਸ਼ਪ ਅਤੇ ਮਹਾਨ ਬਿਸ਼ਪ (ਮਹੰਤ ਅਤੇ ਵੱਡੇ ਮਹੰਤ) ਇਹ ਭਾਰੀ ਭਰਕਮ ਦੁਨਿਆਵੀ ਪਾਦਰੀ ਜੋ ਪੁਰਾਤਨ ਦੰਭੀ ਅਤੇ ਪਾਖੰਡੀ (Pharisees) ਦੋਬਾਰਾ ਜਨਮ ਧਾਰ ਕੇ ਆਏ ਹਨ। ਰੋਮਨ ਚਰਚ, ਬਾਬਲ ਦੇਸ਼ ਦੇ ਬੇਸਵਾ ਘਰ ਹਨ। ਪਾਦਰੀ ਯਹੂਦੀ ਮੰਦਰਾਂ ਦੇ ਸ਼ੈਤਾਨ ਅਤੇ ਪੋਪ ਈਸਾ ਵਿਰੋਧੀ ਵਿਅਕਤੀ ਹੈ। ਕੈਥਰੀ ਨਵੀਨਧਰਮੀਆਂ ਨੇ ਦਾਅਵਾ ਕੀਤਾ ਕਿ ਧਰਮ ਯੁੱਧ ਦੀ ਸਿਖਿਆ ਦੇਣ ਵਾਲੇ ਵਿਅਕਤੀ ਅਤਿ ਹਤਿਆਰੇ ਇਨਸਾਨ ਸਨ। ਨਵੀਨਧਰਮੀ ਆਮ ਤੌਰ 'ਤੇ ਪਾਦਰੀਆਂ ਵਲੋਂ ਦਿੱਤੇ ਜਾਣ ਵਾਲੇ ਕਰਮ-ਕਾਂਡੀ ਮਾਫ਼ੀਨਾਮੇ ਪ੍ਰਤਿ ਮਖ਼ੌਲ ਉਡਾਇਆ ਕਰਦੇ ਸਨ। ਕੈਥਰੀਨ ਆਖਦੇ ਸਨ ਕਿ ਈਸਾਈਆਂ ਦੇ ਗਿਰਜੇ ਚੋਰਾਂ ਦੇ ਸੰਘਣੇ ਜੰਗਲ (dens of thieves) ਹਨ ਔਰ ਰੋਮਨ ਕੈਥੋਲਿਕ ਪਾਦਰੀਆਂ ਪ੍ਰਤਿ ਝੂਠੇ ਮੱਕਾਰ, ਕਪਟੀ, ਦਗ਼ਾਬਾਜ਼, ਪਾਖੰਡੀ, ਛਲੀਏ ਆਦਿ ਉਪਾਧੀਆਂ ਦੁਆਰਾ ਪੁਕਾਰਦੇ ਸਨ। ਸੰਨ 1167 ਵਿਚ ਨਵਧਰਮੀ ਕੈਥਰੀਨ ਨੇ ਇਕ ਬਹੁਤ ਵੱਡੀ ਮੀਟਿੰਗ ਬੁਲਾਈ, ਜਿਸ ਵਿਚ ਦੂਰ-ਦੁਰੇਡੇ ਦੇ ਪੰਧ ਨੂੰ ਤੈਅ ਕਰਦੇ ਹੋਏ ਲਗਪਗ ਸਾਰੇ ਹੀ ਨਵਧਰਮੀ ਸ਼ਾਮਲ ਹੋਏ। ਇਸ ਇਕੱਤ੍ਰਤਾ ਵਿਚ ਕੈਥਰੀ ਧਰਮ ਦਾ ਸਿਧਾਂਤ ਅਤੇ ਪ੍ਰਬੰਧਕੀ ਢਾਂਚਾ ਉਲੀਕਿਆ ਗਿਆ। ਇਹ ਮੀਟਿੰਗ ਅਤਿਅੰਤ ਹੀ ਸਫਲਤਾ ਦੇ ਵਾਤਾਵਰਣ ਵਿਚ ਸਮਾਪਤ ਹੋ ਗਈ। ਪ੍ਰੰਤੂ ਕੁਝ ਉੱਚੇ ਵਰਗ ਦੇ ਵਿਅਕਤੀਆਂ ਨੇ ਅਨੁਭਵ ਕੀਤਾ ਕਿ ਇਨ੍ਹਾਂ ਨਵਧਰਮੀਆਂ ਦੀ ਉੱਨਤੀ, ਸੂਬੇ ਦੇ ਚਰਚਾਂ ਨੂੰ ਕਮਜ਼ੋਰ ਕਰੇਗੀ, ਕਿਉਂਕਿ ਚਰਚ ਅਤੇ ਕੁਲੀਨ ਸ਼੍ਰੇਣੀ ਦੇ ਲੋਕ ਅਤਿ ਧਨਾਢ ਸਨ। ਪ੍ਰੰਤੂ ਇਸ ਦੇ ਤੁਲਨਾਤਮਕ ਆਮ ਪਰਜਾ ਦੇ ਲੋਕ ਅਥਵਾ ਨਵਧਰਮੀ ਬਹੁਤ

ਹੀ ਗ਼ਰੀਬ ਸਨ। ਕੈਥਰੀਨ ਨੇ ਚਰਚਾਂ ਦੀ ਜਾਇਦਾਦ ਨਿਜੀ ਅਧਿਕਾਰ ਵਿਚ ਜ਼ਬਤ ਕਰਨੀ ਆਰੰਭ ਦਿੱਤੀ। ਮਹੰਤਾਂ ਨੂੰ ਬੰਦੀ ਬਣਾ ਕੇ ਬੰਦੀਖ਼ਾਨੇ ਵਿਚ ਸੁੱਟਿਆ ਗਿਆ ਅਤੇ ਇਨ੍ਹਾਂ ਦੇ ਡੇਰੇ ਅਗਨ ਭੇਟ ਕੀਤੇ ਗਏ। ਈਸਾ ਜੀ ਦੀਆਂ ਤਸਵੀਰਾਂ 'ਤੇ ਨਿਸ਼ਾਨਾ-ਬਾਜ਼ੀ ਕੀਤੀ ਗਈ। ਤਾਲੋਸ ਨਗਰੀ ਦੇ ਵਸਨੀਕ ਰੈਮੰਡ ਨੇ ਇਲਾਕੇ ਦੇ ਕਈ ਇਕ ਚਰਚ ਅਗਨ ਭੇਟ ਕਰ ਕੇ ਚਰਚਾਂ ਦੇ ਮਹੰਤਾਂ ਨੂੰ ਅਤਿ ਘਿਰਣਤ ਤਸੀਹੇ ਦਿੱਤੇ। ਐਸੀਆਂ ਆਪ-ਹੁਦਰੀਆਂ ਕਰਤੂਤਾਂ ਦੇ ਬਦਲੇ ਉਸਨੂੰ ਈਸਾਈ ਸੰਗਠਨ ਵਿਚੋਂ ਛੇਕਿਆ ਗਿਆ। ਪ੍ਰੰਤੂ ਕੁਲੀਨ ਵਿਅਕਤੀਆਂ ਦੇ ਖ਼ਿਆਲ ਵਿਚ ਇਹ ਸਜ਼ਾ ਅਤਿ ਤੁਛ-ਮਾਤਰ ਸੀ। ਇਹੀ ਉਹ ਲੋਕ ਸਨ ਜੋ ਨਵਪੰਥੀ ਕੈਥਰੀ ਧਰਮ ਅਥਵਾ ਐਲਬੀਜੈਨਸੀਅਨ (Albigensians) ਦੀ ਮਾਨਤਾ ਨੂੰ ਖੁਲ੍ਹੇ-ਆਮ ਸਵੀਕਾਰ ਕਰਦੇ ਸਨ।

ਉਕਤ ਦਰਸਾਈਆਂ ਕਾਰਵਾਈਆਂ ਨੂੰ ਧਿਆਨ ਵਿਚ ਰੱਖਦੇ ਹੋਏ ਵਿਰਤੀਹਾਣ ਸਮੇਂ ਦਾ ਰਾਜਾ ਇਨੋਸੈਂਟ ਤੀਜਾ (Innocent III) ਸੰਨ 1198 ਵਿਚ ਚਰਚਾਂ ਦੀ ਪੋਪ ਪ੍ਰਣਾਲੀ ਕੋਲ ਆਇਆ। ਦੇਸ਼ ਦੇ ਕਾਨੂੰਨ ਵਿਰੁੱਧ ਹੋ ਰਹੀਆਂ ਆਪ-ਹੁਦਰੀਆਂ ਚੁਣੌਤੀਆਂ ਨੂੰ ਠੱਲ੍ਹ ਪਾਵਨ ਹਿਤ, ਪਾਦਰੀਆਂ ਨਾਲ ਮਸ਼ਵਰਾ ਕੀਤਾ। ਉਸ ਨੇ ਆਖਿਆ ਕਿ ਭਾਵੇਂ ਦੇਸ਼ ਵਿਚ ਭ੍ਰਿਸ਼ਟਾਚਾਰ ਅਤੇ ਚਰਚਾਂ ਦੀ ਦੁਰਵਰਤੋਂ ਹੁੰਦੀ ਰਹੀ ਹੈ ਪ੍ਰੰਤੂ ਇਸ ਦਾ ਇਹ ਅਰਥ ਨਹੀਂ ਹੈ ਕਿ ਕੁਝ ਕਾਫ਼ਰ/ਧਰਮਹੀਣ ਲੋਕ ਇਕੱਤਰ ਹੋ ਕੇ ਸਮੁੱਚੇ ਦੇਸ਼ ਨੂੰ ਬਰਬਾਦ ਕਰਨ ਦਾ ਹੌਸਲਾ ਕਰਨ। ਇਸ ਸੰਮਿਲਨ ਤੋਂ ਲਗਪਗ ਦੋ ਮਹੀਨੇ ਬਾਅਦ ਵੱਡੇ ਪਾਦਰੀ ਨੂੰ ਸੰਬੋਧਨ ਕਰਦਿਆਂ ਇਕ ਪੱਤਰ ਲਿਖਿਆ ਕਿ ਕੁਝ ਹੁੱਲੜਬਾਜ਼ ਲੋਕ ਧਰਮ ਦੇ ਨਾਮ ਥੱਲੇ ਸਮੁੱਚਾ ਦੇਸ਼ ਅਤੇ ਚਰਚਾਂ ਦੀ ਬਰਬਾਦੀ ਕਰ ਰਹੇ ਹਨ। ਮੈਂ ਚਾਹੁੰਦਾ ਹਾਂ ਕਿ ਤੁਸੀਂ ਅਤੇ ਤੁਹਾਡੇ ਸਾਥੀ ਪਾਦਰੀ ਇਸ ਹੁੱਲੜਬਾਜ਼ੀ ਨੂੰ ਰੋਕਣ। ਇਸ ਕਾਰਜ ਦੀ ਪੂਰਤੀ ਹਿਤ, ਮੈਂ ਤੁਹਾਨੂੰ ਬਾ-ਜ਼ਾਬਤਾ ਆਦੇਸ਼ ਜਾਰੀ ਕਰਦਾ ਹਾਂ ਅਗਰ ਤੁਸੀਂ ਲੋੜ ਸਮਝਦੇ ਹੋ ਤਦ ਇਨ੍ਹਾਂ ਦੇ ਵਿਰੁੱਧ ਤਲਵਾਰ ਦੀ ਵਰਤੋਂ ਭੀ ਕੀਤੀ ਜਾ ਸਕਦੀ ਹੈ, ਜਿਸ ਦੀ ਰੂਪ-ਰੇਖਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

> We give you a strict command that, by whatever means you can, you destroy all these Heresies, and repel from your diocese all who are polluted by them... If necessary, you may cause the Princes and people to suppress them with the sword.
>
> *(The Age of the Faith, p. 774)*

ਭਾਵੇਂ ਬਾਦਸ਼ਾਹ ਵਲੋਂ ਲਿਖੇ ਗਏ ਪੱਤਰ ਦਾ ਉਤਾਰਾ ਉਤਨਾ ਉਤਸ਼ਾਹਨਜਕ ਨਹੀਂ ਸੀ ਜਿਤਨਾ ਕਿ ਪਾਦਰੀ ਸਮਝਦਾ ਸੀ। ਕਈ ਇਕ

ਉਤਰਾਧਿਕਾਰੀ ਭੀ ਬਾਦਸ਼ਾਹ ਦੀ ਰਾਇ ਨਾਲ ਸਹਿਮਤ ਨਹੀਂ ਸਨ। ਉਨ੍ਹਾਂ ਦਾ ਖ਼ਿਆਲ ਸੀ ਕਿ ਇਹ ਨਵਪੰਥੀ ਲੋਕ ਅਸਾਡੇ ਨਾਲ ਜੰਮੇ ਪਲੇ ਹਨ ਅਤੇ ਅੱਛੇ ਆਚਰਣ ਵਾਲੇ ਹਨ। ਇਨ੍ਹਾਂ ਨੂੰ ਮਾਰਨਾ ਜਾਂ ਤੰਗ ਕਰਨਾ ਠੀਕ ਨਹੀਂ ਹੈ। ਅਸਲ ਵਿਚ ਦੇਸ਼ ਵਿਚ ਉਹ ਲੋਕ ਹੀ ਬਦਅਮਨੀ ਦਾ ਕਾਰਣ ਸਨ ਜੋ ਜੈਰੋਸ਼ਲਮ ਧਰਮ ਯੁੱਧ ਦੀ ਅਸਫਲਤਾ ਤੋਂ ਬਾਅਦ ਦੇਸ਼ ਵਿਚ ਵਾਪਸ ਆਏ ਸਨ। ਇਹ ਲੋਕ ਉਨ੍ਹਾਂ ਪਾਦਰੀਆਂ ਦੇ ਕੱਟੜ ਵਿਰੋਧੀ ਸਨ ਜਿਨ੍ਹਾਂ ਨੇ ਧਰਮ ਦੇ ਨਾਮ ਥੱਲੇ ਜਾਅਲੀ ਮਾਫ਼ੀ-ਨਾਮੇ ਵੇਚ ਕੇ ਭੋਲੀ ਜਨਤਾ ਨੂੰ ਠੱਗਿਆ ਅਤੇ ਗੁੰਮਰਾਹ ਕੀਤਾ ਸੀ। ਹਰ ਇਨਸਾਨ ਇਤਨੀ ਸੂਝ ਦਾ ਮਾਲਿਕ ਨਹੀਂ ਹੁੰਦਾ, ਜਿਤਨਾ ਕਿ ਉਸ ਨੂੰ ਹੋਣਾ ਚਾਹੀਦਾ ਹੈ। ਅਕਸਰ ਧਰਮ ਦੇ ਨਾਮ 'ਤੇ ਕੀਤੇ ਪਾਪਾਂ ਦੀ ਤਾਲਾਫ਼ੀ ਵਾਸਤੇ ਪਾਖੰਡੀ ਮਹੰਤਾਂ ਦੇ ਧੱਕੇ ਚੜ੍ਹ ਜਾਣਾ, ਖੀਣਤ ਲੋਕਾਂ ਦੀ ਸੁਭਾਵਕ ਫ਼ਿਤਰਤ ਹੀ ਆਖੀ ਜਾ ਸਕਦੀ ਹੈ। ਇਨਸਾਨੀ ਜੀਵਨ ਵਿਚ ਕੁਝ ਐਸੇ ਖੀਣਤ ਦੋਸ਼ ਹੁੰਦੇ ਹਨ, ਜਿਨ੍ਹਾਂ ਦੇ ਭਾਰ ਥੱਲੇ ਦੱਬਿਆ ਹੋਇਆ ਇਨਸਾਨ ਅਕਸਰ ਨਿਜੀ ਕਰਮ ਧਰਮ ਤੋਂ ਚਰਿੱਤਰਹੀਣਤਾ ਦੀਆਂ ਅਵਰੋਹੀ ਖ਼ੰਦਕਾਂ ਵਿਚ ਗ਼ਰਕ ਹੋ ਹੀ ਜਾਂਦਾ ਹੈ। ਡਰ ਅਤੇ ਲਾਲਚ ਇਹ ਦੋਵੇਂ ਦੋਸ਼ ਇਤਨੇ ਸੁਬੱਲ ਹਨ ਕਿ ਨਿਤਾਣਾ ਜੀਵ ਇਨ੍ਹਾਂ ਦੇ ਪ੍ਰਤਿਕਰਮ ਅਕਸਰ ਨਿੱਸਲ ਹੋ ਕੇ ਡਿੱਗ ਹੀ ਪੈਂਦਾ ਹੈ। ਇਸੇ ਧਾਰਾ ਦੇ ਅਧੀਨ ਅੱਜ ਤੋਂ ਲਗਪਗ ਅੱਠ ਸੌ ਸਾਲ ਪਹਿਲਾਂ ਸੰਨ 1209 ਵਿਚ ਫ਼ਰਾਂਸ ਦੀ ਧਰਤੀ 'ਤੇ ਕੁਝ ਲਾਲਚੀ ਅਤੇ ਭੈ ਵੱਸ ਹੋਏ ਈਸਾਈ ਮਹੰਤਾਂ ਦੇ ਟੋਲੇ ਈਸਾ ਜੀ ਦੇ ਨਾਮ ਥੱਲੇ, ਨਵਧਰਮੀ ਰੱਬੀ ਭਗਤਾਂ ਦਾ ਸਰਵਨਾਸ਼ ਕਰਨ ਲਈ ਜਥੇਬੰਦ ਹੋ ਰਹੇ ਸਨ। ਇਸ ਕਾਲੇ ਕਰਮ ਨੂੰ ਧਰਮ ਯੁੱਧ ਅਤੇ ਧਰਮ ਪ੍ਰੀਖਿਆ ਦੇ ਨਾਮ ਥੱਲੇ, ਗਿਆਨ ਵਿਹੂਣੀ ਅੰਧੀ ਰਈਅਤ ਨੂੰ ਉਕਸਾਇਆ ਗਿਆ। ਜਿਨ੍ਹਾਂ ਦੇ ਸ਼੍ਰੋਮਣੀ ਆਗੂ ਈਸਾਈ ਧਰਮ ਦੇ ਵੱਡੇ ਮਹੰਤ ਫ਼ਿਲਪ ਆਗਸਟਸ (Philip Augustus and his barons) ਅਤੇ ਉਸ ਦੇ ਅਧੀਨ ਸਫ਼ੇਦ ਪੋਸ਼ ਪੱਟੇਦਾਰ ਅਤੇ ਕੁਝ ਆਰਜ਼ੀ ਵੇਲਾ ਟਪਾਊ ਫ਼ੌਜੀ ਟੁਕੜੀਆਂ ਭੀ ਜਰਮਨੀ ਅਤੇ ਇਟਲੀ ਵਿਚੋਂ ਆ ਸ਼ਾਮਲ ਹੋਈਆਂ। ਸਮੂਲਚੇ ਸਹਿਚਾਰੀ ਅਥਵਾ ਇਸ ਅਖੌਤੀ ਧਰਮ ਯੁੱਧ ਵਿਚ ਭਾਈਵਾਲ ਟੋਲੇ ਨੂੰ ਬਿਨਾਂ ਕਿਸੇ ਸ਼ਰਤ ਦੇ ਪਾਪ ਨਵਿਰਤੀ ਦੇ ਦਰਗਾਹੀ ਮਾਫ਼ੀ-ਨਾਮੇ ਦੇਣ ਦਾ ਵਾਅਦਾ ਕੀਤਾ ਗਿਆ ਜਿਵੇਂ ਫ਼ਲਸਤੀਨੀ ਇਸਲਾਮ ਦੇ ਵਿਰੁੱਧ ਸੰਨ 1095 ਵਿਚ ਕਰਾਸ (ਸਲੀਬ) ਚੁੱਕਣ ਵਾਲੇ ਧਰਮ ਯੋਧਿਆਂ ਪ੍ਰਤਿ ਕੀਤਾ ਗਿਆ ਸੀ। ਮਿਸਾਲ ਵਜੋਂ :

To all participants the same plenary indulgence was promised as to those took the cross for Palestine.

(The Age of the Faith, p. 774)

ਆਰੰਭ ਕਾਲ ਵਿਚ ਨਵਾਬ ਰੈਮੰਡ ਨੇ ਇਸ ਅਖੌਤੀ ਧਰਮ ਯੁੱਧ ਵਿਚ ਭਾਈਵਾਲ ਹੋਣੋਂ ਇਨਕਾਰ ਕੀਤਾ ਸੀ। ਜਿਸ ਦੇ ਪ੍ਰਤਿਕਰਮ ਉਸ ਨੂੰ ਅਤੇ ਉਸ ਦੇ ਹਾਮੀਆਂ ਨੂੰ ਈਸਾਈ ਸੰਗਠਨ ਵਿਚੋਂ ਛੇਕਿਆ ਗਿਆ ਔਰ ਇਨ੍ਹਾਂ ਦੀ ਸਮੁੱਚੀ ਸੰਪਤੀ ਉਨ੍ਹਾਂ ਈਸਾਈ ਲੋਕਾਂ ਨੂੰ ਇਨਾਮ ਵਜੋਂ ਦਿੱਤੀ ਗਈ ਜੋ ਨਵਧਰਮੀ ਭਗਤਾਂ ਦੇ ਵਿਰੁੱਧ ਸਰਵਨਾਸ਼ ਮੁਹਿੰਮ ਵਿਚ ਭਾਈਵਾਲ ਬਣੇ। ਪ੍ਰੰਤੂ ਭੈ ਅਤੇ ਲਾਲਚ ਦੇ ਅਧੀਨ ਰੈਮੰਡ ਆਪਣੇ ਸਾਥੀਆਂ ਸਮੇਤ 'ਗਿੱਲੀ' ਚਰਚ ਵਿਚ ਮਾਫ਼ੀ ਮੰਗ ਕੇ ਸਰਵਨਾਸ਼ ਮੁਹਿੰਮ ਵਿਚ ਸਹਿਜੋਗੀ ਬਣਿਆ। ਆਮ ਸਾਧਾਰਣ ਲੋਕ ਅਤੇ ਹੋਰ ਬਹੁਤ ਸਾਰੇ ਪਤਵੰਤੇ ਇਸ ਸਰਵਨਾਸ਼ ਧਰਮ ਯੁੱਧ ਦੇ ਵਿਰੋਧੀ ਸਨ। ਪ੍ਰੰਤੂ ਉਨ੍ਹਾਂ ਦੇ ਵਿਰੁੱਧ ਧਰਮ ਦੇ ਪਰਚਮ ਥੱਲੇ, ਈਸਾ ਜੀ ਦੀ ਸਲੀਬ ਦੇ ਨਾਮ ਥੱਲੇ, ਧਰਮ ਦੀ ਪਾਲਣਾ ਦੇ ਨਾਮ ਥੱਲੇ, ਅਬਿਬੇਕੀ ਢੰਗ ਦੁਆਰਾ ਵੀਹ ਹਜ਼ਾਰ (20,000) ਪੁਰਸ਼, ਇਸਤ੍ਰੀਆਂ ਅਤੇ ਬੱਚੇ ਕਤਲ ਕੀਤੇ ਗਏ। ਗ਼ਰਜ਼ੇਕਿ, ਈਸਾਈ ਧਰਮ ਯੋਧਿਆਂ (crusaders) ਨੇ ਧਰਮ ਦੇ ਨਾਮ ਥੱਲੇ ਈਸਾਈ ਭਾਈਚਾਰੇ ਨੂੰ ਭੀ ਮਾਫ਼ ਨਹੀਂ ਕੀਤਾ। ਉਕਤ ਦਰਸਾਏ ਅਖੌਤੀ ਧਰਮ ਯੁੱਧ ਪ੍ਰਤਿ ਅੱਖੀਂ ਡਿੱਠੀ ਗਾਥਾ ਇਕ ਈਸਾਈ ਮਹਾਤਮਾ ਕਾਇਸਾਰੀਅਸ (Caesarius) ਦੀ ਲਿਖਤ ਵਿਚੋਂ ਪੇਸ਼ ਕੀਤੀ ਜਾ ਰਹੀ ਹੈ ਕਿ ਧਰਮ ਯੁੱਧ ਦੇ ਨਾਮ ਥੱਲੇ ਮਨੁੱਖਤਾ ਦਾ ਸਰਵਨਾਸ਼ ਕਿਵੇਂ ਕੀਤਾ ਗਿਆ:

The crusaders scaled the walls, captured the town, and slew 20,000 men, women, and children in indiscriminate massacre; even those who had sought asylum in the church. Caesarius of Heisterbach, a Cistercian monk writing twenty years after, is our only authority for the story that when Arnaud, the papal legate, was asked should Catholics be spared, he answered, "Kill them all, for God knows His own." *(The Age of the Faith, p. 775)*

ਧਰਮ ਦੇ ਨਾਮ ਥੱਲੇ, ਅੱਲਹ ਕੇ ਨਾਮ ਪਰ, ਸ਼ਿਵ ਸੈਨਾ ਕੇ ਨਾਮ ਪਰ, ਬਜਰੰਗ ਕੇ ਨਾਮ ਪਰ, ਈਸਾ ਜੀ ਕੀ ਸਲੀਬ ਕੇ ਨਾਮ ਪਰ, ਵਾਹਿਗੁਰੂ ਦੀ ਰਚਨਾ ਦਾ ਸਰਵਨਾਸ਼ ਕਰਨਾ, ਕੀ ਇਹ ਧਰਮ ਦੀ ਨਗਰੀ ਹੈ ਜਾਂ ਧਰਮ ਦੇ ਭੁਲੇਖੇ ਸ਼ੈਤਾਨ ਦੇ ਥੈਲੇ ਵਿਚ ਸ਼ੈਤਾਨੀਅਤ ਦੀ ਸਮੱਗਰੀ ਸੰਚਨ ਕੀਤੀ ਜਾ ਰਹੀ ਹੈ? ਅਗਰ ਪੱਛਮੀ ਧਰਮਾਂ ਦਾ ਮੋਢੀ ਬਾਬਾ ਆਦਮ, ਸ਼ੈਤਾਨ ਦੀ ਲਪੇਟ ਵਿਚ ਆ ਸਕਦਾ ਹੈ ਤਦ ਕੋਈ ਐਸੀ ਹੈਰਾਨੀ ਦੀ ਗੱਲ ਨਹੀਂ ਹੈ ਕਿ ਉਸ ਦੀ ਔਲਾਦ ਭੀ ਸ਼ੈਤਾਨੀਅਤ ਦੇ ਬੰਦੀਖ਼ਾਨੇ ਵਿਚ ਨਾ ਜਕੜੀ ਜਾ ਸਕੇ। ਧਰਮ ਦਾ ਪੱਟਾ ਗਲੇ ਵਿਚ ਪਹਿਨ ਕੇ ਵਿਰੋਧੀਧਾਰਾ ਦਾ ਸਰਵਨਾਸ਼ ਕਰਨਾ ਕੀ ਇਹ ਧਰਮ ਹੈ ਜਾਂ... ?

ਇਕ ਪ੍ਰਸਿੱਧ ਲਿਖਾਰੀ ਸ਼ੈਲੀਅਰ ਮੇਕਰ (Schleir Machar) ਲਿਖਦਾ ਹੈ ਕਿ ਆਪਣੇ ਆਪ ਨੂੰ ਪਰਾਧੀਨ ਮੰਨ ਲੈਣਾ ਹੀ ਧਰਮ ਹੈ। "ਇਸ ਪਰਾਧੀਨਤਾ ਦੇ ਪਰਦੇ ਪਿੱਛੇ ਦੁਨਿਆਵੀ ਵਸਤੂਆਂ ਦਾ ਲਾਲਚ ਅਤੇ ਨਿਰਬਲ ਜੀਵਾਂ ਦੀ ਦੁਰਬਲਤਾ ਦਾ ਲਾਭ ਉਠਾਉਂਦੇ ਹੋਏ-ਉਨ੍ਹਾਂ ਦੀਆਂ ਗੌਰਵਮਈ ਜੀਵਨ ਰੀਤੀਆਂ ਦਾ ਘਾਣ ਕਰਨਾ ਅਤੇ ਉਨ੍ਹਾਂ ਨੂੰ ਨਿਜੀ ਦਮਨਤਾ ਦੇ ਅਧੀਨ ਖੀਣਤ ਕਰਨਾ ਹੈ।" ਪ੍ਰੰਤੂ ਗੁਰਮਤਿ ਦੇ ਦਾਇਰੇ ਵਿਚ ਧਰਮ ਦੀ ਪਰਿਭਾਸ਼ਾ ਦੁਨਿਆਵੀ ਸਮੱਗਰੀ ਦਾ ਲਾਲਚ ਜਾਂ ਦਮਨ-ਚੱਕਰ ਨਹੀਂ ਹੈ, ਬਲਕਿ ਸਤਿਗੁਰੂ ਸੱਚੇ ਪਾਤਿਸ਼ਾਹ ਦੀ ਦਰਸਾਈ ਸੰਗਤਿ ਵਿਚ ਜੁੜ ਕੇ, ਵਿਤਕਰਾ ਰਹਿਤ ਰੱਬੀ ਰਚਨਾ ਦੀ ਸੇਵਾ ਕਰਨੀ ਹੀ ਸਾਰੇ ਧਰਮਾਂ ਵਿਚੋਂ ਸ੍ਰੇਸ਼ਟ ਧਰਮ ਹੈ। ਸਾਰੇ ਕਰਮਾਂ ਤੋਂ ਉੱਤਮ ਕਰਮ ਹੈ। ਐਸੇ ਧਰਮ ਦੀ ਪ੍ਰਾਪਤੀ ਪ੍ਰਤਿ ਰੱਬੀ ਫ਼ਰਿਸ਼ਤੇ ਭੀ ਲੋਚਾ ਕਰਦੇ ਹਨ, ਜਿਵੇਂ :

ਸਗਲ ਧਰਮ ਮਹਿ ਊਤਮ ਧਰਮ ॥ ਕਰਮ ਕਰਤੂਤਿ ਕੈ ਊਪਰਿ ਕਰਮ ॥
ਜਿਸ ਕਉ ਚਾਹਹਿ ਸੁਰਿ ਨਰ ਦੇਵ ॥ ਸੰਤ ਸਭਾ ਕੀ ਲਗਹੁ ਸੇਵ ॥

(ਬਸੰਤੁ ਮ: ੫, 1182/14)

ਗੁਰਮਤਿ ਦੀ ਕਸਵੱਟੀ ਕੇਵਲ ਅਤੇ ਕੇਵਲ ਇਕ ਹੈ, ਉਹ ਕਸਵੱਟੀ ਹੈ ਕੇਵਲ ਇਕ ਵਾਹਿਗੁਰੂ ਅਤੇ ਉਸ ਦੀ ਸਰਬਵਿਆਪਕਤਾ। ਇਸ ਸਿਧਾਂਤ ਤੋਂ ਇਲਾਵਾ ਜੋ ਕੁਝ ਭੀ ਹੈ ਅਥਵਾ ਜੋ ਕੁਝ ਭੀ ਧਰਮ ਦੇ ਬੁਰਕੇ ਵਿਚ ਹੋ ਰਿਹਾ ਹੈ, ਇਹ ਸਭ ਕੁਝ ਮੁਲਕਗੀਰੀ ਦਾ ਲਾਲਚ ਅਤੇ ਰੱਬੀ ਜਨਤਾ ਦੀਆਂ ਇੱਛਾਵਾਂ ਦਾ ਦਮਨ ਹੈ। ਜਿਸ ਦੀ ਝਲਕ ਸੰਨ 1209-1215 ਦੇ ਧਰਮ ਯੁੱਧ ਚਿੱਤਰ ਵਿਚ ਪ੍ਰਤੱਖ ਤੌਰ 'ਤੇ ਵੇਖੀ ਜਾ ਸਕਦੀ ਹੈ। ਜਿਸ ਵਿਚ ਫ਼ਰਾਂਸ ਦੇਸ਼ ਦੇ ਸ਼ਹਿਰਾਂ ਦੇ ਸ਼ਹਿਰ ਵੱਡੇ ਵੱਡੇ ਕਸਬੇ ਸਾਲਾਂ-ਬੱਧੀ ਘੇਰੇ ਵਿਚ ਰੱਖ ਕੇ ਅੱਗਾਂ ਲਾ ਕੇ ਸਾੜ ਫੂਕ ਕੇ ਈਸਾਈ ਬਣਨ ਲਈ ਮਜਬੂਰ ਕੀਤੇ ਗਏ। ਜਿਨ੍ਹਾਂ ਵਿਚ ਸਮੇਂ ਦੇ ਪੋਪ ਦਾ ਸਭ ਤੋਂ ਮੋਢੀ ਅਤੇ ਵਫ਼ਾਦਾਰ ਵਿਅਕਤੀ ਸਾਇਮਨ (Simon de Montfort) ਦਾ ਜ਼ਿਕਰ ਵਿਸ਼ੇਸ਼ ਅੱਖਰਾਂ ਵਿਚ ਲਿਖਿਆ ਮਿਲਦਾ ਹੈ ਔਰ ਜੋ ਕੁਝ ਪੋਪ ਦੇ ਹੁਕਮ ਵਿਚ ਹੋ ਰਿਹਾ ਹੈ, ਸਭ ਕੁਝ ਈਸਾ ਜੀ ਦੇ ਨਾਮ 'ਤੇ ਹੋ ਰਿਹਾ ਹੈ।

ਸਾਇਮਨ ਸੰਨ 1170 ਵਿਚ ਫ਼ਰਾਂਸ ਦੇਸ਼ ਵਿਚ ਪੈਦਾ ਹੋਇਆ। ਇਸ ਨੇ ਫ਼ਲਸਤੀਨ ਵਿਚ ਭੀ ਯੁੱਧ ਲੜਿਆ ਪ੍ਰੰਤੂ ਮੁਸਲਮਾਨਾਂ ਤੋਂ ਹਾਰ ਖਾ ਕੇ ਫ਼ਰਾਂਸ ਵਿਚ ਪਰਤ ਆਇਆ। ਇਸ ਨੇ ਕੈਥਰੀਅਨ ਧਰਮਾਤਮਾ ਲੋਕਾਂ ਦੇ ਵਿਰੁੱਧ ਸ਼ਹਿਰਾਂ ਦੇ ਸ਼ਹਿਰ ਪਿੰਡਾਂ ਦੇ ਪਿੰਡ ਸਾੜ ਫੂਕ ਕੇ ਰਾਖ ਦੇ ਢੇਰ ਬਣਾ ਦਿੱਤੇ। ਆਮ ਲੋਕਾਂ ਨੂੰ ਆਖਿਆ ਕਿ ਤੁਹਾਡੇ ਵਾਸਤੇ ਦੋ ਰਸਤੇ ਹਨ, ਰੋਮਨ ਕੈਥੋਲਿਕ ਧਰਮ ਵਿਚ ਪ੍ਰਵੇਸ਼ਤਾ ਜਾਂ ਮੌਤ। ਜਿਵੇਂ :

With his small army of 4500 men, and urged on by the papal legate, he now assaulted Town after town, over came all resistance, and gave the population a choice between swearing allegiance to the Roman faith or suffering death as heretics.

(The Age of the Faith, p. 775)

ਪੋਪ ਅਤੇ ਉਸ ਦੇ ਪ੍ਰਤਿਨਿਧਾਂ ਦੇ ਹੁਕਮ ਦੁਆਰਾ ਸਾਇਮਨ ਨੇ ਧਰਮ ਦੀ ਚਾਦਰ ਪਹਿਨ ਕੇ ਫ਼ਰਾਂਸ ਦਾ ਬਹੁਤ ਸਾਰਾ ਇਲਾਕਾ ਨਿਜੀ ਕਬਜ਼ੇ ਵਿਚ ਕੀਤਾ। ਅਗਰ ਅਸੀਂ ਇਸ ਦਲੀਲ ਨੂੰ ਮੰਨ ਭੀ ਲਈਏ ਕਿ ਇਹ ਯੁਧ ਧਰਮ ਦੀ ਸੋਧ ਵਾਸਤੇ ਅਧਰਮੀਆਂ ਦੇ ਵਿਰੁੱਧ ਕੀਤਾ ਗਿਆ ਸੀ ਪ੍ਰੰਤੂ ਇਨੋਸੈਂਟ ਤੀਜੇ ਬਾਦਸ਼ਾਹ ਦੀਆਂ ਲਿਖਤਾਂ ਪ੍ਰਗਟ ਕਰਦੀਆਂ ਹਨ ਕਿ ਇਸ ਧਰਮ ਯੁੱਧ ਵਿਚ ਉਨ੍ਹਾਂ ਲੋਕਾਂ ਦਾ ਕਤਲੇਆਮ ਭੀ ਕੀਤਾ ਗਿਆ ਜੋ ਧਰਮ ਦੇ ਹਾਮੀ ਸਨ। ਆਮ ਧਰਮੀ ਲੋਕਾਂ ਨੂੰ ਅਤਿ ਰਾਖ਼ਸ਼ ਅਤੇ ਅਸੱਭਿਅਕ ਢੰਗ ਦੁਆਰਾ ਸਾੜਿਆ, ਫੂਕਿਆ ਅਤੇ ਕਤਲ ਕੀਤਾ ਗਿਆ। ਕੀ ਇਸ ਕਤਲ ਨੂੰ ਈਸਾਈ ਧਰਮ ਦੇ ਧਰਮ ਨੇਤਾ ਇਨਸਾਨੀ ਸੱਭਿਅਤਾ ਸਮਝਦੇ ਹਨ ? ਜਾਂ ਮੁਲਕਗੀਰੀ ਦੀ ਹਵਸ਼ ਤ੍ਰਿਪਤੀ ਵਾਸਤੇ ਧਰਮ ਕੇ ਨਾਮ ਪਰ, ਈਸਾ ਜੀ ਕੇ ਨਾਮ ਪਰ, ਸਲੀਬ ਕੇ ਨਾਮ ਪਰ, ਨਿਆਇ ਸੰਗਤਿ ਸਿਧ (justify) ਕਰਦੇ ਹਨ ? ਜਾਪਦਾ ਇੰਝ ਹੈ ਕਿ ਜਿਵੇਂ ਸਮੁੰਦਰੀ ਡਾਕੂਆਂ ਨੇ ਰਾਖਸ਼ੀ ਭੂਮਿਕਾ ਨਿਭਾਈ ਹੋਵੇ। ਉਕਤ ਖ਼ਿਆਲ ਦੀ ਹਾਮੀ ਬਾਦਸ਼ਾਹ ਇਨੋਸੈਂਟ ਦੀ ਲਿਖਤ ਦੁਆਰਾ ਵੇਖੀ ਜਾ ਸਕਦੀ ਹੈ :

Innocent III did not quite approve of these proceeding. He was shocked to find that the crusaders had appropriated the holding of men never guilty of heresy, and had robbed and murdered like savage buccaneers. *(The Age of the Faith, p. 775)*

ਈਸਾਈ ਧਰਮ ਦੇ ਅਨੁਸਾਰ ਧਰਮ ਪ੍ਰੀਖਿਆ ਝੰਡੇ ਥੱਲੇ ਧਰਮ ਯੁੱਧ ਦੀ ਕਾਰਵਾਈ ਨੂੰ ਉਚਿੱਤ ਜਾਂ ਵਾਜਿਬ ਕਿਵੇਂ ਸਮਝਿਆ ਜਾ ਸਕਦਾ ਹੈ ? ਇਸ ਗੰਭੀਰ ਸਮੱਸਿਆ ਨੂੰ ਸਹੀ ਢੰਗ ਦੁਆਰਾ ਸਮਝਣ ਹਿਤ, ਬਾਈਬਲੀਕਲ ਸਿਧਾਂਤ ਦੀ ਖੋਜ ਪੜਤਾਲ ਅਤਿ ਨਜ਼ਦੀਕੀ ਤਾਲ-ਮੇਲ ਦੁਆਰਾ ਕਰਨੀ ਜ਼ਰੂਰੀ ਹੀ ਨਹੀਂ, ਬਲਕਿ ਅਤਿ ਆਵਸ਼ਕ ਹੈ। *ਬਾਈਬਲ* ਵਿਚ ਇਕ ਲੇਖ ਆਇਆ ਹੈ ਕਿ ਹਰ ਈਸਾਈ ਆਪਣੇ ਗਵਾਂਢੀ ਪ੍ਰਤਿ ਐਸਾ ਵਰਤਾਉ ਕਰੇ ਜੈਸਾ ਕਿ ਉਹ ਦੂਜਿਆਂ ਕੋਲੋਂ ਆਪਣੇ ਲਈ ਇੱਛਾ ਰੱਖਦਾ ਹੈ। ਉਹ ਰੱਬ ਨੂੰ ਭੀ ਪਿਆਰ ਕਰੇ ਅਤੇ ਆਪਣੇ ਗਵਾਂਢੀ ਨੂੰ ਭੀ ਪਿਆਰ ਕਰੇ। ਬਹੁਤ ਹੀ ਸ੍ਰੇਸ਼ਟ ਸਿਧਾਂਤ ਹੈ। ਪ੍ਰੰਤੂ ਜਦੋਂ ਅਸੀਂ *ਬਾਈਬਲ* ਦੇ ਕੁਝ ਹੋਰ ਪੰਨੇ ਪੜ੍ਹਦੇ ਹਾਂ,

ਤਦ ਅਸਾਨੂੰ ਉਕਤ ਦਰਸਾਇਆ ਸਿਧਾਂਤ ਗਵਾਂਢੀ ਨੂੰ ਪਿਆਰ ਕਰਨ ਦੀ ਸਿੱਖਿਆ ਦੇ ਵਿਰੋਧਾਭਾਸ ਵਿਚ ਲਿਖਿਆ ਮਿਲਦਾ ਹੈ ਕਿ ਜੋ ਪ੍ਰਾਣੀ ਤੁਹਾਡੇ ਧਰਮ ਦੇ ਹਾਮੀ ਨਹੀਂ ਹਨ, ਉਨ੍ਹਾਂ ਨੂੰ ਸ਼ਹਿਰ ਵਿਚੋਂ ਕੱਢ ਦੇਵੋ ਜਾਂ ਉਨ੍ਹਾਂ ਨੂੰ ਪੱਥਰ ਮਾਰ ਮਾਰ ਕੇ ਮਾਰ ਦੇਵੋ, ਜਦੋਂ ਤਕ ਕਿ ਉਹ ਖ਼ਤਮ ਨਾ ਹੋ ਜਾਣ। ਇਹੀ ਕਾਰਣ ਹੈ ਕਿ ਕੁਝ ਸੁਹਿਰਦ ਈਸਾਈ ਲਿਖਾਰੀ ਇਹ ਲਿਖਣ ਲਈ ਮਜਬੂਰ ਹੋ ਗਏ ਕਿ *ਬਾਈਬਲ* ਰੱਬੀ ਬਾਣੀ ਨਹੀਂ ਹੈ ਬਲਕਿ ਕੁਝ ਇਨਸਾਨਾਂ ਦੀ ਲਿਖੀ ਹੋਈ ਮਨੋਕਲਪਤ ਗਾਥਾ ਹੈ। ਇਸ ਦੀਆਂ ਲਿਖਤਾਂ ਵਿਚ ਬਹੁਤ ਹੀ ਜ਼ਿਆਦਾ ਪਰਸਪਰ ਵਿਰੋਧਾਭਾਸ ਹੈ। ਸੁਹਿਰਦ ਪਾਠਕਾਂ ਦੀ ਵਧੇਰੇ ਜਾਣਕਾਰੀ ਹਿਤ, ਪਵਿੱਤਰ *ਬਾਈਬਲ* ਦੇ ਆਧਾਰ 'ਤੇ ਕੁਝ ਐਸੀਆਂ ਮਿਸਾਲਾਂ ਪੇਸ਼ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਜੋ ਗਵਾਂਢੀ ਨੂੰ ਪਿਆਰ ਕਰਨਾ ਭੀ ਦਰਸਾਂਦੀਆਂ ਹਨ, ਇਸੇ ਪੱਖ ਦੇ ਵਿਪਰੀਤ ਕਤਲ ਕਰਨ ਦੀ ਆਗਿਆ ਭੀ ਦਿੰਦੀਆਂ ਹਨ। ਸਭ ਤੋਂ ਪਹਿਲਾਂ ਗਵਾਂਢੀ ਪ੍ਰਤਿ ਪਿਆਰ ਦੀ ਗੱਲ ਲਿਖਦੇ ਹਾਂ, ਜੋ ਇਕ ਫ਼ੈਰਾਇਸੀ ਵਕੀਲ (Pharisees Lawyer) ਵਲੋਂ ਕੀਤੇ ਗਏ ਪ੍ਰਸ਼ਨ ਦੇ ਉੱਤਰ ਵਜੋਂ ਈਸਾ ਜੀ ਨੇ ਆਖੀ। ਜਿਵੇਂ :

36—"Teacher which is the great commandment in the Law ?"

37—And he said to him, "You shall love the Lord your God with all your heart, and with all your soul, and with all your mind. 38—This is the great and foremost commandment. 39—And a second is like it, you shall love your neighbour as yourself.

(New American, Mathew, 22 : 36-39)

ਉਕਤ ਦਰਸਾਈ ਅੰਜੀਲਕ ਧਾਰਾ ਬਹੁਤ ਹੀ ਅੱਛੀ ਸਿੱਖਿਆ ਹੈ, ਅਗਰ ਇਸ 'ਤੇ ਅਮਲ ਕੀਤਾ ਜਾਵੇ। ਉਕਤ ਦਰਸਾਈਆਂ ਚਾਰ ਤੁਕਾਂ ਨੂੰ *ਅੰਜੀਲ* ਦੇ ਪੰਨਿਆਂ ਵਿਚ ਛਪਾ ਕੇ ਈਸਾਈ ਧਰਮ ਨੇ ਦੁਨੀਆ ਦੇ ਹਰ ਇਕ ਕੋਨੇ ਕੋਨੇ ਵਿਚ ਇਤਨੇ ਨਿਰਦਈ ਅਤੇ ਰਾਖਸ਼ਵਾਦੀ ਅੱਤਿਆਚਾਰ ਕੀਤੇ ਹਨ ਜਿਨ੍ਹਾਂ ਨੂੰ ਲਿਖਣ ਲੱਗਿਆਂ ਲਿਖਾਰੀਆਂ ਦੀਆਂ ਕਲਮਾਂ ਟੁੱਟ ਜਾਂਦੀਆਂ ਹਨ ਔਰ ਇਸਲਾਮ ਦੇ ਕੀਤੇ ਜ਼ੁਲਮਾਂ ਨੂੰ ਬਹੁਤ ਹੀ ਪਿੱਛੇ ਛੱਡ ਜਾਂਦੀਆਂ ਹਨ।

ਗਵਾਂਢੀ ਨੂੰ ਆਪਣੇ ਵਾਂਗੂੰ ਪਿਆਰ ਕਰਨਾ ਬਹੁਤ ਹੀ ਅੱਛੀ ਅਤੇ ਸਤਿਕਾਰਤ ਧਾਰਾ ਹੈ। ਇਹ ਧਾਰਾ ਸਾਰੇ ਸੰਸਾਰ ਵਾਸਤੇ ਅਤਿ ਸੁਖਦਾਇਕ ਅਤੇ ਸਮੁੱਚੀ ਪ੍ਰਕਿਰਤੀ ਵਾਸਤੇ ਬਹੁਤ ਹੀ ਲਾਭਦਾਇਕ ਹੈ। ਪ੍ਰੰਤੂ ਇਸ ਧਾਰਾ ਦੇ 180 ਡਿਗਰੀ ਵਿਪਰੀਤ ਈਸਾ ਜੀ ਦੇ ਨਾਮ ਥੱਲੇ ਇਕ ਹੋਰ ਧਾਰਾ ਲਿਖੀ ਹੋਈ ਪ੍ਰਾਪਤ ਹੁੰਦੀ ਹੈ ਕਿ ਅਗਰ ਕੋਈ ਇਨਸਾਨ ਮੇਰੇ ਹੁਕਮ ਦਾ ਪਾਬੰਦ ਨਹੀਂ

ਹੈ, ਉਸ ਨੂੰ ਇਸ ਤਰ੍ਹਾਂ ਪਰੇ ਸੁੱਟ ਦੇਣਾ ਚਾਹੀਦਾ ਹੈ ਜਿਵੇਂ ਦਰੱਖ਼ਤ ਦੀ ਟਾਹਣੀ (ਵੱਢ ਕੇ) ਪਰੇ ਸੁੱਟੀ ਜਾਂਦੀ ਹੈ। ਉਹ ਸੁੱਕ ਜਾਵੇਗੀ ਫਿਰ ਉਸ ਨੂੰ ਅਗਨੀ ਵਿਚ ਸੁੱਟ ਕੇ ਜਲਾ ਦੇਣੀ ਚਾਹੀਦੀ ਹੈ। ਅਸਲੀ ਲਿਖਤ ਐਸੇ ਹੈ, ਜਿਵੇਂ :

6—If any one does not abide in Me, he is thrown away as a branch and dries up, and they gather them and cast them into the fire, and they are burned. *(New American, John, 15:6)*

ਈਸਾਈ ਮਤਿ ਦੇ ਪੁਰਾਤਨ ਨਿਯਮ ਵਿਚ ਵਿਰੋਧੀ ਧਰਮ ਦੇ ਲੋਕਾਂ ਵਾਸਤੇ ਅਤਿ ਹਾਨੀਕਾਰਕ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ ਕਿ ਜੋ ਇਨਸਾਨ ਬਾਈਬਲੀਕਲ ਰੱਬ ਨੂੰ ਨਹੀਂ ਮੰਨਦਾ ਉਹ ਕਾਫ਼ਰ ਹੈ, ਉਸ ਨੂੰ ਬਹੁਤ ਹੀ ਧਿਆਨ-ਪੂਰਵਕ ਢੰਗ ਦੁਆਰਾ ਨਿਰੀਖਣ ਕਰਨਾ ਚਾਹੀਦਾ ਹੈ। ਅਗਰ ਤਿੰਨ ਪ੍ਰਸੰਸਾਯੋਗ ਬੰਦੇ ਉਸ ਦੇ ਵਿਰੁੱਧ ਗੁਆਹੀ ਦੇਣ ਕਿ ਇਹ ਕਾਫ਼ਰ ਹੈ ਅਤੇ ਕਿਸੇ ਹੋਰ ਧਰਮ ਦੀ ਪਾਲਣਾ ਕਰਦਾ ਹੈ, ਐਸੇ ਕਾਫ਼ਰ ਇਨਸਾਨ ਨੂੰ ਨਗਰੀ ਵਿਚੋਂ ਕੱਢ ਦੇਣਾ ਚਾਹੀਦਾ ਹੈ ਅਤੇ ਪੱਥਰਾਂ ਦੀ ਮਾਰ ਐਸੀ ਮਾਰੋ ਜਦੋਂ ਤਕ ਕਿ ਉਹ ਮਰ ਨਾ ਜਾਵੇ। ਇਸ ਖ਼ਿਆਲ ਦੀ ਵਾਸਤਵਿਕ ਰੂਪ-ਰੇਖਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

2—If there is found in your midst, in any of your towns, which the Lord your God is giving you, a man or a woman who does what is evil in the sight of the Lord your God, by transgressing His covenant.

3—And has gone and served other gods and worshiped them, or the sun or the moon or any of the heavenly host, which I have not commanded.

4—And if it is told you and you have heard of it, then you shall inquire thoroughly. And behold, if it is true and the thing certain that his detestable thing has been done in Israel.

5—Then you shall bring out that man or that woman who have done this evil deed, to your gates, that is, the man or the woman, and shall stone them to death.

(See, New American, Deut, 17:2-5)

ਪੁਰਾਤਨ ਸਮੇਂ ਯੂਨਾਨ ਦੇਸ਼ ਵਿਚ ਇਕ ਕਾਨੂੰਨ ਬਣਾਇਆ ਗਿਆ ਜਿਸ ਦਾ ਨਾਮ ਐਸੇਬੀਆ (Asebeia) ਕਰ ਕੇ ਲਿਖਿਆ ਮਿਲਦਾ ਹੈ। ਇਸ ਕਾਨੂੰਨ ਦੀ ਧਾਰਾ ਦੇ ਆਧਾਰ 'ਤੇ ਅਗਰ ਕੋਈ ਭੀ ਇਨਸਾਨ ਰੱਬ ਦੀ ਮਾਨਤਾ ਨਹੀਂ ਕਰਦਾ ਸੀ ਉਸ ਨੂੰ ਅਤਿ ਗੰਭੀਰ ਜੁਰਮ ਦੇ ਨੀਚੇ ਮੌਤ ਦੀ ਸਜ਼ਾ ਦਿੱਤੀ ਜਾਂਦੀ

ਸੀ। ਇਹੀ ਉਹ ਕਾਨੂੰਨ ਸੀ ਜਿਸ ਦੇ ਆਧਾਰ 'ਤੇ ਸੁਕਰਾਤ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਰੋਮਨ ਸ਼ਾਸਨ ਦੇ ਨਿਆਂਪਾਲਕ ਅਪਰਾਧੀ ਵਿਅਕਤੀ ਦੀ ਜਾਂਚ-ਪੜਤਾਲ (inquiry) ਕਰਦੇ ਸਨ। ਇਹੀ ਉਹ ਸਮਾਂ ਸੀ ਜਿਥੋਂ ਇਨਕਯੁਜ਼ੀਸ਼ਨ (inquisition) ਦਾ ਸ਼ਬਦ ਹੋਂਦ ਵਿਚ ਆਇਆ। ਇਸੇ ਵਿਧਾਨ ਦੇ ਅਧੀਨ ਬਹੁਤ ਹੀ ਵੱਡੇ ਵੱਡੇ ਗਿਆਨਵਾਨ ਲੋਕਾਂ ਨੂੰ ਕਾਫ਼ਰ ਹੋਣ ਦੇ ਦੋਸ਼ੀ ਠਹਿਰਾ ਕੇ ਅਤਿ ਭੱਦੇ ਢੰਗ ਦੁਆਰਾ ਮੌਤ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਜਿਨ੍ਹਾਂ ਵਿਚ ਮੈਨੀਚੀਨ (Manicheans) ਨਾਮੀ ਵਿਦਵਾਨ ਅਤੇ ਉਸ ਦੇ ਸਾਥੀਆਂ ਦਾ ਨਾਮ ਵਿਸ਼ੇਸ਼ ਧਿਆਨ ਦਾ ਮੁਹਤਾਜ ਹੈ। ਫ਼ਰਾਂਸ ਦੇ ਬਾਦਸ਼ਾਹ ਲੀਓ ਨੌਵੇਂ (Leo IX) ਨੇ ਰੱਬ ਨੂੰ ਨਾ ਮੰਨਣ ਵਾਲੇ ਕਾਫ਼ਰਾਂ ਦੀ ਸੁਧਾਈ ਵਾਸਤੇ, ਪੰਥ 'ਚੋਂ ਛੇਕ ਦੇਣ ਦੀ ਸਜ਼ਾ ਚਾਲੂ ਕੀਤੀ ਸੀ ਪ੍ਰੰਤੂ ਪਾਦਰੀ ਜੁੰਡਲੀ ਇਸ ਢੰਗ ਨਾਲ ਸਹਿਮਤ ਨਹੀਂ ਸੀ। ਪ੍ਰੋਹਤਵਾਦੀ ਪਾਦਰੀਆਂ ਦੇ ਗਰੁੱਪ ਨੇ ਇਤਨਾ ਵਾਦ-ਵਿਵਾਦ ਕੀਤਾ ਕਿ ਕਾਫ਼ਰ ਪ੍ਰੀਖਿਆ ਵਿਧਾਨ ਜਸਟਨ ਬਾਦਸ਼ਾਹੀ ਕਾਨੂੰਨ ਦੀ ਪੰਜਵੀਂ ਧਾਰਾ ਦੀ ਨਕਲ ਹੂਬਹੂ ਲਾਗੂ ਕੀਤੀ ਗਈ। ਤੇਰ੍ਹਵੀਂ ਸਦੀ ਦੇ ਆਰੰਭ ਵਿਚ ਪਾਦਰੀ ਜੁੰਡਲੀ ਨੇ ਇਹ ਕਾਫ਼ਰ ਪ੍ਰੀਖਿਆ ਕਾਨੂੰਨ ਆਪਣੇ ਹੱਥਾਂ ਵਿਚ ਲੈ ਆਂਦਾ। ਇਸ ਵਿਧਾਨ ਦੀ ਸਭ ਤੋਂ ਪਹਿਲੀ ਵਰਤੋਂ ਫ਼ਰੈਡਰਿਕ ਦੂਜੇ ਦੀ ਘਿਰਣਤ ਮੌਤ ਦੁਆਰਾ ਆਰੰਭ ਕੀਤੀ ਗਈ, ਕਿਉਂਕਿ ਫ਼ਰੈਡਰਿਕ ਪੋਪ ਸੰਸਥਾ ਦਾ ਵਿਰੋਧੀ ਸੀ। ਇਤਿਹਾਸ ਦੇ ਪੰਨੇ ਇਸ ਗਾਥਾ ਦੀ ਹਾਮੀ ਭਰਦੇ ਹਨ, ਜਿਵੇਂ:

> Finally, in the thirteen century, the church took over the law of its greatest enemy, Fredrick II, that heresy should be punished with death.
>
> *(The Age of the Faith, p. 777)*

ਇਸ ਕਾਨੂੰਨ ਦੇ ਅਧੀਨ ਜੋ ਕੋਈ ਇਨਸਾਨ ਕਿਸੇ ਚਰਚ ਜਾਂ ਰੋਮਨ ਕੈਥੋਲਿਕ ਧਰਮ ਦੀ ਵਿਰੋਧਤਾ ਕਰੇ, ਉਹ ਰੱਬ ਦੇ ਵਿਰੁੱਧ ਵੱਡਾ ਜੁਰਮ, ਵੱਡਾ ਕਾਫ਼ਰ ਅਤੇ ਹੱਠਧਰਮੀ ਸ਼ੈਤਾਨ ਦਾ ਏਲਚੀ ਸਮਝਿਆ ਜਾਂਦਾ ਸੀ। ਅਗਰ ਕੋਈ ਭੀ ਇਨਸਾਨ ਜਾਂ ਸਰਕਾਰ ਕਿਸੇ ਭੀ ਕਾਫ਼ਰ ਦੀ ਸਹਾਇਤਾ ਕਰੇਗੀ, ਉਹ ਸ਼ੁਕਰ ਗ੍ਰਹਿ ਵਾਂਗੂ ਸ਼ੈਤਾਨ ਸਮਝਿਆ ਜਾਵੇਗਾ। ਈਸਾਈ ਧਰਮ ਈਸਾਈ ਵਿਰੋਧੀਆਂ ਦੇ ਵਿਰੁੱਧ ਉਹੀ ਸਲੂਕ ਕਰੇਗਾ ਜਿਵੇਂ ਸਮੇਂ ਦੀ ਸਰਕਾਰ ਰਾਜ ਵਿਦਰੋਹੀਆਂ ਦੇ ਵਿਰੁੱਧ ਕਰਦੀ ਹੈ। ਸਮੇਂ ਦੀ ਸਰਕਾਰ ਅਤੇ ਪਾਦਰੀਆਂ ਵਲੋਂ ਕੀਤੀ ਹੋਈ ਐਸੀ ਹੱਠਧਰਮੀ ਅਤੇ ਆਪ-ਹੁਦਰੀ ਚੁਣੌਤੀ ਨੂੰ ਧਿਆਨ ਵਿਚ ਰੱਖਦਿਆਂ ਬਾਦਸ਼ਾਹ ਇਨੋਸੈਂਟ ਤੀਸਰੇ ਨੇ ਪਾਦਰੀ ਜੁੰਡਲੀ ਦੇ ਹੱਕ ਵਿਚ ਇਕ ਸਰਕਾਰੀ ਏਲਾਨ ਕੀਤਾ ਕਿ ਜੋ ਲੋਕ ਈਸਾ ਜੀ ਦੇ ਦਰਸਾਏ ਧਰਮ ਦੇ ਵਿਰੁੱਧ ਹਨ, ਉਹ ਦਗੇਬਾਜ਼ ਅਤੇ ਰਾਜ-ਵਿਦਰੋਹੀ ਹਨ। ਇਨ੍ਹਾਂ ਲੋਕਾਂ ਦੀ ਸਾਰੀ

ਜਾਇਦਾਦ ਅਤੇ ਮਾਲੋ ਦੌਲਤ ਕੁਰਕ ਕੀਤਾ ਜਾਵੇ, ਇਨ੍ਹਾਂ ਨੂੰ ਮੌਤ ਦੇ ਘਾਟ ਉਤਾਰਿਆ ਜਾਵੇ। ਇਹ ਅਟੱਲ ਸੱਚਾਈ ਹੈ ਕਿ ਰਾਜ ਤੋਂ ਬਿਨਾਂ ਧਰਮ ਨਹੀਂ ਚੱਲ ਸਕਦਾ। ਜੇਕਰ ਉਸ ਸਮੇਂ ਇਨੋਸੈਂਟ ਤੀਜਾ ਈਸਾਈ ਪਾਦਰੀਆਂ ਦੀ ਸਹਾਇਤਾ ਨਹੀਂ ਕਰਦਾ, ਤਦ ਸਾਰੇ ਯੌਰਪ ਵਿਚੋਂ ਈਸਾਈ ਧਰਮ ਦਾ ਸਫ਼ਾਇਆ ਹੋ ਰਿਹਾ ਸੀ। ਇਨੋਸੈਂਟ ਬਾਦਸ਼ਾਹ ਦੇ ਐਲਾਨ ਨੇ ਈਸਾਈ ਮਤਿ ਦੀ ਉਜੜੀ ਹੋਈ ਨਗਰੀ ਦੋਬਾਰਾ ਵਸਾ ਦਿੱਤੀ। ਬਾਦਸ਼ਾਹ ਦੇ ਬਿਆਨ ਨਿਮਨ ਲਿਖਤ ਦੇ ਆਧਾਰ 'ਤੇ ਵੇਖੇ ਜਾ ਸਕਦੇ ਹਨ, ਜਿਵੇਂ:

Said Innocent III, "Punishes traitors with confiscation of their property, and death... All the more, then, should be excommunicate, and confiscate the property of those who are traitor to the faith of Jesus Christ; for it is an infinitely greater sin to offend the divine majesty than to attack the majesty of sovereign." *(The Age of the Faith, p. 777)*

ਕੀ ਇਨਸਾਨ ਜਮਾਂਦਰੂ ਤੌਰ 'ਤੇ ਘਿਰਣਾ ਦਾ ਭੰਡਾਰਾ ਹੈ? ਨਹੀਂ, ਹਰ ਇਨਸਾਨ ਜਮਾਂਦਰੂ ਤੌਰ 'ਤੇ ਇਕ ਪਾਕਦਾਮਨ ਅਤੇ ਸ਼ੁਭ ਵਿਚਾਰਾਂ ਦਾ ਭੰਡਾਰਾ ਹੁੰਦਾ ਹੈ। ਪ੍ਰੰਤੂ ਚੌਤਰਫ਼ੀ ਵਾਤਾਵਰਣ ਦੇ ਅਧੀਨ ਇਨਸਾਨ ਦੀ ਜ਼ਿੰਦਗੀ ਦਾ ਤਰਜ਼ੇ-ਅਮਲ ਤਬਦੀਲ ਹੁੰਦਾ ਰਹਿੰਦਾ ਹੈ। ਜਿਵੇਂ ਹਰ ਜੀਵ ਦਾ ਸਰੀਰਕ ਆਹਾਰ ਉਸ ਦਾ ਭੋਜਨ ਹੁੰਦਾ ਹੈ, ਖਾਧ-ਖ਼ੁਰਾਕ ਦੀ ਸਮੱਗਰੀ ਕਿਸੇ ਭੀ ਹਟਵਾਣੇ ਦੀ ਦੁਕਾਨ ਤੋਂ ਖ਼ਰੀਦੀ ਜਾ ਸਕਦੀ ਹੈ, ਪ੍ਰੰਤੂ ਹਰ ਇਨਸਾਨ ਦਾ ਮਾਨਸਿਕ ਭੋਜਨ ਕਰਿਆਨੇ ਦੀ ਦੁਕਾਨ ਤੋਂ ਉਪਲਬਧ ਨਹੀਂ ਕੀਤਾ ਜਾ ਸਕਦਾ। ਜਿਵੇਂ ਜਿਸਮਾਨੀ ਭੋਜਨ ਕਿਸੇ ਹਟਵਾਣੇ ਦੀ ਦੁਕਾਨ ਤੋਂ ਪ੍ਰਾਪਤ ਹੁੰਦਾ ਹੈ, ਬਿਲਕੁਲ ਇਸੇ ਤਰ੍ਹਾਂ ਅਸਾਡੇ ਮਨ ਦਾ ਭੋਜਨ ਅਸਾਡੇ ਵਾਤਾਵਰਣ ਵਿਚੋਂ ਪ੍ਰਾਪਤ ਹੁੰਦਾ ਹੈ। ਜੈਸਾ ਵਾਤਾਵਰਣ ਤੈਸੀ ਆਦਤ, ਜੈਸੀ ਆਦਤ ਤੈਸਾ ਜੀਵਨ ਵਤੀਰਾ, ਜੈਸਾ ਜੀਵਨ ਵਤੀਰਾ ਤੈਸਾ ਆਚਰਣ, ਜੈਸਾ ਆਚਰਣ ਤੈਸੀ ਮਨੁੱਖਤਾ। ਸਿੱਟਾ ਇਹ ਨਿਕਲਿਆ ਕਿ ਅਸਾਡੇ ਮਨੁੱਖਤਵ ਦੀ ਮੂਲਿਕ ਸ਼ਿਲਾ ਅਸਾਡਾ ਵਾਤਾਵਰਣ ਅਥਵਾ ਅਸਾਡੀ ਸੰਗਤਿ ਕੁਸੰਗਤਿ 'ਤੇ ਨਿਰਭਰ ਹੁੰਦਾ ਹੈ। ਜੋ ਇਨਸਾਨ ਜੈਸੀ ਸੰਗਤ ਕਰੇਗਾ, ਤੈਸਾ ਫਲ ਪ੍ਰਾਪਤ ਹੋਵੇਗਾ। ਇਹੀ ਵਿਸ਼ੇਸ਼ ਕਾਰਣ ਹੈ ਕਿ ਪਾਵਨ ਗੁਰਬਾਣੀ ਦੁਆਰਾ ਬਾਰ ਬਾਰ ਇਸ ਇਨਸਾਨ ਪ੍ਰਤਿ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਐ ਜੀਵ! ਤੂੰ ਸੁਅਸਤਅਵਸਥੀ ਵਾਤਾਵਰਣ ਵਿਚ ਰਿਹਾ ਕਰ, ਤਾਂਕਿ ਤੇਰੇ ਜੀਵਨ ਦੀ ਮਾਨਸਿਕ-ਸ਼ੈਲੀ ਫ਼ਰਸ਼ਾਂ ਦੀ ਪੱਧਰ ਤੋਂ ਪ੍ਰਵਾਜ਼ ਕਰਦੀ ਹੋਈ ਅਰਸ਼ਾਂ ਦੀ ਵਸਨੀਕ ਹੋ ਨਿਬੜੇ। ਜਿਵੇਂ:

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥੮੬॥

(ਕਬੀਰ ਜੀ, ਪੰਨਾ 1369/1)

ਅਗਰ ਇਨਸਾਨ ਕਿਸੇ ਖ਼ਾਸ ਸੁਲਝੇ ਹੋਏ ਵਾਤਾਵਰਨ ਵਿਚ ਜੀਵਨ ਬਤੀਤ ਕਰਦਾ ਹੈ, ਤਦ ਉਸ ਦੇ ਜੀਵਨ ਵਿਚ ਗਵਾਂਢੀ ਧਰਮਾਂ ਵਾਸਤੇ ਵਿਚਾਰਸ਼ੀਲਤਾ ਅਤੇ ਧਾਰਮਕ ਸਹਿਨਸ਼ੀਲਤਾ (religious tolerance) ਦਾ ਪ੍ਰਵੇਸ਼ ਕਰਨਾ ਇਕ ਸਾਧਾਰਨ ਅਥਵਾ ਸਵੈਮ ਉਪਜ-ਅਵਸਥਾ ਹੀ ਆਖੀ ਜਾ ਸਕਦੀ ਹੈ। ਅਸਾਡਾ ਵਾਤਾਵਰਨ ਕਿਸੇ ਦੂਸਰੇ ਇਨਸਾਨ ਨੇ ਕਦੀ ਭੀ ਅਸਾਡੀ ਖ਼ਾਤਰ ਨਹੀਂ ਉਲੀਕਣਾ, ਇਹ ਤਾਂ ਨਿਰੋਲ ਅਸਾਡੀ ਨਿਜੀ ਸਮੱਸਿਆ ਹੈ ਕਿ ਅਸੀਂ ਆਪਣੇ ਵਾਤਾਵਰਨ ਨੂੰ ਸਹੀ ਅਤੇ ਸੁਅਸਤਅਵਸਥੀ ਦਾਇਰੇ ਵਿਚ ਉਲੀਕੀਏ। ਅਸਾਡਾ ਇਰਾਦਾ ਇਤਨਾ ਦ੍ਰਿੜ੍ਹ ਹੋ ਜਾਵੇ ਕਿ ਅਸਾਂ ਇਕ ਸੁਲਝਿਆ ਹੋਇਆ ਵਾਤਾਵਰਣ ਉਲੀਕਣਾ ਹੈ। "I will make it happen." ਸੁਲਝੇ ਹੋਏ ਵਾਤਾਵਰਣ ਪ੍ਰਤਿ ਕੇਵਲ ਇੱਛਾ ਹੀ ਨਹੀਂ ਰੱਖਣੀ ਚਾਹੀਦੀ, ਬਲਕਿ ਕਰਤੱਵਸ਼ੀਲਤ ਵਿਅਕਤੀ ਬਣਨਾ ਹੈ। "Be a doer, not a wisher, hoper or critic."

ਜੋ ਕਰਤੱਵਸ਼ੀਲਤ ਇਨਸਾਨ ਹੈ, ਉਸ ਦੇ ਪਾਸ ਇਤਨਾ ਸਮਾਂ ਹੀ ਨਹੀਂ ਹੁੰਦਾ ਕਿ ਉਹ ਦੂਸਰਿਆਂ ਪ੍ਰਤਿ ਕਿੰਤੂ ਪ੍ਰੰਤੂ ਕਰੇ। ਕੁਝ ਪ੍ਰਾਣੀ ਐਸੇ ਭੀ ਹੁੰਦੇ ਹਨ ਜੋ ਤੁਹਾਡੀ ਸਹਾਇਤਾ ਦੀ ਆਸ ਰੱਖਦੇ ਹਨ, ਆਲੋਚਨਾ ਕਰਨ ਦੀ ਬਜਾਏ ਉਨ੍ਹਾਂ ਦੀ ਸਹਾਇਤਾ ਕਰਨਾ ਹੀ ਨਿਜੀ ਵਾਤਾਵਰਣ ਦੀ ਪਵਿੱਤ੍ਰਤਾ ਹੈ। ਗਲੋਬੋ ਨਗਰੀ ਦਾ ਮਾਨਸਿਕ ਵਾਤਾਵਰਣ ਦੂਸ਼ਤ ਹੋਣ ਕਰਕੇ ਹੀ ਉਕਤ ਦਰਸਾਈਆਂ ਮਜ਼ਹਬੀ ਜੰਗੋ-ਜਦਲ ਜੈਸੀਆਂ ਘਿਰਣਤ ਕਰਤੂਤਾਂ ਇਨਸਾਨ ਦੇ ਜੀਵਨ ਦਾ ਬਿਗੜ ਰੂਪ ਅਤੇ ਦੂਸ਼ਤ ਚਿੱਤਰ ਪੇਸ਼ ਕਰਦੀਆਂ ਹਨ। ਇਹੀ ਕਾਰਣ ਸੀ ਕਿ ਫ਼ਰਾਂਸ ਅਤੇ ਇਟਲੀ ਜੈਸੇ ਦੇਸ਼ਾਂ ਵਿਚ ਧਾਰਮਕ ਭਿੰਨਤਾ ਰੱਖਣ ਵਾਲੇ ਓਪਰੇ ਖ਼ਿਆਲ ਦੇ ਲੋਕਾਂ ਪ੍ਰਤਿ ਇਨ੍ਹਾਂ ਦੇ ਵਾਤਾਵਰਣ ਵਿਚ ਤਨਕ-ਮਾਤਰ ਭੀ ਗੁੰਜਾਇਸ਼ ਨਹੀਂ ਸੀ। ਧਰਮ ਦੇ ਨਾਮ ਥੱਲੇ ਅਸੂਝ ਲੋਕਾਂ ਦੇ ਬਣੇ ਹੋਏ ਝੁੰਡ, ਦੂਸਰਿਆਂ ਪ੍ਰਤਿ ਇਤਨੀ ਘਿਰਣਾ ਰੱਖਦੇ ਸਨ ਕਿ ਉਨ੍ਹਾਂ ਦੀ ਸੁਭਾਵਕ ਅਨੁਭਵਤਾ ਹੀ ਐਸੀ ਬਣ ਚੁੱਕੀ ਸੀ ਕਿ ਵਿਰੋਧੀ ਧਰਮਾਂ ਦੇ ਲੋਕਾਂ ਵਾਸਤੇ ਉਨ੍ਹਾਂ ਦੀ ਧਾਰਮਕ ਸਹਿਨਸ਼ੀਲਤਾ ਦਮ ਤੋੜ ਚੁੱਕੀ ਸੀ। ਇਹ ਜੁਰਮ ਉਨ੍ਹਾਂ ਦਾ ਨਹੀਂ, ਬਲਕਿ ਉਨ੍ਹਾਂ ਮਜ਼ਹਬੀ ਪੇਸ਼ਵਾ ਦਾ ਸੀ ਜਿਨ੍ਹਾਂ ਨੇ ਜਨਤਾ ਦੇ ਵਾਤਾਵਰਣ ਨੂੰ ਭ੍ਰਿਸ਼ਟ (contaminate) ਕੀਤਾ। ਭ੍ਰਿਸ਼ਟੀ ਵਾਤਾਵਰਣ ਵਿਚ ਰਹਿਣ ਵਾਲੇ ਲੋਕ ਹੀ ਹੁੰਦੇ ਹਨ ਜੋ ਵਿਰੋਧੀ ਖ਼ਿਆਲਾਂ ਦਾ ਕਤਲੇਆਮ ਹਮੇਸ਼ਾ ਹੀ ਕਰਦੇ ਰਹੇ ਹਨ। ਦੱਖਣੀ ਫ਼ਰਾਂਸ ਅਤੇ ਉਤਰੀ ਇਟਲੀ ਦੇ ਲੋਕਾਂ ਤੋਂ ਬਿਨਾਂ

ਬਾਕੀ ਸਾਰੇ ਲੋਕਾਂ ਨੇ ਵਾਤਾਵਰਣੀ ਵਿਗਾੜ ਦੇ ਅਧੀਨ ਕੈਥਰੀ ਧਰਮੀਆਂ ਦੇ ਵਿਰੁੱਧ ਕਤਲੇਆਮ ਵਿਚ ਵਧ ਚੜ੍ਹ ਕੇ ਭਾਗ ਪਾਇਆ। ਜਿਵੇਂ ਮਿਸਾਲ ਵਜੋਂ :

The people themselves, except in southern France and northern Italy, were the most enthusiastic persecutors; "the mob lynched heretics long before the Church began to persecute."

(The Age of the Faith, p.777)

ਸਮੇਂ ਦੀਆਂ ਸਰਕਾਰਾਂ ਅਥਵਾ ਰਾਜਨੀਤਕ ਵਿਅਕਤੀਆਂ ਦਾ ਮਨੋਰਥ ਧਰਮ ਪਾਲਣਾ ਨਹੀਂ ਹੁੰਦਾ, ਗ਼ਰਜ਼ੇਕਿ, ਉਨ੍ਹਾਂ ਦਾ ਮਨੋਰਥ ਸ਼ਾਸਨਿਕ ਦਮਨ ਅਤੇ ਸ਼ਕਤੀ ਦੀ ਪ੍ਰਾਪਤੀ ਹੁੰਦਾ ਹੈ। ਰਾਜਨੀਤਕ ਲੋਕਾਂ ਦਾ ਅਨੁਮਾਨ ਸੀ ਕਿ ਚਰਚ ਅਤੇ ਪਾਦਰੀ ਪ੍ਰਣਾਲੀ ਦੀ ਸਹਾਇਤਾ ਤੋਂ ਬਿਨਾਂ ਕੈਥਰੀਨ ਕ੍ਰਾਂਤੀ 'ਤੇ ਕਾਬੂ ਨਹੀਂ ਪਾਇਆ ਜਾ ਸਕਦਾ। ਅਗਰ ਕੈਥਰੀਨ ਧਰਮ ਦੇ ਲੋਕਾਂ ਦਾ ਸਰਬਨਾਸ਼ ਨਾ ਕੀਤਾ ਗਿਆ, ਹੋ ਸਕਦਾ ਹੈ ਕਿ ਇਹ ਲੋਕ ਧਾਰਮਕ ਚੋਗਾ/ਚੋਲਾ ਪਹਿਨ ਕੇ ਸ਼ਾਸਨਿਕ ਹੱਦਬੰਦੀ ਦੀਆਂ ਸੀਮਾਂ ਉਲੰਘਦੇ ਹੋਏ ਰਾਜਨੀਤਕ ਘੜੀਆਂ ਨੂੰ ਪੁੱਠੇ ਗੇੜੇ ਦੇ ਜਾਣ। ਇਸੇ ਦੁਚਿੱਤੀ ਘੁੰਮਣਘੇਰੀ ਵਿਚ ਵਿਚਰਦੇ ਹੋਏ ਰਾਜਨੀਤਕ ਲੋਕਾਂ ਨੇ ਈਸਾਈ ਚਰਚਾਂ ਦੀ ਵਰਤੋਂ ਈਸਾ ਜੀ ਦੇ ਨਾਮ ਥੱਲੇ ਕੀਤੀ। ਪਾਦਰੀ ਲੋਕਾਂ ਨੇ ਧਾਰਮਕ ਅਤੇ ਜਨੂੰਨਿਕ ਅਗਨੀ ਨੂੰ ਬੁਝਾਵਨ ਹਿਤ, ਰਾਜਨੀਤਕ ਲੋਕਾਂ ਨਾਲ ਜੁੜ ਕੇ ਕੈਥਰੀਨ ਧਰਮੀਆਂ ਦਾ ਸਰਵਨਾਸ਼ ਕਰਨਾ ਹੀ ਧਾਰਮਕ ਦਾਵਾਨਲ ਦਾ ਅਉਖਧ ਸਮਝਿਆ। ਇਸੇ ਨੀਤੀ ਦੇ ਆਧਾਰ 'ਤੇ ਰਾਜਨੀਤਕ ਅਤੇ ਧਾਰਮਕ ਪੇਸ਼ਵਾ ਭੋਲੀ ਜਨਤਾ ਨੂੰ ਵਰਤਦੇ ਹੋਏ ਕੈਥਰੀਨ ਧਰਮੀਆਂ ਦੇ ਸਰਬਨਾਸ਼ ਹਿਤ, ਰਣ-ਖੇਤਰ ਵਿਚ ਆਣ ਜੁੜੇ, ਜਿਸ ਦੀਆਂ ਕੁਝ ਮਿਸਾਲਾਂ ਲਿਖਤੀ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਕੈਥਰੀ ਧਰਮੀਆਂ ਨੂੰ ਈਸਾ ਵਿਰੋਧੀ ਅਤੇ ਰੱਬ ਦੇ ਸ਼ਤਰੂ ਹੋਣ ਦਾ ਫ਼ਤਵਾ ਦਿੱਤਾ ਗਿਆ। ਇਥੋਂ ਹੀ ਧਰਮ ਨਿਰੀਖਣਤਾ ਦਾ ਆਰੰਭ ਹੁੰਦਾ ਹੈ। ਜੋ ਸੂਹੇ ਰੰਗ ਦੇ ਦਾਮਨ ਵਿਚ ਇਨਸਾਨੀ ਕਤਲੇਆਮ ਦੀ ਭੇਦ ਭਰੀ ਦਾਸਤਾਂ ਲਪੇਟੀ ਬੈਠਾ ਹੈ, ਜਿਵੇਂ :

The state with some reluctance, joined in persecuting heretic because it feared that government would be impossible without the aid of a Church inculcating a unified religious belief. Moreover, it suspected religious heresy to be a cloak for political radicalism and was not always wrong. Material consideration may have played a part, for religious or political heresy theratened the possession of Chruch and state. The public opinion of the upper

classes again excepting languedoc (without permission of French upper class people) demanded the extirpation of heresy at any cost. "Church and state agreed that impenitent heresy was trason and should punished with death."

(The Age of the Faith, pp. 778-79)

ਸੰਨ 1227 ਵਿਚ ਪੋਪ ਗਰੇਗੋਰੀ ਨੌਵਾਂ, ਪੋਪ ਦੀ ਗੱਦੀ 'ਤੇ ਆਣ ਬੈਠਾ। ਉਸ ਨੇ ਅਨੁਭਵ ਕੀਤਾ ਕਿ ਕੈਥਰੀ ਧਰਮੀਆਂ ਦੇ ਖੇਤਰ ਵਿਚ ਸਰਕਾਰ ਅਤੇ ਸਰਕਾਰ ਵਲੋਂ ਥਾਪੇ ਹੋਏ ਪਾਦਰੀਆਂ ਦੇ ਵਿਰੁੱਧ ਈਰਖਾ ਲੋਕ ਪ੍ਰਿਯ ਬਣਦੀ ਜਾ ਰਹੀ ਹੈ, ਕਿਉਂਕਿ ਜਿਨ੍ਹਾਂ ਪਾਦਰੀਆਂ ਨੇ ਫ਼ਲਸਤੀਨੀ ਧਰਮ ਯੁੱਧ ਦੇ ਸਮੇਂ ਧਰਮ ਦੇ ਨਾਮ ਥੱਲੇ, ਪਾਪ ਨਵਿਰਤੀ ਦੇ ਮਾਫ਼ੀ-ਨਾਮੇ ਵੇਚੇ ਸਨ, ਲੋਕਾਂ ਨੇ ਉਨ੍ਹਾਂ ਨੂੰ ਛਲੀਏ ਅਤੇ ਮੱਕਾਰ ਹੋਣ ਦੇ ਨਾਤੇ ਕਤਲ ਕਰ ਦਿੱਤਾ। ਪਰਿਣਾਮ ਵਜੋਂ, ਕੈਥਰੀ ਧਰਮ ਲੋਕ ਪ੍ਰਿਯ ਬਣਦਾ ਗਿਆ। ਈਸਾਈ ਧਰਮ ਦੇ ਪਾਦਰੀਆਂ ਨੂੰ ਉਸ ਵੇਲੇ ਬਹੁਤ ਹੀ ਵੱਡਾ ਝਟਕਾ ਲੱਗਾ ਜਦੋਂ ਬਿਸ਼ਪ ਫ਼ਿਲਪ ਪੈਟਰਨੋਨ (Fillppo Paternon) ਆਪਣੇ ਸਾਥੀਆਂ ਸਮੇਤ ਕੈਥਰੀ ਧਰਮ ਵਿਚ ਪ੍ਰਵੇਸ਼ ਕਰ ਗਿਆ। ਈਸਾਈ ਧਰਮ ਵਿਚ ਐਸੀ ਗਿਰਾਵਟ ਅਤੇ ਤਿਲ੍ਹਕਵੀਂ ਢਲਵਾਨ ਨੂੰ ਧਿਆਨ ਵਿਚ ਰੱਖਦਿਆਂ, ਪੋਪ ਨੇ ਈਸਾਈ ਪੰਥਿਕ ਮਹੰਤਾਂ ਅਤੇ ਖੋਜੀ ਅਧਿਕਾਰੀਆਂ ਦੀ ਇਕ ਐਸੀ ਸਭਾ ਸੰਗਠਤ ਕੀਤੀ ਜੋ ਸਾਰੇ ਦੇਸ਼ ਵਿਚੋਂ ਕੈਥਰੀਨ ਧਰਮ ਅਥਵਾ ਅਖੌਤੀ ਕਾਫ਼ਰਾਂ ਨੂੰ ਈਸਾਈ ਨਿਆਪਾਲਕਾਂ ਦੀ ਕਚਹਿਰੀ ਵਿਚ ਪੇਸ਼ ਕਰੇ। ਇਹੀ ਉਹ ਸਮਾਂ ਸੀ ਜਦੋਂ ਕੈਥਰੀ ਧਰਮੀਆਂ ਦੇ ਵਿਰੁੱਧ ਪੋਪ ਵਲੋਂ ਨਿਰੀਖਣ (inquisition) ਆਰੰਭ ਕੀਤਾ ਗਿਆ ਔਰ ਅੰਤਮ ਨਿਰਣੈ ਕੀਤਾ ਗਿਆ ਕਿ ਪਾਪੀ ਹੱਠਧਰਮੀ ਅਤੇ ਵਿਦਰੋਹੀ ਕੈਥਰੀ ਧਰਮੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ। ਉਕਤ ਦਰਸਾਏ ਮਜ਼ਮੂਨ ਦੀ ਵਾਸਤਵਿਕ ਰੂਪ-ਰੇਖਾ ਨਿਮਨ ਲਿਖਤ ਵਿਚ ਵੇਖੀ ਜਾ ਸਕਦੀ ਹੈ। ਜਿਵੇਂ:

Henceforth Church and state agreed that impenitent heresy was treason, and should be punished with death. The inquisition was now officially established under the control of the popes.

(The Age of the Faith, p. 779)

ਫ਼ਲਸਤੀਨ ਧਰਮ ਯੁੱਧ ਦੇ ਸਮੇਂ ਪਾਦਰੀਆਂ ਵਲੋਂ ਧਰਮ ਯੁੱਧ ਦੇ ਨਾਮ ਥੱਲੇ ਕੀਤੇ ਗਏ ਕਲੰਕਤ ਅਤੇ ਭ੍ਰਿਸ਼ਟਾਚਾਰੀ ਕਾਰਨਾਮਿਆਂ ਨੂੰ ਧਿਆਨ ਵਿਚ ਰੱਖਦਿਆਂ, ਪੋਪ ਨੇ ਕਲੰਕਤ ਪਾਦਰੀਆਂ ਦੇ ਟਾਕਰੇ ਕੁਝ ਮੰਗਤੇ ਅਤੇ ਭਿਖਾਰੀ ਸ਼੍ਰੇਣੀ ਦੇ ਉਹ ਲੋਕ ਧਰਮ ਨਿਰੀਖਣਤਾ ਖੇਤਰ ਵਿਚ ਲਿਆਂਦੇ, ਜਿਨ੍ਹਾਂ ਦਾ ਜੀਵਨ ਬਹੁਤ ਸਾਦਾ ਅਤੇ ਈਸਾਈ ਮਤਿ ਪ੍ਰਤਿ ਸ਼ਰਧਾ ਰੱਖਦਾ ਸੀ। ਪੋਪ ਵਲੋਂ

ਭਰਤੀ ਕੀਤੇ ਹੋਏ ਐਸੇ ਹਜ਼ਾਰਾਂ ਹੀ ਭਿਖਾਰੀ ਅਥਵਾ ਮੰਗਤੇ ਲੋਕ ਸਨ ਜੋ ਕੈਥਰੀ ਧਰਮੀਆਂ ਦਾ ਪੋਪ ਦੇ ਪਾਲਤੂ ਕੁੱਤਿਆਂ (Dogs of the Lord) ਵਜੋਂ ਸ਼ਿਕਾਰ ਕਰਦੇ ਸਨ। ਇਹੀ ਉਹ ਸ਼ਿਕਾਰੀ ਸਨ ਜੋ ਕੈਥਰੀਨ ਧਰਮੀ ਲੋਕਾਂ ਨੂੰ ਮੱਧਮ ਅਗਨੀ ਦੁਆਰਾ ਕਬਾਬ ਬਣਾ ਕੇ ਭੁੰਨਦੇ ਸਨ। ਅਗਰ ਕੋਈ ਯਹੂਦੀ ਜਾਂ ਮੁਸਲਿਮ ਈਸਾਈ ਮਤਿ ਨੂੰ ਗ੍ਰਹਿਣ ਨਹੀਂ ਕਰਦਾ ਸੀ, ਉਨ੍ਹਾਂ ਦੇ ਵਿਰੁੱਧ ਮੱਧਮ ਅਗਨਿ ਕਬਾਬ ਦੰਡਾਵਲੀ ਇਕ ਸਾਧਾਰਨ ਸਥਿਤੀ ਹੀ ਆਖੀ ਜਾ ਸਕਦੀ ਸੀ। ਈਸਾਈ ਧਰਮ-ਬਦਲੂ ਸੰਗਠਨ ਦੇ ਅਧਿਕਾਰੀ ਜਿਸ ਨਗਰੀ ਵਿਚ ਕੈਥਰੀਨ ਨਿਰੀਖਣਤਾ ਹਿਤ ਜਾਂਦੇ ਸਨ, ਉਹ ਸਮੁੱਚੀ ਨਗਰੀ ਦੇ ਲੋਕਾਂ ਨੂੰ ਜਿਨ੍ਹਾਂ ਵਿਚ ਬੱਚੇ, ਇਸਤ੍ਰੀਆਂ, ਵੱਡੀ ਆਯੂ ਦੇ ਬਜ਼ੁਰਗ ਅਤੇ ਸਮੁੱਚੀ ਨੌਜਵਾਨ ਸ਼੍ਰੇਣੀ ਨੂੰ ਕਿਸੇ ਖ਼ਾਸ ਮਿਥੀ ਹੋਈ ਜਗ੍ਹਾ 'ਤੇ ਇਕੱਤ੍ਰ ਕਰਦੇ ਸਨ। ਜਿਸ ਨੇ ਕੈਥਰੀ ਧਰਮ ਧਾਰਨ ਪ੍ਰਤਿ ਪਸ਼ਚਾਤਾਪ ਕੀਤਾ, ਉਸ ਨੂੰ ਉਮਰ ਕੈਦ ਦਿੱਤੀ ਜਾਂਦੀ ਸੀ। ਇਸ ਦੇ ਪ੍ਰਤਿਕਰਮ, ਜਿਨ੍ਹਾਂ ਨੇ ਈਸਾਈ ਧਰਮ ਵਿਚ ਪ੍ਰਵੇਸ਼ ਕਰਨਾ ਸਵੀਕਾਰ ਨਹੀਂ ਕੀਤਾ, ਉਨ੍ਹਾਂ ਨੂੰ ਐਸੀਆਂ ਘਿਰਣਤ ਸਜ਼ਾਵਾਂ ਦਿੱਤੀਆਂ ਜਾਂਦੀਆਂ, ਜਿਨ੍ਹਾਂ ਦੀ ਵਾਸਤਵਿਕਤਾ ਲਿਖਣ ਲਈ ਜਮਰਾਜ ਦੇ ਦੂਤ ਭੀ ਤੌਬਾ ਤੌਬਾ ਕਰਦੇ ਹਨ। ਕੈਦ ਕੀਤੇ ਹੋਏ ਕੈਥਰੀਨ ਧਰਮੀਆਂ ਨੂੰ ਇਤਨੇ ਘਿਰਣਤ ਤਸੀਹੇ ਦਿੱਤੇ ਜਾਂਦੇ ਕਿ ਉਹ ਤਸੀਹੇ ਦਾ ਦੁਖ ਨਾ ਸਹਾਰਦੇ ਹੋਏ ਦੂਸਰੇ ਕੈਥਰੀਨ ਸਾਥੀਆਂ ਦਾ ਨਾਮ ਅਤੇ ਪਤਾ ਦੱਸਣ ਲਈ ਮਜਬੂਰ ਹੋ ਜਾਂਦੇ। ਕੈਥਰੀਨ ਕੈਦੀਆਂ ਨੂੰ ਆਮ ਤੌਰ 'ਤੇ ਕਿਲ੍ਹੇ ਦੇ ਤਹਿਖ਼ਾਨੇ ਵਿਚ ਬਣੀਆਂ ਤੰਗ ਅਤੇ ਅਨ੍ਹੇਰੀਆਂ ਕੋਠੜੀਆਂ ਵਿਚ ਕੈਦੀ ਬਣਾ ਕੇ ਰੱਖਿਆ ਜਾਂਦਾ ਸੀ। ਜਿਥੇ ਉਹ ਕੁਝ ਸਮੇਂ ਤੋਂ ਬਾਅਦ ਅਨਿਕ ਪ੍ਰਕਾਰੀ ਅਸ਼ੁਧੀਆਂ ਦੇ ਕਾਰਣ, ਰੱਬ ਦੇ ਨਾਮ 'ਤੇ ਉਲੀਕੀ ਹੋਈ ਈਸਾਈ ਨਿਰੀਖਣਤਾ ਨੂੰ ਹਮੇਸ਼ਾ ਵਾਸਤੇ ਅਲਵਿਦਾ ਕਹਿ ਜਾਂਦੇ ਸਨ। ਇਤਨੀਆਂ ਅਨ-ਮਨੁੱਖੀ ਸਜ਼ਾਵਾਂ ਦਿੱਤੀਆਂ ਗਈਆਂ ਜਿਨ੍ਹਾਂ ਦਾ ਬਿਆਨ ਕਰਨਾ ਅਸੰਭਵ ਹੈ। ਜਿਵੇਂ ਦੋ ਫੱਟਿਆਂ ਦੇ ਸ਼ਿਕੰਜੇ ਵਿਚ ਕੱਸ ਕੇ ਅੱਗੇ ਪਿੱਛੇ ਘਸੀਟਣਾ, ਆਦਿ। ਅੰਜਾਮ ਵਜੋਂ, ਅੰਗਹੀਣਤਾ ਦੇ ਖੇਤਰ ਵਿਚ ਪ੍ਰਵੇਸ਼ਤਾ ਅਤੇ ਕੁਝ ਸਮੇਂ ਤੋਂ ਬਾਅਦ ਆਪਣੇ ਆਪ ਹੀ ਵਿਨਾਸ਼ਕਾਲ ਦੀ ਨਗਰੀ ਵਿਚ ਚਲੇ ਜਾਣਾ। ਉਕਤ ਦਰਸਾਈ ਘਿਰਣਤ ਦਸ਼ਾ ਕੇਵਲ ਉਸ ਕੈਂਪ ਦੀ ਹੈ ਜਿਸ ਦਾ ਨਿਗਰਾਨ ਬਿਸ਼ਪ ਰੋਡਜ਼ ਸੀ। ਜਿਸ ਨੇ ਇਕ ਲੱਖ ਕੈਥਰੀਨ ਧਰਮੀਆਂ ਨੂੰ ਭਿੰਨ ਭਿੰਨ ਪ੍ਰਕਾਰ ਦੇ ਤਸੀਹੇ ਦੇ ਕੇ ਈਸਾਈ ਮਤਿ ਵਲੋਂ ਉਪਦੇਸ਼ਤ ਕੀਤੀ ਹੋਈ ਘਿਰਣਾ ਨੂੰ ਤ੍ਰਿਪਤ ਕੀਤਾ। ਇਨ੍ਹਾਂ ਕਲੰਕਤ ਤਵਾਰੀਖ਼ ਦੇ ਪੰਨਿਆਂ ਵਿਚੋਂ ਅੱਜ ਤਕ ਖ਼ੂਨ ਦੇ ਸੋਹਲਿਆਂ ਦੀ ਕੁਰਲਾਹਟ/ਆਹੋਜ਼ਾਰੀ ਅਤੇ ਰੱਤ ਕੇ ਕੁੰਗੂਆਂ ਦੀ ਧਾਰਾ ਸੁਣੀ ਅਤੇ ਵੇਖੀ ਜਾ ਸਕਦੀ ਹੈ। ਉਕਤ ਦਰਸਾਈ ਵਾਰਤਾ ਦੀ ਪ੍ਰੋੜ੍ਹਤਾ ਨਿਮਨ ਲਿਖਤ ਦੇ ਆਧਾਰ 'ਤੇ ਭੀ ਵੇਖੀ ਜਾ ਸਕਦੀ ਹੈ :

The bishop of Rodez boasted that he had made 100,000 sols in a single campaign against the heretics of diocese.

(The Age of the Faith, p. 782)

ਕੈਸਾ ਧਰਮ ਹੈ ? ਕੈਸਾ ਰੱਬ ਹੈ ? ਕੈਸੀ ਪਾਪਾਂ ਦੀ ਮਾਫ਼ੀ (atonement) ਹੈ ? ਜਿਸ ਨੂੰ ਐਸੀ ਵਿਨਾਸ਼ਕਾਲੀ ਸਥਿਤੀ ਵੇਖਦੇ ਹੋਏ ਤਨਕ-ਮਾਤਰ ਭੀ ਤਰਸ ਨਹੀਂ ਆਇਆ ?

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥

(ਆਸਾ ਮ: ੧, ਪੰਨਾ 360/13)

ਗਲੋਬੋ ਤਵਾਰੀਖ਼ ਦੇ ਪੰਨੇ ਸ਼ਾਹਿਦ ਹਨ ਕਿ ਸਪੇਨ ਦੇਸ਼ ਵਿਚ ਰੋਮਨ ਕੈਥੋਲਿਕ ਵਿਸ਼ਵਾਸ ਨੂੰ ਦ੍ਰਿੜ੍ਹ ਕਰਾਵਨ ਹਿਤ ਪਸ਼ਚਾਤਾਪੀ ਅਪਰਾਧੀਆਂ ਨੂੰ ਦੰਡ ਦੇਣ ਤੋਂ ਪਹਿਲਾਂ ਨਗਰੀ ਦੇ ਚਰਚ ਵਿਚ ਤਿਆਰ ਕੀਤੇ ਮੰਚ 'ਤੇ ਲਿਆਂਵਦੇ ਸਨ। ਜਿਥੇ ਸਮੇਂ ਦਾ ਖੋਜ ਅਧਿਕਾਰੀ ਪਾਦਰੀ ਉਨ੍ਹਾਂ ਦੇ ਪਛਤਾਵੇ ਦਾ ਫ਼ਤਵਾ ਪੜ੍ਹ ਕੇ ਸੁਣਾਂਦਾ, ਪਛਤਾਵੇ ਨੂੰ ਸਵੀਕਾਰ ਕਰਨ ਪ੍ਰਤਿ, ਸੌਗੰਧ ਕਰਵਾ ਕੇ ਅਪਰਾਧੀਆਂ ਤੋਂ ਦ੍ਰਿੜ੍ਹ ਕਰਵਾਇਆ ਜਾਂਦਾ ਕਿ ਅਸੀਂ ਈਸਾਈ ਮਤਿ ਨੂੰ ਤਿਆਗ ਕੇ ਕਿਸੇ ਹੋਰ ਧਰਮ ਵਿਚ ਨਹੀਂ ਜਾਵਾਂਗੇ। ਕਸਮ ਖਾਣ ਤੋਂ ਉਪਰੰਤ ਅਪਰਾਧੀਆਂ ਨੂੰ ਈਸਾਈ ਛੇਕਨਤਾ ਤੋਂ ਮਾਫ਼ੀ ਦਿੱਤੀ ਜਾਂਦੀ, ਪ੍ਰੰਤੂ ਫਿਰ ਭੀ ਉਨ੍ਹਾਂ ਨੂੰ ਉਮਰ ਕੈਦ ਜੈਸੀਆਂ ਨਿਰਦਈ ਸਜ਼ਾਵਾਂ ਦਿੱਤੀਆਂ ਜਾਂਦੀਆਂ। ਜਿਨ੍ਹਾਂ ਸਿਦਕੀ ਯੋਧਿਆਂ (obdurate) ਨੇ ਈਸਾਈ ਧਰਮ ਦੀ ਮਨੋਕਲਪਤ ਧਾਰਾ ਨੂੰ ਸਵੀਕਾਰ ਨਹੀਂ ਕੀਤਾ, ਉਨ੍ਹਾਂ ਨੂੰ ਨਗਰੀ ਦੀ ਸੱਥ ਵਿਚ ਮੱਧਮ ਜਲਤ ਅਗਨੀ ਦੁਆਰਾ ਪੁੱਠੇ ਟੰਗ ਕੇ ਕਬਾਬ ਕੀਤਾ ਜਾਂਦਾ। ਪਾਦਰੀ ਵਰਗ ਦੀ ਐਸੀ ਕਠੋਰਤਾ ਨੂੰ ਵੇਖਦੇ ਹੋਏ ਸਮੇਂ ਦੀ ਸਰਕਾਰ ਅਤੇ ਕੁਝ ਅਹਿਲਕਾਰਾਂ ਨੇ ਸੋਚਿਆ ਕਿ ਪਿੰਡ ਦੀ ਸੱਥ ਵਿਚ ਲਹੂ ਦੀ ਧਾਰਾ ਨੂੰ ਵੇਖ ਕੇ ਆਮ ਲੋਕਾਂ 'ਤੇ ਅੱਛਾ ਅਸਰ ਨਹੀਂ ਪੈਂਦਾ, ਇਸ ਤੋਂ ਬਿਹਤਰ ਇਹ ਹੋਵੇਗਾ ਕਿ ਸਿਦਕੀ ਕੈਥਰੀਨ ਨੂੰ ਮੱਧਮ ਅਗਨੀ ਦੁਆਰਾ ਕਬਾਬ ਬਣਾ ਕੇ ਭੁੰਨਿਆ ਜਾਵੇ।

ਉਕਤ ਦਰਸਾਏ ਨਿਰਦਈ ਅੱਤਿਆਚਾਰਾਂ ਦੀ ਲੜੀ ਵਿਚ ਕਈ ਇਕ ਸਿਤਮਗੀਰਾਂ ਦਾ ਨਾਮ ਵਿਸ਼ੇਸ਼ ਸਥਾਨ ਰੱਖਦਾ ਹੈ। ਜਿਵੇਂ, ਸਪੇਨ ਦੇਸ਼ ਵਿਚ ਇਕ ਬਹੁਤ ਹੀ ਨਾਮੀ-ਗਰਾਮੀ ਹੱਤਿਆਰਾ ਰੋਮਨ ਕੈਥੋਲਿਕ ਧਰਮ ਪ੍ਰੀਖਕ ਪਾਦਰੀ ਹੋਇਆ ਹੈ। ਤਵਾਰੀਖ਼ ਦੇ ਪੰਨਿਆਂ ਵਿਚ ਜਿਸ ਦਾ ਨਾਮ ਟੋਰਕਿਉਮਾਦਾ (Torquemada 1420-1498) ਕਰਕੇ ਲਿਖਿਆ ਮਿਲਦਾ ਹੈ। ਇਸ ਨੇ ਪੰਦਰਾਂ ਸਾਲ ਧਰਮ ਪ੍ਰੀਖਕ ਪਾਦਰੀ ਦੀ ਜ਼ਿੰਮੇਵਾਰੀ ਨਿਭਾਈ। ਪੰਦਰਾਂ ਸਾਲ ਦੇ ਸਮੇਂ ਵਿਚ ਇਸ ਨੇ 2000 ਗ਼ੈਰ-ਈਸਾਈਆਂ ਨੂੰ ਕਬਾਬ ਬਣਾ ਕੇ

ਭੁੰਨਿਆ। ਟੋਰਕਿਊਮਾਦਾ ਨੇ ਪ੍ਰਾਪਤ ਹੋਈ ਸ਼ਕਤੀ ਦੀ ਦੁਰਵਰਤੋਂ ਈਸਾਈ ਧਰਮ ਅਤੇ ਰਾਜਨੀਤੀ ਦੇ ਮਨੋਰਥਾਂ ਦੀ ਪੂਰਤੀ ਹਿਤ ਕੀਤੀ। ਇਸ ਦਾ ਯਕੀਨ ਸੀ ਕਿ ਯਹੂਦੀ ਅਤੇ ਮੁਸਲਮਾਨਾਂ ਦੇ ਕਤਲ ਕੀਤਿਆਂ ਹੀ ਸਪੇਨ ਦੀ ਸੰਗਠਨਤਾ ਕਾਇਮ ਰਹਿ ਸਕਦੀ ਹੈ। ਗ਼ੈਰ-ਈਸਾਈਆਂ ਦੇ ਵਿਰੁੱਧ ਸ਼ਾਹੀ ਹੁਕਮਾਂ ਨੂੰ ਸਿਰੇ ਚਾੜ੍ਹਨ ਵਾਲਾ ਇਹੀ ਜ਼ਿੰਮੇਵਾਰ ਪਾਦਰੀ ਸੀ। ਸਰਕਾਰੀ ਫ਼ਤਵੇ ਦੇ ਆਧਾਰ 'ਤੇ ਸੰਨ 1492 ਵਿਚ ਸਪੇਨ ਵਿਚੋਂ ਦੋ ਲੱਖ ਯਹੂਦੀਆਂ ਨੂੰ ਅਤਿਅੰਤ ਹੀ ਅੱਤਿਆਚਾਰੀ ਵਿਧੀ ਦੁਆਰਾ ਦੇਸ਼ ਵਿਚੋਂ ਕੱਢਿਆ ਗਿਆ। ਸਮੇਂ ਦਾ ਬਾਦਸ਼ਾਹ ਅਤੇ ਰਾਣੀ ਇਸ ਪਾਦਰੀ ਦੇ ਸਭ ਤੋਂ ਵੱਡੇ ਅੰਗ ਪਾਲਕ ਸਨ। ਟੋਰਕਿਊਮਾਦਾ 22 ਸਾਲ ਦੀ ਖ਼ਾਤਰ ਸਪੇਨ ਵਿਚ ਸੈਂਟਾ ਕਰੂਜ਼ (Santa Cruz) ਮੱਠ ਦਾ ਸਭ ਤੋਂ ਵੱਡਾ ਅਤੇ ਹੱਤਿਆਰਾ ਪਾਦਰੀ ਸੀ। ਇਸ ਨੇ ਹਜ਼ਾਰਾਂ ਹੀ ਧਰਮ ਪ੍ਰੀਖਕ ਪਾਦਰੀ ਭਰਤੀ ਕਰ ਕੇ ਗ਼ੈਰ-ਈਸਾਈਆਂ ਅਥਵਾ ਈਸਾਈ ਪ੍ਰੰਪਰਾ ਦੇ ਵਿਰੋਧੀਆਂ ਦਾ ਸਰਵਨਾਸ਼ ਕੀਤਾ। ਜਨੂੰਨੀ ਈਸਾਈ ਇਸ ਦੇ ਕੀਤੇ ਕੰਮਾਂ ਦੀ ਪ੍ਰਸੰਸਾ ਭੀ ਕਰਦੇ ਸਨ, ਪ੍ਰੰਤੂ ਇਸ ਦੀ ਚੜ੍ਹਤਲ ਤੋਂ ਭੈ-ਭੀਤ ਭੀ ਹੁੰਦੇ ਸਨ। (Many people admired him, but feared his power.) ਜੋ ਪ੍ਰਾਣੀ ਪਾਪ ਸੋਧਿਕ ਮਾਫ਼ੀ-ਨਾਮਿਆਂ, ਪਾਪ ਸੋਧਿਕ ਸਥਾਨ (ਖ਼ਾਸ ਚਰਚ), ਪਾਦਰੀ ਪ੍ਰੋਹਤ-ਵਾਦੀ ਸੰਸਥਾ ਅਤੇ ਕੁਆਰ ਪਨ ਅਥਵਾ ਅਵਿਵਾਹਤ ਜੀਵਨ ਵਿਚ ਭਰੋਸਾ ਨਹੀਂ ਰੱਖਦੇ ਸਨ, ਉਨ੍ਹਾਂ ਦੀਆਂ ਜਾਇਦਾਦਾਂ ਦੀ ਕੁਰਕੀ ਕਰਨਾ ਇਕ ਸੁਭਾਵਕ ਅਤੇ ਸਾਧਾਰਨ ਧਾਰਾ ਹੀ ਆਖੀ ਜਾ ਸਕਦੀ ਸੀ। ਸੰਨ 1212 ਵਿਚ ਬਿਸ਼ਪ ਹੈਨਰੀ ਨੇ ਇਕ ਦਿਨ ਵਿਚ ਅੱਸੀ ਗ਼ੈਰ-ਈਸਾਈਆਂ ਨੂੰ ਅਗਨੀ ਵਿਚ ਭੁੰਨਿਆ। ਤਵਾਰੀਖੀ ਪੰਨਿਆਂ ਵਿਚ ਇਕ ਅਤਿ ਭਿਅੰਕਰ ਅਤੇ ਸਿਤਮਗੀਰ ਪਾਦਰੀ ਦੀ ਗਾਥਾ ਪੜ੍ਹਨੀ ਸੁਹਿਰਦ ਪਾਠਕਾਂ ਦੀ ਜਾਣਕਾਰੀ ਵਿਚ ਹੋਰ ਵਧੇਰੇ ਵਿਸਮਈ ਅਵਸਥਾ ਉਤਪੰਨ ਕਰਨ ਦਾ ਸਾਧਨ ਹੋਵੇਗੀ। ਜਿਵੇਂ :

Conrad approached both tasks with outstanding cruelty. He gave all indicated heretics. A simple choice to confess and be punished, or to deny and be burned at the stake.

(The Age of the Faith, p. 784)

ਇਹ ਸਨ ਕੁਝ ਪਰਮਾਣਿਕ ਹਵਾਲੇ ਜੋ ਅਤਿ ਨਿਆਇਸ਼ੀਲਤ ਵਿਰਤੀ ਦੁਆਰਾ ਈਸਾਈ ਮਤਿ ਪ੍ਰਤਿ ਦੇਣ ਦਾ ਯਤਨ ਕੀਤਾ ਗਿਆ ਹੈ। ਈਸਾਈਆਂ ਵਲੋਂ ਕੀਤਾ ਗਿਆ ਧਰਮ ਯੁੱਧ (crusade) ਅਤੇ ਈਸਾਈ ਪ੍ਰੀਖਕ ਯੁੱਧ (inquisition) ਇਕ ਐਸੀ ਪਾਦਰੀ ਨੀਤੀ ਦੇ ਆਧਾਰ 'ਤੇ ਨਿਰਧਾਰਤ ਕੀਤੇ ਗਏ ਸਨ, ਅਗਰ ਇਨ੍ਹਾਂ ਦੋਹਾਂ ਈਸਾਈ ਯੁੱਧਾਂ ਦੀ ਤੁਲਨਾ ਰੋਮਨ ਸ਼ਾਸਨ ਅਤੇ ਚੰਗੇਜ਼ੀ ਹਕੂਮਤ ਨਾਲ ਕੀਤੀ ਜਾਵੇ, ਤਦ ਈਸਾਈ ਧਰਮ ਦੀ ਕਤਲੋ-ਗ਼ਾਰਤ

ਨੀਤੀ ਉਨ੍ਹਾਂ ਨਾਲੋਂ ਕਿਸੇ ਪ੍ਰਕਾਰ ਭੀ ਘੱਟ ਨਹੀਂ ਹੈ, ਬਲਕਿ ਧਰਮ ਦੇ ਨਾਮ ਥੱਲੇ ਈਸਾ ਜੀ ਕੇ ਨਾਮ ਪਰ, ਚਰਚੋਂ ਕੇ ਨਾਮ ਪਰ, ਸਲੀਬ ਕੇ ਨਾਮ ਪਰ, ਪਾਪਾਂ ਦੀ ਮਾਫ਼ੀ ਦੇ ਨਾਮ ਥੱਲੇ ਇਤਨਾ ਅੱਤਿਆਚਾਰ ਕੀਤਾ ਗਿਆ ਕਿ ਜਿਸ ਦੀ ਮਿਸਾਲ ਇਹ ਆਪ ਹੀ ਹਨ। ਇਤਨਾ ਕੁਝ ਹੁੰਦੇ ਹੋਏ ਭੀ ਦਾਅਵਾ ਕਰਦੇ ਹਨ ਕਿ ਈਸਾਈ ਮਤਿ ਸਰਬ ਸ਼੍ਰੋਮਣੀ ਹੈ। ਵਾਹਿਗੁਰੂ ਸੁਮਤਿ ਬਖ਼ਸ਼ੇ ਤਾਂਕਿ ਇਹ ਲੋਕ ਦੂਸਰੇ ਧਰਮਾਂ ਨਾਲ ਮਿਲ ਜੁਲ ਕੇ ਰੱਬੀ ਪ੍ਰਸੰਸਾ ਸੁਣਨ ਦੀ ਹਿੰਮਤ ਕਰ ਸਕਣ। ਇਥੇ ਤਕ ਈਸਾਈ ਮਤਿ ਦੀ ਗਾਥਾ ਸਮਾਪਤ ਹੁੰਦੀ ਹੈ, ਜਿਸ ਵਿਚ ਈਸਾਈ ਮਤਿ, ਈਸਾ ਜਾਂ ਯਸੂ ਮਸੀਹ, ਕੀ ਈਸਾ ਰੱਬ ਦਾ ਪੁੱਤਰ ਹੈ ? ਈਸਾ ਜੀ ਦੀ ਵਾਸਤਵਿਕ ਪਦਵੀ, ਯਹੂਦੀਆਂ ਵਿਚ ਗ਼ੈਰ-ਯਹੂਦੀਆਂ ਦੀ ਮਿਸ਼ਰਤ, ਰੱਬੀ ਪੁੱਤਰ ਪ੍ਰਤਿ ਭੁਲੇਖੇ, ਨਵੀਨ *ਅੰਜੀਲ* ਦਾ ਨਿਯਮ, ਟ੍ਰੈਂਟ ਕੌਂਸਲ, ਰਵਾਇਤੀ ਕਹਾਣੀਆਂ ਦਾ *ਅੰਜੀਲ* ਵਿਚ ਪ੍ਰਵੇਸ਼, ਤ੍ਰੈ-ਮੁਖੀ ਰੱਬ, ਹੋਲੀ ਸਪਿਰਟ, ਮੌਤ ਅਤੇ ਪੁਨਰ ਜੀਵਨ, ਪਾਪ ਪ੍ਰਾਸ਼ਚਿਤ, ਪੁਨਰ ਨਿਰਮਾਣ, ਈਸਾ ਦਾ ਪੁਨਰ ਆਗਮਨ, ਜਿਹੋਵਾ ਵਿਟਨੈਸ, ਜਿਹੋਵਾ ਵਿਟਨੈਸ ਦੀ ਸੰਖੇਪ ਹਿਸਟਰੀ, ਨਿਸ਼ਕਰਸ਼, ਧਰਮ ਦੀ ਦੁਰਵਰਤੋਂ, ਈਸਾਈ ਧਰਮ ਯੁੱਧ, ਪਹਿਲਾ ਧਰਮ ਯੁੱਧ, ਧਰਮ ਯੁੱਧ ਦਾ ਪਰਿਣਾਮ, ਧਾਰਮਕ ਪ੍ਰੀਖਿਆ ਆਦਿ ਮਜ਼ਮੂਨ ਦਿੱਤੇ ਗਏ ਹਨ। ਯਤਨ ਕੀਤਾ ਗਿਆ ਹੈ ਕਿ ਹਰ ਇਕ ਸ਼ਬਦ ਪਰਿਮਾਣਿਕ, ਸਤਿਕਾਰਿਤ ਅਤੇ ਇਤਿਹਾਸ ਦੀ ਪਰਿਮਾਣਿਕ ਕਸਵੱਟੀ 'ਤੇ ਪਰਖਿਆ ਜਾ ਸਕੇ।

ਈਸਾਈ ਮਤਿ ਦੀ ਪ੍ਰਣਾਲੀ ਵਿਚ ਅਨੇਕਾਂ ਹੀ ਐਸੇ ਫ਼ਿਰਕੇ (cults) ਹਨ ਜਿਨ੍ਹਾਂ ਦੀ ਵਿਸ਼ਵਾਸਿਕ ਧਾਰਾ ਇਕ ਦੂਸਰੇ ਦੇ ਪ੍ਰਤਿਕੂਲ, ਪਰਸਪਰ ਵਿਰੋਧਾਭਾਸੀ ਲਿਖਤਾਂ ਦੁਆਰਾ ਲਬਾਲਬ ਭਰੀ ਪਈ ਹੈ। ਆਪ ਜੀ ਦੀ ਜਾਣਕਾਰੀ ਹਿਤ, ਪੁਸਤਕ ਸੂਚੀ ਦੇ ਸੰਗ੍ਰਹਿ ਵਿਚ ਕੁਝ ਪਰਿਮਾਣਿਕ ਪੁਸਤਕ ਸੂਚੀ ਦਿੱਤੀ ਜਾ ਰਹੀ ਹੈ ਤਾਂਕਿ ਵਧੇਰੇ ਨਜ਼ਦੀਕੀ ਤਾਲਮੇਲ ਦੁਆਰਾ ਈਸਾਈ ਮਤਿ ਪ੍ਰਤਿ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ।

ਜੋ ਅੱਤਿਆਚਾਰ ਰੋਮਨ ਸ਼ਾਸਨ ਨੇ ਈਸਾ ਜੀ ਦੀ ਮੌਤ ਤੋਂ ਬਾਅਦ ਪਹਿਲੀਆਂ ਤਿੰਨ ਸਦੀਆਂ ਵਿਚ ਈਸਾਈਆਂ 'ਤੇ ਕੀਤੇ ਸਨ, ਤੁਲਨਾਤਮਕ ਤੌਰ 'ਤੇ ਈਸਾਈਆਂ ਨੇ ਜੋ ਅਤਿ ਘਿਰਣਤ ਅੱਤਿਆਚਾਰ ਸੰਨ 1227-1492 ਤਕ ਈਸਾ ਜੀ ਦੇ ਨਾਮ 'ਤੇ ਈਸਾਈ ਵਿਰੋਧੀ ਪਰਜਾ ਅਤੇ ਵਿਸ਼ੇਸ਼ ਕਰਕੇ ਕੈਥਰੀਨ ਧਰਮੀਆਂ 'ਤੇ ਕੀਤੇ, ਇਨ੍ਹਾਂ ਦੇ ਤੁਲ ਬਾਕੀ ਸਾਰੇ ਹੀ ਅਤਿਵਾਦੀ ਹੱਤਿਆਰੇ ਇਨ੍ਹਾਂ ਤੋਂ ਥੱਲੇ ਰਹਿ ਜਾਂਦੇ ਹਨ। ਮਨੁੱਖੀ ਤਵਾਰੀਖ਼ ਵਿਚ ਈਸਾਈ ਧਰਮ ਵਲੋਂ ਨਿਰੀਖਣ ਯੁੱਧ ਦੀ ਕਾਰਵਾਈ ਅੰਧੇਰੇ ਵਿਚ ਕੀਤੀ ਹੋਈ, ਭਿਅੰਕਰ ਜੰਗਲੀ ਜਾਨਵਰਾਂ ਦੀ ਕਰਤੂਤ ਹੀ ਆਖੀ ਜਾ ਸਕਦੀ ਹੈ।

ਉਕਤ ਦਰਸਾਏ ਖ਼ਿਆਲ ਦਾ ਵਾਸਤਵਿਕ ਚਿੱਤਰ ਨਿਮਨ ਲਿਖਤ ਦੁਆਰਾ ਵੇਖਿਆ ਜਾ ਸਕਦਾ ਹੈ। ਜਿਵੇਂ:

Compared with the persecution of heresy in Europe from 1227-1492, the persecution of Christians by Roman in the first three centuries after Christ was a mild and humane procedure. Making every allowance required an historian and permitted to a Christian, we must rank the inquisition, along with the wars and persecutions of our time, as among the darkest blots on the record of mankind, revealing a ferocity unknown in any beast.

(The Age of the Faith, p. 784)

ਈਸਾਈ ਧਰਮ ਦੀ ਵਿਸ਼ਵਾਸਿਕ ਪ੍ਰਣਾਲੀ ਪ੍ਰਤਿ ਸਹੀ ਅਤੇ ਵਾਜਿਬ ਜਾਣਕਾਰੀ ਪ੍ਰਾਪਤ ਕਰਨ ਹਿਤ ਇਸ ਨੂੰ ਦਸਾਂ ਭਾਗਾਂ ਵਿਚ ਵਿਭਾਜਤ ਕੀਤਾ ਜਾ ਸਕਦਾ ਹੈ। ਜਿਵੇਂ: 1. ਈਸਾ ਜੀ ਦਾ ਜਨਮ ਕੁਮਾਰੀ ਕੰਨਿਆ ਦੁਆਰਾ; 2. ਬਾਈਬਲ ਦੀ ਪਦਵੀ; 3. ਤ੍ਰੈ-ਮੁਖੀ ਰੱਬ; 4. ਈਸਾ ਜੀ ਰੱਬ ਤੋਂ ਭੀ ਪਹਿਲਾਂ ਅਤੇ ਸਦੀਵੀ ਹੈ; 5. ਈਸਾ ਜੀ ਨੇ ਸਾਰੇ ਪਾਪੀਆਂ ਦੇ ਪਾਪਾਂ ਦਾ ਹਰਜਾਨਾ ਸਲੀਬ 'ਤੇ ਚੜ੍ਹ ਕੇ ਭਰਿਆ; 6. ਕੇਵਲ ਈਸਾ ਜੀ ਹੀ ਮੁਕਤੀਦਾਤਾ ਹੈ; 7. ਈਸਾ ਕਬਰ ਵਿਚੋਂ ਪੁਨਰ ਜੀਵਤ ਹੋਇਆ; 8. ਈਸਾ ਜੀ ਕੇਵਲ ਰੱਬ ਦਾ ਇਕਲੌਤਾ ਬੇਟਾ ਹੈ; 9. ਈਸਾ ਜੀ ਸਵੈਮ ਤੌਰ 'ਤੇ ਰੱਬ ਹੈ; 10. ਜੀਵਾਂ ਦੇ ਫ਼ੈਸਲੇ ਕਰਨ ਹਿਤ ਈਸਾ ਜੀ ਦੋਬਾਰਾ ਆਵੇਗਾ;। ਇਹ ਦਸ ਧਾਰਾਵਾਂ ਈਸਾਈ ਮਤਿ ਦੇ ਥੰਮ੍ਹ ਹਨ, ਜਿਨ੍ਹਾਂ 'ਤੇ ਈਸਾਈ ਮਤਿ ਦਾ ਸਮੁੱਚਾ ਢਾਂਚਾ ਖੜ੍ਹਾ ਹੈ। ਇਨ੍ਹਾਂ ਧਾਰਾਵਾਂ ਨੂੰ ਅੰਜੀਲਕ ਭਾਸ਼ਾ ਵਿਚ ਨਿਮਨ ਲਿਖਤ ਦੇ ਆਧਾਰ 'ਤੇ ਵੇਖਿਆ ਜਾ ਸਕਦਾ ਹੈ:

1. The Virgin birth of Christ; 2. The Authority of the *Bible*; 3. The Triune of God or Trinity; 4. The Deity of Christ; 5. The atonement of Christ; 6. The Doctrine of Salvation; 7. The Resurrection of Christ; 8. The Son of God; 9. Eternity existence of Christ; 10. The second coming of Christ.

ਇਸ ਲੰਮੀ ਚੌੜੀ ਗਾਥਾ ਨੂੰ ਸੰਖਿਪਤ ਰੂਪ ਵਿਚ ਉਲੀਕਦੇ ਹੋਏ ਅੰਤਮ ਸਿੱਟੇ 'ਤੇ ਆਈਏ। ਈਸਾਈ ਧਰਮ ਵਿਚ ਅਨੇਕਾਂ ਹੀ ਫ਼ਿਰਕੇ ਹਨ ਜੋ ਰੋਮਨ ਕੈਥੋਲਿਕ ਫ਼ਿਰਕੇ ਤੋਂ ਬਿਨਾਂ ਬਾਕੀ ਸਾਰੇ ਹੀ ਉਕਤ ਦਰਸਾਈਆਂ ਦਸ ਧਾਰਾਵਾਂ ਨੂੰ ਪੂਰਨ ਤੌਰ 'ਤੇ ਸਵੀਕਾਰ ਨਹੀਂ ਕਰਦੇ। ਜਿਨ੍ਹਾਂ ਵਿਚ ਪਰੋਟੈਸਟੈਂਟ, ਲੂਥਰਨ, ਜਿਹੋਵਾ ਵਿਟਨੈਸ, ਕ੍ਰਿਸਚੀਅਨ ਸਾਇੰਸ, ਮੋਰਮਨਇਜ਼ਮ, ਸਪਿਰਟਇਜ਼ਮ ਅਥਵਾ ਕਲਟ ਆਫ਼ ਐਂਟੀਕਿਊਟੀ ਦੀ ਥਿਊਸੋਪੀਕਲ ਸੋਸਾਇਟੀ, ਯੂਨਿਟੀ

ਸਕੂਲ ਆਫ਼ ਕ੍ਰਿਸਚੀਆਨਿਟੀ, ਚਰਚ ਆਫ਼ ਗੌਡ, ਐਂਗਲੋ ਇਜ਼ਰਾਈਲਇਜ਼ਮ, ਯੂਨੀਫ਼ਿਕੇਸ਼ਨ ਚਰਚ, ਹੂਬਾਰਡ ਐਂਡ ਸੈਂਟੋਲੋਜੀ ਆਦਿ। ਉਕਤ ਦਰਸਾਏ ਕੁਝ ਐਸੇ ਈਸਾਈ ਧਰਮ ਹਨ ਜੋ ਪਰਸਪਰ ਵਿਰੋਧਾਭਾਸ ਦੇ ਪ੍ਰਭਾਵ ਥੱਲੇ ਉਕਤ ਦਰਸਾਏ ਅਸੂਲਾਂ ਨੂੰ ਸਵੀਕਾਰ ਕਰਨੋਂ ਇਨਕਾਰੀ ਹਨ। ਆਪ ਜੀ ਦੀ ਵਧੇਰੇ ਜਾਣਕਾਰੀ ਹਿਤ ਮਿਸਟਰ ਹਿਕ ਦੀ ਲਿਖਤ ਜੋ *ਮੈਨਸ਼ਨ ਆਫ਼ ਦੀ ਸਪਿਰਟ* ਵਿਚ ਪ੍ਰਕਾਸ਼ਤ ਹੋ ਚੁੱਕੀ ਹੈ, ਉਸ ਦੀ ਸਹੀ ਰੂਪ-ਰੇਖਾ ਦਿੱਤੀ ਜਾ ਰਹੀ ਹੈ। ਉਹ ਦਾਅਵਾ ਕਰਦੇ ਹਨ ਕਿ ਕੇਵਲ ਈਸਾਈ ਮਤਿ ਹੀ ਮੁਕਤੀ ਦਾ ਮਾਰਗ ਨਹੀਂ ਹੈ, ਬਲਕਿ ਇਹ ਭੀ ਕਈ ਇਕ ਹੋਰ ਧਰਮਾਂ ਵਿਚੋਂ ਇਕ ਹੈ ਜਿਥੋਂ ਮੁਕਤੀ ਦੀ ਦਾਤਿ ਪ੍ਰਾਪਤ ਕੀਤੀ ਜਾ ਸਕਦੀ ਹੈ। ਜੋ ਸਿਧਾਂਤ ਈਸਾ ਜੀ ਨੇ *ਅੰਜੀਲ* ਵਿਚ ਨਹੀਂ ਦਰਸਾਏ, ਉਨ੍ਹਾਂ ਨੂੰ ਬਾਅਦ ਵਿਚ ਈਸਾ ਦੇ ਨਾਮ ਥੱਲੇ ਦਰਜ ਕੀਤਾ ਗਿਆ ਹੈ। ਜਿਸ ਦੀ ਅਸਲੀ ਤਸਵੀਰ ਨਿਮਨ ਲਿਖਤ ਵਿਚ ਵੇਖੀ ਜਾ ਸਕਦੀ ਹੈ, ਜਿਵੇਂ :

Hick Argues that Christianity is not the one and only way of salvation but one among several and that Jesus Christ is not the only Savior. To strengthen and defend this argument he challenges the traditional Christian understanding of the incarnation of God in christ. He contends that Jesus himself did not claim to be divine. Jesus, rather pointed his disciples beyond himself to the Father. It was the later conceived the idea of his divinity and inserted these claims into the story of Jesus when it was written down. *(Mansions of the Spirit, p. 82)*

ਜਦੋਂ ਅਸੀਂ ਇਨ੍ਹਾਂ ਈਸਾਈ ਫ਼ਿਰਕਿਆਂ ਦੇ ਧਾਰਮਕ ਸਿਧਾਂਤ ਨੂੰ ਵਾਚਦੇ ਹਾਂ, ਤਦ ਉਕਤ ਦਰਸਾਏ ਸਾਰੇ ਫ਼ਿਰਕੇ ਆਪਣੀ ਆਪਣੀ ਢੋਲਕੀ ਵਜਾ ਰਹੇ ਹਨ। ਇਨ੍ਹਾਂ ਸਾਰਿਆਂ ਦੇ ਨਿਜੀ ਤੌਰ 'ਤੇ ਮਨੋਕਲਪਤ ਕੀਤੇ ਹੋਏ ਸਿਧਾਂਤ ਹਨ, ਬਲਕਿ *ਬਾਈਬਲ* ਦੀਆਂ ਲਿਖਤਾਂ ਭੀ ਆਪਣੇ ਆਪਣੇ ਢੰਗ ਦੁਆਰਾ ਰਚਿਤ ਕੀਤੀਆਂ ਗਈਆਂ ਹਨ। ਇਕ ਸੁਹਿਰਦ ਖੋਜੀ ਵਾਸਤੇ ਇਹ ਨਿਰਣੈ ਕਰਨਾ ਅਤਿ ਅਸੰਭਵ ਹੈ ਕਿ ਇਨ੍ਹਾਂ ਵਿਚੋਂ ਕਿਹੜੀ *ਬਾਈਬਲ* ਅਤੇ ਕਿਹੜਾ ਧਰਮ ਸਹੀ ਹੈ ਅਤੇ ਕਿਹੜੀ *ਬਾਈਬਲ* ਅਤੇ ਕਿਹੜਾ ਧਰਮ ਗ਼ਲਤ ਹੈ।

(ਵੇਖੋ, Walter Martin, The Kingdom of the Cults)

ਇਥੇ ਤਕ ਈਸਾਈ ਵਿਚਾਰਧਾਰਾ ਸਮਾਪਤ ਹੁੰਦੀ ਹੈ, ਅਗਲੇਰੇ ਪੰਨਿਆਂ ਵਿਚ ਹਿੰਦੂ ਮਤਿ ਪ੍ਰਤਿ ਵਿਚਾਰ ਵਿਮੱਰਸ਼ ਕਰਨ ਦੀ ਆਗਿਆ ਚਾਹਾਂਗੇ।

(ਜੁਲਾਈ 26, 2000, ਕੈਨੇਡਾ)

9

ਹਿੰਦੂ ਮਤਿ (Hinduism)

9.69 ਇਸ ਪੁਸਤਕ ਦੀ ਯਾਤਰਾ ਵਿਚ ਹਿੰਦੂ ਧਰਮ ਦਾ ਵਿਸ਼ਾ ਨੌਵੇਂ ਪ੍ਰਕਰਣ ਵਿਚ 69ਵਾਂ ਕ੍ਰਮ ਹੈ। ਦੂਸਰੇ ਧਰਮਾਂ ਦੇ ਤੁਲਨਾਤਮਕ ਹਿੰਦੂ ਧਰਮ ਦੀ ਦਾਰਸ਼ਨਿਕ ਪ੍ਰਣਾਲੀ ਲਿਖਣੀ ਇਤਨੀ ਸੁਗਮ ਨਹੀਂ ਹੈ ਜਿਤਨੀ ਕਿ ਅਸੀਂ ਸਮਝਦੇ ਹਾਂ। ਕਿਉਂਕਿ ਜਿਸ ਧਾਰਾ ਨੂੰ ਹਿੰਦੂ ਦੀ ਛਾਪ ਥੱਲੇ ਪੁਕਾਰਿਆ ਜਾਂਦਾ ਹੈ, ਉਹ ਧਾਰਾ ਧਰਮ ਦੀ ਲਖਾਇਕ ਨਹੀਂ ਹੈ, ਬਲਕਿ ਅਨਿਕ ਪ੍ਰਕਾਰੀ ਤੱਤਾਂ ਦਾ ਮਿਸ਼ਰਣ (Synthesis) ਗਾਥਾ ਦਾ ਨਾਮ ਹਿੰਦੂ ਹੈ। ਜੋ ਕਿ ਹਿੰਦੁਸਤਾਨੀ ਧਰਤੀ 'ਤੇ ਸੈਂਕੜੇ ਪ੍ਰਕਾਰ ਦੀ ਸੱਭਿਅਤਾ, ਕਬੀਲੇ ਅਤੇ ਸਮਾਜੀ ਸੰਘਚਾਰੀਆਂ ਨੂੰ ਸੰਭਾਲੀ ਬੈਠੀ ਹੈ। ਹਿੰਦੂ ਸ਼ਬਦ ਦੀ ਪਰਿਭਾਸ਼ਾ ਸ੍ਵਦੇਸ਼ੀ ਉਪਜ ਨਹੀਂ ਹੈ, ਬਲਕਿ ਇਹ ਸ਼ਬਦ ਸਿੰਧੂ ਨਦੀ ਦੇ ਨਾਮ ਥੱਲੇ ਈਰਾਨ ਦੇ ਅਦੀਬਾਂ ਵਲੋਂ ਮਨੋਨੀਤ ਕੀਤੀ ਹੋਈ ਵਿਵਰਣਿਕ ਉਪਾਧੀ ਹੈ। ਇਸੇ ਖ਼ਿਆਲ ਨੂੰ ਧਿਆਨ ਵਿਚ ਰੱਖਦਿਆਂ ਯੋਗੀ ਰਾਮਚੰਦਰਾਕਾ ਆਪਣੀ ਪੁਸਤਕ *The Philosophies and Religions of India* ਦੇ ਪੰਨੇ 271-272 'ਤੇ ਲਿਖਦੇ ਹਨ ਕਿ :

The different Hindu sects, while practically appearing as different religions, in reality regard themselves as but different sects and divisions of the One Eternal religion of India, of which each, of course, considers itself the best and most favored channel of expression and interpretation.

(Chicago, IL: The yogi publication society, 1930)

ਬਨਾਰਸ ਹਿੰਦੂ ਯੂਨੀਵਰਸਿਟੀ ਦੇ ਕੋਰਟ ਕੌਂਸਲਰ ਮਿਸਟਰ ਗੋਵਿੰਦ ਦਾਸ ਆਪਣੀ ਪੁਸਤਕ *ਹਿੰਦੂਇਜ਼ਮ* ਵਿਚ ਲਿਖਦੇ ਹਨ ਕਿ ਸਭ ਤੋਂ ਪਹਿਲਾਂ ਇਹ ਨਿਰਣੈ ਕਰਨਾ ਆਵਸ਼ਕ ਹੈ ਕਿ ਕੀ ਹਿੰਦੂ ਮਤਿ ਕਿਸ ਚੀਜ਼ ਦਾ ਨਾਮ ਹੈ ? ਧਾਰਮਿਕ ਤੌਰ 'ਤੇ ਇਕ ਹਿੰਦੂ ਦੂਸਰੇ ਹਿੰਦੂ ਨਾਲੋਂ ਇਤਨੀ ਭਿੰਨਤਾ ਰੱਖਦਾ ਹੈ ਜਿਤਨੀ ਕਿ ਕਿਸੇ ਗ਼ੈਰ-ਹਿੰਦੂ ਨਾਲੋਂ ਰੱਖਦਾ ਹੋਵੇ। ਅੱਜ ਤਕ ਐਸੀ ਕੋਈ

ਭੀ ਸੰਭਾਵਨਾ ਪ੍ਰਾਪਤ ਨਹੀਂ ਹੋ ਸਕੀ ਜਿਸ ਦੇ ਆਧਾਰ 'ਤੇ ਹਿੰਦੂ ਮਤਿ ਦੇ ਨਿਕਾਸ ਪ੍ਰਤਿ ਜਾਣਕਾਰੀ ਪ੍ਰਾਪਤ ਹੋ ਸਕੇ। ਇਹੀ ਕਾਰਣ ਹੈ ਕਿ ਇਸ ਦੇ ਧਾਰਮਕ ਲੱਛਣਾਂ ਪ੍ਰਤਿ ਗਿਆਨ ਪ੍ਰਾਪਤ ਕਰਨਾ ਸੰਭਵ ਨਹੀਂ ਹੈ। ਅਗਰ ਕੋਈ ਵਿਦਵਾਨ ਇਹ ਤਲਾਸ਼ ਕਰਨ ਦਾ ਯਤਨ ਕਰੇ ਕਿ ਹਿੰਦੂ ਮਤਿ ਦੀਆਂ ਧਾਰਮਿਕ ਸੀਮਾਵਾਂ ਕੀ ਹਨ, ਉਹ ਨਹੀਂ ਕਰ ਸਕੇਗਾ ਕਿਉਂਕਿ ਇਸ ਦੀ ਧਾਰਮਿਕ ਸੀਮਾ ਹੀ ਨਹੀਂ ਹੈ। ਅਸਲੀਅਤ ਇਹ ਹੈ ਕਿ ਹਿੰਦੂ ਸਵੈਮ ਤੌਰ 'ਤੇ ਕੋਈ ਧਰਮ ਨਹੀਂ ਹੈ, ਬਲਕਿ ਇਹ ਤਾਂ ਪੁਰਾਤਨ ਸਮੇਂ ਦੇ ਕੁਝ ਇਨਸਾਨਾਂ ਦੀ ਸੱਭਿਅਤਾ ਦਾ ਲਖਾਇਕ ਹੈ। ਸਭ ਤੋਂ ਵੱਡੀ ਬਦਕਿਸਮਤੀ ਇਹੀ ਹੈ ਕਿ ਇਸ ਨੂੰ ਧਰਮ ਦਾ ਨਾਮ ਦੇ ਦਿੱਤਾ ਗਿਆ ਹੈ। ਵੇਦਾਂ ਦੇ ਸਮੇਂ ਤੋਂ ਭੀ ਕੁਝ ਅਰਸਾ ਪਹਿਲਾਂ ਅਤੇ ਕੁਝ ਇਲਾਕਿਆਂ ਦੇ ਕਬੀਲਿਆਂ ਦੇ ਰਸਮਾਂ ਰਿਵਾਜਾਂ ਨੂੰ ਆਪਣੇ ਨਾਲ ਜੋੜਦਾ ਹੋਇਆ, ਜੀਵਨ ਪੰਧ ਦੀਆਂ ਮੰਜ਼ਲਾਂ 'ਤੇ ਅੱਗੇ ਵਧਦਾ ਗਿਆ। ਜਿਸ ਭੀ ਕਬੀਲੇ ਅਤੇ ਕੌਮ ਨਾਲ ਇਨ੍ਹਾਂ ਦਾ ਵਾਸਤਾ ਪਿਆ, ਉਨ੍ਹਾਂ ਦੇ ਰਸਮੋ-ਰਿਵਾਜਾਂ ਨੂੰ ਆਪਣੇ ਅੰਦਰ ਜਜ਼ਬ ਕਰਨਾ ਇਸ ਦੀ ਬੁਨਿਆਦੀ ਫ਼ਿਤਰਤ ਬਣਦੀ ਗਈ। ਗ਼ਰਜ਼ੇਕਿ, ਇਸ ਦੀ ਬਣਤਰ ਇਤਨੀ ਗੋਲਾਈ ਧਾਰਨ ਕਰ ਗਈ ਕਿ ਇਸ ਦੇ ਮੁਹੀਤ (ਦਾਇਰੇ) ਵਿਚ ਹਰ ਪ੍ਰਕਾਰੀ ਸੱਭਿਅਤਾ ਸਮਾ ਸਕਦੀ ਸੀ। ਇਹ ਨਿਜੀ ਸੱਭਿਅਤਾ ਦੇ ਦਾਇਰੇ ਵਿਚ ਹਰ ਇਕ ਇਨਸਾਨ ਨੂੰ ਬਿਨਾਂ ਕਿਸੇ ਖ਼ਾਸ ਬੰਧਨ ਦੇ ਜਜ਼ਬ ਕਰਨ ਦੀ ਸ਼ਕਤੀ ਰੱਖਦਾ ਹੈ। ਹਰ ਖ਼ਿਆਲ ਦੇ ਵਿਅਕਤੀ ਨੂੰ ਆਪਣੀ ਆਪਣੀ ਥਾਂ 'ਤੇ ਸੁਖ ਸ਼ਾਂਤੀ ਅਤੇ ਉਸ ਦੀਆਂ ਭਾਵਨਾਵਾਂ ਦੀ ਕਦਰ ਕਰਦਾ ਹੈ।

(ਹਿੰਦੂਇਜ਼ਮ, ਪੰਨਾ 45)

ਇਸੇ ਕਿਤਾਬ ਦੇ ਅਗਲੇਰੇ ਪੰਨਿਆਂ ਵਿਚ ਮਿਸਟਰ ਗੋਵਿੰਦ ਦਾਸ ਲਿਖਦੇ ਹਨ ਕਿ ਵਾਸਤਵਿਕ ਤੌਰ 'ਤੇ ਹਿੰਦੂ ਹੋਣ ਵਾਸਤੇ ਕਿਸੇ ਵਿਸ਼ੇਸ਼ ਸ਼ਰਹ ਸ਼ਰੀਅਤ ਅਥਵਾ ਰਹਿਤ ਮਰਯਾਦਾ ਦੀ ਆਵਸ਼ਕਤਾ ਨਹੀਂ ਹੈ। ਜਿਵੇਂ:

1. ਹਿੰਦੂ ਘਰਾਣੇ ਵਿਚ ਪੈਦਾ ਹੋਣਾ ਜਾਂ ਨਾ ਹੋਣਾ ਕੋਈ ਸ਼ਰਤ ਨਹੀਂ ਹੈ।
2. ਭਾਰਤਵਰਸ਼ ਦੀਆਂ ਸੀਮਾਵਾਂ ਵਿਚ ਜਨਮ ਲੈਣਾ ਭੀ ਜ਼ਰੂਰੀ ਨਹੀਂ ਹੈ।
3. ਵੇਦਾਂ ਦੇ ਸਿਧਾਂਤ ਨੂੰ ਸਵੀਕਾਰ ਕਰਨਾ ਭੀ ਜ਼ਰੂਰੀ ਨਹੀਂ ਹੈ, ਕਿਉਂਕਿ *ਗੀਤਾ* ਬਹੁਤ ਸਖ਼ਤੀ ਨਾਲ ਵੇਦਾਂ ਦੀ ਲਿਖਤ ਨੂੰ ਝੂਠੀ ਲਿਖਤ ਆਖਦੀ ਹੈ। *ਗੀਤਾ* ਦੇ ਚਾਰ ਵਾਕ ਐਸੇ ਹਨ ਜੋ ਬਹੁਤ ਜ਼ੋਰ-ਸ਼ੋਰ ਨਾਲ ਵੇਦਾਂ ਦਾ ਮਜ਼ਾਕ ਉਡਾਉਂਦੇ ਹਨ। ਇਨ੍ਹਾਂ ਨੂੰ ਮਸਖ਼ਰੇ ਭੂਤਾਂ (ਪਸ਼ਾਚ) ਅਤੇ ਮਨੋਰੰਜਨ ਕਰਨ ਵਾਲੇ ਲੋਕਾਂ ਦੀਆਂ ਲਿਖਤਾਂ ਆਖਦੀ ਹੈ, ਸਿਖ ਅਤੇ ਜੈਨ ਮਤਿ ਭੀ ਇਸ ਖ਼ਿਆਲ ਦੀ ਹਾਮੀ ਭਰਦੇ ਹਨ। ਹਿੰਦੂ ਮਤਿ ਵੇਦਾਂ

ਦੀਆਂ ਲਿਖਤਾਂ ਤੋਂ ਪਹਿਲਾਂ ਭੀ ਮੌਜੂਦ ਸੀ। ਇਨ੍ਹਾਂ ਦੀ ਮੌਤ ਅਤੇ ਜ਼ਿੰਦਗੀ ਵੇਦਾਂ ਨਾਲ ਜੁੜੀ ਹੋਈ ਨਹੀਂ ਹੈ।

4. ਹਿੰਦੂ ਹੋਣ ਲਈ ਜਾਤਿ ਪਾਤਿ (ਭਾਵ ਵਰਨ ਵਰਗੀਕਰਣ) ਦੀ ਭੀ ਆਵਸ਼ਕਤਾ ਨਹੀਂ ਹੈ।
5. ਗਊ ਦੀ ਪਵਿੱਤ੍ਰਤਾ ਅਤੇ ਬ੍ਰਾਹਮਣ ਦੇ ਵਡੱਪਨ ਦੀ ਭੀ ਕੋਈ ਲੋੜ ਨਹੀਂ ਹੈ ਕਿਉਂਕਿ ਅਛੂਤ ਲੋਕ ਗਊ ਦਾ ਮਾਸ ਬਿਨਾਂ ਕਿਸੇ ਇਤਰਾਜ਼ ਤੋਂ ਖਾ ਜਾਂਦੇ ਹਨ।
6. ਹਿੰਦੂ ਹੋਣ ਲਈ ਪਰਮਾਤਮਾ 'ਤੇ ਭਰੋਸਾ ਕਰਨਾ ਭੀ ਜ਼ਰੂਰੀ ਨਹੀਂ ਹੈ। ਹਿੰਦੂਆਂ ਦੇ ਛੇ ਸ਼ਾਸਤਰਾਂ ਵਿਚੋਂ ਕੇਵਲ ਇਕ *ਯੋਗ ਸ਼ਾਸਤਰ* ਹੀ ਪਰਮਾਤਮਾ ਦੀ ਹੋਂਦ ਨੂੰ ਸਵੀਕਾਰਦਾ ਹੈ।
7. ਸਿਰ ਦੀ ਬੋਦੀ (ਚੁਟੀਆ) ਰੱਖਣੀ ਭੀ ਜ਼ਰੂਰੀ ਨਹੀਂ ਹੈ।
8. ਜ਼ੁੰਨਾਰ (ਜਨੇਊ) ਪਹਿਨਣ ਦੀ ਭੀ ਕੋਈ ਆਵਸ਼ਕਤਾ ਨਹੀਂ ਹੈ।
9. ਖਾਣ ਪੀਣ ਦੀਆਂ ਚੀਜ਼ਾਂ ਵਿਚ ਵਰਜਿਤ ਅਵਰਜਿਤ (ਹਰਾਮ ਅਤੇ ਹਲਾਲ) ਜੈਸੀ ਕੋਈ ਪਾਬੰਦੀ ਨਹੀਂ ਹੈ। ਜੋ ਚੀਜ਼ ਇਕ ਹਿੰਦੂ ਵਾਸਤੇ ਵਰਜਿਤ ਹੈ ਉਹੀ ਚੀਜ਼ ਦੂਜੇ ਹਿੰਦੂ ਵਾਸਤੇ ਯੋਗ ਹੈ।
10. ਕੋਈ ਭੀ ਐਸਾ ਰਸਮੋ-ਰਿਵਾਜ ਨਹੀਂ ਹੈ ਜਿਹੜਾ ਨਾ ਹਟਾਇਆ ਜਾ ਸਕੇ, ਭਾਵ, ਜੋ ਮਰਜ਼ੀ ਹੈ ਕਰੋ ਜਾਂ ਨਾ ਕਰੋ।
11. ਕਰਮ, ਧਰਮ, ਸਜ਼ਾ ਅਤੇ ਜਜ਼ਾ ਦੇ ਮਾਮਲੇ ਵਿਚ ਕਿਸੇ ਅਵਤਾਰ ਜਾਂ ਆਤਮਾ 'ਤੇ ਵਿਸ਼ਵਾਸ ਕਰਨਾ ਭੀ ਜ਼ਰੂਰੀ ਨਹੀਂ ਹੈ।
12. 'ਹਿੰਦੋਲਾ' ਹਿੰਦੂਆਂ ਦੇ ਰਿਵਾਜ ਵਿਚ ਲਿਖਿਆ ਕਾਨੂੰਨ ਮੰਨਣਾ ਜਾਂ ਨਾ ਮੰਨਣਾ ਜ਼ਰੂਰੀ ਨਹੀਂ ਹੈ, ਭਾਵ, ਧਾਰਮਕ ਕਾਨੂੰਨ ਇਕ ਹਿੰਦੂ ਵਾਸਤੇ ਜ਼ਰੂਰੀ ਹੈ ਪ੍ਰੰਤੂ ਦੂਸਰੇ ਵਾਸਤੇ ਗ਼ੈਰ-ਜ਼ਰੂਰੀ ਹੈ।
13. ਹਿੰਦੂ ਬਣਨ ਵਾਸਤੇ ਨਸਲ ਅਤੇ ਰੰਗ ਆਦਿ ਦਾ ਹੋਣਾ ਭੀ ਜ਼ਰੂਰੀ ਨਹੀਂ ਹੈ। ਲਿਹਾਜ਼ਾ, ਕਹਾਣੀ ਇਥੇ ਮੁਕਦੀ ਹੈ ਕਿ ਕੋਈ ਭੀ ਵਿਅਕਤੀ ਹਿੰਦੂ ਹੋਣ ਤੋਂ ਇਨਕਾਰ ਨਹੀਂ ਕਰਦਾ ਕਿ ਉਹ ਹਿੰਦੂ ਹੈ।

(ਹਿੰਦੂਇਜ਼ਮ, ਪੰਨੇ 50-57, ਗੋਵਿੰਦ ਦਾਸ ਅਤੇ ਮਾਅਰਫ਼ਲ ਕੁਰਾਨ, ਪੰਨਾ 55)

ਇਕ ਦਫ਼ਾ ਦਾ ਜ਼ਿਕਰ ਹੈ ਕਿ ਦਸੰਬਰ 15, ਸੰਨ 1946 ਦੇ ਹਰੀਜਨ ਪਰਚੇ ਵਿਚ ਜੋ ਮਹਾਤਮਾ ਗਾਂਧੀ ਜੀ ਦੀ ਨਿਗਰਾਨੀ ਵਿਚ ਪ੍ਰਕਾਸ਼ਤ ਕੀਤਾ ਜਾਂਦਾ ਸੀ, ਹਿੰਦੂ ਮਤਿ ਪ੍ਰਤਿ ਪਰਚੇ ਵਿਚ ਛਪੀਆਂ ਕੁਝ ਸਤਰਾਂ ਦਾ ਅਧਿਐਨ ਕਰਨਾ ਭੀ ਸੁਹਿਰਦ ਪਾਠਕਾਂ ਦੀ ਦਿਲਚਸਪੀ ਤੋਂ ਸੱਖਣਾ ਨਹੀਂ ਹੋਵੇਗਾ। ਜਿਵੇਂ :

ਦੀਰਘਕਾਲੀ ਅਉਘਟ ਘਾਟੀਆਂ ਦੇ ਤਜਰਬੇ ਤੋਂ ਬਾਅਦ ਹਿੰਦੁਸਤਾਨ

ਦੇ ਧਾਰਮਕ ਫ਼ਿਰਕਿਆਂ ਨੇ ਧਾਰਮਕ ਰਵਾਦਾਰੀ ਦਾ ਉਤਸ਼ਾਹ ਇਕ ਆਦਤ ਵਜੋਂ ਉਤਪੰਨ ਕੀਤਾ ਹੈ। ਜੇਕਰ ਹਿੰਦੂ ਮਤਿ ਵਿਚ ਅਦਲਾ ਬਦਲੀ ਲਾਗੂ ਕਰਨ ਹਿਤ, ਸ਼ਿਵ ਮਤਿ, ਵੈਸ਼ਨਵ ਮਤਿ, ਜੈਨ ਮਤਿ, ਬੁਧ ਮਤਿ, ਇਕਾਂਗੀ ਮਤਿ, ਰੱਬੀ ਸ਼ਰਕਤ ਮਤਿ, ਪਸ਼ੂ ਪੂਜਾ ਮਤਿ, ਨਾਸਤਿਕ ਮਤਿ ਜੈਸੀਆਂ ਪਰਸਪਰ ਵਿਰੋਧਾਭਾਸੀ ਧਾਰਾਵਾਂ 'ਤੇ ਸਾਂਝੀਵਾਲਤਾ ਕੀਤੀ ਜਾ ਸਕਦੀ ਹੈ, ਤਦ ਇਨ੍ਹਾਂ ਸਾਰੀਆਂ ਮਤਿ ਮਤਾਂਤ੍ਰਾਂ ਦੀ ਪਰਸਪਰ ਸਾਂਝੀਵਾਲਤਾ ਹੀ ਸਹਿਨਸ਼ੀਲਤਾ, ਰਵਾਦਾਰੀ (mutual tolerance) ਆਖੀ ਜਾ ਸਕਦੀ ਹੈ।

(ਹਰੀਜਨ, 15/12/46 ਅਤੇ ਮਾਅਰਫ਼ਲ ਕੁਰਾਨ, ਪੰਨਾ 58)

ਕੌਂਸਲਰ ਗੋਵਿੰਦ ਦਾਸ ਜੀ ਦੇ ਕਥਨ ਅਨੁਸਾਰ 'ਹਿੰਦੂ' ਸ਼ਬਦ ਕਿਸੇ ਭੀ ਸੰਸਕ੍ਰਿਤ ਗ੍ਰੰਥ ਵਿਚੋਂ ਨਹੀਂ ਵੇਖਿਆ ਜਾ ਸਕਦਾ, ਬਲਕਿ ਪਾਰਸੀਆਂ ਦੀਆਂ ਪੁਸਤਕਾਂ ਜ਼ੰਦ ਅਤੇ ਆਵਸਤਾ ਵਿਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

(ਹਿੰਦੂਇਜ਼ਮ, ਪੰਨਾ 47 ਅਤੇ ਮਾਅਰਫ਼ਲ ਕੁਰਾਨ, ਪੰਨਾ 58)

ਸਿੰਮ੍ਰਿਤੀ ਅਤੇ ਵੇਦਾਂ ਦੀਆਂ ਲਿਖਤਾਂ ਪਰਸਪਰ ਵਿਰੋਧਾਭਾਸ ਦੁਆਰਾ ਪਰੀਪੂਰਨ ਹੋ ਰਹੀਆਂ ਹਨ। ਕੋਈ ਭੀ ਰਿਸ਼ੀ ਐਸਾ ਨਹੀਂ ਹੈ ਜਿਸ ਦੀ ਸਿੱਖਿਆ ਦੂਜੇ ਰਿਸ਼ੀ ਦੀ ਸਿੱਖਿਆ ਦੇ ਵਿਰੋਧ ਵਿਚ ਨਾ ਹੋਵੇ।

(ਹਿੰਦੂਇਜ਼ਮ, ਪੰਨਾ 62 ਅਤੇ ਮਾਅਰਫ਼ਲ ਕੁਰਾਨ, ਪੰਨਾ 58)

ਹਿੰਦੂ ਧਰਮ ਹਿੰਦੁਸਤਾਨ ਦਾ ਸਭ ਤੋਂ ਵੱਡਾ ਧਰਮ ਹੈ, ਭਾਵ, ਲਗਪਗ 80% ਹਿੰਦੁਸਤਾਨੀ ਲੋਕ ਹਿੰਦੂ ਧਰਮ ਵਿਚ ਵਿਸ਼ਵਾਸ ਰੱਖਦੇ ਹਨ। ਗਰਜ਼ੇਕਿ, ਦੁਨੀਆ ਦੇ ਦੂਜੇ ਧਰਮਾਂ ਦੇ ਤੁਲ ਇਹ ਸਾਰਿਆਂ ਤੋਂ ਪੁਰਾਣਾ ਹੈ। ਹਿੰਦੂ ਧਰਮ ਦੀਆਂ ਜੜ੍ਹਾਂ ਦੁਨਿਆਵੀ ਇਤਿਹਾਸਿਕ ਕਾਲ ਤੋਂ ਭੀ ਪੂਰਬਕਾਲੀ (Pre-historic) ਹਨ। ਭਾਵੇਂ, ਸਮੁੱਚੇ ਤੌਰ 'ਤੇ ਹਿੰਦੂ ਲੋਕ ਭਾਰਤ ਵਿਚ ਹੀ ਰਹਿੰਦੇ ਹਨ, ਪ੍ਰੰਤੂ ਇਸ ਦੀ ਸਾਹਿਤਿਕ ਅਤੇ ਦਾਰਸ਼ਨਿਕ ਸਿਧਾਂਤ ਸਮੱਗਰੀ ਨੇ ਲਗਪਗ ਸਮੁੱਚੇ ਸੰਸਾਰੀ ਲੋਕਾਂ ਨੂੰ ਪ੍ਰਭਾਵਤ ਕੀਤਾ ਹੈ। ਪੂਰਬਕਾਲੀ ਅਨੇਕਾਂ ਸ਼ਤਾਬਦੀਆਂ ਦੇ ਸਮੇਂ ਤੋਂ ਹਿੰਦੂ ਧਰਮ ਨੇ ਹਿੰਦੁਸਤਾਨੀ ਸੱਭਿਅਤਾ ਪ੍ਰਤਿ ਅਤਿ ਅਧਿਕ ਅਤੇ ਮਹੱਤਵਪੂਰਣ ਪ੍ਰਭਾਵ ਪਾਇਆ ਹੈ। ਮਿਸਾਲ ਵਜੋਂ ਜਾਤਿ ਪਾਤਿ ਅਥਵਾ ਵਰਣ ਵਰਗ ਦਾ ਅਸਰ ਹਰ ਹਿੰਦੁਸਤਾਨੀ ਦੇ ਜੀਵਨ ਵਿਚ ਵੇਖਿਆ ਜਾ ਸਕਦਾ ਹੈ, ਭਾਵੇਂ ਉਹ ਕੋਈ ਭੀ ਕਿਉਂ ਨਾ ਹੋਵੇ। ਭਾਵੇਂ ਮੁਸਲਮਾਨ, ਸਿਖ ਅਤੇ ਈਸਾਈ ਬੁਨਿਆਦੀ ਤੌਰ 'ਤੇ ਜਾਤਿ ਪਾਤਿ ਦੀ ਜ਼ਿੱਲਤ ਨੂੰ ਸਵੀਕਾਰ ਨਹੀਂ ਕਰਦੇ, ਪ੍ਰੰਤੂ ਇਨ੍ਹਾਂ ਦੇ ਅਭਿਆਸੀ ਜੀਵਨ ਵਿਚੋਂ ਜਾਤਿ ਪਾਤਿ ਮਲੀਣਤਾ ਦੀ ਝਲਕ ਅਕਸਰ ਕਿਸੇ ਨਾ ਕਿਸੇ ਰੂਪ ਵਿਚ ਨਿਜੀ ਚਮਕ ਦਮਕ ਵਿਖਾ ਹੀ ਜਾਂਦੀ ਹੈ। ਵਰਣ ਵਿਭਾਜਨ ਦੀ ਰੀਤੀ ਨਿਸ਼ਚਿਤ ਤੌਰ 'ਤੇ ਹਿੰਦੂ

ਮਤਿ ਦੀ ਬੁਨਿਆਦੀ ਸ਼ਿਲਾ ਹੀ ਆਖੀ ਜਾ ਸਕਦੀ ਹੈ, ਬਲਕਿ ਨਿਤਾ ਪ੍ਰਤਿ ਜੀਵਨ ਨਿਰਬਾਹ ਵਾਸਤੇ ਕਿਰਤ ਵਿਰਤ ਦੇ ਸਾਧਨ ਭੀ ਜਾਤਿ ਪਾਤਿ ਦੀ ਵਲਗਣ ਵਿਚ ਲਪੇਟੇ ਹੋਏ ਆਮ ਹੀ ਵੇਖੇ ਜਾ ਸਕਦੇ ਹਨ। ਜਾਤਿ ਪਾਤਿ ਦੀ ਜ਼ਿੱਲਤ ਨੂੰ ਖ਼ਤਮ ਕਰਨ ਹਿਤ ਪਾਵਨ ਗੁਰਬਾਣੀ ਦੁਆਰਾ ਬਾਰ ਬਾਰ ਖੰਡਨ ਕੀਤਾ ਗਿਆ ਹੈ। ਜਿਵੇਂ:

ਆਗੈ ਜਾਤਿ ਰੂਪੁ ਨ ਜਾਇ॥ ਤੇਹਾ ਹੋਵੈ ਜੇਹੇ ਕਰਮ ਕਮਾਇ॥
ਸਬਦੇ ਊਚੋ ਊਚਾ ਹੋਇ॥ ਨਾਨਕ ਸਾਚਿ ਸਮਾਵੈ ਸੋਇ॥

(ਆਸਾ ਮ: ੩, ਪੰਨਾ 363/11)

9.70 ਹਿੰਦੂ ਮਤਿ ਦਾ ਵਿਸ਼ਵਾਸ (Belief of Hinduism)

ਸੰਸਾਰ ਦੇ ਆਮ ਧਰਮਾਂ ਵਿਚ ਜਿਵੇਂ ਇਸਲਾਮ, ਸਿਖ, ਈਸਾਈ, ਬੁਧ ਮਤਿ, ਪਾਰਸੀ, ਇਨ੍ਹਾਂ ਦਾ ਸੰਚਾਲਕ ਇਕ ਹੈ। ਪ੍ਰੰਤੂ ਇਸ ਦੇ ਵਿਪਰੀਤ ਹਿੰਦੂ ਮਤਿ ਦਾ ਸੰਚਾਲਕ ਇਕ ਵਿਅਕਤੀ ਨਹੀਂ ਹੈ, ਬਲਕਿ ਇਹ ਧਰਮ ਸਿਲਸਿਲੇ ਵਾਰ ਹਜ਼ਾਰਾਂ ਹੀ ਸਾਲਾਂ ਵਿਚ ਵਿਕਸਤ ਹੋਇਆ ਹੈ। ਇਸ ਵਿਚ ਕੋਈ ਅਤਿ ਕਥਨੀ ਨਹੀਂ ਹੋਵੇਗੀ ਅਗਰ ਇਹ ਆਖਿਆ ਜਾਵੇ ਕਿ ਇਹ ਅਨਿਕ ਪ੍ਰਕਾਰੀ ਸੰਸਕ੍ਰਿਤੀਆਂ, ਵਰਗ ਸ਼੍ਰੇਣੀਆਂ ਅਤੇ ਬਹੁ-ਮਿਸ਼ਰਤ ਧਰਮਾਂ ਦਾ ਮਿਲ-ਗੋਭਾ ਹੈ। ਇਹੀ ਵੱਡਾ ਕਾਰਨ ਹੈ ਕਿ ਹਿੰਦੂ ਮਤਿ ਵਿਚ ਅਨਿਕ ਪ੍ਰਕਾਰੀ ਧਾਰਮਕ ਸੰਪਰਦਾਵਾਂ ਮੌਜੂਦ ਹਨ ਅਤੇ ਹਰ ਇਕ ਸੰਪਰਦਾਈ ਫ਼ਿਰਕੇ ਨੇ ਆਪਣੀ ਵੱਖਰੀ ਵੱਖਰੀ ਦਾਰਸ਼ਨਿਕ ਪ੍ਰਣਾਲੀ ਅਤੇ ਪੂਜਾ ਪਾਠ ਦੀਆਂ ਰੀਤੀਆਂ ਵਿਕਸਤ ਕੀਤੀਆਂ ਹਨ। ਸੰਸਾਰ ਦੇ ਦੂਸਰੇ ਧਰਮਾਂ ਵਾਂਗੂੰ ਹਿੰਦੂ ਮਤਿ ਭੀ ਪ੍ਰਮਾਰਥ ਵਿਦਿਆ 'ਤੇ ਭੋਰਸਾ ਰੱਖਦਾ ਹੈ। ਪੁਨਰ ਜਨਮ ਅਥਵਾ ਮੌਤ ਤੋਂ ਬਾਅਦ ਜੀਵਨ, ਹਿੰਦੂ ਮਤਿ ਦੀ ਜੀਵਨਧਾਰਾ ਦਾ ਵਿਸ਼ੇਸ਼ ਭਾਗ ਹੈ, ਜਿਸ ਦੇ ਆਧਾਰ 'ਤੇ ਹਿੰਦੂ ਮਤਿ ਦੇ ਅਨੁਆਈ, ਨਿਜੀ ਜੀਵਨ ਸ਼ੈਲੀ ਦਾ ਆਚਾਰ ਵਿਹਾਰ ਉਲੀਕਦੇ ਹਨ, ਜਿਸ ਦੀ ਸੇਧ ਪ੍ਰਮਾਰਥ ਗ੍ਰੰਥਾਂ ਵਿਚੋਂ ਪ੍ਰਾਪਤ ਕੀਤੀ ਜਾਂਦੀ ਹੈ।

9.71 ਪ੍ਰਮਾਰਥਿਕ ਸਮੱਗਰੀ (Sacred Writing)

ਜਿਵੇਂ ਸਿੱਖੀ ਵਿਚ ਕੇਵਲ *ਸ੍ਰੀ ਗੁਰੂ ਗ੍ਰੰਥ ਸਾਹਿਬ*, ਇਸਲਾਮ ਵਿਚ ਸਿਰਫ਼ *ਕੁਰਾਨ*, ਈਸਾਈ ਮਤਿ ਵਿਚ ਕੇਵਲ *ਬਾਈਬਲ* ਆਦਿ ਮੁਤਬਰਕ (ਪਵਿੱਤਰ) ਗ੍ਰੰਥ ਹਨ ਜੋ ਇਨ੍ਹਾਂ ਧਰਮਾਂ ਦੀ ਪ੍ਰਮਾਰਥਿਕ ਮਾਰਗ-ਦਰਸ਼ੀ ਦਾ ਮੂਲਿਕ ਸੋਮਾ ਅਤੇ ਆਤਮਕ ਜੀਵਨ ਪ੍ਰਤਿ ਸ੍ਰੋਤ ਅਸਥਾਨ ਹਨ। ਪ੍ਰੰਤੂ ਹਿੰਦੂ ਮਤਿ ਵਿਚ ਐਸਾ ਨਹੀਂ ਹੈ, ਬਲਕਿ ਅਨੇਕਾਂ ਹੀ ਐਸੀਆਂ ਮੁਤਬਰਕ ਕਿਤਾਬਾਂ ਹਨ ਜੋ

ਇਸ ਦੇ ਸਿਧਾਂਤ ਆਧਾਰੀ ਵਿਸ਼ਵਾਸ ਪ੍ਰਤਿ ਯੋਗਦਾਨ ਪਾਉਂਦੀਆਂ ਹਨ। ਇਨ੍ਹਾਂ ਵਿਚ ਬਹੁਤੀਆਂ ਆਵਸ਼ਕ—ਚਾਰ ਵੇਦ, ਇਕ ਸੌ ਸੱਤਰ ਉਪਨਿਸ਼ਦ ਖ਼ਾਸ ਕਰਕੇ ਦਸ ਹਨ, ਛੇ ਸ਼ਾਸਤ੍ਰ, ਅਠਾਰਾਂ ਪੁਰਾਣ, ਸਤਾਈ ਸਿੰਮ੍ਰਿਤੀਆਂ ਵਿਸ਼ੇਸ਼ ਕਰਕੇ ਮਨੂੰ *ਸਿੰਮ੍ਰਿਤੀ*, *ਰਾਮਾਇਣ*, *ਮਹਾਭਾਰਤ*, *ਗੀਤਾ* ਆਦਿ ਅਨੇਕਾਂ ਹੀ ਐਸੀਆਂ ਕਿਤਾਬਾਂ ਹਨ, ਜਿਨ੍ਹਾਂ ਤੋਂ ਹਿੰਦੂ ਮਤਿ ਧਾਰਮਕ ਸੇਧ ਪ੍ਰਾਪਤ ਕਰਦਾ ਹੈ। ਨਿਮਨ ਲਿਖਤਾਂ ਦੁਆਰਾ ਇਨ੍ਹਾਂ ਕਿਤਾਬਾਂ ਪ੍ਰਤਿ ਵਿਚਾਰ ਵਿਮੱਰਸ਼ ਕਰਨ ਦੀ ਆਗਿਆ ਚਾਹਾਂਗੇ। ਹਿੰਦੂ ਮਤਿ ਦੀ ਧਾਰਮਿਕ ਪ੍ਰਣਾਲੀ ਨੂੰ ਬਿਆਨ ਕਰਨਾ ਇਕ ਬਹੁਤ ਹੀ ਨਾਜ਼ੁਕ ਮਰਹਲਾ (ਸੂਖਸ਼ਮ ਮੰਜ਼ਲ) ਹੈ।

9.72 ਚਾਰ ਵੇਦ

ਹਿੰਦੂ ਧਰਮ ਵਿਚ ਅਤੇ ਸੰਸਾਰ ਦੇ ਸਮੁੱਚੇ ਧਰਮਾਂ ਦੀਆਂ ਧਾਰਮਕ ਪੁਸਤਕਾਂ ਵਿਚੋਂ ਸਭ ਤੋਂ ਪੁਰਾਤਨ ਕਿਤਾਬਾਂ ਹਿੰਦੂ ਧਰਮ ਦੇ ਵੇਦ ਹਨ। ਵੇਦਾਂ ਦੇ ਲਿਖਣ ਤੋਂ ਹਜ਼ਾਰਾਂ ਵਰਸ਼ ਪਹਿਲਾਂ ਇਨ੍ਹਾਂ ਦੀ ਤਾਲੀਮ, ਸਿੱਖਿਆ ਦੇ ਖੇਤਰ ਵਿਚ ਆ ਚੁੱਕੀ ਸੀ। ਵੇਦ ਚਾਰ ਹਨ, ਜਿਨ੍ਹਾਂ ਦੀ ਨਾਮਾਵਲੀ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ—*ਰਿਗ ਵੇਦ*, *ਸਾਮ ਵੇਦ*, *ਯਜੁਰ ਵੇਦ* ਅਤੇ *ਅਥਰ੍ਵ ਵੇਦ*। ਵੇਦਾਂ ਦੀ ਤੱਤ੍ਹ ਗੋਝ ਨੂੰ ਸਮਝਣ ਹਿਤ ਤਿੰਨਾਂ ਭਾਗਾਂ ਵਿਚ ਵਿਭਾਜਤ ਕੀਤਾ ਜਾ ਸਕਦਾ ਹੈ। ਜਿਵੇਂ :

1. ਸਹਿੰਤਾ, 2. ਬ੍ਰਾਹਮਣ, 3. ਉਪਨਿਸ਼ਦ ਅਥਵਾ ਅਰਣੀਆਂ ਜਾਂ ਐਰਿਣਯਕਸ (Aranyakas)।

1. **ਸਹਿੰਤਾ :** ਇਹ ਭਾਗ ਵੇਦਾਂ ਦਾ ਅਤਿ ਆਵਸ਼ਕ ਭਾਗ ਹੈ ਜਿਸ ਵਿਚ ਪ੍ਰਾਰਥਨਾ ਅਤੇ ਪੂਜਾ ਭਜਨ ਆਦਿ ਦੇ ਗੀਤ ਹਨ।

2. **ਬ੍ਰਾਹਮਣ :** ਇਸ ਦਾ ਮੰਤਵ ਧਾਰਮਕ ਅਤੇ ਸੰਸਕਾਰੀ ਰੀਤੀਆਂ ਨੂੰ ਪੂਰਾ ਕਰਨਾ ਹੈ। ਇਸ ਵਿਚ ਸਹਿੰਤਾ ਭਾਗ ਦੀਆਂ ਗੰਭੀਰ ਸਮੱਸਿਆਵਾਂ ਦੀ ਵਿਆਖਿਆ ਕਰਨਾ ਭੀ ਸ਼ਾਮਲ ਹੈ।

3. **ਉਪਨਿਸ਼ਦ :** ਇਨ੍ਹਾਂ ਗ੍ਰੰਥਾਂ ਵਿਚ ਆਤਮਿਕ ਵਿਦਿਆ ਅਤੇ ਹਿੰਦੂ ਮਤਿ ਦੇ ਦਾਰਸ਼ਨਿਕ ਸਿਧਾਂਤ ਪ੍ਰਤਿ ਵਾਰਤਾਲਾਪ ਕੀਤੀ ਗਈ ਹੈ। ਇਨ੍ਹਾਂ ਦੀ ਸੰਖਿਆ ਇਕ ਸੌ ਸੱਤਰ ਹੈ ਪ੍ਰੰਤੂ ਦਸ ਉਪਨਿਸ਼ਦ ਐਸੇ ਹਨ ਜਿਨ੍ਹਾਂ ਦੀ ਮਹੱਤਤਾ ਬਹੁਤ ਜ਼ਿਆਦਾ ਹੈ।

ਵੇਦ ਸ਼ਬਦ ਦਾ ਸ਼ਬਦਿਕ ਅਰਥ ਗਿਆਨ ਹੈ, ਆਮ ਜਨਤਾ ਦਾ ਖ਼ਿਆਲ ਹੈ ਕਿ ਇਹ ਕਿਸੇ ਕਿਤਾਬ ਦਾ ਨਾਮ ਹੈ ਪ੍ਰੰਤੂ ਵੇਦ ਕਿਸੇ ਖ਼ਾਸ ਕਿਤਾਬ ਦਾ ਨਾਮ ਨਹੀਂ ਹੈ। ਇਸ ਖ਼ਿਆਲ ਦੀ ਵਜ਼ਾਹਤ (ਵਿਆਖਿਆ) ਕਰਦੇ ਹੋਏ ਸੰਸਕ੍ਰਿਤ ਕਾਲਜ ਕਲਕੱਤਾ ਦੇ ਪ੍ਰਿੰਸੀਪਲ ਸਰ ਬਿੰਦਰ ਨਾਥ ਦਾਸ, ਆਪਣੀ

ਪ੍ਰਸਿੱਧ ਪੁਸਤਕ '*A History of Indian Philosophy*' ਦੇ ਭਾਗ ਪਹਿਲਾ (Vol-I) ਵਿਚ ਲਿਖਦੇ ਹਨ ਕਿ :

ਇਕ ਵਿਦਿਆਰਥੀ ਜਿਸ ਨੂੰ ਆਰੰਭ ਕਾਲ ਵਿਚ ਸੰਸਕ੍ਰਿਤ ਸਾਹਿਤ ਪ੍ਰਤਿ ਜਾਣੂ ਕਰਵਾਇਆ ਜਾਵੇ, ਉਹ ਇਹ ਵੇਖ ਕੇ ਪ੍ਰੇਸ਼ਾਨੀ ਮਹਿਸੂਸ ਕਰੇਗਾ ਕਿ ਕਿਸੇ ਵਿਸ਼ਾ-ਵਸਤੂ ਦੀ ਪ੍ਰਾਪਤੀ ਹਿਤ ਇਨ੍ਹਾਂ ਤੋਂ ਬਿਨਾਂ ਅਨੇਕਾਂ ਹੀ ਹੋਰ ਪੁਸਤਕਾਂ ਹਨ ਪ੍ਰੰਤੂ ਇਨ੍ਹਾਂ ਸਾਰੀਆਂ ਕਿਤਾਬਾਂ ਦਾ ਨਾਮ ਵੇਦ ਜਾਂ ਸਰੁਤੀ ਅਥਵਾ ਸੁਣੀਆਂ ਸੁਣਾਈਆਂ ਗੱਲਾਂ ਹੀ ਹੈ। ਇਹ ਇਸ ਵਾਸਤੇ ਹੈ ਕਿ ਵੇਦ ਆਪਣੇ ਲੰਮੇ ਚੌੜੇ ਗਿਆਨ ਦੇ ਇਤਬਾਰ ਦੇ ਆਧਾਰ 'ਤੇ ਕਿਸੇ ਵਿਸ਼ੇਸ਼ ਪੁਸਤਕ ਦਾ ਨਾਮ ਨਹੀਂ ਹੈ, ਬਲਕਿ ਇਹ ਤਾਂ ਅੱਜ ਤੋਂ ਦੋ ਹਜ਼ਾਰ ਸਾਲ ਪਹਿਲਾਂ ਪਸਰੇ ਹੋਏ ਦੀਰਘਕਾਲੀ ਸਾਹਿਤ ਨੂੰ ਪ੍ਰਗਟ ਕਰਨ ਦਾ ਚਬੂਤਰਾ (ਮੁਜ਼ਹਿਰ) ਹੈ। ਇਸ ਪ੍ਰਤਿ ਗਿਆਨ ਦੀ ਪ੍ਰਾਪਤੀ ਦਾ ਟੀਚਾ ਜੋ ਹਿੰਦੁਸਤਾਨ ਦੇ ਵਸਨੀਕਾਂ ਨੇ ਇਕੱਤਰ ਕੀਤਾ ਹੈ, ਇਸ ਵਾਸਤੇ ਆਵਸ਼ਕ ਹੈ ਕਿ ਇਹ ਵਿਰੋਧੀ ਖ਼ਿਆਲਾਂ ਦੇ ਲੋਕਾਂ ਵਾਸਤੇ ਭੀ ਇਕੱਤਰ ਕੀਤਾ ਹੋਇਆ ਭੰਡਾਰਾ ਹੋਵੇ।

(ਮਆਰਫ਼ਲ ਕੁਰਾਨ, ਪੰਨਾ 62 ਅਤੇ A History of Indian Philosophy, pp.11-12)

ਭਾਵ ਇਹ ਹੋਇਆ ਕਿ ਹਿੰਦੁਸਤਾਨੀ ਵਸਨੀਕਾਂ ਨੇ ਪੂਰਬਲੇ ਦੋ ਹਜ਼ਾਰ ਸਾਲਾਂ ਵਿਚ ਜੋ ਰਸਮ-ਰਿਵਾਜੀ ਇਲਮੋ-ਹੁਨਰ ਇਕੱਤਰ ਕੀਤਾ ਹੈ, ਉਸ ਸਮੱਗਰੀ ਦਾ ਨਾਮ ਵੇਦ ਹੈ। ਇਸ ਵੇਦ ਵਿਆਖਿਆ ਨੂੰ ਇਨਸਾਨੀ ਸਮਝ ਦਾ ਵਿਸ਼ਾ ਬਣਾਵਣ ਹਿਤ, ਤਿੰਨਾਂ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ਜੋ ਕਿ ਆਪ ਜੀ ਉਕਤ ਪੰਨੇ ਵਿਚ ਪੜ੍ਹ ਆਏ ਹੋ।

ਵੇਦਾਂ ਦੀ ਕਾਵਿ ਰਚਨਾ ਅਤੇ ਵਾਰਤਕ ਸੰਗ੍ਰਹਿ ਪੂਰਬ-ਕਾਲੀਨ ਲੋਕਾਂ ਵਾਸਤੇ ਇਤਨਾ ਪਵਿੱਤਰ ਸਮਝਿਆ ਜਾਂਦਾ ਸੀ ਕਿ ਇਸ ਨੂੰ ਲਿਖਤ ਵਿਚ ਲਿਆਉਣਾ ਇਕ ਬਹੁਤ ਹੀ ਗੰਭੀਰ ਪਾਪ ਸਮਝਿਆ ਜਾਂਦਾ ਸੀ। ਇਹੀ ਵੱਡਾ ਕਾਰਣ ਸੀ ਕਿ ਇਹ ਬ੍ਰਾਹਮਣ ਸ਼੍ਰੇਣੀ ਵਿਚ ਸੀਨਾ-ਬ-ਸੀਨਾ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਤਬਦੀਲ ਹੁੰਦਾ ਰਿਹਾ। ਏਸੇ ਭਰੋਸੇ 'ਤੇ ਇਸ ਦੀ ਸੰਗਿਆ ਸੁਰਤੀ ਅਥਵਾ ਰਵਾਇਤ ਪ੍ਰਸਿੱਧ ਹੋਈ। *(ਓਹੀ, ਪੰਨਾ 12)*

ਸਹਿੰਤਾ ਦੇ ਸੰਗ੍ਰਹਿ ਵਿਚ ਚਾਰ ਭਾਗ ਹਨ, ਇਨ੍ਹਾਂ ਚਾਰ ਭਾਗਾਂ ਨੂੰ ਹੀ ਚਾਰ ਵੇਦ ਆਖਿਆ ਜਾਂਦਾ ਹੈ। ਆਮ ਤੌਰ 'ਤੇ ਇਨ੍ਹਾਂ ਚਾਰ ਭਾਗਾਂ ਵਿਚੋਂ *ਰਿਗ ਵੇਦ* ਸਭ ਤੋਂ ਪੁਰਾਤਨ ਭਾਗ ਆਖਿਆ ਜਾਂਦਾ ਹੈ। ਪ੍ਰੰਤੂ ਪੌਰਾਣਿਕ ਕਿਆਸ-ਅਰਾਈ ਜਾਂ ਸੂਝ ਬੂਝ ਦੀ ਸੁੰਦਰਤਾ ਦੇ ਆਧਾਰ 'ਤੇ *ਯਜੁਰ ਵੇਦ* ਸਭ ਤੋਂ ਪਹਿਲਾ ਵੇਦ ਤਸਲੀਮ ਕੀਤਾ ਜਾਂਦਾ ਹੈ। *ਯਜੁਰ ਵੇਦ* ਦੀ ਭੰਨ ਤੋੜ ਕਰ ਕੇ ਇਸ ਵਿਚੋਂ ਚਾਰ ਵੇਦਾਂ ਦੀ ਰੂਪ-ਰੇਖਾ ਤਿਆਰ ਕੀਤੀ ਗਈ।

(ਗੋਵਿੰਦ ਦਾਸ, ਹਿੰਦੂਇਜ਼ਮ, ਪੰਨਾ 93)

ਤਵਾਰੀਖ਼ ਦੇ ਪੰਨਿਆਂ ਵਿਚ ਇਕ ਸਚਾਈ ਬਾਰ ਬਾਰ ਮੁਸੱਨਫ਼ਾਂ (ਲਿਖਾਰੀਆਂ) ਦੇ ਸਾਹਮਣੇ ਆ ਰਹੀ ਹੈ ਕਿ ਪੁਰਾਤਨ ਸਾਹਿਤ ਦੀਆਂ ਕਈ ਇਕ ਅਲਿਖਤੀ ਰਵਾਇਤਾਂ ਵਿਦਵਾਨਾਂ ਦੇ ਕਾਲ ਚੱਕਰਾਂ ਵਿਚ ਗੁੰਮ ਹੋਣ ਕਰਕੇ ਪੁਰਾਤਨ ਸਾਹਿਤ ਦੀ ਸਥਿਰਤਾ ਭੀ ਕਾਇਮ ਨਾ ਰਹਿ ਸਕੀ। ਆਪ ਜੀ ਯਹੂਦੀ ਇਤਿਹਾਸ ਦੇ ਪੰਨਿਆਂ ਵਿਚ ਪਛੇਤਰ ਲਿਖਤਾਂ ਵਿਚ ਪੜ੍ਹ ਆਏ ਹੋ ਕਿ ਜਦੋਂ ਬਾਬਲ ਦੇ ਬਾਦਸ਼ਾਹ ਨੈਬੂਚੈਡਰ ਨਾਸਰ (Nabuchadnezzar) ਨੇ ਸੰਨ 587 ਪੂਰਬ ਈਸਾ, ਜੈਰੋਸ਼ਲਮ 'ਤੇ ਅਤਿ ਵਿਨਾਸ਼ਿਕ ਹਮਲਾ ਕਰ ਕੇ ਸਮੁੱਚੇ ਯਹੂਦੀ ਸਾਹਿਤ ਅਤੇ ਜੈਰੋਸ਼ਲਮ ਦੀ ਹਸਤੀ ਨੂੰ ਦੁਨੀਆ ਦੇ ਤਖ਼ਤੇ ਤੋਂ ਨੇਸਤੋ-ਨਾਬੂਦ ਕੀਤਾ। ਅਲਪ ਸੰਖਿਆ ਵਿਚ ਨਾਸਰ ਦੀ ਤਲਵਾਰ ਤੋਂ ਬਚੀ ਹੋਈ ਯਹੂਦੀ ਕੌਮ ਗ਼ੁਲਾਮਾਂ ਦੀ ਹਾਲਤ ਵਿਚ ਕੈਦ ਕਰ ਕੇ ਬਾਬਲ ਵਿਚ ਲਿਆਂਦੀ ਗਈ। ਪਰਾਧੀਨਤਾ ਦੇ ਸਮੇਂ ਯਹੂਦੀ ਕੈਦੀ ਇਕ ਦੂਜੇ ਤੋਂ ਸੁਣ ਸੁਣਾ ਕੇ ਦੁਨੀਆ ਦੇ ਚਬੂਤਰੇ ਤੋਂ ਗੁੰਮ ਹੋ ਚੁੱਕੀ ਤੂਰੇਤਿਕ ਗਾਥਾ ਦੀਆਂ ਰਵਾਇਤਾਂ ਯਾਦ ਕਰ ਕਰ ਕੇ ਮਾਨਸਿਕ ਤਸਕੀਨ ਹਾਸਿਲ ਕਰਦੇ ਸਨ। ਪ੍ਰੰਤੂ ਈਰਾਨ ਦੇ ਬਾਦਸ਼ਾਹ ਸੈਰੱਸ *(ਸ਼ੇਰਵਾਂ)* ਨੇ ਬਾਬਲ ਨੂੰ ਫ਼ਤਹਿ ਕਰ ਕੇ ਯਹੂਦੀ ਕੈਦੀਆਂ ਨੂੰ ਬੰਦੀ ਰਹਿਤ ਕੀਤਾ। ਦੋਬਾਰਾ ਜੈਰੋਸ਼ਲਮ ਮੰਦਰ ਦੀ ਉਸਾਰੀ ਕੀਤੀ ਗਈ। ਇਸ ਸਮੇਂ ਐਜ਼ਰਾ ਨਾਮੀ ਯਹੂਦੀ ਵਿਦਵਾਨ ਨੇ ਦੂਜੇ ਸਾਥੀਆਂ ਤੋਂ ਪੁਛ-ਗਿੱਛ ਕਰਕੇ ਦੋਬਾਰਾ ਤੂਰੇਤ ਦੀ ਬਾਣੀ ਨੂੰ ਮੂਸਾ ਦੇ ਨਾਮ 'ਤੇ ਲਾਗੂ ਕੀਤਾ। ਇਸੇ ਤਰ੍ਹਾਂ ਵੇਦਿਕ ਸੁਰਤੀਆਂ 'ਤੇ ਭੀ ਇਕ ਐਸਾ ਸਮਾਂ ਆਇਆ ਜਦੋਂ ਕਿ ਵੇਦਿਕ ਸਾਹਿਤ ਪੁਰਾਤਨ ਰਿਸ਼ੀਆਂ ਦੀਆਂ ਸੁਰਤੀਆਂ ਵਿਚੋਂ ਅਲੋਪ ਹੋ ਗਿਆ। ਚੁਨਾਂਚਿ, ਮਹਾਭਾਰਤ ਮੇਂ ਲਿਖਾ ਹੈ ਕਿ ਏਕ ਮਰਤਬਾ ਮੁਲਕ ਮੇਂ ਬਾਰਹ ਬਰਸ ਤਕ ਸਖ਼ਤ ਕਹਿਤ ਸਾਲੀ ਰਹੀ, ਤਮਾਮ ਰਿਸ਼ੀ ਦੇਸ਼ ਛੋੜ ਕਰ ਤਲਾਸ਼ੇ ਮੁਆਸ਼ ਮੇਂ (ਭੋਜਨ ਦੀ ਭਾਲ ਵਿਚ) ਕਹੀਂ ਦੂਸਰੀ ਜਗ੍ਹਾ ਚਲੇ ਗਏ ਔਰ ਵੇਦ ਕੋ ਕਤਅਨ (ਬਿਲਕੁਲ ਹੀ) ਭੁਲਾ ਬੈਠੇ। ਲੇਕਿਨ ਦਰਿਆਏ ਸਰਸੋਤੀ (ਸਰਸੋਤੀ ਨਦੀ) ਕਾ ਬੇਟਾ ਰਿਸ਼ੀ ਸਰਸੋਤ ਅਪਨੇ ਦੇਸ਼ ਮੇਂ ਰਹਾ ਔਰ ਏਕ ਮਛਲੀ ਪਰ ਗੁਜ਼ਾਰਾ ਕਰਤਾ ਰਹਾ, ਜੋ ਇਸ ਕੀ ਮਾਂ ਸਰਸੋਤੀ ਨਦੀ ਇਸੇ ਰੋਜ਼ਾਨਾ ਦੇਤੀ ਥੀ। ਇਸ ਨੇ ਵੇਦ ਯਾਦ ਰੱਖਾ। ਜਬ ਰਿਸ਼ੀ ਵਾਪਸ ਲੌਟੇ ਤੋ ਉਨਹੇਂ ਦੋਬਾਰਾ ਯਾਦ ਕਰਾਇਆ।

(ਮਾਅਰਫ਼ਲ ਕੁਰਾਨ, ਪੰਨਾ 63 ਅਤੇ ਹਿੰਦੂਇਜ਼ਮ, ਪੰਨਾ 83)

ਉਕਤ ਭੁਖਮਰੀ ਦੇ ਸਮੇਂ ਸਾਰੇ ਰਿਸ਼ੀ ਬਾਰਾਂ ਸਾਲ ਦੀ ਖ਼ਾਤਰ, ਵੇਦਿਕ ਦੇਸ਼ ਅਤੇ ਵੇਦਿਕ ਪ੍ਰਕਿਰਤੀ ਨੂੰ ਤਿਆਗ ਕੇ, ਕਿਸੇ ਅਣਪਛਾਤੀ ਜਗ੍ਹਾ 'ਤੇ ਖਾਨ ਪਾਨ ਪਹਿਰਾਨ ਦੀ ਭਾਲ ਵਿਚ ਦੂਰ-ਦੁਰੇਡੇ ਪਰਦੇਸਾਂ ਵਿਚ ਚਲੇ ਗਏ।

ਜਦੋਂ ਬਾਰਾਂ ਵਰਸ਼ ਤੋਂ ਬਾਅਦ ਵਾਪਸ ਪਰਤੇ, ਤਦ ਸਰਸੋਤੀ ਰਿਸ਼ੀ ਨੇ ਆਪਣੀ ਸੁਰਤੀ ਦੇ ਅਨੁਸਾਰ ਸਾਰੇ ਰਿਸ਼ੀਆਂ ਨੂੰ ਵੇਦ ਬਾਣੀ ਤੋਂ ਜਾਣੂ ਕਰਵਾਇਆ। ਇਹੀ ਉਹ ਵੇਦ ਬਾਣੀ ਹੈ, ਜਿਸ ਨੂੰ ਵਿਆਸ ਰਿਸ਼ੀ ਨੇ ਚਾਰ ਭਾਗਾਂ ਵਿਚ ਚਾਰ ਵੇਦਾਂ ਦੇ ਨਾਮ ਥੱਲੇ ਵੰਡ ਦਿੱਤਾ। ਇਸ ਖ਼ਿਆਲ ਦੀ ਪ੍ਰੋੜ੍ਹਤਾ ਮਿਸਟਰ ਗੋਵਿੰਦ ਦਾਸ ਜੀ ਦੀਆਂ ਲਿਖਤਾਂ ਵਿਚੋਂ ਪਰਮਾਣਿਕ ਸਮੱਗਰੀ ਵਜੋਂ ਵੇਖੀ ਜਾ ਸਕਦੀ ਹੈ।

ਗੋਵਿੰਦ ਦਾਸ ਜੀ ਲਿਖਦੇ ਹਨ ਕਿ ਹਮ ਨਿਹਾਇਤ ਆਸਾਨੀ ਸੇ ਕਹਿ ਸਕਤੇ ਹੈਂ ਕਿ ਵਹ ਕਿਤਾਬੇਂ ਜੋ ਆਜ ਹਮਾਰੇ ਪਾਸ ਹੈਂ, ਵਿਆਸ ਕੇ ਮਰਤਬ ਕਰਦਹ ਨੁਸਖ਼ਾ ਕੇ ਮੁਤਾਬਿਕ ਨਹੀਂ ਹੈਂ (ਵਿਆਸ ਦੀ ਦਿੱਤੀ ਹੋਈ ਕਿਤਾਬੀ ਤਰਤੀਬ ਦੇ ਆਧਾਰ 'ਤੇ ਨਹੀਂ ਹਨ)। ਇਸ ਲੀਏ ਕਿ ਰਵਾਇਤ ਕੀ ਰੂ ਸੇ ਵਿਆਸ ਭੀ ਕਈ ਹੋ ਗੁਜ਼ਰੇ ਹੈਂ। ਔਰ ਇਸ ਕੇ ਇਲਾਵਾ ਵੇਦੋਂ ਕੇ ਕਈ ਔਰ ਤਰਤੀਬ ਦਹਿੰਦਗਾਨ (ਦੇਨੇ ਵਾਲੇ) ਸਮਹਤ ਲਿਟਰੇਚਰ ਜੋ ਆਜ ਹਮਾਰੇ ਪਾਸ ਹੈ ਵਹ ਤੋ ਇਸ ਮਜਮੂਆਂ ਕਾ (ਸੰਦਰਭ ਦਾ) ਪਾਂਚਵਾਂ ਹਿੱਸਾ ਭੀ ਨਹੀਂ ਜੋ ਆਜ ਸੇ 2200 ਸਾਲ ਪੇਸ਼ਤਰ ਮਹਾਭਾਸ਼ਾ ਕੇ ਜ਼ਮਾਨੇ ਮੇਂ ਮੌਜੂਦ ਥਾ।

(ਮਾਅਰਫ਼ਲ ਕੁਰਾਨ, ਪੰਨਾ 64 ਅਤੇ ਹਿੰਦੂਇਜ਼ਮ, ਪੰਨਾ 84)

9.73 ਵੇਦਾਂ ਦਾ ਲਿਖਤੀ ਸਮਾਂ

ਭਾਵੇਂ ਦੁਨੀਆ ਦੀ ਕੋਈ ਭੀ ਕੌਮ ਕਿਉਂ ਨਾ ਹੋਵੇ, ਉਸ ਦੀ ਗਰਦਿਸ਼ ਦਾ ਧੁਰਾ ਉਸ ਦੀ ਤਵਾਰੀਖ਼ 'ਤੇ ਨਿਰਭਰ ਹੁੰਦਾ ਹੈ, ਕਿਉਂਕਿ ਭੂਤਕਾਲ ਦੀਆਂ ਯਾਦਾਂ ਹਮੇਸ਼ਾ ਹੀ ਤਵਾਰੀਖ਼ ਦੇ ਪੰਨਿਆਂ ਵਿਚੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਹਰ ਕੌਮ ਦਾ ਸਿਧਾਂਤਕ ਨਜ਼ਰੀਆ (ਪੱਖ) ਉਸ ਦੀਆਂ ਪੁਰਾਤਨ ਯਾਦਾਂ 'ਤੇ ਨਿਰਭਰ ਹੁੰਦਾ ਹੈ, ਭਾਵ, ਕੌਮੀ ਤਵਾਰੀਖ਼ ਇਕ ਐਸੀ ਅਮੋਲਕ ਅਤੇ ਨਾਯਾਬ ਵਸਤੂ ਹੈ ਜਿਸ ਦੇ ਆਧਾਰ 'ਤੇ ਕੌਮਾਂ ਦੀ ਲੜਖੜਾਂਦੀ ਜ਼ਿੰਦਗੀ ਪੁਨਰ ਸੁਬੱਲਤਾ ਦੀਆਂ ਟੀਸੀਆਂ ਨੂੰ ਜਾ ਛੂੰਹਦੀ ਹੈ। ਜਿਸ ਕੌਮ ਦੀ ਤਵਾਰੀਖ਼ ਖ਼ਤਮ ਹੋ ਜਾਵੇ ਅਥਵਾ ਉਸ ਦੇ ਤਵਾਰੀਖ਼ੀ ਪੰਨੇ ਧੁੰਧਲੇ ਪਰਛਾਵਿਆਂ ਵਿਚ ਅਲੋਪ ਹੋ ਜਾਣ, ਉਸ ਕੌਮ ਦੀ ਆਭਾ ਅਥਵਾ ਮੁਮਤਾਜ਼ਿਕ ਸ਼ੈਲੀ ਭੀ ਕਲੂਖਤ ਹੋਇ ਨਿਬੜਦੀ ਹੈ। ਨਿਰਸੰਦੇਹ, ਇਹੀ ਕਠਨਾਈ ਪੁਰਾਤਨ ਹਿੰਦੂ ਕੌਮ ਦੇ ਵਿਰਸੇ ਵਿਚ ਆਈ ਹੈ। ਇਸ ਸਮੱਸਿਆ ਦੀ ਮਾਰ ਵਿਚ ਆਇਆ ਹੋਇਆ ਜਾਰਜ ਸਾਰਟੋਨ (George Sarton) ਆਪਣੀ ਪੁਸਤਕ *'Introduction to the History of Science'* ਵਿਚ ਲਿਖਦਾ ਹੈ ਕਿ ਇਕ ਲਿਖਾਰੀ ਦੇ ਆਧਾਰ 'ਤੇ ਮੈਂ ਆਖ ਸਕਦਾ ਹਾਂ ਕਿ ਗੁੰਮ ਹੋ ਚੁੱਕੀ ਹਿੰਦੁਸਤਾਨੀ ਤਵਾਰੀਖ਼ ਦਾ ਪ੍ਰਾਪਤ ਹੋਣਾ ਅਸੰਭਵ ਹੈ ਪ੍ਰੰਤੂ ਇਨ੍ਹਾਂ ਵਲੋਂ ਬਿਆਨ ਕੀਤੀ ਹੋਈ ਤਵਾਰੀਖ਼ ਓਦੋਂ

ਭਰੋਸੇ ਯੋਗ ਸਮਝੀ ਜਾ ਸਕਦੀ ਹੈ ਜਦੋਂ ਕਿ ਗ਼ੈਰ-ਹਿੰਦੀ ਲਿਖਾਰੀਆਂ ਜਿਵੇਂ, ਯੂਨਾਨੀ, ਅਰਬੀ ਅਤੇ ਚੀਨਿਆਂ ਵਲੋਂ ਲਿਖੀ ਗਈ ਹੋਵੇ।

(Introduction to the History of Science, p. 36 and ਮਾਅਰਫ਼ਲ ਕੁਰਾਨ, ਪੰਨਾ 58)

ਤਵਾਰੀਖ਼ ਦੇ ਲਿਖਾਰੀਆਂ ਵਲੋਂ ਪ੍ਰਾਪਤ ਕੀਤੀ ਹੋਈ ਜਾਣਕਾਰੀ ਸਾਬਤ ਕਰਦੀ ਹੈ ਕਿ ਸੰਨ 1200 ਤੋਂ ਪਹਿਲਾਂ ਹਿੰਦੁਸਤਾਨੀ ਤਵਾਰੀਖ਼ ਪ੍ਰਤਿ ਕੋਈ ਭੀ ਪੁਸਤਕ ਯੋਗ ਵਿਆਖਿਆ ਨਹੀਂ ਕਰਦੀ ਜਿਸ ਨੂੰ ਭਾਰਤ ਦੀ ਤਵਾਰੀਖ਼ੀ ਕਿਤਾਬ ਵਜੋਂ ਮਾਨਤਾ ਦਿੱਤੀ ਜਾ ਸਕੇ ਅਥਵਾ ਕੋਈ ਭੀ ਐਸੀ ਤਵਾਰੀਖ਼ੀ ਲਿਖਤ ਨਹੀਂ ਹੈ ਜਿਸ ਦੇ ਆਧਾਰ 'ਤੇ ਤਵਾਰੀਖ਼ੀ ਹਾਲਾਤ ਮਾਲੂਮ ਹੋ ਸਕਣ। ਇਕ ਪ੍ਰਸਿੱਧ ਲਿਖਾਰੀ ਅਲਫ਼ਿਨਸਟਨ ਜੋ ਸੂਬਾ ਬੰਬਈ ਦਾ ਪੂਰਬਕਾਲੀ ਗਵਰਨਰ ਭੀ ਰਹਿ ਚੁੱਕਾ ਸੀ, ਆਪਣੀ ਪੁਸਤਕ *ਤਵਾਰੀਖ਼ੇ ਹਿੰਦ (History of India)* ਵਿਚ ਲਿਖਦਾ ਹੈ ਕਿ:

ਜਦੋਂ ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਕੋਈ ਕੈਸੀ ਹੀ ਜਾਹਿਲ ਅਤੇ ਅੱਖੜ ਕੌਮ ਕਿਉਂ ਨਾ ਹੋਵੇ, ਅਕਸਰ ਆਪਣੇ ਬਾਪ ਦਾਦਿਆਂ ਦੇ ਰਹਿਣ ਸਹਿਣ ਦੇ ਢੰਗਾਂ ਦੀ ਕੋਈ ਨਾ ਕੋਈ ਪੁਸਤਕ ਜ਼ਰੂਰ ਰੱਖਦੀ ਹੈ। ਪ੍ਰੰਤੂ ਇਸ ਗੱਲ 'ਤੇ ਬਹੁਤ ਹੈਰਾਨੀ ਹੁੰਦੀ ਹੈ ਕਿ ਹਿੰਦੂਆਂ ਦੇ ਕੋਲ ਕੋਈ ਭੀ ਕਿਤਾਬ ਤਵਾਰੀਖ਼ ਨਾਲ ਮਿਲਦੀ ਜੁਲਦੀ ਭੀ ਨਹੀਂ ਹੈ ਜਦੋਂ ਕਿ ਇਨ੍ਹਾਂ ਦੀ ਕੌਮ ਬਹੁਤ ਹੱਦ ਤਕ ਤਹਿਜ਼ੀਬ ਦੇ ਦਰਜੇ ਤਕ ਪਹੁੰਚ ਗਈ ਸੀ। ਹਿੰਦੂਆਂ ਦੇ ਹਾਲਾਤ ਦੀਆਂ ਲਿਖਤਾਂ ਵਿਚ ਜੋ ਕੁਝ ਭੀ ਮੌਜੂਦ ਹੈ, ਉਹ ਛੋਟੀਆਂ ਕਥਾ ਕਹਾਣੀਆਂ ਵਿਚ ਹੈ ਜੋ ਬਹੁਤ ਹੀ ਵਧਾ ਚੜ੍ਹਾ ਕੇ ਝੂਠੇ ਅਤੇ ਮਿਲਾਵਟੀ ਹਾਦਸਿਆਂ ਨਾਲ ਇਸ ਤਰ੍ਹਾਂ ਅਸ਼ੁਧ ਹਨ ਕਿ ਇਨ੍ਹਾਂ ਵਿਚੋਂ ਕਿਸੇ ਪ੍ਰਕਾਰ ਦੀ ਨਿਰੰਤਰ ਅਤੇ ਸੱਚੀ ਤਵਾਰੀਖ਼ ਪ੍ਰਗਟ ਹੋਣ ਦੀ ਆਸ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਕਿਸੇ ਆਮ ਘਟਨਾ ਅਥਵਾ ਹਾਦਸੇ ਦੀ ਮਿਤੀ ਸਿਕੰਦਰ ਦੇ ਹਮਲੇ ਤੋਂ ਪਹਿਲਾਂ ਦੇ ਸਮੇਂ ਪ੍ਰਤਿ ਸਥਾਪਨ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਕਿਸੇ ਘਟਨਾ ਦਾ ਵੇਰਵਾ ਹਿੰਦੂਆਂ ਦੇ ਜੀਵਨ ਪ੍ਰਤਿ ਮੁਸਲਮਾਨਾਂ ਦੇ ਕਬਜ਼ੇ ਤੋਂ ਪਹਿਲਾਂ ਦਾ ਲਿਖਿਆ ਜਾ ਸਕਦਾ ਹੈ।

ਉਕਤ ਦਰਸਾਈ ਧਾਰਾ ਦੇ ਅਨੁਸਾਰ ਹੀ ਇਕ ਹੋਰ ਪ੍ਰਸਿੱਧ ਵਿਦਵਾਨ ਫ਼ਰਾਂਸੀਸੀ ਡਾਕਟਰ ਲੈਬਾਨ ਲਿਖਦਾ ਹੈ ਕਿ ਇਨ੍ਹਾਂ ਹਜ਼ਾਰਾਂ ਹੀ ਜਿਲਦਾਂ ਵਿਚ ਜੋ ਹਿੰਦੂਆਂ ਨੇ ਆਪਣੇ ਤਿੰਨ ਹਜ਼ਾਰ ਸਾਲਾਂ ਦੀ ਨੈਤਿਕਤਾ ਬਾਰੇ ਲਿਖੀਆਂ ਹਨ, ਇਨ੍ਹਾਂ ਵਿਚ ਇਕ ਭੀ ਤਵਾਰੀਖ਼ੀ ਘਟਨਾ ਨਹੀਂ ਹੈ ਜੋ ਸੁਅਸਤਅਵਸਥੀ ਢੰਗ ਦੁਆਰਾ ਲਿਖੀ ਗਈ ਹੋਵੇ। ਇਸ ਕਾਲ ਦੀਆਂ ਘਟਨਾਵਾਂ ਨੂੰ ਸਥਾਪਨ ਕਰਨ ਹਿਤ ਅਸਾਨੂੰ ਬਿਲਕੁਲ ਬੈਰੂਨੀ ਚੀਜ਼ਾਂ ਤੋਂ ਕੰਮ ਲੈਣਾ ਪੈਂਦਾ ਹੈ। ਇਨ੍ਹਾਂ

ਦੀਆਂ ਤਵਾਰੀਖ਼ੀ ਕਿਤਾਬਾਂ ਵਿਚ ਇਕ ਐਸੀ ਅਜੀਬ ਵਿਸ਼ੇਸ਼ਤਾ ਹੈ ਕਿ ਹਰ ਚੀਜ਼ ਨੂੰ ਗਲਤ ਮਲਤ ਅਤੇ ਗ਼ੈਰ-ਕੁਦਰਤੀ ਵਿਧੀ ਦੁਆਰਾ ਵੇਖਣ ਦੀ ਰੁਚੀ ਪਾਈ ਜਾਂਦੀ ਹੈ। ਇਨਸਾਨ ਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਇਨ੍ਹਾਂ ਦਾ ਦਿਮਾਗ਼ ਹੀ ਟੇਢਾ ਹੈ (ਭਾਵ, ਇਨ੍ਹਾਂ ਦੀ ਸੋਚਣੀ ਹੀ ਅਸ਼ੁਧ ਹੈ)। ਅਸਲ ਵਿਚ ਹਿੰਦੁਸਤਾਨ ਦੀਆਂ ਤਵਾਰੀਖ਼ੀ ਘਟਨਾਵਾਂ ਦਾ ਸਮਾਂ, ਮੁਸਲਮਾਨਾਂ ਦੇ ਫ਼ੌਜੀ ਆਕਰਮਣ ਤੋਂ ਬਾਅਦ ਹੀ ਆਰੰਭ ਹੁੰਦਾ ਹੈ।

(ਤਮੱਦਨੇ ਹਿੰਦ, ਪੰਨੇ 144-147; ਮਾਅਰਫ਼ਲ ਕੁਰਾਨ, ਪੰਨਾ 59)

ਕਾਨਪੁਰ ਨਿਵਾਸੀ ਭਾਈ ਪਰਮਾਨੰਦ ਜੀ, ਜੋ ਜ਼ਮਾਨਾ ਕਾਨਪੁਰ ਦੇ ਸੰਪਾਦਕ ਮਨ, ਸਤੰਬਰ-ਅਕਤੂਬਰ 1914 ਦੇ ਮਜ਼ਮੂਨ *ਤਾਰੀਖ਼ੇ ਹਿੰਦ ਕਾ ਮੁਤਾਲਿਆ* ਵਿਚ ਲਿਖਦੇ ਹਨ ਕਿ ਹਿੰਦੁਸਤਾਨ ਵਿਚ ਆਮ ਤੌਰ 'ਤੇ ਜੋ ਤਵਾਰੀਖ਼ੀ ਕਿਤਾਬਾਂ ਮਿਲਦੀਆਂ ਹਨ, ਉਨ੍ਹਾਂ ਦੇ ਤਿੰਨ ਹਿੱਸੇ ਹਨ। ਜ਼ਮਾਨਾ ਕਦੀਮ (ਪੂਰਬਲਾ ਸਮਾਂ) ਜੋ ਕਿ ਬਿਲਕੁਲ ਨਾ-ਮੁਕੰਮਲ (ਅਸੰਪੂਰਣ) ਹੈ। ਇਹੀ ਬਦਕਿਸਮਤੀ ਹੈ ਕਿ ਅਸਾਡੇ ਪੂਰਵਜਾਂ ਨੂੰ ਨਿਜੀ ਘਟਨਾਵਾਂ ਠੀਕ ਵਿਧੀ ਦੁਆਰਾ ਲਿਖਣ ਦਾ ਸ਼ੌਕ ਹੀ ਨਹੀਂ ਸੀ ਅਤੇ ਜੋ ਹਾਲਾਤ ਲਿਖੇ ਹੋਏ ਮਿਲਦੇ ਭੀ ਹਨ, ਉਹ ਸ਼ਾਇਰੀ ਢੰਗ ਦੁਆਰਾ ਵਧਾ ਚੜ੍ਹਾ ਕੇ ਲਿਖੇ ਮਿਲਦੇ ਹਨ, ਜਿਨ੍ਹਾਂ ਦੀ ਸਹਾਇਤਾ ਦੁਆਰਾ ਸਹੀ ਘਟਨਾ ਤਕ ਰਸਾਈ ਕਰਨੀ ਅਤਿ ਕਠਨ ਹੈ। ਸੰਭਵ ਹੈ ਕਿ ਸੋਸਾਇਟੀ ਦੇ ਜੀਵਨ ਵਿਚ ਐਸੀਆਂ ਤਬਦੀਲੀਆਂ ਆਈਆਂ ਹੀ ਨਾ ਹੋਣ, ਜਿਨ੍ਹਾਂ ਨੂੰ ਕਲਮਬੰਦ ਕਰਨ ਪ੍ਰਤਿ ਉਨ੍ਹਾਂ ਦਾ ਖ਼ਿਆਲ ਹੁੰਦਾ।

(ਮਾਅਰਫ਼ਲ ਕੁਰਾਨ, ਪੰਨਾ 59 ਅਤੇ ਰਸਾਲਾ 'ਜ਼ਮਾਨਾ', ਸਤੰਬਰ-ਅਕਤੂਬਰ, 1914, ਕਾਨਪੁਰ)

ਪੰਡਿਤ ਜਵਾਹਰ ਲਾਲ ਨਹਿਰੂ ਜੀ ਆਪਣੀ ਪੁਸਤਕ *'Discovery of India'* ਵਿਚ ਲਿਖਦੇ ਹਨ ਕਿ ਚੀਨ, ਯੂਨਾਨੀ ਅਤੇ ਪੂਰਬਕਾਲੀ ਅਰਬਾਂ ਦੇ ਪ੍ਰਤਿਕਰਮ, ਹਿੰਦੁਸਤਾਨੀ ਪੂਰਬਵਾਸੀ ਇਤਨੇ ਅੱਛੇ ਲਿਖਾਰੀ ਨਹੀਂ ਸਨ ਜਿਤਨੇ ਕਿ ਉਹ ਸਨ। ਇਹ ਅਸਾਡੀ ਬਹੁਤ ਵੱਡੀ ਬਦਕਿਸਮਤੀ ਹੈ ਜਿਸ ਨੇ ਇਹ ਕਠਨਾਈ ਉਤਪੰਨ ਕਰ ਦਿੱਤੀ ਹੈ ਕਿ ਅਸੀਂ ਪੂਰਬਲੇ ਸਮੇਂ ਦੀ ਤਵਾਰੀਖ਼ੀ ਮਿਤੀ ਸਥਾਪਨ ਕਰ ਸਕੀਏ। ਇਹ ਘਟਨਾਵਾਂ ਇਸ ਤਰ੍ਹਾਂ ਗੁਥਮ-ਗੁੱਥਾ ਹੋ ਰਹੀਆਂ ਹਨ ਕਿ ਇਨ੍ਹਾਂ ਵਿਚੋਂ ਅਪਰਿਚਿਤ (ਅਜੀਬ) ਕਿਸਮ ਦੀ ਖਲਬਲੀ ਉਤਪੰਨ ਹੋਇ ਆਂਵਦੀ ਹੈ। ਅਸਾਡੇ ਪਾਸ ਕੇਵਲ ਇਕ ਪੁਸਤਕ *ਕਲਹਾਨ ਕੀ ਰਾਜ ਤਰੰਗਨੀ* ਹੀ ਐਸੀ ਹੈ ਜਿਸਨੂੰ ਅਸੀਂ ਤਵਾਰੀਖ਼ੀ ਕਿਤਾਬ ਆਖ ਸਕਦੇ ਹਾਂ। ਇਹ ਕਿਤਾਬ ਕਸ਼ਮੀਰ ਦੀ ਤਵਾਰੀਖ਼ ਹੈ ਜੋ ਬਾਰ੍ਹਵੀਂ ਸਦੀ ਈਸਵੀ ਵਿਚ ਲਿਖੀ ਗਈ। ਬਾਕੀ ਦੀਆਂ ਘਟਨਾਵਾਂ ਵਾਸਤੇ ਅਸਾਨੂੰ ਕਲਪਨਾਤਮਕ

ਦੁਨੀਆ ਵਿਚ ਪ੍ਰਵੇਸ਼ ਕਰਨਾ ਪੈਂਦਾ ਹੈ ਜਾਂ ਫਿਰ ਬਾਹਰਲੇ ਲਿਖਾਰੀਆਂ ਜਿਵੇਂ ਚੀਨੀ ਲੋਕ, ਯੂਨਾਨੀ ਅਤੇ ਅਰਬੀ ਲੋਕਾਂ ਦੀ ਸਾਖੀ 'ਤੇ ਇਤਬਾਰ ਕਰਨਾ ਹੀ ਪੈਂਦਾ ਹੈ। ਉਦਾਹਰਣ ਵਜੋਂ ਜਿਵੇਂ ਬਿਕਰਮੀ ਸੰਮਤ, ਮਸੀਹ ਸੰਨ ਤੋਂ ਸਤਵੰਜਾ (57) ਸਾਲ ਪਹਿਲਾਂ ਆਰੰਭ ਹੁੰਦਾ ਹੈ ਪ੍ਰੰਤੂ ਇਸ ਸਮੇਂ ਦੇ ਇਰਦ ਗਿਰਦ ਤਵਾਰੀਖ਼ੀ ਤੌਰ 'ਤੇ ਕਿਸੇ ਭੀ ਬਿਕਰਮਾਜੀਤ ਦਾ ਅਤਾ ਪਤਾ ਨਹੀਂ ਮਿਲਦਾ ਹੈ। ਹਾਂ, ਇਕ ਬਿਕਰਮਾਜੀਤ ਚੌਥੀ ਸਦੀ ਈਸਵੀ ਵਿਚ ਹੋਇਆ ਹੈ। ਪ੍ਰੰਤੂ, ਇਹ ਚੌਥੀ ਸਦੀ ਦਾ ਬਿਕਰਮਾਜੀਤ ਇਸ ਸੰਮਤ ਦਾ ਕਰਤਾ ਕਿਵੇਂ ਹੋ ਸਕਦਾ ਹੈ ? ਜੋ ਕਿ ਮਸੀਹਕ ਸੰਨ ਤੋਂ ਸਤਵੰਜਾ (57) ਸਾਲ ਪਹਿਲਾਂ ਆਰੰਭ ਹੁੰਦਾ ਹੈ। ਇਸ ਬਿਕਰਮਾਜੀਤ ਨੂੰ ਇਸ ਸੰਮਤ ਨਾਲ ਸਿਧ ਕਰਨ ਹਿਤ, ਅਸਾਡੇ ਪੜ੍ਹੇ ਲਿਖੇ ਤਬਕੇ (ਸ਼੍ਰੇਣੀ) ਨੇ ਜਿਸ ਢੰਗ ਦੁਆਰਾ ਤਵਾਰੀਖ਼ ਨਾਲ ਖਿਲਵਾੜ ਕੀਤੀ ਹੈ, ਉਹ ਬਹੁਤ ਹੀ ਹੈਰਾਨ ਕਰਨ ਵਾਲੀ ਹੈ। ਉਹ ਇਸ ਗੱਲ 'ਤੇ ਭੀ ਜ਼ੋਰ (ਬਲ) ਦਿੰਦੇ ਹਨ ਕਿ ਇਹ ਉਹੀ ਵਿਕਰਮ ਹੈ ਜਿਸ ਨੇ ਬੈਰੂਨੀ ਹਮਲਾਵਰਾਂ ਦੇ ਵਿਰੁੱਧ ਆਜ਼ਾਦੀ ਦਾ ਸੰਗਰਾਮ ਆਰੰਭ ਕੀਤਾ ਸੀ ਅਤੇ ਉਸ ਨੇ ਇਸ ਗੱਲ ਦੀ ਖ਼ਾਤਰ ਪੂਰੇ ਯਤਨ ਕੀਤੇ ਕਿ ਹਿੰਦੁਸਤਾਨ ਅਖੰਡ ਰਹੇ ਅਤੇ ਕੇਵਲ ਇਕ ਹਕੂਮਤ ਦੇ ਹੀ ਅਧੀਨ ਹੋਵੇ। ਜਦੋਂ ਕਿ ਵਿਕਰਮ ਦੀ ਬਾਦਸ਼ਾਹੀ ਉੱਤਰ ਅਤੇ ਮੱਧ ਹਿੰਦੁਸਤਾਨ ਤੋਂ ਅੱਗੇ ਨਹੀਂ ਸੀ। ਇਹ ਹਕੀਕਤ ਹੈ ਕਿ ਹਿੰਦੁਸਤਾਨੀ (ਹਿੰਦੂ) ਨਿਜੀ ਪੁਰਾਤਨ ਕਥਾ ਕਹਾਣੀਆਂ (ਰਵਾਇਤਾਂ) ਨੂੰ ਹੀ ਤਵਾਰੀਖ਼ ਮੰਨਦੇ ਹਨ ਅਤੇ ਇਸ ਨੂੰ ਕਿਸੇ ਪ੍ਰਕਾਰ ਦੀ ਪਾਰਖੂ ਦ੍ਰਿਸ਼ਟੀ ਦੁਆਰਾ ਨਹੀਂ ਵੇਖਦੇ। ਇਨ੍ਹਾਂ ਨੂੰ ਇਸ ਤਰ੍ਹਾਂ ਦੇ ਅਨ-ਉੱਤਰਦਾਇਕ ਮਾਰਗ ਅਤੇ ਵਿਧੀ ਵਿਚਾਰਾਂ ਨੂੰ ਤਿਆਗਣਾ ਪਵੇਗਾ, ਜਿਨ੍ਹਾਂ ਦੇ ਆਸਰੇ ਇਹ ਅਤਿ ਆਸਾਨੀ ਦੁਆਰਾ ਤਵਾਰੀਖ਼ੀ ਅੰਜਾਮ ਦਾ ਨਿਰਣੈ ਕਰਦੇ ਹਨ।

(ਮਾਅਰਫ਼ਲ ਕੁਰਾਨ, ਪੰਨਾ 60 ਅਤੇ ਡਿਸਕਵਰੀ ਆਫ਼ ਇੰਡੀਆ, ਪੰਨੇ 77-79)

ਜਿਸ ਕੌਮ ਦੀ ਤਵਾਰੀਖ਼ ਸੁਰੱਖਿਅਤ ਨਾ ਹੋਵੇ, ਉਸ ਕੌਮ ਦੀ ਪੂਰਬਕਾਲੀ ਚੇਤਨਤਾ ਭੀ ਖ਼ਤਮ ਹੋ ਜਾਂਦੀ ਹੈ। ਇਥੋਂ ਇਹ ਅਨੁਮਾਨ ਕੀਤਾ ਜਾ ਸਕਦਾ ਹੈ ਕਿ ਕਿਸੇ ਭੀ ਬੀਤੀ ਘਟਨਾ ਪ੍ਰਤਿ ਦ੍ਰਿੜ੍ਹਤਾ ਭਰਪੂਰ ਨਿਰਣੈ ਨਹੀਂ ਕੀਤਾ ਜਾ ਸਕਦਾ ਕਿ ਉਹ ਵਾਕਿਆ ਕਦੋਂ ਹੋਇਆ ? ਕਿਉਂਕਿ, ਹਿੰਦੂ ਧਰਮ ਵਿਚ ਹਰ ਬੀਤੀ ਘਟਨਾ ਨੂੰ ਪੁਰਾਤਨ ਤੋਂ ਭੀ ਪੁਰਾਤਨਕਾਲੀ ਸੈਂਚੇ ਵਿਚ ਢਾਲਣ ਦੀ ਇਕ ਸਾਧਾਰਣ ਰੁਚੀ ਆਮ ਹੀ ਵੇਖੀ ਜਾ ਸਕਦੀ ਹੈ। ਜਿਵੇਂ ਹਿੰਦੂ ਸ਼੍ਰੇਣੀ ਵਿਚ ਇਕ ਕਿਤਾਬ ਹੈ ਜਿਸ ਦਾ ਨਾਮ *ਸੂਰਜਾ ਸਿਧਾਂਤਾ* ਹੈ। ਇਸ ਕਿਤਾਬ ਵਿਚ ਧਰਤੀ ਅਤੇ ਆਕਾਸ਼ੀ ਤਾਰਿਕਾ ਮੰਡਲ ਦੀ ਬਾਬਤ ਕੁਝ ਪੁਰਾਤਨ ਲਿਖਤਾਂ ਮੌਜੂਦ ਹਨ। ਮਿਸਟਰ ਜਾਰਜ ਸਾਰਟਨ ਆਪਣੀ ਪੁਸਤਕ *'Introduction to the History of Science'* ਦੇ ਪੰਨਾ 387 'ਤੇ ਇਸ

ਪੁਸਤਕ *ਸੂਰਜਾ ਸਿਧਾਂਤਾ* ਦਾ ਸਮਾਂ ਪੰਜਵੀਂ ਸਦੀ ਈਸਵੀ ਵਿਚ ਲਿਖਦੇ ਹਨ ਅਤੇ ਪਾਦਰੀ ਬੈਂਟਲੇ ਇਸ ਕਿਤਾਬ ਦਾ ਸੰਕਲਨ ਗਿਆਰ੍ਹਵੀਂ ਸ਼ਤਾਬਦੀ ਵਿਚ ਦਰਜ ਕਰਦਾ ਹੈ। ਪ੍ਰੰਤੂ, ਹਿੰਦੂ ਲਿਖਤ *ਕਲਿਆਤੇ ਆਰੀਆ ਮੁਸਾਫ਼ਰ, ਪੰਨਾ 11* ਵਿਚ ਕਿਤਾਬ ਦੀ ਲਿਖਤ ਪ੍ਰਤਿ, ਇਕ ਲੱਖ ਪੈਂਹਠ ਹਜ਼ਾਰ (165000) ਸਾਲ ਪੁਰਾਣੀ ਕਰਕੇ ਦਰਸਾਇਆ ਜਾਂਦਾ ਹੈ। ਚਾਰ ਜੁਗਾਂ ਦੀ ਆਰਜਾ ਪ੍ਰਤਿ ਭੀ ਕੁਝ ਹੈਰਾਨ ਕਰਨ ਵਾਲੇ ਖ਼ਿਆਲ ਹੀ ਲਿਖਤੀ ਰੂਪ ਵਿਚ ਵੇਖੇ ਜਾ ਸਕਦੇ ਹਨ। ਜਿਵੇਂ, ਸਤਿਜੁਗ 17,28,000 ਸਾਲ; ਤਰੇਤਾ ਜੁਗ 12,96,000 ਸਾਲ; ਦੁਆਪਰ ਜੁਗ 8,64,000 ਸਾਲ; ਕਲਜੁਗ 4,32,000 ਸਾਲ; ਜਿਸ ਦੇ ਪੰਜ ਹਜ਼ਾਰ ਸਾਲ ਗੁਜ਼ਰ ਚੁੱਕੇ ਹਨ।

(ਹਿੰਦੂਇਜ਼ਮ, ਪੰਨਾ 201 ਅਤੇ ਮਾਅਰਫ਼ਲ ਕੁਰਾਨ, ਪੰਨਾ 61)

ਗੁਸਾਈਂ ਤੁਲਸੀ ਲਿਖਤ *ਰਾਮਾਇਣ* ਵਿਚ ਇਕ ਰਵਾਇਤ ਅੰਕਤ ਕੀਤੀ ਗਈ ਹੈ ਕਿ ਰਾਜਾ ਸੁਯੰਭੂਮਨ ਅਤੇ ਉਸ ਦੀ ਰਾਣੀ ਸਤਰੂਪਾ ਨੇ ਆਪਣੇ ਪੁੱਤਰ ਨੂੰ ਰਾਜ ਗੱਦੀ ਸੰਭਾਲ ਕੇ ਆਪਹੁੰ ਗੋਮਤੀ ਨਦੀ ਦੇ ਕਿਨਾਰੇ ਨੈਮਿਸ਼ਾਰਣਾ (ਨੈਮਿਖ) ਨਾਮੀ ਤੀਰਥ 'ਤੇ ਚਲੇ ਗਏ। ਉਥੇ ਪਹੁੰਚ ਕੇ ਅਤਿ ਪ੍ਰੇਮ ਸਹਿਤ "ਓਅੰ ਨਮੋ ਭਗਵਤੇ ਵਾਸੇ ਦੇਵਾਯ" ਬਾਰਾਂ ਅੱਖਰੀ ਮੰਤਰ ਦਾ ਜਾਪ ਕਰਦੇ ਰਹੇ। ਇਸ ਪ੍ਰਕਾਰ ਜਲ ਆਹਾਰ ਕਰਦੇ ਹੋਏ ਛੇ ਹਜ਼ਾਰ ਬਰਸ ਬੀਤ ਗਏ। ਫੇਰ ਸੱਤ ਹਜ਼ਾਰ ਵਰ੍ਹੇ ਪੌਣ ਆਹਾਰੀ ਹੋ ਕੇ ਲੰਘਾਏ। ਦਸ ਹਜ਼ਾਰ ਵਰ੍ਹੇ ਉਹਨਾਂ ਨੇ ਸੌਣਾ ਭੀ ਤਿਆਗ ਦਿੱਤਾ ਅਰ ਦੋਨੋਂ ਜਣੇ ਇਕ ਪੈਰ ਦੇ ਆਸਰੇ ਖੜੇ ਰਹੇ। ਇਹਨਾਂ ਦਾ ਘੋਰ ਤਪ ਦੇਖ ਕੇ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਕਈ ਵੇਰਾਂ ਉਨ੍ਹਾਂ ਪਾਸ ਆਏ।

ਉਕਤ ਦਰਸਾਈ ਰਾਮਾਇਣਿਕ ਗਾਥਾ ਨੂੰ ਅੰੜ੍ਹੀਵੀ ਤੌਰ 'ਤੇ ਵਿਚਾਰਦਿਆਂ ਇਕ ਚੀਜ਼ ਅਸਾਡੇ ਸਾਹਮਣੇ ਸੁਭਾਵਿਕ ਹੀ ਆ ਜਾਂਦੀ ਹੈ ਕਿ ਪੰਡਿਤ ਨਹਿਰੂ ਜੀ ਨੇ *'ਡਿਸਕਵਰੀ ਆਫ਼ ਇੰਡੀਆ'* ਦੇ ਪੰਨੇ 77-79 ਵਿਚ ਠੀਕ ਹੀ ਲਿਖਿਆ ਹੈ ਕਿ ਹਿੰਦੁਸਤਾਨੀ ਲਿਖਾਰੀਆਂ ਨੂੰ ਗ਼ੈਰ-ਵਾਜਿਬ ਰਵਾਇਤੀ ਕਥਾ ਕਹਾਣੀਆਂ ਦੀ ਮਨੋਕਲਪਤ ਅਤੇ ਅਨ-ਉੱਤਰਦਾਇਕ ਵਿਰਤੀ ਬਦਲੀ ਕਰਨੀ ਹੀ ਪਵੇਗੀ ਕਿਉਂਕਿ ਐਸੀ ਕਲਪਨਾ ਤੱਤ੍ਹ ਵਿਰੋਧੀ ਹੁੰਦੀ ਹੈ। ਆਪ ਜੀ ਦੀ ਸਹੀ ਜਾਣਕਾਰੀ ਹਿਤ *ਰਾਮਾਇਣ* ਦੀ ਲਿਖਤ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ:

ਬਰਬਸ (ਬਦੋਬਦੀ) ਰਾਜ ਸੁਤਹਿ ਤਬ ਦੀਨਾ॥
ਨਾਰਿ ਸਮੇਤ ਗਵਨ ਬਨ ਕੀਨ੍ਹਾ॥
ਤੀਰਥ ਬਰ ਨੈਮਿਖ ਬਿਖਜਾਤਾ॥ ਅਤਿ ਪੁਨੀਤ ਸਾਧਕ ਸਿਧਿ ਦਾਤਾ॥

ਦੋਹਿਰਾ॥ ਇਹ ਬੀਤੇ ਬਰਸ ਖਟ ਸਹਸ, ਬਾਰਿ ਆਹਾਰ ॥
[ਜਲ ਆਹਾਰ ਕਰਦੇ ਹੋਏ]

ਸੰਬਤ ਸਤਜ ਪੁਨਿ ਰਹੇ ਸਮੀਰ ਆਧਾਰ ॥੧੭੨॥
[ਸੱਤ ਹਜ਼ਾਰ ਵਰ੍ਹੇ ਪੌਣ ਆਹਾਰੀ ਰਹੇ]

ਬਰਸ ਸਹਸ ਦਸ ਤਜਾਗਿਓ ਸੋਊ ॥ ਠਾਢੇ ਰਹੇ ਏਕ ਪਦ ਦੋਊ ॥
[ਦਸ ਹਜ਼ਾਰ ਵਰ੍ਹੇ ਇਕ ਪੈਰ 'ਤੇ ਖੜੇ ਰਹੇ]

(ਰਾਮਾਇਣ ਤੁਲਸੀ, ਬਾਲ ਕਾਂਡ, ਪੰਨੇ 135-136)

ਬਿਲਕੁਲ ਉਕਤ ਲਿਖਤ ਵਾਂਗੂ ਹੀ ਮਹਾਰਾਜ ਰਾਮਚੰਦਰ ਜੀ ਦੇ ਪਿਤਾ ਸਤਿਕਾਰਯੋਗ ਰਾਜਾ ਦਸਰਥ ਪ੍ਰਥਾਇ ਭੀ ਲਿਖਿਆ ਮਿਲਦਾ ਹੈ ਕਿ ਜਦੋਂ ਉਨ੍ਹਾਂ ਦੀ ਆਯੂ ਸੱਠ ਹਜ਼ਾਰ ਸਾਲ ਦੀ ਹੋਈ, ਤਦ ਉਨ੍ਹਾਂ ਦੇ ਚਾਰ ਬੇਟੇ ਪੈਦਾ ਹੋਏ। (ਦੇਖੋ: *ਬਾਲਮੀਕ ਰਾਮਾਇਣ*, ਅਯੁੱਧਿਆ ਕਾਂਡ, ਪੰਨੇ 124-25; *ਹਿੰਦੂਇਜ਼ਮ* ਪੰਨਾ 134 ਅਤੇ *ਮਾਅਰਫ਼ਲ ਕੁਰਾਨ*, ਪੰਨਾ 61)

ਹਿੰਦੂ ਦਾਰਸ਼ਨਿਕ ਸਮੱਗਰੀ ਦੇ ਆਧਾਰ 'ਤੇ ਰਾਮਾਇਣ ਅਤੇ ਮਹਾਭਾਰਤ ਪ੍ਰਤਿ ਕੁਝ ਐਸੇ ਖ਼ਿਆਲ ਪ੍ਰਗਟਾਏ ਜਾਂਦੇ ਹਨ ਕਿ ਇਨ੍ਹਾਂ ਘਟਨਾਵਾਂ ਹੋਈਆਂ ਨੂੰ ਲੱਖਾਂ ਹੀ ਵਰ੍ਹੇ ਹੋ ਚੁੱਕੇ ਹਨ। ਜਿਵੇਂ ਦਿੱਲੀ ਦੇ ਅਖ਼ਬਾਰ *ਤੇਜ* ਕਿਰਸ਼ਨ ਨੰਬਰ ਵਿਚ ਮਿਤੀ ਸਤੰਬਰ 7, 1939 ਨੂੰ ਸੁਆਮੀ ਅਨੁਭਵਾਨੰਦ ਜੀ ਲਿਖਦੇ ਹਨ ਕਿ :

ਹਮਾਰੀ ਹਿੰਦੂ ਜਾਤੀ ਮੇਂ ਸਬ ਸੇ ਜ਼ਿਆਦਾ ਬਰਗਜ਼ੀਦਾਹ ਔਰ ਮੁਤਬਰਕ (ਬਜ਼ੁਰਗ ਅਤੇ ਪਵਿੱਤਰ) ਹਸਤੀਆਂ ਦੋ ਹੂਈ ਹੈਂ। ਏਕ ਮਹਾਰਾਜਾ ਰਾਮਚੰਦਰ ਵਾਲੀਏ ਅਵਧ (ਅਵਧ ਦੇ ਮਾਲਿਕ) ਔਰ ਦੂਸਰੇ ਭਗਵਾਨ ਕ੍ਰਿਸ਼ਨ ਵਾਲੀਏ ਦੁਆਰਕਾ ਹਿੰਦੂ ਤਾਰੀਖ਼ ਕੇ ਮੁਤਾਬਿਕ ਰਾਮ ਔਰ ਰਾਵਨ ਕੀ ਲੜਾਈ ਕੋ ਆਠ ਲਾਖ ਚੌਸਠ ਹਜ਼ਾਰ ਸਾਲ ਹੂਏ ਹੈਂ। *(ਮਾਅਰਫ਼ਲ ਕੁਰਾਨ, ਪੰਨਾ 64)*

ਜਦੋਂ ਰਾਮਾਇਣ ਦੀ ਘਟਨਾ ਪ੍ਰਤਿ ਇਤਨੀ ਪੂਰਬਕਾਲੀ ਹੋਣ ਦਾ ਖ਼ਿਆਲ ਇਕ ਹੈਰਾਨ ਅਤੇ ਪ੍ਰੇਸ਼ਾਨ ਕਰਨ ਵਾਲੀ ਗਾਥਾ ਹੈ, ਤਦ ਵੇਦਾਂ ਦੀ ਬਾਬਤ ਸਾਫ਼ ਤੌਰ 'ਤੇ ਪ੍ਰਗਟ ਹੈ ਕਿ ਉਹ ਕਿਤਨੇ ਪੂਰਬਕਾਲੀ ਹੋਣਗੇ ? ਗ਼ਰਜ਼ੇਕਿ, ਵੇਦਾਂ ਦੀ ਬਾਬਤ ਹਿੰਦੂ ਧਾਰਾ ਦਾ ਪਵਿੱਤਰ ਵਿਸ਼ਵਾਸ ਹੈ ਕਿ ਇਹ ਸਮੇਂ ਦੀ ਆਰੰਭਤਾ ਤੋਂ ਭੀ ਪਹਿਲਾਂ ਹਨ, ਭਾਵ, ਵੇਦ ਅਨਾਦੀ ਹਨ। ਬਲਕਿ, ਸੰਸਕ੍ਰਿਤ ਭਾਸ਼ਾ ਭੀ ਅਨਾਦੀ ਕਰਕੇ ਹੀ ਮੰਨੀ ਜਾਂਦੀ ਹੈ। ਪ੍ਰੰਤੂ ਨਵੀਨ ਖੋਜ ਦੇ ਆਧਾਰ 'ਤੇ ਵੇਦਾਂ ਦੀ ਰਚਨਾ ਈਸਾ ਜੀ ਦੇ ਜਨਮ ਤੋਂ ਕੁਝ ਸਮਾਂ ਪਹਿਲਾਂ ਅਤੇ ਈਸਾ ਜੀ ਦੇ ਜਨਮ ਸਮੇਂ ਹੀ ਮੰਨੀ ਜਾਂਦੀ ਹੈ। ਜਿਵੇਂ *ਵਿਸ਼ਵ ਪੁਸਤਕ* ਵਿਚ ਲਿਖਿਆ ਹੈ ਕਿ :

The Vedas were composed during the 1,000 years before the

birth of Christ. For hundred of years, certain Hindu families memorized parts of Vedas and passes down orally. The Vedas were probably first put in writing about the time of Christ's birth.

(World book 20, Vedas, p. 232)

ਵੇਦਾਂ ਦੇ ਸੰਕਲਨ ਦਾ ਸਮਾਂ ਨਿਯੁਕਤ ਕਰਨ ਤੋਂ ਪਹਿਲਾਂ ਅਸਾਨੂੰ ਇਹ ਵੇਖਣਾ ਪਵੇਗਾ ਕਿ ਆਰੀਆਂ ਲੋਕਾਂ ਕੋਲ ਵੇਦ ਚਾਲੂ ਸਨ ਜਾਂ ਨਹੀਂ ? ਆਰੀਆ ਲੋਕਾਂ ਦੀ ਭਾਸ਼ਾ ਕੀ ਸੀ ਅਤੇ ਕਿਥੋਂ ਆਈ ? ਹਿੰਦੁਸਤਾਨ ਦੀ ਤਵਾਰੀਖੀ ਖੋਜ ਪੜਤਾਲ ਦਾ ਦ੍ਰਿਸ਼ਟੀਕੋਣ ਅਤੇ ਜ਼ਾਵੀਆ ਇਸ ਦਸ਼ਾ ਵੱਲ ਮੋੜ ਕਟਦਾ ਹੈ ਕਿ ਪੂਰਬਕਾਲੀ ਹਿੰਦੁਸਤਾਨੀ ਲੋਕ ਮੱਧ ਏਸ਼ੀਆ ਵਿਚੋਂ ਆਏ ਸਨ। ਮੱਧ ਏਸ਼ੀਆ ਵਿਚ ਇਕ ਕੌਮ ਰਹਿੰਦੀ ਸੀ, ਜਿਸ ਦਾ ਇਕ ਭਾਗ ਚੰਗੇ ਜੀਵਨ ਦੀ ਭਾਲ ਵਿਚ ਦੱਖਣ ਪੂਰਬ ਵੱਲ ਨੂੰ ਚਲ ਪਿਆ। ਵਿਰਤੀਹਾਣ ਸਮੇਂ ਦੇ ਹਿੰਦੂਕੁਸ਼ ਪਰਬਤ ਦੇ ਰਸਤੇ ਖ਼ੈਬਰ ਨੂੰ ਪਾਰ ਕਰ ਕੇ ਸਿੰਧੂ ਵਾਦੀ ਵਿਚ ਪ੍ਰਵੇਸ਼ ਕੀਤਾ।

ਮੱਧ ਏਸ਼ੀਆ ਤੋਂ ਆਏ ਲੋਕਾਂ ਨੇ ਭਾਰਤ ਦੇ ਆਦੀਵਾਸੀ ਲੋਕਾਂ ਨੂੰ ਮਾਰ ਕੁੱਟ ਕੇ ਸਾਰਾ ਇਲਾਕਾ ਫ਼ਤਹਿ ਕੀਤਾ। ਗ਼ਰਜ਼ੇਕਿ, ਨਿਜੀ ਮਾਨਸਿਕ ਤ੍ਰਿਪਤੀ ਪ੍ਰਾਪਤ ਕਰਨ ਹਿਤ ਸਿੰਧ, ਸਤਲੁਜ ਅਤੇ ਗੰਗਾ ਜਮਨਾ ਦੀਆਂ ਸਰਸਬਜ਼ ਵਾਦੀਆਂ ਵਿਚ ਆਣ ਟਿਕੇ। ਇਨ੍ਹਾਂ ਲੋਕਾਂ ਦੀ ਉਪਾਧੀ ਆਰੀਆ ਇਸ ਕਰਕੇ ਆਖੀ ਜਾਂਦੀ ਹੈ, ਕਿਉਂਕਿ ਇਹ ਲੋਕ ਈਰਾਨ 'ਚੋਂ ਆਏ ਸਨ। ਰਾਜਾ ਸਿਆਮਕ ਜਿਸ ਨੂੰ ਈਰਾਨੀ ਲੋਕ ਆਪਣਾ ਧਾਰਮਕ ਆਗੂ ਭੀ ਮੰਨਦੇ ਸਨ, ਉਸ ਦਾ ਦੂਸਰਾ ਨਾਮ ਪਾਰਸਾ ਕਰਕੇ ਪ੍ਰਸਿੱਧ ਸੀ, ਜਿਸ ਤੋਂ ਈਰਾਨ ਦਾ ਨਾਮ ਪਾਰਸ ਜਾਂ ਫ਼ਾਰਸ ਕਰਕੇ ਪ੍ਰਸਿਧ ਹੋਇਆ। ਸਿਆਮਕ ਤੋਂ ਬਾਅਦ ਹੋਸ਼ਿੰਗ ਨਾਮੀ ਬਾਦਸ਼ਾਹ ਨੂੰ ਧਾਰਮਕ ਆਗੂ ਸਵੀਕਾਰ ਕੀਤਾ ਗਿਆ, ਜਿਸ ਦਾ ਉਪ ਨਾਮ ਈਰਾਨ ਸ਼ਾਹ ਸੀ। ਲਿਹਾਜ਼ਾ, ਈਰਾਨ ਸ਼ਾਹ ਦੇ ਨਾਮ ਤੋਂ ਫ਼ਾਰਸ ਦੇਸ਼ ਦਾ ਨਾਮ ਭੀ ਈਰਾਨ ਕਰਕੇ ਮੰਨਿਆ ਗਿਆ। ਇਸ ਦੇਸ਼ ਦੇ ਵਸਨੀਕਾਂ ਦੀ ਉਪਾਧੀ ਈਰਾਨੀ, ਐਰਿਨ ਅਥਵਾ ਆਰੀਆ ਦੇ ਨਾਮ ਵਜੋਂ ਪ੍ਰਸਿੱਧ ਹੋਈ। ਆਮ ਵਿਦਵਾਨਾਂ ਦਾ ਖ਼ਿਆਲ ਹੈ ਕਿ ਸ਼ਬਦ ਆਰੀਆ ਦਾ ਮਸਦਰ ਆਰਦ ਹੈ, ਜਿਸ ਦਾ ਅਰਥ ਅਨਾਜ ਪੈਦਾ ਕਰਨ ਵਾਲਾ, ਕਾਸ਼ਤਕਾਰ ਆਦਿ ਹੈ। ਡਾਕਟਰ ਹੰਟਰ ਨਿਜੀ ਪੁਸਤਕ *'History of India'* ਵਿਚ ਲਿਖਦੇ ਹਨ ਕਿ ਹਿੰਦ ਮੇਂ ਆਨੇ ਵਾਲੇ ਆਰੀਓਂ ਕੇ ਅਪਨੇ ਵਤਨ ਮੇਂ ਰਹਿਨੇ ਔਰ ਵਹਾਂ ਸੇ ਜਨੂਬ ਮਸ਼ਰਿਕ (ਦੱਖਣ ਪੂਰਬ) ਕੀ ਸਿਮਤ ਸਫ਼ਰ ਕਰਨੇ ਕਾ ਹਾਲ ਵੇਦੋਂ ਕੇ ਭਜਨੋਂ ਸੇ ਬਖ਼ੂਬੀ ਮੁਨਕਸ਼ਿਫ਼ (ਪ੍ਰਗਟ) ਹੋਤਾ ਹੈ। ਪਹਿਲੇ ਭਜਨ ਕਾਬਲ ਮੇਂ ਦਰੱਹ ਖ਼ੈਬਰ ਕੇ ਸ਼ਮਾਲ (ਉੱਤਰ) ਤਕ ਪਹੁੰਚਨੇ ਔਰ ਪਿਛਲੇ ਦਰਿਆਏ ਗੰਗਾ ਤਕ ਦਾਰਦ (ਪਕੜ) ਹੋਨੇ ਕੀ ਖ਼ਬਰ ਦੇਤੇ ਹੈਂ।

ਪੁਰਾਤਨ ਈਰਾਨੀ ਅਤੇ ਪੂਰਬਕਾਲੀ ਹਿੰਦੁਸਤਾਨੀ ਆਰੀਆ ਲੋਕਾਂ ਦੀ ਭਾਸ਼ਿਕ ਸ਼ਬਦਾਵਲੀ ਅਤੇ ਧਾਰਮਕ ਸਿਧਾਂਤਾਂ ਵਿਚ ਪਰਸਪਰ ਸਾਂਝੀਵਾਲਤਾ ਆਮ ਹੀ ਵੇਖੀ ਜਾ ਸਕਦੀ ਹੈ। ਇਨ੍ਹਾਂ ਦੁਹਾਂ ਸੱਭਿਅਤਾਵਾਂ ਵਾਸਤੇ ਇਕ ਹੋਣਾ ਅਥਵਾ ਇਕ ਦੂਸਰੇ ਦੇ ਅਧਿਕ ਨਜ਼ਦੀਕ ਹੋਣ ਵਿਚ ਕਿਸੇ ਪ੍ਰਕਾਰੀ ਸੰਸਾ (ਸ਼ੁਬ੍ਹਾ) ਦੀ ਤਨਕ-ਮਾਤਰ ਭੀ ਗੁੰਜਾਇਸ਼ ਨਹੀਂ ਹੈ। ਪੂਰਬਕਾਲੀ ਫ਼ਾਰਸੀ ਭਾਸ਼ਾ ਦੇ ਤਿੰਨ ਪ੍ਰਕਾਰ ਦੇ ਪ੍ਰਤਿਮਾ (Model) ਵਿਰਤੀਹਾਣ ਸਮੇਂ ਵਿਚ ਭੀ ਵੇਖੇ ਜਾ ਸਕਦੇ ਹਨ, ਜਿਨ੍ਹਾਂ ਵਿਚ ਪਾਰਸੀ ਧਰਮ ਦੇ ਧਾਰਮਕ ਗ੍ਰੰਥਾਂ *ਜ਼ੰਦ ਅਤੇ ਅਵੇਸਤਾ* ਦੀ ਭਾਸ਼ਾ ਪੁਰਾਤਨਕਾਲੀ ਹਿੰਦੁਸਤਾਨੀ ਗ੍ਰੰਥਾਂ ਅਤੇ ਵੇਦਾਂ ਨਾਲ ਬਹੁਤ ਹੀ ਮਿਲਦੀ-ਜੁਲਦੀ ਭਾਸ਼ਾ ਹੈ। ਭਾਵ ਇਹ ਹੋਇਆ ਕਿ ਸੱਭਿਆਚਾਰ ਦੇ ਨਾਤੇ ਭਾਰਤੀ ਅਤੇ ਈਰਾਨੀ ਇਕ ਦੂਸਰੇ ਦੇ ਬਹੁਤ ਹੀ ਨੇੜੇ ਸਨ। ਆਵੇਸਤਾ ਅਥਵਾ ਜ਼ੰਦ ਦੀ ਭਾਸ਼ਾ ਤੋਂ ਬਾਅਦ ਈਰਾਨ ਵਿਚ ਇਕ ਹੋਰ ਭਾਸ਼ਾ ਦਾ ਵਿਕਾਸ ਹੋਇਆ, ਜਿਸ ਦੀ ਸੰਗਿਆ *ਪਹਿਲਵੀ* ਭਾਸ਼ਾ ਕਰਕੇ ਪ੍ਰਸਿੱਧ ਹੋਈ ਔਰ ਈਰਾਨ ਵਿਚ ਤੀਸਰੀ ਭਾਸ਼ਾ ਜੋ ਕਿ *ਸਾਸਾਈ* ਸਰਕਾਰਾਂ ਦੇ ਸਮੇਂ ਵਿਚ *ਦੱਰੀ* ਭਾਸ਼ਾ ਦੇ ਨਾਮ ਦੁਆਰਾ ਚਾਲੂ ਹੋਈ। ਇਹ ਤਿੰਨੇ ਭਾਸ਼ਾਵਾਂ ਪਰਸਪਰ ਬਹੁਤ ਹੀ ਨਜ਼ਦੀਕੀ ਤਾਲਮੇਲ ਰੱਖਦੀਆਂ ਹਨ। ਜਿਤਨੀ ਸੰਪਰਕਤਾ ਇਨ੍ਹਾਂ ਤਿੰਨਾਂ ਈਰਾਨੀ ਭਾਸ਼ਾਵਾਂ ਆਵੇਸਤਾ, ਪਹਿਲਵੀ ਅਤੇ ਦੱਰੀ ਵਿਚ ਹੈ, ਨਿਰਸੰਦੇਹ, ਉਤਨੀ ਹੀ ਸਾਂਝੀਵਾਲਤਾ ਸੰਸਕ੍ਰਿਤ, ਜ਼ੰਦ ਅਤੇ ਆਵੇਸਤਾ ਵਿਚ ਵੇਖੀ ਜਾ ਸਕਦੀ ਹੈ।

ਈਰਾਨ ਦੇਸ਼ ਵਿਚ ਕਈ ਇਕ ਐਸੀਆਂ ਪੁਰਾਤਨਕਾਲੀ ਲਿਖਤਾਂ (ਕੁਤਬੇ) ਪ੍ਰਾਪਤ ਹੋਏ ਹਨ ਜਿਨ੍ਹਾਂ ਵਿਚ ਈਰਾਨੀ ਬਾਦਸ਼ਾਹਾਂ ਦੀ ਤਵਾਰੀਖ਼, ਆਰੀਆ ਸ਼ਬਦ ਦੁਆਰਾ ਸ਼ੋਭਿਤ ਕੀਤੀ ਮਿਲਦੀ ਹੈ। ਉਦਾਹਰਣ ਵਜੋਂ ਸ਼ਾਹ ਗੁਸ਼ਤਾਸਪ ਦਾ ਨਾਮ ਵਰਣਨਯੋਗ ਹੈ। ਏਸੇ ਪ੍ਰਕਾਰ ਇਕ ਪੁਰਾਤਨਕਾਲੀ ਯੂਨਾਨੀ ਲਿਖਾਰੀ ਹੈਰੋਡੋਟਸ ਨੇ ਈਰਾਨ ਦੇ ਕਈ ਇਕ ਰਾਜਿਆਂ ਦੇ ਨਾਮ ਨਾਲ ਆਰੀਆ ਸ਼ਬਦ ਦੀ ਵਰਤੋਂ ਕੀਤੀ ਹੈ। ਹੈਰੋਡੋਟਸ ਹੀ ਪਹਿਲਾ ਲਿਖਾਰੀ ਹੈ ਜਿਸ ਨੇ ਪਾਰਸੀ ਧਰਮ ਨੂੰ ਗ੍ਰਹਿਣ ਕੀਤਾ ਅਤੇ ਈਰਾਨੀ ਰਾਜਿਆਂ ਦੀ ਤਵਾਰੀਖ਼ ਸਭ ਤੋਂ ਪਹਿਲਾਂ ਲਿਖੀ।

ਸੰਸਕ੍ਰਿਤ ਦੇ ਖੋਜੀ ਕਈ ਇਕ ਯੋਰਪੀਅਨ ਵਿਦਵਾਨਾਂ ਦਾ ਅਖਾਣ ਹੈ ਕਿ ਵੈਦਿਕ ਗੀਤਾਂ ਦਾ ਹਰ ਇਕ ਖੰਡ, ਆਵੇਸਤਾ ਦੀ ਭਾਸ਼ਾ ਵਿਚ ਅਤੇ ਆਵੇਸਤਾ ਦਾ ਹਰ ਇਕ ਪਦਾ ਵੈਦਿਕ ਭਾਸ਼ਾ ਵਿਚ ਤਨਿਕ-ਮਾਤ੍ਰ ਪਰਿਵਰਤਨ ਦੁਆਰਾ ਪਰਸਪਰ ਮਿਸ਼ਰਤੀ ਦਾਇਰੇ ਵਿਚ ਪ੍ਰਵੇਸ਼ ਕਰਦਾ ਹੈ। ਖੰਡਰਾਤ ਖੋਜ ਦੇ ਆਧਾਰ 'ਤੇ ਈਰਾਨ ਵਿਚ ਕੁਝ ਐਸੇ ਕੁਤਬੇ (ਪੱਥਰੀ ਲਿਖਤਾਂ) ਪ੍ਰਾਪਤ ਹੋਈਆਂ ਹਨ ਜਿਨ੍ਹਾਂ 'ਤੇ ਸੰਸਕ੍ਰਿਤ ਸ਼ਬਦਾਵਲੀ ਜੈਸੀ ਜ਼ੰਦ ਤੇ

ਆਵੇਸਤਾ ਦੀ ਤਰਜ਼ੇ ਨਿਗਾਰਸ਼ (ਸ਼ਬਦਾਂ ਦੀ ਚਿਤਰਾਵਲੀ) ਪ੍ਰਾਪਤ ਹੋਈ ਹੈ। ਇਸ ਦੇ ਪ੍ਰਤਿਕਰਮ, ਹਿੰਦੁਸਤਾਨ ਵਿਚ ਭੀ ਕੁਝ ਐਸੇ ਕਦੀਮੀ ਸਿੱਕੇ ਮਿਲੇ ਹਨ ਜਿਨ੍ਹਾਂ 'ਤੇ ਪੁਰਾਤਨ ਪਹਿਲਵੀ ਅੱਖਰਾਂ ਦੇ ਚਿੱਤਰ ਪਾਏ ਜਾਂਦੇ ਹਨ। ਵਿਰਤੀਹਾਨ ਸਮੇਂ ਵਿਚ ਭੀ ਸੈਂਕੜੇ ਹੀ ਸ਼ਬਦ ਐਸੇ ਹਨ ਜੋ ਫ਼ਾਰਸੀ ਅਤੇ ਸੰਸਕ੍ਰਿਤ ਭਾਸ਼ਾਵਾਂ ਵਿਚ ਪਰਸਪਰ ਸਾਂਝੀਵਾਲਤਾ ਪ੍ਰਗਟ ਕਰਦੇ ਹਨ। ਉਕਤ ਦਰਸਾਈ ਵਿਚਾਰ ਦਾ ਸਿੱਟਾ ਇਹੀ ਹੈ ਕਿ ਸੰਸਕ੍ਰਿਤ ਅਤੇ ਫ਼ਾਰਸੀ ਭਾਸ਼ਾ ਦਾ ਨਿਕਾਸੀ ਚਸ਼ਮਾ ਇਕ ਹੀ ਹੈ ਔਰ ਉਹ ਨਿਕਾਸ ਅਸਥਾਨ ਮੱਧ ਏਸ਼ੀਆ ਹੈ। ਇਹ ਖ਼ਿਆਲ ਨਿਰਸੰਦੇਹ ਨਿਰਮੂਲ ਅਥਵਾ ਨਿਰਧਾਰਤ ਹੈ ਕਿ ਸੰਸਕ੍ਰਿਤ ਅਨਾਦੀ ਅਥਵਾ ਕਦੀਮੀ ਜਾਂ ਅਜ਼ਲੀ ਭਾਸ਼ਾ ਹੈ। ਉਕਤ ਖ਼ਿਆਲ ਦੀ ਪ੍ਰੋੜ੍ਹਤਾ ਮਿਸਟਰ ਗੋਵਿੰਦ ਦਾਸ ਆਪਣੀ ਪੁਸਤਕ *ਹਿੰਦੂਇਜ਼ਮ* ਵਿਚ ਨਿਮਨ ਲਿਖਤ ਦੇ ਅਨੁਸਾਰ ਕਰਦੇ ਹਨ, ਜਿਵੇਂ ਕਿ:

ਯਹ ਮੁਕੱਦਸ ਤਾਅਲੀਮ ਕਿ ਸੰਸਕ੍ਰਿਤ ਦੇਵ ਭਾਸ਼ਾ (ਯਾਨੀ ਦੇਵਤਾਓਂ ਕੀ ਜ਼ਬਾਨ) ਹੈ ਔਰ ਦੁਨੀਆ ਮੇਂ ਸਬ ਸੇ ਕਦੀਮ ਜ਼ਬਾਨ ਹੈ। ਚੁਪਕੇ ਸੇ ਮੁਸਤਰੱਦ (ਨਸ਼ਟ) ਕਰ ਦੇਨੀ ਚਾਹੀਏ ਕਿ ਤਾਰੀਖ਼ ਇਸ ਦਾਅਵੇ ਕਾ ਕਾਫ਼ੀ ਬੁਤਲਾਨ (ਫ਼ਰੇਬ, ਛਲ) ਕਰ ਚੁੱਕੀ ਹੈ। *(ਗੋਵਿੰਦ ਦਾਸ, ਹਿੰਦੂਇਜ਼ਮ, ਪੰਨਾ 146)*

ਮੱਧ ਏਸ਼ੀਆ ਵਿਚ ਵਿਸ਼ੇਸ਼ ਕਰਕੇ ਈਰਾਨ ਵਿਚ ਪਾਰਸੀ ਜ਼ੋਰੋਸਟਰੀਅਨ (Zoroastrian) ਧਰਮ ਦੇ ਵਿਕਾਸ ਤੋਂ ਪਹਿਲਾਂ ਈਰਾਨ ਦੇ ਲੋਕ ਬਹੁ-ਦੇਵਵਾਦ ਵਿਚ ਵਿਸ਼ਵਾਸ ਰੱਖਦੇ ਸਨ। ਇਹੀ ਉਹ ਧਾਰਮਕ ਸਿਧਾਂਤ ਹੈ ਜਿਥੋਂ ਆਰੀਆ ਲੋਕ ਬਹੁ-ਦੇਵਵਾਦੀ ਪੂਜਾ ਦਾ ਸਿਧਾਂਤ ਆਪਣੇ ਨਾਲ ਇਕ ਪੁਰਾਤਨ ਈਰਾਨੀ ਵਿਰਸੇ ਵਜੋਂ ਹਿੰਦੁਸਤਾਨ ਦੀ ਪਾਵਨ ਧਰਤੀ ਦੇ ਵਸਨੀਕ ਬਣੇ। ਪੁਰਾਤਨ ਈਰਾਨੀ ਤਵਾਰੀਖ਼ ਦੇ ਪੰਨੇ ਪ੍ਰਗਟ ਕਰਦੇ ਹਨ ਕਿ ਪੂਰਬਕਾਲੀ ਈਰਾਨੀ ਲੋਕ ਨਿਜੀ ਨਿਰਬਾਹ ਅਤੇ ਪਰਿਵਾਰਿਕ ਉਪਜੀਵਕਾ ਹਿਤ, ਅਤਿ ਮਿਹਨਤ ਦੁਆਰਾ ਖੇਤੀ ਅਥਵਾ ਕਾਸ਼ਤਕਾਰੀ ਦਾ ਕਿੱਤਾ ਕਰਦੇ ਸਨ। ਪ੍ਰੰਤੂ, ਕੁਝ ਓਡ ਅਥਵਾ ਟੱਪਰੀ ਵਾਸ ਜਿਨ੍ਹਾਂ ਨੂੰ ਖ਼ਾਨਾ-ਬਦੋਸ਼ ਭੀ ਆਖਿਆ ਜਾਂਦਾ ਹੈ, ਵਿਸ਼ੇਸ਼ ਤੌਰ 'ਤੇ ਤੂਰਾਨੀ ਜਾਂਗਲੀ ਲੋਕ ਅਕਸਰ ਇਨ੍ਹਾਂ 'ਤੇ ਆਕਰਮਣ ਕਰਦੇ ਹੀ ਰਹਿੰਦੇ ਸਨ। ਇਤਨੀ ਲੁੱਟਮਾਰ ਅਤੇ ਸਿਤਮਗਿਰੀ ਕਰਦੇ ਸਨ ਕਿ ਇਨ੍ਹਾਂ ਦਾ ਸਾਰਾ ਘਰੇਲੂ ਸਾਮਾਨ ਅਤੇ ਪਾਲਤੂ ਭੇਡਾਂ ਅਤੇ ਹੋਰ ਜਾਨਵਰਾਂ ਦੇ ਇੱਜੜ ਖੋਹ ਕੇ ਲੈ ਜਾਂਦੇ ਸਨ। ਜੋ ਵਸਤੂ ਉਹ ਨਹੀਂ ਲੈ ਜਾ ਸਕਦੇ ਸਨ, ਉਨ੍ਹਾਂ ਨੂੰ ਅਤਿ ਗੰਵਾਰ ਰੁਚੀ ਦੁਆਰਾ ਅਗਨ ਭੇਟ ਕਰ ਜਾਂਦੇ ਸਨ। ਇਤਨੀ ਕਤਲੋ-ਗ਼ਾਰਤ ਕਰਦੇ ਕਿ ਇਨ੍ਹਾਂ ਦੇ ਰਿਹਾਇਸ਼ੀ ਘਰ-ਘਾਟ ਭੀ ਰਾਖ ਦੀ ਢੇਰੀ ਵਿਚ ਤਬਦੀਲ ਕਰ ਜਾਂਦੇ। ਮੁਰਦਾ ਲਾਸ਼ਾਂ ਨੂੰ ਮਾਸਾਹਾਰੀ ਜਾਨਵਰ ਅਤੇ ਗਿਰਝਾਂ ਖਾਂਦੀਆਂ ਸਨ।

ਈਰਾਨ ਦੇ ਵਸਨੀਕ ਆਮ ਕਰਕੇ ਮਰ ਚੁੱਕੇ ਪੂਰਵਜਾਂ ਅਤੇ ਦੇਵਤਿਆਂ ਦੀ ਪੂਜਾ ਕਰਦੇ ਸਨ ਜਿਵੇਂ ਅੱਜ ਕੱਲ ਹਿੰਦੂ ਮਤਿ ਵਿਚ ਪਿਤਰਾਂ ਵਾਸਤੇ ਸ਼ਰਾਧ ਆਦਿ ਦੀ ਰਸਮ ਨਿਭਾਈ ਜਾਂਦੀ ਹੈ। ਹੋ ਸਕਦਾ ਹੈ ਕਿ ਪੁਰਾਤਨਕਾਲੀ ਆਰੀਆ ਲੋਕ ਭੀ ਪੂਰਵਜ ਪਿਤਰ ਵਿਰਾਸਤ ਦੀ ਸੌਗਾਤ ਈਰਾਨ ਵਿਚੋਂ ਹੀ ਲਿਆਏ ਹੋਣ। ਵਿਸ਼ੇਸ਼ ਤੌਰ 'ਤੇ ਈਰਾਨੀ ਲੋਕਾਂ ਦੀ ਪੂਜਾ ਦਾ ਕੇਂਦਰੀ ਬਿੰਦੂ, ਦੋ ਪ੍ਰਕਾਰ ਦੇ ਦੇਵਤੇ ਸਨ ਜਿਨ੍ਹਾਂ ਦੇ ਨਾਮ 'ਮਿਥਰ'[1] ਅਤੇ 'ਅਨਾਹਿਤਾ' ਕਰਕੇ ਆਖੇ ਜਾਂਦੇ ਹਨ। ਵੈਦਿਕ ਸ਼ਬਦਾਵਲੀ ਵਿਚ ਮਿਥਰ ਦੇਵਤੇ ਦੀ ਸੰਗਿਆ ਇੰਦਰ ਦੇਵਤੇ ਦੇ ਨਾਮ ਦੁਆਰਾ ਪ੍ਰਸਿੱਧ ਹੋਈ। ਈਰਾਨੀ ਲੋਕਾਂ ਵਿਚ ਮਿਥਰ ਦੇਵਤਾ ਸਾਰੇ ਦੇਵਤਿਆਂ ਵਿਚੋਂ ਸਤਿਕਾਰਿਤ ਦੇਵਤਾ ਕਰਕੇ ਮੰਨਿਆ ਜਾਂਦਾ ਸੀ, ਕਿਉਂਕਿ ਇਹ ਦੇਵਤਾ ਯੁੱਧ ਅਤੇ ਪ੍ਰਕਾਸ਼ਮਈ ਦੇਵਤਾ ਕਰਕੇ ਪ੍ਰਸਿੱਧ ਸੀ। ਇਹੀ ਵੱਡਾ ਕਾਰਨ ਹੈ ਕਿ ਪੁਰਾਤਨ ਆਰੀਆ ਲੋਕਾਂ ਵਿਚ ਭੀ ਇੰਦਰ ਦੀ ਪੂਜਾ ਅਤਿ ਸਨਮਾਨਿਤ ਪੂਜਾ ਮੰਨੀ ਜਾਂਦੀ ਸੀ। ਇਕ ਹੋਰ ਦੇਵਤਾ ਜਿਸ ਦੀ ਗਾਥਾ ਪੁਰਾਤਨ ਯੂਨਾਨੀ ਸ਼ਿਲਾਲੇਖਾਂ ਦੁਆਰਾ ਪ੍ਰਾਪਤ ਹੁੰਦੀ ਹੈ, ਉਸ ਦਾ ਨਾਮ 'ਉਰਾਨੋਸ' ਕਰਕੇ ਮੰਨਿਆ ਜਾਂਦਾ ਸੀ ਜੋ ਆਮ ਤੌਰ 'ਤੇ ਵੈਦਿਕ ਦੇਵਤਾ ਵਰਣ ਨਾਲ ਮਿਲਦਾ ਜੁਲਦਾ ਸੀ। ਇਨ੍ਹਾਂ ਦੇਵਤਿਆਂ ਦੀ ਪੂਜਾ ਵੇਦੀ ਗੱਡ ਕੇ ਕੀਤੀ ਜਾਂਦੀ ਸੀ। ਆਮ ਤੌਰ 'ਤੇ ਪਸ਼ੂਆਂ ਦੀ ਬਲੀ ਭੀ ਦਿੱਤੀ ਜਾਂਦੀ ਸੀ। ਇਹੀ ਕਾਰਨ ਹੈ ਕਿ *ਸ੍ਰੀ ਮਦ ਭਾਗਵਤ ਪੁਰਾਣ* ਵਿਚ ਲਿਖਿਆ ਹੈ ਕਿ ਹੋਮ ਅਤੇ ਯੱਗ ਕਰਨੇ ਸੇ ਤੁਮ ਕੋ (ਪਰਮੇਸ਼ਵਰ ਕੋ[2]) ਸਾਮਰਥ ਹੋਤੀ ਹੈ। ਬਲੀ ਦਾ ਮਾਸ ਦੇਵਤੇ ਨੂੰ ਅਰਪਣ ਕਰਨ ਹਿਤ, ਵੇਦੀ ਦੇ ਵਿਚਕਾਰ ਅਗਨੀ ਜਲਾਈ ਜਾਂਦੀ। ਐਸੀ ਪੂਜਾ ਦੇ ਸਮੇਂ ਪ੍ਰੋਹਤ ਜਾਂ ਪਾਦਰੀ ਲੋਕ ਕਿਸੇ ਨਸ਼ੀਲੇ ਪੌਦੇ ਦਾ ਰਸ ਭੀ ਵਰਤਦੇ ਸਨ। ਜਿਸ ਨੂੰ ਆਰੀਆ ਲੋਕ ਸੋਮ ਰਸ ਦੇ ਨਾਮ ਦੁਆਰਾ ਪੁਕਾਰਦੇ ਸਨ। ਇਸ ਸੋਮ ਰਸ ਦੀਆਂ ਕਥਾ ਕਹਾਣੀਆਂ ਹਿੰਦੂ ਧਰਮ ਵਿਚ ਭੀ ਵੇਖੀਆਂ ਜਾ ਸਕਦੀਆਂ ਹਨ।

ਜਦੋਂ ਆਰੀਆ ਲੋਕ ਈਰਾਨ ਦੀ ਧਰਤੀ ਨੂੰ ਛੱਡ ਕੇ ਹਿੰਦੁਸਤਾਨੀ ਧਰਤੀ ਦੇ ਵਸਨੀਕ ਬਣ ਗਏ, ਇਨ੍ਹਾਂ ਦੇ ਪਿਛੋਂ ਈਰਾਨ ਵਿਚ ਇਕ ਨਵੇਂ ਧਰਮ ਦੀ ਬੁਨਿਆਦ ਰੱਖੀ ਗਈ ਜਿਸ ਦਾ ਨਾਮ ਜ਼ੋਰੋਸਟਰਾ (ਪਾਰਸੀ) ਕਰਕੇ ਪ੍ਰਸਿੱਧ ਹੋਇਆ। ਈਰਾਨ ਦੇਸ਼ ਵਿਚ ਧਾਰਮਿਕ ਪਰਿਵਰਤਨ ਦੀਆਂ ਖ਼ਬਰਾਂ ਹਿੰਦੁਸਤਾਨ ਵਿਚ ਰਹਿੰਦੇ ਆਰੀਆ ਲੋਕਾਂ ਤਕ ਭੀ ਆਣ ਪੁੱਜੀਆਂ। ਨਵੀਨ ਧਰਮ ਪਰਿਵਰਤਤ ਦੀਆਂ ਖ਼ਬਰਾਂ ਸੁਣ ਕੇ, ਆਰੀਆ ਲੋਕ ਬਹੁਤ ਹੀ ਕ੍ਰੋਧ

1. See, *World book Greece*, *Egyptian goddess*, and *Mithras*, a Persian god, p. 362.
2. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 3, ਅਧਿਆਇ 18, ਪੰਨਾ 95, ਪੰਜਾਬੀ।

ਵਿਚ ਆਏ। ਹਿੰਦੁਸਤਾਨ ਵਿਚ ਪਸਰੀ ਹੋਈ ਧਾਰਮਕ ਅਸ਼ਾਂਤੀ ਨੂੰ ਧਿਆਨ ਵਿਚ ਰੱਖਦਿਆਂ, ਈਰਾਨ ਦੇ ਬਾਦਸ਼ਾਹ ਗੁਸ਼ਤਾਸਪ ਜਾਂ ਵਿਸ਼ਤਾਸਪ (Vishtapsa) ਨੇ ਹਿੰਦੁਸਤਾਨ ਵਿਚ ਰਹਿੰਦੇ ਆਰੀਆ ਸ਼੍ਰੇਣੀ ਦੇ ਸਭ ਤੋਂ ਵੱਡੇ ਵਿਦਵਾਨ ਸੰਗਰਾਚਾ (ਸੰਗਰਾਕਾਚਾ) ਨੂੰ ਪੈਗਾਮ ਭੇਜ ਕੇ ਈਰਾਨ ਵਿਚ ਬੁਲਾਇਆ ਤਾਂਕਿ ਉਹ ਸਵੈਮ ਤੌਰ 'ਤੇ ਪਾਰਸੀ ਧਰਮ ਦੇ ਬਾਨੀ ਜ਼ਰਤਸ਼ਤ ਨਾਲ ਭੇਂਟ ਕਰ ਕੇ ਹਰ ਪ੍ਰਕਾਰੀ ਸ਼ੰਕਿਆਂ ਦੀ ਨਵਿਰਤੀ ਕਰ ਸਕੇ। ਦਬਿਸਤਾਨਿ ਮਜ਼ਾਹਿਬ ਦੇ ਕਰਤਾ ਮੁਹੰਮਦ ਮੋਹਸਿਨ ਫ਼ਾਨੀ ਨੇ ਸੰਗਰਾਚਾ ਅਤੇ ਜ਼ਰਤਸ਼ਤ ਦੀ ਭੇਂਟ ਬਹੁਤ ਹੀ ਵਿਸਥਾਰ ਦੁਆਰਾ ਬਿਆਨ ਕੀਤੀ ਹੈ। ਜ਼ਰਤਸ਼ਤ ਨਾਲ ਸੰਗਰਾਚਾ ਦੀ ਭੇਂਟ ਦਾ ਪਰਿਣਾਮ ਇਹ ਹੋਇਆ ਕਿ ਸੰਗਰਾਚਾ ਭੀ ਜ਼ਰਤਸ਼ਤੀ ਸਿੱਖਿਆ ਦਾ ਧਾਰਨੀ ਹੋਇ ਨਿਬੜਿਆ ਔਰ ਆਵੇਸਤਾ ਗ੍ਰੰਥ ਦੇ ਕੁਝ ਪਰਮਾਣਿਕ ਨੁਸਖ਼ੇ ਲੈ ਕੇ ਵਾਪਸ ਹਿੰਦੁਸਤਾਨ ਵਿਚ ਆਇਆ। ਸੰਗਰਾਚਾ ਨਾਮੀ ਵਿਦਵਾਨ ਨੇ ਆਰੀਆ ਲੋਕਾਂ ਵਿਚ ਜ਼ਰਤਸ਼ਤੀ ਧਰਮ ਦਾ ਪਸਾਰਾ ਕੀਤਾ। ਗ਼ਰਜ਼ੇਕਿ, ਲਗਪਗ ਇਕ ਹਜ਼ਾਰ ਵਿਅਕਤੀ ਸੰਗਰਾਚਾ ਦੇ ਚੇਲੇ ਬਣ ਗਏ। ਜ਼ਰਤਸ਼ਤ ਦੇ ਨਾਮ ਥੱਲੇ ਆਰੀਆ ਲੋਕਾਂ ਵਿਚ ਇਕ ਉਤਸਵ ਭੀ ਮਨਾਇਆ ਜਾਣ ਲੱਗਾ। ਇਨ੍ਹਾਂ ਦਿਨਾਂ ਵਿਚ ਹੀ ਸੰਗਰਾਚਾ ਦੇ ਸਮਾਨ, ਇਕ ਹੋਰ ਵਿਦਵਾਨ ਆਰੀਆ ਸ਼੍ਰੇਣੀ ਵਿਚ ਮੌਜੂਦ ਸੀ, ਜਿਸ ਦਾ ਸ਼ੁਭ ਨਾਮ ਵਿਆਸ ਕਰਕੇ ਲਿਖਿਆ ਮਿਲਦਾ ਹੈ। ਜਦੋਂ ਇਸ ਨੇ ਸੰਗਰਾਚਾ ਦੀ ਅਗਵਾਈ ਵਿਚ ਜ਼ਰਤਸ਼ਤੀ ਧਰਮ ਦੀ ਉੱਨਤੀ ਵੇਖੀ, ਤਦ ਵਿਆਸ ਜੀ ਨੇ ਜ਼ਰਤਸ਼ਤ ਨਾਲ ਗੋਸ਼ਟੀ ਕਰਨ ਹਿਤ ਬੁਖ਼ਾਰਾ (ਈਰਾਨ) ਦੀ ਯਾਤਰਾ ਆਰੰਭ ਦਿੱਤੀ। ਗੋਸ਼ਟੀ ਤੋਂ ਉਪਰੰਤ ਵਿਆਸ ਜੀ ਭੀ ਜ਼ਰਤਸ਼ਤ ਦੇ ਵਿਸ਼ਵਾਸੀ ਹੋਇ ਨਿਬੜੇ।

ਜ਼ੋਰੋਸਟਰ ਧਰਮ ਦੇ ਬਾਨੀ, ਜ਼ਰਤਸ਼ਤ ਨਾਲ ਗੋਸ਼ਟੀ ਕਰਨ ਤੋਂ ਬਾਅਦ, ਵਿਆਸ ਜੀ ਹਿੰਦੁਸਤਾਨ ਵਿਚ ਵਾਪਸ ਆ ਗਏ। ਇਥੇ ਪਹੁੰਚਣ ਤੋਂ ਉਪਰੰਤ ਵਿਆਸ ਜੀ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਜੋ ਪੁਰਾਤਨ ਰਿਸ਼ੀਆਂ ਦੀਆਂ ਸੀਨਾ-ਬ-ਸੀਨਾ ਚਲੀਆਂ ਆ ਰਹੀਆਂ ਕਾਵਿਕ ਕਥਾ ਕਹਾਣੀਆਂ, ਭਿੰਨ ਭਿੰਨ ਥਾਵਾਂ ਅਥਵਾ ਵੱਖਰੇ ਵੱਖਰੇ ਲੋਕਾਂ ਪਾਸ ਬੇ-ਤਰਤੀਬੇ ਢੰਗ ਦੁਆਰਾ ਖਿੰਡੀਆਂ ਪਈਆਂ ਸਨ, ਉਨ੍ਹਾਂ ਨੂੰ ਲੋਕਾਂ ਪਾਸੋਂ ਸੁਣਿਆ ਅਤੇ ਇਕੱਤਰ ਕੀਤਾ। ਜੋ ਕੁਝ ਉਨ੍ਹਾਂ ਦੀਆਂ ਨਿਜੀ ਲਿਖਤਾਂ ਸਨ, ਉਨ੍ਹਾਂ ਨੂੰ ਭੀ ਵੇਦਿਕ ਲਿਖਤਾਂ ਵਿਚ ਸੰਯੁਕਤ ਕਰਦੇ ਹੋਏ ਵੇਦਾਂ ਦੀ ਰਚਨਾ ਕੀਤੀ। ਆਮ ਹਿੰਦੂ ਪਰਜਾ ਅਤੇ ਵਿਸ਼ੇਸ਼ ਕਰਕੇ ਹਿੰਦੂ ਵਿਦਵਾਨਾਂ ਦਾ ਭੀ ਇਹੀ ਖ਼ਿਆਲ ਹੈ ਕਿ ਵਿਆਸ ਜੀ ਹੀ ਵੇਦਾਂ ਦੇ ਰਚਨਹਾਰ ਹਨ। ਇਹੀ ਕਾਰਣ ਹੈ ਕਿ ਵਿਆਸ ਜੀ ਦੀ ਉਪਾਧੀ ਵੇਦ ਵਿਆਸ ਦੇ ਨਾਮ ਦੁਆਰਾ ਆਖੀ ਜਾਂਦੀ ਹੈ। ਵਿਆਸ ਜੀ ਪ੍ਰਤਿ ਕੁਝ ਐਸੀਆਂ ਪਰਮਾਣਿਕ ਲਿਖਤਾਂ ਹਿੰਦੂ ਮਿਥਿਹਾਸ ਵਿਚੋਂ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਤੋਂ

ਇਹ ਪਤਾ ਲੱਗਦਾ ਹੈ ਕਿ ਨਿਰਸੰਦੇਹ ਵਿਆਸ ਜੀ ਹੀ ਵੇਦਾਂ ਦੇ ਕਰਤਾ ਹਨ। ਜਿਵੇਂ *ਸ੍ਰੀ ਮਦ ਭਾਗਵਤ ਪੁਰਾਣ* ਵਿਚ ਦਰਜ ਕੀਤਾ ਗਿਆ ਹੈ ਕਿ :

ਇਕੀਸਵਾਂ ਅਵਤਾਰ ਵੇਦ ਵਿਆਸ ਜੀ ਕਾ ਲੇਕਰ, ਵਾਸਤੇ ਭਵਸਾਗਰ ਪਾਰ ਉਤਾਰਨੇ, ਸੰਸਾਰੀ ਜੀਵੋਂ ਕੋ ਚਾਰ ਵੇਦ ਔਰ ਅਠਾਰਹ ਪੁਰਾਣ ਬਨਾਏ।[1]

ਉਕਤ ਦਰਸਾਈਆਂ ਉਦਾਹਰਨਾਂ ਦੇ ਆਧਾਰ 'ਤੇ ਇਹ ਸਚਾਈ ਪ੍ਰਗਟ ਹੋਇ ਆਂਵਦੀ ਹੈ ਕਿ ਵੈਦਿਕ ਸਿਧਾਂਤ ਅਤੇ ਵੈਦਿਕ ਰਸਮੋ-ਰਿਵਾਜਾਂ ਵਿਚ ਜ਼ਰਤਸ਼ਤੀ ਧਰਮ ਨਾਲ ਇਤਨਾ ਤਾਲਮੇਲ ਕਿਉਂ ਹੈ ? ਕਿਉਂਕਿ ਜ਼ਰਤਸ਼ਤ ਧਰਮ ਵਿਚ ਅਗਨੀ ਦੀ ਪੂਜਾ ਕਰਨੀ ਬੁਨਿਆਦੀ ਸਿਧਾਂਤ ਹੈ। ਭਾਵੇਂ ਭਾਰਤੀ ਜ਼ਰਤਸ਼ਤੀ (ਪਾਰਸੀ) ਅਗਨੀ ਪੂਜਿਕ ਅਖਵਾਣ ਵਿਚ ਗੁੱਸਾ ਮੰਨਦੇ ਹਨ, ਪ੍ਰੰਤੂ ਉਨ੍ਹਾਂ ਦੇ ਮੰਦਰਾਂ ਵਿਚ ਅਗਨੀ ਦੀ ਲਾਟ ਅੱਠੇ ਪਹਿਰ ਬਲਦੀ ਹੀ ਰਹਿੰਦੀ ਹੈ, ਜਿਸ ਦੀ ਉਪਾਧੀ, ਆਤਸ਼ੇ ਬਹਿਰਾਮ[2] ਦੇ ਨਾਮ ਦੁਆਰਾ ਪੁਕਾਰੀ ਜਾਂਦੀ ਹੈ। ਜਿਵੇਂ ਜ਼ਰਤਸ਼ਤੀ ਧਰਮ ਵਿਚ ਅਗਨੀ ਲਾਟ ਅੱਠੇ ਪਹਿਰ ਬਲਦੀ ਹੈ, ਨਿਰਸੰਦੇਹ, ਇਸੇ ਤਰ੍ਹਾਂ ਵੈਦਿਕ ਸਿਖਿਆ ਦੇ ਅਨੁਸਾਰ ਅਗਨਿ ਦੇਵਤਾ ਹੈ ਔਰ ਇਹ ਦੇਵਤਾ ਪੂਜਨ ਦੇ ਯੋਗ ਦਰਸਾਇਆ ਗਿਆ ਹੈ। ਜਿਵੇਂ *ਰਿਗਵੇਦ* ਵਿਚ ਲਿਖਿਆ ਹੈ ਕਿ :

ਅਗਨ ਅੰਮ੍ਰਿਤ ਕਾ ਮਾਲਿਕ ਹੈ, ਦੌਲਤ ਕਾ ਮਾਲਿਕ ਹੈ। ਵਹੀ ਮੁਸਤਹਿਕਮ (ਸਦੀਵੀ) ਖ਼ਾਨਦਾਨ (ਵੰਸ਼) ਦੇਨੇ ਵਾਲਾ ਹੈ। ਐ ਖ਼ੁਦਾਏ ਬਾ ਕੁਵੱਤ ! (ਹੇ ਸ਼ਕਤੀਵਾਨ ਅਗਨ ਦੇਵਤਾ) ਐਸਾ ਨਾ ਕਰ ਕਿ ਹਮ ਤੇਰੇ ਗ਼ੁਲਾਮ ਬਿਲਾ ਔਲਾਦ, ਬਿਲਾ ਖ਼ੂਬੀ ਔਰ ਬਗ਼ੈਰ ਚੜ੍ਹਾਵਹੁ ਕੇ ਰਹਿ ਜਾਏਂ। ਕਿਆ ਹਮ ਨੇਕ ਅਗਨ ਕੀ ਨੇਅਮਤੋਂ ਸੇ ਘਿਰੇ ਹੋਂਗੇ ? ਕਿਆ ਹਮੇਂ ਦਾਇਮੀ (ਸਦੀਵੀ) ਦੌਲਤ ਮਿਲੇਗੀ ? ਓ ਅਗਨਿ ! ਹਮ ਕਿਸੀ ਗ਼ੈਰ ਕੌਮ ਸੇ ਨਹੀਂ ਨਿਕਲੇ ਹੈਂ, ਤੂ ਵਹੀ ਰਾਸਤਾ ਲੇ ਜੋ ਤੁਝੇ ਹਮਾਰੇ ਪਾਸ ਪਹੁੰਚਾ ਦੇ। ਅਗਰ ਸਿਰਫ਼ ਵਹੀ ਖ਼ੂਨ ਨ ਹੋਤਾ ਜੋ ਹਮ ਮੇਂ ਹੈ, ਤੋਂ ਫਿਰ ਅਗਨੀ ਕੋ ਚੜ੍ਹਾਵੇ ਕਹਾਂ ਸੇ ਮਿਲਤੇ ਔਰ ਕੌਨ ਇਸ ਕੀ (ਪੂਜਾ) ਪਰਸਤਸ਼ ਕਰਤਾ। ਉਸੇ ਪੂਰਾ ਹੱਕ ਇਸ ਮਕਾਨ ਮੇਂ ਰਹਿਨੇ ਕਾ ਹੈ ਜਿਸੇ ਹਮ ਨੇ ਇਸ ਕੇ ਲੀਏ ਖ਼ਾਸ ਕੀਆ ਹੈ। ਆ ਹਮਾਰੇ ਪਾਸ ਐ ਕੌਮੀ ਫ਼ਤਹਿਮੰਦ ਔਰ ਪਰਸਤਸ਼ ਕੇ ਲਾਇਕ ਦੇਵਤਾ (ਪੂਜਾ ਦੇ ਯੋਗ ਦੇਵਤਾ)[3] ਜਿਵੇਂ :

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 2, ਅਧਿਆਇ 7, ਪੰਨਾ 71, ਪੰਜਾਬੀ।
2. *ਸੰਸਾਰ ਦੇ ਕੁਝ ਮੁਖ ਧਰਮ*, ਪੰਨੇ 13-16)।
3. *ਰਿਗਵੇਦ* ਮੰਡਲ 7, ਸੂਕਤ 4, ਰੁਚਾ 6-7, ਉਦਾਹਰਣ ਵਜੋਂ *ਤਫ਼ਹੀਮਲ ਕੁਰਾਨ*, ਪੰਨਾ 67, (ਮੁਨਸ਼ੀ ਰਾਮ, ਨਵੀਂ ਦਿੱਲੀ)।

6—Agni is Lord of Amrita in abundance, Lord of the gift of wealth and hero valour. Victorious God, let us not sit about thee like men devoid of strength, beauty and worship.

7—The foeman's treasure may be won with labour, may we be master of our own possessions. Agni no son is he who springs from others, lengthen not out the pathways of the foolish. (*Rig Veda* book vii, hymn iv, verse 6-7, Ralph T.H. Grifth, Munshi Ram).

9.74 ਵੇਦ ਅਤੇ ਜ਼ਰਤਸ਼ਤੀ ਸਿਖਿਆ ਦੀ ਸਮਾਨਤਾ

ਜਦੋਂ ਵੇਦ ਵਿਆਸ ਜੀ ਬੁਖ਼ਾਰਾ ਦੀ ਯਾਤਰਾ ਤੋਂ ਉਪਰੰਤ ਹਿੰਦੁਸਤਾਨ ਵਿਚ ਵਾਪਸ ਪਰਤ ਆਏ, ਤਦ ਉਨ੍ਹਾਂ ਨੇ ਵੇਦਾਂ ਦੀ ਰਚਨਾ ਕੀਤੀ। ਵੇਦਿਕ ਰਚਨਾ ਦੇ ਦੌਰਾਨ ਵਿਆਸ ਜੀ ਨੇ ਵੇਦ ਬਾਣੀ ਵਿਚ ਪੁਰਾਤਨ ਰਿਸ਼ੀਆਂ ਦੀਆਂ ਰਵਾਇਤੀ ਅਤੇ ਅਲਿਖਤੀ ਮੌਖਿਕ ਬਾਣੀਆਂ ਦੇ ਸਮਾਨ ਹੀ ਜ਼ਰਤਸ਼ਤੀ ਧਾਰਾ ਜੋ ਕਿ ਉਹ ਜ਼ਰਤਸ਼ਤੀ ਗੋਸ਼ਟੀ ਦੇ ਸਮੇਂ ਗ੍ਰਹਿਣ ਕਰ ਕੇ ਆਏ ਸਨ, ਵੇਦਿਕ ਬਾਣੀ ਦਾ ਸੰਯੁਕਤ ਭਾਗ ਬਣਾ ਦਿੱਤੀ। ਇਹੀ ਵੱਡਾ ਕਾਰਨ ਹੈ ਕਿ ਜ਼ਰਤਸ਼ਤ ਅਤੇ ਵੇਦਿਕ ਬਾਣੀ ਦੀਆਂ ਬਹੁਤ ਸਾਰੀਆਂ ਐਸੀਆਂ ਧਾਰਾਵਾਂ ਹਨ ਜੋ ਪਰਸਪਰ ਤਾਲਮੇਲ ਰੱਖਦੀਆਂ ਹਨ। ਜਿਵੇਂ :

1. ਮੰਤਰ ਦਾ ਸੰਕਲਪ : ਜੋ ਵੇਦਾਂ ਵਿਚ ਹੈ, ਬਿਲਕੁਲ ਉਹੀ ਧਾਰਾ ਮੰਤਰ ਪ੍ਰਤਿ ਅਵੇਸਤਾ ਵਿਚ ਹੈ। ਜਿਵੇਂ ਵੇਦ ਵਿਚ ਸ਼ਬਦ ਮੰਤਰ ਹੈ। ਇਸ ਦੇ ਸਮਾਨ ਹੀ *ਜ਼ੰਦ ਆਵੇਸਤਾ* ਵਿਚ ਸ਼ਬਦ ਮਥੱਰ ਹੈ।

2. ਆਵੇਸਤਾ ਵਿਚ ਜਿਸ ਧਾਤੂ ਨੂੰ ਹੋਮਾ ਕਰਕੇ ਆਖਿਆ ਹੈ, ਵੇਦ ਵਿਚ ਉਸੇ ਧਾਤੂ ਦਾ ਨਾਂ ਸੋਮਾ ਹੈ।

3. ਵੇਦ ਵਿਚ ਜਿਸ ਦੇਵਤਾ ਦਾ ਨਾਂ ਮਿਤਰਾ ਹੈ, *ਜ਼ੰਦ ਅਵੇਸਤਾ* ਵਿਚ ਉਸ ਦੀ ਸੰਗਿਆ ਮਿਥੱਰ ਦੇਵਤਾ[1] ਹੈ। ਮਿਥੱਰ ਦੇਵਤਾ ਦੀ ਬਾਬਤ *ਜ਼ੰਦ ਆਵੇਸਤਾ* ਵਿਚ ਲਿਖਿਆ ਹੈ ਕਿ ਇਹ ਦੇਵਤਾ ਬਹੁਤ ਹੀ ਸ਼ਰਧਾ ਦੇ ਯੋਗ ਪਰਮਾਤਮਾ ਹੈ, ਹਮੇਸ਼ਾ ਸੱਚ ਬੋਲਦਾ ਹੈ, ਇਸ ਦੇ ਇਕ ਹਜ਼ਾਰ ਕੰਨ ਅਤੇ ਦੋ ਹਜ਼ਾਰ ਅੱਖਾਂ ਹਨ। ਇਹ ਨੀਂਦਰ ਤੋਂ ਬਿਨਾਂ ਪਰਜਾ ਦੀ ਸੁੱਖ ਸ਼ਾਂਤੀ ਵਾਸਤੇ ਨਿਗਰਾਨੀ ਕਰਦਾ ਹੈ। ਔਰ *ਰਿਗਵੇਦ* ਵਿਚ ਭੀ ਮਿਤਰਾ

---

1. See, *World book*#13, *Mithras*, p. 566. Was a god of the ancient Persians and the Aryans of India. The Aryans made him one of their 12 high gods.

ਦੇਵਤੇ ਪ੍ਰਤਿ, *ਜ਼ੰਦ ਆਵੇਸਤਾ* ਜੈਸੇ ਖ਼ਿਆਲਾਂ ਦੀ ਪ੍ਰੋੜ੍ਹਤਾ ਕੀਤੀ ਗਈ ਹੈ। ਜਿਵੇਂ ਕਿ ਮਿਤਰਾ ਦੇਵਤਾ ਦੁਨਿਆਵੀ ਕੌਮਾਂ ਉਤੇ ਅਨੀਂਦਰਿਤ ਰਹਿੰਦਾ ਹੋਇਆ ਨਿਗਰਾਨੀ ਕਰਦਾ ਹੈ। ਇਸ ਵਾਸਤੇ ਮਿਤਰਾ ਦੇ ਸਾਹਮਣੇ ਘਿਉ ਦੇ ਨਜ਼ਰਾਨੇ[1] ਭੇਟਾ ਕਰੋ।

4. *ਜ਼ੰਦ ਆਵੇਸਤਾ* ਵਿਚ ਜਿਸ ਦੇਵਤਾ ਦਾ ਨਾਮ ਅਰਮੀਨ ਆਖ ਕੇ ਯਾਦ ਕੀਤਾ ਜਾਂਦਾ ਹੈ, ਵੇਦ[2] ਵਿਚ ਭੀ, ਉਸ ਦਾ ਨਾਮ ਅਰਮੀਨ ਕਰਕੇ ਹੀ ਆਖਿਆ ਜਾਂਦਾ ਹੈ।

5. ਸੂਰਜ ਦੀ ਵਡਿਆਈ ਦਾ ਜ਼ਿਕਰ ਜਿਵੇਂ *ਜ਼ੰਦ ਆਵੇਸਤਾ* ਵਿਚ ਆਇਆ ਹੈ, ਬਿਲਕੁਲ ਉਸੇ ਤਰ੍ਹਾਂ *ਰਿਗਵੇਦ* ਵਿਚ ਭੀ ਸੂਰਜ ਨੂੰ ਦੇਵਤਾ ਕਰਕੇ ਮੰਨਿਆ ਗਿਆ ਹੈ। ਗਾਇਤਰੀ ਮੰਤਰ ਨਿਰੋਲ ਸੂਰਜ ਦੀ ਪੂਜਾ ਹੈ। ਜਿਵੇਂ, ਜੋ ਸੂਰਜ ਦੇਵਤਾ ਸਭ ਨੂੰ ਜਿਵਾਉਂਦਾ ਹੈ, ਦੁਖਾਂ ਤੋਂ ਛੁਡਾਉਂਦਾ ਹੈ, ਪ੍ਰਕਾਸ਼ ਰੂਪ ਹੈ, ਬੇਨਤੀ ਕਰਨਯੋਗ ਹੈ, ਪਾਪਨਾਸ਼ਿਕ ਹੈ, ਜੋ ਸਾਡੀਆਂ ਬੁੱਧੀਆਂ ਨੂੰ ਪ੍ਰੇਰਦਾ ਹੈ, ਉਸ ਦਾ ਅਸੀਂ ਧਿਆਨ ਕਰਦੇ ਹਾਂ।[3] ਗਾਇਤ੍ਰੀ ਦੇ ਇਕ ਹੱਥ ਵਿਚ ਮਿਰਗ ਦਾ ਸਿੰਗ ਅਤੇ ਦੂਜੇ ਹੱਥ ਵਿਚ ਕਮਲ ਹੈ। ਲਾਲ ਵਸਤ੍ਰ ਅਤੇ ਗਲੇ ਵਿਚ ਮੋਤੀਆਂ ਦਾ ਹਾਰ, ਕੰਨਾਂ ਵਿਚ ਕੁੰਡਲ ਅਤੇ ਮੱਥੇ ਉਪਰ ਮੁਕਟ ਹੈ। ਗਾਇਤ੍ਰੀ ਨੂੰ ਵੇਦਾਂ ਦੀ ਮਾਤਾ ਕਰਕੇ ਮੰਨਿਆ ਗਿਆ ਹੈ। ਅਸਲ ਵਿਚ ਇਹ *ਰਿਗਵੇਦ* ਦਾ ਮੰਤਰ ਹੈ ਔਰ ਵਿਸ਼ਵਾਮਿਤਰ ਰਿਖੀ ਦੀ ਰਚਨਾ ਹੈ। *ਜ਼ੰਦ ਆਵੇਸਤਾ* ਵਿਚ ਇਸ ਮੰਤਰ ਨੂੰ ਗਾਥਾ ਕਰਕੇ ਆਖਿਆ ਜਾਂਦਾ ਹੈ, ਹਿੰਦੂ ਇਸ ਨੂੰ ਗਾਇਤ੍ਰੀ ਮੰਤਰ ਕਰਕੇ ਯਾਦ ਕਰਦੇ ਹਨ।

6. ਜਿਵੇਂ ਵਾਯੂ ਦੇਵਤਾ *ਜ਼ੰਦ ਆਵੇਸਤਾ* ਵਿਚ ਮੌਜੂਦ ਹੈ, ਬਿਲਕੁਲ ਏਸੇ ਤਰ੍ਹਾਂ *ਰਿਗਵੇਦ* ਵਿਚ ਭੀ ਵਿਦਮਾਨ ਹੋ ਰਿਹਾ ਹੈ।

7. *ਜ਼ੰਦ ਆਵੇਸਤਾ* ਵਿਚ ਥਰੀਤਾਸਥ ਨੂੰ ਹਕੀਮ ਕਰਕੇ ਆਖਿਆ ਗਿਆ ਹੈ। *ਰਿਗ* ਅਤੇ *ਅਥਰਵ* ਵੇਦਾਂ ਵਿਚ ਇਸ ਨੂੰ ਰੋਗ ਨਾਸ਼ਿਕ ਤਰੱਤੀਆ ਦੇਵਤਾ ਕਰਕੇ ਆਖਿਆ ਜਾਂਦਾ ਹੈ।

8. ਬਲੀਦਾਨ ਪ੍ਰਦਾਨ ਕਰਨ ਦੇ ਸਿਲਸਿਲੇ ਵਿਚ *ਜ਼ੰਦ ਆਵੇਸਤਾ* ਵਿਚ ਅਥਰਵਾ ਦੀ ਸੰਗਿਆ ਦਿੱਤੀ ਗਈ ਹੈ। ਵੇਦਾਂ ਵਿਚ ਇਸ ਨੂੰ ਅਥਰਵਣ ਕਰਕੇ ਪੁਕਾਰਿਆ ਜਾਂਦਾ ਹੈ।

---

1. *ਰਿਗਵੇਦ* ਮੰਡਲ 3, ਸੂਕਤ 59, ਵਿਚ ਲਿਖਿਆ ਹੈ ਕਿ ਮਿਤਰਾ ਦੇਵਤੇ ਨੂੰ ਘਿਉ ਦੇ ਨਜ਼ਰਾਨੇ ਭੇਟਾ ਕਰੋ।
2. *ਰਿਗਵੇਦ* ਮੰਡਲ 1, ਸੂਕਤ 136.
3. *ਮਹਾਨ ਕੋਸ਼*, ਪੰਨਾ 403 ਗਾਇਤ੍ਰੀ, ਦੇਖੋ : ਲੇਖਾ।

9. *ਜ਼ੰਦ ਆਵੇਸਤਾ* ਵਿਚ ਹੋਮ ਦੇ ਅਰਥ ਅੱਗ ਜਲਾਉਣੀ ਅਤੇ ਇਸ ਵਿਚ ਕੁਝ ਚੀਜ਼ਾਂ ਪਾਉਣੀਆਂ ਹਨ। ਵੇਦ ਭਾਸ਼ਾ ਵਿਚ ਇਸੇ ਕਰਮ ਦਾ ਨਾਮ ਹਵਨ ਹੈ।

10. ਜਿਵੇਂ ਹਿੰਦੂ ਮਤਿ ਵਿਚ ਦੀਵਾਲੀ ਦਾ ਉਤਸਵ ਮਨਾਇਆ ਜਾਂਦਾ ਹੈ, ਇਹੀ ਤਿਉਹਾਰ ਈਰਾਨੀ ਅਗਨ ਪੂਜਕ ਲੋਕ ਆਤਸ਼ ਸੂਜ਼ੀਆ ਚਰਾਗਾਂ ਦਾ ਤਿਉਹਾਰ ਮਨਾਂਦੇ ਸਨ।

11. ਜੋ ਕੁਝ ਹੋਲੀ ਦੇ ਦਿਨਾਂ ਵਿਚ ਹਿੰਦੂ ਲੋਕ ਕਰਦੇ ਹਨ, ਉਹੀ ਕੁਝ ਈਰਾਨੀ ਲੋਕਾਂ ਵਿਚ ਕੋਸਾ ਬਰਨਸ਼ੀਨ ਉਤਸਵ ਮਨਾਇਆ ਜਾਂਦਾ ਸੀ।

12. ਹਿੰਦੂ ਲੋਕਾਂ ਵਿਚ ਬਸੰਤ ਦਾ ਉਤਸਵ ਬਿਲਕੁਲ ਉਹੀ ਹੈ ਜੋ ਈਰਾਨੀ ਲੋਕਾਂ ਵਿਚ ਜਸ਼ਨੇ ਗੁਲ ਕੋਬੀ ਕਰਕੇ ਹੈ।

13. ਜਾਤਿ ਪਾਤਿ ਦੇ ਮਾਮਲੇ ਵਿਚ ਹਿੰਦੂ ਧਾਰਾ ਚਾਰ ਵਰਨਾਂ ਵਿਚ ਵੰਡੀ ਹੋਈ ਹੈ। ਬਿਲਕੁਲ ਇਹੀ ਧਾਰਾ ਪੁਰਾਤਨ ਈਰਾਨੀ ਲੋਕਾਂ ਵਿਚ ਪਾਈ ਜਾਂਦੀ ਸੀ। ਜਿਵੇਂ:

(ੳ) ਈਰਾਨੀਆ ਵਿਚ ਪਹਿਲੀ ਸ਼੍ਰੇਣੀ ਦਾ ਨਾਮ, ਅਵਲ ਬਰਮਾਨ ਜਾਂ ਜ਼ੁਹਾਦੋ ਉਲਮਾ (ਪ੍ਰਹੇਜ਼ਗਾਰ ਵਿਦਵਾਨ) ਸੀ, ਜਿਸ ਦੀ ਸੰਗਿਆ ਹਿੰਦੂ ਮਤਿ ਵਿਚ ਬ੍ਰਾਹਮਣ ਕਰਕੇ ਆਖੀ ਜਾਂਦੀ ਹੈ।

(ਅ) ਦੋਮ ਚਤਰਮਨੀ ਬਾਦਸ਼ਾਹ ਜਾਂ ਪਹਿਲਵਾਨ ਜਿਨ੍ਹਾਂ ਦੀ ਜ਼ਿੰਦਗੀ ਛਤਰ ਸਾਇਬਾਨ ਦੇ ਥੱਲੇ ਬਤੀਤ ਕੀਤੀ ਜਾਵੇ। ਇਹੀ ਲੋਕ ਹਿੰਦੂ ਧਾਰਾ ਵਿਚ ਕਸ਼ਤ੍ਰੀ/ਛੱਤਰੀ ਕਰਕੇ ਆਖੇ ਜਾਂਦੇ ਹਨ।

(ੲ) ਸੋਇਮ ਬਾਸ ਜਾਂ ਬੇਸ਼ (ਤੀਜਾ ਦਰਜਾ) (ਵਿਉਪਾਰੀ ਅਤੇ ਕਾਸ਼ਤਕਾਰ) ਜਿਨ੍ਹਾਂ ਦੀ ਉਪਾਧੀ ਹਿੰਦੂ ਧਾਰਾ ਵਿਚ ਵੈਸ਼ ਕਰਕੇ ਪ੍ਰਸਿੱਧ ਹੈ।

(ਸ) ਚਹਾਰਮ ਸੋਦੀਨ ਅਥਵਾ ਸੂਦ (ਖ਼ਿਦਮਤਗਾਰ) ਹਿੰਦੂ ਇਨ੍ਹਾਂ ਨੂੰ ਸ਼ੂਦਰ ਆਖ ਕੇ ਪੁਕਾਰਦੇ ਹਨ।[1]

ਉਕਤ ਦਰਸਾਈਆਂ ਪਰਮਾਣਿਕ ਉਦਾਹਰਣਾਂ ਦੇ ਆਧਾਰ 'ਤੇ ਅਸੀਂ ਭਰੋਸੇ ਨਾਲ ਆਖ ਸਕਦੇ ਹਾਂ ਕਿ ਵੇਦਾਂ ਦੀਆਂ ਲਿਖਤਾਂ ਨਿਰਸੰਦੇਹ ਜ਼ਰਤਸ਼ਤ ਤਾਅਲੀਮ ਦਾ ਮਿਲਗੋਭਾ ਹੈ। (ਵੇਦ ਸਾਫ਼ ਤੌਰ ਪਰ ਜ਼ਰਤਸ਼ਤ ਕੀ ਤਾਅਲੀਮ ਕੇ ਮਹੀਮਨ (ਨਿਗਾਹਬਾਨ) ਹੈਂ)।

---

1. Researches in Oriental History, p. 131; ਅਤੇ ਮਾਅਰਫ਼ਲ ਕੁਰਾਨ, ਪੰਨੇ 67-68.

9.75 ਵੇਦਾਂ ਦਾ ਲਿਖਤੀ ਚਿੱਤਰ

ਉਕਤ ਦਰਸਾਈਆਂ ਲਿਖਤਾਂ ਦੇ ਆਧਾਰ 'ਤੇ ਵੇਦਾਂ ਦੇ ਲਿਖਤੀ ਸਮੇਂ ਦੀ ਬਾਬਤ ਕੁਝ ਧੁੰਧਰਾਲੇ ਚਿਤਰ ਇਨਸਾਨੀ ਸਮਝ ਦਾ ਦਾਇਰਾ ਉਲੀਕਦੇ ਹਨ। ਜਿਵੇਂ ਮਿਸਟਰ ਬਾਲ ਗੰਗਾਧਰ ਤਿਲਕ ਵੇਦਾਂ ਦੀ ਲਿਖਤ ਦਾ ਸਮਾਂ ਚਾਰ ਹਜ਼ਾਰ ਸਾਲ (4000) ਪੂਰਬ ਈਸਾ ਅਨੁਮਾਨ ਕਰਦੇ ਹਨ। ਪ੍ਰੰਤੂ ਮਿਸਟਰ ਹਾਗ (Haug) ਲਗਪਗ ਦੋ ਹਜ਼ਾਰ ਚਾਰ ਸੌ (2400) ਵਰ੍ਹੇ ਪੂਰਬ ਈਸਾ ਘੋਸ਼ਤ ਕਰਦੇ ਹਨ। ਉਕਤ ਗਵਾਹੀਆਂ ਤੋਂ ਇਲਾਵਾ ਅਸਾਡੇ ਪਾਸ ਅੱਜ ਤਕ ਸਭ ਤੋਂ ਤਸੱਲੀ ਬਖ਼ਸ਼ ਸ਼ਾਹਦੀ ਪ੍ਰੋਫ਼ੈਸਰ ਮੈਕਸ ਮੂਲਰ ਦੀ ਹੈ ਜੋ ਕਿ ਵੇਦਾਂ ਦੀ ਲਿਖਤ ਦਾ ਸਮਾਂ ਚਾਰ ਹਿੱਸਿਆਂ ਵਿਚ ਵਿਭਾਜਤ ਕਰਦਾ ਹੈ। ਜਿਵੇਂ :

1. ਸੂਤਰ ਲਿਟਰੇਚਰ : 600-200 ਸਾਲ ਪੂਰਬ ਈਸਾ।
2. ਬ੍ਰਾਹਮਣ : 800-600 ਸਾਲ ਪੂਰਬ ਈਸਾ।
3. ਮੰਤਰ : 1000-800 ਸਾਲ ਪੂਰਬ ਈਸਾ।
4. *ਛੰਦ ਰਿਗਵੇਦ* ਦੇ ਅੰਤਮ ਭਾਗ ਸਹਿਤ : 1200-1000 ਸਾਲ ਪੂਰਬ ਈਸਾ[1]।

ਆਮ ਤੌਰ 'ਤੇ ਵੇਦ ਰਚਨ ਕਾਲ ਦੇ ਚਿੱਤਰ ਵਿਚ *ਰਿਗਵੇਦ* ਦੀ ਰਚਨਾ ਸਭ ਤੋਂ ਪੁਰਾਤਨ ਆਖੀ ਜਾਂਦੀ ਹੈ। ਇਸ ਖ਼ਿਆਲ ਪ੍ਰਤਿ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਹਿਤ ਡਾਕਟਰ ਗੁਪਤਾ ਦੀ ਲਿਖਤ ਨੂੰ ਧਿਆਨ ਦਾ ਵਿਸ਼ਾ ਕਰਨਾ ਹੋਰ ਵਧੇਰੇ ਦਿਲਚਸਪੀ ਦਾ ਬਾਇਸ ਹੋਵੇਗਾ। ਗੁਪਤਾ ਜੀ ਲਿਖਦੇ ਹਨ ਕਿ *ਰਿਗਵੇਦ* ਦੇ ਮੰਤਰ ਕਿਸੇ ਇਕ ਵਿਅਕਤੀ ਦੀ ਲਿਖਤ ਨਹੀਂ ਹਨ ਅਤੇ ਨਾ ਹੀ ਇਕ ਸਮੇਂ ਦੀ ਲਿਖਤ ਹੈ। ਗ਼ਾਲਿਬਨ, ਇਹ ਮੰਤਰ ਭਿੰਨ ਭਿੰਨ ਕਾਲ ਵਿਚ ਕਈ ਇਕ ਰਿਸ਼ੀਆਂ ਵਲੋਂ ਲਿਖੀਆਂ ਗਈਆਂ ਰਚਨਾਵਾਂ ਦਾ ਸੰਗ੍ਰਹਿ ਹੀ ਆਖਿਆ ਜਾ ਸਕਦਾ ਹੈ। ਬਲਕਿ, ਕਿਆਸ ਦੇ ਗੁਣੀਏਂ ਤੋਂ ਇਹ ਖ਼ਿਆਲ ਭੀ ਲਾਂਭੇ ਨਹੀਂ ਕੀਤਾ ਜਾ ਸਕਦਾ ਕਿ *ਰਿਗਵੇਦ* ਵਿਚ ਕੁਝ ਐਸੇ ਮੰਤਰ ਭੀ ਹਨ ਜੋ ਆਰੀਆ ਲੋਕਾਂ ਨੇ ਹਿੰਦੁਸਤਾਨ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਲਿਖੇ ਹੋਣ। ਔਰ ਸੀਨਾ-ਬ-ਸੀਨਾ ਪੁਸ਼ਤ-ਦਰ-ਪੁਸ਼ਤ ਹਰ ਸਮੇਂ ਵਿਚ ਇਨ੍ਹਾਂ ਦੀ ਸਿਮ੍ਰਤੀ ਚੱਲਦੀ ਰਹੀ। ਗ਼ਾਲਿਬਨ ਜਦੋਂ ਇਸ ਦੀ ਸੰਗ੍ਰਹਿਕ ਸਮੱਗਰੀ ਇਤਨੀ ਗਿਣਤੀ ਵਿਚ ਹੋ ਗਈ, ਤਦ ਇਸ ਨੂੰ ਵਰਤਮਾਨੀ ਪ੍ਰਤੱਖਤਾ ਵਿਚ ਸੰਕਲਨ ਕੀਤਾ ਗਿਆ। ਇਹੀ ਵੱਡਾ ਕਾਰਣ ਹੈ ਕਿ ਇਸ ਦੀਆਂ ਲਿਖਤਾਂ ਵਿਚ ਆਰੀਆ ਲੋਕਾਂ ਦੇ ਹਿੰਦੁਸਤਾਨ ਵਿਚ ਆਉਣ ਤੋਂ ਅਗੇਤਰੀਆਂ ਅਤੇ ਆਉਣ ਤੋਂ ਪਿਛੇਤਰੀਆਂ ਝਲਕਾਂ ਦੇ ਪ੍ਰਤਿਬਿੰਬ ਵੇਖੇ ਜਾ ਸਕਦੇ ਹਨ। ਔਰ

1. Cambridge, *History of India*, Part I, by Professor Max Mullar, p. 112.

ਪੁਰਾਤਨਕਾਲੀ ਆਰੀਆ ਲੋਕਾਂ ਦੇ ਸਮਾਜੀ ਅੰਦਾਜ਼ੇ-ਰਵਿਸ਼ (ਜੀਵਨ ਢੰਗ) ਦਾ ਪ੍ਰਤਿਬਿੰਬ ਪ੍ਰਤੱਖ ਤੌਰ 'ਤੇ ਵੇਖਿਆ ਜਾ ਸਕਦਾ ਹੈ।[1]

ਬਨਾਰਸ ਯੂਨੀਵਰਸਿਟੀ ਦੇ ਕੋਰਟ ਕੌਂਸਲਰ ਗੋਵਿੰਦ ਦਾਸ ਜੀ ਆਪਣੀ ਪੁਸਤਕ *ਹਿੰਦੂਇਜ਼ਮ* ਦੇ ਪੰਨਾ 90 'ਤੇ *ਮਤਸਜ ਪੁਰਾਣ* ਦਾ ਪਰਮਾਣਿਕ ਹਵਾਲਾ ਦਿੰਦੇ ਹੋਏ ਲਿਖਦੇ ਹਨ ਕਿ:

ਇਸ ਇਕ ਵੇਦ ਵਿਚ ਕੁਝ ਗਿਣੇ ਮਿਥੇ ਢੰਗ ਦੁਆਰਾ ਸਮੱਗਰੀ ਲਿਖੀ ਗਈ ਹੈ। ਪੁਰਾਤਨ ਰਿਸ਼ੀਆਂ ਦੀਆਂ ਨਸਲਾਂ ਨੇ ਨਿਗਾਹ ਦੀ ਖ਼ਰਾਬੀ ਅਤੇ ਦਿਲ ਦੀ ਗੁੰਮਰਾਹੀ ਦੇ ਕਾਰਣ ਬਹੁਤ ਸਾਰੀਆਂ ਵਿਰੋਧਾਭਾਸੀ ਚੀਜ਼ਾਂ ਲਿਖ ਦਿੱਤੀਆਂ ਹਨ। ਇਨ੍ਹਾਂ ਦੇ ਮੰਤਰਾਂ, ਬ੍ਰਾਹਮਣਾਂ ਅਤੇ ਕਲਪ ਸੂਤਰਾਂ ਵਿਚ ਬਹੁਤ ਸਾਰੀਆਂ ਤਬਦੀਲੀਆਂ ਹੋ ਗਈਆਂ ਹਨ। *ਰਿਗ, ਯਜਰ* ਅਤੇ *ਸਾਮ* ਵੇਦ ਦੀਆਂ ਲਿਖਤਾਂ ਨੂੰ ਬਾਰ ਬਾਰ ਤਰਤੀਬ ਦਿੱਤੀ ਗਈ। ਸਭ ਤੋਂ ਪਹਿਲਾਂ ਕੇਵਲ *ਯਜਰ* ਵੇਦ ਇਕ ਹੀ ਸੀ, ਫਿਰ ਇਸ ਦੇ ਦੋ ਹਿੱਸੇ ਹੋ ਗਏ। ਇਸ ਤਰ੍ਹਾਂ ਦੁਆਪਰ ਯੁਗ ਵਿਚ ਤਿੰਨਾਂ ਹੀ ਵੇਦਾਂ ਵਿਚ ਬੇ-ਤਰਤੀਬੀ (ਗੜਬੜ) ਹੋ ਗਈ।[2]

ਉਕਤ ਦਰਸਾਈਆਂ ਪਰਮਾਣਿਕ ਲਿਖਤਾਂ ਦੇ ਆਧਾਰ 'ਤੇ ਨਿਰਣਾਤਮਕ ਸਚਾਈ ਅਸਾਡੇ ਸਾਹਮਣੇ ਆ ਜਾਂਦੀ ਹੈ ਕਿ ਵੇਦ ਕਿਸੇ ਇਕ ਸਮੇਂ ਦੀਆਂ ਲਿਖਤਾਂ ਨਹੀਂ, ਬਲਕਿ ਇਕ ਬਹੁਤ ਹੀ ਲੰਮੇ ਸਮੇਂ ਦੇ ਤਾਣੇ ਪੇਟੇ ਵਿਚ ਪਸਰਿਆ ਹੋਇਆ ਸਾਹਿਤਕ ਸੰਗ੍ਰਹਿ ਦਾ ਬਸਤਾ ਹੈ। ਜੋ ਸੀਨਾ-ਬ-ਸੀਨਾ ਅਨੇਕਾਂ ਹੀ ਰਿਸ਼ੀਆਂ ਮੁਨੀਆਂ ਦੀ ਸੰਭਾਲਿਕ ਰੁਚੀ ਦਾ ਸ਼ਿੰਗਾਰ ਹੈ। ਔਰ ਸਮੇਂ ਦੇ ਉਤਰਾਉ ਚੜ੍ਹਾਉ ਦੀ ਗਤੀ ਦੇ ਆਧਾਰ 'ਤੇ ਇਨ੍ਹਾਂ ਵਿਚ ਪਰਿਵਰਤਨ ਭੀ ਹੁੰਦਾ ਰਿਹਾ। ਸਮੇਂ ਦੀ ਸ਼ੈਲੀ ਦੇ ਨਾਲ ਨਾਲ ਇਨ੍ਹਾਂ ਵਿਚ ਘਾਟਾ ਵਾਧਾ ਭੀ ਹੁੰਦਾ ਗਿਆ। ਗ਼ਰਜ਼ੇਕਿ, ਅੰਤ ਨੂੰ ਜੋ ਕੁਝ ਵਿਆਸ ਜੀ ਦੇ ਸਾਹਮਣੇ ਮੌਜੂਦ ਸੀ ਉਨ੍ਹਾਂ ਨੇ ਇਸ ਵੇਦਿਕ ਲਿਖਤ ਨੂੰ ਲਿਖਤੀ ਰੂਪ ਵਿਚ ਲੈ ਆਂਦਾ। ਪ੍ਰੰਤੂ ਇਸ ਤੋਂ ਪਿਛੋਂ ਭੀ ਇਨ੍ਹਾਂ ਵਿਚ ਪਰਿਵਰਤਨ ਹੁੰਦਾ ਰਿਹਾ। ਚੁਨਾਂਚਿ, ਇਸ ਹਕੀਕਤ ਦਾ ਪ੍ਰਗਟਾਵਾ ਮਿਸਟਰ ਗੋਵਿੰਦ ਦਾਸ ਨਿਮਨ ਲਿਖਤ ਦੁਆਰਾ ਕਰਦੇ ਹਨ। ਜਿਵੇਂ:

ਇਸ ਸਾਰੇ ਬਿਆਨ ਤੋਂ ਇਹ ਵਾਸਤਵਿਕਤਾ ਸਾਹਮਣੇ ਆ ਜਾਂਦੀ ਹੈ ਕਿ ਹਿੰਦੂ ਮਤਿ ਆਹਿਸਤਾ ਆਹਿਸਤਾ ਭਿੰਨ ਭਿੰਨ ਸਮਿਆਂ ਵਿਚ ਨਿਜੀ ਵਾਸਤਵਿਕਤਾ ਨੂੰ ਅਦਲੀ ਬਦਲੀ ਕਰਦਾ ਰਿਹਾ। ਕਿਸੇ ਵਿਸ਼ੇਸ਼ ਸਮੇਂ ਨੂੰ ਚੁਣ

---

1. ਡਾਕਟਰ ਦਾਸ ਗੁਪਤਾ, ਪੰਨਾ 15, (*ਮਾਅਰਫ਼ਲ ਕੁਰਾਨ*, ਪੰਨਾ 69)।
2. ਪਰਮਾਣਿਕ ਹਵਾਲਾ *ਮਤਸਜ ਪੁਰਾਣ*, *ਹਿੰਦੂਇਜ਼ਮ*, ਪੰਨਾ 90, ਕੌਂਸਲਰ ਗੋਵਿੰਦ ਦਾਸ, ਬਨਾਰਸ ਯੂਨੀਵਰਸਿਟੀ, (*ਮਾਅਰਫ਼ਲ ਕੁਰਾਨ*, ਪੰਨਾ 69)।

ਕੇ ਇਸ ਧਰਮ ਦੇ ਰਸਮਾਂ-ਰਿਵਾਜਾਂ ਨੂੰ ਸਨਾਤਨੀ ਆਖਣਾ ਇਕ ਪਵਿੱਤਰ ਫ਼ਰੇਬ (ਛਲ ਅਥਵਾ ਕਪਟ)[1] ਹੈ।

ਵਾਸਤਵਿਕ ਤੌਰ 'ਤੇ ਵੇਦਿਕ ਸਮੱਗਰੀ ਦਾ ਲਿਖਤੀ ਕਾਲ ਨਿਯੁਕਤ ਕਰਨਾ ਇਕ ਉਲਝੀ ਹੋਈ ਗੁੱਥੀ ਅਥਵਾ ਜਟਿਲ ਗਾਥਾ ਹੈ। ਇਸ ਦੀ ਬਾਬਤ ਨਿਸਚਿਤ ਤੌਰ 'ਤੇ ਕੋਈ ਭੀ ਸਮਾਂ ਨਿਯੁਕਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਪੁਰਾਤਨਕਾਲੀ ਹਿੰਦੂ ਲੋਕਾਂ ਵਿਚ ਕਿਸੇ ਚੀਜ਼ ਨੂੰ ਲਿਖਤੀ ਰੂਪ ਦੇਣ ਦਾ ਸੰਕਲਪ ਤਵਾਰੀਖ਼ੀ ਪੰਨਿਆਂ ਵਿਚੋਂ ਤਲਾਸ਼ ਕਰਨਾ ਅਤਿ ਗੰਭੀਰ ਅਤੇ ਨਾ ਹੱਲ ਹੋਣ ਵਾਲੀ ਸਮੱਸਿਆ ਹੈ। ਵੇਦਿਕ ਲਿਖਤਾਂ ਦਾ ਸਹੀ ਸਮਾਂ ਲੱਭਣਾ ਬਹੁਤ ਕਠਿਨ ਹੀ ਨਹੀਂ, ਬਲਕਿ ਅਸੰਭਵ ਹੈ। ਮਿਸਟਰ ਮੈਕਸ ਮੂਲਰ ਦਾ ਖ਼ਿਆਲ ਹੈ ਕਿ ਹਿੰਦੁਸਤਾਨ ਵਿਚ ਭੂਗੋਲਿਕ ਲਿਖਾਰੀ *ਪਾਣਨੀ* ਤੋਂ ਪਹਿਲਾਂ ਕੋਈ ਭੀ ਚੀਜ਼ ਲਿਖਤੀ ਰੂਪ ਵਿਚ ਲੱਭਣੀ ਅਤਿ ਅਸੰਭਵ ਸੀ। ਇਸ ਨੇ ਪਾਣਨੀ ਦਾ ਸਮਾਂ 350 ਸਾਲ ਪੂਰਬ ਈਸਾ ਮੰਨਿਆ ਹੈ ਪ੍ਰੰਤੂ ਡਾਕਟਰ ਬੋਹਲਰ ਨੇ ਪਾਣਨੀ ਦਾ ਸਮਾਂ ਅੱਠਵੀਂ ਸਦੀ ਪੂਰਬ ਈਸਾ ਸਥਾਪਨ ਕੀਤਾ ਹੈ। ਇਹੀ ਕਾਰਣ ਹੈ ਕਿ ਮਿਸਟਰ ਗੋਵਿੰਦ ਦਾਸ ਨੇ ਨਿਜੀ ਪੁਸਤਕ ਹਿੰਦੂਇਜ਼ਮ[2] ਵਿਚ ਲਿਖਿਆ ਹੈ ਕਿ ਇਸ ਮਾਮਲੇ ਪ੍ਰਤਿ ਕੋਈ ਭੀ ਦਲੀਲ ਜਾਂ ਸਬੂਤ ਪ੍ਰਾਪਤ ਨਹੀਂ ਹੋ ਰਹੇ ਕਿ ਇਕ ਹਜ਼ਾਰ (1000) ਪੂਰਬ ਈਸਾ ਹਿੰਦੁਸਤਾਨ ਵਿਚ ਕਿਸੇ ਤਵਾਰੀਖ਼ ਜਾਂ ਸਾਹਿਤ ਨੂੰ ਲਿਖਤੀ ਰੂਪ ਦੇਣ ਦਾ ਰਿਵਾਜ ਹੋਵੇ। ਇਸ ਤੋਂ ਇਲਾਵਾ ਡਾਕਟਰ ਡੇਵਿਡਸ ਆਪਣੀ ਕਿਤਾਬ *Budhist in India* ਵਿਚ ਲਿਖਦੇ ਹਨ ਕਿ ਦਰਾਵੜੀ ਵਿਉਪਾਰੀ ਲਗਪਗ ਸੱਤ-ਅੱਠ ਸੌ ਸਾਲ ਪੂਰਬ ਈਸਾ ਇਰਾਕ ਅਤੇ ਅਰਬ ਦੇਸ਼ਾਂ ਵਿਚੋਂ ਸਾਮੀ ਭਾਸ਼ਾ ਦੇ ਅੱਖਰ ਲੈ ਕੇ ਆਏ, ਜਿਨ੍ਹਾਂ ਦੀ ਸਹਾਇਤਾ ਦੁਆਰਾ ਹਿੰਦੁਸਤਾਨ ਵਿਚ ਲਿਖਤੀ ਪ੍ਰੰਪਰਾ ਦਾ ਆਰੰਭ ਹੋਇਆ। ਪ੍ਰੰਤੂ ਜਦੋਂ ਅਸੀਂ ਵੇਦ ਵਿਆਸ ਜੀ ਅਤੇ ਜ਼ਰਤਸ਼ਤ ਭੇਂਟ ਪ੍ਰਤਿ ਜਾਣਕਾਰੀ ਪ੍ਰਾਪਤ ਕਰਦੇ ਹਾਂ ਤਦ ਅਸਾਡੇ ਸਾਹਮਣੇ ਲਗਪਗ ਛੇ ਸੌ ਸਾਲ ਪੂਰਬ ਈਸਾ ਦਾ ਸਮਾਂ ਹੈ, ਜਿਸ ਕਾਲ ਵਿਚ ਜ਼ਰਤਸ਼ਤ ਅਤੇ ਵਿਆਸ ਜੀ ਦੀ ਮੁਲਾਕਾਤ ਹੋਈ। ਔਰ ਇਹੀ ਉਹ ਸਮਾਂ ਹੈ ਜਦੋਂ ਵੇਦ ਬਾਣੀ ਨੂੰ ਲਿਖਤੀ ਰੂਪ ਦਿੱਤਾ ਗਿਆ। ਵੇਦਾਂ ਦੇ ਲਿਖਤੀ ਸਮੇਂ ਤੋਂ ਉਪਰੰਤ ਇਕ ਹੋਰ ਅਤਿ ਗੰਭੀਰ ਅਤੇ ਜਟਿਲ ਸਮੱਸਿਆ ਉਤਪੰਨ ਹੁੰਦੀ ਹੈ ਕਿ ਵਾਸਤਵਿਕ ਤੌਰ 'ਤੇ ਵੇਦਾਂ ਦੇ ਲਿਖਾਰੀ ਕੌਣ ਕੌਣ ਸਨ ?

---

1. *ਹਿੰਦੂਇਜ਼ਮ* ਕਰਤਾ ਗੋਵਿੰਦ ਦਾਸ, ਪੰਨਾ 27, (ਪਰਿਮਾਣਿਕ ਹਵਾਲਾ, *ਮਾਅਰਫ਼ੁਲ ਕੁਰਾਨ*, ਪੰਨਾ 69)।
2. *Hinduism*, p. 153, by Govind Das, University of Banaras.

9.76 ਵੇਦਾਂ ਦੇ ਲਿਖਾਰੀ

ਅੱਜ ਤਕ ਨਿਸ਼ਚਿਤ ਰੂਪ ਵਿਚ ਦੁਨੀਆ ਦਾ ਕੋਈ ਭੀ ਵਿਦਵਾਨ ਇਹ ਦਾਅਵਾ ਨਹੀਂ ਕਰ ਸਕਦਾ ਕਿ ਵਾਸਤਵਿਕ ਤੌਰ 'ਤੇ ਵੇਦਾਂ ਦਾ ਲਿਖਤੀ ਸਮਾਂ ਕਿਹੜਾ ਸੀ। ਜਦੋਂ ਕਿ ਲਿਖਤੀ ਕਾਲ ਹੀ ਇਕ ਉਲਝੀ ਹੋਈ ਗੁੱਥੀ ਦਾ ਰੂਪ ਧਾਰੀ ਬੈਠਾ ਹੈ। ਐਸੀ ਜਟਿਲ ਤਾਣੀ ਵਿਚੋਂ ਵੇਦਿਕ ਲਿਖਾਰੀਆਂ ਦੀ ਨਾਮਾਵਲੀ ਲੱਭਣੀ ਇਤਨੀ ਸੁਖਾਵੀਂ ਨਹੀਂ ਜਿਤਨੀ ਕਿ ਅਸੀਂ ਸਮਝਦੇ ਹਾਂ। ਵੇਦਿਕ ਲਿਖਤ ਦਾ ਧੁੰਧਲਾ ਪਰਛਾਵਾਂ ਇਕ ਐਸਾ ਧੁੰਧੂਕਾਰੀ ਪ੍ਰਤਿਬਿੰਬ ਹੈ ਜਿਸ ਦੀ ਧੁੰਧਰਾਵਲੀ ਝਲਕ ਵਿਚੋਂ ਵੇਦਿਕ ਲਿਖਾਰੀਆਂ ਦੀ ਬਾਬਤ ਜਾਣਕਾਰੀ ਪ੍ਰਾਪਤ ਕਰਨੀ ਇਕ ਅਧੂਰਾ ਸੁਪਨਾ ਹੀ ਹੋ ਸਕਦਾ ਹੈ। ਪ੍ਰੰਤੂ ਵੇਦ ਬਾਣੀ ਇਸ ਨਿਰਾਸ਼ਾ ਦੇ ਸੁਪਨੇ ਨੂੰ ਆਸ਼ਾਵਾਦੀ ਸੰਭਾਵਨਾ ਵਿਚ ਪਰਿਵਰਤਿਤ ਕਰਦੀ ਹੈ। ਵੇਦ ਬਾਣੀ ਵਿਚੋਂ ਕੁਝ ਐਸੀਆਂ ਉਦਾਹਰਣਾਂ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਤੋਂ ਅਸਾਨੂੰ ਇਹ ਗਿਆਨ ਹੁੰਦਾ ਹੈ ਕਿ ਵੇਦ ਬਾਣੀ ਦੇ ਲਿਖਾਰੀ ਕੌਣ ਕੌਣ ਸਨ। ਵੇਦਾਂ ਦੀਆਂ ਲਿਖਤਾਂ ਵਿਚ ਇਕ ਪੱਧਤ ਸ਼ੈਲੀ ਹੈ ਜੋ ਇਹ ਵਾਜ਼ਹ (ਪ੍ਰਗਟ) ਕਰਦੀ ਹੈ ਕਿ ਹਰ ਮੰਤਰ ਦੇ ਉਚਾਰਣ ਵਿਚ ਅਤੇ ਸ੍ਰਵਣ ਕਰਨ ਹਿਤ, ਕੋਈ ਨਾ ਕੋਈ ਰਿਸ਼ੀ ਔਰ ਕੋਈ ਨਾ ਕੋਈ ਦੇਵਤਾ ਹੁੰਦਾ ਹੈ। ਭਾਵ ਹਰ ਵੇਦਿਕ ਮੰਤਰ ਨੂੰ ਜੋ ਉਚਾਰਦਾ ਹੈ, ਉਹ ਰਿਸ਼ੀ ਕਰਕੇ ਆਖਿਆ ਗਿਆ ਹੈ, ਔਰ ਜੋ ਕੋਈ ਉਸ ਦੀ ਉਚਾਰੀ ਹੋਈ ਗਾਥਾ ਨੂੰ ਸ੍ਰਵਣ ਕਰਦਾ ਹੈ, ਉਹ ਦੇਵਤਾ ਕਰਕੇ ਆਖਿਆ ਗਿਆ ਹੈ। ਵੇਦਾਂਤਿਕ ਲਿਖਤਾਂ ਵਿਚ ਕੁਝ ਐਸੇ ਰਿਸ਼ੀ ਹਨ, ਜਿਨ੍ਹਾਂ ਦੇ ਨਾਮ ਵੇਦ ਮੰਤਰਾਂ ਵਿਚ ਮੌਜੂਦ ਹਨ। ਜਿਵੇਂ ਪਲੱਤ ਦਾ ਪੁੱਤਰ[1], ਗਏ ਜਾਂ ਗਯ ਕਰਕੇ ਲਿਖਿਆ ਮਿਲਦਾ ਹੈ। ਇਕ ਹੋਰ ਮੰਤਰ ਹੈ ਜਿਸ ਵਿਚ ਇਸ ਦਾ ਲਿਖਾਰੀ ਕਸ਼ੱਕ ਰਿਸ਼ੀ ਦਾ ਬੇਟਾ ਵਿਸ਼ਵਾਮਿੱਤਰ[2] ਦਾ ਨਾਮ ਲਿਖਿਆ ਹੈ, ਜੋ ਮੰਤਰ ਨੂੰ ਇਸ ਤਰ੍ਹਾਂ ਆਰੰਭ ਕਰਦਾ ਹੈ ਕਿ:

ਮੈਂ ਵਿਸ਼ਵਾਮਿਤਰ ਜੋ ਕਸ਼ੱਕ ਕਾ ਬੇਟਾ ਹੂੰ, *ਰਿਗਵੇਦ* ਮੰਡਲ 1, ਸੂਕਤ 179, ਮੰਤਰ ਚੌਥਾ (4), ਦੀ ਲਿਖਾਰਨ ਦਾ ਨਾਮ ਲੋਪਾ ਮਦਰਾ ਹੈ, ਜੋ ਆਪਣਾ ਹਾਲ ਯੂੰ ਬਿਆਨ ਕਰਤੀ ਹੈ ਕਿ, ਮਿਜ਼ਨਾਮੀ ਰਿਸ਼ੀ ਨੇ ਕਹੀਂ ਸੇ ਅਚਾਨਕ ਆ ਕਰ ਮੁਝ ਸੇ...ਜ਼ਬਰਦਸਤੀ ਕੀ, ਲੋਪਾ ਮਦਰਾ ਸਿਸਕੀਆਂ ਲੇ ਲੇ ਕਰ ਰੋਤੀ ਹੂਈ ਫ਼ਰਿਆਦ ਕਰਤੀ ਹੈ।[3]

---

1. *ਰਿਗਵੇਦ* ਮੰਡਲ 10, ਸੂਕਤ 63, ਮੰਤਰ 17। (ਇਸ ਮੰਤਰ ਦਾ ਲਿਖਾਰੀ ਰਿਸ਼ੀ ਪਲੱਤ ਦਾ ਬੇਟਾ ਗਯ ਲਿਖਿਆ ਹੈ, (*ਮਾਅਰਫ਼ਲ ਕੁਰਾਨ*, ਪੰਨਾ 71)।
2. *ਰਿਗਵੇਦ* ਮੰਡਲ 3, ਸੂਕਤ 33, ਮੰਤਰ 5। ਰਿਸ਼ੀ ਕਸ਼ੱਕ ਕਾ ਬੇਟਾ ਵਿਸ਼ਵਾਮਿਤਰ ਇਸ ਮੰਤਰ ਦਾ ਲਿਖਾਰੀ ਹੈ, (*ਮਾਅਰਫ਼ਲ ਕੁਰਾਨ*, ਪੰਨਾ 71)।
3. *ਰਿਗਵੇਦ* ਮੰਡਲ 1, ਸੂਕਤ 179, ਮੰਤਰ 4.

ਇਸੇ ਤਰ੍ਹਾਂ ਸਵਰੀਆ ਸਾਵਿਤਰੀ *ਰਿਗਵੇਦ* ਮੰਡਲ 10, ਸੂਕਤ 85 ਵਿਚ ਆਪਣੀ ਸ਼ਾਦੀ ਦਾ ਵਿਰਤਾਂਤ ਲਿਖਦੀ ਹੈ। ਰਿਸ਼ੀ ਸੋਭਰੀ ਕਨੌਂਵ *ਰਿਗਵੇਦ* ਮੰਡਲ ਵਿਚ ਦਰਜ ਕਰਦਾ ਹੈ ਕਿ ਪਰਵਕਤੱਸ ਦੇ ਬੇਟੇ ਰਾਜਾ ਤਰਸ ਵਸਿਊ ਨੇ ਮੈਨੂੰ ਸਵਾਸਤਵ ਨਦੀ ਦੇ ਤੀਰਥ 'ਤੇ ਪੰਜਾਹ ਰਾਣੀਆਂ ਅਤੇ 210 ਕਾਲੇ ਰੰਗ ਦੀਆਂ ਗਾਈਆਂ (ਗਊਆਂ) ਦਾਨ ਕੀਤੀਆਂ।[1]

ਉਕਤ ਲਿਖਤ ਦੇ ਅਨੁਸਾਰ ਵੇਦ ਬਾਣੀ ਵਿਚ ਕੁਝ ਰਿਸ਼ੀਆਂ ਦੇ ਨਾਮ ਅਕਸਰ ਥੋੜੇ ਬਹੁਤੇ ਮੰਤਰਾਂ ਵਿਚ ਅੰਕਤ ਕੀਤੇ ਗਏ ਹਨ। ਪ੍ਰੰਤੂ ਇਹ ਕਹਾਣੀ ਇਥੇ ਹੀ ਸਮਾਪਤ ਨਹੀਂ ਹੁੰਦੀ ਬਲਕਿ ਕੁਝ ਵੇਦ ਮੰਤਰਾਂ ਵਿਚ ਮੱਛੀਆਂ, ਕੁੱਤੇ ਅਤੇ ਉਨ੍ਹਾਂ ਦੇ ਪਿੱਲੇ (ਕਤੂਰੇ), ਕਬੂਤਰ, ਨੀਲਕੰਠ ਆਦਿ ਭੀ ਵੇਦਾਂ ਦੇ ਲਿਖਾਰੀ ਮੰਨੇ ਗਏ ਹਨ। ਆਪ ਜੀ ਦੀ ਜਾਣਕਾਰੀ ਹਿਤ ਕੁਝ ਮਿਸਾਲਾਂ ਪੇਸ਼ ਕੀਤੀਆਂ ਜਾ ਰਹੀਆਂ ਹਨ ਤਾਂਕਿ ਆਪ ਜੀ ਦੀ ਰੁਚੀ ਵੇਦ ਬਾਣੀ ਨੂੰ ਪੜ੍ਹਨ ਹਿਤ ਲੋਚਦੀ ਰਹੇ। ਜਿਵੇਂ :

ਸ਼ਿਕਾਰੀ ਦੇ ਜਾਲ ਵਿਚ ਉਲਝੀ ਹੋਈ ਮੱਛੀ ਨਿਜੀ ਪਰਸਥਿਤੀ ਬਿਆਨ ਕਰਦੀ ਹੋਈ ਸਵੈਮ ਸਵਤੰਤ੍ਰਤਾ ਪ੍ਰਤਿ ਆਦਿਤਯ ਦੇਵਤਾ ਅੱਗੇ ਵਿਰਲਾਪ ਕਰਦੀ ਹੈ।[2] ਵੇਦ ਬਾਣੀ ਵਿਚ ਰਿਸ਼ੀਆਂ ਅਤੇ ਦੇਵਤਿਆਂ ਦੀ ਇਕ ਕੁੱਤੀ ਹੈ, ਜਿਸ ਦਾ ਨਾਮ ਸਰਮਾ ਕਰਕੇ ਲਿਖਿਆ ਮਿਲਦਾ ਹੈ। ਜਿਸ ਨੂੰ ਇੰਦਰ ਦੇਵਤਾ ਨੇ ਬ੍ਰਹਸਪਤੀ ਦੀਆਂ ਚੋਰੀ ਹੋ ਚੁੱਕੀਆਂ ਗਊਆਂ ਦੀ ਭਾਲ ਵਾਸਤੇ ਰਾਕਸ਼ਾਂ ਪਾਸ (ਅਸੁਰੋਂ ਕੇ ਪਾਸ) ਭੇਜਿਆ। ਔਰ ਇਕ ਹੋਰ ਮੰਤਰ ਜਿਸ ਵਿਚ ਕੁੱਤੀ ਦੇ ਪਿੱਲਿਆਂ ਦੀ ਗਾਥਾ ਅੰਕਤ ਕੀਤੀ ਗਈ ਹੈ। ਇਸ ਵਿਚ ਦਰਜ ਹੈ ਕਿ ਹੇ ਸਰਮਾ ਕੇ ਦੋ ਪਿੱਲੂ! ਚਾਰ ਚਾਰ ਅੱਖੀਆਂ ਵਾਲਿਓ, ਅੱਛੇ ਰਸਤੇ ਪੈ ਕੇ ਇਥੇ ਆਓ, ਕਿਉਂਕਿ ਇਥੇ ਤੁਹਾਡੀ ਯਮਰਾਜ ਤੋਂ ਰਾਖੀ ਕਰਨ ਵਾਲੇ ਦੋ ਕੁੱਤੇ ਜੁ ਹਨ।[3]

ਵੇਦ ਮੰਤਰਾਂ ਵਿਚ ਵੇਦਾਂ ਦਾ ਲਿਖਾਰੀ ਇਕ ਕਬੂਤਰ ਭੀ ਹੈ।[4] ਜਿਸ ਦੀ ਗਾਥਾ ਵੇਦ ਬਾਣੀ ਵਿਚੋਂ ਪੜ੍ਹੀ ਜਾ ਸਕਦੀ ਹੈ। *ਅਥਰ ਵੇਦ* ਵਿਚ ਕਈ ਇਕ ਮੰਤਰਾਂ ਦਾ ਰਿਸ਼ੀ, ਨੀਲ ਕੰਠ ਭੀ ਹੈ।[5] *ਸਾਮ ਵੇਦ* ਵਿਚ ਇਕ ਰਿਸ਼ੀ ਜਿਸ ਦਾ ਨਾਮ ਤੌਵਸ਼ਟਾ ਕਰਕੇ ਲਿਖਿਆ ਮਿਲਦਾ ਹੈ, ਉਸ ਦਾ ਬੇਟਾ ਤਿੰਨਾਂ

---

1. *ਰਿਗਵੇਦ* ਮੰਡਲ 8, ਸੂਕਤ 19, ਮੰਤਰ 36.
2. *ਰਿਗਵੇਦ* ਮੰਡਲ 8, ਸੂਕਤ 67, ਮੰਤਰ 5, (*ਮਾਅਰਫ਼ਲ ਕੁਰਾਨ*, ਪੰਨਾ 71)।
3. *ਰਿਗਵੇਦ* ਮੰਡਲ 10, ਸੁਕਤ 108, ਮੰਤਰ 2-11, ਅਤੇ *ਰਿਗਵੇਦ* ਮੰਡਲ 10, ਸੁਕਤ 14, ਮੰਤਰ 10-11, (*ਮਾਅਰਫ਼ਲ ਕੁਰਾਨ*, ਪੰਨਾ 71)।
4. *ਰਿਗਵੇਦ* ਮੰਡਲ 10, ਸੂਕਤ 165, ਮੰਤਰ 1, (ਮਾਅਰਫ਼ਲ ਕੁਰਾਨ ਪੰਨਾ 71)।
5. *ਅਥਰ ਵੇਦ*, ਕਾਂਡ 4, ਸੂਕਤ 6, ਮੰਤਰ 1, (*ਮਾਅਰਫ਼ਲ ਕੁਰਾਨ*, ਪੰਨਾ 71)।

ਸਿਰਾਂ ਵਾਲਾ ਹੈ। ਇਕ ਕਿਤਾਬ, ਜਿਸ ਦੀ ਸੰਗਿਆ *ਸ਼ਤਪਤ ਬ੍ਰਾਹਮਣ* ਕਰਕੇ ਪ੍ਰਸਿੱਧ ਹੈ, ਜਿਸ ਨੂੰ ਵੇਦਾਂ ਦੀ ਆਤਮਕ ਵਿਆਖਿਆ ਭੀ ਆਖਿਆ ਜਾਂਦਾ ਹੈ। ਇਸ ਪੁਸਤਕ ਵਿਚ ਤੋਵਸ਼ਟਾ ਰਿਸ਼ੀ ਦੇ ਤਿੰਨ ਸਿਰਾਂ ਵਾਲੇ ਪੁੱਤਰ ਦੀ ਗਾਥਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ। ਜਿਵੇਂ:

ਇਸ ਦੇ ਤਿੰਨ ਸਿਰ ਔਰ ਛੇ ਅੱਖੀਆਂ ਸਨ, ਇਕ ਮੂੰਹ ਦੁਆਰਾ ਸੋਮ ਰਸ ਪੀਂਦਾ ਸੀ, ਦੂਸਰੇ ਮੂੰਹ ਦੁਆਰਾ ਸ਼ਰਾਬ ਪੀਂਦਾ ਸੀ ਅਤੇ ਤੀਜਾ ਮੂੰਹ ਭੋਜਨ (ਅਨਾਜ) ਖਾਂਦਾ ਸੀ। ਇਸ ਨਾਲ ਇੰਦਰ ਨੇ ਯੁੱਧ ਕੀਤਾ ਅਤੇ ਇਸ ਦੇ ਤਿੰਨਾਂ ਹੀ ਸਿਰਾਂ ਨੂੰ ਕੱਟ ਦਿੱਤਾ। ਜੋ ਸੋਮ ਰਸ ਪੀਣ ਵਾਲਾ ਮੂੰਹ ਸੀ ਉਸ ਤੋਂ ਇਕ ਕਾਂ (ਕੱਵਾ) ਪੈਦਾ ਹੋਇਆ। ਜੋ ਸ਼ਰਾਬ ਪੀਣ ਵਾਲਾ ਮੂੰਹ ਸੀ ਉਸ ਤੋਂ ਕਾਲ ਕਲੀਚੀ ਉਤਪੰਨ ਹੋਈ ਅਤੇ ਜੋ ਭੋਜਨ ਖਾਣ ਵਾਲਾ ਮੂੰਹ ਸੀ ਉਸ ਤੋਂ ਤਿੱਤਰ ਪੈਦਾ ਹੋਇਆ।[1]

ਵੇਦ ਬਾਣੀ ਵਿਚ ਕੁਝ ਐਸੀਆਂ ਮਨੋਕਲਪਤ ਰਵਾਇਤੀ ਕਥਾ ਕਹਾਣੀਆਂ ਦੀ ਬਹੁਤ ਵੱਡੀ ਸੰਖਿਆ ਹੈ, ਜਿਨ੍ਹਾਂ ਨੂੰ ਸਵੀਕਾਰ ਕਰਨ ਹਿਤ, ਇਨਸਾਨੀ ਬੁੱਧੀ ਝਿਜਕਦੀ ਹੀ ਨਹੀਂ, ਬਲਕਿ ਅਸਵੀਕਾਰ ਕਰਦੀ ਹੈ। ਜਿਵੇਂ ਕੱਦਰੂ ਰਿਸ਼ੀ ਦਾ ਬੇਟਾ ਅਰਬਦ ਨਾਮੀਂ ਸੱਪ ਦਰਸਾਇਆ ਹੈ।[2] ਵੇਦ ਬਾਣੀ ਦੀ ਗਾਥਾ ਕੋਈ ਸੀਮਤ ਗਾਥਾ ਨਹੀਂ ਹੈ, ਬਲਕਿ *ਰਿਗਵੇਦ* ਮੰਡਲ 10 ਸੂਕਤ 34 ਦਾ ਰਿਸ਼ੀ ਜੂਏ ਦਾ ਪਾਸਾ ਕਰਕੇ ਭੀ ਲਿਖਿਆ ਮਿਲਦਾ ਹੈ। ਨਾਂਚਿ ਮਹਾ ਰਿਸ਼ੀ ਅਚਾਰੀਆ ਮਹਾਰਾਜ *ਵੈਰਾਂਗਨ ਨਿਰੁੱਕਤ* ਵਿਚ ਲਿਖਦੇ ਹਨ ਕਿ "ਯਹ ਮੰਤਰ ਉਲਟੇ ਪੜੇ ਹੂਏ ਜੂਏ ਕੇ ਪਾਂਸੇ ਕਾ ਕਲਾਮ ਹੈ।[3]

ਉਕਤ ਦਰਸਾਈ ਪਰਮਾਣਿਕ ਸਮੱਗਰੀ ਦੇ ਆਧਾਰ 'ਤੇ ਇਹ ਧਾਰਾ ਪ੍ਰਗਟ ਹੋਇ ਆਂਵਦੀ ਹੈ ਕਿ ਵੇਦ ਮੰਤਰ ਅਨੇਕਾਂ ਹੀ ਲੋਕਾਂ ਦੀਆਂ ਲਿਖਤਾਂ ਹਨ, ਜਿਨ੍ਹਾਂ ਵਿਚ ਮਨੁੱਖ ਮਾਤ੍ਰ ਤੋਂ ਇਲਾਵਾ ਪਸ਼ੂ, ਪੰਛੀ, ਦਰੱਖ਼ਤ, ਪਰਬਤ ਅਤੇ ਨਦੀਆਂ ਦੀ ਗੱਲਬਾਤ ਭੀ ਅੰਕਤ ਕੀਤੀ ਗਈ ਹੈ। ਜਿਵੇਂ ਰਿਗਵੇਦ ਮੰਡਲ 3, ਸੂਕਤ 33, ਮੰਤਰ 3-10 ਤਕ ਸਤਲੁਜ ਅਤੇ ਵਿਆਸਾ ਨਦੀਆਂ ਵਿਸ਼ਵਾਮਿੱਤਰ ਰਿਸ਼ੀ ਨਾਲ ਵਾਰਤਾਲਾਪ ਕਰਦੀਆਂ ਅਤੇ ਵੇਦ ਮੰਤਰ ਉਚਾਰਦੀਆਂ ਹਨ। ਅਕਸਰ ਐਸੀ ਜਟਿਲਤਾ ਵਿਚ ਗ੍ਰਸੇ ਹੋਏ ਹਿੰਦੂ ਵਿਦਵਾਨ ਭੀ ਹੈਰਾਨੀ ਦੇ ਮੰਡਲ ਵਿਚ ਪ੍ਰਵੇਸ਼ ਕਰਦੇ ਹਨ ਕਿ ਇਸ ਵੇਦ ਬਾਣੀ ਪ੍ਰਮੇਸ਼ਰ

---

1. *ਮਾਅਰਫ਼ੁਲ ਕੁਰਾਨ*, ਪੰਨੇ 71-72.
2. *ਰਿਗਵੇਦ* ਮੰਡਲ 10, ਸੂਕਤ 94, (*ਮਾਅਰਫ਼ੁਲ ਕੁਰਾਨ*, ਪੰਨਾ 72)।
3. *ਵੈਰਾਂਗਨ ਨਿਰੁੱਕਤ*, 8-1-9; *ਰਿਗਵੇਦ* ਮੰਡਲ 10, ਸੂਤਕ 34, (*ਮਾਅਰਫ਼ੁਲ ਕੁਰਾਨ*, ਪੰਨਾ 72)।

ਦਾ ਸ਼ਬਦ ਕਿਵੇਂ ਬਣਾਇਆ ਜਾ ਸਕਦਾ ਹੈ ? ਅਥਵਾ ਇਲਹਾਮੀ ਕਲੱਮ ਕਿਵੇਂ ਆਖੀ ਜਾ ਸਕਦੀ ਹੈ ? ਚੁਨਾਂਚਿ-ਗੁਰੂਕੁਲ ਮਹਾਂ ਵਿਦਿਆਲਾ ਜਵਾਲਾ ਪੁਰ ਦੇ ਸਿਖਸ਼ਾ ਪੰਡਤ ਨਰਦੇਵ ਸ਼ਾਸਤਰੀ ਵੇਦ ਤੀਰਥ, ਆਪਣੀ ਪੁਸਤਕ *ਰਿਗਵੇਦ ਆਲੋਚਨ* ਵਿਚ ਜ਼ਿਕਰ ਕਰਦੇ ਹਨ ਕਿ :

ਜਬ ਹਮ ਬ੍ਰਹਮਵਾਦੀ ਪਕਸ਼ ਵੇਦੋਂ ਕੇ ਇਲਹਾਮੀ ਹੋਨੇ ਕੀ ਦ੍ਰਿਸ਼ਟੀ ਸੇ ਅਰਥ ਕਰਨੇ ਲਗਤੇ ਹੈਂ, ਅਬ ਕਹੀਂ ਕਹੀਂ ਮੰਤਰੋਂ ਮੇਂ ਏਕ ਕਠਨਤਾ ਆ ਪੜਤੀ ਹੈ। ਵਹ ਯਿਹ ਕਿ ਕਹੀਂ ਕਹੀਂ ਮੰਤਰ ਦ੍ਰਿਸ਼ਟਾ ਰਿਸ਼ੀ ਕਾ ਨਾਮ ਹੀ ਮੰਤਰ ਮੇਂ ਮਿਲ ਜਾਤਾ ਹੈ। ਤਬ ਸੰਦੇਹ ਹੋਤਾ ਹੈ ਕਿ, ਯਹ ਕਿਆ ਬਾਤ ਹੈ ?[1]

ਵਾਹਿਗੁਰੂ 'ਤੇ ਵਿਸ਼ਵਾਸ ਕਰਨ ਵਾਲਾ ਕੋਈ ਭੀ ਸੁਹਿਰਦ ਵਿਅਕਤੀ ਇਸ ਗਾਥਾ ਨੂੰ ਸੁਣ ਕੇ ਅਥਵਾ ਪੜ੍ਹ ਕੇ ਹੈਰਾਨੀ ਦੇ ਮੰਡਲ ਵਿਚ ਪ੍ਰਵੇਸ਼ ਕਰਦਾ ਹੈ ਕਿ ਇਕ ਸੱਪ ਇਨਸਾਨੀ ਗਰਭ ਵਿਚੋਂ ਕਿਵੇਂ ਪੈਦਾ ਹੋ ਸਕਦਾ ਹੈ ? ਇਹ ਗਾਥਾ ਇਤਨੀ ਅਦਭੁਤ ਪਹੇਲੀ (ਕਲਪਤ ਬਾਤ) ਨਹੀਂ ਹੈ ਜਿਤਨੀ ਕਿ ਅਸੀਂ ਸਮਝਦੇ ਹਾਂ ਕਿਉਂਕਿ ਇਸ ਖ਼ਿਆਲ ਦੀ ਹਾਮਾ ਸਵਾਮੀ ਦਿਆਨੰਦ ਜੀ ਨੇ ਨਿਜੀ ਪੁਸਤਕ *ਸੱਤਿਆਰਥ ਪ੍ਰਕਾਸ਼* ਵਿਚ ਵਾਜ਼ਹਿ (ਪ੍ਰਗਟ) ਕੀਤੀ ਹੈ। ਸਵਾਮੀ ਜੀ ਦਾ ਕਥਨ ਹੈ ਕਿ "ਭਾਗਵਤ ਮੇਂ ਲਿਖਾ ਹੈ ਕਿ ਅਵਨੀ ਦੇ ਸਰੀਰ ਤੋਂ ਆਦਿਤਯਾ, ਦੰਤਾ ਦੇ ਸਰੀਰ ਤੋਂ ਪੰਛੀ, ਕਦਰੂ ਦੇ ਸਰੀਰ ਤੋਂ ਸੱਪ, ਸਰਮਾ ਦੇ ਸਰੀਰ ਤੋਂ ਗਿੱਧ ਅਤੇ ਕਈ ਇਕ ਔਰਤਾਂ ਦੇ ਸਰੀਰ ਤੋਂ ਹਾਥੀ, ਘੋੜੇ, ਊਂਟ, ਗਧੇ, ਭੈਂਸੇ, ਘਾਸਫੂਸ, ਬਬੂਲ (ਕਿੱਕਰ) ਆਦਿ ਜੈਸੇ ਬਿਰਖ ਕੰਡਿਆਂ ਸਮੇਤ ਪੈਦਾ ਹੋਏ ਹਨ।[2]

ਹਿੰਦੂ ਮੈਥੋਲੋਜੀ ਵਿਚ ਇਕ ਐਸੀ ਸਾਧਾਰਨ ਕਲਪਨਾ ਹੈ ਜੋ ਪਸ਼ੂਆਂ ਤੋਂ ਮਨੁੱਖ ਅਤੇ ਮਨੁੱਖਾਂ ਤੋਂ ਪਸ਼ੂ ਪੈਦਾ ਕਰਨ ਵਿਚ ਬਹੁਤ ਵੱਡੀ ਦਿਲਚਸਪੀ ਰੱਖਦੀ ਹੈ। ਜਿਵੇਂ *ਮਹਾਭਾਰਤ ਪੁਰਾਣ* ਵਿਚ ਇਕ ਗਾਥਾ ਦਰਸਾਈ ਗਈ ਹੈ ਕਿ ਅਸ਼ਵਨੀ ਕੁਮਾਰ ਦਾ ਜਨਮ ਇਕ ਘੋੜੀ ਦੀ ਗਰਦਨ ਵਿਚੋਂ ਹੋਇਆ। ਸੁਵਰਨਾ ਨਾਮੀ ਇਸਤਰੀ ਜੋ ਸੂਰਜ ਦੀ ਇਸਤਰੀ ਸੀ, ਪਤੀ ਦੀ ਆਗਿਆ ਤੋਂ ਬਿਨਾਂ ਹੀ ਕੁਰਖਛੇਤਰ ਚਲੀ ਗਈ। "ਇਹ ਬਾਤ ਸੁਣ ਕਰ ਸੂਰਜ ਦੇਵਤਾ ਸੁਵਰਨਾ ਕੋ ਢੂੰਡਤੇ ਹੂਏ ਕੁਰਖਛੇਤਰ ਮੇਂ ਪਹੁੰਚੇ ਅਰ ਘੋੜਾ ਬਣ ਕਰ ਉਸ ਸੇ ਭੋਗ ਕਰਨਾ ਚਾਹਾ। ਤਬ ਸੁਵਰਨਾ ਘੋੜੀ ਰੂਪ ਨੇ ਮੁਖ ਆਪਣਾ ਫੇਰ ਲੀਆ

---

1. *ਰਿਗਵੇਦ ਆਲੋਚਨ*, ਪੰਨੇ 61 ਅਤੇ 197, ਪੰਡਤ ਨਰਦੇਵ ਸ਼ਾਸਤਰੀ, (*ਮਾਅਰਫ਼ਲ ਕੁਰਾਨ*, ਪੰਨਾ 72)।
2. *ਸੱਤਿਆਰਥ ਪ੍ਰਕਾਸ਼*, ਪੰਨਾ 419, ਸੁਆਮੀ ਦਿਆਨੰਦ, (*ਮਾਅਰਫ਼ਲ ਕੁਰਾਨ*, ਪੰਨਾ 72, ਫੁਟ ਨੋਟ)।

ਇਸ ਲੀਏ ਉਨ ਕਾ ਬੀਰਜ ਘੋੜੀ ਕੀ ਗਰਦਨ ਅਰ ਨਾਕ ਪਰ ਗਿਰਾ ਸੋ ਗਰਦਨ ਸੇ ਅਸ਼ਵਨੀ ਕੁਮਾਰ ਹੂਏ। ਇਹ ਸੁਵਰਨਾ ਕੀ ਕਥਾ ਹੈ ਰਾਜਾ ਸੁਣ ਕਰ ਖ਼ੁਸ਼ ਭਏ।"[1] ਆਪ ਜੀ ਦੀ ਜਾਣਕਾਰੀ ਹਿਤ ਕੇਵਲ ਇਕ ਉਦਾਹਰਣ ਹੀ ਕਾਫ਼ੀ ਹੋਵੇਗਾ। ਉਕਤ ਦਰਸਾਈ ਵਾਰਤਿਕ ਸਮੱਗਰੀ ਨੂੰ ਧਿਆਨ ਵਿਚ ਰੱਖਦਿਆਂ ਕੁਝ ਹਿੰਦੀ ਵਿਦਵਾਨ ਇਹ ਲਿਖਣ ਲਈ ਮਜਬੂਰ ਹੋ ਗਏ ਕਿ ਵੇਦ ਬ੍ਰਹਮ ਬਾਣੀ ਨਹੀਂ ਹਨ। ਬਲਕਿ ਹਿੰਦੂ ਸੱਭਿਅਤਾ ਅਤੇ ਪੁਰਾਤਨ ਹਿੰਦੂ ਲੋਕਾਂ ਦੀ ਤਵਾਰੀਖ਼ ਹੈ, ਜਿਸ ਨੂੰ ਅਨੇਕਾਂ ਹੀ ਰਿਸ਼ੀਆਂ ਨੇ ਸਮੇਂ ਦੀ ਗਤੀ ਦੇ ਆਧਾਰ 'ਤੇ ਨਿਜੀ ਸੂਝ ਬੂਝ ਦੇ ਅਨੁਸਾਰ ਲਿਖਿਆ ਹੈ। ਵੇਦਾਂ ਦੇ ਗਿਆਤਾ ਅਤੇ ਬ੍ਰਾਹਮਣ ਗ੍ਰੰਥਾਂ ਦੇ ਉਲਥਾਕਾਰ ਪੰਡਤ ਸੱਤਯਾਵਰਤ ਸ਼ਾਮ ਸ਼ਾਸਤਰੀ ਆਪਣੀ ਪੁਸਤਕ *ਤਰਈ ਪ੍ਰਾਚੇ* ਵਿਚ ਉਕਤ ਖ਼ਿਆਲਾਂ ਦੀ ਪ੍ਰੋੜ੍ਹਤਾ ਕਰਦੇ ਹਨ, ਜਿਸ ਦੀ ਵਿਆਖਿਆ ਨਿਮਨ ਲਿਖਤ **"ਕੀ ਵੇਦ ਈਸ਼ਵਰੀ ਕਿਤਾਬਾਂ ਹਨ ?"** ਵਿਚ ਕੀਤੀ ਜਾਵੇਗੀ। ਜਿਵੇਂ :

9.77 ਕੀ ਵੇਦ ਈਸ਼ਵਰੀ ਕਿਤਾਬਾਂ ਹਨ ?

ਸ਼ਾਸਤ੍ਰੀ ਸੱਤਯਾਵਰਤ ਸ਼ਾਮ, ਸਵੀਕਾਰ ਕਰਦੇ ਹਨ ਕਿ ਐਸੇ ਹੀ ਬਿਲਾ ਸ਼ਕ ਸ਼ੁਬਾਹ ਯਹ ਬਾਤ ਸਹੀ ਹੈ ਕਿ ਹਮਾਰੇ ਬਜ਼ੁਰਗ ਰਿਸ਼ੀਓਂ ਨੇ ਵੇਦੋਂ ਕੋ ਤਸਨੀਫ਼ ਕੀਆ (ਲਿਖਾ) ਥਾ। ਇਸ ਵਾਸਤੇ ਵੇਦ ਇਲਹਾਮੀ ਕਿਤਾਬ ਨਹੀਂ ਹੈ।[2]

ਇਸੇ ਤਰ੍ਹਾਂ ਪੰਡਤ ਨਰਦੇਵ ਸ਼ਾਸਤ੍ਰੀ ਜਿਸ ਦਾ ਜ਼ਿਕਰ ਉਪਰ ਆ ਚੁੱਕਾ ਹੈ, ਨਿਜੀ ਪੁਸਤਕ *ਰਿਗਵੇਦ ਆਲੋਚਨ* ਦੀ ਭੂਮਿਕਾ ਵਿਚ ਮਿਸਟਰ ਤਿਲਕ ਦੀ ਬਾਬਤ ਅੰਕਤ ਕਰਦੇ ਹਨ ਕਿ "ਤਿਲਕ ਭੀ ਬ੍ਰਹਮਵਾਦੀ ਪਕਸ਼ (ਵੇਦੋਂ ਕੇ ਇਲਹਾਮੀ ਹੋਨੇ ਕਾ ਅਕੀਦਾ) ਕਾ ਖੰਡਨ ਕਰਤੇ ਹੈਂ। ਪੰਡਤ ਨਰਦੇਵ ਜੀ ਆਪਣੇ ਵਿਦਿਆ ਗੁਰੂ ਪੰਡਤ ਸ਼ਾਮ ਸ਼ਾਸਤਰੀ ਦੀ ਬਾਬਤ ਲਿਖਦੇ ਹਨ ਕਿ "ਸ਼ਾਮ ਸ਼ਿਰੀ ਪਕਸ਼ ਵਰਤਮਾਨ ਵੇਦੋਂ ਕੋ ਭਾਰਤੀਓਂ ਕੇ ਲੀਏ ਹੀ ਮਾਨਤੇ ਹੈਂ, ਵੇਦੋਂ ਕੋ ਈਸ਼ਵਰੀ ਗਿਆਨ ਨਹੀਂ ਮਾਨਤੇ, ਇਨਕੋ ਆਰੀਆ ਵਰਤੀ ਆਰੀਓਂ ਕੀ ਸੱਭਿਅਤਾ ਕਾ ਇਤਿਹਾਸ ਮਾਨਤੇ ਹੈਂ।[3]

ਹਿੰਦੁਸਤਾਨ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 6, ਅਧਿ. 6, ਪੰਨਾ 198 (ਪੰਜਾਬੀ)। (ਸੁਵਰਨਾ ਪ੍ਰਤਿ ਸੂਰਜ ਦੀ ਇਸਤਰੀ ਹੋਣਾ ਹਿੰਦੂ ਮੈਥੋਲੋਜੀ ਹੈ, ਗੁਰਮਤਿ ਦਾ ਐਸੀ ਅਸ਼ਲੀਲ ਧਾਰਾ ਨਾਲ ਕੋਈ ਵਾਸਤਾ ਨਹੀਂ ਹੈ)।
2. *ਤਰਈ ਪ੍ਰਾਚੇ*, ਪੰਨਾ 74, ਪੰਡਤ ਸੱਤਯਾਵਰਤ ਸ਼ਾਮ ਸ਼ਾਸਤਰੀ।
3. *ਰਿਗਵੇਦ ਆਲੋਚਨ ਭੂਮਿਕਾ*, ਨਰਦੇਵ ਸ਼ਾਸਤਰੀ; ਪੰਡਤ ਸੱਤਯਾਵਰਤ, *ਤਰਈ ਪ੍ਰਾਚੇ*, ਪੰਨਾ 74, (*ਮਆਰਫ਼ਲ ਕੁਰਾਨ*, ਪੰਨਾ 73)।

ਨਿਜੀ ਪੁਸਤਕ *Discovery of India* ਵਿਚ ਲਿਖਦੇ ਹਨ ਕਿ, "ਬਹੁਤ ਸੇ ਹਿੰਦੂ ਵੇਦੋਂ ਕੋ ਇਲਹਾਮੀ ਕਿਤਾਬ ਸਮਝਤੇ ਹੈਂ। ਯਹ ਮੇਰੇ ਨਜ਼ਦੀਕ ਹਮਾਰੀ ਬੜੀ ਬਦਕਿਸਮਤੀ ਹੈ। ਕਿਉਂਕਿ ਇਸ ਤਰ੍ਹਾਂ ਇਨ ਕੀ ਹਕੀਕਤ (ਵਾਸਤਵਿਕਤਾ) ਹਮ ਸੇ ਓਝਲ ਹੋ ਜਾਤੀ ਹੈ। ਵੇਦ ਸਿਰਫ਼ ਉਸ ਜ਼ਮਾਨਾ ਕੀ ਮਾਅਲੂਮਾਤ (ਸਮੇਂ ਦੀ ਲਿਖਤ) ਕਾ ਮਜਮੂਆ (ਸੰਗ੍ਰਹਿ) ਹਨ। ਵਹ ਬਹੁਤ ਸੀ ਚੀਜ਼ੋਂ ਕਾ ਗ਼ੈਰ ਮਰਤਬ ਸ਼ੁਦ੍ਹਾ ਜ਼ਖ਼ੀਰਾ (ਬੇ-ਤਰਤੀਬ ਚੀਜ਼ਾਂ ਦਾ ਭੰਡਾਰਾ) ਹੈਂ। ਜਿਸ ਵਿਚ ਦੁਆਏਂ (ਅਰਦਾਸਾਂ), ਕੁਰਬਾਨੀ (ਬਲੀਦਾਨ) ਦੀਆਂ ਰਸਮਾਂ, ਜਾਦੂ ਅਤੇ ਨੈਚੂਰਲ (ਪ੍ਰਾਕਿਰਤਕ) ਕਵਿਤਾਵਾਂ ਆਦਿ ਹਨ।[1]

ਵੇਦਾਂ ਦੀ ਬਾਬਤ ਅਸਲੀਅਤ ਭੀ ਇਹੀ ਹੈ ਕਿ ਵਾਸਤਵਿਕ ਤੌਰ 'ਤੇ ਵੇਦ ਪੂਰਬਕਾਲੀ ਆਰੀਆ ਲੋਕਾਂ ਦੀ ਨਿਤਾਪ੍ਰਤਿ ਜੀਵਨੀ, ਰਹਿਣ ਸਹਿਣ ਦੇ ਢੰਗ ਅਤੇ ਉਨ੍ਹਾਂ ਦੇ ਤਵਾਰੀਖ਼ੀ ਹਾਲਾਤ (ਬਿਰਤਾਂਤ) ਹਨ। ਇਸ ਪ੍ਰਤਿ ਪੰਡਤ ਕ੍ਰਿਸ਼ਨਾ ਕੁਮਾਰ ਭੱਟਾਚਾਰੀਆ ਪੂਰਬਵਰਤੀ ਸੰਸਕ੍ਰਿਤ ਪ੍ਰੋਫ਼ੈਸਰ ਪਰੈਜ਼ੀਡੈਨਸੀ ਕਾਲਜ ਕਲਕੱਤਾ, ਉਪਸਥਿਤ ਕਰਦੇ ਹਨ ਕਿ :

"*ਰਿਗਵੇਦ* ਏਕ ਕਿਤਾਬ ਹੈ ਜੋ ਏਕ ਐਸੀ ਕੌਮ ਕੀ ਹਾਲਤ ਬਿਆਨ ਕਰਤੀ ਹੈ ਜੋ ਬਿਲਾ ਸ਼ੁਬਾਹ (ਨਿਰਸੰਦੇਹ) ਹਾਲਤ ਖ਼ਾਨਾਬਦੋਸ਼ੀ ਸੇ ਬਹੁਤ ਤਰੱਕੀ ਕਰ ਚੁਕੀ ਥੀ। ਇਸ ਮੇਂ ਸ਼ਹਿਰੋਂ ਕਾ, ਦੇਹਾਤ ਕਾ, ਔਰ ਪਾਤਸ਼ਾਹੋਂ, ਕਿਮਾਰ ਖ਼ਾਨੋਂ (ਜੂਆ ਬਾਜ਼ੀ ਦੇ ਅੱਡੇ), ਔਰ ਕਸਬੀਓਂ (ਕਾਰੀਗਰੋਂ) ਕੀ, ਕਈ ਏਕ ਦੂਸਰੀ ਇਲਾਮਾਤ (ਸੰਕੇਤਕ ਚਿੰਨ੍ਹਾਂ) ਕਾ ਜ਼ਿਕਰ ਹੈ। ਜੋ ਕਿ ਹਾਲਤ ਖ਼ਾਨਾਬਦੋਸ਼ੀ ਮੇਂ ਨਹੀਂ ਪਾਈ ਜਾਤੀ। *ਰਿਗ ਵੇਦ* ਕੇ ਦੂਸਰੇ ਹਿੱਸੇ ਉਨ ਕੇ ਸ਼ਾਇਰੋਂ ਯਾ ਰਿਸ਼ੀਓਂ ਨੇ ਇਸ ਮੁਲਕ ਮੇਂ ਤਸਨੀਫ਼ ਕੀਏ (ਲਿਖੇ)। *ਰਿਗ ਵੇਦ* ਮੁਖ਼ਤਲਿਫ਼ (ਭਿੰਨ ਭਿੰਨ) ਮੁਲਕੋਂ ਮੇਂ ਲਿਖਾ ਗਿਆ। ਜਿਨ ਮੇਂ ਏਕ ਦੂਸਰੇ ਸੇ ਬਹੁਤ ਅਰਸਾ ਕਾ ਫ਼ਰਕ ਹੈ। ਹਮਾਰੇ ਬਜ਼ੁਰਗੋਂ ਨੇ ਜੋ ਖ਼ਾਨਾਬਦੋਸ਼ੀ ਕੀ ਜ਼ਿੰਦਗੀ (ਉਜਾੜ ਦੀ ਜੀਵਨੀ) ਬਸਰ ਕੀ ਹੈ, ਇਸ ਕੀ ਨਿਸਬਤ (ਸੰਬੰਧ ਵਿਚ) ਇਲਮੇ ਹਨੂਦ (ਸੰਸਕ੍ਰਿਤੀ ਵਿਦਿਆ) ਨਿਹਾਇਤ ਹੀ ਕਦੀਮ ਕਿਤਾਬੋਂ ਮੇਂ ਇਸ ਕਦਰ ਕਮ ਇਸ਼ਾਰਾਤ (ਥੋੜੇ ਸੰਕੇਤ) ਮਿਲਤੇ ਹੈਂ ਕਿ, ਫ਼ਕਤ (ਕੇਵਲ) *ਰਿਗ ਵੇਦ* ਕੇ ਮੁਤਾਲਿਯਾ ਸੇ (ਖੋਜ ਪੜਤਾਲ ਤੋਂ) ਹਮ ਇਤਨਾ ਹੀ ਕਹਿ ਸਕਤੇ ਹੈਂ ਕਿ ਐਸਾ ਹੀ ਹੋਗਾ। ਕਿਉਂਕਿ ਗਾਈਓਂ ਕੀ ਬਾਜ਼ਯਾਫ਼ਤ (ਗਊਆਂ ਦਾ ਵਿਉਪਾਰ) ਗਾਈਓਂ ਕੀ ਲੂਟ, ਗਾਈਓਂ ਕੀ ਤਰੱਕੀ ਤਾਅਦਾਦ (ਗਿਣਤੀ) ਔਰ ਗਾਈਓਂ ਕੀ ਬਖ਼ਸ਼ਸ਼ੇਂ (ਗਊ ਦਾਨ) ਇਸ ਕਿਤਾਬ *(ਰਿਗਵੇਦ)* ਕੇ ਮਜ਼ਾਮੀਨ (ਪ੍ਰਸੰਗ)

---

1. *Discovery of India*, p. 57, By Jawahar Lal Nehru. (*ਮਾਅਰਫ਼ਲ ਕੁਰਾਨ*, ਪੰਨਾ 73)।

ਹੈਂ। ਕਈ ਔਰ ਤਰੀਕੋਂ ਸੇ ਇਸ ਬਾਤ ਪਰ ਜ਼ੋਰ ਦੀਆ ਗਿਆ ਹੈ, ਜਿਸ ਸੇ ਏਕ ਬੇ-ਤੁਅੱਸਬ (ਵਿਤਕਰਾ ਰਹਿਤ) ਪੜ੍ਹਨੇ ਵਾਲੇ ਕੋ ਭੀ ਯਹੀ ਨਤੀਜਾ ਨਿਕਾਲਨਾ ਪੜਤਾ ਹੈ ਕਿ ਬਿਆਨਾਤ ਹਾਲਾਤ (ਲਿਖਤੀ ਹਾਲਤਾਂ) ਖ਼ਾਨਾਬਦੋਸ਼ੀ ਕਾ ਜ਼ਿਕਰ ਕਰ ਰਹੇ ਹੈਂ, ਜੋ ਉਸ ਵਕਤ ਮੌਜੂਦ ਥੀ। ਯਾ ਜਿਸ ਕੋ ਗੁਜ਼ਰੇ ਹੂਏ ਬਹੁਤ ਅਰਸਾ ਹੋ ਚੁਕਾ ਥਾ। ਉਨ ਅਸੂਲ ਕੀ ਨਿਸਬਤ (ਉਨ੍ਹਾਂ ਸਿਧਾਂਤਾਂ ਦੀ ਬਾਬਤ) ਜੋ ਉਸ ਜ਼ਮਾਨਾ ਮੇਂ ਮਰੂਜ (ਲਾਗੂ) ਥੇ। *ਰਿਗ ਵੇਦ* ਹਮਾਰੀ ਜ਼ੱਰਾ ਭੀ ਦਸਤਗੀਰੀ ਨਹੀਂ ਕਰਤਾ। ਇਸ ਬਾਰੇ ਮੇਂ ਇਨ ਏਕ ਹਜ਼ਾਰ ਭਜਨ ਕੀ ਮਿਸਾਲ ਏਕ ਲੱਕ ਦੱਕ (ਉਜੜਿਆ ਹੋਇਆ) ਔਰ ਹੌਲਨਾਕ ਬੀਆਬਾਨ ਕੀ ਸੀ ਹੈ, ਜਿਸ ਮੇਂ ਜਿਧਰ ਨਿਗ੍ਹਾ ਕਰੇਂ ਬਬੂਲ (ਕਿੱਕਰ) ਕੇ ਕਾਂਟੋਂ ਔਰ ਖ਼ਾਰਦਾਰ (ਕੰਡਿਆਲੀ) ਝਾੜੀਓਂ ਕੇ ਸਿਵਾ ਔਰ ਕੁਛ ਨਜ਼ਰ ਨਾ ਆਏ। ਪਰਮੇਸ਼ਰ ਕੀ ਇਸ ਅਨਾਦੀ ਗਿਆਨ (ਇਲਮੇ ਅਜ਼ਲੀ ਯਾਨੀ *ਰਿਗ ਵੇਦ*) ਕੀ ਚੰਦ ਐਸੀ ਸੂਕਤੇਂ ਹੈਂ, ਜਿਨ ਕਾ ਖ਼ਿਤਾਬ (ਝੁਕਾਉ, ਧੁਰਾ) ਘੀ, ਗਾਏ, ਔਰ ਕਾਅਬੀਤਨ (ਪਾਸੇ ਦੀ ਖੇਡ ਦਾ ਚੌਸਰ) ਕੀ ਤਰਫ਼ ਹੈ। ਔਰ ਜਿਨ ਮੇਂ ਏਕ ਹਾਰੇ ਹੂਏ ਕਿਮਾਰ ਬਾਜ਼ (ਜੂਏਬਾਜ਼) ਕੀ ਨਾ-ਉਮੀਦੀ ਕਾ ਜ਼ਿਕਰ ਹੈ।

ਦੂਸਰੀ ਸੂਕਤੋਂ ਮੇਂ ਹਮ ਬੇਸ਼ੁਮਾਰ ਜਾਦੂ ਔਰ ਮੰਤਰ ਪਾਤੇ ਹੈਂ ਜੋ, ਬੀਮਾਰੀ ਦੇ ਦਫ਼ੀਆ (ਅਉਖਧ), ਇਸ਼ਕ, ਲੜਾਈ ਯਾ ਕਿਮਾਰਬਾਜ਼ੀ (ਜੂਏਬਾਜ਼ੀ) ਮੇਂ ਪੂਰੀ ਕਾਮਿਯਾਬੀ ਕਰਨੇ ਕੇ ਲੀਏ, ਯਾ ਤੋ ਏਕ ਆਦਮੀ ਕੋ ਖ਼ੁਦ ਯਾ ਇਸ ਕੇ ਲੀਏ ਕਿਸੀ ਜਾਦੂਗਰ ਕੋ ਪੜ੍ਹਨੇ ਚਾਹੀਏਂ...। *ਅਥਰ ਵੇਦ* ਮੇਂ ਛੋਟੀ ਛੋਟੀ ਮੁਸੀਬਤੋਂ, ਮਸਲਨ (ਉਦਾਹਰਣ ਵਜੋਂ) ਪਿਸੂਓਂ, ਜੂਓਂ, ਵਗ਼ੈਰਾ ਕੇ ਦਫ਼ੀਆ (ਇਲਾਜ) ਕੇ ਲੀਏ ਔਰ ਏਕ ਗੰਜੇ ਕੇ ਸਿਰ ਪਰ ਬਾਲ ਪੈਦਾ ਕਰਨੇ ਕੇ ਲੀਏ ਮਾਅਕੂਲ ਹਦਾਯਤ (ਯੋਗ ਸਿਖਿਆਵਾਂ) ਭੀ ਲਿਖੀ ਹੈਂ। ਔਰ ਬੇ-ਮਾਅਨੀ ਹਜ਼ਲੀਆਤ (ਬੇ-ਅਰਥ ਠੱਠਾ ਮਖ਼ੌਲੀ ਗੱਲਾਂ) ਭੀ ਲਿਖੀ ਹੈਂ। ਮਸਲਨ (ਉਦਾਹਰਣ ਵਜੋਂ) ਜਾਰੋਗਾਵਾ ਕੰਬਲ ਕੇ ਸਲੀਪਰ (ਢਿਲ਼ੀ ਜੁੱਤੀ) ਪਹਿਨੇ ਹੂਏ ਦਰਵਾਜ਼ੇ ਪਰ ਖੜਾ ਹੈ ਔਰ ਆਸੀਸ ਦੇ ਰਹਾ ਹੈ, ਜਨਾਬ ਮਿਹਰਬਾਨੀ ਕਰ ਕੇ ਬਤਲਾਈਏ ਕਿ ਨਏ ਚਾਂਦ ਕੇ ਰੋਜ਼ ਮੁਲਾਕਾਤ ਕਰਨੇ ਸੇ ਕਿਆ ਫ਼ਾਇਦਾ ? ਵਗ਼ੈਰਾ।[1]

ਉਕਤ ਵਾਰਤਾ ਦੁਆਰਾ ਆਪ ਜੀ ਨੇ ਵੇਦਿਕ ਸਮੱਗਰੀ ਦਾ ਵਾਸਤਵਿਕ ਚਿੱਤਰ ਅਵਲੋਕਨ ਕੀਤਾ ਹੈ। ਜਿਸ ਵਿਚ ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਦੀ ਬਜਾਏ, ਰਵਾਇਤੀ ਕਥਾ ਕਹਾਣੀਆਂ, ਟੂਣੇ ਟਾਮਣ, ਗਊ ਪਾਲਣ, ਗਊ

1. *ਵੇਦੋਂ ਕੀ ਕਦਾਮਤ* (ਪੁਰਾਤਨਤਾ) ਅਜ਼ ਮੌਲਾਨਾ ਅਕਬਰ ਸ਼ਾਹ ਖ਼ਾਨ ਮਰਹੂਮ (ਹਵਾਲਾ *ਮਾਅਰਫ਼ਲ ਕੁਰਾਨ*, ਪੰਨੇ 73-74)।

ਦਾਨ ਅਤੇ ਕੁਝ ਜੂਏ-ਬਾਜ਼ਾਂ ਦੀਆਂ ਕਹਾਣੀਆਂ ਦਾ ਜ਼ਿਕਰ ਹੈ। ਸੰਭਵ ਹੈ ਕਿ ਦੂਸਰੇ ਦੁਨਿਆਵੀ ਧਾਰਮਕ ਗ੍ਰੰਥਾਂ ਦੇ ਪ੍ਰਤਿਕਰਮ ਵੇਦਾਂ ਵਿਚ ਈਸ਼ਵਰੀ ਗਿਆਨ ਦਾ ਨਾ ਹੋਣਾ ਹੀ ਇਨ੍ਹਾਂ ਦੀ ਤਾਅਲੀਮ ਨੂੰ ਸਾਧਾਰਨ ਜਨਤਾ ਦੀ ਦ੍ਰਿਸ਼ਟੀ ਤੋਂ ਓਝਲ ਰੱਖਿਆ ਗਿਆ ਹੋਵੇ। ਜਿਥੇ ਤਕ ਵੇਦ ਬਾਣੀ ਦੀ ਵਾਸਤਵਿਕਤਾ ਨੂੰ ਖੋਜ ਪੜਤਾਲ ਦੇ ਦਾਮਨ ਵਿਚ ਉਲੀਕਣ ਦਾ ਯਤਨ ਕੀਤਾ ਗਿਆ ਹੈ, ਉਥੇ ਤਕ ਅਸੀਂ ਆਖ ਸਕਦੇ ਹਾਂ ਕਿ ਵੇਦ ਬਾਣੀ ਪ੍ਰਮੇਸ਼ਵਰੀ ਗਿਆਨ ਨਹੀਂ ਹੈ, ਬਲਕਿ ਮਨੋਕਲਪਤ ਕਥਾ ਕਹਾਣੀਆਂ ਦਾ ਸੰਗ੍ਰਹਿ ਹੈ। ਇਹੀ ਕਾਰਣ ਹੈ ਕਿ ਗੁਰੂਕੁਲ ਕਾਂਗੜੀ ਦੇ ਪ੍ਰੋਫ਼ੈਸਰ ਵੇਦ ਪੰਡਤ ਚਤਰਮੁਨੀ ਵਿਦਿਆ ਅਲੰਕਾਰ ਨਿਜੀ ਰਾਏ ਪ੍ਰਗਟ ਕਰਦੇ ਹਨ ਕਿ "ਪਰਮਾਤਮਾ ਪੂਰਨ ਹੈ, ਯਦੀ (ਜੇ ਕਰ) ਵੇਦ ਪਰਮਾਤਮਾ ਕੇ ਦੀਏ ਹੂਏ ਹੈਂ ਤੋ ਇਨ ਕੀ ਭਾਸ਼ਾ ਮੇਂ ਇਸ ਅਪੂਰਣਤਾ ਕਾ ਮਹਾਂ ਦੋਸ਼ ਨਹੀਂ ਹੋਨਾ ਚਾਹੀਏ।... ਯਹ ਆਸ਼ੰਕਾ ਹਮੇਂ ਬਹੁਤ ਡਗਮਗਾਤਾ ਹੈ। ਵੈਦਿਕ ਭਾਸ਼ਾ ਮੇਂ ਇਤਨੀ ਭਾਰੀ ਤਰਈ (ਕਮਜ਼ੋਰੀ ਖ਼ਰਾਬੀ) ਹੋਨਾ ਬੜਾ ਖਟਕਤਾ ਹੈ।[1]

ਇਥੇ ਤਕ "ਕੀ ਵੇਦ ਈਸ਼ਵਰੀ ਕਿਤਾਬਾਂ ਹਨ ?" ਦੀ ਵਿਆਖਿਆ ਸਮਾਪਤ ਹੁੰਦੀ ਹੈ। ਜਿਸ ਵਿਚ ਸ਼ੁਭ ਇੱਛਤ ਅਤੇ ਨਿਰਣਾਤਮਕ ਯਤਨ ਕੀਤੇ ਗਏ ਹਨ ਕਿ ਵੇਦ ਬਾਣੀ ਦੀ ਵਾਸਤਵਿਕਤਾ ਕੀ ਹੈ। ਪਰਿਣਾਮ ਵਜੋਂ ਵੇਦ ਬਾਣੀ ਬ੍ਰਹਮਬਾਨੀ ਨਹੀਂ ਹੈ, ਬਲਕਿ ਪੂਰਬਕਾਲੀ ਆਰੀਆ ਲੋਕਾਂ ਦੀ ਤਵਾਰੀਖ਼, ਕਿਰਤ ਵਿਰਤ ਦੇ ਢੰਗ, ਟੱਪਰੀ ਵਾਸ ਅਤੇ ਨਿਤਾਪ੍ਰਤਿ ਫਿਰਤੂ (ਖ਼ਾਨਾਬਦੋਸ਼) ਜੀਵਨ ਦੀ ਝਲਕ ਦਰਸਾਈ ਗਈ। ਅਗਲੇਰੇ ਪੰਨਿਆਂ ਵਿਚ ਵੇਦਾਂ ਦੀ ਸਿੱਖਿਆ ਪ੍ਰਤਿ ਜ਼ਿਕਰ ਹੋਵੇਗਾ।

9.78 ਵੈਦਿਕ ਸਿੱਖਿਆ

ਹੁਣ ਅਸੀਂ ਹਿੰਦੂ ਧਾਰਾ ਦੀ ਯਾਤਰਾ ਕਰਦੇ ਕਰਦੇ ਉਸ ਮੰਜ਼ਲ 'ਤੇ ਆ ਗਏ ਹਾਂ ਜੋ ਵੈਦਿਕ ਦਸਤਾਵੇਜ਼ ਦਾ ਅਤਿ ਸੂਖਸ਼ਮ ਭਾਗ ਹੈ। ਵੇਦਾਂ ਦੀਆਂ ਲਿਖਤਾਂ ਅਤੇ ਵੈਦਿਕ ਲਿਖਾਰੀਆਂ ਦੀ ਬਾਬਤ ਜੋ ਕੁਝ ਆਪ ਜੀ ਨੇ ਉਕਤ ਪ੍ਰਸੰਗਾਂ ਵਿਚ ਪੜ੍ਹਿਆ ਹੈ, ਇਸ ਤੋਂ ਬਿਨਾਂ ਹੋਰ ਕੁਝ ਭੀ ਨਹੀਂ ਆਖਿਆ ਜਾ ਸਕਦਾ। ਵੈਦਿਕ ਸਮੱਗਰੀ ਵਿਚ ਜੋ ਕੁਝ ਭੀ ਹੈ ਉਹ ਦੁਨੀਆ ਦੇ ਸਾਹਮਣੇ ਹੈ। ਹੁਣ ਅਸੀਂ ਇਹ ਨਿਰਣੈ ਕਰਨਾ ਹੈ ਕਿ ਵਾਸਤਵਿਕ ਤੌਰ 'ਤੇ ਵੇਦਾਂ ਦੀ ਤਾਅਲੀਮ ਕੀ ਹੈ ? ਸਭ ਤੋਂ ਆਵਸ਼ਕ ਵਸਤੂ ਤਾਂ ਇਹ ਹੈ ਕਿ ਵੇਦਾਂ ਦੇ

---

1. *ਉਲਥਾ ਨਿਰੁਕਤ* ਭਾਗ ਪਹਿਲਾ, ਪੰਨਾ 96, ਪ੍ਰੋਫ਼ੈਸਰ ਵੇਦ ਪੰਡਤ ਚਤਰ ਮੁਨੀ, ਗੁਰੂ-ਕੁਲ ਕਾਂਗੜੀ, (ਹਵਾਲਾ *ਮਾਅਰਫ਼ਲ ਕੁਰਾਨ*, ਪੰਨਾ 74)।

ਦਸਤਾਵੇਜ਼ੀ ਆਕਾਰ ਨੂੰ ਛੱਡ ਕੇ ਇਨ੍ਹਾਂ ਦੀ ਸਿਖਸ਼ਾ ਪ੍ਰਣਾਲੀ ਦੇ ਕੇਂਦਰੀ ਬਿੰਦੂ ਨੂੰ ਸਪਰਸ਼ ਕੀਤਾ ਜਾਵੇ। ਇਥੇ ਇਕ ਬਹੁਤ ਹੀ ਵੱਡਾ ਅਤੇ ਗੰਭੀਰ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਵੇਦਿਕ ਗੁਹਜ ਗਾਥਾ ਦਾ ਭੰਡਾਰਾ ਕਿਥੋਂ ਤੇ ਕਿਵੇਂ ਪ੍ਰਾਪਤ ਕੀਤਾ ਜਾਵੇ? ਕਿਉਂਕਿ ਵੇਦ ਇਕ ਢੱਕੀ ਹੋਈ ਗਾਗਰ ਵਿਚ ਅਗਿਣਤ ਤਾਲੇ ਲਾ ਕੇ ਬੰਦ ਕੀਤੀ ਹੋਈ ਵਸਤੂ ਹੈ, ਜਿਸ ਨੂੰ ਅੱਜ ਤਕ ਸਿਵਾਏ ਚੰਦ ਵਿਦਵਾਨਾਂ ਦੇ ਸਾਧਾਰਣ ਹਿੰਦੂ ਜਨਤਾ ਨੇ ਕਦੀ ਭੀ ਨਹੀਂ ਡਿੱਠਾ ਹੋਵੇਗਾ। ਵੇਦਿਕ ਸਿੱਖਿਆ ਵਿਚ ਕੁਝ ਐਸੀਆਂ ਕਥਾ ਕਹਾਣੀਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਨੂੰ ਪੜ੍ਹਨਾ ਅਥਵਾ ਕਿਸੇ ਲਿਖਤੀ ਰੂਪ ਵਿਚ ਪ੍ਰਗਟ ਕਰਨਾ, ਇਤਨਾ ਸੁਖਾਵਾਂ ਨਹੀਂ ਹੈ ਜਿਤਨਾ ਕਿ ਅਸੀਂ ਸਮਝਦੇ ਹਾਂ। Principal Griffith ਨੇ ਵੇਦਾਂ ਦਾ ਉਲਥਾ ਕੀਤਾ ਹੈ। ਗ੍ਰਿਫ਼ਥ ਦੇ ਸਾਹਮਣੇ ਕੁਝ ਐਸੀ ਵੇਦਿਕ ਸਿਖਿਆ ਭੀ ਆਈ, ਜਿਥੇ ਉਹ ਇਹ ਆਖਣ ਲਈ ਮਜਬੂਰ ਹੋ ਗਿਆ ਕਿ ਇਸ ਤੋਂ ਅਗਲੇ ਮੰਤਰਾਂ ਦਾ ਉਲਥਾ ਕਰਨਾ ਮੇਰੀ ਸਮਝ ਤੋਂ ਬਾਹਰ ਹੈ। ਕਿਉਂਕਿ *ਯਜੁਰ ਵੇਦ* ਵਿਚ ਇਹ ਲਿਖਿਆ ਸੀ ਕਿ "ਜਜਮਾਨ ਦੀ ਔਰਤ ਘੋੜੇ ਨਾਲ ਮੌਜ ਮੇਲਾ[1]...ਜੈਸੀ ਘਟਨਾ ਅੰਕਤ ਕੀਤੀ ਹੋਈ ਹੈ। ਪ੍ਰਿੰਸੀਪਲ ਗ੍ਰਿਫ਼ਥ ਦੀ ਵਾਸਤਵਿਕ ਸ਼ਬਦਾਵਲੀ ਨਿਮਨ ਲਿਖਤ ਦੁਆਰਾ ਵੇਖੀ ਜਾ ਸਕਦੀ ਹੈ, ਜਿਵੇਂ:

This and the following nine stanzas are not reproducible even in the semi-obscurest of a learned European language.[2]

ਅਰਥ : ਇਹ ਅਤੇ ਅਗਲੇ ਨੌਂ ਮੰਤਰ ਇਤਨੇ ਯੋਗ ਨਹੀਂ ਹਨ ਕਿ ਇਨ੍ਹਾਂ ਨੂੰ ਯੌਰਪ ਦੀ ਕਿਸੇ ਭੀ ਵਿਦਿਅਕ ਭਾਸ਼ਾ ਵਿਚ ਧੁੰਧਲੇ ਰੂਪ ਵਿਚ ਭੀ ਸਾਹਮਣੇ ਲਿਆਂਦਾ ਜਾ ਸਕੇ।

ਵੇਦਿਕ ਸਿਖਸ਼ਾ ਪ੍ਰਤਿ ਉਕਤ ਦਰਸਾਏ ਖ਼ਿਆਲ ਇਕ ਅੰਗ੍ਰੇਜ਼ ਵਿਦਵਾਨ ਦੇ ਸਨ, ਹੁਣ ਇਸ ਤੋਂ ਅਗਲੇਰੇ ਪੰਨਿਆਂ ਵਿਚ ਕੁਝ ਹਿੰਦੂ ਵਿਦਵਾਨਾਂ ਦੇ ਖ਼ਿਆਲ ਭੀ ਸੁਹਿਰਦ ਪਾਠਕਾਂ ਦੀ ਮਜਲਿਸ ਵਿਚ ਪੇਸ਼ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਗੁਰਮਤਿ ਵਿਚ ਆਨੰਦ ਕਾਰਜ ਦੀ ਰਸਮ ਇਕ ਅਤਿਅੰਤ ਹੀ ਪਵਿੱਤਰ ਸਮਾਜੀ ਰੀਤੀ ਹੈ, ਜਿਸ ਦੇ ਅਧੀਨ ਮਰਦ ਅਤੇ ਇਸਤਰੀ ਦੇ ਜੀਵਨ ਵਿਚ ਗ੍ਰਿਹਸਥੀ ਜੀਵਨ ਦਾ ਇਕ ਨਵੀਨ ਪ੍ਰਕਰਣ ਆਰੰਭ ਹੁੰਦਾ ਹੈ। ਗ੍ਰਿਹਸਥੀ ਜੀਵਨ ਵਿਚ ਵਿਚਰਦੇ ਹੋਏ ਧਰਮ ਦੀ ਪਾਲਣਾ ਕਰਨੀ ਅਤੇ ਧਰਮੀ ਦਾਇਰੇ ਵਿਚ ਵਿਚਰਦੇ ਹੋਏ ਅਸੀਮ ਦੀ ਅਸੀਮਤਾ ਵਿਚ

1. *ਯਜੁਰ ਵੇਦ*, ਅਧਿਆਇ 21, ਮੰਤਰ 19-28.

2. *ਮਾਅਰਫ਼ਲ ਕੁਰਾਨ*, ਪੰਨਾ 75.

ਸਦੀਵੀ ਅਭੇਦਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਪ੍ਰੰਤੂ ਹਿੰਦੂ ਸਮਾਜ ਵਿਚ ਵਿਆਹ ਦੀ ਰਸਮ ਪੂਰੀ ਕਰਨ ਹਿਤ, *ਰਿਗਵੇਦ* ਦੇ ਸ਼ਲੋਕ ਪੜ੍ਹੇ ਜਾਂਦੇ ਹਨ। ਉਨ੍ਹਾਂ ਸ਼ਲੋਕਾਂ ਦਾ ਉਲਥਾ ਕਰਨ ਪ੍ਰਤਿ ਇਥੇ ਜ਼ਮੀਰ ਆਗਿਆ ਨਹੀਂ ਦਿੰਦੀ ਕਿ ਉਲਥਾ ਕੀਤਾ ਜਾਵੇ। ਪ੍ਰੰਤੂ ਇਸ ਵੇਦ ਬਾਣੀ ਅਥਵਾ ਵੇਦਿਕ ਸਿੱਖਿਆ ਦੇ ਸੰਬੰਧ ਵਿਚ ਕੁਝ ਅੱਛੇ ਅਤੇ ਸਮਝਦਾਰ ਹਿੰਦੂ ਵਿਦਵਾਨਾਂ ਦੇ ਖ਼ਿਆਲ ਹੀ ਪੇਸ਼ ਕੀਤੇ ਜਾ ਰਹੇ ਹਨ। ਪੰਡਤ ਗੰਗਾ ਪ੍ਰਸ਼ਾਦ ਉਪਾਧਿਆਇ (ਐਮ.ਏ.) ਪ੍ਰਧਾਨ ਆਰੀਆ ਸਮਾਜ ਅਲਾਹਬਾਦ ਅਖ਼ਬਾਰ *ਆਰੀਆ ਮਿੱਤਰ* ਜੂਨ 6, 1929 ਵਿਚ ਇਸ ਵਿਸ਼ੇ ਪ੍ਰਤਿ ਆਪਣੇ ਮਜ਼ਮੂਨ ਵਿਚ ਲਿਖਦੇ ਹਨ ਕਿ :

ਵਹ *ਰਿਗਵੇਦ* ਮੰਡਲ 10, ਸੂਕਤ 85, ਮੰਤਰ 38 ਇਤਨਾ ਅਸ਼ਲੀਲ ਹੈ ਕਿ ਸਾਧਾਰਨ ਜਾਨਨੇ ਵਾਲਾ ਵਰ (ਲਾੜਾ) ਭੀ ਇਸੇ ਪੜ੍ਹਨੇ ਕਾ ਸਾਹਸ ਨ ਕਰੇਗਾ। ਅਭੀ ਤੋਂ ਲੋਗ ਇਸ ਲੀਏ ਪੜ੍ਹ ਦੇਤੇ ਹੈਂ ਕਿ ਨ ਪੜ੍ਹਨੇ ਵਾਲਾ ਸਮਝਤਾ ਹੈ ਨ ਸੁਨਨੇ ਵਾਲੇ। ਪ੍ਰੰਤੂ ਆਰੀਆ ਸਮਾਜ ਸਰਦਵਾ (ਹਮੇਸ਼ਾ) ਯਹੀ ਅਵਸਥਾ ਰਖਣੀ ਚਾਹਤਾ ਹੈ ? ਯਦੀ ਇਸ ਮੰਤਰ ਕੋ ਨ ਨਿਕਾਲਾ ਗਿਆ ਤੋ ਇਸ ਕੇ ਵਿਰੁੱਧ ਯਾ ਤੋ ਭਿਆਨਕ ਵਿਰੋਧ ਹੋਗੀ, ਯਾ ਲੋਗ ਇਸੇ ਅਪੇਕਸ਼ਾ ਕੀ ਦ੍ਰਿਸ਼ਟੀ (ਘਿਰਣਾ ਦੀ ਨਜ਼ਰ) ਸੇ ਦੇਖ ਕਰ ਛੋੜ ਦੀਆ ਕਰੇਂਗੇ। ਦੋਨੋਂ ਹੀ ਬਾਤੇਂ ਅਨਿਸ਼ਟ (ਬੁਰੀ) ਹੈਂ।[1]

ਗੰਗਾ ਪ੍ਰਸ਼ਾਦ ਦੇ ਖ਼ਿਆਲ ਦੀ ਪੁਸ਼ਟੀ ਕਰਦੇ ਹੋਏ ਆਰੀਆ ਸਮਾਜ ਮੈਨ ਪੁਰੀ ਦੇ ਪ੍ਰਧਾਨ ਬਾਬੂ ਸ਼ਾਮ ਸੁੰਦਰ ਲਾਲ ਜੀ ਨੇ ਭੀ ਨਿਜੀ ਮਜ਼ਮੂਨ, ਪੱਤਰਕਾ *ਆਰੀਆ ਮਿੱਤਰਾ* ਵਿਚ ਮਿਤੀ 5 ਸਤੰਬਰ, 1929 ਵਿਚ ਪ੍ਰਕਾਸ਼ਤ ਕੀਤਾ, ਜੋ ਗੰਗਾ ਪ੍ਰਸ਼ਾਦ ਜੀ ਦੇ ਖ਼ਿਆਲਾਂ ਦੀ ਪ੍ਰੋੜ੍ਹਤਾ ਕਰਦਾ ਹੈ। ਚੁਨਾਂਚਿ, "ਸਵਾਮੀ ਸਵਤੰਤ੍ਰਾਨੰਦ ਜੀ ਮਹਾਰਾਜ ਨੇ ਇਸ ਮੰਤਰ ਅਤੇ ਇਸ ਪ੍ਰਕਾਰ ਦੇ ਹੋਰ ਮੰਤਰਾਂ ਨੂੰ ਇਸੇ ਖ਼ਿਆਲ ਨੂੰ ਧਿਆਨ ਵਿਚ ਰੱਖਦਿਆਂ ਸਵਾਮੀ ਦਯਾਨੰਦ ਜੀ ਦੀ ਲਿਖਤ, ਸੰਸਕਾਰ ਵਿਧੀ ਵਿਚੋਂ ਕੱਢ ਕੇ ਸਵਾਮੀ ਜੀ ਦੇ ਨਾਮ ਥੱਲੇ ਹੀ ਇਕ **ਨਵੀਨ ਸੰਸਕਾਰ ਵਿਧੀ** ਪ੍ਰਕਾਸ਼ਤ ਕੀਤੀ ਹੈ।[2]

ਉਕਤ ਦਰਸਾਈ ਸਮੱਗਰੀ ਦੇ ਆਧਾਰ 'ਤੇ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਵੇਦ ਬਾਣੀ ਦੀ ਸਿਖਸ਼ਾ ਵਿਰਤੀਹਾਣ ਸਮੇਂ ਦੇ ਇਨਸਾਨ ਪ੍ਰਤਿ ਕਿਤਨੀ ਕੁ ਲਾਭਦਾਇਕ ਹੋ ਸਕਦੀ ਹੈ ? ਅਸਾਡਾ ਬਿਲਕੁਲ ਹੀ ਇਹ ਮੰਤਵ ਨਹੀਂ

---

1. *ਰਿਗਵੇਦ* ਮੰਡਲ 10, ਸੂਕਤ 85, ਮੰਤਰ 38, ਗੰਗਾ ਪ੍ਰਸ਼ਾਦ ਐਮ.ਏ. ਮਿਤੀ ਜੂਨ 6, 1929, *ਆਰੀਆ ਮਿੱਤਰ*, ਅਲਾਹਬਾਦ।
2. ਹਵਾਲਾ *ਵੇਦਾਰਥ ਪ੍ਰਕਾਸ਼*, ਪੰਨਾ 118, (ਹਵਾਲਾ *ਮਾਅਰਫ਼ਲ ਕੁਰਾਨ*, ਪੰਨਾ, 76)।

ਹੈ ਕਿ ਕਿਸੇ ਵੇਦ-ਧਰਮੀ ਅਥਵਾ ਵੇਦ ਵਿਸ਼ਵਾਸੀ ਦੀ ਦਿਲਾਜ਼ਾਰੀ (ਦਿਲਦੁਖਾਈ) ਕੀਤੀ ਜਾਵੇ। ਕੇਵਲ ਇਤਨਾ ਹੀ ਮਨੋਰਥ ਹੈ ਕਿ ਆਮ ਜਨਤਾ ਨੂੰ ਇਸ ਗੁਹਜ ਗਾਥਾ ਪ੍ਰਤਿ ਮੁਢਲੀ ਜਾਣਕਾਰੀ ਦਿੱਤੀ ਜਾਵੇ ਕਿ ਵਾਸਤਵਿਕ ਤੌਰ 'ਤੇ ਵੇਦ ਬਾਨੀ ਕੀ ਵਸਤੂ ਹੈ ਅਤੇ ਵੇਦਿਕ ਸਿੱਖਿਆ ਕੀ ਚੀਜ਼ ਹੈ। ਵੇਦ ਬਾਣੀ ਵਿਚ ਜੋ ਕੁਝ ਭੀ ਅੱਜ ਅਸਾਡੇ ਸਾਹਮਣੇ ਮੌਜੂਦ ਹੈ, ਉਸ ਵਿਚ ਇਸ ਤਰ੍ਹਾਂ ਦੀਆਂ ਕਥਾ ਕਹਾਣੀਆਂ ਅੰਕਤ ਹਨ, ਜਿਨ੍ਹਾਂ ਨੂੰ ਸਾਰਥਕ ਖ਼ਿਆਲਾਂ ਦੇ ਧਾਰਨੀ ਹਿੰਦੂ ਸੱਜਣ ਭੀ ਯੋਗ ਲਿਖਤਾਂ ਨਹੀਂ ਸਮਝਦੇ ਕਿ ਐਸੀਆਂ ਲਿਖਤਾਂ ਨੂੰ ਵੇਦ ਬਾਣੀ ਵਿਚ ਰੱਖਿਆ ਜਾਵੇ ਜਾਂ ਨਾ ਰੱਖਿਆ ਜਾਵੇ ? ਇਹੀ ਕਾਰਣ ਸੀ ਕਿ ਹਿੰਦੁਸਤਾਨ ਦੇ ਦੂਸਰੇ ਰਾਸ਼ਟਰਪਤੀ ਡਾਕਟਰ ਰਾਧਾ ਕ੍ਰਿਸ਼ਨਨ ਜੀ ਵੇਦਿਕ ਧਰਮ ਬਾਰੇ ਲਿਖਦੇ ਹਨ ਕਿ "ਹਿੰਦੂ ਧਰਮ ਨੂੰ ਵਿਸ਼ਵਾਸ ਦੀ ਚਿਤਰਮਾਲਾ ਅਤੇ ਰਸਮਾਂ ਰੀਤਾਂ ਦਾ ਗੋਰਖ ਧੰਧਾ ਕਹਿ ਸਕਦੇ ਹਾਂ।"[1] ਵੇਦਾਂ ਦੀ ਸਿਖਿਆ ਇਕ ਵਾਹਿਗੁਰੂ ਦੀ ਬਜਾਏ ਬਹੁ ਦੇਵਵਾਦੀ ਸਿਖਸ਼ਾ ਦਾ ਭੰਡਾਰਾ ਹੈ, ਜਿਸ ਦੀ ਹਾਮਾ ਆਮ ਹਿੰਦੂ ਲਿਖਾਰੀ ਭਰਦੇ ਹਨ। ਜਿਵੇਂ *ਸਾਮ* ਵੇਦ ਦੇ ਵਿਆਖਿਆਕਾਰ ਡਾਕਟਰ ਬੀ.ਆਰ. ਕਸ਼ੋਰ ਲਿਖਦੇ ਹਨ ਕਿ :

The apparent and the so-call Polytheism in the Samhitas, is as a matter of fact, an aspect of the Vedic monism and monotheism. The Vedas have categorically declared many times that reality is one, sages call its by various names : "एक सद बिहभा बदायन्नि" God is one, but its dimensions are several. The various vedic gods are simply the different manifestations of the same reality. For example, it manifests itself as Savitr in the celestial region, as Indra in the mid-region and as Fire on the earth. As Fire He is the mouth of gods and lord of the home (grihpati). As Indra, the wielder of the thunderbolt, the same reality protects the devotees from the demons and evils, and blesses them with life-giving copious rains. As Savitr or Aditya on the highest plane, He is the great giver of life, weatlh, energy, light, warmth and wisdom. This so called multiplicity of gods amply reflects the essential Vedic doctrine.[2]

ਡਾਕਟਰ ਕਸ਼ੋਰ ਨੇ ਬਹੁ ਦੇਵਵਾਦੀ ਹਿੰਦੂ ਰੱਬ ਦੀ ਤਸਵੀਰ ਅਤਿ

---

1. *ਸੱਚ ਦੀ ਆਵਾਜ਼*, ਅਗਸਤ 4, 2000, ਡਾਕਟਰ ਪ੍ਰੀਤਮ ਸਿੰਘ ਉਦੋਕੇ।
2. *Sam Veda*, pp. 2-3, by Dr. B.R. Kishore, Diamond Pocket Books Pvt. Ltd; New Delhi-110002.

ਸੁਹਜਮਈ ਢੰਗ ਦੁਆਰਾ ਤਰਾਸ਼ਦੇ ਹੋਏ ਸਾਵਿਤਰਾ ਦੇਵਤਾ, ਇੰਦਰ ਦੇਵਤਾ ਕਿ ਦੀਆਂ ਜ਼ਿੰਮੇਵਾਰੀਆਂ ਦਾ ਚਿੱਤਰ ਪੇਸ਼ ਕੀਤਾ ਹੈ ਅਤੇ ਯਤਨ ਕੀਤਾ ਹੈ ਨ ਇਹ ਸਾਰੇ ਹੀ ਹਿੰਦੂ ਭਗਵਾਨ ਹਨ। ਇਨ੍ਹਾਂ ਵਿਚੋਂ ਕੋਈ ਭਗਵਾਨ ਆਸਮਾਨ ਅੰਦਰ ਵਿਚ ਕੰਮ ਕਰਦਾ ਹੈ, ਕੋਈ ਧਰਤੀ ਅਤੇ ਆਸਮਾਨਾਂ ਦੇ ਵਿਚਕਾਰ ਸਥਿਤ ਦੇਵਤਾ ਦਾ ਰੂਪ ਧਾਰੀ ਬੈਠਾ ਹੈ, ਜੋ ਜੀਵਾਂ ਨੂੰ ਭੂਤਾਂ ਪ੍ਰੇਤਾਂ ਤੋਂ ਸੁਰੱਖਿਅਤ ਰੱਖਦਾ ਹੈ। ਅਸੀਸਾਂ ਦੇ ਕੇ ਜੀਵਾਂ ਨੂੰ ਜ਼ਿੰਦਗੀ ਬਖ਼ਸ਼ਦਾ ਹੈ। ਅਗਨ ਦੇਵਤਾ ਹੈ। ਹਿੰਦੂ ਭਗਵਾਨਾਂ ਦਾ ਮੂੰਹ ਹੈ ਜੋ ਸਮੂਲਚੀ ਗ੍ਰਿਹਸਥੀ ਦੁਨੀਆ ਦਾ ਰਾਖਾ ਹੈ। ਤਾਂ ਜੋ ਇੰਦਰ ਦੇਵਤਾ ਹੈ ਉਹ ਬੱਦਲਾਂ ਦੇ ਗੜਗੜਾਹਟੀ ਕਹਿਰ, ਭੂਤਾਂ ਪ੍ਰੇਤਾਂ ਰਾ ਦੀ ਮਾਰ ਤੋਂ ਆਪਣੇ ਭਗਤਾਂ ਨੂੰ ਆਪਣੀ ਤਲਵਾਰ ਦੀ ਸ਼ਕਤੀ ਦੁਆਰਾ ਦਾ ਬਚਾ ਕੇ ਰੱਖਦਾ ਹੈ। ਬਹੁਤਾ ਮੀਂਹ ਵਰਸਾ ਕੇ ਜੀਵਾਂ ਨੂੰ ਜ਼ਿੰਦਗੀ ਬਖ਼ਸ਼ਦਾ ਹੈ। ਸਾਵਿਤਰਾ ਜਾਂ ਅਦਿਤੀਯਾ ਦੇਵਤਾ ਬਹੁਤ ਉੱਚੀ ਸਥਾਨ 'ਤੇ ਰਹਿੰਦਾ ਪ ਹੈ ਅਤੇ ਜੀਵਾਂ ਨੂੰ ਜ਼ਿੰਦਗੀ, ਦੌਲਤ, ਸ਼ਕਤੀ, ਰੌਸ਼ਨੀ, ਗਰਮੀ ਅਤੇ ਸਿਆਣਪ ਹੈ। ਜੈਸੀਆਂ ਦਾਤਾਂ ਬਖ਼ਸ਼ਦਾ ਹੈ। ਇਹੀ ਬਹੁ ਦੇਵਵਾਦੀ ਵੈਦਿਕ ਸਿੱਖਿਆ ਤਿ ਇਹੀ ਵੈਦਿਕ ਮਤਿ ਦੇ ਅਨੇਕਾਂ ਹੀ ਰੱਬ ਹਨ। ਏਥੇ ਇਹ ਨਿਰਣੈ ਕਰਨਾ ਰ ਕਠਨ ਹੈ ਕਿ ਇਨ੍ਹਾਂ ਵਿਚੋਂ ਵੱਡਾ ਭਗਵਾਨ ਕਿਹੜਾ ਹੈ ਅਤੇ ਉਸ ਦੇ ਪੈਰੋਕਾਰ ਇਹ ਲਘੂ ਭਗਵਾਨ ਕਿਹੜੇ ਕਿਹੜੇ ਹਨ? ਵੇਦਾਂ ਦੀ ਵਾਸਤਵਿਕਤਾ ਤਾਂ ਕਿ ਹੈ ਕਿ ਇਹ ਪ੍ਰਮੇਸ਼ਵਰੀ ਗਿਆਨ ਦੀਆਂ ਕਿਤਾਬਾਂ ਨਹੀਂ ਹਨ ਬਲਕਿ ਅਤੇ ਪੂਰਬਕਾਲੀ ਆਰੀਆ ਕੌਮ ਦੀ ਕਬਾਇਲੀ ਜੀਵਨੀ ਦੀ ਕਿਰਤ, ਵਿਰਤ ਨ ਤਵਾਰੀਖ਼ ਹੈ। ਇਹੀ ਵੱਡਾ ਕਾਰਣ ਹੈ ਕਿ ਇਨ੍ਹਾਂ ਵਿਚ ਈਸ਼ਵਰੀ ਗਿਆਨ ਆ ਦੀ ਬਜਾਏ, ਖ਼ਾਨਾਬਦੋਸ਼ (ਘਰ-ਘਾਟ ਤੋਂ ਰਹਿਤ, ਬੇ-ਠਿਕਾਣਾ) ਆਬਾਦੀ ਲੀ ਲੋਕਾਂ ਦੀ ਜ਼ਿੰਦਗੀ ਅਤੇ ਜ਼ਿੰਦਗੀ ਦੇ ਸਾਧਨ ਦਰਸਾਏ ਗਏ ਹਨ। ਪੂਰਬਕਾਲੀ ਜੀ, ਸਮੇਂ ਵਿਚ ਬਲੀਦਾਨ ਦੀ ਰਸਮ ਧਰਮ ਦੀ ਮੂਲਿਕ ਸ਼ਿਲਾ ਸਮਝੀ ਜਾਂਦੀ ਕਮ ਇਹੀ ਕਾਰਣ ਹੈ ਕਿ ਵੇਦਾਂ ਵਿਚ ਬਲੀਦਾਨ ਪ੍ਰਤਿ ਗੀਤ, ਮੰਤਰ ਅਤੇ ਮੰਤਰ, ਮਿਲਦੇ ਹਨ। ਬਲੀਦਾਨ ਦੇ ਸਮੇਂ ਹੋਤਰ ਬ੍ਰਾਹਮਣ *ਰਿਗਵੇਦ* ਦੇ ਮੰਤਰ ਦਾ, ਅਧਵਰੀਆ (Adhvaryu) ਬ੍ਰਾਹਮਣ *ਯਜੁਰ ਵੇਦ* 'ਦੇ ਮੰਤਰ ਪੜ੍ਹਦਾ ਮਾ ਉਦਗਾਤਰ ਬ੍ਰਾਹਮਣ *ਸਾਮ ਵੇਦ* ਦੇ ਗੀਤ ਗਾਇਨ ਕਰਦਾ, ਚੌਥਾ ਬ੍ਰਹਮ ਵੇਦ ਬ੍ਰਾਹਮਣ ਬਲੀਦਾਨ ਦਾ ਆਗੂ ਹੁੰਦਾ ਤਾਂਕਿ ਬਲੀਦਾਨ ਦੀ ਰਸਮ ਅਥਰਵ ਨੀ ਦੇ ਅਨੁਸਾਰ ਕੀਤੀ ਜਾਵੇ। ਬਲੀਦਾਨ ਦੇ ਸਮੇਂ ਸੋਮ ਰਸ ਦੀ ਵਰਤੋਂ ਰ ਪਵਿੱਤਰ ਕਰਮ ਸਮਝਿਆ ਜਾਂਦਾ ਸੀ।[1]

---

1. ਬਲੀਦਾਨ ਪ੍ਰਤਿ ਦੇਖੋ ਗੁਪਤਾ ਦਾਸ ਦੀ *ਮਹੱਲਾ ਸਦਰ* ਕਿਤਾਬ ਅਤੇ *ਮਾਅਰਫ਼ਲ* ਦੀ ਪਿਛਲ, ਪੰਨਾ 77.

ਜਦੋਂ ਅਸੀਂ ਅਤਿ ਗੰਭੀਰ ਅਤੇ ਧਿਆਨ ਪੂਰਵਕ ਵਿਧੀ ਦੁਆਰਾ ਹਿੰਦੂ ਮਤਿ ਪ੍ਰਤਿ ਖੋਜ ਕਰਦੇ ਹਾਂ, ਤਦ ਅਸਾਡੇ ਸਾਹਮਣੇ ਇਕ ਵਿਸ਼ੇਸ਼ ਧਾਰਾ ਪ੍ਰਗਟ ਹੋਇ ਆਂਵਦੀ ਹੈ ਕਿ ਹਿੰਦੂ ਮਤਿ ਵੈਦਿਕ ਸਮੱਗਰੀ ਦਾ ਸਹਾਰਾ ਲੈਂਦਾ ਹੋਇਆ, ਕਥਨੀ ਬਦਨੀ ਦੇ ਆਧਾਰ 'ਤੇ ਸਵੈਮ ਰੂਪ ਵਿਚ ਇਕ ਪਰਮਾਤਮਾ ਦੀ ਗੱਲ ਕਰਦਾ ਹੈ। ਪ੍ਰੰਤੂ ਅਭਿਆਸੀ ਤੌਰ 'ਤੇ ਅਨਿਕ ਪ੍ਰਕਾਰੀ ਦ੍ਵੈਤਵਾਦੀ ਪੂਜਾ ਦੇ ਜਾਲ ਵਿਚ ਇਤਨਾ ਗ੍ਰਸ ਚੁੱਕਾ ਹੈ ਕਿ ਜਿਸ ਤੋਂ ਬੰਦਖ਼ਲਾਸੀ ਪ੍ਰਾਪਤ ਕਰਨੀ ਅਸੰਭਵ ਜਾਪਦੀ ਹੈ। ਵਧੇਰੇ ਜਾਣਕਾਰੀ ਹਿਤ *ਰਿਗਵੇਦ* ਵਿਚੋਂ ਇਕ ਦ੍ਰਿਸ਼ਟਾਂਤ ਪੇਸ਼ ਕੀਤਾ ਜਾ ਰਿਹਾ ਹੈ। ਜਿਸ ਵਿਚ ਹਿੰਦੂ ਸਿਧਾਂਤ ਇਕਾਂਗੀ ਵਿਸ਼ਵਾਸ ਦੀ ਗੱਲ ਤਾਂ ਜ਼ਰੂਰ ਕਰਦਾ ਹੈ ਪ੍ਰੰਤੂ ਅਭਿਆਸੀ ਕਰਮ ਦੁਆਰਾ ਇੰਦਰ, ਮਿਤਰਾ, ਵਰਨ, ਅਗਨ ਦੇਵਤਾ, ਦਿਵੀਆ, ਗਾਰੂਤਮਤ ਦੇਵਤਾ ਆਦਿ ਦੀ ਪੂਜਾ ਕਰਦਾ ਹੈ। ਜਿਵੇਂ ਰੱਬ ਇਕ ਹੈ ਪ੍ਰੰਤੂ ਪ੍ਰਮੇਸ਼ਵਰੀ ਭਗਤ ਉਸਨੂੰ ਅਨੇਕਾਂ ਹੀ ਨਾਵਾਂ ਦੁਆਰਾ ਪੁਕਾਰਦੇ ਹਨ। ਇਹ ਖ਼ਿਆਲ ਕਿਤਾਬੀ ਵਿਆਖਿਆ ਹੈ ਪ੍ਰੰਤੂ ਪ੍ਰਯੋਗਿਕ ਵਿਹਾਰ ਵਿਚ ਅਨਿਕ ਪ੍ਰਕਾਰੀ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਨੀ ਹਿੰਦੂ ਭਾਈਚਾਰੇ ਵਿਚ ਇਕ ਸਾਧਾਰਨ ਅਤੇ ਜ਼ਿੰਦਗੀ ਦਾ ਅਵਿੱਛੜ ਅੰਗ ਹੀ ਆਖਿਆ ਜਾ ਸਕਦਾ ਹੈ। ਜਿਵੇਂ :

God is one, the sages call Him by many names. They call Him Indra, Mitra, Varna, Agni, Divya, Garutmat, the celestial universal bird, they speak of Yama and Matarishvan.[1]

ਇਕ ਪਰਮਾਤਮਾ ਦੇ ਬਹੁਤੇ ਨਾਵਾਂ ਦੀ ਵਿਆਖਿਆ ਲਿਖਤੀ ਰੂਪ ਵਿਚ ਥੋੜੀ ਬਹੁਤ ਸਹੀ ਜਾਪਦੀ ਹੈ। ਪ੍ਰੰਤੂ ਵੇਖਣਾ ਤਾਂ ਇਹ ਹੈ ਕਿ ਕ੍ਰਿਆਸ਼ੀਲਤਾ ਦੇ ਦਾਇਰੇ ਵਿਚ ਇਕਾਂਗੀ ਧਾਰਾ ਗ੍ਰਹਿਣ ਕੀਤੀ ਜਾਂਦੀ ਹੈ ਜਾਂ ਬਹੁ ਦੇਵਵਾਦੀ ਪੂਜਾ ਕੀਤੀ ਜਾਂਦੀ ਹੈ। ਇਸ ਚੀਜ਼ ਦਾ ਨਿਰਣੈ ਕਰਨ ਹਿਤ, *ਸਾਮਵੇਦ* ਦਾ ਪਹਿਲਾ ਕਾਂਡ ਪੜ੍ਹਨਾ ਹੀ ਇਕ ਸਹੀ ਅਤੇ ਵਾਜਿਬ ਕਰਮ ਹੋਵੇਗਾ। ਜਿਸ ਵਿਚ ਲਿਖਿਆ ਹੈ ਕਿ ਹੇ ਅਗਨ ਦੇਵਤਾ! ਤੂੰ ਅਸਾਡੇ ਪਾਸ ਆ, ਤਾਂਕਿ ਬਲੀਦਾਨ ਦੀ ਰਸਮ ਇਕ ਹੋਤਰ (ਅਗਨੀ ਵਿਚ ਸਮੱਗਰੀ ਪਾਉਣ ਵਾਲਾ ਬ੍ਰਾਹਮਣ) ਦੇ ਤੌਰ 'ਤੇ ਨਿਭਾ ਸਕੀਏ। ਹੇ ਅਗਨੀ ਦੇਵਤਾ! ਹਾਨੀਕਾਰਕ ਵਿਨਾਸ਼ਿਕ ਅਤੇ ਵਿਰੋਧੀ ਦੁਸ਼ਟਾਂ ਕੋਲੋਂ ਅਸਾਡੀ ਰੱਖਿਆ ਕਰ। ਇਹ ਸਨ ਕੁਝ ਪਰਮਾਣਿਕ ਦ੍ਰਿਸ਼ਟਾਂਤ ਜੋ ਆਪ ਜੀ ਦੀ ਜਾਣਕਾਰੀ ਹਿਤ ਦਿੱਤੇ ਗਏ ਹਨ। ਪ੍ਰੰਤੂ ਅਗਨੀ ਪੂਜਾ ਪ੍ਰਤਿ ਸਮੂਲਚੀ ਵਾਰਤਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ। ਜਿਵੇਂ :

---

1. *Rigveda* 1:164:16, (*ਰਿਗਵੇਦ* ਮੰਡਲ 1, ਸੂਕਤ 164, ਮੰਤਰ 16)।

O Agni ! Do guard us against malignity of our foe and the hate of mortal man. O Agni ! Come, I chant more song of praise for thee; be more puissant with these sacrificial offerings. ...O Agni ! Protect us full well with Thy bright rediance.[1]

ਹਿੰਦੂ ਮਤਿ ਵਿਚ ਪ੍ਰਮੇਸ਼ਵਰ ਇਕ ਨਹੀਂ ਹੈ ਬਲਕਿ ਅਨਿਕ ਪ੍ਰਕਾਰੀ ਪ੍ਰਮੇਸ਼ਵਰੀ ਬਹੁਤਾਤ ਹੈ। ਇਹੀ ਵੇਦਿਕ ਸਿਧਾਂਤ ਅਤੇ ਵੇਦਿਕ ਸਿਖਿਆ ਹੈ। ਇਸ ਦੀ ਸੰਗਿਆ ਪ੍ਰਮੇਸ਼ਵਰੀ ਅਨੇਕਤਾ ਕਰਕੇ ਆਖੀ ਜਾਂਦੀ ਹੈ। ਜਿਵੇਂ:

This so called multiplicity of gods amply reflect the essential Vedic doctrine.[2]

ਵਿਸ਼ੇਸ਼ ਕਰਕੇ *ਸਾਮਵੇਦ* ਦੇ ਜਿਤਨੇ ਭੀ ਗੀਤ ਹਨ, ਇਹ ਤਿੰਨਾਂ ਦੇਵਤਿਆਂ ਨੂੰ ਸਮਰਪਤ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚ ਇੰਦਰ ਦੇਵਤਾ, ਅਗਨ ਦੇਵਤਾ ਅਤੇ ਸੋਮ ਦੇਵਤਾ ਦੇ ਨਾਮ ਵੇਖੇ ਜਾ ਸਕਦੇ ਹਨ। ਔਰ ਸ੍ਰੀ ਕ੍ਰਿਸ਼ਨ ਜੀ ਗੀਤਾ ਵਿਚ ਆਖਦੇ ਹਨ ਕਿ ਮੈਂ ਹੀ *ਸਾਮਵੇਦ* ਹਾਂ। ਇਹੀ ਕਾਰਣ ਹੈ ਕਿ ਵੇਦਾਂ ਵਿਚੋਂ *ਸਾਮਵੇਦ* ਦੀ ਮਹੱਤਤਾ ਬਹੁਤ ਹੀ ਵੱਡੀ ਹੈ। ਜਿਵੇਂ:

The hymns in this veda are addressed to Indra, Soma and Agni, Among the vedas, *Samveda* is regarded the foremost. In the Bhagvat Gita Lord Krishna has declared "Of the Vedas I am Saman (वेदाना सामबेदो आस्मि).[3]

ਵਾਸਤਵਿਕ ਤੌਰ 'ਤੇ ਹਿੰਦੂ ਕੋਈ ਧਰਮ ਨਹੀਂ ਹੈ ਬਲਕਿ ਪੁਰਾਤਨ ਆਰੀਆ ਲੋਕਾਂ ਦੀ ਸੱਭਿਅਤਾ ਹੈ। ਵੇਦਾਂ ਦਾ ਲਿਖਤੀ ਪਿਛੋਕੜ ਹਿੰਦੁਸਤਾਨੀ ਨਹੀਂ ਹੈ ਬਲਕਿ ਈਰਾਨੀ ਜ਼ਰਤਸ਼ਤਰਾ ਧਰਮ ਦੀ ਧਾਰਮਕ ਕਿਤਾਬ *ਆਵੇਸਤਾ* ਹੀ ਇਨ੍ਹਾਂ ਦਾ ਸ੍ਰੋਤਿਕ ਆਰੰਭ ਹੈ। ਇਸ ਖ਼ਿਆਲ ਦਾ ਪ੍ਰੋੜ੍ਹਤਾ ਪੰਡਤ ਜਵਾਹਰ ਲਾਲ ਨਹਿਰੂ ਨਿਮਨ ਲਿਖਤ ਦੁਆਰਾ ਪੇਸ਼ ਕਰਦੇ ਹਨ ਕਿ ਆਰੀਆ ਲੋਕ ਵੇਦਿਕ ਸਮੱਗਰੀ ਦਾ ਭੰਡਾਰਾ ਈਰਾਨੀ ਧਰਮ ਪੁਸਤਕ *ਆਵੇਸਤਾ* ਵਿਚੋਂ ਲੈ ਕੇ ਆਏ ਹਨ। ਜਿਵੇਂ:

The Vedas were the outpourings of the Aryans as they streamed into the rich land of India. They brought their ideas with them from that common stock of which grew the *Avesta* in Iran, and celebrated them in the soil of India. Even the Language of

1. *Samveda* Parv archika, Agneya Kanda, Chapter 1, Translation by Dr. B.R. Kishore, p. 8.
2. *Introduction of Samveda*, p. 3, by Dr. B.R. Kishore, Diamond Pocket Books Ltd., Dariaganj, New Delhi.
3. *Ibid.*, p. 5.

the Vedas bears a striking resemblance to that of the Avesta, and it has been remarked that the Avesta is nearer the Veda than Veda is to its own epic Sanskrit.[1]

ਵੈਦਿਕ ਸਮੱਗਰੀ ਪ੍ਰਤਿ ਕੁਝ ਲਿਖਣ ਤੋਂ ਪਹਿਲਾਂ ਅਸਾਨੂੰ ਇਹ ਧਾਰਾ ਦ੍ਰਿੜ੍ਹਤਾ ਭਰਪੂਰ ਧਿਆਨ ਵਿਚ ਸਥਾਪਨ ਕਰਨੀ ਪਵੇਗੀ ਕਿ ਇਹ ਅਮੋਲਕ ਭੰਡਾਰਾ ਜੋ ਅੱਜ ਅਸਾਡੇ ਪਾਸ ਮੌਜੂਦ ਹੈ, ਉਨ੍ਹਾਂ ਇਨਸਾਨਾਂ ਦੀ ਸੁਰਤੀ ਅਥਵਾ ਲਿਖਤਾਂ ਹਨ ਜੋ ਅੱਜ ਤੋਂ ਦੀਰਘਕਾਲ ਪਹਿਲਾਂ ਹੋ ਗੁਜ਼ਰੇ ਹਨ। ਉਸ ਸਮੇਂ ਦਾ ਜਲਵਾਯੂ, ਵਾਤਾਵਰਣ ਅਤੇ ਬੌਧਿਕ ਸਥਿਤੀ ਕੀ ਸੀ, ਜਿਸ ਵਿਚ ਉਨ੍ਹਾਂ ਨੇ ਜਨਮ ਲਿਆ ਅਤੇ ਵਿਕਸਤ ਹੋਏ। ਅਸਾਡੀ ਰਹਿਣੀ ਸਹਿਣੀ ਅਸਾਡੀ ਵਿਦਿਅਕ ਯੋਗਤਾ ਤੋਂ ਬਹੁਤ ਹੀ ਲੰਮਾ ਸਮਾਂ ਪਹਿਲਾਂ ਇਹ ਵੈਦਿਕ ਪੁਸਤਕਾਂ ਲਿਖੀਆਂ ਗਈਆਂ ਜੋ ਅਸਾਡੇ ਤਜਰਬੇ ਅਤੇ ਵਿਰਤੀਹਾਣ ਸਮੇਂ ਦੀ ਸੋਚ ਨਾਲੋਂ ਬਹੁਤ ਹੀ ਪੂਰਬਕਾਲੀ ਹੋਣ ਕਰਕੇ ਅਸਾਡੇ ਅਤੇ ਉਨ੍ਹਾਂ ਦੇ ਪੱਥਮਾਰਗ ਰਿਸ਼ਤਿਆਂ ਵਿਚ ਇਕ ਤਕੜੀ ਵੱਡੀ ਵਿੱਥ ਉਤਪੰਨ ਕਰਦਾ ਹੈ। ਰਸਮੀ ਕੱਟੜਵਾਦੀ ਰੀਤੀਆਂ ਦੇ ਚੁੰਗਲ ਵਿਚ ਗ੍ਰਸਣ ਦੀ ਬਜਾਏ, ਅਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਅਸਾਡੇ ਪੂਰਵਜਾਂ ਨੇ ਘੋੜਿਆਂ ਦੀਆਂ ਕਾਠੀਆਂ 'ਤੇ ਬੈਠਿਆਂ ਬੈਠਿਆਂ ਜੰਗਲੀ ਵਾਤਾਵਰਣ ਵਿਚ ਵਿਚਰਦਿਆਂ, ਇਨ੍ਹਾਂ ਪਾਵਨ ਪੁਸਤਕਾਂ ਨੂੰ ਸੁਰਤੀ ਵਿਚ ਲਿਆਂਦਾ, ਵਜੂਦ ਵਿਚ ਲਿਆਂਦਾ ਅਤੇ ਵਿਕਸਤ ਕੀਤਾ। ਪੂਰਬਕਾਲੀ ਇਨਸਾਨੀ ਜੀਵਨ ਦੀਆਂ ਅਤਿ ਘੋਰ ਸਮੱਸਿਆਵਾਂ ਪ੍ਰਤਿ ਇਨ੍ਹਾਂ ਪਾਵਨ ਪੁਸਤਕਾਂ ਵਿਚ ਉਸ ਸਮੇਂ ਦੇ ਆਧਾਰ 'ਤੇ ਅਨੰਤਕਾਲੀ ਜ਼ਿਕਰ ਕੀਤਾ ਗਿਆ ਹੈ, ਜਿਥੋਂ ਅੱਜ ਦਾ ਇਨਸਾਨ ਵਿਰਤੀਹਾਣ ਅਤੇ ਪੂਰਬਕਾਲੀ ਸਮੇਂ ਨੂੰ ਧਿਆਨ ਵਿਚ ਰੱਖਦਾ ਹੋਇਆ, ਸਮਾਜੀ ਜੀਵਨ ਦੀ ਸਹੀ ਅਤੇ ਵਾਜਬ ਸੇਧ ਪ੍ਰਾਪਤ ਕਰ ਸਕਦਾ ਹੈ। ਪ੍ਰੰਤੂ ਕੁਝ ਹਿੰਦੂ ਸ਼ਰਧਾਲੂ ਵੇਦਾਂ ਨੂੰ ਪੂਰਵਜ ਆਰੀਆ ਬਜ਼ੁਰਗਾਂ ਦੀ ਸੱਭਿਅਤਾ ਦੇ ਥਾਂ ਪ੍ਰਮੇਸ਼ਵਰੀ ਕਿਤਾਬਾਂ ਸਮਝੀ ਬੈਠੇ ਹਨ। ਇਹੀ ਅਸਾਡੇ ਸਮਾਜ ਦੀ ਦੁਰਭਾਗੀ ਸਥਿਤੀ ਹੈ ਕਿ ਅਸੀਂ ਪੂਰਵਜਾਂ ਦੀ ਘਾਲ-ਕਮਾਈ ਨੂੰ ਮਜ਼ਹਬੀ ਰੰਗਤ ਦਿੰਦੇ ਹੋਏ, ਉਨ੍ਹਾਂ ਦੀ ਦਿੱਤੀ ਹੋਈ ਤੱਤ ਵਸਤੂ ਤੋਂ ਲਾਂਭੇ ਚਲੇ ਗਏ ਹਾਂ। ਵੇਦਾਂ ਦੀ ਤਾਅਲੀਮ ਪੂਰਬਕਾਲੀ ਜੀਵਨ ਪ੍ਰਤਿ ਗਿਆਨ ਸੀ ਕਿਉਂਕਿ ਵੇਦ ਕੇਵਲ ਇਨਸਾਨੀ ਜੀਵਨ ਦੀਆਂ ਪੂਰਬਕਾਲੀ ਸਮੱਸਿਆਵਾਂ ਨਾਲ ਸੰਬੰਧਤ ਹਨ। ਚੁਨਾਂਚਿ ਈਸ਼ਵਰੀ ਗਿਆਨ ਨਾਲ ਵੈਦਿਕ ਸਿਖਸ਼ਾ ਦਾ ਸੰਬੰਧ ਬਿਲਕੁਲ ਲਘੂ ਸੰਬੰਧ ਹੈ। ਇਸ ਖ਼ਿਆਲ ਦੀ ਪ੍ਰੋੜ੍ਹਤਾ ਭਾਰਤ ਦੇ ਪ੍ਰਥਮ ਪ੍ਰਧਾਨ ਮੰਤਰੀ ਨਿਮਨ ਲਿਖਤ ਦੁਆਰਾ ਕਰਦੇ ਹਨ। ਜਿਵੇਂ:

1. *Discovery of India,* by Jawahar Lal Nehru, p. 77, Delhi and Oxford University Press, New York.

Many Hindus look upon the Vedas as revealed scriptures. This seems to me to be peculiarly unfortunate, for thus we miss their real significance—the folding of the human mind in the earliest stage of thought. And what a wonderful mind it was ! The Vedas (from the root vid, to knowledge) were simply meant to be a collection of the exiting knowledge of the day; they are a jumble of many things.[1]

ਸਮੇਂ ਦੀ ਗਤੀ ਅਤੇ ਪ੍ਰਥਾ ਇਕਤਰਫ਼ਾ ਰਵਾਨੀ ਹੈ, ਭਾਵ One way traffic ਅਥਵਾ ਇਕ ਦਿਸ਼ਾ ਗਵਨ ਹੈ। ਇਸ ਦੇ ਪ੍ਰਤਿਕਰਮ ਸੰਸਾਰੀ ਮਾਰਗ 'ਤੇ ਹਮੇਸ਼ਾ ਹੀ ਦੋਤਰਫ਼ਾ ਆਵਨ ਜਾਵਨ ਸਥਿਤੀ ਬਣੀ ਰਹਿੰਦੀ ਹੈ। ਜੋ ਕਾਲ-ਚੱਕਰ ਹੈ, ਇਸ ਦੀ ਗਤੀ ਸੰਸਾਰੀ *ਯਾਤਾਯਾਤ* ਨਾਲੋਂ ਨਿਰਸੰਦੇਹ ਵੱਖਰੀ ਹੈ। ਇਹ ਇਕ ਅਤਿ ਵਿਸਮੈਜਨਿਕ ਅਤੇ ਪ੍ਰਭਾਵਸ਼ਾਲੀ ਕਰਮ ਹੈ। ਵਿਰਤੀਹਾਣ ਸਮੇਂ ਵਿਚ ਵਿਗਿਆਨਿਕ ਸਮੱਗਰੀ ਇਤਨੀ ਵਿਕਸਤ ਹੋ ਚੁੱਕੀ ਹੈ, ਜਿਸ ਦੇ ਆਧਾਰ 'ਤੇ ਅਸੀਂ ਵਿਤਕਰਾ ਰਹਿਤ ਰਵੱਈਆ ਗ੍ਰਹਿਣ ਕਰਦੇ ਹੋਏ ਆਖ ਸਕਦੇ ਹਾਂ ਕਿ ਅੰਤਰ ਕੌਮਾਂਤ੍ਰੀ ਨਸਲਵਾਦ ਅਤੇ ਹੋਰ ਵੱਖਵਾਦੀ ਅੰਸ਼ ਅੱਜ ਦੇ ਸੰਸਾਰਿਕ ਜੀਵਨ ਵਿਚ ਜੇ ਬਹੁਤੇ ਨਹੀਂ ਫਿਰ ਭੀ ਇਕ ਅਲਿਪ ਪਰਿਮਾਣ ਵਜੋਂ ਵੱਡੀ ਮਾਤਰਾ ਵਿਚ ਸਾਖੀ ਭਰਦੇ ਹਨ ਕਿ ਸੰਸਾਰੀ ਲੋਕਾਂ ਦੀ ਪੂਰਬਕਾਲੀ ਤਵਾਰੀਖ਼ ਇਨ੍ਹਾਂ ਸਾਖੀਆਂ ਨਾਲ ਭਰੀ ਪਈ ਹੈ ਕਿ ਇਨ੍ਹਾਂ ਵਿਚ ਕਿਸੇ ਵਿਸ਼ੇਸ਼ ਅੰਸ਼ ਦੀ ਕਮੀ ਹੈ, ਜੋ ਰਾਸ਼ਟਰੀ ਅਤੇ ਵਿਅਕਤੀ ਤੌਰ 'ਤੇ ਪਰਸਪਰ ਸਾਵੀਆਂ ਸੁਰਾਂ ਦੀ ਉਤਸਾਹਿਕ ਭਾਵਨਾਵਾਂ ਅਤੇ ਇਕਸਾਰਤਾ ਉਤਪੰਨ ਕਰਨੋਂ ਅਸਮਰੱਥ ਹੈ। ਸ਼ਾਇਦ ਪੁਰਾਤਨ ਦਾਨਾਈ ਨੂੰ ਗ੍ਰਹਿਣ ਕਰਨ ਹਿਤ ਇਨ੍ਹਾਂ ਦੇ ਵਤੀਰੇ ਵਿਚ ਭਿੰਨ ਭਿੰਨ ਤੱਤਾਂ ਨੂੰ ਏਕੀਕਰਣ ਕਰਨ ਪ੍ਰਤਿ ਅਤਿ ਪ੍ਰਬਲ ਇੱਛਾ ਹੈ ਪ੍ਰੰਤੂ ਜਿਥੇ ਪਰਸਪਰ ਨਿਮਰਸ਼ੀਲਤਾ ਦੀ ਥੁੜ ਹੋਵੇ ਉਥੇ ਮਨੁੱਖਤਾ ਪ੍ਰਤਿ ਆਖ਼ਰਕਾਰ ਇਹੀ ਤਜਰਬਾ ਅਸਾਡੇ ਸਾਹਮਣੇ ਹੈ ਕਿ ਜਿਸ 'ਤੇ ਨਜ਼ਰਸਾਨੀ ਕੀਤਿਆਂ ਸਮੁੱਚੀ ਮਾਨਵ ਵਿਰਤੀ ਨੂੰ ਇਕਸਾਰਤਾ ਦੀ ਮਾਲਾ ਵਿਚ ਗੁੰਫ਼ਤ ਕਰ ਸਕੀਏ।

ਸਾਵੀਆਂ ਸੁਰਾਂ ਵਿਚ ਆਪਸੀ ਸਾਂਝ ਦੇ ਰਿਸ਼ਤੇ ਕਾਇਮ ਕਰਨੇ ਵਿਸ਼ੇਸ਼ ਕਰਕੇ ਉਨ੍ਹਾਂ ਲੋਕਾਂ ਵਾਸਤੇ ਅਤਿ ਆਵਸ਼ਕ ਹਨ ਜੋ ਵਿਰਤੀਹਾਣ ਸਮੇਂ ਵਿਚ ਭੀ ਤਾਪ ਚੜ੍ਹਿਆ ਰੋਗੀ ਜੀਵਨ ਬਤੀਤ ਕਰ ਰਹੇ ਹਨ। ਔਰ ਪੂਰਬਕਾਲੀ ਸੰਕਟਮਈ ਅਤੇ ਸੰਘਰਸ਼ਮਈ ਜੀਵਨ ਦੀ ਨੁਹਾਰ ਤੋਂ ਬੇ-ਬਹਿਰਾ ਹੋ ਚੁੱਕੇ ਹਨ।

---

1. *Discovery of India,* by Jawahar Lal Nehru, p. 79, Delhi and Oxford University Press, New York.

ਕੇਵਲ ਵਿਰਤੀਹਾਣ ਨਾਲ ਹੀ ਸੰਬੰਧਤ ਹਨ। ਪ੍ਰੰਤੂ, ਭਾਰਤ ਅਤੇ ਉਸ ਦੇ ਪੜੋਸੀ ਦੇਸ਼ਾਂ ਦੀ ਜੀਵਨੀ 'ਤੇ ਹੋਰ ਵਧੇਰੇ ਧਿਆਨ ਦੇਣ ਦੀ ਆਵਸ਼ਕਤਾ ਹੈ ਜੋ ਵਰਤਮਾਨ ਵਿਚ ਵਿਚਰਦੇ ਹੋਏ ਭੀ ਪੂਰਬਕਾਲੀ ਯੁਗ ਦੀਆਂ ਤਾਂਤਰਿਕ ਅਤੇ ਮਿਥਿਹਾਸਿਕ ਕਥਾ ਕਹਾਣੀਆਂ 'ਤੇ ਆਸਾਂ ਜੋੜੀ ਬੈਠੇ ਹਨ। ਇਹ ਇਕ ਐਸੀ ਸੌੜੀ, ਸੀਮਤ, ਸੰਦੇਹਪੂਰਨ, ਮਾਨਸਿਕ ਬੋਝ, ਖਬਤੀ ਅਤੇ ਤੁਅੱਸਬੀ ਧਾਰਮਕ ਦ੍ਰਿਸ਼ਟੀ ਹੈ ਜੋ ਕੁਦਰਤ ਦੇ ਅਦਭੁਤੀ ਕ੍ਰਿਸ਼ਮਿਆਂ, ਅਧਿਆਤਮਕ ਅਮੂਰਤਤ੍ਵ ਦੇ ਮਨੋਕਲਪਤ ਫ਼ਲਸਫ਼ੇ ਵਿਚ ਗ੍ਰਸੀ ਹੋਈ ਮਾਨਸਿਕ ਜ਼ਾਬਤੇ ਵਲੋਂ ਖੀਣਤ ਹੋਇ ਨਿਬੜਦੀ ਹੈ। ਕੇਵਲ ਧਾਰਮਕ ਰੀਤੀ ਰਿਵਾਜ਼ਾਂ, ਰਹੱਸਮਈ ਕਥਾ ਕਹਾਣੀਆਂ, ਪੁਰ ਅਸਰਾਰ ਆਰਫ਼ਾਨੀ ਭਾਵਨਾਵਾਂ ਦੇ ਗੋਲ ਚੱਕਰੀ ਮਨਸੂਬੇ ਉਲੀਕਦੀ ਹੈ। ਅੱਜ ਦੇ ਸਮੇਂ ਦੀ ਮੰਗ ਹੈ ਕਿ ਅਸੀਂ ਆਵਸ਼ਕ ਹੀ ਪੁਰਾਤਨ ਭਰਮ ਭੁਲੇਖਿਆਂ ਨੂੰ ਤਿਆਗ ਕੇ ਵਿਰਤੀਹਾਣ ਸਮੇਂ ਦੇ ਹਮਦਮ ਬਣੀਏ। ਫਿਰ ਤੁਸੀਂ ਵੇਖੋਗੇ ਕਿ ਇਹ ਜ਼ਿੰਦਗੀ, ਇਹ ਦੁਨੀਆ, ਇਹ ਪ੍ਰਕਿਰਤੀ ਜੋ ਹਮੇਸ਼ਾ ਹੀ ਅਸਾਡੇ ਇਰਦ ਗਿਰਦ ਚੱਕਰ ਕੱਟਦੀ ਅਤੇ ਬਹੁ ਪੱਖੀ ਅਸੀਮਿਕ ਦਾਤਾਂ ਨਾਲ ਅਸਾਡੀਆਂ ਝੋਲੀਆਂ ਭਰਨ ਲਈ ਅਸਾਡੇ ਇੰਤਜ਼ਾਰ ਵਿਚ ਖਲੋਤੀ ਹੈ, ਪ੍ਰੰਤੂ ਕੁਝ ਧਾਰਮਕ ਖ਼ਿਆਲਾਂ ਦੇ ਹਿੰਦੂ ਵੀਰ ਪੂਰਬਕਾਲੀ ਵੇਦਿਕ ਸਮੇਂ ਵੱਲ ਯਾਤਰਾ ਕਰਨੀ ਲੋਚਦੇ ਹਨ। ਹੈਰਾਨੀ ਦੀ ਸਥਿਤੀ ਤਾਂ ਇਹ ਹੈ ਕਿ ਉਹ ਸਵੈਮ ਤੌਰ 'ਤੇ ਕੁਰਾਹੇ ਪੈ ਚੁੱਕੇ ਹਨ। ਲਿਹਾਜ਼ਾ ਕੁਝ ਕੁਰਾਹੇ ਪਏ ਸਿੱਖਾਂ ਨੂੰ ਭੀ ਰਾਸ਼ਟਰਯ ਸਿਖ ਸੰਗਤ ਦੇ ਹਰਚੰਦਉਰੀ ਮੰਦਰਾਂ ਵਿਚ ਪ੍ਰਵੇਸ਼ ਕਰਨ ਲਈ ਗਤੀਬੱਧ ਹੋਏ ਫਿਰਦੇ ਹਨ। ਇਹ ਸਭ ਕੁਝ ਨਕਾਰਾਤਮਕ ਖ਼ਿਆਲੀ ਪਲੰਦੇ ਅਤੇ ਸਾਰਹੀਣ ਵਿਹਲੜ ਲੋਕਾਂ ਦੇ ਨਿਰਮੂਲ ਕਲਪਨਾਤਮਕ ਭਰਮ ਭੁਲੇਖੇ ਤੋਂ ਸਿਵਾਇ ਹੋਰ ਕੁਝ ਭੀ ਨਹੀਂ ਹਨ। ਕਿਉਂਕਿ ਸਮੇਂ ਦੀ ਗਤੀ ਕਦੀ ਭੀ ਪੂਰਬਕਾਲੀ ਸਮੇਂ ਵਿਚ ਨਹੀਂ ਪਰਤੇਗੀ। ਗ਼ਰਜ਼ੇਕਿ, ਕਾਲ ਚੱਕਰ ਦੀ ਗਤੀ ਇਕ ਤਰਫ਼ਾ ਯਾਤਾਯਾਤ ਹੈ। There is only one-way traffic in time, no two ways.

ਉਕਤ ਵਾਰਤਿਕ ਸਮੱਗਰੀ ਦੁਆਰਾ ਅਸੀਂ ਉਸ ਮੋੜ 'ਤੇ ਆਣ ਖਲੋਤੇ ਹਾਂ ਜਿਥੋਂ ਚੌਤਰਫ਼ੀ ਦ੍ਰਿਸ਼ਟੀ ਦਾ ਜ਼ਾਵੀਆ ਉਲੀਕ ਸਕੀਏ। ਆਮ ਹਿੰਦੂ ਜਨਤਾ ਨੂੰ ਇਹ ਗਿਆਨ ਹੀਂ ਨਹੀਂ ਹੈ ਕਿ ਵੇਦਾਂ ਵਿਚ ਕੀ ਲਿਖਿਆ ਹੋਇਆ ਹੈ। ਜਦੋਂ ਕਿ ਇਨ੍ਹਾਂ ਵਿਚ ਕੇਵਲ ਅਸਾਡੇ ਪੂਰਵਜਾਂ ਦੀ ਸਮਾਜੀ ਜੀਵਨੀ, ਸੰਘਰਸ਼ਮਈ ਤਵਾਰੀਖ਼ ਅਤੇ ਦੁਖ ਸੁਖ ਦੇਣ ਵਾਲੇ ਪ੍ਰਾਕਿਰਤਿਕ ਅਨਸਰਾਂ ਦੀ ਪੂਜਾ ਦੇ ਗੀਤ ਅੰਕਤ ਕੀਤੇ ਮਿਲਦੇ ਹਨ। ਇਸ ਵਾਸਤੇ ਅਤਿ ਆਵਸ਼ਕ ਹੈ ਕਿ ਹਿੰਦੁਸਤਾਨੀ ਲੋਕ ਪੁਰਾਤਨ ਤਾਂਤ੍ਰਿਕ ਭਰਮ ਭੁਲੇਖਿਆਂ ਨੂੰ ਤਿਆਗ ਕੇ ਚਾਲੂ ਸਮੇਂ ਦੀ ਯਥਾਰਥ ਅਤੇ ਕੌਸ਼ਲ ਗਤੀ ਦੇ ਹਮਦਮ ਹੋਣ ਲਈ

ਪ੍ਰਤੱਗਿਆ ਕਰਨ। ਹਿੰਦੂ ਏਕੀਕਰਣ ਹਿੰਦੂ ਹਿੰਦੀ ਦੇ ਰੋਧਿਕ (ਦੂਜੇ ਨੂੰ ਕੱਢ ਦੇਣ ਦੀ ਇੱਛਾ) ਖ਼ਿਆਲ ਇਸ ਭਾਈਚਾਰੇ ਨੂੰ ਨਿਜੀ ਉਲੀਕੇ ਹੋਏ ਮੱਕੜੀ ਜਾਲ ਦੀ ਸੰਕੀਰਣਤਾ (complication) ਵਿਚ ਉਲਝਾਈ ਬੈਠੀ ਹੈ। ਐਸੀ ਸਮਾਜੀ ਰੁਚੀ ਸਮੁੱਚੀ ਹਿੰਦੁਸਤਾਨੀ ਪਰਜਾ ਦੀ ਉਤਸਾਹਕ ਮਨੋਭਾਵਕਤਾ ਅਤੇ "ਅਗਾਂਹ ਕੂ ਤ੍ਰਾਂਘ" ਜੈਸੀ ਵਿਕਸਿਤ ਅਵਸਥਾ ਨੂੰ ਰੋਕੀ ਬੈਠੀ ਹੈ। ਹਿੰਦੂ ਏਕੀਕਰਣ ਜੈਸੀ ਵਿਚਾਰ ਪੱਧਤਾ ਅਤੇ ਪੂਰਵਕ ਸਮਾਰੋਹ ਸ਼ੈਲੀ ਦਾ ਰੋਮਾਂਚਿਤ ਢੱਬ 'ਤੇ ਖੜਾ ਕਰਨਾ ਬਹੁ ਪੱਖੀ ਸਮਾਜੀ ਖੇਤਰ ਹਿਤ, ਇਕ ਪੱਖਪਾਤੀ ਅਤੇ ਸੰਕੁਚਿਤ (ਸੁੰਗੜਵੀਂ) ਅਵਰੋਹੀ ਖ਼ੰਦਕ ਹੋਵੇਗੀ।

ਆਰੰਭ ਕਾਲੀਨ ਆਰੀਆ ਲੋਕਾਂ ਨੇ ਸਮੇਂ ਦੀ ਗਤੀ ਦੇ ਅਨੁਸਾਰ ਨਿਜੀ ਰਸਮੋ-ਰਿਵਾਜਾਂ ਵਿਚ ਭੀ ਪ੍ਰਵਿਰਤੀ ਲਿਆਂਦੀ ਸੀ। ਜਿਵੇਂ ਆਪ ਜੀ ਉਕਤ ਮਜ਼ਮੂਨਾਂ ਵਿਚ ਪੜ੍ਹ ਆਏ ਹੋ ਕਿ ਜੀਵਨ ਨੂੰ ਦੁਖ-ਸੁਖ ਦੇਣ ਵਾਲੀਆਂ ਤਾਕਤਾਂ ਨੂੰ ਉਨ੍ਹਾਂ ਨੇ ਦੁਖ-ਸੁਖ ਦੇਣ ਵਾਲੇ ਦੇਵਤੇ ਕਰਕੇ ਮੰਨਿਆ, ਪੂਜਿਆ। ਜੋ ਕ੍ਰਿਆਸ਼ੀਲਤਾ ਉਨ੍ਹਾਂ ਦੇ ਜੀਵਨ ਵਿਚ ਘਟਦੀ ਸੀ, ਨਿਰਸੰਦੇਹ ਉਹੀ ਕੁਝ ਉਨ੍ਹਾਂ ਨੇ ਵੇਦਿਕ ਸਮੱਗਰੀ ਵਿਚ ਸੁਰਤੀ ਵਜੋਂ ਆਪਹੁੰ ਯਾਦ ਰੱਖੀ ਅਤੇ ਸੀਨਾ-ਬ-ਸੀਨਾ ਨਸਲਾਂ ਦੀ ਸੁਰਤੀ ਵਿਚ ਦ੍ਰਿੜ੍ਹ ਕਰਵਾਉਣ ਹਿਤ ਸੰਘਰਸ਼ ਕੀਤਾ। ਇਹੀ ਵੱਡਾ ਕਾਰਣ ਸੀ ਕਿ ਵੇਦਿਕ ਸਿਖਸ਼ਾ ਦੇ ਮੰਤਰਾਂ ਵਿਚ ਇੰਦਰ ਮਿਥਰਾ ਅਤੇ ਅਗਨੀ ਜੈਸੇ ਦੇਵਤਿਆਂ ਦੀ ਪੂਜਾ, ਉਨ੍ਹਾਂ ਦੀ ਪ੍ਰਸੰਨਤਾ ਹਿਤ, ਪ੍ਰਮੇਸ਼ਵਰ ਸਮਝ ਕੇ ਕੀਤੀ ਜਾਂਦੀ ਸੀ। ਜਿਵੇਂ :

O men ! Sing the glories of Agni at every sacrifice, let us loud the Everlasting God (Agni) Creator of the Vedas, even as a well beloved friend. O Agni ! Preserve us by one Veda (Rig), protect us by the second (Yajur) preserve us by three Vedas. O almighty Lord ! Preserve us well by the four Vedas (Rig, Yajur, Saman, and Atharvan). O Agni ! Effulgent, most youthful pure brilliance, kindled in the heart of a devotee, shine on us with the sparkling beams, Lord of charity.[1] (and so on)

ਦੇਵਤਿਆਂ ਦੀ ਪੂਜਾ ਤੋਂ ਬਾਅਦ ਆਰੀਆ ਲੋਕਾਂ ਦਾ ਕਿਰਤ ਵਿਰਤ ਦਾ ਸਮਾਂ ਅਥਵਾ ਭਾਈਚਾਰਕ ਸਮਾਂ ਆਰੰਭ ਹੁੰਦਾ ਹੈ। ਇਸ ਭਾਈਚਾਰਕ ਸਮੇਂ ਵਿਚ ਵੇਦਿਕ ਲਿਖਤਾਂ ਭੀ ਪੁਰਾਤਨ ਲਿਖਤਾਂ ਨਾਲੋਂ ਪਰਿਵਰਤਿਤ ਹੋ ਜਾਂਦੀਆਂ ਹਨ।

---

1. *Saman Veda*, Chapter one and para IV, p. 10, translated by Dr. B.R. Kishore.

9.79 ਵੈਦਿਕ ਭਾਈਚਾਰਕ ਸਮਾਂ

ਅਗਰ ਕੋਈ ਇਨਸਾਨ ਇਹ ਦਾਅਵਾ ਕਰੇ ਕਿ ਹਿੰਦੂ ਸੁਸਾਇਟੀ ਇਕ ਪੁਰਾਤਨ ਆਰੀਆ ਲੋਕਾਂ ਦਾ ਸਨਾਤਨੀ ਧਰਮ ਹੈ, ਪਰਿਣਾਮ ਵਜੋਂ ਇਹ ਸਮਝ ਲੈਣਾ ਯੋਗ ਹੋਵੇਗਾ ਕਿ ਉਸ ਨੂੰ ਆਰੀਆ ਸ਼ਬਦ ਪ੍ਰਤਿ ਗਿਆਨ ਨਹੀਂ ਹੈ। ਜਿਵੇਂ ਅੱਜ ਕੱਲ ਆਮ ਲੋਕ ਸੁਅਸਥਅਵਸਥੀ ਕਿਰਤ ਵਿਰਤ ਦੀ ਖ਼ਾਤਰ ਨਿਜੀ ਦੇਸ਼ ਨੂੰ ਤਿਆਗ ਕੇ ਪ੍ਰਦੇਸਾਂ ਵਿਚ ਆਣ ਟਿਕਦੇ ਹਨ। ਲਿਹਾਜ਼ਾ ਇਸੇ ਸਿਧਾਂਤ ਦੇ ਅਨੁਸਾਰ ਆਰੀਆ ਲੋਕ ਭੀ ਅੱਛੇ ਜੀਵਨ ਦੀ ਤਲਾਸ਼ ਵਿਚ ਮੱਧ ਏਸ਼ੀਆ ਨੂੰ ਛੱਡ ਕੇ ਸਿੰਧੂ ਨਦੀ ਦੀ ਵਾਦੀ ਵਿਚ ਆਣ ਟਿਕੇ। ਵੈਦਿਕ ਲਿਖਤਾਂ ਇਸ ਚੀਜ਼ ਦੀ ਸ਼ਾਹਦੀ ਭਰਦੀਆਂ ਹਨ ਕਿ ਇਥੇ ਆਣ ਕੇ ਇਨ੍ਹਾਂ ਨੇ ਖੇਤੀ ਅਥਵਾ ਕਾਸ਼ਤਕਾਰੀ ਦਾ ਕੰਮ ਆਰੰਭਿਆ। ਅਗਰ ਅਸੀਂ ਪੁਰਾਤਨ ਆਰੀਆ ਲੋਕਾਂ ਨੂੰ ਕਾਸ਼ਤਕਾਰ ਲੋਕ ਆਖ ਲਈਏ, ਇਸ ਵਿਚ ਤਨਕ-ਮਾਤਰ ਭੀ ਅਤਿ ਕਥਨੀ ਨਹੀਂ ਹੋਵੇਗੀ। *ਯਜੁਰ ਵੇਦ* ਵਿਚ ਕੁਝ ਐਸੀਆਂ ਲਿਖਤਾਂ ਪ੍ਰਾਪਤ ਹੁੰਦੀਆਂ ਹਨ ਜੋ ਪੁਰਾਤਨ ਆਰੀਆ ਲੋਕਾਂ ਨੂੰ ਕਾਸ਼ਤਕਾਰ ਹੋਣ ਦਾ ਰੁਤਬਾ ਪ੍ਰਦਾਨ ਕਰਦੀਆਂ ਹਨ। ਜਿਵੇਂ :

ਹੇ ਜੀਵ! ਜਿਸ ਤਰ੍ਹਾਂ ਇਕ ਗਊ ਹਰੀਆਂ ਫ਼ਸਲਾਂ ਅਥਵਾ ਸਬਜ਼ੀਆਂ ਖਾ ਕੇ ਆਪਣੇ ਬੱਛੜੇ ਜਾਂ ਇਨਸਾਨਾਂ ਵਾਸਤੇ ਅਤਿ ਪਵਿੱਤਰ ਦੁੱਧ ਦਿੰਦੀ ਹੈ, ਇਸੇ ਤਰ੍ਹਾਂ ਤੁਸੀਂ ਭੀ ਫਲਾਂ ਅਤੇ ਫੁੱਲਾਂ ਦੇ ਰਸਾਂ ਦੀ ਵਰਤੋਂ ਕਰਦੇ ਹੋਏ ਨਿਜੀ ਸਰੀਰਕ ਅਤੇ ਆਤਮਕ ਸ਼ਕਤੀ ਪ੍ਰਾਪਤ ਕਰੋ। ਪੁਨਾ :

ਐ ਕਿਸਾਨੋ! ਤੁਮ ਅਨਾਜ ਆਦਿ ਬੀਜਨੇ ਕੇ ਲੀਏ ਜ਼ਮੀਨ ਕੋ ਫਾੜਨੇ ਵਾਲਾ ਜੋ "ਫਾਲ" ਹੈ ਔਰ, ਇਸੀ ਫਾਲ ਕੋ ਮਜ਼ਬੂਤ ਕਰਨੇ ਕੇ ਲੀਏ ਇਸ ਕੇ ਪੀਛੇ ਜੋ ਲਕੜੀ ਕੀ ਖ਼ੂਬਸੂਰਤ ਪੱਟੀ ਲਗੀ ਹੁਈ ਹੈ, ਤੁਮ ਉਸ ਸੇ ਅਨਾਜ ਪੈਦਾ ਕਰਨੇ ਵਾਲੀ ਜ਼ਮੀਨ ਕੋ ਫਾੜੋ। ਇਸੀ ਤਰ੍ਹਾਂ ਤੁਮ ਅਪਨੇ ਖ਼ੂਬਸੂਰਤ ਰਥੋਂ ਕੋ ਚਲਾਓ ਔਰ ਅਪਨੀ ਹਿਫ਼ਾਜ਼ਤ ਕਰੋ।[1]

ਉਕਤ ਵੈਦਿਕ ਉਦਾਹਰਣਾਂ ਤੋਂ ਇਹ ਸਿੱਧ ਹੋਇਆ ਕਿ ਆਰੀਆ ਸੁਸਾਇਟੀ ਕੋਈ ਧਰਮ ਨਹੀਂ ਸੀ ਅਤੇ ਨਾ ਹੈ। ਪ੍ਰੰਤੂ, ਇਕ ਪ੍ਰਕਾਰ ਦੀ ਸਮਾਜੀ ਸੱਭਿਅਤਾ ਸੀ। ਇਹੀ ਕਾਰਣ ਹੈ ਕਿ ਪੰਡਤ ਜਵਾਹਰ ਲਾਲ ਨਹਿਰੂ ਇਹ ਲਿਖਣ ਲਈ ਮਜਬੂਰ ਹੋ ਗਏ ਕਿ ਹਿੰਦੂ ਮਤਿ, ਧਰਮ ਦੇ ਤੌਰ 'ਤੇ ਅਸਪਸ਼ਟ ਧੁੰਧਲਾ, ਬੇ-ਅਰਥ, ਨਿਯਮ ਰਹਿਤ, ਬੇ-ਸੁਰਾ ਅਤੇ ਬਹੁ-ਪੂਜਕ ਸੱਭਿਅਤਾ ਹੈ ਕਿਉਂਕਿ ਆਮ ਹਿੰਦੂ ਲੋਕਾਂ ਵਿਚ ਸਾਰੀਆਂ ਹੀ ਚੀਜ਼ਾਂ ਹਨ। (ਭਾਵ ਅਨੇਕ ਵਿਸ਼ਵਾਸੀ ਲੋਕ ਹਨ)। ਇਸ ਦੇ ਲੱਛਣਾਂ ਦੀ ਪਰਿਭਾਸ਼ਾ ਅਤਿਅੰਤ ਹੀ ਕਠਨ

---

1. *ਯਜੁਰ ਵੇਦ* ਅਧਿਆਇ 12, ਮੰਤਰ 82 ਅਤੇ ਮੰਤਰ 71.

ਹੈ। ਵਾਸਤਵਿਕ ਤੌਰ 'ਤੇ ਇਹ ਨਹੀਂ ਆਖ ਸਕਦੇ ਕਿ ਇਹ ਧਰਮ ਹੈ ਭੀ ਜਾਂ ਨਹੀਂ। ਕਿਉਂਕਿ ਇਹ ਵਿਰਤੀਹਾਣ ਅਤੇ ਪੁਰਾਤਨ ਸਮੇਂ ਵਿਚ ਅਨੇਕਾਂ ਪ੍ਰਕਾਰ ਦੀਆਂ ਵਿਸ਼ਵਾਸੀ ਰੁਚੀਆਂ ਨੂੰ ਨਿਜੀ ਗਲਵਕੜੀ ਵਿਚ ਸੰਭਾਲੀ ਬੈਠਾ ਹੈ। ਇਸ ਖ਼ਿਆਲ ਦੀ ਤਾਤਵਿਕ ਰੂਪ ਰੇਖਾ ਨਿਮਨ ਲਿਖਤ ਦੁਆਰਾ ਵੇਖੀ ਜਾ ਸਕਦੀ ਹੈ। ਜਿਵੇਂ :

Hinduism, as a faith, is vague, amorphous, many-sided, all things to men. It is hardly possible to define it, or indeed to say definitely whether it is a religion or not, in the usual sense of the word. In its present form and even in the past, it embraces many beliefs and practices, from the high to the lowest, often opposed to or contradicting each other,[1]

ਯਜੁਰ ਵੇਦ ਵਿਚ ਬਹੁਤ ਵੱਡੀ ਸੰਖਿਆ ਵਿਚ ਐਸੀਆਂ ਪਰਮਾਣਕ ਉਦਾਹਰਣਾਂ ਮਿਲਦੀਆਂ ਹਨ ਜੋ ਆਰੀਆ ਲੋਕਾਂ ਪ੍ਰਤਿ ਧਰਮੀ ਹੋਣ ਦੀ ਬਜਾਏ ਖੇਤੀ ਕਰਨ ਵਾਲੇ ਕਾਸ਼ਤਕਾਰ ਅਤੇ ਆਰੀਆ ਨਸਲ ਦੇ ਵਾਧੇ ਵਾਸਤੇ ਗ੍ਰਿਹਸਥੀ ਜੀਵਨ ਪ੍ਰਤਿ ਉਤਸ਼ਾਹਤ ਕਰਦੀਆਂ ਹਨ। ਕੁਝ ਮਿਸਾਲਾਂ ਇਸ ਤਰ੍ਹਾਂ ਲਿਖੀਆਂ ਮਿਲਦੀਆਂ ਹਨ। ਜਿਵੇਂ :

ਐ ਇਨਸਾਨੋ! ਜੈਸੇ ਬੈਲ ਗਊਓਂ ਕੋ ਗਾਭਨ ਕਰਕੇ ਪਸ਼ੂਓਂ ਕੋ ਬੜ੍ਹਾਤਾ ਹੈ, ਇਸੀ ਤਰ੍ਹਾਂ ਗ੍ਰਿਹਸਤੀ ਲੋਗ ਔਰਤੋਂ ਕੋ ਹਾਮਿਲਾ (ਗਾਭਨ) ਕਰਕੇ ਪਰਜਾ ਕੋ ਬੜ੍ਹਾਓ।[2]

ਜੋ ਧਰਮ ਹੈ ਉਸ ਦੀ ਮੂਲਿਕ ਸ਼ਿਲਾ ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਅਤੇ ਉਸ ਦੀ ਇਕਾਂਗੀ ਹਸਤੀ ਹੁੰਦੀ ਹੈ। ਪ੍ਰੰਤੂ, ਜੋ ਧਰਮ ਇਨਸਾਨੀ ਬੁੱਧੀ ਦੀਆਂ ਉਕਤੀਆਂ ਯੁਕਤੀਆਂ 'ਤੇ ਉਸਰਿਆ ਹੋਵੇ ਜਾਂ ਜਿਨ੍ਹਾਂ ਧਰਮਾਂ ਵਿਚ ਇਨਸਾਨੀ ਦਸਤ ਬੁਰਦੀ (ਮਨੁੱਖੀ ਹੱਥਾਂ ਦੀ ਦਖ਼ਲ-ਅੰਦਾਜ਼ੀ) ਹੋਈ ਹੋਵੇ, ਉਨ੍ਹਾਂ ਮਜ਼ਹਬਾਂ ਵਿਚ ਵਾਹਿਗੁਰੂ ਦਾ ਤਸਵਰ ਅਤਿ ਤਰਾਸ਼ਵਾਂ (ਚੀਰਫਾੜ ਵਾਲਾ) ਹੁੰਦਾ ਹੈ। ਕਿਉਂਕਿ ਇਨਸਾਨੀ ਦਿਮਾਗ਼ ਪੰਚ-ਮੁਖੀ ਗਿਆਨ ਤੋਂ ਅਗਲੇਰੀ ਮੰਜ਼ਲ ਦਾ ਸ਼ਾਹਕਾਰ ਨਹੀਂ ਬਣ ਸਕਦਾ। ਇਸ ਵਾਸਤੇ ਉਨ੍ਹਾਂ ਦਾ ਪ੍ਰਮੇਸ਼ਵਰ ਭੀ ਇਨਸਾਨੀ ਉਕਤੀਆਂ ਯੁਕਤੀਆਂ ਦੀ ਘਾੜਤ ਵਿਚ ਢਲਿਆ ਹੁੰਦਾ ਹੈ। ਜਿਸ ਤਰ੍ਹਾਂ ਇੰਦਰ ਦੇਵਤਾ, ਅਗਨੀ ਅਤੇ ਮਿਥਰਾ ਆਦਿ ਭੀ ਰੱਬ ਕਰਕੇ ਹੀ ਦਰਸਾਏ ਗਏ ਹਨ। ਇਸ ਦਾ ਤਾਤਵਿਕ ਚਿੱਤਰ ਐਸੇ ਹੈ :

---

1. *Discovery of India*, by Jawahar Lal Nehru, p. 75, Oxford University Press, New York & Delhi.
2. *ਯਜੁਰ ਵੇਦ*, ਅਧਿਆਇ 28, ਮੰਤਰ 32.

O worshiper ! Sing the praise of Lord Indra invoked and praised by many, who would bless you, as He does the Earth like a king. O Indra ! Posses of hundred of powers and wise designs. Let me rejoice in Thy joy, which is most glorious of all. O speech ! Go unto Indra and tell Him your aim. The two mighty ones. Earth and Heaven may bless the sacrifice. Let both the ears of men be blessed with the recitation of holy hymn. O learned men, well versed in the Vedas, sing praise of Indra, so that he may come. We praise Indra for destroying the mighty forces of the demon Vritra. He is All-powerful and giver of happiness.[1]

ਇਥੇ ਤਕ ਵੇਦਿਕ ਭਾਈਚਾਰਕ ਗਾਥਾ ਸਮਾਪਤ ਹੁੰਦੀ ਹੈ। ਇਸ ਤੋਂ ਅਗਲੇਰੇ ਪੰਨਿਆਂ ਵਿਚ ਇਕ ਪਰਮਾਤਮਾ ਨੂੰ ਛੱਡ ਕੇ ਦੇਵਤਿਆਂ ਦੀ ਪੂਜਾ ਜੋ ਕਿ ਹਿੰਦੂ ਭਾਈਚਾਰੇ ਵਿਚ ਆਮ ਰਿਵਾਜ ਹੈ, ਪ੍ਰਤਿ ਵਿਆਖਿਆ ਕਰਨ ਦੀ ਆਗਿਆ ਚਾਹਾਂਗੇ।

9.80 ਦੇਵਤਿਆਂ ਦੀ ਪੂਜਾ

ਹਿੰਦੂ ਮਤਿ ਵਿਚ ਜਿਥੇ ਅਨੇਕਾਂ ਹੀ ਪਸ਼ੂ, ਪੰਛੀ, ਬਿਰਖ, ਆਦਿ ਦੇਵਤੇ ਹਨ, ਉਥੇ ਵਿਸ਼ੇਸ਼ ਕਰਕੇ ਤਿੰਨ ਦੇਵਤੇ ਪਰਮਾਤਮਾ ਜਾਂ ਪਰਮਾਤਮਾ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਾਲੇ ਮੰਨੇ ਜਾਂਦੇ ਹਨ, ਜਿਨ੍ਹਾਂ ਵਿਚ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਨਾਮ ਖ਼ਾਸ ਮਹੱਤਤਾ ਰੱਖਦੇ ਹਨ। ਬ੍ਰਹਮਾ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ, ਵਿਸ਼ਨੂੰ ਪਾਲੰਣਾ ਪੋਸਣਾ ਕਰਦਾ ਅਤੇ ਸ਼ਿਵ ਜੀਵਾਂ ਦਾ ਸੰਘਾਰ (ਹਲਾਕ) ਕਰਨ ਵਾਲਾ ਹੈ। ਸ਼ਿਵ ਦੇ ਲਿੰਗ ਦੀ ਪੂਜਾ ਦਾ ਸਿਲਸਿਲਾ ਬਹੁਤ ਹੀ ਹੈਰਾਨ ਕਰਨ ਵਾਲੀ ਗਾਥਾ ਹੈ। ਸ਼ਿਵ ਪੂਜਾ ਰਾਮ ਚੰਦਰ ਜੀ ਭੀ ਕਰਦੇ ਸਨ। ਰਾਮ ਚੰਦਰ ਜੀ ਦਾ ਕਥਨ ਹੈ ਕਿ ਜੋ ਪ੍ਰਾਣੀ ਸ਼ਿਵ ਦੀ ਪੂਜਾ ਨਹੀਂ ਕਰੇਗਾ, ਉਹ ਪ੍ਰਾਣੀ ਮੇਰੀ ਭਗਤੀ ਤੋਂ ਸੱਖਣਾ ਰਹੇਗਾ। ਗੁਸਾਈਂ ਤੁਲਸੀ ਦਾਸ ਜੀ ਇਸ ਖ਼ਿਆਲ ਦੀ ਪ੍ਰੋੜ੍ਹਤਾ ਨਿਮਨ ਲਿਖਤ ਦੁਆਰਾ ਕਰਦੇ ਹਨ, ਜਿਵੇਂ :

॥ਦੋਹਰਾ॥ ਔਰਉ ਏਕ ਗੁਪਤ ਮਤ, ਸਬਹਿ ਕਹਉਂ ਕਰ ਜੋਰਿ ॥
ਸ਼ੰਕਰ ਭਜਨ ਬਿਨਾ ਨਰ[2], ਭਗਤਿ ਨ ਪਾਵਹਿ ਮੋਰਿ ॥੬੮॥

ਅਰਥ : ਮੈਂ ਸਾਰਿਆਂ ਨੂੰ ਹੱਥ ਜੋੜ ਕੇ ਇਕ ਹੋਰ ਗੁਪਤ ਮਤਿ ਦਸਦਾ

---

1. *Saman Veda* Ayndra Kanda III, p. 16, translated by Dr. B.R. Kishore.
2. *ਤੁਲਸੀ ਰਾਮਾਇਣ ਸਟੀਕ*, ਉਤਰ ਕਾਂਡ, ਸਤਵਾਂ ਬਿਸ਼ਰਾਮ, ਅਧਿਆਇ 32, ਸਲੋਕ 68, ਪੰਨਾ 858.

ਹਾਂ, ਸ਼ੰਕਰ ਜੀ ਦਾ ਭਜਨ ਕੀਤੇ ਬਿਨਾਂ ਕੋਈ ਜੀਵ ਭੀ ਮੇਰੀ ਭਗਤੀ ਨਹੀਂ ਪਾ ਸਕਦਾ। ਭਾਵ ਇਹ ਹੋਇਆ ਕਿ ਹਿੰਦੂ ਮਤਿ ਵਿਚ ਪਰਮਾਤਮਾ ਦੀ ਉਪਾਸ਼ਨਾ ਕਰਨ ਦੀ ਬਜਾਏ, ਦੇਵਤਿਆਂ ਦੀ ਪੂਜਾ ਅਤੇ ਅਵਤਾਰ ਪੂਜਾ ਸ਼੍ਰੋਮਣੀ ਚੀਜ਼ ਮੰਨੀ ਗਈ ਹੈ। ਇਹੀ ਵੱਡਾ ਕਾਰਣ ਹੈ ਕਿ ਗੁਰਮਤਿ ਵਿਚ ਬਾਰ ਬਾਰ ਦੇਵ ਪੂਜਾ ਅਤੇ ਅਵਤਾਰ ਪੂਜਾ ਦਾ ਖੰਡਨ ਸੁਬੱਲਤ ਸ਼ਬਦਾਵਲੀ ਦੁਆਰਾ ਕੀਤਾ ਗਿਆ ਹੈ। ਗੁਰਮਤਿ ਵਿਚ ਨਿਰੋਲ ਇਕ ਵਾਹਿਗੁਰੂ ਦੀ ਉਪਾਸ਼ਨਾ ਕਰਨੀ ਹੀ ਦਰਗਾਹੀ ਹੁਕਮ ਹੈ, ਜਿਵੇਂ :

ਇਕਸੁ ਵਿਣੁ ਹੋਰੁ ਦੂਜਾ ਨਾਹੀ ਬਾਬਾ ਨਾਨਕ ਇਹ ਮਤਿ ਸਾਰੀ ਜੀਉ ॥੪॥

(ਮਾਝ ਮ: ੫, ਪੰਨਾ 108/3)

ਜਿਵੇਂ ਆਪ ਜੀ ਉਕਤ ਵੈਦਿਕ ਲਿਖਤਾਂ ਵਿਚ ਇੰਦਰ ਅਤੇ ਅਗਨ ਦੇਵਤਾ ਦੀ ਪੂਜਾ ਪ੍ਰਤਿ ਪੜ੍ਹ ਆਏ ਹੋ, ਆਪ ਜੀ ਦੀ ਦਿਲਚਸਪੀ ਵਾਸਤੇ ਦੇਵ ਪੂਜਾ ਪ੍ਰਤਿ ਇਕ ਹੋਰ ਗਾਥਾ *ਸ੍ਰੀ ਮਦ ਭਾਗਵਤ ਪੁਰਾਣ* ਵਿਚੋਂ ਦਿੱਤੀ ਜਾ ਰਹੀ ਹੈ, ਤਾਂਕਿ ਆਪ ਜੀ ਨੂੰ ਸਹੀ ਜਾਣਕਾਰੀ ਪ੍ਰਾਪਤ ਹੋ ਸਕੇ ਕਿ ਹਿੰਦੂ ਭਾਈਚਾਰਾ ਇਕਾਂਗੀ ਵਿਸ਼ਵਾਸ ਨਹੀਂ ਹੈ ਬਲਕਿ ਬਹੁ ਦੇਵਵਾਦੀ ਜੀਵਨ ਧਾਰਾ ਹੈ। "ਯਹ ਪ੍ਰਸੰਗ ਸੁਨਾਇ ਸੁਕਦੇਵ ਜੀ ਨੇ ਰਾਜਾ ਪ੍ਰੀਛਤ ਸੇ ਕਹਾ—ਹੇ ਰਾਜਨ! ਏਕ ਸਮਯ ਕੱਸ਼ਪ ਕਾ ਪੁੱਤਰ ਬ੍ਰਕਾਸੁਰ ਤਪ ਕਰਨੇ ਕੀ ਅਭਿਲਾਖਾ ਕਰ ਘਰ ਸੇ ਨਿਕਲਾ, ਤੋ ਰਸਤੇ ਮੇਂ ਨਾਰਦ ਜੀ ਮਿਲੇ, ਨਾਰਦ ਜੀ ਕੋ ਦੇਖਤੇ ਹੀ ਉਸ ਨੇ ਡੰਡਵਤ ਕਰ ਹਾਥ ਜੋੜ ਸਨਮੁਖ ਖੜਾ ਹੋ ਅਤੀ ਦੀਨਤਾ ਸੇ ਪੂਛਾ ਕਿ ਮੁਨੀ ਨਾਥ ਬ੍ਰਹਮਾ ਬਿਸ਼ਨ ਮਹਾਂਦੇਵ ਇਨ ਤੀਨੋਂ ਦੇਵਤੋਂ ਮੇਂ ਸ਼ੀਘਰ ਬਰਦਾਤਾ ਕੌਣ ? ਸੋ ਕ੍ਰਿਪਾ ਕਰ ਕਹੋ ਤੋ ਮੈਂ ਉਸ ਕੀ ਤਪੱਸਿਆ ਕਰੂੰ। ਨਾਰਦ ਜੀ ਬੋਲੇ ਕਿ ਹੇ ਬ੍ਰਕਾਸੁਰ! ਇਨ ਤੀਨ ਦੇਵਤੋਂ ਮੇਂ ਮਹਾਂਦੇਵ ਬੜੇ ਵਰਦਾਇਕ ਹੈਂ, ਇਨ ਕੋ ਨਾ ਰੀਝਤੇ ਦੇਰ ਨਾ ਖੀਝਤੇ ਬਿਲੰਬ। ਦੇਖੋ ਸ਼ਿਵਜੀ ਨੇ ਥੋੜਾ ਸਾ ਤਪ ਕਰਨੇ ਸੇ ਪ੍ਰਸੰਨ ਹੋ ਸਹੰਸਰ ਬਾਹੂ ਕੋ ਸਹੰਸਰ ਹਾਥ ਦੀਏ ਔਰ ਬੜੇ ਅਪਰਾਧ ਸੇ ਉਸਕਾ ਨਾਸ ਕੀਆ। ਮਹਾਰਾਜ! ਇਤਨਾ ਕਹਿ ਕਰ ਨਾਰਦ ਮੁਨੀ ਤੋ ਚਲੇ ਗਏ ਔਰ ਬ੍ਰਕਾਸੁਰ ਮਹਾਂਦੇਵ ਕਾ ਅਤੀ ਕਠਨ ਤਪ ਅਗਨ ਮੇਂ ਸਰੀਰ ਕਾਟ ਕਾਟ ਕਰ ਕਰਨੇ ਲਗਾ।"

॥ਦੋਹਰਾ॥ ਸ਼ਿਵ ਕੀ ਮੂਰਤ ਧਿਆਨ ਕਰ ਅਗਨ ਕੁੰਡ ਕੇ ਤੀਰ ॥
ਬੈਠਯੋ ਆਸਨ ਮਾਰ ਕੇ ਹੋਮਨ ਲਗਯੋ ਸਰੀਰ ॥[1]

ਜਬ ਸਾਤ ਦਿਨ ਕੇ ਬੀਚ ਉਸ ਨੇ ਆਪਣੇ ਸਰੀਰ ਕਾ ਮਾਸ ਛੁਰੀ ਸੇ

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 10, ਅਧਿਆਇ 88, ਪੰਨੇ 483-84.

ਕਾਟ ਕਾਟ ਕਰ ਹਵਨ ਕਰ ਦੀਆ, ਜਬ ਆਠਵੇਂ ਦਿਨ ਛੁਰੀ ਸੇ ਕਾਟਨੇ ਕਾ ਆਰੰਭ ਕੀਆ ਤਬ ਭੋਲਾ ਨਾਥ ਨੇ ਆਇ ਉਸ ਕਾ ਹਾਥ ਪਕੜਾ ਔਰ ਕਹਾ ਮੈਂ ਤੁਝਸੇ ਬਹੁਤ ਪ੍ਰਸੰਨ ਹੂਆ ਹੂੰ। ਜੋ ਤੇਰੀ ਇੱਛਯਾ ਮੇਂ ਆਵੇ ਸੋ ਬਰ ਮਾਂਗ। ਮੈਂ ਤੁਝ ਸੇ ਅਬੀ ਦੇਵਾਂਗਾ। ਇਤਨਾ ਬਚਨ ਸ਼ਿਵਜੀ ਕੇ ਮੁਖ ਸੇ ਨਿਕਲਤੇ ਹੀ ਬ੍ਰਿਕਾਸੁਰ ਹਾਥ ਜੋੜ ਕਰ ਬੋਲਾ।

ਦੋਹਰਾ॥ ਐਸਾ ਬਰ ਦੀਜੈ ਮੁਝੇ ਜਾਂ ਕੇ ਸਿਰ ਧਰੌਂ ਹਾਥ॥
ਭਸਮ ਹੋਇ ਸੁ ਪਲਕ ਮੇਂ ਕਰਹੁ ਕ੍ਰਿਪਾ ਤੁਮ ਨਾਥ॥[1]

ਮਹਾਰਾਜ ਸ਼ਿਵਜੀ ਨੇ ਕਹਾ—ਏਹ ਸਮਝ, ਤੂੰ ਐਸੇ ਹੀ ਹੋਗਾ। ਜਬ ਬਰ ਪਾਇ ਜਾਨੇ ਲਗਾ ਤਬ ਉਸ ਕਾ ਧਿਆਨ ਪਾਰਬਤੀ ਕੇ ਊਪਰ ਜਾ ਪੜਾ ਤੋ ਉਸਕੇ ਸਰੂਪ ਪਰ ਮੋਹਤ ਹੋ ਮਨ ਮੇਂ ਕਹਿਨੇ ਲਗਾ ਕਿ ਪਹਿਲੇ ਤੋ ਸ਼ਿਵਜੀ ਕੋ ਭਸਮ ਕਰ ਪਾਰਬਤੀ ਕੋ ਲੇਨਾ ਚਾਹੀਏ। ਯਹ ਸੋਚ ਸ਼ਿਵਜੀ ਕੇ ਸਿਰ ਪਰ ਹਾਥ ਧਰਨੇ ਲਗਾ, ਉਸ ਕਾਲ ਸ਼ਿਵਜੀ ਆਸਨ ਛੋਡ ਭਾਗ ਚਲੇ ਔਰ ਪੀਛੇ ਵੁਹ ਭੀ ਚਲਾ, ਜਬ ਸ਼ਿਵਜੀ ਦੌੜਤੇ ਦੌੜਤੇ ਵਿਆਕੁਲ ਹੁਏ ਤਬ ਬੈਕੁੰਠ ਨਾਥ ਕੀ ਸ਼ਰਨ ਗਏ। ਉਨ ਕੋ ਬਹੁਤ ਦੁਖੀ ਦੇਖ ਭਗਤ ਹਿਤਕਾਰੀ, ਬੈਕੁੰਠ ਨਾਥ ਸ੍ਰੀ ਮੁਰਾਰੀ, ਕਰੁਣਾ ਨਿਧਾਨ, ਕਰੁਣਾ ਕਰ ਬ੍ਰਾਹਮਣ ਕਾ ਭੇਖ ਬਨਾਇ ਬ੍ਰਿਕਾਸਰ ਕੇ ਸਨਮੁਖ ਜਾਇ ਬਹੁਤ ਨਿਮਰਤਾ ਸੇ ਬੋਲੇ ਕਿ ਅਸੁਰਰਾਇ! ਤੁਮ ਇਸ ਬਾਵਲੇ ਕੀ ਪੀਛੇ ਕਿਉਂ ਦੌੜੇ ਜਾਤੇ ਹੋ, ਯਿਹ ਮੁਝੇ ਸਮਝਾ ਕਰ ਕਹੋ। ਬਾਤ ਕੇ ਸੁਨਤੇ ਹੀ ਬ੍ਰਿਕਾਸੁਰ ਨੇ ਸਭ ਭੇਦ ਕਹਿ ਸੁਨਾਇਆ। ਪੁਨਾ: ਭਗਵਾਨ ਬੋਲੇ ਕਿ ਹੇ ਅਸੁਰਰਾਇ! ਤੁਮ ਜੈਸਾ ਸਿਆਣਾ ਧੋਖੇ ਮੇਂ ਆਇ ਬੜੇ ਅਸਚਰਜ ਕੀ ਬਾਤ ਹੈ, ਇਸ ਨੰਗੇਮਨੰਗੇ ਧਤੂਰਾ ਖਾਨੇ ਵਾਲੇ ਯੋਗੀ ਕੀ ਬਾਤ ਕੌਣ ਸੱਚ ਮਾਨੇਗਾ, ਇਹ ਸਦਾ ਸੁਆਹ ਮਲ ਕਰ ਸਰਪ ਗਲ ਮੇਂ ਡਾਲ ਡਰਾਵਨੀ ਸੂਰਤ ਭੂਤ ਪ੍ਰੇਤੋਂ ਕੇ ਸੰਗ ਸ਼ਮਸ਼ਾਨ ਮੇਂ ਰਹਿਤਾ ਹੈ, ਹਮਾਰੇ ਜੀ ਮੇਂ ਤੋ ਇਸ ਕੀ ਬਾਤ ਸਚੀ ਮਾਲੂਮ ਨਹੀਂ ਹੋਤੀ ਜੋ ਤੁਮ ਇਸ ਬਾਤ ਕੋ ਸੱਚ ਮਾਨਤੇ ਹੋ ਔਰ ਮੇਰਾ ਕਹਾ ਝੂਠ ਮਾਨਤੇ ਹੋ ਤੋ ਅਜ਼ਮਾਇਸ਼ ਕਰ ਅਪਨੇ ਸਿਰ ਪਰ ਹਾਥ ਧਰ ਦੇਖੋ। ਮਹਾਰਾਜ! ਪ੍ਰਭੂ ਕੇ ਮੁਖ ਸੇ ਇਹ ਬਾਤ ਸੁਨ ਦੈਤ ਮਾਇਆ ਕੇ ਵੱਸ ਅਗਿਆਨੀ ਹੂਆ, ਜੋ ਆਪਣੇ ਸਿਰ ਪਰ ਹਾਥ ਰਖਾ ਤੋ ਜਲ ਕਰ ਭਸਮ ਕਾ ਢੇਰ ਹੋ ਗਿਆ। ਅਸੁਰ ਕੇ ਮਰਤੇ ਹੀ ਸੁਰਗ ਮੇਂ ਬੜਾ ਅਨੰਦ ਹੂਆ। ਬਾਜੇ ਬਜਨੇ ਲਗੇ ਦੇਵਤੇ ਜੈ ਜੈਕਾਰ ਕਰ ਸ੍ਰੀ ਬੈਕੁੰਠ ਨਾਥ ਪਰ ਫੂਲ ਬਰਖਾਨੇ ਲਗੇ ਔਰ ਸ਼ਿਵਜੀ ਨੇ ਭੀ ਮਹਾਰਾਜ ਕੀ ਬਹੁਤ ਸੀ ਉਸਤਤ ਕਰ ਔਰ ਵਿਦਾ ਹੋ ਕੈਲਾਸ਼ ਪਰ ਆਏ।

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 10, ਅਧਿਆਇ 88, ਪੰਨੇ 483-84.

ਸ੍ਰੀ ਸੁਕਦੇਵ ਜੀ ਬੋਲੇ—ਹੇ ਰਾਜਨ! ਇਸ ਪ੍ਰਸੰਗ ਕੋ ਜੋ ਸੁਨੇ ਯਾ ਸੁਨਾਵੇਗਾ ਸੋ ਨਿਰਸੰਦੇਹ ਪਰਮਪਦ ਪਾਵੇਗਾ।

ਸੁਹਿਰਦ ਪਾਠਕ ਜਨਾਂ ਦੀ ਵਧੇਰੇ ਜਾਣਕਾਰੀ ਹਿਤ, ਉਕਤ ਦਰਸਾਈ ਕੇਵਲ ਇਕ ਮਿਥਿਹਾਸਿਕ ਰਵਾਇਤ ਦਰਜ ਕੀਤੀ ਗਈ ਹੈ। ਐਸੀਆਂ ਅਨੇਕਾਂ ਹੀ ਹੋਰ ਕਥਾ ਕਹਾਣੀਆਂ ਹਿੰਦੂ ਮਿਥਿਹਾਸ ਵਿਚੋਂ ਵੇਖੀਆਂ ਅਤੇ ਸੁਣੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿਚ ਇਕਾਂਗੀ ਵਿਸ਼ਵਾਸ ਦੇ ਥਾਂ ਦੇਵ ਪੂਜਾ, ਬਿਰਖ ਪੂਜਾ, ਗਊ ਪੂਜਾ, ਨਦੀ ਪੂਜਾ, ਸੂਰਜ ਪੂਜਾ, ਚੰਦ੍ਰਮਾ ਪੂਜਾ, ਪਸ਼ੂ ਪੂਜਾ, ਬਲਕਿ ਸ਼ਿਵ ਲਿੰਗ ਪੂਜਾ ਕਰਨੀ ਇਕ ਸਾਧਾਰਨ ਰੀਤੀ ਹੀ ਆਖੀ ਜਾ ਸਕਦੀ ਹੈ। ਸ਼ਿਵ ਲਿੰਗ ਪੂਜਾ ਪ੍ਰਤਿ ਸ੍ਰੀ ਰਾਮਚੰਦਰ ਜੀ ਦਾ ਕਥਨ ਹੈ, ਜਿਸ ਦਾ ਪ੍ਰਗਟਾਵਾ ਗੁਸਾਈਂ ਤੁਲਸੀ ਦਾਸ ਜੀ ਨਿਮਨ ਲਿਖਤ ਦੁਆਰਾ ਕਰਦੇ ਹਨ, ਜਿਵੇਂ:

ਪਰਮ ਰਮਜ ਉਤਮ ਯਹ ਧਰਨੀ॥ ਮਹਿਮਾ ਅਮਿਤ ਜਾਇ ਨ ਬਰਨੀ॥
ਕਰਿਹਉ ਈਹਾਂ ਸੰਭੁ ਥਾਪਨਾ॥ ਮੇਰੇ ਹ੍ਰਿਦੈ ਪਰਮ ਕਲਪਨਾ॥
ਸੁਨਿ ਕਪੀਸ (ਬੰਦਰਾਂ ਦੇ ਰਾਜੇ ਨੇ) ਬਹੁ ਦੂਤ ਪਠਾਏ॥
ਮੁਨਿਵਰ ਸਕਲ ਬੋਲਿ ਲੈ ਆਏ॥
ਲਿੰਗ ਥਾਪਿ ਬਿਧਿਵਤ ਕਰਿ ਪੂਜਾ॥ ਸ਼ਿਵ ਸਮਾਨਿ ਪ੍ਰਿਯ ਮੋਹਿ ਨ ਦੂਜਾ॥
ਸ਼ਿਵ ਦ੍ਰੋਹੀ ਮਮ ਭਗਤ ਕਹਾਵਾਂ॥ ਸੋ ਨਰ ਸੁਪਨਿਹੁੰ ਮੋਹਿ ਨ ਪਾਵਾਂ॥
ਸ਼ੰਕਰ ਬਿਮੁਖ ਭਗਤਿ ਚਹਿ ਮੋਰੀ॥ ਸੋ ਨਾਰ ਕੀ ਮੂਢ ਮਤਿ ਥੋਰੀ॥[1]

ਜਨਨ ਇੰਦ੍ਰਯ ਸਮਾਨ ਸ਼ਿਵ ਇੰਦ੍ਰੀ ਦਾ ਚਿੰਨ੍ਹ ਜਿਸਨੂੰ ਸ਼ਿਵ ਹਿਤਕਾਰੀ ਅਤਿ ਪ੍ਰੇਮ ਸਹਿਤ ਪੂਜਦੇ ਹਨ। ਹਿੰਦੂਆਂ ਵਿਚ ਬਾਰਹ ਮੂਰਤੀਆਂ ਹਨ ਜਿਨ੍ਹਾਂ ਵਿਚੋਂ ਉਕਤ ਦਰਸਾਈ ਸ਼ਿਵਲਿੰਗ ਮੂਰਤੀ 'ਰਾਮੇਸ਼ਵਰ' ਵਿਚ ਹੈ, ਜਿਸ ਦੀ ਪੂਜਾ ਰਾਮ ਜੀ ਨੇ ਕੀਤੀ।

ਹਿੰਦੂ ਮਤਿ ਵਿਚ ਅਠਾਰਹ ਪੁਰਾਣ ਹਨ ਜਿਨ੍ਹਾਂ ਵਿਚ ਅਧਿਕ ਤੌਰ 'ਤੇ ਮਨੋਕਲਪਤ ਕਥਾ ਕਹਾਣੀਆਂ ਦੀ ਭਰਮਾਰ ਵੇਖੀ ਜਾ ਸਕਦੀ ਹੈ। *ਦੇਵੀ ਭਾਗਵਤ* ਵਿਚ ਲੇਖ ਹੈ ਕਿ ਸ਼ਿਵ ਲਿੰਗ ਦਾ ਅੰਤ ਬ੍ਰਹਮਾ ਅਤੇ ਵਿਸ਼ਨੂੰ ਨੂੰ ਭੀ ਪ੍ਰਾਪਤ ਨਹੀਂ ਹੋਇਆ। *ਸਕੰਧ ਪੁਰਾਣ* ਵਿਚ ਜ਼ਿਕਰ ਆਇਆ ਹੈ ਕਿ ਇਕ ਵਾਰ ਸ਼ਿਵ ਦੀ ਅਯੋਗ ਕਰਤੂਤ ਨੂੰ ਵੇਖ ਕੇ ਰਿਖੀਆਂ ਨੇ ਸ੍ਰਾਪ ਦਿੱਤਾ ਜਿਸ ਤੋਂ ਲਿੰਗ ਝੜ ਕੇ ਡਿੱਗ ਪਿਆ ਔਰ ਉਸੇ ਸਮੇਂ ਤੋਂ ਪੂਜਜ ਚਿੰਨ੍ਹ ਹੋਇਆ। ਲਿੰਗ ਦੀਆਂ ਬਾਰਹ ਸ਼ਿਲਾ ਹਨ ਜਿਨ੍ਹਾਂ ਨੂੰ 'ਦੁਆਦਸ ਸ਼ਿਲਾ' ਦੇ ਨਾਮ ਦੁਆਰਾ ਪੁਕਾਰਿਆ ਜਾਂਦਾ ਹੈ। ਸ਼ਿਵ ਲਿੰਗ ਦੀਆਂ ਬਾਰਹ ਸ਼ਿਲਾ ਦਾ ਪਸਾਰਾ ਸਮੂਲਚੇ

---

1. *ਖ਼ਾਲਸਈ ਵਚਿਤਰਤਾ*, ਕਾਂਡ 4-5, *ਸ਼ਿਵਲਿੰਗ ਸਥਾਪਨਾ ਤੇ ਪੂਜਾ*, ਪੰਨਾ 172, ਵਲੋਂ ਸੰਤਾ ਸਿੰਘ ਤਾਤਲੇ। *ਰਾਮਾਇਣ*, ਅਧਿਆਇ 27, ਸ਼ਲੋਕ 5, ਪੰਨਾ 690.

ਭਾਰਤ ਦੇਸ਼ ਵਿਚ ਫੈਲਿਆ ਹੋਇਆ ਹੈ, ਜਿਨ੍ਹਾਂ ਦੀ ਪੂਜਾ ਸਮੁੱਚੇ ਹਿੰਦੂ ਭਾਈਚਾਰੇ ਵਿਚ ਇਸਤ੍ਰੀ ਪੁਰਸ਼ ਸਾਰੇ ਹੀ ਕਰਦੇ ਹਨ। ਹਿੰਦੂ ਜਾਤੀ ਵਿਚ ਪਰਸਪਰ ਮਤਭੇਦ ਦੇ ਕਾਰਨ ਇਹ ਮੂਰਤੀਆਂ ਭਿੰਨ ਭਿੰਨ ਦੇਵੀ ਦੇਵਤਿਆਂ ਦੇ ਨਾਮ ਥੱਲੇ ਵੱਖਰੇ ਵੱਖਰੇ ਬਾਰਹ ਥਾਵਾਂ 'ਤੇ ਸਥਾਪਤ ਕੀਤੀਆਂ ਗਈਆਂ ਹਨ। ਜਿਵੇਂ ਵਿਸ਼ਨੂੰ, ਲਕਸ਼ਮੀ, ਸ਼ਿਵ, ਪਾਰਬਤੀ, ਬ੍ਰਹਮਾ, ਸਰਸ੍ਵਤੀ, ਗਣੇਸ਼, ਕਾਲੀ, ਭੈਰਵ, ਸੂਰਜ, ਇੰਦਰ ਅਤੇ ਯਮ ਹਨ। ਵੈਭਨਾਥ ਮਹਾਤਮ ਅਨੁਸਾਰ ਸ਼ਿਵ ਦੇ ਬਾਰਹ ਜੋਤਲਿੰਗ ਹਨ। ਜਿਵੇਂ :

1. ਦੁਆਰਕਾ ਨਗਰੀ ਤੋ ਲਗਪਗ ਇਕ ਸੌ ਮੀਲ ਪੂਰਵ ਪਰਿਭਾਸ ਖੇਤਰ ਵਿਚ 'ਸੋਮਨਾਥ' ਮੰਦਰ ਜਿਸ ਵਿਚ ਸਥਾਪਨ ਕੀਤੀ ਸ਼ਿਵਲਿੰਗ ਮੂਰਤੀ ਨੂੰ ਮਾਰਚ, ਸੰਨ 1024 ਵਿਚ ਮਹਿਮੂਦ ਗ਼ਜ਼ਨਵੀ ਨੇ ਭੰਨ ਤੋੜ ਕੇ ਮਨ ਭਾਵਤ ਧਨ ਦੌਲਤ ਪ੍ਰਾਪਤ ਕੀਤਾ।
2. ਦੱਖਣ ਦੇਸ਼ ਵਿਚ ਜੋ ਕਿਸ਼ਕਿੰਧਾ ਦੇ ਲਾਗੇ ਸ਼੍ਰੀਸ਼ੈਲ ਨਾਮੀ ਪਹਾੜ 'ਤੇ 'ਮੱਲਿਕਾਰਜੁਨ' ਜੋ ਕ੍ਰਿਸ਼ਨਾ ਨਦੀ ਦੇ ਕਿਨਾਰੇ ਹੈ।
3. ਉਜੈਨ ਪੁਰੀ ਵਿਚ 'ਮਹਾਂਕਾਲ ਸ਼ਿਵਲਿੰਗ' ਜਿਸ ਨੂੰ ਸੰਨ 1231 ਵਿਚ ਬਾਦਸ਼ਾਹ ਅਲਿਤਮਸ਼, ਪੁੱਟ ਕੇ ਦਿੱਲੀ ਵਿਚ ਲੈ ਗਿਆ, ਉਥੇ ਜਾ ਕੇ ਇਸ ਮੂਰਤੀ ਨੂੰ ਖ਼ਤਮ ਕੀਤਾ ਗਿਆ।
4. ਨਰਬਦਾ ਨਦੀ ਦੇ ਕਿਨਾਰੇ ਅਮਰੇਸ਼੍ਵਰ ਵਿਚ ਓਅੰਕਾਰ ਮੰਦਰ ਮੂਰਤੀ ਸ਼ਿਵਲਿੰਗ।
5. ਗਯਾ ਨਗਰੀ ਦੇ ਪਾਸ, ਦੇਵਗੜ੍ਹ ਵਿਚ 'ਵੈਦਜ ਨਾਥ ਮੰਦਰ ਮੂਰਤੀ'।
6. ਦੱਖਣ ਵਿਚ ਪੂਨਾ ਨਗਰੀ ਦੇ ਪਾਸ ਸਾਕਿਨੀ ਨਦੀ ਦੇ ਕਿਨਾਰੇ 'ਭੀਮਸ਼ੰਕਰ ਸ਼ਿਵਲਿੰਗ'।
7. ਦੱਖਣ ਦੇਸ਼ ਰਾਮੇਸ਼ਵਰ ਨਾਮੀ ਨਗਰੀ ਵਿਚ 'ਸੇਤਬੰਧ ਪੁਲ' ਜਿਸ ਦਾ ਜ਼ਿਕਰ ਲੰਕਾ ਯੁੱਧ ਦੇ ਸਮੇਂ ਕੀਤਾ ਗਿਆ ਹੈ।
8. ਦੁਆਰਕਾ ਨਗਰੀ ਤੋਂ ਲਗਪਗ ਪੰਜ ਮੀਲ ਤੋਂ ਵਿੱਥ 'ਤੇ ਬਣਿਆ 'ਨਾਗੇਸ਼ਵਰ ਸ਼ਿਵਲਿੰਗ'।
9. ਕਾਸ਼ੀ ਨਗਰੀ ਵਿਚ 'ਵਿਸ਼ੇਸ਼ਵਰ' ਨਾਮੀ ਸ਼ਿਵਲਿੰਗ।
10. ਗੋਦਾਵਰੀ ਨਦੀ ਕਿਨਾਰੇ ਪੰਚਵੱਟੀ ਪਾਸ 'ਤ੍ਰੈਯੰਬਕ' ਨਾਮੀ ਸ਼ਿਵਲਿੰਗ।
11. ਹਿਮਾਲਿਆ ਖੇਤਰ ਵਿਚ ਬਦਰੀ ਨਾਰਾਯਣ ਪਾਸ 'ਕੇਦਾਰਨਾਥ ਸ਼ਿਵਲਿੰਗ'।
12. ਦੱਖਣ ਵਿਚ ਔਰੰਗਾਬਾਦ ਦੇ ਪਾਸ ਧ੍ਰਿਸ਼ਣੇਸ੍ਵਰ। (ਇਨ੍ਹਾਂ ਬਾਰਹ ਲਿੰਗ ਮੂਰਤੀਆਂ ਪ੍ਰਥਾਇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫ਼ੁਰਮਾਨ ਆਇਆ

ਹੈ ਕਿ ਸਾਧੂ ਦਾ ਦੋਖੀ ਬਾਰਹ ਲਿੰਗ ਸ਼ਿਵਾ ਦੀ ਪੂਜਾ ਕਰਦਾ ਹੋਇਆ ਭੀ ਮਾਣਸ ਜਨਮ ਨੂੰ ਬੇ-ਅਰਥ ਹੀ ਵੰਞਾ ਜਾਂਦਾ ਹੈ।) ਜਿਵੇਂ :

[1]ਜੇ ਓਹੁ ਦੁਆਦਸ ਸਿਲਾ ਪੂਜਾਵੈ ॥
ਜੇ ਓਹੁ ਕੂਪ ਤਟਾ ਦੇਵਾਵੈ ॥
ਕਰੈ ਨਿੰਦ ਸਭ ਬਿਰਥਾ ਜਾਵੈ ॥੧॥

ਜਿਨ੍ਹਾਂ ਦੇਵਤਿਆਂ ਦੀ ਪੂਜਾ ਹਿੰਦੂ ਮਤਿ ਵਿਚ ਕੀਤੀ ਜਾਂਦੀ ਹੈ, ਉਨ੍ਹਾਂ ਦੀ ਗਾਥਾ ਲਿਖਣ ਲੱਗਿਆਂ ਲਿਖਾਰੀ ਦੀ ਕਲਮ ਸਵੈਮ ਹੀ ਰੁਕ ਜਾਂਦੀ ਹੈ। ਜਿਵੇਂ ਦੱਖਜ ਰਿਸ਼ੀ ਦੀ ਰਵਾਇਤੀ ਕਥਾ ਆਪ ਜੀ ਦੀ ਗਿਆਨ ਪ੍ਰਣਾਲੀ ਵਿਚ ਵ੍ਰਿਧੀ ਕਰਨ ਹਿਤ, ਪੇਸ਼ ਕੀਤੀ ਜਾ ਰਹੀ ਹੈ। ਇਕ ਨਿਮਲੋਚਾ ਨਾਮ ਦੀ ਕੰਨਿਆ ਜੋ ਵਿਸ਼ਵਾਮਿੱਤਰ ਅਤੇ ਮੇਨਕਾ ਨਾਮੀ ਅਪੱਛਰਾ ਦੇ ਸੰਜੋਗ ਤੋਂ ਉਤਪੰਨ ਹੋਈ, ਉਸ ਦਾ ਵਿਵਾਹ ਪ੍ਰਚੇਤੋਂ ਨਾਮੀ ਰਾਜ ਕੁਮਾਰ ਨਾਲ ਕੀਤਾ ਗਿਆ, ਜਿਸ ਦੇ ਉਦਰ ਤੋਂ ਦੱਖਯਾ ਨਾਮੀ ਪੁੱਤਰ ਨੇ ਜਨਮ ਲਿਆ। ਪ੍ਰਚੇਤੋਂ ਰਾਜ ਕੁਮਾਰ ਨੇ ਆਪਣੇ ਪਿਤਾ ਦਾ ਉਜੜਿਆ ਹੋਇਆ ਰਾਜ ਸਥਾਪਨ ਕਰਨ ਹਿਤ ਭਗਵਾਨ ਜੀ ਦਾ ਤਪ ਕੀਤਾ। ਉਪਰੰਤ ਉਸ ਨੇ ਪੰਚ ਜਨਜ ਪਰਜਾਪਤਿ ਦੀ ਪੁੱਤਰੀ 'ਅਸ਼ਕੀ' ਨਾਲ ਵਿਵਾਹ ਕੀਤਾ। ਸੁਕਦੇਵ ਜੀ ਬੋਲੇ—ਹੇ ਰਾਜਨ! ਦੱਖਯ ਕੋ ਉਸੀ ਇਸਤ੍ਰੀ ਸੇ ਮੈਥਨ ਕਰ ਕੇ ਜਦ ਦਸ ਹਜ਼ਾਰ ਪੁਤਰ ਹੋਏ ਤਬ ਦੱਖਯ ਨੇ ਸਭ ਕਾ ਨਾਮ ਹਰਯਸੱਵ ਰੱਖ ਕਰ ਉਨ ਸੇ ਕਹਾ ਕਿ ਪਹਿਲੇ ਤੁਮ ਲੋਗ ਪ੍ਰਮੇਸ਼ਰ ਕਾ ਤਪ ਕਰ ਕੇ ਪੀਛੇ ਸੇ ਸੰਤਾਨ ਉਤਪੰਨ ਕਰੋ।[2]

ਉਕਤ ਦਰਸਾਈਆਂ ਦੋ ਮਨਘੜਤ ਰਵਾਇਤੀ ਕਥਾ ਕਹਾਣੀਆਂ ਇਸ ਵਾਸਤੇ ਲਿਖੀਆਂ ਗਈਆਂ ਹਨ ਤਾਂਕਿ ਅਸਾਨੂੰ ਇਹ ਗਿਆਨ ਹੋ ਸਕੇ ਕਿ ਵਾਸਤਵਿਕ ਤੌਰ 'ਤੇ ਹਿੰਦੂ ਧਾਰਾ ਕਿਥੋਂ ਕੁ ਤਕ ਹਿੰਦੁਸਤਾਨੀ ਪਰਜਾ ਨੂੰ ਇਨ੍ਹਾਂ ਮਨੋਕਲਪਤ ਕਥਾ ਕਹਾਣੀਆਂ ਦੁਆਰਾ ਗੁੰਮਰਾਹ ਕਰਦੀ ਰਹੇਗੀ। ਇਕ ਔਰਤ ਤੋਂ ਦਸ ਹਜ਼ਾਰ ਪੁੱਤਰਾਂ ਦੀ ਪੈਦਾਇਸ਼, ਇਕ ਅਤੋਲਵਾਂ ਕੁਫ਼ਰ ਹੀ ਆਖਿਆ ਜਾ ਸਕਦਾ ਹੈ। ਉਹ ਕਿਤਨੇ ਅਗਿਆਨੀ ਅਤੇ ਕੌਮ ਧ੍ਰੋਹੀ ਲੋਕ ਹੋਣਗੇ ਜੋ ਆਰ.ਐਸ.ਐਸ. ਵਿਚ ਜੁੜ ਕੇ ਸਿਖ ਕੌਮ ਦੀ ਤਬਾਹੀ ਦਾ ਕਾਰਣ ਬਣਦੇ ਜਾ ਰਹੇ ਹਨ?

ਦੇਵਤਿਆਂ ਦੀਆਂ ਰਵਾਇਤੀ ਕਥਾ ਕਹਾਣੀਆਂ ਤਾਂ ਹੋਰ ਭੀ ਬਹੁਤ ਹਨ ਪ੍ਰੰਤੂ ਆਪ ਜੀ ਦੀ ਵਧੇਰੇ ਜਾਣਕਾਰੀ ਹਿਤ, ਸ਼ਿਵ ਦੇਵਤੇ ਪ੍ਰਤਿ ਇਕ

---

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਗੋਂਡ ਰਵਿਦਾਸ ਜੀ, ਪੰਨਾ 875, ਅਤੇ *ਮਹਾਨ ਕੋਸ਼*, ਪੰਨਾ 639, ਦੁਆਦਸ ਸਿਲਾ।
2. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 6, ਅਧਿ: 5, ਪੰਨਾ 194.

ਹੋਰ ਗਾਥਾ ਸੁਣਨੀ ਭੀ ਸੁਹਿਰਦ ਪਾਠਕ ਜਨਾਂ ਦੀ ਦਿਲਚਸਪੀ ਦਾ ਬਾਇਸ ਹੋਵੇਗੀ। *ਸ੍ਰੀ ਮਦ ਭਾਗਵਤ ਪੁਰਾਣ* ਵਿਚ ਜ਼ਿਕਰ ਕੀਤਾ ਗਿਆ ਹੈ ਕਿ ਸ਼ਿਵ ਭੋਲੇ ਨਾਥ ਜੀ ਵਿਸ਼ਨੂੰ ਜੀ ਕੇ ਪਾਸ ਗਏ, ਔਰ ਮੋਹਨੀ ਕਾ ਰੂਪ ਦੇਖਨੇ ਕੇ ਲੀਏ ਜ਼ਿਦ ਕੀ। ਜਬ ਭਗਵਾਨ ਜੀ ਨੇ ਮੋਹਨੀ ਕਾ ਰੂਪ ਦਿਖਲਾਇਆ ਤਬ ਸ਼ਿਵ ਜੀ ਮੋਹਨੀ ਕਾ ਰੂਪ ਦੇਖਤੇ ਹੀ ਕਾਮਾਤਰ ਹੋ ਗਏ। ਮਿਰਗਛਾਲਾ ਫੈਂਕ ਦੀ, ਪਾਰਬਤੀ ਕੋ ਇਕੇਲੀ ਛੋਡ ਕਰ ਮੋਹਨੀ ਕੀ ਤਰਫ਼ ਨੰਗੇ ਚਲੇ। ਵਹ ਆਗੇ ਚਲੀ ਜਾਤੀ ਹੈ ਅਲਗ਼ਰਜ਼ੋਂ ਕੀ ਤਰਹ ਸ਼ਿਵਜੀ ਮੋਹਤ ਹੋਤੇ ਹੈਂ। ਜਿਸ ਤਰਹ ਸਾਨ੍ਹ ਗਊ ਕੇ ਪੀਛੇ ਭਾਗਤਾ ਹੈ। ਮਹਾਂਦੇਵ ਕਾਮ ਮੇਂ ਵਿਆਕੁਲ ਹੂਏ, ਕਾਮ ਕੀ ਬਾਗ਼ ਛੂਟ ਗਈ ਔਰ ਬੀਰਜ ਚਲ ਪੜਾ। ਤਬ ਦੌੜ ਕਰ ਸ਼ਿਵਜੀ ਉਸ ਮੋਹਨੀ ਕੋ ਆਪਨੇ ਗਲੇ ਸੇ ਲਗਾਨਾ ਚਾਹੇਂ। ਜਹਾਂ ਜਹਾਂ ਮਹਾਂ ਦੇਵ ਕਾ ਬੀਰਜ ਗਿਰਾ ਥਾ, ਤਹਾਂ ਤਹਾਂ ਚਾਂਦੀ ਔਰ ਸੋਨਾ ਪੈਦਾ ਹੂਆ, ਔਰ ਜਬ ਮੋਹਨੀ ਫਿਰ ਅੰਤਰ ਧਿਆਨ ਹੋ ਗਈ ਤੋ ਸ਼ਿਵਜੀ ਘਬਰਾਏ ਅਰ ਪਾਗਲ ਕੀ ਤਰਹ ਦੌੜਤੇ ਫਿਰੇ। (ਲੰਮੀ ਗਾਥਾ ਨੂੰ ਸੰਖੇਪ ਰੂਪ ਵਿਚ ਨਿਰੂਪਣ ਕਰਨ ਦਾ ਭਾਵ ਇਹੀ ਹੈ ਕਿ ਜਿਨ੍ਹਾਂ ਦੇਵਤਿਆਂ ਦੀ ਪੂਜਾ ਹਿੰਦੂ ਮਤਿ ਵਿਚ ਕੀਤੀ ਜਾਂਦੀ ਹੈ, ਉਨ੍ਹਾਂ ਦਾ ਵਾਸਤਵਿਕ ਚਿੱਤਰ ਕੈਸਾ ਹੈ ?)[1]

ਹਿੰਦੁਸਤਾਨ ਵਿਚ ਵਿਸ਼ਨੂੰ ਜੀ ਅਤੇ ਸ਼ਿਵਜੀ ਮੰਦਰ ਅਥਵਾ ਪੂਜਾ ਸਥਾਨ ਆਮ ਹੀ ਵੇਖੇ ਜਾ ਸਕਦੇ ਹਨ, ਪ੍ਰੰਤੂ ਬ੍ਰਹਮਾ ਜੀ ਦਾ ਮੰਦਰ ਅਤੇ ਪੂਜਾ ਸਥਾਨ ਵੇਖਣਾ ਨਸੀਬ ਨਹੀਂ ਹੋਵੇਗਾ। ਬ੍ਰਹਮਾ ਦੇਵਤੇ ਦੀ ਪੂਜਾ ਹਿੰਦੂ ਮਤਿ ਦੇ ਦਾਇਰੇ ਵਿਚੋਂ ਲਗਪਗ ਅਲੋਪ ਹੀ ਹੋ ਚੁੱਕੀ ਹੈ। ਇਸ ਉਲਝੀ ਹੋਈ ਗੁੱਥੀ ਵਿਚ ਕੋਈ ਖ਼ਾਸ ਭੇਦ ਹੈ। ਔਰ ਉਹ ਭੇਦ ਇਹ ਹੈ ਕਿ ਇਕ ਦਫ਼ਾ ਬ੍ਰਹਮਾ ਜੀ ਆਪਣੀ ਲੜਕੀ ਸੁਰਸਵਤੀ ਦਾ ਸਰੂਪ ਵੇਖ ਕੇ ਇਤਨੇ ਕਾਮਾਤਰ ਹੋ ਗਏ ਕਿ ਉਸ ਦੇ ਮਨ ਵਿਚ ਵਿਭਚਾਰੀ ਰੁਚੀ (ਅਮਰੇ ਸ਼ਨੀਅ) ਉਤਪੰਨ ਹੋਈ। ਬ੍ਰਹਮਾ ਵਿਸ਼ਨੂੰ ਅਤੇ ਸ਼ਿਵਜੀ ਇਹ ਤਿੰਨੇ ਹੀ ਦੇਵਤੇ ਹਿੰਦੂ ਭਾਈਚਾਰੇ ਵਿਚ ਭਗਵਾਨ ਕਰ ਕੇ ਪੂਜੇ ਅਤੇ ਮੰਨੇ ਜਾਂਦੇ ਹਨ।[2] ਇਸ ਖ਼ਿਆਲ ਦੀ ਪ੍ਰੋੜ੍ਹਤਾ ਭਾਈ ਗੁਰਦਾਸ ਜੀ ਨਿਮਨ ਲਿਖਤ ਦੁਆਰਾ ਕਰਦੇ ਹਨ। ਜਿਵੇਂ :

ਚਾਰੇ ਵੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ॥
ਲੋਕਾਂ ਨੋ ਸਮਝਾਇੰਦਾ ਵੇਖਿ ਸੁਰਸਤੀ ਰੂਪ ਲੋਭਾਣਾ॥ *(ਵਾਰ 12/7/4)*

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 8, ਅਧਿ. 12, ਪੰਨੇ 233-35. (ਵਿਸ਼ਨੂੰ ਜੀ ਦੇ ਕਰਤੱਬ ਪ੍ਰਤਿ ਦੇਖੋ, *ਖ਼ਾਲਸਈ ਵਚਿਤਰਤਾ*, ਪੰਨਾ 199)।
2. ਦੇਖੋ, *ਮਹਾਂ ਭਾਰਤ ਅਦਯੋਗ ਪਰਬ*, ਅਧਿਆਇ 117; *ਵੇਦਾਰਥ ਪ੍ਰਕਾਸ਼*, ਪੰਨਾ 101, ਪੰਡਤ ਆਤਮਾ ਨੰਦ, *ਹਿੰਦੂਇਜ਼ਮ*, ਪੰਨਾ 184.

ਮਿਸਟਰ ਗੋਵਿੰਦ ਦਾਸ ਆਪਣੀ ਪੁਸਤਕ *ਹਿੰਦੂਇਜ਼ਮ* ਵਿਚ ਜ਼ਿਕਰ ਕਰਦੇ ਹਨ ਕਿ ਵੇਦਾਂ ਵਿਚ ਹਿੰਦੂਆਂ ਦੇ ਤੇਤੀ ਦੇਵਤੇ ਸਨ ਪ੍ਰੰਤੂ ਬਾਅਦ ਵਿਚ ਇਨ੍ਹਾਂ ਦੀ ਗਿਣਤੀ ਤੇਤੀ ਕਰੋੜ ਤਕ ਜਾ ਪਹੁੰਚੀ ਕਿਉਂਕਿ ਹਰ ਇਕ ਕਾਰਜਸ਼ੈਲੀ ਵਾਸਤੇ ਅਲਗ ਅਲਗ ਦੇਵਤਾ ਹੈ।[1] ਚੁਨਾਂਚਿ *ਯਜੁਰ ਵੇਦ* ਦੇ ਚੌਵੀਵੇਂ ਅਧਿਆਇ ਵਿਚ ਜ਼ਿਕਰ ਕੀਤਾ ਗਿਆ ਹੈ ਕਿ :

ਤੇਜ਼ ਰਫ਼ਤਾਰ ਘੋੜੇ, ਜੰਗਲੀ ਬੱਕਰੇ, ਨੀਲ ਗਾਇ, ਇਨ੍ਹਾਂ ਦਾ ਦੇਵਤਾ ਸੂਰਜ ਹੈ। ਕਾਲੀ ਗਰਦਨ ਵਾਲੇ ਪਸ਼ੂਓਂ ਦਾ ਦੇਵਤਾ ਅਗਨੀ ਹੈ। ਜਿਸ ਭੇਡ ਦੇ ਮੱਥੇ 'ਤੇ ਦਾਗ਼ ਲੱਗਾ ਹੋਵੇ, ਉਸ ਦਾ ਦੇਵਤਾ ਸੁਰਸਵਤੀ ਹੈ। ਕਾਲੇ ਰੰਗ ਦੇ ਭੇੜੇ ਲੱਛਣਾਂ ਵਾਲੇ, ਜਿਸ ਦੇ ਸਰੀਰ 'ਤੇ ਸੱਜੇ ਖੱਬੇ ਚਿੱਟੀਆਂ ਜਾਂ ਕਾਲੀਆਂ ਧਾਰੀਆਂ ਹੋਣ, ਉਨ੍ਹਾਂ ਪਸ਼ੂਆਂ ਦਾ ਦੇਵਤਾ ਯਮ ਹੈ। ਜਿਸ ਦੀ ਪੂਛੜ 'ਤੇ ਚਿੱਟੇ ਦਾਗ਼ ਹੋਣ, ਉਨ੍ਹਾਂ ਪਸ਼ੂਆਂ ਦਾ ਦੇਵਤਾ ਵਾਯੂ ਹੈ। ਬਹਾਰ ਆਈ ਤੋਂ ਬਿਨਾਂ ਨਰ ਸਾਨ੍ਹ ਨਾਲ ਜੋੜ ਕਰਨ ਵਾਲੀ ਗਊ ਅਤੇ ਛੋਟੇ ਕੱਦ ਦੇ ਟੇਢੇ ਲਿੰਗ ਵਾਲੇ ਨਰ ਪਸ਼ੂਆਂ ਦਾ ਦੇਵਤਾ ਵਿਸ਼ਨੂੰ ਹੈ। ਲਾਲ ਅਤੇ ਸੁਰਖ਼ੀ ਮਾਇਲ ਕਾਲੇ ਰੰਗ ਵਾਲੇ ਅਤੇ ਬੇਰੀ ਦੇ ਬੇਰਾਂ ਜੈਸੇ ਨਾਰੰਗੀ ਰੰਗ ਵਾਲੇ ਪਸ਼ੂਆਂ ਦਾ ਦੇਵਤਾ ਸੋਮ ਹੈ। ਮੋਹਰਲੀਆਂ ਲੱਤਾਂ ਅਤੇ ਮੋਹਰਲੇ ਪੱਟਾਂ 'ਤੇ ਚਿੱਟੇ ਦਾਗ਼ਾਂ ਵਾਲੇ ਪਸ਼ੂ ਦਾ ਦੇਵਤਾ ਬ੍ਰਹਸਪਤੀ ਹੈ। ਅਕਾਸ਼ੀ ਰੰਗ ਵਾਲੇ ਪਸ਼ੂਆਂ ਦਾ ਦੇਵਤਾ ਮੇਘ ਹੈ। ਕਾਲੀ ਗਰਦਨ ਵਾਲੇ, ਸਫ਼ੇਦ ਜੋੜਾਂ ਵਾਲੇ, ਮੋਟੀਆਂ ਟੰਗਾਂ ਵਾਲੇ ਪਸ਼ੂਆਂ ਦਾ ਦੇਵਤਾ ਪਵਨ ਅਤੇ ਆਕਾਸ਼ੀ ਬਿਜਲੀ ਹੈ। ਨੀਵੀਂ, ਉੱਚੀ ਅਤੇ ਮੱਧਮ ਆਵਾਜ਼ ਵਾਲੀਆਂ ਭੇਡਾਂ ਦਾ ਦੇਵਤਾ ਪ੍ਰਿਥਵੀ ਹੈ। ਜਿਨ੍ਹਾਂ ਦਾ ਰੰਗ ਲਾਲ ਹੈ, ਉਨ੍ਹਾਂ ਦਾ ਦੇਵਤਾ ਰੁਦਰ ਹੈ। ਮਗਰਮੱਛ ਅਤੇ ਦੂਜੇ ਪਾਣੀ ਦੇ ਜਾਨਵਰਾਂ ਦਾ ਦੇਵਤਾ ਸਾਗਰ ਹੈ।[2] ਉਕਤ ਦਰਸਾਈ ਵਾਰਤਿਕ ਸਮੱਗਰੀ ਦੇ ਆਧਾਰ 'ਤੇ ਅਸੀਂ ਇਸ ਨਿਰਣੇ 'ਤੇ ਆਣ ਪੁੱਜੇ ਹਾਂ ਕਿ ਵੇਦਿਕ ਰਚਨਾਵਾਂ ਅਸਾਡੇ ਪੂਰਵਜਾਂ ਵਲੋਂ ਰਚੀਆਂ ਹੋਈਆਂ ਉਹ ਮਨੋਕਲਪਤ ਰਵਾਇਤੀ ਕਥਾ ਕਹਾਣੀਆਂ ਹਨ ਜੋ ਕਿਸੇ ਭੈ ਅਤੇ ਕੁਦਰਤੀ ਦਾਤਾਂ ਦੇ ਪ੍ਰਾਪਤ ਹੋਇਆਂ, ਰਚੀਆਂ ਗਈਆਂ ਹਨ। ਰੱਬੀ ਬਾਣੀ ਨਾਲ ਇਨ੍ਹਾਂ ਦਾ ਕੋਈ ਭੀ ਸੰਬੰਧ ਨਹੀਂ ਹੈ। ਜਿਨ੍ਹਾਂ ਚੀਜ਼ਾਂ ਤੋਂ ਭੈ ਅਨੁਭਵ ਕੀਤਾ ਜਾਂਦਾ ਸੀ, ਉਹ ਭੈ-ਦਾਇਕ ਦੇਵਤੇ ਪ੍ਰਸਿੱਧ ਹੋਏ। ਜਿਨ੍ਹਾਂ ਤੋਂ ਸਰੀਰਕ ਸੁਖ ਅਤੇ ਦਾਤਾਂ ਪ੍ਰਾਪਤ ਹੁੰਦੀਆਂ ਸਨ, ਉਹ ਸੁਖਦਾਇਕ ਦੇਵਤੇ ਆਖੇ ਗਏ। ਵੇਦ ਬਾਣੀ ਦਾ ਕੇਂਦਰ੍ਯ ਬਿੰਦੂ ਵਾਦਵਿਵਾਦੀ

---

1. *ਹਿੰਦੂਇਜ਼ਮ*, ਗੋਵਿੰਦ ਦਾਸ, ਪੰਨਾ 159.
2. *ਮਾਅਰਫ਼ੁਲ ਕੁਰਾਨ*, ਪੰਨਾ 79 ਅਤੇ *ਯਜੁਰ ਵੇਦ*, ਅਧਿਆਇ 24, (See, *Yajurveda* Book XXIV & verses 1-40, pp. 237-242)।

ਅਤੇ ਦੇਵ ਪੂਜਾ ਦਾ ਵਿਸ਼ਾ ਹੈ। ਇਸ ਖ਼ਿਆਲ ਦੀ ਹਾਮਾ ਪਾਵਨ ਗੁਰਬਾਣੀ ਵਿਚ ਨਿਮਨ ਲਿਖਤ ਦੁਆਰਾ ਪੇਸ਼ ਕੀਤੀ ਗਈ ਹੈ। ਜਿਵੇਂ :

ਬੇਦ ਬਾਦ ਸਭਿ ਆਖਿ ਵਖਾਣਹਿ ॥ ਨ ਅੰਤਰੁ ਭੀਜੈ ਨ ਸਬਦੁ ਪਛਾਣਹਿ ॥
ਪੁੰਨ ਪਾਪੁ ਸਭੁ ਬੇਦਿ ਦ੍ਰਿੜਾਇਆ ਗੁਰਮੁਖਿ ਅੰਮ੍ਰਿਤੁ ਪੀਜੈ ਹੇ ॥੧੫॥

(ਮਾਰੂ ਸੋਲਹੇ ਮ: ੩, ਪੰਨਾ 1050/3)

ਵੈਦਿਕ ਰਚਨਾਵਾਂ ਅਤੇ ਦੇਵਤਿਆਂ ਦੀ ਪੂਜਾ ਦਾ ਰਿਸ਼ਤਾ ਇਕ ਅਟੁੱਟ ਰਿਸ਼ਤਾ ਹੈ ਜੋ ਕਦੀ ਭੀ ਪਰਸਪਰ ਜੁਦਾਈ ਦੇ ਵਾਤਾਵਰਣ ਵਿਚ ਨਹੀਂ ਰਹਿ ਸਕਦੇ। ਆਪ ਜੀ ਦੀ ਜਾਣਕਾਰੀ ਹਿਤ, *ਅਥਰ ਵੇਦ* ਵਿਚੋਂ ਇਕ ਹੋਰ ਉਦਾਹਰਣ ਪੇਸ਼ ਕੀਤੀ ਜਾ ਰਹੀ ਹੈ, ਤਾਂਕਿ ਅਸਾਨੂੰ ਗਿਆਨ ਹੋ ਸਕੇ ਕਿ ਵਾਸਤਵਿਕ ਤੌਰ 'ਤੇ ਵੇਦ ਬਾਣੀ ਦਾ ਕੇਂਦ੍ਰਜ ਬਿੰਦੂ ਕੀ ਹੈ। ਜਿਵੇਂ :

ਗਰਭਵਤੀ ਇਸਤ੍ਰੀਆਂ ਦਾ ਦੇਵਤਾ ਸਵਿਤਾ ਹੈ, ਉਹ ਮੇਰੀ ਰਕਸ਼ਾ ਕਰੇ। ਅਗਨੀ ਦੇਵਤਾ ਜੋ ਸਬਜ਼ੀਆਂ ਦਾ ਸੁਆਮੀ ਹੈ, ਉਹ ਮੈਨੂੰ ਸੁਰੱਖਿਅਤ ਰੱਖੇ। ਰੇਵਾ ਅਤੇ ਪ੍ਰਿਥਵੀ ਜੋ ਸਖੀ ਸਹੇਲੀਆਂ ਦੀ ਮਾਲਿਕ ਹਨ, ਉਹ ਦੋਨੋਂ ਦੇਵੀਆਂ ਮੇਰੀ ਰਕਸ਼ਾ ਕਰਨ। ਵਰਨ ਦੇਵਤਾ ਜੋ ਪਾਣੀ ਦਾ ਮਾਲਿਕ ਹੈ, ਮੇਰੀ ਰਕਸ਼ਾ ਕਰੇ। ਮਿਤਰਾ ਅਤੇ ਵਰਨ ਨਾਮੀ ਦੇਵਤੇ ਜੋ ਵਰਸ਼ਾ ਦੇ ਸੁਆਮੀ ਹਨ, ਮੇਰੀ ਰੱਖਿਆ ਕਰਨ। ਕਰਤ ਦੇਵਤੇ ਜੋ ਪਰਬਤਾਂ ਦੇ ਸੁਆਮੀ ਹਨ, ਮੇਰੀ ਹਿਫ਼ਾਜ਼ਤ ਕਰਨ। ਸੋਮ ਦੇਵਤਾ ਜੋ ਬੈਲਾਂ ਦਾ ਮਾਲਿਕ ਹੈ, ਮੇਰੀ ਰਕਸ਼ਾ ਕਰੇ। ਪਉਣ ਜੋ ਧਰਤੀ ਅਤੇ ਜੀਵਾਂ ਦੀ ਮਾਲਿਕ ਹੈ, ਮੈਨੂੰ ਸੁਰੱਖਿਅਤ ਰੱਖੇ। ਸੂਰਜ ਦੇਵਤਾ ਜੋ ਅੱਖੀਆਂ ਦਾ ਮਾਲਿਕ ਹੈ, ਮੇਰੀ ਰੱਖਿਆ ਕਰੇ। ਚੰਦ ਜੋ ਤਾਰਿਆਂ ਦਾ ਸੁਆਮੀ ਹੈ, ਮੇਰੀ ਰਕਸ਼ਾ ਕਰੇ। ਇੰਦਰ ਦੇਵਤਾ ਜੋ ਦੇਵ ਲੋਕ ਦਾ ਸੁਆਮੀ ਹੈ, ਮੇਰੀ ਹਿਫ਼ਾਜ਼ਤ ਕਰੇ। ਮ੍ਰਿਤੂ ਲੋਕਾਂ ਦਾ ਬਾਪ ਜੋ ਪਸ਼ੂਆਂ ਦਾ ਸੁਆਮੀ ਹੈ, ਮੇਰੀ ਰਕਸ਼ਾ ਕਰੇ। ਮੌਤ ਦਾ ਦੇਵਤਾ ਜੋ ਪਰਜਾ ਜਾਂ ਜੀਵਾਂ ਦਾ ਮਾਲਿਕ ਹੈ, ਮੇਰੀ ਰਕਸ਼ਾ ਕਰੇ। ਯਮ ਰਾਜ ਜੋ ਮਰੇ ਹੋਏ ਪਿਤਰਾਂ ਦਾ ਸੁਆਮੀ ਹੈ, ਮੇਰੀ ਰਕਸ਼ਾ ਕਰੇ।[1]

ਚੜ੍ਹਦੇ ਸੂਰਜ ਦੀ ਲਾਲੀ ਮੇਰੀ ਰਕਸ਼ਾ ਕਰੇ। ਲਹਿਰਾਂ ਵਾਲੇ ਦਰੀਆ ਮੇਰੀ ਹਿਫ਼ਾਜ਼ਤ ਕਰਨ। ਸਥਿਰ ਪਰਬਤ ਮੇਰੀ ਰਕਸ਼ਾ ਕਰਨ। ਸੁਰਗਾਂ ਵਿਚ ਗਏ ਹੋਏ ਪਿਤਰ ਮੇਰੀ ਰੱਖਿਆ ਕਰਨ। ਸਾਰੇ ਦੇਵਤੇ ਮੇਰੀ ਇਸ ਪੁਕਾਰ ਨੂੰ ਸੁਣਨ ਜੋ ਧਰਤੀ ਅਤੇ ਆਕਾਸ਼ਾਂ ਵਿਚ ਵਸਦੇ ਹਨ। ਜੋ ਅਗਨੀ ਦੀ ਭਾਖਿਆ ਵਾਲੇ ਅਤੇ ਪਵਨ ਵਾਲੇ ਹਨ, ਉਹ ਮੇਰੀ ਇਸ ਕੁਸ਼ਾ (ਇਕ ਪ੍ਰਕਾਰ ਦਾ ਘਾਹ

---

1. *ਅਥਰ ਵੇਦ*, ਕਾਂਡ 5, ਸੂਕਤ 24 ਅਤੇ *ਮਾਅਰਫ਼ਲ ਕੁਰਾਨ*, ਪੰਨਾ 79, (See, *Athurveda*, Book V, Hymn XXIV, p. 186)।

ਜਿਸ 'ਤੇ ਬੈਠ ਕੇ ਦੇਵਤੇ ਦੀ ਪੂਜਾ ਕੀਤੀ ਜਾਂਦੀ ਹੈ) 'ਤੇ ਆਣ ਕੇ ਬੈਠ ਜਾਣ।[1]

ਭਾਵੇਂ ਕੁਝ ਭੀ ਕਿਉਂ ਨਾ ਹੋਵੇ ਵੈਦਿਕ ਪ੍ਰਣਾਲੀ ਵਿਚ ਸੱਪਾਂ ਦੀ ਪੂਜਾ, ਬਾਂਝ ਗਊਆਂ ਦੇ ਖੁਰਾਂ ਨੂੰ ਮੱਥਾ ਟੇਕਣਾ, ਘੋੜਿਆਂ ਅਤੇ ਘੋੜਿਆਂ ਦੇ ਮਾਲਿਕਾਂ ਨੂੰ ਸਜਦੇ, ਨਾਈ ਦੇ ਉਸਤਰੇ ਅਤੇ ਸਰਦੀ ਵਾਲੇ ਤਾਪ ਨੂੰ ਨਮਸਕਾਰ, ਸਮੂਤਸਰ ਦੇਵਤਾ ਦੇ ਬੁਤ ਦੀ ਪੂਜਾ, ਇਨ੍ਹਾਂ ਲਿਖਤਾਂ ਦੇ ਆਧਾਰ 'ਤੇ ਅਸੀਂ ਆਖ ਸਕਦੇ ਹਾਂ ਕਿ ਵੈਦਿਕ ਤਾਅਲੀਮ ਆਸਮਾਨੀ ਅਥਵਾ ਪ੍ਰਮੇਸ਼ਵਰੀ ਸਿਖਿਆ ਨਹੀਂ ਹੈ। ਸੰਭਵ ਹੈ ਕਿ ਕਿਸੇ ਸਮੇਂ ਵਿਚ ਪੂਰਬਕਾਲੀ ਲੋਕਾਂ ਕੋਲ ਆਸਮਾਨੀ ਬਾਣੀ ਆਈ ਹੋਵੇ ਪ੍ਰੰਤੂ ਲਿਖਤੀ ਰੂਪ ਵਿਚ ਨਾ ਹੋਣ ਕਰਕੇ ਸਮੇਂ ਦੇ ਕਾਲ ਚੱਕਰਾਂ ਅਤੇ ਭੁਖਮਰੀ ਦੇ ਕਾਰਨ ਰਿਸ਼ੀਆਂ ਦਾ ਵਿਦਿਅਕ ਕੇਂਦਰ ਤੋਂ ਲਾਂਭੇ ਚਲੇ ਜਾਣਾ, ਰੱਬੀ ਸ਼ਬਦ ਗੁੰਮ ਹੋਣ ਦਾ ਕਾਰਨ ਹੋਵੇ। ਉਸ ਤੋਂ ਉਪਰੰਤ ਪੁਰਾਤਨ ਰਿਸ਼ੀਆਂ ਨੇ ਮਨਘੜਤ ਰਚਨਾਵਾਂ ਰਚ ਕੇ ਪਰਜਾ ਦੇ ਸਾਹਮਣੇ ਲਿਆਂਦੀਆਂ ਹੋਣ। ਪਰਿਣਾਮ ਵਜੋਂ ਪ੍ਰਮੇਸ਼ਵਰੀ ਸ਼ਬਦ ਦੇ ਥਾਂ, ਮਨੋਕਲਪਤ ਦੇਵੀ ਦੇਵਤਿਆਂ, ਪਸ਼ੂਆਂ, ਪਰਬਤਾਂ, ਨਦੀਆਂ ਜੈਸੇ ਦੇਵੀ ਦੇਵਤਿਆਂ ਦੀ ਪੂਜਾ ਹੀ ਇਨ੍ਹਾਂ ਦੀ ਵਿਰਾਸਤ ਰਹਿ ਗਈ ਹੋਵੇ। ਇਸ ਖ਼ਿਆਲ ਦੀ ਪ੍ਰੋੜ੍ਹਤਾ ਮਿਸਟਰ ਗੋਵਿੰਦ ਦਾਸ ਨਿਮਨ ਲਿਖਤ ਦੁਆਰਾ ਕਰਦੇ ਹਨ:

ਇਨ ਤਮਾਮ ਲੋਗੋਂ ਕੋ ਜੋ ਆਜ ਯਹ ਦਾਅਵਾ ਕਰਤੇ ਹੈਂ ਕਿ ਹਮਾਰਾ ਮੌਜੂਦਾ ਮਜ਼ਹਬ ਵਹੀ ਹੈ ਜੋ ਵੇਦੋਂ ਕੇ ਜ਼ਮਾਨਾ ਮੇਂ ਥਾ, ਜੋ ਨਾਕਾਬਲੇ ਤਗ਼ੀਅਰੋ ਤਬੱਦਲ ਹੈ (ਜੋ ਬਦਲੀ ਹੋਣ ਦੇ ਯੋਗ ਨਹੀਂ ਹੈ), ਇਨ ਹਕਾਇਕ (ਸਚਾਈਆਂ) ਪਰ ਗ਼ਾਇਰ ਨਿਗਾਹ ਸੇ (ਗਹਿਰੀ ਦ੍ਰਿਸ਼ਟੀ ਦੁਆਰਾ) ਗ਼ੌਰ ਕਰਨਾ ਚਾਹੀਏ। ਵਹ ਲੋਗ ਜੋ, ਤਾਰੀਖ਼ ਕਾ ਇਸ ਤਰਹ ਬੁਤਲਾਨ ਕਰਤੇ ਹੈਂ (ਜਿਹੜੇ ਤਵਾਰੀਖ਼ ਨੂੰ ਇਸ ਤਰ੍ਹਾਂ ਨਸ਼ਟ ਕਰਦੇ ਹਨ), ਔਰ ਇਨ ਮਸੱਲਮੱਲ ਤਫ਼ਸੀਰਾਤ ਸੇ ਚਸ਼ਮ ਪੋਸ਼ੀ ਕਰਤੇ ਹੈਂ (ਭਾਵ, ਵੈਦਿਕ ਲਿਖਤਾਂ ਵਲੋਂ ਲਗਾਤਾਰ ਅਨਗਹਿਲੀ ਕਰਦੇ ਹਨ) ਇਸ ਤਰ੍ਹਾਂ ਯਹ ਸਖ਼ਤ ਗ਼ਲਤੀ ਕਰਤੇ ਹੈਂ। ਔਰ ਅਪਨੇ ਆਪ ਕੋ ਔਰ ਹਿੰਦੁਸਤਾਨ ਕੋ ਭੀ ਸਖ਼ਤ ਨੁਕਸਾਨ ਪਹੁੰਚਾਤੇ ਹੈਂ।[2]

ਇਥੇ ਤਕ ਸੰਖਿਪਤ ਰੂਪ ਵਿਚ ਦੇਵਤਿਆਂ ਦੀ ਪੂਜਾ ਪ੍ਰਤਿ ਵਿਆਖਿਆ ਸਮਾਪਤ ਕਰਨ ਦੀ ਆਗਿਆ ਚਾਹਾਂਗੇ, ਇਸ ਤੋਂ ਅਗਲੇਰੇ ਪੰਨਿਆਂ ਵਿਚ ਵੈਦਿਕ ਸਿਖਿਆ ਦੇ ਆਧਾਰ 'ਤੇ ਇਸਤ੍ਰੀ ਅਧਿਕਾਰ ਅਤੇ ਦੁਨਿਆਵੀ ਕਾਰਜਸ਼ੈਲੀ ਪ੍ਰਤਿ ਵਿਚਾਰ ਵਿਮੱਰਸ਼ ਕਰਨ ਦੀ ਆਗਿਆ ਚਾਹਾਂਗੇ। ਦੇਵ

---

1. *ਰਿਗਵੇਦ* ਮੰਡਲ 6, ਸੂਕਤ 52, ਮੰਤਰ 13-14, *ਮਾਅਰਫ਼ਲ ਕੁਰਾਨ*, ਪੰਨਾ 80, (See, *Rig Veda*, Book VI, Hymn 52, Verses 13-14) by Mr. Griffith.
2. *ਹਿੰਦੂਇਜ਼ਮ*, ਪੰਨਾ 186, ਮਿਸਟਰ ਗੋਵਿੰਦ ਦਾਸ, *ਮਾਅਰਫ਼ਲ ਕੁਰਾਨ*, ਪੰਨਾ 80.

ਪੂਜਾ ਪ੍ਰਤਿ ਹੋਰ ਵਧੇਰੇ ਜਾਣਕਾਰੀ ਹਿਤ ਅਗਰ *ਸਾਮ* ਵੇਦ ਦਾ ਅਧਿਐਨ ਕੀਤਾ ਜਾਵੇ, ਖੋਜੀ ਵਿਦਵਾਨਾਂ ਵਾਸਤੇ ਬਹੁਤ ਹੀ ਲਾਭਦਾਇਕ ਵਿਸ਼ਾ ਹੋਵੇਗਾ।[1]

9.81 ਵੈਦਿਕ ਇਸਤ੍ਰੀ ਅਧਿਕਾਰ

ਧਾਰਮਕ ਵਿਸ਼ੇ ਤੋਂ ਇਲਾਵਾ ਜਦੋਂ ਅਸੀਂ ਵੈਦਿਕ ਸਿਖਿਆ ਦੇ ਆਧਾਰ 'ਤੇ ਗ੍ਰਿਹਸਥੀ ਜੀਵਨ ਵੱਲ ਧਿਆਨ ਕਰਦੇ ਹਾਂ, ਤਦ ਉਥੇ ਭੀ ਵੇਦਾਂ ਵਿਚ ਹੈਰਾਨ ਪ੍ਰੇਸ਼ਾਨ ਕਰਨ ਵਾਲੀ ਸਿਖਿਆ ਮਿਲਦੀ ਹੈ। ਜਿਵੇਂ ਅਥਰ ਵੇਦ ਵਿਚ ਜ਼ਿਕਰ ਹੈ ਕਿ ਅਗਰ ਕਿਸੇ ਔਰਤ ਦੇ ਪਹਿਲਾਂ ਦਸ ਗ਼ੈਰ ਬ੍ਰਾਹਮਣ ਪਤੀ ਹੋਣ, ਜੇਕਰ ਉਸ ਔਰਤ ਦਾ ਹੱਥ ਬ੍ਰਾਹਮਣ ਗ੍ਰਹਿਣ ਕਰ ਲਵੇ ਤਦ ਉਹ ਇਕੱਲਾ ਹੀ ਉਸ ਦਾ ਪਤੀ ਸਮਝਿਆ ਜਾਵੇਗਾ ਕਿਉਂਕਿ ਕੇਵਲ ਬ੍ਰਾਹਮਣ ਹੀ ਔਰਤਾਂ ਦਾ ਮਾਲਿਕ ਜਾਂ ਪਤੀ ਹੈ। ਛੱਤ੍ਰੀ ਜਾਂ ਵੈਸ਼ ਦਾ ਕੋਈ ਅਧਿਕਾਰ ਨਹੀਂ ਹੈ ਕਿ ਉਹ ਆਪਣਾ ਅਧਿਕਾਰ ਪ੍ਰਗਟ ਕਰੇ।[2]

ਉਕਤ ਦਰਸਾਈ ਗ੍ਰਿਹਸਥੀ ਧਾਰਾ ਤੋਂ ਇਹ ਅਨੁਮਾਨ ਕਰਨਾ ਕਠਨ ਨਹੀਂ ਹੈ ਕਿ ਵੈਦਿਕ ਸਿਖਿਆ ਆਮ ਗ੍ਰਿਹਸਥੀ ਜੀਵਨ ਪ੍ਰਤਿ ਕਿਤਨੇ ਅਤੇ ਕਿਸ ਪ੍ਰਕਾਰ ਦੇ ਅਧਿਕਾਰ ਪ੍ਰਦਾਨ ਕਰਦੀ ਹੈ। *ਅਥਰ* ਵੇਦ ਵਿਚੋਂ ਆਪ ਜੀ ਦੀ ਜਾਣਕਾਰੀ ਹਿਤ ਇਕ ਹੋਰ ਉਦਾਹਰਣ ਪੇਸ਼ ਕੀਤੀ ਜਾ ਰਹੀ ਹੈ ਜਿਸ ਦੇ ਆਧਾਰ 'ਤੇ ਇਕ ਔਰਤ ਆਪਣੇ ਪਤੀ ਕੋਲੋਂ ਸੰਤਾਨ ਨਾ ਹੋਣ ਦੇ ਨਾਤੇ ਆਪਣੇ ਦੇਵਰ ਦੇ ਨਾਲ ਰਹਿੰਦੀ ਹੋਈ ਇੱਛਾ ਪੂਰਨ ਕਰ ਸਕਦੀ ਹੈ। ਜਿਵੇਂ, ਪਤੀ ਪਾਸੋਂ ਸੰਤਾਨ ਦਾ ਅਭਾਵ ਹੋਣ ਕਰਕੇ ਏਕ ਔਰਤ ਦੇਵਰ ਕੀ ਕਾਮਨਾ ਕਰ ਸਕਤੀ ਹੈ।[3]

ਮਹਾਂ ਮੁਨੀ ਆਚਾਰੀਆ ਮਨਪਲਕ ਜੀ ਨੇ ਆਪਣੀ ਪੁਸਤਕ *ਨਿਰੁਕਤ* ਵਿਚ ਦੇਵਰ ਦੇ ਅਰਥ, ਦੇ-ਵਰ ਦੂਸਰਾ ਵਰ, ਭਾਵ ਦੂਜਾ ਆਦਮੀ ਕਰਨਾ ਹੈ। ਇਨ੍ਹਾਂ ਵੈਦਿਕ ਧਾਰਾਵਾਂ ਨੂੰ ਧਿਆਨ ਵਿਚ ਰੱਖਦਿਆਂ ਮਿਸਟਰ ਗੋਵਿੰਦ ਦਾਸ ਐਸਾ ਲਿਖਣ ਲਈ ਮਜਬੂਰ ਹੋ ਗਏ ਕਿ:

ਵੇਦਾਂ ਦੀ ਸਦੀਵਤਾ ਅਤੇ ਪਵਿੱਤ੍ਰਤਾ ਦਾ ਵਿਸ਼ਵਾਸ ਕਿਸੇ ਐਸੇ ਵਿਅਕਤੀ ਦੇ ਨਜ਼ਦੀਕ ਸਵੀਕਾਰ ਕਰਨ ਦੇ ਯੋਗ ਨਹੀਂ ਹੋ ਸਕਦਾ ਜਿਸ ਦੀ

---

1. For more information, See *Sam Veda*, Book VI, Chapter II, P. 87, (By Dr. B.R. Kishore).
2. *ਅਥਰ ਵੇਦ*, ਕਾਂਡ 5, ਸੂਕਤ 17, ਮੰਤਰ 8-11 ਤਕ, ਅਤੇ *ਰਿਗਵੇਦ*, ਮੰਡਲ 10, ਸੂਕਤ 109, ਮੰਤਰ 6-7, ਅਤੇ *ਮਾਅਰਫ਼ਲ ਕੁਰਾਨ*, ਪੰਨਾ 81.
3. *ਅਥਰ ਵੇਦ*, ਕਾਂਡ 14, ਸੂਕਤ 2, ਮੰਤਰ 17-18, *ਮਾਰਅਫ਼ਲ ਕੁਰਾਨ*, ਪੰਨਾ 81.

ਦ੍ਰਿਸ਼ਟੀ ਤਵਾਰੀਖ਼ 'ਤੇ ਟਿਕੀ ਹੋਵੇ। ਐਸੇ ਕਾਇਦੇ ਕਾਨੂੰਨ ਨਿਰਸੰਦੇਹ ਝੂਠੇ ਹਨ। ਜਿਸ ਵਿਅਕਤੀ ਨੇ ਜ਼ਿਹਨੀ (ਦਿਮਾਗ਼ੀ) ਨਿਰਪੱਖਤਾ ਦੁਆਰਾ ਇਨ੍ਹਾਂ ਦਾ ਅਧਿਐਨ ਕੀਤਾ ਹੋਵੇ, ਉਹ ਵੇਖੇਗਾ ਕਿ ਇਨ੍ਹਾਂ ਵੇਦਿਕ ਲਿਖਤਾਂ ਵਿਚ ਅਨੇਕਾਂ ਹੀ ਪਰਸਪਰ ਵਿਰੋਧਾਭਾਸ ਮੌਜੂਦ ਹਨ। ਅਕਸਰ ਇਨ੍ਹਾਂ ਵਿਚ ਬਹੁਤ ਸਾਰੀਆਂ ਬੇਤੁਕੀਆਂ ਗੱਲਾਂ (ਮੁਹੱਮਲਾਤ ਬਾਤੇਂ), ਇਨ੍ਹਾਂ ਦੇ ਮਜ਼ਾਕੀਆ ਬਿਆਨ ਅਤੇ ਜਿਨਸੀ ਬਦਕਲਾਮੀ ਅਥਵਾ ਬੇ-ਹਿਆਈ ਦੀਆਂ ਚਿਤਰੇਖਾਂ, (ਫ਼ਾਹਸ਼ੀ ਨਿਗਾਰੀ) ਪੂਰਬਕਾਲੀ ਸਮੇਂ ਤੋਂ ਹੀ ਇਨ੍ਹਾਂ ਲੋਕਾਂ ਵਲੋਂ ਆਮ ਜਨਤਾ ਦੀ ਰਾਇ ਦੀ ਪਰਵਾਹ ਨਹੀਂ ਕੀਤੀ ਗਈ ਬਲਕਿ ਕਠਨ ਪਰੀਖਿਆ ਦਾ ਕੇਂਦਰ ਹੀ ਬਣੇ ਰਹੇ।[1]

ਜਦੋਂ ਅਸੀਂ ਸ੍ਰੀ ਕ੍ਰਿਸ਼ਨ ਜੀ ਦੀ ਜੀਵਨੀ ਪ੍ਰਤਿ ਧਿਆਨ ਕਰਦੇ ਹਾਂ ਤਦ ਕੁਝ ਐਸੀਆਂ ਉਦਾਹਰਣਾਂ ਅਸਾਡੇ ਸਾਹਮਣੇ ਆਉਂਦੀਆਂ ਹਨ, ਜਿਨ੍ਹਾਂ ਨੂੰ ਪੜ੍ਹ ਕੇ ਐਸੀ ਧਾਰਾ ਹੋਇ ਆਂਵਦੀ ਹੈ ਕਿ ਇਨ੍ਹਾਂ ਕਥਾ ਕਹਾਣੀਆਂ ਦਾ ਸੰਬੰਧ ਸ੍ਰੀ ਕ੍ਰਿਸ਼ਨ ਜੀ ਦੇ ਨਾਮ ਨਾਲ ਜੋੜਨਾ ਅਬਖ਼ਸ਼ ਗੁਨਾਹ ਹੈ। ਪ੍ਰੰਤੂ ਜਦੋਂ ਅਸੀਂ ਇਹ ਕਥਾ ਕਹਾਣੀਆਂ ਦੀ ਭਰਮਾਰ ਹਿੰਦੂ ਗ੍ਰੰਥਾਂ ਵਿਚੋਂ ਪੜ੍ਹਦੇ ਹਾਂ, ਤਦ ਮਸ਼ਕੂਕ ਵਿਰਤੀ ਦੁਆਰਾ ਇਹ ਵਿਸ਼ਵਾਸ ਕਰਨਾ ਹੀ ਪੈਂਦਾ ਹੈ ਕਿ ਇਹ ਕਹਾਣੀਆਂ ਲਾਜ਼ਮੀ ਹੀ ਸ੍ਰੀ ਕ੍ਰਿਸ਼ਨ ਜੀ ਦੇ ਨਿਜੀ ਜੀਵਨ ਦਾ ਨਿਗਰ ਭਾਗ ਹੋਣਗੀਆਂ। ਜਿਵੇਂ *ਸ੍ਰੀ ਮਦ ਭਾਗਵਤ ਪੁਰਾਣ* ਵਿਚ ਅੰਕਤ ਕੀਤਾ ਗਿਆ ਹੈ ਕਿ ਸ੍ਰੀ ਕ੍ਰਿਸ਼ਨ ਜੀ ਦੀਆਂ ਰਾਣੀਆਂ ਦੀ ਸੰਖਿਆ ਸੋਲ੍ਹਾਂ ਹਜ਼ਾਰ ਇਕ ਸੌ ਅੱਠ (16,108) ਸੀ। ਇਸ ਖ਼ਿਆਲ ਦੀ ਪ੍ਰੋੜ੍ਹਤਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ। ਜਿਵੇਂ:

ਪਰਮ ਬ੍ਰਹਮ ਪ੍ਰਮੇਸ਼ਰ ਨੇ ਆਪਣੀ ਇੱਛਾ ਸੇ ਬਾਸੁਦੇਵ ਜੀ ਕੇ ਘਰ ਜਨਮ ਲੀਆ ਅਰ ਲੋਗੋਂ ਨੇ ਉਨ ਕਾ ਮਹਾਤਮ ਨਹੀਂ ਜਾਨਾ ਅਰ ਉਨ ਕੋ ਭੀ ਏਕ ਯਦੁਬੰਸੀ ਆਪਨਾ ਭਾਈ ਸਮਝਾ ਥਾ, ਅਬ ਉਨ ਕੀ ਮਹਿਮਾ ਜਾਨ ਕਰ ਸਿਵਾਏ ਪਛਤਾਵਣੇ ਕੇ ਕੁਝ ਹਾਥ ਨਹੀਂ ਲਗਤਾ। ਮੈਂ ਉਨ ਕੀ ਬਡਾਈ ਮੁਖ ਸੇ ਕਿਆ ਕਹੂੰ ਅਰ ਕਹਾਂ ਤਕ ਵਰਣਨ ਕਰੂੰ, ਉਨਹੋਂ ਨੇ ਸੋਲਾਂ ਹਜ਼ਾਰ ਇਕ ਸੌ ਅੱਠ ਇਸਤ੍ਰੀ ਸੇ ਵਿਆਹ ਕਰਕੇ ਗ੍ਰਿਹਸਤ ਆਸ਼ਰਮ ਧਰਮ ਕੀਆ।[2]

ਸ੍ਰੀ ਕ੍ਰਿਸ਼ਨ ਜੀ ਦੀਆਂ 16,108 ਵਿਵਾਹੁਤਾ ਇਸਤ੍ਰੀਆਂ ਪ੍ਰਤਿ ਦੂਜੀ ਪ੍ਰੋੜ੍ਹਤਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ। ਜਿਵੇਂ ਰਾਜਾ

1. *ਵੇਦਾਰਥ ਪ੍ਰਕਾਸ਼*, ਪੰਨਾ 133; *ਹਿੰਦੂਇਜ਼ਮ*, ਗੋਵਿੰਦ ਦਾਸ, ਪੰਨੇ 87-88; ਅਤੇ *ਮਾਅਰਫ਼ਲ ਕੁਰਾਨ*, ਪੰਨਾ 81.
2. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 3, ਅਧਿਆਇ 2, ਪੰਨਾ 78 (ਪੰਜਾਬੀ)। ਹੋਰ ਦੇਖੋ, *ਸ੍ਰੀ ਮਦ ਭਾਗਵਤ ਪੁਰਾਣ*, 10-83, ਪੰਨਾ 475.

ਉਗ੍ਰਸੈਨ ਨੇ ਸੋਲ੍ਹਾਂ ਹਜ਼ਾਰ ਏਕ ਸੌ ਰਾਜ ਕੰਨਿਆ ਜੋ ਥੀਂ, ਸੋ ਸਭੀ ਬੇਦ ਕੀ ਰੀਤੀ ਸੇ ਭਗਵਾਨ ਕੋ ਬਿਵਾਹ ਦਈਂ।

ਚੌਪਈ॥ ਭਯੋ ਬੇਦ ਬਿਧੀ ਮੰਗਲਾਚਾਰ॥ ਐਸੇ ਹਰਿ ਬਿ ਰਹਤ ਸੰਸਾਰ॥
ਸੋਲਹਿ ਸਹੰਸਰ ਏਕ ਸੌ ਗੇਹਾ॥ ਰਹਿਤ ਕ੍ਰਿਸਨ ਕਰ ਪਰਮ ਸੁਨੇਹਾ॥[1]

ਪੂਰਬਕਾਲੀ ਇਨਸਾਨੀ ਤਵਾਰੀਖ਼ ਵਿਚ ਕਈ ਇਕ ਐਸੇ ਰਾਜਿਆਂ ਦੀਆਂ ਗਾਥਾਵਾਂ ਸੁਣਨ ਅਤੇ ਪੜ੍ਹਨ ਵਿਚ ਆਈਆਂ ਹਨ ਜਿਨ੍ਹਾਂ ਨੇ ਨਿਜੀ ਮਨੋਕਾਮਨਾ ਦੀ ਤ੍ਰਿਪਤੀ ਹਿਤ, ਅਨੇਕਾਂ ਹੀ ਇਸਤ੍ਰੀਆਂ ਆਪਣੇ ਮਹਿਲਾਂ ਵਿਚ ਰੱਖੀਆਂ ਸਨ। ਜਿਵੇਂ ਆਪ ਜੀ ਪਿਛਲੇ ਪੰਨਿਆਂ ਵਿਚ ਪੜ੍ਹ ਆਏ ਹੋ ਕਿ ਹਜ਼ਰਤ ਸੁਲੇਮਾਨ ਨੇ ਭੀ ਇਕ ਹਜ਼ਾਰ(1000) ਇਸਤ੍ਰੀਆਂ ਨਾਲ ਸ਼ਾਦੀ ਕੀਤੀ ਹੋਈ ਸੀ।[2] ਲਗਪਗ ਪੰਜ ਸੌ ਇਸਤ੍ਰੀਆਂ ਕਨੀਜ਼ (ਰਖੇਲ) ਦੇ ਤੌਰ 'ਤੇ ਭੀ ਰੱਖੀਆਂ ਹੋਈਆਂ ਸਨ। ਭਾਵ ਇਹ ਹੋਇਆ ਕਿ ਸ੍ਰੀ ਕ੍ਰਿਸ਼ਨ ਜੀ ਅਤੇ ਹਜ਼ਰਤ ਸੁਲੇਮਾਨ ਜੀ ਸਮਤੁਲਤ ਧਾਰਾ ਦੇ ਦੋ ਰਾਜੇ ਸਨ।

ਇਕ ਦਫ਼ਾ ਦਾ ਜ਼ਿਕਰ ਹੈ ਕਿ ਸ੍ਰੀ ਕ੍ਰਿਸ਼ਨ ਜੀ ਸੁਰਗ ਲੋਕ ਵਿਚ ਇੰਦਰ ਰਾਜੇ ਨੂੰ ਮਿਲਣ ਹਿਤ ਗਏ। ਇੰਦਰ ਰਾਜੇ ਦੇ ਗ੍ਰਿਹ ਵਿਖੇ ਪਾਰਜਾਤ ਬਿਰਛ ਨੂੰ ਵੇਖ ਕੇ ਸ੍ਰੀ ਕ੍ਰਿਸ਼ਨ ਜੀ ਦੀ ਪ੍ਰੇਮਿਕਾ ਸਤਜਭਾਮਾ ਮੋਹਤ ਹੋ ਗਈ। ਇਸ ਬਿਰਛ ਦੀ ਪ੍ਰਾਪਤੀ ਵਾਸਤੇ ਰਾਜਾ ਇੰਦਰ ਅਤੇ ਸ੍ਰੀ ਕ੍ਰਿਸ਼ਨ ਦੇ ਵਿਚਕਾਰ ਅਤਿ ਭਿਆਨਕ ਯੁੱਧ ਹੋਇਆ, ਭਾਵੇਂ ਕੁਝ ਭੀ ਹੋਵੇ, ਸਤਜਭਾਮਾ ਦੀ ਦਿਲਜੋਈ ਕਰਨ ਹਿਤ ਸ੍ਰੀ ਕ੍ਰਿਸ਼ਨ ਜੀ ਨੇ ਸੁਰਗੀ ਰਾਜੇ ਇੰਦਰ ਨੂੰ ਹਾਰ ਦੇ ਕੇ ਪਾਰਜਾਤ ਬਿਰਛ ਦੁਆਰਕਾ ਵਿਚ ਲੈ ਆਂਦਾ। ਗ਼ਰਜ਼ੇਕਿ, ਰਾਣੀ ਸਤਜਭਾਮਾ ਦੀ ਪ੍ਰਸੰਨਤਾ ਅਤੇ ਨਿਜੀ ਕਾਮਨਾ ਦੀ ਪੂਰਤੀ ਹਿਤ, ਪਾਰਜਾਤ ਬਿਰਛ ਰਾਣੀ ਸਤਜਭਾਮਾ ਦੇ ਬਾਗ਼ ਵਿਚ ਸਥਾਪਨ ਕੀਤਾ ਗਿਆ।

ਇਥੇ ਹੀ ਬਸ ਨਹੀਂ, ਸ੍ਰੀ ਕ੍ਰਿਸ਼ਨ ਜੀ ਮਹਾਰਾਜ ਇਸਤ੍ਰੀ ਜਾਤੀ ਪ੍ਰਤਿ ਬਹੁਤ ਹੀ ਸ਼ਰਧਾ ਰੱਖਦੇ ਸਨ। ਇਕ ਗੋਪੀ ਜਿਸ ਦਾ ਨਾਮ ਚੰਦ੍ਰਾਵਲੀ ਕਰਕੇ ਪ੍ਰਸਿੱਧ ਸੀ, ਜੋ ਵਿੰਦੂਮਤੀ ਦੇ ਉਦਰ ਤੋਂ ਚੰਦ੍ਰਭਾਨ ਗੋਪ ਦੀ ਪੁੱਤਰੀ ਸੀ। ਚੰਦ੍ਰਾਵਲੀ ਕਰੇਲਾ ਨਗਰ ਨਿਵਾਸੀ ਗੋਪ ਗੋਵਰਧਨ ਦੀ ਇਸਤ੍ਰੀ ਸੀ। ਸ੍ਰੀ ਕ੍ਰਿਸ਼ਨ ਜੀ ਮਹਾਰਾਜ ਉਸ ਗੋਪੀ 'ਤੇ ਇਤਨੇ ਮੋਹਤ ਹੋ ਗਏ ਕਿ ਨਿਜੀ ਕਾਮ ਵਾਸ਼ਨਾਵਾਂ ਦੀ ਪੂਰਤੀ ਹਿਤ ਉਸ ਨੂੰ ਜ਼ਬਰਦਸਤੀ ਅਤੇ ਛਲਕਪਟ ਦੁਆਰਾ

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 10, ਅਧਿਆਇ 60, ਪੰਨਾ 412, (ਪੰਜਾਬੀ)। ਹੋਰ ਦੇਖੋ, *ਸ੍ਰੀ ਮਦ ਭਾਗਵਤ ਪੁਰਾਣ*, 10-82 ਪੰਨਾ 474.
2. See, *World Book*#10, p. 474d, *Solomon*, (ਦੇਖੋ, *ਤੂਰੇਤ ਦੀ ਤਬਾਹੀ*, ਪ੍ਰਸੰਗ 42, *ਪ੍ਰਕਿਰਤੀ ਅਤੇ ਧਰਮ*।

ਛਲ ਕੇ ਬ੍ਰਿੰਦਾਵਨ ਵਿਚ ਲੈ ਆਏ। ਚੰਦ੍ਰਾਵਲ ਹੁਸੀਨਾ ਦੀ ਪ੍ਰਾਪਤੀ ਤੋਂ ਉਪਰੰਤ ਸ੍ਰੀ ਕਿਸ਼ਨ ਜੀ ਮਹਾਰਾਜ ਨੇ ਨਿਜੀ ਅਭਿਲਾਸ਼ਾ ਦੀ ਪੂਰਤੀ ਹਿਤ, ਚੰਦ੍ਰਾਵਲ ਗੋਪੀ ਅਤੇ ਸਤਜਭਾਮਾ ਗੋਪੀ ਨਾਲ ਅਨੇਕ ਪ੍ਰਕਾਰੀ ਰੰਗ ਰਲੀਆਂ ਅਤੇ ਪ੍ਰੇਮ ਦੀ ਦੁਨੀਆ ਆਬਾਦ ਕੀਤੀ। ਜਿਸ ਦੀ ਸ਼ਾਹਦੀ ਪਾਵਨ ਗੁਰਬਾਣੀ ਵਿਚ ਭੀ ਅੰਕਤ ਕੀਤੀ ਗਈ ਹੈ।[1] ਜਿਵੇਂ :

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ॥
ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ॥

ਅਰਥ : *ਯਜੁਰ ਵੇਦ* ਦੇ ਸਮੇਂ ਵਿਚ (ਭਾਵ ਦੁਆਪਰ ਵਿਚ) ਜੋ. ਕਾਨ੍ਹ ਅਥਵਾ ਕ੍ਰਿਸ਼ਨ ਜਾਦਮੁ ਹੋਇਆ ਹੈ, ਉਸ ਨੇ ਚੰਦ੍ਰਾਵਲ ਨਾਮੀ ਇਸਤ੍ਰੀ ਨੂੰ ਧੱਕੇ ਨਾਲ ਛਲਿਆ ਸੀ। ਗੋਪੀ ਸਤਜਭਾਮਾ ਦੀ ਪ੍ਰਸੰਨਤਾ ਹਿਤ (ਸੁਵਰਗੀ ਰਾਜੇ ਇੰਦਰ ਨਾਲ ਯੁੱਧ ਕਰ ਕੇ) ਪਾਰਜਾਤ ਬਿਰਛ ਲੈ ਕੇ ਆਇਆ। ਔਰ ਬ੍ਰਿੰਦਾਬਨ ਵਿਚ ਗੋਪੀ ਚੰਦ੍ਰਾਵਲ ਨਾਲ ਪਿਆਰ ਕੀਤਾ ਅਥਵਾ ਮਾਣਿਆ।

ਸੁਹਿਰਦ ਪਾਠਕਾਂ ਦੀ ਵਧੇਰੇ ਜਾਣਕਾਰੀ ਹਿਤ, ਇਸ ਖ਼ਿਆਲ ਦੀ ਚਿੱਤਰ ਰੇਖਾ ਉਲੀਕਣੀ ਅਤਿ ਆਵਸ਼ਕ ਹੈ ਕਿ ਉਕਤ ਦਰਸਾਈ ਸਤਜਭਾਮਾ ਇਸਤ੍ਰੀ ਕੌਣ ਸੀ ? ਜਿਸ ਨਾਲ ਕ੍ਰਿਸ਼ਨ ਜੀ ਮਹਾਰਾਜ ਇਤਨੀ ਕ੍ਰੀੜਾ ਕਰਦੇ ਸਨ। ਸਤਜਭਾਮਾ ਸਤ੍ਰਾਜਿਤ ਦੀ ਪੁੱਤਰੀ ਸੀ, ਜਿਸ ਦੀ ਮੰਗਣੀ ਸੱਤਧਨਵਾ ਨਾਮੀ ਦੁਆਰਕਾ ਵਾਸੀ ਨਾਲ ਨਿਯੁਕਤ ਹੋ ਚੁੱਕੀ ਸੀ ਪ੍ਰੰਤੂ ਸੱਤਜਭਾਮਾ ਦੇ ਪਿਤਾ ਸਤ੍ਰਾਜਿਤ ਨੇ ਉਸ ਦੀ ਸ਼ਾਦੀ ਸੱਤਧਨਵਾ ਨੂੰ ਅਣਡਿੱਠਾ ਕਰਕੇ ਸ੍ਰੀ ਕ੍ਰਿਸ਼ਨ ਜੀ ਨਾਲ ਕਰ ਦਿੱਤੀ। ਅੰਜਾਮ ਵਜੋਂ, ਸੱਤਧਨਵਾ ਨਾਮੀ ਮੰਗੇਤਰ ਨੇ ਸੁੰਦਰੀ ਸਤਜਭਾਮਾ ਦੇ ਪਿਤਾ ਸੱਤ੍ਰਾਜਿਤ ਨੂੰ ਕਤਲ ਕਰਕੇ ਸੂਰਜ ਦੇਵਤੇ ਵਲੋਂ ਬਖ਼ਸ਼ੀ ਹੋਈ ਸਜਮੰਤਕ ਮਣੀ ਭੀ ਲੈ ਆਂਦੀ।[2] ਐਸੀ ਉਦਾਸੀਨ ਸਥਿਤੀ ਨੂੰ ਵੇਖਦਿਆਂ ਨਿਜੀ ਪ੍ਰੇਮਿਕਾ ਸਤਜਭਾਮਾ ਦੀ ਪ੍ਰਸੰਨਤਾ ਹਿਤ, ਸ੍ਰੀ ਕ੍ਰਿਸ਼ਨ ਜੀ ਨੇ ਸੱਤਧਨਵਾ ਮੰਗੇਤਰ ਨੂੰ ਬਦਲੇ ਦੀ ਭਾਵਨਾ ਦੇ ਆਧਾਰ 'ਤੇ ਕਤਲ ਕੀਤਾ। ਕ੍ਰਿਸ਼ਨ ਜੀ ਨੇ ਸਤਜਭਾਮਾ ਸੁੰਦਰੀ ਨੂੰ ਧੀਰਜ ਦਿੰਦਿਆਂ ਕਿਹਾ ਕਿ "ਹੇ ਸੁੰਦਰੀ ! ਤੁਮ ਅਪਨੇ ਮਨ ਮੇਂ ਧੀਰਜ ਧਰੋ ਔਰ ਕਿਸੀ ਬਾਤ ਕੀ ਚਿੰਤਾ

---

1. ਵਾਰ ਆਸਾ ਮ: ੧, ਪੰਨਾ 470/6.
2. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 10, ਅਧਿਆਇ 58, ਪੰਨੇ 395-401। (ਨੋਟ : ਅਸਾਡੇ ਹਿੰਦੂ ਮਿਥਿਹਾਸ ਦੀਆਂ ਕਥਾ ਕਹਾਣੀਆਂ ਜਿਵੇਂ ਸੂਰਜ ਅਤੇ ਸਜਮੰਤਕ ਮਣੀ ਨਾਲ ਕਿਸੇ ਪ੍ਰਕਾਰ ਦਾ ਭੀ ਵਾਸਤਾ ਨਹੀਂ ਹੈ, ਬਲਕਿ ਅਸਾਡਾ ਮੰਤਵ ਕੇਵਲ ਵੈਦਿਕ ਧਾਰਾ ਦੇ ਅਧੀਨ ਇਸਤ੍ਰੀ ਅਧਿਕਾਰ ਅਤੇ ਇਸਤ੍ਰੀ ਦੀ ਵਰਤੋਂ ਕੁਵਰਤੋਂ ਦਰਸਾਣਾ ਹੈ ਕਿ ਇਸਤ੍ਰੀ ਮੋਹ ਵਿਚ ਗ੍ਰਸੇ ਹੋਏ ਇਨਸਾਨ ਕਿਤਨਾ ਵੈਰ ਵਿਰੋਧ ਕਰ ਸਕਦੇ ਹਨ।)

ਮਤ ਕਰੋ, ਜੋ ਹੋਨਾ ਥਾ ਸੋ ਹੂਆ, ਪਰ ਅਬ ਮੈਂ ਸੱਤਧਨਵਾ ਕੋ ਮਾਰ ਤੇਰੇ ਪਿਤਾ ਕਾ ਬੈਰ ਲੂੰਗਾ, ਪੀਛੇ ਔਰ ਕਾਮ ਕਰੂੰਗਾ।

ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦੀ ਪ੍ਰੇਮਿਕਾ ਸੱਤਜਭਾਮਾ ਦੀ ਗਾਥਾ ਦਸਮ ਗ੍ਰੰਥ ਵਿਚ ਭੀ ਦਰਸਾਈ ਗਈ ਹੈ। ਜਿਵੇਂ:

ਸਵੈਯਾ॥ ਬੋਲ ਦਿਜੋਤਮ ਬੇਦਨ ਕੀ ਬਿਧ ਜੈਸ ਕਹੀ ਤਸ ਬ੍ਯਾਹ ਰਚਾਯੋ॥
ਸਤਿਭਾਮਨ ਕੋ ਕਬਿ ਸ੍ਯਾਮ ਭਨੈ ਜਿਹ ਕੋ ਸਭ ਲੋਗਨ ਮੈ ਜਸੁ ਛਾਯੋ॥
ਪਾਵਤ ਹੈ ਉਪਮਾ ਲਛਮੀ ਕੀ ਨ ਤਾ ਸਮ ਯੌ ਕਹਿਬੋ ਬਨਿਆਯੋ॥
ਤਾਹੀ ਕੇ ਬ੍ਯਾਹਨ ਕਾਜ ਸੁ ਦੈ ਮਨਿ ਮਾਨ ਭਲੈ ਘਨਿਸ੍ਯਾਮ ਬੁਲਾਯੋ॥੨੦੬੪॥
ਐਸੇ ਬਿਵਾਹ ਪ੍ਰਭੂ ਸੁਖੁ ਪਾਇ ਤ੍ਰੀਯਾ ਸੰਗ ਲੈ ਕਰਿ ਧਾਮਹਿ ਆਏ॥੨੦੬੫॥[1]

ਅਰਥ : ਸ੍ਰੇਸ਼ਟ ਬ੍ਰਾਹਮਣਾਂ ਨੇ ਜਿਸ ਤਰ੍ਹਾਂ ਬੇਦ ਦੀ ਰੀਤੀ ਆਖੀ, ਉਸੇ ਤਰ੍ਹਾਂ ਹੀ (ਸਤਜਭਾਮਾ ਅਤੇ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦਾ) ਵਿਆਹ ਰਚਾਇਆ ਗਿਆ। ਸ੍ਯਾਮ ਕਵੀ ਆਖਦਾ ਹੈ ਕਿ (ਕ੍ਰਿਸ਼ਨ ਜੀ ਨਾਲ ਵਿਆਹ ਹੋਣ ਕਰਕੇ) ਸਤਜਾਭਾਮਨ ਦੀ ਸੋਭਾ ਸਾਰੇ ਲੋਕਾਂ ਵਿਚ ਛਾ (ਪ੍ਰਗਟ ਹੋ) ਗਈ। ਇਹੀ ਆਖਣਾ ਠੀਕ ਬਣ ਆਂਵਦਾ ਹੈ ਕਿ (ਵਿਸ਼ਨੂੰ ਦੀ ਪ੍ਰੇਮਿਕਾ) ਲੱਛਮੀ ਜੈਸੀ ਉਪਮਾ (ਸਤਜਾਭਾਮਨ ਨੂੰ) ਪ੍ਰਾਪਤ ਹੋਈ। ਸਤਿਜਭਾਮਨ ਦੇ ਵਿਆਹ ਦੀ ਖ਼ਾਤਰ ਹੀ ਸ੍ਰੀ ਕ੍ਰਿਸ਼ਨ ਜੀ ਨੇ ਬਹੁਤ ਹੀ ਵੱਡੇ ਮਾਣ ਆਦਰ ਦੇਣ ਪ੍ਰਤਿ ਲੋਕਾਂ ਨੂੰ ਬੁਲਾਇਆ। ਇਸ ਤਰ੍ਹਾਂ ਪ੍ਰਭੂ ਕ੍ਰਿਸ਼ਨ ਜੀ ਸਤਿਜਭਾਮਨ ਨੂੰ ਵਿਆਹ ਕੇ ਆਪਣੇ ਘਰ ਲੈ ਗਏ ਅਤੇ ਤ੍ਰਿਯਾ ਸੁਖ ਨੂੰ ਪ੍ਰਾਪਤ ਕੀਤਾ।

ਵਿਰਤੀਹਾਣ ਗਾਥਾ ਵੇਦਿਕ ਰੀਤੀ ਦੇ ਅਨੁਸਾਰ ਇਸਤ੍ਰੀ ਅਧਿਕਾਰ ਪ੍ਰਤਿ ਚਲ ਰਹੀ ਹੈ, ਅਗਰ ਇਥੇ ਰੁਕਮਣੀ ਅਤੇ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦੀ ਗਾਥਾ ਨਹੀਂ ਲਿਖਦੇ, ਹੋ ਸਕਦਾ ਹੈ ਕਿ ਵੇਦਿਕ ਇਸਤ੍ਰੀ ਅਧਿਕਾਰ ਦੀ ਕਲਪਨਾਤਮਕ ਸ਼ੈਲੀ ਸੰਪੂਰਣ ਨਾ ਹੋ ਸਕੇ। ਲਿਹਾਜ਼ਾ ਅਤਿ ਆਵਸ਼ਕ ਹੈ ਕਿ ਸ੍ਰੀ ਕ੍ਰਿਸ਼ਨ ਜੀ ਦੀ ਘਰੇਲੂ ਮਲਕਾ ਰੁਕਮਣੀ ਅਤੇ ਕ੍ਰਿਸ਼ਨ ਜੀ ਦੀ ਹਮਸਫ਼ਰੀ ਬਿਆਨ ਕੀਤੀ ਜਾਵੇ। ਸ੍ਰੀ ਕ੍ਰਿਸ਼ਨ ਜੀ ਅਤੇ ਰੁਕਮਣੀ ਵਿਆਹ ਦੀ ਗਾਥਾ ਸੁਕਦੇਵ ਜੀ, ਰਾਜਾ ਪ੍ਰੀਛਤ ਨੂੰ ਨਿਮਨ ਲਿਖਤ ਦੇ ਅਨੁਸਾਰ ਸੁਣਾ ਰਹੇ ਹਨ:

ਵਿਦਰਭ ਦੇਸ਼ ਦਾ ਰਾਜਾ ਜਿਸ ਦਾ ਨਾਮ ਭੀਕਸ਼ਮ ਹੈ। ਇਸ ਦੇਸ਼ ਦੀ ਰਾਜਧਾਨੀ ਕੁੰਤਨ ਪੁਰ ਨਗਰੀ ਹੈ। ਇਸ ਰਾਜੇ ਦਾ ਜਸ ਸਾਰੀ ਤਿਰਲੋਕੀ ਵਿਚ ਫੈਲ ਰਿਹਾ ਹੈ। ਉਸ ਦੇ ਗ੍ਰਹਿ ਵਿਖੇ ਸ੍ਰੀ ਲੱਛਮੀ ਜੀ ਨੇ ਜਨਮ ਲਿਆ। ਹਿੰਦੂ ਰੀਤੀ ਦੇ ਅਨੁਸਾਰ ਜੋਤਸ਼ੀਆਂ ਨੇ ਲਗਨ ਸਾਧ ਕੇ ਉਸ ਕੰਨਿਆ ਦਾ ਨਾਮ ਰੁਕਮਣੀ ਰੱਖਿਆ। ਜੋਤਸ਼ੀ ਲੋਕ ਲਗਨ ਦੇ ਆਧਾਰ 'ਤੇ ਆਖਣ ਲੱਗੇ—ਹੇ

1. *ਦਸਮ ਗ੍ਰੰਥ*, ਸਵੈਯਾ#2064 ਅਤੇ 2065, ਪੰਨੇ 515-16.

ਰਾਜਨ! ਹਮਰੇ ਵਿਚਾਰ ਮੇਂ ਐਸੇ ਆਤਾ ਹੈ ਕਿ ਯਿਹ ਕੰਨਿਆ ਅਤਿ ਸੁਸ਼ੀਲ ਰੂਪ ਨਿਧਾਨ ਗੁਣੋਂ ਮੇਂ ਲੱਛਮੀ ਸਮਾਨ ਹੋਗੀ ਔਰ ਆਦਿ ਪੁਰਖ ਪ੍ਰਮੇਸਰ ਸੇ ਵਿਵਾਹੀ ਜਾਵੇਗੀ। ਰਾਜਾ ਭੀਕਸ਼ਮ ਨੇ ਜੋਤਸ਼ੀਆਂ ਦੇ ਮੁਖ ਤੋਂ ਐਸੀ ਭਾਸ਼ਾ ਸੁਣ ਕੇ ਅਤਿ ਆਨੰਦ ਪ੍ਰਾਪਤ ਕੀਤਾ। ਜੋਤਸ਼ੀ ਪੰਡਤਾਂ ਅਤੇ ਬ੍ਰਾਹਮਣਾਂ ਪ੍ਰਤਿ ਅਨਿਕ ਪ੍ਰਕਾਰੀ ਅਧਿਕ ਦਾਨ ਦੇ ਕੇ ਵਿਦਾ ਕੀਤਾ। ਇਸ ਤੋਂ ਅਗਲੇਰੇ ਸਮੇਂ ਵਿਚ ਇਹ ਕੰਨਿਆ ਚੰਦ੍ਰਕਲਾ ਵਾਂਗੂੰ ਨਿਤਾਪ੍ਰਤਿ ਅੱਜ ਹੋਰ ਕਲ ਹੋਰ ਵਧਣ ਲੱਗੀ। ਬਾਲ ਲੀਲ੍ਹਾ ਦੇ ਸਮੇਂ ਆਪਣੀ ਮਾਤਾ ਦੀ ਆਗਿਆ ਵਿਚ ਪਰਿਵਾਰਕ ਸੁਅਸਤਅਵਸਥਾ ਨੂੰ ਪਾਲਣ ਲੱਗੀ। ਇਤਨੀ ਸੁਸ਼ੀਲ ਅਤੇ ਸੁੰਦਰ ਸੀ ਕਿ ਓਹ ਮ੍ਰਿਗ ਨੈਨੀ, ਮਧੁਰ ਬੈਨੀ, ਚੰਪਕ ਬਰਨੀ, ਚੰਦ੍ਰਮੁਖੀ ਸੀ ਕਿ ਸਖੀਆਂ ਵਿਚ ਉਸ ਦੀ ਆਭਾ ਅਤਿ ਰੂਹਾਨੀ, ਖ਼ੂਬਰੂ ਅਤੇ ਇਤਨੀ ਹੁਸੀਨੋ ਸ਼ਕੀਲ ਸੀ ਕਿ ਉਹ ਆਪਣੀ ਮਿਸਾਲ ਆਪ ਹੀ ਸੀ। ਸਮਾਂ ਕਦੀ ਭੀ ਕਿਸੇ ਦੀ ਇੰਤਜ਼ਾਰ ਨਹੀਂ ਕਰਦਾ ਇਸ ਦਾ ਨਿਜੀ ਵੇਗ ਹੈ ਜੋ ਲਮਹਾ ਲੰਘ ਜਾਂਦਾ ਹੈ, ਉਹ ਕਦੀ ਭੀ ਵਾਪਸ ਨਹੀਂ ਪਰਤਦਾ। ਰੁਕਮਣੀ ਦੀ ਬਾਲ ਲੀਲ੍ਹਾ ਦੇ ਦਿਨ ਅਲਵਿਦਾਈ ਸੰਦੇਸ਼ ਦਿੰਦੇ ਹੋਏ ਗੁਜ਼ਰ ਗਏ। ਅੱਜ ਰੁਕਮਣੀ ਇਤਨੀ ਜਵਾਂ ਸਾਲਿਹਾ (ਸੁਸ਼ੀਲ ਅਤੇ ਮੁਟਿਆਰ) ਹੋ ਗਈ ਕਿ ਉਸ ਵਾਸਤੇ ਇਕ ਹਮ-ਪੱਲਾ, ਹਮ-ਸਫ਼ਰ ਦੀ ਆਵਸ਼ਕਤਾ ਸੀ। ਰੁਕਮਣੀ ਦਾ ਵੱਡਾ ਭਾਈ ਰੁਕਮੀ ਸੀ, ਉਸ ਦੇ ਮਸ਼ਵਰੇ ਦੇ ਅਨੁਸਾਰ ਰਾਜਾ ਭੀਕਸ਼ਮ ਨੇ ਰੁਕਮਣੀ ਦੀ ਮੰਗਣੀ (ਸਗਾਈ) ਚੰਦੇਰ ਪਤਿ ਰਾਜਾ ਸ਼ਿਸ਼ਪਾਲ ਨਾਲ ਕਰ ਦਿੱਤੀ। ਬ੍ਰਾਹਮਣ ਸਗਾਈ ਦਾ ਟੀਕਾ ਲੈ ਕੇ ਰਾਜਾ ਸ਼ਿਸ਼ਪਾਲ ਦੇ ਦਰਬਾਰ ਵਿਚ ਚਲਾ ਗਿਆ। ਰਾਜਾ ਸ਼ਿਸ਼ਪਾਲ ਨੇ ਆਪਣੇ ਸਮਰਥਕ ਰਾਜਿਆਂ, ਜਿਨ੍ਹਾਂ ਵਿਚ ਜਰਾਸੰਧ ਜੈਸੇ ਨਰੇਸ਼ ਭੀ ਸ਼ਾਮਲ ਸਨ, ਸਾਰਿਆਂ ਨੂੰ ਬੁਲਾਵਾ ਭੇਜ ਕੇ ਬਰਾਤ ਦੀ ਤਿਆਰੀ ਆਰੰਭ ਦਿੱਤੀ। ਪ੍ਰੰਤੂ ਇਸੇ ਸਮੇਂ ਦੇ ਦੌਰਾਨ ਰਾਜਕੁਮਾਰੀ ਰੁਕਮਣੀ ਨੇ ਇਕ ਰਹੱਸ ਭਰਪੂਰ ਪ੍ਰੇਮ ਪਤਰਿਕਾ ਸ੍ਰੀ ਕ੍ਰਿਸ਼ਨ ਜੀ ਪਾਸ ਇਕ ਬ੍ਰਾਹਮਣ ਦੇ ਹੱਥੀਂ ਭੇਜੀ। ਬ੍ਰਾਹਮਣ ਨੂੰ ਸ੍ਰੀ ਕ੍ਰਿਸ਼ਨ ਜੀ ਨੇ ਅਤਿ ਆਦਰ ਮਾਣ ਦੁਆਰਾ ਜੀ ਆਇਆਂ ਆਖਿਆ ਅਤੇ ਪੁਛਿਆ— ਹੇ ਦਿਜ!

ਨੀਕੇ ਰਾਜ ਦੇਸ ਤੁਮ ਤਨਾ॥ ਹਮ ਸੇ ਭੇਤ ਕਹੋ ਅਪਨਾ॥
ਕੌਨ ਰਾਜ ਯਹਾਂ ਆਵਨ ਭਯੋ॥ ਦਰਸ ਦਿਖਾਇ ਹਮੇਂ ਸੁਖ ਦਯੋ॥[1]

ਸ੍ਰੀ ਕ੍ਰਿਸ਼ਨ ਜੀ ਦੇ ਬਚਨ ਸੁਣ ਕੇ ਬ੍ਰਾਹਮਣ ਨੇ ਸਮੁੱਚੀ ਵਾਰਤਾ ਆਖ ਸੁਣਾਈ ਕਿ ਰੁਕਮਣੀ ਆਪ ਜੀ ਕੇ ਚਰਨੋਂ ਕੀ ਸੇਵਾ ਚਾਹਤੀ ਹੈ। ਇਸ ਪਤਰਿਕਾ ਨੂੰ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਨੇ ਛਾਤੀ ਨਾਲ ਲਗਾਇਆ ਔਰ

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 10, ਅਧਿਆਇ 53 ਅਤੇ 54, ਪੰਨੇ 370-387.

ਆਖਿਆ—ਹੇ ਬ੍ਰਾਹਮਣ ਦੇਵਤਾ! ਕੋਈ ਚਿੰਤਾ ਨਾ ਕਰੋ। ਅਸੀਂ ਵਿਰੋਧੀ ਦੁਸ਼ਟਾਂ ਦੇ ਬਲ ਨੂੰ ਦਮਨ ਕਰ ਕੇ ਉਸ ਸੁੰਦਰੀ ਨੂੰ ਇੰਝ ਲੈ ਆਵਾਂਗੇ ਜਿਵੇਂ ਅਗਨੀ ਗ੍ਰਸਤ ਗ੍ਰਹਿ ਵਿਚੋਂ ਕੀਮਤੀ ਵਸਤੂਆਂ ਨੂੰ ਕੱਢ ਲਈਦਾ ਹੈ।

ਦੋਹਰਾ॥ ਜੈਸੇ ਘਰ ਕੇ ਕਾਠ ਕੋ ਕਾਢਹਿ ਜੁਆਲਾ ਜਾਰ॥
ਐਸੇ ਸੁੰਦਰੀ ਲਯਾਇ ਹੈਂ ਦੁਸ਼ਟ ਅਸੁਰ ਬਲ ਮਾਰ॥[1]

ਨਿਰਸੰਦੇਹ ਇਥੇ ਉਸ ਬ੍ਰਾਹਮਣ ਦੀ ਆਚਾਰਸ਼ੀਲਤਾ ਆਪਣੇ ਸੁਆਮੀ ਵਿਦਰਭ ਦੇਸ਼ ਦੇ ਰਾਜਾ ਭੀਕਸ਼ਮ ਦੇ ਵਿਰੁੱਧ ਚਿੱਟੇ ਦਿਨ ਵਾਂਗੂ ਚਮਕ ਰਹੀ ਹੈ ਕਿ ਬ੍ਰਾਹਮਣ (ਰੰਗੂ) ਕਿਸੇ ਸਮੇਂ ਭੀ ਲਾਲਚ ਦੇ ਅਧੀਨ ਆਪਣੇ ਸੁਆਮੀ ਨੂੰ ਧੋਖਾ ਦੇ ਸਕਦਾ ਹੈ।

ਬ੍ਰਾਹਮਣ ਨੂੰ ਦਿਲਾਸਾ ਦੇਣ ਤੋਂ ਉਪਰੰਤ ਸ੍ਰੀ ਕ੍ਰਿਸ਼ਨ ਜੀ, ਰਾਜਾ ਉਗ੍ਰਸੈਨ ਜੋ ਉਸ ਸਮੇਂ ਦੁਆਰਕਾ ਵਿਚ ਮੌਜੂਦ ਸੀ, ਦੇ ਪਾਸ ਆਏ, ਕਿ ਕੁੰਦਨ ਪੁਰ ਦੇ ਰਾਜਾ ਭੀਕਸ਼ਮ ਨੇ ਆਪਣੀ ਕੰਨਿਆ ਦੇਣ ਵਾਸਤੇ ਪ੍ਰੋਹਤ ਦੇ ਹੱਥ ਇਕ ਪਤਰਿਕਾ ਲਿਖ ਕੇ ਭੇਜੀ ਹੈ। ਮੈਨੂੰ ਇਕੱਲੇ ਨੂੰ ਬੁਲਾਇਆ ਹੈ। ਅਗਰ ਆਪ ਆਗਿਆ ਕਰੋ ਤਦ ਮੈਂ ਉਸ ਦੀ ਬੇਟੀ ਨੂੰ ਵਿਆਹ ਕੇ ਲੈ ਆਵਾਂ। ਪ੍ਰੰਤੂ ਰਾਜਾ ਉਗ੍ਰਸੈਨ ਨੇ ਮਸ਼ਵਰਾ ਦਿੱਤਾ ਕਿ ਬਹੁਤ ਸਾਰੀ ਸੈਨਾ ਨਾਲ ਲੈ ਕੇ ਦੋਨੋਂ ਭਾਈ ਜਾਵੋ। ਗ਼ਰਜ਼ੇਕਿ, ਸ੍ਰੀ ਕ੍ਰਿਸ਼ਨ ਜੀ ਨੇ ਸੈਨਾ ਅਤੇ ਬਲਦੇਵ ਦੀ ਉਡੀਕ ਕੀਤੇ ਬਿਨਾਂ ਹੀ ਕੁੰਦਨ ਪੁਰ ਤੋਂ ਆਏ ਬ੍ਰਾਹਮਣ ਨੂੰ ਰਥ ਵਿਚ ਬਿਠਾ ਕੇ ਦੁਆਰਕਾ ਤੋਂ ਕੁੰਦਨ ਪੁਰ ਨਗਰੀ ਵੱਲ ਰੁਕਮਣੀ ਦੇ ਲਿਆਵਨ ਹਿਤ ਕੂਚ ਕਰ ਦਿੱਤਾ। ਪ੍ਰੰਤੂ ਰਾਜਾ ਉਗ੍ਰਸੈਨ ਨੇ ਉਸ ਸਮੇਂ ਦੀਆਂ ਦੋ ਖੂਹਣੀ ਸੈਨਾ ਸਮੇਤ ਬਲਦੇਵ ਨੂੰ ਸ੍ਰੀ ਕ੍ਰਿਸ਼ਨ ਜੀ ਦੀ ਸਹਾਇਤਾ ਵਾਸਤੇ ਭੇਜ ਦਿੱਤਾ। ਕ੍ਰਿਸ਼ਨ ਜੀ ਨੇ ਨਿਜੀ ਖ਼ਿਆਲ ਦੇ ਅਨੁਸਾਰ ਸਵੈਮ ਤੌਰ 'ਤੇ ਰਾਜਾ ਭੀਕਸ਼ਮ ਦੇ ਬਾਗ਼ ਵਿਚ ਡੇਰਾ ਆਣ ਕੀਤਾ। ਨਾਲ ਆਏ ਬ੍ਰਾਹਮਣ ਨੂੰ ਆਖਿਆ ਕਿ ਹੇ ਦੇਵਤਾ! ਤੁਸੀਂ ਮੇਰੇ ਆਵਨ ਦਾ ਸਮਾਚਾਰ ਰਾਜਕੁਮਾਰੀ ਰੁਕਮਣੀ ਨੂੰ ਮਹਿਲਾਂ ਵਿਚ ਜਾ ਕੇ ਦੇ ਆਵੋ, ਤਾਂਕਿ ਰੁਕਮਣੀ ਆਪਣੇ ਮਨ ਦਾ ਤੌਖ਼ਲਾ ਦੂਰ ਕਰ ਕੇ ਧੀਰਜ ਵਿਚ ਆ ਜਾਵੇ। ਔਰ ਜੋ ਕੁਝ ਰਾਜ ਮਹਿਲਾਂ ਵਿਚ ਹੋ ਰਿਹਾ ਹੈ, ਉਸ ਦੀ ਸਾਰੀ ਖ਼ਬਰ ਭੀ ਲੈ ਆਵੋ ਤਾਂਕਿ ਸਮੇਂ ਦੇ ਅਨੁਸਾਰ ਸਥਿਤੀ ਦਾ ਟਾਕਰਾ ਕੀਤਾ ਜਾ ਸਕੇ।

ਬ੍ਰਾਹਮਣ ਨੇ ਕੀ ਡਿੱਠਾ ਕਿ ਰਾਜਾ ਸ਼ਿਸ਼ਪਾਲ ਬਹੁਤ ਹੀ ਵੱਡਾ ਕਟਕ ਦਲ ਅਤੇ ਜਰਾਸੰਧ ਜੈਸੇ ਰਾਜਿਆਂ ਦੀ ਸੈਨਾ ਨੂੰ ਨਾਲ ਲੈ ਕੇ ਰੁਕਮਣੀ ਦੇ ਵਿਆਹਨ ਹਿਤ ਆਇਆ ਹੈ। ਰਾਜਾ ਸ਼ਿਸ਼ਪਾਲ ਦੇ ਆਵਨ ਦੀ ਖ਼ਬਰ ਸੁਣ ਕੇ ਰਾਜਕੁਮਾਰੀ ਦਾ ਪਿਤਾ ਰਾਜਾ ਭੀਕਸ਼ਮ ਆਪਣੇ ਰਾਜ ਮੰਤ੍ਰੀਆਂ ਅਤੇ

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 10, ਅਧਿਆਇ 53 ਅਤੇ 54, ਪੰਨਾ 376.

ਪਰਿਵਾਰਿਕ ਵਿਅਕਤੀਆਂ ਨੂੰ ਨਾਲ ਲੈ ਕੇ ਰਾਜਾ ਸ਼ਿਸ਼ਪਾਲ ਨੂੰ ਬਹੁਤ ਹੀ ਆਦਰ ਮਾਣ ਦੁਆਰਾ ਰੱਥਾਂ, ਘੋੜੇ, ਹਾਥੀਆਂ 'ਤੇ ਬਿਠਾ ਕੇ ਨਗਰੀ ਵਿਚ ਲੈ ਆਏ, ਉਨ੍ਹਾਂ ਦੇ ਉਤਾਰੇ ਵਾਸਤੇ ਬਹੁਤ ਹੀ ਸੁੰਦਰ ਅਸਥਾਨ ਵਿਚ ਜਨਵਾਸ ਦਿੱਤਾ ਅਤੇ ਖਾਨ ਪਾਨ ਪਹਿਰਾਨ ਹਿਤ ਸੁਲਝੇ ਹੋਏ ਪ੍ਰਬੰਧ ਕੀਤੇ ਗਏ।

ਦੂਜੇ ਪਾਸੇ ਰਾਜਾ ਉਗ੍ਰਸੈਨ ਦੀ ਆਗਿਆ ਅਨੁਸਾਰ ਕ੍ਰਿਸ਼ਨ ਜੀ ਦਾ ਭਾਈ ਬਲਦੇਵ ਦੋ ਖੂਹਣੀ ਸੈਨਾ ਲੈ ਕੇ ਕੁੰਦਨ ਪੁਰ ਵਿਚ ਆਣ ਟਿਕੇ। ਪ੍ਰੰਤੂ ਰਾਜਕੁਮਾਰੀ ਰੁਕਮਣੀ ਇਤਨੀ ਸ਼ੋਕਮਈ ਦਸ਼ਾ ਵਿਚ ਹੈ ਕਿ ਰਾਜ ਮਹਿਲਾਂ ਦੀਆਂ ਅਟਾਰੀਆਂ 'ਤੇ ਚੜ੍ਹ ਚੜ੍ਹ ਕੇ ਨੰਦ ਕੰਦ ਕ੍ਰਿਸ਼ਨ ਜੀ ਦੀ ਤਾਂਘ ਵਿਚ ਲੀਨ ਹੋ ਰਹੀ ਹੈ ਕਿਉਂਕਿ ਰਾਜ ਮਹਿਲਾਂ ਵਿਚ ਬਹੁਤਾ ਇਕੱਠ ਹੋਣ ਕਰਕੇ ਕ੍ਰਿਸ਼ਨ ਜੀ ਦਾ ਭੇਜਿਆ ਹੋਇਆ ਬ੍ਰਾਹਮਣ, ਰੁਕਮਣੀ ਪਾਸ ਸੰਦੇਸ਼ ਪਹੁੰਚਾਵਨ ਵਿਚ ਅਸਮਰੱਥ ਹੈ। ਰਾਜਕੁਮਾਰੀ ਦੀ ਸਰੀਰਕ ਬੇਚੈਨੀ ਇਤਨੀ ਬਿਲਖ-ਬਿਲਾਨੀ ਦਸ਼ਾ ਵਿਚ ਪ੍ਰਵੇਸ਼ ਕਰ ਗਈ ਜਿਵੇਂ, ਚੰਦ੍ਰਮਾ ਦੇ ਅਲੋਪ ਹੋਇਆਂ ਇਕ ਚਕੋਰ ਦੀ ਹਾਲਤ ਹੁੰਦੀ ਹੈ। ਪ੍ਰਿਅ ਇਸ਼ਕ ਵਿਚ ਡੁੱਬੀ ਹੋਈ ਰੁਕਮਣੀ ਦੀ ਦਸ਼ਾ ਇੰਞ ਭੀ ਆਖੀ ਜਾ ਸਕਦੀ ਹੈ, ਜਿਵੇਂ:

ਬਿਲਖ ਬਦਨ ਅਤਿ ਮਲਨ ਮਨ ਲੇਤ ਉਦਾਸਨ ਸਾਸ ॥
ਬਿਆਕੁਲ ਬਰਖਾ ਨੈਨ ਜਲ ਸੋਚਤ ਰਹਿਤ ਉਦਾਸ ॥[1]

ਰੁਕਮਣੀ ਦੀ ਵਿਆਕੁਲਤਾ 'ਤੇ ਤਰਸ ਕਰਦਿਆਂ ਇਕ ਸਖੀ ਨੇ ਆਖਿਆ—ਹੇ ਰੁਕਮਣੀ! ਤੂੰ ਧੀਰਜ ਕਰ, ਵਿਆਕੁਲ ਨਾ ਹੋ, ਮੇਰਾ ਮਨ ਹਾਮੀ ਭਰਦਾ ਹੈ ਕਿ ਹੁਣੇ ਹੀ ਕੋਈ ਆਵੇਗਾ ਅਤੇ ਐਸਾ ਸੁਨੇਹਾ ਦੇਵੇਗਾ ਕਿ ਸ੍ਰੀ ਮਨਮੋਹਨ ਜੀ ਆ ਗਏ ਹਨ। ਸਖੀਆਂ ਨਾਲ ਐਸੀਆਂ ਗੱਲਾਂ ਹੀ ਕਰ ਰਹੀ ਸੀ ਕਿ ਬ੍ਰਾਹਮਣ ਨੇ ਆਣ ਪੈਗ਼ਾਮ ਦਿੱਤਾ। ਜਿਵੇਂ ਸੱਸੀ ਨੂੰ ਕਿਸੇ ਗ਼ੁਲਾਮ ਨੇ ਆਣ ਕੇ ਸੁਨੇਹਾ ਦਿੱਤਾ ਸੀ ਕਿ ਘਾਟ ਉਪਰ ਕੋਈ ਵਾਪਾਰੀ ਆਣ ਉਤਰੇ ਹਨ। ਇਸੇ ਤਰ੍ਹਾਂ ਰੁਕਮਣੀ ਬ੍ਰਾਹਮਣ ਦੀ ਸੱਦ ਸੁਣ ਕੇ ਬਿਲਖ-ਬਿਲਾਨੀ ਦਸ਼ਾ ਨੂੰ ਤਿਆਗ ਕੇ ਉਠ ਬੈਠੀ, ਸਰੀਰਕ ਸੁਰਤ ਨੂੰ ਸੰਭਾਲਦੀ ਹੋਈ ਹਾਰ ਸ਼ਿੰਗਾਰੀ ਭਾਵਨਾਵਾਂ ਵੱਲ ਰੁਚੀ ਸੁਬੱਲ ਹੋਣ ਲੱਗੀ। ਲਬਾਂ ਦੀ ਲਾਲੀ ਅਤੇ ਰੁਖ਼ਸਾਰੀ ਮਹਿਫ਼ਲ ਅਨਾਰ ਦੇ ਦਾਨਿਆਂ ਵਾਂਗੂੰ ਚਮਕ ਉਠੀ, ਜਿਵੇਂ:

ਸੁਣੀ ਆਵਾਜ਼ ਸੱਸੀ ਉਠ ਬੈਠੀ ਸੁਰਤ ਸਰੀਰ ਸੰਭਾਲੀ ॥
ਹਾਰ ਸ਼ਿੰਗਾਰ ਲਗੇ ਮਨ ਭਾਵਣ, ਖ਼ੂਬ ਹੋਈ ਖ਼ੁਸ਼ਹਾਲੀ ॥
ਮਿਸਲ ਅਨਾਰ ਹੋਏ ਰੁਖ਼ਸਾਰੇ, ਫੇਰ ਫਿਰੀ ਲਬ ਲਾਲੀ ॥[2]

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 10, ਅਧਿਆਇ 54, ਪੰਨਾ 378.
2. *ਸੱਸੀ ਹਾਸ਼ਮ*, ਪੰਨਾ 100.

ਬ੍ਰਾਹਮਣ ਨੂੰ ਸੰਬੋਧਨ ਕਰਦਿਆਂ ਰੁਕਮਣੀ ਨੇ ਆਖਿਆ ਕਿ ਅੱਜ ਤੁਸੀਂ ਹਰੀ ਦਾ ਆਗਮਨ ਸੁਣਾਇ ਕਰ ਮੁਝੇ ਪ੍ਰਾਨ ਦਾਨ ਦੀਆ ਹੈ। ਬ੍ਰਾਹਮਣ ਰੁਕਮਣੀ ਕੋਲੋਂ ਵਿਦਾ ਹੋ ਕੇ ਰਾਜਾ ਭੀਕਸ਼ਮ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਸਰਕਾਰੀ ਬਾਗ਼ ਵਿਚ ਉਤਾਰੇ ਦੀ ਖ਼ਬਰ ਦੇਣ ਹਿਤ, ਦਰਬਾਰ ਵਿਚ ਚਲਾ ਗਿਆ। ਔਰ ਸਾਰੀ ਗਾਥਾ ਸਮਝਾਣ ਲਈ ਅਰਜ਼ ਕੀਤੋਨੇ—ਹੇ ਰਾਜਨ! ਬਾਗ਼ ਵਿਚ ਸ੍ਰੀ ਕ੍ਰਿਸ਼ਨ ਜੀ ਅਤੇ ਉਨ੍ਹਾਂ ਦਾ ਭ੍ਰਾਤਾ ਬਲਦੇਵ ਜੀ ਸਮੂਹ ਸੈਨਾ ਸਮੇਤ ਆਏ ਹਨ। ਵਿਆਹ ਦੇ ਸਮਾਗਮ ਸਮੇਂ ਇਹ ਖ਼ਬਰ ਅਤਿ ਅਣਸੁਖਾਵੀਂ ਖ਼ਬਰ ਸੀ, ਜਿਸ ਨੂੰ ਸੁਣ ਕੇ ਰਾਜੇ ਦਾ ਵੱਡਾ ਲੜਕਾ ਰੁਕਮੀ ਅਤਿ ਕਰੋਧਤ ਅਤੇ ਅਸ਼ਾਂਤ ਹੋਇ ਬੋਲਿਆ :

ਹੇ ਪਿਤਾ ਜੀ! ਸੱਚ ਕਹੋ ਯਹ ਕ੍ਰਿਸ਼ਨ ਯਹਾਂ ਕਿਸ ਕਾ ਬੁਲਾਇਆ ਆਯਾ ਹੈ? ਇਸ ਕਾ ਭੇਦ ਮੈਨੇ ਨਹੀਂ ਪਾਯਾ। ਬਿਨਾਂ ਬੁਲਾਏ ਯਿਹ ਯਹਾਂ ਕੈਸੇ ਆਯਾ? ਯਹ ਵਿਵਾਹ ਕਾ ਕਾਰਜ ਸੁਖ ਕਾ ਧਾਮ ਹੈ, ਇਸ ਗੁੱਜਰ ਕਾ ਹਮਾਰੇ ਸੇ ਕਿਆ ਕਾਮ ਹੈ ਅਰ ਪਿਤਾ! ਯਿਹ ਦੋਨੋਂ ਕਪਟੀ ਜਹਾਂ ਜਾਤੇ ਹੈਂ ਤਹਾਂ ਹੀ ਉਤਪਾਤ ਮਚਾਤੇ ਹੈਂ। ਜੋ ਤੁਮ ਆਪਣਾ ਭਲਾ ਚਾਹਤੇ ਹੋ ਤਉ ਸੱਚ ਕਹੋ ਯਿਹ ਕਿਸ ਕੇ ਬੁਲਾਏ ਆਏ ਹੈਂ ਮਹਾਰਾਜ! ਇਤਨੀਆਂ ਅਸ਼ਾਂਤ ਅਤੇ ਕਰੋਧਤ ਗੱਲਾਂ ਕਰਦਾ ਹੋਇਆ ਰੁਕਮੀ, ਰਾਜਾ ਸ਼ਿਸ਼ਪਾਲ ਅਤੇ ਜਰਾਸੰਧ ਦੇ ਪਾਸ ਚਲਾ ਗਿਆ। ਉਥੇ ਜਾ ਕੇ ਉਨ੍ਹਾਂ ਨਾਲ ਸਲਾਹ ਮਸ਼ਵਰਾ ਕੀਤੋਨੇ। ਕਹਿਣ ਲੱਗੇ—ਇਹ ਛੱਲੀਆ ਹੈ, ਜਿਥੇ ਜਾਵੇਗਾ ਉਪਦ੍ਰਵ ਹੀ ਖੜਾ ਕਰੇਗਾ। ਵਾਰਤਾਲਾਪ ਦੀ ਤੱਤ੍ਰਤਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

ਯਾਕੋ ਕਾਹੂ ਭੇਦ ਨ ਪਾਇਓ ॥ ਅਬ ਯਿਹ ਕਾਰਨ ਉਪਦ੍ਰਵ ਆਇਓ ॥
ਹੈ ਯੇਹ ਛਲੀਆ ਮਹਾਂ ਛਲ ਕਰੈ ॥ ਕਾਹੂੰ ਪੈ ਨਹਿ ਜਾਨਯੋ ਪਰੈ ॥੧॥[1]

ਰਾਜਾ ਭੀਕਸ਼ਮ ਦਾ ਪੁੱਤਰ ਰੁਕਮੀ, ਰਾਜਾ ਸ਼ਿਸ਼ਪਾਲ ਅਤੇ ਜਰਾਸੰਧ ਨੂੰ ਦਿਲਾਸਾ ਦੇ ਆਇਆ ਕਿ ਤੁਸੀਂ ਕੋਈ ਚਿੰਤਾ ਨਾ ਕਰੋ, ਹਰ ਪ੍ਰਕਾਰੀ ਉਪਦ੍ਰਵ ਦਾ ਸਾਹਮਣਾ ਅਸੀਂ ਕਰਾਂਗੇ। ਵਿਆਹ ਦਾ ਦਿਨ ਆ ਪਹੁੰਚਾ, ਰਾਜਾ ਸ਼ਿਸ਼ਪਾਲ ਅਤੇ ਉਸ ਦੇ ਸਾਥੀ ਰਾਜੇ, ਬਰਾਤ ਦੀਆਂ ਤਿਆਰੀਆਂ ਵਿਚ ਰੁੱਝ ਗਏ ਪ੍ਰੰਤੂ ਰੁਕਮਣੀ ਨੇ ਸਵੇਰੇ ਉਠਦੇ ਹੀ ਬ੍ਰਾਹਮਣ ਦੇ ਹੱਥੀਂ ਸ੍ਰੀ ਕ੍ਰਿਸ਼ਨ ਜੀ ਪਾਸ ਸੁਨੇਹਾ ਭੇਜ ਦਿੱਤਾ ਕਿ ਅੱਜ ਵਿਆਹ ਦਾ ਦਿਨ ਹੈ ਅਰ ਨਗਰ ਕੀ ਪੂਰਬ ਦਿਸ਼ਾ ਕੀ ਓਰ ਦੇਵੀ ਕਾ ਮੰਦਰ ਹੈ, ਦੋ ਘੜੀ ਦਿਨ ਰਹੇ ਤਹਾਂ, ਮੈਂ ਦੇਵੀ ਪੂਜਨ ਹਿਤ ਜਾਊਂਗੀ। ਸੋ ਮੇਰੀ ਲਾਜ ਆਪ ਕੋ ਹੈ ਜਿਸ ਮੇਂ ਰਹੇ, ਸੋ ਕਰੀਏ। ਇਕ ਪਹਿਰ ਦਿਨ ਰਹਿੰਦੇ ਰੁਕਮਣੀ ਆਪਣੀਆਂ ਸਖੀ ਸਹੇਲੀਆਂ ਦੇ ਨਾਲ ਬਾਜੇ

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 10, ਅਧਿਆਇ 54, ਪੰਨਾ 380.

ਰਾਜੇ ਸਾਥ ਦੇਵੀ ਪੂਜਨ ਕੋ ਚਲੀ। ਰਾਜਾ ਭੀਕਸ਼ਮ ਨੇ ਆਪਣੇ ਫ਼ੌਜੀ ਦਸਤੇ ਉਸ ਦੀ ਰਖਵਾਲੀ ਵਾਸਤੇ ਨਾਲ ਤੋਰੇ। ਰਾਜਾ ਸ਼ਿਸ਼ਪਾਲ ਦੇ ਯੋਧੇ ਭੀ ਰੁਕਮਣੀ ਦੀ ਰਾਖੀ ਵਾਸਤੇ ਨਿਜੀ ਸ਼ਸਤ੍ਰ ਸੰਭਾਲਦੇ ਹੋਏ ਨਾਲ ਨਾਲ ਤੁਰੇ ਜਾਂਦੇ ਸਨ। ਅੰਤ ਨੂੰ ਦੇਵੀ ਮੰਦਰ ਭੀ ਆ ਗਿਆ, ਜਿਥੇ ਰੁਕਮਣੀ ਨੇ ਦੇਵੀ ਪੂਜਨ ਕਰਨੀ ਸੀ। ਇਸ ਸਮੇਂ ਕ੍ਰਿਸ਼ਨ ਜੀ ਭੀ ਆਪਣੇ ਯੋਧਿਆਂ ਸਮੇਤ ਉਥੇ ਆਣ ਪਹੁੰਚੇ। ਰੁਕਮਣੀ ਦੀ ਸੁੰਦਰਤਾ ਨੂੰ ਵੇਖਦਿਆਂ, ਰਾਜਿਆਂ ਦੀ ਭੇਜੀ ਹੋਈ ਰੱਖਵਾਲਿਕ ਸੈਨਾ ਇਤਨੀ ਮੋਹਤ ਹੋ ਗਈ ਕਿ ਭੁੱਲੇ ਹੋਏ ਗੁਮਰਾਹੀਆਂ ਵਾਂਗੂ ਖੜੇ ਹੀ ਰਹਿ ਗਏ। ਅੰਤਰ ਪਟ ਉਨ ਕੇ ਹਾਥ ਸੇ ਛੂਟ ਪੜਾ। ਰੁਕਮਣੀ ਦੀ ਸੁੰਦਰਤਾ ਤੋਂ ਇਤਨੇ ਪ੍ਰਭਾਵਤ ਹੋਏ ਕਿ ਐਸੀ ਸਥਿਲਤਾ ਦੀ ਦਸ਼ਾ ਉਨ੍ਹਾਂ ਦੀ ਬੁੱਧੀ ਅਤੇ ਮਨੋਵਿਰਤੀ 'ਤੇ ਵਾਪਰੀ ਕਿ ਉਨ੍ਹਾਂ ਨੂੰ ਤਨ ਮਨ ਦੀ ਭੀ ਸੁੱਧ ਨਾ ਰਹੀ, ਜਿਵੇਂ :

ਅੰਜਨ ਬਰਨੀ ਧਨਖ ਕੈ, ਭ੍ਰਿਕੁਟੀ ਧਨੁਖ ਚੜ੍ਹਾਇ॥
ਮਾਰੇ ਕੋ ਜੀਵਤ ਰਹੈ ਲੋਚਨ ਬਾਨ ਚਲਾਇ॥[1]

ਰੁਕਮਣੀ ਦੇ ਰੂਪ ਦੀ ਝਲਕ ਸੈਨਕ ਰੱਖਵਾਲਿਆਂ ਨੂੰ ਇਤਨੀ ਮੋਹਤ ਦਸ਼ਾ ਵਿਚ ਲੈ ਗਈ ਕਿ ਉਹ ਸੁੰਦਰੀ ਦੇ ਰੂਪਾਂਤਰਿਕ ਕਿਰਨਾਂ ਦੀਆਂ ਆਭਾ ਨਾ ਸਹਾਰ ਸਕੇ, ਇਕ ਬੁਤ ਦੀ ਨਿਆਈਂ ਸੁੰਨ ਹੋ ਗਏ। ਇਸੇ ਸਮੇਂ ਸ੍ਰੀ ਕ੍ਰਿਸ਼ਨ ਜੀ ਆਪਣੇ ਰਥ ਨੂੰ ਲੈ ਕੇ ਸੁੰਦਰੀ ਦੇ ਸਾਹਮਣੇ ਜਾ ਖਲੋਤੇ। ਰੁਕਮਣੀ ਨੇ ਆਪਣਾ ਹੱਥ ਸ੍ਰੀ ਕ੍ਰਿਸ਼ਨ ਜੀ ਵੱਲ ਵਧਾਇਆ, ਉਸੇ ਸਮੇਂ ਕ੍ਰਿਸ਼ਨ ਜੀ ਨੇ ਸੁੰਦਰੀ ਨੂੰ ਭੁਜਾਂ ਤੋਂ ਗਹਿ ਕੇ, ਆਪਣੇ ਰਥ ਵਿਚ ਬਿਠਾਇਆ ਜਿਵੇਂ ਸੰਜੋਗਤਾ ਨੂੰ ਪ੍ਰਿਥਵੀ ਰਾਜ ਚੋਹਾਨ ਅਤੇ ਨੂਰਜਹਾਂ ਨੂੰ ਜਹਾਂਗੀਰ ਬਾਦਸ਼ਾਹ ਨੇ ਅਪਣਾਇਆ ਸੀ। ਜਿਵੇਂ ਇਕ ਸ਼ੇਰ ਗਿੱਦੜਾਂ ਦੇ ਝੁੰਡ ਵਿਚੋਂ ਆਪਣੇ ਸ਼ਿਕਾਰ ਨੂੰ ਲੈ ਜਾਂਦਾ ਹੈ। ਇਸੇ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਰਾਜਕੁਮਾਰੀ ਨੂੰ ਦੁਆਰਕਾ ਰਾਜ ਦੀ ਪਟਰਾਣੀ ਬਣਾਵਣ ਹਿਤ ਸਫਲ ਹੋਏ। ਇਸ ਖ਼ਿਆਲ ਦੀ ਪ੍ਰੋੜ੍ਹਤਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, ਜਿਵੇਂ :

ਕਾਂਪਤ ਗਾਤ ਸਕੁਚ ਮਨ ਭਾਰੀ॥ ਛਾਡ ਸਭਨ ਹਰ ਸੰਗ ਸਿਧਾਰੀ॥
ਜਿਉਂ ਬੈਰਾਗੀ ਛਾਡੇ ਗ੍ਰੇਹ॥ ਕ੍ਰਿਸ਼ਨ ਚਰਨ ਸੌਂ ਕਰੈ ਸਨੇਹ॥
ਜਿਉਂ ਬਹੁ ਝੁੰਡ ਸਿਆਰ ਕੋ, ਪਰੇ ਸਿੰਘ ਬਿਚ ਆਇ॥
ਅਪਨੇ ਭੋਜਨ ਲੇਇ ਕੇ ਚਲੇ ਨਿਡਰ ਥਹਰਾਇ॥[2]

ਉਕਤ ਦਰਸਾਈ ਵਾਰਤਾ ਦੇ ਆਧਾਰ 'ਤੇ ਇਕ ਚੀਜ਼ ਭਲੀ ਭਾਂਤ ਪ੍ਰਗਟ

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 10, ਅਧਿਆਇ 54, ਪੰਨਾ 381.
2. ਉਹੀ, ਪੰਨਾ 381.

ਹੋਇ ਆਂਵਦੀ ਹੈ ਕਿ ਰੁਕਮਣੀ ਰਾਜਾ ਸ਼ਿਸ਼ਪਾਲ ਦੀ ਮੰਗੇਤਰ ਹੈ। ਕਿਉਂਕਿ ਰਾਜਾ ਭੀਕਸ਼ਮ ਨੇ ਆਪਣੀ ਕੰਨਿਆ ਦਾ ਟੀਕਾ ਬ੍ਰਾਹਮਣ ਦੇ ਰਾਹੀਂ ਰਾਜਾ ਸ਼ਿਸ਼ਪਾਲ ਹਿਤ ਭੇਜਿਆ ਸੀ। ਪ੍ਰੰਤੂ, ਕ੍ਰਿਸ਼ਨ ਜੀ ਮਹਾਰਾਜ ਰੁਕਮਣੀ ਵਲੋਂ ਭੇਜੀ ਪਤਰਿਕਾ ਦੇ ਆਧਾਰ 'ਤੇ ਰੁਕਮਣੀ ਨੂੰ ਜ਼ਬਰਦਸਤੀ ਲੈ ਜਾ ਰਹੇ ਸਨ।

ਸ੍ਰੀ ਕ੍ਰਿਸ਼ਨ ਜੀ ਮਹਾਰਾਜ ਵਲੋਂ ਕੀਤੇ ਹੋਏ ਦੋਵੇਂ ਕਰਤਵ (ਸਤਿਜਭਾਮਨ ਅਤੇ ਰੁਕਮਣੀ ਜੈਸੀਆਂ ਨਾਰੀਆਂ ਦੀ ਪ੍ਰਾਪਤੀ) ਕੀ ਦੇਸ਼ ਦੇ ਭਲੇ ਵਾਸਤੇ ਸਨ ? ਕੀ ਕਿਸੇ ਜਨਤਕ ਭਲਾਈ ਵਾਸਤੇ ਸਨ ? ਨਹੀਂ, ਨਿਰਸੰਦੇਹ ਨਹੀਂ, ਇਨ੍ਹਾਂ ਵਿਚ ਦੇਸ਼ ਅਤੇ ਜਨਤਕ ਭਲਾਈ ਅਥਵਾ ਕਿਸੇ ਪ੍ਰਕਾਰੀ ਧਾਰਮਕ ਰੁਚੀ ਦੀ ਤਨਕ ਮਾਤਰ ਭੀ ਅੰਸ਼ ਨਹੀਂ ਸੀ। ਬਲਕਿ ਨਿਜੀ ਕਾਮਵਾਸ਼ਨਾ ਦੀ ਪੂਰਤੀ ਹਿਤ, ਅਨੇਕਾਂ ਹੀ ਭਾਰਤੀ ਲੋਕਾਂ ਦੀ ਜਾਨ ਅਤੇ ਮਾਲੀ ਸਥਿਤੀ ਨੂੰ ਬਰਬਾਦ ਕੀਤਾ ਗਿਆ। ਜੋ ਪ੍ਰਾਣੀ ਇਸ ਆਕਰਮਣ ਦੇ ਵਿਰੁੱਧ ਨਿਜੀ ਅਧਿਕਾਰ ਦੀ ਰੱਖਿਆ ਹਿਤ ਰਣਖੇਤਰ ਵਿਚ ਆਵਨ ਲਈ ਮਜਬੂਰ ਕੀਤੇ ਗਏ, ਉਨ੍ਹਾਂ ਪ੍ਰਤਿ ਰਾਕਸ਼ ਅਥਵਾ ਅਸੁਰ ਜੈਸੀ ਸ਼ਬਦਾਵਲੀ ਦੁਆਰਾ ਸੰਬੋਧਨ ਕੀਤਾ ਗਿਆ। ਜਿਸ ਵੇਲੇ ਸ੍ਰੀ ਕ੍ਰਿਸ਼ਨ ਜੀ ਰਥ ਵਿਚ ਬਿਠਾ ਕੇ ਰੁਕਮਣੀ ਨੂੰ ਲਈ ਜਾ ਰਹੇ ਸਨ ਤਦ ਰਾਜਾ ਸ਼ਿਸ਼ਪਾਲ ਦੀ ਸੈਨਾ ਨੇ ਹਮਲਾਵਰ ਯਾਦਵ ਸੈਨਾ ਨੂੰ ਆਣ ਘੇਰਿਆ। ਐਸੀ ਉਪਦ੍ਰਵਤਾ ਨੂੰ ਵੇਖ ਕੇ, *"ਉਸ ਕਾਲ ਰੁਕਮਣੀ ਭੈਮਾਨ ਘੁੰਘਟ ਕੀ ਓਟ ਕੀਏ ਆਂਸੂ ਭਰ ਭਰ ਲੰਬੇ ਲੰਬੇ ਸਾਸ ਲੇਤੀ ਥੀ। ਤਬ ਸ੍ਰੀ ਬੈਕੁੰਠ ਨਾਥ ਰੁਕਮਣੀ ਕੇ ਮਨ ਕਾ ਭੇਦ ਜਾਨ ਬੋਲੇ ਕਿ ਸੁੰਦਰੀ ! ਤੂੰ ਕਿਉਂ ਡਰਤੀ ਹੈਂ, ਤੇਰੇ ਦੇਖਤੇ ਹੀ ਸਭ ਅਸੁਰ ਦਲ ਕੋ ਮਾਰ ਭੂਮੀ ਕਾ ਭਾਰ ਉਤਾਰਤਾ ਹੂੰ, ਤੂੰ ਅਪਨੇ ਮਨ ਮੇਂ ਕਿਸੀ ਭਾਂਤ ਕੀ ਚਿੰਤਾ ਮਤ ਕਰ।"*

ਇਕ ਔਰਤ ਦੀ ਪ੍ਰਾਪਤੀ ਵਾਸਤੇ ਜਾਨ ਅਤੇ ਮਾਲੀ ਹਾਨੀ ਇਤਨੀ ਕੀਤੀ ਗਈ, ਜਿਸ ਦਾ ਅੰਦਾਜ਼ਾ ਭਾਰਤੀ ਜਨਤਾ ਸਹਿਜੇ ਹੀ ਲਗਾ ਸਕਦੀ ਹੈ। ਔਰ ਇਸ ਆਕਰਮਣ ਨੂੰ ਸਹੀ ਅਥਵਾ ਵਾਜਬ ਸਿੱਧ ਕਰਨ ਹਿਤ, *"ਸਭ ਅਸੁਰ ਦਲ ਕੋ ਮਾਰ ਭੂਮੀ ਕਾ ਭਾਰ ਉਤਾਰਤਾ ਹੂੰ"* ਜੈਸੀ ਸ਼ਬਦਾਵਲੀ ਦੁਆਰਾ ਨਿਖਾਰ ਦਿੱਤਾ ਗਿਆ ਹੈ। ਬਹੁਤ ਹੀ ਬੇਹਤਰ ਹੋਵੇਗਾ ਅਗਰ ਸੁਹਿਰਦ ਪਾਠਕਾਂ ਦੀ ਜਾਣਕਾਰੀ ਹਿਤ, *ਸ੍ਰੀ ਮਦ ਭਾਗਵਤ ਪੁਰਾਣ* ਦੀ ਵਾਸਤਵਿਕ ਗਾਥਾ ਪੇਸ਼ ਕੀਤੀ ਜਾਵੇ। ਜਿਵੇਂ :

ਦੋਹਰਾ॥ ਯਾਦਵ ਅਸੁਰਨ ਸੋਂ ਲਰਤ, ਹੋਤ ਮਹਾਂ ਸੰਗ੍ਰਾਮ॥
ਠਾਢੇ ਦੇਖਤ ਕ੍ਰਿਸ਼ਨ ਹੈਂ, ਕਰਤ ਯੁਧ ਬਲਰਾਮ॥[1]

ਕਈ ਦਫ਼ਾ ਭਾਰਤੀ ਮਿਥਿਹਾਸ ਅਤੇ ਧਾਰਮਕ ਗ੍ਰੰਥਾਂ ਵਿਚ ਜ਼ਿਕਰ

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 10, ਅਧਿਆਇ 55, ਪੰਨਾ 382.

ਆਇਆ ਹੈ ਕਿ ਜਦੀ ਦੇਸ਼ ਮੇਂ ਉਪਦ੍ਰਵ ਹੋਤੇ ਹੈਂ ਤੋ ਭਗਵਾਨ ਜੀ ਅਵਤਾਰ ਲੇ ਕਰ ਆਤੇ ਹੈਂ, ਗਊ ਔਰ ਬ੍ਰਾਹਮਣ ਕੀ ਰਕਸ਼ਾ ਕਰਤੇ ਹੈਂ। ਇਥੇ ਨਾ ਕਿਸੇ ਗਊ ਦਾ ਪ੍ਰਸ਼ਨ ਹੈ ਅਤੇ ਨਾ ਹੀ ਕਿਸੇ ਹੋਰ ਦੇਸ਼ ਦੀ ਜਨਤਾ ਦਾ ਪ੍ਰਸ਼ਨ ਹੈ। ਅਗਰ ਪ੍ਰਸ਼ਨ ਹੈ ਤਦ ਕੇਵਲ ਇਕ ਔਰਤ ਦੀ ਪ੍ਰਾਪਤੀ ਦਾ ਪ੍ਰਸ਼ਨ ਹੈ। ਨਿਜੀ ਕਾਮਵਾਸ਼ਨਾਵਾਂ ਦੀ ਪੂਰਤੀ ਹਿਤ ਇਕ ਔਰਤ ਦੀ ਪ੍ਰਾਪਤੀ ਅਤੇ ਕਈ ਦਫ਼ਾ ਨਿਜੀ ਬਦਲੇ ਦੀ ਭਾਵਨਾ ਛੁਪੀ ਹੋਈ ਭੀ ਵੇਖੀ ਜਾ ਸਕਦੀ ਹੈ। ਇਸ ਖ਼ਿਆਲ ਦੀ ਪ੍ਰੋੜ੍ਹਤਾ ਆਰੀਆ ਸਮਾਜੀ ਵਿਦਵਾਨ ਲਾਲਾ ਦੌਲਤ ਰਾਇ ਜੀ ਨਿਮਨ ਲਿਖਤ ਦੁਆਰਾ ਕਰਦੇ ਹਨ, ਜਿਵੇਂ:

"ਸ੍ਰੀ ਕ੍ਰਿਸ਼ਨ ਜੀ ਦੇ ਸਾਰੇ ਕੰਮ ਵੀ ਵਾਸਤਵ ਵਿਚ ਜ਼ਾਤੀ ਬਦਲੇ ਦੀ ਭਾਵਨਾ 'ਤੇ ਹੀ ਨਿਰਭਰ ਸਨ। ਕ੍ਰਿਸ਼ਨ ਜੀ ਦੀ ਸੁਘੜਤਾ ਨੂੰ ਲਾਂਭੇ ਰੱਖ ਕੇ ਕੇਵਲ ਜੇ ਉਸ ਦੇ ਕੰਮਾਂ ਨੂੰ ਵਿਚਾਰਿਆ ਜਾਵੇ ਤਾਂ ਇਹ ਤੱਤ ਸਾਫ਼ ਪ੍ਰਗਟ ਹੋ ਕੇ ਸਾਹਮਣੇ ਆ ਜਾਂਦਾ ਹੈ ਕਿ ਉਨ੍ਹਾਂ ਦੇ ਸਾਰੇ ਕੰਮਾਂ ਵਿਚ ਜ਼ਾਤੀ ਬਦਲੇ ਦੀ ਭਾਵਨਾ ਹੀ ਪ੍ਰਬਲ ਸੀ।"[1]

ਮਹਾਭਾਰਤ ਦੀ ਜੰਗ ਆਰੰਭ ਕਰਨ ਦਾ ਭਾਵ ਹੀ ਇਹ ਸੀ ਕਿ ਕੌਰਵਾਂ ਅਤੇ ਪਾਂਡਵਾਂ ਨੂੰ ਪਰਸਪਰ ਉਲਝਾ ਕੇ ਨਿਜੀ ਦੁਸ਼ਮਨ ਜਰਾਸੰਧ ਜੈਸੇ ਬਲਵਾਨ ਵੈਰੀਆਂ ਦਾ ਅੰਤ ਕੀਤਾ ਜਾਵੇ। ਇਥੇ ਕਿਸੇ ਪ੍ਰਕਾਰ ਦੀ ਤਨਕ-ਮਾਤਰ ਭੀ ਦੇਸ਼ ਭਗਤੀ ਜਾਂ ਸੇਵਕ ਰੱਖਿਆ ਦਾ ਪ੍ਰਸ਼ਨ ਉਤਪੰਨ ਹੀ ਨਹੀਂ ਹੁੰਦਾ। ਨਿਰਸੰਦੇਹ ਜੋ ਯੁੱਧ, ਰਾਜਾ ਸ਼ਿਸ਼ਪਾਲ ਦੇ ਵਿਰੁੱਧ ਕੀਤਾ ਗਿਆ ਕੇਵਲ ਅਤੇ ਕੇਵਲ ਨਿਜੀ ਕਾਮਵਾਸ਼ਨਾ ਦੀ ਪੂਰਤੀ ਹਿਤ, ਇਕ ਸੁੰਦਰੀ ਦੀ ਪ੍ਰਾਪਤੀ ਵਾਸਤੇ ਹੀ ਕੀਤਾ ਗਿਆ। ਇਸ ਯੁੱਧ ਵਿਚ ਕਿਤਨਾ ਮਾਲੀ ਅਥਵਾ ਜਾਨੀ ਨੁਕਸਾਨ ਹੋਇਆ, ਇਸ ਦੀ ਚਿੱਤਰ ਰੇਖਾ *ਸ੍ਰੀ ਮਦ ਭਾਗਵਤ* ਦੇ ਆਧਾਰ 'ਤੇ ਵੇਖਣੀ ਸਹੀ ਅਤੇ ਵਾਜਿਬ ਜਾਣਕਾਰੀ ਪੇਸ਼ ਕਰੇਗੀ। ਜਿਵੇਂ:

"ਢੋਲ ਬਾਜਤ ਹੈ, ਸੂਰਮੇ ਯੁੱਧ ਕਰਤੇ ਹੈਂ, ਪੈਦਲ ਪੈਦਲੋਂ ਸੇ, ਰਥਪਤੀ ਰਥਪਤੀ ਸੇ, ਗਜਪਤੀ ਗਜਪਤੀ ਸੇ, ਅਸਵਾਰ ਅਸਵਾਰ ਸੇ, ਯੁੱਧ ਕਰਨੇ ਲਗਾ ਇਧਰ ਉਧਰ ਕੇ ਸੂਰਬੀਰ ਆਗੇ ਵਧ ਵਧ ਕੇ ਮਾਰ ਰਹੇ ਹੈਂ ਔਰ ਕਾਇਰ ਖੇਤ ਛੋਡ ਆਪਣੇ ਪ੍ਰਾਨ ਲੇ ਭਾਗਤੇ ਹੈਂ। ਘਾਇਲ ਘੂਮਤੇ ਹੈਂ ਕਬੰਧ ਹਾਥ ਮੇਂ ਤਲਵਾਰ ਲੀਏ ਚਾਰੋਂ ਓਰ ਝੂਮਤੇ ਹੈਂ ਔਰ ਲੋਥੋਂ ਪਰ ਲੋਥੇਂ ਗਿਰਤੀ ਹੈਂ। ਤਿਨ ਮੇਂ ਲਹੂ ਕੀ ਨਦੀ ਬਹਿ ਚਲੀ, ਤਿਸ ਮੇਂ ਜਹਾਂ ਤਹਾਂ ਹਾਥੀ ਜੋ ਮਰੇ ਪੜੇ ਹੈਂ ਸੋ ਟਾਪੂ ਸੇ ਮਲੂਮ ਹੋਤੇ ਹੈਂ, ਤਹਾਂ ਮਹਾਂ ਦੇਵ ਭੂਤ, ਪ੍ਰੇਤ ਪਿਸ਼ਾਚ ਸੰਗ ਲੀਏ, ਸਿਰ ਚੁੰਨ ਚੁੰਨ ਮੁੰਡ ਮਾਲ ਬਨਾਇ ਬਨਾਇ ਪਹਿਨਤੇ ਔਰ ਗਿੱਧ ਸਿਆਰ

---

1. *ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ*, ਲਾਲਾ ਦੌਲਤ ਰਾਇ, ਪੰਨਾ 56.

ਆਪਸ ਮੇਂ ਲੜ ਲੜ ਲੋਥੇਂ ਖੈਂਚਤੇ ਹੈਂ ਔਰ ਫਾੜ ਫਾੜ ਖਾਤੇ ਹੈਂ ਔਰ ਕਊਏ ਆਖੇਂ ਨਿਕਾਲ ਨਿਕਾਲ ਲੇ ਜਾਤੇ ਹੈਂ। ਨਿਦਾਨ ਦੇਵਤਾਓਂ ਕੋ ਦੇਖਤੇ ਹੀ ਬਲਰਾਮ ਜੀ ਨੇ ਸਭ ਅਸੁਰ ਦਲ ਝਟ ਪਟ ਕਾਟ ਡਾਲਾ ਕਿ ਜਿਉਂ ਕਿਰਸਾਣ ਖੇਤੀ ਕੋ ਕਾਟ ਡਾਲਤਾ ਹੈ।"[1]

ਉਕਤ ਦਰਸਾਏ ਪ੍ਰਸੰਗ ਵਿਚ ਵੈਦਿਕ ਸਿਖਿਆ ਦੇ ਆਧਾਰ 'ਤੇ ਆਪ ਜੀ ਨੇ ਦੋ ਇਸਤ੍ਰੀਆਂ ਦੀ ਗਾਥਾ ਦਾ ਆਨੰਦ ਮਾਣਿਆ ਹੈ, ਗ਼ਰਜ਼ੇਕਿ, ਇਥੋਂ ਇਹੀ ਸਿੱਧ ਹੁੰਦਾ ਹੈ ਕਿ ਵੈਦਿਕ ਸ਼ਰਧਾਲੂ ਖੱਤਰੀ, ਜੀਵਨ ਮਨੋਰਥ ਦੀ ਬਜਾਇ, ਇਸਤ੍ਰੀ ਮਨੋਰਥ ਪ੍ਰਤਿ ਕਿਸ ਤਰ੍ਹਾਂ ਰਾਜ ਸ਼ਕਤੀ, ਦੇਸ਼ ਦੀ ਮਾਲੀ ਸ਼ਕਤੀ ਦੀ ਦੁਰਵਰਤੋਂ ਕਰਦੇ ਸਨ। ਬਲਰਾਮ ਜੀ ਰਥ ਵਿਚ ਬੈਠੀ ਰੁਕਮਣੀ ਨਾਲ ਵਾਰਤਾਲਾਪ ਕਰਦਾ ਹੋਇਆ ਖੱਤਰੀ ਧਰਮ ਦੀ ਬਾਬਤ ਨਿਸ਼ਚੈ ਕਰਵਾ ਰਿਹਾ ਹੈ ਕਿ "ਅਰ ਖੱਤ੍ਰੀਆਂ ਕਾ ਧਰਮ ਭੀ ਹੈ ਕਿ ਭੂਮੀ, ਧਨ, ਇਸਤ੍ਰੀ ਅਰਥਾਤ ਜ਼ਰ ਜੋਰੂ ਜ਼ਮੀਨ ਇਨ ਕੇ ਵਾਸਤੇ ਖੱਤ੍ਰੀ ਯੁਧ ਕਰਤੇ ਹੀ ਆਏ ਹੈਂ।"[2]

ਵੈਦਿਕ ਗਾਥਾ ਦੇ ਅਨੁਸਾਰ ਸ੍ਰਿਸ਼ਟਾ ਬਿੰਦੂ ਰਾਜਾ ਨੇ ਦਸ ਲੱਖ ਇਸਤ੍ਰੀਆਂ ਨਾਲ ਸ਼ਾਦੀ ਕੀਤੀ, ਜਿਨ੍ਹਾਂ ਤੋਂ ਦਸ ਕਰੋੜ ਪੁੱਤਰ ਪੈਦਾ ਹੋਏ। ਸੰਭਵ ਹੈ ਕਿ ਇਹ ਗਾਥਾ ਕਲਪਨਾਤਮਕ ਅਥਵਾ ਰਵਾਇਤੀ ਪੌਰਾਣਿਕ ਕਹਾਣੀ ਹੀ ਹੋਵੇ ਕਿਉਂਕਿ ਇਕ ਪੁਰਸ਼ ਵਾਸਤੇ ਦਸ ਲੱਖ ਨਾਰੀ ਸੰਭੋਗ ਸਥਿਤੀ ਕਾਇਮ ਰੱਖਣੀ ਅਤੇ ਉਨ੍ਹਾਂ ਰਾਣੀਆਂ ਤੋਂ ਦਸ ਕਰੋੜ ਪੁੱਤਰਾਂ ਦੀ ਪੈਦਾਇਸ਼ ਕਰਨੀ, ਇਕ ਅਤਿਕਥਨੀ ਅਤੇ ਅਣਹੋਈ ਮਨੋਕਲਪਤ ਗਾਥਾ ਹੀ ਆਖੀ ਜਾ ਸਕਦੀ ਹੈ। ਅਗਰ ਇਸ ਮਨੋਕਲਪਤ ਗਾਥਾ ਨੂੰ ਇਕ ਲਮਹੇ ਵਾਸਤੇ ਮੰਨ ਭੀ ਲਈਏ ਤਦ ਇਸਤ੍ਰੀ ਅਧਿਕਾਰ ਪ੍ਰਤਿ ਵੈਦਿਕ ਸਿਖਿਆ ਦੀ ਸਥਿਤੀ ਕੀ ਹੋਵੇਗੀ ? ਇਸ ਪ੍ਰਕਾਰ ਦੀਆਂ ਰਵਾਇਤੀ ਕਥਾ ਕਹਾਣੀਆਂ ਦੀ ਝਲਕ ਵੈਦਿਕ ਸੰਥਿਆ ਵਿਚ ਆਮ ਹੀ ਵੇਖੀ ਅਤੇ ਸੁਣੀ ਜਾ ਸਕਦੀ ਹੈ। ਜਿਵੇਂ *ਭਾਗਵਤ ਪੁਰਾਣ* ਵਿਚ ਜ਼ਿਕਰ ਕੀਤਾ ਗਿਆ ਹੈ ਕਿ:

"ਸੁਕਦੇਵ ਜੀ ਬੋਲੇ—ਹੇ ਪ੍ਰੀਛਤ! ਅਬ ਤੁਝੇ ਯਦੁਬੰਸੀਓਂ ਕੀ ਕਥਾ ਕਹਿਤਾ ਹੂੰ ਜਿਸ ਕੁਲ ਮੇਂ ਸ੍ਰੀ ਨਾਮ ਬੜਾ ਪੁੱਤਰ ਜੋ ਦੇਵਜਾਨੀ ਸੇ ਹੂਆ ਥਾ ਉਸਕੇ ਬੰਸ ਮੇਂ ਕਈ ਪੀੜੀ ਬਾਦ ਰਾਜਾ ਸਹੰਸਰ ਅਰਜਨ ਜਿਸ ਕੋ ਸਹੰਸਰ ਬਾਹੂ ਭੀ ਕਹਿਤੇ ਹੈਂ, ਵੁਹ ਐਸਾ ਸੂਰਬੀਰ ਹੂਆ ਹੈ ਜਿਸ ਨੇ ਪਚਾਸੀ ਹਜ਼ਾਰ (85,000) ਬਰਸ ਚਕ੍ਰਵਰਤੀ ਰਾਜ ਕੀਆ ਹੈ, ਉਸ ਕੇ ਹਜ਼ਾਰ ਬੇਟੇ ਥੇ ਜਿਨ ਮੇਂ ਨੌਂ ਸੌ ਪਚਾਨਵੇਂ ਪਰਸ ਰਾਮ ਜੀ ਨੇ ਮਾਰ ਦੀਏ, ਬਾਕੀ ਪਾਂਚ ਬਚੇ ਥੇ, ਉਨ ਮੇਂ ਸੇ ਜਜਧਵਜ ਨਾਮ ਬੇਟੇ ਸੇ ਤਾਲ-ਜੰਘ ਨਾਮ ਛੱਤ੍ਰੀ ਹੂਏ, ਉਸ ਕੀ

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 10, ਅਧਿਆਇ 55, ਪੰਨਾ 382.
2. *ਉਹੀ*, ਪੰਨਾ 385.

ਕੁਲ ਮੇਂ ਮਧੂ ਨਾਮ ਰਾਜਾ ਬੜਾ ਪ੍ਰਤਾਪੀ ਹੂਆ, ਉਸ ਲੀਏ ਕ੍ਰਿਸ਼ਨ ਜੀ ਕੋ ਮਾਧਵ ਕਹਿਤੇ ਹੈਂ, ਮਧੂ ਕਾ ਬੇਟਾ ਮ੍ਰਿਸ਼ਟਾ ਬਿੰਦ ਬੜਾ ਧਰਮਾਤਮਾ ਰਾਜਾ ਹੂਆ, ਜਿਸ ਕੇ ਪਾਸ ਚੌਦਾਂ ਰਤਨ ਰਹਿਤੇ ਥੇ, ਉਸ ਨੇ ਦਸ ਲਖ ਇਸਤ੍ਰੀ ਸੇ ਵਿਆਹ ਕੀਆ, ਸੋ ਉਸ ਸੇ ਦਸ ਕਰੋੜ ਪੁੱਤਰ ਹੂਏ।"[1]

ਉਕਤ ਵਾਰਤਾ ਜੈਸੀਆਂ ਪੌਰਾਣਿਕ ਕਥਾ ਕਹਾਣੀਆਂ ਨੂੰ ਧਿਆਨ ਵਿਚ ਰੱਖਦਿਆਂ ਮਿਸਟਰ ਗੋਵਿੰਦ ਦਾਸ ਨਿਜੀ ਪੁਸਤਕ *ਹਿੰਦੂਇਜ਼ਮ* ਵਿਚ ਇਹ ਲਿਖਣ ਲਈ ਮਜਬੂਰ ਹੋ ਗਏ ਕਿ ਪੌਰਾਣਿਕ ਗਾਥਾਵਾਂ ਅਤਿ ਅਦਭੁਤ ਕਹਾਣੀਆਂ ਦੇ ਸੰਗ੍ਰਹਿ ਹਨ। ਜਿਨ੍ਹਾਂ ਵਿਚ ਦਸ ਦਸ ਹਜ਼ਾਰ, ਸੱਠ ਸੱਠ ਹਜ਼ਾਰ ਸਾਲ ਦੀ ਉਮਰ ਦੇ ਜੀਵ ਆਮ ਹੀ ਮਿਲਦੇ ਹਨ।[2]

ਰਾਮਾਇਣ ਵਿਚ ਇਕ ਜ਼ਿਕਰ ਆਇਆ ਹੈ, ਜਿਥੇ ਰਾਮ ਚੰਦ੍ਰ ਜੀ ਮਹਾਰਾਜ ਰਿਸ਼ੀ ਨਾਰਦ ਮੁਨੀ ਪ੍ਰਤਿ ਉਪਦੇਸ਼ ਕਰਦੇ ਹਨ ਕਿ ਇਸਤ੍ਰੀ ਦੁਖਾਂ ਦੀ ਜੜ੍ਹ ਹੈ। ਗਿਆਨੀ ਅਤੇ ਭਗਤ ਜਨਾਂ ਦੇ ਵੈਰੀ ਕਾਮ ਕਰੋਧ ਹਨ, ਇਨ੍ਹਾਂ ਤੋਂ ਸੁਰੱਖਿਅਤ ਰਹਿਣ ਹਿਤ, ਵਿਦਵਾਨ ਲੋਕ ਮੇਰਾ (ਰਾਮ ਚੰਦ੍ਰ ਜੀ ਦਾ) ਭਜਨ ਕਰਦੇ ਹਨ। ਭਾਵੇਂ ਕਾਮ ਕ੍ਰੋਧ ਲੋਭ ਮੋਹ ਹੰਕਾਰ ਦੀ ਧਾਰਾ ਬਹੁਤ ਪ੍ਰਬਲ ਹੈ ਪ੍ਰੰਤੂ ਇਨ੍ਹਾਂ ਵਿਚੋਂ ਭਿਆਨਕ ਤੇ ਦੁਖਦਾਈ ਮਾਇਆ ਰੂਪੀ ਇਸਤਰੀ ਹੈ, ਜਿਵੇਂ :

ਦੋਹਰਾ॥ ਕਾਮ ਕ੍ਰੋਧ ਲੋਭਾਦਿ ਮਦ, ਪ੍ਰਬਲ ਮੋਹ ਕੈ ਧਾਰਿ ॥
ਤਿਨ ਮਹਿ ਅਤਿ ਦਾਰਨ ਦੁਖਦ, ਮਾਯਾ ਰੂਪੀ ਨਾਰਿ ॥੫੪॥
ਸੁਨ ਮੁਨਿ ਕਹ ਪੁਰਾਨ ਸ੍ਰੁਤਿ ਸੰਤਾ॥ ਮੋਹਿ ਬਿਪਿਨ ਕਹੁੰ ਨਾਰਿ ਬਸੰਤਾ ॥
ਜਪ ਤਪ ਨੇਮ ਜਲਾਸ੍ਰਯ ਝਾਰੀ॥ ਹੋਇ ਗ੍ਰੀਖਮ ਸੋਖਹਿ ਸਭ ਨਾਰੀ ॥[3]

ਅਰਥ : ਹੇ ਮੁਨੀ ਜੀ ! ਵੇਦ ਅਤੇ ਸੰਤ ਆਖਦੇ ਹਨ ਕਿ ਮੋਹ ਰੂਪੀ ਜੰਗਲ ਵਾਸਤੇ ਇਸਤਰੀ ਬਸੰਤ ਰੁੱਤ ਵਾਂਗ ਹੈ। ਅਰ ਓਹ ਇਸਤਰੀ ਜਪ, ਤਪ, ਨੇਮ, ਬਰਤ ਆਦਿ ਸਰੋਵਰਾਂ ਤੇ ਝਰਨਿਆਂ ਨੂੰ ਗ੍ਰੀਖਮ ਰੁੱਤ ਵਾਂਗ ਸੁਕਾ ਦਿੰਦੀ ਹੈ, ਜਿਵੇਂ :

ਕਾਮ ਕ੍ਰੋਧ ਮਦ ਮਤਸਰ ਭੇਕਾ॥ ਇਨਹਿ ਹਰਸ਼ਪ੍ਰਦ ਬਰਸ਼ਾ ਏਕਾ ॥
ਦੁਰ ਬਾਸਨਾ ਕੁਮੁਦ ਸਮੁਦਾਈ॥ ਤਿਨ ਕਹ ਸਰਦ ਸਦਾ ਸੁਖਦਾਈ ॥

ਅਰਥ : ਓਹੋ ਇਸਤਰੀ ਅਧੀਨ ਰੂਪ ਹੋ ਕੇ ਕਾਮ, ਕ੍ਰੋਧ, ਮਦ, ਈਰਖਾ

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 9, ਅਧਿਆਇ 23, ਪੰਨੇ 276-77.
2. *ਮਾਅਰਫ਼ਲ ਕੁਰਾਨ*, ਪੰਨਾ 85, ਅਤੇ *ਹਿੰਦੂਇਜ਼ਮ*, ਪੰਨੇ 117-123, ਮਿਸਟਰ ਗੋਵਿੰਦ ਦਾਸ।
3. *ਰਾਮਾਇਣ* (ਤੁਲਸੀ ਦਾਸ), ਆਰਣਜ ਕਾਂਡ, ਅਧਿਆਇ 24, ਸਲੋਕ 54 ਅਤੇ 55, ਪੰਨੇ 600-01 (ਪੰਜਾਬੀ ਅਨੁਵਾਦ)।

ਆਦਿ ਡੱਡੂਆਂ ਨੂੰ ਸੁਖ ਦੇਣ ਵਾਲੀ ਅਰ ਦੁਸ਼ਟ ਵਾਸ਼ਨਾ ਰੂਪੀ ਕੁਮੁਦਨੀਆਂ ਨੂੰ ਸਦਾ ਸੁਖ ਦੇਣ ਵਾਲੀ ਸਰਦ ਰਿਤੂ ਦੇ ਸਮਾਨ ਹੈ।

ਧਰਮ ਸਕਲ ਸਰਸੀਰਹ ਬ੍ਰਿੰਦਾ॥ ਹੋਇ ਹਿਮ ਤਿਨਹਿ ਦਹਇ ਸੁਖ ਮੰਦਾ॥
ਪੁਨ ਮਮਤਾ ਜਵਾਸ ਬਹੁਤਾਈ॥ ਪਲੁਹਹਿ ਨਾਰਿ ਸਿਸਿਰ ਰਿਤੁ ਪਾਈ॥

ਅਰਥ : ਇਹ ਨੀਚ ਸੁਖ ਦੇਣ ਵਾਲੀ ਇਸਤਰੀ ਧਰਮ ਰੂਪੀ ਕੁਮਦ ਨੂੰ ਹਿਮ ਰਿਤੂ ਸਮਾਨ ਹੋ ਕੇ ਨਸ਼ਟ ਕਰ ਦਿੰਦੀ ਹੈ। ਤੇ ਮਮਤਾ ਰੂਪੀ ਜਵਾਹੇ ਦੇ ਬਨ ਨੂੰ ਸਿਸਰ ਰਿਤੂ ਹੋ ਕੇ ਹਰਾ ਭਰਾ ਕਰ ਦਿੰਦੀ ਹੈ।

ਪਾਪ ਉਲੂਕ ਨਿਕਰ ਸੁਖਕਾਰੀ॥ ਨਾਰਿ ਨਿਬਿੜ ਰਜਨੀ ਅੰਧਿਆਰੀ॥
ਬੁਧਿ ਬਲ ਸੀਲ ਸਤਜ ਸਭ ਮੀਨਾ॥ ਬਨਸੀ ਸਮ ਤ੍ਰਿਯ ਕਹਹਿ ਪ੍ਰਬੀਨਾ॥

ਅਰਥ : ਪ੍ਰਬੀਨ ਲੋਕ ਆਖਦੇ ਹਨ ਕਿ ਪਾਪ ਰੂਪੀ ਉੱਲੂਆਂ ਨੂੰ ਸੁਖ ਦੇਣ ਵਾਸਤੇ ਇਸਤਰੀ ਕਾਲੀ ਰਾਤ ਸਮਾਨ ਹੈ। ਬੁਧ ਬਲ ਸੀਲ ਅਰ ਸੱਤ ਇਹ ਸਭ ਮੱਛੀਆਂ ਹਨ। ਜਿਨ੍ਹਾਂ ਨੂੰ ਮਾਰਨ ਵਾਸਤੇ ਇਸਤਰੀ ਕੁੰਡੀ ਦੇ ਸਮਾਨ ਹੈ।

ਦੋਹਰਾ॥ ਅਵਗੁਨ ਮੂਲ ਮੂਲ ਪ੍ਰਦ, ਪ੍ਰਮਦਾ ਸਭ ਦੁਖ ਖਾਨ॥
ਤਾਤੇ ਕੀਨ ਨਿਵਾਰਨ, ਮੁਨਿ ਮੈ ਯਹ ਜਿਯ ਜਾਨਿ॥੫੫॥[1]

ਅਰਥ : ਇਸਤਰੀ ਦੋਸ਼ਾਂ ਦੀ ਜੜ੍ਹ, ਦਰਦ ਪੁਚਾਉਣ ਵਾਲੀ ਅਤੇ ਦੁੱਖਾਂ ਦੀ ਖਾਨ ਹੈ। ਹੇ ਨਾਰਦ! ਇਹ ਸਭ ਕੁਝ ਸੋਚ ਕੇ ਮੈਂ ਤੈਨੂੰ ਵਿਆਹ ਕਰਨ ਤੋਂ ਰੋਕਿਆ ਸੀ।

ਇਹ ਸਨ ਕੁਝ ਖ਼ਿਆਲ ਜੋ ਸ੍ਰੀ ਰਾਮ ਚੰਦ੍ਰ ਜੀ ਵਲੋਂ ਰਿਸ਼ੀ ਨਾਰਦ ਮੁਨੀ ਵਾਸਤੇ ਸਮੂਹਕ ਇਸਤਰੀ ਸ਼੍ਰੇਣੀ ਪ੍ਰਤਿ ਦਿੱਤੇ ਗਏ ਸਨ। ਜਾਪਦਾ ਇੰਝ ਹੈ ਕਿ ਸ੍ਰੀ ਰਾਮ ਚੰਦ੍ਰ ਜੀ ਮਹਾਰਾਜ ਤਿੰਨਾਂ ਇਸਤਰੀਆਂ, ਮਾਤਾ ਕੇਕਈ, ਸਰੂਪ ਨਖਾ ਅਤੇ ਸੀਤਾ ਜੀ ਦੇ ਘੇਰੇ ਵਿਚ ਗੁਸੇ ਹੋਏ ਰਿਸ਼ੀ ਨਾਰਦ ਮੁਨੀ ਪ੍ਰਤਿ ਇਸਤਰੀ ਵਿਰੋਧੀ ਉਪਦੇਸ਼ ਦੇ ਰਹੇ ਸਨ। ਪ੍ਰੰਤੂ ਗੁਰਮਤਿ ਵਿਚ ਇਸਤਰੀ ਸ਼੍ਰੇਣੀ ਪ੍ਰਤਿ ਇਤਨਾ ਮਾਣ ਅਤੇ ਸਤਿਕਾਰ ਦਿੱਤਾ ਗਿਆ ਹੈ ਕਿ ਜਿਸ ਦੀ ਉਦਾਹਰਣ ਸੰਸਾਰ ਦੇ ਕਿਸੇ ਭੀ ਹੋਰ ਧਰਮ ਵਿਚ ਨਹੀਂ ਵੇਖੀ ਜਾ ਸਕਦੀ। ਇਹੀ ਜਗਤ ਵਿਆਪਕ ਪ੍ਰਸਿੱਧ ਹਕੀਕਤ ਹੈ ਕਿ ਸਿੱਖੀ ਦੀ ਨਿਜੀ ਵਿਲੱਖਣਤਾ ਹੈ ਅਤੇ ਸਿੱਖੀ ਮਹਾਨ ਹੈ ਕਿਉਂਕਿ ਸਿੱਖੀ ਦੀ ਜਣਨੀ ਅਤਿ ਵਿਲੱਖਣ ਅਤੇ ਮਹਾਨ ਹੈ। ਜਿਵੇਂ :

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥[2]

---

1. *ਰਾਮਾਇਣ ਤੁਲਸੀ ਦਾਸ ਆਰਣਯ ਕਾਂਡ*, ਅਧਿਆਇ 24, ਸਲੋਕ 54-55, ਪੰਨੇ 600-01, (ਪੰਜਾਬੀ ਅਨੁਵਾਦ)।
2. ਆਸਾ ਮ: ੧, ਪੰਨਾ 473.

ਪੁਨਾ :

ਲੋਕ ਵੇਦ ਗੁਣੁ ਗਿਆਨ ਵਿਚਿ ਅਰਧ ਸਰੀਰੀ ਮੋਖ ਦੁਆਰੀ॥
ਗੁਰਮੁਖਿ ਸੁਖ ਫਲ ਨਿਹਚਉ ਨਾਰੀ॥[1]

ਜਿਸ ਸਮੇਂ ਸ੍ਰੀ ਰਾਮ ਚੰਦ੍ਰ ਜੀ ਲੰਕਾ 'ਤੇ ਚੜ੍ਹਾਈ ਕਰਨ ਵੇਲੇ ਸਮੁੰਦਰ ਨਾਲ ਵਾਰਤਾਲਾਪ ਕਰਦੇ ਹਨ। ਰਾਮਾਇਣ ਦੀ ਕਥਾ ਦੇ ਅਨੁਸਾਰ ਸਾਗਰ ਨੇ ਭੈ ਵਿਚ ਆਣ ਕੇ ਸ੍ਰੀ ਰਾਮ ਚੰਦਰ ਜੀ ਦੇ ਚਰਨ ਫੜ ਲਏ ਅਤੇ ਪ੍ਰਾਰਥਨਾ ਕਰਨ ਲੱਗਾ ਕਿ ਹੇ ਮਹਾਰਾਜ! ਮੇਰੀਆਂ ਭੁੱਲਾਂ ਬਖ਼ਸ਼ ਲਓ, ਕਿਉਂਕਿ ਆਕਾਸ਼, ਹਵਾ, ਅੱਗ, ਜਲ ਅਤੇ ਧਰਤੀ ਇਨ੍ਹਾਂ ਸਾਰਿਆਂ ਦੀ ਕਰਨੀ ਸੁਭਾਵਿਕ ਹੀ ਜੜ੍ਹ ਹੁੰਦੀ ਹੈ। ਹੇ ਪ੍ਰਭੂ! ਤੁਸਾਂ ਚੰਗਾ ਕੀਤਾ ਜੋ ਮੈਨੂੰ ਸਿਖਿਆ ਦਿੱਤੀ। ਪ੍ਰੰਤੂ ਮਰਯਾਦਾ ਭੀ ਤੁਹਾਡੀ ਹੀ ਬਣਾਈ ਹੋਈ ਹੈ ਕਿ ਢੋਲ, ਗੰਵਾਰ, ਮੂਰਖ, ਪਸ਼ੂ ਅਤੇ ਇਸਤਰੀ ਇਹ ਸਭ ਤਾੜਨਾ ਦੇ ਹੱਕਦਾਰ ਹੀ ਹਨ। ਜਿਵੇਂ :

ਪ੍ਰਭੂ ਭਲ ਕੀਨ੍ਹ ਮੋਹਿ ਸਿਖ ਦੀਨੀ॥ ਮਰਜਾਦਾ ਪੁੰਨਿ ਤੁਮਰੀ ਕੀਨੀ॥
ਢੋਲ ਗਵਾਰ ਮੂਢ ਪਸੁ ਨਾਰੀ॥ ਸਕਲ ਤਾੜਨਾ ਕੇ ਅਧਿਕਾਰੀ॥[2]

ਵੈਦਿਕ ਇਸਤ੍ਰੀ ਅਧਿਕਾਰ ਦੀ ਲੜੀ ਨੂੰ ਅੰਤਮ ਰੂਪ ਦੇਣ ਤੋਂ ਪੇਸ਼ਤਰ ਇਹ ਖ਼ਿਆਲ ਅਤਿ ਵਾਜਿਬ ਅਤੇ ਸਾਕਾਰਥਿਕ ਹੋਵੇਗਾ, ਅਗਰ ਇਕ ਹੋਰ ਤੁਲਨਾਤਮਕ ਉਦਾਹਰਨ ਗੁਰਮਤਿ ਦੇ ਆਈਨੇ ਵਿਚੋਂ ਪੇਸ਼ ਕੀਤੀ ਜਾਵੇ। ਜਿਵੇਂ :

ਪੂਰਬ ਸੰਜੋਗ, ਮਿਲਿ ਸੁਜਨ, ਸਗਾਈ ਹੋਤ,
ਸਿਮਰਤ ਸੁਨਿ ਸੁਨਿ, ਸ੍ਰਵਨ ਸੰਦੇਸ ਕੈ॥
ਬਿਧਿ ਸੇ ਬਿਵਾਹੇ ਮਿਲਿ, ਦ੍ਰਿਸਟਿ ਦਰਸ ਲਿਵ,
ਬਿਦਮਾਨ ਧਿਆਨ, ਰਸ ਰੂਪ ਰੰਗ ਭੇਸ ਕੈ॥
ਰੈਨ ਸੈਨ ਸਮੇ, ਸੁਤਿ ਸਬਦ ਬਿਬੇਕ ਟੇਕ,
ਆਤਮ ਗਿਆਨ, ਪ੍ਰਮਾਤਮ ਪ੍ਰਵੇਸ ਕੈ॥
ਗਿਆਨ ਧਿਆਨ ਸਿਮਰਨ ਉਲੰਘਿ, ਇਕਤ੍ਰ ਹੋਇ,
ਪ੍ਰੇਮ-ਰਸ ਬਸਿ ਹੋਤ, ਬਿਸਮ ਅਵੇਸ ਕੈ॥੨੧੧॥[3]

ਅਰਥ : ਭਲੇ ਪੁਰਸ਼ਾਂ ਦੇ ਮਿਲਨੇ ਕਰਕੇ ਪੂਰਬਲੇ ਢੋ-ਮੇਲੇ ਦੇ ਅਨੁਸਾਰ ਮੰਗਣੀ ਹੁੰਦੀ ਹੈ। (ਭਾਵ ਸਤਿਗੁਰੂ ਜੀ ਦੀ ਸੰਗਤਿ ਹੋਣ ਕਰਕੇ ਜੀਵ-ਇਸਤ੍ਰੀ ਦੀ ਸਗਾਈ ਵਾਹਿਗੁਰੂ ਦੇ ਗ੍ਰਹਿ ਵਿਖੇ ਹੋ ਜਾਂਦੀ ਹੈ)। ਪਤੀ (ਵਾਹਿਗੁਰੂ) ਦੀਆਂ

---

1. ਭਾਈ ਗੁਰਦਾਸ ਜੀ, ਵਾਰ 5, ਪਉੜੀ 16.
2. *ਰਾਮਾਇਣ* (ਤੁਲਸੀ ਦਾਸ ਜੀ), ਸੁੰਦਰ ਕਾਂਡ, ਪੰਜਵਾਂ ਵਿਸ਼ਰਾਮ, ਅਧਿਆਇ 26, ਸਲੋਕ 61, ਪੰਨਾ 686, (ਪੰਜਾਬੀ ਅਨੁਵਾਦ)।
3. *ਕਬਿੱਤ ਭਾਈ ਗੁਰਦਾਸ ਜੀ।*

ਸਿਫ਼ਤਾਂ (ਉਪਦੇਸ਼) ਸ੍ਰਵਣਾਂ ਦੁਆਰਾ ਸੁਣਿ ਸੁਣਿ ਕੇ ਉਸ ਨੂੰ ਯਾਦ ਕਰਦੀ ਹੈ। (ਉਸ ਦਾ ਸਿਮਰਨ ਕਰਦੀ ਹੈ)।

ਬਿਧੀ ਸਹਿਤ ਵਿਆਹੇ ਜਾਣ ਪਿੱਛੋਂ (ਮਰਯਾਦਾ ਸਹਿਤ ਗੁਰੂ ਦੀਖਿਆ ਲੈਣ ਪਿੱਛੋਂ) ਪਤੀ ਪ੍ਰਮੇਸ਼ਵਰ ਨਾਲ ਜੁੜ ਕੇ ਨਿਗਾਹ ਦੀ ਨੀਝ ਪਤੀ ਦਰਸ਼ਨਾਂ ਵਿਚ ਅਤੇ ਪ੍ਰਤੱਖ ਤੌਰ 'ਤੇ ਉਸ ਦਾ ਧਿਆਨ, ਸਤਿਗੁਰਾਂ ਦੀ ਮਿੱਠਤ ਸੁੰਦਰਤਾ ਅਤੇ ਆਤਮਕ ਪਹਿਰਾਵੇ ਵਿਚ ਲੀਨ ਹੋ ਜਾਂਦੀ ਹੈ।

ਰਾਤ੍ਰੀ ਨੂੰ ਸੌਣ ਵੇਲੇ ਸ਼ਬਦ ਵੀਚਾਰ ਦੇ ਆਸਰੇ ਆਤਮ ਗਿਆਨ (ਸਵੈਮ ਪੜਚੋਲ) ਦੀ ਟੇਕ ਧਾਰਨ ਕਰਦੀ ਹੈ, ਭਾਵ, (ਦਿਨ ਦੇ ਮੰਦੇ ਚੰਗੇ ਕਰਮਾਂ 'ਤੇ ਵਿਚਾਰ ਕਰਦੀ ਹੈ)। ਐਸਾ ਕੀਤਿਆਂ ਉਸ ਦੀ ਲੀਨਤਾ ਵਾਹਿਗੁਰੂ ਵਿਚ ਹੋਇ ਆਂਵਦੀ ਹੈ।

ਸੰਸਾਰੀ ਉਕਤੀਆਂ ਜੁਗਤੀਆਂ ਨੂੰ ਲੰਘ ਕੇ ਪਤੀ ਵਾਹਿਗੁਰੂ ਨਾਲ ਇਕਮਿਕ (ਅਭੇਦਤ) ਅਦਭੁਤੀ ਅਵਸਥਾ ਵਿਚ ਪ੍ਰਵੇਸ਼ ਕਰਦੀ ਹੈ (ਭਾਵ ਪਤੀ ਪਤਨੀ ਦਾ ਸੰਜੋਗ) ਗੁੰਗੇ ਦੀ ਮਠਿਆਈ ਵਾਂਗੂੰ ਪੂਛੇ ਤੇ ਕਿਆ ਕਹੀਐ ਜੈਸੀ ਅਵਸਥਾ ਹੋਇ ਨਿਬੜਦਾ ਹੈ।

ਨੋਟ : ਗੁਰਮਤਿ ਵਿਚ ਗੁਰਮੁਖਿ ਦੰਪਤੀ ਦਾ ਵਿਵਾਹ ਜਿਥੇ ਸੰਸਾਰੀ ਜੀਵਨ ਦੀਆਂ ਖ਼ੁਸ਼ੀਆਂ ਖੇੜੇ ਮਲ੍ਹਾਰ ਪ੍ਰਦਾਨ ਕਰਦਾ ਹੈ, ਉਥੇ ਹਲਤਿ ਪਲਤਿ ਜੀਵਨ ਮਨੋਰਥ ਦੀ ਪ੍ਰਾਪਤੀ, ਅਭੇਦਤਾ ਭੀ ਬਖ਼ਸ਼ਦਾ ਹੈ। ਇਹੀ ਵਿਸ਼ੇਸ਼ ਕਾਰਣ ਹੈ ਕਿ ਗੁਰਮਤਿ ਦੀ ਵਿਚਾਰਸ਼ੈਲੀ ਇਕ ਨਿਰਾਲੀ ਅਤੇ ਸਵੈਮ ਸਿਧਾਂਤਿਕ ਧਾਰਾ ਹੈ, ਜੋ ਕਿ ਵੈਦਿਕ ਉਲਝਣਾਂ ਦੇ ਤੁਲਨਾਤਮਕ 180 ਡਿਗਰੀ ਦਾ ਜ਼ਾਵੀਆ ਉਲੀਕਦੀ ਹੈ।

ਰਾਮਾਇਣ (ਤੁਲਸੀ ਦਾਸ ਜੀ) ਵਿਚ ਇਕ ਗਾਥਾ ਵਰਣਨ ਕੀਤੀ ਗਈ ਹੈ ਜਿਥੇ ਪਾਰਬਤੀ ਰੁਦਰ ਦੇਵ ਤੋਂ ਰਾਮ ਚੰਦ੍ਰ ਜੀ ਦੀ ਜੀਵਨ ਗਾਥਾ ਸ਼੍ਰਵਣ ਕਰਨਾ ਚਾਹੁੰਦੀ ਹੈ। ਉਹ ਬੇਨਤੀ ਕਰਦੀ ਹੈ ਕਿ ਭਾਵੇਂ ਇਸਤ੍ਰੀ ਨੂੰ ਵੇਦ ਸੁਣਨ ਦਾ ਅਧਿਕਾਰ ਨਹੀਂ ਹੈ ਪ੍ਰੰਤੂ ਮੈਂ ਮਨ ਬਚਨ ਅਤੇ ਕਰਮ ਕਰਕੇ ਤੁਹਾਡੀ ਦਾਸੀ ਹਾਂ। ਇਸ ਵਾਸਤੇ ਕਿਰਪਾ ਕਰੋ ਤੇ ਵੇਦ ਵਿਆਖਿਆ ਜੈਸੀ ਰਾਮ ਕਥਾ ਸ਼੍ਰਵਣ ਕਰਾਵੋ। ਕਿਉਂਕਿ ਸਾਧ ਜਨ ਜਿਥੇ ਦੁਖੀਏ ਅਤੇ ਨਿਮਾਣੇ (ਆਰਤ) ਅਧਿਕਾਰੀ ਨੂੰ ਵੇਖਦੇ ਹਨ ਉਸ ਕੋਲੋਂ ਅਤਿ ਗੂੜ੍ਹ ਵਸਤੂ ਭੀ ਛੁਪਾ ਕੇ ਨਹੀਂ ਰੱਖਦੇ। ਇਸ ਖ਼ਿਆਲ ਦੀ ਤਤ੍ਹ ਰੂਪ ਰੇਖਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ:

ਜਦਪਿ ਜੋਖਿਤਾ ਅਨ ਅਧਿਕਾਰੀ॥ ਦਾਸੀ ਮਨ ਕ੍ਰਮ ਬਚਨ ਤੁਮਾਰੀ॥
ਗੂੜ੍ਹ ਤਤ੍ਹ ਨ ਸਾਧ ਦੁਰਾਵਹਿ॥ ਆਰਤ ਅਧਿਕਾਰੀ ਜਹ ਪਾਵਹਿ॥[1]

1. *ਰਾਮਾਇਣ* (ਤੁਲਸੀ ਦਾਸ ਜੀ), ਬਾਲ ਕਾਂਡ, ਅਧਿਆਇ 4, ਸਲੋਕ 134, ਪੰਨਾ 110, (ਪੰਜਾਬੀ ਅਨੁਵਾਦ)।

ਸ੍ਰੀ ਰਾਮ ਚੰਦ੍ਰ ਜੀ ਪੰਚਵਟੀ ਵਿਚ ਬਿਰਾਜਮਾਨ ਹੋ ਰਹੇ ਸਨ, ਰਾਵਣ ਦੀ ਭੈਣ ਸਰੂਪ ਨਖਾ ਰਾਮ ਚੰਦ੍ਰ ਜੀ ਅਤੇ ਲਛਮਣ ਨੂੰ ਵੇਖ ਕੇ ਕਾਮਵਾਸ਼ਨਾ ਵਿਚ ਗ੍ਰਸੀ ਗਈ। ਅਤਿ ਸੁੰਦਰ ਰੂਪ ਧਾਰ ਕੇ ਰਾਮ ਜੀ ਪਾਸ ਗਈ, ਆਖਣ ਲੱਗੀ—ਤੁਹਾਡੇ ਜੈਸਾ ਕੋਈ ਪੁਰਸ਼ ਨਹੀਂ, ਮੇਰੇ ਜੈਸੀ ਕੋਈ ਨਾਰੀ ਨਹੀਂ, ਬ੍ਰਹਮਾ ਨੇ ਅਤਿ ਵਿਚਾਰ ਦੁਆਰਾ ਤੁਹਾਡਾ ਤੇ ਮੇਰਾ ਸੰਜੋਗ ਰਚਿਆ ਹੈ। ਰਾਮ ਚੰਦ੍ਰ ਜੀ ਨੇ ਸੀਤਾ ਜੀ ਵੱਲ ਵੇਖ ਕੇ ਆਖਿਓਸੁ ਕਿ ਇਹ ਮੇਰੀ ਇਸਤ੍ਰੀ ਹੈ ਅਤੇ ਇਹ ਮੇਰਾ ਛੋਟਾ ਭਾਈ ਹੈ। ਸਰੂਪ ਨਖਾ ਵਲੋਂ ਕੀਤੀ ਹੋਈ ਐਸੀ ਹਰਕਤ ਨੂੰ ਵੇਖ ਕੇ ਸੀਤਾ ਜੀ ਬਹੁਤ ਘਬਰਾਈ। ਸੀਤਾ ਜੀ ਦੀ ਘਬਰਾਹਟ ਨੂੰ ਧਿਆਨ ਵਿਚ ਰੱਖਦਿਆਂ, ਸਰੂਪ ਨਖਾ ਦਾ ਨੱਕ ਅਤੇ ਕੰਨ ਕੱਟਣ ਵਾਸਤੇ ਇਸ਼ਾਰਾ ਕੀਤਾ। ਰਾਮ ਜੀ ਵਲੋਂ ਐਸੀ ਸੈਨਤ ਮਿਲਦਿਆਂ ਹੀ ਲਛਮਣ ਨੇ ਸਰੂਪ ਨਖਾ ਦਾ ਨੱਕ ਅਤੇ ਦੋਵੇਂ ਕੰਨ ਕੱਟ ਕੇ ਉਸ ਨੂੰ ਕੁਰੂਪ ਨਖਾ ਬਣਾ ਦਿੱਤਾ। ਇਥੇ ਇਕ ਬਹੁਤ ਹੀ ਗੰਭੀਰ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਕਾਮੀ ਪੁਰਸ਼ ਜਾਂ ਕਾਮਣਿਆਰੀ ਇਸਤ੍ਰੀ ਪਰ ਗ੍ਰਿਹਿ ਦੀ ਤੱਕਣੀ ਬੰਦ ਨਹੀਂ ਕਰ ਸਕਦੇ। ਇਸ ਬਿਮਾਰੀ ਦੀ ਅਉਖਧ ਕਿਸੇ ਕਾਮਣਿਆਰੀ ਦੇ ਨੱਕ ਅਤੇ ਕੰਨ ਵੱਢ ਕੇ ਕੁਰੂਪਤਾ ਵਿਚ ਤਬਦੀਲ ਕਰਨਾ ਨਹੀਂ ਹੈ। ਬਲਕਿ ਸੱਤਜਵਾਦੀ ਦ੍ਰਿਸ਼ਟੀ ਦੁਆਰਾ ਉਸ ਦੀ ਕਾਮ ਚੇਸ਼ਟਾ ਨੂੰ ਰੱਬੀ ਪਿਆਰ ਵਿਚ ਪਰਿਵਰਤ ਕਰਨਾ ਹੈ।

ਵੈਦਿਕ ਇਸਤ੍ਰੀ ਅਧਿਕਾਰ ਵਾਰਤਾ ਨੂੰ ਸਮਾਪਤ ਕਰਨ ਤੋਂ ਪਹਿਲਾਂ ਆਵਸ਼ਕ ਹੈ ਕਿ ਇਸ ਗਾਥਾ ਦਾ ਸਾਰੰਸ਼ ਸੁਹਿਰਦ ਪਾਠਕਾਂ ਦੀ ਸੇਵਾ ਵਿਚ ਪੇਸ਼ ਕੀਤਾ ਜਾਵੇ ਤਾਂਕਿ ਅਸਾਨੂੰ ਗਿਆਨ ਹੋ ਸਕੇ ਕਿ ਇਸਤ੍ਰੀ ਅਧਿਕਾਰ ਪ੍ਰਤਿ ਵੈਦਿਕ ਸਿਖਿਆ ਅਤੇ ਗੁਰਮਤਿ ਵਿਚ ਕੀ ਅੰਤਰ ਹੈ। ਗੁਰਮਤਿ ਵਿਚ ਕੇਵਲ ਏਕਾ ਨਾਰੀ ਵਿਵਾਹ ਦੀ ਧਾਰਾ ਲਾਗੂ ਕੀਤੀ ਗਈ ਹੈ ਜਦੋਂ ਕਿ ਵੈਦਿਕ ਨਾਰੀ ਅਧਿਕਾਰ ਇਸ ਚੀਜ਼ ਨੂੰ ਅਨੁਪ੍ਰਾਣਿਤ (Promote) ਕਰਦਾ ਹੈ ਕਿ ਤੁਸੀਂ ਜਿਤਨੀਆਂ ਮਰਜ਼ੀ ਹੈ ਉਤਨੀਆਂ ਔਰਤਾਂ ਨਾਲ ਵਿਵਾਹ ਰੀਤੀ ਰਚ ਸਕਦੇ ਹੋ। ਜਿਸ ਪ੍ਰਤਿ ਅਨੇਕਾਂ ਹੀ ਪਰਿਮਾਣਤ ਉਦਾਹਰਣਾਂ ਆਪ ਜੀ ਪਛੇਤਰ ਵਾਰਤਾ ਵਿਚ ਪੜ੍ਹ ਆਏ ਹੋ।

ਆਪ ਤੋਂ ਕਮਜ਼ੋਰ ਮਰਦ ਦੀ ਇਸਤ੍ਰੀ ਨੂੰ ਜ਼ੋਰ ਜ਼ੁਲਮ ਦੇ ਆਧਾਰ 'ਤੇ ਧੱਕੇ ਅਥਵਾ ਛਲ ਕਪਟ ਨਾਲ ਕੱਢ ਕੇ ਲੈ ਜਾਣਾ, ਵੈਦਿਕ ਪ੍ਰਣਾਲੀ ਅਤੇ ਵੈਦਿਕ ਰਿਸ਼ੀਆਂ ਅਥਵਾ ਵੈਦਿਕ ਅਵਤਾਰਾਂ ਦੀ ਇਕ ਸਾਧਾਰਣ ਸਥਿਤੀ ਹੀ ਆਖੀ ਜਾ ਸਕਦੀ ਹੈ। ਜਿਸ ਦੀਆਂ ਕੁਝ ਮਿਸਾਲਾਂ ਆਪ ਜੀ ਉਕਤ ਲੇਖਾਂ ਵਿਚ ਜ਼ਿਹਨ-ਨਸ਼ੀਂ ਕਰ ਆਏ ਹੋ। ਵੈਦਿਕ ਅਵਤਾਰਾਂ ਵਿਚੋਂ ਵਿਸ਼ਨੂੰ ਜੀ ਮਹਾਰਾਜ ਦਾ ਦਰਜਾ ਸ੍ਰੇਸ਼ਟ ਹੈ। ਜਲੰਧਰ ਰਾਕਸ਼ ਦੀ ਸਤਵੰਤੀ ਇਸਤ੍ਰੀ ਦਾ

ਸਤਜ ਭੰਗ ਕਰਨਾ ਕੇਵਲ ਵਿਸ਼ਨੂੰ ਜੀ ਮਹਾਰਾਜ ਦੀ ਵਿਰਾਸਤ ਹੀ ਆਖੀ ਜਾ ਸਕਦੀ ਹੈ।[1]

ਰਾਮਾਇਣ ਅਤੇ ਮਹਾਭਾਰਤ ਯੁੱਧ ਖੇਤਰਾਂ ਦਾ ਮੂਲ ਕਾਰਨ ਤਨਕ-ਮਾਤ੍ਰ ਭੀ ਧਾਰਮਕ, ਰਾਜਨੀਤਕ, ਦੁਸ਼ਟ ਦਮਨ ਅਥਵਾ ਆਰਥਿਕ ਨੀਤੀ ਨਹੀਂ ਸੀ ਬਲਕਿ ਇਸਤ੍ਰੀ ਅਧਿਕਾਰ ਵਿਸ਼ਾ ਹੀ ਪ੍ਰਧਾਨ ਵਿਸ਼ਾ ਸੀ। ਉਕਤ ਦਰਸਾਈ ਗਾਥਾ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਇਸ ਨਿਰਣੇ 'ਤੇ ਪੁੱਜੇ ਹਾਂ ਕਿ ਗੁਰਮਤਿ ਦੀ ਵਿਚਾਰਧਾਰਾ ਨਿਰੋਲ ਅਤੇ ਨਿਰੋਲ ਆਸਮਾਨੀ ਵਿਚਾਰਸ਼ੈਲੀ ਹੈ। ਵੈਦਿਕ ਧਾਰਾ ਨਾਲ ਇਸ ਦਾ ਕਿਸੇ ਪ੍ਰਕਾਰੀ ਤਨਕ-ਮਾਤ੍ਰ ਭੀ ਰਾਬਤਾ ਨਹੀਂ ਹੈ। ਗੁਰਮਤਿ ਇਕ ਅਟੱਲ ਹਕੀਕਤ ਹੈ, ਜਿਸ ਦੀ ਸਾਰ ਵਸਤੂ ਕੇਵਲ ਅਤੇ ਕੇਵਲ ਇਲਹਾਮੀ ਸ਼ਬਦ ਹੈ। ਜਿਸ ਦੇ ਆਸਰੇ ਇਕਾਂਗੀ ਨਾਮ ਸ਼ਰਧਾਲੂ ਦੇ ਹਿਰਦੇ ਵਿਚ ਪ੍ਰਵੇਸ਼ ਕਰਦਾ ਹੈ। ਨਾਮ ਦੇ ਆਧਾਰ 'ਤੇ ਜਗਿਆਸੂ ਨਾਮੀ ਵਿਚ ਸਦੀਵੀ ਲੀਨਤਾ ਪ੍ਰਾਪਤ ਕਰਦਾ ਹੈ, ਜਿਵੇਂ :

ਗੁਰਮਤਿ ਸਾਚੀ ਸਬਦੁ ਹੈ ਸਾਰੁ ॥ ਹਰਿ ਕਾ ਨਾਮੁ ਰਖੈ ਉਰਿ ਧਾਰਿ ॥[2]

ਵੈਦਿਕ ਧਾਰਾ ਦੇ ਅਨੁਸਾਰ ਇਸਤ੍ਰੀ ਅਤੇ ਸ਼ੂਦਰ ਵੇਦ ਬਾਣੀ ਸ੍ਰਵਣ ਕਰਨ ਦੇ ਅਧਿਕਾਰੀ ਨਹੀਂ ਹਨ, ਇਸ ਦੇ ਪ੍ਰਤਿਕੂਲ ਗੁਰਮਤਿ ਦੇ ਸਕੂਲ ਵਿਚ ਇਸਤ੍ਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਪੜ੍ਹ ਸਕਦੀ ਹੈ। ਗ੍ਰੰਥੀ ਦੀ ਜ਼ਿੰਮੇਵਾਰੀ ਭੀ ਨਿਭਾ ਸਕਦੀ ਹੈ। ਭਾਵ, ਜੋ ਕੁਝ ਇਕ ਮਰਦ ਕਰ ਸਕਦਾ ਹੈ, ਇਸਤ੍ਰੀ ਦੇ ਅਧਿਕਾਰ ਭੀ ਉਹੀ ਹਨ ਜੋ ਇਕ ਮਰਦ ਦੇ ਹਨ।

ਇਥੇ ਵੈਦਿਕ ਇਸਤ੍ਰੀ ਅਧਿਕਾਰ ਵਿਚਾਰ ਧਾਰਾ ਸਮਾਪਤ ਕਰਨ ਦੇ ਤਲਿਬਗਾਰ ਹੋਵਾਂਗੇ, ਇਸ ਤੋਂ ਅਗੇਤਰ ਪੰਨਿਆਂ ਵਿਚ ਵੈਦਿਕ ਵਰਣ ਖੰਡ ਅਥਵਾ ਜਾਤੀ ਭੇਦ ਪ੍ਰਤਿ ਵਿਚਾਰ ਵਿਮੱਰਸ਼ ਕਰਨ ਦੀ ਆਗਿਆ ਚਾਹਾਂਗੇ।

(8 ਸਤੰਬਰ, 2000, ਕੈਨੇਡਾ)

9.82 ਵੈਦਿਕ ਵਰਣ ਭੇਦ (Vedic Caste System)

ਪਾਵਨ ਗੁਰਬਾਣੀ ਵਿਚ ਇਕ ਅਨਾਦੀ ਧਾਰਾ ਪ੍ਰਗਟਾਈ ਗਈ ਹੈ ਕਿ ਕਦੀ ਭੀ ਕਿਸੇ ਦੂਸਰੇ ਇਨਸਾਨ ਦੀ ਮਜ਼ੱਮਤ (ਨਿੰਦਾ) ਨਹੀਂ ਕਰਨੀ ਚਾਹੀਦੀ, ਭਾਵ, ਦੂਸਰੇ ਦੇ ਦੋਸ਼ਾਂ ਨੂੰ ਪ੍ਰਗਟ ਨਹੀਂ ਕਰਨਾ ਚਾਹੀਦਾ, ਬਲਕਿ ਹਮੇਸ਼ਾ ਹੀ ਉਸ ਦੇ ਗੁਣਾਂ ਨਾਲ ਸਾਂਝ ਕਰਨੀ ਚਾਹੀਦੀ ਹੈ। ਗੁਣਾਂ ਦੀ ਸਾਂਝ ਕੀਤਿਆਂ

---

1. *ਖ਼ਾਲਸਈ ਵਚਿੱਤਰਤਾ*, ਪੰਨਾ 199, (ਸੰਤਾ ਸਿੰਘ ਤਾਤਲੇ), ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।
2. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਮਲਾਰ ਮ: ੧, ਪੰਨਾ 1275/18.

ਦੋਤਰਫ਼ੀ ਸੁਖ ਅਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ। ਇਹੀ ਕਾਰਣ ਹੈ ਕਿ ਹਜ਼ੂਰ ਨੇ ਮਸ਼ਵਰਾ ਦਿੱਤਾ ਹੈ ਕਿ :

ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ ॥
ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ ॥

(ਸੂਹੀ ਮ: ੩, ਪੰਨਾ 756/8)

ਪਰਸਪਰ ਗੁਣਾਂ ਦੀ ਸਾਂਝ ਕੀਤਿਆਂ ਨਵਕਾਲੀਨ ਇਨਸਾਨ ਦੀਆਂ ਵਿੱਥਾਂ ਇਕ ਦੂਜੇ ਨਾਲੋਂ ਘਟਦੀਆਂ ਘਟਦੀਆਂ ਇਤਨੀਆਂ ਨਜ਼ਦੀਕੀ ਸੰਪਰਕ ਵਿਚ ਆ ਜਾਂਦੀਆਂ ਹਨ ਕਿ ਕੌਮਾਂ ਦੀ, ਦੇਸ਼ਾਂ ਦੀ ਅਤੇ ਵਿਅਕਤੀਗਤ ਸੀਮਾ ਇਕ ਦੂਸਰੇ ਵਿਚ ਅਲੋਪ ਹੋ ਜਾਂਦੀਆਂ ਹਨ। ਔਰ ਇਤਨੀਆਂ ਸੁਬੱਲ ਹੋਇ ਨਿਬੜਦੀਆਂ ਹਨ ਕਿ ਇਸ ਸੁਬੱਲਤਾ ਦੀ ਛਤਰ-ਛਾਇਆ ਥੱਲੇ ਸਮੁੱਚੀ ਜੀਵਨੀ ਵਿਕਸਤ ਹੁੰਦੀ ਹੈ। ਉੱਨਤੀ ਭਾਵੇਂ ਕਿਸੇ ਭੀ ਖੇਤਰ ਵਿਚ ਕਿਉਂ ਨਾ ਹੋਵੇ, ਉੱਨਤੀ ਦਾ ਮਨੋਰਥ ਹੀ ਪਰਿਵਰਤਨ ਹੁੰਦਾ ਹੈ। ਕਿਸੇ ਭੀ ਇਨਸਾਨ ਨੂੰ ਨਿਜੀ ਬੁਕਲ ਵਿਚ ਲੈ ਕੇ ਨਿੱਘਾ ਪੈਗ਼ਾਮ ਦੇਣਾ ਹੀ, ਜੀਵਨ ਦਾ ਵਿਕਾਸ ਆਖਿਆ ਜਾ ਸਕਦਾ ਹੈ। ਜੀਵਨ ਦਾ ਵਿਕਾਸ ਇਕ ਐਸੀ ਕਾਰਜਸ਼ੈਲੀ ਹੈ ਜੋ ਸੁਭਾਵਿਕ ਹੀ ਸਮਾਜੀ ਤਬਦੀਲੀ ਦੀ ਨੀਂਹ ਰੱਖਦੀ ਹੈ। ਅੱਜ ਦੀ ਮਨੁੱਖਤਾ ਦੇ ਸਾਹਮਣੇ ਸਭ ਤੋਂ ਵੱਡੀ ਅਤੇ ਗੰਭੀਰ ਸਮੱਸਿਆ ਤਾਂ ਇਹ ਹੈ ਕਿ ਗੁਣ ਅਵਗੁਣ ਦੇ ਵਿਚਕਾਰ ਇਕ ਨਿਰਣਾਤਮਕ ਰੇਖਾ ਕਿਵੇਂ ਉਲੀਕੀ ਜਾਵੇ ? ਜੋ ਦਾਨਸ਼ਮੰਦ ਵਿਅਕਤੀ ਹਨ ਉਹ ਚਾਰ ਢੰਗਾਂ ਦੁਆਰਾ ਕਿਸੇ ਇਨਸਾਨ ਨੂੰ ਅੱਛਾਈ ਜਾਂ ਬੁਰਾਈ ਦੇ ਗੁਣੀਏਂ ਵਿਚ ਉਲੀਕਦੇ ਹਨ। ਜਿਵੇਂ ਬੋਲ-ਬਾਣੀ, ਮਨੋਬ੍ਰਿਤੀ, ਜੀਵਨ ਵਤੀਰਾ ਅਤੇ ਕਾਰਜ ਕ੍ਰਿਆ ਅਥਵਾ ਕਰਮ ਕਰਤੂਤ। ਹੋਰ ਨਜ਼ਦੀਕੀ ਤਾਲਮੇਲ ਦੇ ਜ਼ਾਵੀਏ ਵਿਚ ਸਮਝਣ ਹਿਤ, ਉਕਤ ਦਰਸਾਈ ਧਾਰਾ ਦੀ ਵਿਆਖਿਆ ਇੰਝ ਭੀ ਕੀਤੀ ਜਾ ਸਕਦੀ ਹੈ ਜਿਵੇਂ :

Intellectuals judge the people four ways, by the language, by the attitude, by the behavior and by the action.

ਕਿਸੇ ਲੱਛਣ ਦੀ ਪਰਖ ਕਰਨ ਹਿਤ, ਸਭ ਤੋਂ ਸ੍ਰੇਸ਼ਟ ਧਾਰਾ ਤਾਂ ਇਹੀ ਹੈ ਕਿ ਉਕਤ ਦਰਸਾਈਆਂ ਚਾਰ ਧਾਰਾਵਾਂ ਵਿਚੋਂ ਕਿਸੇ ਇਕ ਦੇ ਕੀਤਿਆਂ, ਅਗਰ ਕਿਸੇ ਦੂਸਰੇ ਇਨਸਾਨ ਅਥਵਾ ਕਿਸੇ ਭੀ ਜੀਵ ਨੂੰ ਦੁਖ ਮਹਿਸੂਸ ਹੁੰਦਾ ਹੈ, ਉਹ ਅਵਗੁਣ ਅਥਵਾ ਬੁਰਾਈ ਹੈ। ਮਨ ਬਚ ਕਰਮ ਦੁਆਰਾ, ਜਿਸ ਵਿਹਾਰ ਦੇ ਕੀਤਿਆਂ, ਕਿਸੇ ਨੂੰ ਸੁਖ ਸ਼ਾਂਤੀ ਪ੍ਰਾਪਤ ਹੁੰਦੀ ਹੈ, ਉਹ ਗੁਣ ਹੈ, ਭਲਾਈ ਹੈ, ਨੇਕੀ ਹੈ। ਅੰਤ੍ਰੀਵੀ ਭਾਵਨਾ ਦੁਆਰਾ ਕਿਸੇ ਵੱਲ ਨੇਕੀ ਦਾ ਪੈਗ਼ਾਮ ਭੇਜਿਆਂ, ਤੁਹਾਡੀ ਉਪਕਾਰੀ ਵਿਰਤੀ ਖ਼ਤਮ ਨਹੀਂ ਹੁੰਦੀ, ਬਲਕਿ ਸਦੀਵੀ ਤੌਰ 'ਤੇ ਦੂਜਿਆਂ ਦੇ ਦਿਲਾਂ ਵਿਚ ਕਾਇਮ ਰਹਿੰਦੀ ਹੈ।

ਕਿਸੇ ਭੀ ਦੂਸਰੇ ਜੀਵ ਨੂੰ ਆਪਣੇ ਪ੍ਰਤਿਕਰਮ, ਜ਼ਾਤਿ ਵਰਣ ਸ਼੍ਰੇਣੀ ਦੇ ਆਧਾਰ 'ਤੇ ਨੀਵਾਂ, ਘਟੀਆ ਸਮਝਣਾ ਅਥਵਾ ਉਸ ਨਾਲ ਦੁਰਵਿਵਹਾਰ ਕਰਨਾ ਇਕ ਗੰਭੀਰ ਅਵਗੁਣ ਹੈ। ਬਹੁਤ ਹੀ ਵੱਡੀ ਅਸ਼ੁੱਧਤਾ ਹੈ, ਦੁਰਵ੍ਰਿਤੀ ਹੈ, ਕਲੰਕਤ ਧੱਬਾ ਹੈ, ਸ਼੍ਰੋਮਣੀ ਵਿਕਾਰ ਹੈ। ਭਾਵੇਂ ਹਜ਼ੂਰ ਤੀਸਰੇ ਪਾਤਸ਼ਾਹ ਜੀ ਨੇ, ਬਾਦਸ਼ਾਹ ਅਕਬਰ ਨੇ ਅਤੇ ਅੰਗਰੇਜ਼ ਰਾਜ ਦੇ ਸਮੇਂ ਭੀ ਇਸ ਜ਼ਾਤੀ ਭੇਦ-ਭਾਵ ਦੀ ਜ਼ਿੱਲਤ ਨੂੰ ਦੂਰ ਕਰਨ ਦੇ ਯਤਨ ਕੀਤੇ ਗਏ ਪ੍ਰੰਤੂ ਇਸ ਦੀਆਂ ਮਾਰੂ ਜੜ੍ਹਾਂ ਹਿੰਦੁਸਤਾਨੀ ਸਮਾਜ ਵਿਚ ਇਤਨੀਆਂ ਡੂੰਘੀਆਂ ਹਨ ਕਿ ਇਨ੍ਹਾਂ ਦਾ ਵਿਨਾਸ਼ ਇਤਨਾ ਆਸਾਨ ਨਹੀਂ ਹੈ ਜਿਤਨਾ ਕਿ ਅਸੀਂ ਸਮਝਦੇ ਹਾਂ।

ਸੰਸਾਰ ਦੀ ਤਵਾਰੀਖ਼ ਵਿਚ ਕਈ ਦਫ਼ਾ ਐਸੇ ਅਵਸਰ ਭੀ ਆਏ ਹਨ ਜਦੋਂ ਪਰਸਪਰ ਵਿਰੋਧਾਭਾਸੀ ਸੱਭਿਅਤਾਵਾਂ, ਇਕ ਧਰਮ ਦੂਸਰੇ ਧਰਮ ਦੇ ਵਿਰੁੱਧ ਟਕਰਾਉ ਦੀ ਨੀਤੀ ਦੁਆਰਾ ਮਨੁੱਖਤਾ ਨੂੰ ਦਾਵਾਨਲ ਅਗਨੀ ਦੇ ਭਾਂਬੜਾਂ ਵਿਚ ਲਪੇਟ ਕੇ ਸਮੂਲਚੀ ਸੱਭਿਅਤਾ ਨੂੰ ਭਸਮ ਕਰ ਦਿੰਦੇ ਹਨ। ਵਿਰੋਧਾਭਾਸੀ ਭਾਵਨਾ ਇਕ ਐਸੀ ਨਕਾਰਾਤਮਕ ਸੋਚ ਹੈ ਜੋ ਸਮੁੱਚੀ ਜੀਵਨੀ ਦੀ ਮੂਲਿਕ ਸ਼ਿਲਾ ਨੂੰ ਦਰਹਮ ਬਰਹਮ (confused) ਸਥਿਤੀ ਵਿਚ ਲੈ ਜਾਂਦੀ ਹੈ। ਭਾਵੇਂ ਉਹ ਸੱਭਿਅਕ, ਨਸਲੀ, ਧਾਰਮਿਕ, ਉਚੀ ਨੀਵੀਂ ਜ਼ਾਤੀ ਭੇਦ ਭਰਪੂਰ ਵਿਤਕਰਾ ਕਿਉਂ ਨਾ ਹੋਵੇ, ਇਨ੍ਹਾਂ ਦੀ ਵਰਤੋਂ ਦਾ ਅੰਜਾਮ ਅਤਿ ਵਿਆਕੁਲ, ਸੰਦੇਹ ਪੂਰਨ, ਪੇਚੀਦਾ, ਘਬਰਾਹਟ, ਹਰ ਪ੍ਰਕਾਰੀ ਜਟਿਲਤਾ ਅਤੇ ਉਲਝਣਾਂ ਉਤਪੰਨ ਕਰਨ ਦਾ ਕਾਰਨ ਹੁੰਦਾ ਹੈ। ਇਸੇ ਚਿੱਤਰ ਦੇ ਦੂਜੇ ਪਾਸੇ, ਇਕ ਐਸੀ ਚਿੱਤਰ ਰੇਖਾ ਹੈ ਜੋ ਕੁਝ ਵੱਖਰੀ ਵਿਚਾਰਸ਼ੈਲੀ ਪੇਸ਼ ਕਰਦੀ ਹੈ। ਜਿਸ 'ਤੇ ਅਮਲ ਕੀਤਿਆਂ, ਸਮੁੱਚੀ ਜੀਵਨੀ ਪ੍ਰਤਿ, ਕਾਮਿਆਬੀ ਦੇ ਚੌਪਟ ਖੁੱਲ੍ਹਦੇ ਹਨ। ਹਰ ਪ੍ਰਕਾਰੀ ਜਟਿਲਤਾ ਸਰਲਤਾ ਦੀਆਂ ਸਫ਼ਾਂ ਵਿਚ ਪ੍ਰਵੇਸ਼ ਕਰਦੀ ਹੈ। ਜਿਸ ਦੇ ਅਧੀਨ ਹਰ ਵਿਅਕਤੀ ਸਮੇਂ ਦੀ ਉਪਯੋਗਤਾ ਕਰਦਾ ਹੋਇਆ, ਜੀਵਨ ਦੀ ਅਨੁਕੂਲਤਾ ਵਿਚ ਪ੍ਰਵੇਸ਼ ਕਰਦਾ ਹੈ।

ਤੁਸੀਂ ਪੁੱਛੋਗੇ ਕਿ ਹਿੰਦੁਸਤਾਨੀ ਸਮਾਜ ਵਿਚ ਇਹ ਕਿਵੇਂ ਹੋ ਸਕਦਾ ਹੈ ਕਿ ਇਨਸਾਨੀ ਵਿਆਕੁਲਤਾ ਜ਼ਾਤ-ਪਾਤੀ ਸੰਦੇਹ ਭਰਪੂਰ ਵਿਰਤੀ, ਕੌਮੀ ਸੁਖੱਲਤਾ ਵਿਚ ਪਰਿਵਰਤ ਕੀਤੀ ਜਾਵੇ ? ਇਸ ਦੀ ਬਾਬਤ ਇਕ ਸ਼ਬਦੀ ਸੁਝਾਉ ਹੀ ਵਰਤਿਆ ਜਾ ਸਕਦਾ ਹੈ, ਉਹ ਸ਼ਬਦ ਹੈ ਮਨੋ-ਵਿਰਤੀ ਜਾਂ (attitude)। ਜਦੋਂ ਅਸੀਂ ਭਿੰਨ ਭਿੰਨ ਧਾਰਮਿਕ ਵਿਸ਼ਵਾਸ, ਵੱਖਰੀ ਵੱਖਰੀ ਸੱਭਿਅਤਾ, ਵਰਣ ਭੇਦੀ ਭਿੰਨਤਾ, ਵੱਖਰੀ ਭਾਸ਼ਾ ਵਾਲੇ ਲੋਕਾਂ ਦੀ ਸਮਾਜੀ ਭਾਵੁਕਤਾ ਨਾਲ ਵਿਹਾਰਿਕ ਅਤੇ ਰਾਜਨੀਤਿਕ ਵਰਤਾਵਾ ਕਰਦੇ ਹਾਂ ਤਦ ਐਸੇ ਜਨ-ਸਮੂਹ ਪ੍ਰਤਿ ਅਸਾਡਾ ਦ੍ਰਿਸ਼ਟੀਕੋਣ ਕੈਸਾ ਹੋਣਾ ਚਾਹੀਦਾ ਹੈ ਅਥਵਾ ਕੈਸੀ ਅਵਲੋਕਨੀ ਦੁਆਰਾ ਐਸੇ ਇਨਸਾਨਾਂ ਦੀ ਪਰਖ ਪ੍ਰਣਾਲੀ ਤਿਆਰ ਕੀਤੀ

ਜਾਵੇ ? ਮਨੋ-ਵਿਰਤੀ ਦਾ ਇਕ ਪਹਿਲੂ ਤਾਂ ਇਹ ਭੀ ਹੈ ਕਿ ਇਨ੍ਹਾਂ ਨੂੰ ਇਕ ਦੇਸ਼ਧ੍ਰੋਹੀ, ਸਮਾਜੀ ਸ਼ਤਰੂ ਅਥਵਾ ਸਪਰਸ਼ ਰਹਿਤ (untouchable) ਸ਼੍ਰੇਣੀ ਦੇ ਜ਼ਾਵੀਏ ਵਿਚੋਂ ਵੇਖਿਆ ਜਾਵੇ। ਉਨ੍ਹਾਂ ਪ੍ਰਤਿ ਸੰਭਾਵੀ ਸ਼ਤਰੂ ਜੈਸਾ ਵਤੀਰਾ ਅਪਣਾਇਆ ਜਾਵੇ। ਜਦੋਂ ਅਸੀਂ ਦੇਸ਼ ਦੀ ਬਹੁ ਸੰਮਤੀ ਪਰਜਾ ਦੇ ਵਿਰੁੱਧ ਐਸਾ ਵਤੀਰਾ ਵਰਤੋਂ ਵਿਚ ਲਿਆਵਾਂਗੇ ਤਦ ਤੁਸੀਂ ਆਪਣੇ ਆਪ ਨੂੰ ਇਕ ਚੌਂਕੀਦਾਰ, ਪਹਿਰੇਦਾਰ, ਸੰਤਰੀ ਦੀ ਜਗ੍ਹਾ ਨਿਯੁਕਤ ਕਰਦੇ ਹੋ। ਇਸ ਧਾਰਾ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਅਗਰ ਇਹ ਆਖਿਆ ਜਾਵੇ ਕਿ ਅੱਜ ਹਿੰਦੁਸਤਾਨ ਦੀ ਰਾਜ ਸੱਤਾ ਪਰਜਾ ਦੀ ਹਰਮਨ ਪਿਆਰੀ ਹੋਣ ਦੇ ਥਾਂ ਇਕ ਚੌਂਕੀਦਾਰ, ਪਹਿਰੇਦਾਰ ਦੀ ਜ਼ਿੰਮੇਵਾਰੀ ਨਿਭਾ ਰਹੀ ਹੈ। ਹਰ ਸਮੱਸਿਆ ਦਾ ਸਮਾਧਾਨ ਪੁਲਿਸ ਅਤੇ ਫ਼ੌਜੀ ਸ਼ਕਤੀ ਦੁਆਰਾ ਕਰਨਾ ਲੋਚਦੀ ਹੈ। ਉਦਾਹਰਣ ਵਜੋਂ ਕਸ਼ਮੀਰ ਦੀ ਸਮੱਸਿਆ, ਪੰਜਾਬ ਦੀ ਸਮੱਸਿਆ, ਨਾਗਾਲੈਂਡ ਦੀ ਸਮੱਸਿਆ, ਮੁਸਲਮਾਨਾਂ ਦੀ ਸਮੱਸਿਆ, ਸਿੱਖਾਂ ਦੀ ਸਮੱਸਿਆ, ਈਸਾਈਆਂ ਦੀ ਸਮੱਸਿਆ, ਦਲਿਤ ਭਾਈਚਾਰੇ ਦੀ ਸਮੱਸਿਆ ਨੂੰ ਨਜ਼ਰਅੰਦਾਜ਼ ਕਰਕੇ ਇਨ੍ਹਾਂ ਸੁਹਿਰਦ ਅਤੇ ਵਫ਼ਾਦਾਰ ਸ਼ਹਿਰੀਆਂ ਪ੍ਰਤਿ ਸੰਭਾਵੀ ਸ਼ਤਰੂ ਜੈਸੀ ਮਨੋ-ਵਿਰਤੀ ਅਪਣਾਈ ਜਾ ਰਹੀ ਹੈ। ਜਿਤਨੀ ਵੱਧ ਰਾਜ ਸੱਤਾ ਹੁੰਦੀ ਹੈ, ਉਸ ਤੋਂ ਭੀ ਵੱਧ ਹਾਨੀਕਾਰਕ ਉਸ ਦਾ ਦੁਰ-ਉਪਯੋਗ ਹੁੰਦਾ ਹੈ। ਸੱਤਾ ਦੀ ਦੁਰਵਰਤੋਂ ਕਰਦੇ ਕਰਦੇ ਆਪਣੀ ਹੀ ਪਰਜਾ ਦੇ ਵਿਰੁੱਧ ਮਨੋਵਿਰਤਿਕ ਯੁੱਧ ਖੇਤਰ ਉਲੀਕਿਆ ਜਾਂਦਾ ਹੈ। ਪਰਿਣਾਮ ਵਜੋਂ, ਇਸ ਦਾ ਅੰਤ ਅਸ੍ਰੀਕਰਣ ਅਤੇ ਤੱਥਪੂਰਣ ਯੁੱਧ ਖੇਤਰ ਵਿਚ ਪਰਿਵਰਤ ਹੋਇ ਨਿਬੜਦਾ ਹੈ, ਜਿਸ ਦੀਆਂ ਵਾਸਤਵਿਕ ਉਦਾਹਰਣਾਂ 1984 ਦਾ ਨੀਲਾ ਤਾਰਾ ਅਪਰੇਸ਼ਨ, ਕਸ਼ਮੀਰ ਦੰਗਲ ਅਤੇ ਨਾਗਾਲੈਂਡ ਯੁੱਧ ਹਨ।

ਉਕਤ ਦਰਸਾਏ ਵਤੀਰੇ ਦੇ ਪ੍ਰਤਿਕੂਲ, ਇਕ ਵਤੀਰਾ ਹੋਰ ਭੀ ਹੈ। ਪਰਜਾ ਦੇ ਨਾਲ ਐਸਾ ਸਲੂਕ ਕਰਨਾ ਕਿ ਉਹ ਹਮੇਸ਼ਾ ਵਾਸਤੇ ਅਸਾਡੇ ਸੰਭਾਵੀ ਅਤੇ ਸੁਬੱਲਤ ਭਾਈਵਾਲ ਬਣ ਜਾਣ। ਐਸੀ ਸਹਿਕਾਰੀ ਸਥਿਤੀ ਵਾਸਤੇ ਅਸਾਡਾ ਧਰਮ ਹੈ ਕਿ ਅਸੀਂ ਪਰਜਾ ਦੀਆਂ ਸਫ਼ਾਂ ਵਿਚ ਇਕ ਸਾਂਝਾ ਖੇਤਰ ਉਲੀਕੀਏ। ਪਰਸਪਰ ਸਾਂਝੀਵਾਲਤਾ ਹੀ ਇਕ ਐਸੀ ਨਾਯਾਬ ਨੀਤੀ ਹੈ ਜਿਸ ਦੇ ਆਧਾਰ 'ਤੇ ਸਰਵਜਨਕ ਖੇਤਰ ਦੀ ਮੂਲਿਕ ਸ਼ਿਲਾ ਸਥਾਪਤ ਕੀਤੀ ਜਾ ਸਕਦੀ ਹੈ। ਜਿਵੇਂ :

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥[1]

ਸਰਵਜਨਕ ਖੇਤਰ ਇਕ ਐਸੀ ਯਥਾਰਥਕ ਧਾਰਾ ਹੈ ਜਿਸ ਦੇ ਆਸਰੇ

1. ਮਾਝ ਮ: ੫, ਪੰਨਾ 97/8.

ਅਸਾਡੀ ਸੋਚ ਦਾ ਪਸਾਰਾ ਇਕ ਐਸੀ ਪਰਸਪਰ ਬਿਬੇਕਸ਼ੀਲ ਜਾਣਕਾਰੀ ਦਾ ਜ਼ਾਵੀਆ ਉਲੀਕਦਾ ਹੈ ਜਿਥੋਂ ਪਰਸਪਰ ਸਦਭਾਵਨਾ, ਪਰਸਪਰ ਅਨੁਕੂਲਤਾ, ਸਾਵੀਆਂ ਸੁਰਾਂ ਦਾ ਮੇਲ, ਇਕਸਾਰਤਾ, ਇਕ ਸੁਰਤਾ, ਵੱਖਰੇ ਵੱਖਰੇ ਆਸ਼ੇ ਇਕੱਤਰ ਕਰ ਕੇ ਉਨ੍ਹਾਂ ਨੂੰ ਇਕਸਾਰਤਾ ਵਿਚ ਪਰਿਵਰਤ ਕਰਨਾ ਪਰਸਪਰ ਸੰਪਤੀ, ਆਪਸੀ ਮਿਲਵਰਤਨ, ਸਹਿਕਾਰੀ ਮਨੋ-ਵਿਰਤੀ ਦਾ ਉਤਪੰਨ ਹੋਣਾ ਹੀ ਅੰਤ੍ਰੀਵੀ ਸੁਅਸਤਅਵਸਥੀ ਅਤੇ ਸੁਖ ਸ਼ਾਂਤੀ ਜੈਸੀਆਂ ਅਮੁਲੀਕ ਦਾਤਾਂ ਸੁਭਾਵਿਕ ਹੀ ਵਾਹਿਗੁਰੂ ਦੀ ਦਰਗਾਹ 'ਚੋਂ ਉਪਲੱਬਧ ਹੁੰਦੀਆਂ ਹਨ। ਇਹੀ ਉਹ ਮੂਲਿਕ ਧਾਰਾ ਹੈ ਜੋ ਬਹੁਤ ਲਘੂ ਸੰਪਤੀ ਵਾਲੇ ਸ਼ਹਿਰੀਆਂ ਨੂੰ ਸੰਸਾਰੀ ਅਤੇ ਪ੍ਰਮਾਰਥੀ ਦੌਲਤਾਂ ਨਾਲ ਮਾਲਾਮਾਲ ਕਰਦੀ ਹੈ। ਇਹੀ ਉਹ ਅਭਿਆਸੀ ਜੁਗਤੀ ਹੈ ਜਿਸ ਦੇ ਆਸਰੇ ਅਸਾਡੀ ਦੁਨੀਆ ਅਤੇ ਸੂਝ ਸਮਝ ਦੇ ਜ਼ਾਵੀਏ ਦਾ ਵਿਸਥਾਰ ਇਤਨਾ ਬੁਲੰਦ ਹੋਇ ਨਿਬੜਦਾ ਹੈ ਜੋ ਉਫ਼ਕ[1] ਦੀਆਂ ਸੀਮਾ ਨੂੰ ਲੰਘ ਕੇ, ਅਸੀਮ ਦੀ ਅਸੀਮਤਾ ਵਿਚ ਅਭੇਦ ਹੁੰਦਾ ਹੈ। ਇਹੀ ਉਹ ਜੀਵਨ ਮਨੋਰਥ ਹੈ ਜਿਸ ਦੇ ਤੁਫ਼ੈਲ, ਸਫਲਤਾ ਅਤੇ ਕਾਮਿਆਬੀ ਅਸਾਡੀ ਦਰਵਾਨ ਬਣ ਕੇ ਪਹਿਰਾ ਦਿੰਦੀਆਂ ਹਨ। ਇਹੀ ਅੰਤ੍ਰੀਵੀ ਰਹੱਸ ਹੈ ਜੋ ਇਲਹਾਮੀ ਸ਼ਬਦ ਦੀ ਵਿਚਾਰ ਵਿਚ ਲੀਨ ਕਰਦੀ ਹੈ। ਐਸੇ ਵਿਰਲੇ ਹੀ ਨੀਤੀਵੇਤਾ ਹੁੰਦੇ ਹਨ ਜੋ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੀ ਦਰਸਾਈ ਨੀਤੀ ਦੇ ਆਧਾਰ 'ਤੇ ਦੇਸ਼ ਕੌਮ ਦੀ ਅਗਵਾਈ ਅਤੇ ਸੇਵਾ ਕਰਦੇ ਹਨ। ਜਿਸ ਦਾ ਸਦਕਾ ਸਮੁੱਚੇ ਦੇਸ਼ ਦਾ ਹਲਤਿ ਪਲਤਿ ਸੰਵਾਰਿਆ ਜਾਂਦਾ ਹੈ, ਜਿਵੇਂ :

ਐਸੇ ਜਨ ਵਿਰਲੇ ਸੰਸਾਰੇ ॥ ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥
ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ ॥੧੧॥

(ਮਾਰੂ ਸੋਲਹੇ ਮ: ੧, ਪੰਨਾ 1039/7)

ਸਮੁੱਚੀ ਮਨੁੱਖਤਾ ਦੀ ਕਲਿਆਣਕਾਰੀ ਸਥਿਤੀ ਨੂੰ ਮੱਦੇਨਜ਼ਰ ਰੱਖਦਿਆਂ, ਸਰਵਜਨਕ ਅਤੇ ਯਥਾਰਥੀ ਵਤੀਰਾ ਜੀਵਨ ਦੇ ਹਰ ਖੇਤਰ ਵਿਚ ਸਫਲਤਾ ਪ੍ਰਾਪਤ ਕਰਦਾ ਹੈ। ਪ੍ਰੰਤੂ ਅਤਿ ਸ਼ੋਕਮਈ ਹਾਲਤ ਤਾਂ ਇਹ ਹੈ ਕਿ ਬਹੁਸੰਮਤੀ ਭਾਰਤੀ ਸਮਾਜ ਵਿਚ ਸਰਵਜਨਕ ਅਤੇ ਯਥਾਰਥੀ ਸਮਾਜ ਦੇ ਥਾਂ ਭਾਰਤੀ ਸਮਾਜ ਦੀ ਮੂਲਿਕ ਸ਼ਿਲਾ ਉਚ-ਨੀਚ ਜ਼ਾਤੀ ਭੇਦ ਭਾਵ ਅਤੇ ਵਰਣ ਵੰਡ ਦੇ ਆਧਾਰ 'ਤੇ ਰੱਖੀ ਗਈ ਹੈ। *ਯਜੁਰ ਵੇਦ*[2] ਵਿਚ ਜ਼ਿਕਰ ਕੀਤਾ ਗਿਆ ਹੈ ਕਿ ਬ੍ਰਾਹਮਣ ਪਰਮਾਤਮਾ ਦਾ ਮੁਖੜਾ ਹੈ। ਛੱਤ੍ਰੀ ਪਰਮਾਤਮਾ ਦੇ ਬਾਜ਼ੂ ਹਨ,

---

1. Horizon, ਦ੍ਰਿਸ਼ਟੀ ਦਾ ਓਹ ਜ਼ਾਵੀਆ ਜਿਥੇ ਧਰਤੀ ਤੇ ਆਕਾਸ਼ ਮਿਲਦੇ ਹਨ।
2. *ਯਜੁਰ ਵੇਦ*, ਅਧਿਆਇ 31, ਮੰਤ੍ਰ 11, ਪੰਨਾ 287. *ਮਹਾਨ ਕੋਸ਼*, ਚਾਰ ਵਰਨ, ਪੰਨਾ 464, ਫੁਟ ਨੋਟ।

ਵੈਸ਼ ਪਰਮਾਤਮਾ ਦਾ ਪੇਟ ਹੈ ਅਤੇ ਸ਼ੂਦਰ ਪਰਮਾਤਮਾ ਦੇ ਪੈਰ ਹਨ। ਇਕ ਪੁਸਤਕ ਜਿਸ ਦਾ ਸਿਰਲੇਖ *We the people of Bharat* ਵਿਚ ਲਿਖਿਆ ਹੈ ਕਿ ਵੈਦਿਕ ਸਾਹਿਤ ਵਿਚ ਇਕ "ਪੁਰਸ਼ ਸੂਕਤ" ਹੈ। ਇਸ ਪੁਰਸ਼ ਦੇ ਵੀਰਜ ਦੁਆਰਾ ਇਕ ਲੜਕਾ ਪੈਦਾ ਹੋਇਆ, ਜੋ ਅਨਿਕ ਪ੍ਰਕਾਰੀ ਵੈਦਿਕ ਹਿੰਦੂ ਪਰਮਾਤਮਾ ਦੀ ਪ੍ਰਸੰਨਤਾ ਹਿਤ ਬਲੀ ਕੀਤਾ ਗਿਆ। ਜਿਸ ਤੋਂ ਵੇਦਾਂ ਦੀ ਉਤਪਤੀ, ਘੋੜੇ, ਪਸ਼ੂ, ਬੱਕਰੀਆਂ ਅਤੇ ਭੇਡਾਂ ਦੀ ਉਤਪਤੀ ਹੋਈ। ਉਸ ਪੁਰਸ਼ ਦੇ ਵਿਚ ਹੀ ਹਿੰਦੂ ਵਰਨ ਖੰਡ ਭੀ ਮੌਜੂਦ ਸੀ। ਜੀਵਾਂ ਦੀ ਵਰਨਖੰਡ ਉਸ ਪੁਰਸ਼ ਦੇ ਭਿੰਨ ਭਿੰਨ ਸਰੀਰਕ ਭਾਗਾਂ ਵਿਚੋਂ ਉਤਪੰਨ ਹੋਈ। ਇਸ ਖ਼ਿਆਲ ਦੀ ਮਨੋਕਲਪਤ ਗਾਥਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ। ਜਿਵੇਂ :

There is a graphic description of creation in the Purus Sukat in vedic literature. In the beginning there was Purus, which is this all, that which was, and which shell be. Purus begets Viraj, and together both bring for the Purus, the son, who becomes the sacrificial victim of the great sacrifice of the gods. From this great sacrifice originate the verses of the Veds, horses, cattle, goats and sheep. The four castes also have their origin in him. They came out of various parts of his body.[1]

ਉਕਤ ਦਰਸਾਈ ਲਿਖਤ ਸਿੱਧ ਕਰਦੀ ਹੈ ਕਿ ਪ੍ਰਕਿਰਤੀ ਦੇ ਆਰੰਭ ਕਾਲ ਤੋਂ ਹੀ ਜਾਤਪਾਤੀ ਵਰਨਖੰਡ ਪਰਮਾਤਮਾ ਵਲੋਂ ਹੀ ਕੀਤੀ ਗਈ। ਭਾਵ, ਇਨਸਾਨੀ ਜੀਵਨ ਦਾ ਊਚ ਨੀਚ ਵਿਤਕਰਾ ਵੈਦਿਕ ਤਾਅਲੀਮ ਦੀ ਮੂਲਿਕ ਸ਼ਿਲਾ ਹੈ। ਵੈਦਿਕ ਮਿਥਿਹਾਸ ਦੀ ਮਨੋਕਲਪਤ ਗਾਥਾ ਦਾ ਅੰਤ ਇਥੇ ਹੀ ਨਹੀਂ ਹੁੰਦਾ ਬਲਕਿ ਇਸ ਗਾਥਾ ਦੀ ਦ੍ਰਿੜ੍ਹਤਾ ਕਾਇਮ ਰੱਖਣ ਹਿਤ, ਇਸ ਤੋਂ ਅਗੇਤਰ ਸ਼ਬਦ ਨਿਰਣੈ ਕਰਦੇ ਹਨ ਕਿ ਉਸ ਪੁਰਸ਼ ਦੇ ਦਿਮਾਗ਼ ਵਿਚੋਂ ਚੰਦ੍ਰਮਾ, ਉਸ ਦੀਆਂ ਅੱਖੀਆਂ ਵਿਚੋਂ ਸੂਰਜ, ਉਸ ਦੇ ਮੂੰਹ ਵਿਚੋਂ ਇੰਦਰ ਅਤੇ ਅਗਨੀ, ਉਸ ਦੇ ਸੁਆਸਾਂ ਵਿਚੋਂ ਵਾਯੂ, ਉਸ ਦੀ ਨਾਭੀ ਵਿਚੋਂ ਆਕਾਸ਼, ਉਸ ਦੇ ਸਿਰ ਵਿਚੋਂ ਸੁਰਗ, ਉਸ ਦੇ ਪੈਰਾਂ ਵਿਚੋਂ ਪ੍ਰਿਥਵੀ, ਉਸ ਦੇ ਸ੍ਰਵਣਾਂ ਵਿਚੋਂ ਦਿਸ਼ਾਵਾਂ ਸਥਾਪਨ ਕੀਤੀਆਂ ਗਈਆਂ।[2] ਜਿਵੇਂ :

Also from his mind was born the Moon, from his eyes the

1. *We the people of Bharat*, p. 297, by P.S. Gusain, 3rd Millenium Inc, 190A/Gautam Nagar, New Delhi.
2. *Ibid.*

Sun, from his mouth Inder and Agni, from his breath Vayu, from his navel the sky, from his head the heaven, from his feet the earth, and from his ears the quarters.[1]

ਵੈਦਿਕ ਵਰਣਖੰਡ ਦਾ ਵਾਸਤਵਿਕ ਚਿੱਤਰ ਦ੍ਰਿਸ਼ਟੀਮਾਨ ਕਰਨ ਹਿਤ, ਵੈਦਿਕ ਅਵਤਾਰਾਂ ਦੀਆਂ ਕੁਝ ਗਾਥਾਵਾਂ ਪ੍ਰਤਿ ਧਿਆਨ ਦੇਣਾ ਆਵਸ਼ਕ ਹੈ। ਤਾਂਕਿ ਸਾਧਾਰਣ ਭਾਰਤੀ ਪਰਜਾ ਇਸ ਵਿਸ਼ੇ ਤੋਂ ਜਾਣੂ ਹੋ ਸਕੇ ਕਿ ਇਸ ਵੈਦਿਕ ਵਰਣਖੰਡ ਦੀਆਂ ਜੜ੍ਹਾਂ ਕਿਤਨੀਆਂ ਕੁ ਡੂੰਘੀਆਂ, ਮਾਰੂ ਅਤੇ ਵਿਨਾਸ਼ਕਾਰੀ ਹਨ। *ਰਾਮਾਇਣ* ਦੇ ਲਵ ਅਤੇ ਕੁਸ਼ ਕਾਂਡ ਵਿਚ ਕਵੀ ਤੁਲਸੀ ਦਾਸ ਜੀ ਰਾਮ ਰਾਜ ਦੀ ਸ਼ੋਭਾ ਅਤਿ ਗੰਭੀਰਤਾ ਸਹਿਤ ਬਿਆਨ ਕਰਦੇ ਹਨ ਕਿ ਰਾਮ ਜੀ ਦੇ ਰਾਜ ਵਿਚ ਪ੍ਰਿਥਵੀ ਦੇ ਸਮੁੱਚੇ ਪਾਪਾਂ ਦਾ ਅਭਾਵ ਹੋ ਗਿਆ। ਮੁਨੀਸ਼ਵਰ ਲੋਕ ਜੰਗਲਾਂ ਵਿਚ ਬਹੁਤ ਹੀ ਸੁਖ ਚੈਨ ਦਾ ਜੀਵਨ ਬਤੀਤ ਕਰਦੇ ਸਨ। ਪ੍ਰਿਥਵੀ ਅਤਿ ਸੁਹਾਵਣੀ ਅਤੇ ਸਾਰੇ ਜੰਗਲ ਬਹੁਤ ਸੁੰਦਰ ਹੋ ਗਏ। ਪਸ਼ੂ ਅਤੇ ਪੰਛੀ ਪਰਸਪਰ ਕਲੋਲਾਂ ਕਰਦੇ ਸਨ। ਰਾਮ ਜੀ ਦੇ ਰਾਜ ਵਿਚ ਵੈਰ-ਵਿਰੋਧ ਨਾਮ ਦੀ ਕੋਈ ਨਿਸ਼ਾਨੀ ਬਾਕੀ ਨਹੀਂ ਰਹੀ। ਰਾਮ ਜੀ ਦੀ ਪ੍ਰਭੁਤਾ ਇਤਨੀ ਬੁਲੰਦ ਸੀ ਕਿ ਕ੍ਰੋੜਾਂ ਹੀ ਗ੍ਰੰਥ, ਸਿਮ੍ਰਿਤੀਆਂ, ਬ੍ਰਹਮਾ, ਮਹਾਂਦੇਵ, ਸ਼ੇਸ਼ ਆਦਿ ਰਾਮ ਜੀ ਦੀ ਪ੍ਰਸੰਸਾ ਕਰਨੋਂ ਅਸਮਰੱਥ ਸਨ। ਰਾਮ ਜੀ ਦੇ ਐਸੇ ਰਾਜ ਕਾਲ ਵਿਚ ਇਕ ਬ੍ਰਾਹਮਣ ਬਿਲਖ-ਬਿਲਾਨੀ ਦਸ਼ਾ ਵਿਚ ਆਣ ਹਾਜ਼ਰ ਹੋਇਆ। ਅਤਿ ਕ੍ਰੋਧਿਤ ਬਚਨ ਬੋਲਦਾ ਹੋਇਆ ਆਖਣ ਲੱਗਾ ਕਿ ਅੱਜ ਸੰਸਾਰ ਵਿਚੋਂ ਸੂਰਜ ਵੰਸ਼ ਦਾ ਤਪਤੇਜ ਡੁੱਬ ਚੁੱਕਾ ਹੈ। ਰਘੂ ਦਲੀਪ ਜੈਸੇ ਅਯੁੱਧਿਆ ਦੇ ਰਾਜੇ ਵੱਡੇ ਪ੍ਰਤਾਪੀ ਸਨ। ਪ੍ਰੰਤੂ ਐਸਾ ਸਮਾਂ ਕਦੀ ਭੀ ਨਹੀਂ ਆਇਆ ਜਦੋਂ ਪਿਤਾ ਦੇ ਜਿਊਂਦਿਆਂ ਪੁੱਤਰ ਦਾ ਅੰਤਕਾਲ ਹੋਇਆ ਹੋਵੇ। ਬ੍ਰਾਹਮਣ ਦੀ ਐਸੀ ਦੁਰ-ਦਸ਼ਾ ਵੇਖ ਅਤੇ ਸੁਣ ਕੇ, ਮਰਯਾਦਾ ਪ੍ਰਸ਼ੋਤਮ ਰਾਮ ਜੀ ਅਤਿ ਵਿਆਕੁਲਤਾ ਵਿਚ ਪ੍ਰਵੇਸ਼ ਕਰ ਗਏ। ਮਰਯਾਦਾ ਪ੍ਰਸ਼ੋਤਮ ਭਗਵਾਨ ਰਾਮ ਜੀ ਦੇ ਅੰਤ੍ਰੀਵੀ ਇਹਸਾਸ ਨੂੰ ਅਨੁਭਵ ਕਰਦੀ ਹੋਈ ਆਕਾਸ਼ਬਾਣੀ ਹੋਈ ਕਿ ਹੇ ਸਾਰੰਗ ਧਨੁੱਖਧਾਰੀ ਰਾਮ ਜੀ! ਬਿੰਧਿਆਚਲ ਪਰਬਤ ਦੇ ਘਣੇ ਜੰਗਲਾਂ ਵਿਚ ਇਕ ਸ਼ੂਦਰ ਤਪੱਸਿਆ ਕਰ ਰਿਹਾ ਹੈ ਜੋ ਬ੍ਰਾਹਮਣ ਦੇ ਪੁੱਤਰ ਮਰਨ ਹਿਤ, ਦੋਸ਼ੀ ਹੈ। ਭਗਵਾਨ ਰਾਮ ਜੀ ਮਹਾਰਾਜ ਨੇ ਬਿਨਾਂ ਕਿਸੇ ਵਿਲੰਬਤਾ ਦੇ ਰਥ ਵਿਚ ਸਵਾਰ ਹੋ ਕੇ ਬਿੰਧਿਆਚਲ ਪਰਬਤ ਵਿਚ ਆਣ ਪ੍ਰਵੇਸ਼ ਕੀਤਾ। ਸ਼ੂਦਰ ਨੂੰ ਵਾਹਿਗੁਰੂ ਦੀ ਭਗਤੀ ਵਿਚ ਲੀਨ ਵੇਖ ਕੇ, ਪਰਜਾ ਦੇ ਰਖਸ਼ਕ ਮਰਯਾਦਾ ਪ੍ਰਸ਼ੋਤਮ ਸ੍ਰੀ ਰਾਮ ਜੀ ਨੇ ਅਤਿ ਕ੍ਰੋਧਿਤ ਦਸ਼ਾ ਵਿਚ ਆਣ ਕੇ ਐਸਾ ਬਾਣ ਛੱਡਿਆ ਕਿ ਤਪੱਸਵੀ ਸ਼ੂਦਰ ਦਾ ਸਿਰ ਧੜ ਨਾਲੋਂ ਹਮੇਸ਼ਾ ਵਾਸਤੇ ਜੁਦਾ ਹੋ ਬਿੰਧਿਆਚਲ

1. *We the people of Bharat*, p. 297, P.S. Gusain and see, Yajurveda Book, xxxi, verse 12, p. 287.

ਦੀ ਧਰਤੀ 'ਤੇ ਆਣ ਡਿੱਗਾ। ਇਸ ਵਰਣਭੇਦ ਗਾਥਾ ਦਾ ਜ਼ਿਕਰ ਗੁਸਾਈਂ ਤੁਲਸੀ ਦਾਸ ਜੀ ਦੀ ਕਾਵਿ ਰਚਨਾ ਦੁਆਰਾ ਪੜ੍ਹਨਾ ਹੋਰ ਵਧੇਰੇ ਚਿੰਤਨ ਦਾ ਵਿਸ਼ਾ ਹੋਵੇਗਾ, ਜਿਵੇਂ :

> **ਇਹ ਭਾਂਤਿ ਦ੍ਵਿਜ ਸੁਤ ਮ੍ਰਿਤਕ ਸੁਨਿ, ਰਥ ਸਾਜਿ ਪ੍ਰਭੂ ਆਤੁਰ ਚਲੇ ॥**
> **ਦੁਇ ਪਰਮ ਸੈਲ ਬਿਲੋਕਿ ਪਾਵਨ, ਮੁਦਿਤ ਚਿਤ ਸਨਮੁਖ ਭਲੇ ॥**
> **ਪੁਨਿ ਕ੍ਰੋਧ ਸੰਜੁਤ ਬਿਸਿਖ (ਤੀਰ) ਛਾਡਯੋ, ਸੂਦਰ ਕੋ ਸਿਰ ਕਟਿ ਗਿਰਿਓ ॥**[1]

ਸ੍ਰੀ ਰਾਮ ਜੀ ਮਹਾਰਾਜ ਮਰਯਾਦਾ ਪ੍ਰਸ਼ੋਤਮ ਜੀ ਦੇ ਐਸੇ ਪਰਉਪਕਾਰੀ ਕਰਮ ਦੇ ਪਰਿਣਾਮ ਵਜੋਂ, ਬ੍ਰਾਹਮਣ ਦੇਵਤਾ ਜੀ ਦਾ ਪੁੱਤਰ ਜੋ ਸ਼ੂਦਰ ਤੇ ਤਪ ਅਤੇ ਭਗਤੀ ਦੇ ਕਾਰਣ ਮਰ ਚੁੱਕਾ ਸੀ, ਦੋਬਾਰਾ ਜਿਊਂਦਾ ਹੋ ਗਿਆ ਅਤੇ ਨਿਜੀ ਭਗਤਾਂ ਨੂੰ ਸੁਖ ਦੇਣ ਵਾਲੇ ਸ੍ਰੀ ਰਾਮ ਜੀ ਮਹਾਰਾਜ ਅਯੁੱਧਿਆ ਨਗਰੀ ਵਿਚ ਵਾਪਸ ਆਣ ਪਧਾਰੇ। ਭਗਤਾਂ ਨੂੰ ਸੁਖ ਅਤੇ ਸ਼ਾਂਤੀ ਦੇਣ ਵਾਲੇ ਰਾਮ ਭਗਵਾਨ ਜੀ ਨੇ ਸ਼ਾਮ ਵੇਲੇ ਸੰਧਿਆ ਭਗਤੀ ਅਤੇ ਸ਼ਿਵ ਜੀ ਮਹਾਰਾਜ ਦੀ ਪੂਜਾ ਕੀਤੀ। ਹੱਤਿਆ ਦੇ ਪ੍ਰਾਸ਼ਚਿਤ ਹਿਤ ਸ੍ਰੀ ਰਾਮ ਜੀ ਨੇ ਵੈਦਿਕ ਮਰਯਾਦਾ ਦੇ ਅਨੁਸਾਰ ਤੀਰਥ ਅਤੇ ਬ੍ਰਤ ਭੀ ਕੀਤੇ।

ਉਕਤ ਦਰਸਾਈ ਗਾਥਾ ਵੈਦਿਕ ਵਰਣਭੇਦ ਅਤੇ ਵੈਦਿਕ ਅਵਤਾਰ ਸ਼ੈਲੀ ਦੀ ਪ੍ਰਤੱਖ ਅਤੇ ਪਰਮਾਣਿਕ ਗਾਥਾ ਹੈ, ਜਿਸਦੇ ਆਧਾਰ 'ਤੇ ਦ੍ਵਿਜ ਦੇਵਤਾ ਦੀ ਪ੍ਰਸੰਨਤਾ ਹਿਤ, ਇਕ ਨਹੀਂ ਬਲਕਿ ਅਨੇਕਾਂ ਹੀ ਐਸੇ ਗਰੀਬੜੇ ਅਤੇ ਲਾਚਾਰ ਵਿਅਕਤੀਆਂ ਦੀ ਆਹੂਤੀ ਦਿੱਤੀ ਗਈ ਤਾਂਕਿ ਭਾਰਤ ਦੇਸ਼ ਦੇ ਬ੍ਰਾਹਮਣ ਦੇਵਤਾ ਨੂੰ ਕਿਸੇ ਪ੍ਰਕਾਰੀ ਕਸ਼ਟ ਅਥਵਾ ਸੰਤਾਪ ਨਾ ਭੋਗਣਾ ਪਵੇ। ਹਿੰਦੂ ਮਿਥਿਹਾਸ ਵਿਚ ਇਕ ਨਹੀਂ ਬਲਕਿ ਹਜ਼ਾਰਾਂ ਹੀ ਐਸੀਆਂ ਪਰਮਾਣਿਕ ਉਦਾਹਰਣਾਂ ਪ੍ਰਾਪਤ ਹੁੰਦੀਆਂ ਹਨ ਜੋ ਬ੍ਰਾਹਮਣ ਦੇਵਤਾ ਜੀ ਪ੍ਰਤਿ ਸੁਖ ਸ਼ਾਂਤੀ ਦਾ ਵਾਤਾਵਰਣ ਉਲੀਕਦੀਆਂ ਹਨ। ਭਾਵੇਂ ਬ੍ਰਾਹਮਣ ਦੇਵਤਾ ਜੀ ਦੀ ਪੂਜਾ ਅਤੇ ਸੁਖ ਸ਼ਾਂਤੀ ਦਾ ਵਿਸ਼ਾ ਚਾਲੂ ਮਜ਼ਮੂਨ, ਵੈਦਿਕ ਵਰਣ ਭੇਦ ਦੇ ਵਿਸ਼ੇ ਦਾ ਅੰਗ ਨਹੀਂ ਹੈ ਪ੍ਰੰਤੂ ਸੁਹਿਰਦ ਪਾਠਕਾਂ ਦੀ ਰੁਚੀ ਨੂੰ ਕਾਇਮ ਰੱਖਣ ਹਿਤ, ਭਾਰਤੀ ਸਮਾਜ ਵਿਚ ਬ੍ਰਾਹਮਣੀ ਪੂਜਾ ਦਾ ਸੰਕਲਪ ਉਲੇਖਣ ਕਰਨਾ ਦਿਲਚਸਪੀ ਅਤੇ ਯਥਾਰਥ ਨੈਤਿਕਤਾ ਦਾ ਵਿਸ਼ਾ ਹੋਵੇਗਾ।

ਗੁਸਾਈਂ ਤੁਲਸੀ ਦਾਸ ਦੀ *ਰਾਮਾਇਣ* ਵਿਚ ਨਿਰਦੇਸ਼ਕ ਚਰਚਾ ਕਰਦੇ ਹਨ ਕਿ ਭਗਵਾਨ ਰਾਮ ਜੀ ਨੇ ਬ੍ਰਾਹਮਣ, ਗਊ, ਦੇਵਤਾ ਅਤੇ ਸਾਧੂਆਂ ਦੇ ਹਿਤ ਵਿਚ ਅਵਤਾਰ ਧਾਰਨ ਕੀਤਾ ਹੈ। ਕੈਸੀ ਅਜੀਬ ਕਹਾਣੀ ਹੈ। ਬਾਕੀ ਦੁਨੀਆ

---

1. ਰਾਮਾਇਣ (ਤੁਲਸੀ ਦਾਸ ਜੀ), ਲਵ ਕੁਸ਼ ਕਾਂਡ ਨੰਬਰ 8 ਅਤੇ 9, ਪੰਨੇ 953-54, (ਪੰਜਾਬੀ ਅਨੁਵਾਦ)।

ਦੇ ਜਿਤਨੇ ਭੀ ਪੈਗੰਬਰ ਇਸ ਸੰਸਾਰ ਵਿਚ ਆਏ ਹਨ, ਉਹ ਸਮੁੱਚੀ ਜੀਵਨੀ ਦੀ ਭਲਾਈ ਹਿਤ ਆਏ ਹਨ। ਕੇਵਲ ਰਾਮ ਜੀ ਅਥਵਾ ਸਾਰੇ ਹੀ ਵੈਦਿਕ ਅਵਤਾਰ ਕੇਵਲ ਬ੍ਰਾਹਮਣ ਅਤੇ ਗਊ ਦੀ ਰੱਖਿਆ ਵਾਸਤੇ ਹੀ ਆਏ ਹਨ? ਵਿਸ਼ੇਸ਼ ਕਰਕੇ ਬ੍ਰਾਹਮਣ ਵਾਸਤੇ ਆਏ ਹਨ। ਤੁਲਸੀ ਦਾਸ ਜੀ ਦੀ ਸ਼ਬਦਾਵਲੀ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਅਤੇ ਪਰਖੀ ਜਾ ਸਕਦੀ ਹੈ, ਜਿਵੇਂ:

ਬਿਪਰ ਧੇਨ ਸੁਰ ਸੰਤ ਹਿਤ, ਲੀਨ ਮਨੁਜ ਅਵਤਾਰ ॥੨੨੩॥[1]

ਬ੍ਰਾਹਮਣ ਵਰਗ ਦੀ ਸੇਵਾ ਕਰਨੀ, ਬ੍ਰਾਹਮਣ ਸ਼੍ਰੇਣੀ ਨੂੰ ਦਾਨ ਦੇਣਾ, ਹਿੰਦੂ ਮਤਿ ਦੇ ਸਾਹਿਤ ਵਿਚ ਅਥਵਾ ਵੈਦਿਕ ਪ੍ਰਣਾਲੀ ਦੀ ਦਾਰਸ਼ਨਿਕ ਸ਼ੈਲੀ ਵਿਚ ਬਾਰ ਬਾਰ ਦੁਹਰਾਇਆ ਗਿਆ ਹੈ ਕਿ ਬ੍ਰਾਹਮਣ ਦੀ ਸੇਵਾ ਕਰੋ, ਬ੍ਰਾਹਮਣ ਦੀ ਪੂਜਾ ਕਰੋ, ਬ੍ਰਾਹਮਣ ਨੂੰ ਦਾਨ ਦੇਵੋ, ਅਗਰ ਕਿਸੇ ਬ੍ਰਾਹਮਣ ਦਾ ਪੁੱਤਰ ਕਿਸੇ ਬੀਮਾਰੀ ਦੇ ਕਾਰਨ ਮਰ ਜਾਵੇ ਤਦ ਰਾਮਾਇਣਿਕ ਸਿਧਾਂਤ ਦੇ ਅਨੁਸਾਰ ਬ੍ਰਾਹਮਣ ਦੇ ਪੁੱਤਰ ਨੂੰ ਪੁਨਰ ਜੀਵਨ ਦੇਣ ਹਿਤ ਕਿਸੇ ਵਾਹਿਗੁਰੂ ਦੇ ਪ੍ਰੇਮੀ ਸ਼ੂਦਰ ਨੂੰ ਖ਼ਤਮ ਕੀਤਾ ਜਾ ਸਕਦਾ ਹੈ ਤਾਂਕਿ ਬ੍ਰਾਹਮਣ ਦਾ ਬੇਟਾ ਜਿਉਂਦਾ ਹੋ ਸਕੇ। ਕੈਸਾ ਅਨਿਆਇ ਹੈ, ਕੈਸੀ ਵੈਦਿਕ ਤਾਅਲੀਮ ਹੈ ਜੋ ਮਨੁੱਖਤਾ ਦੇ ਵਿਚਕਾਰ ਖ਼ੰਦਕ ਉਤਪੰਨ ਕਰਦੀ ਹੈ। ਭਾਵ, ਇਹ ਹੋਇਆ ਕਿ ਵੈਦਿਕ ਸਿਧਾਂਤ ਸ਼ੂਦਰ ਨੂੰ ਹਮੇਸ਼ਾ ਹੀ ਹੀਣਤ ਦਸ਼ਾ ਵਿਚ ਰੱਖਣਾ ਲੋੜਦਾ ਹੈ।

ਰਾਮਾਇਣ ਵਿਚ ਇਕ ਹੋਰ ਥਾਂ 'ਤੇ ਉਲੇਖਣ ਕੀਤਾ ਗਿਆ ਹੈ ਕਿ ਸੰਤ ਜਨ ਆਖਦੇ ਹਨ—ਅਗਰ ਬ੍ਰਾਹਮਣ ਕਿਸੇ ਨੂੰ ਸਰਾਪ ਦੇਵੇ, ਮਾਰੇ ਕੁੱਟੇ, ਅਤਿ ਕਠੋਰ ਬਚਨ ਬੋਲੇ ਫਿਰ ਭੀ ਉਸ ਦੀ ਪੂਜਾ ਕਰਨੀ ਯੋਗ ਹੈ। ਅਗਿਆਨੀ ਅਤੇ ਗੁਣਹੀਣ ਬ੍ਰਾਹਮਣ ਭੀ ਪੂਜਣ ਯੋਗ ਹੈ। ਪ੍ਰੰਤੂ ਗੁਣਵਾਨ, ਸਿਆਣਾ, ਬਿਬੇਕ ਬੁੱਧੀ ਵਾਲਾ ਸ਼ੂਦਰ ਕਦੀ ਭੀ ਪੂਜਾ ਦੇ ਯੋਗ ਨਹੀਂ ਹੋ ਸਕਦਾ:

ਸਾਪਤ ਤਾੜਤ ਪਰੁਖ ਕਹੰਤਾ॥ ਬਿਪ੍ਰ ਪੂਜਯ ਅਸ ਗਾਵਹਿ ਸੰਤਾ॥
ਪੂਜਯ ਬਿਪ੍ਰ ਸੀਲ ਗੁਨਿਹੀਨਾ॥ ਸ਼ੂਦ੍ਰ ਨ ਗੁਨ ਗਨ ਗਯਾਨ ਪ੍ਰਬੀਨਾ॥[2]

ਰਾਮ ਚੰਦ੍ਰ ਜੀ ਮਹਾਰਾਜ ਇਕ ਦੜਾ ਕਬੰਧ ਨਾਮੀ ਸੁਵਰਗੀ ਗੰਧਰਬ ਪ੍ਰਤਿ ਉਪਦੇਸ਼ ਦੇ ਰਹੇ ਸਨ ਕਿ ਹੇ ਗੰਧਰਬ! ਜੋ ਮੈਂ ਆਖਦਾ ਹਾਂ ਉਹ ਸੁਣੋ, ਮੈਨੂੰ ਬ੍ਰਾਹਮਣ ਕੁਲ ਦਾ ਦੁਸ਼ਮਨ ਭਾਂਵਦਾ ਨਹੀਂ। ਬਲਕਿ ਜੋ ਨਿਹਕਪਟ ਹੋ ਕੇ ਤਨੋਂ ਮਨੋਂ ਧਨੋਂ ਬ੍ਰਾਹਮਣਾਂ ਦੀ ਸੇਵਾ ਕਰਦਾ ਹੈ, ਮੈਂ ਅਤੇ ਹੋਰ ਬ੍ਰਹਮਾ ਸ਼ਿਵ ਆਦਿ ਸਭ ਦੇਵਤੇ ਉਸ ਦੀ ਰੱਖਿਆ ਕਰਦੇ ਹਾਂ। ਹਿੰਦੁਸਤਾਨੀ ਪਰਜਾ ਨੂੰ

1. *ਰਾਮਾਇਣ* (ਤੁਲਸੀ ਦਾਸ ਜੀ), ਬਾਲ ਕਾਂਡ, ਪੰਨਾ 172, (ਪੰਜਾਬੀ ਅਨੁਵਾਦ)।
2. *ਰਾਮਾਇਣ* (ਤੁਲਸੀ ਦਾਸ ਜੀ), ਅਧਿਆਇ 24, ਸਲੋਕ 41, ਪੰਨਾ 591, (ਪੰਜਾਬੀ ਅਨੁਵਾਦ)।

ਕੈਸੀ ਕਾਵਿ-ਕਿਆਰੀ ਰਚ ਕੇ ਬ੍ਰਾਹਮਣ ਦੇ ਸ਼ਿਕਾਰੀ ਜਾਲ ਵਿਚ ਜਕੜਿਆ ਗਿਆ ਹੈ। ਇਹ ਬਹੁਤ ਹੀ ਪੁਰਾਤਨ ਵੈਦਿਕ ਪ੍ਰਣਾਲੀ ਦੀਆਂ ਗੰਢਾਂ ਦੁਆਰਾ ਬਣਾਇਆ ਗਿਆ ਜਾਲ ਹੈ ਜੋ ਨਿਰਸੰਦੇਹ ਮਜ਼ਬੂਤ ਅਤੇ ਸ਼ਕਤੀਸ਼ਾਲੀ ਹੈ। ਭਾਰਤੀ ਪਰਜਾ ਦਾ ਇਸ ਜਾਲ ਵਿਚੋਂ ਨਿਕਲ ਕੇ ਸੁਤੰਤਰ ਹੋਣਾ ਅਤਿ ਅਸੰਭਵ ਹੈ। ਕਿਉਂਕਿ ਵੈਦਿਕ ਦਰਸ਼ਨ ਵਿਚ ਬਾਰ ਬਾਰ ਇਸ ਛਲ-ਕਪਟੀ ਸਿਧਾਂਤ ਨੂੰ ਦੁਹਰਾਇਆ ਗਿਆ ਹੈ। ਇਸ ਜਾਲ ਦਾ ਪਸਾਰਾ ਹਰ ਇਕ ਹਿੰਦੂ ਗ੍ਰੰਥ ਵਿਚ ਵੇਖਿਆ ਜਾ ਸਕਦਾ ਹੈ। ਆਮ ਵੈਦਿਕ ਗ੍ਰੰਥਾਂ ਵਿਚ ਬ੍ਰਾਹਮਣ ਪ੍ਰਤਿ ਭੂਸੁਰ (ਭੂਮੀ ਦਾ ਦੇਵਤਾ) ਆਦਿ ਜੈਸੇ ਸ਼ਬਦਾਂ ਦੁਆਰਾ ਸੰਬੋਧਨ ਕੀਤਾ ਗਿਆ ਹੈ, ਜਿਵੇਂ ਜਿਨ੍ਹਾਂ ਰਾਜਿਆਂ ਕੋਲੋਂ ਮੁਨੀ ਲੋਕ ਦੁਖ ਪਾਉਂਦੇ ਹਨ, ਉਹ ਰਾਜੇ ਬਿਨਾਂ ਅਗਨੀ ਤੋਂ ਸੜਦੇ ਰਹਿੰਦੇ ਹਨ, ਭਾਵ ਸਦੀਵੀ ਦੁਖ ਭੋਗਦੇ ਹਨ। ਬ੍ਰਾਹਮਣਾਂ ਨੂੰ ਪ੍ਰਸੰਨ ਕਰਨਾ ਹੀ ਮੰਗਲਾਂ ਖੁਸ਼ੀਆਂ ਖੇੜਿਆਂ ਦਾ ਮੂਲ ਹੈ। ਬ੍ਰਾਹਮਣਾਂ ਦਾ ਗੁੱਸਾ ਕ੍ਰੋੜਾਂ ਹੀ ਕੁਲਾਂ ਨੂੰ ਦਗਧ ਕਰਦਾ ਹੈ, ਜਿਵੇਂ :

ਮੁਨਿ ਤਾਪਸ ਜਿਨ੍ ਤੇ ਦੁਖ ਲਹਹੀਂ ॥ ਤੇ ਨਰੇਸ ਬਿਨੁ ਪਾਵਕ ਦਹਹੀਂ ॥
ਮੰਗਲ ਮੂਲ ਬਿਪ੍ਰ ਪਰਿਤੋਸ਼ੂ ॥ ਦਹਹਿ ਕੋਟਿ ਕੁਲ ਭੂਸੁਰ ਰੋਸ਼ੂ ॥[1]

ਸ੍ਰੀ ਰਾਮ ਚੰਦ੍ਰ ਜੀ ਲੰਕਾ ਦੇ ਅਖੌਤੀ ਰਾਜਾ ਬਿਭੀਖਣ, ਜਿਸ ਨੂੰ ਯੁੱਧ ਆਰੰਭ ਹੋਣ ਤੋਂ ਪਹਿਲਾਂ ਹੀ ਰਾਜ ਤਿਲਕ ਦਿੱਤਾ ਗਿਆ, ਨਿਜੀ ਸੁਭਾਉ ਪ੍ਰਗਟ ਕਰਦੇ ਹੋਏ ਉਸ ਨੂੰ ਉਪਦੇਸ਼ ਕਰਦੇ ਹਨ—ਹੇ ਬਿਭੀਖਣ! ਜੋ ਪ੍ਰਾਣੀ ਸਰਗੁਣ ਬ੍ਰਹਮ ਦੇ ਉਪਾਸ਼ਕ ਹਨ, ਪਰਉਪਕਾਰ ਕਰਨ ਵਿਚ ਦ੍ਰਿੜ੍ਹ ਹਨ, ਨੀਤੀ ਅਤੇ ਨਿਯਮ ਦੀ ਪਾਲਣਾ ਕਰਦੇ ਹਨ ਅਤੇ ਜਿਨ੍ਹਾਂ ਦਾ ਬ੍ਰਾਹਮਣਾਂ ਦੇ ਚਰਨਾਂ ਵਿਚ ਪ੍ਰੇਮ ਹੈ, ਐਸੇ ਮਨੁੱਖ ਮੈਨੂੰ ਪ੍ਰਾਣਾਂ ਤੋਂ ਪਿਆਰੇ ਹਨ। (ਭਾਵ, ਇਕ ਬ੍ਰਹਮ ਦੀ ਬਜਾਏ ਬ੍ਰਾਹਮਣਾਂ ਦੇ ਚਰਨਾਂ ਦੀ ਪੂਜਾ ਕਰਨੀ ਵੈਦਿਕ ਅਵਤਾਰੀ ਸਿਧਾਂਤ ਹੈ) ਜਿਸ ਦੀ ਅਸਲੀ ਰੂਪ ਰੇਖਾ ਤੁਲਸੀ ਦਾਸ ਜੀ ਦੇ ਸ਼ਬਦਾਂ ਦੁਆਰਾ ਵੇਖੀ ਜਾ ਸਕਦੀ ਹੈ, ਜਿਵੇਂ :

ਸਗੁਨ ਉਪਾਸਕ ਪਰ ਹਿਤ, ਨਿਰਤ ਨੀਤ ਦ੍ਰਿੜ ਨੇਮ ॥
ਤੇ ਨਰ ਪ੍ਰਾਨ ਸਮਾਨ ਮਮ, ਜਿਨ ਕੇ ਦ੍ਵਿਜ ਪਦ ਪ੍ਰੇਮ ॥੪੯॥[2]

ਰਾਮਾਇਣ ਵਿਚ ਇਕ ਹੋਰ ਜ਼ਿਕਰ ਭੀ ਆਇਆ ਹੈ ਜਿਥੇ ਸ਼ਿਵ ਅਤੇ ਗਰੁੜ ਸੰਵਾਦਿਕ ਕਾਵਿ ਰਚਨਾ ਦੁਆਰਾ, ਇਕ ਸ਼ਿਵ ਉਪਾਸ਼ਕ ਪ੍ਰਤਿ ਉਪਦੇਸ਼ ਕਰਦੇ ਹਨ ਕਿ ਹੇ ਭਾਈ! ਹੁਣ ਮੇਰਾ ਸੱਚਾ ਬਚਨ ਸੁਣ। ਬ੍ਰਾਹਮਣਾਂ ਦੀ ਸੇਵਾ

---

1. *ਰਾਮਾਇਣ* (ਤੁਲਸੀ ਦਾਸ ਜੀ), ਅਧਿਆਇ 18, ਸਲੋਕ 127, ਪੰਨਾ 397, (ਪੰਜਾਬੀ ਅਨੁਵਾਦ)।
2. *ਉਹੀ*, ਅਧਿਆਇ 26, ਸਲੋਕ 49, ਪੰਨਾ 676, (ਪੰਜਾਬੀ ਅਨੁਵਾਦ)।

ਕਰਨੀ ਪ੍ਰਭੂ ਨੂੰ ਪ੍ਰਸੰਨ ਕਰਨ ਦਾ ਢੰਗ ਹੈ। ਹੁਣ ਤੋਂ ਬ੍ਰਾਹਮਣ ਦਾ ਅਪਮਾਨ ਨਾ ਕਰਨਾ। ਭਗਤ ਤੇ ਭਗਵਾਨ ਦੁਹਾਂ ਨੂੰ ਇਕ ਸਮਾਨ ਜਾਣੋ। (ਭਾਵ, ਬ੍ਰਾਹਮਣ ਨੂੰ ਪਰਮੇਸ਼ਵਰ ਦੇ ਸਮਾਨ ਪ੍ਰਗਟਾਇਆ ਗਿਆ ਹੈ) ਉਲੇਖਣ ਕੀਤਾ ਗਿਆ ਹੈ ਕਿ :

ਜੋ ਪ੍ਰਾਣੀ ਇੰਦਰ ਦੇ ਬੱਜਰ, ਮੇਰੇ ਤ੍ਰਿਸ਼ੂਲ, ਜਮ ਰਾਜ ਦੇ ਕਾਲ ਦੰਡ ਅਰ ਸ੍ਰੀ ਵਿਸ਼ਨੂੰ ਜੀ ਦੇ ਸੁਦਰਸ਼ਨ ਚੱਕਰ ਦਾ ਮਾਰਿਆ ਨਹੀਂ ਮਰਦਾ, ਉਹ ਬ੍ਰਾਹਮਣ ਦੇ ਵੈਰ ਦੀ ਅਗਨੀ ਨਾਲ ਸੜ ਜਾਂਦਾ ਹੈ। (ਭਾਵ, ਬ੍ਰਾਹਮਣ ਦੀ ਪੂਜਾ ਅਤੇ ਬ੍ਰਾਹਮਣ ਦੇ ਸਤਿਕਾਰ ਪ੍ਰਤਿ ਹਿੰਦੂ ਪਰਜਾ ਦੇ ਦਿਲਾਂ ਵਿਚ ਇਤਨੀ ਦਹਿਸ਼ਤ ਉਤਪੰਨ ਕੀਤੀ ਗਈ ਹੈ ਕਿ ਐਸੀ ਭਿਆਨਕ ਅਵਰੋਹੀ ਖ਼ੰਦਕ ਵਿਚੋਂ ਹਿੰਦੂ ਜਨਤਾ ਕਦੇ ਭੀ ਖ਼ਲਾਸੀ ਨਾ ਪਾ ਸਕੇ)। ਉਕਤ ਦਰਸਾਈ ਵਾਰਤਾ ਦੀ ਵਾਸਤਵਿਕ ਝਲਕ ਗੁਸਾਈਂ ਤੁਲਸੀ ਦਾਸ ਜੀ ਵਲੋਂ ਉਲੀਕੀ ਹੋਈ ਬ੍ਰਾਹਮਣ ਸੇਵਾ ਦਾ ਚਿੱਤਰ ਨਿਮਨ ਲਿਖਤ ਦੁਆਰਾ ਵੇਖਿਆ ਜਾ ਸਕਦਾ ਹੈ, ਜਿਵੇਂ :

ਸੁਨੁ ਮਮ ਬਚਨ ਸਤਜ ਅਬ ਭਾਈ॥ ਹਰਿ ਤੋਖਤ ਬ੍ਰਤ ਦ੍ਵਿਜ ਸੇਵਕਾਈ॥
ਅਬ ਜਨਿ ਕਰਹਿ ਬਿਪ੍ਰ ਅਪਮਾਨਾ॥ ਜਾਨਸ ਸੰਤ ਅਨੰਤ ਸਮਾਨਾ॥
ਇੰਦ੍ਰ ਕੁਲਸ ਮਮ ਸੂਲ ਬਿਸਾਲਾ॥ ਕਾਲ ਦੰਡ ਹਰਿ ਚਕ੍ਰ ਕਰਾਲਾ॥
ਜੋ ਇਨ ਕਰ ਮਾਰਾ, ਨਹਿ ਮਰਈ॥ ਬਿਪ੍ਰ ਰੋਸ਼ ਪਾਵਕ ਸੋ ਜਰਈ॥[1]

ਵੈਦਿਕ ਸਿਖਿਆ ਦੇ ਆਧਾਰ 'ਤੇ ਜਿਥੇ ਹੋਰ ਅਨੇਕਾਂ ਹੀ ਦੇਵੀ ਦੇਵਤਿਆਂ ਅਵਤਾਰਾਂ ਨੂੰ ਪਰਮਾਤਮਾ ਸਮਝ ਕੇ ਉਨ੍ਹਾਂ ਦੀ ਉਪਾਸ਼ਨਾ ਕੀਤੀ ਜਾਂਦੀ ਹੈ, ਉਥੇ ਬ੍ਰਾਹਮਣ ਦੇ ਪੈਰਾਂ ਦੀ ਪੂਜਾ ਕਰਨੀ ਭੀ ਅਨਿਕ ਪ੍ਰਕਾਰੀ ਹਿੰਦੂ ਦੇਵੀ ਦੇਵਤਿਆਂ ਦੇ ਸਮਾਨ ਹੈ। ਬ੍ਰਾਹਮਣੀ ਪੂਜਾ ਹਿਤ ਜ਼ਿਕਰ ਕੀਤਾ ਗਿਆ ਹੈ ਕਿ :

ਸੰਸਾਰ ਵਿਚ ਇਕੋ ਹੀ ਪੁੰਨ ਹੈ, ਦੂਸਰਾ ਪੁੰਨ ਨਹੀਂ, ਉਹ ਹੈ ਮਨ ਬਾਣੀ ਸਰੀਰ ਕਰਕੇ ਬ੍ਰਾਹਮਣਾਂ ਦੇ ਚਰਨਾਂ ਦੀ ਪੂਜਾ ਕਰਨੀ। ਜੋ ਪ੍ਰਾਣੀ ਨਿਸ਼ਕਪਟ ਹੋ ਕੇ ਬ੍ਰਾਹਮਣਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਉੱਤੇ ਦੇਵਤੇ ਅਤੇ ਮੁਨੀ (ਬ੍ਰਾਹਮਣ) ਪ੍ਰਸੰਨ ਰਹਿੰਦੇ ਹਨ। ਜਿਵੇਂ :

ਪੁਨਜ ਏਕ ਜਗ ਮਹਿ, ਨਹਿ ਦੂਜਾ॥ ਮਨ ਕ੍ਰਮ ਬਚਨ ਬਿਪ੍ਰ ਪਦ ਪੂਜਾ॥
ਸਾਨੁਕੂਲ (ਪ੍ਰਸੰਨ) ਤਿਹ ਪਰ ਮੁਨਿ ਦੇਵਾ॥ ਜੋ ਤਜਿ ਕਪਟ ਕਰਹਿ ਦ੍ਵਿਜ ਸੇਵਾ॥[2]

---

1. *ਰਾਮਾਇਣ* (ਤੁਲਸੀ ਦਾਸ ਜੀ), ਅਧਿਆਇ 33, ਸਲੋਕ 178, ਪੰਨਾ 916, (ਪੰਜਾਬੀ ਅਨੁਵਾਦ)।
2. *ਉਹੀ*, ਅਧਿਆਇ 32, ਸਲੋਕ 68, ਪੰਨਾ 858, (ਪੰਜਾਬੀ ਅਨੁਵਾਦ)।

ਸ੍ਰੀ ਮਦ ਭਾਗਵਤ ਪੁਰਾਣ ਹਿੰਦੂ ਮਤਿ ਦੇ ਸਾਰੇ ਪੁਰਾਣਾਂ ਵਿਚੋਂ ਸਿਰਮੌਰ ਪੁਰਾਣ ਹੈ। ਇਸ ਪੁਰਾਣ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਪ੍ਰਿਥੂ ਰਾਜਾ ਨੇ ਆਪਣੀ ਪਰਜਾ ਵਾਸਤੇ ਹੁਕਮ ਦਿੱਤਾ ਕਿ ਅਗਰ ਤੁਸੀਂ ਦਾਨ ਕਰਨਾ ਹੈ ਤਦ ਉਹ ਦਾਨ ਬ੍ਰਾਹਮਣਾਂ ਨੂੰ ਦੇਵੋ ਕਿਉਂਕਿ ਬ੍ਰਾਹਮਣ ਪ੍ਰਮੇਸ਼ਵਰ ਦਾ ਮੁਖ ਹੈ, ਪ੍ਰਮੇਸ਼ਵਰ ਦਾ ਬਚਨ ਹੈ, ਜੋ ਸ਼ਾਸਤਰ ਮੇਂ ਲਿਖਾ ਹੈ:

"ਵਿਦਯੋਵ ਕੁਵਿਦਯੋ ਬ੍ਰਾਹਮਣੋ ਮਾਮੁਕੀਤ"

ਔਰ ਮੂਰਖਾਂ ਨੇ ਭੀ ਪੜ੍ਹਾ ਹੂਆ ਹੈ ਕਿ ਬ੍ਰਾਹਮਣ ਮੇਰਾ ਸਰੂਪ ਹੈ, ਦਾਨ ਜਦ ਦੇਣਾ ਤਾਂ ਬ੍ਰਾਹਮਣ ਨੂੰ ਦੇਣਾ, ਹਰ ਜਾਤ ਨੂੰ ਦਾਨ ਦਾ ਅਧਿਕਾਰ ਨਹੀਂ, ਬ੍ਰਾਹਮਣ ਕਿਸੀ ਭੇਸ ਮੇਂ ਹੋ ਉਨ ਕੋ ਦਾਨ ਦੀਆ ਅਨੇਕ ਫਲ ਦਾਤਾ ਹੋਤਾ ਹੈ ਜੋ ਧਨ ਧਰਮ ਦੇ ਕੰਮ ਵਿਚ ਲਗੇ ਉਹ ਅੱਛਾ ਸਮਝੇਂ।[1] ਪਿਛਲੇ ਪ੍ਰਸੰਗ ਬੀਚਾਰੀਏ ਤੋ ਜਬ ਜੁਧ ਕੇ ਸਮੇਂ ਅਵਿਸ਼ੀ ਆਵਸ਼ਜਕਤਾ ਮੇਂ ਪ੍ਰਮੇਸ਼ਰ ਕੋ ਜ਼ਰੂਰਤ ਪਈ ਤੋ ਬ੍ਰਾਹਮਣ ਰੂਪ ਬਣ ਕਰ ਰਾਜਿਓਂ ਪਾਸ ਗਏ ਅਰ ਆਪਨਾ ਕਾਮ ਕਰ ਆਏ ਔਰ ਦਾਨ ਦੇਣੇ ਕਾ ਸਨਮਾਨ ਭੀ ਸਮਝ ਕਰ ਸਭ ਰਾਜੇ ਸੂਰਬੀਰ, ਬ੍ਰਾਹਮਣ ਆਏ ਕੋ ਦੇਖ ਕਰ ਦਾਨ ਅਵੱਸ਼ ਦੇਤੇ ਹੀ ਰਹੇ। ਪ੍ਰਮੇਸ਼ਰ ਜੜ ਪਦਾਰਥੋਂ ਮੇਂ, ਅਗਨੀ ਮੇਂ ਮੁਖ ਹੈ ਔਰ ਚੈਤੰਨ ਪਦਾਰਥੋਂ ਮੇਂ ਬ੍ਰਾਹਮਣ ਮੇਂ ਹੈ। ਜਿਤਨਾ ਬ੍ਰਾਹਮਣ ਕੋ ਦੇਣੇ ਸੇ ਪ੍ਰਸੰਨ ਹੋਤਾ ਹੈ ਉਤਨਾ ਔਰ ਕਿਸੀ ਕਾਮ ਸੇ ਨਹੀਂ ਹੋਤਾ ਹੈ। ਯੱਗ ਅਰ ਹੋਮ ਆਦਿਕ ਸੇ ਉਤਨਾ ਪ੍ਰਸੰਨ ਨਹੀਂ ਹੋਤਾ ਹੈ। ਸੋ ਮੈਂ ਉਨ ਬ੍ਰਾਹਮਣੋਂ ਕੀ ਚਰਨ ਧੂੜ ਮਾਥੇ ਪਰ ਲਗਾਤਾ ਹੂੰ ਜਿਨ ਕੀ ਸੇਵਾ ਕਰਨੇ ਸੇ ਆਦਮੀ ਕੋ ਜਲਦੀ ਮਨੋਰਥ ਮਿਲਤਾ ਥਾ, ਜਿਸ ਆਦਮੀ ਪਰ ਬ੍ਰਾਹਮਣ ਪ੍ਰਸੰਨ ਹੋ ਉਸ ਪਰ ਪ੍ਰਮੇਸ਼ਰ ਪ੍ਰਸੰਨ ਹੋਤਾ ਹੈ।

ਵੈਦਿਕ ਸਾਹਿਤ ਦੀ ਖੋਜ ਕੀਤਿਆਂ ਇਕ ਐਸੀ ਅਟੱਲ ਸਚਾਈ ਅਸਾਡੇ ਸਾਹਮਣੇ ਆ ਜਾਂਦੀ ਹੈ ਕਿ ਹਿੰਦੂ ਮਤਿ ਦੀ ਬਣਤਰ ਅਤੇ ਇਸ ਦਾ ਤਾਣਾ ਪੇਟਾ ਵਰਨ ਵੰਡ ਦੀਆਂ ਤਾਰਾਂ ਨਾਲ ਸੰਯੁਕਤ ਕੀਤਾ ਗਿਆ ਹੈ, ਜਿਸ ਵਿਚ ਇਕ ਵਰਨ ਦੂਸਰੇ ਵਰਨ ਨਾਲੋਂ ਕਿਸੇ ਵਿਸ਼ੇਸ਼ ਜਾਤਪਾਤੀ ਵਿਭਾਜਨ ਨੀਤੀ ਦੇ ਆਧਾਰ 'ਤੇ ਜੀਵਨ ਯਾਤਰਾ ਕਰਦਾ ਹੋਇਆ ਭੀ ਜੀਵਨ ਦੇ ਅੰਤਮ ਪੜਾਅ ਵਲ ਵਧਦਾ ਵਧਦਾ ਹਮੇਸ਼ਾ ਵਾਸਤੇ ਜ਼ਿੰਦਗੀ ਨੂੰ ਅਲਵਿਦਾ ਆਖ ਦਿੰਦਾ ਹੈ। ਆਖ਼ਰਤ ਦਾ ਭਲਾ ਲੋਚਦਾ ਹੋਇਆ ਭੀ, ਅਕਸਰ ਆਖ਼ਰਤ ਦੀ ਖ਼ੈਰ ਤੋਂ ਵਾਂਝਾ ਹੀ ਟੁਰ ਜਾਂਦਾ ਹੈ। ਕਿਉਂਕਿ ਵੈਦਿਕ ਸਿਖਿਆ ਦੇ ਆਧਾਰ 'ਤੇ ਆਖ਼ਰਤ ਦੀ ਖ਼ੈਰ (ਅਗਲੇ ਜਹਾਨ ਦੀ ਭਲਾਈ) ਕੇਵਲ ਬ੍ਰਾਹਮਣੀ ਵਿਰਾਸਤ ਹੀ ਆਖੀ ਜਾ ਸਕਦੀ ਹੈ। ਕੰਸ ਦੀ ਮੌਤ ਤੋਂ ਉਪਰੰਤ ਕ੍ਰਿਸ਼ਨ ਜੀ ਨੇ ਰਾਜਾ

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 4, ਅਧਿਆਇ 21, ਪੰਨਾ 142, (ਪੰਜਾਬੀ ਅਨੁਵਾਦ)।

ਉਗ੍ਰਸੈਨ ਨੂੰ ਉਪਦੇਸ਼ ਦਿੰਦੇ ਹੋਏ ਆਖਿਆ ਸੀ ਕਿ ਸਾਰੇ ਮਥਰਾ ਵਾਸੀਆਂ ਨੂੰ ਜੰਗਲਾਂ 'ਚੋਂ ਵਾਪਸ ਬੁਲਾਇਆ ਜਾਵੇ, ਮਥਰਾ ਦੇ ਰਾਜ ਸਿੰਘਾਸਨ 'ਤੇ ਬੈਠ ਕੇ (ਪ੍ਰਮੇਸ਼ਰ ਪੂਜਾ ਦੀ ਥਾਂ 'ਤੇ) ਬ੍ਰਾਹਮਣ, ਦੇਵਤਿਆਂ ਅਤੇ ਗਊ ਦੀ ਪੂਜਾ ਕਰੋ, ਜਿਵੇਂ :

> **ਯਾਦਵ ਜਿਤੇ ਕੰਸ ਕੇ ਤ੍ਰਾਸ॥ ਨਗਰ ਛਾਡ ਗਏ ਪ੍ਰਭਾਸ॥**
> **ਤਿਨ ਕੋ ਅਬ ਕਰ ਖੋਜ ਮੰਗਾਓ॥ ਸੁਕ ਦੇ ਮਥਰਾ ਮਾਂਝ ਬਸਾਓ॥**
> **ਬਿਪ੍ਰ ਧੇਨੁ ਸੁਰ ਪੂਜਨ ਕੀਜੈ॥ ਇਨ ਕੀ ਰਖਿਆ ਮੈਂ ਚਿਤ ਦੀਜੈ॥**[1]

ਹੋਤਰ ਨਾਮੀ ਛੇਵੇਂ ਰਖੀਸ਼ਰ ਨੇ ਰਾਜਾ ਜਨਕ ਪ੍ਰਤਿ ਪ੍ਰਭੂ ਭਗਤੀ ਅਤੇ ਕਰਮ ਧਰਮ ਦੀ ਸਿਖਿਆ ਦਿੰਦੇ ਹੋਏ ਜ਼ਿਕਰ ਕੀਤਾ ਹੈ ਕਿ ਹੇ ਰਾਜਾ! ਕਰਮ ਤੀਨ ਪ੍ਰਕਾਰ ਕੇ ਹੋਤੇ ਹੈਂ—ਪਹਿਲੇ ਕਰਮ, ਦੂਸਰੇ ਅਕਰਮ, ਤੀਸਰੇ ਬਿਕਰਮ। ਕਰਮ ਤੋ ਵੁਹ ਬ੍ਰਾਹਮਣ ਛਤਰੀ, ਵੈਸ਼, ਸ਼ੂਦਰ ਅਪਨੇ ਅਪਨੇ ਬਰਣ ਕੋ ਪ੍ਰਣਾਮ ਕਰਮ ਕਰੇਂ ਅਰ ਬਿਕਰਮ ਉਸ ਕੋ ਕਹਿਤੇ ਹੈਂ ਜੋ ਦੂਸਰੇ ਕਰਨੇ ਲਗੇਂ, *ਜੈਸੇ ਵੈਸ਼, ਸ਼ੂਦਰੋਂ ਕੋ ਵੇਦ ਪੜ੍ਹਨਾ ਨਹੀਂ ਕਹਾ* ਅਰ ਅਕਰਮ ਜੋ ਪਰ-ਇਸਤ੍ਰੀ ਸੇ ਸੰਗਤ ਕਰੇ।[2]

ਕੈਸਾ ਸਮਾਜੀ ਅਤੇ ਧਾਰਮਕ ਵਿਤਕਰਾ ਹੈ ਕਿ ਵੈਸ਼, ਸ਼ੂਦਰ ਅਤੇ ਇਸਤ੍ਰੀ ਵੇਦ ਅਥਵਾ ਧਾਰਮਕ ਗ੍ਰੰਥ ਦਾ ਅਧਿਐਨ ਨਹੀਂ ਕਰ ਸਕਦੇ। ਜੋ ਪ੍ਰਾਣੀ ਨਿਜੀ ਧਾਰਮਕ ਗ੍ਰੰਥ ਦਾ ਅਭਿਆਸ ਹੀ ਨਹੀਂ ਕਰ ਸਕਦਾ, ਉਹ ਆਖ਼ਰਤ ਦੀ ਪ੍ਰਾਪਤੀ ਕਿਵੇਂ ਕਰ ਸਕਦਾ ਹੈ ? ਭਾਵ ਇਹ ਹੋਇਆ ਕਿ ਵੈਦਿਕ ਵਰਣ ਭੇਦ ਦੇ ਆਧਾਰ 'ਤੇ ਇਸਤ੍ਰੀ, ਸ਼ੂਦਰ ਅਤੇ ਵੈਸ਼ ਜਾਤੀ ਦੇ ਜੀਵਾਂ ਨੂੰ ਪ੍ਰਭੂ ਮਿਲਾਪ ਦੀ ਸਰਬ ਸਾਂਝੀ ਵਿਰਾਸਤ ਵਲੋਂ ਸੱਖਣੇ ਰੱਖਿਆ ਗਿਆ ਹੈ। ਔਰ ਇਸ ਅਧਿਕਾਰ ਦੀ ਵਿਰਾਸਤ ਕੇਵਲ ਅਤੇ ਕੇਵਲ ਬ੍ਰਾਹਮਣ ਦੇ ਅਧਿਕਾਰ ਖੇਤਰ ਵਿਚ ਸੀਮਤ ਕੀਤੀ ਗਈ ਹੈ, ਪ੍ਰੰਤੂ ਸਤਿਗੁਰ ਨਾਨਕ ਪਾਤਸ਼ਾਹ ਜੀ ਨੇ ਰੱਬੀ ਵਿਰਾਸਤ ਦੀ ਪ੍ਰਾਪਤੀ ਹਿਤ, ਸਮੁੱਚੀ ਮਨੁੱਖਤਾ ਵਾਸਤੇ ਸਾਰੇ ਦਰਵਾਜ਼ੇ ਹੀ ਖੁੱਲ੍ਹੇ ਰੱਖੇ ਹਨ। ਸੰਸਾਰ ਦੇ ਸਾਰੇ ਵਰਣ ਅਥਵਾ ਸਾਰੇ ਇਨਸਾਨ ਇਸ ਅਮੁਲੀਕ ਖ਼ਜ਼ਾਨੇ ਦੇ ਅਧਿਕਾਰੀ ਹਨ, ਜਿਵੇਂ :

> **ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥**
> **ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥**[3]

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 10, ਅਧਿਆਇ 45, ਪੰਨਾ 348, (ਪੰਜਾਬੀ ਅਨੁਵਾਦ)।
2. *ਉਹੀ*, ਸਕੰਧ 11, ਅਧਿਆਇ 5, ਪੰਨਾ 501, (ਪੰਜਾਬੀ ਅਨੁਵਾਦ)।
3. ਸੂਹੀ ਮ: ੫, ਪੰਨਾ 747/19.

ਵੈਦਿਕ ਵਿਚਾਰਧਾਰਾ ਰੱਬੀ ਰਹਿਮਤ ਦੀ ਵਿਰਾਸਤ ਨਹੀਂ ਹੈ, ਬਲਕਿ ਮਿਥਿਹਾਸਕ ਕ੍ਰਿਆ ਪ੍ਰਣਾਲੀ ਦੀ ਵਰਣਭੇਦ ਪ੍ਰਕ੍ਰਿਆ ਹੈ। ਜਿਸ ਦੇ ਇਹਤਮਾਲੀ ਅਥਵਾ ਭਰਮ ਭੁਲੇਖਿਆਂ ਦੇ ਜਾਲ ਵਿਚ ਪ੍ਰਾਚੀਨ ਕਾਲ ਤੋਂ ਲੈ ਕੇ ਅੱਜ ਤਕ ਨਸਲ ਦਰ ਨਸਲ ਪੁਸ਼ਤ ਦਰ ਪੁਸ਼ਤ, ਹਿੰਦੁਸਤਾਨੀ ਪਰਜਾ ਨੂੰ ਗੁੰਮਰਾਹ ਕੀਤਾ ਗਿਆ। ਮਨੋਕਲਪਤ ਵੈਦਿਕ ਤਾਅਲੀਮ ਨੂੰ ਹਿੰਦੁਸਤਾਨੀ ਪਰਜਾ ਦੀ ਵਿਚਾਰਸ਼ੈਲੀ ਤੋਂ ਲਾਂਭੇ ਰੱਖਣ ਹਿਤ, ਇਕ ਨਹੀਂ ਬਲਕਿ ਹਜ਼ਾਰਾਂ ਹੀ ਮਨੋਕਲਪਤ ਮਿਥਿਹਾਸਕ ਕਥਾ ਕਹਾਣੀਆਂ ਦਾ ਜਾਲ ਵਿਛਾਇਆ ਗਿਆ ਹੈ, ਜਿਸ ਜਾਲ ਵਿਚੋਂ ਬਾਹਰ ਨਿਕਲਣਾ ਹਿੰਦੁਸਤਾਨੀ ਪਰਜਾ ਦੇ ਵਸੀਕਾਰ ਨਹੀਂ ਹੈ। ਕਿਉਂਕਿ ਧਾਰਮਕ ਸਿਖਿਆ ਬ੍ਰਾਹਮਣਵਾਦ ਦੇ ਅਧੀਨ ਕਿਸੇ ਵਿਸ਼ੇਸ਼ ਬ੍ਰਾਹਮਣੀਕਲ ਦਾਇਰੇ ਵਿਚ ਸੀਮਤ ਅਥਵਾ ਕੈਦ ਕੀਤੀ ਗਈ ਹੈ। ਹਿੰਦੁਸਤਾਨੀ ਸਮਾਜ ਵਿਚ ਇਨ੍ਹਾਂ ਭਰਮ ਭੁਲੇਖਿਆਂ ਦਾ ਤਾਣਾ ਪੇਟਾ ਇਤਨਾ ਸੁਬੱਲ ਹੋ ਚੁੱਕਾ ਹੈ, ਜਿਸ ਦੀ ਇਕ ਇਕ ਤਾਰ ਨਾਲ ਲਪੇਟੇ ਹੋਏ ਹਜ਼ਾਰਾਂ, ਲੱਖਾਂ ਗਰਜ਼ੇਕਿ ਕ੍ਰੋੜਾਂ ਹੀ ਲੋਕ ਗੁੰਮਰਾਹੀ ਦੀਆਂ ਅਵਰੋਹੀ ਖ਼ੰਦਕਾਂ ਵਿਚ ਧੱਕੇ ਜਾ ਰਹੇ ਹਨ। ਹਿੰਦੁਸਤਾਨੀ ਸਰ ਜ਼ਮੀਨ ਉੱਤੇ ਕੇਵਲ ਸਤਿਗੁਰੂ ਨਾਨਕ ਪਾਤਸ਼ਾਹ ਜੀ ਹੀ ਪਹਿਲੇ ਰੱਬੀ ਪੈਗੰਬਰ ਹਨ ਜੋ ਬਹੁ ਦੇਵਵਾਦੀ, ਬਹੁ ਅਵਤਾਰਵਾਦੀ ਅਤੇ ਬ੍ਰਾਹਮਣਵਾਦੀ ਲੋਕਾਂ ਵਾਸਤੇ ਤੌਹੀਦ ਦਾ ਪੈਗ਼ਾਮ ਲੈ ਕੇ ਆਏ। ਪ੍ਰੰਤੂ ਇਹ ਪਰਜਾ ਗਿਆਨ ਪ੍ਰਣਾਲੀ ਤੋਂ ਇਤਨੀ ਸੱਖਣੀ ਅਤੇ ਵਿਰਵੀ ਹੈ ਕਿ ਇਸ ਨੇ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਤੌਹੀਦੀ ਪੈਗ਼ਾਮ ਨੂੰ ਆਪਣੇ ਹਿਰਦੇ ਦੀਆਂ ਤਲਾਂ ਵਿਚ ਜਜ਼ਬ ਕਰਨ ਦੀ ਬਜਾਏ, ਬ੍ਰਾਹਮਣ ਦੀ ਪੂਜਾ, ਗਊ ਦੀ ਪੂਜਾ, ਦੇਵੀ ਦੇਵਤਿਆਂ ਦੀ ਪੂਜਾ ਨੂੰ ਹੀ ਨਿਜੀ ਧਰਮ ਦਾ ਭਾਗ ਬਣਾਇਆ। ਇਹੀ ਕਾਰਣ ਸੀ ਕਿ ਅਲਾਮਾ ਇਕਬਾਲ ਇਹ ਲਿਖਣ ਲਈ ਮਜਬੂਰ ਹੋ ਗਏ ਕਿ ਰੱਬ ਵਲੋਂ ਸੱਚ ਦੀ ਆਵਾਜ਼ ਇਨ੍ਹਾਂ ਤਕ ਜ਼ਰੂਰ ਆਈ, ਪ੍ਰੰਤੂ ਇਹ ਇਤਨੇ ਅਭਾਗੇ ਹਨ ਕਿ ਗ੍ਰਹਿਣ ਨਹੀਂ ਕਰ ਸਕੇ। ਜਿਵੇਂ:

ਆਹ! ਬਦਕਿਸਮਤ ਰਹੇ ਆਵਾਜ਼ੇ ਹੱਕ ਸੇ ਬੇ ਖ਼ਬਰ॥
ਗ਼ਾਫ਼ਿਲ ਅਪਨੇ ਫਲ ਕੀ ਸ਼ਰੀਨੀ ਸੇ ਹੋਤਾ ਹੈ ਸ਼ਜ਼ਰ॥
ਆਸ਼ਕਾਰ ਉਸ ਨੇ ਕੀਆ ਜੋ ਜ਼ਿੰਦਗੀ ਕਾ ਰਾਜ਼ ਥਾ॥
ਹਿੰਦ ਕੋ ਲੇਕਿਨ ਖ਼ਯਾਲੀ ਫ਼ਲਸਫ਼ਾ ਪਰ ਨਾਜ਼ ਥਾ॥
ਸ਼ਮਾਏ ਹੱਕ ਸੇ ਜੋ ਮੁਨੱਵਰ ਹੋ ਯਹ ਵਹੁ ਮਹਿਫ਼ਲ ਨ ਥੀ॥
ਬਾਰਸ਼ੇ ਰਹਿਮਤ ਹੁਈ ਲੇਕਿਨ ਜ਼ਮੀਂ ਕਾਬਿਲ ਨ ਥੀ॥
ਆਹ! ਸ਼ੂਦਰ ਕੇ ਲੀਏ ਹਿੰਦੁਸਤਾਂ ਗ਼ਮ ਖ਼ਾਨਾ ਹੈ॥
ਦਰਦੇ ਇਨਸਾਨੀ ਸੇ ਇਸ ਬਸਤੀ ਕਾ ਦਿਲ ਬੇਗਾਨਾ ਹੈ॥[1]

---

1. ਬਾਂਗੇ ਦੱਰਾ, ਪੰਨਾ 239, ਅਲਾਮਾ ਇਕਬਾਲ।

ਉਰਦੂ ਭਾਸ਼ਾ ਦੀ ਨਿਜੀ ਸ਼ੈਲੀ ਹੈ ਪ੍ਰੰਤੂ ਬਹੁਤ ਹੀ ਸ਼ੋਕਮਈ ਸਥਿਤੀ ਹੈ ਕਿ ਦੋ ਮਜ਼ਹਬਾਂ ਦੇ ਆਧਾਰ 'ਤੇ ਹਿੰਦੁਸਤਾਨ ਦਾ ਬਟਵਾਰਾ ਕੀਤਾ ਗਿਆ। ਪਰਿਣਾਮ ਵਜੋਂ, ਦੋ ਚੀਜ਼ਾਂ ਦਾ ਇਤਨਾ ਨੁਕਸਾਨ ਹੋਇਆ ਹੈ ਜੋ ਕਦੀ ਭੀ ਪੂਰਾ ਨਹੀਂ ਹੋ ਸਕੇਗਾ। ਜਿਸ ਵਿਚ ਸਭ ਤੋਂ ਜ਼ਿਆਦਾ ਨੁਕਸਾਨ ਸਿੱਖ ਕੌਮ ਦਾ ਹੋਇਆ, ਜਿਸ ਦੀ ਗਾਥਾ ਅਗੇਤਰ ਪ੍ਰਸੰਗ ਵਿਚ ਆਵੇਗੀ। ਪ੍ਰੰਤੂ ਜੋ ਹਾਨੀ ਉਰਦੂ ਭਾਸ਼ਾ ਅਤੇ ਉਰਦੂ ਸਾਹਿਤ ਦੀ ਹੋ ਚੁੱਕੀ ਹੈ, ਇਹੀ ਹਿੰਦੁਸਤਾਨੀ ਕੌਮ ਦੀ ਸਭ ਤੋਂ ਵੱਡੀ ਬਦਕਿਸਮਤੀ ਹੈ ਕਿ ਅੱਜ ਅਸੀਂ ਅਲਾਮਾ ਇਕਬਾਲ ਜੈਸੇ ਵਿਦਵਾਨਾਂ ਦੀ ਲਿਖੀ ਹੋਈ ਵਾਸਤਵਿਕਤਾ ਨੂੰ ਸਮਝਣੋਂ ਅਸਮਰੱਥ ਹਾਂ। ਇਸ ਖ਼ਿਆਲ ਨੂੰ ਮੱਦੇਨਜ਼ਰ ਰੱਖਦੇ ਹੋਏ, ਉਕਤ ਨਜ਼ਮ ਦੇ ਅਰਥ ਲਿਖਣੇ ਆਵਸ਼ਜ ਸਮਝੇ ਗਏ ਤਾਂਕਿ ਅਲਾਮਾ ਇਕਬਾਲ ਦੇ ਤਖ਼ਯੱਲ ਦੀ ਸਹੀ ਤਰਜਮਾਨੀ ਕੀਤੀ ਜਾ ਸਕੇ।

ਅਰਥ : ਹਾਏ! ਕੈਸੀ ਸੰਤਾਪ ਭਰਪੂਰ ਗਾਥਾ ਹੈ ਕਿ ਉਹ ਲੋਕ ਅਭਾਗੇ ਹਨ ਜੋ ਸੱਚ ਦੀ ਆਵਾਜ਼ (ਦਰਗਾਹੀ ਸ਼ਬਦ) ਤੋਂ ਅਵੇਸਲੇ ਰਹੇ ਹਨ, ਜਿਵੇਂ ਇਕ ਬਿਰਖ ਆਪਣੇ ਫਲ ਦੀ ਮਿਠਾਸ ਤੋਂ ਬੇਖ਼ਬਰ ਹੁੰਦਾ ਹੈ। ਉਸ ਨੇ (ਸਤਿਗੁਰੂ ਨਾਨਕ ਪਾਤਸ਼ਾਹ ਜੀ) ਨੇ ਜੋ ਜ਼ਿੰਦਗੀ ਦਾ ਭੇਦ ਪ੍ਰਗਟ ਕੀਤਾ ਸੀ ਪ੍ਰੰਤੂ (ਦਰਗਾਹੀ ਸ਼ਬਦ ਦੀ ਬਜਾਏ) ਹਿੰਦੁਸਤਾਨੀਆਂ ਨੂੰ ਕੇਵਲ ਮਿਥਿਹਾਸਕ ਦਰਸ਼ਨ 'ਤੇ ਹੀ ਮਾਣ (ਘੁਮੰਡ) ਸੀ। ਇਹ ਉਹ ਮਹਿਫ਼ਲ ਹੀ ਨਹੀਂ ਸੀ, ਜੋ ਸੱਚ ਦੇ ਚਰਾਗ਼ ਤੋਂ ਪ੍ਰਕਾਸ਼ ਹੋ ਸਕੇ। (ਭਾਵੇਂ ਵਾਹਿਗੁਰੂ ਵਲੋਂ) ਰਹਿਮਤ ਦੀ ਬਾਰਿਸ਼ ਹੋਈ, ਪ੍ਰੰਤੂ ਇਹ ਧਰਤੀ ਯੋਗ ਨਹੀਂ ਸੀ। ਹਾਏ! ਇਕ ਸ਼ੂਦਰ ਵਾਸਤੇ ਹਿੰਦੁਸਤਾਨ ਚਿੰਤਾ ਦਾ ਘਰ ਹੈ। ਕਿਉਂਕਿ ਇਸ ਬਸਤੀ ਦਾ ਦਿਲ ਇਨਸਾਨੀ ਦਰਦ ਵਲੋਂ ਸੱਖਣਾ ਹੈ।

ਅੱਜ ਇੱਕੀਵੀਂ ਸ਼ਤਾਬਦੀ ਦਾ ਇਨਸਾਨ ਸਮੇਂ ਦੀ ਗਤੀ ਨਾਲ ਹਮਦਮ ਹੋਣ ਲਈ ਯਤਨਸ਼ੀਲ ਹੈ। ਇਸ ਦੀ ਸਰੀਰਕ, ਮਾਨਸਿਕ ਅਤੇ ਆਤਮਿਕ ਸ਼ੈਲੀ ਇਤਨੀ ਸੁਬੱਲਤਾ ਪ੍ਰਾਪਤ ਕਰ ਚੁੱਕੀ ਹੈ ਕਿ ਜਿਥੇ ਇਸ ਨੇ ਸ਼ਿਲਪ ਕਲਾ, ਵਿਗਿਆਨਿਕ ਕਲਾ ਵਿਚ ਵਿਕਾਸ ਕੀਤਾ ਹੈ, ਉਥੇ ਇਹ ਆਤਮਕ ਉੱਨਤੀ ਵਿਚ ਭੀ ਬਹੁਤ ਹੀ ਅੱਗੇ ਲੰਘ ਚੁੱਕਾ ਹੈ। ਭਾਵ, ਤੌਹੀਦ ਦੇ ਖੇਤਰ ਵਿਚ ਇਤਨਾ ਜਜ਼ਬਾ ਉਤਪੰਨ ਹੋ ਚੁੱਕਾ ਹੈ ਕਿ ਰੱਬੀ ਅਸੀਮਤਾ ਦੀਆਂ ਮੰਜ਼ਲਾਂ ਇਨ੍ਹਾਂ ਦੇ ਗੁਣੀਏਂ ਵਿਚ ਆ ਚੁੱਕੀਆਂ ਹਨ। ਪ੍ਰੰਤੂ ਅਲਾਮਾ ਇਕਬਾਲ ਦੇ ਕਥਨ ਅਨੁਸਾਰ ਹਿੰਦੁਸਤਾਨੀ ਸਮਾਜ ਦੀ ਇਤਨੀ ਬਦਕਿਸਮਤੀ ਹੈ ਕਿ ਵੇਦਿਕ ਧਾਰਾ ਦੇ ਪੰਡਤਾਂ ਪ੍ਰਤਿ ਇਕਾਂਗੀ ਵਿਸ਼ਵਾਸ ਦੇ ਥਾਂ ਬ੍ਰਾਹਮਣੀ ਪ੍ਰਤਿਸ਼ਠਾ ਦੀ ਸਮੱਗਰੀ ਹੀ ਧਾਰਮਕ ਪੁਸਤਕਾਂ ਦਾ ਮਹੱਤਵ ਅਤੇ ਨਿਕਾਸੀ ਸੋਮਾ ਹੈ। ਇਖਵਾਕੀ ਵੰਸ਼ ਦਾ ਇਕ ਰਾਜਾ ਜਿਸ ਦਾ ਨਾਮ ਨ੍ਰਿਗ ਕਰਕੇ ਲਿਖਿਆ ਹੈ, ਜਿਸ ਦੀ ਬਾਬਤ

ਹਿੰਦੂ ਗ੍ਰੰਥਾਂ ਵਿਚ ਅਤਿ ਰੌਚਕ ਕਥਾ ਕਹਾਣੀਆਂ ਸੰਕਲਨ ਕੀਤੀਆਂ ਹਨ, ਜਿਵੇਂ "ਇਖਵਾਕੂ ਬੰਸੀ ਰਾਜਾ ਨ੍ਰਿਗ, ਬੜਾ ਗਯਾਨੀ ਦਾਨੀ ਅਤੇ ਧਰਮਾਤਮਾ ਪੁਰਸ਼ਾਰਥੀ ਥਾ। ਉਸ ਨੇ ਅਨਗਿਣਤ ਗਊ ਦਾਨ ਕੀਏ। ਜੋ ਨਦੀ ਕੇ ਕਿਨਾਰੇ ਰੇਤ ਕੇ ਕਿਣਕੇ ਅਰ ਮੇਘ ਕੀ ਬੂੰਦੇਂ ਅਰ ਆਕਾਸ਼ ਕੇ ਤਾਰੇ ਗਿਣੇਂ ਜਾਏਂ ਤੋ ਰਾਜਾ ਨ੍ਰਿਗ ਕੇ ਦਾਨ ਕੀ ਗਊਏਂ ਨਾ ਗਿਣੀ ਜਾਏਂ। ਐਸਾ ਜੋ ਗਿਆਨੀ ਮਹਾਂ ਦਾਨੀ ਰਾਜਾ ਸੋ 'ਕਿਰਲਾ' ਹੋ ਅੰਧੇ ਕੂਏਂ ਮੇਂ ਰਹਾ। (ਲੰਮੀ ਵਾਰਤਾ ਨੂੰ ਸੰਖੇਪ ਰੂਪ ਦਿੰਦੇ ਹੋਏ ਕਹਾਣੀ ਦਾ ਅਸਲੀ ਭੇਦ ਲੱਭਣ ਦਾ ਯਤਨ ਕਰੀਏ) ਦੋ ਬ੍ਰਾਹਮਣ ਦੇਵਤਿਆਂ ਨੂੰ ਗਊ ਦਾਨ ਦੇਣ ਕਰਕੇ ਰਾਜਾ ਨ੍ਰਿਗ ਉਨ੍ਹਾਂ ਦੀ ਕਰੋਪੀ ਦਾ ਸ਼ਿਕਾਰ ਹੋ ਨਿਬੜਿਆ। ਪਰਿਣਾਮ ਵਜੋਂ, ਅੰਤਮ ਨਿਰਣੈ ਦੇ ਸਮੇਂ (ਆਖ਼ਰਤ ਦੇ ਸਮੇਂ) ਧਰਮ ਰਾਜ ਨੇ ਉਸ ਨੂੰ ਇਕ ਕਿਰਲੇ ਦੀ ਜੂਨੀ ਵਿਚ ਜਨਮ ਦੇ ਕੇ ਅੰਨ੍ਹੇ ਖੂਹ ਵਿਚ ਸੁੱਟ ਦਿੱਤਾ। ਵੈਦਿਕ ਮੈਥੋਲੋਜੀ ਦੇ ਅਨੁਸਾਰ ਕਈ ਯੁਗਾਂ ਦਾ ਸਮਾਂ ਰਾਜਾ ਨ੍ਰਿਗ ਇਕ ਕਿਰਲੇ ਦੀ ਜੂਨੀ ਵਿਚ ਅੰਨ੍ਹੇ ਖੂਹ ਦਾ ਦੁਖ ਭੋਗਦਾ ਰਿਹਾ। ਆਖ਼ਰਕਾਰ ਇਕ ਐਸਾ ਸਮਾਂ ਆਇਆ ਜਦੋਂ ਯਾਦਵ ਨਾਥ ਜੀ ਨੇ ਉਸ ਨੂੰ ਅੰਨ੍ਹੇ ਖੂਹ ਵਿਚੋਂ ਕੱਢ ਕੇ ਬੈਕੁੰਠ ਧਾਮ ਵਿਚ ਭੇਜ ਦਿੱਤਾ। ਇਸ ਤੋਂ ਉਪਰੰਤ ਕ੍ਰਿਸ਼ਨ ਜੀ ਮਹਾਰਾਜ ਦੇ ਯਾਦਵ ਸ਼ਰਧਾਲੂਆਂ ਨੇ ਇਸ ਕਿਰਲੇ ਦੀ ਬਾਬਤ ਜਾਣਨਾ ਚਾਹਿਆ। ਤਦ ਕ੍ਰਿਸ਼ਨ ਜੀ ਮਹਾਰਾਜ ਨੇ ਆਖਿਆ—ਹੇ ਯਾਦਵ ਵਾਸੀਓ! ਇਸ ਰਾਜੇ ਨੇ ਗਊ ਦਾਨ ਦਿੰਦੇ ਸਮੇਂ ਬ੍ਰਾਹਮਣ ਦੇਵਤਾ ਦੀ ਅਵੱਗਿਆ ਕੀਤੀ ਸੀ। ਜਿਸ ਦੇ ਪਰਿਣਾਮ ਵਜੋਂ ਇਸ ਗਿਆਨੀ ਧਿਆਨੀ ਰਾਜੇ ਨੂੰ ਕਈ ਯੁਗਾਂ ਦਾ ਸਮਾਂ ਕਿਰਲਾ ਬਣ ਕੇ ਅੰਨ੍ਹੇ ਖੂਹ ਵਿਚ ਦੰਡ ਭੋਗਣਾ ਪਿਆ ਹੈ। ਵੈਦਿਕ ਮਤਿ ਦੇ ਦੁਆਪਰੀ ਅਵਤਾਰ ਕ੍ਰਿਸ਼ਨ ਜੀ ਨੇ ਬ੍ਰਾਹਮਣ ਦੀ ਤਾਬੇਦਾਰੀ ਗ੍ਰਹਿਣ ਕਰਨ ਹਿਤ, ਯਾਦਵ ਕੁਲ ਪ੍ਰਤਿ ਉਪਦੇਸ਼ ਦਿੱਤਾ ਹੈ, ਜਿਸ ਦੀ ਤੱਤ੍ਵ ਰੂਪ ਰੇਖਾ ਐਸੇ ਹੈ:

> **ਬਿਪ੍ਰ ਦੋਖ ਜਿਨ ਕੋਊ ਕਰੋ ॥ ਮਤ ਕੋਊ ਅੰਸ਼ ਬਿਪ੍ਰ ਹੀ ਹਰੋ ॥**
> **ਮਨ ਸੰਕਲਪ ਕੀਓ ਜਿਨ ਰਾਖੋਂ ॥ ਸਤਯ ਬਚਨ ਬਿਪ੍ਰਨ ਸੌਂ ਭਾਖੋਂ ॥**
> **ਬਿਪ੍ਰਹਿ ਦੀਓ ਫੇਰ ਜੋ ਲੇਇ ॥ ਤਾਂਕੋ ਦੰਡ ਇਤੋ ਜਮ ਦੇਇ ॥**
> **ਬਿਪ੍ਰਨ ਕੋ ਸੇਵਕ ਭਏ ਰਹੀਏ ॥ ਸਭ ਅਪਰਾਧ ਬਿਪ੍ਰ ਕੇ ਸਹੀਏ ॥**
> **ਬਿਪ੍ਰਹਿ ਮਾਨੇ ਸੇ ਮੋਹਿ ਮਾਨੇ ॥ ਬਿਪਰ ਅਰ ਮੋਹਿ ਭਿੰਨ ਨ ਜਾਨੇ ॥**
> **ਯਹੀ ਬਾਤ ਸਤ ਤੁਮ ਜਾਨੋ ॥ ਬਿਪਰ ਮੇਰੋ ਰੂਪ ਪਛਾਨੋ ॥**[1]

ਕਿਰਤ ਕਰਨਾ ਇਨਸਾਨੀ ਜੀਵਨ ਦੀ ਵਿਰਾਸਤ ਹੈ ਪ੍ਰੰਤੂ ਜਿਸ ਕ੍ਰਿਆ

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 10, ਅਧਿਆਇ 65, ਪੰਨੇ 635-38, (ਪੰਜਾਬੀ ਅਨੁਵਾਦ)।

ਦੇ ਕੀਤਿਆਂ ਵਾਹਿਗੁਰੂ ਅਤੇ ਉਸ ਦਾ ਨਾਮ ਵਿਸਰ ਜਾਵੇ, ਐਸੀ ਕ੍ਰਿਆ ਦਾ ਨਾਮ ਹੀ ਅਧਰਮ ਹੈ। ਜਿਸ ਕਰਮ ਦੇ ਕੀਤਿਆਂ ਵਾਹਿਗੁਰੂ ਅਤੇ ਉਸ ਦਾ ਨਾਮ ਹਿਰਦੇ ਵਿਚ ਨਿਵਾਸ ਕਰੇ ਐਸੀ ਕ੍ਰਿਆ ਦਾ ਨਾਮ ਹੀ ਧਰਮ ਹੈ। ਵੈਦਿਕ ਪ੍ਰਣਾਲੀ ਨੂੰ ਧਿਆਨ ਵਿਚ ਰੱਖਦਿਆਂ ਇਕ ਐਸੀ ਮਨੋਕਲਪਤ ਧਾਰਾ ਅਸਾਡੇ ਸਾਹਮਣੇ ਪ੍ਰਗਟ ਹੋਏ ਆਂਵਦੀ ਹੈ ਜੋ ਇਹ ਸਿੱਧ ਕਰਦੀ ਹੈ ਕਿ ਵਾਹਿਗੁਰੂ ਦੀ ਬਜਾਏ, ਬ੍ਰਾਹਮਣ ਦੀ ਪੂਜਾ ਕੀਤੀ ਜਾਵੇ। ਬ੍ਰਾਹਮਣ ਪੂਜਾ ਪ੍ਰਣਾਲੀ ਦਾ ਨਿਰਣੈ ਕਰਨਾ ਸੁਹਿਰਦ ਪਾਠਕਾਂ ਦੀ ਸੱਥ 'ਤੇ ਹੀ ਨਿਰਭਰ ਕਰਦਾ ਹੈ ਕਿ ਉਹ ਬ੍ਰਾਹਮਣ ਦੀ ਪੂਜਾ ਕਰਨੀ ਧਰਮ ਸਮਝਦੇ ਹਨ ਜਾਂ ਕੇਵਲ ਇਕ ਵਾਹਿਗੁਰੂ ਦੀ ਬੰਦਗੀ ਕਰਨੀ ਨਿਜੀ ਧਰਮ ਸਮਝਦੇ ਹਨ? ਧਰਮ ਅਤੇ ਅਧਰਮ ਦੇ ਵਿਚਕਾਰ ਰੇਖਾ ਉਲੀਕਣੀ ਕਿਸੇ ਵਿਦਵਾਨ ਜਾਂ ਪੰਡਤ ਦਾ ਵਿਸ਼ਾ ਨਹੀਂ। ਬਲਕਿ ਇਹ ਤਾਂ ਅੰਤ੍ਰੀਵੀ ਚੇਤੰਨਤਾ ਦਾ ਵਿਸ਼ਾ ਹੈ। ਜਦੋਂ ਤਕ ਇਨਸਾਨੀ ਬੁੱਧੀ ਚੇਤੰਨਤਾ ਦੇ ਦਾਮਨ ਵਿਚ ਪ੍ਰਵੇਸ਼ ਨਹੀਂ ਕਰਦੀ ਉਦੋਂ ਤਕ ਵਾਹਿਗੁਰੂ ਦਾ ਸਰੂਪ ਜੋ ਵਾਸਤਵਿਕ ਧਰਮ ਹੈ, ਉਸ ਨੂੰ ਪਛਾਣਨ ਦੀ ਯੋਗਤਾ ਨਹੀਂ ਰੱਖਦੀ। ਇਹੀ ਸਭ ਤੋਂ ਵੱਡਾ ਅਤੇ ਸੰਤੋਸ਼ਜਨਕ ਕਾਰਨ ਹੈ ਕਿ ਸਤਿਗੁਰੂ ਪਾਤਸ਼ਾਹ ਜੀ ਨੇ ਬੁੱਧੀ ਦੀ ਚੇਤੰਨਤਾ ਪ੍ਰਤਿ ਵਾਹਿਗੁਰੂ ਦੇ ਚਰਨਾਂ ਵਿਚ ਜੋਦੜੀ ਕੀਤੀ ਹੈ ਕਿ ਹੇ ਵਾਹਿਗੁਰੂ! ਮੈਨੂੰ ਅਥਵਾ ਸਮੁੱਚੀ ਮਨੁੱਖਤਾ ਨੂੰ ਐਸੀ ਬੁੱਧੀ ਬਖ਼ਸ਼ਸ਼ ਕਰੋ ਤਾਂਕਿ ਤੇਰੇ ਚਰਨਾਂ ਨਾਲ ਜੁੜੇ ਰਹੀਏ, ਜਿਵੇਂ:

ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ ॥[1]

ਹਿੰਦੂ ਮਤਿ ਵਿਚ ਵਰਣ ਭੇਦ ਇਤਨੀ ਸੁਬੱਲਤਾ ਰੱਖਦਾ ਹੈ ਜਿਸ ਦੀ ਕੋਈ ਥਾਹ ਨਹੀਂ ਹੈ। ਜਦੋਂ ਅਸੀਂ ਵੈਦਿਕ ਵਰਣ ਭੇਦ ਪ੍ਰਤਿ ਹੋਰ ਵਧੇਰੇ ਜਾਣਕਾਰੀ ਹਿਤ ਕਿਸੇ ਭੀ ਹਿੰਦੂ ਪੁਸਤਕ ਦੇ ਪੰਨੇ ਖੋਲ੍ਹਦੇ ਹਾਂ ਤਦ ਅਸਾਡੇ ਸਾਹਮਣੇ ਬਾਰ ਬਾਰ ਵਰਣ ਭੇਦ ਦੀ ਸਮੱਸਿਆ ਵਿਰਾਟ ਰੂਪ ਧਾਰ ਕੇ ਪ੍ਰਗਟ ਹੋਇ ਆਂਵਦੀ ਹੈ। ਉਦਾਹਰਨ ਵਜੋਂ, *ਗਰੁੜ ਪੁਰਾਣ* ਦਾ ਅਧਿਐਨ ਕਰਦੇ ਕਰਦੇ ਇਕ ਐਸੀ ਸਥਿਤੀ ਸਾਹਮਣੇ ਆਣ ਖਲੋਂਦੀ ਹੈ ਕਿ ਜੀਵਾਂ ਦਾ ਮੁਕਤੀ ਦਾਤਾ ਹੀ ਬ੍ਰਾਹਮਣ ਹੈ। ਬ੍ਰਾਹਮਣ ਦੀ ਪ੍ਰਸੰਨਤਾ ਪ੍ਰਾਪਤ ਕੀਤੇ ਬਿਨਾਂ ਹਿੰਦੂ ਮੁਰਦਾ ਜੀਵ-ਆਤਮਾ, ਵੈਤਰਨੀ ਨਦੀ ਦੀ ਅਗਨੀ ਵਿਚ ਸਦੀਵਕਾਲ ਹਿਤ, ਸੜਦੀ, ਜਲਦੀ ਅਤੇ ਸਜ਼ਾ ਭੁਗਤਦੀ ਹੈ। ਵੈਤਰਨੀ ਨਦੀ ਦੀ ਭਿਆਨਕ ਅਗਨੀ ਤੋਂ ਛੁਟਕਾਰੇ ਦਾ ਵਾਹਿਦ ਸਾਧਨ ਬ੍ਰਾਹਮਣ ਨੂੰ ਗਊ ਦਾਨ ਕਰਨਾ ਹੈ। ਭਾਵੇਂ ਹਿੰਦੂ ਮਤਿ ਵਿਚ ਵੈਦਿਕ ਵਰਣ ਭੇਦ ਦੇ ਆਧਾਰ 'ਤੇ ਅਨੇਕਾਂ ਹੀ ਐਸੀਆਂ ਉਦਾਹਰਣਾਂ ਮੌਜੂਦ ਹਨ ਜਿਨ੍ਹਾਂ ਦੇ ਆਧਾਰ 'ਤੇ ਬ੍ਰਾਹਮਣ ਦੇਵਤਾ

1. ਧਨਾਸਰੀ ਮ: ੫, ਪੰਨਾ 677/19.

ਦੀ ਸ਼ਾਦਮਾਨੀ ਹਾਸਿਲ ਕਰਨੀ ਅਜ਼ਹੱਦ ਲਾਜ਼ਮੀ ਹੈ। ਪ੍ਰੰਤੂ ਸੁਹਿਰਦ ਪਾਠਕਾਂ ਦੀ ਜਾਣਕਾਰੀ ਹਿਤ ਕੇਵਲ ਇਕ ਉਦਾਹਰਨ ਦੇਣੀ ਹੀ ਵਧੇਰੇ ਹੋਵੇਗੀ। *ਗਰੁੜ ਪੁਰਾਣ* ਵਿਚ ਉਲੇਖਣ ਕੀਤਾ ਗਿਆ ਹੈ ਕਿ ਮੁਰਦਾ ਪ੍ਰਾਣੀ ਦੇ ਮਾਰਗ ਵਿਚ ਇਕ ਵੈਤਰਨੀ ਨਦੀ ਆਉਂਦੀ ਹੈ। ਸੋ ਕੈਸੀ ਹੈ ਜਿਸ ਦਾ ਚਾਰ ਸੌ ਕੋਹਾਂ ਦਾ ਪਾੜ ਹੈ। ਔਰ ਲਹੂ ਪਾਕ ਕਰ ਕੇ ਭਰੀ ਹੋਈ ਹੈ। ਉਸ ਤੋਂ ਪਾਰ ਹੋਣ ਵਾਲੇ ਚਾਹਵੰਦ ਪ੍ਰਾਣੀ ਨੂੰ ਉਹ ਮਲਾਹ (ਖੇਵਟ) ਲੈ ਜਾਂਦੇ ਨੇ।੨੬।

ਜਿਨ੍ਹਾਂ ਨੇ ਗਊ ਦਾਨ ਕੀਤੀ ਹੈ ਉਹ ਗਊ ਦੇ ਆਸਰੇ ਵੈਤਰਨੀ ਨਦੀ ਵਿਚੋਂ ਆਰਾਮ ਨਾਲ ਪਾਰ ਉਤਰ ਜਾਂਦੇ ਹਨ। ਸੋ ਗਊ ਦਾਨ ਜ਼ਰੂਰੀ ਹੈ ॥੨੭॥ ਜੋ ਗਊ ਦਾਨ ਕਰਦਾ ਹੈ ਉਹ ਪਾਪਾਂ ਤੋਂ ਛੁਟ ਕੇ ਵਿਸ਼ਨੂੰ ਲੋਕ ਨੂੰ ਜਾਂਦਾ ਹੈ ॥੨੮॥ (ਅਧਿਆਇ ਚੌਥਾ)

ਸ੍ਰੀ ਭਗਵਾਨ ਜੀ ਬੋਲੇ—ਹੇ ਗਰੁੜ! ਵੈਤਰਨੀ ਨਦੀ ਤਰਨ ਵਾਸਤੇ ਗਊ ਦਾਨ ਕਰ ਕੇ ਕਿਸੇ ਸੁਪਾਤ੍ਰ ਬ੍ਰਾਹਮਣ ਨੂੰ ਦੇਣੀ ਚਾਹੀਏ ॥੧॥ ਬਿਨਾਂ ਗਊ ਦਾਨ ਦੇ ਕੇ ਪ੍ਰਾਣੀ ਵੈਤਰਨੀ ਨਦੀ ਵਿਚ ਗ਼ੋਤੇ ਖਾਂਦਾ ਹੈ ॥੨॥ ਔਰ ਰੋਂਦਾ ਹੋਇਆ ਵਿਰਲਾਪ ਕਰਕੇ ਪਛਤਾਉਂਦਾ ਹੈ ਕਿ ਹਾਇ! ਮੈਂਨੇ ਕਿਉਂ ਨਾ ਗਊ ਦਾਨ ਆਦਿ ਭਲੇ ਕਰਮ ਕੀਤੇ ॥੩॥ ਤਦ ਜਮਦੂਤ ਉਸ ਨੂੰ ਵਧੇਰੇ ਮਾਰਦੇ ਹੈਨ ਔਰ ਪਿਛਲਿਆਂ ਦਾ ਦਿੱਤਾ ਪਿੰਡ ਦਾਨ ਉਸ ਭੁੱਖੇ ਪ੍ਰਾਣੀ ਨੂੰ ਮਿਲਦਾ ਹੈ ॥੪॥ ਹੇ ਗਰੁੜ! ਜਿਥੋਂ ਤਾਈਂ ਬਨੇ ਸੁਪਾਤ੍ਰ ਬ੍ਰਾਹਮਣ ਨੂੰ ਅੰਨ ਛਕਾਵੇ ॥੫॥੬॥[1]

ਗਰੁੜ ਪੁਰਾਣ ਦੀ ਹਰ ਇਕ ਪੰਗਤੀ ਬ੍ਰਾਹਮਣੀ ਪੂਜਾ ਦਾ ਵਿਸ਼ਾ ਹੈ। ਜੋ ਪ੍ਰਾਣੀ ਦੇਹੀ ਪਾ ਕੇ ਧਰਮ ਕਰਦਾ ਹੈ ਸੋ ਧਰਮ ਲੋਕ ਵਿਚ ਜਾਂਦਾ ਹੈ ॥੨੦॥ ਜੋ ਸੌ ਗਊ ਦਾਨ ਕਰ ਕੇ ਮਨੁੱਖ ਦੇਹੀ ਪਾਂਦਾ ਹੈ ਉਸ ਵਿਚ ਵੀ ਬ੍ਰਾਹਮਣ ਹੋਣਾ (ਭਾਵ, ਬ੍ਰਾਹਮਣ ਨੂੰ ਸੌ ਗਊ ਦਾਨ ਕਰਨਾ) ਦੁਰਲੱਭ ਹੈ ॥੨੧॥[2]

ਜਦੋਂ ਅਸੀਂ ਵੈਦਿਕ ਵਰਣ ਭੇਦ ਦੀ ਬਾਬਤ ਖੋਜ ਕਰਦੇ ਕਰਦੇ ਪੁਰਾਤਨ ਯਾਦਗਾਰੀ ਖੰਡਰਾਂ, ਕਦੀਮੀ ਲਿਖਤਾਂ ਦੀ ਵਿਆਪਕਤਾ ਅਤੇ ਵਿਸਤ੍ਰਿਤ ਵਿਸ਼ਾਲਤਾ ਦੇ ਸਮੂਹਕ ਦਾਇਰੇ ਵਿਚ ਪ੍ਰਵੇਸ਼ ਕਰਦੇ ਹਾਂ ਤਦ *ਰਿਗਵੇਦ* ਵਿਚ ਲਿਖੇ ਪੂਜਾ ਦੇ ਗੀਤਾਂ ਦੀ ਵਿਸ਼ਾਲ ਲੜੀ ਹੀ ਪੁਰਾਤਨ ਸਾਹਿਤਕ ਲਿਖਤਾਂ ਹੋਣ ਦੀ ਹਾਮੀ ਭਰਦੀ ਹੈ। ਜਦੋਂ ਇਨ੍ਹਾਂ ਲਿਖਤਾਂ ਦਾ ਵੱਡੀ ਭਾਰੀ ਮਾਤਰਾ ਵਿਚ ਨਿਰੀਖਣ ਕੀਤਾ ਜਾਵੇ, ਇਹ ਲਿਖਤਾਂ ਪੂਰਬਕਾਲੀ ਸਮੇਂ ਵਿਚ ਲੈ ਜਾਂਦੀਆਂ ਹਨ। ਜਿਥੋਂ ਅਨੁਮਾਨ ਕੀਤਾ ਜਾਂਦਾ ਹੈ ਕਿ ਇਹ ਨਿਸ਼ਾਨੀਆਂ, ਰੰਗਾ

---

1. *ਗਰੁੜ ਪੁਰਾਣ*, ਅਧਿਆਇ 3 ਅਤੇ 4, ਪੰਨੇ 24-25, (ਪੰਜਾਬੀ ਅਨੁਵਾਦ)।
2. *ਗਰੁੜ ਪੁਰਾਣ*, ਅਧਿਆਇ 6, ਪੰਨਾ 36।

ਵਾਦੀ ਵਿਚ ਪ੍ਰਵੇਸ਼ ਕਰਨ ਤੋਂ ਫੇਰ ਸਮਾਂ ਪਹਿਲਾਂ ਦੀਆਂ ਨਿਸ਼ਾਨੀਆਂ ਹਨ, ਬਲਕਿ ਸਿੰਧੂਵਾਦੀ ਅਤੇ ਉਸ ਦੀਆਂ ਸਹਾਇਕ ਨਦੀਆਂ ਦੇ ਵਸਨੀਕਾਂ ਦੀ ਜੀਵਨ ਸ਼ੈਲੀ ਹੈ। ਜਿਥੇ ਕਿਸੇ ਪ੍ਰਕਾਰ ਦੀ ਭੀ ਵੈਦਿਕ ਵਰਣ ਜ਼ਾਤੀ ਭੇਦ-ਭਾਵ ਨਹੀਂ ਸੀ। ਚੁਨਾਂਚਿ, ਕਿਸੇ ਵਿਸ਼ੇਸ਼ ਦੇਵਤੇ ਦੀ ਪੂਜਾ ਕਰਨ ਦਾ ਸਮਾਂ ਅਤੇ ਅਧਿਕਾਰ ਭੀ ਉਨ੍ਹਾਂ ਪਾਸ ਨਹੀਂ ਸੀ। ਉਥੇ ਰਿਹਾਇਸ਼ੀ ਅਤੇ ਪ੍ਰਬੰਧਕ ਢਾਂਚੇ ਵਿਚ ਬ੍ਰਾਹਮਣਵਾਦੀ ਪੱਧਤੀ ਭੀ ਨਹੀਂ ਸੀ। ਪ੍ਰੰਤੂ ਆਮ ਲੋਕ ਛੋਟੇ ਛੋਟੇ ਕਬੀਲਿਆਂ ਵਿਚ ਵੰਡੇ ਹੋਏ, ਕਿਸੇ ਰਾਜੇ ਦੇ ਅਧੀਨ ਪਿਤਾ ਪੁਰਖੀ ਪ੍ਰੰਪਰਾ ਦੇ ਆਧਾਰ 'ਤੇ ਖੇਤਾਂ ਵਿਚ ਕਾਸ਼ਤਕਾਰੀ, ਚਰਾਗਾਹਾਂ ਵਿਚ ਭੇਡਾਂ, ਬੱਕਰੀਆਂ, ਗਊਆਂ ਦੇ ਵੱਗ ਅਥਵਾ ਇੱਜੜ ਚਾਰ ਕੇ ਜੀਵਨ ਬਤੀਤ ਕਰਦੇ ਸਨ। ਪਰਸਪਰ ਵਾਦਵਿਵਾਦ, ਲੜਾਈਆਂ ਝਗੜੇ ਕਰਦੇ ਹੋਏ ਆਦਿ ਵਾਸੀਆਂ ਜੈਸੀ ਅਸੰਸਕ੍ਰਿਤਿਕ ਜੀਵਨੀ ਬਸਰ ਕਰਦੇ ਸਨ।[1]

ਰਿਗਵੇਦ ਵਿਚ ਕੁਝ ਐਸੀਆਂ ਉਦਾਹਰਣਾਂ ਭੀ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਦੇ ਆਧਾਰ 'ਤੇ ਸੰਸਾਰ ਪੱਧਰੀ ਚਿੰਤਕ ਇਸ ਧਾਰਾ 'ਤੇ ਆਣ ਖਲੋਤੇ ਹਨ ਕਿ ਵੈਦਿਕ ਧਰਮ ਦੀ ਬੁਨਿਆਦ ਉਨ੍ਹਾਂ ਕਾਵਿ ਖ਼ਿਆਲੀ ਲਿਖਾਰੀਆਂ ਨੇ ਰੱਖੀ ਜਿਥੋਂ ਅਨਿਕ ਪ੍ਰਕਾਰੀ ਪਰਮਾਤਮਾ ਦੀ ਉਪਜ ਗ਼ੈਰ ਕੁਦਰਤੀ ਢੰਗ ਦੁਆਰਾ ਪ੍ਰਗਟ ਕੀਤੀ ਗਈ। ਜਿਸ ਦੇ ਆਧਾਰ 'ਤੇ ਵੈਦਿਕ ਪਰਜਾ ਦੇ ਲੋਕ ਅਤਿ ਅਸਪਸ਼ਟ ਅਤੇ ਤੇਜਹੀਣਤਾ ਦੀ ਸਥਿਤੀ ਵਿਚ ਵਿਕਸਤ ਹੋਏ। ਧਾਰਮਕ ਤੱਤ੍ਰਤਾ ਦੀ ਬਜਾਏ, ਦਾਰਸ਼ਨਿਕ ਅਤੇ ਖ਼ਿਆਲੀ ਚਿੰਤਨਤਾ ਆਮ ਪਰਜਾ ਦੇ ਜੀਵਨ ਦਾ ਭਾਗ ਬਣ ਗਏ। *ਰਿਗਵੇਦ* ਵਿਚ ਕੁਝ ਐਸੇ ਮੰਡਲ ਭੀ ਮਿਲਦੇ ਹਨ ਜਿਨ੍ਹਾਂ ਦੇ ਆਧਾਰ 'ਤੇ ਅਤਿ ਘਿਰਣਤ ਸ਼ਬਦਾਵਲੀ ਦੁਆਰਾ ਧਰਮ ਦੀ ਵਿਆਖਿਆ ਕੀਤੀ ਹੈ, ਜਿਵੇਂ :

There are hymns in the *Rigveda* which treat religion with open scorn. Thus among others (e.g. *Rigveda* 7, 103) the hymn *Rigveda* 9, 112, which not without humour develops the thought that even the god Indra, like mankind selfishly follow his own profit; and which very effectively uses a constantly recurring refrain.[2]

ਰਿਗਵੇਦ ਦੇ ਅੰਤਮ ਮੰਡਲਾਂ ਵਿਚ ਕੁਝ ਐਸੀ ਪਰਿਮਾਣਿਕ ਸਮੱਗਰੀ ਭੀ ਪ੍ਰਾਪਤ ਹੁੰਦੀ ਹੈ ਜਿਸ ਦੇ ਆਧਾਰ 'ਤੇ ਇਹ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਜਦੋਂ ਆਰੀਆ ਲੋਕਾਂ ਨੇ ਸਿੰਧੂ ਵਾਦੀ ਨੂੰ ਤਿਆਗ ਕੇ ਗੰਗਾ ਵਾਦੀ

1. See *Zimmer,* Altindisches Lebon, Berlin 1879; and See, *System of Vedanta,* p. 12, by Paul Deussen.
2. *Ibid.,* p. 13, foot note.

ਵਿਚ ਪ੍ਰਵੇਸ਼ ਕੀਤਾ ਜਿਥੇ ਆਣ ਕੇ ਵੇਦਿਕ ਵਰਣ ਭੇਦ ਦੀ ਧਾਰਾ ਆਰੰਭ ਹੋਈ।[1]

ਆਰੀਆ ਲੋਕਾਂ ਨੇ ਬਹੁਤ ਸਾਰੀਆਂ ਲੜਾਈਆਂ ਲੜਨ ਤੋਂ ਉਪਰੰਤ ਹਿਮਾਲਿਆ ਪਰਬਤ ਅਤੇ ਵਿੰਧਿਆਚਲ ਪਰਬਤ ਦੇ ਦਰਮਿਆਨੀ ਖੇਤਰ ਵਿਚ ਇਕ ਸੁਵਰਗੀ ਥਾਂ ਦੀ ਸਥਾਪਨਾ ਕੀਤੀ। ਜਿਸ ਦਾ ਪ੍ਰਤਿਬਿੰਬ ਮਹਾਭਾਰਤ ਜੈਸੀਆਂ ਸੰਘਰਸ਼ਮਈ ਯੁੱਧ ਰੇਖਾਵਾਂ ਦੀ ਕਾਵਿ ਰਚਨਾ ਤੋਂ ਪ੍ਰਗਟ ਹੋਇ ਆਂਵਦਾ ਹੈ। ਗੰਗਾ, ਯਮਨਾ ਅਤੇ ਵਿੰਧਿਆ ਪਰਬਤ ਦੇ ਮੈਦਾਨੀ ਇਲਾਕੇ ਵਿਚ ਪ੍ਰਵੇਸ਼ ਕਰਨ ਤੋਂ ਉਪਰੰਤ ਆਰੀਆ ਲੋਕਾਂ ਦੀ ਪੁਰਾਤਨ ਸੋਚਣੀ ਅਤੇ ਨਿਤਾਪ੍ਰਤਿ ਜੀਵਨਸ਼ੈਲੀ ਵਿਚ ਬਹੁਤ ਵੱਡਾ ਪਰਿਵਰਤਨ ਆਇਆ। ਪੂਰਬਕਾਲੀ ਜ਼ਿੰਦਗੀ ਨਾਲੋਂ ਗੰਗਾ ਵਾਦੀ ਵਿਚ ਰਿਹਾਇਸ਼ੀ ਸਮੇਂ ਦੀ ਬਾਹਰਮੁਖੀ ਜੀਵਨੀ ਨਿਰਸੰਦੇਹ ਵੱਖਰੀ ਸੀ। ਮੈਦਾਨੇ ਜੰਗ 'ਚੋਂ ਹਾਰੇ ਹੋਏ ਆਦਿਵਾਸੀ ਲੋਕਾਂ ਅਤੇ ਆਰੀਆ ਹਮਲਾਵਰਾਂ ਦੇ ਦਰਮਿਆਨ ਇਕ ਐਸੀ ਅਟੱਪ ਰੇਖਾ (ਵਾੜ) ਖੜੀ ਕੀਤੀ ਗਈ ਜਿਸ ਨੂੰ ਪਹਿਲੀ ਦਫ਼ਾ ਸ਼ੂਦਰ ਦੇ ਨਾਮ ਦੁਆਰਾ ਸੰਬੋਧਨ ਕੀਤਾ ਗਿਆ। ਉਨ੍ਹਾਂ ਦੀ ਮਨੋਭਾਵਨਿਕ ਸ਼ੈਲੀ ਇਤਨੀ ਦਮਨ ਕੀਤੀ ਗਈ ਕਿ ਅੱਜ ਤਕ ਸਪਰਸ਼ ਰਹਿਤ (untouchable) ਸ਼੍ਰੇਣੀ ਦੇ ਸ਼ੂਦਰ ਵਿਅਕਤੀ ਹੀ ਆਖੇ ਜਾਂਦੇ ਹਨ। ਸ਼ੂਦਰ ਸ਼੍ਰੇਣੀ ਤੋਂ ਉਪਰੰਤ ਆਰੀਆ ਸ਼੍ਰੇਣੀ ਦੇ ਉਨ੍ਹਾਂ ਲੋਕਾਂ ਦੀ ਇਕ ਹੋਰ ਵੱਖਰੀ ਧਾਰਾ ਬਣਾਈ ਗਈ ਜੋ ਕਬੀਲਿਆਂ ਦੇ ਵਸਨੀਕ ਸੰਸਾਰੀ ਜਾਇਦਾਦ ਅਥਵਾ ਦੁਨਿਆਵੀ ਵਸਤੂਆਂ ਦੇ ਮਾਲਿਕ ਸਨ। ਉਨ੍ਹਾਂ ਨੂੰ ਵੈਸ਼ ਦੀ ਉਪਾਧੀ ਦਿੱਤੀ ਗਈ। ਤੀਜੀ ਸ਼੍ਰੇਣੀ ਵਿਚ ਉਹ ਲੋਕ ਸ਼ਾਮਲ ਕੀਤੇ ਗਏ ਜੋ ਸਮੇਂ ਦੇ ਰਾਜਾ ਦੀ ਫ਼ੌਜ ਵਿਚ ਰਹਿ ਕੇ ਦੇਸ਼ ਰੱਖਿਆ ਦੀ ਜ਼ਿੰਮੇਵਾਰੀ ਨਿਭਾਉਂਦੇ ਸਨ। ਇਸ ਤੋਂ ਇਲਾਵਾ ਹੁਣ ਉਨ੍ਹਾਂ ਲੋਕਾਂ ਦੀ ਵਾਰੀ ਭੀ ਆਈ ਜੋ ਨਿਜੀ ਤੌਰ 'ਤੇ ਮਕਰ-ਫ਼ਰੇਬ, ਛਲ-ਕਪਟੀ ਆਧਾਰ 'ਤੇ ਆਪਣੇ ਆਪ ਨੂੰ ਵੇਦਿਕ ਪ੍ਰਣਾਲੀ ਦੀ ਵੰਸ਼ ਆਖਦੇ ਸਨ। ਉਹ ਆਪਣੇ ਆਪ ਨੂੰ ਬ੍ਰਾਹਮਣ, ਦੇਵਤੇ ਨੂੰ ਦਾਤਾਂ ਭੇਟਾ ਕਰਨ ਵਾਲੇ, ਪ੍ਰੋਹਤ, ਅਤੇ ਦੇਵਤੇ ਦੇ ਸਾਹਮਣੇ ਦੂਜੇ ਵਰਗਾਂ ਦੀਆਂ ਪ੍ਰਾਰਥਨਾਵਾਂ ਕਰਨ ਵਾਲੇ ਅਖਵਾਉਣ ਲੱਗੇ। ਇਤਨਾ ਹੀ ਨਹੀਂ ਬਲਕਿ ਸ਼ੂਦਰ ਸ਼੍ਰੇਣੀ ਨੂੰ ਛੱਡ ਕੇ ਬਾਕੀ ਸਮੁੱਚੀ ਆਰੀਆ ਸ਼੍ਰੇਣੀਆਂ ਦੇ ਵਿਦਿਆ ਭੰਡਾਰੀ ਭੀ ਥਾਪੇ ਗਏ। ਇਹ ਵਾਸਤਵਿਕਤਾ ਹੈ ਕਿ ਉਪਰਲੀਆਂ ਤਿੰਨਾ ਹੀ ਸ਼੍ਰੇਣੀਆਂ ਦੇ ਲੋਕ ਨਿਜੀ ਤੌਰ 'ਤੇ ਦਵੀਜਾ[2] ਅਥਵਾ 'ਪੁਨਰ ਜਨਮੀ' ਅਖਵਾਉਂਦੇ ਸਨ। ਵੇਦਿਕ

1. *System of Vedanta*, p. 13, by Paul Deussen, and see *Hymn of Pursha* (*Rigveda* 10, 90) VS. 31. AV. 19, 6. TA. 3, 12.
2. Upanayanam (twice-born) reborn through the sacrament of the Upanayanam, the admission into the *Brahmanical Church*) *ibid.*, p. 14.

ਧਰਮੀ ਵਿਧੀ ਦੁਆਰਾ ਇਨ੍ਹਾਂ ਲੋਕਾਂ ਨੂੰ ਬ੍ਰਾਹਮਣਵਾਦੀ ਖੇਤਰ ਵਿਚ ਪ੍ਰਵੇਸ਼ਤਾ ਦਿੱਤੀ ਜਾਂਦੀ। ਬਲੀਦਾਨ ਦੀ ਰੀਤੀ ਦੁਆਰਾ ਇਹ ਰਸਮ ਨਿਭਾਈ ਜਾਂਦੀ। ਕੁਰਬਾਨੀ ਦੇ ਮੰਚ 'ਤੇ ਭੇਟਾ ਕੀਤਾ ਹੋਇਆ ਦਾਨ ਅਤੇ ਸੋਮ ਰਸ ਕੇਵਲ ਬ੍ਰਾਹਮਣ ਹੀ ਖਾ ਪੀ ਸਕਦਾ ਸੀ।

ਬਲੀਦਾਨ ਖੇਤਰ ਵਿਚ ਭੇਟਾ ਕੀਤੀ ਹੋਈ ਸਮੂਲਚੀ ਸਮੱਗਰੀ ਸੁਭਾਵਿਕ ਤੌਰ 'ਤੇ ਹੀ ਬ੍ਰਾਹਮਣ ਦੇ ਅਧਿਕਾਰ ਵਿਚ ਆ ਜਾਂਦੀ ਬਸ਼ਰਤੇਕਿ, ਉਸ ਵਿਚ ਕਿਸੇ ਪ੍ਰਕਾਰੀ ਰੋਗਮਈ ਸਥਿਤੀ ਨਾ ਹੋਵੇ, ਭਾਵ ਬਲੀਦਾਨ ਕੀਤਾ ਹੋਇਆ ਪਸ਼ੂ ਬੀਮਾਰ ਨਾ ਹੋਵੇ। ਰਾਜੇ ਜਾਂ ਕਬੀਲਿਆਂ ਦੇ ਸਰਦਾਰਾਂ ਦੀਆਂ ਰਸਮੀ ਅਤੇ ਧਾਰਮਿਕ ਗਤੀਆਂ ਸਰਅੰਜਾਮ ਦੇਣ ਹਿਤ ਪੱਕੇ ਤੌਰ 'ਤੇ ਪ੍ਰੋਹਤ ਸ਼੍ਰੇਣੀ ਥਾਪੀ ਗਈ। ਜਿਵੇਂ ਵਿਸ਼ਿਸ਼ਟ ਜੀ, ਸ੍ਰੀ ਰਾਮ ਚੰਦ੍ਰ ਜੀ ਦੇ ਦਰਬਾਰੀ ਪ੍ਰੋਹਤ ਸਨ। ਉਕਤ ਦਰਸਾਈਆਂ ਵੈਦਿਕ ਵਰਣ ਭੇਦ ਦੀਆਂ ਸਹੂਲਤਾਂ ਨੂੰ ਇਤਨਾ ਵਧਾਇਆ ਗਿਆ ਕਿ ਇਨ੍ਹਾਂ ਦੀ ਦੁਰਵਰਤੋਂ ਵੱਡੀ ਮਾਤਰਾ ਵਿਚ ਆਰੰਭ ਹੋ ਗਈ। ਸਮੁੱਚੀ ਆਰੀਆ ਸ਼੍ਰੇਣੀ ਵਿਚ ਪਰਸਪਰ ਸੰਬੰਧਾਂ ਦੀ ਉਪਨਿਵੇਸ਼ (ਪ੍ਰਬੰਧਕ ਨਿਪਟਾਰੇ ਦੀ) ਧਾਰਾ ਸਥਾਪਤ ਕੀਤੀ ਗਈ। ਸਾਧਾਰਨ ਜਨਸੰਖਿਆ ਅਤੇ ਸਮੇਂ ਦੇ ਹੁਕਮਰਾਨਾਂ ਦੀ ਜੀਵਨਸ਼ੈਲੀ ਸੁਅਸਤਅਵਸਥੀ ਅਵਸਥਾ ਨੂੰ ਛੂਹਣ ਲੱਗੀ। ਬਾਹਰ-ਮੁਖੀ ਧਾਰਮਿਕ ਪ੍ਰਦਰਸ਼ਨੀਆਂ ਦੇ ਚਮਤਕਾਰੀ ਦ੍ਰਿਸ਼ਾਂ ਵਿਚ ਬਹੁਤ ਹੀ ਪ੍ਰਗਤੀ ਹੋਈ। ਪ੍ਰੋਹਤ ਸ਼੍ਰੇਣੀ ਦੀ ਸੰਖਿਆ ਹੋਰ ਵਧਣ ਲੱਗੀ। ਇਨ੍ਹਾਂ ਦੀਆਂ ਚਾਰ ਧਾਰਾਵਾਂ ਜਿਨ੍ਹਾਂ ਵਿਚ ਬ੍ਰਾਹਮਣ, ਹੋਤਰ, ਅਧਵਾਰੀਯੂ, ਉਦਗਾਤਰ, ਜੋ *ਰਿਗਵੇਦ* ਦੇ ਆਰੰਭ ਵਿਚ ਕਿਤੇ ਕਿਤੇ ਨਿਯਮ ਪਾਲਿਕ ਵਿਭਿੰਨਤਾ ਤੋਂ ਰਹਿਤ ਲਿਖਤੀ ਰੂਪ ਵਿਚ ਪ੍ਰਗਟ ਹੁੰਦੇ ਹਨ। ਇਹ ਵੈਦਿਕ ਧਾਰਾ ਦੀ ਸਮਾਜੀ ਜੀਵਨੀ ਵਿਚ ਛਾਲਾਂ ਮਾਰਦੇ ਹੋਏ ਸ਼ਾਮਲ ਹੋਣ ਲੱਗੇ। ਇਨ੍ਹਾਂ ਰੀਤੀਆਂ ਤੋਂ ਇਲਾਵਾ ਵੱਡੀ ਮਾਤਰਾ ਵਿਚ ਬਲੀਦਾਨ ਅਤੇ ਬਲੀ ਦੀ ਵੇਦੀ ਦੇ ਉਦਾਲੇ ਦੀਵਿਆਂ ਦੀ ਜੋਤਿ (accolytes) ਭੀ ਜਗਾਈ ਜਾਂਦੀ।

ਉਕਤ ਰੀਤੀਆਂ ਨੂੰ ਧਿਆਨ ਵਿਚ ਰੱਖਦਿਆਂ ਵੈਦਿਕ ਉਪਾਸ਼ਨਾ ਦਾ ਤਰੀਕਾ ਇਤਨਾ ਪੇਚੀਦਾ ਹੋ ਨਿਬੜਿਆ ਕਿ ਇਸ ਦੀਆਂ ਮਾਨਸਿਕ ਗੰਢਾਂ ਇਤਨੀਆਂ ਜਟਿਲ ਹੋ ਗਈਆਂ ਜਿਨ੍ਹਾਂ ਨੂੰ ਖੋਲ੍ਹਣਾ ਸਾਧਾਰਨ ਜਨਤਾ ਅਤੇ ਬ੍ਰਾਹਮਣਵਾਦੀ ਪ੍ਰੋਹਤਾਂ ਦੇ ਵਸੀਕਾਰ ਤੋਂ ਅਸੰਭਵਤਾ ਦੇ ਖੇਤਰ ਵਿਚ ਪ੍ਰਵੇਸ਼ ਕਰ ਗਿਆ। ਇਸ ਵਾਸਤੇ ਬਹੁਤ ਹੀ ਆਵਸ਼ਕ ਸੀ ਕਿ ਉਪਾਸ਼ਨਾ ਦੇ ਖੇਤਰ ਵਿਚ ਸੁਲਝੇ ਹੋਏ ਅਥਵਾ ਅੱਛੀ ਸਿਖਿਆ ਦੇ ਅਧੀਨ ਤਿਆਰ ਕੀਤੇ ਹੋਏ ਪ੍ਰੋਹਤਾਂ ਦੀ ਲੋੜ ਸੀ। ਵੈਦਿਕ ਸਾਹਿਤ ਵਿਚ ਵਰਗ ਵੰਡ ਪ੍ਰਤਿ ਇਕ ਅਭਿਆਸੀ ਵਿਹਾਰ ਅਤੇ ਨਿਸ਼ਚੇਕਾਰੀ ਪੱਖ ਸੀ। ਵੈਦਿਕ ਕਾਲ ਦੇ ਸਮੇਂ ਬਲਕਿ ਉਪਨਿਸ਼ਦ ਧਾਰਾ ਦੇ ਸਮੇਂ ਐਸੀਆਂ ਧਾਰਾਵਾਂ ਲਿਖਤੀ ਰੂਪ ਵਿਚ ਬਹੁਤ ਹੀ

ਘੱਟ ਪ੍ਰਾਪਤ ਹੁੰਦੀਆਂ ਹਨ ਗਰਜ਼ੇਕਿ, ਵੈਦਿਕ ਪ੍ਰਣਾਲੀ ਵਿਚ ਸਿਮ੍ਰਿਤਿ ਧਾਰਾ (ਸੀਨਾ-ਬ-ਸੀਨਾ ਜ਼ਬਾਨੀ ਧਾਰਾ) ਬਹੁਤ ਹੀ ਪ੍ਰਧਾਨ ਧਾਰਾ ਆਖੀ ਜਾ ਸਕਦੀ ਹੈ। ਇਸ ਤੋਂ ਇਲਾਵਾ ਭਾਰਤੀ ਸੰਸਕ੍ਰਿਤੀ ਵਿਚ ਲਿਖਤੀ ਇਤਿਹਾਸਿਕ ਪਰਮਾਣਿਕ ਸ਼ੈਲੀ ਅਥਵਾ ਲਿਖਤੀ ਦਸਤਾਵੇਜ਼ ਰੱਖਣ ਦਾ ਰਿਵਾਜ ਹੀ ਨਹੀਂ ਸੀ। ਉਕਤ ਧਾਰਾ ਦੀ ਪ੍ਰੋੜ੍ਹਤਾ ਪ੍ਰਤਿ ਨਿਮਨ ਲਿਖਤ ਪਰਮਾਣਿਕ ਸਮੱਗਰੀ ਕਿਸੇ ਹੱਦ ਤਕ ਸਹਾਇਕ ਵਸਤੂ ਹੋਵੇਗੀ :

Even the *Upnishadas* seem originally to have been handed down only orally. On the one hand we find passages in them which only become intelligible by an accompanying gesture (e.g., Birih. 1,4,6: atha iti abhyamanthat; and so on).

For the rest, the question of a written record in India has not the importance which we, judging by our own position, are inclined to give it.[1]

ਜੇਕਰ ਪੁਰਾਤਨ ਵੈਦਿਕ ਦਸਤਾਵੇਜ਼ ਲਿਖਤੀ ਰੂਪ ਵਿਚ ਨਹੀਂ ਸਨ ਤਦ ਐਸੀ ਸਥਿਤੀ ਨੂੰ ਮੱਦੇਨਜ਼ਰ ਰੱਖਦਿਆਂ ਯਕੀਨੀ ਤੌਰ 'ਤੇ ਐਸੀ ਸ਼ਬਦਾਵਲੀ ਵਰਤੀ ਜਾ ਸਕਦੀ ਹੈ ਕਿ ਜਦੋਂ ਅਧਵਾਰੀਯੂ ਪ੍ਰੋਹਤ ਦੇ ਪੜ੍ਹਨ ਵਾਲੇ ਸਲੋਕਾਂ ਦੀ ਗਿਣਤੀ *ਰਿਗਵੇਦ* ਵਿਚੋਂ ਸੰਤੁਸ਼ਟ-ਜਨਕ ਪ੍ਰਾਪਤ ਨਹੀਂ ਹੁੰਦੀ ਸੀ ਤਦ ਸਮੇਂ ਦੀ ਨਜ਼ਾਕਤ ਨੂੰ ਧਿਆਨ ਵਿਚ ਰੱਖਦਿਆਂ ਬ੍ਰਾਹਮਣੀ ਪ੍ਰੋਹਤਾਂ ਵਿਚ ਐਸੀ ਸਥਿਰ ਪ੍ਰੰਪਰਾ ਅਥਵਾ ਪਿਤਾ-ਪੁਰਖੀ ਪਰਿਪਾਟੀ ਉਤਪੰਨ ਹੋਈ ਜਿਸ ਦੇ ਆਧਾਰ 'ਤੇ ਉਨ੍ਹਾਂ ਨੇ ਐਸੀ ਹੱਥ-ਫੇਰੀ ਦਾ ਢੰਗ ਵਰਤਿਆ ਜਿਥੋਂ *ਯਜੁਰ ਵੇਦ* ਦੀ ਧਾਰਾ ਪ੍ਰਗਟ ਕੀਤੀ ਗਈ ਤਾਂਕਿ ਉਦਗਾਤਰ ਪ੍ਰੋਹਤ ਦੇ ਗਾਇਨ ਕਰਨ ਹਿਤ ਕਾਫ਼ੀ ਮਸਾਲਾ ਉਪਲਬਧ ਹੋ ਸਕੇ। ਅੰਤ ਵਿਚ ਹੋਤਰ ਪ੍ਰੋਹਤ ਦੇ ਪੜ੍ਹਨ ਵਾਸਤੇ ਬਹੁਤ ਹੀ ਲਘੂ ਸਲੋਕ ਸਮਗਰੀ ਬਾਕੀ ਰਹਿ ਜਾਂਦੀ। ਇਸ ਕਮੀ ਨੂੰ ਪੂਰੀ ਕਰਨ ਹਿਤ ਹੱਥ-ਫੇਰੀ ਦਾ ਕੁਸ਼ਲ ਪ੍ਰਯੋਗ (manipulation) ਕਰਦੇ ਹੋਏ ਪਿਤਾ ਪੁਰਖੀ ਮਾਰੂਸੀ ਵਿਚੋਂ *ਸਾਮ* ਵੇਦ ਦੀਆਂ ਸਹਿੰਤਾ ਅਥਵਾ ਸਲੋਕਾਂ ਦੀ ਰਚਨਾ ਕੀਤੀ ਗਈ। ਕੁਝ ਸਲੋਕਾਂ ਦੀ ਵੱਖਰੀ ਇਕੱਤਰੀਕਰਣ ਕੀਤੀ ਗਈ ਜਿਨ੍ਹਾਂ ਨੂੰ *ਰਿਗਵੇਦ* ਮੰਡਲਾਂ ਵਿਚ ਤਰਤੀਬ ਦਿੱਤੀ ਗਈ। ਬਲਕਿ ਨਵੀਨ ਸਲੋਕਾਂ ਦੀ ਕਲਾਕ੍ਰਿਤੀ ਪ੍ਰਤਿ *ਰਿਗਵੇਦ* ਦੀ ਧਾਰਾ ਖੁੱਲ੍ਹੀ ਰੱਖੀ ਗਈ। ਕਿਉਂਕਿ ਸਾਰੇ ਪੁਰਾਤਨ ਸਲੋਕ ਇਸ ਵਿਚ ਸੰਕਲਨ ਕਰਨ ਹਿਤ, ਸਵੀਕਾਰ ਨਹੀਂ ਕੀਤੇ ਗਏ। ਬਹੁਤ ਸਾਰੀ ਸਲੋਕ ਸਮੱਗਰੀ *ਰਿਗਵੇਦ* ਵਿਚ ਪ੍ਰਵੇਸ਼ ਕਰਨੋਂ ਵੰਚਿਤ ਕੀਤੀ ਗਈ। ਕਿਉਂਕਿ, ਵਿਚਾਰਸ਼ੈਲੀ ਦੇ ਦਾਇਰੇ ਵਿਚ ਉਨ੍ਹਾਂ ਸਲੋਕਾਂ ਦਾ

---

1. *System of Vedanta*, p. 14, foot note, by Paul Deussen.

ਵਿਸ਼ਾ-ਵਸਤੂ ਅਤਿ ਦੁਰਵਿਵਹਾਰੀ ਅਤੇ ਅਣਉਪਯੋਗੀ ਸੀ। ਗ਼ਰਜ਼ੇਕਿ, ਇਹ ਲਿਖਤਾਂ ਆਮ ਬਾਜ਼ਾਰੀ ਲੋਕਾਂ ਦੀਆਂ ਲਿਖਤਾਂ ਸਨ। ਇਨ੍ਹਾਂ ਲਿਖਤਾਂ ਨੂੰ *ਰਿਗਵੇਦ* ਵਿਚ ਸੰਕਲਨ ਕਰਨ ਹਿਤ, ਪੁਰਾਤਨ ਗੀਤਕਾਰਾਂ (ਭੱਟਾਂ) ਨੇ ਪਸੰਦ ਨਹੀਂ ਕੀਤਾ। ਪ੍ਰੰਤੂ ਬਿਰਛਾਂ ਦੇ ਪੱਤਿਆਂ ਵਾਂਗੂੰ ਵੇਦਿਕ ਤਣੇ ਦੇ ਪੁਰਾਤਨ ਗੀਤਾਂ ਨਾਲ ਮਗ਼ਜ਼ ਚੱਟੂ ਢੰਗ ਦੁਆਰਾ ਜੁੜੇ ਰਹੇ।

ਇਹ ਭੌਤਿਕ ਸਮੱਗਰੀ ਜੋ ਪੁਸ਼ਤ ਦਰ ਪੁਸ਼ਤ ਪਿਤਾ-ਪੁਰਖੀ ਢੰਗ ਦੁਆਰਾ ਸਿਮ੍ਰਿਤੀ ਦੇ ਆਧਾਰ 'ਤੇ ਚੱਲਦੀ ਆ ਰਹੀ ਸੀ ਜੋ ਭੱਟਾਂ ਦੀ ਕੋਤਾਹੀ ਦੁਆਰਾ ਅਸਵੀਕਾਰ ਕੀਤੀ ਗਈ, ਅੰਤ ਨੂੰ ਸੱਟੇਬਾਜ਼ੀ ਦੇ ਆਧਾਰ 'ਤੇ ਇਕ ਪਰਿਮਾਣਿਕ ਸਮੱਗਰੀ ਵਜੋਂ ਸਵੀਕਾਰ ਕੀਤੀ ਗਈ। ਕੁਝ ਸਮੇਂ ਤੋਂ ਉਪਰੰਤ ਇਸ ਸਮੱਗਰੀ ਨੇ ਚੌਥੇ ਵੇਦ *ਅਥਰਵਣ* ਦਾ ਰੂਪ ਧਾਰਨ ਕੀਤਾ ਜੋ ਦੀਰਘ ਕਾਲ ਵਾਸਤੇ ਵਿਰੋਧਾਭਾਸੀ ਕਸ਼ਮਕਸ਼ ਦਾ ਵਿਸ਼ਾ ਬਣਿਆ ਰਿਹਾ ਅਤੇ ਵਿਰਤੀਹਾਣ ਸਮੇਂ ਵਿਚ ਭੀ ਸੰਦੇਹਿਕ ਧਾਰਾ ਦੇ ਅਧੀਨ ਹੀ ਯਾਤਰਾ ਕਰ ਰਿਹਾ ਹੈ।[1]

ਵੇਦਿਕ ਵਰਣ ਭੇਦ ਪ੍ਰਤਿ ਆਪ ਜੀ ਨੇ ਉਕਤ ਵਾਰਤਾ ਵਿਚ ਕੁਝ ਲੋੜੀਂਦੀ ਸਮੱਗਰੀ ਪੜ੍ਹੀ ਅਤੇ ਜ਼ਿਹਨ ਨਸ਼ੀਂ ਕੀਤੀ ਹੈ। ਇਸ ਵੇਦਿਕ ਵਿਚਾਰ ਧਾਰਾ ਜੈਸੀ ਜਾਤਪਾਤੀ ਜਿਲ੍ਹਣ ਵਿਚ ਉਲਝੇ ਹੋਏ ਕੁਝ ਭੁੱਲੜ ਵਿਅਕਤੀ ਜੋ ਆਪਣੇ ਆਪ ਨੂੰ ਆਰ.ਐਸ.ਐਸ. ਅਥਵਾ ਰਾਸ਼ਟਰੀਆ ਸਿਖ ਸੰਗਤ ਦੀ ਛਾਪ ਥੱਲੇ ਅਤਿ ਛਲ ਕਪਟੀ ਢੰਗ ਦੁਆਰਾ ਪੇਸ਼ ਕਰਦੇ ਹਨ, ਸੰਭਵ ਹੈ ਕਿ ਉਨ੍ਹਾਂ ਨੇ ਵੇਦਿਕ ਵਿਚਾਰਧਾਰਾ ਦਾ ਅਧਿਐਨ ਨਾ ਕੀਤਾ ਹੋਵੇ। ਕੇਵਲ ਹਿੰਦੂ ਰਾਜ ਸੱਤਾ ਦੇ ਗ਼ਲਬੇ ਦੇ ਅਧੀਨ ਗੁਰਮਤਿ ਦੇ ਪਾਕਦਾਮਨੀ ਸਾਗਰ ਵਿਚ ਦੂਸ਼ਤ ਵਸਤੂਆਂ ਦੀ ਮਿਲਾਵਟ ਕਰਨੀ ਲੋਚਦੇ ਹਨ। ਇਨਸਾਨ ਹਮੇਸ਼ਾ ਹੀ ਦੋ ਢੰਗਾਂ ਦੁਆਰਾ ਕਲੰਕਤ, ਭ੍ਰਸ਼ਟ ਅਥਵਾ ਦੂਸ਼ਤ ਕੀਤਾ ਜਾ ਸਕਦਾ ਹੈ—ਲਾਲਚ ਦੁਆਰਾ ਅਤੇ ਭੈ ਦੁਆਰਾ। ਅੱਜ ਰਾਸ਼ਟਰੀਆ ਸਵੈਮ ਸੰਘ ਜੋ ਕੱਟੜ ਹਿੰਦੂ ਟੋਲਾ ਹੈ, ਹਕੂਮਤੀ ਅਧਿਕਾਰਾਂ ਦੀ ਦੁਰਵਰਤੋਂ ਕਰਦੀ ਹੋਈ ਇਨ੍ਹਾਂ ਭੁੱਲੜ ਅਤੇ ਕਮਜ਼ੋਰ ਇਰਾਦੇ ਦੇ ਸੁਅਸਥਹੀਣ, ਨਿਸ਼ੱਕਤ (ਸ਼ਕਤੀਹੀਣ) ਅੰਤ੍ਰੀਵੀ ਦੁਰਬਲਤਾ 'ਚ ਗ੍ਰਸੇ ਹੋਏ ਲੋਕਾਂ ਨੂੰ ਰਾਸ਼ਟਰੀਆ ਸਿਖ ਸੰਗਤ ਦੇ ਲੇਬਲ ਥੱਲੇ, ਗੁਰਮੁਖਿ ਗਾਡੀ ਮਾਰਗ ਨੂੰ ਕਲੰਕਤ ਕਰਨ ਦੇ ਆਹਰ ਵਿਚ ਅਤਿ ਸੁਬੱਲਤਾ ਦੁਆਰਾ ਰੁਝੇ ਹੋਏ ਹਨ। ਸਮੁੱਚੀ ਵੇਦਿਕ ਪ੍ਰਣਾਲੀ ਵੇਦਿਕ ਵਰਣ ਭੇਦ ਦੀਆਂ ਅਵਰੋਹੀ ਖੰਦਕਾਂ ਦੇ ਰਸਾਤਲ ਵਿਚ ਇਤਨੀ ਗ਼ਰਕ ਹੋ ਚੁੱਕੀ ਹੈ ਕਿ ਇਹ ਗੁਰਮਤਿ ਧਾਰਾ ਦੇ "ਸਭੇ ਸਾਝੀਵਾਲ ਸਦਾਇਨਿ" ਨੂੰ ਭੀ, ਜਾਤਪਾਤੀ ਰਸਾਤਲ ਦੀਆਂ ਗਹਿਰੀਆਂ ਤਲਾਂ ਵਿਚ ਗ਼ਰਕ ਕਰਨਾ ਲੋਚਦੀ ਹੈ। ਜਿਥੇ

1. *System of Vedanta*, pp. 12-15, by Paul Deussen.

ਇਹ, ਆਪਹੁੰ ਦਮ ਤੋੜ ਚੁੱਕੀ ਹੈ, ਗੁਰਮਤਿ ਦੇ ਦਾਇਰੇ ਵਿਚ ਇਸ ਵਰਣ ਵੰਡ ਵਾਸਤੇ ਤਨਕ ਮਾਤ੍ਰ ਭੀ ਗੁੰਜਾਇਸ਼ ਨਹੀਂ ਹੈ। ਪਾਵਨ ਗੁਰਬਾਣੀ ਵਿਚ ਇਕ ਜਗ੍ਹਾ ਨਹੀਂ ਬਲਕਿ, ਅਨੇਕਾਂ ਹੀ ਐਸੇ ਉਦਾਹਰਣ ਦਰਸਾਏ ਗਏ ਹਨ ਜਿਨ੍ਹਾਂ ਦੁਆਰਾ, ਇਸ ਜ਼ਾਤੀ ਭੇਦ ਜ਼ਿੱਲਤ ਨੂੰ ਖੰਡਨ ਖੰਡਨ ਖੰਡਨ ਕੀਤਾ ਗਿਆ ਹੈ। ਜਿਵੇਂ :

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥[1]

ਗੁਰਮਤਿ ਵਿਚ ਸਭ ਤੋਂ ਸ੍ਰੇਸ਼ਟ ਪੁਰਸ਼ ਉਹੀ ਹੈ ਜੋ ਸਤਿਗੁਰੂ ਦੇ ਦਰਸਾਏ ਅਨੁਸਾਰ ਵਾਹਿਗੁਰੂ ਅਤੇ ਪ੍ਰਕਿਰਤੀ ਦੀ ਸੇਵਾ ਕਰਦਾ ਹੈ। ਵਾਹਿਗੁਰੂ ਦੀ ਸੇਵਾ-ਭਗਤੀ ਨਿਰਗੁਣ ਦੀ ਸੇਵਾ ਹੈ, ਪ੍ਰਕਿਰਤੀ ਦੀ ਸੇਵਾ ਅਥਵਾ ਪਰਉਪਕਾਰ ਸਰਗੁਣ ਸਰੂਪ ਦੀ ਸੇਵਾ ਹੈ। ਜੋ ਪ੍ਰਾਣੀ ਐਸੀ ਸੇਵਾ ਕਰਦਾ ਹੈ ਉਹ ਸੇਵਕ ਅਤਿ ਲਾਲਾ ਗੋਲਾ (ਪਿਆਰਾ ਅਤੇ ਲਾਡਲਾ) ਸੇਵਕ ਹੈ। ਇਹੀ ਉਹ ਪੌੜੀ ਹੈ ਜੋ ਸਤਿਗੁਰ ਪਾਤਸ਼ਾਹ ਜੀ ਨੇ ਦਰਸਾਈ ਹੈ। ਜੋ ਗੁਰਸਿਖ ਇਸ ਪੌੜੀ ਦੇ ਜ਼ੀਨਿਆਂ 'ਤੇ ਚੜ੍ਹੇਗਾ, ਉਹ ਚੜ੍ਹਦਾ ਚੜ੍ਹਦਾ ਇਤਨਾ ਉਤਮ ਅਤੇ ਕੁਲੀਨ ਹੋ ਜਾਵੇਗਾ ਜਿਸ ਦੀ ਮਿਸਾਲ ਉਹ ਆਪ ਹੀ ਹੋਵੇਗਾ। ਐਸੀ ਵਡਿਆਈ ਐਸਾ ਮਰਤਬਾ ਕੇਵਲ ਨਾਮ ਅਤੇ ਪ੍ਰਕਿਰਤਕ ਸੇਵਾ ਵਿਚ ਜੁੜਿਆਂ ਹੀ ਪ੍ਰਾਪਤ ਹੁੰਦਾ ਹੈ। ਜਿਸ ਪ੍ਰਾਣੀ ਨੂੰ ਐਸਾ ਮਰਤਬਾ ਹਾਸਿਲ ਹੋ ਜਾਵੇ, ਉਹੀ ਸਭ ਤੋਂ ਉਤਮ ਜਾਤੀ ਵਾਲਾ ਸ੍ਰੇਸ਼ਟ ਵਿਅਕਤੀ ਹੈ। ਉਸ ਦੀ ਸੋਭਾ ਹੀ ਮਾਅਕੂਲ (ਪ੍ਰਸੰਸਾਯੋਗ) ਹੁੰਦੀ ਹੈ। ਜਿਵੇਂ :

ਸਤਿਗੁਰੁ ਸੇਵੇ ਸੁ ਲਾਲਾ ਹੋਇ ॥ ਉਤਮ ਜਾਤੀ ਉਤਮੁ ਸੋਇ ॥
ਗੁਰ ਪਉੜੀ ਸਭ ਦੂ ਊਚਾ ਹੋਇ ॥ ਨਾਨਕ ਨਾਮਿ ਵਡਾਈ ਹੋਇ ॥[2]

ਅਰਬੀ ਭਾਸ਼ਾ ਵਿਚ ਦੋ ਸ਼ਬਦ ਐਸੇ ਹਨ ਜਿਨ੍ਹਾਂ ਦੀਆਂ ਕਦਰਾਂ-ਕੀਮਤਾਂ ਉਨ੍ਹਾਂ ਸ਼ਬਦਾਂ ਦੇ ਦਾਇਰੇ ਵਿਚ ਹੀ ਅਲੋਪ ਹੋ ਰਹੀਆਂ ਹਨ। ਪ੍ਰਥਮ ਸ਼ਬਦ ਹੈ "ਏਅਤਕਾਦ" ਜਿਸ ਦਾ ਅਰਥ ਹੈ, ਅੰਤ੍ਰੀਵੀ ਭਰੋਸਾ, ਹਿਰਦੇ ਵੇਧਿਕ ਯਕੀਨ। ਦੂਸਰਾ ਸ਼ਬਦ ਹੈ "ਏਅਤਮਾਦ"—ਵਿਹੁਾਰੀ ਭਰੋਸਾ, ਵਿਉਪਾਰਕ ਯਕੀਨ। ਹਿੰਦੂ ਭਾਈ ਅਸਾਡਾ ਸਤਿਕਾਰਯੋਗ ਵੱਡਾ ਭਰਾਤਾ ਹੈ। ਇਸ ਨਾਲ ਅਸਾਡੀ ਵਿਉਪਾਰਕ ਅਤੇ ਵਿਹੁਾਰਕ ਭਿਆਲੀ ਹੋ ਸਕਦੀ ਹੈ। ਉਹ ਭੀ

1. ਭੈਰਉ ਮ: ੩, ਪੰਨਾ 1127/19.
2. ਆਸਾ ਮ: ੩, ਪੰਨਾ 363/5.

ਸਿੱਖੀ ਸਿਧਾਂਤ ਨੂੰ ਕਾਇਮ ਰੱਖਦੇ ਹੋਏ। ਪ੍ਰੰਤੂ ਇਸ ਨਾਲ "ਏਅਤਕਾਦੀ" ਭਾਵ ਧਾਰਮਕ ਸਾਂਝ ਕਿਸੇ ਭੀ ਕੀਮਤ 'ਤੇ ਨਹੀਂ ਕੀਤੀ ਜਾ ਸਕਦੀ। ਕਿਉਂਕਿ ਸਿੱਖੀ ਸਿਧਾਂਤ ਅਤੇ ਵੈਦਿਕ ਸਿਧਾਂਤ ਇਕ ਦੂਸਰੇ ਦੇ ਵਿਰੋਧਾਭਾਸੀ ਜ਼ਾਵੀਏ ਹਨ। ਜਿਵੇਂ ਸਿੱਖੀ ਜਗਤ ਦਾ ਮੂਲਿਕ ਅਕੀਦਾ ਇਕ ਅਤੇ ਕੇਵਲ ਇਕ ਵਾਹਿਗੁਰੂ ਹੈ। ਇਸ ਚਿੱਤਰ ਦੇ ਦੂਜੇ ਪਾਸੇ, ਹਿੰਦੂ ਸ਼੍ਰੇਣੀ ਦੇ ਭਗਵਾਨਾਂ ਦੀ ਸੰਖਿਆ ਅਗਿਣਤ ਹੈ।

9.83 ਵੈਦਿਕ ਸਤੀ ਰਸਮ

ਵੈਦਿਕ ਧਾਰਾ ਵਿਚ ਕਈ ਇਕ ਰਸਮਾਂ ਐਸੀਆਂ ਭੀ ਹਨ ਜਿਨ੍ਹਾਂ ਨੂੰ ਵੇਖ ਕੇ, ਪੜ੍ਹ ਕੇ ਅਥਵਾ ਸੁਣ ਕੇ ਇਨਸਾਨ ਦੀ ਵਿਚਾਰਸ਼ੈਲੀ ਸੁਭਾਵਿਕ ਹੀ ਹੈਰਾਨੀ ਦੇ ਖੇਤਰ ਵਿਚ ਪ੍ਰਵੇਸ਼ ਕਰਦੀ ਹੈ। ਵੈਦਿਕ ਧਾਰਾ ਵਿਚ ਸਤੀ ਦੀ ਰਸਮ ਇਕ ਐਸੀ ਨਾ-ਮੁਰਾਦ ਰਸਮ ਹੈ ਜਿਸ ਦੇ ਆਧਾਰ 'ਤੇ ਇਕ ਹਿੰਦੂ ਔਰਤ ਆਪਣੇ ਮੁਰਦਾ ਪਤੀ ਦੀ ਲਾਸ਼ ਦੇ ਨਾਲ ਸੜ ਕੇ ਸਵੈਮ ਆਹੂਤੀ ਦੇ ਜਾਂਦੀ ਹੈ। ਹਿੰਦੂ ਮਤਿ ਦੇ ਕਈ ਇਕ ਗ੍ਰੰਥਾਂ ਵਿਚ ਮੁਰਦਾ ਪਤੀ ਦੀ ਲਾਸ਼ ਨਾਲ ਸੜ ਕੇ ਮਰ ਜਾਣ ਵਾਲੀ ਇਸਤ੍ਰੀ ਪ੍ਰਤਿ ਕੁਝ ਐਸੇ ਵਿਚਾਰ ਦਰਸਾਏ ਗਏ ਹਨ। *ਪਾਰਾਸ਼ਰ ਸਿਮ੍ਰਿਤਿ* ਦੇ ਚੌਥੇ ਅਧਿਆਇ ਵਿਚ ਅੰਕਤ ਕੀਤਾ ਗਿਆ ਹੈ ਕਿ ਜੋ ਇਸਤ੍ਰੀ ਆਪਣੇ ਪਤੀ ਦੀ ਮੁਰਦਾ ਦੇਹੀ ਨਾਲ ਸਤੀ ਹੁੰਦੀ ਹੈ ਉਹ ਉਤਨੇ ਸਾਲ ਸੁਰਗ ਵਿਚ ਰਹਿੰਦੀ ਹੈ, ਜਿਤਨੇ ਰੋਮ ਪਤੀ ਦੇ ਜਿਸਮ 'ਤੇ ਹਨ। ਐਸੀ ਹੀ ਇਕ ਹੋਰ ਅਨੁਮਤੀ *ਦਕਸ਼ ਸਿਮ੍ਰਿਤਿ* ਦੇ ਚੌਥੇ ਅਧਿਆਇ ਵਿਚ ਭੀ ਵੇਖੀ ਜਾ ਸਕਦੀ ਹੈ।[1] ਹਿੰਦੂ ਮਿਥਿਹਾਸ ਵਿਚ ਭੀ ਕਈ ਇਕ ਐਸੀਆਂ ਮਿਸਾਲਾਂ ਹਨ ਜਿਨ੍ਹਾਂ ਦਾ ਅਧਿਐਨ ਕੀਤਿਆਂ ਇਹ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਸਤੀ ਦੀ ਰਸਮ ਦਾ ਆਰੰਭ ਕਿਥੋਂ, ਕਦੋਂ ਅਤੇ ਕਿਵੇਂ ਹੋਇਆ ਹੈ? ਸੁਹਿਰਦ ਪਾਠਕਾਂ ਦੀ ਜਾਣਕਾਰੀ ਹਿਤ ਕੁਝ ਉਦਾਹਰਣ ਪੇਸ਼ ਕੀਤੇ ਜਾ ਰਹੇ ਹਨ, ਜਿਵੇਂ:

ਸ੍ਰੀ ਮਦ ਭਾਗਵਤ ਪੁਰਾਣ ਦੇ ਇਕਾਦਸ (ਗਿਆਰ੍ਹਵੇਂ) ਅਧਿਆਇ ਵਿਚ ਇਕ ਗਾਥਾ ਵਰਣਨ ਕੀਤੀ ਗਈ ਹੈ ਜੋ ਸੁਕਦੇਵ ਜੀ ਰਾਜਾ ਪ੍ਰੀਕਸ਼ਤ ਪ੍ਰਤਿ ਸ਼੍ਰਵਣ ਕਰਵਾ ਰਹੇ ਹਨ। ਪ੍ਰਭਾਸ ਖੇਤਰ ਵਿਚ ਜਾਦਵ ਕੁਲ ਦੇ ਲੋਕ ਪਰਸਪਰ ਲੜਦੇ ਹੋਏ, ਇਕ ਦੂਸਰੇ ਨੂੰ ਕੱਟ ਵੱਢ ਕੇ ਖ਼ਤਮ ਹੋ ਗਏ। ਕ੍ਰਿਸ਼ਨ ਜੀ ਮਹਾਰਾਜ ਦੇ ਦਾਰੁਕ ਰਥਵਾਨ ਦੀ ਗਾਥਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ, (ਇਹ ਗਾਥਾ *ਸ੍ਰੀ ਮਦ ਭਾਗਵਤ ਪੁਰਾਣ* ਸ਼ੈਲੀ ਦੇ ਅਨੁਸਾਰ ਲਿਖੀ ਗਈ ਹੈ):

1. *ਮਹਾਨ ਕੋਸ਼*, ਪੰਨਾ 149, ਸਤੀ।

ਤਬ ਦਾਰੁਕ ਰਥੀ ਹਾਥ ਜੋੜ ਕਰ ਆਗੇ ਆਇ ਖੜਾ ਹੂਆ। ਔਰ ਮਹਾਰਾਜ ਕੇ ਚਰਣਾਰਬਿੰਦ ਪਰ ਅਪਨਾ ਮਸਤਕ ਰੱਖ ਦੀਆ ਔਰ ਬਿਨਤੀ ਕਰਕੇ ਕਹਿਨੇ ਲਗਾ—ਹੇ ਨਾਥ! ਹੇ ਭਗਤ ਆਤਮਾ! ਅਬ ਮੁਝ ਕੋ ਕਿਆ ਆਗਿਆ ਹੈ। ਤਬ ਸ੍ਰੀ ਕ੍ਰਿਸ਼ਨ ਚੰਦ੍ਰ ਮਹਾਰਾਜ ਨੇ ਕਹਾ—ਦਾਰੁਕ! ਅਬ ਤੂੰ ਦ੍ਵਾਰਕਾ ਮੇਂ ਜਾ। ਉਗ੍ਰਸੈਨ, ਵਾਸਦੇਵ ਔਰ ਦੇਵਕੀ ਜੀ ਸੇ ਯਿਹ ਬਾਤ ਕਹਿ ਦੇਨਾ ਕਿ ਸਭ ਯਾਦਵਬੰਸੀ ਆਪਸ ਮੇਂ ਕਟ ਕਰ ਮਰੇ ਔਰ ਨਾਨਾ ਪ੍ਰਕਾਰ ਕੇ ਜੁਧ ਕਰ ਮਰੇ ਔਰ ਸ੍ਰੀ ਕ੍ਰਿਸ਼ਨ ਚੰਦ੍ਰ ਭੀ ਔਰ ਬਲਭੱਦਰ ਭੀ ਅੰਤਰ ਧਿਆਨ ਹੋ ਗਏ ਔਰ ਆਜ ਸੇ ਸਾਤਵੇਂ ਦਿਨ ਦ੍ਵਾਰਕਾ ਮੇਂ ਪਹੁੰਚੂੰਗਾ, ਅਰਜਨ ਭੀ ਵਹਾਂ ਆਵੇਗਾ, ਸੋ ਤੁਮ ਨੇ ਅਰਜਨ ਸੇ ਕਹਿਣਾ ਕਿ ਸ੍ਰੀ ਕ੍ਰਿਸ਼ਨ ਜੀ ਨੇ ਤੁਮ ਕੋ ਯਿਹ ਫ਼ੁਰਮਾਇਆ ਹੈ ਕਿ ਜੋ ਕੁਛ ਮੈਂਨੇ ਗੀਤਾ ਮੇਂ ਪਰਮਾਤਮਾ ਕਾ ਗਿਆਨ ਉਪਦੇਸ਼ ਕੀਆ ਹੈ ਉਸ ਕੋ ਤੁਮ ਬਿਚਾਰ ਕਰਕੇ ਅਪਨੇ ਮਨ ਧੀਰਜ ਰਖੀਓ ਔਰ ਸਭ ਜੀਵ ਦਵਾਰਕਾ ਬਾਸੀਓਂ ਕੋ ਅਪਨੇ ਸਾਥ ਹਸਤਨਾਪੁਰ ਕੋ ਲੇ ਜਾਈਏ। ਹੇ ਰਾਜਾ! ਸ੍ਰੀ ਕ੍ਰਿਸ਼ਨ ਮਹਾਰਾਜ ਦਾਰੁਕ ਰਥੀ ਸੇ ਯੇਹ ਸੰਦੇਸ਼ਾ ਕਹਿਤੇ ਪਦਮ ਆਸਨ ਬੈਠ ਕਰ ਬ੍ਰਹਮ ਨਿਰਗੁਨ ਮੇਂ ਲਿਵਲੀਨ ਹੋ ਕਰ ਦੇਹ ਸਹਿਤ ਅੰਤਰ ਧਿਆਨ ਕੋ ਪ੍ਰਾਪਤ ਹੂਏ। ਹੇ ਰਾਜਾ! ਉਨ ਕੀ ਲੀਲ੍ਹਾ ਔਰ ਗਤਿ ਕਾ ਕਿਸੀ ਸੇ ਬਖਾਨ ਨਹੀਂ ਹੋ ਸਕਤਾ। (ਹੁਣ ਦਾਰੁਕ ਰਥਵਾਨ ਦ੍ਵਾਰਕਾ ਨਗਰੀ ਵਿਚ ਆਣ ਪਹੁੰਚਿਆ ਹੈ, ਇਸ ਤੋਂ ਅਗੇਤਰ ਕਹਾਣੀ ਸੁਕਦੇਵ ਜੀ ਰਾਜਾ ਪ੍ਰੀਕਸ਼ਤ ਪ੍ਰਤਿ ਬਿਆਨ ਕਰਦੇ ਹਨ)।

ਹੇ ਰਾਜਾ! ਦਾਰੁਕ ਕੋ ਆਵਤੇ ਹੂਏ ਦੇਖ ਕੇ ਦੇਵਕੀ ਜੀ ਨੇ ਪੂਛਾ—ਹੇ ਦਾਰੁਕ! ਤੂੰ ਅਕੇਲਾ ਕਿਉਂ ਕਰ ਆਯਾ। ਕਹੋ ਤੋ ਸ੍ਰੀ ਕ੍ਰਿਸ਼ਨ ਚੰਦ੍ਰ ਆਨੰਦ ਕੰਦ ਕੁਸ਼ਲ ਸੇ ਹੈਂ। ਹੇ ਰਾਜਾ! ਦਾਰੁਕ ਨੇ ਸਾਰੀ ਬ੍ਰਿਥਾ ਕਹਿ ਸੁਣਾਈ ਔਰ ਕਹਾ ਕਿ ਗੋਕਲ ਨਾਥ ਔਰ ਹਲਧਰ ਜੀ ਅੰਤਰ ਧਿਆਨ ਹੋ ਗਏ, ਜਿਸ ਸਮੇਂ ਬਾਸੁਦੇਵ ਦੇਵਕੀ ਜੀ ਨੇ ਯਿਹ ਬਾਤ ਸੁਨੀ, ਉਸ ਸਮੇਂ ਸ੍ਰੀ ਕ੍ਰਿਸ਼ਨ ਚੰਦ੍ਰ ਜੀ ਮਹਾਰਾਜ ਕਾ ਧਿਆਨ ਕਰ ਪ੍ਰਾਣ ਅੰਤ ਹੋ ਗਏ ਔਰ ਰੋਹਿਣੀ ਅਰ ਉਗ੍ਰਸੈਨ ਭੀ ਦੇਹ ਤਿਆਗ ਸਿਧਾਰੇ। ਹੇ ਰਾਜਾ! ਜਬ ਯਿਹ ਬਾਤ ਦੁਆਰਕਾ ਮੇਂ ਪ੍ਰਵਿਰਤ ਹੋ ਗਈ, ਤਬ ਸੋਲ੍ਹਾਂ ਸਹੰਸਰ ਏਕ ਸੌ ਆਠ ਰਾਣੀ ਸ੍ਰੀ ਕ੍ਰਿਸ਼ਨ ਚੰਦ੍ਰ ਜੀ ਕੀ ਇਹ ਬਾਤ ਸੁਣ ਕੇ ਦਾਰੁਕ ਕੇ ਪਾਸ ਆਈਂ ਐਸੇ ਬਚਨ ਕਹਿਣੇ ਲਗੀਂ—ਹੇ ਦਾਰੁਕ! ਜਿਸ ਅਸਥਾਨ ਪਰ ਸ੍ਰੀ ਕ੍ਰਿਸ਼ਨ ਚੰਦ੍ਰ ਮਹਾਰਾਜ ਨੇ ਸੁਖ ਦੀ, ਪਟਰਾਣੀਆਂ ਸੈਣ ਕਰਾ ਹੈ ਵਹਾਂ ਹੀ ਤੂੰ ਹਮ ਸਭ ਕੋ ਲੇ ਚੱਲ। ਹੇ ਰਾਜਾ! ਸਾਰੀ ਰਾਣੀਆਂ ਔਰ ਪਟਰਾਣੀਆਂ ਸ੍ਰੀ ਭਗਵਾਨ ਕੀ ਅਰ ਜਾਦੋ ਬੰਸੀਓਂ ਕੀ ਇਸਤ੍ਰੀਆਂ ਦਾਰੁਕ ਕੇ ਸੰਗ ਪ੍ਰਭਾਸ ਛੇਤਰ ਮੇਂ ਜਹਾਂ ਸੰਗ੍ਰਾਮ ਹੂਆ ਥਾ, ਆਈਂ ਅਰ ਸਭ ਜਾਦੋਂ ਇਸਤ੍ਰੀਆਂ ਅਪਨੇ ਅਪਨੇ ਪਤੀਓਂ ਕੇ ਸਰੀਰੋਂ ਕੋ ਪਹਿਚਾਣ

ਕਰ ਉਨ ਕੇ ਸਾਥ ਦਗਧ ਹੋ ਗਈਂ ਅਰ ਸੋਲ੍ਹਾਂ ਸਹੰਸਰ ਏਕ ਸੌ ਆਠ ਰਾਣੀਆਂ ਅਰ(ਅੱਠ) ਪਟਰਾਣੀਆਂ ਭੀ ਸਾਰੀਆਂ ਨਿਰਾਲੀ ਨਿਰਾਲੀ ਆਸਣ ਲਗਾਇਕੇ ਅਰ ਸ੍ਰੀ ਕ੍ਰਿਸ਼ਨ ਚੰਦਰ ਮਹਾਰਾਜ ਕਾ ਧਿਆਨ ਹਿਰਦੇ ਮੇਂ ਧਾਰਨ ਕਰ ਕੇ ਅਗਨੀ ਮੇਂ ਜਾਇ ਪ੍ਰਵੇਸ਼ ਹੂਈਂ ਅਰ ਦਾਰੁਕ ਫਿਰ ਉਲਟਾ ਆਇ ਕਰ ਅਰਜਨ ਸੇ ਮਿਲਾ।[1] (ਵੇਦਿਕ ਸਤੀ ਰਸਮ ਪ੍ਰਤਿ ਇਹ ਇਕ ਉਦਾਹਰਣ ਹੈ ਜੋ ਆਪ ਜੀ ਨੇ ਪੜ੍ਹੀ ਅਤੇ ਵਿਚਾਰੀ ਹੈ)।

ਵੇਦਿਕ ਸਤੀ ਰਸਮ ਪ੍ਰਤਿ ਦੂਸਰੀ ਉਦਾਹਰਣ ਭੀ *ਸ੍ਰੀ ਮਦ ਭਾਗਵਤ ਪੁਰਾਣ* ਦੇ ਚੌਥੇ ਸਕੰਧ ਵਿਚੋਂ ਪ੍ਰਾਪਤ ਹੁੰਦੀ ਹੈ। ਸੰਭਵ ਹੈ ਕਿ ਵੇਦਿਕ ਧਾਰਾ ਵਿਚ ਕਿਸੇ ਔਰਤ ਦਾ ਆਪਣੇ ਪਤੀ ਦਾ ਤ੍ਰਿਸਕਾਰ ਨਾ ਸਹਾਰਦੇ ਹੋਏ ਆਪਣੇ ਆਪ ਨੂੰ ਅਗਨਿ ਭੇਟ ਕਰਨ ਦਾ ਪ੍ਰਥਮ ਅਵਸਰ ਹੋਵੇ। ਇਸ ਗਾਥਾ ਦਾ ਆਗਾਜ਼ ਮੈਤਰੇ ਰਿਖੀ ਅਤੇ ਬਿਦਰ ਦੀ ਪਰਸਪਰ ਵਾਰਤਾਲਾਪ ਦੁਆਰਾ ਹੁੰਦਾ ਹੈ। ਮੈਤਰੇ ਨੇ ਬਿਦਰ ਨੂੰ ਸੰਬੋਧਨ ਕਰਦੇ ਹੋਏ ਦਖਸ਼ ਪਰਜਾਪਤਿ ਦੇ ਯੱਗ ਦੀ ਕਹਾਣੀ ਆਰੰਭ ਕੀਤੀ—ਹੇ ਬਿਦਰ! ਜਦੋਂ ਦਖਸ਼ ਪਰਜਾਪਤਿ ਦੇ ਨਿਮੰਤ੍ਰਣ ਦੁਆਰਾ ਵੇਦਿਕ ਦੇਵਤਾ ਅਤੇ ਰਿਖੀ ਮੁਨੀ ਆਪਣੀ ਇਸਤ੍ਰੀਆਂ ਸਮੇਤ ਅੱਛੇ ਅੱਛੇ ਵਸਤ੍ਰ ਅਤੇ ਭੂਸ਼ਣ ਪਹਿਨ ਕੇ ਰੰਗ ਰਲੀਆਂ ਮਨਾਉਂਦੇ ਹੋਏ ਜਾ ਰਹੇ ਹਨ ਤਦ ਸਤੀ ਜੀ ਨੇ ਆਪਣੇ ਪਤੀ ਦੇਵਤਾ ਰੁਦਰ ਜੀ ਤੋਂ ਪੁਛਿਆ ਕਿ ਅੱਜ ਆਕਾਸ਼ ਵਿਚ ਬਹੁਤ ਭੀੜ ਭੜੱਕਾ ਦ੍ਰਿਸ਼ਟੀਮਾਨ ਹੋ ਰਿਹਾ ਹੈ, ਇਹ ਲੋਕ ਕਿਧਰ ਜਾ ਰਹੇ ਹਨ? ਸਤੀ ਦੇ ਮੁਖ ਤੋਂ ਐਸੀ ਬਾਤ ਸੁਣ ਕੇ ਮਹਾਂਦੇਵ ਦੇ ਗਣ ਆਖਣ ਲਗੇ ਕਿ ਹੇ ਸਤੀ! ਤੇਰੇ ਪਿਤਾ ਦਖਸ਼ ਜੀ ਨੇ ਯੱਗ ਕੀਤਾ ਹੈ। ਉਸ ਨੇ ਸਾਰੇ ਦੇਵਤਿਆਂ ਨੂੰ ਯੱਗ ਵਿਚ ਸ਼ਾਮਲ ਹੋਣ ਵਾਸਤੇ ਬੁਲਾਇਆ ਹੈ। ਇਹ ਗੱਲ ਸੁਣ ਕੇ ਸਤੀ ਦੇ ਮਨ ਵਿਚ ਵਿਚਾਰ ਆਈ ਕਿ ਮੇਰੇ ਪਿਤਾ ਦਖਸ਼ ਜੀ ਨੇ ਮੈਨੂੰ ਅਤੇ ਮਹਾਂਦੇਵ ਜੀ ਨੂੰ ਕਿਉਂ ਨਹੀਂ ਬੁਲਾਇਆ? ਸੰਭਵ ਹੈ ਕਿ ਯੱਗ ਦੇ ਕਾਰਜ ਵਿਚ ਬਹੁਤੇ ਰੁਝੇਵੇਂ ਦੇ ਕਾਰਨ ਅਸਾਨੂੰ ਬੁਲਾਉਣਾ ਵਿਸਰ ਗਏ ਹੋਣ। ਖ਼ੈਰ ਕੁਝ ਭੀ ਕਿਉਂ ਨਾ ਹੋਵੇ, ਮਾਤਾ ਪਿਤਾ ਦੇ ਘਰ ਵਿਚ ਕੋਈ ਭੀ ਰਸਮ ਅਥਵਾ ਕੰਮ ਕਾਜ ਹੁੰਦਾ ਹੋਵੇ, ਧੀਆਂ ਨੂੰ ਆਪਣੇ ਆਪ ਹੀ ਜਾਣਾ ਚਾਹੀਦਾ ਹੈ। ਇਸ ਵਿਚ ਕੋਈ ਅਪਮਾਨਜਨਕ ਗੱਲ ਨਹੀਂ ਹੈ। ਮੇਰੇ ਨਾ ਜਾਣ ਕਰਕੇ ਦੇਵਤਿਆਂ ਦੀਆਂ ਇਸਤ੍ਰੀਆਂ ਕੁਝ ਕਿੰਤੂ ਕਰਨਗੀਆਂ ਕਿ ਕੋਈ ਕਾਰਣ ਹੈ ਜੋ ਸਤੀ ਨੂੰ ਯੱਗ ਵਿਚ ਨਹੀਂ ਬੁਲਾਇਆ ਗਿਆ। ਮੇਰੇ ਨਾ ਜਾਣ ਕਰਕੇ ਪਿਤਾ ਜੀ ਦਾ ਨਿਰਾਦਰ ਹੋਵੇਗਾ। ਇਤਨਾ ਕੁਝ ਸੋਚਦੀ ਹੋਈ ਸਤੀ ਨੇ ਮਹਾਂਦੇਵ ਜੀ ਅੱਗੇ ਪ੍ਰਾਰਥਨਾ ਕੀਤੀ—ਹੇ ਮਹਾਰਾਜ! ਮੇਰੇ ਪਿਤਾ ਦੇ ਯੱਗ ਵਿਚ ਸਾਰੇ

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 11, ਅਧਿਆਇ 31, ਪੰਨੇ 542-544, (ਪੰਜਾਬੀ ਅਨੁਵਾਦ)।

ਦੇਵਤੇ ਆਪਣੀਆਂ ਆਪਣੀਆਂ ਇਸਤ੍ਰੀਆਂ ਸਮੇਤ ਜਾ ਰਹੇ ਹਨ। ਸੰਭਵ ਹੈ ਕਿ ਉਹ ਯੱਗ ਦੇ ਕੰਮਾਂ ਵਿਚ ਰੁੱਝੇ ਹੋਣ ਕਰਕੇ ਅਸਾਨੂੰ ਬੁਲਾਉਣਾ ਭੁੱਲ ਗਏ ਹੋਣ। ਪਿਤਾ ਦੇ ਯੱਗ ਵਿਚ ਅਸਾਡਾ ਬਿਨਾਂ ਬੁਲਾਏ ਜਾਣਾ ਭੀ ਉਚਿਤ ਹੀ ਹੋਵੇਗਾ। ਪਿਤਾ ਅਤੇ ਗੁਰੂ ਦੇ ਗ੍ਰਹਿ ਵਿਖੇ ਬਿਨਾਂ ਬੁਲਾਏ ਜਾਣ ਵਿਚ ਭੀ ਕੋਈ ਹਰਜ਼ ਨਹੀਂ ਹੈ। ਤੁਸੀਂ ਭੀ ਮੇਰੇ ਨਾਲ ਚਲੋ ਅਤੇ ਸਾਰਿਆਂ ਨੂੰ ਮਿਲ ਕੇ ਅਤਿ ਪ੍ਰਸੰਨਤਾ ਹੋਵੇਗੀ। ਸਤੀ ਦੀਆਂ ਗੱਲਾਂ ਸੁਣ ਕੇ ਮਹਾਂਦੇਵ ਜੀ ਆਖਣ ਲੱਗੇ ਕਿ ਤੇਰਾ ਪਿਤਾ ਮੇਰੇ ਨਾਲ ਅੰਤ੍ਰੀਵੀ ਤੌਰ 'ਤੇ ਵੈਰ-ਭਾਵਨਾ ਰੱਖਦਾ ਹੈ, ਅਗਰ ਮੇਰੇ ਨਾਲ ਸਦਭਾਵਨਾ ਰੱਖਦਾ, ਸੰਭਵ ਸੀ ਕਿ ਆਪਾਂ ਬਿਨਾਂ ਬੁਲਾਏ ਭੀ ਚਲੇ ਜਾਂਦੇ। ਜੇਕਰ ਆਪਾਂ ਬਿਨਾਂ ਬੁਲਾਏ ਚਲੇ ਭੀ ਗਏ, ਹੋ ਸਕਦਾ ਹੈ ਕਿ ਉਹ ਕੁਝ ਬੁਰਾ ਭਲਾ ਬੋਲੇ, ਆਦਰ ਨਾ ਦੇਵੇ, ਦੁਰਬਚਨ ਬੋਲੇ। ਐਸੀ ਸਥਿਤੀ ਵਿਚ ਅਸਾਡਾ ਜਾਣਾ ਠੀਕ ਨਹੀਂ ਹੈ। ਸਿਆਣਿਆਂ ਦਾ ਕਥਨ ਹੈ ਕਿ ਤੀਰ ਤਲਵਾਰ ਦੇ ਜ਼ਖ਼ਮ ਸਮਾਂ ਪਾ ਕੇ ਮਿਟ ਜਾਂਦੇ ਹਨ ਪ੍ਰੰਤੂ ਦੁਰਬਚਨਤਾ ਇਕ ਐਸਾ ਤੀਰ ਹੈ ਜਿਸ ਦੇ ਜ਼ਖ਼ਮ ਹਮੇਸ਼ਾ ਹੀ ਸਥਿਰ ਰਹਿੰਦੇ ਹਨ। ਮਹਾਂਦੇਵ ਵਲੋਂ ਐਸਾ ਸੁਝਾਉ ਸੁਣ ਕੇ ਸਤੀ ਆਖਣ ਲੱਗੀ—ਜੇਕਰ ਆਪ ਜੀ ਨਹੀਂ ਜਾ ਸਕਦੇ ਤਦ ਮੈਨੂੰ ਹੀ ਭੇਜ ਦੇਵੋ। ਤ੍ਰਿਅ ਹੱਠ ਇਕ ਐਸੀ ਹੱਠਧਰਮੀ ਹੈ ਜਿਸ ਵਿਚ ਕਦੀ ਭੀ ਲਚਕ ਨਹੀਂ ਆ ਸਕਦੀ। ਜੀਵਨ ਦੇ ਹਰ ਬੈਰੂਨੀ ਖੇਤਰ ਵਿਚ ਮਰਦ ਹਮੇਸ਼ਾ ਹੀ ਜਿੱਤ ਪ੍ਰਾਪਤ ਕਰ ਸਕਦਾ ਹੈ, ਪ੍ਰੰਤੂ ਘਰੇਲੂ ਸਥਿਤੀ ਇਕ ਐਸੀ ਨਾਜ਼ਕ ਅਤੇ ਤਿਲ੍ਹਕਵੀਂ ਢਲਵਾਨ ਹੈ ਜਿਥੇ ਆਣ ਕੇ ਵੱਡੇ ਵੱਡੇ ਦ੍ਰਿੜ੍ਹ ਵਿਸ਼ਵਾਸੀ ਜੋਧੇ ਭੀ ਤਿਲ੍ਹਕ ਜਾਂਦੇ ਹਨ। ਕਿਉਂਕਿ ਹੱਠਧਰਮੀ ਦੇ ਨਾਲ ਨਾਲ ਇਸਤ੍ਰੀ ਦੀ ਚੰਚਲਤਾ ਅਤੇ ਸੁੰਦਰਤਾ ਐਸੇ ਹਥਿਆਰ ਹਨ ਜਿਨ੍ਹਾਂ ਦੇ ਪ੍ਰਤਿਕਰਮ ਵੱਡੇ ਵੱਡੇ ਮਹਾਂਬਲੀ ਤਿਲ੍ਹਕਦੇ ਡਿੱਗਦੇ ਵੇਖੇ ਗਏ ਹਨ। ਦੁਨੀਆ ਵਿਚ ਛੇ ਤਾਕਤਾਂ ਐਸੀਆਂ ਹਨ ਜੋ ਨਿਜੀ ਸੁਬੱਲਤਾ ਦੇ ਆਸਰੇ ਹਰ ਰਣਖੇਤਰ ਵਿਚ ਕਾਮਿਆਬੀ ਪ੍ਰਾਪਤ ਕਰਦੀਆਂ ਹਨ। ਜਿਨ੍ਹਾਂ ਵਿਚ ਤੰਦਰੁਸਤੀ, ਸਰੀਰਕ ਸੁਬੱਲਤਾ, ਦੌਲਤ, ਰਾਜਸੱਤਾ ਜਾਂ ਪ੍ਰਭੁਤਾ, ਵਿਦਿਆ ਅਤੇ ਸੁੰਦਰਤਾ—ਇਹ ਛੇ ਤਾਕਤਾਂ ਐਸੀਆਂ ਹਨ ਜੋ ਕਿਸੇ ਭੀ ਢੰਗ ਦੁਆਰਾ ਜੀਵਨ ਦੇ ਕਿਸੇ ਭੀ ਖੇਤਰ ਵਿਚ ਸ਼ਾਸਨਿਕ ਪ੍ਰਣਾਲੀ ਕਾਇਮ ਰੱਖਦੀਆਂ ਹਨ। ਨਿਮਨ ਲਿਖਤ ਰਚਨਾ ਉਕਤ ਦਰਸਾਏ ਖ਼ਿਆਲ ਦੀ ਪ੍ਰੋੜ੍ਹਤਾ ਕਰਦੀ ਹੈ, ਜਿਵੇਂ :

ਸ੍ਰੀ ਮਦ ਬਕ੍ਰ ਨ ਕੀਨ ਕਿਹ, ਪ੍ਰਭੁਤਾ ਬਧਿਰ ਨ ਕਾਹਿ॥
ਮ੍ਰਿਗ ਲੋਚਨ ਕੇ ਨੈਨ ਸਰ, ਕੋ ਅਸ ਲਾਗਿ ਨ ਜਾਹਿ॥੧੦੧॥

ਅਰਥ : ਧਨ ਦੇ ਅਹੰਕਾਰ ਨੇ ਕਿਸ ਕਿਸ ਨੂੰ ਕੁਟਿਲ ਨਹੀਂ ਕੀਤਾ? ਪ੍ਰਭੁਤਾ (ਹਕੂਮਤ ਦੇ ਨਸ਼ੇ) ਨੇ ਕਿਸ ਕਿਸ ਨੂੰ ਬੋਲਾ ਨਹੀਂ ਬਣਾਇਆ ਅਤੇ

ਐਸਾ ਕਿਹੜਾ ਹੈ ਜਿਸਨੂੰ ਇਸਤ੍ਰੀ ਦੀਆਂ ਅੱਖੀਆਂ ਨੇ ਘਾਇਲ ਨਹੀਂ ਕੀਤਾ ?[1]

ਨਿਰਸੰਦੇਹ ਇਸੇ ਸਿਧਾਂਤ ਦੇ ਅਧੀਨ ਅੱਜ ਮਹਾਂਦੇਵ ਨੇ ਭੀ ਆਪਣੀ ਇਸਤ੍ਰੀ ਸਤੀ ਦੇ ਅੱਗੇ ਹਾਰ ਸਵੀਕਾਰਦੇ ਹੋਏ ਉਸ ਨੂੰ ਆਪਣੇ ਪਿਤਾ ਦਖਸ਼ ਪ੍ਰਜਾਪਤਿ ਦੇ ਯੱਗ ਵਿਚ ਜਾਣ ਹਿਤ ਹਰੀ ਝੰਡੀ ਹਿਲਾ ਦਿੱਤੀ। ਦੁਨੀਆ ਦੀ ਕੋਈ ਭੀ ਇਸਤ੍ਰੀ ਹਮੇਸ਼ਾ ਹੀ ਹਾਰਦਿਕ ਤੌਰ 'ਤੇ ਪਤੀ ਦੀ ਆਗਿਆਕਾਰ ਹੋ ਸਕਦੀ ਹੈ ਪ੍ਰੰਤੂ ਜਿਥੇ ਉਸ ਦੇ ਪੇਕਿਆਂ ਦਾ ਪ੍ਰਸ਼ਨ ਹੈ ਉਹ ਹਰ ਪ੍ਰਕਾਰੀ ਪਤੀ ਪਿਆਰ ਅਤੇ ਪਤੀ ਆਗਿਆ ਦੀ ਉਲੰਘਣਾ ਕਰ ਸਕਦੀ ਹੈ। ਇਥੇ ਮਹਾਂਦੇਵ ਜੀ ਨੇ ਨਿਜੀ ਖ਼ਿਆਲਾਂ ਦਾ ਪ੍ਰਗਟਾਵਾ ਕਰਦੇ ਹੋਏ ਆਖਿਆ ਹੈ ਕਿ ਤੂੰ ਪਿਤਾ ਦੇ ਯੱਗ ਮੇਂ ਚਲੀ ਜਾ, ਇਸ ਦਾ ਫਲ ਅੱਛਾ ਨਹੀਂ ਹੋਗਾ।

ਮਹਾਂਦੇਵ ਦੀ ਮਜਬੂਰੀ ਦਾ ਲਾਭ ਉਠਾਉਂਦੀ ਹੋਈ ਸਤੀ ਆਪਣੇ ਪਿਤਾ ਦੇ ਗ੍ਰਿਹ ਵਿਖੇ ਜਾਣ ਲਈ ਤਿਆਰ ਹੋ ਗਈ। ਸ਼ਿਵ ਨੇ ਨਿਜੀ ਜ਼ਿੰਮੇਵਾਰੀ ਅਨੁਭਵ ਕਰਦੇ ਹੋਏ ਉਸ ਨਾਲ ਆਪਣੇ ਸੇਵਕ (ਗਣ) ਭੇਜ ਦਿੱਤੇ ਤਾਂਕਿ ਯੱਗ ਸਥਾਨ ਦੀ ਸਾਰੀ ਸਥਿਤੀ ਦਾ ਵੇਰਵਾ ਜਾਣਿਆ ਜਾ ਸਕੇ। ਜਦੋਂ ਸਤੀ ਆਪਣੇ ਪਿਤਾ ਦੇ ਸਥਾਨ 'ਤੇ ਪਹੁੰਚੀ ਤਦ ਉਸ ਨੇ ਸਤੀ ਨੂੰ ਕਿਸੇ ਪ੍ਰਕਾਰ ਦਾ ਮਾਣ ਆਦਰ ਨਹੀਂ ਦਿੱਤਾ ਬਲਕਿ ਸਤੀ ਵੱਲ ਪਿਠ ਕਰ ਕੇ ਬੈਠ ਗਿਆ। ਪਿਤਾ ਵਲੋਂ ਐਸੀ ਹਰਕਤ ਵੇਖ ਕੇ ਸਤੀ ਨੇ ਮਹਿਸੂਸ ਕੀਤਾ ਕਿ ਬਹੁਤ ਮੰਦਭਾਗੀ ਸਮਾਂ ਹੈ ਜੋ ਮੈਂ ਪਤੀ ਆਗਿਆ ਭੰਗ ਕਰ ਕੇ ਇਥੇ ਆਈ। ਸੋਚਣ ਲੱਗੀ ਕਿ ਪਤੀ ਜੀ ਨੇ ਠੀਕ ਹੀ ਆਖਿਆ ਸੀ ਕਿ "ਤੂੰ ਪਿਤਾ ਕੇ ਯੱਗ ਮੇਂ ਚਲੀ ਜਾ, ਇਸ ਕਾ ਫਲ ਅੱਛਾ ਨਹੀਂ ਹੋਗਾ।" ਸਤੀ ਦੇ ਹਿਰਦੇ ਦੀ ਭਾਵੁਕਤਾ ਇਤਨੀ ਤੇਜ਼ ਹੋ ਨਿਬੜੀ, ਜਿਸ ਨੇ ਉਸ ਦੇ ਦਿਮਾਗੀ ਸੰਤੁਲਨ ਵਿਚ ਤੂਫ਼ਾਨੀ ਝੱਖੜਾਂ ਦੀ ਅਨ੍ਹੇਰੀ ਝੁਲਾ ਦਿੱਤੀ। ਯੱਗ ਮੰਡਲ ਦੀ ਵਿਵਹਾਰਿਕ ਕਾਰਵਾਈ ਚੱਲਦੀ ਰਹੀ। ਯੱਗ ਰੀਤੀ ਦੇ ਦੌਰਾਨ ਇਕ ਸਮਾਂ ਐਸਾ ਆਇਆ ਜਦੋਂ ਵੈਦਿਕ ਰੀਤੀ ਦੇ ਅਨੁਸਾਰ ਆਹੂਤੀ ਦਾ ਵਿਵਹਾਰ ਕਰਨਾ ਆਵਸ਼ਕ ਸੀ। ਯੱਗ ਰੀਤੀ ਦੇ ਅਨੁਸਾਰ ਹੋਰ ਸਾਰੇ ਦੇਵਤਿਆਂ ਪ੍ਰਤਿ ਆਹੂਤੀ ਪ੍ਰਦਾਨ ਕੀਤੀ ਗਈ। ਪ੍ਰੰਤੂ ਸਤੀ ਦੇ ਪਿਤਾ ਵਲੋਂ ਮਹਾਂਦੇਵ ਵਾਸਤੇ ਆਹੂਤੀ ਪ੍ਰਦਾਨ ਕਰਨ ਦੀ ਰਸਮ ਵਰਜਿਤ ਕੀਤੀ ਗਈ। ਪਤੀ ਦਾ ਤ੍ਰਿਸਕਾਰ ਹੁੰਦਾ ਵੇਖ ਕੇ ਸਤੀ ਦੇ ਚਿਹਰੇ ਦੀ ਜ਼ੇਬਾਇਸ਼ੀ ਤੁਲਅੱਤ (ਚਿਹਰੇ ਦੀ ਸੁੰਦਰਤਾ) ਵਿਭੀਸ਼ਕ ਅਥਵਾ ਭੈਦਾਇਕ ਅਗਨੀ ਦਾ ਰੂਪ ਧਾਰ ਗਈ। ਕਹਿਣ ਲੱਗੀ—ਹੇ ਪਿਤਾ ਜੀ ! ਤੁਸੀਂ ਸਭਾ ਵਿਚ ਬੈਠ ਕੇ ਮਹਾਂਦੇਵ ਜੀ ਦਾ ਨਿਰਾਦਰ ਕਰਦੇ ਹੋ। ਮੈਂ ਤੁਹਾਨੂੰ ਕੁਝ ਭੀ ਨਹੀਂ

1. ਰਾਮਾਇਣ (ਤੁਲਸੀ ਦਾਸ ਜੀ), ਉਤਰ ਕਾਂਡ, ਸਤਵਾਂ ਵਿਸ੍ਰਾਮ, ਅਧਿਆਇ 33, ਪੰਨਾ 878, (ਪੰਜਾਬੀ ਅਨੁਵਾਦ)।

ਆਖ ਸਕਦੀ ਪ੍ਰੰਤੂ ਮੈਂ ਆਪਣੇ ਪਤੀ ਜੀ ਦੀ ਨਿਰਾਦਰੀ ਨਾ ਸਹਾਰਦੀ ਹੋਈ ਇਹ ਮੇਰਾ ਸਰੀਰ ਜੋ ਤੁਹਾਡੇ ਖ਼ੂਨ ਦੀ ਪੈਦਾਇਸ਼ ਹੈ, ਇਸ ਨੂੰ ਤੁਹਾਡੇ ਸਾਹਮਣੇ ਹੀ ਜੋਗ ਅਭਿਆਸੀ ਵਿਧੀ ਦੁਆਰਾ ਯੱਗ ਦੀ ਅਗਨੀ ਵਿਚ ਦਗਧ ਕਰਦੀ ਹਾਂ। ਯੱਗ ਮੰਡਲ ਵਿਚ ਬੈਠੀ ਸਤੀ ਨੇ ਆਪਣੇ ਪਤੀ ਦੀ ਨਿਰਾਦਰੀ ਨਾ ਸਹਾਰਦੇ ਹੋਏ ਆਪਣੀ ਕਾਇਆਂ ਅਗਨਿ ਭੇਟ ਕਰ ਦਿੱਤੀ। ਇਸ ਇਸਤ੍ਰੀ ਦਾ ਨਾਮ ਭੀ ਸਤੀ ਸੀ ਜਿਸ ਨੇ ਸਤੀ ਰਸਮ ਦੀ ਬੁਨਿਆਦੀ ਸ਼ਿਲਾ ਸਥਾਪਨ ਕੀਤੀ।[1]

ਵੈਦਿਕ ਇਤਿਹਾਸ ਵਿਚ ਕਈ ਇਕ ਹੋਰ ਭੀ ਐਸੀਆਂ ਉਦਾਹਰਣਾਂ ਹਨ ਜਿਨ੍ਹਾਂ ਦੇ ਆਧਾਰ 'ਤੇ ਸਤੀ ਦੀ ਰਸਮ ਵੈਦਿਕ ਮਿਥਿਹਾਸ ਦੀਆਂ ਹੋਰ ਰੀਤੀਆਂ ਵਾਂਗੂੰ ਇਹ ਭੀ ਇਕ ਧਾਰਮਕ ਰੀਤੀ ਹੀ ਆਖੀ ਜਾ ਸਕਦੀ ਹੈ। ਰਿਸ਼ੀ ਮੈਤਰੇ ਅਤੇ ਬਿਦਰ ਜੀ ਦੇ ਪਰਸਪਰ ਸੰਵਾਦ ਦੁਆਰਾ ਰਾਜਾ ਪ੍ਰਿਥੂ ਅਤੇ ਉਸ ਦੀ ਰਾਣੀ ਅਰੁਚੀ ਦਾ ਅੰਤਮ ਜੀਵਨ ਬਿਰਤਾਂਤ ਉਲੇਖਣ ਕੀਤਾ ਗਿਆ। ਰਾਜਾ ਪ੍ਰਿਥੂ ਇਕ ਧਰਮਾਤਮਾ ਰਾਜਾ ਸੀ, ਉਸ ਦੇ ਗ੍ਰਹਿ ਵਿਖੇ ਰਾਣੀ ਅਰੁਚੀ ਦੇ ਉਦਰ ਤੋਂ ਪੰਜ ਪੁੱਤਰ ਪੈਦਾ ਹੋਏ। ਇਸ ਦੀ ਵਿਰਤੀ ਇਤਨੀ ਧਰਮ ਅਰਥ ਹੋ ਨਿਬੜੀ ਕਿ ਇਸ ਨੇ ਆਪਣੇ ਵੱਡੇ ਪੁੱਤਰ ਬਿਜਤਾਵਸ ਨੂੰ ਰਾਜ ਗੱਦੀ ਸੰਭਾਲ ਕੇ ਪ੍ਰਮੇਸ਼ਵਰ ਦੇ ਚਰਨਾਂ ਵਿਚ ਲੀਨਤਾ ਪ੍ਰਾਪਤ ਕਰਨ ਹਿਤ, ਵਿਰਕਤ ਨੀਤੀ ਧਾਰਨ ਕਰਨੀ ਹੀ ਯੋਗ ਸਮਝੀ। ਸੰਸਾਰੀ ਪਦਾਰਥਵਾਦੀ ਜੀਵਨੀ ਦੇ ਸੁਖਾਂ ਨੂੰ ਤਿਆਗ ਕੇ ਆਪਣੀ ਪਤਨੀ ਅਰੁਚੀ ਦੇ ਸਮੇਤ ਬਨਵਾਸੀ ਜੀਵਨੀ ਧਾਰਨ ਕੀਤਾ। ਬਨਵਾਸੀ ਗਰਮੀ ਸਰਦੀ ਜ਼ਿੰਦਗੀ ਦਾ ਅਵਿੱਛੜ ਅੰਗ ਬਣੇ ਰਹੇ। ਇਸ ਤਰ੍ਹਾਂ ਜਪ ਤਪ ਕਰਦਿਆਂ ਕਰਦਿਆਂ ਬਹੁਤ ਸਮਾਂ ਲੰਘਾ ਦਿੱਤਾ। ਇਕ ਦਿਨ ਰਾਜੇ ਦੇ ਤਖ਼ਯੱਲ ਵਿਚ ਐਸਾ ਵਿਚਾਰ ਆਇਆ ਕਿ ਸਰੀਰ ਛੱਡਣ ਦਾ ਸਮਾਂ ਆ ਗਿਆ ਹੈ। ਸੰਧਿਆ ਦੇ ਸਮੇਂ ਰਾਜੇ ਨੇ ਯੋਗਾਭਿਆਸ ਦੇ ਆਸਰੇ ਪ੍ਰਮੇਸ਼ਵਰ ਦੇ ਚਰਨਾਂ ਵਿਚ ਧਿਆਨ ਪ੍ਰਾਇਨ ਹੋ ਕੇ ਬ੍ਰਹਮਰੰਧ੍ਰ ਦੇ ਰਸਤੇ ਪ੍ਰਾਣ ਤਿਆਗ ਦਿੱਤੇ। ਐਸੀ ਹਾਲਤ ਵੇਖ ਕੇ ਉਸ ਦੀ ਪਤਨੀ ਅਰੁਚੀ ਅਤਿ ਸ਼ੋਕਮਈ ਦਸ਼ਾ ਵਿਚ ਗ੍ਰਸੀ ਗਈ। ਜੰਗਲ ਵਿਚੋਂ ਕੁਝ ਲੱਕੜੀਆਂ ਇਕੱਤਰ ਕਰ ਕੇ ਇਕ ਚਿਖਾ ਤਿਆਰ ਕੀਤੀ। ਚਿਖਾ ਦੇ ਉਦਾਲੇ ਸੱਤ ਪ੍ਰਕਰਮਾ ਕਰਦੀ ਹੋਈ ਪਤੀ ਦੀ ਚਿਖਾ ਦੇ ਵਿਚ ਪਤੀ ਦੇਵ ਦੀ ਮੁਰਦਾ ਦੇਹੀ ਦੇ ਨਾਲ ਹੀ ਜਲ ਕੇ ਰਾਖ ਹੋ ਗਈ। *ਸ੍ਰੀ ਮਦ ਭਾਗਵਤ ਪੁਰਾਣ* ਵਿਚ ਇਸ ਸਤੀ ਰਸਮ ਪ੍ਰਤਿ ਇਕ ਅਨੂਠੀ ਵਾਰਤਿਕ ਰਚਨਾ ਦੁਆਰਾ ਐਸਾ ਦ੍ਰਿਸ਼ ਪ੍ਰਗਟਾਇਆ ਹੈ ਕਿ

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 4, ਅਧਿਆਇ 2, 3 ਅਤੇ 4, ਪੰਨੇ 121-123, (ਪੰਜਾਬੀ ਅਨੁਵਾਦ)। *ਰਾਮਾਇਣ* (ਤੁਲਸੀ ਦਾਸ ਜੀ), ਪੰਨੇ 73-74.

ਅਰਚੀ ਰਾਜਾ ਕੇ ਸਾਥ ਦੇਹ ਕਰਕੇ ਚਿਖਾ ਮੇਂ ਕੂਦ ਪੜੀ, ਉਸ ਸਮੇਂ ਇਕ ਬਿਬਾਨ ਬੜਾ ਸੁੰਦਰ ਜੜਾਊ ਜਿਸ ਮੇਂ ਮਖ਼ਮਲ ਕੇ ਬਿਛਾਵਣੇ ਵਿਛੇ ਹੂਏ ਔਰ ਅਨੇਕ ਤਰ੍ਹਾਂ ਕੀ ਸੁਗੰਧ ਖ਼ੁਸ਼ਬੋਈ ਵਹਾਂ ਮਹਿਕ ਰਹੀ ਥੀ, ਮਹਾਰਾਜ ਪ੍ਰਿਥੂ ਆਪਣੀ ਧਰਮਾਤਮਾ ਇਸਤ੍ਰੀ ਕੇ ਸਾਥ ਉਸ ਬਿਬਾਨ ਪਰ ਪ੍ਰਸੰਨਤਾ ਸੇ ਸਵਾਰ ਹੋ ਕਰ ਪ੍ਰਮੇਸ਼ਰ ਕੇ ਪਰਮ ਧਾਮ ਕੋ ਜੋ ਅਤਿਅੰਤ ਦੁਰਲੱਭ ਹੈ, ਐਸੇ ਬੈਕੁੰਠ ਲੋਕ ਕੋ ਪਰਮ ਪ੍ਰਸੰਨਤਾ ਸੇ ਗਏ।[1]

ਸਤੀ ਦੀ ਰਸਮ ਇਕ ਐਸੀ ਸਮਾਜ ਵਿਰੋਧੀ ਰਸਮ ਹੈ ਜੋ ਇਕ ਗ਼ੈਰ-ਕੁਦਰਤੀ ਰੀਤੀ ਅਤੇ ਵਾਹਿਗੁਰੂ ਦੀ ਰਚਨਾ ਦਾ ਵਿਰੋਧਾਭਾਸੀ ਮਹਾਜ਼ ਹੈ। ਇਸ ਅਸੱਭਿਅਕ ਰੀਤੀ ਨੂੰ ਬੰਦ ਕਰਨ ਹਿਤ ਹਜ਼ੂਰ ਤੀਸਰੇ ਪਾਤਸ਼ਾਹ ਜੀ ਨੇ ਸਮਰਾਟ ਅਕਬਰ ਨਾਲ ਮਿਲ ਕੇ ਅਨਮਤੀਆਂ ਵਿਚੋਂ ਇਸ ਗ਼ੈਰ-ਵਾਜਿਬ ਰਸਮ ਨੂੰ ਕਾਨੂੰਨੀ ਤੌਰ 'ਤੇ ਬੰਦ ਕਰਵਾਇਆ ਸੀ। ਅੰਗਰੇਜ਼ ਹਕੂਮਤ ਦੇ ਸਮੇਂ ਲਾਰਡ ਵਿਲੀਅਮ ਬੈਂਟਿਕ (W. Bentick) ਨੇ ਦਸੰਬਰ 7, ਸੰਨ 1829 ਨੂੰ ਸਾਰੇ ਹਿੰਦੁਸਤਾਨ ਵਿਚ ਇਸ ਨਾ-ਮੁਰਾਦ ਰਸਮ ਨੂੰ ਕਾਨੂੰਨੀ ਤੌਰ 'ਤੇ ਵਰਜਿਤ ਕੀਤਾ। ਪ੍ਰੰਤੂ ਕੁਝ ਸਮਾਜ ਵਿਰੋਧੀ ਅਨਸਰਾਂ ਵਿਚ ਅੱਜ ਤਕ ਭੀ ਇਹ ਰਸਮ ਜਾਰੀ ਹੈ। ਪਾਵਨ ਗੁਰਬਾਣੀ ਦੁਆਰਾ ਇਸ ਰਸਮ ਨੂੰ ਵਾਹਿਗੁਰੂ ਵਿਰੋਧੀ ਰੀਤੀ ਕਰਕੇ ਗਰਦਾਨਿਆ ਹੈ, ਜਿਵੇਂ:

ਕਲਿਜੁਗ ਮਹਿ ਮਿਲਿ ਆਏ ਸੰਜੋਗ ॥
ਜਿਚਰੁ ਆਗਿਆ ਤਿਚਰੁ ਭੋਗਹਿ ਭੋਗ ॥੧॥
ਜਲੈ ਨ ਪਾਈਐ ਰਾਮ ਸਨੇਹੀ ॥
ਕਿਰਤਿ ਸੰਜੋਗਿ ਸਤੀ ਉਠਿ ਹੋਈ ॥੧॥ਰਹਾਉ॥
ਦੇਖਾ ਦੇਖੀ ਮਨਹਠਿ ਜਲਿ ਜਾਈਐ ॥
ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ ॥੨॥
ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥
ਤਿਸੁ ਨਾਰੀ ਕਉ ਦੁਖੁ ਨ ਜਮਾਨੈ ॥੩॥
ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥
ਧੰਨੁ ਸਤੀ ਦਰਗਹ ਪਰਵਾਨਿਆ ॥੪॥[2]

ਅਰਥ : ਮੁਰਦਾ ਪਤੀ ਦੀ ਲਾਸ਼ ਨਾਲ ਜਲਨੇ ਕਰਕੇ ਪਿਆਰ ਕਰਨ ਵਾਲਾ ਪਤੀ ਨਹੀਂ ਪਾਇਆ ਜਾ ਸਕਦਾ। ਭਾਵੇਂ, ਪਤੀ ਮਿਲਾਪ ਦੀ ਖ਼ਾਤਰ ਇਸਤ੍ਰੀ ਉਠ ਕੇ ਸਤੀ ਹੋ ਜਾਂਦੀ ਹੈ।੧।ਰਹਾਉ।

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 4, ਅਧਿਆਇ 22-23, ਪੰਨੇ 144-145, (ਪੰਜਾਬੀ ਅਨੁਵਾਦ)।
2. ਗਉੜੀ ਗੁਆਰੇਰੀ ਮ: ੫, ਪੰਨਾ 185/15.

ਇਸ ਚਾਲੂ ਸਮੇਂ ਵਿਚ ਇਸਤ੍ਰੀ ਅਤੇ ਪਤੀ ਪੂਰਬਲੇ ਰਿਸ਼ਤੇ ਦੇ ਆਧਾਰ 'ਤੇ ਪਰਸਪਰ ਮਿਲਦੇ ਹਨ। ਜਿਤਨਾ ਅਰਸਾ ਤਕ ਵਾਹਿਗੁਰੂ ਦੀ ਆਗਿਆ ਹੁੰਦੀ ਹੈ ਉਤਨਾ ਸਮਾਂ ਸੰਸਾਰੀ ਰਸਾਂ ਨੂੰ ਭੋਗਦੇ ਹਨ।੧।

(ਅਨਯਮਤੀ ਰੀਤੀ ਅਨੁਸਾਰ) ਇਕ ਦੂਸਰੀ ਨੂੰ ਵੇਖ ਕੇ ਮਨ ਹੱਠ ਦੁਆਰਾ (ਚਿਖਾ ਵਿਚ ਪੈ ਕੇ) ਸੜ ਜਾਂਦੀ ਹੈ। ਪ੍ਰੰਤੂ, ਆਪਣੇ ਪਿਆਰੇ ਦਾ ਸੰਗ ਨਹੀਂ ਪਾ ਸਕਦੀ ਬਲਕਿ ਬਹੁਤੀਆਂ ਜੋਨੀਆਂ ਵਿਚ ਭਟਕਾਈ ਜਾਂਦੀ ਹੈ।੨।

(ਸਤੀ ਹੋਣ ਦੇ ਥਾਂ ਜੋ ਇਸਤ੍ਰੀ) ਇਖ਼ਲਾਕੀ ਜ਼ਾਬਤੇ ਵਿਚ ਜੀਵਨ ਬਤੀਤ ਕਰਦੀ ਹੋਈ, ਪਿਆਰੇ ਦੀ ਆਗਿਆ ਦਾ ਪਾਲਨ ਕਰਦੀ ਹੈ, ਉਸ ਔਰਤ ਨੂੰ ਕਿਸੇ ਭੀ ਸਮੇਂ (ਭਾਵ ਲੋਕ ਪ੍ਰਲੋਕ ਦਾ) ਦੁਖ ਨਹੀਂ ਹੁੰਦਾ।੩।

ਸਤਿਗੁਰੂ ਜੀ ਫ਼ੁਰਮਾਂਦੇ ਹਨ—ਹੇ ਨਾਨਕ ਤੂੰ ਆਖ! ਜਿਸ ਇਸਤ੍ਰੀ ਨੇ ਆਪਣੇ ਪਿਆਰੇ ਨੂੰ ਪ੍ਰਮੇਸ਼ਵਰ ਕਰਕੇ ਸਮਝਿਆ ਹੈ। (ਵਾਸਵਤਿਕ ਤੌਰ 'ਤੇ ਉਹ ਇਸਤ੍ਰੀ) ਧੰਨ ਹੈ, ਉਹੀ ਅਸਲੀ ਸਤੀ ਹੈ ਅਤੇ ਦਰਗਹ ਵਿਚ ਭੀ ਪਰਵਾਨ ਹੁੰਦੀ ਹੈ।੪।

ਸਤੀ ਰਸਮ ਅਨਯਮਤੀ ਸਮਾਜ ਦੀ ਰੀਤੀ ਹੈ ਜਿਸ ਨੂੰ ਗੁਰਮਤਿ ਵਿਚ ਸੁਬੱਲ ਸ਼ਬਦਾਵਲੀ ਦੁਆਰਾ ਖੰਡਨ ਕੀਤਾ ਗਿਆ ਹੈ। ਸਿੱਖੀ ਸਿਧਾਂਤ ਦੇ ਅਨੁਸਾਰ ਪਤੀ ਅਤੇ ਪਤਨੀ ਦਾ ਰਿਸ਼ਤਾ ਦਰਗਾਹੀ ਰਿਸ਼ਤਾ ਹੈ। ਜੀਵਨ ਦੇ ਦੌਰਾਨ ਨਿਜੀ, ਪਰਿਵਾਰਿਕ, ਸਮਾਜੀ ਅਤੇ ਅਧਿਆਤਮਿਕ ਜ਼ਿੰਮੇਵਾਰੀਆਂ ਨੂੰ ਸਰੰਜਾਮ ਦਿੰਦੇ ਹੋਏ, ਪਰਸਪਰ ਪ੍ਰਿਅ ਤ੍ਰਿਅ ਪਿਆਰਾਂ ਦੀ ਦੁਨੀਆ ਸਥਾਪਨ ਕਰਨੀ ਗੁਰਮਤਿ ਦਾ ਅਵਿੱਛੜ ਅੰਗ ਹੈ। ਨਾਰੀ ਅਤੇ ਪੁਰਸ਼ ਦਾ ਪਰਸਪਰ ਰਿਸ਼ਤਾ ਪਿਆਰ ਦੇ ਓਤਿ ਪੋਤਿ ਸੂਤਰ ਦੁਆਰਾ ਉਣਿਆ ਜਾਂਦਾ ਹੈ। ਜਿਸ ਦੇ ਆਧਾਰ ਤੇ "ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ" ਦੀ ਸ਼ਿਲਾ ਸਥਾਪਨ ਕੀਤੀ ਜਾਂਦੀ ਹੈ। ਇਸ ਖ਼ਿਆਲ ਦੀ ਹਾਮੀ ਜਗਤ ਗੁਰੂ ਪਾਤਸ਼ਾਹ ਜੀ ਨਿਮਨ ਲਿਖਤ ਦੁਆਰਾ ਪੇਸ਼ ਕਰਦੇ ਹਨ, ਜਿਵੇਂ:

ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ॥
ਕਰਨਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ॥
ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ॥
ਸਚੁ ਕਹਨਿ ਅਰਦਾਸਿ ਸੇ ਵੇਚਾਰੀਆ॥
ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ॥
ਸਖੀ ਕਹਨਿ ਅਰਦਾਸਿ ਮਨਹੁ ਪਿਆਰੀਆ॥
ਬਿਨੁ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ॥
ਸਬਦਿ ਸਵਾਰੀਆਸੁ ਅੰਮ੍ਰਿਤੁ ਪੀਵਿਆ॥[1]

1. ਵਾਰ ਮਾਝ ਮ: ੧, ਪੰਨਾ 148/11.

ਸਤਿਗੁਰੂ ਜੀ ਦੇ ਭਾਣੇ ਵਿਚ ਚੱਲਣਾ ਹੀ ਸਿੱਖੀ ਜੀਵਨ ਹੈ। ਇਨਸਾਨੀ ਜੀਵਨ ਦਾ ਜਨਮ ਅਤੇ ਮਰਨ ਅਥਵਾ ਪਤੀ ਪਤਨੀ ਦਾ ਸੰਜੋਗ ਵਿਜੋਗ ਧੁਰ ਦਰਗਾਹੀ ਹੁਕਮ ਦੇ ਅਧੀਨ ਵਜੂਦ ਵਿਚ ਆਂਵਦਾ ਹੈ। ਅਗਰ ਵਾਹਿਗੁਰੂ ਦੀ ਰਜ਼ਾ ਦੇ ਅਨੁਸਾਰ ਯੁਵਾ ਅਵਸਥਾ ਵਿਚ ਪਤੀ ਚਲਾਣਾ ਕਰ ਜਾਵੇ ਤਦ ਗੁਰਮਤਿ ਇਸ ਦੁਖਾਂਤ ਦੀ ਨਵਿਰਤੀ ਹਿਤ ਪਤਨੀ ਪ੍ਰਤਿ ਆਗਿਆ ਪ੍ਰਦਾਨ ਕਰਦੀ ਹੈ ਕਿ ਪਤਨੀ ਪੁਨਰ ਵਿਵਾਹ ਕਰ ਸਕਦੀ ਹੈ ਤਾਂਕਿ ਦੁਨਿਆਵੀ ਝੱਖੜਾਂ ਦੇ ਦੌਰਾਨ ਉਸ ਦਾ ਈਮਾਨ ਕਾਇਮ ਰਹਿ ਸਕੇ। ਪਤੀ ਪਤਨੀ ਦਾ ਸੰਜੋਗ ਨਿਰੋਲ ਕਾਮ ਪੂਰਤੀ ਦਾ ਸਾਧਨ ਨਹੀਂ, ਬਲਕਿ ਇਸ ਦੇ ਨਾਲ ਨਾਲ ਪ੍ਰਿਅ ਤ੍ਰਿਅ ਪ੍ਰੇਮ ਭਰਪੂਰ ਜੀਵਨ ਬਤੀਤ ਕਰਨ ਹਿਤ, ਦਾਮਨਗੀਰੀ ਭੀ ਪ੍ਰਦਾਨ ਕਰਦਾ ਹੈ। ਗੁਰਮਤਿ ਦਾ ਇਲਹਾਮੀ ਸਿਧਾਂਤ ਪੁਨਰ ਵਿਵਾਹ ਦੁਆਰਾ ਨਾਰੀ ਨੂੰ ਪੁਰਾਤਨ ਭਾਰਤੀ ਦਲਿਤਸ਼੍ਰੇਣੀ ਵਿਚੋਂ ਕੱਢ ਕੇ ਸਮਾਜੀ ਪ੍ਰਤੀਕ ਦੀ ਪੱਧਰ ਭੀ ਪ੍ਰਦਾਨ ਕਰਦਾ ਹੈ। ਤਾਂਕਿ ਇਕ ਇਸਤ੍ਰੀ ਜੀਵਨ ਦੇ ਹਰ ਖੇਤਰ ਵਿਚ ਸਮਾਨੰਤ੍ਰੀ ਪੱਧਰ ਸਥਾਪਨ ਕਰ ਸਕੇ। ਸਮਾਜੀ ਪੱਧਰਤਾ ਦੀ ਸਥਾਪਨਾ ਪ੍ਰਤਿ ਗੁਰਮਤਿ ਦੇ ਆਧਾਰ 'ਤੇ ਪੁਨਰ ਵਿਵਾਹ ਹੀ ਸਹੀ ਮਾਰਗ ਹੈ। ਨਾਰੀ ਪੁਰਸ਼ ਦਾ ਸੰਜੋਗ ਅਥਵਾ ਵਿਵਾਹ ਇਕ ਐਸੀ ਰਸਮ ਹੈ ਜਿਸ ਨੇ ਮਹਾਨ ਸ਼ਕਤੀਆਂ ਨੂੰ ਜਨਮ ਦਿੱਤਾ ਹੈ। ਜਿਵੇਂ :

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥[1]

9.84 ਵੈਦਿਕ ਈਸ਼ਵਰੀ ਸੰਕਲਪ

ਧਰਮ ਦੀ ਮੂਲਿਕ ਸ਼ਿਲਾ ਵਾਹਿਗੁਰੂ ਪ੍ਰਤਿ ਸਹੀ ਤਸੱਵਰ ਅਤੇ ਉਸ ਦੀ ਇਕਾਂਗੀ ਹਸਤੀ ਹੈ। ਪ੍ਰੰਤੂ ਜਿਹੜੇ ਧਰਮ ਮਨੁੱਖੀ ਦਿਮਾਗ਼ ਦੀ ਉਪਜ ਹੋਣ ਅਥਵਾ ਜਿਨ੍ਹਾਂ ਇਕਾਂਗੀ ਧਰਮਾਂ ਵਿਚ ਇਨਸਾਨੀ ਹੱਥ ਲਿਖਤਾਂ ਦੀ ਮਨੋਕਲਪਤ ਸਮੱਗਰੀ ਸ਼ਾਮਲ ਹੋ ਗਈ ਹੋਵੇ, ਉਨ੍ਹਾਂ ਧਰਮਾਂ ਵਿਚ ਰੱਬੀ ਤਸੱਵਰ, ਮਨੁੱਖੀ ਦਿਮਾਗ਼ ਦੀ ਤਰਾਸ਼ਨਾ ਹੀ ਆਖੀ ਜਾ ਸਕਦੀ ਹੈ। ਲਿਹਾਜ਼ਾ ਇਲਹਾਮੀ ਸੰਦੇਸ਼ ਦੇ ਥਾਂ, ਇਨਸਾਨੀ ਘਪਲਾ-ਬਾਜ਼ੀ ਦੀ ਮਿਸ਼ਰਤ ਧਾਰਮਕ ਪੰਨਿਆਂ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਇਨਸਾਨੀ ਬੁੱਧੀ ਦਾ ਜ਼ਾਵੀਆ ਪੰਚ-ਮੁਖੀ ਗਿਆਨ ਦੇ ਦਾਇਰੇ ਵਿਚ ਸੀਮਤ ਹੁੰਦਾ ਹੈ। ਪੰਚ-ਮੁਖੀ ਗਿਆਨ ਦਾ ਜ਼ਾਵੀਆ ਪਰਾ-ਅਨੁਭਵ ਤੋਂ ਮਹਿਰੂਮ ਹੋਣ ਕਰਕੇ, ਉਸ ਦੀ ਉਲੀਕੀ ਹੋਈ ਪ੍ਰਮੇਸ਼ਵਰੀ ਧਾਰਾ ਭੀ, ਇਨਸਾਨੀ ਤਖ਼ਯੱਲ ਦਾ ਭੰਡਾਰਾ ਹੋਇ ਨਿਬੜਦੀ ਹੈ। ਵੈਦਿਕ ਧਾਰਾ ਨੂੰ

---

1. ਆਸਾ ਵਾਰ ਮ: ੧, ਪੰਨਾ 473/8.

ਧਿਆਨ ਵਿਚ ਰੱਖਦਿਆਂ ਵਾਹਿਗੁਰੂ ਪ੍ਰਤਿ ਇਕਾਂਗੀ ਵਿਰਸਾ ਵਰਣਨ ਕਰਨਾ ਕਠਿਨ ਹੀ ਨਹੀਂ ਬਲਕਿ ਅਸੰਭਵ ਭੀ ਹੈ। ਕਿਉਂਕਿ ਹਿੰਦੂ ਮਤਿ ਵਿਚ ਇਕ ਭੀ ਸਰਬ ਸ੍ਰੇਸ਼ਟ ਧਾਰਮਕ ਗ੍ਰੰਥ ਨਹੀਂ ਹੈ ਜਿਸ ਦੇ ਆਧਾਰ 'ਤੇ ਇਹ ਨਿਰਣੈ ਕੀਤਾ ਜਾ ਸਕੇ ਕਿ ਵੇਦਿਕ ਪ੍ਰਣਾਲੀ ਵਿਚ ਪ੍ਰਮੇਸ਼ਵਰੀ ਸਿਧਾਂਤ ਕਿਥੇ ਖਲੋਤਾ ਹੈ। ਜਿਸ ਧਰਮ ਵਿਚ ਰੱਬੀ ਹੋਂਦ ਦਾ ਤਸੱਵਰ ਹੀ ਮਸ਼ਕੂਕ, ਅਨ-ਨਿਸ਼ਚਿਤ, ਸੰਦੇਹਪੂਰਣ ਹੋਵੇ, ਉਥੇ ਰੱਬੀ ਹੋਂਦ ਪ੍ਰਤਿ ਸਹੀ ਧਾਰਾ ਉਲੀਕਣੀ ਅਸੰਭਵ ਹੈ। ਇਸ ਖ਼ਿਆਲ ਦੀ ਪ੍ਰੋੜ੍ਹਤਾ ਨਿਮਨ ਲਿਖਤ ਦੁਆਰਾ ਵੇਖਣੀ ਇਕ ਰੋਚਕ ਵਿਸ਼ਾ ਹੋਵੇਗਾ, ਜਿਵੇਂ :

For Hindu there is no supreme religious book, no acknowledged prophet of originator of religion, no single supreme God, no single governing authority of institution, no single supreme pilgrimage place, no paramount ideal, taboo or identification.[1]

ਜਿਵੇਂ ਈਸਾਈ ਧਰਮ ਵਿਚ ਤ੍ਰੈ-ਮੁਖੀ ਪਰਮਾਤਮਾ (Trinity) ਦੀ ਧਾਰਾ ਈਸਾਈ ਮਤਿ ਦੇ ਥੰਮ੍ਹਾਂ ਵਿਚੋਂ ਇਕ ਸ਼ਕਤੀਸ਼ਾਲੀ ਥੰਮ੍ਹ ਵਜੋਂ ਪੇਸ਼ ਕੀਤੀ ਗਈ ਹੈ। ਨਿਰਸੰਦੇਹ ਇਸੇ ਤਰ੍ਹਾਂ ਵੇਦਿਕ ਧਰਮ ਵਿਚ ਭੀ ਤ੍ਰੈ-ਮੁਖੀ ਰੱਬ ਦੀ ਹੋਂਦ ਈਸਾਈ ਮਤਿ ਤੋਂ ਭੀ ਢੇਰ ਸਮਾਂ ਪਹਿਲਾਂ ਦਰਸਾਈ ਗਈ ਹੈ, ਜਿਨ੍ਹਾਂ ਵਿਚ ਸੂਰਯਾ ਜਾਂ ਸਾਵਿਤਰੀ, ਵਰਨ ਜਾਂ ਮਿਤਰਾ ਜਾਂ ਆਕਾਸ਼ ਅਤੇ ਅਗਨੀ। ਇਹ ਤਿੰਨੇ ਦੇਵਤੇ ਤ੍ਰੈ-ਮੁਖੀ ਪਰਮਾਤਮਾ ਕਰਕੇ ਪੁਕਾਰੇ ਜਾਂਦੇ ਹਨ, ਜਿਵੇਂ :

Dyaus pitra (Heaven father) and Prithvi (Earth mother) are the most ancient of the Vedic deities. Aditi, mother earth, is also mentioned separately. After them, earliest Vedic devs were Surya or Savitri (Sun), Varun or Mitra (Sky) and Agni (Fire). They may be considered the earliest trinity at a time when even the concept of trinity was not there.[2]

ਹਿੰਦੂ ਮੇਥੋਲੋਜੀ ਦੇ ਕਥਨ ਅਨੁਸਾਰ ਇੰਦਰ ਦੇਵਤਾ ਵੇਦਿਕ ਪ੍ਰਣਾਲੀ ਦਾ ਬਹੁਤ ਹੀ ਸਤਿਕਾਰਿਤ ਪਰਮਾਤਮਾ ਹੈ ਪ੍ਰੰਤੂ ਪੁਰਾਣਾਂ ਵਿਚ ਇੰਦਰ ਦੇਵਤੇ ਦੀ ਅਵਸਥਾ ਅਤਿਅੰਤ ਹੀ ਹਾਸੋਹੀਣੀ ਅਤੇ ਅਸ਼ਲੀਲ ਢੰਗ ਦੁਆਰਾ ਪੇਸ਼ ਕੀਤੀ ਗਈ ਹੈ। ਵੇਦਿਕ ਧਾਰਾ ਦੀ ਪੌਰਾਣਿਕ ਪ੍ਰਣਾਲੀ ਵਿਚ ਇੰਦਰ ਭਗਵਾਨ ਜੀ ਨੂੰ ਅਨੇਕਾਂ ਹੀ ਕਾਮਾਰਥੀ, ਅਸ਼ਲੀਲ ਅਤੇ ਸੁਆਰਥੀ ਸੰਗ੍ਰਹਿ ਦਾ ਕੇਂਦਰ

---

1. *We the People of Bharat*, p. 294, by P.S. Gusain, 3rd Millennium Inc. 190A/1. Gautam Nagar, New Delhi.
2. *Ibid.*, p. 314.

ਪ੍ਰਗਟਾਇਆ ਗਿਆ ਹੈ। ਵੇਦਿਕ ਲਿਖਾਰੀਆਂ ਦਾ ਸਾਰੰਸ਼ ਰੱਬੀ ਵਾਹਦੀਯੱਤ ਦਾ ਪ੍ਰਗਟਾਵਾ ਨਹੀਂ ਬਲਕਿ ਰੱਬ ਦੇ ਥਾਂ 'ਤੇ, ਦੇਵਤਾਵਾਦ ਦੀ ਚੜ੍ਹਤਲ ਨੂੰ ਕਾਇਮ ਰੱਖਣ ਹਿਤ, ਸਮੂਲਚੀ ਦੇਵਤਾ ਪ੍ਰਣਾਲੀ ਨੂੰ ਪਰਮਾਤਮਾ ਕਰਕੇ ਮੰਨਿਆ ਅਤੇ ਪੂਜਿਆ ਜਾਂਦਾ ਹੈ। ਵੇਦਿਕ ਪ੍ਰਣਾਲੀ ਵਿਚ ਬਹੁਤ ਹੀ ਐਸੀਆਂ ਉਦਾਹਰਣਾਂ ਪ੍ਰਾਪਤ ਹੁੰਦੀਆਂ ਹਨ, ਜਿਨ੍ਹਾਂ ਵਿਚ ਹਰ ਇਕ ਦੇਵਤਾ ਪਰਮਾਤਮਾ ਦਾ ਰੂਪ ਧਾਰੀ ਬੈਠਾ ਹੈ। ਜਿਵੇਂ :

In fact even Inder, a powerful god in Veds, became practically a Ludicrous figure in Purans.[1]

ਹਿੰਦੂ ਮਤਿ ਵਿਚ ਵੇਦਾਂ ਦੀ ਬਜਾਏ, *ਪੁਰਾਣ, ਰਾਮਾਇਣ* ਅਤੇ *ਮਹਾਂਭਾਰਤ* ਦੀ ਮਾਨਤਾ ਵਧੇਰੇ ਕੀਤੀ ਜਾਂਦੀ ਹੈ। ਜਿਨ੍ਹਾਂ ਵਿਚ ਅਨੇਕਾਂ ਪ੍ਰਕਾਰ ਦੇ ਪਰਮਾਤਮਾ ਪ੍ਰਗਟਾਏ ਗਏ ਹਨ। ਸਾਧਾਰਣ ਤੌਰ 'ਤੇ ਇਨ੍ਹਾਂ ਵਿਚੋਂ ਹਿੰਦੂ ਸ਼੍ਰੇਣੀ ਬਹੁਤ ਸਾਰੇ ਈਸ਼ਵਰਾਂ ਨੂੰ ਪੂਜਦੀ ਹੈ। ਇਸ ਤੋਂ ਇਲਾਵਾ ਹਿੰਦੂ ਧਾਰਾ ਦੇ ਅਨੁਸਾਰ ਤੇਤੀ ਕਰੋੜ ਪਰਮਾਤਮਾ ਅਤੇ ਚੌਰਾਸੀ ਲੱਖ ਜੂਨੀਆਂ ਹਨ। ਭਾਵ, ਪਰਮਾਤਮਾ ਬਹੁਤੇ ਹਨ ਜਦੋਂ ਕਿ ਜੂਨੀਆਂ ਬਹੁਤ ਥੋੜੀਆਂ ਹਨ। ਇਹੀ ਕਾਰਣ ਹੈ ਕਿ ਵੇਦਿਕ ਧਾਰਾ ਦੇ ਈਸ਼ਵਰਾਂ ਨੂੰ ਇਕ ਪ੍ਰਣਾਲੀ ਇਕ ਇਕੱਤਰ ਕਰ ਕੇ ਸਮਝਣਾ, ਕਠਿਨ ਹੀ ਨਹੀਂ ਬਲਕਿ ਅਸੰਭਵ ਹੈ। ਕਿਉਂਕਿ ਵੇਦਿਕ ਪ੍ਰਣਾਲੀ ਵਿਚ ਇਕ ਈਸ਼ਵਰ ਦੀ ਬਜਾਏ, ਬਹੁ-ਪੱਖੀ ਈਸ਼ਵਰੀ ਧਾਰਾ ਹੈ।

ਈਸਾਈ ਮਤਿ ਵਿਚ ਇਕ ਪਰਮਾਤਮਾ ਦੇ ਥਾਂ, ਤ੍ਰੈ-ਮੁਖੀ ਰੱਬ ਦਾ ਸੰਕਲਪ ਪ੍ਰਧਾਨ ਹੈ। ਜਿਸ ਦੇ ਆਧਾਰ 'ਤੇ ਈਸਾਈ ਮਤਿ ਇਕਾਂਗੀ ਰੱਬੀ ਹੋਂਦ ਤੋਂ ਤਿਲ੍ਹਕਦਾ ਤਿਲ੍ਹਕਦਾ, ਦ੍ਵੈਤਵਾਦੀ ਧਾਰਾ ਵਿਚ ਪ੍ਰਵੇਸ਼ ਕਰਦਾ ਹੈ। ਪ੍ਰੰਤੂ, ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਹਿੰਦੂ ਮਤਿ ਵਿਚ ਤ੍ਰੈ-ਮੁਖੀ ਸੰਕਲਪ ਭੀ ਦੋ ਹਨ। ਹੋ ਸਕਦਾ ਹੈ ਦੋ ਤੋਂ ਭੀ ਜ਼ਿਆਦਾ ਹੋਣ। ਗਰਜ਼ੇਕਿ, ਇਤਨੀਆਂ ਈਸ਼ਵਰੀ ਧਾਰਾਵਾਂ ਹੋਣ ਦੇ ਬਾਵਜੂਦ ਇਨ੍ਹਾਂ ਵਿਚੋਂ ਇਕ ਰੱਬ ਨੂੰ ਭਾਲਣ ਦੇ ਯਤਨ ਕੀਤੇ ਜਾ ਰਹੇ ਹਨ। ਸੰਭਵ ਹੈ ਕਿ ਇਸ ਤੋਂ ਅਗੇਤਰੀ ਯੁਗ ਚੌਕੜੀ ਵਿਚ ਅਖੌਤੀ ਤੇਤੀ ਕਰੋੜ ਪਰਮਾਤਮਾ ਵਿਚੋਂ ਵਾਸਤਵਿਕ ਅਤੇ ਇਕਾਂਗੀ ਵਾਹਿਗੁਰੂ ਇਨ੍ਹਾਂ ਦੇ ਸਾਹਮਣੇ ਸਵੈਮ ਤੌਰ 'ਤੇ ਆ ਜਾਵੇ। ਸ਼ਾਇਦ ਉਕਤ ਦਰਸਾਈ ਧਾਰਾ ਨੂੰ ਸਮਝਣ ਹਿਤ, ਗੁਸਾਈਂ ਜੀ ਦੇ ਖ਼ਿਆਲ ਪੜ੍ਹਨੇ ਵਧੇਰੇ ਦਿਲਚਸਪੀ ਦਾ ਬਾਇਸ ਹੋਣਗੇ। ਜਿਵੇਂ :

Purans and epics are the basis of practically all the Gods, religious beliefs, and ceremonies of present day Hindus.Though

---

1. *We the People of Bharat*, p. 315, by P.S. Gusain. 3rd Millenium Inc. 190A/1, Gautam Nagar, New Delhi.

Puran and epics prescrible a multitude of Gods, and Hindu generally worship many of them, these scriptures and Gods may be studied in the context of monotheistic tradition in Hindu religion. Even Veds say, 'Ek iti' (It is one), but it is also believed that there 33 crore (330,000,000) of gods ! We have seen that there are 84 Lakhs (84,00,000) species in the world; but there are 33 crore of gods. The Hindu trinity and the three sectarian worship of Vaisnavism, shavism and shaktism."[1]

9.85 ਉਪਨਿਸ਼ਦ

ਈਸ਼ਵਰੀ ਗਿਆਨ ਵਾਸਤੇ ਅਗਰ ਵੇਦ ਹੀ ਹਿੰਦੂ ਮਤਿ ਦੇ ਧਾਰਮਕ ਗ੍ਰੰਥ ਹੁੰਦੇ, ਤਦ ਇਸ ਤੋਂ ਅਗਲੇਰੀ ਵਿਚਾਰ ਨਹੀਂ ਕਰਨੀ ਚਾਹੀਦੀ ਪ੍ਰੰਤੂ ਹਿੰਦੂ ਮਤਿ ਵਿਚ ਅਨੇਕਾਂ ਹੀ ਹੋਰ ਐਸੀਆਂ ਮਨੋਕਲਪਤ ਪੁਸਤਕਾਂ ਹਨ ਜੋ ਸਵੈਮ ਤੌਰ 'ਤੇ ਵੱਖਰਾ ਵੱਖਰਾ ਸਿਧਾਂਤ ਉਲੀਕਦੀਆਂ ਹਨ। ਜਿਵੇਂ *ਅਠਾਰਾਂ ਪੁਰਾਣ, ਛੇ ਸ਼ਾਸਤਰ, ਸਤਾਈ ਸਿਮ੍ਰਤੀਆਂ, ਅਨੇਕ ਪ੍ਰਕਾਰੀ ਉਪਨਿਸ਼ਦ, ਗੀਤਾ, ਰਾਮਾਇਣ, ਸ਼ਾਂਕਰੀ ਵੇਤਾਂਤਿਕ ਧਾਰਾ, ਦਯਾਨੰਦ ਸੱਤਯ ਪ੍ਰਕਾਸ਼* ਆਦਿ। ਇਨ੍ਹਾਂ ਸਾਰੇ ਗ੍ਰੰਥਾਂ ਦਾ ਵੱਖਰਾ ਵੱਖਰਾ ਈਸ਼ਵਰ ਹੈ ਅਤੇ ਅਨੇਕ ਪ੍ਰਕਾਰੀ ਪੂਜਾ ਉਪਾਸ਼ਨਾ ਦੇ ਢੰਗ ਹਨ। ਉਪਨਿਸ਼ਦਾਂ ਦੀ ਸੰਖਿਆ ਤਿੰਨ ਸੌ ਤੋਂ ਭੀ ਵਧੇਰੇ ਹੈ। ਇਨ੍ਹਾਂ ਵਿਚੋਂ ਕਿਹੜਾ ਅਸਲ ਅਤੇ ਕਿਹੜਾ ਜਾਅਲੀ ਹੈ, ਖ਼ੈਰ ਇਹ ਮਸਲਾ ਅਸਾਡਾ ਮਸਲਾ ਨਹੀਂ ਹੈ। ਹਾਂ, ਇਕ ਖ਼ਿਆਲ ਬਹੁਤ ਹੀ ਠੋਸ ਅਤੇ ਲਾਜ਼ਮੀ ਹੈ ਕਿ ਜਾਂ ਤਾਂ ਇਹ ਸਾਰੇ ਉਪਨਿਸ਼ਦ ਸਹੀ ਅਤੇ ਅਸਲੀ ਹਨ ਜਾਂ ਇਹ ਸਾਰੇ ਹੀ ਜਾਅਲੀ ਅਤੇ ਮਨੋਕਲਪਤ ਸੰਗ੍ਰਹਿ ਹਨ। ਉਪਨਿਸ਼ਦਾਂ ਦੀ ਬਾਬਤ ਮਿਸਟਰ ਗੋਵਿੰਦ ਦਾਸ ਜ਼ਿਕਰ ਕਰਦੇ ਹਨ ਕਿ :

ਇਨ੍ਹਾਂ ਦੀ ਲਿਖਾਈ ਵਿਚ ਸੈਂਕੜੇ ਸਾਲ ਲੱਗ ਚੁੱਕੇ ਹਨ। ਇਸ ਸਮੇਂ ਦੇ ਦੌਰਾਨ ਇਨ੍ਹਾਂ ਵਿਚ ਹੋਰ ਵਧੇਰੇ ਵਾਧਾ ਹੁੰਦਾ ਰਿਹਾ। ਆਰੈਨਿਕ ਲਿਖਤਾਂ ਪ੍ਰਤਿ ਇਹ ਲਿਖਦੇ ਹਨ ਕਿ ਇਨ੍ਹਾਂ ਵਿਚ ਬਲੀਦਾਨ ਪ੍ਰਤਿ ਬਹੁਤ ਹੀ ਅਜੀਬ ਕਿਸਮ ਦੇ ਖ਼ਿਆਲ ਲਿਖੇ ਗਏ ਹਨ ਜਿਵੇਂ, ਬ੍ਰਹਮਾ ਮੇਧ ਅਤੇ ਮਹਾਵ੍ਰਤ ਇਕ ਬਹੁਤ ਹੀ ਅਸ਼ਲੀਲ ਵਿਆਖਿਆ ਹੈ। ਜਿਸ ਵਿਚ ਬਹੁਤ ਹੀ ਫ਼ਾਹਸ਼ ਸ਼ਬਦਾਵਲੀ ਵਰਤੀ ਗਈ ਹੈ ਕਿ ਇਨਸਾਨੀ ਵੀਰਜ (ਨੁਤਫ਼ਾ) ਦੇਵਤੇ ਦੀ ਪ੍ਰਸੰਨਤਾ ਹਿਤ ਚੜ੍ਹਾਵਾ ਦਿੱਤਾ ਜਾਵੇ।[2]

1. *We the People of Bharat,* p. 316, by P.S. Gusain.
2. *Hinduism,* pp. 106-07, by Mr. Govind Das, *Discovery of India,* p. 66, referred from *Marful Quran,* p. 83.

9.86 ਸ਼ਾਸਤਰ

ਉਪਨਿਸ਼ਦ ਪ੍ਰਣਾਲੀ ਤੋਂ ਉਪਰੰਤ ਹਿੰਦੂ ਮਤਿ ਦੀ ਆਮ ਦਾਰਸ਼ਨਿਕ ਪ੍ਰਣਾਲੀ ਦੀਆਂ ਪੁਸਤਕਾਂ ਜਿਨ੍ਹਾਂ ਨੂੰ ਸ਼ਾਸਤਰ ਦੇ ਨਾਮ ਦੁਆਰਾ ਪੁਕਾਰਿਆ ਜਾਂਦਾ ਹੈ, ਇਸ ਦਰਸ਼ਨ ਦੀਆਂ ਦੋ ਧਾਰਾ ਹਨ—ਇਕ ਨਾਸਤਿਕ ਅਤੇ ਦੂਸਰੀ ਆਸਤਿਕ। ਜੋ ਨਾਸਤਿਕ ਧਾਰਾ ਹੈ, ਇਸ ਦੇ ਦਾਅਵੇਦਾਰ (ਲਿਖਾਰੀ) ਵੇਦਾਂ ਦੀ ਤਾਅਲੀਮ ਨੂੰ ਨਾ ਮੰਨਦੇ ਹਨ ਅਤੇ ਨਾ ਹੀ ਅਸਵੀਕਾਰਦੇ ਹਨ। ਭਾਵ ਅੱਧਵਾਟੇ ਯਾਤਰੀਆਂ ਵਾਲੀ ਭੂਮਿਕਾ ਨਿਭਾ ਰਹੇ ਹਨ। ਜਿਨ੍ਹਾਂ ਵਿਚ ਬੁਧ ਮਤਿ, ਜੈਨ ਮਤਿ ਅਤੇ ਚਾਰਵਾਕ ਫ਼ਿਰਕੇ ਸ਼ਾਮਲ ਹਨ। ਚਾਰਵਾਕ ਫ਼ਿਰਕੇ ਦਾ ਆਰੰਭ ਭ੍ਰਿਹਸਪਤ ਦੇ ਚੇਲੇ ਇਕ ਮੁਨੀ ਤੋਂ ਹੋਇਆ, ਜਿਸ ਨੇ ਚਾਰਵਾਕ *ਦਰਸ਼ਨ* ਗ੍ਰੰਥ ਦੀ ਰਚਨਾ ਕੀਤੀ। *ਚਾਰਵਾਕ ਦਰਸ਼ਨ* ਨਾਸਤਿਕਤਾ ਦਾ ਹਾਮੀ ਹੈ। ਇਸ ਮਤਿ ਦਾ ਦੂਜਾ ਨਾਮ 'ਲੋਕਾਯਾਤ' ਭੀ ਹੈ।

ਆਸਤਿਕ ਫ਼ਿਰਕਿਆਂ ਦੇ ਧਾਰਨੀ ਛੇ ਭਾਗਾਂ ਵਿਚ ਵੰਡੇ ਹੋਏ ਹਨ, ਜਿਨ੍ਹਾਂ ਨੂੰ School of Thoughts ਭੀ ਆਖਿਆ ਜਾਂਦਾ ਹੈ। ਜਿਨ੍ਹਾਂ ਵਿਚ *ਸਾਂਖ, ਯੋਗ, ਵੇਦਾਂਤ, ਮਿਮਾਂਸਾ, ਨਿਆਂਇ ਅਤੇ ਵਿਸ਼ੈਸ਼ਿਕ* ਸ਼ਾਮਲ ਹਨ। ਇਹ ਵੇਦਿਕ ਧਾਰਾ ਨੂੰ ਇਨਸਾਨੀ ਪਰਖ ਤੋਂ ਸਿਰਮੌਰ ਕਰਕੇ ਮੰਨਦੇ ਹਨ। ਪ੍ਰੰਤੂ ਇਨ੍ਹਾਂ ਵਿਚ ਭੀ ਕਈ ਐਸੇ ਸਿਧਾਂਤਿਕ ਪੱਖ ਦਰਸਾਏ ਗਏ ਹਨ ਜੋ ਰੱਬੀ ਹਸਤੀ ਨੂੰ ਸਵੀਕਾਰ ਕਰਨ ਹਿਤ ਕਾਫ਼ੀ ਤੋਂ ਜ਼ਿਆਦਾ ਉਕਤੀਆਂ ਜੁਗਤੀਆਂ ਪੇਸ਼ ਕਰਦੇ ਹਨ। ਜਿਵੇਂ *ਸਾਂਖ ਸ਼ਾਸਤਰ* ਰੱਬੀ ਹੋਂਦ ਨੂੰ ਸਵੀਕਾਰ ਨਹੀਂ ਕਰਦਾ, ਬਲਕਿ ਇਨਸਾਨੀ ਬੁੱਧੀ ਦੇ ਆਧਾਰ 'ਤੇ ਮੁਕਤੀ ਦਾ ਮਾਰਗ ਉਲੀਕਦਾ ਹੈ।

9.87 ਪੁਰਾਣ

ਪੁਰਾਣ ਭੀ ਹਿੰਦੂ ਵਿਸ਼ਵਾਸ ਦੀਆਂ ਪਵਿੱਤਰ ਪੁਸਤਕਾਂ ਹਨ। ਬ੍ਰਹਮਾ ਨੰਦ/ਬ੍ਰਹਮਾਂਡ ਪੁਰਾਣ ਦੇ ਹਵਾਲੇ ਦੁਆਰਾ ਆਰੰਭ ਕਾਲ ਵਿਚ ਕੇਵਲ ਇਕ ਹੀ ਪੁਰਾਣ ਸੀ, ਜਿਸ ਨੂੰ ਰਿਸ਼ੀ ਵਿਆਸ ਜੀ ਨੇ ਸੰਕਲਨ ਕੀਤਾ। ਵਿਆਸ ਜੀ ਦੇ ਚੇਲਿਆਂ ਨੇ ਇਸ ਇਕ ਪੁਰਾਣ ਤੋਂ ਚਾਰ ਪੁਰਾਣ ਹੋਰ ਤਿਆਰ ਕੀਤੇ। ਇਸ ਤੋਂ ਬਾਅਦ ਇਨ੍ਹਾਂ ਦੀ ਸੰਖਿਆ ਅਠਾਰਾਂ ਤਕ ਜਾ ਪਹੁੰਚੀ। ਅਠਾਰਾਂ ਤੋਂ ਵਧਦੀ ਵਧਦੀ ਛੱਤੀ ਹੋ ਗਈ। ਇਥੇ ਹੀ ਬਸ ਨਹੀਂ ਫਿਰ ਇਨ੍ਹਾਂ ਦੀ ਗਿਣਤੀ ਚੌਰੰਜਾਂ ਅਤੇ ਸੱਠ ਤਕ ਚਲੀ ਗਈ। ਇਨ੍ਹਾਂ ਪੁਰਾਣਾਂ ਦੀ ਸਿਖਿਆ ਇਕ ਦੂਸਰੇ ਪੁਰਾਣ ਨਾਲੋਂ ਬਹੁਤ ਹੀ ਵੱਡਾ ਅੰਤਰ ਰੱਖਦੀ ਹੈ। ਕੋਈ ਭੀ ਦੋ ਪੁਰਾਣਾਂ ਦੇ ਖ਼ਿਆਲ ਪਰਸਪਰ ਮੇਲ ਨਹੀਂ ਰੱਖਦੇ। ਬਲਕਿ ਇਨ੍ਹਾਂ ਵਿਚ ਬਹੁਤ ਹੀ ਅਦਭੁਤੀ ਕਥਾ ਕਹਾਣੀਆਂ ਅਤੇ ਅਫ਼ਸਾਨੇ ਦਰਜ ਕੀਤੇ ਗਏ ਹਨ। ਕਈ ਇਕ

ਇਨਸਾਨਾਂ ਦੀ ਆਯੂ ਸੱਠ ਸੱਠ ਹਜ਼ਾਰ ਸਾਲਾਂ ਦੀ ਲਿਖੀ ਮਿਲਦੀ ਹੈ।[1] ਬਲਕਿ ਮਾਰਕੰਡੇ ਰਿਖੀ ਦੀ ਆਰਬਲਾ ਛੇ ਮਨਵੰਤ੍ਰ ਲਿਖੀ ਗਈ ਹੈ। ਇਕ ਮਨਵੰਤ੍ਰ ਯੁਗਾਂ ਦੀਆਂ ਇਕੱਤਰ(71) ਚੌਕੜੀਆਂ ਦੇ ਸਮਾਨ ਹੁੰਦਾ ਹੈ। ਜਿਸ ਦੀ ਆਯੂ ਦਾ ਸਮਾਂ 311,448,000 ਵਰ੍ਹੇ ਬਣਦਾ ਹੈ। ਭਾਵ *ਸ੍ਰੀ ਮਦ ਭਾਗਵਤ ਪੁਰਾਣ* ਦੇ ਅਨੁਸਾਰ ਮਾਰਕੰਡੇ ਰਿਖੀ ਦੀ ਕੁਲ ਆਯੂ 311,448,000x6=1, 868,688,000 ਵਰ੍ਹੇ ਹੋਈ।[2] ਗ਼ਰਜ਼ੇਕਿ, ਮਾਰਕੰਡੇ ਰਿਖੀ ਨੂੰ ਸ਼ਿਵ ਨੇ ਵਰ ਦਿੱਤਾ ਕਿ ਬੇਟਾ! ਤੁਮ ਏਕ ਕਲਪ ਜੀਤੇ ਰਹੋ। ਕੈਸਾ ਖ਼ਿਆਲ ਹੈ ? ਕੈਸੀ ਦਾਰਸ਼ਨਿਕ ਸ਼ੈਲੀ ਹੈ ? ਇਕ ਮੁਸਲਮਾਨ ਲਿਖਾਰੀ ਹਿੰਦੂ ਦਰਸ਼ਨ ਦੀ ਖੋਜ ਕਰਦਾ ਕਰਦਾ ਜਦੋਂ ਰਿਸ਼ੀਆਂ ਮੁਨੀਆਂ ਦੀ ਆਯੂ ਦੇ ਸਿਲਸਿਲੇ ਪ੍ਰਤਿ ਵਿਚਾਰ ਕਰਨ ਲੱਗਾ, ਉਹ ਵਿਚਾਰ ਕਰਦਾ ਕਰਦਾ ਥੱਕ, ਟੁੱਟ, ਗ਼ਰਜ਼ੇਕਿ, ਹੁੱਸ ਗਿਆ। ਆਖ਼ਰ ਸੁਭਾਵਿਕ ਹੀ ਉਸ ਦੀ ਰਸਨਾ ਪੁਕਾਰ ਉਠੀ, "ਮਆਜ਼ ਅੱਲ੍ਹਾ", ਭਾਵ ਅੱਲ੍ਹਾ ਕੀ ਪਨਾਹ ਚਾਹਤਾ ਹੂੰ, ਅੱਲ੍ਹਾ ਮਹਿਫ਼ੂਜ਼ ਰੱਖੇ, ਭਾਵ ਵਾਹਿਗੁਰੂ ਭਲੀ ਕਰੇ।[3]

ਸਤਿਆਰਥ ਪ੍ਰਕਾਸ਼ ਗ੍ਰੰਥ ਵਿਚ ਸਵਾਮੀ ਦਯਾਨੰਦ ਜੀ *ਸ਼ਿਵ ਪੁਰਾਣ* ਦੇ ਹਵਾਲੇ ਦਰਜ ਕਰਦੇ ਹਨ ਕਿ ਇਕ ਦਫ਼ਾ ਸ਼ਿਵ ਜੀ ਨੇ ਆਪਣੀ ਇੱਛਾ ਪ੍ਰਗਟ ਕੀਤੀ ਕਿ ਮੈਂ ਸੰਸਾਰ ਦੀ ਰਚਨਾ ਕਰਾਂ। ਤਦ ਇਸ ਨੇ ਬ੍ਰਹਮਾ ਨੂੰ ਉਤਪੰਨ ਕੀਤਾ ਅਤੇ ਬ੍ਰਹਮਾ ਨੇ ਇਕ ਚੁੱਲੂ ਪਾਣੀ ਦਾ ਭਰ ਕੇ ਮੁੜ ਪਾਣੀ ਵਿਚ ਹੀ ਡੋਲ੍ਹ ਦਿੱਤਾ। ਇਸ ਪਾਣੀ ਤੋਂ ਇਕ ਬੁਲਬੁਲਾ ਉਤਪੰਨ ਹੋਇਆ। ਉਸ ਪਾਣੀ ਦੇ ਬੁਲਬੁਲੇ ਵਿਚੋਂ ਇਕ ਆਦਮੀ ਪੈਦਾ ਹੋਇਆ। ਉਸ ਨੇ ਬ੍ਰਹਮਾ ਨੂੰ ਆਖਿਆ—ਹੇ ਬੇਟਾ! ਸੰਸਾਰ ਦੀ ਸਾਜਨਾ ਕਰ। ਇਹ ਸੁਣ ਕੇ ਬ੍ਰਹਮਾ ਨੇ ਆਖਿਆ—ਮੈਂ ਤੇਰਾ ਬੇਟਾ ਨਹੀਂ ਬਲਕਿ ਤੂੰ ਮੇਰਾ ਬੇਟਾ ਹੈਂ। ਦੋਹਾਂ ਵਿਚ ਵਾਦਵਿਵਾਦ ਹੋਣ ਲੱਗਾ। ਮਹਾਂਦੇਵ ਨੇ ਸੋਚਿਆ, ਜਿਨ੍ਹਾਂ ਨੂੰ ਮੈਂ ਦੁਨੀਆ ਦੀ ਰਚਨਾ ਵਾਸਤੇ ਭੇਜਿਆ ਸੀ, ਉਹ ਦੋਨੋਂ ਪਰਸਪਰ ਝਗੜਾ ਕਰਦੇ ਹਨ। ਤਦ ਇਨ੍ਹਾਂ ਦੋਹਾਂ ਦੇ ਵਿਚ ਇਕ ਸੁਨਹਿਰੀ ਲਿੰਗ ਉਤਪੰਨ ਹੋਇਆ। ਪੈਦਾ ਹੁੰਦੇ ਹੀ ਉਹ ਆਕਾਸ਼ ਵਿਚ ਚਲਾ ਗਿਆ। ਇਸ ਕਰਤਵ ਨੂੰ ਵੇਖ ਕੇ ਦੋਵੇਂ ਹੈਰਾਨ ਰਹਿ ਗਏ। ਸੋਚਣ ਲੱਗੇ ਕਿ ਇਸ ਲਿੰਗ ਦਾ ਆਰੰਭ ਅਤੇ ਅੰਤ ਮਾਅਲੂਮ ਕਰਨਾ ਚਾਹੀਦਾ ਹੈ। ਜਿਹੜਾ ਇਸ ਦਾ ਅੰਤ ਲੱਭ ਕੇ ਪਹਿਲਾਂ ਆ ਜਾਵੇ, ਉਹ ਬਾਪ ਅਤੇ ਜਿਹੜਾ ਪਿਛੋਂ ਆਵੇਗਾ, ਉਹ ਬੇਟਾ ਹੋਵੇਗਾ। ਇਹ ਗੁਣ

---

1. *Hinduism*, pp. 117-123, by Govind Das and *Marful Quran*, p. 85.
2. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 12, ਅਧਿਆਇ 8, ਪੰਨਾ 553। (See, *We the People of Bharat*, p. 300, by P.S. Gusain).
3. *Marful Quran*, p. 85.

ਸੁਣਦੇ ਹੀ ਵਿਸ਼ਨੂੰ ਜੀ ਕਛੂਵੇ ਦਾ ਰੂਪ ਧਾਰ ਕੇ ਲਿੰਗ ਦੀ ਆਕਾਰ ਰੇਖਾ ਮਾਅਲੂਮ ਕਰਨ ਹਿਤ, ਪਾਤਾਲ ਵੱਲ ਨੂੰ ਟੁਰ ਗਿਆ ਅਤੇ ਬ੍ਰਹਮਾ ਹੰਸ ਦਾ ਸਰੀਰ ਬਣਾ ਕੇ ਆਕਾਸ਼ ਵੱਲ ਨੂੰ ਉਡਿਆ। ਦੋ ਹਜ਼ਾਰ ਵਰਸ਼ ਵਾਸਤੇ ਦੋਨੋਂ ਹੀ ਮਨੋਵਿਰਤੀ ਜੈਸੀ ਰਫ਼ਤਾਰ ਦੁਆਰਾ ਚੱਲਦੇ ਰਹੇ, ਪ੍ਰੰਤੂ ਉਨ੍ਹਾਂ ਨੂੰ ਲਿੰਗ ਦੀ ਸੀਮਾ ਨਾ ਲੱਭੀ। ਬ੍ਰਹਮਾ ਨੇ ਸੋਚਿਆ ਜੇਕਰ ਵਿਸ਼ਨੂੰ ਮੈਥੋਂ ਪਹਿਲਾਂ ਲਿੰਗ ਦਾ ਮਾਪ ਤੋਲ ਲੈ ਕੇ ਮੁੜ ਆਇਆ ਤਦ ਮੈਨੂੰ ਬੇਟਾ ਬਣਨਾ ਪਵੇਗਾ। ਇਸ ਤਰ੍ਹਾਂ ਸੋਚ ਹੀ ਰਿਹਾ ਸੀ ਕਿ ਉਸੇ ਵੇਲੇ ਇਕ ਗਊ ਅਤੇ ਕੇਤਕੀ ਦਾ ਬਿਰਛ ਉਪਰੋਂ ਉਤਰ ਆਏ। ਬ੍ਰਹਮਾ ਨੇ ਉਨ੍ਹਾਂ ਨੂੰ ਪੁਛਿਆ ਕਿ ਤੁਸੀਂ ਕਿਥੋਂ ਆਏ ਹੋ ? ਉਨ੍ਹਾਂ ਨੇ ਉੱਤਰ ਦਿੱਤਾ ਕਿ ਅਸੀਂ ਹਜ਼ਾਰਾਂ ਵਰ੍ਹਿਆਂ ਤੋਂ ਲਿੰਗ ਦੇ ਸਹਾਰੇ ਚਲੇ ਆ ਰਹੇ ਹਾਂ। ਬ੍ਰਹਮਾ ਨੇ ਪ੍ਰਸ਼ਨ ਕੀਤਾ ਕਿ ਇਸ ਲਿੰਗ ਦੀ ਕੋਈ ਸੀਮਾ ਭੀ ਹੈ ਕਿ ਨਹੀਂ, ਉਨ੍ਹਾਂ ਨੇ ਆਖਿਆ—ਨਹੀਂ, ਇਸ ਲਿੰਗ ਦਾ ਕੋਈ ਹੱਦ ਬੰਨ੍ਹਾ ਨਹੀਂ ਹੈ।

ਬ੍ਰਹਮਾ ਨੇ ਆਖਿਆ ਕਿ ਮੇਰੇ ਨਾਲ ਚਲੋ ਅਤੇ ਗਵਾਹੀ ਦੇਵੋ ਕਿ ਮੈਂ (ਗਊ) ਇਸ ਲਿੰਗ ਦੇ ਸਿਰ ਉੱਤੇ ਦੁੱਧ ਦੀ ਧਾਰਾ ਬਹਾਉਂਦੀ ਸੀ ਅਤੇ ਬਿਰਖ ਆਖੇ ਕਿ ਮੈਂ ਲਿੰਗ ਦੇ ਉੱਪਰ ਫੁਲਾਂ ਦੀ ਵਰਖਾ ਕਰਦਾ ਸੀ। ਇਹ ਸੁਣ ਕੇ ਉਹ ਆਖਣ ਲੱਗੇ ਕਿ ਅਸੀਂ ਝੂਠੀ ਗਵਾਹੀ ਨਹੀਂ ਦੇਵਾਂਗੇ। ਤਦ ਬ੍ਰਹਮਾ ਨੇ ਕ੍ਰੋਧਿਤ ਹੋ ਕੇ ਆਖਿਆ ਕਿ ਜੇਕਰ ਗਵਾਹੀ ਨਹੀਂ ਦੇਵੋਗੇ ਤਦ ਮੈਂ ਤੁਹਾਨੂੰ ਭਸਮ ਕਰ ਦੇਵਾਂਗਾ। ਤਦ ਦੋਵੇਂ ਭੈ ਵਿਚ ਆਣ ਕੇ ਬੋਲੇ—ਜੋ ਤੁਸੀਂ ਆਖੋਗੇ ਉਹੀ ਕੁਝ ਕਰਾਂਗੇ। ਤਦ ਇਹ ਤਿੰਨੇ ਹੀ ਆਕਾਸ਼ ਤੋਂ ਥੱਲੇ ਨੂੰ ਚੱਲ ਪਏ। ਆਉਣ ਸਾਰ ਹੀ ਬ੍ਰਹਮਾ ਨੇ ਵਿਸ਼ਨੂੰ 'ਤੇ ਪ੍ਰਸ਼ਨ ਕੀਤਾ ਕਿ ਤੂੰ ਇਸ ਲਿੰਗ ਦੀ ਸੀਮਾ ਲੱਭੀ ਹੈ ਜਾਂ ਨਹੀਂ ? ਉਸ ਨੇ ਉੱਤਰ ਦਿੱਤਾ ਕਿ ਨਹੀਂ। ਇਹ ਸੁਣ ਕੇ ਬ੍ਰਹਮਾ ਨੇ ਆਖਿਆ ਕਿ ਮੈਂ ਪਤਾ ਲੈ ਆਇਆ ਹਾਂ ਕਿ ਲਿੰਗ ਦੀ ਸੀਮਾ ਕਿਤਨੀ ਹੈ। ਵਿਸ਼ਨੂੰ ਨੇ ਆਖਿਆ ਕਿ ਕੋਈ ਗਵਾਹੀ ਦੇਵੋ। ਤਦ ਗਊ ਅਤੇ ਦਰੱਖ਼ਤ ਨੇ ਝੂਠੀ ਗਵਾਹੀ ਦੇ ਦਿੱਤੀ। ਇਸ ਝੂਠੀ ਗਵਾਹੀ ਨੂੰ ਸੁਣ ਕੇ ਲਿੰਗ ਨੇ ਕੇਤਕੀ ਬਿਰਛ ਪ੍ਰਤਿ ਬਦਅਸੀਸ ਦਿੱਤੀ ਕਿ ਤੇਰਾ ਫੁਲ ਕਦੀ ਭੀ ਮੇਰੇ ਅਤੇ ਕਿਸੇ ਭੀ ਦੇਵਤਾ ਉਪਰ ਨਹੀਂ ਚੜ੍ਹੇਗਾ। ਅਗਰ ਕੋਈ ਚੜ੍ਹਾਵੇਗਾ ਉਸ ਦਾ ਸੱਤਿਆਨਾਸ਼ ਹੋਵੇਗਾ। ਅਰ ਗਊ ਨੂੰ ਸਰਾਪ ਦਿੱਤਾ ਕਿ ਤੂੰ ਜਿਸ ਮੂੰਹ ਦੁਆਰਾ ਝੂਠ ਬੋਲਿਆ ਹੈ ਇਸ ਮੂੰਹ ਦੁਆਰਾ ਗੰਦਗੀ (ਪਾਖ਼ਾਨਾ) ਖਾਇਆ ਕਰੇਂਗੀ। ਤੇਰੇ ਮੂੰਹ ਦੀ ਪੂਜਾ ਕੋਈ ਭੀ ਨਹੀਂ ਕਰੇਗਾ। ਪ੍ਰੰਤੂ ਤੇਰੀ ਪੂਛੜ (ਦੁੰਮ) ਦੀ ਪੂਜਾ ਹੋਵੇਗੀ। ਬ੍ਰਹਮਾ ਨੂੰ ਸਰਾਪ ਦਿੱਤਾ ਕਿ ਤੂੰ ਝੂਠ ਬੋਲਿਆ ਹੈ ਇਸ ਵਾਸਤੇ ਸੰਸਾਰ ਵਿਚ ਤੇਰੀ ਪੂਜਾ ਕਦੀ ਭੀ ਨਹੀਂ ਹੋਵੇਗੀ। ਇਸ ਦੇ ਵਿਪਰੀਤ ਵਿਸ਼ਨੂੰ ਨੂੰ ਵਰ ਦਿੱਤਾ ਕਿ ਤੂੰ ਸੱਚ ਬੋਲਿਆ ਹੈ, ਇਸ ਵਾਸਤੇ ਤੇਰੀ ਪੂਜਾ ਹਰ ਥਾਂ

'ਤੇ ਹੋਵੇਗੀ। ਇਸ ਤੋਂ ਉਪਰੰਤ ਦੋਹਾਂ (ਬ੍ਰਹਮਾ ਅਤੇ ਵਿਸ਼ਨੂੰ) ਨੇ ਲਿੰਗ ਦੀ ਵਡਿਆਈ ਅਤੇ ਪ੍ਰਸੰਸਾ ਕੀਤੀ। ਐਸੀ ਸਿਫ਼ਤਿ-ਸਾਲਾਹ ਨੂੰ ਸੁਣ ਕੇ ਲਿੰਗ ਵਿਚੋਂ ਇਕ ਜਟਾਜੂਟ ਸਰੂਪ ਪ੍ਰਗਟ ਹੋਈ। ਕਹਿਣ ਲੱਗੀ ਕਿ ਮੈਂ ਤੁਹਾਨੂੰ ਸ੍ਰਿਸ਼ਟੀ ਸਿਰਜਨਾ ਹਿਤ ਭੇਜਿਆ ਸੀ, ਪ੍ਰੰਤੂ ਤੁਸੀਂ ਝਗੜੇ ਵਿਚ ਕਿਉਂ ਉਲਝੇ ? ਤਦ ਮਹਾਂਦੇਵ ਨੇ ਆਪਣੀਆਂ ਜਟਾਂ ਵਿਚੋਂ ਇਕ ਰਾਖ ਦਾ ਗੋਲਾ ਕੱਢ ਕੇ ਉਨ੍ਹਾਂ ਨੂੰ ਦਿੱਤਾ ਔਰ ਆਖਿਆ—ਜਾਓ ਅਤੇ ਇਸ 'ਤੇ ਸੰਸਾਰ ਦੀ ਰਚਨਾ ਕਰੋ।[1]

ਦੇਵੀ ਭਾਗਵਤ ਪੁਰਾਣ ਵਿਚ ਇਕ ਹੋਰ ਬਹੁਤ ਹੀ ਅਦਭੁਤ ਕਥਾ ਵਰਣਨ ਕੀਤੀ ਗਈ ਹੈ। ਉਕਤ ਦਰਸਾਏ ਮਹਾਂਦੇਵ ਦੇ ਰਾਖ ਦੇ ਗੋਲੇ ਨੇ ਸਾਰੀ ਦੁਨੀਆ ਨੂੰ ਸਾਜਿਆ ਹੈ। ਜਦੋਂ ਉਸ ਦੇਵੀ ਦੀ ਇੱਛਾ ਹੋਈ, ਤਦ ਉਸ ਨੇ ਨਿਜੀ ਹੱਥਾਂ ਨੂੰ ਮਸਲ ਕੀਤਾ ਭਾਵ ਹੱਥਾਂ ਨੂੰ ਘਸਾਇਆ, ਇਸ ਤੋਂ ਛਾਲਾ (ਆਬਲਾ) ਉਤਪੰਨ ਹੋਇਆ। ਇਸ ਛਾਲੇ ਤੋਂ ਬ੍ਰਹਮਾ ਦੀ ਪੈਦਾਇਸ਼ ਹੋਈ। ਦੇਵੀ ਨੇ ਇਸ ਨੂੰ ਆਖਿਆ ਕਿ ਤੂੰ ਮੇਰੇ ਨਾਲ ਵਿਵਾਹ ਕਰ, ਬ੍ਰਹਮਾ ਨੇ ਆਖਿਆ—ਤੂੰ ਮੇਰੀ ਮਾਂ ਹੈਂ ਮੈਂ ਤੇਰੇ ਨਾਲ ਸ਼ਾਦੀ ਨਹੀਂ ਕਰਾਂਗਾ। ਇਹ ਸੁਣ ਕੇ ਦੇਵੀ ਮਾਤਾ ਨੂੰ ਗੁੱਸਾ ਆਇਆ ਅਤੇ ਲੜਕੇ ਨੂੰ ਜਲਾ ਕੇ ਭਸਮ ਕਰ ਦਿੱਤਾ। ਦੇਵੀ ਨੇ ਫਿਰ ਦੋਬਾਰਾ ਹੱਥ ਘਸਾਇਆ ਤੇ ਦੂਜਾ ਲੜਕਾ ਉਤਪੰਨ ਕੀਤਾ। ਇਸ ਦਾ ਨਾਮ ਵਿਸ਼ਨੂੰ ਰੱਖਿਆ। ਇਸ ਨੂੰ ਭੀ ਸ਼ਾਦੀ ਕਰਨ ਹਿਤ ਮਜਬੂਰ ਕੀਤਾ। ਪ੍ਰੰਤੂ ਇਹ ਭੀ ਇਨਕਾਰੀ ਹੋਇਆ ਕਿ ਮੈਂ ਸ਼ਾਦੀ ਨਹੀਂ ਕਰਾਂਗਾ। ਚੁਨਾਂਚਿ ਇਸ ਨੂੰ ਭੀ ਰਾਖ ਦੀ ਢੇਰੀ ਬਣਾ ਦਿੱਤਾ। ਫਿਰ ਇਸ ਦੇਵੀ ਨੇ ਤੀਜੇ ਲੜਕੇ ਨੂੰ ਜਨਮ ਦਿੱਤਾ। ਇਸ ਦਾ ਨਾਮ ਮਹਾਂਦੇਵ ਰੱਖਿਆ। ਇਸ ਨੂੰ ਭੀ ਆਖਿਆ ਗਿਆ ਕਿ ਤੂੰ ਮੇਰੇ ਨਾਲ ਸ਼ਾਦੀ ਕਰ, ਮਹਾਂਦੇਵ ਨੇ ਉੱਤਰ ਦਿੱਤਾ ਕਿ ਮੈਂ ਤੇਰੇ ਨਾਲ ਇਕ ਸ਼ਰਤ 'ਤੇ ਸ਼ਾਦੀ ਕਰ ਸਕਦਾ ਹਾਂ ਕਿ ਤੂੰ ਦੂਸਰਾ ਸਰੂਪ ਬਦਲੀ ਕਰ, ਤਦ ਮੈਂ ਤੇਰੇ ਨਾਲ ਵਿਵਾਹ ਕਰ ਸਕਦਾ ਹਾਂ। ਗ਼ਰਜ਼ੇਕਿ, ਦੇਵੀ ਨੇ ਐਸਾ ਹੀ ਕੀਤਾ।

ਮਹਾਂਦੇਵ ਆਖਣ ਲੱਗਾ ਕਿ ਇਹ ਦੋ ਰਾਖ ਦੀਆਂ ਢੇਰੀਆਂ ਕੈਸੀਆਂ ਹਨ ? ਦੇਵੀ ਨੇ ਆਖਿਆ ਕਿ ਇਹ ਦੋਵੇਂ ਤੇਰੇ ਭਾਈ ਹਨ, ਇਨ੍ਹਾਂ ਨੇ ਮੇਰਾ ਹੁਕਮ ਨਹੀਂ ਮੰਨਿਆ, ਇਸ ਵਾਸਤੇ ਭਸਮ ਕੀਤੇ ਗਏ। ਮਹਾਂਦੇਵ ਨੇ ਆਖਿਆ—ਮੈਂ ਇਕੱਲਾ ਕੀ ਕਰਾਂਗਾ, ਇਨ੍ਹਾਂ ਨੂੰ ਜਿਉਂਦੇ ਕਰ ਅਤੇ ਦੋ ਔਰਤਾਂ ਹੋਰ ਪੈਦਾ ਕਰ, ਫਿਰ ਤਿੰਨਾਂ ਦੀ ਸ਼ਾਦੀ ਤਿੰਨਾਂ ਨਾਲ ਹੋ ਜਾਵੇਗੀ।[2]

---

1. *ਸਤਿਆਰਥ ਪ੍ਰਕਾਸ਼*, ਸਵਾਮੀ ਦਯਾਨੰਦ ਜੀ, ਪੰਨੇ 372-73, ਹਵਾਲਾ, *ਮਆਰਫ਼ਲ ਕੁਰਾਨ*, ਪੰਨੇ 85-86.
2. *ਸਤਿਆਰਥ ਪ੍ਰਕਾਸ਼*, ਸਵਾਮੀ ਦਯਾਨੰਦ ਜੀ, ਪੰਨਾ 340, ਹਵਾਲਾ, *ਮਆਰਫ਼ਲ ਕੁਰਾਨ*, ਪੰਨਾ 86.

ਪੌਰਾਣਿਕ ਮੈਥੋਲੋਜੀ ਨੂੰ ਸਮਝਣ ਹਿਤ, ਅਤਿ ਲਾਜ਼ਮੀ ਹੈ ਕਿ ਸਵਾਮੀ ਦਯਾਨੰਦ ਜੀ ਦੀ ਲਿਖਤ *ਸਤਿਆਰਥ ਪ੍ਰਕਾਸ਼* ਪੜ੍ਹਿਆ ਜਾਵੇ। ਸਵਾਮੀ ਜੀ ਨੇ ਇਨ੍ਹਾਂ ਕਿਤਾਬਾਂ ਦਾ ਖੰਡਨ ਬਹੁਤ ਹੀ ਮਜ਼ਾਕੀਆ ਢੰਗ ਦੁਆਰਾ ਕਰਦੇ ਹੋਏ ਅਤਿਅੰਤ ਹੀ ਅਯੋਗ ਅਤੇ ਵਿਸ਼ਵਾਸਹੀਣ ਦਰਸਾਇਆ ਹੈ। ਜਿਥੇ ਤਕ ਇਨ੍ਹਾਂ ਦੇ ਧਰਮ ਸ਼ਾਸਤਰ ਹੋਣ ਦਾ ਸੰਬੰਧ ਹੈ, ਇਸ ਪ੍ਰਤਿ ਮਿਸਟਰ ਆਰ.ਸੀ. ਦੱਤ ਆਪਣੀ ਪੁਸਤਕ *A History of Civilization Ancient India*, Part-II ਵਿਚ ਲਿਖਦੇ ਹਨ ਕਿ ਇਨ ਧਰਮ ਸ਼ਾਸਤਰੋਂ ਕੇ ਮੁਤਅੱਲਿਕ ਭੀ ਹਮ ਯਕੀਨੀ ਤੌਰ ਪਰ ਨਹੀਂ ਕਹਿ ਸਕਤੇ ਕਿ ਵੁਹ ਪੌਰਾਣਿਕ ਤਹਿਜ਼ੀਬ ਕੇ ਆਈਨਾ ਦਾਰ ਹੈਂ। ਇਨ ਮੇਂ ਸੇ ਬਾਅਜ਼ (ਕੋਈ ਕੋਈ) ਤੋ ਪੌਰਾਣਿਕ ਜ਼ਮਾਨੇ ਕੇ ਹੈਂ ਲੇਕਿਨ ਇਨ ਮੇਂ ਸੇ ਭੀ ਮੁਸਲਮਾਨੋਂ ਕੀ ਫ਼ਤੂਹਾਤ (ਫ਼ਤਹਿ ਦਾ ਬਹੁ ਵਚਨ) ਕੇ ਜ਼ਮਾਨਾ ਕੇ ਬਾਅਦ ਬਹੁਤ ਸੀ ਆਮੇਜ਼ਸ (ਮਿਲਾਵਟ) ਹੋ ਚੁਕੀ ਹੈ।[1]

ਪੌਰਾਣਿਕ ਸਮੱਗਰੀ ਨੂੰ ਧਿਆਨ ਵਿਚ ਰੱਖਦਿਆਂ ਇਕ ਠੋਸ ਧਾਰਾ ਪ੍ਰਗਟ ਰੂਪ ਵਿਚ ਅਸਾਡੇ ਸਾਹਮਣੇ ਆਣ ਖਲੋਂਦੀ ਹੈ ਕਿ ਇਨ੍ਹਾਂ ਦੀ ਤਾਲੀਮ ਇਕਾਂਗੀ ਧਾਰਾ ਨਹੀਂ ਹੈ, ਬਲਕਿ ਬਹੁ ਦੇਵਵਾਦੀ ਹੈ। ਕਈ ਜਗ੍ਹਾ ਇਨ੍ਹਾਂ ਦੀ ਤਾਲੀਮ ਪ੍ਰਮੇਸ਼ਰ 'ਤੇ ਯਕੀਨ ਕਰਦੀ ਹੈ ਪ੍ਰੰਤੂ ਨਾਲ ਦੀ ਨਾਲ ਕਿਸੇ ਹੋਰ ਦੂਸਰੇ ਦੇਵ ਅਥਵਾ ਅਨਯ ਪਰਮਾਤਮਾ 'ਤੇ ਭੀ ਭਰੋਸਾ ਰੱਖਦੀ ਹੈ। ਭਾਵ ਸਮੂਲਚੀ ਹਿੰਦੂ ਧਾਰਾ ਦਾ ਵਿਸ਼ਵਾਸ ਇਕਾਂਗੀ ਅਥਵਾ ਲਾ-ਸ਼ਰੀਕ ਧਾਰਾ ਨਹੀਂ ਹੈ। ਅਨੇਕਾਂ ਹੀ ਹੋਰ ਦੇਵਤੇ ਰੱਬ ਦੇ ਸ਼ਰੀਕ ਕਰਕੇ ਦਰਸਾਏ ਗਏ ਹਨ। ਆਪ ਜੀ ਦੀ ਜਾਣਕਾਰੀ ਹਿਤ, ਕੁਝ ਉਦਾਹਰਣ ਨਿਮਨ ਲਿਖਤ ਦੁਆਰਾ ਪੇਸ਼ ਕੀਤੇ ਜਾ ਰਹੇ ਹਨ। ਮਿਸਟਰ ਗੁਸਾਈਂ ਕਥਨ ਕਰਦੇ ਹਨ ਕਿ ਵੇਦਿਕ ਧਾਰਾ ਦੇ ਅਧੀਨ ਅਸੀਂ ਇਕ ਪਰਮਾਤਮਾ ਦੀ ਪੂਜਾ ਕਰਦੇ ਹਾਂ, ਪ੍ਰੰਤੂ ਅਸੀਂ ਦੂਸਰੇ ਦੇਵਤਿਆਂ ਦੀ ਪੂਜਾ ਵਲੋਂ ਭੀ ਮੂੰਹ ਨਹੀਂ ਫੇਰ ਸਕਦੇ। ਉਨ੍ਹਾਂ ਦਾ ਕਥਨ ਹੈ ਕਿ :

> This leads us from polytheism (many gods) to monotheism (one god) with the slight modification that while we worshiped a supreme deity we still recognized other gods.[2]

ਕਈ ਭੁੱਲੜ ਸਿਖ, ਰਾਸ਼ਟਰੀਯ ਸਿਖ ਸੰਗਤਿ ਦਾ ਬੁਰਕਾ ਪਹਿਨ ਕੇ ਭੋਲੇ ਭਾਲੇ ਅਜਾਣ ਸਿੱਖਾਂ ਵਿਚ ਘੁਸਪੈਠ ਕਰ ਕੇ ਅਨਿਕ ਪ੍ਰਕਾਰੀ ਅਵਤਾਰਾਂ, ਦੇਵੀ ਦੇਵਤਿਆਂ, ਬਹੁਤੇ ਪਰਮਾਤਮਾ ਅਤੇ ਮਨੋਕਲਪਤ ਹਿੰਦੂ ਰੀਤੀਆਂ ਦਾ ਪ੍ਰਚਾਰ

---

1. *Marful Quran*, p. 87, and *A History of Civilization Ancient India*, Part-II, by Mr. R.C. Dutt, p. 197.
2. *We the People of Bharat*, p. 257, by P.S. Gusain, 3rd Millennium Inc. Gautam Nagar, New Delhi.

ਕਰਦੇ ਹਨ। ਅਵਿਦਿਆ ਉਪਾਧੀਆਂ ਦੀ ਜੜ੍ਹ ਹੁੰਦੀ ਹੈ। ਜੋ ਇਨਸਾਨ ਗੁਰਮਤਿ ਪ੍ਰਤਿ ਸਹੀ ਜਾਣਕਾਰੀ ਨਹੀਂ ਰੱਖਦਾ, ਉਸ ਦੇ ਜ਼ਿਹਨ ਵਿਚ ਮਨੋਕਲਪਤ ਮਦਾਰੀ ਦੀ ਡੁਗਡੁਗੀ ਅਤੇ ਮਦਾਰੀ ਦੇ ਥੈਲੇ ਵਿਚੋਂ ਨਿਕਲੀਆਂ ਛਲ-ਕਪਟੀ ਚੀਜ਼ਾਂ ਬਹੁਤ ਹੀ ਮਾਰੂ ਪ੍ਰਭਾਵ ਪਾਉਂਦੀਆਂ ਹਨ। ਇਸ ਰੋਗ ਦਾ ਅਉਖਧ ਇਹੀ ਹੈ ਕਿ ਇਨ੍ਹਾਂ ਅਵਿਦਿਅਕ ਲੋਕਾਂ ਨੂੰ ਹਰ ਪਿੰਡ ਵਿਚ ਆਣ ਕੇ ਸ਼੍ਰੋਮਣੀ ਕਮੇਟੀ ਦੇ ਸਦਸ ਸਿੱਖੀ ਦੇ ਮੂਲਿਕ ਸਿਧਾਂਤਾਂ ਅਤੇ ਪਾਵਨ ਗੁਰਬਾਣੀ ਦੇ ਅੰਤ੍ਰੀਵੀ ਰਹੱਸ ਦੀ ਜਾਣਕਾਰੀ ਦੇਣ, ਕਿਉਂਕਿ ਸ਼੍ਰੋਮਣੀ ਕਮੇਟੀ ਰਾਜਨੀਤਕ ਸੰਸਥਾ ਨਹੀਂ ਹੈ ਬਲਕਿ ਇਕ ਧਾਰਮਕ ਸੰਸਥਾ ਹੈ। ਅਗਰ ਸ਼੍ਰੋਮਣੀ ਕਮੇਟੀ ਅਤੇ ਹਰ ਇਕ ਗੁਰਦੁਆਰਾ ਸਿੱਖੀ ਦੇ ਬੁਨਿਆਦੀ ਸਿਧਾਂਤਾਂ ਦੀ ਰੱਖਿਆ ਨਹੀਂ ਕਰੇਗਾ, ਤਦ ਉਹ ਦਿਨ ਦੂਰ ਨਹੀਂ ਹੈ ਕਿ ਸਮੂਲਚੀ ਸਿੱਖੀ ਇਕਾਂਗੀ ਧਾਰਾ ਦੀ ਬਜਾਏ ਇਕ ਮਿਲ-ਗੌਬਾ ਅਤੇ ਬਹੁ ਦੇਵਵਾਦੀ ਧਾਰਾ ਹੋਵੇਗੀ। ਗਰਜ਼ੇਕਿ, ਸਿੱਖੀ ਦਾ ਮੂਲਿਕ ਅਕੀਦਾ ਕੇਵਲ ਅਤੇ ਕੇਵਲ ਇਕ(1) ਹੀ ਹੈ, ਗੁਰਮਤਿ ਵਿਚ ਦੁਤੀਆ ਸਿਧਾਂਤ ਅਪਰਵਾਨਿਤ ਹੈ, ਜਿਵੇਂ:

ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਏਕ ਬਿਨਾ ਦੂਜਾ ਨਹੀ ਜਾਣੀ ॥[1]

(ਭੈਰਉ ਮ: ੫, ਪੰਨਾ 1137/6)

ਸਿੱਖੀ ਦੇ ਸ਼ਾਮਿਆਨੇ ਦਾ ਕੇਂਦਰੀ ਥੰਮ੍ਹ ਕੇਵਲ ਅਤੇ ਕੇਵਲ ਇਕ ਹੈ, ਇਹੀ ਕਾਰਨ ਹੈ ਕਿ ਸਤਿਗੁਰੂ ਜੀ ਨੇ ਸਿੱਖੀ ਜਗਤ ਵਾਸਤੇ ਹੁਕਮ ਲਾਗੂ ਕੀਤਾ ਹੈ ਕਿ:

ਏਕਸੁ ਬਿਨੁ ਮੈ ਅਵਰੁ ਨ ਜਾਣਾ ਸਤਿਗੁਰਿ ਦੀਆ ਬੁਝਾਈ ॥[2]

ਵੈਦਿਕ ਧਾਰਾ ਵਿਚ ਇਕਾਂਗੀ ਸਿਧਾਂਤ ਨਹੀਂ ਹੈ, ਬਲਕਿ ਬਹੁ ਦੇਵਵਾਦ ਅਤੇ ਸੰਦੇਹਪੂਰਨ ਮੈਥੋਲੋਜੀ ਹੈ। ਜਿਸ ਜੀਵ ਦਾ ਨਿਸ਼ਾਨਾ ਹੀ ਇਕ ਨਹੀਂ, ਨਿਰਸੰਦੇਹ ਉਹ ਕਦੀ ਭੀ ਨਿਸ਼ਚਿਤ ਮੰਜ਼ਲ 'ਤੇ ਰਸਾਈ ਨਹੀਂ ਕਰ ਸਕਦਾ। ਜਿਵੇਂ ਬਹੁਤੇ ਘਰਾਂ ਦਾ ਪ੍ਰਾਹੁਣਾ ਹਮੇਸ਼ਾ ਭੁੱਖਾ ਹੀ ਰਹਿੰਦਾ ਹੈ। ਸਾਂਝੇ ਬਾਬੇ ਦੀ ਮਕਾਣ ਭੀ ਅਧੂਰੀ ਹੀ ਰਹਿ ਜਾਂਦੀ ਹੈ। ਜੋ ਢੱਢ ਬਹੁਤੇ ਡੂੰਮਾਂ ਦੀ ਰਾਖੀ ਵਿਚ ਹੋਵੇ, ਉਹ ਵਜਦੀ ਨਹੀਂ ਕਿਉਂਕਿ ਉਸ ਦੀ ਮੁਰੰਮਤ ਕੋਈ ਭੀ ਨਹੀਂ ਕਰਵਾਉਂਦਾ। ਉਕਤ ਖ਼ਿਆਲ ਦੀ ਪ੍ਰੋੜ੍ਹਤਾ ਭਾਈ ਗੁਰਦਾਸ ਜੀ ਦੇ ਰਹੱਸਮਈ ਤਖ਼ਯੱਲ ਦੀ ਝਲਕ ਵਿਚ ਵੇਖਣੀ ਵਧੇਰੇ ਲਾਭਦਾਇਕ ਹੋਵੇਗੀ, ਜਿਵੇਂ:

---

1. ਕੇਵਲ ਇਕ ਦੀ ਜਾਣਕਾਰੀ ਪ੍ਰਤਿ ਦੇਖੋ, *ਗੁਰਬਾਣੀ ਤੱਤ ਸਾਗਰ*, ਭਾਗ ਪਹਿਲਾ, ਕਰਮ ਨੰ. 291, ਪੰਨਾ 361.
2. ਮਲਾਰ ਮ: ੩, ਪੰਨਾ 1260/5.

ਬਹੁਤੀਂ ਘਰੀਂ ਪਰਾਹੁਣਾ ਜਿਉ ਰਹੰਦਾ ਭੁਖਾ॥
ਸਾਂਝਾ ਬਬੁ ਨ ਰੋਈਐ ਚਿਤਿ ਚਿੰਤ ਨ ਚੁਖਾ॥
ਬਹਲੀ ਡੂਮੀ ਢਢਿ ਜਿਉ ਓਹੁ ਕਿਸੈ ਨ ਧੁਖਾ॥
ਵਣਿ ਵਣਿ ਕਾਉਂ ਨ ਸੋਹਈ ਕਿਉਂ ਮਾਣੈ ਸੁਖਾ॥
ਜਿਉ ਬਹੁ ਮਿਤੀ ਵੇਸੁਆ ਤਨਿ ਵੇਦਨਿ ਦੁਖਾ॥
ਵਿਣੁ ਗੁਰ ਪੂਜਨਿ ਹੋਰਨਾ ਬਰਨੇ ਬੇਮੁਖਾ॥੧੯॥੩੪॥[1]

ਜਿਥੇ ਸਿੱਖੀ ਸਿਰਫ਼ ਵਾਹਿਦ ਵਾਹਿਗੁਰੂ ਦੀ ਉਪਾਸ਼ਕ ਹੈ, ਉਥੇ ਵੈਦਿਕ ਧਾਰਾ ਅਨੇਕਾਂ ਹੀ ਦੇਵੀ ਦੇਵਤਿਆਂ, ਅਵਤਾਰਾਂ ਅਤੇ ਅਨਿਕ ਪ੍ਰਕਾਰੀ ਪਰਮਾਤਮਾ ਦੀ ਪੂਜਾ ਕਰਦੀ ਹੈ। ਭਾਵ ਧਾਰਮਕ ਮਾਰਗ ਦੀ ਦੁਨੀਆ ਵਿਚ ਸਿੱਖੀ ਅਤੇ ਵੈਦਿਕ ਮਤਿ ਦੋ ਵਿਰੋਧਾਭਾਸੀ ਜ਼ਾਵੀਏ ਹਨ, ਜੋ ਕਦੀ ਭੀ ਅਤੇ ਕਿਸੇ ਭੀ ਬਿੰਦੂ 'ਤੇ ਇਕੱਠੇ ਨਹੀਂ ਹੋ ਸਕਦੇ। ਇਨ੍ਹਾਂ ਦੇ ਦਰਮਿਆਨ ਤਨਿਕ ਮਾਤਰ ਭੀ ਅਥਵਾ ਅੰਸ਼ ਮਾਤਰ ਭੀ ਗੁੰਜ਼ਾਇਸ਼ ਨਹੀਂ ਹੈ ਕਿ ਇਹ ਧਾਰਮਕ ਮਾਮਲਿਆਂ ਵਿਚ ਭਾਈਵਾਲਤਾ ਕਰ ਸਕਣ। ਕਿਉਂਕਿ ਜਿਥੇ ਸਿੱਖੀ ਕੇਵਲ ਇਕ ਵਾਹਿਗੁਰੂ ਦੀ ਨਦਰ ਕਰਮ ਵਿਚ ਦ੍ਰਿੜ੍ਹ ਵਿਸ਼ਵਾਸ ਰੱਖਦੀ ਹੈ, ਉਥੇ ਵੈਦਿਕ ਧਾਰਾ ਬਹੁ-ਮਤੀ ਹੈ। ਜਿਵੇਂ ਗੁਸਾਈਂ ਜੀ ਉਲੇਖਣ ਕਰਦੇ ਹਨ:

In this system, called henotheism, different occasions called for worship of different supreme gods, while all others remained his manifestations. In fact in successive periods, different gods occupied the seat of supreme god, and even today different sects consider their own god as supreme god.[2]

ਇਥੇ ਤਕ ਵੈਦਿਕ ਈਸ਼ਵਰੀ ਸੰਕਲਪ ਦੀ ਵਿਆਖਿਆ ਸਮਾਪਤ ਹੁੰਦੀ ਹੈ। ਅਗੇਤਰ ਪੰਨਿਆਂ ਵਿਚ "ਰਾਮਾਇਣ ਅਤੇ ਮਹਾਭਾਰਤ" ਪ੍ਰਤਿ ਜ਼ਿਕਰ ਕਰਨਾ ਜ਼ਰੂਰੀ ਹੈ। ਚੁਨਾਂਚਿ, ਗੁਰਮਤਿ ਵਿਚ ਇਕ ਵਾਹਿਗੁਰੂ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਹੈ:

ਇਕਸੁ ਵਿਣੁ ਹੋਰੁ ਦੂਜਾ ਨਾਹੀ ਬਾਬਾ ਨਾਨਕ ਇਹ ਮਤਿ ਸਾਰੀ ਜੀਉ॥
(ਮਾਝ ਮ: ੫, ਪੰਨਾ 108/3)

9.88 ਰਾਮਾਇਣ

ਉਕਤ ਦਰਸਾਈਆਂ ਪੁਸਤਕਾਂ ਜਿਨ੍ਹਾਂ ਵਿਚ ਵੇਦ, *ਸ਼ਾਸਤਰ, ਸਿੰਮ੍ਰਿਤੀਆਂ, ਪੁਰਾਣ, ਉਪਨਿਸ਼ਦ* ਆਦਿ ਤੋਂ ਇਲਾਵਾ ਹਿੰਦੂ ਮਤਿ ਵਿਚ

---

1. ਭਾਈ ਗੁਰਦਾਸ ਜੀ, ਵਾਰ 34, ਪਉੜੀ 19.
2. *We the People of Bharat*, p. 257, by P.S. Gusain.

ਰਾਮਾਇਣ ਅਤੇ ਮਹਾਂਭਾਰਤ ਭੀ ਧਾਰਮਕ ਕਿਤਾਬਾਂ ਮੰਨੀਆਂ ਜਾਂਦੀਆਂ ਹਨ ਜਦੋਂ ਕਿ ਇਨ੍ਹਾਂ ਵਿਚ ਧਰਮ ਦੀ ਬਜਾਏ, ਦੋ ਲੜਾਈਆਂ ਦਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਪੁਸਤਕਾਂ ਦੇ ਲਿਖਣ ਦਾ ਸਮਾਂ ਨਿਸ਼ਚਿਤ ਕਰਨਾ ਕਠਿਨ ਹੀ ਨਹੀਂ, ਬਲਕਿ ਅਸੰਭਵ ਹੈ। ਪੰਡਤ ਲੇਖ ਰਾਮ ਜੀ ਦੇ ਕਥਨ ਅਨੁਸਾਰ ਰਾਮਾਇਣ ਦਾ ਸੰਕਲਨ ਸਮਾਂ ਅੱਠ ਲੱਖ ਸਾਲ ਪੁਰਾਤਨ ਦਰਸਾਇਆ ਗਿਆ ਹੈ ਜਦੋਂ ਕਿ ਮਹਾਂਭਾਰਤ ਦਾ ਲਿਖਤੀ ਸਮਾਂ 310 ਪੂਰਬ ਈਸਾ ਪ੍ਰਗਟ ਕੀਤਾ ਗਿਆ ਹੈ ਪ੍ਰੰਤੂ ਪੱਛਮੀ ਵਿਦਵਾਨਾਂ ਦਾ ਖ਼ਿਆਲ ਹੈ ਕਿ ਮਹਾਂਭਾਰਤ ਦਾ ਸਮਾਂ ਰਾਮਾਇਣ ਤੋਂ ਕੁਝ ਅਰਸਾ ਪਹਿਲਾਂ ਹੈ। ਮਿਸਟਰ ਹੰਟਰ ਦਾ ਕਥਨ ਹੈ ਕਿ ਰਾਮਾਇਣ ਦਾ ਲਿਖਤੀ ਸਮਾਂ 1000 ਸਾਲ ਪੂਰਬ ਈਸਾ ਅਥਵਾ ਇਸ ਤੋਂ ਭੀ ਪਿਛੇਤਰ ਲਿਖਤ ਹੈ। ਇਸੇ ਲਿਖਾਰੀ ਦਾ ਖ਼ਿਆਲ ਹੈ ਕਿ ਮਹਾਂਭਾਰਤ 1200 ਸਾਲ ਪੂਰਬ ਈਸਾ ਵਿਚ ਸੰਕਲਨ ਕੀਤੀ ਗਈ ਪ੍ਰੰਤੂ ਇਨ੍ਹਾਂ ਕਿਤਾਬਾਂ ਵਿਚ ਸੰਨ ਈਸਾ ਦੇ ਆਰੰਭ ਤੋਂ ਸੈਂਕੜੇ ਸਾਲ ਉਪਰੰਤ ਬਹੁਤ ਸਾਰੀਆਂ ਕਥਾ ਕਹਾਣੀਆਂ ਸੰਮਿਲਤ ਹੁੰਦੀਆਂ ਰਹੀਆਂ ਹਨ। ਜਿਵੇਂ ਮਹਾਂਭਾਰਤ ਵਿਚ ਰਾਜਾ ਨਲ ਦਾ ਜ਼ਿਕਰ ਹੈ ਜੋ ਕਿ ਚੌਥੀ ਸਦੀ ਈਸਵੀ ਵਿਚ ਹੋਇਆ ਹੈ। ਰਾਮਾਇਣ ਦੇ ਸੰਕਲਨ ਸੰਬੰਧ ਵਿਚ ਮਿਸਟਰ ਗੋਵਿੰਦ ਦਾਸ ਇਸ ਪਰਿਣਾਮ 'ਤੇ ਪੁੱਜੇ ਹਨ ਕਿ ਇਸ ਦੀ ਲਿਖਤ ਦਾ ਸਮਾਂ ਲਗਪਗ ਤੀਸਰੀ ਸਦੀ ਪੂਰਬ ਈਸਾ ਹੈ। ਜਦੋਂ ਕਿ ਹਿੰਦੂ ਲਿਖਾਰੀਆਂ ਦੇ ਆਧਾਰ 'ਤੇ ਰਾਮ ਚੰਦ੍ਰ ਜੀ ਦਾ ਸਮਾਂ ਅੱਜ ਤੋਂ ਲਗਪਗ ਵੀਹ (20) ਲੱਖ ਸਾਲ ਪਹਿਲਾਂ ਹੈ।[1]

ਰਾਮਾਇਣ, ਮਹਾਂਭਾਰਤ ਅਤੇ ਸਮੂਲਚੀ ਵੈਦਿਕ ਸਮੱਗਰੀ ਪ੍ਰਤਿ ਪੰਡਤ ਜਵਾਹਰ ਲਾਲ ਜੀ ਲਿਖਦੇ ਹਨ ਕਿ ਇਹ ਪੁਸਤਕਾਂ ਸਦੀਆਂ ਦੇ ਸਮੇਂ ਵਿਚ ਸੰਕਲਨ ਕੀਤੀਆਂ ਗਈਆਂ ਅਤੇ ਬਾਅਦ ਵਿਚ ਭੀ ਇਨ੍ਹਾਂ ਵਿਚ ਵਾਧੇ ਹੁੰਦੇ ਰਹੇ ਹਨ, ਜਿਵੇਂ :

Before the discovery of the Indus Valley civilization, the Vedas were supposed to be the earlier records we possess of Indian culture. There was much dispute about the chronology of the Vedic period, European scholars usaully giving later dates and Indian scholars much earlier ones. It was curious, this desire on the part of Indians to go to as far back as possible and thus enhance the importance of our ancient culture. Professor Winterniz thinks that the beginning of Vedic literature go back to 2,000 B.C. or

1. *Hinduism*, pp. 137, 164, by Mr. Govind Das, and referred by *Marful Quran*, p. 87.

even 2500 B.C. this bring us very near the Mohinjodaro period.[1]

ਰਾਮਾਇਣ ਦੀ ਲਿਖਤ ਕਿਸੇ ਇਕ ਲਿਖਾਰੀ ਦੀ ਲਿਖਤ ਨਹੀਂ ਹੈ, ਬਲਕਿ ਅਠਾਰ੍ਹਵੀਂ ਸਦੀ ਦੇ ਅੰਤ ਤਕ ਲਗਪਗ ਰਾਮਾਇਣ ਦੇ ਵੀਹ (20) ਨੁਸਖ਼ੇ ਕੇਵਲ ਬਨਾਰਸ ਦੇ ਇਕ ਪੁਸਤਕਾਲਯ ਵਿਚ ਮੌਜੂਦ ਸਨ, ਜਿਨ੍ਹਾਂ ਵਿਚ ਸੰਬੰਧਿਤ ਹਾਲਤਾਂ ਪ੍ਰਤਿ ਵੱਖਰੇ ਵੱਖਰੇ ਖ਼ਿਆਲਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਬਾਲਮੀਕ, ਕਾਲੀਦਾਸ, ਤੁਲਸੀ ਦਾਸ ਰਾਮਾਇਣ ਬਹੁਤ ਹੀ ਪ੍ਰਸਿੱਧ ਹਨ। ਪ੍ਰੰਤੂ ਇਨ੍ਹਾਂ ਦੀ ਹਾਲਤ ਭੀ ਐਸੀ ਹੈ ਜਿਨ੍ਹਾਂ ਵਿਚ ਨਿਮਨ ਲਿਖਤ ਸਮੱਗਰੀ ਵੇਖੀ ਜਾ ਸਕਦੀ ਹੈ। ਜਿਵੇਂ :

ਇਨ੍ਹਾਂ ਵਿਚ ਪਹਿਲਾ ਅਤੇ ਸੱਤਵਾਂ ਕਾਂਡ ਪਿਛੋਂ ਲਿਖੇ ਗਏ ਹਨ ਅਤੇ ਹੱਦ ਤੋਂ ਵੱਧ ਪਰਿਵਰਤਨ ਕੀਤਾ ਗਿਆ ਹੈ। ਪ੍ਰੰਤੂ ਇਤਨਾ ਨਹੀਂ ਜਿਤਨਾ ਕਿ ਮਹਾਭਾਰਤ ਵਿਚ ਕੀਤਾ ਗਿਆ ਹੈ। ਇਹ ਭੀ ਯਾਦ ਰਹੇ ਕਿ ਇਹ ਕੇਵਲ ਸ਼ਾਇਰੀ (ਕਾਵਿ ਰਚਨਾ) ਹੈ, ਤਵਾਰੀਖ਼ ਨਹੀਂ ਹੈ।[2]

ਇਸ ਚਾਲੂ ਮਜ਼ਮੂਨ ਵਿਚ ਅਥਵਾ ਇਸ ਤੋਂ ਪਿਛਲੀ ਰਚਨਾ ਵਿਚ ਦੂਜੇ ਧਰਮਾਂ ਪ੍ਰਤਿ ਇਸ ਵਾਸਤੇ ਜਾਣਕਾਰੀ ਦਿੱਤੀ ਗਈ ਹੈ ਤਾਂਕਿ ਇਕ ਸਾਧਾਰਣ ਸਿੱਖ ਇਸ ਵਿਸ਼ੇ ਤੋਂ ਜਾਣੂ ਹੋ ਸਕੇ ਕਿ ਵਾਸਤਵਿਕ ਤੌਰ 'ਤੇ ਸਿੱਖੀ ਪ੍ਰਤਿ ਇਨ੍ਹਾਂ ਧਰਮਾਂ ਦੀ ਨੀਤੀ ਕਿਸ ਪ੍ਰਕਾਰ ਦੀ ਕੋਝੀ ਗਤੀ ਅਪਣਾ ਰਹੀ ਹੈ। ਵਿਰਤੀਹਾਣ ਸਮੇਂ ਵਿਚ ਇਹ ਦੋ ਹੀ ਧਰਮ ਹਨ ਜੋ ਅਨਿਕ ਪ੍ਰਕਾਰੀ ਭੇਖ ਦੇ ਅਧੀਨ ਸਿੱਖੀ ਦੀਆਂ ਸਫ਼ਾਂ ਵਿਚ ਘੁਸਪੈਠ ਕਰਨ ਹਿਤ ਯਤਨਸ਼ੀਲ ਹਨ। ਅਸਾਡਾ ਇਹ ਇਰਾਦਾ ਕਦਾਚਿਤ ਨਹੀਂ ਹੈ ਕਿ ਕਿਸੇ ਦੂਜੇ ਧਰਮ ਦੇ ਵਿਰੁੱਧ ਕੁਝ ਲਿਖਿਆ ਜਾਵੇ ਪ੍ਰੰਤੂ ਸਚਾਈ ਨੂੰ ਉਜਾਗਰ ਕਰਨਾ ਅਸਾਡਾ ਬੁਨਿਆਦੀ ਧਰਮ ਹੈ। ਜਦਕਿ ਦੂਜੇ ਧਰਮਾਂ ਵਲੋਂ ਵਿਸ਼ੇਸ਼ ਕਰਕੇ ਹਿੰਦੂ ਅਤੇ ਈਸਾਈਆਂ ਵਲੋਂ ਸਿੱਖੀ ਵਿਚ ਘੁਸਪੈਠ ਕੀਤੀ ਜਾ ਰਹੀ ਹੈ ਤਦ ਅਸਾਡਾ ਧਰਮ ਹੈ ਕਿ ਅਸੀਂ ਆਪਣੀ ਸੁਰੱਖਿਆ ਪ੍ਰਤਿ ਵਾੜ ਕਰੀਏ, ਤਾਂਕਿ ਹਰਿਆਇਆ ਪਸ਼ੂ ਅਸਾਡੀ ਫ਼ਸਲ ਨੂੰ ਬਰਬਾਦ ਨਾ ਕਰੇ।

ਮਿਸਟਰ ਗੋਵਿੰਦ ਦਾਸ ਦੇ ਕਥਨ ਅਨੁਸਾਰ ਰਾਜਾ ਦਸਰਥ ਦੀਆਂ ਤਿੰਨ ਰਾਣੀਆਂ ਅਤੇ ਸਾਢੇ ਤਿੰਨ ਸੌ ਲੌਂਡੀਆਂ ਸਨ। ਰਾਜਾ ਦਸਰਥ ਦੀ ਆਯੂ ਜੋ ਆਪ ਜੀ ਪਿਛਲੇ ਪੰਨਿਆਂ ਵਿਚ ਭੀ ਪੜ੍ਹ ਆਏ ਹੋ, ਸੱਠ ਹਜ਼ਾਰ ਸਾਲ ਦੀ ਦਰਸਾਈ ਗਈ ਹੈ। ਜਦੋਂ ਸੀਤਾ ਜੀ ਦਾ ਸਵੰਬਰ ਰਚਾਇਆ ਗਿਆ, ਇਸ ਦੀ ਉਮਰ ਕੇਵਲ ਪੰਜ ਬਰਸ ਦੀ ਸੀ। ਪ੍ਰੰਤੂ ਜਦੋਂ ਇਸ ਦੀ ਆਯੂ ਦਸ ਹਜ਼ਾਰ ਤੇਤੀਸ ਬਰਸ ਦੀ ਹੋਈ ਤਦ ਇਸ ਦੇ ਲੜਕਾ ਪੈਦਾ ਹੋਇਆ। ਇਸ ਦਾ ਭਾਵ

1. *Discovery of India*, p. 76, by Jawahar Lal Nehru.
2. *Hinduism*, pp. 131-132, by Govind Das and *Marful Quran*, p. 87.

ਇਹ ਹੋਇਆ ਕਿ *ਰਮਾਇਣ* ਵਿਚ ਮਨੋਕਲਪਤ ਕਿੱਸੇ ਕਹਾਣੀਆਂ ਦੀ ਭਰਮਾਰ ਹੈ।[1] ਰਾਮਾਇਣ ਗਾਥਾ ਦਾ ਆਰੰਭ ਰਾਮ ਚੰਦ੍ਰ ਜੀ ਦੇ ਜਨਮ ਤੋਂ ਹੁੰਦਾ ਹੈ ਜੋ ਅਤਿ ਹੈਰਾਨ ਕਰਨ ਵਾਲੀ ਕਹਾਣੀ ਹੈ। ਔਰ ਰਾਮਾਇਣ ਦਾ ਅੰਤ ਸੀਤਾ ਜੀ ਦਾ ਬਾਲਮੀਕ ਜੀ ਦੀ ਕੁਟੀਆ ਵਿਚੋਂ ਵਾਪਸ ਆ ਕੇ ਨਿਜੀ ਤ੍ਰਿਸਕਾਰ ਨੂੰ ਨਾ ਸਹਾਰਦੀ ਹੋਈ, ਹਮੇਸ਼ਾ ਵਾਸਤੇ ਬ੍ਰਹਮ ਅਗਨ ਦੁਆਰਾ ਧਰਤੀ ਵਿਚ ਸਮਾ ਜਾਣਾ ਹੈ।

ਰਾਜਾ ਦਸਰਥ ਦੀਆਂ ਤਿੰਨ ਰਾਣੀਆਂ ਸਨ ਪ੍ਰੰਤੂ ਕਿਸੇ ਭੀ ਰਾਣੀ ਤੋਂ ਕੋਈ ਪੁੱਤਰ ਨਹੀਂ ਹੋਇਆ, ਲਿਹਾਜ਼ਾ ਪੁੱਤਰ ਦੀ ਇੱਛਾ ਰੱਖ ਕੇ ਰਾਜਾ ਦਸਰਥ ਨੇ ਅਸ਼ਵਮੇਧ ਯੱਗ ਕਰਵਾਇਆ। ਘੋੜੇ ਦੀ ਬਲੀ ਦੇਣ ਤੋਂ ਪਹਿਲਾਂ ਯੱਗ ਕਰਨ ਵਾਲੇ ਰਾਜੇ ਦੀ ਰਾਣੀ ਘੋੜੇ ਪ੍ਰਤਿ ਆਪਾ ਭੇਟ ਕਰਦੀ ਸੀ। ਇਹ ਰਸਮ ਰਾਣੀ ਕੌਸ਼ਲਿਆ ਨੇ ਸੰਪੂਰਣ ਕੀਤੀ। ਇਸ ਤੋਂ ਉਪਰੰਤ ਵੇਦਿਕ ਰੀਤੀ ਦੇ ਅਨੁਸਾਰ ਘੋੜੇ ਨੂੰ ਟੁਕੜੇ ਟੁਕੜੇ ਕਰ ਕੇ ਹਵਨ ਅਗਨੀ ਵਿਚ ਭੇਟ ਕੀਤਾ ਗਿਆ। ਬਾਲਮੀਕੀ ਰਾਮਾਇਣ ਦੇ ਅਨੁਸਾਰ ਅਸ਼ਵਮੇਧ ਯੱਗ ਦੀ ਸੰਪੂਰਣਤਾ ਤੋਂ ਉਪਰੰਤ ਸ਼ਿੰਗੀ ਰਿਖੀ ਨੇ ਰਾਜਾ ਦਸਰਥ ਦੇ ਜਨਮ ਜਨਮਾਂਤ੍ਰਾਂ ਦਾ ਫਲ, ਧਿਆਨ ਵਿਚ ਰੱਖਦਿਆਂ ਵਿਚਾਰ ਕੀਤੀ ਕਿ ਰਾਜੇ ਦੇ ਕਰਮਾਂ ਵਿਚ ਪੁੱਤਰ ਨਹੀਂ ਲਿਖਿਆ ਪ੍ਰੰਤੂ ਮੈਂ ਪੁੱਤਰ ਹੋਣ ਦੀ ਅਸੀਸ ਦੇ ਦਿੱਤੀ ਹੈ ਕਿ ਚਾਰ ਪੁੱਤਰ ਹੋਣਗੇ। ਪਰਿਣਾਮ ਵਜੋਂ ਸ਼ਿੰਗੀ ਰਿਖੀ ਨੇ ਰਾਜਾ ਦਸਰਥ ਨੂੰ ਮਸ਼ਵਰਾ ਦਿੱਤਾ ਕਿ ਹੇ ਰਾਜਨ! ਭਾਵੇਂ ਅਸ਼ਵਮੇਧ ਯੱਗ ਵਿਧੀ ਪੂਰਬਕ ਸੰਪੂਰਣ ਹੋ ਗਿਆ ਹੈ ਪ੍ਰੰਤੂ ਪੁੱਤਰ ਹੋਣ ਵਿਚ ਸੰਦੇਹ ਹੈ। ਇਸ ਵਾਸਤੇ ਤੂੰ ਇਕ ਯੱਗ ਹੋਰ ਕਰ। ਉਸ ਦਾ ਨਾਉਂ ਪੁਤ੍ਰੇਸ਼ਟੀ ਯੱਗ ਹੈ। ਇਸ ਯੱਗ ਵਿਚ *ਅਥਰਵਣ* ਵੇਦ ਦੇ ਮੰਤਰ ਪੜ੍ਹੇ ਜਾਣਗੇ। ਇਤਨਾ ਕਹਿੰਦੇ ਹੋਏ ਸ਼ਿੰਗੀ ਰਿਖੀ ਨੇ ਪੁਤ੍ਰੇਸ਼ਟ ਯੱਗ ਆਰੰਭ ਕਰਵਾ ਦਿੱਤਾ। ਯੱਗ ਦੀ ਆਰੰਭਤਾ ਵੇਖ ਕੇ ਵਿਸ਼ਨੂੰ ਜੀ ਨੇ ਅੰਤਰ ਧਿਆਨ ਹੋ ਕੇ ਯੱਗ ਕੁੰਡ ਵਿਚ ਪ੍ਰਵੇਸ਼ ਕੀਤਾ। ਅਗਨ ਕੁੰਡ ਵਿਚੋਂ ਪ੍ਰਗਟ ਹੋ ਕੇ ਰਾਜਾ ਦਸਰਥ ਨੂੰ ਆਖਣ ਲੱਗੇ ਕਿ ਹੇ ਰਾਜਨ! ਇਸ ਭਾਂਡੇ ਵਿਚ ਜੋ ਅਵਿੱਖਜ (ਖੀਰ) ਹੈ, ਰਾਣੀਆਂ ਨੂੰ ਖਲਾ ਦੇਹ, ਰਾਣੀਆਂ ਪੁੱਤਰ ਜਣਨਗੀਆਂ। ਇਤਨਾ ਕਹਿੰਦੇ ਹੋਏ ਵਿਸ਼ਨੂੰ ਜੀ ਅਲੋਪ ਹੋ ਗਏ। ਰਾਜੇ ਨੇ ਅੱਧੀ ਖੀਰ ਕੌਸ਼ਲਿਆ ਨੂੰ ਅਤੇ ਬਾਕੀ ਦੀ ਅੱਧੀ ਸੁਮਿਤ੍ਰਾ ਅਤੇ ਕੇਕਈ ਨੂੰ ਦਿੱਤੀ। ਤਿੰਨੇ ਹੀ ਰਾਣੀਆਂ ਖੀਰ ਖਾ ਕੇ ਅਤਿ ਆਨੰਦ, ਪ੍ਰਸੰਨ ਹੋ ਗਈਆਂ। ਔਰ ਤਿੰਨਾਂ ਨੂੰ ਹੀ ਗਰਭ ਠਹਿਰ ਗਿਆ। ਹੁਣ ਵਿਸ਼ਨੂੰ ਜੀ ਮਹਾਰਾਜ ਚਾਰ ਹਿੱਸੇ ਹੋ ਕੇ ਇਨ੍ਹਾਂ ਰਾਣੀਆਂ ਤੋਂ ਇਸ ਤਰ੍ਹਾਂ ਪੈਦਾ ਹੋਏ ਕਿ ਕੌਸ਼ਲਿਆ ਤੋਂ ਰਾਮ, ਕੇਕਈ ਤੋਂ ਭਰਤ, ਸੁਮਿਤ੍ਰਾ

---

1. *Hinduism*, p. 134, by Mr. Govind Das, and *Marful Quran*, p. 88.

ਤੋਂ ਲਛਮਣ ਅਤੇ ਸ਼ਤਰੂਘਨ ਚਾਰ ਪੁੱਤਰ ਪੈਦਾ ਹੋਏ। ਇਕ ਹੋਰ ਸਭ ਤੋਂ ਵੱਡੀ ਅਦਭੁਤ ਕਥਾ ਤਾਂ ਇਹ ਹੈ ਕਿ ਵਿਸ਼ਨੂੰ ਅਤੇ ਬ੍ਰਹਮਾ ਨੇ ਆਖਿਆ—ਹੇ ਦੇਵਤਿਓ! ਜਿਤਨੇ ਗੰਧਰਬ, ਅਪਛਰਾਂ, ਕਿੰਨਰ ਤੇ ਇੰਦਰ ਦੀਆਂ ਇਸਤ੍ਰੀਆਂ ਹਨ, ਸਭ ਬਾਂਦਰੀਆਂ ਬਣ ਕੇ ਪੁਤਰ ਉਪਜਾਉਣ। ਇਨ੍ਹਾਂ ਵਿਚ ਬਾਲੀ ਅਜੇਹਾ ਬਲਵਾਨ ਹੋਇਆ ਕਿ ਬਲ ਕਰਕੇ ਸਭ ਵੈਰੀਆਂ ਨੂੰ ਮਾਰਨ ਲੱਗਾ ਤੇ ਸਭ ਬਾਂਦਰਾਂ ਦਾ ਰਾਜਾ ਹੋਇਆ ਤੇ ਬਹੁਤ ਸਾਰੇ ਬਾਂਦਰ ਬੱਦਲਾਂ ਵਰਗੇ ਕਾਲੇ ਹੋਏ। ਇਸ ਤਰ੍ਹਾਂ ਸਾਰੇ ਤੇਤੀ ਕਰੋੜ ਦੇਵਤੇ ਬਾਂਦਰ ਸਰੂਪ ਹੋ ਗਏ। (ਕੈਸੀ ਅਦਭੁਤ ਅਤੇ ਰੌਚਕ ਕਥਾ ਹੈ ਕਿ ਸਾਰੇ ਕਲਪਤ ਦੇਵਤੇ ਭੀ ਰਾਮ ਚੰਦ੍ਰ ਜੀ ਦੇ ਸਾਥੀ ਬਣ ਕੇ ਰਾਵਣ ਨੂੰ ਮਾਰਨ ਹਿਤ ਬਾਂਦਰਾਂ ਅਤੇ ਬਾਂਦਰੀਆਂ ਦਾ ਰੂਪ ਧਾਰ ਕੇ ਪੈਦਾ ਹੋਏ। ਇਹੀ ਉਹ ਮਨੋਕਲਪਤ ਰਵਾਇਤ ਹੈ ਜਿਥੋਂ ਰਾਮਾਇਣ ਦਾ ਆਰੰਭ ਹੁੰਦਾ ਹੈ)।[1]

ਰਾਮਾਇਣ ਦੀ ਲੰਮੀ ਚੌੜੀ ਗਾਥਾ ਨੂੰ ਸੰਖੇਪ ਰੂਪ ਵਿਚ ਸਮਝਣ ਹਿਤ ਖ਼ਿਆਲਾਂ ਦਾ ਮੋੜ ਕੱਟਣਾ ਆਵਸ਼ਕ ਹੈ ਤਾਂਕਿ ਆਪ ਜੀ ਦਾ ਦੁਰਲੱਭ ਸਮਾਂ ਅਰਥਹੀਣ ਨਾ ਚਲਾ ਜਾਵੇ। ਬਨਵਾਸ ਵਿਚ ਵਿਚਰਦਿਆਂ ਵਿਚਰਦਿਆਂ ਇਕ ਐਸਾ ਸਮਾਂ ਭੀ ਆਇਆ ਜਦੋਂ ਰਾਵਣ ਸੀਤਾ ਜੀ ਨੂੰ ਚੁਰਾ ਕੇ ਲੈ ਗਿਆ। ਸੀਤਾ ਜੀ ਨੂੰ ਵਾਪਸ ਲਿਆਵਨ ਹਿਤ ਰਾਵਣ ਦੇ ਵਿਰੁੱਧ ਰਾਮ ਚੰਦ੍ਰ ਜੀ ਨੇ ਯੁੱਧ ਕੀਤਾ। ਜਿਸ ਵਿਚ ਰਾਵਣ ਦੀ ਮ੍ਰਿਤੂ ਅਤੇ ਰਾਮ ਚੰਦ੍ਰ ਜੀ ਦੀ ਫ਼ਤਹਿ ਹੋਈ। ਇਥੇ ਇਕ ਧਿਆਨ ਦੇਣ ਯੋਗ ਰਹੱਸ ਹੈ ਕਿ ਤਵਾਰੀਖ਼ ਹਮੇਸ਼ਾ ਹੀ ਜੇਤੂ ਪਾਰਟੀ ਦੀ ਕਦਮ-ਬੋਸੀ ਕਰਦੀ ਹੈ। ਵਾਹਿਗੁਰੂ ਨਾ ਕਰੇ ਅਗਰ ਇਸ ਲੜਾਈ ਵਿਚ ਰਾਮ ਚੰਦ੍ਰ ਜੀ ਦੇ ਥਾਂ, ਰਾਵਣ ਦੀ ਜਿੱਤ ਹੋ ਜਾਂਦੀ, ਤਦ ਤ੍ਰੇਤਾ ਯੁਗ ਦਾ ਅਵਤਾਰ ਰਾਵਣ ਹੋਣਾ ਸੀ। ਕਿਉਂਕਿ ਬ੍ਰਾਹਮਣ ਦੇਵਤਾ ਹਮੇਸ਼ਾ ਹੀ ਜੇਤੂ ਦੇ ਗੁਣ ਗਾਂਵਦਾ ਹੈ। ਇਸੇ ਤਰ੍ਹਾਂ ਜੇਕਰ ਦੂਜੇ ਵਿਸ਼ਵ ਯੁੱਧ ਵਿਚ ਹਿਟਲਰ ਜਿੱਤ ਜਾਂਦਾ, ਤਦ ਦੁਨੀਆ ਦਾ ਸਭ ਤੋਂ ਮੋਹਰੀ ਸੁਲਹਕੁਲ ਇਨਸਾਨ ਹਿਟਲਰ ਨੇ ਬਣਨਾ ਸੀ। ਕਿਉਂਕਿ ਹਿਸਟਰੀ ਕਦੀ ਭੀ ਹਾਰੂ ਦਾ ਪੱਖ ਨਹੀਂ ਪੂਰਦੀ, ਲਿਹਾਜ਼ਾ ਹਮੇਸ਼ਾ ਹੀ ਜੇਤੂ ਦੇ ਦਰਵਾਜ਼ੇ ਦੀ ਦਰਬਾਨ ਹੈ। ਲੰਕਾ ਦੀ ਫ਼ਤਹਿ ਤੋਂ ਬਾਦ ਰਾਮ ਚੰਦ੍ਰ ਜੀ, ਮਹਾਰਾਣੀ ਸੀਤਾ ਜੀ ਦੇ ਨਾਲ ਸੂਰਜਬੰਸੀ ਰਾਜਿਆਂ ਦੀ ਰਾਜਧਾਨੀ ਅਯੁੱਧਿਆ ਵਿਚ ਰਹਿਣ ਲੱਗੇ। ਬਹੁਤ ਹੀ ਅੱਛਾ ਸਮਾਂ ਲੰਘਦਾ ਰਿਹਾ।

ਇਕ ਦਿਨ ਜਾਨਕੀ ਦੇ ਮਨ ਵਿਚ ਵਿਚਾਰ ਆਈ ਕਿ ਤਪੋ ਬਨ ਦੀ

1. *ਬਾਲਮੀਕੀ ਰਾਮਾਇਣ*, ਬਾਲ ਕਾਂਡ, ਸਰਗ 14-18, ਪੰਨੇ 33-41, (ਪੰਜਾਬੀ ਅਨੁਵਾਦ) ਅਤੇ *ਮਆਰਫ਼ੁਲ ਕੁਰਾਨ*, ਪੰਨਾ 88.

ਯਾਤਰਾ ਕੀਤੀ ਜਾਵੇ, ਜਿਥੇ ਰਿਖੀ ਬਾਲਮੀਕ ਜੀ ਰਹਿੰਦੇ ਸਨ। ਰਾਮਚੰਦਰ ਜੀ ਨੇ ਲਛਮਣ ਨੂੰ ਬੁਲਾ ਕੇ ਹੁਕਮ ਦਿੱਤਾ ਕਿ ਸੀਤਾ ਜੀ ਨੂੰ ਰਥ ਵਿਚ ਬਿਠਾ ਕੇ ਤਪੋ ਬਨ ਦੀ ਯਾਤਰਾ ਕਰਵਾ ਲਿਆਵੋ। ਇਹ ਇਕ ਰਾਤ ਉਥੇ ਠਹਿਰੇਗੀ ਫਿਰ ਵਾਪਸ ਆ ਜਾਵੇਗੀ। ਅਚਾਨਕ ਹੀ ਦਰਮੁਖ ਨਾਮੀ ਗੁਪਤਚਰ ਨੇ ਆਮ ਤਨਹਾਈ ਦੇ ਸਮੇਂ ਰਾਜਾ ਰਾਮ ਚੰਦਰ ਜੀ ਨੂੰ ਨਿਜੀ ਸੂਚਨਾ ਦਿੱਤੀ ਕਿ ਆਪ ਜੀ ਪ੍ਰਤਿ ਪਰਜਾ ਦਾ ਕੀ ਖ਼ਿਆਲ ਹੈ? ਅੱਜ ਮੈਂ ਇਕ ਧੋਬੀ ਅਤੇ ਧੋਬਨ ਦੇ ਵਿਚਕਾਰ ਕੁਝ ਵਾਦਵਿਵਾਦ ਹੁੰਦਾ ਸੁਣਿਆ। ਧੋਬੀ ਬਹੁਤ ਹੀ ਹਸਰਤ ਭਰੇ ਲਹਿਜੇ ਵਿਚ ਕਹਿ ਰਿਹਾ ਸੀ ਕਿ ਅੱਜ ਕੱਲ ਦੇ ਸਮੇਂ ਇਸਤ੍ਰੀ ਨੂੰ ਕਾਬੂ ਵਿਚ ਰੱਖਣਾ ਬਹੁਤ ਹੀ ਕਠਿਨ ਹੋ ਗਿਆ ਹੈ ਕਿਉਂਕਿ ਇਸਤ੍ਰੀ ਦੇ ਕਾਬੂ ਰੱਖਣ ਵਿਚ ਅਸਾਡੇ ਰਾਜਾ ਨੇ ਐਸਾ ਭੱਦਾ ਦ੍ਰਿਸ਼ਟਾਂਤ ਪ੍ਰਗਟ ਕੀਤਾ ਹੈ ਕਿ ਆਪਣੀ ਰਾਣੀ ਨੂੰ ਜੋ ਰਾਵਨ ਦੇ ਨਾਲ ਨਿਕਲ ਗਈ ਸੀ, ਦੋਬਾਰਾ ਨਿਜੀ ਰਾਣੀ ਬਣਾ ਕੇ ਮਹਿਲਾਂ ਵਿਚ ਰੱਖਿਆ ਹੈ। ਜਦੋਂ ਦੇਸ਼ ਦਾ ਰਾਜਾ ਹੀ ਔਰਤ ਦੇ ਮਾਮਲੇ ਵਿਚ ਐਸੀ ਦੁਰਬਲਤਾ ਪ੍ਰਗਟ ਕਰੇ ਤਦ ਪਰਜਾ ਇਸ ਤੋਂ ਪ੍ਰਭਾਵਤ ਕਿਉਂ ਨਾ ਹੋਵੇਗੀ। ਇਹ ਗਾਥਾ ਸੁਣਾ ਕੇ ਦਰਮੁਖ ਜਾਸੂਸ ਹੰਝੂਆਂ ਦੀ ਵਰਖਾ ਕਰਦਾ ਹੋਇਆ ਜ਼ਾਰੋਜ਼ਾਰ ਰੋਣ ਲੱਗਾ। ਇਸ ਗਾਥਾ ਨੂੰ ਸੁਣ ਕੇ ਰਾਮ ਚੰਦਰ ਜੀ ਅਤਿਅੰਤ ਹੀ ਪ੍ਰਭਾਵਤ ਹੋਏ। ਦਰਮੁਖ ਗੁਪਤਚਰ ਨੂੰ ਵਿਦਾ ਕਰਕੇ ਉਪਰੰਤ ਤਿੰਨਾਂ ਹੀ ਭਰਾਵਾਂ ਨੂੰ ਆਪਣੇ ਪਾਸ ਬੁਲਾ ਕੇ ਸਾਰੀ ਗਾਥਾ ਸੁਣਾਈ ਅਤੇ ਨਿਜੀ ਨਿਰਣੈ ਦੁਆਰਾ ਉਨ੍ਹਾਂ ਨੂੰ ਸੂਚਿਤ ਕੀਤਾ ਕਿ ਕੱਲ ਨੂੰ ਜਦੋਂ ਲਛਮਣ ਸੀਤਾ ਨੂੰ ਤਪੋ ਬਨ ਵਾਸਤੇ ਲੈ ਕੇ ਜਾਵੇ ਤਦ ਇਥੇ ਉਸ ਨੂੰ ਕੁਝ ਨਾ ਆਖੇ ਅਤੇ ਤਪੋ ਬਨ ਵਿਚ ਜਾ ਕੇ ਉਸ ਨੂੰ ਸੂਚਿਤ ਕਰ ਦੇਵੇ ਕਿ ਰਾਮ ਜੀ ਨੇ ਤੁਮ ਕੋ ਤੱਲਾਕ ਦੇ ਦੀਆ ਹੈ। ਹੁਣ ਰਾਮ ਜੀ ਨੂੰ ਤੇਰੇ ਨਾਲ ਕੋਈ ਵਾਸਤਾ ਨਹੀਂ ਹੈ। ਇਤਨੀ ਸੂਚਨਾ ਦਿੰਦਾ ਹੋਇਆ ਵਾਪਸ ਆ ਜਾਵੇ। ਲਿਹਾਜ਼ਾ ਐਸਾ ਹੀ ਕੀਤਾ ਗਿਆ, ਇਨ੍ਹਾਂ ਦਿਨਾਂ ਵਿਚ ਸੀਤਾ ਜੀ ਗਰਭਿਤ (ਹਾਮਲਾ) ਭੀ ਹੋ ਚੁੱਕੀ ਸੀ। ਐਸੀ ਬੇ-ਸਹਾਰਾ ਦਸ਼ਾ ਵਿਚ ਉਸ ਦੇ ਪੱਲੇ ਰੋਣ ਤੋਂ ਸਿਵਾ ਹੋਰ ਕੁਝ ਨਹੀਂ ਸੀ।

ਇਨਸਾਨੀ ਵਹਿਮ ਇਕ ਐਸੀ ਦੁਰਬਲਤਾ ਹੈ ਜੋ ਜੀਵ ਦੀ ਬੁੱਧੀ ਅਤੇ ਦਿਮਾਗ਼ੀ ਸ਼ਕਤੀ ਨੂੰ ਅਵਰੋਹੀ ਖ਼ੰਦਕਾਂ ਵਿਚ ਸੁੱਟ ਕੇ ਜੀਵਨ ਦੀ ਤਬਾਹੀ ਦਾ ਜ਼ਾਵੀਆ ਉਲੀਕਦੀ ਹੈ। ਸੰਦੇਹ ਮਾਰਗ ਐਸਾ ਉਲਝਿਆ ਹੋਇਆ ਰਸਤਾ ਹੈ ਜੋ ਸੰਦੇਹੀ ਪਾਂਧੀਆਂ ਦੀ ਬੁੱਧੀ ਅਤੇ ਬਲ ਨੂੰ ਖੀਣਤ ਦਸ਼ਾ ਵਿਚ ਧਕੇਲਦਾ ਹੈ। ਸੰਸਾਰ ਵਿਚ ਹਰ ਵਸਤੂ ਦਾ ਆਪਣਾ ਆਪਣਾ ਪ੍ਰਭਾਵ ਖੇਤਰ ਹੁੰਦਾ ਹੈ। ਦਰਮੁਖ ਜਾਸੂਸ ਦੀ ਆਖੀ ਹੋਈ ਰਿਪੋਰਟ ਦਾ ਪ੍ਰਭਾਵ ਅਯੁੱਧਿਆ ਦੀ ਪੂਰੀ ਸਲਤਨਤ 'ਤੇ ਛਾ ਗਿਆ। ਹਰ ਪ੍ਰਭਾਵ ਦੇ ਪਿੱਛੇ ਉਸ ਦੇ ਪ੍ਰਤਿਬਿੰਬ ਹੁੰਦੇ

ਹਨ, ਜਿਨ੍ਹਾਂ ਦੇ ਆਧਾਰ 'ਤੇ ਹਰ ਵਿਅਕਤੀ, ਹਰ ਨੀਤੀਵੇਤਾ, ਹਰ ਵਿਦਵਾਨ ਨਿਜੀ ਤਖ਼ਯੱਲ ਦੀ ਵਲਗਣ ਉਲੀਕਦਾ ਹੈ। ਹਰ ਪ੍ਰਤਿਬਿੰਬ ਦਾ ਪ੍ਰਭਾਵ ਹੀ ਇਕ ਐਸੀ ਚਿੱਤਰਰੇਖਾ ਹੈ ਜਿਸ ਦੇ ਆਸਰੇ ਮਾਨਸਿਕ ਰੂਪ-ਰੇਖਾ ਦਾ ਢਾਂਚਾ ਤਿਆਰ ਹੁੰਦਾ ਹੈ। ਚੌਗਿਰਦੇ ਦਾ ਪ੍ਰਭਾਵ ਇਨਸਾਨ ਦੀ ਵਿਚਾਰਸ਼ੀਲਤਾ 'ਤੇ ਸਵਾਰ ਹੋ ਕੇ ਸੰਕਲਪਾਂ ਦੀ ਨਗਰੀ ਆਬਾਦ ਕਰਦਾ ਹੈ। ਔਰ ਇਨਸਾਨੀ ਸੰਕਲਪਾਂ ਦੀ ਨਗਰੀ ਹੀ ਐਸੀ ਵਸਤੂ ਹੈ ਜੋ ਜੀਵ ਦੇ ਇਰਾਦੇ ਨੂੰ ਜਨਮ ਦਿੰਦੀ ਹੈ। ਇਰਾਦੇ ਦੀ ਪਾਕਦਾਮਨੀ ਜਾਂ ਬੁਰਾਈ ਤੁਹਾਡੀ ਸੋਚ 'ਤੇ ਨਿਰਭਰ ਹੁੰਦੀ ਹੈ। ਨੇਕੀ ਹਮੇਸ਼ਾ ਹੀ ਸ਼ੁਭ ਕਰਮਾਂ ਨਾਲ ਸਿਰੇ ਚੜ੍ਹਦੀ ਹੈ। ਇਸ ਚਿੱਤਰ ਦੇ ਦੂਜੇ ਪਾਸੇ ਬਦੀ ਹਮੇਸ਼ਾ ਹੀ ਮੰਦੇ ਅਮਲਾਂ ਨਾਲ ਸਿਰੇ ਚੜ੍ਹਦੀ ਹੈ। ਬੰਦਾ ਇਕ ਸੁਲਝਿਆ ਹੋਇਆ ਪਸ਼ੂ ਹੈ। ਜਿਵੇਂ : "Man is a tational animal" ਨੇਕੀ ਕਰਨੀ ਅਸਾਡੇ ਮਨ ਦੀ ਸੁਲਝੀ ਹੋਈ ਅਤੇ ਅੱਛੀ ਸੁਅਸਤਅਵਸਥੀ ਵਿਸਤਾ ਹੈ। ਚੁਨਾਂਚਿ, ਨੇਕੀ ਕਰਨੀ ਅਤੇ ਨੇਕ ਚਾਲਚਲਨ ਇਨਸਾਨੀ ਜੀਵਨ ਦੀ ਸਿਰਮੌਰ ਵਿਸ਼ੇਸ਼ਤਾ ਹੈ ਜਦੋਂ ਕਿ ਇਸ ਵਿਚ ਹਉਮੈ ਦੀ ਕਣੀ ਨਾ ਹੋਵੇ। ਧਾਰਮਕ ਦੁਨੀਆ ਦੀ ਨਗਰੀ ਵਿਚ ਇਕ ਦੁਰਗੰਧਤ, ਮਹਾ ਵਿਭਚਾਰੀ ਅਤੇ ਪਾਪੀ ਜੀਵ ਬਖ਼ਸ਼ਿਆ ਜਾ ਸਕਦਾ ਹੈ ਪ੍ਰੰਤੂ ਅਹੰਕਾਰੀ ਪੁਰਸ਼ ਪ੍ਰਤਿ ਬਖ਼ਸ਼ਸ਼ ਦੇ ਦਰਵਾਜ਼ੇ ਹਮੇਸ਼ਾ ਹੀ ਬੰਦ ਰਹਿੰਦੇ ਹਨ। ਉਕਤ ਖ਼ਿਆਲਾਂ ਨੂੰ ਧਿਆਨ ਵਿਚ ਰੱਖਦਿਆਂ ਧੋਬੀ, ਧੋਬਨ ਅਤੇ ਦਰਮੁਖ ਜਾਸੂਸ ਤਿੰਨੇ ਹੀ ਰਾਮਚੰਦ੍ਰ ਜੀ ਛੋਹ ਤੋਂ ਸੱਖਣੇ ਜਾਪਦੇ ਹਨ। ਜਿਨ੍ਹਾਂ ਨੇ ਸੀਤਾ ਜੀ, ਪੈਦਾ ਹੋਣ ਵਾਲੇ ਦੋਵੇਂ ਬੱਚੇ, ਰਾਮ ਚੰਦ੍ਰ ਜੀ ਅਤੇ ਅੰਤਕਾਲ ਸਮੁੱਚੇ ਸੂਰਜਵੰਸ਼ੀ ਘਰਾਣੇ ਦੀ ਤਬਾਹੀ ਕੀਤੀ। ਇਸੇ ਵਸਤੂ ਦਾ ਨਾਉਂ ਭਰਮ ਅਤੇ ਸੰਦੇਹ ਹੈ। ਭਰਮ ਅਤੇ ਸੰਦੇਹ ਦੇ ਪ੍ਰਤਿਕੂਲ ਵਿਸ਼ਵਾਸ ਹੈ। ਵਿਸ਼ਵਾਸ ਕੋਈ ਧਾਰਮਕ ਵਿਦਿਆ ਨਹੀਂ ਹੈ, ਇਹ ਤਾਂ ਇਕ ਰੁਚੀ ਅਤੇ ਇਨਸਾਨੀ ਵਿਸ਼ੇਸ਼ਤਾ ਹੈ ਜੋ ਕਿ ਵਾਹਿਗੁਰੂ ਵਲੋਂ ਵਿਸ਼ਵਾਸੀ ਜੀਵਾਂ ਨੂੰ ਵਿਰਾਸਤ ਵਜੋਂ ਪ੍ਰਾਪਤ ਹੁੰਦੀ ਅਤੇ ਪਰਸਪਰ ਬੋਧਾਤਮਕ ਸੁਬੱਲਤਾ ਪ੍ਰਦਾਨ ਕਰਦੀ ਹੈ। ਸਮੂਲਚੀ ਕਾਇਨਾਤ ਦਾ ਪਸਾਰਾ ਕਿਸੇ ਵਿਸ਼ਵਾਸ 'ਤੇ ਉਪਜਿਆ ਅਤੇ ਗਤੀਬਧ ਹੋ ਰਿਹਾ ਹੈ। ਪਰਸਪਰ ਸੂਝ ਬੂਝ ਦਾ ਖ਼ਾਵੀਆ ਕੇਵਲ ਵਿਸ਼ਵਾਸ ਦੇ ਆਧਾਰ 'ਤੇ ਹੀ ਉਲੀਕਿਆ ਜਾ ਸਕਦਾ ਹੈ, ਕਿਸੇ ਦਿਮਾਗੀ ਸ਼ਕਤੀ, ਜੁਗਤੀ ਅਥਵਾ ਪ੍ਰਦਰਸ਼ਨੀ ਦੁਆਰਾ ਪਰਸਪਰ ਸੂਝ ਸਮਝ ਦਾ ਖੇਤਰ ਕਦਾਚਿਤ ਭੀ ਨਹੀਂ ਉਲੀਕਿਆ ਜਾ ਸਕਦਾ। ਹਰ ਇਨਸਾਨ ਵਾਸਤੇ ਨੈਤਿਕਤਾ, ਇਕ ਪ੍ਰੇਰਕ ਸੁਬੱਲਤਾ, ਪ੍ਰਾਪਤੀ ਅਤੇ ਮੂਲਿਕ ਵਸਤੂ ਹੈ, ਜਿਸ 'ਤੇ ਅਮਲ ਕੀਤਿਆਂ, ਹਰ ਇਕ ਜੀਵ ਸਹਜ ਅਵਸਥਾ ਵਿਚ ਪ੍ਰਵੇਸ਼ ਕਰਦਾ ਹੈ। ਸਹਜ ਅਵਸਥਾ ਇਕ ਐਸੀ ਦੁਰਲੱਭ ਵਸਤੂ ਹੈ ਜੋ ਹਰ ਤਰ੍ਹਾਂ ਦੇ ਭੁਲੇਖਿਆਂ ਦੀ ਗਤੀ ਕਰਦੀ ਹੈ। ਜਿਵੇਂ :

ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥
ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥

(ਰਾਮਕਲੀ ਮ: ੩, ਪੰਨਾ 919/11)

ਰਾਮਚੰਦ੍ਰ ਜੀ ਦਾ ਛੋਟਾ ਭਰਾਤਾ ਲਛਮਣ ਜੀ, ਗਰਭਿਤ ਸੀਤਾ ਜੀ ਨੂੰ ਤਪੋਬਨ ਵਿਚ ਬੇ-ਸਰੋ ਸਾਮਾਨ ਛੱਡ ਕੇ ਵਾਪਸ ਅਯੁੱਧਿਆ ਨਗਰੀ ਵਿਚ ਆਇਆ। ਜਦੋਂ ਇਸ ਗੱਲ ਦਾ ਰਿਖੀ ਬਾਲਮੀਕ ਜੀ ਨੂੰ ਪਤਾ ਲੱਗਾ, ਉਹ ਸੀਤਾ ਜੀ ਨੂੰ ਆਪਣੀ ਝੌਂਪੜੀ ਵਿਚ ਲੈ ਗਏ। ਉਥੇ ਸੀਤਾ ਜੀ ਨੂੰ ਦੋ ਜੌੜੇ ਪੁੱਤਰ ਪੈਦਾ ਹੋਏ, ਜਿਨ੍ਹਾਂ ਦੇ ਨਾਉਂ ਲਵ ਅਤੇ ਕੁਸ਼ ਰੱਖੇ ਗਏ। ਜੋ ਤਪੋਬਨ ਵਿਚ ਰਿਖੀ ਬਾਲਮੀਕ ਦੀ ਨਿਗਰਾਨੀ ਵਿਚ ਜਵਾਨ ਹੋਏ। ਇਸੇ ਸਮੇਂ ਬਾਲਮੀਕ ਜੀ ਰਾਜਾ ਰਾਮ ਚੰਦ੍ਰ ਜੀ ਪ੍ਰਤਿ ਉਲੇਖਣ ਕੀਤੀ ਗਈ ਕਹਾਣੀ ਰਾਮਾਇਣ ਲਿਖ ਰਹੇ ਸਨ। ਇਹ ਕਹਾਣੀ ਰਿਖੀ ਬਾਲਮੀਕ ਜੀ ਨੇ ਦੋਹਾਂ ਬੱਚਿਆਂ ਨੂੰ ਭੀ ਜ਼ਬਾਨੀ ਯਾਦ ਕਰਵਾ ਦਿੱਤੀ। ਦੂਜੇ ਪਾਸੇ ਰਾਮ ਚੰਦ੍ਰ ਜੀ ਨਿਜੀ ਰਾਜ ਪ੍ਰਬੰਧ ਵਿਚ ਇਤਨੇ ਰੁੱਝੇ ਹੋਏ ਸਨ ਕਿ ਸੀਤਾ ਜੀ ਨੂੰ ਬਿਲਕੁਲ ਹੀ ਭੁੱਲ ਗਏ। ਇਸ ਸਮੇਂ ਵਿਚ ਇਕ ਬ੍ਰਾਹਮਣ ਰਾਮ ਚੰਦ੍ਰ ਜੀ ਦੇ ਦਰਬਾਰ ਵਿਚ ਅਤਿਅੰਤ ਹੀ ਰੁਦਨਮਈ ਦਸ਼ਾ ਵਿਚ ਪ੍ਰਵੇਸ਼ ਹੋਇਆ। ਆਖਿਓਸੁ ਕਿ ਮੇਰਾ ਲੜਕਾ ਬਹੁਤ ਹੀ ਛੋਟੀ ਆਯੂ ਵਿਚ ਚਲਾਣਾ ਕਰ ਗਿਆ ਹੈ। ਇਹ ਕੁਵੇਲੇ ਦੀ ਮੌਤ ਇਸ ਭੇਦ ਨੂੰ ਪ੍ਰਗਟ ਕਰਦੀ ਹੈ ਕਿ ਸੂਰਜਬੰਸੀ ਰਾਜ ਵਿਚ ਕੋਈ ਨਾ ਕੋਈ ਅਸ਼ੁੱਧਤਾਈ ਹੈ। ਬ੍ਰਾਹਮਣ ਦੀ ਰਸਨਾ ਤੋਂ ਐਸੀ ਗਾਥਾ ਸੁਣ ਕੇ ਰਾਮ ਚੰਦ੍ਰ ਜੀ ਨੇ ਬਹੁਤ ਹੀ ਮਾਨਸਿਕ ਪੀੜਾ ਮਹਿਸੂਸ ਕੀਤੀ। ਨਿਤਪ੍ਰਤਿ ਇਸੇ ਖੋਜ ਵਿਚ ਰਹੇ ਕਿ ਮੇਰੇ ਰਾਜ ਵਿਚ ਐਸੀ ਕਿਹੜੀ ਅਸ਼ੁੱਧਤਾਈ ਹੈ ਜਿਸ ਦੇ ਫਲਸਰੂਪ, ਦ੍ਵੈਜ ਦਾ ਪੁੱਤਰ ਛੋਟੀ ਆਯੂ ਵਿਚ ਹੀ ਚਲਾਣਾ ਕਰ ਗਿਆ ਹੈ। ਅੰਤ ਨੂੰ ਭਾਲਦਿਆਂ ਭਾਲਦਿਆਂ ਪਤਾ ਲੱਗਾ ਕਿ ਵਿੰਧਿਆਚਲ ਪਰਬਤ ਵਿਚ ਇਕ ਸੰਨਿਆਸੀ ਸਿਰ ਥੱਲੇ ਅਤੇ ਪੈਰ ਉਪਰ ਕਰ ਕੇ ਉਲਟਾ ਲਟਕਦਾ ਹੋਇਆ ਤਪ ਕਰ ਰਿਹਾ ਹੈ। ਮਰਯਾਦਾ ਪ੍ਰਸ਼ੋਤਮ ਰਾਮਚੰਦ੍ਰ ਜੀ ਨੇ ਉਸ ਤਪੱਸਵੀ ਨੂੰ ਪੁੱਛਿਆ ਕਿ ਤੂੰ ਕੌਣ ਹੈਂ ਔਰ ਐਸੀ ਰਿਆਜ਼ਤ ਕਿਉਂ ਕਰ ਰਿਹਾ ਹੈਂ ? ਸੰਨਿਆਸੀ ਨੇ ਉੱਤਰ ਦਿੱਤਾ ਕਿ ਮੈਂ ਸ਼ੂਦਰ ਜਾਤੀ ਦਾ ਆਦਮੀ ਹਾਂ ਅਤੇ ਸੁੰਭਕ ਮੇਰਾ ਨਾਉਂ ਹੈ। ਮੈਂ ਇਸ ਵਾਸਤੇ ਇਤਨੀ ਕਠਿਨ ਤਪੱਸਿਆ ਕਰ ਰਿਹਾ ਹਾਂ ਤਾਂਕਿ ਇਸੇ ਜਨਮ ਵਿਚ ਸਰੀਰ ਦੇ ਸਮੇਤ ਸੁਵਰਗਾਂ ਵਿਚ ਪਹੁੰਚ ਕੇ ਦੇਵ ਲੋਕ ਨੂੰ ਜਿੱਤ ਲਵਾਂ। ਇਹ ਗੱਲ ਸੁਣ ਕੇ ਰਾਮ ਚੰਦ੍ਰ ਜੀ ਮਹਾਰਾਜ ਅਤਿ ਕ੍ਰੋਧਿਤ ਦਸ਼ਾ ਵਿਚ ਆਏ ਅਤੇ ਆਖਣ ਲੱਗੇ—ਅਰੇ ਪਾਪੀ ! ਤੂੰ ਸ਼ੂਦਰ ਹੋ ਕੇ ਦ੍ਵਿਜ ਵਰਨ ਦੀ ਰੀਤੀ ਨਿਭਾ ਰਿਹਾ ਹੈਂ। ਤਲਵਾਰ ਦੇ ਇਕ ਹੀ ਵਾਰ ਨਾਲ

ਗ਼ਰੀਬੜੇ ਸ਼ੂਦਰ ਦਾ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ। ਮਰਯਾਦਾ ਪ੍ਰਸ਼ੋਤਮ ਰਾਜਾ ਰਾਮ ਚੰਦ੍ਰ ਜੀ ਵਲੋਂ ਐਸਾ ਦ੍ਵਿਜ ਹਿਤੂ ਕਰਮ ਵੇਖ ਕੇ ਦੇਵਤਿਆਂ ਨੇ ਇਤਨੀ ਪ੍ਰਸੰਨਤਾ ਪ੍ਰਗਟ ਕੀਤੀ ਕਿ ਰਾਮ ਚੰਦ੍ਰ ਜੀ ਦੇ ਸੀਸ ਉਪਰ ਆਸਮਾਨੀ ਫੁਲਾਂ ਦੀ ਵਰਸ਼ਾ ਕੀਤੀ। ਉਕਤ ਦਰਸਾਈ ਗਾਥਾ ਦਾ ਸਾਰਅੰਸ਼ ਆਪ ਜੀ "ਵੇਦਿਕ ਵਰਣ ਭੇਦ—9.82" ਵਿਚ ਭੀ ਪੜ੍ਹ ਆਏ ਹੋ।[1]

ਉਕਤ ਦਰਸਾਈ ਕਹਾਣੀ ਰਾਮਾਇਣਿਕ ਗਾਥਾ ਹੈ ਜੋ ਕਿ ਦੁਹਾਂ ਰਾਮਾਇਣਿਕ ਗਾਥਾਵਾਂ ਵਿਚ ਦਰਜ ਕੀਤੀ ਗਈ ਹੈ। ਇਸ ਗਾਥਾ ਵਿਚ ਅਸੀਂ ਆਪਣੇ ਵਲੋਂ ਤਨਕ ਮਾਤ੍ਰ ਭੀ ਵਾਧਾ ਘਾਟਾ ਨਹੀਂ ਕੀਤਾ, ਬਲਕਿ ਜੋ ਕੁਝ ਪਵਿੱਤਰ ਰਾਮਾਇਣ ਵਿਚ ਦਰਜ ਹੈ ਨਿਰਸੰਦੇਹ ਉਹੀ ਕੁਝ ਸੁਹਿਰਦ ਪਾਠਕਾਂ ਦੀ ਜਾਣਕਾਰੀ ਹਿਤ ਪ੍ਰਗਟ ਕੀਤਾ ਗਿਆ ਹੈ। ਇਕ ਦ੍ਵਿਜ ਦੀ ਪ੍ਰਸੰਨਤਾ ਪ੍ਰਾਪਤੀ ਹਿਤ ਸੁੰਬਕ ਨਾਮੀ ਸ਼ੂਦਰ ਨੂੰ ਪ੍ਰਾਣ ਦੰਡ ਦੇਣ ਤੋਂ ਉਪਰੰਤ ਰਾਜਾ ਰਾਮ ਚੰਦ੍ਰ ਜੀ ਨੇ ਅਸ਼ਵਮੇਧ ਯੱਗ ਕਰਨ ਹਿਤ ਤਿਆਰੀਆਂ ਆਰੰਭ ਦਿੱਤੀਆਂ। ਯੱਗ ਦੀ ਸੰਪੂਰਣਤਾ ਹਿਤ ਸੀਤਾ ਜੀ ਦੀ ਸੋਨੇ ਦੀ ਮੂਰਤੀ ਬਣਾ ਕੇ ਖੜੀ ਕੀਤੀ ਗਈ। ਯੱਗ ਦੀ ਸਮਾਪਤੀ ਪ੍ਰਤਿ ਤੁਲਸੀ ਦਾਸ ਰਾਮਾਇਣ ਅਤੇ ਬਾਲਮੀਕੀ ਰਾਮਾਇਣ ਵਿਚ ਕਾਫ਼ੀ ਮਤਭੇਦ ਹਨ। ਬਾਲਮੀਕੀ ਰਾਮਾਇਣ ਦੇ ਆਧਾਰ 'ਤੇ ਰਿਖੀ ਬਾਲਮੀਕ ਜੀ ਲਵ ਅਤੇ ਕੁਸ਼ ਨੂੰ ਨਾਲ ਲੈ ਕੇ ਯੱਗ ਵਿਚ ਸ਼ਾਮਲ ਹੋਏ। ਦੁਹਾਂ ਬਾਲਕਾਂ ਨੇ ਬਾਲਮੀਕ ਲਿਖਤ ਰਾਮਾਇਣ ਦੇ ਸਰਗ ਗਾਇਨ ਕੀਤੇ ਜਿਥੋਂ ਸੀਤਾ ਜੀ ਦੀ ਯਾਦ ਦੋਬਾਰਾ ਰਾਮ ਚੰਦ੍ਰ ਜੀ ਦੀ ਸਿਮ੍ਰਤੀ ਵਿਚ ਪ੍ਰਵੇਸ਼ ਕਰ ਗਈ। ਰਿਖੀ ਬਾਲਮੀਕ ਜੀ ਨੇ ਸੀਤਾ ਜੀ ਪ੍ਰਤਿ ਪਤੀਬ੍ਰਤ ਇਸਤ੍ਰੀ ਹੋਣ ਦੀ ਸ਼ਹਾਦਤ ਪੇਸ਼ ਕੀਤੀ। ਪ੍ਰੰਤੂ ਰਾਮ ਚੰਦ੍ਰ ਜੀ ਨੇ ਬਾਲਮੀਕ ਦੀ ਗਵਾਹੀ ਨੂੰ ਸਹੀ ਮੰਨਦਿਆਂ ਭੀ ਸੀਤਾ ਨੂੰ ਨਿਜੀ ਪਵਿੱਤਰਤਾ ਪੇਸ਼ ਕਰਨ ਹਿਤ ਸਬੂਤ ਦੇਣ ਲਈ ਮਜਬੂਰ ਕੀਤਾ। ਸੀਤਾ ਜੀ ਨੇ ਖੜੀ ਹੋ ਕੇ ਕਸਮ ਖਾਧੀ ਕਿ ਰਾਮ ਚੰਦ੍ਰ ਜੀ ਤੋਂ ਬਿਨਾਂ ਮੈਂ ਕਦੀ ਭੀ ਕਿਸੇ ਦੂਸਰੇ ਪੁਰਸ਼ ਦਾ ਖ਼ਿਆਲ ਤਕ ਭੀ ਨਹੀਂ ਕੀਤਾ ਅਤੇ ਆਖਣ ਲੱਗੀ—ਹੇ ਧਰਤੀ ਮਾਤਾ! ਮੇਰੇ ਇਸ ਪ੍ਰਣ ਦੀ ਸਾਖੀ ਭਰਨ ਲਈ ਮੈਨੂੰ ਸਰੀਰ ਸਮੇਤ ਆਪਣੇ ਵਿਚ ਸਮਾ ਲੈ। ਬਸ ਸੀਤਾ ਜੀ ਦਾ ਇਤਨਾ ਹੀ ਆਖਣਾ ਸੀ ਕਿ ਧਰਤੀ ਫਟ ਗਈ, ਧਰਤੀ ਵਿਚੋਂ ਇਕ ਤਖ਼ਤ ਨਿਕਲਿਆ। ਸੀਤਾ ਜੀ ਉਸ ਤਖ਼ਤ 'ਤੇ ਬੈਠ ਕੇ ਹਮੇਸ਼ਾ ਵਾਸਤੇ ਧਰਤੀ ਵਿਚ ਸਮਾ ਗਈ। ਇਸ ਗਾਥਾ ਦੇ ਸਮਾਪਤ ਹੁੰਦਿਆਂ ਹੀ ਸੀਤਾ ਜੀ ਅਤੇ ਰਾਮਾਇਣ ਦੀ ਗਾਥਾ ਭੀ ਸਮਾਪਤ ਹੁੰਦੀ ਹੈ। ਹਿੰਦੂ ਮੈਥੋਲੋਜੀ ਦੇ ਅਨੁਸਾਰ

---

1. *ਬਾਲਮੀਕੀ ਰਾਮਾਇਣ*, ਉੱਤਰ ਕਾਂਡ, ਸਰਗ 85-88, ਪੰਨੇ 856-858, ਤੁਲਸੀ ਦਾਸ *ਰਾਮਾਇਣ*, ਕੁਸ਼ ਕਾਂਡ, ਪੰਨੇ 953-54.

ਇਸ ਅਵਸਰ ਤੋਂ ਉਪਰੰਤ ਰਾਜਾ ਰਾਮ ਚੰਦ੍ਰ ਜੀ ਯਾਰਾਂ ਹਜ਼ਾਰ (11,000) ਸਾਲ ਰਾਜ ਕਰਦੇ ਰਹੇ।[1] ਇਸ ਤੋਂ ਅਗਲੇਰੇ ਪੰਨਿਆਂ ਵਿਚ ਮਹਾਭਾਰਤ ਦੀ ਝਲਕ ਪੇਸ਼ ਕੀਤੀ ਜਾਵੇਗੀ।

9.89 ਮਹਾਭਾਰਤ

ਮਹਾਭਾਰਤ ਦੀ ਗਾਥਾ ਵਿਆਸ ਜੀ ਦੀ ਲਿਖਤ ਕਰਕੇ ਪ੍ਰਸਿੱਧ ਹੈ। ਜਿਸ ਵਿਚ ਕੌਰਵ ਅਤੇ ਪਾਂਡਵ ਯੁੱਧ ਦੀ ਸਥਿਤੀ ਵਿਆਸ ਜੀ ਨੇ ਨਿਜੀ ਅੱਖੀਆਂ ਦੁਆਰਾ ਵੇਖੀ ਅਤੇ ਲਿਖੀ ਹੈ। ਜੇਕਰ ਇਹ ਧਾਰਾ ਸਹੀ ਹੈ ਤਦ ਮਹਾਭਾਰਤ ਯੁੱਧ ਦਾ ਸਮਾਂ ਲਗਪਗ ਛੇ ਸੌ (600) ਸਾਲ ਪੂਰਬ ਈਸਾ ਦਾ ਨਿਸ਼ਚਿਤ ਕੀਤਾ ਜਾ ਸਕਦਾ ਹੈ। ਮਹਾਭਾਰਤ ਦੀਆਂ ਵਿਰਤੀਹਾਣ ਲਿਖਤਾਂ ਪ੍ਰਤਿ ਮਿਸਟਰ ਗੋਵਿੰਦ ਦਾਸ ਜ਼ਿਕਰ ਕਰਦੇ ਹਨ ਕਿ ਇਨ੍ਹਾਂ ਵਿਚ ਬਹੁਤ ਹੀ ਵੱਡੇ ਵੱਡੇ ਭਿੰਨ ਭੇਦ ਪਾਏ ਜਾਂਦੇ ਹਨ। ਹਸਤਨਾਪੁਰ ਦੀ ਰਿਆਸਤ ਦੇ ਦੋ ਦਾਅਵੇਦਾਰ ਰਿਸ਼ਤੇਦਾਰਾਂ ਕੌਰਵ ਅਤੇ ਪਾਂਡਵ ਦੀ ਲੜਾਈ ਦੀ ਵਿਆਖਿਆ ਕੀਤੀ ਗਈ ਹੈ ਜੋ ਅਠਾਰਾਂ ਦਿਨ ਤਕ ਕੁਰੂਕਸ਼ੇਤਰ ਦੀ ਭੂਮੀ ਵਿਚ ਹੁੰਦੀ ਰਹੀ, ਭਿੰਨ ਭਿੰਨ ਅਨੁਮਾਨਾਂ ਦੇ ਆਧਾਰ 'ਤੇ ਜਿਸ ਵਿਚ ਬਿਆਸੀ ਲੱਖ ਸਤਾਹਠ ਹਜ਼ਾਰ ਨੜ੍ਹਿਨਵੇਂ (8267099) ਆਦਮੀ ਮਾਰੇ ਗਏ।[2]

ਮਾਅਰਫ਼ਲ ਕੁਰਾਨ ਦੇ ਕਥਨ ਅਨੁਸਾਰ ਮਹਾਭਾਰਤ ਦੇ ਆਦਿ ਪਰਵ, ਅਧਿਆਇ ਪ੍ਰਥਮ ਵਿਚ ਅੰਕਤ ਹੈ ਕਿ ਪੂਰਬ ਕਾਲ ਵਿਚ ਦੇਵਤਿਆਂ ਨੇ ਇਕੱਤਰ ਹੋ ਕੇ ਤਰਾਜ਼ੂ ਦੇ ਪਲੜੇ ਵਿਚ ਚਾਰੇ ਵੇਦ ਅਤੇ ਦੂਜੇ ਪਲੜੇ ਵਿਚ ਮਹਾਭਾਰਤ ਨੂੰ ਰੱਖਿਆ। ਮਹਾਭਾਰਤ ਦਾ ਵਜ਼ਨ ਚਾਰੇ ਵੇਦਾਂ ਨਾਲੋਂ ਭਾਰੂ ਸੀ। ਇਹੀ ਕਾਰਨ ਹੈ ਕਿ ਇਸ ਪੁਸਤਕ ਦਾ ਨਾਉਂ ਮਹਾਭਾਰਤ ਰੱਖਿਆ ਗਿਆ। ਇਸ ਤੋਂ ਇਲਾਵਾ ਇਸ ਵਿਚ ਲਿਖਿਆ ਹੈ ਕਿ ਇਸ ਪੁਸਤਕ ਵਿਚ ਪੂਰੇ ਸੱਠ ਲੱਖ ਛੰਦ ਜਾਂ ਸਲੋਕ ਹਨ ਜਿਨ੍ਹਾਂ ਵਿਚੋਂ ਤੀਹ ਲੱਖ ਦੇਵ ਲੋਕ ਵਿਚ, ਪੰਦਰਾਂ ਲੱਖ ਪਿੱਤਰ ਲੋਕ ਵਿਚ, ਚੌਦਾਂ ਲੱਖ ਗੰਧਰਵ ਲੋਕ ਵਿਚ ਅਤੇ ਬਾਕੀ ਇਕ ਲੱਖ ਮਨੁੱਖ ਲੋਕ ਵਿਚ ਪੜ੍ਹੇ ਜਾਂਦੇ ਹਨ। ਇਸ ਦਾ ਭਾਵ ਇਹ ਹੋਇਆ ਕਿ

---

1. *ਰਾਮਾਇਣ* (ਬਾਲਮੀਕੀ), ਉੱਤਰ ਕਾਂਡ, ਸਰਗ 103-111, ਪੰਨੇ 866-872, ਰਾਮਾਇਣ (ਤੁਲਸੀ ਦਾਸ ਜੀ) ਦੀ ਗਾਥਾ ਇਸ ਨਾਲੋਂ ਭਿੰਨਤਾ ਰੱਖਦੀ ਹੈ, ਜਿਸ ਵਿਚ ਲਵ ਅਤੇ ਕੁਸ਼ ਦਾ ਯੁੱਧ ਰਾਮ ਚੰਦ੍ਰ ਜੀ ਦੀ ਸੈਨਾ ਦੇ ਵਿਰੁੱਧ ਦਰਸਾਇਆ ਹੈ। ਇਨ੍ਹਾਂ ਦੁਹਾਂ ਰਾਮਾਇਣਾਂ ਵਿਚੋਂ ਕਿਹੜੀ ਸਹੀ ਅਤੇ ਕਿਹੜੀ ਮਨੋਕਲਪਤ ਗਾਥਾ ਹੈ ? ਅਥਵਾ ਦੋਨੋਂ ਹੀ ਮਨੋਕਲਪਤ ਗਾਥਾਵਾਂ ਦਾ ਭੰਡਾਰਾ ਹਨ। ਦੇਖੋ, *ਰਾਮਾਇਣ* (ਤੁਲਸੀ ਦਾਸ ਜੀ), ਲਵ ਕੁਸ਼ ਕਾਂਡ, ਪੰਨੇ 949-1010.
2. *Hinduism*, p. 141, by Mr. Govind Das, (Referred from *Marful Quran*, p. 92).

ਜੋ ਮਹਾਭਾਰਤ ਇਸ ਲੋਕ ਵਿਚ ਮੌਜੂਦ ਹੈ, ਇਸ ਦੇ ਹਿੱਸੇ ਵਿਚ ਇਕ ਲੱਖ ਛੰਦ ਹਨ। ਪ੍ਰੰਤੂ ਲੀਬਾਨ ਨੇ ਇਨ੍ਹਾਂ ਛੰਦਾਂ ਦੀ ਗਿਣਤੀ ਦੋ ਲੱਖ ਪੰਦਰਾਂ ਹਜ਼ਾਰ ਦਰਸਾਈ ਹੈ। ਇਸ ਦਾ ਭਾਵ ਇਹ ਹੋਇਆ ਕਿ ਮਹਾਭਾਰਤ ਵਿਚ ਭਿੰਨ ਭਿੰਨ ਕਾਲ ਦੇ ਦੌਰਾਨ ਅਨਿਕ ਪ੍ਰਕਾਰੀ ਲਿਖਤੀ ਸਮੱਗਰੀ ਦਾ ਵਾਧਾ ਹੁੰਦਾ ਰਿਹਾ ਹੈ।[1]

ਮਹਾਭਾਰਤ ਤਾਏ ਚਾਚੇ ਦੇ ਪੁੱਤਰਾਂ ਵਿਚ ਰਾਜਸੱਤਾ ਪ੍ਰਾਪਤੀ ਵਾਸਤੇ ਪਰਸਪਰ ਲੜਾਈ ਝਗੜੇ ਦੀ ਦਾਸਤਾਂ ਹੈ। ਪ੍ਰੰਤੂ ਸਭ ਤੋਂ ਦੁਰਭਾਗੀ ਸਥਿਤੀ ਤਾਂ ਇਹ ਹੈ ਕਿ ਇਸ ਨੂੰ ਧਰਮਯੁੱਧ ਦੀ ਉਪਾਧੀ ਦਿੱਤੀ ਗਈ ਹੈ। ਮਹਾਤਮਾ ਗਾਂਧੀ 'ਤੇ ਕਿਸੇ ਭਾਰਤੀ ਨਾਗਰਿਕ ਨੇ ਪ੍ਰਸ਼ਨ ਕੀਤਾ ਕਿ:

ਪ੍ਰਸ਼ਨ : ਮਹਾਭਾਰਤ ਕੀ ਜੰਗ ਕੋ ਧਰਮ ਯੁੱਧ ਯਾਨੀ ਮਕੱਦਸ ਜੰਗ ਕਹਾ ਜਾਤਾ ਹੈ ਹਾਲਾਂਕਿ ਯਹ ਜੰਗ ਬਾਹਮੀਂ (ਪਰਸਪਰ) ਖ਼ੂਨ ਖ਼ਰਾਬੇ ਸੇ ਜ਼ਿਆਦਾ ਕੁਝ ਭੀ ਨਾ ਥੀ, ਯੂੰਹੀ ਸਮਝੀਏ ਜੈਸੇ ਆਜ ਕਲ ਸਿਵਲ ਵਾਰ (ਖ਼ਾਨਾ ਜੰਗੀ) ਯਾ ਰਿਸ਼ਤੇਦਾਰੋਂ ਕੀ ਜੰਗ ਹੋ ਜਾਏ। ਕਿਆ ਇਸੀ ਜੰਗ ਕੋ ਸਦਾਕਤ ਕੀ ਜੰਗ (ਸੱਚ ਦਾ ਯੁੱਧ) ਕਹਾ ਜਾਤਾ ਹੈ ?

ਉੱਤਰ : ਮਹਾਭਾਰਤ ਕੀ ਜੰਗ ਏਕ ਖ਼ਾਨਦਾਨੀ ਝਗੜਾ ਥਾ। ਜੋ ਤਖ਼ਤੋ ਤਾਜ ਕੇ ਸਵਾਲ ਪਰ ਦੋ ਸ਼ਾਹੀ ਖ਼ਾਨਦਾਨੋਂ ਮੇਂ ਬਰਪਾ ਹੂਆ। ਔਰ ਜੋ ਉਸ ਜ਼ਮਾਨਾ ਕੇ ਆਈਨੇ ਜੰਗ ਕੇ ਮੁਤਾਬਿਕ ਲੜੀ ਜਾਏ, ਉਸੇ ਹੱਕੋ ਸਦਾਕਤ ਕੀ ਜੰਗ ਕਹਿ ਦੀਆ ਜਾਏ। ਯਾਨੀ ਵਹ ਜੰਗ ਜੋ ਆਈਨੇ ਧਰਮ ਕੇ ਮੁਤਾਬਿਕ ਲੜੀ ਜਾਏ। (ਸੱਤਾ ਪ੍ਰਾਪਤੀ ਜੰਗ ਧਰਮ ਯੁੱਧ ਨਹੀਂ ਹੋ ਸਕਦੀ।)

ਇਸ ਤੋਂ ਹੋਰ ਅੱਗੇ ਮਹਾਤਮਾ ਗਾਂਧੀ ਜੀ ਲਿਖਦੇ ਹਨ ਕਿ ਮਹਾਭਾਰਤ ਦੇ ਅਵਸਰ ਨੂੰ ਤਵਾਰੀਖ਼ੀ ਅਵਸਰ ਨਹੀਂ ਮੰਨਿਆ ਜਾ ਸਕਦਾ। ਉਹ ਕਹਿੰਦੇ ਹਨ ਕਿ ਮੇਰੇ ਖ਼ਿਆਲ ਵਿਚ ਮਹਾਭਾਰਤ ਇਕ ਤਮਸੀਲ (ਡਰਾਮਾ) ਹੈ, ਤਵਾਰੀਖ਼ ਨਹੀਂ ਹੈ ਕਿਉਂਕਿ ਦਰੋਪਦੀ ਦੇ ਪੰਜ ਪਤੀਆਂ ਤੋਂ ਭਾਵ ਪੰਜ ਅੱਖਰੀ ਕਵਿਤਾ ਦਾ ਆਤਮਕ ਇਕਰਾਰਨਾਮਾ ਹੈ (ਰੂਹ ਕਾ ਹਵਾਸਿ ਖ਼ਮਸ੍ਹਾ ਕੇ ਸਾਥ ਤਮਸੱਕ ਹੈ।)[2]

ਪੰਡਤ ਜਵਾਹਰ ਲਾਲ ਨਹਿਰੂ ਜੀ ਰਾਮਾਇਣ ਅਤੇ ਮਹਾਭਾਰਤ ਦੀ ਬਾਬਤ ਲਿਖਦੇ ਹਨ ਕਿ:

ਰਾਮਾਇਣ ਅਤੇ ਮਹਾਭਾਰਤ ਦੀਆਂ ਲਿਖਤਾਂ ਦਾ ਸਮਾਂ ਨਿਸ਼ਚਿਤ ਕਰਨਾ ਬਹੁਤ ਹੀ ਕਠਿਨ ਹੈ। ਹਾਂ, ਇਤਨਾ ਜ਼ਾਹਿਰ ਹੈ ਕਿ ਇਨਹੇਂ ਬਹੁਤ

---

1. *Marful Quran*, p. 92.
2. *ਹਰੀਜਨ ਗਾਂਧੀ ਪਰਚਾ*, ਮਿਤੀ ਅਗਸਤ 4, 1946 ਅਤੇ *ਮਾਅਰਫ਼ਲ ਕੁਰਾਨ*, ਪੰਨੇ 93-94.

ਸੇ ਲਿਖਾਰੀਓਂ ਨੇ ਲਿਖਾ ਹੈ। ਔਰ ਬਾਦ ਮੇਂ ਬਹੁਤ ਸੇ ਜ਼ਮਾਨੋਂ ਮੇਂ ਇਜ਼ਾਫ਼ੇ (ਵਾਧੇ) ਹੋਤੇ ਰਹੇ। ਮਹਾਂਭਾਰਤ ਮੇਂ ਵੇਦੋਂ ਕੀ ਸ਼ਰਕ (ਰੱਬੀ ਬਰਾਬਰੀ, ਕੁਫ਼ਰ) ਕੀ ਤਾਲੀਮ ਉਪਨਿਸ਼ਦੋਂ ਕੇ ਵਾਹਿਦ ਵਜੂਦ, ਮਜ਼ਹਬੇ ਫ਼ਿਤਰਤ (ਭਾਵ ਰੱਬ 'ਤੇ ਭਰੋਸਾ ਪ੍ਰੰਤੂ ਰੱਬੀ ਹੁਕਮ ਤੋਂ ਆਕੀ) ਕਾ ਮਸਲਕ (ਰਸਤਾ) ਔਰ ਤੌਹੀਦ ਕੀ ਤਾਲੀਮ ਮਿਲਤੀ ਹੈ। ਇਸ ਮੇਂ ਗਾਏ ਔਰ ਬਛੜੇ ਕੇ ਗੋਸ਼ਤ ਸੇ ਮੁਅਜ਼ਜ਼ ਮਹਿਮਾਨੋਂ ਕੀ ਤਵਾਜ਼ਹਿ ਕਾ ਤਜ਼ਕਰਾ ਭੀ ਹੈ।[1]

ਮਹਾਂਭਾਰਤ ਵਿਚ ਅਠਾਰਾਂ ਪਰਵ ਹਨ ਅਤੇ ਸਲੋਕਾਂ ਦੀ ਸੰਖਿਆ ਤਕਰੀਬਨ ਇਕ ਲੱਖ ਹੈ, ਜਿਸ ਵਿਚ ਕੌਰਵ ਅਤੇ ਪਾਂਡਵ ਯੁੱਧ ਪ੍ਰਤਿ ਵਿਆਖਿਆ ਕੀਤੀ ਗਈ ਹੈ। ਇਸ ਯੁੱਧ ਦਾ ਸਮਾਂ ਲਗਪਗ ਛੇ ਸੌ (600) ਪੂਰਬ ਈਸਾ ਮੰਨਿਆ ਜਾਂਦਾ ਹੈ। ਇਥੇ ਤਕ ਮਹਾਂਭਾਰਤ ਦੀ ਵਿਆਖਿਆ ਸਮਾਪਤ ਹੁੰਦੀ ਹੈ। ਅਗਲੇ ਪੰਨਿਆਂ ਵਿਚ ਗੀਤਾ ਪ੍ਰਤਿ ਵਿਚਾਰ ਵਿਮੱਰਸ਼ ਹੋਵੇਗੀ।

9.90 ਸ੍ਰੀ ਮਦ ਭਗਵਤ ਗੀਤਾ

ਗੀਤਾ ਦੀ ਗਾਥਾ ਭੀ ਮਹਾਂਭਾਰਤ ਪੁਰਾਣ ਦਾ ਹਿੱਸਾ ਹੈ। ਇਸ ਕਹਾਣੀ ਦਾ ਆਰੰਭ ਅਰਜਨ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਪਰਸਪਰ ਸੰਵਾਦ ਦੁਆਰਾ ਆਰੰਭ ਹੁੰਦਾ ਹੈ। ਹਿੰਦੂ ਵਿਸ਼ਵਾਸ ਦੇ ਆਧਾਰ 'ਤੇ ਗੀਤਾ ਦਾ ਉਚਾਰਣ ਕ੍ਰਿਸ਼ਨ ਜੀ ਮਹਾਰਾਜ ਨੇ ਮਹਾਂਭਾਰਤ ਯੁੱਧ ਦੇ ਸਮੇਂ ਅਰਜਨ ਪ੍ਰਤਿ ਉਪਦੇਸ਼ ਦੇ ਰੂਪ ਵਿਚ ਦ੍ਰਿੜ ਕਰਵਾਇਆ ਮੰਨਿਆ ਜਾਂਦਾ ਹੈ। ਪ੍ਰੰਤੂ ਡਾਕਟਰ ਗੁਪਤਾ ਦੀ ਖੋਜ ਦੇ ਅਨੁਸਾਰ ਗੀਤਾ ਕੋਈ ਪਾਇਦਾਰ ਲਿਖਤ ਨਹੀਂ ਹੈ। ਬਲਕਿ ਇਸ ਵਿਚ ਬਹੁਤ ਕੁਝ ਉਪਨਿਸ਼ਦਾਂ ਵਿਚੋਂ ਮੰਗੀ ਹੋਈ ਸਮੱਗਰੀ ਮਿਸ਼ਰਤ ਕੀਤੀ ਗਈ ਹੈ।[2] ਗੀਤਾ ਦੇ ਸੰਬੰਧ ਵਿਚ ਇਹ ਨਿਰਣੈ ਨਹੀਂ ਹੋ ਸਕਿਆ ਕਿ ਇਹ ਕਿਸ ਸਮੇਂ ਦੀ ਲਿਖਤ ਹੈ। ਜਦੋਂ ਤਕ ਲਿਖਤੀ ਸਮੇਂ ਦਾ ਗਿਆਨ ਨਹੀਂ ਹੈ ਤਦ ਲਿਖਾਰੀ ਦੀ ਬਾਬਤ ਭਰੋਸੇਯੋਗ ਸ਼ਾਹਦੀ ਨਹੀਂ ਦਿੱਤੀ ਜਾ ਸਕਦੀ। ਡਾ: ਗੁਪਤਾ ਦਾ ਕਥਨ ਹੈ ਕਿ ਭਗਵਤ ਗੀਤਾ ਵਿਚ ਬ੍ਰਹਮ ਸੂਤਰ ਦੇ ਦ੍ਰਿਸ਼ਟਾਂਤ ਮੌਜੂਦ ਹਨ। ਔਰ ਬ੍ਰਹਮ ਸੂਤਰ ਦੂਸਰੀ ਸ਼ਤਾਬਦੀ ਪੂਰਬ ਈਸਾ ਦੀ ਲਿਖਤ ਆਖੀ ਜਾ ਸਕਦੀ ਹੈ। ਖੋਜ ਦੇ ਪੱਖੋਂ ਸਚਾਈ ਇਹ ਹੈ ਕਿ ਭਗਵਤ ਗੀਤਾ ਦੀ ਲਿਖਤ ਵਾਸਤਵਿਕ ਤੌਰ ਤੇ, *ਦੀ ਇਕਾਂਤੀ ਵੈਸ਼ਨਵਾ (The Ekanti Vaisnava)* ਦੀ ਲਿਖਤ ਹੈ।[3]

---

1. *Discovery of India*, pp. 81-83, by Jawahar lal Nehru, and *Marful Quran*, p. 94.
2. Das Gupta, Volume II, p. 487.
3. Das Gupta, Volume I, pp. 421-422, (Referred from *Marful Quran*, p. 94).

ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦੀ ਤਾਲੀਮ, ਕ੍ਰਿਆਸ਼ੀਲ ਸੰਘਰਸ਼ ਅਤੇ ਇਸ ਦੇ ਪਰਿਣਾਮ ਪ੍ਰਤਿ ਕੁਝ ਹਿੰਦੂ ਨੇਤਾ ਜਿਨ੍ਹਾਂ ਵਿਚ ਪੰਡਿਤ ਗੰਗਾ ਪ੍ਰਸ਼ਾਦ ਉਪਾਧਿਆਇ ਇਸ ਨਤੀਜੇ 'ਤੇ ਪੁੱਜੇ ਹਨ ਕਿ ਵੇਦਿਕ ਧਰਮ ਮਿਟ ਚੁਕਾ ਥਾ ਇਸ ਕਾ ਸਿਰਫ਼ ਨਾਮ ਬਾਕੀ ਥਾ। ਐਸੇ ਵਕਤ ਮੇਂ ਸ੍ਰੀ ਕ੍ਰਿਸ਼ਨ ਜੀ ਨੇ ਵੇਦਿਕ ਤਹਿਜ਼ੀਬ ਕੋ ਨੇਸਤੋ-ਨਾਬੂਦ ਹੋਨੇ ਸੇ ਬਚਾਨੇ ਕੇ ਲੀਏ ਜੋ ਜਦੋ-ਜਹਿਦ ਕੀ ਇਸ ਕੀ ਮਿਸਾਲ ਦੁਨੀਆ ਕੀ ਤਾਰੀਖ਼ ਮੇਂ ਦੂਸਰੀ ਨਹੀਂ ਮਿਲਤੀ। ਯਹ ਸੱਚ ਹੈ ਕਿ ਕ੍ਰਿਸ਼ਨ ਜੀ ਕੋ ਧਰਮ ਕੋ ਮਹਿਫ਼ੂਜ਼ ਰੱਖਨੇ ਮੇਂ ਵਹ ਕਾਮਿਆਬੀ ਨਸੀਬ ਨਹੀਂ ਹੁਈ ਜੋ ਇਨ ਕੀ ਕੋਸ਼ਿਸ਼ ਸੇ ਮੁਤਾਬਕਤ (ਸਮਤੁਲਤਾ) ਰੱਖ ਸਕੇ। ਜੋ ਗਿਰਾਵਟ ਸ੍ਰੀ ਕ੍ਰਿਸ਼ਨ ਜੀ ਕੀ ਜ਼ਿੰਦਗੀ ਸੇ ਪਹਿਲੇ ਸ਼ੁਰੂ ਹੂਈ ਵਹ ਅਬ ਤਕ ਜਾਰੀ ਹੈ।[1]

ਨਿਜੀ ਰਾਇ ਪ੍ਰਗਟ ਕਰਦੇ ਹੋਏ ਸਵਾਮੀ ਦਯਾਨੰਦ ਜੀ ਮਹਾਭਾਰਤ ਦੀ ਜੰਗ ਜੋ ਕ੍ਰਿਸ਼ਨ ਜੀ ਮਹਾਰਾਜ ਨੇ ਲੜੀ ਅਥਵਾ ਲੜਵਾਈ, ਪ੍ਰਤਿ ਵਰਣਨ ਕਰਦੇ ਹਨ ਕਿ "ਮਹਾਭਾਰਤ ਕੀ ਜੰਗ ਮੇਂ ਨ ਸਿਰਫ ਆਰੀਆ ਕਸ਼ੱਤਰੀ ਹੀ ਬਲਕਿ ਆਰੀਆ ਬ੍ਰਾਹਮਣ ਭੀ ਬਿਲਕੁਲ ਨੇਸਤੋ-ਨਾਬੂਦ ਹੋ ਗਏ। ਯਹ ਬਾਤ ਸ੍ਰੀ ਕ੍ਰਿਸ਼ਨ ਜੀ ਕੀ ਆਖ਼ਰੀ ਸਵਾਨਹਿ ਉਮਰੀ ਸੇ ਭੀ ਵਾਜ਼ਹਿ (ਪ੍ਰਗਟ) ਹੋ ਜਾਤੀ ਹੈ। ਲੇਕਿਨ ਆਰੀਆ ਜਾਤੀ ਕੇ ਅਪਨੇ ਅੰਦਰੂਨੀ ਨੁਕਾਇਸ ਮਹਿਜ਼ (ਐਥ ਕੇਵਲ) ਜੰਗੀ ਫ਼ਤਹਿ ਸੇ ਦੂਰ ਨਹੀਂ ਹੋ ਸਕਤੇ ਥੇ। ਇਸ ਕੇ ਲੀਏ ਤੋ ਏਕ ਮਾਕੂਲ ਮਦੱਬਰਾਨ੍ਹਾ (ਸਹੀ ਬਿਬੇਕਤਾ ਭਰਪੂਰ) ਇਲਾਜ ਕੀ ਜ਼ਰੂਰਤ ਥੀ। ਉਸ ਵਕਤ ਐਸਾ ਡਾਕਟਰ ਆਰੀਆ ਜਾਤੀ ਕੋ ਨਸੀਬ ਨ ਹੂਆ। ਔਰ ਸ੍ਰੀ ਕ੍ਰਿਸ਼ਨ ਜੀ ਅਪਨਾ ਕਾਮ ਪੂਰਾ ਕੀਏ ਬਗ਼ੈਰ ਹੀ ਇਸ ਜਹਾਂ ਸੇ ਕੂਚ ਕਰ ਗਏ। ਅਗਰ ਇਨ ਕੀ ਇਬਤਦਾਈ (ਆਰੰਭਿਕ) ਕੋਸ਼ਿਸ਼ ਯੁਧਿਸ਼ਟਰ ਔਰ ਦੁਰਯੋਧਨ ਮੇਂ ਮਸਾਲਿਹਤ (ਸੁਲ੍ਹਾ-ਸਫ਼ਾਈ) ਪੈਦਾ ਕਰ ਸਕਤੀ ਤੋ ਵੇਦਿਕ ਤਹਿਜ਼ੀਬ ਕੋ ਅਜ਼ ਸਰੇ ਨੌ (ਨਵੇਂ ਸਿਰੇ ਤੋਂ) ਕਾਇਮ ਕਰਨੇ ਕਾ ਤਾਮੀਰੀ ਕਾਮ ਕਰ ਸਕਤੇ। ਔਰ ਮਹਾਭਾਰਤ ਕੀ ਜੰਗ ਇਤਨੀ ਅਜ਼ੀਮ ਜੰਗ ਹੁਈ ਕਿ ਯੁਧਿਸ਼ਟਰ ਕੀ ਆਲੀਸ਼ਾਨ ਫ਼ਤਹਿ ਆਰੀਆ ਜਾਤੀ ਕੋ ਇਸ ਕੀ ਫ਼ਤਹਿ ਸੇ ਭੀ ਮਹਿੰਗੀ ਪੜੀ।[2]

ਗੀਤਾ ਵਿਚ ਇਕ ਜਗ੍ਹਾ ਨਹੀਂ ਬਲਕਿ ਆਮ ਹੀ ਜਿਥੇ ਕ੍ਰਿਸ਼ਨ ਜੀ ਮਹਾਰਾਜ ਆਪਣੇ ਆਪ ਨੂੰ ਪਰਮਾਤਮਾ ਹੋਣ ਦਾ ਦਾਅਵਾ ਕਰਦੇ ਹਨ ਔਰ ਆਮ ਹਿੰਦੂ ਪਰਜਾ ਉਨ੍ਹਾਂ ਦੀ ਪੂਜਾ ਪਰਮਾਤਮਾ ਅਥਵਾ ਪਰਮਾਤਮਾ ਦਾ

---

1. ਅਖ਼ਬਾਰ *ਤੇਜ* ਦਾ ਕ੍ਰਿਸ਼ਨ ਨੰਬਰ ਮਿਤੀ, ਸਤੰਬਰ 7, 1939, ਪੰਡਿਤ ਗੰਗਾ ਪ੍ਰਸ਼ਾਦ ਉਪਾਧਿਆਇ, (ਹਵਾਲਾ, *ਮਾਅਰਫ਼ਲ ਕੁਰਾਨ*, ਪੰਨਾ 95).
2. *ਮਾਅਰਫ਼ਲ ਕੁਰਾਨ*, ਪੰਨਾ 96.

ਅਵਤਾਰ ਹੋਣ ਦੇ ਨਾਤੇ ਕਰਦੀ ਹੈ। ਪ੍ਰੰਤੂ ਹਿੰਦੂ ਧਰਮ ਵਿਚ ਭੀ ਐਸੇ ਬਹੁਤ ਵਿਅਕਤੀ ਹਨ ਜੋ ਇਨ੍ਹਾਂ ਕਲਪਤ ਕਥਾ ਕਹਾਣੀਆਂ ਨੂੰ ਨਹੀਂ ਮੰਨਦੇ। ਜਿਵੇਂ ਮਹਾਤਮਾ ਗਾਂਧੀ ਦੇ ਅਖ਼ਬਾਰ ਹਰੀਜਨ ਵਿਚ ਕਿਸੇ ਸਮਝਦਾਰ ਵਿਅਕਤੀ ਨੇ ਪ੍ਰਸ਼ਨ ਕੀਤਾ ਹੈ ਕਿ ਜਦੋਂ ਕ੍ਰਿਸ਼ਨ ਜੀ ਨੇ ਕਸਮ ਖਾਧੀ ਸੀ ਕਿ ਉਹ ਕਿਸੇ ਭੀ ਹਥਿਆਰ ਦੀ ਵਰਤੋਂ ਨਹੀਂ ਕਰਨਗੇ ਪ੍ਰੰਤੂ ਉਨ੍ਹਾਂ ਨੇ ਭੀਸ਼ਮ ਪਿਤਾਮਾ ਦੇ ਵਿਰੁੱਧ ਸੁਦਰਸ਼ਨ ਚੱਕਰ ਕਿਉਂ ਚਲਾਇਆ ? ਇਸ ਪ੍ਰਸ਼ਨ ਦੇ ਉੱਤਰ ਵਿਚ ਲਿਖਿਆ ਹੈ ਕਿ :

ਅਗਰ ਕਸਮ ਤੋੜਨੇ ਕਾ ਯਹ ਵਾਕਿਆ ਸਹੀ ਹੈ ਤੋ ਇਸ ਕਾ ਯਹੀ ਮਤਲਬ ਹੈ ਕਿ ਕ੍ਰਿਸ਼ਨ ਜੀ ਇਤਨੀ ਬੜੀ ਹਸਤੀ ਹੋਨੇ ਕੇ ਬਾਵਜੂਦ, ਇਨਸਾਨ ਹੀ ਥੇ। ਔਰ ਗ਼ਲਤੀ ਕਰ ਸਕਤੇ ਥੇ। ਯਹੀ ਵਜ੍ਹਾ ਹੈ ਕਿ ਮਹਾਭਾਰਤ ਮੇਂ ਯਹ ਭੀ ਲਿਖਾ ਹੈ ਕਿ ਕ੍ਰਿਸ਼ਨ ਜੀ ਕੀ ਉਸ ਫ਼ਰਦ ਗੁਜ਼ਾਸ਼ਤ (ਇਨਸਾਨੀ ਕਰਤੱਵ) ਪਰ ਭੀਸ਼ਮ ਨੇ ਉਨਹੇਂ ਸ਼ਰਮ ਦਿਲਾਈ। ਔਰ ਉਨ ਕੇ ਸ਼ਾਗਿਰਦ ਔਰ ਦੋਸਤ ਅਰਜਨ ਨੇ ਉਨਹੇਂ ਇਸ ਸੇ ਬਰ ਵਕਤ (ਓਸੇ ਸਮੇਂ) ਰੋਕ ਦੀਆ।[1]

ਸ੍ਰੀ ਮਦ ਭਗਵਤ ਗੀਤਾ ਦੀ ਉਪਦੇਸ਼ਿਕ ਸ਼ੈਲੀ ਨੂੰ ਧਿਆਨ ਵਿਚ ਰੱਖਦਿਆਂ ਪੰਡਤ ਜਵਾਹਰ ਲਾਲ ਨਹਿਰੂ ਜੀ ਨਿਜੀ ਖ਼ਿਆਲਾਂ ਦਾ ਇਜ਼ਹਾਰ ਕਰਦੇ ਹਨ ਕਿ "ਅੱਜ ਹਰ ਇਕ ਫ਼ਲਸਫ਼ਾ ਅਤੇ ਬਹੁਤ ਸਾਰੇ ਦਾਅਵੇਦਾਰ ਚਿੰਤਕ ਗੀਤਾ ਨੂੰ ਹੀ ਨਿਜੀ ਧਿਆਨ ਦਾ ਕੇਂਦਰ ਬਣਾਈ ਬੈਠੇ ਹਨ। ਹਰ ਕੋਈ ਆਪਣੇ ਆਪਣੇ ਸੁਆਰਥ ਦੇ ਅਨੁਕੂਲ ਇਸ ਦੀ ਵਿਆਖਿਆ ਕਰਦਾ ਹੈ, ਨਿਜੀ ਰਹਿਤ-ਮਰਯਾਦਾ ਉਲੀਕੀ ਬੈਠਾ ਹੈ। ਭਾਵੇਂ ਗਾਂਧੀ ਜੀ ਭੀ ਨਿਜੀ ਵਿਸ਼ਵਾਸ ਅਹਿੰਸਾ ਦੀ ਮੂਲਿਕ ਸ਼ਿਲਾ ਗੀਤਾ 'ਤੇ ਹੀ ਰੱਖਦੇ ਹਨ। ਕੁਝ ਐਸੇ ਲੋਕ ਭੀ ਹਨ ਜੋ ਧਰਮ ਯੁੱਧ ਦੇ ਨਾਮ ਥੱਲੇ ਜਬਰ ਜ਼ੁਲਮ ਪ੍ਰਤਿ ਗੀਤਾ ਦੀ ਕਾਨੂੰਨੀ ਟੇਕ ਲੈਂਦੇ ਹਨ।[2]

ਆਪ ਜੀ ਉਕਤ ਪੰਨਿਆਂ ਵਿਚ ਪੜ੍ਹ ਆਏ ਹੋ ਕਿ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਆਪਣੇ ਆਪ ਨੂੰ ਪਰਮਾਤਮਾ ਦਾ ਦਰਜਾ ਦਿੰਦੇ ਹਨ। ਇਸ ਖ਼ਿਆਲ ਪ੍ਰਤਿ ਕੁਝ ਦ੍ਰਿਸ਼ਟਾਂਤ *ਸ੍ਰੀ ਮਦ ਭਗਵਤ ਗੀਤਾ* ਅਤੇ ਕੁਝ ਉਦਾਹਰਣ *ਸ੍ਰੀ ਮਦ ਭਾਗਵਤ ਪੁਰਾਣ* ਵਿਚੋਂ ਭੀ ਵੇਖੇ ਜਾ ਸਕਦੇ ਹਨ। ਮਹਾਭਾਰਤ ਦਾ ਯੁੱਧ ਸਮਾਪਤ ਹੋਣ ਤੋਂ ਉਪਰੰਤ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਆਠੋਂ ਪਟਰਾਣੀਆਂ ਅਰ ਸੋਲ੍ਹਾਂ ਹਜ਼ਾਰ ਏਕ ਸੌ ਰਾਣੀਆਂ ਕੋ ਸਾਥ ਲੀਏ, ਤਬ ਤੋ ਰਾਜਾ ਨੇ ਸੈਨਾ ਸਮੇਤ ਕੂਚ ਕੀਆ ਅਰ ਬੜੀ ਧੂਮ ਧਾਮ ਸੇ (ਕੁਰਖੇਤ੍ਰ ਕੋ) ਚਲੇ।

---

1. *ਹਰੀਜਨ* ਅਖ਼ਬਾਰ, ਦਸੰਬਰ 22, 1946, (ਹਵਾਲਾ, *ਮਾਅਰਫ਼ੁਲ ਕੁਰਾਨ*, ਪੰਨਾ 96)।
2. *Discovery of India*, p. 83, by Jawahar Lal Nehru, and *Marful Quran*, p. 96.

ਕੁਰਖੇਤ੍ਰ ਵਿਚ ਹੋਰ ਭੀ ਬਹੁਤ ਸਾਰੇ ਰਾਜੇ ਆਪਣੀ ਆਪਣੀ ਸੈਨਾ ਲੈ ਕੇ ਆਏ। ਅਨੇਕਾਂ ਹੀ ਗੋਪ ਅਤੇ ਗੋਪੀਆਂ ਭੀ ਦਰਸ਼ਨ ਹਿਤ ਆਏ। ਸਾਰਿਆਂ ਨੂੰ ਆਪਣੇ ਸਨੇਹ ਵਿਚ ਵਿਆਕੁਲ ਵੇਖ ਕੇ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਬੋਲੇ ਕਿ ਸੁਣੋ:

ਚੌਪਈ॥ ਮੇਰੀ ਭਗਤ ਜੋ ਪ੍ਰਾਣੀ ਕਰੈ॥ ਭਵ ਸਾਗਰ ਨਿਰਭਯ ਸੋ ਤਰੈ॥
ਤਨ ਮਨ ਧਨ ਤੁਮ ਅਰਪਨ ਕੀਨੋ॥ ਨੇਹ ਨਿਰੰਤਰ ਕਹਿ ਮੋਹਿ ਚੀਨੋ॥੧॥[1]

ਵੈਦਿਕ ਦਰਸ਼ਨ ਦੇ ਪ੍ਰਤਿਕਰਮ, ਜਦੋਂ ਅਸੀਂ ਗੁਰਮਤਿ ਦੀ ਸੀਮਾ ਵਿਚ ਪ੍ਰਵੇਸ਼ ਕਰਦੇ ਹਾਂ, ਉਥੇ ਮੈਂ-ਮੇਰੀ ਜੈਸੀ ਸ਼ਬਦਾਵਲੀ ਦੀ ਵਰਤੋਂ ਨਿਰਸੰਦੇਹ ਨਹੀਂ ਕੀਤੀ ਗਈ ਬਲਕਿ ਦਾਸ, ਗੁਲਾਮ, ਸੇਵਕ ਜੈਸੇ ਨਿਰਮਾਣ ਤੋਂ ਨਿਰਮਾਣ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਪੰਨਿਆਂ ਵਿਚ ਤਨਕ ਮਾਤਰ ਭੀ ਮੈਂ-ਮੇਰੀ ਜੈਸੀ ਸ਼ਬਦਾਵਲੀ ਨਹੀਂ ਵਰਤੀ ਗਈ। ਮੈਂ ਦੀ ਬਜਾਏ ਤੇਰਾ ਤੇਰਾ ਤੇਰਾ ਦੀ ਧੁੰਨੀ ਸਿਰਮੌਰ ਹੈ। ਕੇਵਲ ਇਕ(1) ਵਾਹਿਗੁਰੂ ਦੀ ਭਾਉ ਭਗਤੀ ਹੀ ਪ੍ਰਧਾਨ ਵਿਸ਼ਾ ਹੈ। ਕਿਸੇ ਭੀ ਅਵਤਾਰ, ਦੇਵੀ ਦੇਵਤੇ ਬਲਕਿ ਸਤਿਗੁਰੂ ਸਾਹਿਬਾਨ ਦੀ ਪੂਜਾ ਭੀ ਦਰਕਾਰ ਨਹੀਂ ਹੈ। ਪ੍ਰੰਤੂ ਅਨਮਤੀ ਧਾਰਾ ਦੇ ਅਨੁਸਾਰ ਹਰ ਇਕ ਜੁਗ ਵਿਚ ਅਵਤਾਰਾਂ ਦੀ ਸੂਚੀ ਦਰਸਾਈ ਗਈ ਹੈ। ਅਨਮਤੀ ਵਿਸ਼ਵਾਸ ਦੇ ਆਧਾਰ 'ਤੇ ਅਵਤਾਰਾਂ ਦੀ ਪੂਜਾ ਦਾ ਖੇਤਰ ਬਹੁਤ ਹੀ ਵਸੀਅ (ਲੰਮਾ ਚੌੜਾ) ਹੈ। ਪ੍ਰੰਤੂ ਗੁਰਮਤਿ ਵਿਚ ਅੰਸ਼ਾ ਅਥਵਾ ਰਾਜੇ ਅਵਤਾਰ ਵਾਦ ਪ੍ਰਤਿ ਬਹੁਤ ਗੰਭੀਰ ਸ਼ਬਦਾਵਲੀ ਦੁਆਰਾ ਖੰਡਨ ਕੀਤਾ ਗਿਆ ਹੈ, ਜਿਵੇਂ:

ਜੁਗਹਿ ਜੁਗਹਿ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ॥
ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ॥੭॥[2]

ਸ੍ਰੀ ਕ੍ਰਿਸ਼ਨ ਜੀ ਮਹਾਰਾਜ ਅਰਜਨ ਪ੍ਰਤਿ ਉਪਦੇਸ਼ ਕਰਦੇ ਹਨ ਕਿ ਅਬ ਪ੍ਰਿਥਮ ਤੂੰ ਮੇਰੀ ਬਾਤ ਸੁਣ ਕਿ ਮੈਂ ਆਪਣੇ ਭਗਤੋਂ ਕੇ ਸਾਥ ਕੈਸਾ ਹੂੰ? ਜੋ ਮੇਰੇ ਭਗਤ ਮੇਰੀ ਪੂਜਾ ਭਗਤ ਸਿਮਰਨ ਭੂਲ ਕਰ ਭੀ ਕਰੇ ਹੈਂ ਤੋ ਤਿਸ ਕਾ ਪਾਪ ਨਹੀਂ ਰਹਿਤਾ। ਮੇਰੀ ਭਗਤ ਦੇਖਨੇ ਮੇਂ ਥੋੜੀ ਹੈ, ਏਕ ਤੁਲਸੀ ਦਲ ਅਥਵਾ ਪੁਸ਼ਪ ਮਾਲਾ ਮੁਝੇ ਸਮਰਪਣ ਕਰੇ ਅਥਵਾ ਏਕ ਬਾਰ ਨਮਸ਼ਕਾਰ ਕਰੇ, ਅਥਵਾ ਏਕ ਬਾਰ ਮੇਰਾ ਨਾਮ ਲੇਵੇ। ਇਹ ਦੇਖਣੇ ਕੋ ਥੋੜਾ ਹੈ ਪਰ ਇਸ ਕਾ ਫਲ ਬੜਾ ਹੈ। (ਇਹੀ ਇਕ ਬਹੁਤ ਲਘੂ ਜਿਹੀ ਝਲਕ ਗੀਤਾ ਦੇ ਪਾਠ ਵਿਚੋਂ ਦਰਸਾਈ

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 10, ਅਧਿਆਇ 82, ਪੰਨੇ 474-75.
2. ਆਸਾ ਮ: ੩, ਪੰਨਾ 423/6, ਦੇਖੋ, *ਗੁਰਬਾਣੀ ਤੱਤਸਾਗਰ*, ਅਉਤਾਰ, ਦੇਖੋ ਇਕ ਪ੍ਰਥਾਇ।

ਗਈ ਹੈ ਜਿਥੇ ਵਾਹਿਗੁਰੂ ਭਗਤੀ ਦੇ ਥਾਂ ਕ੍ਰਿਸ਼ਨ ਜੀ ਦੀ ਭਗਤੀ ਹੀ ਪ੍ਰਧਾਨ ਵਸਤੂ ਹੈ।) ਐਸੀ ਅਵਤਾਰ ਭਗਤੀ ਪ੍ਰਤਿ ਗੁਰਮਤਿ ਵਿਚ ਦ੍ਵੈਤ ਭਾਵਨਾ ਅਥਵਾ ਦੁਤੀਆ ਭਾਵ ਕੀ ਭਗਤੀ ਦੁਆਰਾ ਸੰਬੋਧਨ ਕਰਦੇ ਹੋਏ ਸੰਸਾਰੀ ਜੀਵਾਂ ਪ੍ਰਤਿ ਮਸ਼ਵਰਾ ਸਾਦਰ ਫ਼ੁਰਮਾਇਆ ਹੈ ਕਿ ਹੇ ਭਾਈ! ਕੇਵਲ ਇਕ ਵਾਹਿਗੁਰੂ ਦਾ ਹੀ ਨਾਮ ਅਤੇ ਭਗਤੀ ਕਰਨੀ ਹੈ ਜੋ ਹਮੇਸ਼ਾ ਵਾਸਤੇ ਕਾਇਮ ਦਾਇਮ ਅਤੇ ਸੱਚਾ ਹੈ। ਉਹ ਸਾਰਾ ਜਗਤ ਕੱਚਾ ਹੈ ਜੋ ਵਾਹਿਗੁਰੂ ਤੋਂ ਬਿਨਾਂ ਕਿਸੇ ਹੋਰ ਨਾਲ ਜੁੜਿਆ ਹੈ। ਕੇਵਲ ਗੁਰੂ ਦੀ ਸਿਖਿਆ ਦੁਆਰਾ ਹੀ ਸੱਚੇ ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਕੀਤੀ ਜਾ ਸਕੀਦੀ ਹੈ ਜਿਸ ਦੇ ਆਸਰੇ ਜੀਵ ਦਾ ਮਨ ਸੱਚ ਵਿਚ ਪਤੀਜ ਜਾਂਦਾ ਹੈ, ਜਿਵੇਂ :

ਏਕੋ ਸੇਵੀ ਸਦਾ ਥਿਰੁ ਸਾਚਾ॥ ਦੂਜੈ ਲਾਗਾ ਸਭੁ ਜਗੁ ਕਾਚਾ॥
ਗੁਰਮਤੀ ਸਦਾ ਸਚੁ ਸਾਲਾਹੀ ਸਾਚੇ ਹੀ ਸਾਚਿ ਪਤੀਜੈ ਹੇ ॥੧॥[1]

ਇਥੇ ਤਕ *ਸ੍ਰੀ ਮਦ ਭਾਗਵਤ ਗੀਤਾ* ਦੀ ਵਿਆਖਿਆ ਸਮਾਪਤ ਹੁੰਦੀ ਹੈ, ਅਗੇਤਰ ਪੰਨਿਆਂ ਵਿਚ ਗਵਾਂਢੀ ਧਰਮਾਂ ਪ੍ਰਤਿ ਵੈਦਿਕ ਰੁਚੀ ਦਾ ਖੇਤਰ ਚਾਲੂ ਹੋਵੇਗਾ।

9.91 ਗਵਾਂਢੀ ਧਰਮਾਂ ਪ੍ਰਤਿ ਵੈਦਿਕ ਰੁਚੀ

ਸੰਸਾਰ ਦੇ ਜਿਤਨੇ ਭੀ ਧਰਮ ਹਨ, ਇਨ੍ਹਾਂ ਦੀ ਧਾਰਮਕ ਸਿਖਿਆ ਹਰ ਪ੍ਰਾਣੀ ਵਾਸਤੇ ਇਕ ਐਸੀ ਪੱਧਤ ਸਥਾਪਨ ਕਰਦੀ ਹੈ ਜਿਸ ਦੇ ਆਧਾਰ 'ਤੇ ਦੁਨੀਆ ਦਾ ਹਰ ਇਨਸਾਨ ਸੁਖਾਵਾਂ ਅਤੇ ਸੁਅਸਤ ਅਵਸਥੀ ਜ਼ੀਵਨ ਬਤੀਤ ਕਰਦਾ ਹੋਇਆ ਜੀਵਨ ਦਾ ਮਨੋਰਥ ਪ੍ਰਾਪਤ ਕਰ ਸਕੇ। ਜਦੋਂ ਅਸੀਂ ਸਮਤੁਲਤ ਧਾਰਮਕ ਅਧਿਐਨ ਕਰਦੇ ਹਾਂ ਤਦ ਹਰ ਧਰਮ ਦੀਆਂ ਧਾਰਮਕ ਪੁਸਤਕਾਂ ਦੇ ਵਿਚ ਬਹੁਤ ਹੀ ਪਾਇਦਾਰ ਅਤੇ ਢੁਕਵੇਂ ਸਿਧਾਂਤ ਵੇਖੇ ਜਾ ਸੱਕਦੇ ਹਨ ਪ੍ਰੰਤੂ ਹਰ ਧਰਮ ਦੇ ਅਨੁਯਾਈਆਂ ਨੇ ਮਨਭਾਵਤ ਰੁਚੀ ਦੇ ਅਨੁਸਾਰ ਧਾਰਮਕ ਪੁਸਤਕਾਂ ਦੀ ਵਿਆਖਿਆ ਕੀਤੀ ਹੈ। ਉਸ ਮਨੋਕਲਪਤ ਵਿਆਖਿਆ ਦੇ ਆਧਾਰ 'ਤੇ ਸਵੈਮ ਰਚਿਤ ਮੀਮਾਂਸਾਵਾਦੀ (ਤਰਕਸ਼ੀਲਤਾ) ਦੇ ਗੜ੍ਹ ਉਸਾਰੇ ਹਨ। ਕਿਸੇ ਭੀ ਧਰਮ ਦੀ ਦਲੀਲਕ ਸ਼ੈਲੀ, ਤਰਕਸ਼ੀਲਤਾ ਅਤੇ ਵਿਆਖਿਆ ਤਦੇ ਹੀ ਸਹੀ ਅਤੇ ਵਾਜਿਬ ਆਖੀ ਜਾ ਸਕਦੀ ਹੈ ਅਗਰ ਉਹ ਕੇਵਲ ਇਕ(1) ਦੇ ਉਦਾਲੇ ਘੁੰਮਦੀ ਹੈ। ਜਿਸ ਵੇਲੇ ਧਾਰਮਕ ਤਰਕਸ਼ੀਲਤਾ ਇਕ ਵਾਹਿਗੁਰੂ ਦੀ ਹਸਤੀ ਨੂੰ ਤਿਆਗ ਕੇ ਇਨਸਾਨੀ ਉਕਤੀਆਂ ਦੇ ਖੇਤਰ ਵਿਚ ਪ੍ਰਵੇਸ਼ ਕਰਦੀ ਹੈ, ਇਸ ਦਾ ਅਰਥ ਇਹ ਹੋਇਆ ਕਿ ਉਹ ਇਨਸਾਨੀ ਜੀਵਨ ਨੂੰ

1. ਮਾਰੂ ਮ: ੩, ਪੰਨਾ 1049/4.

ਸੁਖਾਵੀਂ ਪੱਧਤ ਤੋਂ ਲਾਹ ਕੇ ਅਵਰੋਹੀ ਖ਼ੰਦਕਾਂ ਦੀ ਦਲਦਲ ਵਿਚ ਧਕੇਲਦੀ ਹੈ। ਹਰ ਧਰਮ ਦੀ ਬੁਨਿਆਦ ਉਸ ਸਮੇਂ ਦੇ ਆਧਾਰ 'ਤੇ ਉਨ੍ਹਾਂ ਸੰਸਾਰੀ ਜੀਵਾਂ ਵਾਸਤੇ, ਆਧਾਰਤ ਹੁੰਦੀ ਹੈ, ਜਿਸ ਸਮੇਂ ਵਿਚ ਜਿਨ੍ਹਾਂ ਲੋਕਾਂ ਵਾਸਤੇ ਉਸ ਧਰਮ ਦਾ ਰਹਿਬਰ ਪ੍ਰਗਟ ਹੋਇਆ ਹੋਵੇ। ਭਾਵੇਂ ਕੋਈ ਭੀ ਧਰਮ ਕਿਉਂ ਨਾ ਹੋਵੇ ਜਿਸ ਵੇਲੇ ਉਹ ਨਿਜੀ ਉਕਤੀਆਂ ਜੁਗਤੀਆਂ ਦੀ ਗੰਢੜੀ ਗਵਾਂਢੀ ਧਰਮਾਂ ਦੇ ਸਿਹਨ ਵਿਚ ਖਿਲਾਰਦਾ ਹੈ, ਅਤਿ ਸਪਸ਼ਟ ਅਤੇ ਸਿੱਧੇ ਸ਼ਬਦਾਂ ਵਿਚ ਇਸ ਦਾ ਅਰਥ ਇਹ ਹੈ ਕਿ ਉਹ ਗਲੋਬਾਲ ਨਗਰ ਦੀ ਸੁਅਸਤਅਵਸਥੀ ਧਾਰਾ ਨੂੰ ਦੋਜ਼ਖ਼ ਦੀ ਅਗਨੀ ਵਿਚ ਧਕੇਲ ਰਿਹਾ ਹੈ। ਇਨਸਾਨੀ ਜੀਵਨ ਦੀ ਇਹ ਫ਼ਿਤਰਤ ਹੈ ਕਿ ਉਹ ਨਰਕੀ ਜੀਵਨ ਸ਼ੈਲੀ ਨੂੰ ਕਦੀ ਭੀ ਸਵੀਕਾਰ ਨਹੀਂ ਕਰਦਾ, ਬਲਕਿ ਰਸਾਤਲ ਦੀ ਦਲਦਲ ਵਿਚੋਂ ਬਾਹਰ ਨਿਕਲਣਾ ਹੀ ਇਨਸਾਨੀ ਜੀਵਨ ਦਾ ਮਨੋਭਾਵਤ ਵਿਸ਼ਾ ਹੈ। ਦੁਨੀਆ ਦੀ ਤਵਾਰੀਖ਼ ਇਸ ਚੀਜ਼ ਦੀ ਸ਼ਾਹਿਦ ਹੈ ਕਿ ਇਸ ਸੰਸਾਰ ਦਾ ਆਮ ਅਤੇ ਸਾਧਾਰਣ ਜੀਵ ਸੁਖਾਵੀਂ ਅਤੇ ਸਤਿਕਾਰਤ ਜੀਵਨ ਸ਼ੈਲੀ ਨੂੰ ਪਸੰਦ ਕਰਦਾ ਹੈ। ਸੁਖਾਵੀਂ ਜੀਵਨ ਧਾਰਾ ਸਥਾਪਨ ਕਰਨ ਹਿਤ ਇਨਸਾਨੀ ਨੈਤਿਕਤਾ ਦਾ ਹੋਣਾ ਮਨੁੱਖੀ ਜੀਵਨ ਦੀ ਵਿਸ਼ੇਸ਼ਤਾ ਦਾ ਅਵਿੱਛੜ ਅੰਗ ਹੈ ਕਿਉਂਕਿ ਰੂਹਾਨੀ ਅਤੇ ਸਮਾਜੀ ਨੈਤਿਕਤਾ ਇਨਸਾਨੀ ਜੀਵਨ ਵਿਚ ਇਕ ਐਸੀ ਪ੍ਰੇਰਕ ਅਤੇ ਮੂਲਿਕ ਵਸਤੂ ਹੈ ਜਿਸ ਦੇ ਆਸਰੇ ਇਕ ਵਿਅਕਤੀ ਰੱਬੀ ਜ਼ਾਬਤੇ ਵਿਚ ਪ੍ਰਵੇਸ਼ ਕਰਦਾ ਹੈ। ਰੱਬੀ ਜ਼ਾਬਤੇ ਦਾ ਸਿਧਾਂਤ ਸ਼ੁਭ ਕਰਮ ਕਰਨੇ ਅਤੇ ਅਸ਼ੁਭ ਕਰਮਾਂ ਵਲੋਂ ਵਰਜੇ ਰਹਿਣਾ ਹੈ। ਰੱਬੀ ਹਸਤੀ ਵਿਚ ਧਿਆਨ ਜੋੜਨਾ ਅਤੇ ਨੇਕ ਅਮਲ ਕਰਨੇ ਹੀ ਸਦੀਵੀ ਆਨੰਦ ਦੀ ਸੀਮਾ ਵਿਚ ਪ੍ਰਵੇਸ਼ਤ ਹੋਣ ਪ੍ਰਤਿ ਪ੍ਰਥਮ ਪਾਇਦਾਨ ਹੈ। ਨੇਕ ਜੀਵਨ ਬਤੀਤ ਕਰਨਾ ਅਤੇ ਵਾਹਿਗੁਰੂ ਦੇ ਚਰਨ ਕਮਲਾਂ ਨਾਲ ਜੁੜੇ ਰਹਿਣਾ ਬਹੁਤ ਹੀ ਅੱਛਾ ਕਰਮ ਹੈ, ਬਸ਼ਰਤੇਕਿ ਇਸ ਵਿਚ ਹਉਮੈ ਦੀ ਅੰਸ਼ ਨਾ ਹੋਵੇ। ਸ੍ਵੈਧੀਨਤਾ ਦੇ ਆਧਾਰ 'ਤੇ ਭਾਵੇਂ ਸਾਰੇ ਹੀ ਸੰਸਾਰੀ ਜੀਵ, ਸਮਤੁਲਤਾ ਦੇ ਅਧਿਕਾਰੀ ਹਨ ਪ੍ਰੰਤੂ ਸੰਪੰਨਸ਼ੀਲਤਾ, ਪਰੀਪੂਰਣਤਾ, ਨਿਰਦੋਸ਼ਤਾ, ਨਿਰ ਅਪਰਾਧਤਾ ਅਤੇ ਸਰੰਜਾਮਤਾ ਦੇ ਖੇਤਰ ਵਿਚ ਸਾਰੇ ਜੀਵ ਸਮਾਨ ਨਹੀਂ ਹੁੰਦੇ। ਇਸ ਵਾਸਤੇ ਅਤਿ ਆਵਸ਼ਕ ਹੈ ਕਿ ਹਰ ਇਕ ਵਿਅਕਤੀ ਕਿਸੇ ਸੰਗ੍ਰਹਿ, ਮੰਡਲੀ, ਟੋਲੀ ਅਥਵਾ ਸਤਿਸੰਗਤ ਵਿਚ ਜੁੜ ਕੇ ਜੀਵਨ ਬਤੀਤ ਕਰੇ। ਜਿਵੇਂ ਗੁਰਬਾਣੀ ਦੇ ਸ਼ਬਦ ਇਕੱਤਰ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਸਤੀ ਕਾਇਮ ਹੈ, ਨਿਰਸੰਦੇਹ ਇਸੇ ਚਿੱਤਰ ਦੇ ਦੂਜੇ ਪਾਸੇ ਹਰ ਇਕ ਵਿਅਕਤੀ ਦੇ ਮੇਲ ਜੋਲ ਦੁਆਰਾ ਸੰਗਤ ਅਤੇ ਪੰਥ ਦੀ ਹੋਂਦ ਸਥਾਪਨ ਕੀਤੀ ਗਈ ਹੈ। ਇਥੇ ਬਹੁਤ ਹੀ ਸਾਵਧਾਨੀ ਵਰਤਣੀ ਪਵੇਗੀ ਕਿ ਜਿਨ੍ਹਾਂ ਵਿਅਕਤੀਆਂ ਦੇ ਵਿਰਸੇ ਵਿਚ ਸੰਪੰਨਸ਼ੀਲਤਾ ਦੀ ਦਾਤ ਨਹੀਂ ਹੈ, ਉਨ੍ਹਾਂ ਵਾਸਤੇ ਅਤਿ ਆਵਸ਼ਕ ਹੈ ਕਿ ਉਹ ਕਿਸੇ ਵਿਸ਼ੇਸ਼

ਨਿਜ਼ਾਮ ਦੇ ਨਾਲ ਜੁੜੇ ਰਹਿਣ ਤਾਂਕਿ ਉਨ੍ਹਾਂ ਦੇ ਜੀਵਨ ਵਿਚ ਭੀ ਸੁਖਾਵੀਂ ਜੀਵਨ ਸ਼ੈਲੀ ਦੀ ਕਣੀ ਸਮਾ ਸਕੇ। ਐਸੀ ਅਵਸਥਾ ਵਿਚ ਰਸਾਈ ਕਰਨ ਤੋਂ ਉਪਰੰਤ ਸਮੂਲਚਾ ਸਮਾਜ ਦੋ ਧਾਰਾ ਵਿਚ ਵਿਭਾਜਿਤ ਕੀਤਾ ਜਾ ਸਕਦਾ ਹੈ। ਪ੍ਰਥਮ ਧਾਰਾ ਉਨ੍ਹਾਂ ਵਿਅਕਤੀਆਂ ਦੀ ਹੈ ਜਿਨ੍ਹਾਂ ਨੂੰ ਰੱਬੀ ਦਰਗਾਹ ਵਲੋਂ ਹੀ ਪਰੀਪੂਰਣਤਾ, ਸੰਪੰਨਸ਼ੀਲਤਾ ਦੀ ਦਾਤ ਨਦਰ ਕਰਮ ਦੇ ਤੋਹਫ਼ੇ ਵਜੋਂ ਪ੍ਰਾਪਤ ਹੁੰਦੀ ਹੈ। ਐਸੇ ਇਨਸਾਨ ਬਹੁਤ ਹੀ ਵਿਰਲੇ, ਵਿਸ਼ੇਸ਼ਗ ਅਥਵਾ ਨਾਦਰ ਵਿਅਕਤੀ ਹੁੰਦੇ ਹਨ ਜੋ ਆਮ ਅਥਵਾ ਸਾਧਾਰਣ ਜਨਤਾ ਪ੍ਰਤਿ, ਆਗਿਆ ਜਾਂ ਸ਼ਾਸਨਿਕ ਆਦੇਸ਼ ਜਾਰੀ ਕਰ ਸਕਦੇ ਹਨ। ਜਿਸ ਵਿਅਕਤੀ ਕੋਲ ਇਹ ਅਧਿਕਾਰ ਹੈ ਕਿ ਉਹ ਸਾਧਾਰਣ ਪਰਜਾ ਪ੍ਰਤਿ, ਸ਼ਾਸਨਿਕ ਆਦੇਸ਼ ਜਾਰੀ ਕਰ ਸਕੇ। ਆਵਸ਼ਕ ਹੈ ਕਿ ਉਸ ਵਿਚ ਵੱਧ ਤੋਂ ਵੱਧ ਸੰਪੰਨਸ਼ੀਲਤਾ ਅਤੇ ਸੰਵੇਦਨਸ਼ੀਲਤਾ ਦਾ ਭੰਡਾਰਾ ਮੌਜੂਦ ਹੋਵੇ ਤਾਂਕਿ ਉਹ ਪ੍ਰਾਪਤ ਹੋਈ ਸ਼ਕਤੀ ਦੀ ਦੁਰਵਰਤੋਂ ਨਾ ਕਰ ਸਕੇ। ਪਰਜਾ ਦੀ ਨਬਜ਼ ਨੂੰ ਅਨੁਭਵ ਕਰਦਾ ਹੋਇਆ ਉਨ੍ਹਾਂ ਦੇ ਨਾਲ ਸੱਜਣਤਾ ਭਰਪੂਰ ਰਵੱਈਆ ਅਪਣਾ ਸਕੇ। ਆਦੇਸ਼ਿਕ ਨੀਤੀ ਨੂੰ ਜਨਤਕ ਸਫ਼ਾਂ ਵਿਚ ਭੇਜਣ ਤੋਂ ਪਹਿਲਾਂ ਨਿਰਸੰਦੇਹ ਲਾਜ਼ਮੀ ਹੈ ਕਿ ਉਸ ਆਦੇਸ਼ ਪੱਤਰ 'ਤੇ ਬਾਰ ਬਾਰ ਅੰਗ੍ਰੀਵੀ ਸੰਜੀਦਗੀ ਅਤੇ ਗਹਿਰਾ ਧਿਆਨ ਦਿੱਤਾ ਜਾਵੇ ਤਾਂਕਿ ਪਰਜਾ ਦੇ ਖੇਤਰ ਵਿਚ ਉਸ ਆਦੇਸ਼ਿਕ ਨੀਤੀ ਪ੍ਰਤਿ ਗਲੀ ਸੜੀ ਹੋਈ ਵਿਪਰੀਤੀ ਧਾਰਾ ਆਰੰਭ ਨਾ ਹੋ ਜਾਵੇ। ਜਿਵੇਂ :

A greater perfection is required in one who commands, that he may do so rightly.[1]

ਸਮੁੰਦਰੀ ਬੇੜੇ ਦਾ ਕੋਈ ਭੀ ਜਹਾਜ਼ ਕਦੀ ਭੀ ਆਪਣੀ ਮੰਜ਼ਲ 'ਤੇ ਰਸਾਈ ਨਹੀਂ ਕਰ ਸਕਦਾ ਅਗਰ ਬੇੜੇ ਦਾ ਸੰਚਾਲਕ ਹਰ ਪ੍ਰਕਾਰੀ ਸਾਵਧਾਨੀ ਦੇ ਸਿਧਾਂਤਾਂ ਵਲੋਂ ਸੱਖਣਾ ਹੈ। ਬੇੜੇ ਦੇ ਆਗੂ ਦੀ ਪ੍ਰਥਮ ਵਿਸ਼ੇਸ਼ਤਾ ਇਹੀ ਹੈ ਕਿ ਉਹ ਆਚਰਣ ਅਤੇ ਨੇਕੀਆਂ ਦਾ ਅਮੁਕ ਭੰਡਾਰਾ ਹੋਵੇ। ਵਾਹਿਗੁਰੂ ਦੇ ਨਿਜ਼ਾਮ ਵਿਚ ਇਹ ਧਾਰਾ ਅਤਿ ਸੁਬੱਲਤ ਹੈ ਕਿ ਸਮੂਲਚੇ ਬ੍ਰਹਮੰਡੀ ਖੇਤਰ ਵਿਚ ਵਾਹਿਦ ਰੱਬੀ ਸ਼ਾਸਨਿਕ ਵਿਧਾਨ ਹੈ ਕਿਉਂਕਿ ਵਾਹਿਗੁਰੂ ਇਕ ਵਾਹਿਦ ਹਸਤੀ ਹੈ। ਉਸ ਦੀ ਰਾਜ ਸੱਤਾ ਐਸੀ ਪ੍ਰਬਲ ਹੈ ਕਿ ਉਸ ਦੀ ਹਕੂਮਤ ਦਾ ਪ੍ਰਭਾਵ ਪ੍ਰਕ੍ਰਿਤੀ ਦੇ ਹਰ ਜ਼ੱਰੇ ਜ਼ੱਰੇ 'ਤੇ ਵਿਆਪਕ ਹੋ ਰਿਹਾ ਹੈ। ਉਕਤ ਵਿਚਾਰ ਦੇ ਆਧਾਰ 'ਤੇ ਵਾਹਿਗੁਰੂ ਇਕ ਵਾਹਿਦ ਸ਼ਾਸਨਿਕ ਸੁਬੱਲਤਾ ਹੈ। ਵਾਹਿਗੁਰੂ ਦੀ ਸ਼ਾਸਨਿਕ ਪ੍ਰਣਾਲੀ ਵਿਚ ਅਨਿਕ ਪ੍ਰਕਾਰੀ ਝੱਖੜ ਅਤੇ ਤੂਫ਼ਾਨੀ ਅੰਨ੍ਹੇਰੀਆਂ ਗਤੀਬੱਧ ਹੋ ਰਹੀਆਂ ਹਨ। ਜ਼ਿੰਦਗੀ ਦਾ ਮਨੋਰਥ ਮੰਜ਼ਲ 'ਤੇ ਰਸਾਈ ਕਰਨਾ ਹੈ, ਮਨੋਰਥ ਦੀ ਪ੍ਰਾਪਤੀ ਵਾਸਤੇ ਅਥਵਾ ਮੰਜ਼ਲ 'ਤੇ ਰਸਾਈ ਕਰਨ ਹਿਤ ਇਕ ਬੇੜੇ ਦੀ

---

1. *The Aquinas Pocket*, p. 211.

ਆਵਸ਼ਕਤਾ ਹੈ। ਬੇੜੇ ਨੂੰ ਤੂਫ਼ਾਨੀ ਝੱਖੜਾਂ ਦੇ ਪ੍ਰਤਿਕਰਮ, ਮਿਥੇ ਹੋਏ ਨਿਸ਼ਾਨੇ 'ਤੇ ਖੜਨ ਹਿਤ ਇਕ ਸੰਪੰਨਸ਼ੀਲ ਸੁਲਝੇ ਹੋਏ ਤਜਰਬਾਕਾਰ ਮਲਾਹ ਦੀ ਆਵਸ਼ਕਤਾ ਹੈ। ਕਈ ਦਫ਼ਾ ਇਨਸਾਨੀ ਤਜਰਬੇ ਵਿਚ ਐਸਾ ਸਮਾਂ ਭੀ ਆਇਆ ਹੈ ਕਿ ਕਈ ਇਕ ਜੀਵ, ਵਿਅਕਤੀਗਤ ਤੌਰ 'ਤੇ ਨਿਜੀ ਮੰਜ਼ਲ 'ਤੇ ਰਸਾਈ ਕਰਨਾ ਲੋਚਦੇ ਹਨ। ਪਰਿਣਾਮ ਵਜੋਂ ਉਹ ਨਿਜੀ ਸੰਪਤੀ ਦੇ ਸਮੇਤ ਹੀ ਚੋਰਾਂ, ਡਾਕੂਆਂ, ਬਟਵਾਰਿਆਂ, ਰਾਹਜ਼ਨਾਂ, ਕੱਜ਼ਾਕਾਂ ਦੀ ਮਾਰ ਨਾ ਸਹਾਰਦੇ ਹੋਏ, ਅੱਧਵਾਟੇ ਹੀ ਦਮ ਤੋੜ ਜਾਂਦੇ ਹਨ। ਇਹੀ ਮੂਲਿਕ ਕਾਰਨ, ਸੁਭਾਵਿਕ ਰੁਚੀ ਅਤੇ, ਧੁਰ ਦਰਗਾਹੀ ਮਸ਼ਵਰਾ ਭੀ ਇਹੀ ਹੈ ਕਿ ਦੁਨੀਆ ਦਾ ਹਰ ਇਨਸਾਨ ਕਿਸੇ ਟੋਲੀ, ਕਿਸੇ ਜੱਥੇ, ਮਿਲਤ, ਸਭਾ ਸੋਸਾਇਟੀ, ਕਿਸੇ ਸਮਾਜੀ ਗਰੁੱਪ, ਸੰਗਤ ਵਿਚ ਜੁੜ ਕੇ ਮੰਜ਼ਲ ਦੀ ਪ੍ਰਾਪਤੀ ਕਰੇ। ਜਿਥੇ ਕੋਈ ਜੱਥਾ ਮਿਲਤ ਜਾਂ ਸਮਾਜੀ ਇਕੱਤ੍ਰਤਾ ਹੈ ਉਥੇ ਆਵਸ਼ਕ ਹੈ ਕਿ ਉਸ ਸੰਗਠਨ ਦਾ ਕੋਈ ਆਗੂ ਭੀ ਹੋਵੇ ਜੋ ਜੀਵਨ ਦੀ ਬੇੜੀ ਨੂੰ ਮਿਥੀ ਹੋਈ ਮੰਜ਼ਲ 'ਤੇ ਲੈ ਜਾਵੇ। ਇਕੱਠੇ ਹੋ ਕੇ ਟੁਰਨਾ, ਇਕੱਤਰ ਹੋ ਕੇ ਬੈਠਣਾ, ਇਹ ਪ੍ਰਕ੍ਰਿਤਕ ਧਾਰਾ ਹੈ ਕਿ ਪ੍ਰਕ੍ਰਿਤੀ ਦੇ ਜੀਵਾਂ ਦੀਆਂ ਸ਼੍ਰੇਣੀਆਂ ਕਿਸੇ ਜਥੇਬੰਦੀ ਵਿਚ ਰਹਿਣ। ਜਿਥੇ ਜਥੇਬੰਦੀ ਹੈ ਉਥੇ ਕਿਸੇ ਆਗੂ ਦਾ ਹੋਣਾ ਭੀ ਪ੍ਰਕ੍ਰਿਤਕ ਧਾਰਾ ਦਾ ਬੁਨਿਆਦੀ ਸਿਧਾਂਤ ਹੈ। ਕਈ ਦਫ਼ਾ ਪ੍ਰਕ੍ਰਿਤਕ ਨੇਮ ਦੇ ਪ੍ਰਤਿਕੂਲ, ਕਈ ਇਕ ਜੀਵ ਨਿਜੀ ਸੁਆਰਥ ਦੀ ਪਾਲਨਾ ਹਿਤ, ਵਿਅਕਤੀਗਤ ਤੌਰ 'ਤੇ ਰਹਿਣਾ ਪਸੰਦ ਕਰਦੇ ਹਨ। ਸਿੱਟੇ ਵਜੋਂ ਜਨਸਮੂਹ ਵਰਗ ਦੀਆਂ ਤੰਤੜੀਆਂ ਵਿਭਿੰਨਤਾ ਦੀਆਂ ਟੁਕੜੀਆਂ ਬਣ ਕੇ ਤੂਫ਼ਾਨੀ ਝੱਖੜਾਂ ਦੀ ਤਾਬ ਨਾ ਸਹਾਰਦੀਆਂ ਹੋਈਆਂ ਪ੍ਰਕ੍ਰਿਤੀ ਦੇ ਮਾਹੌਲ ਵਿਚ ਅਲੋਪ ਹੋ ਜਾਂਦੀਆਂ ਹਨ। ਲਿਹਾਜ਼ਾ ਜਦੋਂ ਤਕ ਕੋਈ ਸੰਪੰਨਸ਼ੀਲ ਧਾਰਾ ਉਨ੍ਹਾਂ ਦੀ ਸਾਰ ਨਾ ਲਵੇ, ਉਨ੍ਹਾਂ ਦੇ ਜੀਵਨ ਦੀ ਹਲਤਿ ਪਲਤਿ ਸਮੱਗਰੀ ਸੁਰੱਖਿਅਤ ਨਹੀਂ ਰਹਿ ਸਕਦੀ। ਪਰਿਣਾਮ ਇਹ ਹੋਇਆ, ਜਿਥੇ ਆਗੂ ਨਹੀਂ ਹੈ ਅਕਸਰ ਉਥੇ ਇਨਸਾਨੀ ਜੀਵਨ ਦੇ ਸ਼ੀਰਾਜ਼ੇ ਦਾ ਖੇਰੂੰ ਖੇਰੂੰ ਹੋ ਜਾਣਾ ਇਕ ਸੁਭਾਵਿਕ ਜਿਹੀ ਸਥਿਤੀ ਹੀ ਆਖੀ ਜਾ ਸਕਦੀ ਹੈ। ਜਿਥੇ ਨਿਜ਼ਾਮਤ (ਪ੍ਰਬੰਧਕ ਢਾਂਚਾ) ਨਹੀਂ ਹੈ, ਉਥੇ ਜੀਵਨ ਦਾ ਪਤਿਤ ਹੋਣਾ ਕੋਈ ਅਣਹੋਈ ਧਾਰਾ ਨਹੀਂ ਹੈ।

ਜੋ ਪ੍ਰਬੰਧਕੀ ਢਾਂਚਾ ਹੈ ਉਸ ਵਾਸਤੇ ਆਵਸ਼ਕ ਹੈ ਕਿ ਉਹ ਸਾਰਿਆਂ ਵਾਸਤੇ ਸਮਾਨ ਹੋਵੇ। ਐਸੀ ਪ੍ਰਬੰਧਕੀ ਸਰਕਾਰ ਨਿਆਂਸ਼ੀਲ ਅਤੇ ਪ੍ਰਸੰਸਾਯੋਗ ਹੈ ਅਗਰ ਉਹ ਸਮੂਹਕ ਤੌਰ 'ਤੇ ਬਿਨਾਂ ਵਿਤਕਰੇ ਪਰਜਾ ਦੇ ਹਿਤਾਂ ਪ੍ਰਤਿ ਨਿਜ਼ਾਮੀ ਢਾਂਚੇ ਦੀ ਵਰਤੋਂ ਕਰਦੀ ਹੈ। ਕੁਝ ਸੰਪੰਨਸ਼ੀਲ ਵਿਅਕਤੀ ਦੇਸ਼ ਜਾਂ ਕੌਮ ਦੇ ਨੇਤਾ ਸਵੀਕਾਰ ਕੀਤੇ ਜਾ ਸਕਦੇ ਹਨ ਬਸ਼ਰਤੇਕਿ ਉਹ ਪਰਜਾ ਪ੍ਰਤਿ ਅੱਤਿਆਚਾਰੀ (Tyrant) ਨਾ ਹੋਣ। ਨੇਕ ਕਮਾਈ ਦਾ ਫਲ ਅੰਤ੍ਰੀਵੀ ਪ੍ਰਸੰਨਤਾ

ਹੁੰਦਾ ਹੈ। ਕਿਸੇ ਭੀ ਵਿਸ਼ੇ ਪ੍ਰਤਿ ਪੁੰਨਸ਼ੀਲਤ ਹੋਣਾ, ਸਦਾਚਾਰੀ ਨੈਤਿਕਤਾ ਪੇਸ਼ ਕਰਨੀ, ਨੈਤਿਕ ਵਿਸ਼ਾਲਤਾ ਦਾ ਪ੍ਰਗਟਾਵਾ ਕਰਨਾ, ਪਰਜਾ ਪ੍ਰਤਿ ਹੁਸਨੇ ਸਲੂਕੀ ਦਾ ਇਜ਼ਹਾਰ ਕਰਨਾ, ਹੁਸਨੇ ਸੀਰਤ ਦਾ ਪ੍ਰਗਟਾਵਾ ਕਰਨਾ, ਰਾਸਤਬਾਜ਼ੀ ਅਤੇ ਪਾਕਦਾਮਨੀ ਨਾਲ ਵਿਹਾਰਾਂ ਦੀ ਸਰੰਜਾਮਤਾ ਕਰਨੀ, ਇਨ੍ਹਾਂ ਸਾਰੀਆਂ ਵਸਤੂਆਂ ਦਾ ਅੰਜਾਮ ਤੁਹਾਡੀ ਅੰਤ੍ਰੀਵੀ ਸੁਚੇਤਨ ਪ੍ਰਸੰਨਤਾ ਅਤੇ ਅੰਤਮ ਮੰਜ਼ਲ ਪ੍ਰਤਿ ਤਮੱਸਕ ਹੀ (ਇਕਰਾਰਨਾਮਾ) ਆਖੀ ਜਾ ਸਕਦੀ ਹੈ। ਇਸ ਤੋਂ ਹੋਰ ਵਧੇਰੇ ਅਗਰ ਇਨ੍ਹਾਂ ਗੁਣਸੰਪੰਨ ਕਰਤੂਤਾਂ ਦਾ ਬੀਜ ਸ਼ਾਸਨਿਕ ਰੁਚੀ ਦੇ ਅੰਤ੍ਰੀਵੀ ਤਲਾਂ ਵਿਚ ਬੀਜਿਆ ਜਾਵੇ, ਅਤੇ ਇਨ੍ਹਾਂ ਸਾਰਥਿਕ ਵਿਉਹਾਰੀ ਚੀਜ਼ਾਂ 'ਤੇ ਅਮਲ ਕੀਤਾ ਜਾਵੇ ਇਹੀ ਉਹ ਵਿਧੀ ਹੈ ਜੋ ਸ਼ਾਸਨਿਕ ਪ੍ਰਣਾਲੀ ਪ੍ਰਤਿ ਸਰੀਰਕ, ਮਾਨਸਿਕ ਅਤੇ ਆਤਮਕ ਸ਼ਾਦਮਾਨੀਆਂ ਦੀ ਦੁਨੀਆ ਸਥਾਪਨ ਕਰਦੀ ਹੈ। ਸਰਬੱਤ ਦੇ ਭਲੇ ਹਿਤ, ਨਿਰੰਤਰ ਤ੍ਰਾਂਘਦੇ ਰਹਿਣਾ ਹੀ ਸ਼ਾਸਨਿਕ ਜ਼ਿੰਦਗੀ ਦਾ ਵਿਰਸਾ ਅਤੇ ਇਨਾਮ ਹੈ। ਪਰਿਣਾਮ ਵਜੋਂ ਰੱਬੀ ਪ੍ਰਸੰਨਤਾ ਦੇ ਬੂਹੇ ਹਮੇਸ਼ਾ ਹੀ ਤੁਹਾਡੇ ਮੁਬਾਰਕ ਕਦਮਾਂ ਦੀ ਉਡੀਕ ਵਿਚ ਖੁੱਲ੍ਹੇ ਰਹਿੰਦੇ ਹਨ। ਨਿਰੰਕੁਸ਼ ਸ਼ਾਸਕ ਅਥਵਾ ਤਾਨਾਸ਼ਾਹੀ ਸ਼ਾਸਨ ਲਘੂ ਸਮੇਂ ਦੀ ਪ੍ਰਾਹੁਣਚਾਰੀ ਹੁੰਦੀ ਹੈ। ਸ਼ਾਸਨਿਕ ਤਜਰਬੇ ਨੇ ਇਸ ਧਾਰਾ ਨੂੰ ਸਿੱਧ ਕਰ ਦਿੱਤਾ ਹੈ ਕਿ ਸੰਗੀਨ ਦੀ ਨੋਕ ਥੱਲੇ ਦੱਬੀ ਹੋਈ ਪਰਜਾ ਵਾਜਿਬ ਸਮਾਂ ਮਿਲਣ 'ਤੇ ਅੱਤਿਆਚਾਰੀ ਸ਼ਾਸਨ ਦੇ ਵਿਰੁੱਧ ਅਕਸਰ ਲਾਮਬੰਦ ਹੋ ਹੀ ਜਾਂਦੀ ਹੈ। ਜਿਵੇਂ ਰੂਸ ਦੇ ਅੱਤਿਆਚਾਰੀ ਸ਼ਾਸਨ ਦੇ ਥੱਲੇ ਦੱਬੀਆਂ ਘੁੱਟੀਆਂ ਕੌਮਾਂ ਦੇ ਅਰਮਾਨ ਸਮੇਂ ਦੀ ਰਵਾਨੀ ਦੇ ਅਧੀਨ ਰੂਸੀ ਸ਼ਾਸਨ ਦੇ ਵਿਰੁੱਧ ਐਸੀ ਸੁਖੱਲਤਾ ਧਾਰਨ ਕਰ ਗਏ ਕਿ ਰਸ਼ੀਆ ਦੀਆਂ ਭਾਰੀ ਭਰਕਮ ਫ਼ੌਜਾਂ ਅਸਫਲਤਾ ਦੇ ਬੁਰਕੇ ਪਹਿਨ ਕੇ ਹਮੇਸ਼ਾ ਵਾਸਤੇ ਕਰੈਮਲਿਨ ਦੀਆਂ ਦੀਵਾਰਾਂ ਦੇ ਪਿੱਛੇ ਜਾ ਬੈਠੀਆਂ। ਸੁਖੱਲਤਾ ਦੀ ਪੂੰਜੀ ਸ਼ਾਸਨ ਦੇ ਅਧੀਨ ਨਹੀਂ, ਬਲਕਿ ਪਰਜਾ ਦੀਆਂ ਅੰਤ੍ਰੀਵੀ ਤਲਾਂ ਵਿਚ ਨਿਵਾਸ ਕਰਦੀ ਹੈ। ਹਿੰਦੁਸਤਾਨ ਬਹੁਤ ਹੀ ਪਿਆਰਾ ਅਤੇ ਹੁਸੀਨ ਦੇਸ਼ ਹੈ। ਇਸ ਦੇਸ਼ ਦੇ ਮਹੱਤਵ ਨੂੰ ਸਥਾਈ ਤੌਰ 'ਤੇ ਕਾਇਮ ਰੱਖਣਾ ਨਿਰੋਲ ਬਹੁਸੰਮਤੀ ਦੀ ਜ਼ਿੰਮੇਵਾਰੀ ਹੈ, ਜਿਸ ਦਾ ਸਾਧਨ ਸਰਬ ਸਾਂਝੀਵਾਲਤਾ ਹੈ।

ਉਕਤ ਸਮੱਗਰੀ ਦੇ ਅਨੁਸਾਰ ਹਰ ਇਕ ਇਨਸਾਨ ਦੀ ਭਲਾਈ ਦਾ ਖੇਤਰ ਤਦੇ ਹੀ ਉਲੀਕਿਆ ਜਾ ਸਕਦਾ ਹੈ, ਬਸ਼ਰਤੇਕਿ ਉਹ ਲਿਖਤ ਅਥਵਾ ਪੰਥਿਕ ਜਥੇਬੰਦੀ ਦੇ ਅਧੀਨ ਜੀਵਨ ਦੀ ਨੁਹਾਰ ਸਥਾਪਨ ਕਰੇ। ਜਥੇਬੰਦੀ ਅਥਵਾ ਦੇਸ਼ ਦੇ ਆਗੂ ਦੀ ਵਿਸ਼ੇਸ਼ਤਾ ਇਹੀ ਹੈ ਕਿ ਉਹ ਸੰਪੰਨਸ਼ੀਲ, ਬੁੱਧੀਜੀਵੀ, ਸਾਹਿਬੇ ਦਿਮਾਗ਼, ਜ਼ੀਹੋਸ਼, ਸੁਘੜ, ਸੂਝਵਾਨ, ਧੀਰਜ ਦਾ ਸੰਗ੍ਰਹਿ ਹਰ ਸਮੱਸਿਆ ਨੂੰ ਸਮਝਣ ਅਤੇ ਤੋਲਣ ਦੀ ਸਮਰੱਥਾ ਰੱਖਦਾ ਹੋਵੇ। ਗ਼ਰਜ਼ੇਕਿ,

ਹਰ ਆਦੇਸ਼ ਦੇਣ ਤੋਂ ਪਹਿਲਾਂ ਉਸ ਨੂੰ ਇਹ ਸਮਝ ਹੋਣੀ ਚਾਹੀਦੀ ਹੈ ਕਿ ਇਹ ਆਦੇਸ਼/ਹੁਕਮਨਾਮਾ ਪਰਜਾ ਦੀਆਂ ਸਫ਼ਾਂ ਵਿਚ ਲਾਗੂ ਹੋਣ ਦੀ ਯੋਗਤਾ ਰੱਖਦਾ ਹੈ ਜਾਂ ਨਹੀਂ। ਸ਼ਾਸਨਿਕ ਅਧਿਕਾਰ ਦਾ ਮੰਤਵ ਕੇਵਲ ਆਦੇਸ਼ ਜਾਰੀ ਕਰਨਾ ਹੀ ਨਹੀਂ, ਬਲਕਿ ਆਦੇਸ਼ ਦੀ ਰਮਜ਼ ਨੂੰ ਸਮਝਣਾ ਹੈ। ਜਿਵੇਂ ਵਿਦਿਆ ਪ੍ਰਾਪਤੀ ਦਾ ਅਰਥ ਸਨਦ ਪ੍ਰਾਪਤੀ ਜਾਂ ਵਿਵਹਾਰਿਕ ਗਿਆਨ ਨਹੀਂ, ਬਲਕਿ ਵਿਸ਼ੇਸ਼ਤਾ ਅਤੇ ਦੂਰਦ੍ਰਿਸ਼ਤਾ ਹੈ।

Education means not to obtain a degree or knowledge of subject rather it means quality and wisdom.

ਅਗਰ ਕਿਸੇ ਵਿਅਕਤੀ ਵਿਚ ਉਕਤ ਦਰਸਾਈ ਵਿਸ਼ੇਸ਼ਤਾ ਅਤੇ ਦੂਰਅੰਦੇਸ਼ੀ ਨਹੀਂ ਹੈ, ਉਥੇ ਪਰਜਾ ਦਾ ਧਰਮ ਕਰਮ ਹੈ ਕਿ ਐਸੇ ਅਯੋਗ ਵਿਅਕਤੀ ਨੂੰ ਮਿਲਤ ਦੀ ਬਾਗਡੋਰ ਨਾ ਸੰਭਾਲੀ ਜਾਵੇ। ਇਸੇ ਚਿੱਤਰ ਦੇ ਪ੍ਰਤਿਕੂਲ ਉਸ ਵਿਅਕਤੀ ਦਾ ਭੀ ਧਰਮ ਹੈ ਕਿ ਉਹ ਉਸ ਜ਼ਿੰਮੇਵਾਰੀ ਨੂੰ ਨਾ ਸੰਭਾਲੇ ਜਿਸ ਨੂੰ ਗਤੀਬੱਧ ਕਰਨ ਦੀ ਯੋਗਤਾ ਉਸ ਵਿਚ ਨਾ ਹੋਵੇ। ਕਿਉਂਕਿ ਇਕ ਨਾਇਬ ਤਹਿਸੀਲਦਾਰ ਡਿਪਟੀ ਕਮਿਸ਼ਨਰ ਦੀ ਜ਼ਿੰਮੇਵਾਰੀ ਨਿਭਾਉਣ ਦੇ ਯੋਗ ਨਹੀਂ ਹੋ ਸਕਦਾ। ਟਾਂਗੇ ਦਾ ਸੰਚਾਲਕ ਤਹਿਸੀਲਦਾਰ ਨਹੀਂ ਹੋ ਸਕਦਾ। ਉਕਤ ਧਾਰਾ ਦੇ ਅਨੁਸਾਰ, ਜੋ ਅੱਤਿਆਚਾਰੀ ਸ਼ਾਸਨ ਹੈ ਉਸ ਦੀ ਆਯੂ ਦੀਰਘਕਾਲੀ ਨਹੀਂ ਹੋ ਸਕਦੀ ਕਿਉਂਕਿ ਜਨ-ਸਮੂਹ ਦੇ ਹਿਰਦਿਆਂ ਵਿਚ ਉਸ ਪ੍ਰਤਿ ਘਿਰਣਤ ਸਮੱਗਰੀ ਮੌਜੂਦ ਹੁੰਦੀ ਹੈ। ਹਕੂਮਤ ਵਲੋਂ ਜੋ ਕੁਝ ਭੀ ਪਰਜਾ ਦੀ ਇੱਛਾ ਦੇ ਪ੍ਰਤਿਕੂਲ ਮੜ੍ਹਿਆ ਜਾਂਦਾ ਹੈ ਐਸੀ ਖ਼ਾਮ-ਖ਼ਿਆਲੀ ਲਘੂ ਸਮੇਂ ਦੀ ਮਹਿਮਾਨ ਹੀ ਆਖੀ ਜਾ ਸਕਦੀ ਹੈ। ਸ਼ਾਸਨਿਕ ਨਿਰਦੈਤਾ ਦੇ ਦੌਰਾਨ, ਇਕ ਜੀਵ ਵਾਸਤੇ ਸੰਕਟਮਈ ਪ੍ਰਤਿਕੂਲਤਾ ਦਾ ਟਾਕਰਾ ਕਰਨਾ ਅਸੰਭਵ ਹੋਇ ਨਿਬੜਦਾ ਹੈ। ਇਨਸਾਨੀ ਜ਼ਿੰਦਗੀ ਵਿਚ ਐਸੇ ਅਵਸਰਾਂ ਦੀ ਘਾਟ ਨਹੀਂ ਹੋ ਸਕਦੀ ਜਦੋਂ ਕਿ ਦੁਖਿਆਰੀ ਪਰਜਾ ਸਮੂਹਕ ਤੌਰ 'ਤੇ ਅੱਤਿਆਚਾਰੀ ਰਾਜਸੱਤਾ ਦੇ ਵਿਰੁੱਧ ਨਾ ਖੜੀ ਹੋਵੇ। ਭਾਵ ਜਦ ਕਦੀ ਭੀ ਅਗੇਤਰ ਪਛੇਤਰ ਅਵਸਰ ਪ੍ਰਾਪਤ ਹੋਵੇਗਾ ਅਧਿਕ ਰੂਪ ਵਿਚ ਬਹੁ ਜਨ ਸੰਖਿਆ ਅੱਤਿਆਚਾਰੀ ਸ਼ਾਸਨ ਦੀ ਵਿਰੋਧਤਾ ਕਰੇਗੀ। ਪ੍ਰਚੰਡਮਈ ਧਾਰਾ ਦੇ ਅਧੀਨ ਪਰਜਾ ਦਾ ਸਮੂਹ ਸਮਾਜ ਵਿਰੋਧੀ ਅਤੇ ਅੱਤਿਆਚਾਰੀ ਹਕੂਮਤ ਦੇ ਵਿਰੁੱਧ ਲਾਮਬੰਦ ਹੋਣੋਂ ਕਦੀ ਭੀ ਸੰਕੋਚ ਨਹੀਂ ਕਰੇਗਾ। ਪਬਲਿਕ ਦੀ ਬਹੁ ਸੰਖਿਅਕ ਹਮਦਰਦੀ ਦੁਆਰਾ ਕੀਤਾ ਹੋਇਆ ਸੰਘਰਸ਼ ਦੇਸ਼ ਦੇ ਵਾਤਾਵਰਣ ਵਿਚ ਨਿਜੀ ਪ੍ਰਭਾਵ ਸਥਾਪਨ ਕਰਨ ਵਲੋਂ ਕਦੀ ਭੀ ਵਿਰਵਾ ਨਹੀਂ ਰਹਿੰਦਾ। ਜਿਵੇਂ 1978 ਤੋਂ 1992 ਤਕ ਕੀਤੇ ਹੋਏ ਪੰਥਕ ਸੰਘਰਸ਼ ਦੇ ਆਸਾਰ ਅੱਜ ਭੀ ਸਿਖ ਹਿਰਦਿਆਂ ਦੀਆਂ ਤਲਾਂ ਵਿਚ ਕਦੀ ਵੱਡੀਆਂ ਕਦੀ ਛੋਟੀਆਂ ਅੰਗੜਾਈਆਂ ਲੈਂਦੇ ਹੀ ਰਹਿੰਦੇ ਹਨ।

ਦੁਨੀਆ ਦਾ ਇਤਿਹਾਸ ਐਸੀਆਂ ਗੁੰਝਲਦਾਰ ਸ਼ਾਸਨਿਕ ਵਧੀਕੀਆਂ ਪ੍ਰਤਿ ਸ਼ਾਹਿਦ ਹੈ ਕਿ ਪਰਜਾ ਦੇ ਵਿਰੁੱਧ ਸਿਤਮਗੀਰੀ ਕਰਨੀ ਅਤਿ ਲਘੂ ਕਾਲ ਦੀ ਮਹਿਮਾਨ ਹੁੰਦੀ ਹੈ। ਉਕਤ ਦਰਸਾਈ ਅੱਤਿਆਚਾਰੀ (Tyrant) ਰਾਜਸੱਤਾ ਪ੍ਰਤਿ ਕੁਝ ਪਰਮਾਣਿਕ ਸਮੱਗਰੀ ਵੇਦਿਕ ਗ੍ਰੰਥਾਂ ਵਿਚੋਂ ਭੀ ਵੇਖੀ ਜਾ ਸਕਦੀ ਹੈ। ਜਿਵੇਂ ਰਾਜਾ ਧਰੂਅ ਦੀ ਕੁਲ ਵਿਚ ਰਾਜਾ ਬੇਨੂ ਦੀ ਗਾਥਾ ਪ੍ਰਗਟ ਕਰਦੀ ਹੈ ਕਿ ਅਧਰਮੀ ਅਥਵਾ ਸ਼ਾਸਨਹੀਣ ਰਾਜੇ ਦੇ ਵਿਰੁੱਧ ਜਨਤਕ ਵਤੀਰਾ ਕਿਸ ਹੱਦ ਤਕ ਅੰਗੜਾਈ ਲੈ ਸਕਦਾ ਹੈ।

ਰਾਜਾ ਅੰਗਦ ਦੇ ਗ੍ਰਹਿ ਵਿਖੇ ਇਕ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਬੇਨੂ ਰੱਖਿਆ ਗਿਆ। ਬੇਨੂ ਰਾਜਾ ਨੇ ਹਰ ਪ੍ਰਕਾਰੀ ਬ੍ਰਾਹਮਣੀ ਕਰਮ ਧਰਮ, ਦੇਵਤਾ ਨੂੰ ਬਲੀ ਦੇਣੀ, ਯੱਗ ਕਰਵਾਣੇ, ਤਪ ਕਰਨਾ ਆਦਿ ਵੇਦਿਕ ਰੀਤੀਆਂ ਬੰਦ ਕਰਵਾ ਦਿੱਤੀਆਂ। "ਤਬ ਸਭ ਬ੍ਰਾਹਮਣ ਅਰ ਰਖੀਸ਼ਰੋਂ ਕਾ ਕਰਮ ਧਰਮ ਛੁਟਨੇ ਲਗਾ। ਸਭ ਲੋਗ ਦੁਖੀ ਹੋਏ, ਸਭ ਨੇ ਸਰਸਵਤੀ ਕੇ ਕਿਨਾਰੇ ਜਾ ਕਰਕੇ ਵਿਚਾਰ ਕੀ ਕਿ ਕਿਆ ਕਰੇਂ ? ਜਹਾਂ ਧਰਮਾਤਮਾ ਰਾਜਾ ਨਹੀਂ ਵਹਾਂ ਕੀ ਪਰਜਾ ਸਦਾ ਦੁਖੀ ਰਹਿਤੀ ਹੈ। ਸਭ ਪਰਜਾ ਨਿਰਭੈ ਹੋਤੀ ਹੈ, ਲੋਗ ਮਨ ਮਾਨੇ ਕਾਮ ਕਰਨ ਲਗੇ।"[1]

ਭਾਵੇਂ ਕੋਈ ਭੀ ਸਰਕਾਰ ਕਿਉਂ ਨਾ ਹੋਵੇ, ਜਦੋਂ ਉਸ ਦੀਆਂ ਅੰਦਰੂਨੀ ਸਫ਼ਾਂ ਵਿਚ ਸ਼ਾਸਨਿਕ ਗਿਰਾਵਟ ਆ ਜਾਵੇ ਤਦ ਹਕੂਮਤ ਦੀ ਅਫ਼ਸਰਸ਼ਾਹੀ, ਨਿਤਾਪ੍ਰਤਿ ਕਾਰਜਕਾਰੀ ਕਰਮਚਾਰੀ, ਇਤਨੇ ਪਰਜਾ ਵਿਰੋਧੀ ਹੋ ਜਾਂਦੇ ਹਨ ਕਿ ਰਾਜੇ ਅਥਵਾ ਮੰਤਰੀ ਮੰਡਲ ਸ਼ੀਂਹ ਜੈਸੇ ਕਰਤਵ ਨਿਭਾਉਂਦੇ ਹਨ। ਹਕੂਮਤ ਦੇ ਕਰਮਚਾਰੀ ਕੁੱਤਿਆਂ ਵਾਂਗੂ ਸ਼ੀਂਹ ਤੋਂ ਬਚਿਆ ਹੋਇਆ ਹਰਾਮ ਗ੍ਰਹਿਣ ਕਰਦੇ ਹਨ। ਪਰਜਾ ਦੇ ਨੇਕ ਚਲਨ ਜੀਵਾਂ ਨੂੰ, ਰਾਤ੍ਰੀ ਦੇ ਸਮੇਂ ਸੁੱਤਿਆਂ ਨੂੰ ਅਥਵਾ ਪਰਿਵਾਰ ਵਿਚ ਬੈਠਿਆਂ ਨੂੰ ਬਿਲਾਵਜ੍ਹਾ, ਬਿਨਾਂ ਕਾਰਨ ਹੀ ਹੈਰਾਨ ਕਰਦੇ ਹਨ। ਹਕੂਮਤ ਦੇ ਅਹਿਲਕਾਰ ਇਨ੍ਹਾਂ ਦੀਆਂ ਨਹੁੰਦਰਾਂ ਹਨ ਜੋ ਬਿਨਾਂ ਕਾਰਨ ਹੀ ਪਰਜਾ ਦਾ ਘਾਣ ਕਰਦੀਆਂ ਹਨ। ਇਨ੍ਹਾਂ ਅਹਿਲਕਾਰ ਕੁੱਤਿਆਂ ਦੇ ਰਾਹੀਂ ਪਰਜਾ ਦਾ ਖ਼ੂਨ ਅਤੇ ਮਿੱਝ ਚਟਮ ਕਰਦੇ ਹਨ ਭਾਵ ਉਨ੍ਹਾਂ ਦੀ ਕੀਤੀ ਹੋਈ ਧਰਮ ਕਿਰਤ ਨੂੰ ਨਿਰਦਈ ਢੰਗ ਦੁਆਰਾ ਨੋਚਦੇ ਹਨ। ਜਿਥੇ ਜੀਵਾਂ ਦੇ ਮੰਦੇ ਚੰਗੇ ਕਰਮਾਂ ਦੀ ਪਰਖ ਹੁੰਦੀ ਹੈ ਉਥੇ ਇਨ੍ਹਾਂ ਭਰੋਸੇ ਤੋਂ ਰਹਿਤ ਪੜ੍ਹੇ ਲਿਖੇ ਰਾਜਿਆਂ ਅਤੇ ਅਹਿਲਕਾਰੀ ਅਮਲੇ ਦੀਆਂ ਨੱਕਾਂ ਵੱਢੀਆਂ ਜਾਂਦੀਆਂ ਹਨ, ਭਾਵ ਸ਼ਰਮਿੰਦਗੀ ਦਿੱਤੀ ਜਾਂਦੀ ਹੈ। ਐਸੀ ਦੁੰਦਰਮਈ ਦਸ਼ਾ ਨੂੰ ਧਿਆਨ ਵਿਚ ਰੱਖਦਿਆਂ ਹੀ ਸਤਿਗੁਰੂ ਜੀ ਨੇ ਦਰਗਾਹੀ ਲਿਖਤ ਦੁਆਰਾ ਤਾੜਨਾ ਪੱਤਰ ਜਾਰੀ ਕੀਤਾ ਸੀ, ਜਿਵੇਂ :

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 4, ਅਧਿਆਇ 14, ਪੰਨਾ 136.

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥
ਜਿਥੈ ਜੀਆਂ ਹੋਸੀ ਸਾਰ॥ ਨਕੀਂ ਵਢੀਂ ਲਾਇਤਬਾਰ॥

(ਮਲਾਰ ਮ: ੧, ਪੰਨਾ 1288/7)

ਜਿਥੇ ਰਾਜ ਪ੍ਰਬੰਧ ਦੀ ਨੇਮਾਵਲੀ ਦਾ ਅਭਾਵ ਹੋ ਜਾਵੇ, ਉਥੇ ਅਨਿਆਈ ਅਹਿਲਕਾਰ ਪਰਜਾ ਦੇ ਵਿਰੋਧੀ ਅਤੇ ਘਾਤਿਕ ਬਣ ਜਾਂਦੇ ਹਨ। ਉਨ੍ਹਾਂ ਦੇ ਪਾਲਤੂ ਕੂਕਰ ਕਾਲੀਆਂ ਕੱਛੀਆਂ ਪਹਿਨ ਕੇ ਪਰਜਾ ਦੀ ਇੱਜ਼ਤ ਅਤੇ ਘਾਲ ਪਸੀਨੇ ਦੀ ਕਮਾਈ ਮਨਭਾਵਤ ਢੰਗ ਦੁਆਰਾ ਨੋਚਦੇ ਹਨ। ਰਾਜੇ ਬੇਨੂ ਦੀ ਐਸੀ ਦੁੰਦਰਮਈ ਦਸ਼ਾ ਨੂੰ ਮੱਦੇਨਜ਼ਰ ਰੱਖਦਿਆਂ ਹੀ ਸਮੇਂ ਦੇ ਬੁੱਧੀਜੀਵੀ, ਰਖੀਸ਼ਰਾਂ ਨੇ ਉਸ ਨੂੰ ਸਮਝਾਵਨ ਹਿਤ ਨੇਕ ਮਸ਼ਵਰਾ ਦੇਣ ਪ੍ਰਤਿ ਬਿਨੈ ਅਤੇ ਡੰਡਵਤ ਕੀਤੀ। ਸਿਆਣੇ ਲੋਕਾਂ ਦਾ ਕਥਨ ਹੈ ਕਿ ਅਹੰਕਾਰੀ ਇਨਸਾਨ ਦੀ ਸੂਝ ਬੂਝ ਹਉਮੈ ਦੀਆਂ ਸਫ਼ਾਂ ਥੱਲੇ ਦੱਬੀ ਹੋਈ ਦਮ ਤੋੜ ਜਾਂਦੀ ਹੈ। ਉਸ ਨੇ ਸਮੇਂ ਦੇ ਰਿਸ਼ੀ ਮੁਨੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਨਿਜੀ ਕਰਤੂਤਾਂ ਜਾਰੀ ਰੱਖੀਆਂ। ਰਾਜਾ ਬੇਨੂ ਨੇ ਭ੍ਰਿਗੂ ਅਤੇ ਵਸ਼ਿਸ਼ਟ ਜੈਸੇ ਰਖੀਸ਼ਰਾਂ ਨੂੰ ਆਖਿਆ ਕਿ ਵੈਦਿਕ ਰੀਤੀ ਦੇ ਅਨੁਸਾਰ ਰਾਜਾ ਨਾਰਾਇਣ ਦਾ ਰੂਪ ਹੁੰਦਾ ਹੈ। ਇਸ ਵਾਸਤੇ ਮੇਰੇ ਹੁਕਮ ਦੀ ਪਾਲਣਾ ਕਰਨੀ ਹੀ ਪਵੇਗੀ। ਅਗਰ ਮੇਰੀ ਆਗਿਆ ਦਾ ਪਾਲਣ ਨਹੀਂ ਕਰੋਗੇ, ਤਦ ਮੈਂ ਤੁਹਾਨੂੰ ਦੰਡ ਦੇਵਾਂਗਾ। ਰਾਜੇ ਵਲੋਂ ਐਸੀ ਹੱਠਧਰਮੀ ਅਤੇ ਜ਼ਿੱਦੀ ਰੁਚੀ ਵੇਖ ਕੇ, ਵੈਦਿਕ ਰਿਸ਼ੀਆਂ ਨੇ ਨਿਮਨ ਲਿਖਤ ਢੰਗ ਦੁਆਰਾ ਰਾਜੇ ਬੇਨੂ ਦੀ ਹੱਤਿਆ ਕੀਤੀ, ਜਿਵੇਂ:

> "ਰਿਖੀਸ਼ਰੋਂ ਨੇ ਸੋਚਾ ਕਿ ਐਸੇ ਅਧਰਮੀ ਪਾਪੀ ਰਾਜਾ ਕੋ ਮਾਰ ਡਾਲਨਾ ਚਾਹੀਏ ਕਿਸੀ ਰਿਖੀ ਨੇ ਕੁਸ਼ਾ ਲੇ ਕਰ, ਕਿਸੀ ਨੇ ਜਲ ਲੇ ਕਰ ਐਸਾ ਸਰਾਪ ਦੀਆ ਜੋ ਰਾਜਾ ਮਰ ਗਿਆ, ਉਸ ਕੋ ਮਾਰ ਕਰ ਰਿਖੀਸ਼ਰ ਅਪਨੀ ਅਪਨੀ ਜਗ੍ਹਾ ਪਰ ਗਏ।"[1]

ਉਕਤ ਦਰਸਾਈ ਪੌਰਾਣਿਕ ਗਾਥਾ ਨੂੰ ਅੰਤ੍ਰੀਵੀ ਵਿਚਾਰਸ਼ੈਲੀ ਦੇ ਜ਼ਾਵੀਏ ਵਿਚ ਢਾਲਦਿਆਂ, ਅਸੀਂ ਇਸ ਪਰਿਣਾਮ 'ਤੇ ਰਸਾਈ ਕੀਤੀ ਹੈ, ਜਿਸ ਦੇ ਅਧੀਨ ਵੈਦਿਕ ਧਾਰਾ ਆਗਿਆ ਦਿੰਦੀ ਹੈ ਕਿ ਅਧਰਮੀ ਰਾਜੇ ਦਾ ਅਥਵਾ ਅਧਰਮੀ ਹਕੂਮਤ ਦਾ ਅੰਤ ਕੀਤਾ ਜਾਵੇ। ਜਿਵੇਂ ਰਿਸ਼ੀ ਭ੍ਰਿਗੂ ਅਤੇ ਰਿਸ਼ੀ ਵਸ਼ਿਸ਼ਟ ਜੀ ਨੂੰ ਰਾਜਾ ਬੇਨੂ ਪ੍ਰਤਿ ਕੁਝ ਸ਼ਿਕਾਇਤਾਂ ਸਨ, ਨਿਰਸੰਦੇਹ ਇਸੇ ਤਰ੍ਹਾਂ ਖ਼ਾਲਸਾ ਪੰਥ ਨੂੰ ਭੀ ਵੈਦਿਕ ਅਨਿਆਇ ਦੇ ਵਿਰੁੱਧ ਕੁਝ ਗਿਲੇ ਸ਼ਿਕਵੇ ਸਨ। ਜਿਵੇਂ ਰਿਖੀ ਭ੍ਰਿਗੂ ਅਤੇ ਵਸ਼ਿਸ਼ਟ ਜੀ ਪਰਜਾ ਦੇ ਸ਼ਿਕਵੇ ਸ਼ਿਕਾਇਤਾਂ

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 4, ਅਧਿਆਇ 14, ਪੰਨਾ 136.

ਲੈ ਕੇ ਰਾਜਾ ਬੇਨੂ ਪਾਸ ਗਏ ਸਨ। ਬਿਲਕੁਲ ਉਹੀ ਢੰਗ ਅਪਣਾਉਂਦੇ ਹੋਏ ਸਿਖ ਕੌਮ ਦੇ ਆਗੂ ਭੀ ਪੰਡਤ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ ਅਤੇ ਹਿੰਦੂ ਬਹੁਸੰਮਤੀ ਦੇ ਪਾਸ ਗਏ ਤਾਂਕਿ ਖ਼ਾਲਸਾ ਕੌਮ ਦੀਆਂ ਜਾਇਜ਼ ਅਤੇ ਸਾਰਥਿਕ ਮੰਗਾਂ ਸਵੀਕਾਰ ਕੀਤੀਆਂ ਜਾਣ। ਪ੍ਰੰਤੂ ਪਰਜਾ ਦੀਆਂ ਜਾਇਜ਼ ਮੰਗਾਂ 'ਤੇ ਧਿਆਨ ਦੇਣ ਦੀ ਬਜਾਏ ਸਮੁੱਚੀ ਸਿਖ ਕੌਮ ਦੇ ਵਿਰੁੱਧ ਇਲਜ਼ਾਮ-ਤਰਾਸ਼ੀ ਆਰੰਭ ਦਿੱਤੀ। ਜਰਾਇਮ ਪੇਸ਼ਾ ਅਤੇ ਦੇਸ਼ ਧ੍ਰੋਹੀ ਜੈਸੀ ਸ਼ਬਦਾਵਲੀ ਦਾ ਚਿੱਕੜ ਸੁਟਦੇ ਹੋਏ ਪੂਰੀ ਸਿੱਖੀ ਦਾ ਸਰਬਨਾਸ਼ ਕਰਨ ਹਿਤ ਦਮਨ ਨੀਤੀ ਧਾਰਨ ਕੀਤੀ ਗਈ। ਇਥੇ ਇਕ ਵਿਸ਼ਾ ਬਹੁਤ ਹੀ ਧਿਆਨਯੋਗ ਹੈ ਕਿ ਰਾਜਾ ਬੇਨੂ ਨੇ ਕੇਵਲ ਨਿਜੀ ਰੁਚੀ ਪ੍ਰਗਟ ਕੀਤੀ ਸੀ ਕਿ ਅਗਰ ਤੁਸੀਂ ਮੇਰੀ ਆਗਿਆ ਦਾ ਪਾਲਣ ਨਹੀਂ ਕਰੋਗੇ ਤਦ ਮੈਂ ਤੁਹਾਨੂੰ ਦੰਡ ਦੇਵਾਂਗਾ। ਕੇਵਲ ਦੰਡ ਸ਼ਬਦ ਦੇ ਪ੍ਰਤਿਕਰਮ ਰਾਜਾ ਬੇਨੂ ਦਾ ਕਤਲ ਹਿੰਦੂ ਮਤਿ ਦੇ ਸ਼੍ਰੋਮਣੀ ਰਿਸ਼ੀ ਭ੍ਰਿਗੂ ਅਤੇ ਵਸ਼ਿਸ਼ਟ ਜੀ ਨੇ ਕੀਤਾ। ਇਸੇ ਚਿੱਤਰ ਦੇ ਦੂਜੇ ਪਾਸੇ, ਖ਼ਾਲਸਾ ਕੌਮ ਨੇ ਕੇਵਲ ਅਤੇ ਕੇਵਲ ਆਪਣੀਆਂ ਵਾਜਿਬ ਤਕਲੀਫ਼ਾਂ ਦੂਰ ਕਰਨ ਹਿਤ ਸੰਤ ਬਾਬਾ ਜਰਨੈਲ ਸਿੰਘ ਜੀ ਅਤੇ ਅਕਾਲੀ ਲੀਡਰਾਂ ਦੇ ਰਾਹੀਂ ਸੁਝਾਉ ਦਿੱਤਾ ਸੀ ਕਿ ਖ਼ਾਲਸਾ ਪੰਥ ਦੀਆਂ ਸਾਰਥਿਕ ਤਕਲੀਫ਼ਾਂ ਦੂਰ ਕੀਤੀਆਂ ਜਾਣ, ਜਿਸ ਦੇ ਇਵਜ਼ਾਨੇ ਵਜੋਂ, ਵੈਦਿਕ ਧਾਰਾ ਨੇ ਸਿਖ ਕੌਮ ਦਾ ਸਰਬਨਾਸ਼ ਕਰਨ ਹਿਤ ਜੂਨ 2, 1984 ਨੂੰ ਗਿਣੀ ਮਿਥੀ ਸਾਜ਼ਿਸ਼ ਦੇ ਅਧੀਨ, ਭਾਰਤੀ ਫ਼ੌਜਾਂ ਦੁਆਰਾ ਟੈਂਕਾਂ ਅਤੇ ਤੋਪਖ਼ਾਨਾ ਵਰਤਦੇ ਹੋਏ ਅਨੇਕਾਂ ਹੀ ਨਿਹੱਥੇ ਸਿਖ ਸ਼ਰਧਾਲੂਆਂ ਦਾ ਕਤਲੇ-ਆਮ ਕੀਤਾ। ਵਿਰਤੀਹਾਣ ਪੜਤਾਲ ਦੇ ਅਨੁਸਾਰ ਵੈਦਿਕ ਨੀਤੀ ਦੇ ਅਧੀਨ ਦੋ ਲੱਖ ਪੰਜਾਹ ਹਜ਼ਾਰ ਸਿੱਖਾਂ ਦਾ ਕਤਲ ਕੀਤਾ ਜਾ ਚੁੱਕਾ ਹੈ। ਅਕਾਲ ਤਖ਼ਤ, ਦਰਬਾਰ ਸਾਹਿਬ ਅਤੇ ਹੋਰ ਉਨਤਾਲੀ(39) ਪ੍ਰਮੁੱਖ ਗੁਰੂ-ਘਰਾਂ ਦੀ ਤਬਾਹੀ ਦੇ ਜਸ਼ਨ ਮਨਾਉਂਦੇ ਹੋਏ ਸਮੁੱਚੀ ਵੈਦਿਕ ਪ੍ਰਣਾਲੀ ਨੇ ਲੱਡੂਆਂ ਦੀ ਵਰਤੋਂ ਦੁਆਰਾ ਅਨਿਕ ਪ੍ਰਕਾਰੀ ਵੈਦਿਕ ਖ਼ੁਸ਼ੀਆਂ ਦਾ ਇਜ਼ਹਾਰ ਕੀਤਾ। ਇਹ ਸਭ ਕੁਝ ਸ੍ਰੀਮਤੀ ਇੰਦਰਾ ਗਾਂਧੀ ਦੇ ਕਾਲ ਵਿਚ ਹੋਇਆ। ਇੰਦਰਾ ਗਾਂਧੀ ਅਤੇ ਉਸ ਦੇ ਸ਼ਾਸਨ ਵਲੋਂ ਕੀਤੀਆਂ ਗਈਆਂ ਐਸੀਆਂ ਦੁਰਭਾਗੀ ਘਟਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਇਨਸਾਨੀ ਹਿਰਦੇ ਦੀਆਂ ਤਲਾਂ ਵਿਚ ਬਹੁਤ ਹੀ ਗਹਿਰੀ ਵਿਚਾਰਸ਼ੈਲੀ ਦਾ ਉਤਪੰਨ ਹੋਣਾ ਇਕ ਸੁਭਾਵਿਕ ਸਥਿਤੀ ਹੋਇ ਨਿਬੜਦੀ ਹੈ ਕਿ ਸ੍ਰੀਮਤੀ ਇੰਦਰਾ ਗਾਂਧੀ ਅਤੇ ਉਸ ਦੀ ਪ੍ਰਬੰਧਕ ਜੁੰਡਲੀ ਇਤਨੀ ਜ਼ਿੱਦੀ ਅਤੇ ਅਧਰਮੀ ਕਿਉਂ ਸੀ ? ਜਿਸ ਨੇ ਨਿਜੀ ਹੱਠਧਰਮੀ ਦੇ ਕਾਰਨ ਜਿਥੇ ਲੱਖਾਂ ਹੀ ਨਿਰਦੋਸ਼ ਬਾਲ, ਬੁੱਢੇ, ਨੌਜਵਾਨ ਅਤੇ ਅਗਿਣਤ ਇਸਤ੍ਰੀਆਂ ਦੀ ਜਾਨ ਮਾਲ ਅਤੇ ਇੱਜ਼ਤ ਦਾ ਦਮਨ ਕੀਤਾ, ਉਥੇ ਨਿਜੀ ਸੁਰੱਖਿਆ ਤੋਂ ਹੀਣਤ ਦਸ਼ਾ ਦੇ ਘੇਰੇ ਵਿਚ ਉਲਝੀ ਹੋਈ ਨੇ ਆਪਣੀ ਜਾਨ

ਭੀ ਭੰਗ ਦੇ ਭਾਅ ਗੁਆ ਦਿੱਤੀ। ਪੌਰਾਣਿਕ ਲਿਖਤਾਂ ਵਿਚ ਸ਼ਾਸਨ ਹੱਠਧਰਮੀ ਪ੍ਰਤਿ ਬਹੁਤ ਹੀ ਵਿਸ਼ਾਲ ਢੰਗ ਦੁਆਰਾ ਨਿਰੂਪਣ ਕੀਤਾ ਗਿਆ ਹੈ ਕਿ ਇਸਤ੍ਰੀ ਰਾਜ ਕਾਲ ਵਿਚ ਦੇਸ਼ ਦੀ ਪਰਜਾ ਧਰਮ ਵਿਰੋਧੀ ਅਧਿਕਾਰੀਆਂ ਦੇ ਹੱਥੋਂ ਕਿਵੇਂ ਅਣ-ਮਨੁੱਖੀ ਜ਼ੁਲਮਾਂ ਦੀ ਸ਼ਿਕਾਰ ਹੁੰਦੀ ਹੈ।

ਰਾਜਾ ਬੇਨੂ ਦੀ ਮੌਤ ਤੋਂ ਉਪਰੰਤ ਰਿਸ਼ੀ ਭ੍ਰਿਗੂ ਅਤੇ ਵਸ਼ਿਸ਼ਟ ਜੀ ਨੇ ਸੋਚਿਆ ਕਿ ਇਸ ਦੀ ਇਸਤ੍ਰੀ ਨੂੰ ਰਾਜ ਗੱਦੀ 'ਤੇ ਬਿਠਾ ਦੇਣਾ ਚਾਹੀਦਾ ਹੈ। ਕਿਉਂਕਿ ਰਾਜਾ ਦੇ ਨਾ ਹੋਣ ਕਰਕੇ ਸਾਰੇ ਰਾਜ ਵਿਚ ਲੋਕ ਨਿਰਭੈ ਹੋ ਕੇ ਪਾਪੀ ਬਣ ਜਾਣਗੇ, ਜਿਥੋਂ ਸ਼ੰਕਰਵਰਨ ਔਲਾਦ ਪੈਦਾ ਹੋਵੇਗੀ। ਪ੍ਰੰਤੂ ਜਿਸ ਦੇਸ਼ ਵਿਚ ਇਸਤ੍ਰੀ ਦਾ ਰਾਜ ਹੋਵੇਗਾ, ਉਥੇ ਧਰਮ ਦਾ ਰਾਜ ਨਹੀਂ ਹੋਵੇਗਾ। ਜਿਵੇਂ:

> "ਤਬ ਰਖੀਸ਼ਰੋਂ ਨੇ ਵਿਚਾਰਾ ਕਿ ਬਿਨਾਂ ਰਾਜਾ ਕੇ ਸਭ ਲੋਗ ਨਿਰਭੈ ਹੋ ਕਰ ਸ਼ੰਕਰ ਬਰਨ ਹੋ ਜਾਵੇਂਗੇ। (ਪ੍ਰੰਤੂ) ਜਿਸ ਦੇਸ਼ ਮੇਂ ਇਸਤ੍ਰੀ ਰਾਜਾ ਹੋ ਉਸ ਦੇਸ਼ ਮੇਂ ਬਸਣੇ ਸੇ ਧਰਮ ਨਹੀਂ ਹੋਤਾ।"

ਉਕਤ ਦਰਸਾਈ ਪੌਰਾਣਿਕ ਅਥਵਾ ਵੇਦਿਕ ਧਾਰਾ ਨੂੰ ਧਿਆਨ ਵਿਚ ਰੱਖਦਿਆਂ ਹਰ ਇਕ ਇਨਸਾਫ਼ ਪਸੰਦ ਅਤੇ ਧਰਮੀ ਵਿਅਕਤੀ ਇਹ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਇਸਤ੍ਰੀ ਰਾਜ ਵਾਸਤਵਿਕ ਤੌਰ 'ਤੇ ਹੀ ਅਧਰਮੀ ਰਾਜ ਹੁੰਦਾ ਹੈ? ਭਾਵੇਂ ਗੁਰਮਤਿ ਇਸਤ੍ਰੀ ਵਿਰੋਧੀ ਧਾਰਾ ਨੂੰ ਸਵੀਕਾਰ ਨਹੀਂ ਕਰਦੀ। ਪ੍ਰੰਤੂ ਇਥੇ ਵੇਦਿਕ ਧਾਰਾ ਦੀ ਗਾਥਾ ਚੱਲ ਰਹੀ ਹੈ, ਜੋ ਲਿਖਤੀ ਰੂਪ ਵਿਚ ਦਾਅਵਾ ਕਰਦੀ ਹੈ ਕਿ:

> "ਜਿਸ ਦੇਸ਼ ਮੇਂ ਇਸਤ੍ਰੀ ਰਾਜਾ ਹੋ ਉਸ ਦੇਸ਼ ਮੇਂ ਧਰਮ ਨਹੀਂ ਹੋਤਾ?"[1]

ਇਸ ਗਾਥਾ ਦੀ ਪੜਚੋਲ ਪ੍ਰਤਿ ਕੁਝ ਪਰਮਾਣਿਕ ਸਮੱਗਰੀ ਗਲੋਬੇ ਪੱਧਰ 'ਤੇ ਪ੍ਰਾਪਤ ਹੁੰਦੀ ਹੈ ਕਿ ਸ੍ਰੀਮਤੀ ਇੰਦਰਾ ਗਾਂਧੀ ਦੇ ਰਾਜ ਕਾਲ ਵਿਚ ਕਿਸ ਪ੍ਰਕਾਰ ਦੇ ਅਣ-ਮਨੁੱਖੀ ਤਸ਼ੱਦਦ ਮਾਸੂਮ ਬੱਚਿਆਂ, ਬਜ਼ੁਰਗਾਂ ਅਤੇ ਨਿਆਸਰਾ ਇਸਤ੍ਰੀਆਂ 'ਤੇ ਇੰਦਰਾ ਦੀ ਹੱਠਧਰਮੀ ਨੀਤੀ ਅਤੇ ਵੇਦਿਕ ਧਾਰਾ ਦੇ ਅਧੀਨ ਢਾਹੇ ਗਏ। ਇਸ ਪ੍ਰਕਾਰ ਦੀ ਕੀਤੀ ਹੋਈ ਸਿਤਮਗੀਰੀ ਸਿੱਧ ਕਰਦੀ ਹੈ ਕਿ ਗਵਾਂਢੀ ਧਰਮਾਂ ਪ੍ਰਤਿ ਵੇਦਿਕ ਰੁਚੀ ਕਿਤਨੀ ਵਹਿਸ਼ੀ, ਜ਼ਾਲਮਾਨਾ ਅਤੇ ਅਸੱਭਿਅਕ ਹੈ। ਆਪ ਜੀ ਦੀ ਵਧੇਰੇ ਜਾਣਕਾਰੀ ਹਿਤ ਕੁਝ ਦ੍ਰਿਸ਼ਟਾਂਤ ਨਿਮਨ ਲਿਖਤ ਦੀਬਾਚੇ ਵਿਚ ਦਿੱਤੇ ਜਾ ਰਹੇ ਹਨ। ਬ੍ਰਹਮਾ ਚਾਲਾਨਸੀ ਆਫ਼ ਦੀ ਯੂ.ਐਸ.ਪਰੈਸ; ਦੇ ਕਾਰਜ-ਵਾਹਕ ਅੱਖੀਂ ਡਿਠੇ ਕਤਲੇ-ਆਮ ਦੀ ਗਾਥਾ ਅੰਕਤ ਕਰਦੇ ਹਨ। ਜਿਵੇਂ:

---

1. *ਸ੍ਰੀ ਮਦ ਭਾਗਵਤ ਪੁਰਾਣ*, ਸਕੰਧ 4, ਅਧਿਆਇ 14, ਪੰਨਾ 136.

Brahma Challeney of the Associated Press (AP) of U.S.A., the only foreign correspondent who managed to stay in Amritsar during the storming of the Darbar Sahib, revealed on the basis of interviews with affected persons, including the doctors and the police officials, that many of the Sikhs killed during the attack were shot at point-blank range, with their hands tied at the back with their turbans. The entire 'operation' became a by word for army brutualities.[1]

ਇਸ ਚਾਲੂ ਪ੍ਰਕਰਣ ਵਿਚ ਅਸਾਡਾ ਮਨੋਰਥ ਨੀਲਾ ਤਾਰਾ ਦੀ ਕ੍ਰਿਆ ਪ੍ਰਣਾਲੀ ਅਥਵਾ ਕਿਸੇ ਧਰਮ ਦੇ ਵਿਰੁੱਧ ਲਿਖਣਾ ਨਹੀਂ ਹੈ, ਬਲਕਿ ਇਸ ਵਿਆਪਕ ਮਜ਼ਮੂਨ ਦਾ ਉਦੇਸ਼ "ਗਵਾਂਢੀ ਧਰਮਾਂ ਪ੍ਰਤਿ ਵੈਦਿਕ ਰੁਚੀ" ਦਾ ਇਜ਼ਹਾਰ ਕਰਨਾ ਹੈ। ਦੂਜੇ ਧਰਮਾਂ ਪ੍ਰਤਿ ਵੈਦਿਕ ਰੁਚੀ ਇਕ ਐਸੀ ਸੁੰਗੜਸ਼ੀਲਤ ਧਾਰਾ ਹੈ ਜਿਸ ਪ੍ਰਤਿ ਕੁਝ ਪਰਮਾਣਿਕ ਸਮੱਗਰੀ ਪੇਸ਼ ਕਰਨੀ ਅਤਿ ਆਵਸ਼ਕ ਹੈ ਤਾਂਕਿ ਦੁਨੀਆ ਦੇ ਨਿਆਂਇਸ਼ੀਲਤ ਵਿਅਕਤੀਆਂ ਨੂੰ ਵੈਦਿਕ ਧਾਰਾ ਦੇ ਅੰਤ੍ਰੀਵੀ ਹਾਵ ਭਾਵ, ਰੂਪ ਰੇਖਾ, ਗੁਪਤ ਚਿੱਤਰ ਵੇਖਣ ਅਤੇ ਸਮਝਣ ਹਿਤ ਕਿਸੇ ਪ੍ਰਕਾਰੀ ਕਠਨਾਈ ਪੇਸ਼ ਨਾ ਆਵੇ। ਆਸ ਹੈ ਕਿ ਅਗੇਤਰ ਪੰਨਿਆਂ ਵਿਚ ਬੁੱਧ ਮਤਿ ਪ੍ਰਤਿ ਵੈਦਿਕ ਰੁਚੀ ਦਾ ਇਜ਼ਹਾਰ ਕਰਨਾ ਭੀ ਵਧੇਰੇ ਦਿਲਚਸਪੀ ਦਾ ਵਿਸ਼ਾ ਹੋਵੇਗਾ।

9.92 ਬੁੱਧ ਮਤਿ ਪ੍ਰਤਿ ਵੈਦਿਕ ਰੁਚੀ

ਪੁਰਾਤਨ ਬਹੁ ਪ੍ਰਮੇਸ਼ਵਰੀ (Polytheistic) ਵੈਦਿਕ ਧਰਮ ਦੀ ਅਗਵਾਈ ਥੱਲੇ ਬ੍ਰਾਹਮਣਵਾਦ ਦੀ ਪ੍ਰਸੰਸਾ ਅਤੇ ਪ੍ਰੋਹਤ ਸ਼੍ਰੇਣੀ ਦੀਆਂ ਜੜ੍ਹਾਂ ਸਥਾਈ ਤੌਰ 'ਤੇ ਇਤਨੀਆਂ ਸੁਬੱਲਤ ਹੋ ਚੁੱਕੀਆਂ ਸਨ ਕਿ ਬ੍ਰਾਹਮਣ ਤੋਂ ਬਿਨਾਂ ਕੋਈ ਭੀ ਵਿਅਕਤੀ ਧਾਰਮਕ ਰੀਤੀਆਂ ਨਿਭਾਉਣ ਦੀ ਯੋਗਤਾ ਨਹੀਂ ਰੱਖਦਾ ਸੀ ਕਿਉਂਕਿ ਵੈਦਿਕ ਭਾਸ਼ਾ ਅਤੇ ਵੈਦਿਕ ਰੀਤੀਆਂ ਦਾ ਜਾਣੂ ਕੇਵਲ ਬ੍ਰਾਹਮਣ ਸ਼੍ਰੇਣੀ ਦਾ ਪ੍ਰੋਹਤ ਹੀ ਹੋ ਸਕਦਾ ਸੀ। ਗ਼ਰਜ਼ੇਕਿ, ਵੈਦਿਕ ਰੀਤੀਆਂ ਦੀ ਸੰਪੂਰਣਤਾ ਹਿਤ, ਬ੍ਰਾਹਮਣ ਸ਼੍ਰੇਣੀ ਤੋਂ ਇਲਾਵਾ ਕੋਈ ਭੀ ਦੂਸਰਾ ਵਿਅਕਤੀ ਸਵੀਕਾਰ ਨਹੀਂ ਕੀਤਾ ਜਾਂਦਾ ਸੀ। ਵੈਦਿਕ ਯੁਗ ਦੇ ਅਨਿਕ ਪ੍ਰਕਾਰੀ ਪਰਮਾਤਮਾ ਭੀ ਕੇਵਲ ਬ੍ਰਾਹਮਣ ਦੀ ਭਾਸ਼ਾ ਹੀ ਸਮਝਦੇ ਸਨ, ਬਲਕਿ ਵਿਰਤੀਹਾਣ ਸਮੇਂ ਵਿਚ ਭੀ ਥੋੜੀ ਬਹੁਤ ਬ੍ਰਾਹਮਣੀ ਭਾਸ਼ਾ ਹੀ ਸਮਝਦੇ ਹਨ।

1. *India commits Suicide*, p. 227, by G.S. Dhillon and Challeney Brahma; *op. cit.*, p. 185.

ਵੈਦਿਕ ਸਿਧਾਂਤ ਦੇ ਵਿਚੋਂ ਹੀ ਇਕ ਹੋਰ ਸਿਧਾਂਤ ਜਿਸ ਨੂੰ ਉਪਨਿਸ਼ਦ ਧਾਰਾ ਦੇ ਨਾਮ ਦੁਆਰਾ ਪੁਕਾਰਿਆ ਜਾਂਦਾ ਹੈ, ਉਤਪੰਨ ਹੋਇਆ, ਜਿਸ ਦੇ ਆਧਾਰ 'ਤੇ ਅਹੰ ਬ੍ਰਹਮ ਦੀ ਵਿਚਾਰਧਾਰਾ ਵਜੂਦ ਵਿਚ ਆਈ। ਉਪਨਿਸ਼ਦ ਤਾਲੀਮ ਦੇ ਅਨੁਸਾਰ ਕਿਸੇ ਭੀ ਅਣਅਧਿਕਾਰੀ ਵਿਅਕਤੀ ਨੂੰ ਅਥਵਾ ਸ਼ੂਦਰ ਜਾਤੀ ਨੂੰ ਕੋਈ ਭੀ ਅਧਿਕਾਰ ਨਹੀਂ ਸੀ ਕਿ ਉਹ ਧਾਰਮਕ ਸਿਖਿਆ ਪ੍ਰਾਪਤ ਕਰ ਸਕੇ। ਉਪਨਿਸ਼ਦ ਧਾਰਾ ਦਾ ਖ਼ਿਆਲ ਹੈ ਕਿ ਪ੍ਰਕ੍ਰਿਤੀ ਦੀ ਉਪਜ ਸਮੂਹਕ ਤੌਰ 'ਤੇ ਪੁਰਸ਼ ਵਿਚੋਂ ਹੀ ਉਤਪੰਨ ਹੋਈ, ਅੰਤ ਨੂੰ ਪੁਰਸ਼ ਵਿਚ ਹੀ ਲੀਨ ਹੋ ਜਾਵੇਗੀ।

ਰਾਮਾਇਣ ਅਤੇ ਮਹਾਭਾਰਤ ਦੇ ਸਮੇਂ (in the days of Epics) ਬਹੁਤ ਹੀ ਭਿਅੰਕਰ ਯੁੱਧ ਹੋਏ, ਉਨ੍ਹਾਂ ਦਿਨਾਂ ਵਿਚ ਵਰਨ-ਵੰਡ ਨਿਸ਼ਚਿਤ ਢੰਗ ਦੁਆਰਾ ਸਥਾਪਨ ਕੀਤੀ ਗਈ। ਸ਼ੂਦਰ ਅਤੇ ਇਸਤ੍ਰੀ ਵਾਸਤੇ ਲਗਪਗ ਜੀਵਨ ਦੇ ਸਾਰੇ ਦਰਵਾਜ਼ੇ ਬੰਦ ਕੀਤੇ ਗਏ, ਜਿਸ ਦੀ ਝਲਕ ਵੈਦਿਕ ਗ੍ਰੰਥਾਂ ਵਿਚ ਆਮ ਹੀ ਵੇਖੀ, ਸੁਣੀ ਅਤੇ ਪੜ੍ਹੀ ਜਾ ਸਕਦੀ ਹੈ।[1] ਭਾਵੇਂ *ਭਗਵਤ ਗੀਤਾ* ਨੇ ਕੁਝ ਨਵੀਨ ਖ਼ਿਆਲਾਂ ਦਾ ਪ੍ਰਗਟਾਵਾ ਕੀਤਾ ਹੈ, ਜਿਥੋਂ ਉਸ ਸਮੇਂ ਦੇ ਇਨਸਾਨ ਨੂੰ ਕੁਝ ਆਸ਼ਾ ਦੀ ਕਿਰਣ ਦ੍ਰਿਸ਼ਟੀਮਾਨ ਹੋਈ ਪ੍ਰੰਤੂ ਬ੍ਰਾਹਮਣੀ ਧਾਰਾ ਦੇ ਅਧੀਨ ਯੱਗ ਪ੍ਰਣਾਲੀ ਦੇ ਕਰਮਕਾਂਡ ਅਤੇ ਯੋਗ ਪ੍ਰਣਾਲੀ ਦਾ ਮਿਲਗੋਭਾ ਮਨੁੱਖੀ ਜੀਵਨ 'ਤੇ ਇਤਨਾ ਭਾਰੂ ਹੋ ਨਿਬੜਿਆ ਕਿ ਸਾਧਾਰਣ ਇਨਸਾਨ ਇਸ ਕਰਮਕਾਂਡੀ ਖੇਤਰ ਵਿਚ ਦਿਮਾਗ਼ੀ ਅਤੇ ਸਰੀਰਕ ਸਮਤੁਲਨ ਗੁਆ ਬੈਠਾ। ਕਿਉਂਕਿ *ਭਗਵਤ ਗੀਤਾ* ਵਿਚ ਐਸੇ ਲੇਖ ਭੀ ਅੰਕਤ ਕੀਤੇ ਗਏ ਹਨ ਕਿ ਗੀਤਾ ਦਾ ਪਾਠ ਪੜ੍ਹਨ ਕਰਕੇ ਇਕ ਸ਼ੂਦਰ ਦੇ ਪਿਤਰ ਵਿਸ਼ਨੂੰ ਭਗਵਾਨ ਦੀ ਆਗਿਆ ਦੁਆਰਾ ਨਰਕਾਂ ਨੂੰ ਖ਼ਾਲੀ ਕਰ ਕੇ ਬੈਕੁੰਠ ਦੇ ਵਸਨੀਕ ਹੋ ਗਏ ਹਨ।[2] ਰੱਬੀ ਨਦਰ ਕਰਮ ਦੀ ਬਜਾਏ ਕਰਮਕਾਂਡੀ ਵਲਗਣ ਇਤਨੀ ਸੁਬੱਲਤ ਢੰਗ ਦੁਆਰਾ ਉਲੀਕੀ ਗਈ ਕਿ ਇਕ ਸਾਧਾਰਣ ਜੀਵ ਵਾਹਿਗੁਰੂ ਦੀ ਨਦਰ ਕਰਮ ਤਿਆਗ ਕੇ ਹੱਠਧਰਮੀ ਅਤੇ ਕਰਮਕਾਂਡੀ ਹੋਇ ਨਿਬੜਦਾ ਹੈ। ਮੋਖਸ਼ ਪ੍ਰਾਪਤੀ ਦੇ ਖੇਤਰ ਵਿਚ ਬ੍ਰਾਹਮਣ ਨੂੰ ਬਹੁਤ ਵੱਡੀ ਮਾਨਤਾ ਦਿੱਤੀ ਗਈ, ਸ਼ੂਦਰ ਅਤੇ ਇਸਤ੍ਰੀ ਨੂੰ ਨੀਵੀਆਂ ਤਲਾਂ ਦੇ ਯਾਤਰੀ ਬਣਾ ਦਿੱਤਾ। ਨਾਲ ਦੀ ਨਾਲ ਨਿਤਾਪ੍ਰਤਿ ਬ੍ਰਾਹਮਣੀ ਰੀਤੀਆਂ–ਹੋਮ, ਬਲੀਦਾਨ, ਯੱਗ ਆਦਿ ਦ੍ਰਿੜ੍ਹ ਕਰਵਾਏ ਗਏ। ਚੁਨਾਂਚਿ ਇਹ ਧਾਰਾ ਭੀ ਦ੍ਰਿੜ੍ਹ ਕਰਵਾਈ ਗਈ ਕਿ ਪਰਮ

1. *ਸ੍ਰੀ ਯੋਗ ਵਸ਼ਿਸ਼ਟ ਪੁਰਾਣ*, ਸਰਗ 15, ਪੰਨਾ 73, ਜਿਸ ਵਿਚ ਰਾਮਚੰਦ੍ਰ ਜੀ ਅਤੇ ਰਿਸ਼ੀ ਵਸ਼ਿਸ਼ਟ ਦੇ ਦਰਮਿਆਨ ਵਾਰਤਾਲਾਪ ਦਰਸਾਈ ਗਈ ਹੈ।
2. ਦੇਖੋ, *ਸ੍ਰੀ ਮਦ ਭਗਵਤ ਗੀਤਾ*, ਅਧਿਆਇ 4, ਪੰਨੇ 75-89 (ਸ਼ੂਦਰ ਕੀ ਕਲਿਆਣ ਪ੍ਰਤਿ, ਦੇਖੋ *ਸ੍ਰੀ ਮਦ ਭਗਵਤ ਗੀਤਾ*, ਅਧਿਆਇ ਤੀਜਾ)।

ਈਸ਼ਵਰ ਜਨਮ ਧਾਰ ਕੇ ਮਨੁੱਖੀ ਜਾਮੇ ਵਿਚ ਪੈਦਾ ਹੁੰਦਾ ਹੈ। ਰੱਬੀ ਅਵਤਾਰਾਂ ਦੀਆਂ ਮੂਰਤੀਆਂ ਬਣਾ ਕੇ ਪਰਮਾਤਮਾ ਦੇ ਸ਼ਰੀਕ ਵਜੋਂ ਪੂਜਾ ਪ੍ਰਾਰਥਨਾ ਦੇ ਖੇਤਰ ਆਰੰਭ ਕੀਤੇ ਗਏ। ਇਨ੍ਹਾਂ ਕੁਰੀਤੀਆਂ ਦੇ ਵਿਰੁੱਧ ਮਹਾਤਮਾ ਬੁੱਧ ਨੇ ਅਤਿ ਸ਼ਕਤੀਸ਼ਾਲੀ ਮੁਹਿੰਮ ਆਰੰਭ ਦਿੱਤੀ। ਉਸ ਨੇ ਬ੍ਰਾਹਮਣਵਾਦੀ ਧਾਰਮਕ ਰੀਤੀ ਰਿਵਾਜਾਂ, ਕਰਮਕਾਂਡੀ ਉਕਤੀਆਂ, ਜੁਗਤੀਆਂ, ਬਲੀਦਾਨ ਅਤੇ ਹੋਮ ਰੀਤੀ, ਅਵਤਾਰ ਮੂਰਤੀ ਪੂਜਾ ਦੇ ਵਿਰੁੱਧ ਵਿਦਰੋਹ ਆਰੰਭ ਦਿੱਤਾ। ਭਿਕਸ਼ੂਆਂ ਦੇ ਰਾਹੀਂ ਵਰਣਵੰਡ ਦੇ ਵਿਰੁੱਧ ਮਨੋਕਲਪਤ ਸ੍ਰੇਸ਼ਟ ਅਤੇ ਉਤਮ ਭਾਸ਼ਾ, ਜਿਵੇਂ ਸੰਸਕ੍ਰਿਤ ਦੇਵ ਭਾਸ਼ਾ ਆਦਿ ਦੇ ਵਿਰੁੱਧ ਸਾਧਾਰਣ ਪਰਜਾ ਨੂੰ ਲਾਮਬੰਦ ਕਰਨਾ ਆਰੰਭ ਦਿੱਤਾ। ਬੁੱਧ ਮਤਿ ਨੇ ਪ੍ਰਮੇਸ਼ਵਰੀ ਹੋਂਦ ਨੂੰ ਮਾਨਤਾ ਦੇਣੋਂ ਭੀ ਅਸਹਿਮਤੀ ਪ੍ਰਗਟ ਕੀਤੀ। ਆਤਮਾ ਦੀ ਹੋਂਦ ਅਤੇ ਆਵਾਗਵਨ ਦੇ ਸੂਤਰ ਨੂੰ ਭੀ ਨਿਸ਼ੇਧਕ ਬਸਤੇ ਵਿਚ ਬੰਦ ਕਰ ਦਿੱਤਾ। *ਸ੍ਰੀ ਮਦ ਭਗਵਤ ਗੀਤਾ* ਦੀ ਥਿਊਰੀ ਵਿਚ ਕ੍ਰਿਸ਼ਨ ਜੀ ਮਹਾਰਾਜ ਦਾਅਵਾ ਕਰਦੇ ਹਨ ਕਿ ਮੈਂ ਪਰਮਾਤਮਾ ਹਾਂ ਔਰ ਮੈਂ ਹੀ ਜਗਤ ਦੀ ਪੀੜਾ ਹਰਨ ਹਿਤ, ਜਨਮ ਧਾਰ ਕੇ ਆਂਵਦਾ ਹਾਂ, ਗ਼ਰਜ਼ੇਕਿ ਮਹਾਤਮਾ ਬੁੱਧ ਜੀ ਨੇ ਐਸੀ ਵੈਦਿਕ ਧਾਰਾ ਦਾ ਖੰਡਨ ਅਤਿ ਸੁਬੱਲਤ ਸ਼ਬਦਾਵਲੀ ਦੁਆਰਾ ਕੀਤਾ ਹੈ। ਬੁੱਧ ਜੀ ਦਾ ਕਥਨ ਹੈ ਕਿ ਜਦੋਂ ਰੱਬ ਦਾ ਵਜੂਦ ਹੀ ਨਹੀਂ ਹੈ ਤਦ ਬਲੀਦਾਨ, ਹੋਮ ਅਤੇ ਯੱਗ ਕਿਸ ਦੇ ਸਾਹਮਣੇ ਭੇਟਾ ਕੀਤੇ ਜਾਣ ? ਬੁੱਧ ਤਾਂ ਇਥੇ ਤਕ ਭੀ ਦਾਅਵਾ ਕਰਦਾ ਹੈ ਕਿ ਜਦੋਂ ਰੱਬ ਹੈ ਹੀ ਨਹੀਂ, ਫਿਰ ਅਸਾਡੀ ਅਰਦਾਸ ਕੌਣ ਸੁਣੇਗਾ ? ਜੋ ਕੁਝ ਅਸੀਂ ਬੀਜਦੇ ਹਾਂ ਉਹੀ ਕੁਝ ਅਸੀਂ ਵੱਢਦੇ ਹਾਂ। ਭਾਵ ਜੈਸਾ ਕਰਮ ਕਰਦੇ ਹਾਂ, ਤੈਸਾ ਹੀ ਫਲ ਭੋਗਦੇ ਹਾਂ। ਗ਼ਰਜ਼ੇਕਿ, ਕਰਮ ਹੀ ਇਕ ਐਸੀ ਮੂਲਿਕ ਧਾਰਾ ਹੈ ਜਿਸ ਦੇ ਅਧੀਨ ਪਾਪ ਅਤੇ ਪੁੰਨਾਂ ਦੀ ਗਾਥਾ ਆਰੰਭ ਹੁੰਦੀ ਹੈ। ਕਰਮ ਸਿਧਾਂਤ ਦਾ ਅਰਥ ਇਹ ਹੋਇਆ ਕਿ ਜ਼ਿੰਦਗੀ ਨਿਰੰਤਰ ਦੁਖਾਂ, ਕਲੇਸ਼ਾਂ ਦੀ ਯਾਤਰਾ ਕਰਦੀ ਰਹੇਗੀ। ਕਰਮ ਦਾ ਅੰਜਾਮ ਤਮ੍ਹਾ ਦੇ ਖੇਤਰ ਵਿਚ ਪ੍ਰਵੇਸ਼ਤਾ ਹੈ। ਜੋ ਪ੍ਰਾਣੀ ਤਮ੍ਹਾ, ਲਾਲਚੀ ਇੱਛਾ ਨੂੰ ਵਸੀਕਾਰ ਕਰਨਾ ਚਾਹੇ ਇਸ ਦਾ ਭਾਵ ਉਹ ਨਿਰੰਤਰ ਸਫਰ ਕਰਦਾ ਰਹੇ। ਇਨ੍ਹਾਂ ਚੀਜ਼ਾਂ ਤੋਂ ਛੁਟਕਾਰੇ ਪ੍ਰਤਿ ਬੁੱਧ ਨੇ ਨਿਰਵਾਣ ਪਦਵੀ ਦਰਸਾਈ ਹੈ। ਨਿਰਵਾਣ ਦੀ ਪ੍ਰਾਪਤੀ ਹਿਤ ਅੱਠ ਸਿਧਾਂਤ ਉਲੀਕੇ ਹਨ।

ਬੁੱਧ ਮਤਿ ਦੀ ਤਾਲੀਮ ਦਾ ਵਿਸਥਾਰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਜਿਵੇਂ 1. ਦੁਖ ਸੰਤਾਪ ਭੋਗਣਾ; 2. ਸੰਤਾਪ ਭੋਗਣ ਦਾ ਕਾਰਨ; 3. ਇਨ੍ਹਾਂ ਦੀ ਨਵਿਰਤੀ; ਅਤੇ 4. ਨਵਿਰਤੀ ਦਾ ਮਾਰਗ ਕੀ ਹੈ। ਬੁੱਧ ਮਤਿ ਦੀਆਂ ਕੁਝ ਉਪਦੇਸ਼ਕ ਧਾਰਾਵਾਂ ਵੈਦਿਕ ਮਤਿ ਨਾਲ ਤਾਲ-ਮੇਲ ਭੀ ਰੱਖਦੀਆਂ ਹਨ। ਜਿਵੇਂ ਆਵਾਗਵਨ ਕਰਮ ਸਿਧਾਂਤ ਅਤੇ ਆਪਾ-ਭਾਵ ਦਾ ਵਿਨਾਸ਼ ਜਾਂ

ਖ਼ਾਤਮਾ। ਸੰਖਿਪਤ ਰੂਪ ਵਿਚ ਬੁੱਧ ਮਤਿ ਦੀ ਤਾਲੀਮ ਦੇ ਆਧਾਰ 'ਤੇ ਦੁਖਾਂ ਦੀ ਪ੍ਰਣਾਲੀ ਅੱਠਾਂ ਭਾਗਾਂ ਵਿਚ ਵੰਡੀ ਜਾ ਸਕਦੀ ਹੈ—1. ਜਨਮ ਧਾਰਨਾ ਸੰਕਟ ਹੈ; 2. ਜੀਵਨ ਅਤੇ ਬੁਢੇਪਾ; 3. ਜੀਵਨ ਦੇ ਰੋਗ; 4. ਮੌਤ ਹੋ ਜਾਣੀ; 5. ਸੰਸਾਰੀ ਪਦਾਰਥਾਂ ਦਾ ਮੋਹ; 6. ਜਨਮ ਅਤੇ ਮਰਨ; 7. ਪੁਨਰ ਜਨਮ ਦਾ ਸਿਲਸਿਲਾ; ਅਤੇ 8. ਜੀਵਨ ਦੇ ਮਨੋਵੇਗ ਅਤੇ ਮਨੋਕਾਮਨਾਵਾਂ ਦੀ ਇੱਛਾ। ਇਹ ਅੱਠ ਪ੍ਰਕਾਰੀ ਜ਼ਿੰਦਗੀ ਦੇ ਸੰਤਾਪ ਦਰਸਾਏ ਗਏ ਹਨ। ਜਿਵੇਂ:

1. Birth is sorrow; 2. Age is sorrow; 3. Sickness is sorrow; 4. Death is sorrow; 5. Clinging to earthly things is sorrow; 6. Birth and rebirth; 7. The chain of reincarnation; and 8. Result from the thirst of life together with passion and desire.

ਇਨ੍ਹਾਂ ਦੁਖਾਂ ਤੋਂ ਨਵਿਰਤੀ ਦਾ ਸਾਧਨ ਨਿਮਨ ਲਿਖਤ ਦੇ ਅਨੁਸਾਰ ਦਰਸਾਇਆ ਗਿਆ ਹੈ:

1. ਸਹੀ ਵਿਸ਼ਵਾਸ; 2. ਸਹੀ ਅਤੇ ਦ੍ਰਿੜ੍ਹ ਇਰਾਦਾ; 3. ਸਹੀ ਆਦੇਸ਼ ਜਾਂ ਸਹੀ ਸ਼ਬਦ; 4. ਸਹੀ ਕਰਤੱਵ; 5. ਸਹੀ ਜੀਵਨ ਅਥਵਾ ਨੈਤਿਕ ਜੀਵਨ; 6. ਸਹੀ ਯਤਨ; 7. ਸਹੀ ਸੋਚ; ਅਤੇ 8. ਸਹੀ ਇਕਾਗ੍ਰਤਾ।

ਭਾਵੇਂ ਉਕਤ ਦਰਸਾਏ ਸਿਧਾਂਤ ਨਿਰਵਾਣ ਪਦਵੀ ਦੀ ਪ੍ਰਾਪਤੀ ਹਿਤ ਦਰਸਾਏ ਹਨ। ਆਤਮਕ ਸੰਸਾਰ ਦੀਆਂ ਸਫ਼ਾਂ ਵਿਚ ਬੁੱਧ ਮਤਿ ਦਾ ਮਾਰਗ ਸਖਾਈ ਰਹਿਤ ਮਾਰਗ ਹੈ ਭਾਵ ਇਸ ਦੀ ਆਰੰਭਕ ਬੁਨਿਆਦ ਨਹੀਂ ਹੈ। ਗ਼ਰਜ਼ੇਕਿ, ਬੁੱਧ ਮਤਿ ਦੇ ਮਹਿਲ ਦੀਆਂ ਦੀਵਾਰਾਂ ਹਿੰਦੂ ਮਤਿ ਦੇ *ਸਾਂਖਯਾ ਸ਼ਾਸਤਰ* ਦੀਆਂ ਬੁਨਿਆਦਾਂ 'ਤੇ ਉਸਾਰੀਆਂ ਗਈਆਂ ਹਨ। ਰੱਬੀ ਹੋਂਦ ਵਲੋਂ ਮੁਨਕਰ ਹੋਣਾ ਭੀ *ਸਾਂਖਯਾ ਦਰਸ਼ਨ* ਦੀ ਨਕਲ ਹੀ ਆਖੀ ਜਾ ਸਕਦੀ ਹੈ। ਬੁੱਧ ਮਤਿ ਦੀ ਅਧਿਆਤਮਕ ਵਿਦਿਆ ਦੀ ਮੂਲਿਕ ਧਾਰਾ ਦੀ ਬੁਨਿਆਦ ਹੀ ਹਿੰਦੂ ਦਰਸ਼ਨ 'ਤੇ ਹੀ ਨਿਰਭਰ ਕਰਦੀ ਹੈ। ਜਿਵੇਂ ਕਰਮਗਤੀ ਆਵਾਗਵਨ ਦਾ ਮੂਲ ਹੈ, ਇਸ ਆਵਾਗਵਨ ਦੇ ਸਿਲਸਿਲੇ ਦਾ ਕੋਈ ਅੰਤ ਨਹੀਂ ਹੈ। ਕਰਮਗਤੀ ਦਾ ਤਜਰਬਾ ਅਤਿ ਸੰਕਟਮਈ ਅਨੁਭਵਤਾ ਹੈ। ਇਸ ਦੀ ਨਵਿਰਤੀ ਨਿਰਵਾਣ ਪਦਵੀ ਦਾ ਪ੍ਰਾਪਤ ਹੋਣਾ ਦਰਸਾਇਆ ਹੈ। ਨਿਰਵਾਣ ਦੀ ਪ੍ਰਾਪਤੀ ਦਾ ਸਾਧਨ ਵਾਹਿਗੁਰੂ ਦੀ ਰਹਿਮਤ ਅਥਵਾ ਗੁਰਪ੍ਰਸਾਦਿ ਦੀ ਬਜਾਏ, ਸਵੈਮ ਜ਼ਬਤ ਅਤੇ ਨੈਤਿਕ ਮਰਯਾਦਾ ਵਿਚ ਜੀਵਨ ਬਤੀਤ ਕਰਨਾ ਹੈ। ਬੁੱਧ ਮਤਿ ਵਿਚ ਕਿਸੇ ਪ੍ਰਕਾਰੀ ਨਰਕ ਸੁਰਗ ਦੀ ਵਿਆਖਿਆ ਨਹੀਂ ਹੈ। ਜਿਥੇ ਜੀਵਾਂ ਨੂੰ ਕਰਮਾਂ ਦੇ ਆਧਾਰ 'ਤੇ ਸਜ਼ਾ ਜਾਂ ਜਜ਼ਾ (ਇਨਾਮ) ਦਿੱਤੀ ਜਾਵੇ। ਜੀਵ ਦਾ ਆਵਾਗਵਨ ਦੇ ਗੇੜ ਵਿਚ ਪਏ ਰਹਿਣਾ ਹੀ ਨਰਕ ਹੈ। ਨਿਰਵਾਣ ਅਵਸਥਾ ਵਿਚ ਲੀਨ ਹੋ ਜਾਣਾ ਹੀ ਸੁਰਗ ਹੈ ਜਿਥੇ ਰਸਾਈ

ਕੀਤਿਆਂ, ਹਰ ਪ੍ਰਕਾਰੀ ਕਾਮਨਾਵਾਂ ਦਾ ਦਮਨ ਹੋ ਜਾਂਦਾ ਹੈ। ਬੁੱਧ ਮਤਿ ਵਿਚ ਸਦੀਵੀ ਜੀਵਨ ਅਥਵਾ ਸਦੀਵੀ ਆਨੰਦ ਪ੍ਰਾਪਤੀ ਪ੍ਰਤਿ ਕੋਈ ਭੀ ਜ਼ਿਕਰ ਨਹੀਂ ਹੈ। ਇਹੀ ਕਾਰਣ ਹੈ ਕਿ ਸੰਸਾਰ ਪੱਧਰ ਦੇ ਪ੍ਰਸਿੱਧ ਵਿਦਵਾਨ ਇਹ ਲਿਖਣ ਲਈ ਮਜਬੂਰ ਹੋ ਗਏ ਕਿ ਮਹਾਤਮਾ ਬੁੱਧ ਜੀ ਨੇ ਭੀ ਇਸ ਨਿਰਵਾਣ ਪ੍ਰਤਿ ਨਿਰਣੀਤ ਧਾਰਾ ਨਹੀਂ ਦਰਸਾਈ। ਬਲਕਿ ਕਈ ਦਫ਼ਾ ਨਿਜੀ ਸੇਵਕਾਂ ਨਾਲ ਵਾਰਤਾਲਾਪ ਕਰਦੇ ਹੋਏ ਪੁਛਿਆ ਕਿ ਨਿਰਵਾਣ ਕੋਈ ਆਸਮਾਨੀ ਵਿਚਾਰਧਾਰਾ ਹੈ ਜਾਂ ਨਿਰੋਲ ਤਬਾਹੀ ਹੈ ? ਉਕਤ ਖ਼ਿਆਲਾਂ ਦੀ ਵਾਸਤਵਿਕ ਰੂਪ-ਰੇਖਾ ਨਿਮਨ ਲਿਖਤ ਦੁਆਰਾ ਵੇਖੀ ਜਾ ਸਕਦੀ ਹੈ, ਜਿਵੇਂ:

The Goal of Buddhism is Nirvana. A definition of this term is almost impossible for the simple reason that Buddha himself gave no clear idea, and in all probability possessed none, of this state. He was indeed asked by more than one of his disciple whether Nirvana post-mundane or post-celestial existence, or whether it was annihilation. Nirvana seems to imply the annihilation of the soul rather than its absorption.[1]

ਬੁੱਧ ਮਤਿ ਦੇ ਪਸਾਰੇ ਦੀ ਗਾਥਾ ਬਹੁਤ ਹੀ ਆਕਰਸ਼ਕ ਅਤੇ ਮਨੋਰੰਜਕ ਹੈ। ਇਸ ਦੀ ਹਿਸਟਰੀ ਦਾ ਇਕ ਆਲੀ ਮਰਤਬ੍ਾ ਤੱਥ ਇਹੀ ਹੈ ਕਿ ਇਸ ਦਾ ਪਸਾਰਾ ਏਸ਼ੀਆ ਦੇ ਸਾਰੇ ਦੇਸ਼ਾਂ ਵਿਚ ਬਹੁਤ ਹੀ ਮੈਤਰੀ ਢੰਗ ਦੁਆਰਾ ਹੋਇਆ। ਇਸ ਦੇ ਫੈਲਾਉ ਵਾਸਤੇ ਕਿਸੇ ਪ੍ਰਕਾਰ ਦੀ ਯੁੱਧ ਨੀਤੀ ਨਹੀਂ ਅਪਣਾਈ ਗਈ। ਬੁੱਧ ਦਾ ਜਨਮ ਹਿੰਦੁਸਤਾਨ ਦੇ ਉੱਤਰ ਪੂਰਬ ਨੇਪਾਲ ਦੇ ਦੱਖਣੀ ਭਾਗ ਕਪਿਲ ਵਸਤੂ ਨਗਰੀ ਦੇ ਲੁੰਬਨੀ ਬਾਗ਼ ਵਿਚ ਛੇ ਸੌ ਚੌਵੀ (624) ਪੂਰਬ ਈਸਾ ਹੋਇਆ। ਲਗਪਗ 19 ਵਰ੍ਹੇ ਦੀ ਆਯੂ ਵਿਚ ਇਸ ਦੀ ਸ਼ਾਦੀ ਦੰਡਪਾਣੀ ਦੀ ਪੁੱਤਰੀ ਗੋਪਾ ਨਾਲ ਹੋਈ, ਜਿਸ ਤੋਂ ਰਾਹੁਲ ਨਾਮੀ ਪੁੱਤਰ ਪੈਦਾ ਹੋਇਆ।

ਇਕ ਬੁੱਢੇ ਅਤੇ ਬਹੁਤ ਹੀ ਰੋਗੀ ਪੁਰਸ਼ ਨੂੰ ਵੇਖ ਕੇ ਇਸ ਦੇ ਮਨ ਵਿਚ ਜਗਤ ਰਚਨਾ ਪ੍ਰਤਿ ਵੈਰਾਗ ਉਤਪੰਨ ਹੋਇਆ। 28 ਵਰ੍ਹੇ ਦੀ ਉਮਰ ਵਿਚ ਸਦੀਵੀ ਸੁਖਚੈਨ ਦੀ ਪ੍ਰਾਪਤੀ ਹਿਤ ਸੰਨਿਆਸ ਧਾਰਨ ਕੀਤਾ। ਗਇਆ ਨਗਰੀ ਦੇ ਪਾਸ ਇਕ ਪਿੱਪਲ ਦੇ ਥੱਲੇ ਕਈ ਸਾਲ ਧਿਆਨ ਪਰਾਇਣ ਬਤੀਤ ਕੀਤੇ। ਸਿੱਟੇ ਵਜੋਂ ਇਸ ਨੂੰ ਅੰਤ੍ਰੀਵੀ ਬੋਧ ਅਤੇ ਗਿਆਨ ਦੀ ਝਲਕ ਦ੍ਰਿਸ਼ਟੀਮਾਨ ਹੋਈ, ਜਿਸ ਤੋਂ ਇਸ ਦਾ ਨਾਮ ਬੁੱਧ ਕਰਕੇ ਪ੍ਰਸਿੱਧ ਹੋਇਆ। ਬੁੱਧ ਨੇ ਵੈਦਿਕ ਧਰਮ ਦੀ ਬਜਾਏ, ਨਿਜੀ ਧਰਮ ਸਥਾਪਨ ਕੀਤਾ, ਜਿਸ ਵਿਚ

---

1. *The Kingdom of the Cults* by Walter Martin, p. 262.

ਨਿਰਵਾਣ ਪਦਵੀ ਦੀ ਪ੍ਰਾਪਤੀ ਅੱਠ ਪ੍ਰਕਾਰ ਦੇ ਰੋਗਾਂ ਦਾ ਸਮਾਧਾਨ ਪ੍ਰਗਟਾਇਆ ਗਿਆ ਹੈ। ਇਨ੍ਹਾਂ ਰੋਗਾਂ ਦੀ ਅਉਖਧ ਭੀ ਅੱਠ ਪ੍ਰਕਾਰੀ ਵਿਧੀਆਂ ਦੁਆਰਾ ਹੀ ਕੀਤੀ ਜਾ ਸਕਦੀ ਹੈ ਜੋ ਆਪ ਜੀ ਉਕਤ ਵਾਰਤਾ ਵਿਚ ਪੜ੍ਹ ਆਏ ਹੋ। ਆਪ ਜੀ ਦਾ ਦੇਹਾਂਤ 80 ਵਰ੍ਹੇ ਦੀ ਆਯੂ ਵਿਚ ਪੇਚਿਸ ਰੋਗ ਦੁਆਰਾ ਕੁਸ਼ੀ ਨਗਰ ਵਿਚ ਹੋਇਆ। ਪੁਰਾਤਨ ਹਿੰਦੁਸਤਾਨੀ ਰੀਤੀ ਦੇ ਅਨੁਸਾਰ ਜੋ ਭੀ ਧਰਮਾਤਮਾ ਰਾਜਾ ਹੁੰਦਾ ਸੀ, ਲਗਪਗ ਉਨ੍ਹਾਂ ਰਾਜਿਆਂ ਨੂੰ ਸਮੇਂ ਦੇ ਅਵਤਾਰ ਘੋਸ਼ਤ ਕੀਤਾ ਗਿਆ ਜਿਨ੍ਹਾਂ ਵਿਚੋਂ ਮਹਾਤਮਾ ਬੁੱਧ ਭੀ ਦਸਵਾਂ ਅੰਸ਼ਾ ਅਵਤਾਰ ਹੈ। ਬੁੱਧ ਦਾ ਅਸਲੀ ਨਾਮ ਸਿਧਾਰਥਾ ਗੋਤਮ ਸੀ। ਇਨ੍ਹਾਂ ਦੇ ਪਿਤਾ ਦਾ ਨਾਮ ਸੁਧੋਦਾਨਾ (ਸ਼ੁੱਧੋਦਨ) ਸੀ।

ਪੁਰਾਤਨ ਗ੍ਰੰਥਾਂ ਦੇ ਪਾਠ ਸੂਤਰਾਂ ਤੋਂ ਪਤਾ ਚੱਲਦਾ ਹੈ ਕਿ ਜਦੋਂ ਬੁੱਧ ਜੀ ਕਿਸੇ ਪਰਚਾਰਕ ਯਾਤਰਾ 'ਤੇ ਜਾਂਦੇ ਸਨ, ਤਦ ਉਨ੍ਹਾਂ ਦੇ ਨਾਲ ਲਗਪਗ 1250 ਭਿਕਸ਼ੂਆਂ ਦਾ ਜੱਥਾ ਹੁੰਦਾ ਸੀ। ਬੁੱਧ ਕਾਲ ਦੇ ਬਹੁਤ ਸਾਰੇ ਰਾਜਿਆਂ, ਹੁਕਮਰਾਨਾਂ ਅਤੇ ਅਹਿਲਕਾਰਾਂ ਨੇ ਬੁੱਧ ਮਤਿ ਦੀ ਤਾਲੀਮ ਗ੍ਰਹਿਣ ਕਰਦਿਆਂ ਬੁੱਧ ਧਰਮ ਵਿਚ ਪ੍ਰਵੇਸ਼ ਕੀਤਾ। ਬ੍ਰਾਹਮਣੀ ਵਿਰੋਧਾਭਾਸ ਦੇ ਬਾਵਜੂਦ ਭੀ ਬੁੱਧ ਮਤਿ ਦਾ ਪਸਾਰਾ ਇਤਨੀ ਤੇਜ਼ੀ ਨਾਲ ਹੋਇਆ ਜਿਸ ਦੀ ਮਿਸਾਲ ਬੁੱਧ ਮਤਿ ਆਪ ਹੀ ਹੈ। ਕਿਸੇ ਧਰਮ ਦੇ ਪਸਾਰੇ ਪ੍ਰਤਿ ਬਹੁਤ ਹੀ ਆਵਸ਼ਕ ਹੁੰਦਾ ਹੈ ਕਿ ਉਸ ਸਮੇਂ ਦੀ ਹਕੂਮਤ ਉਸ ਧਰਮ ਨੂੰ ਗ੍ਰਹਿਣ ਕਰ ਲਵੇ। ਮਹਾਤਮਾ ਬੁੱਧ ਦਾ ਪਰਚਾਰਕ ਢੰਗ ਅਤਿ ਸ਼ਾਂਤਮਈ ਅਤੇ ਭਾਵਕਤਾ ਰਹਿਤ ਹੋਣਾ ਹੀ ਉਨ੍ਹਾਂ ਦੀ ਸਫਲਤਾ ਦਾ ਰਾਜ਼ ਸੀ। ਭਾਸ਼ਾ ਦੇ ਆਧਾਰ 'ਤੇ ਸੰਸਕ੍ਰਿਤ ਦੀ ਬਜਾਏ ਆਮ ਸਾਧਾਰਣ ਲੋਕ ਭਾਸ਼ਾ ਵਿਚ ਸਿਖਿਆ ਪ੍ਰਣਾਲੀ ਦੀ ਮੂਲਿਕ ਸ਼ਿਲਾ ਸਥਾਪਨ ਕੀਤੀ। ਅਨੇਕਾਂ ਹੀ ਬਦੇਸ਼ੀ ਵਿਦਿਆਰਥੀ ਬੋਧੀ ਸਿਖਿਆ ਮੰਡਲਾਂ (ਵਿਦਿਆਲਿਆਂ) ਵਿਚ ਤਾਲੀਮ ਹਾਸਿਲ ਕਰਨ ਹਿਤ ਆਂਵਦੇ ਸਨ। ਬੁੱਧ ਧਰਮ ਦਾ ਸਭ ਤੋਂ ਵੱਡਾ ਅਤੇ ਮਹੱਤਵਪੂਰਣ ਅੰਗ ਇਹੀ ਹੈ ਕਿ ਉਸ ਨੇ ਪਰਚਾਰਕ ਸ਼ੈਲੀ ਨੂੰ ਮੱਧ-ਮਾਰਗ ਸ਼ੈਲੀ ਵਜੋਂ ਪੇਸ਼ ਕੀਤਾ। ਜਿਸ ਦੇ ਫਲਸਰੂਪ ਮੱਧਵਰਗ ਦੇ ਲੋਕਾਂ ਅਤੇ ਰਾਜ ਘਰਾਣਿਆਂ ਦੇ ਅਹਿਲਕਾਰਾਂ ਨੇ ਬੁੱਧ ਧਰਮ ਵਿਚ ਪ੍ਰਵੇਸ਼ ਕਰਨ ਲੱਗਿਆਂ ਕਿਸੇ ਪ੍ਰਕਾਰੀ ਵਿਲੰਭਤਾ ਨਹੀਂ ਦਰਸਾਈ। ਮੌਰੀਆ ਸ਼ਾਸਨ ਦੇ ਸਮੇਂ ਬੁੱਧ ਧਰਮ ਸਮੁੱਚੇ ਭਾਰਤ ਦਾ ਰਾਜਸੀ ਧਰਮ ਕਰਕੇ ਮੰਨਿਆ ਗਿਆ। ਅਸ਼ੋਕ ਸਮਰਾਟ ਦੇ ਰਾਜ ਕਾਲ ਵਿਚ ਬੁੱਧ ਮਤਿ ਦੇ ਪੈਰੋਕਾਰ ਲਗਪਗ ਸਾਰੇ ਏਸ਼ੀਆ ਵਿਚ ਫੈਲ ਗਏ ਸਨ। ਬੋਧੀ ਇਤਿਹਾਸ ਦੇ ਗ੍ਰੰਥ ਆਮ ਤੌਰ 'ਤੇ ਪਾਲੀ ਭਾਸ਼ਾ ਵਿਚ ਨਿਰੂਪਣ ਕੀਤੇ ਗਏ। ਇਨ੍ਹਾਂ ਗ੍ਰੰਥਾਂ ਦਾ ਅਧਿਐਨ ਕੀਤਿਆਂ ਇਕ ਧਾਰਾ ਸਪਸ਼ਟ ਤੌਰ 'ਤੇ ਪ੍ਰਗਟ ਹੋਇ ਆਂਵਦੀ ਹੈ ਕਿ ਸਮਰਾਟ ਅਸ਼ੋਕ ਦੇ ਸਮੇਂ ਵੱਡੇ ਵੱਡੇ ਵਿਦਵਾਨਾਂ ਦੀਆਂ ਨੌਂ ਸੰਸਥਾਵਾਂ ਬੁੱਧ ਮਤਿ ਦੇ

ਪਸਾਰੇ ਹਿਤ ਦੇਸ਼-ਪ੍ਰਦੇਸ਼ਾਂ ਵਿਚ ਭੇਜੀਆਂ ਗਈਆਂ। ਬੁੱਧ ਮਤਿ ਦੇ ਪਸਾਰੇ ਲਈ ਵਿਦਵਾਨਾਂ ਦੀ ਤੀਸਰੀ ਸਭਾ ਪਾਟਲੀ ਪੁੱਤਰ ਵਿਚ ਸਥਾਪਨ ਕੀਤੀ ਗਈ। ਕਾਨਫ਼ਰੰਸ ਦੀ ਸਮਾਪਤੀ ਤੋਂ ਬਾਅਦ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਅਤੇ ਭਾਰਤੀ ਸੀਮਾਵਾਂ ਤੋਂ ਪਾਰ ਲਗਪਗ ਸਾਰੇ ਏਸ਼ੀਆਈ ਦੇਸ਼ਾਂ ਵਿਚ ਬੋਧੀ ਮਿਸ਼ਨ ਭੇਜੇ ਗਏ। ਪਰਿਣਾਮ ਵਜੋਂ, ਬੁੱਧ ਮਤਿ ਦੇ ਫੈਲਾਉ ਵਿਚ ਇਤਨੀ ਪ੍ਰਗਤੀ ਹੋਈ ਜਿਸ ਦਾ ਸਦਕਾ ਬੁੱਧ ਮਤਿ ਪ੍ਰਿਥਵੀ ਦਾ ਮੋਢੀ ਧਰਮ ਹੋਇ ਨਿਬੜਿਆ। ਪ੍ਰੰਤੂ ਬ੍ਰਾਹਮਣੀ ਵਿਰੋਧਾਭਾਸੀ ਨੀਤੀ ਨੇ ਬੁੱਧ ਮਤਿ ਨੂੰ ਖ਼ਤਮ ਕਰਨ ਹਿਤ ਐਸਾ ਛਲਕਪਟੀ ਖੇਤਰ ਆਰੰਭਿਆ ਜਿਸ ਦੀਆਂ ਸਮ, ਦਮ, ਦੰਡ, ਭੇਦ ਜੈਸੀਆਂ ਅਵਰੋਹੀ ਖ਼ੰਦਕਾਂ ਵਿਚੋਂ ਅੱਜ ਤਕ ਭੀ ਬੁੱਧ ਮਤਿ ਬਾਹਰ ਨਹੀਂ ਨਿਕਲ ਸਕਿਆ। ਮੋਰੀਆ ਸ਼ਾਸਨ ਦਾ ਅੰਤ ਹੁੰਦਿਆਂ ਹੀ, ਬ੍ਰਾਹਮਣੀ ਰਾਜਾ ਸੁੰਗ ਪੁਸ਼ੀਆਮਿਤਰ ਨੇ ਬੋਧੀ ਪਰਜਾ, ਬੁੱਧ ਧਰਮ ਦੇ ਭਿਖਸ਼ੂਆਂ ਉੱਤੇ ਇਤਨੇ ਅਣ-ਮਨੁੱਖੀ ਤਸ਼ੱਦਦ ਕੀਤੇ ਜਿਨ੍ਹਾਂ ਨੂੰ ਵੇਖ ਕੇ ਹਿਟਲਰ ਅਤੇ ਈਸਾਈ ਪੁੱਛ-ਪੜਤਾਲੀ (inquisitors) ਕੱਟੜਵਾਦੀਆਂ ਦੀ ਆਤਮਾ ਭੀ ਸ਼ਰਮ ਮਹਿਸੂਸ ਕਰਦੀਆਂ ਹਨ। ਰਾਜਾ ਸੁੰਗ ਪੁਸ਼ੀਆਮਿਤਰ ਨੇ ਉੱਤਰੀ ਭਾਰਤ ਦੇ ਬੋਧੀ ਮੱਠਾਂ ਨੂੰ ਢਾਹ ਢੇਰੀ ਕਰ ਕੇ ਸਦੀਵ ਕਾਲ ਲਈ ਮਿੱਟੀ ਦੇ ਖੰਡਰਾਤ ਬਣਾ ਦਿੱਤੇ। ਇਤਨੀ ਬਰਬਾਦੀ ਦੇ ਬਾਵਜੂਦ ਭੀ ਬੁੱਧ ਮਤਿ ਪੱਛਮੀ ਅਤੇ ਮੱਧ ਭਾਰਤ ਵਿਚ ਬਹੁਤ ਹੀ ਉੱਨਤੀ ਕਰਦਾ ਰਿਹਾ। ਗ਼ਰਜ਼ੇਕਿ, ਸੰਨ 200-100 ਪੂਰਵ ਈਸਾ ਵਿਚ ਬੁੱਧ ਧਰਮ ਦੇ ਮੱਠ ਅਮਰਾਵਤੀ, ਭਾਰਹਟ ਅਤੇ ਸਾਂਚੀ ਜੈਸੇ ਯਾਦਗਾਰੀ ਮੰਦਰ ਉਸਾਰੇ ਗਏ। ਤਕਰੀਬਨ ਇਸੇ ਸਮੇਂ ਹੀ ਕੁਝ ਯੂਨਾਨੀ ਨਸਲ ਦੇ ਭਾਰਤੀ ਰਾਜਿਆਂ ਨੇ ਪੰਜਾਬ ਅਤੇ ਅਫ਼ਗਾਨਿਸਤਾਨ ਵਿਚ ਬੁੱਧ ਮਤਿ ਨੂੰ ਗ੍ਰਹਿਣ ਕੀਤਾ। ਪਰਿਣਾਮ ਵਜੋਂ ਸ਼ਕਾਲਾ (ਸਿਆਲਕੋਟ), ਤਕਸ਼ਿਲਾ ਅਤੇ ਜਲੰਧਰ ਆਦਿ ਬੁੱਧ ਮਤਿ ਦੇ ਵੱਡੇ ਵੱਡੇ ਕੇਂਦਰ ਸਥਾਪਨ ਕੀਤੇ ਗਏ। ਯੂਨਾਨੀ ਬਾਦਸ਼ਾਹ ਮੀਨਾਂਦਰ, ਸਿਕੰਦਰ ਦੇ ਪਿਛਲਗਾਂ ਵਿਚੋਂ ਸਭ ਤੋਂ ਵੱਡਾ ਭਾਰਤੀ ਯੂਨਾਨੀ ਹੁਕਮਰਾਨ ਸੀ। ਮੀਨਾਂਦਰ ਬਾਦਸ਼ਾਹ ਬੁੱਧ ਮਤਿ ਦਾ ਇਤਨਾ ਵੱਡਾ ਸ਼ਰਧਾਲੂ, ਅਨੁਯਾਈ ਅਤੇ ਧਰਮਪਾਲਿਕ ਸੀ, ਜਿਸ ਦੇ ਰਾਜ ਕਾਲ ਵਿਚ ਗੰਧਾਰ (ਅਫ਼ਗਾਨਿਸਤਾਨ) ਵਿਚ ਬੋਧੀ ਕਲਾ ਦੀ ਰੀਤੀ ਪ੍ਰਫੁੱਲਤ ਹੋਈ। ਉਕਤ ਵਾਰਤਾ ਦਾ ਸਾਰੰਸ਼ ਇਹ ਹੋਇਆ ਕਿ ਰਾਜ ਸੱਤਾ ਇਕ ਐਸੀ ਸੁਬੱਲਤਾ ਹੈ ਜਿਸ ਦੇ ਆਸਰੇ ਸੰਸਾਰ ਦੇ ਧਰਮ ਵਿਕਸਤ ਹੁੰਦੇ ਹਨ। ਇਹ ਇਕ ਅਟੱਲ ਸਚਾਈ ਹੈ ਕਿ :

ਰਾਜ ਬਿਨਾਂ ਨਹਿ ਧਰਮ ਚਲੈ ਹੈ ॥ ਧਰਮ ਬਿਨਾਂ ਸਭ ਦਲੈਮਲੈ ਹੈ ॥

ਬੁੱਧ ਮਤਿ ਨੇ ਇਤਨੀ ਉੱਨਤੀ ਕੀਤੀ ਕਿ ਇਹ ਕਾਲ ਚੱਕਰ ਦੇ ਅਧੀਨ

ਵੱਡੇ ਵੱਡੇ ਦੋ ਜਥਿਆਂ ਵਿਚ ਵੰਡਿਆ ਗਿਆ ਜਿਨ੍ਹਾਂ ਦੀ ਸੰਗਿਆ ਮਹਾਯਾਨਾ ਅਤੇ ਹੀਨਾਯਾਨਾ ਕਰਕੇ ਪ੍ਰਸਿੱਧ ਹੋਈ। ਮਹਾਯਾਨਾ ਦਾ ਭਾਵ ਮਹੱਤਵਪੂਰਣ ਵਿਦਵਾਨਾਂ ਦਾ ਸੰਗ੍ਰਹਿ, ਆਲੀ ਮਰਤਬਾ ਵਿਦਵਾਨਾਂ ਦਾ ਸਕੂਲ, ਵੱਡੇ ਵੱਡੇ ਧਰਮ ਸ਼ਾਸਤ੍ਰੀਆਂ ਦਾ ਸੰਗਠਨ। ਹੀਨਾਯਾਨਾ ਦਾ ਭਾਵ ਹੈ ਆਮ ਸਾਧਾਰਣ ਜਨਤਾ ਵਾਸਤੇ ਉਪਦੇਸ਼ਕ ਜਥੇ, ਸਾਧਾਰਣ ਬੋਧੀ ਵਿਸ਼ਵਾਸ ਦੇ ਧਾਰਨੀ ਸੰਨਿਆਸੀ ਅਤੇ ਤਿਆਗੀ ਭਿਖਸ਼ੂਆਂ ਦੇ ਸੰਗ੍ਰਹਿ। ਬੁੱਧ ਮਤਿ ਦੀ ਉਪਦੇਸ਼ਿਕ ਸ਼ੈਲੀ ਨੂੰ ਧਿਆਨ ਵਿਚ ਰੱਖਦਿਆਂ, ਜਦੋਂ ਕੋਈ ਵਿਅਕਤੀ ਪਰਮਾਤਮਾ ਦੀ ਟੇਕ ਤੋਂ ਸੱਖਣਾ ਰਹਿ ਕੇ ਨਿਰੋਲ ਆਪਣੇ ਆਪ 'ਤੇ ਹੀ ਨਿਰਭਰ ਹੋ ਜਾਵੇ ਤਦ ਇਨਸਾਨੀ ਖੀਣਤ ਦਸ਼ਾ ਦੇ ਸਮੇਂ ਅਥਵਾ ਅੰਤ੍ਰੀਵੀ ਘਬਰਾਹਟ ਦੇ ਸਮੇਂ ਐਸਾ ਵਿਅਕਤੀ ਸਵੈਮ ਤੌਰ 'ਤੇ ਨਿਆਸਰਾ ਹੋਇ ਨਿਬੜਦਾ ਹੈ। ਐਸੀ ਅਧੋਗਤੀ ਦੇ ਕਾਲ ਚੱਕਰ ਵਿਚ ਬੋਧੀ ਭਿਖਸ਼ੂ ਰੱਬੀ ਆਸਰੇ ਦੇ ਥਾਂ ਬੁੱਧ ਨੂੰ ਹੀ ਨਿਜੀ ਜੀਵਨ ਦਾਤਾ ਸਮਝ ਬੈਠੇ। ਅਨੇਕਾਂ ਪ੍ਰਕਾਰ ਦੀਆਂ ਪ੍ਰਤਿਮਾ, ਭਾਵ ਬੁੱਧ ਦੀ ਰੂਪ-ਰੇਖਾ ਨਾਲ ਮਿਲਦੇ-ਜੁਲਦੇ ਕਈ ਪ੍ਰਕਾਰ ਦੇ ਬੁੱਤ ਬਣਾਏ ਗਏ। ਬੁੱਧ ਮਤਿ ਦੀ ਐਸੀ ਕਮਜ਼ੋਰੀ ਨੂੰ ਅਨੁਭਵ ਕਰਦਿਆਂ, ਛੇਵੀਂ ਸਦੀ ਦੇ ਦੌਰਾਨ ਕੁਝ ਵੈਸ਼ਨਵ ਮਤਿ ਦੇ ਰਾਜਿਆਂ ਨੇ ਬੋਧੀ ਭਿਖਸ਼ੂਆਂ ਦਾ ਕਤਲੇਆਮ ਬਹੁਤ ਹੀ ਬੇਰਹਿਮੀ ਦੁਆਰਾ ਕੀਤਾ, ਜਿਨ੍ਹਾਂ ਵਿਚ ਰਾਜਾ ਮਹੀਰਾਕੁਲ (Mihirakula) ਨੇ ਗੰਧਾਰ ਦੇਸ਼ ਦੇ ਅਨੇਕਾਂ ਭਿਖਸ਼ੂ ਤਲਵਾਰ ਦੀ ਧਾਰ ਥੱਲੇ ਖ਼ਤਮ ਕੀਤੇ। ਸੱਤਵੀਂ ਸਦੀ ਈਸਾ ਦੇ ਆਰੰਭ ਵਿਚ ਭਾਰਤ ਦੇ ਪੂਰਬੀ ਸੂਬੇ ਜਿਨ੍ਹਾਂ ਵਿਚ ਬੰਗਾਲ ਅਤੇ ਉੜੀਸਾ ਸ਼ਾਮਲ ਸਨ, ਰਾਜਾ ਸਾਸਨਕ ਨੇ ਅਨੇਕਾਂ ਹੀ ਬੋਧੀ ਸੰਗਠਨਾਂ ਨੂੰ ਢਹਿ-ਢੇਰੀ ਕੀਤਾ ਅਤੇ ਗਯਾ ਵਿਚ ਤਵਾਰੀਖ਼ੀ ਬੋਧੀ ਪਿੱਪਲ ਨੂੰ ਕੱਟ ਦਿੱਤਾ ਪ੍ਰੰਤੂ ਇਹ ਬਿਰਖ ਧੀਰੇ ਧੀਰੇ ਦੋਬਾਰਾ ਹਰਾ ਭਰਾ ਹੋ ਗਿਆ। ਸੱਤਵੀਂ ਸਦੀ ਵਿਚ ਰਾਜਾ ਹਰਸ਼ ਜੋ ਬੁੱਧ ਧਰਮ ਦਾ ਬਹੁਤ ਹੀ ਵੱਡਾ ਸ਼ਰਧਾਲੂ ਅਤੇ ਧਰਮਪਾਲਿਕ ਸੀ, ਉਸ ਨੇ ਪੰਜਾਬ ਤੋਂ ਲੈ ਕੇ ਬਿਹਾਰ ਤਕ ਬਹੁਤ ਵੱਡੇ ਭਾਗ ਉੱਤੇ ਰਾਜ ਕੀਤਾ। ਸ਼ਿਵ ਪੂਜਕ ਹਿੰਦੂ ਰਾਜਿਆਂ ਦੇ ਹਮਲਿਆਂ ਦੇ ਬਾਵਜੂਦ ਭੀ ਰਾਜਾ ਹਰਸ਼ ਦੇ ਰਾਜ ਕਾਲ ਵਿਚ ਬੁੱਧ ਧਰਮ ਨੇ ਬਹੁਤ ਵੱਡੀ ਤਰੱਕੀ ਕੀਤੀ। ਇਹੀ ਉਹ ਸਮਾਂ ਸੀ ਜਦੋਂ ਚੀਨ ਦੇ ਪ੍ਰਸਿੱਧ ਯਾਤਰੂ ਹਿਊਨਸਾਂਗ ਨੇ ਭਾਰਤ ਦੀ ਯਾਤਰਾ ਕੀਤੀ।

9.93 ਬੁੱਧ ਮਤਿ ਦੀ ਗਿਰਾਵਟ ਦੇ ਕਾਰਨ

S.W. Venkateshwra ਦੇ ਕਥਨ ਅਨੁਸਾਰ ਸ਼ੰਕਰਆਚਾਰੀਆ ਦਾ ਜਨਮ ਕੋਚੀਨ ਦੇ ਇਲਾਕੇ ਦੇ ਕਾਲਦੀ ਪਿੰਡ ਵਿਚ ਸ਼ਿਵ ਗੁਰੂ ਬ੍ਰਾਹਮਣ ਦੇ ਘਰ ਮਾਤਾ ਵਸ਼ਿਸ਼ਟਾ ਦੇ ਉਦਰ ਤੋਂ ਸੰਨ 805 ਈਸਵੀ ਵਿਚ ਹੋਇਆ। ਇਹ

ਬਹੁਤ ਉੱਚੇ ਦਰਜੇ ਦਾ ਵਿਦਵਾਨ ਸੀ। ਹਿੰਦੂ ਮਤਿ ਦੇ ਅਨੁਸਾਰ ਇਸ ਨੂੰ ਸ਼ਿਵ ਦਾ ਅਵਤਾਰ ਮੰਨਿਆ ਜਾਂਦਾ ਹੈ। ਬੁੱਧ ਮਤਿ ਦੇ ਖ਼ਾਤਮੇ ਵਾਸਤੇ ਇਸ ਨੇ ਬੁੱਧ ਮਤਿ ਦੇ ਮਹਾਂਯਾਨੀ ਸੰਗਠਨ ਵਿਚ ਇਕ ਸੰਨਿਆਸੀ ਦਾ ਰੂਪ ਧਾਰ ਕੇ ਘੁਸਪੈਠ ਕੀਤੀ। ਸ਼ਿਵਮਤੀ ਹਿੰਦੂ ਰਾਜਿਆਂ ਨੂੰ ਨਾਲ ਮਿਲਾ ਕੇ ਬੁੱਧ ਮਤਿ ਦਾ ਇਤਨਾ ਕਤਲੋ-ਗਾਰਤ ਕੀਤਾ, ਪਰਿਣਾਮ ਵਜੋਂ ਬੁੱਧ ਮਤਿ ਦੀਆਂ ਜੜ੍ਹਾਂ ਹਮੇਸ਼ਾ ਵਾਸਤੇ ਹਿੰਦੁਸਤਾਨ ਵਿਚੋਂ ਨੇਸਤੋ-ਨਾਬੂਦ ਕਰ ਦਿੱਤੀਆਂ। ਭਾਵੇਂ ਬੁੱਧ ਮਤਿ ਦੇ ਭਿਖਸ਼ੂਆਂ ਵਿਚ ਗਿਰਾਵਟ ਲਾਜ਼ਮੀ ਹੀ ਆ ਗਈ ਸੀ ਪ੍ਰੰਤੂ ਬੁੱਧ ਮਤਿ ਦੀ ਬਰਬਾਦੀ ਦਾ ਵੱਡਾ ਅਤੇ ਪਹਿਲਾ ਕਾਰਨ ਸ਼ੰਕਰਾਚਾਰੀਆ ਹੀ ਆਖਿਆ ਜਾ ਸਕਦਾ ਹੈ, ਜਿਸ ਦੀ ਪ੍ਰੋੜ੍ਹਤਾ ਪੰਡਤ ਜਵਾਹਰ ਲਾਲ ਨਹਿਰੂ ਨਿਮਨ ਲਿਖਤ ਦੁਆਰਾ ਕਰਦੇ ਹਨ, ਜਿਵੇਂ :

Shankra Charya penetrated in Buddhism as a Sanyasi.

ਬੁੱਧ ਮਤਿ ਦੀ ਬਰਬਾਦੀ ਉਸ ਵੇਲੇ ਆਰੰਭ ਹੋਈ, ਜਦੋਂ ਅਨੇਕਾਂ ਹੀ ਬੋਧੀ ਵਿਦਵਾਨ ਹਿੰਦੁਸਤਾਨ ਨੂੰ ਛੱਡ ਕੇ ਚੀਨ ਵਿਚ ਚਲੇ ਗਏ। ਕਿਉਂਕਿ ਗੁਪਤਾ ਹਕੂਮਤ ਦੇ ਸਮੇਂ ਚੌਥੀ ਅਤੇ ਪੰਜਵੀਂ ਸਦੀ ਵਿਚ ਗੁਪਤਾ ਰਾਜਿਆਂ ਨੇ ਬੋਧੀਆਂ ਦੀ ਬਜਾਏ ਬ੍ਰਾਹਮਣਾਂ ਨੂੰ ਥਾਪੜਾ ਦੇਣਾ ਆਰੰਭ ਦਿੱਤਾ, ਜਿਵੇਂ :

Meanwhile there had been a revival of Brahminism and a great cultural renaissance under the Imperial Guptas in the fourth and fifth centuries A.C. This was not anti Buddhist in any way but it certainly increased the importance and power of Brahminism, and it was also a reaction against the otherworldliness of Buddhism.

ਗੁਪਤਾ ਨੇ ਹਿਊਨ (Hun) ਜੋ ਕਿ ਬੋਧੀ ਧਰਮ ਦਾ ਬਾਦਸ਼ਾਹ ਸੀ, ਉਸ ਨੂੰ ਦੇਸ਼ ਵਿਚੋਂ ਕੱਢਣ ਹਿਤ ਬਹੁਤ ਹੀ ਜੱਦੋ-ਜਹਿਦ ਕੀਤੀ ਜਿਸ ਦੇ ਕਾਰਣ ਦੇਸ਼ ਨੂੰ ਭੀ ਕਾਫ਼ੀ ਹਾਨੀ ਹੋਈ ਔਰ ਨਾਲ ਦੀ ਨਾਲ ਬੁੱਧ ਮਤਿ ਨੂੰ ਭੀ ਬਹੁਤ ਹੀ ਵੱਡਾ ਨੁਕਸਾਨ ਹੋਇਆ। ਪਰਿਣਾਮ ਵਜੋਂ ਬ੍ਰਾਹਮਣਾਂ ਅਤੇ ਬੋਧੀਆਂ ਦੇ ਧਾਰਮਕ ਅਭਿਆਸ ਵਿਚ ਬਹੁਤ ਵੱਡੀ ਗਿਰਾਵਟ ਆਈ, ਜਿਵੇਂ :

But both Brahminism and Buddhism deteriorated and degrading practices grew up in them. It became difficult to distinguish the two. If Brahminism absorbed Buddhism, this process changed Brahminism also in many ways.

ਇਹੀ ਉਹ ਸਮਾਂ ਸੀ ਜਦੋਂ ਬ੍ਰਾਹਮਣਾਂ ਵਿਚ ਯੋਗ ਮਤਿ ਦੀ ਧਾਰਾ ਆਰੰਭ ਹੋਈ ਜੋ ਅੱਜ ਤਕ ਭੀ ਚਾਲੂ ਹੈ, ਭਾਵ ਹਿੰਦੂ ਮਤਿ ਅਤੇ ਬੁੱਧ ਮਤਿ ਆਪਸ

ਵਿਚ ਮਿਲ ਗੌਬਾ ਬਣ ਗਏ। ਇਹੀ ਵੱਡਾ ਕਾਰਨ ਹੈ ਕਿ ਹਿੰਦੂ ਅੱਜ ਭੀ ਬੁੱਧ ਮਤਿ ਨੂੰ ਹਿੰਦੂ ਮਤਿ ਦਾ ਭਾਗ ਹੀ ਸਮਝਦਾ ਹੈ।

ਅੱਠਵੀਂ ਸਦੀ ਦੇ ਆਰੰਭ ਵਿਚ ਸ਼ੰਕਰਾਚਾਰੀਆ ਜੋ ਕਿ ਬਹੁਤ ਵੱਡਾ ਦਾਰਸ਼ਨਿਕ ਬ੍ਰਾਹਮਣ ਸੀ, ਜਿਸ ਨੇ ਬੋਧੀ ਧਰਮ ਨੂੰ ਭ੍ਰਿਸ਼ਟ ਕਰਨ ਹਿਤ ਸੰਨਿਆਸੀਆਂ ਦਾ ਭੇਖ ਧਾਰ ਕੇ ਬੋਧੀ ਮਹੰਤਾਂ ਦੀਆਂ ਮੰਡਲੀਆਂ ਵਿਚ ਪ੍ਰਵੇਸ਼ ਕੀਤਾ ਜਿਵੇਂ ਅੱਜ ਕੱਲ ਰਾਸ਼ਟ੍ਰੀ ਸਿਖ ਸੰਗਤ ਦੇ ਰੂਪ ਵਿਚ ਹਿੰਦੂ ਵਿਦਵਾਨ ਸਿੱਖੀ ਨੂੰ ਭ੍ਰਿਸ਼ਟ ਕਰਨ ਹਿਤ, ਸਿੱਖੀ ਵਿਚ ਪ੍ਰਵੇਸ਼ ਕਰ ਰਹੇ ਹਨ। ਇਸ ਖ਼ਿਆਲ ਦੀ ਪ੍ਰੋੜ੍ਹਤਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ। ਜਿਵੇਂ:

In the eighth century Shankra Charya, one of the greatest of India's philosophers, started religious orders or math for Hindu sanyasins or monks. This was an adoption of the old Buddist practice of Sangha. Previously there had been no such organizations of sanyasins in Brahminism, although small group of them existed.

Some degraded forms of Buddhism continued in East Bengal and in Sind in the North West. Otherwise Buddhism gradually vanished from India as a widespread religion.[1]

ਪੁਰਾਤਨ ਸਮੇਂ ਤੋਂ ਹੀ ਬ੍ਰਾਹਮਣ ਜਾਤੀ ਦੀ ਸਰਵਉਚਤਾ ਆਰੀਆ ਸਮਾਜ ਵਿਚ ਸਵੀਕਾਰ ਕੀਤੀ ਹੋਈ ਪ੍ਰਮੁੱਖਤਾ ਸੀ। ਪ੍ਰੰਤੂ, ਬੁੱਧ ਮਤਿ ਦੇ ਰਾਜ ਕਾਲ ਵਿਚ ਅਥਵਾ ਬੁੱਧ ਮਤਿ ਦੇ ਪਸਾਰੇ ਦੇ ਕਾਰਨ, ਬ੍ਰਾਹਮਣੀ ਸਰਦਾਰੀ ਅਤੇ ਰਾਜ ਦਰਬਾਰੀ ਸਫ਼ਾਂ ਨੂੰ ਲਪੇਟ ਕੇ ਇਕਲਵਾਂਝੀ ਨੁੱਕਰ ਵਿਚ ਟਿਕਣ ਲਈ ਮਜਬੂਰ ਕੀਤਾ ਗਿਆ, ਭਾਵੇਂ ਮਹਾਤਮਾ ਬੁੱਧ ਦੀ ਉਪਦੇਸ਼ਿਕ ਸ਼ੈਲੀ ਕਿਸੇ ਦੂਸਰੇ ਵਿਅਕਤੀ ਅਥਵਾ ਵਿਰੋਧੀ ਧਰਮ ਦੇ ਵਿਰੁੱਧ ਆਕਰਮਣ ਕਰਨ ਪ੍ਰਤਿ ਆਗਿਆ ਨਹੀਂ ਦਿੰਦੀ। ਪ੍ਰੰਤੂ ਬੁੱਧ ਮਤਿ ਨੇ ਹਿੰਦੂ ਕਰਮਕਾਂਡੀ ਰੀਤੀਆਂ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਕੇ ਪਰਸਪਰ ਸੰਪਰਕ ਦੇ ਮਾਰਗ ਨੂੰ ਬੁਨਿਆਦੀ ਤੌਰ 'ਤੇ ਜੰਦਰੇ ਲਾ ਕੇ ਦਰਵਾਜ਼ੇ ਬੰਦ ਕਰ ਦਿੱਤੇ। ਜਦੋਂ ਕਿਸੇ ਇਨਸਾਨ ਦੀ ਪ੍ਰਮੁੱਖਤਾ ਅਵਰੋਹੀ ਖ਼ੰਦਕਾਂ ਵਿਚ ਸੁੱਟੀ ਜਾਵੇ, ਉਸ ਨੂੰ ਨੀਵੇਂ ਥਾਂ 'ਤੇ ਖੜਾ ਕਰ ਕੇ ਪਰਸਪਰ ਸਹਿਕਾਰਤਾ ਅਥਵਾ ਮਿਲਵਰਤਨ ਦੀ ਆਸ ਰੱਖਣੀ ਅੰਧੇਰੇ ਦੀ ਯਾਤਰਾ ਹੀ ਆਖੀ ਜਾ ਸਕਦੀ ਹੈ। ਬਸ ਇਹੀ ਉਹ ਮੂਲਿਕ ਸ਼ਿਲਾ ਹੈ ਜਿਸ ਦੇ ਆਧਾਰ 'ਤੇ ਹਿੰਦੂ ਮਤਿ ਦੀ ਅੰਤ੍ਰੀਵੀ ਸੋਚ, ਬੁੱਧ ਮਤਿ ਪ੍ਰਤਿ ਬਦਲੇ ਦੀ ਭਾਵਨਾ ਰੱਖਦੀ ਹੈ। ਇਸ ਖ਼ਿਆਲ ਦੀ ਪ੍ਰੋੜ੍ਹਤਾ ਪੰਡਤ ਜਵਾਹਰ ਲਾਲ ਜੀ ਦੀ ਸ਼ਬਦਾਵਲੀ ਦੁਆਰਾ ਵੇਖਣੀ ਵਧੇਰੇ ਲਾਭਦਾਇਕ ਹੋਵੇਗੀ:

"Attacks on Brahmin by the Buddha it is a serious matter."

1. *Discovery of India* by Jawahar Lal Nehru, p. 180.

There is nothing in Buddha's teaching that cannot be reconciled with the wide-flung of Hindu thought. But when Brahmin supremacy was attacked it was a different matter.[1]

ਦੁਨੀਆ ਦੀ ਰਾਜਨੀਤਕ ਅਤੇ ਵਿਦਿਅਕ ਪ੍ਰਣਾਲੀ ਦੇ ਸਾਹਮਣੇ ਇਕ ਬਹੁਤ ਹੀ ਗੰਭੀਰ ਪ੍ਰਸ਼ਨ-ਚਿੰਨ੍ਹ ਹੈ ਕਿ ਇਹ ਕਿਵੇਂ ਸੰਭਵ ਹੋ ਸਕਦਾ ਹੈ ਕਿ ਬਹੁਤ ਹੀ ਅੱਛੇ ਨਿਜ਼ਾਮ ਵਿਚ ਵਿਵਸਥਿਤ ਹੋਏ ਬੁੱਧ ਧਰਮ ਨੂੰ ਕਿਸੇ ਗੰਭੀਰ ਮੁੱਠਭੇੜ ਤੋਂ ਬਿਨਾਂ ਹੀ ਬੁੱਧ ਮਤਿ ਦੀ ਵੱਡੀ ਸੰਖਿਆ ਨੂੰ ਹਿੰਦੁਸਤਾਨ ਦੀ ਸੀਮਾ ਤੋਂ ਬਾਹਰ ਸੁੱਟ ਦਿੱਤਾ ਹੈ ? ਅਤੇ ਬੁੱਧ ਮਤਿ ਦੀ ਬਾਕੀ ਨਿਰਬਲ ਸੰਖਿਆ ਨੂੰ ਹਿੰਦੂ ਮਤਿ ਦੇ ਮਿਲਗੋਭੇ ਵਿਚ ਰਲਗਡ ਕੀਤਾ ਗਿਆ ਹੈ। ਸੰਸਾਰੀ ਧਰਮਾਂ ਦੇ ਇਤਿਹਾਸ ਵਿਚ ਇਹ ਇਕ ਅਤਿ ਅਨੂਠੀ, ਅਸਾਧਾਰਣ ਅਤੇ ਅਸਚਰਜਮਈ ਗਾਥਾ ਹੈ ਕਿ ਕਿਸੇ ਬਲਹੀਣ ਧਰਮ ਨੇ ਪ੍ਰਿਥਵੀ ਦੇ ਸੁਬੱਲਤ ਅਤੇ ਸੰਗਠਤ ਧਰਮ ਦੀ ਫੱਟੀ ਪੋਚ ਦਿੱਤੀ ਹੋਵੇ। ਇਸ ਧਾਰਾ ਪ੍ਰਤਿ ਅਥਵਾ ਹਿੰਦੂ ਸ਼ੈਲੀ ਦੀ ਅੰਤ੍ਰੀਵੀ ਚੇਤਨਤਾ ਪ੍ਰਤਿ ਪੰਡਤ ਜੀ ਸ਼ਾਹਦੀ ਭਰਦੇ ਹਨ, ਜਿਵੇਂ :

"How Hinduism Absorb Buddhism in India ?"

Question by Andre Malraux in Paris how that enabled Hinduism to push away organized Buddhism from India, without any major conflict, over a thousand years ago ? How did Hinduism succeeded in absorbing, as it were, a great and widespread popular religion. Without the usual wars of religion which disfigure the history of so many countries ? What inner vitality or strength did Hinduism possess then which enabled it to perform this remarkable feat ? And did India possess this inner vitality or strength today ? If so,[2]

ਦੁਨੀਆ ਦੇ ਕੁਝ ਵਿਦਵਾਨਾਂ ਦਾ ਖ਼ਿਆਲ ਹੈ ਕਿ ਹਿੰਦੁਸਤਾਨੀ ਸੱਭਿਅਤਾ ਵਿਚ ਇਕ ਖ਼ਾਸ ਵਿਸ਼ੇਸ਼ਤਾ ਕੁਦਰਤੀ ਯੋਗਤਾ ਅਤੇ ਸ੍ਰੇਸ਼ਟ ਬੁੱਧੀ ਜੈਸੀ ਨਿਪੁੰਨਤਾ ਹੈ ਕਿ ਇਹ ਜਿਸ ਖ਼ਿਆਲ ਨੂੰ, ਜਿਸ ਵਸਤੂ ਨੂੰ ਅਥਵਾ ਜਿਸ ਸੱਭਿਅਤਾ ਨੂੰ ਉਧਾਰੀ ਵਸਤੂ ਵਜੋਂ ਪ੍ਰਾਪਤ ਕਰਦੇ ਹਨ, ਉਸ ਨੂੰ ਆਪਣੇ ਸਮੂੰਹ ਵਿਚ ਜਜ਼ਬ ਕਰਨ ਦੀ ਯੋਗਤਾ ਰੱਖਦੇ ਹਨ। ਇਸ ਕਾਰਜਸ਼ੈਲੀ ਨੂੰ ਸਰੰਜਾਮ ਦੇਣ ਹਿਤ ਵਿਰੋਧੀ ਧਿਰ ਵਿਚ ਘੁਸਪੈਠ ਕਰਨਾ ਇਨ੍ਹਾਂ ਦਾ ਮੂਲਿਕ ਲੱਛਣ ਹੈ। ਵਿਰੋਧੀ ਖ਼ਿਆਲਾਂ ਦੇ ਰਾਜਨੀਤਕ ਅਥਵਾ ਧਾਰਮਕ ਰਹਿਬਰ ਨੂੰ ਆਪਣਾ ਪ੍ਰਵਕਤਾ (Prophet) ਸਵੀਕਾਰ ਕਰਨਾ ਭੀ ਇਨ੍ਹਾਂ ਦੀ "ਸਮ, ਦਮ ਦੰਡ ਅਤੇ

---

1. *Discovery of India* by Jawahar Lal Nehru, pp. 174-75.
2. *Ibid.*, p. 178.

ਭੇਦ" ਨੀਤੀ ਦਾ ਅਤਿ ਛਲ ਕਪਟੀ ਅਤੇ ਗੁੰਝਲਦਾਰ ਖ਼ਾਸਾ ਹੈ। ਇਸੇ ਕਪਟੀ ਨਿਪੁੰਨਤਾ ਦੇ ਅਧੀਨ ਇਨ੍ਹਾਂ ਨੇ ਮਹਾਤਮਾ ਬੁੱਧ ਨੂੰ ਭੀ ਹਿੰਦੂਆਂ ਦਾ ਨੌਂਵਾਂ ਅੰਸ਼ਾ ਅਵਤਾਰ ਘੋਸ਼ਤ ਕੀਤਾ ਅਤੇ ਬੁੱਧ ਮਤਿ ਦੀਆਂ ਅੰਦਰੂਨੀ ਮਾਹਾਯਾਨੀ ਸਫ਼ਾਂ ਵਿਚ ਪ੍ਰਵੇਸ਼ ਕੀਤਾ। ਬਿਲਕੁਲ ਉਹੀ ਕਪਟੀ, ਮਾਰੂ ਅਤੇ ਘੁਸਪੈਠ ਨੀਤੀ ਹੈ ਜਿਸ ਦੇ ਆਧਾਰ 'ਤੇ ਵਿਰਤੀਹਾਣ ਸਮੇਂ ਵਿਚ ਸਿਖ ਕੌਮ ਦੀਆਂ ਅੰਦਰੂਨੀ ਸਫ਼ਾਂ ਵਿਚ ਆਰ.ਐਸ.ਐਸ. ਦੇ ਰਾਹੀਂ ਦਸਮ ਗ੍ਰੰਥ ਦਾ ਮਸੌਦਾ ਤਿਆਰ ਕਰ ਕੇ ਐਸਾ ਪੰਛੀ ਜਾਲ ਰਚਿਆ ਜਾ ਰਿਹਾ ਹੈ, ਜਿਸ ਦੇ ਹਾਨੀਕਾਰਕ ਫੰਦੇ ਵਿਚੋਂ ਖ਼ਲਾਸੀ ਪ੍ਰਾਪਤ ਕਰਨੀ ਆਸਾਨ ਨਹੀਂ ਹੈ। ਜਿਵੇਂ ਬੋਧੀ ਮਾਹਾਯਾਨਾਂ ਦੀਆਂ ਸਫ਼ਾਂ ਵਿਚ ਪ੍ਰਵੇਸ਼ ਕਰਕੇ ਸ਼ੰਕਰਾਚਾਰੀਆ ਦੇ ਅਦਵੈਤ ਮਾਰਗ ਨੇ ਘੁਸਪੈਠ ਕੀਤਾ ਅਤੇ ਪਰਸਪਰ ਸਹਿਕਾਰਤਾ ਦੇ ਕਾਰਨ ਐਸੇ ਮਿਲਗੋਭਾ ਬਣੇ ਜੋ ਅੱਜ ਭੀ ਹਿੰਦੂ ਅਤੇ ਬੁੱਧ ਮਤਿ ਦਾ ਰਲਗਡ ਹੀ ਆਖਿਆ ਜਾ ਸਕਦਾ ਹੈ। ਵਾਸਤਵਿਕ ਤੌਰ 'ਤੇ ਇਹੀ ਉਹ ਨਿਰਬਲਤਾ ਸੀ ਜਿਸ ਨੇ ਆਰੀਆ ਕੌਮ ਦਾ ਕਸ਼ੱਤ੍ਰੀ ਗੌਰਵ, ਕਸ਼ੱਤ੍ਰੀ ਵਿਰਸਾ ਅਵਰੋਹੀ ਖ਼ੰਦਕਾਂ ਵਿਚ ਦਫ਼ਨਾ ਦਿੱਤਾ। ਅੰਜਾਮ ਵਜੋਂ ਉੱਤਰ ਪੱਛਮੀ ਇਸਲਾਮਿਕ ਆਕਰਮਣਕਾਰੀਆਂ ਦੇ ਸਾਹਮਣੇ ਖੜੇ ਹੋ ਕੇ ਨਿਜੀ ਰੱਖਿਆ ਕਰਨ ਦਾ ਬਲ ਦਲਦਲ ਦੀਆਂ ਖੀਣਤ ਤਲਾਂ ਵਿਚ ਅਲੋਪ ਹੋਇ ਨਿਬੜਿਆ। ਉਕਤ ਖ਼ਿਆਲ ਦੀ ਪ੍ਰੋੜ੍ਹਤਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਅਤੇ ਪਰਖੀ ਜਾ ਸਕਦੀ ਹੈ:

For historical reasons, Buddhism was driven out of India, not only because a militant Hinduism alone could counter the attacks of Islam from the North-West, but also because non-violence to living beings having been integrated with Hindu life and belief and the Buddha coming a Hindu god, there was no longer any need for his special faith being accepted by the common mass.[1]

ਬੁੱਧ ਮਤਿ ਦੀਆਂ ਸਫ਼ਾਂ ਵਿਚ ਅਥਵਾ ਮਾਹਾਯਾਨੀ ਵਿਦਿਆਲੇ ਵਿਚ ਸ਼ੰਕਰਚਾਰੀਆ ਦੇ ਅਦਵੈਤ ਮਾਰਗ ਦਾ ਪ੍ਰਵੇਸ਼ ਕਰਨਾ ਹੀ ਇਕ ਐਸੀ ਦੁਖਦਾਈ ਅਤੇ ਮਾਰੂ ਘਟਨਾ ਹੈ ਜਿਸ ਦੇ ਫਲਸਰੂਪ ਬੁੱਧ ਮਤਿ ਦਾ ਤੱਤ੍ਵਮਈ ਖ਼ਾਸਾ ਅੰਨ੍ਹੇ ਖੂਹ ਦੀਆਂ ਤਲਾਂ ਵਿਚ ਗ਼ਰਕ ਹੋ ਗਿਆ। ਮਹਾਤਮਾ ਬੁੱਧ ਨੂੰ ਅੰਸ਼ਾ ਅਵਤਾਰ ਘੋਸ਼ਤ ਕਰਨ ਤੋਂ ਬਾਦ ਭਾਵੇਂ ਲਘੂ ਸਮੇਂ ਪ੍ਰਤਿ ਮਾਹਾਯਾਨੀ ਵਿਦਿਆ ਦਾ ਪਸਾਰਾ ਹਿੰਦੂ ਜਨਤਾ ਵਿਚ ਨਿਰਸੰਦੇਹ ਸਵੀਕਾਰਿਆ ਗਿਆ ਪ੍ਰੰਤੂ ਬੁੱਧ ਮਤਿ ਦਾ ਵਾਸਤਵਿਕ ਉਪਦੇਸ਼ ਹਿੰਦੂ ਮਤਿ ਦੇ ਕਰਮਕਾਂਡੀ ਜਾਲ

1. Sri Guru Granth Sahib, Volume I (in English), by Dr. Gopal Singh, M.A., Ph.D., p. XXV.

ਵਿਚ ਐਸਾ ਫਾਥਾ ਜੋ ਕਿ ਅੱਜ ਤਕ ਭੀ ਨਹੀਂ ਨਿਕਲ ਸਕਿਆ। ਬੁੱਧ ਮਤਿ ਦੀ ਨੈਤਿਕਤਾ ਅਤੇ ਇਖ਼ਲਾਕੀ ਵਿਸ਼ੇਸ਼ਤਾ ਸ਼ੰਕਰਾਚਾਰੀਆ ਦੇ ਕਪਟੀ ਜਾਲ ਵਿਚ ਉਲਝੀ ਹੋਈ ਇਖ਼ਲਾਕੀ ਵਿਰਾਸਤ ਵਲੋਂ ਹਮੇਸ਼ਾ ਵਾਸਤੇ ਹੱਥ ਧੋ ਬੈਠੀ। ਇਸ ਮਾਰੂ ਅਤੇ ਹਾਨੀਕਾਰਕ ਉਲਝਣ ਦੀ ਪ੍ਰੋੜ੍ਹਤਾ ਸੰਸਾਰ ਦੇ ਕਈ ਇਕ ਪ੍ਰਸਿੱਧ ਵਿਦਵਾਨਾਂ ਨੇ ਕੀਤੀ ਹੈ, ਜਿਵੇਂ :

"India", says Kieth, "Has a strange genius for converting what it borrows and assimilating it," Hinduism declared Buddha's as a Hindu's Prophet. The Mahayana especially approached the Brahminical system and forms. It was prepared to compromise with almost anything, so long as its ethical background remained. Brahminism made of Buddha an Avtar, a God. So did Buddhism. The Mahayan doctrine spread repidly but it lost in quality and distinctiveness what it gained in extent. The monasteries became rich, centers of vested interests, and their discipline became lax. Magic and superstitions crept into the popular forms of worship. There was a progressive degeneration of Buddhism in India after the first millenium of its existence. Mrs. Rhys David points out its diseased state during that period : under the over powering influence of these sickly imaginations the moral teaching of Gautma have been almost hid from references view. The theories grew and flourished, each new step, each new hypothesis demanded an other; until the whole sky was filled with forgeries of the brain, and the nobler and simpler lessons of the founder of the religion were smothered beneath the glittering mass of metaphysical subtleties.[1]

ਸਮੁੱਚੇ ਭਾਰਤ ਵਿਚੋਂ ਬੁੱਧ ਮਤਿ ਦਾ ਛਾਈਮਾਈ ਹੋ ਜਾਣਾ ਕੋਈ ਸਾਧਾਰਣ ਗਾਥਾ ਨਹੀਂ ਹੈ, ਬਲਕਿ ਗਿਣੀ ਮਿਥੀ ਸਾਜ਼ਿਸ਼ ਦੇ ਅਧੀਨ ਗੁਪਤਾ ਰਾਜਿਆਂ ਵਲੋਂ ਬ੍ਰਾਹਮਣਵਾਦ ਦੀ ਪਿੱਠ ਥਾਪੜਨਾ ਹੈ। ਇਸ ਚਿੱਤਰ ਦੇ ਦੂਜੇ ਪਾਸੇ ਬੋਧੀ ਭਿਖਸ਼ੂਆਂ ਦੀ ਨਿਰਾਦਰੀ ਅਤੇ ਵਿਰੋਧਤਾ ਕਰਨੀ ਨਿਤਾਪ੍ਰਤਿ ਜੀਵਨ ਦਾ ਸਾਧਾਰਣ ਵਿਹਾਰ ਬਣ ਚੁੱਕਾ ਸੀ। ਬੁੱਧ ਮਤਿ ਜੈਸੇ ਨਰਮ ਖ਼ਿਆਲੀ ਧਰਮ ਦੀ ਗਤੀ ਨੂੰ ਸਥਿਰ ਰੱਖਣ ਹਿਤ ਰਾਜਸੀ ਰੱਖਵਾਲੀ ਅਥਵਾ ਸ਼ਾਹੀ ਸਰਪ੍ਰਸਤੀ ਦਾ ਹੋਣਾ ਇਤਨਾ ਲਾਜ਼ਮੀ ਸੀ ਜਿਵੇਂ ਕਿਸੇ ਫਲਦਾਰ ਬਗ਼ੀਚੇ ਨੂੰ

1. *Discovery of India* by Jawahar Lal Nehru, p. 180, and by Dr. Radha Krishanan, *Philosophy of India*, 1927.

ਵਾਰ ਦੀ ਆਵਸ਼ਕਤਾ ਹੁੰਦੀ ਹੈ। ਸ਼ਾਹੀ ਸਰਪ੍ਰਸਤੀ ਨਾ ਮਿਲਣ ਕਰਕੇ ਬ੍ਰਾਹਮਣੀ ਸੱਤਾ ਦੇ ਰਾਜਿਆਂ ਅਤੇ ਅਹਿਲਕਾਰਾਂ ਨੇ ਬੋਧੀ ਰੀਤੀਆਂ ਦੇ ਵਿਰੁੱਧ ਐਸੀਆਂ ਘਿਰਣਤ ਕੁਰੀਤੀਆਂ ਆਰੰਭੀਆਂ, ਜਿਨ੍ਹਾਂ ਨੂੰ ਕਲਮਬੰਦ ਕਰਨ ਲੱਗਿਆਂ, ਕਲਮ ਦੀਆਂ ਅੰਤ੍ਰੀਵੀ ਤਰਬਾਂ ਦਾ ਲੜਖੜਾ ਜਾਣਾ ਇਕ ਸਾਧਾਰਣ ਸਥਿਤੀ ਹੀ ਆਖੀ ਜਾ ਸਕਦੀ ਹੈ। ਸਮੇਂ ਦੀ ਹਕੂਮਤ ਨੇ ਬੋਧੀ ਮੰਦਰਾਂ ਅਤੇ ਬੋਧੀ ਮੂਰਤੀਆਂ ਨੂੰ ਹਿੰਦੂ ਮੰਦਰਾਂ ਅਤੇ ਮੂਰਤੀਆਂ ਵਿਚ ਬਦਲ ਦਿੱਤਾ। ਬੁੱਧ ਮਤਿ ਦੇ ਮੰਦਰਾਂ ਵਿਚੋਂ ਪੂਜਾ ਪਾਠ ਪ੍ਰਤਿ ਇਕੱਤਰ ਹੋਈ ਧਨਰਾਸ਼ੀ ਭੀ, ਹਕੂਮਤ ਦੇ ਅਹਿਲਕਾਰ ਅਤੇ ਬ੍ਰਾਹਮਣੀ ਰਾਜੇ ਲੁੱਟਮਾਰ ਕਰਦੇ ਹੀ ਰਹਿੰਦੇ ਸਨ। ਕੁਮਾਰਿਲ, ਸ਼ੰਕਰ ਅਤੇ ਉਦਿਆਨ ਦੀਆਂ ਰਚਨਾਵਾਂ, ਸ਼ੈਵ ਅਤੇ ਵੈਸ਼ਨਵ ਪੁਰਾਣ ਜੈਸੀਆਂ ਲਿਖਤਾਂ ਬੁੱਧ ਧਰਮ ਦੇ ਵਿਰੁੱਧ ਬਹੁਤ ਹੀ ਘਿਰਣਤ ਪ੍ਰਚਾਰ ਕਰਦੇ ਸਨ। ਬ੍ਰਾਹਮਣੀ ਆਚਾਰੀਆ ਅਤੇ ਰਾਜੇ ਪਰਸਪਰ ਮਿਲੀਭੁਗਤ ਦੁਆਰਾ ਬੁੱਧ ਮਤਿ ਦੀ ਤਬਾਹੀ ਦਾ ਕਾਰਨ ਬਣੇ। ਸ਼ੰਕਰਾਚਾਰੀਆ ਨੇ ਬੁੱਧ ਮਤਿ ਅਤੇ ਬੋਧੀ ਭਿਖਸ਼ੂਆਂ ਦੇ ਵਿਰੁੱਧ ਸਾਰੇ ਭਾਰਤ ਵਿਚ ਅਤਿ ਸੰਗੀਨ ਅਤੇ ਵੱਡੇ ਪੱਧਰ 'ਤੇ ਧਰਮ ਯੁੱਧ ਆਰੰਭ ਦਿੱਤਾ। ਬਹੁਤ ਸਾਰੇ ਭਿਖਸ਼ੂਆਂ ਨੂੰ ਉਨ੍ਹਾਂ ਦੇ ਧਾਰਮਕ ਚੋਗੇ ਉਤਾਰਨ ਲਈ ਮਜਬੂਰ ਕਰਨਾ ਭੀ ਸ਼ੰਕਰ ਦੇ ਹਿੱਸੇ ਹੀ ਆਇਆ ਹੈ। ਸ਼ੰਕਰ ਦੀ ਜੀਵਨੀ "ਸ਼ੰਕਰ ਦਿਗ ਵਿਜੈ" ਵਿਚੋਂ ਬਹੁਤ ਸਾਰੀਆਂ ਬੁੱਧ ਮਤਿ ਵਿਰੋਧੀ ਪ੍ਰਸਿੱਧ ਕਹਾਣੀਆਂ ਭੀ ਵੇਖੀਆਂ ਜਾ ਸਕਦੀਆਂ ਹਨ। ਲਗਪਗ ਅੱਠਵੀਂ ਨੌਵੀਂ ਸਦੀ ਵਿਚ ਸਨਾਤਨੀ ਹਿੰਦੂ ਧਰਮ ਨੇ ਬੁੱਧ ਮਤਿ ਨੂੰ ਆਪਣੀਆਂ ਸਫ਼ਾਂ ਵਿਚ ਐਸਾ ਲਪੇਟਿਆ ਕਿ ਉਨ੍ਹਾਂ ਸਫ਼ਾਂ ਵਿਚੋਂ ਨਿਕਲਣਾ ਅੱਜ ਤਕ ਭੀ ਨਸੀਬ ਨਹੀਂ ਹੋਇਆ। ਗ਼ਰਜ਼ੇਕਿ, ਬੁੱਧ ਮਤਿ ਦੇ ਦਾਰਸ਼ਨਿਕ ਸਿਧਾਂਤ, ਨੈਤਿਕ ਵਿਚਾਰਸ਼ੈਲੀ ਨੂੰ ਭੀ ਬ੍ਰਾਹਮਣੀ ਧਰਮਸ਼ਾਸਤ੍ਰਾਂ, ਸੰਪ੍ਰਦਾਵਾਂ, ਪੁਰਾਣਾਂ ਅਤੇ ਵਿਦਿਆਲਿਆਂ ਨੇ ਅਪਣਾ ਲਿਆ। ਭਿਖਸ਼ੂ ਜੀਵਨ ਦੇ ਬਹੁਤ ਸਾਰੇ ਬੁਨਿਆਦੀ ਸਿਧਾਂਤ ਜਿਵੇਂ ਅਹਿੰਸਾ, ਸਾਕਾਹਾਰੀ ਭੋਜਨ, ਜੀਵਾਂ ਪ੍ਰਤਿ ਤਰਸ ਦਇਆ, ਹਿੰਦੂ ਗ੍ਰੰਥਾਂ ਵਿਚ ਸਮਿਲਤ ਕੀਤੇ ਗਏ। ਇਸ ਤਰ੍ਹਾਂ ਬੁੱਧ ਮਤਿ ਅਤੇ ਹਿੰਦੂ ਮਤਿ ਇਕ ਦੂਜੇ ਵਿਚ ਰਲਗਡ ਅਥਵਾ ਮਿਲਗੋਭਾ ਜੈਸੀ ਸਥਿਤੀ ਧਾਰਨ ਕਰ ਗਏ। ਕੁਝ ਹਿੰਦੂ ਮਤਿ ਦੀ ਧਾਰਾ ਬੁੱਧ ਮਤਿ ਨੇ ਗ੍ਰਹਿਣ ਕੀਤੀ, ਇਸੇ ਸੰਦ੍ਰਵ ਦੇ ਦੂਜੇ ਪਾਸੇ ਕੁਝ ਸਮੱਗਰੀ ਹਿੰਦੂ ਮਤਿ ਨੇ ਬੁੱਧ ਮਤਿ ਵਿਚੋਂ ਗ੍ਰਹਿਣ ਕੀਤੀ। ਐਸਾ ਸਿਧਾਂਤਿਕ ਪਰਿਵਰਤਨ ਹੀ ਬੁੱਧ ਮਤਿ ਦੀ ਤਬਾਹੀ ਦਾ ਮੁਖਯ ਕਾਰਨ ਆਖਿਆ ਜਾ ਸਕਦਾ ਹੈ।[1]

---

1. *ਸੰਸਾਰ ਦੇ ਕੁਝ ਮੁਖ ਧਰਮ*, ਪੰਨਾ 48, ਗੁਰਬਚਨ ਸਿੰਘ ਤਾਲਿਬ, ਪੰਜਾਬੀ ਯੂਨੀਵਰਸਿਟੀ

ਸੰਨ 1214 ਵਿਚ ਉੜੀਸਾ ਦੇ ਮੱਘਾ ਨਾਮੀ ਰਾਜਾ ਨੇ ਲੰਕਾ ਉੱਤੇ ਹਮਲਾ ਕੀਤਾ ਅਤੇ ਲੰਕਾ ਦੀ ਰਾਜਧਾਨੀ ਪੋਲੋਂਨਰੁਵਾ ਨੂੰ ਪੂਰੇ 21 ਸਾਲ ਸੰਨ 1235 ਤਕ ਨਿਜੀ ਅਧਿਕਾਰ ਵਿਚ ਰੱਖਿਆ। ਰਾਜਾ ਮੱਘਾ ਨਿਰਸੰਦੇਹ ਬੁੱਧ ਧਰਮ ਦਾ ਕੱਟੜ ਵੈਰੀ ਸੀ। ਕੁਲਾਵਮਸ (ਕੋਲੰਬੂ) ਨਗਰੀ ਅਤੇ ਆਸ ਪਾਸ ਦੇ ਖੇਤਰਾਂ ਵਿਚ ਉਸ ਨੇ ਬੋਧੀ ਸੰਗਠਨਾਂ ਅਤੇ ਆਮ ਬੋਧੀ ਜਨਤਾ ਦੇ ਵਿਰੁੱਧ ਮਨਭਾਵਤ ਕਤਲੇਆਮ ਅਤੇ ਲੁੱਟਮਾਰ ਕੀਤੀ। ਸਮੁੱਚੇ ਲੰਕਾ ਦੇਸ਼ ਵਿਚ ਮੱਘਾ ਦੇ ਰਾਜ ਕਾਲ ਤੋਂ ਲਗਪਗ ਤਿੰਨ ਸਦੀਆਂ ਬਾਦ ਬੁੱਧ ਮਤਿ ਅਤਿ ਖੀਣਤ ਦਸ਼ਾ ਵਿਚ ਵਿਚਰਦਾ ਰਿਹਾ। ਇਹੀ ਉਹ ਸਮਾਂ ਸੀ ਜਦੋਂ ਸੋਚੀ ਸਮਝੀ ਧਾਰਾ ਦੇ ਅਧੀਨ ਬੁੱਧ ਮਤਿ ਦੇ ਵਿਰੁੱਧ ਤਾਮਿਲ ਲੋਕਾਂ ਨੂੰ ਲੰਕਾ ਦੇ ਵਸਨੀਕ ਬਣਾਇਆ ਗਿਆ। ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਅਗਰ ਇੰਝ ਆਖਿਆ ਜਾਵੇ ਕਿ ਜਿਵੇਂ ਵਿਰਤੀਹਾਣ ਸਮੇਂ ਵਿਚ ਭਈਆ ਹਿੰਦੂ ਪ੍ਰਣਾਲੀ ਨੂੰ ਸਿੱਖਾਂ ਦੇ ਵਿਰੁੱਧ ਪੰਜਾਬ ਵਿਚ ਵਸਾਇਆ ਜਾ ਰਿਹਾ ਹੈ। ਤਾਂਕਿ ਪੰਜਾਬ ਨੂੰ ਸਿਖ ਬਹੁਜਨ ਸੰਖਿਆ ਦੀ ਬਜਾਏ, ਹਿੰਦੂ ਬਹੁ-ਸੰਖਿਆ ਵਿਚ ਤਬਦੀਲ ਕੀਤਾ ਜਾ ਸਕੇ। ਰਾਜਾ ਮੱਘਾ ਦੇ ਰਾਜ ਕਾਲ ਵਿਚ ਤਾਮਿਲ ਹਿੰਦੂਆਂ ਦਾ ਲੰਕਾ ਵਿਚ ਪ੍ਰਵੇਸ਼ ਹੋਣਾ ਹੀ ਲੰਕਾ ਵਾਸੀ ਬੋਧੀਆਂ ਅਤੇ ਬੁੱਧ ਧਰਮ ਦੇ ਨਿਤਾਪ੍ਰਤਿ ਜੀਵਨ ਹਿਤ, ਸਥਾਈ ਨਾਸੂਰ ਬਣਿਆ ਹੋਇਆ ਹੈ। ਨਿਰਸੰਦੇਹ ਸੋਚੀ ਸਮਝੀ ਸਾਜ਼ਿਸ਼ ਦੇ ਅਧੀਨ ਇਹੀ ਨਾਸੂਰੀ ਰੋਗ ਪੰਜਾਬ ਅਤੇ ਸਿੱਖੀ ਦੇ ਗਲੇ ਦਾ ਹਾਰ ਬਣਾਇਆ ਜਾ ਰਿਹਾ ਹੈ। ਇਹੀ ਪ੍ਰਥਮ ਅਨੁਭਵ ਸੀ ਜਿਸ ਦੇ ਅਧੀਨ ਬ੍ਰਾਹਮਣੀ ਨੀਤੀ ਦੇ ਅਨੁਕੂਲ ਬੁੱਧ ਮਤਿ ਦੀਆਂ ਸਫ਼ਾਂ ਵਿਚ ਗ਼ੈਰ-ਵਾਜਿਬ ਮੁਦਾਖ਼ਲਤ ਕੀਤੀ ਗਈ। ਜਿਸ ਦੀ ਸਜ਼ਾ ਸ੍ਰੀ ਲੰਕਾ ਦੇ ਬੋਧੀ ਲੋਕ ਅੱਜ ਭੀ ਤਾਮਿਲ ਹਿੰਦੂਆਂ ਦੇ ਹੱਥੋਂ ਨਿਤਾਪ੍ਰਤਿ ਜੀਵਨ ਵਿਚ ਹੰਢਾ ਰਹੇ ਹਨ। ਰਾਜ ਸੱਤਾ ਤੋਂ ਹੀਣੇ ਇਨਸਾਨ ਦਾ ਧਾਰਮਕ, ਸਮਾਜੀ, ਸੱਭਿਅਕ ਅਤੇ ਆਰਥਕ ਜੀਵਨ ਕਦੀ ਭੀ ਸੁਰੱਖਿਅਤ ਨਹੀਂ ਹੋ ਸਕਦਾ। ਰਾਜਾ ਮੱਘਾ ਦੀ 21 ਸਾਲ ਦੀ ਨਿਰਦਈ ਬ੍ਰਾਹਮਣੀ ਹਕੂਮਤ ਦਾ ਅਸਰ ਨਰਮ ਖ਼ਿਆਲੀ ਬੋਧੀ ਭਿਖਸ਼ੂਆਂ 'ਤੇ ਇਤਨਾ ਗੰਭੀਰ ਅਤੇ ਮਾਰੂ ਹੋਇਆ ਜਿਸ ਦੇ ਪਰਿਣਾਮ ਵਜੋਂ ਪੂਰੇ ਤਿੰਨ ਸੌ ਸਾਲ ਆਪਣੇ ਹੀ ਦੇਸ਼ ਲੰਕਾ ਵਿਚ ਪੀੜਤ ਸਥਿਤੀ ਵਿਚ ਵਿਚਰਦੇ ਰਹੇ। ਆਖ਼ਰ ਸੰਨ 1505 ਤੋਂ 1947 ਤਕ ਲੰਕਾ ਦੇ ਬੋਧੀ ਪੱਛਮੀ ਜਰਵਾਣਿਆਂ ਦੇ ਗ਼ੁਲਾਮ ਬਣ ਗਏ। ਹਰ ਇਕ ਪੱਛਮੀ ਤਾਕਤ ਜਿਨ੍ਹਾਂ ਵਿਚ ਪੁਰਤਗਾਲ, ਡੱਚ ਅਤੇ ਬ੍ਰਿਟਿਸ਼ ਸ਼ਾਮਿਲ ਸਨ, ਇਹ ਪੱਛਮੀ ਅਹੰਕਾਰੀ, ਬੋਧੀਆਂ ਨੂੰ ਅੰਧ-ਵਿਸ਼ਵਾਸੀ, ਮੂਰਤੀ ਪੂਜਕ ਅਤੇ ਨਾਸਤਕ ਜੈਸੀਆਂ ਉਪਾਧੀਆਂ ਦੁਆਰਾ ਪੁਕਾਰਦੇ ਅਤੇ ਖੀਣਤ ਕਰਦੇ ਰਹੇ। ਅੰਤਮ ਸਿੱਟਾ ਇਹੀ ਹੈ ਕਿ ਪਰਾਧੀਨਤਾ ਇਤਨੀ ਖੀਣਤ ਵਸਤੂ ਹੈ, ਜਿਸ ਦਾ ਚਿੱਤਰ ਕੇਵਲ ਗ਼ੁਲਾਮੀ ਦੇ ਦਰਪਣ ਦੁਆਰਾ ਹੀ ਵੇਖਿਆ ਜਾ ਸਕਦਾ ਹੈ।

ਜਿਥੇ ਬ੍ਰਾਹਮਣਵਾਦ ਅਤੇ ਬ੍ਰਾਹਮਣੀ ਰਾਜਿਆਂ ਨੇ ਬੁੱਧ ਮਤਿ ਦੀ ਤਬਾਹੀ ਕਰਨ ਹਿਤ, ਬਹੁਤ ਵੱਡੀ ਸ਼ਕਤੀ ਅਤੇ ਨਕਾਰਤਮਕ ਚਾਤੁਰਤਾ ਵਰਤੀ ਹੈ ਉਥੇ ਇਸਲਾਮਿਕ ਆਕਰਮਣਕਾਰੀ ਭੀ ਬੁੱਧ ਮਤਿ ਦੀ ਬਰਬਾਦੀ ਤੋਂ ਨਵੇਕਲੇ ਨਹੀਂ ਰਹਿ ਸਕੇ। ਜਿਵੇਂ ਇਸਲਾਮੀ ਹਮਲਾਵਰਾਂ ਵਲੋਂ ਅਫ਼ਗਾਨਿਸਤਾਨ, ਕਸ਼ਮੀਰ, ਬੰਗਾਲ ਅਤੇ ਬਿਹਾਰ ਵਿਚ ਬੋਧੀ ਵਿਹਾਰ(ਮੱਠ) ਢਹਿ ਢੇਰੀ ਕੀਤੇ ਗਏ। ਅੰਜਾਮ ਵਜੋਂ, ਬੋਧੀ ਭਿਖਸ਼ੂਆਂ ਨੂੰ ਨਿਜੀ ਧਰਮ ਅਤੇ ਜਾਨ ਮਾਲ ਦੀ ਰੱਖਿਆ ਹਿਤ ਨੇਪਾਲ ਵਿਚ ਪਨਾਹ ਲੈਣੀ ਪਈ। ਗਰਜ਼ੇਕਿ, ਸਮੁੱਚੇ ਹਿੰਦੁਸਤਾਨ ਵਿਚ ਜਿਥੇ ਜਿਥੇ ਭੀ ਇਸਲਾਮੀ ਹਮਲਾ ਹੋਇਆ, ਉਥੇ ਬੁੱਧ ਮਤਿ ਦੀ ਤਬਾਹੀ ਬਹੁਤ ਹੀ ਨਿਰਦਈ ਢੰਗ ਦੁਆਰਾ ਕੀਤੀ ਗਈ। ਜਿਵੇਂ ਪੱਛਮੀ ਲੋਕਾਂ ਦਾ ਵਿਸ਼ਵਾਸ ਹੈ ਕਿ ਇਸਲਾਮ ਦਾ ਪਸਾਰਾ ਕਿਸੇ ਧਾਰਮਕ ਸ਼ਰਧਾ, ਦਾਰਸ਼ਨਿਕ ਸੂਝ ਬੂਝ ਅਤੇ ਸੱਭਿਅਕ ਸ਼ੈਲੀ ਦੁਆਰਾ ਨਹੀਂ ਬਲਕਿ ਤਲਵਾਰ ਦੀ ਧਾਰ ਦੁਆਰਾ ਕੀਤਾ ਗਿਆ। ਇਸਲਾਮੀ ਤਲਵਾਰ ਦੀ ਵਰਤੋਂ ਦੁਆਰਾ ਜੋ ਨਿਰਦਈ ਸਥਿਤੀ ਦੁਨੀਆ ਦੇ ਸਾਹਮਣੇ ਪ੍ਰਗਟ ਹੋਈ, ਐਸੀ ਨਿਰਦਯਤਾ ਪ੍ਰਤਿ ਨਿਮਨ ਲਿਖਤ ਦੇ ਆਧਾਰ 'ਤੇ ਅਧਿਐਨ ਕੀਤਿਆਂ ਹੋਰ ਵਧੇਰੇ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ, ਜਿਵੇਂ:

In the great century of Islamic expension after the Prophet's death what the world accepted was not only a faith but a rule, not simply a creed but an empire. This, of course, is the right correction of the false formulation, so long current in West that 'Islam was spread by the sword'.[1]

ਇਥੇ ਤਕ ਹਿੰਦੂ ਧਰਮ ਪ੍ਰਤਿ ਵਿਆਖਿਆ ਸਮਾਪਤ ਹੁੰਦੀ ਹੈ, ਜਿਸ ਵਿਚ ਹਿੰਦੂ ਧਰਮ ਦੇ ਅਸਤਿਤਵ ਅਥਵਾ ਮੂਲਿਕ ਲੱਛਣ ਦਰਸਾਏ ਗਏ ਹਨ। ਹਿੰਦੁਸਤਾਨ ਦੇ ਬਹੁ-ਗਿਣਤੀ ਲੋਕ ਹਿੰਦੂ ਮਤਿ ਦੇ ਧਾਰਨੀ ਹਨ। ਹਿੰਦੂ ਧਾਰਾ ਕਿਸੇ ਧਰਮ ਦੀ ਲਖਾਇਕ ਨਹੀਂ ਹੈ ਬਲਕਿ ਅਨਿਕ ਪ੍ਰਕਾਰੀ ਤੱਤਾਂ ਦੀ ਮਿਸ਼ਰਣ (Synthesis) ਗਾਥਾ ਦੀ ਸੰਗਿਆ ਹਿੰਦੂ ਹੈ, ਜੋ ਕਿ ਹਿੰਦੁਸਤਾਨੀ ਧਰਤੀ ਦੇ ਧਰਾਤਲ 'ਤੇ ਸੈਂਕੜੇ ਪ੍ਰਕਾਰੀ ਸੱਭਿਅਤਾ, ਕਬੀਲੇ ਅਤੇ ਸਮਾਜੀ ਸੰਘਚਾਰੀਆਂ ਨੂੰ ਸੰਭਾਲੀ ਬੈਠੀ ਹੈ। ਹਿੰਦੂ ਸ਼ਬਦ ਦੀ ਪਰਿਭਾਸ਼ਾ ਸੁਦੇਸ਼ੀ ਉਪਜ ਨਹੀਂ ਹੈ ਬਲਕਿ ਸਿੰਧੂ ਨਦੀ ਦੇ ਨਾਮ ਥੱਲੇ ਈਰਾਨੀ ਅਦੀਬਾਂ ਵਲੋਂ ਮਨੋਨੀਤ ਕੀਤੀ ਹੋਈ ਵਿਵਰਣਿਕ ਉਪਾਧੀ ਹੈ। ਸ੍ਰਿਸ਼ਟੀ ਦੀਆਂ ਪੁਰਾਤਨ ਸੱਭਿਅਤਾਵਾਂ ਵਿਚੋਂ ਹਿੰਦੂ ਸੱਭਿਅਤਾ ਬਹੁਤ ਹੀ ਪੁਰਾਤਨ ਹੈ। ਇਸ ਖ਼ਿਆਲ ਦੀ ਪ੍ਰੋੜ੍ਹਤਾ ਪੰਡਤ

---

1. *Muhammad and the Christian a question of response,* by Kenneth Cragg, Darton, Longman and todd London, p. 47.

ਜਵਾਹਰ ਲਾਲ ਜੀ ਭੀ ਕਰਦੇ ਹਨ, ਜਿਵੇਂ :

The word 'Hindu' does not occur at all in our ancient literature. The first reference to it was used then an Indian book is, I am told, in a Tantrik word of the eighth century A.C. Where Hindu means a people and not the followers of a particular religion. But it is clear that the word is a very old one, as it occurs in the Avesta and in old Persian. It was used then and for a thousand years or more later by the people of western and central Asia for India, or rather for the people living on the other side of the Indus river. The word is clearly derived from Sindhu, the old, as well as the present, Indian name for the Indus. From this Sindhu came the words Hindu and Hindustan, as well as Indus and India.[1]

ਵੈਦਿਕ ਭਾਸ਼ਾ, ਵੈਦਿਕ ਸੱਭਿਅਤਾ ਅਤੇ ਵੈਦਿਕ ਧਰਮ ਰੀਤੀਆਂ ਦਾ ਝੁਕਾਉ ਪੁਰਾਤਨ ਈਰਾਨੀ ਜ਼ਰਤਸ਼ਤ ਧਰਮ ਦੇ ਸਾਹਿਤ ਨਾਲ ਅਤਿਅੰਤ ਹੀ ਨਜ਼ਦੀਕੀ ਤਾਲਮੇਲ ਰੱਖਦਾ ਹੈ। ਜਿਵੇਂ ਸੂਰਜ ਦੀ ਪੂਜਾ, ਦੇਵਤੇ ਦੀ ਪ੍ਰਸੰਨਤਾ ਹਿਤ ਬਲੀਦਾਨ, ਦੀਵੇ ਜਗਾ ਕੇ ਆਰਤੀ ਕਰਨੀ ਆਦਿ ਇਹ ਸਭ ਕੁਝ ਪੁਰਾਤਨ ਜ਼ਰਤਸ਼ਤ ਈਰਾਨੀ ਅਥਵਾ ਪਾਰਸੀ ਸੱਭਿਅਤਾ ਦਾ ਪ੍ਰਭਾਵ ਹੀ ਆਖਿਆ ਜਾ ਸਕਦਾ ਹੈ। ਕਈ ਵਿਦਵਾਨ ਤਾਂ ਇਥੋ ਤਕ ਭੀ ਸ਼ਾਹਦੀ ਭਰਦੇ ਹਨ ਕਿ ਪੁਰਾਤਨ ਆਰੀਆ, ਪਾਰਸੀ, ਯੂਨਾਨੀ, ਮਿਸਰ ਅਤੇ ਯਹੂਦੀ ਆਦਿ ਇਕ ਬਿਰਖ ਦੀਆਂ ਸ਼ਾਖਾਂ ਹੀ ਆਖੀਆਂ ਜਾ ਸਕਦੀਆਂ ਹਨ, ਜਿਵੇਂ :

The Vedic religion had much in common with Zoroastrianism, and Vedic Sanskrit and the old Pahlavi, the language of the Avesta, closely resemble each other.

In the sixth century B.C. the Persian Empire under Darius stretched right up to North West India, including Sind and probably part of Western Punjab. That period is some time referred to as the Zoroastrian period of Indian history and its influence must have been wide spread, Sun worship was encouraged.[2]

---

1. *Discovery of India*, p. 74, by Jawahar Lal Nehru Delhi, Oxford University.
2. *Ibid.*, pp. 146-47.

9.94 ਦੇਸ਼ ਦਾ ਬਟਵਾਰਾ ਤੇ ਵੈਦਿਕ ਰੁਚੀ

ਦੁਨੀਆ ਦੇ ਧਾਰਮਕ ਗ੍ਰੰਥਾਂ ਵਿਚ ਬਹੁਤ ਹੀ ਅੱਛੇ ਢੰਗ ਦੁਆਰਾ ਦਰਸਾਇਆ ਗਿਆ ਹੈ ਕਿ ਸਮੁੱਚਾ ਬ੍ਰਹਮੰਡ ਉਸ ਕਾਦਰ ਦੀ ਤਕਮੀਲ (ਸਰੰਜਾਮਤਾ) ਹੈ। ਅੰਤ੍ਰੀਵੀ ਸੂਝ ਬੂਝ ਅਥਵਾ ਦਿਬਦ੍ਰਿਸ਼ਟੀ ਦੇ ਖੇਤਰ ਵਿਚ ਨਿਰੀਖਣ ਕੀਤਿਆਂ ਅਸਾਡੇ ਸਾਹਮਣੇ ਇਕ ਪ੍ਰਤੱਖਤਾ ਪ੍ਰਗਟ ਹੋਇ ਆਂਵਦੀ ਹੈ ਕਿ ਇਸ ਬ੍ਰਹਮੰਡੀ ਰਚਨਾ ਦਾ ਕੇਂਦਰ ਬਿੰਦੂ ਕੇਵਲ ਅਤੇ ਕੇਵਲ ਇਕ ਹੈ। ਭਾਵੇਂ ਸਮੁੱਚੀ ਮੌਜੂਦਾਤ (ਪ੍ਰਤੱਖਤਾ) ਦਾ ਮੱਧਵਰਤੀ ਬਿੰਦੂ ਇਕ ਹੈ ਪ੍ਰੰਤੂ ਇਸ ਇਕਾਈ ਦੇ ਹਰ ਜ਼ੱਰੇ ਜ਼ੱਰੇ ਵਿਚੋਂ ਅਥਵਾ ਜੀਵਨ ਦੇ ਹਰ ਲਮਹੇ ਵਿਚੋਂ ਨਾਨਾਤਵ ਅਨੇਕਤਾ ਦੀ ਝਲਕ ਵੇਖੀ ਅਥਵਾ ਅਨੁਭਵ ਕੀਤੀ ਜਾ ਸਕਦੀ ਹੈ। ਚੁਨਾਂਚਿ ਰੱਬੀ ਅਨੇਕਤਾ ਦਾ ਸੁਭਾਅ ਹੈ ਅਥਵਾ ਬੁਨਿਆਦੀ ਲੱਛਣ ਹੈ ਕਿ ਇਹ ਇਕੱਲੀ ਰਹਿਣ ਦੇ ਥਾਂ ਕਿਸੇ ਸੰਗਠਨ ਵਿਚ ਰਹਿ ਕੇ ਜੀਵਨ ਬਤੀਤ ਕਰਨਾ ਪਸੰਦ ਕਰਦੀ ਹੈ। ਕਿਉਂਕਿ ਸੰਗਠਨ ਵਿਚ ਜੀਵਨ ਬਤੀਤ ਕੀਤਿਆਂ ਹਰ ਪ੍ਰਕਾਰੀ ਜੀਵਨੀ ਨੂੰ ਸੁਰੱਖਿਆ ਮਿਲਦੀ ਹੈ। ਪ੍ਰਕ੍ਰਿਤੀ ਦੇ ਜੀਵਾਂ ਦਾ ਬੁਨਿਆਦੀ ਖ਼ਾਸਾ ਹੈ ਕਿ ਇਹ ਨਿਜੀ ਸਹਿਕਾਰੀਆਂ ਦੇ ਜਥੇ ਵਿਚ ਰਹਿਣਾ ਉਚਿਤ ਸਮਝਦੇ ਹਨ, ਤਾਂਕਿ ਜੀਵਨ ਦੇ ਦੁਖ ਸੁਖ, ਸ਼ਾਦੀ ਗ਼ਮੀ, ਉਤਰਾਉ ਚੜ੍ਹਾਉ, ਹਰਖ ਸੋਗ, ਹੱਸਣਾ ਰੋਣਾ, ਉਦਾਸੀ ਅਤੇ ਪ੍ਰਸੰਨਤਾ ਜੈਸੇ ਇਹਸਾਸ ਪਰਸਪਰ ਸਾਂਝੇ ਕੀਤੇ ਜਾ ਸਕਣ। ਇਹੀ ਵਿਸ਼ੇਸ਼ ਕਾਰਨ ਹੈ ਕਿ ਹਮੇਸ਼ਾ ਹੀ ਆਸਮਾਨੀ ਪੰਛੀ ਭੀ ਨਿਜੀ ਜਿਨਸ ਦੇ ਪੰਛੀਆਂ ਨਾਲ ਹੀ ਪ੍ਰਵਾਜ਼ ਕਰਦੇ ਹਨ—ਤੋਤੇ ਤੋਤਿਆਂ ਨਾਲ, ਕਾਂ ਕਾਵਾਂ ਨਾਲ, ਕਬੂਤਰ ਕਬੂਤਰਾਂ ਨਾਲ, ਤਿੱਤਰ ਤਿੱਤਰਾਂ ਨਾਲ, ਬਟੇਰੇ ਬਟੇਰਿਆਂ ਨਾਲ ਆਦਿ। ਉਕਤ ਦਰਸਾਏ ਵਿਚਾਰ ਦਾ ਅੰਤਮ ਨਿਰਣੈ ਇਹੀ ਹੈ ਕਿ ਇਸ ਪ੍ਰਕ੍ਰਿਤੀ ਦੀ ਹਰ ਇਕ ਜਿਨਸ, ਹਰ ਪ੍ਰਕਾਰੀ ਜੀਵਨੀ, ਹਰ ਪ੍ਰਕਾਰੀ ਉਪਜ, ਨਿਜੀ ਜਿਨਸ ਅਤੇ ਨਜ਼ਦੀਕੀ ਸਹਿਕਾਰੀਆਂ ਦੇ ਜਥੇ ਵਿਚ ਰਹਿਣਾ ਹੀ ਮਨੋਰਥ ਪ੍ਰਾਪਤੀ ਦਾ ਸਾਧਨ ਸਮਝਦੀ ਹੈ।

ਪ੍ਰਕ੍ਰਿਤਕ ਘਟਨਾਵਾਂ ਅਤੇ ਦੁਨਿਆਵੀ ਵਸਤੂਆਂ ਦੇ ਨਾਲ ਸੰਬੰਧ ਹੋਣ ਕਰਕੇ ਅਥਵਾ ਇਨ੍ਹਾਂ ਨਾਲ ਵਾਹ ਪੈਣ ਕਰਕੇ ਹਰ ਜੀਵ ਨਿਜੀ ਯੋਗਤਾ ਦੇ ਅਨੁਸਾਰ ਸੂਝ ਬੂਝ ਦਾ ਦਾਇਰਾ ਉਲੀਕਦਾ ਹੈ। ਇਸ ਸਿਲਸਿਲੇ ਵਿਚ ਅੱਗੇ ਵਧਣ ਕਰਕੇ ਸਭ ਤੋਂ ਪਹਿਲਾਂ ਅਸਾਨੂੰ ਸਹਿਜ ਬੋਧ, ਸਾਧਾਰਨ ਮਨੋਸਥਿਤੀ, ਇੰਦ੍ਰੀ ਗਿਆਨ, ਵਿਹਾਰਕ ਸੂਝ ਬੂਝ, ਇੰਦ੍ਰੀ ਅਨੁਭਵ, ਕੁਵੱਤੇ ਮਦੱਰਕਾ ਜੈਸੀ ਗਿਆਨ ਅਵਸਥਾ ਪ੍ਰਾਪਤ ਹੁੰਦੀ ਹੈ। ਇਸ ਤੋਂ ਉਪਰੰਤ ਇਸੇ ਅਵਸਥਾ ਦੇ ਦੂਸਰੇ ਪੜਾਅ 'ਤੇ ਰਸਾਈ ਕੀਤਿਆਂ ਅਕਲਮੰਦੀ, ਸਿਆਣਪ, ਸਹਿਜਸ਼ੀਲਤਾ,

ਬਿਬੇਕਸ਼ੀਲਤਾ ਅਤੇ ਦਾਨਾਈ ਜੈਸੇ ਲੱਛਣ ਜੀਵਨ ਦਾ ਭਾਗ ਬਣ ਜਾਂਦੇ ਹਨ। ਪਰਿਣਾਮ ਵਜੋਂ ਸਹਿਜ ਬੋਧ ਦੀ ਪ੍ਰਾਪਤੀ, ਵਸਤੂ ਅਤੇ ਸੂਝ ਬੂਝ ਦੇ ਵਿਚਾਲੜੇ ਵਰਗ ਅਥਵਾ ਵਿਚਾਲੜੀ ਰੇਖਾ ਵਿਚੋਂ ਪ੍ਰਾਪਤ ਹੁੰਦੀ ਹੈ। ਕਿਸੇ ਵਸਤੂ ਦੇ ਸਹੀ ਲੱਛਣ ਪ੍ਰਗਟਾਉਣ ਹਿਤ ਪ੍ਰਾਪਤ ਹੋਈ ਬੋਧਿਕ ਸਿਆਣਪ ਨੂੰ ਪਰਮਾਣ ਵਜੋਂ ਵਰਤਿਆ ਜਾਂਦਾ ਹੈ। ਪਰਮਾਣਿਕ ਰੇਖਾ ਇਕ ਐਸੀ ਰੇਖਾ ਹੁੰਦੀ ਹੈ ਜਿਸ ਦੇ ਆਧਾਰ 'ਤੇ ਸਿਆਣੇ ਪੁਰਸ਼ ਝੂਠ ਅਤੇ ਸੱਚ ਦੇ ਵਿਚਕਾਰ ਰੇਖਾ ਉਲੀਕਦੇ ਹਨ। ਸੱਚ ਅਤੇ ਝੂਠ ਦੇ ਨਿਪਟਾਰੇ ਲਈ ਦੋ ਪ੍ਰਕਾਰੀ ਢੰਗ ਵਰਤੇ ਜਾ ਸਕਦੇ ਹਨ। ਪਹਿਲੀ ਧਾਰਾ ਤਾਂ ਇਹ ਹੈ ਕਿ ਤੁਹਾਡੀ ਸੂਝ ਬੂਝ, ਸਿਆਣਪ ਅਤੇ ਦਾਨਾਈ ਦੇ ਖੇਤਰ ਵਿਚ ਕਿਤਨਾ ਕੁ ਸੰਬੰਧ ਰੱਖਦੀ ਹੈ। ਇਸ ਧਾਰਾ ਪ੍ਰਤਿ ਸਿਆਣੇ ਪੁਰਸ਼ਾਂ ਦਾ ਕਥਨ ਹੈ ਕਿ ਵਿਦਿਆ ਪ੍ਰਾਪਤੀ ਦਾ ਅਰਥ ਸਨਦ ਪ੍ਰਾਪਤੀ ਜਾਂ ਗਿਆਨ ਨਹੀਂ ਬਲਕਿ ਸਚਾਈ ਤਾਂ ਇਹ ਹੈ ਕਿ ਵਿਦਿਆ ਪ੍ਰਾਪਤੀ ਦਾ ਮਨੋਰਥ ਵਿਸ਼ੇਸ਼ਤਾ ਅਤੇ ਸਿਆਣਪ ਹੈ। ਵਿਚਾਰਸ਼ੈਲੀ ਦੇ ਖੇਤਰ ਵਿਚ ਅਸੀਂ ਆਖ ਸਕਦੇ ਹਾਂ ਕਿ ਕਿਸੇ ਵਸਤੂ ਪ੍ਰਤਿ ਪ੍ਰਾਪਤ ਕੀਤਾ ਹੋਇਆ ਗਿਆਨ ਸਹੀ ਭੀ ਹੋ ਸਕਦਾ ਹੈ ਜਾਂ ਗ਼ਲਤ ਭੀ ਹੋ ਸਕਦਾ ਹੈ, ਸੱਚ ਭੀ ਹੋ ਸਕਦਾ ਹੈ ਜਾਂ ਝੂਠ ਭੀ ਹੋ ਸਕਦਾ ਹੈ। ਕਿਸੇ ਵਸਤੂ ਜਾਂ ਕਿਸੇ ਘਟਨਾ ਦੇ ਗਿਆਨ ਪ੍ਰਤਿ ਸੱਚ ਜਾਂ ਝੂਠ ਦੀ ਛਾਪ ਸਥਾਪਨ ਕਰਨੀ ਦਾਨਾਈ ਅਤੇ ਸਿਆਣਪ ਦਾ ਵਿਰਸਾ ਹੈ। ਸਿਆਣਪ ਅਤੇ ਦਾਨਾਈ ਦੇ ਖੇਤਰ ਤੋਂ ਪਹਿਲਾਂ ਅਤਿ ਆਵਸ਼ਕ ਹੈ ਕਿ ਅਸਾਡੀ ਸੂਝ ਬੂਝ ਦੀ ਪ੍ਰਣਾਲੀ ਵਸਤੂ ਪ੍ਰਤਿ ਵਾਪਰੀ ਘਟਨਾ, ਸਮਾਂ, ਸਥਾਨ ਅਤੇ ਵਿਥ ਪ੍ਰਤਿ ਸਹੀ ਅਤੇ ਵਾਜਿਬ ਨਿਰਣੈ ਕਰਨ ਦੀ ਯੋਗਤਾ ਰੱਖਦੀ ਹੋਵੇ। ਐਸੀ ਪਰਿਮਾਣਿਕ ਯੋਗਤਾ, ਵਿਦਿਅਕ ਗਿਆਨ ਅਤੇ ਵਿਦਿਅਕ ਸਨਦ 'ਤੇ ਨਿਰਭਰ ਹੁੰਦੀ ਹੈ। ਨਿਰਣੈ ਇਹ ਹੋਇਆ ਕਿ ਪਰਿਮਾਣਿਕ ਯੋਗਤਾ ਦਾ ਆਧਾਰ ਵਸਤੂ ਨਾਲ ਵਾਪਰੀ ਘਟਨਾ ਪ੍ਰਤਿ ਵਿਦਿਅਕ ਸਨਦ ਅਤੇ ਵਿਸ਼ਾ-ਵਸਤੂ ਪ੍ਰਤਿ ਸੂਝ ਬੂਝ ਹੈ। ਇਸ ਦਾ ਨਿਖਾਰ ਸਿਆਣਪ ਅਤੇ ਵਿਸ਼ੇਸ਼ਤਾ ਹੈ। ਸਿਆਣਪ ਅਤੇ ਦਾਨਾਈ ਦੀ ਉਪਜ ਗਿਆਨ ਅਤੇ ਉਸ ਗਿਆਨ ਪ੍ਰਤਿ ਪ੍ਰਾਪਤ ਕੀਤੀ ਸਨਦ ਹੈ, ਜੋ ਦਾਨਾਈ ਅਤੇ ਵਿਸ਼ੇਸ਼ਤਾ ਨੂੰ ਜਨਮ ਦਿੰਦੀ ਹੈ। ਉਕਤ ਦਰਸਾਈ ਮਨੋ-ਵਿਗਿਆਨਿਕ ਸਮੱਗਰੀ ਦੇ ਆਧਾਰ 'ਤੇ ਹਿੰਦੁਸਤਾਨੀ ਸੁਤੰਤ੍ਰਤਾ ਦੇ ਸਮੇਂ ਕੁਝ ਐਸੇ ਵਿਅਕਤੀ ਇਤਿਹਾਸ ਦੇ ਪੰਨਿਆਂ 'ਤੇ ਆਏ ਜਿਨ੍ਹਾਂ ਦੀ ਵਿਚਾਰਸ਼ੈਲੀ ਦਾ ਜ਼ਾਵੀਆ ਉਕਤ ਦਰਸਾਈ ਧਾਰਾ ਵਿਚ ਉਲੀਕਿਆ ਜਾ ਸਕਦਾ ਹੈ, ਜਿਨ੍ਹਾਂ ਵਿਚ ਮਹਾਤਮਾ ਗਾਂਧੀ ਅਤੇ ਮਿਸਟਰ ਜਿਨਾਹ ਦੇ ਨਾਮ ਵਿਸ਼ੇਸ਼ ਸਥਾਨ ਰੱਖਦੇ ਹਨ। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਭੀ ਐਸੇ ਨੇਤਾ ਸਨ ਜਿਨ੍ਹਾਂ ਦੇ ਨਾਮ ਉਨ੍ਹਾਂ ਦੇ ਕਰਤੱਵ ਨਾਲ ਸੰਬੰਧਿਤ ਵਿਸ਼ਾ-ਵਸਤੂ ਵਿਚ ਅੰਕਤ ਕੀਤੇ ਜਾਣਗੇ। ਹਿੰਦੁਸਤਾਨ ਨੂੰ ਲੰਗੜਾ ਕਰਨ ਹਿਤ ਵਿਸ਼ੇਸ਼ ਕਰਕੇ ਪੰਜਾਬ

ਅਤੇ ਬੰਗਾਲ ਦੀ ਸਿਆਸੀ ਮੌਤ, ਖ਼ਾਸ ਕਰਕੇ ਸਿਖ ਕੌਮ ਦੀ ਲਾਸ਼ ਉੱਤੇ ਹਿੰਦੁਸਤਾਨੀ ਮਹਿਲਾਂ ਦੀ ਉਸਾਰੀ ਖ਼ਾਲਸਈ ਕੌਮ ਪ੍ਰਤਿ ਵੈਦਿਕ ਰੁਚੀ ਦਾ ਕਰੂਪ ਚਿੱਤਰ ਪੇਸ਼ ਕੀਤਾ ਜਾਵੇਗਾ। ਇਨਸਾਨ ਨਿਜੀ ਸੁਆਰਥ ਦੀ ਖ਼ਾਤਰ ਕਿਥੇ ਕੁ ਤਕ ਅਵਰੋਹੀ ਖ਼ੰਦਕਾਂ ਵਿਚ ਗ਼ਰਕ ਹੋ ਸਕਦਾ ਹੈ, ਸਮੁੱਚੀ ਹਿੰਦੁਸਤਾਨੀ ਸੱਭਿਅਤਾ ਦਾ ਧ੍ਰੋਹੀ ਅਤੇ ਕਾਤਿਲ ਹੋ ਸਕਦਾ ਹੈ?

ਕਿਸੇ ਵਸਤੂ ਦੀ ਜਾਣਕਾਰੀ ਪ੍ਰਾਪਤ ਕਰਨ ਹਿਤ, ਪੰਚ-ਮੁਖੀ ਸੰਵੇਦਨਾਤਮਕ ਅਨੁਭਵਤਾ ਭਾਵ ਕਿਸੇ ਵਸਤੂ ਜਾਂ ਘਟਨਾ ਪ੍ਰਤਿ ਪੰਜ ਗਿਆਨ ਇੰਦ੍ਰੀਆਂ ਦੁਆਰਾ ਕੀਤੀ ਹੋਈ ਪ੍ਰਤੱਖ ਨਿਰੀਖਣਤਾ ਦੇ ਆਧਾਰ 'ਤੇ ਹਰ ਇਕ ਜੀਵ ਸਵੈਵੀਚਾਰਾਂ ਦਾ ਖੇਤਰ ਉਲੀਕਦਾ ਹੈ। ਐਸੀ ਵੀਚਾਰਸ਼ੈਲੀ ਪਸ਼ੂਆਂ ਵਿਚ ਭੀ ਵੇਖੀ ਜਾ ਸਕਦੀ ਹੈ। ਕਿਸੇ ਵਸਤੂ ਜਾਂ ਕਿਸੇ ਘਟਨਾ ਨੂੰ ਵੇਖ ਕੇ, ਸੁੰਘ ਕੇ, ਚੱਖ ਕੇ, ਸਪਰਸ਼ ਕਰ ਕੇ, ਸਵੈਵੀਚਾਰ ਦੇ ਅਧੀਨ ਵਸਤੂ ਪ੍ਰਤਿ ਸਨੇਹ, ਘਿਰਣਾ, ਭੈ, ਅਭੈ, ਰੁਚੀ, ਅਰੁਚੀ ਪ੍ਰਗਟ ਕਰਦਾ ਹੈ। ਜਿਵੇਂ ਇਕ ਕਾਂ ਆਦਮੀ ਨੂੰ ਵੇਖਦਿਆਂ ਹੀ ਉਡ ਕੇ ਦੂਰ ਜਾ ਬੈਠਦਾ ਹੈ। ਪਿਆਲੇ ਵਿਚ ਪਏ ਭੋਜਨ ਨੂੰ ਵੇਖ ਕੇ ਕੁੱਤਾ ਆਪਣੇ ਮਾਲਿਕ ਦੇ ਨੇੜੇ ਆਣ ਕੇ ਉਸ ਦੇ ਪੈਰਾਂ ਵਿਚ ਲੇਟਦਾ ਅਤੇ ਨਿਜੀ ਪਿਆਰ ਦਾ ਸਬੂਤ ਪੇਸ਼ ਕਰਦਾ ਹੈ। ਪੰਚ-ਮੁਖੀ ਜਾਣਕਾਰੀ ਪਸ਼ੂ ਪੰਛੀਆਂ ਦੇ ਤੁਲ ਇਨਸਾਨ ਦੇ ਵਿਰਸੇ ਵਿਚ ਘਣੀ ਮਾਤਰਾ ਵਿਚ ਪ੍ਰਾਪਤ ਹੋਈ ਰੱਬੀ ਫ਼ਜ਼ੀਲਤ ਹੀ ਆਖੀ ਜਾ ਸਕਦੀ ਹੈ। ਹਰ ਜੀਵ ਪੰਚ-ਮੁਖੀ ਗਿਆਨ ਦੁਆਰਾ ਵਸਤੂ ਅਤੇ ਘਟਨਾ ਦੇ ਪ੍ਰਤੱਖ ਚਿੱਤਰ ਤੋਂ ਪ੍ਰਭਾਵ ਗ੍ਰਹਿਣ ਕਰਦਾ ਹੈ। ਕੋਈ ਭੀ ਵਸਤੂ ਜਾਂ ਘਟਨਾ ਪੰਚ-ਮੁਖੀ ਸੰਵੇਦਨਾ ਦੇ ਸਨਮੁਖ ਸਾਧਾਰਨ ਤੌਰ 'ਤੇ ਪ੍ਰਗਟ ਹੁੰਦੀ ਹੈ ਉਸ ਦੀ ਅਨੁਭਵਤਾ ਦੂਸਰੀ ਵਸਤੂ ਜਾਂ ਘਟਨਾ ਨਾਲੋਂ ਨਿਸਚਿਤ ਹੀ ਵੱਖਰੀ ਹੋਵੇਗੀ, ਜੋ ਅਚਾਨਕ ਹੀ ਉਸ ਦੇ ਸਾਹਮਣੇ ਵਰਤੀ ਹੋਵੇ। ਸਿੱਟਾ ਇਹ ਨਿਕਲਿਆ ਕਿ ਅਸਾਡੀ ਪੰਚ-ਮੁਖੀ ਸੰਵੇਦਨਾ ਸਾਧਾਰਨ ਅਤੇ ਅਚਾਨਕ ਵਾਪਰੀ ਘਟਨਾ ਦੇ ਨਿਰੀਖਣ ਵੱਖਰੇ ਵੱਖਰੇ ਢੰਗ ਦੁਆਰਾ ਕਰਦੀ ਹੈ। ਅਗਰ ਵਸਤੂ ਜਾਂ ਘਟਨਾ ਦੀ ਨਿਰੀਖਣਤਾ ਦੇ ਸਮੇਂ ਕੋਈ ਵਿਸ਼ੇਸ਼ ਰੁਕਾਵਟ ਆ ਗਈ ਹੋਵੇ ਤਦ ਪੰਚ-ਮੁਖੀ ਸੰਵੇਦਿਕ ਵਿਚਾਰਸ਼ੈਲੀ ਸਾਧਾਰਨ ਅਤੇ ਅਚਾਨਕ ਬੀਤੀ ਘਟਨਾ ਨਾਲੋਂ ਵਧੇਰੇ ਕਠਿਨ, ਦੋਸ਼ਯੁਕਤ ਅਤੇ ਗ਼ੈਰ-ਵਾਜਿਬ ਹੋਵੇਗੀ। ਕਿਉਂਕਿ ਐਸੀ ਰੋਕ-ਪਾਊ ਸਥਿਤੀ ਦੇ ਸਮੇਂ ਵਾਜਿਬ ਨਿਰਣਾਤਮਕ ਵਿਰਤੀ ਦੇ ਥਾਂ, ਅੜੰਗਾ-ਪਾਊ ਵਿਰਤੀ ਦੀ ਪ੍ਰਧਾਨਤਾ ਪ੍ਰਤੱਖ ਤੌਰ 'ਤੇ ਵੇਖੀ ਅਥਵਾ ਅਨੁਭਵ ਕੀਤੀ ਜਾ ਸਕਦੀ ਹੈ। ਪਰਿਣਾਮ ਵਜੋਂ ਪੰਚ-ਮੁਖੀ ਸੰਵੇਦਨਾ ਦਾ ਨਿਰਣਾਤਮਕ ਜ਼ਾਵੀਆ ਹਮੇਸ਼ਾ ਹੀ ਵਾਜਿਬ ਅਤੇ ਸਹੀ ਹੁੰਦਾ ਹੈ, ਬਸ਼ਰਤੇਕਿ, ਨਿਰਣਾਤਮਕ ਵਿਚਾਰਸ਼ੈਲੀ ਦੇ ਸਮੇਂ ਪੰਚ-ਮੁਖੀ ਇੰਦ੍ਰੀਅੰਸ਼ ਰੋਗੀ ਨਾ ਹੋਣ, ਮੰਝਲਾ ਵਿਅਕਤੀ

ਨੈਤਿਕ ਕੁਰੂਪਤਾ ਦਾ ਸ਼ਿਕਾਰ ਨਾ ਹੋਵੇ ਅਤੇ ਅੜੰਗਾ-ਪਾਊ ਵਤੀਰਾ ਅਮਲ ਵਿਚ ਨਾ ਆਇਆ ਹੋਵੇ। ਕਿਸੇ ਘਟਨਾ ਜਾਂ ਵਸਤੂ ਦੀ ਪ੍ਰਤੱਖਤਾ ਨੂੰ ਦ੍ਰਿਸ਼ਟੀਮਾਨ ਕੀਤੇ ਬਿਨਾਂ ਹੀ ਸੰਕਲਪਕ ਧਾਰਾ ਉਲੀਕਣੀ ਅਥਵਾ ਅਨੁਮਾਨ ਕਰ ਲੈਣਾ ਹੀ ਅਸ਼ੁਧਤਾ ਅਤੇ ਝੂਠੀ ਸਮੱਗਰੀ ਦਾ ਛੱਪੜ ਆਖਿਆ ਜਾ ਸਕਦਾ ਹੈ। ਦਾਰਸ਼ਨਿਕ ਸ਼ੈਲੀ ਦਾ ਅਕੀਦਾ ਹੈ ਕਿ ਕਲਪਨਾ ਸ਼ਕਤੀ ਗਿਆਨ ਨਹੀਂ ਹੈ ਬਲਕਿ ਕੂੜ ਦੀ ਪ੍ਰਧਾਨਗੀ ਹੈ, ਜਿਵੇਂ :

"Imagination, not sense or actuality, rather it is the master of falsity."

ਪ੍ਰਿਥਵੀ ਦੇ ਧਰਾਤਲ 'ਤੇ ਹਿੰਦੁਸਤਾਨ ਇਕ ਬਹੁਤ ਹੀ ਆਲੀ ਮਰਤਬਾ ਅਤੇ ਵੱਡਾ ਦੀਪ ਹੈ। ਇਸ ਦੀ ਸ਼ਾਨ ਅਤੇ ਗੌਰਵਤਾ ਇਕ ਰੱਬੀ ਵਿਰਸਾ ਹੈ। ਅਖੰਡ ਹਿੰਦੁਸਤਾਨ ਹੀ ਉਸ ਬਜ਼ੁਰਗੀ ਨੂੰ ਹਾਸਲ ਕਰ ਸਕਦਾ ਹੈ ਜਿਸ ਦੀ ਅਸੀਂ ਆਸ ਰੱਖਦੇ ਹਾਂ। ਅਗਰ ਕਿਸੇ ਇਨਸਾਨ ਨੂੰ ਬਹੁਤ ਹੀ ਗੰਭੀਰ ਪਿਆਸ ਲੱਗੀ ਹੋਵੇ, ਉਹ ਪਾਣੀ ਪਾਣੀ ਆਖੀ ਜਾਵੇ ਪ੍ਰੰਤੂ ਪਾਣੀ ਦੇ ਸਰੋਵਰ 'ਤੇ ਨਹੀਂ ਜਾਂਦਾ ਤਦ ਪ੍ਰਸ਼ਨ ਹੀ ਉਤਪੰਨ ਨਹੀਂ ਹੁੰਦਾ ਕਿ ਉਸ ਦੀ ਪਿਆਸ ਨਿਵਿਰਤ ਹੋ ਸਕੇ। ਅਗਰ ਕਿਸੇ ਜੀਵ ਨੇ ਆਪਣੀ ਰਸਨਾ ਰਸਮਈ ਅਤੇ ਮਿਠਤ ਕਰਨੀ ਹੋਵੇ, ਉਹ ਗੁੜ ਗੁੜ ਅਥਵਾ ਖੰਡ ਖੰਡ ਆਖੀ ਜਾਵੇ ਪ੍ਰੰਤੂ ਗੁੜ ਦੀ ਰੋੜੀ ਮੂੰਹ ਵਿਚ ਨਹੀਂ ਪਾਂਵਦਾ ਤਦ ਉਸ ਦੀ ਰਸਨਾ ਮਿਠਚੂਨੜੀ ਨਹੀਂ ਹੋਵੇਗੀ। ਅੰਧੇਰੀ ਰਾਤ੍ਰੀ ਦੇ ਸਮੇਂ ਦੀਵੇ ਦਾ ਜਾਪ ਕੀਤਿਆਂ ਅੰਧੇਰਾ ਦੂਰ ਨਹੀਂ ਹੋ ਸਕਦਾ, ਜਦੋਂ ਤਕ ਕਿ ਦੀਵਾ ਨਾ ਜਲਾਇਆ ਜਾਵੇ। ਗਿਆਨੀ ਬਣਨਾ ਲੋਚਦਾ ਹੈ ਪ੍ਰੰਤੂ ਗਿਆਨਵਾਨਾਂ ਦੀ ਸੰਗਤਿ ਅਤੇ ਸਿਖਿਆ ਪ੍ਰਾਪਤ ਨਹੀਂ ਕਰਦਾ, ਐਸੀ ਅਨ-ਗਹਿਲੀ ਦੇ ਵਾਤਾਵਰਣ ਵਿਚ ਉਹ ਗਿਆਨੀ ਨਹੀਂ ਬਣ ਸਕਦਾ। ਅੰਤ੍ਰੀਵੀ ਧਿਆਨ ਵਿਚ ਲੀਨਤਾ ਪ੍ਰਾਪਤ ਕਰਨੀ ਲੋਚਦਾ ਹੈ, ਪ੍ਰੰਤੂ ਗੁਰੂ ਸ਼ਬਦ ਦੀ ਵਿਚਾਰ ਨਹੀਂ ਕਰਦਾ, ਤਦ ਐਸੀ ਦਸ਼ਾ ਵਿਚ ਗੁਰ-ਧਿਆਨੀ ਕਿਵੇਂ ਬਣ ਸਕਦਾ ਹੈ ? ਉਕਤ ਦਰਸਾਈ ਉਦਾਹਰਣ ਦੇ ਅਨੁਸਾਰ ਭਾਰਤੀ ਅਖੰਡਤਾ ਦਾ ਢੋਲ ਢਮੱਕਾ ਹਰ ਭਾਰਤੀ ਆਗੂ ਵਜਾ ਰਿਹਾ ਹੈ, ਪ੍ਰੰਤੂ ਅਖੰਡਤਾ ਪ੍ਰਤਿ ਲੋੜੀਂਦੇ ਕਦਮ, ਵਾਜਿਬ ਸਾਧਨ ਨਹੀਂ ਕੀਤੇ ਜਾ ਰਹੇ। ਧਿਆਨ ਗੋਚਰੀ ਵਸਤੂ ਤਾਂ ਇਹੀ ਹੈ ਕਿ ਹਰ ਮੰਤਵ ਨਾਲੋਂ ਜੁਗਤੀ ਮਹਾਨ ਹੁੰਦੀ ਹੈ ਔਰ ਹਰ ਜੁਗਤੀ ਨਾਲੋਂ ਸਾਧਨ ਵੱਡਾ ਹੁੰਦਾ ਹੈ। ਪਰਿਣਾਮ ਵਜੋਂ ਦੇਸ਼ ਦੀ ਅਖੰਡਤਾ ਦਾ ਮੰਤਵ ਬਾਰ ਬਾਰ ਦੁਹਰਾਇਆ ਜਾ ਰਿਹਾ ਹੈ ਪ੍ਰੰਤੂ ਜੁਗਤੀ ਅਤੇ ਸਾਧਨ ਪ੍ਰਤਿ ਕ੍ਰਿਆਸ਼ੀਲਤਾ ਦਾ ਪਹੀਆ ਪਿਛਲੇ ਪੈਰੀਂ, ਵਿਪਰੀਤ ਦਸ਼ਾ ਵੱਲ ਘੁਮਾਇਆ ਜਾ ਰਿਹਾ ਹੈ। ਦੇਸ਼ ਦੀ ਬਹੁ ਜਨਸੰਖਿਆ ਆਖੀ ਜਾ ਰਹੀ ਹੈ ਕਿ ਭਾਰਤੀ ਅਖੰਡਤਾ ਆਵਸ਼ਕ ਹੈ, ਪ੍ਰੰਤੂ ਕਰਮ ਕਰਤੂਤ ਦੀ ਗਤੀ ਪੁੱਠੀ ਅਥਵਾ ਵਿਪਰੀਤ

ਘੁਮਾਈ ਜਾ ਰਹੀ ਹੈ। ਕੈਸੀ ਛਲਕਪਟੀ ਨੀਤੀ ਹੈ ? ਕੈਸਾ ਦੇਸ਼ ਧ੍ਰੋਹੀ ਨਿਸ਼ਾਨਾ ਹੈ ? ਕੈਸਾ ਮੱਕਰ ਚੱਕਰ ਮੰਡਲ ਹੈ ? ਐਸੀ ਅੱਧੋਗਤੀ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਭਾਈ ਗੁਰਦਾਸ ਜੀ ਨੇ ਵਾਜ਼ਹਿ ਕੀਤਾ ਹੈ, ਜਿਵੇਂ:

ਜੈਸੇ ਖਾਂਡੁ ਖਾਂਡੁ ਕਹੈ, ਮੁਖਿ ਨਹੀ ਮੀਠਾ ਹੋਇ,
ਜਬ ਲਗੁ ਜੀਭ ਸ੍ਵਾਦ, ਖਾਂਡੁ ਨਹੀ ਖਾਈਐ॥
ਜੈਸੇ ਰਾਤ ਅੰਧੇਰੀ ਮੈ, ਦੀਪਕ ਦੀਪਕ ਕਹੈ,
ਤਿਮਰ ਨ ਜਾਈ, ਜਬ ਲਗੁ ਨ ਜਰਾਈਐ॥
ਜੈਸੇ ਗਿਆਨ ਗਿਆਨ ਕਹੈ, ਗਿਆਨ ਹੂੰ ਨ ਹੋਤ ਕਛੁ,
ਜਬ ਲਗੁ ਗੁਰ ਗਿਆਨ, ਅੰਤਰਿ ਨ ਪਾਈਐ॥
ਤੈਸੇ ਗੁਰ ਧਿਆਨ ਹੈ ਕਹੈ, ਗੁਰ ਧਿਆਨ ਹੂੰ ਨ ਪਾਵਤ,
ਜਬ ਲਗੁ ਗੁਰ ਦਰਸਿ, ਜਾਇ ਨ ਸਮਾਈਐ॥੫੪੨॥

ਦੇਸ਼ ਦੀ ਅਖੰਡਤਾ ਅਤੇ ਸਮੂਹ ਸਾਂਝੀਵਾਲਤਾ ਨੂੰ ਧਿਆਨ ਵਿਚ ਰੱਖਦਿਆਂ, ਇਕ ਘਟਨਾ ਦਾ ਚਿੱਤਰ ਹਿਰਦੇ ਦੀਆਂ ਅੰਤ੍ਰੀਵੀ ਤਰਬਾਂ ਨੂੰ ਬਾਰ ਬਾਰ ਝੁਣਕਾਰੀ ਛਹੁ ਦੁਆਰਾ ਕੁਝ ਪੈਗ਼ਾਮ ਦੇ ਰਿਹਾ ਜਾਪਦਾ ਹੈ ਤਾਂਕਿ ਉਹ ਅੰਤ੍ਰੀਵੀ ਛਹੁ ਅਥਵਾ ਯਥਾਰਥਿਕ ਹਕੀਕਤ ਹਿੰਦੁਸਤਾਨੀ ਬਹੁ ਸੰਖਿਅਕ ਜਨ-ਸੰਖਿਆ ਨਾਲ ਸਾਂਝੀ ਕੀਤੀ ਜਾ ਸਕੇ। ਇਕ ਦਫ਼ਾ ਦਾ ਜ਼ਿਕਰ ਹੈ ਕਿ ਗਲੋਬੋ ਜੱਨਤ ਕੈਨੇਡਾ ਦੇਸ਼ ਦੇ ਸੂਬੇ ਬੀ.ਸੀ. ਵਿਚ ਮਈ 29, 1991, ਦਿਨ ਬੁਧਵਾਰ ਨੂੰ ਸਾਰੇ ਧਰਮਾਂ ਦੀ ਪਰਸਪਰ ਜਾਣਕਾਰੀ ਅਤੇ ਬਿਹਤਰੀ ਪ੍ਰਤਿ ਇਕ ਕਨਵੈਨਸ਼ਨ ਬੁਲਾਈ ਗਈ। ਇਹ ਸਰਬ ਸਾਂਝੀ ਧਾਰਮਕ ਇਕੱਤ੍ਰਤਾ ਸ੍ਰਿਸ਼ਠੀ ਦੇ ਸਭ ਤੋਂ ਅਤਿ ਪਿਆਰੇ ਸ਼ਹਿਰ ਵੈਨਕੂਵਰ ਵਿਚ ਹੋਈ। ਸੰਸਾਰ ਪੱਧਰੀ ਧਾਰਮਕ ਇਕੱਤ੍ਰਤਾ ਨੂੰ ਸੰਬੋਧਨ ਕਰਦੇ ਹੋਏ, ਸੂਬਾ ਬੀ.ਸੀ. ਦੇ "The Honourable David C.Lam, Lieutenant-Governor of B.C." ਨੇ ਸੁਆਗਤੀ ਭਾਸ਼ਣ ਦੁਆਰਾ ਸਾਰਿਆਂ ਦਾ ਧੰਨਵਾਦ ਕੀਤਾ ਔਰ ਨਾਲ ਦੀ ਨਾਲ ਦੇਸ਼ ਭਲਾਈ ਅਤੇ ਸਮੂਹ ਸਾਂਝੀਵਾਲਤਾ ਪ੍ਰਤਿ ਜ਼ਿਕਰ ਕਰਦੇ ਹੋਏ ਆਖਿਆ ਕਿ ਅਸੀਂ ਬੀ.ਸੀ. ਅਤੇ ਸਮੁੱਚੇ ਕੈਨੇਡਾ ਪ੍ਰਤਿ ਕੈਸੀ ਵਿਚਾਰਸ਼ੈਲੀ ਰੱਖਦੇ ਹਾਂ ਜਿਸ ਦੇ ਆਧਾਰ 'ਤੇ ਕੈਨੇਡਾ ਇਸ ਗਲੋਬੋ ਨਗਰੀ ਦਾ ਬੈਕੁੰਠ ਧਾਮ ਹੈ। ਉਸ ਭਾਸ਼ਣ ਦੀ ਤਾਤਵਿਕ ਰੂਪ-ਰੇਖਾ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ, ਪੜ੍ਹੀ ਅਤੇ ਵਿਚਾਰੀ ਜਾ ਸਕਦੀ ਹੈ, ਜਿਵੇਂ:

On behalf of the people of British Columbia, I want to thank Sir John and Lady Templeton and the Trustees and the award Committee for choosing British Columbia, Canada, as the place to hold this ceremony.

We live in exciting and remarkable times. Our world is changing at an ever-increasing speed. Take my province as an example.

We witness a change of orientation. We used to be economically influenced heavily by Central Canada and Western Europe, but now we have added a new focus-Asia Pacific to our orientation.

Take trade for instance. Our trade with Asia Pacific exceeds our trade with the U.S.A. Asia Pacific is gaining importance as never before. As people and information travel faster and further, the pace of modern life makes national boundaries less and less powerful. Culturally speaking, we see the clashing of two main cultures, the west and the oriental. This is bringing exciting results but at the same time, is bringing difficulties and perplexities.

Now the key to success, in my mind, is how to turn difficulties into opportunities. How to turn perplexities into strength.

You ask me how ? I would suggest we start with a very simple word, that word is "attitude" when we are faced with people of different religious beliefs, or different cultural background, different ethnic or linguistic origins, how do we view that person ? One of the attitudes is to treat them as potential enemies. Once we take that attitude we usually find ourselves to be "on guard" and pretty soon we start with a battleground mindset, and real battle.

Another attitude is to treat people as potential partners. This starts us on a common ground with people. This common ground approach usually ends up with reaching a higher ground of understanding, goodwill, harmony, cooperation and peace. It enriches one's life to say the very least. It widens one's horizons and world. It is win-win situation.[1]

ਇਨਸਾਨੀ ਜੀਵਨ ਦੇ ਆਰ-ਪਾਰ ਦੋ ਕਿਨਾਰੇ ਹਨ। ਗਰਜ਼ੇਕਿ, ਪ੍ਰਕ੍ਰਿਤੀ ਦੀ ਹਰ ਗਤੀ ਦੋ ਪਹੀਆਂ 'ਤੇ ਗਤੀਬੱਧ ਹੋ ਰਹੀ ਹੈ। ਜਿਤਨੇ ਅਰਸੇ ਤਕ ਜੀਵਨ ਦੇ ਦੂਸਰੇ ਤਟ ਅਥਵਾ ਕਿਸੇ ਨਦੀ ਦੇ ਪਾਰਲੇ ਤਟ ਤਕ ਰਸਾਈ ਨਹੀਂ

1. *Templeton* 1991, pp. 12-13.

ਹੁੰਦੀ, ਉਤਨੇ ਅਰਸੇ ਤਕ ਇਨਸਾਨੀ ਚੇਤਨ ਮੰਡਲ ਵਿਚ ਇਕ ਭੁਲੇਖਾ ਬਣਿਆ ਰਹਿੰਦਾ ਹੈ ਕਿ ਪਾਰਲੇ ਤਟ ਦੀ ਅਵਸਥਾ ਕੈਸੀ ਹੈ ?

ਜੀਵਨ ਨਦੀ ਦੇ ਦੋ ਕਿਨਾਰੇ ਹਨ। ਇਕ ਕਿਨਾਰੇ ਦਾ ਵਸਨੀਕ ਦੂਜੇ ਕਿਨਾਰੇ ਦੀ ਖ਼ਬਰਸਾਰ, ਅਛਾਈ ਬੁਰਾਈ, ਨੇਕੀ ਬਦੀ, ਸੁਖ ਦੁਖ, ਰੋਗ ਅਰੋਗਤਾ, ਸ਼ਾਦੀ ਗ਼ਮੀ ਜੈਸੇ ਅਵਸਰਾਂ 'ਤੇ ਉਪਸਥਿਤ ਹੋਏ ਬਿਨਾਂ, ਜੀਵਨ ਦੀ ਰਵਸ਼ ਅਧੂਰੀ, ਗ਼ੈਰ-ਤਸੱਲੀਬਖ਼ਸ਼ ਅਤੇ ਅਸੰਤੋਸ਼ਜਨਕ ਸਮਝਦਾ ਹੈ। ਜੀਵਨ ਦੀ ਪੱਧਰ ਨੂੰ ਸਥਿਰ ਰੱਖਣ ਹਿਤ ਆਵਸ਼ਕ ਹੈ ਕਿ ਜੀਵਨ ਦੇ ਦੋਵੇਂ ਪਹੀਏ ਅਥਵਾ ਜੀਵਨ ਨਦੀ ਦੇ ਦੋਵੇਂ ਕਿਨਾਰੇ ਸੁਅੱਸਤ ਅਵਸਥੀ ਸਮਾਨਤਾ ਰੱਖਦੇ ਹੋਣ ਤਾਂਕਿ ਆਰ-ਪਾਰ ਦੀ ਸਾਂਝ ਬਣੀ ਰਹੇ। ਆਰ-ਪਾਰ ਦੀ ਸਾਂਝ ਕਾਇਮ ਰੱਖਣ ਹਿਤ ਬਹੁਤ ਹੀ ਲਾਜ਼ਮੀ ਹੈ ਕਿ ਕਿਸੇ ਪੁਲ ਦੀ ਉਸਾਰੀ ਕੀਤੀ ਜਾਵੇ। ਪੁਲ ਦੀ ਉਸਾਰੀ ਵਾਸਤੇ ਆਵਸ਼ਕ ਹੈ ਕਿ ਨਦੀ ਦੇ ਵਿਚਕਾਰ ਥੰਮ੍ਹਲੇ ਗੱਡੇ ਜਾਣ ਤਾਂਕਿ ਥੰਮ੍ਹਲਿਆਂ ਦੇ ਉਪਰ ਪੁਲ ਦੀ ਉਸਾਰੀ ਹੋ ਸਕੇ। ਨਦੀ ਦਾ ਪੁਲ ਇਕ ਐਸੀ ਜੁਗਤੀ ਹੈ ਜਿਸ ਦੇ ਆਸਰੇ ਆਰ-ਪਾਰ ਦੇ ਯਾਤਰੀ ਪਰਸਪਰ ਜੀਵਨ ਦੀ ਗੱਡੀ ਚਲਾ ਸਕਦੇ ਹਨ ਤਾਂਕਿ ਦੁਖ ਸੁਖ, ਸ਼ਾਦੀ ਗ਼ਮੀ ਦੀ ਸਾਂਝ ਹੋ ਸਕੇ। ਜੀਵਨ ਨਦੀ ਦੇ ਪੁਲ ਦੀਆਂ ਥੰਮ੍ਹੀਆਂ ਨੌਂ ਪ੍ਰਕਾਰੀ ਹੋ ਸਕਦੀਆਂ ਹਨ, ਜਿਵੇਂ ਪਰਸਪਰ ਸਦ ਭਾਵਨਾ, ਪਰਸਪਰ ਮਿਲ ਬੈਠਣ, ਪਰਸਪਰ ਜਾਣਕਾਰੀ, ਪਰਸਪਰ ਮਾਨਤਾ, ਪਰਸਪਰ ਸਤਿਕਾਰ, ਪਰਸਪਰ ਭਰੋਸਾ, ਪਰਸਪਰ ਸਹਿਨਸ਼ੀਲਤਾ, ਪਰਸਪਰ ਪਿਆਰ ਅਤੇ ਪਰਸਪਰ ਸਲਾਹ ਮਸ਼ਵਰਾ, ਆਦਿ। ਇਹ ਓਹ ਥੰਮ੍ਹੀਆਂ ਹਨ ਜਿਨ੍ਹਾਂ ਉਪਰ ਜੀਵਨ ਯਾਤਰਾ ਪ੍ਰਤਿ ਸਾਂਝਾ ਅਤੇ ਸਾਧਾਰਨ ਪੁਲ ਉਸਾਰਿਆ ਜਾ ਸਕਦਾ ਹੈ। ਇਸੇ ਚਿੱਤਰ ਦੇ ਦੂਜੇ ਪਾਸੇ ਇਨ੍ਹਾਂ ਥੰਮ੍ਹੀਆਂ ਦੀ ਵਿਆਖਿਆ ਇੰਝ ਭੀ ਕੀਤੀ ਜਾ ਸਕਦੀ ਹੈ, ਜਿਵੇਂ :

Mutual affection, mutual understanding, mutual acceptance, mutual respect, mutual trust, mutual tolerance, mutual love and mutual advise etc.

ਇਕ ਦੂਸਰੇ ਨਾਲ ਮਿਲ ਬੈਠਣਾ ਹੀ ਅਨਿਕ ਪ੍ਰਕਾਰੀ ਭਰਮ ਭੁਲੇਖਿਆਂ ਦੀ ਨਵਿਰਤੀ ਦਾ ਸਾਧਨ ਹੈ। ਇਹੀ ਉਹ ਜੁਗਤੀ ਹੈ ਜਿਸ ਦੇ ਆਧਾਰ 'ਤੇ ਦੁਨੀਆ ਦਾ ਹਰ ਫ਼ਰਦੋ-ਬਸ਼ਰ, ਸੁਖਚੈਨ ਦਾ ਜੀਵਨ ਬਿਤਾਂਦਾ ਹੋਇਆ ਜੀਵਨ ਮਨੋਰਥ ਦੀ ਪ੍ਰਾਪਤੀ ਕਰ ਸਕਦਾ ਹੈ। ਜੋ ਇਨਸਾਨ ਇਕ ਦੂਸਰੇ ਨਾਲ ਕਦੀ ਭੀ ਮਿਲਜੁਲ ਕੇ ਨਹੀਂ ਬੈਠਦੇ, ਉਨ੍ਹਾਂ ਦੀ ਅੰਤ੍ਰੀਵੀ ਭਾਵਨਾ ਇਤਨੀ ਛਲਕਪਟੀ, ਭਰਮ ਭੁਲੇਖਿਆਂ ਦਾ ਭੰਡਾਰਾ ਅਤੇ ਉਨ੍ਹਾਂ ਦਾ ਨਿਜੀ ਜੀਵਨ ਭੀ ਨਕਾਰਾਤਮਕ ਹੋਇ ਨਿਬੜਦਾ ਹੈ ਕਿ ਉਹ ਸਮੁੱਚੇ ਸਮਾਜੀ ਜੀਵਨ ਦੀ ਆਭਾ ਨੂੰ ਭੀ ਦੁਰਗੰਧਤ ਅਤੇ ਭ੍ਰਿਸ਼ਟੀ ਬਣਾ ਦਿੰਦੇ ਹਨ। ਇਕ ਦੂਸਰੇ ਪ੍ਰਤਿ

ਭਰਮ ਭੁਲੇਖਾ ਇਕ ਐਸੀ ਲਾ-ਇਲਾਜ ਬੀਮਾਰੀ ਹੈ ਜਿਸ ਦੀ ਅਉਖਧ ਜੀਵਨ ਦੇ ਦੋ ਕਿਨਾਰਿਆਂ ਦੇ ਦਰਮਿਆਨ ਪੁਲ ਦੀ ਉਸਾਰੀ ਹੈ ਤਾਂਕਿ ਅਸੀਂ ਪਰਸਪਰ ਸੰਪਰਕ ਉਤਪੰਨ ਕਰਦੇ ਹੋਏ, ਭਰਮ ਭੁਲੇਖਿਆਂ ਦੀ ਨਵਿਰਤੀ ਕਰ ਸਕੀਏ। ਪੁਰਾਤਨ ਹਿੰਦੁਸਤਾਨੀ ਇਤਿਹਾਸ ਵਿਚ ਨਕਾਰਾਤਮਕ ਭਰਮ ਭੁਲੇਖਿਆਂ ਪ੍ਰਤਿ ਕੁਝ ਐਸੀਆਂ ਉਦਾਹਰਣਾਂ ਪ੍ਰਾਪਤ ਹੋ ਰਹੀਆਂ ਹਨ ਜਿਨ੍ਹਾਂ ਦੇ ਆਧਾਰ 'ਤੇ ਵਹਿਮੀ ਅਤੇ ਭਰਮੀ ਆਗੂਆਂ ਨੇ ਹਿੰਦੁਸਤਾਨੀ ਸੱਭਿਅਤਾ ਅਤੇ ਹਿੰਦੁਸਤਾਨੀ ਭੁਗੋਲਿਕ ਸਥਿਤੀ ਦਾ ਜਨਾਜ਼ਾ ਕੱਢਿਆ ਹੈ ਜੋ ਅੱਜ ਤਕ ਭੀ ਜਨਤਾ ਦੇ ਹਿਰਦਿਆਂ ਵਿਚ ਕੈਂਸਰ ਦਾ ਰੋਗ ਹੀ ਆਖਿਆ ਜਾ ਸਕਦਾ ਹੈ। ਸੁਹਿਰਦ ਪਾਠਕਾਂ ਦੀ ਸੂਝ ਬੂਝ ਹਿਤ ਕੁਝ ਮਿਸਾਲਾਂ ਨਿਮਨ ਲਿਖਤ ਵਾਰਤਾ ਦੁਆਰਾ ਪੇਸ਼ ਕੀਤੀਆਂ ਜਾ ਰਹੀਆਂ ਹਨ, ਤਾਂਕਿ ਹਰ ਹਿੰਦੁਸਤਾਨੀ ਨਿਜੀ ਬੀਮਾਰੀ ਨੂੰ ਵੇਖ ਸਕੇ।

ਹਿੰਦੁਸਤਾਨੀ ਆਜ਼ਾਦੀ ਮਿਲਣ ਤੋਂ ਪਹਿਲਾਂ ਲੰਡਨ (ਇੰਗਲੈਂਡ) ਵਿਚ ਇਕ ਗੋਲਮੇਜ਼ ਕਾਨਫਰੰਸ ਹੋਈ, ਜਿਸ ਵਿਚ ਕੁਝ ਹਿੰਦੂ ਅਤੇ ਮੁਸਲਮਾਨ ਲੀਡਰਾਂ ਨੇ ਭੀ ਭਾਗ ਲਿਆ। ਮਿਸਟਰ ਜਿਨਾਹ ਲਿਖਦੇ ਹਨ ਕਿ ਕਾਨਫਰੰਸ ਦੇ ਸਮੇਂ ਜਿਸ ਪ੍ਰਕਾਰ ਦੀਆਂ ਗੱਲਾਂ ਬਾਤਾਂ ਹਿੰਦੂ ਲੀਡਰਾਂ ਨੇ ਕੀਤੀਆਂ, ਉਹ ਮੇਰੇ ਵਾਸਤੇ ਬਹੁਤ ਹੀ ਤਲਖ਼ ਤਜਰਬਾ ਸੀ। ਹਿੰਦੂਆਂ ਦਾ ਦ੍ਰਿਸ਼ਟੀਕੋਣ ਇਹ ਸੀ ਕਿ ਨਿਜੀ ਸ਼ਕਤੀ ਅਤੇ ਬਹੁਜਨ ਸੰਖਿਆ ਦੇ ਅਹੰਕਾਰੀ ਆਧਾਰ 'ਤੇ, ਹਿੰਦੁਸਤਾਨੀ ਰਾਜਨੀਤੀ ਨਿਜੀ ਬਰਤਰੀ (ਨਿਜੀ ਛਤਰ ਛਾਇਆ ਦੇ ਥੱਲੇ) ਲਿਆਂਦੀ ਜਾਵੇ, ਭਾਵੇਂ ਦੂਜੀਆਂ ਪਾਰਟੀਆਂ, ਖ਼ਾਸ ਕਰਕੇ ਮੁਸਲਮਾਨ ਉਸ ਨੀਤੀ ਨੂੰ ਪਸੰਦ ਕਰਨ ਜਾਂ ਨਾ ਕਰਨ। ਭਾਰਤੀ ਨੁਮਾਇੰਦਾ ਹਕੂਮਤ ਕਿਸ ਚੀਜ਼ ਦਾ ਨਾਮ ਹੈ ? ਇਕ ਐਸੇ ਦਸਤੂਰੀ ਵਿਧਾਨ ਦੇ ਥੱਲੇ ਸੱਤ ਕਰੋੜ ਮੁਸਲਮਾਨਾਂ ਅਥਵਾ ਸਾਰੀਆਂ ਲਘੂ ਸੰਖਿਅਕ ਸ਼੍ਰੇਣੀਆਂ ਨੂੰ ਹਿੰਦੂ ਦੇ ਰਹਿਮੋ-ਕਰਮ 'ਤੇ ਮਜਬੂਰ ਅਤੇ ਬੇ-ਕਸ ਬਣਾ ਦੇਣਾ ਹੈ। ਜਿਸ ਦੇ ਆਧਾਰ 'ਤੇ ਹਿੰਦੂਆਂ ਦਾ ਇਕ ਵਿਸ਼ੇਸ਼ ਤਬਕਾ ਲਘੂ ਸੰਖਿਅਕ ਜਨਤਾ 'ਤੇ ਆਪਣੀਆਂ ਮਨ-ਆਈਆਂ ਕਰ ਸਕੇ ਅਤੇ ਨਿਜੀ ਇੱਛਾ ਦੇ ਅਨੁਸਾਰ ਇਨ੍ਹਾਂ ਨਾਲ ਪੇਸ਼ ਆਵੇ। "ਕਿਆ ਹਮ ਇਸੇ ਨੁਮਾਇੰਦਾ ਹਕੂਮਤ ਕਹਿ ਸਕਤੇ ਹੈਂ ? ਯਕੀਨਨ ਨਹੀਂ।" ਪਹਿਲੀ ਗੋਲਮੇਜ਼ ਕਾਨਫਰੰਸ ਵਿਚ ਕੁਝ ਹਿੰਦੂ ਲੀਡਰਾਂ ਦੇ ਰਵੱਈਏ ਦਾ ਜ਼ਿਕਰ ਕਰਦੇ ਹੋਏ, ਜਿਨਾਹ ਸਾਹਿਬ ਨੇ ਆਖਿਆ ਕਿ "ਬੇਸ਼ਤਰ ਹਿੰਦੂ ਅਕਲੋ-ਹੋਸ਼ ਸੇ ਆਰੀ ਹੈਂ।" ਸ਼ਾਇਦ ਤੁਹਾਨੂੰ ਜਾਣਕਾਰੀ ਨਾ ਹੋਵੇ, ਪ੍ਰੰਤੂ ਮੈਂ (ਮਿਸਟਰ ਜਿਨਾਹ) ਇਸ ਤੋਂ ਬਹੁਤ ਅੱਛੀ ਤਰ੍ਹਾਂ ਵਾਕਫ਼ ਹਾਂ, ਮੈਂ ਤੁਹਾਨੂੰ ਯਕੀਨ ਨਾਲ ਆਖਦਾ ਹਾਂ ਕਿ ਜਦੋਂ ਤਕ ਹਿੰਦੂ ਨਿਜੀ ਤੌਰ 'ਤੇ ਹਿੰਮਤ ਅਤੇ ਭਰੋਸਾ ਉਤਪੰਨ

ਨਹੀਂ ਕਰਨਗੇ "ਵਹ ਮੁਸਲਮਾਨੋਂ ਸੇ ਖ਼ੌਫ਼ਜ਼ਦਾ (ਡਰਤੇ) ਹੀ ਰਹੇਂਗੇ।"[1] ਵਹਿਮ ਦੀ ਉਪਜ ਡਰ ਹੈ। ਭਰਮ ਭੁਲੇਖਿਆਂ ਦੇ ਵਾਤਾਵਰਨ ਵਿਚ ਤ੍ਰਭਕਿਆ ਹੋਇਆ ਇਨਸਾਨ ਘਬਰਾਹਟ, ਤੰਗ ਦਿਲੀ ਅਤੇ ਨਕਾਰਾਤਮਕ ਵਿਚਾਰਸ਼ੈਲੀ ਉਲੀਕਦਾ ਹੈ।

ਵਹਿਮ ਇਕ ਐਸੀ ਬੀਮਾਰੀ ਹੈ ਜੋ ਦੋ ਵਿਚਾਰ ਸ਼ੈਲੀਆਂ ਨੂੰ ਪਰਸਪਰ ਸੂਝ ਬੂਝ ਦੇ ਥਾਂ, ਮਸ਼ਕੂਕ ਅਤੇ ਭੰਵਰ ਜਾਲ ਵਿਚ ਰੱਖਦੀ ਹੈ। ਜਦੋਂ ਅਸੀਂ ਦੇਸ਼ ਦੀ ਆਜ਼ਾਦੀ ਪ੍ਰਤਿ ਦੋ ਖ਼ਿਆਲਾਂ ਦਾ ਤਵਾਜ਼ਨ ਕਰਦੇ ਹਾਂ ਤਦ ਅਸਾਡੇ ਸਾਹਮਣੇ ਨਿਰਸੰਦੇਹ ਇਕ ਧਾਰਾ ਪ੍ਰਗਟ ਹੋਇ ਆਂਵਦੀ ਹੈ ਕਿ ਹਿੰਦੁਸਤਾਨੀ ਲੀਡਰ ਕਿਸ ਢੰਗ ਦੁਆਰਾ ਇਕ ਦੂਸਰੇ ਪ੍ਰਤਿ ਮਸ਼ਕੂਕ ਵਿਰਤੀ ਰੱਖਦੇ ਸਨ। ਮਹਾਤਮਾ ਗਾਂਧੀ ਜੀ ਦੇ ਵਿਚਾਰਾਂ ਪ੍ਰਤਿ ਮਿਸਟਰ ਜਿਨਾਹ ਲਿਖਦੇ ਹਨ ਕਿ ਉਹ ਦੂਸਰੇ ਧਰਮਾਂ ਪ੍ਰਤਿ ਕੈਸੀ ਵਿਚਾਰਧਾਰਾ ਰੱਖਦੇ ਸਨ। ਮਹਾਤਮਾ ਗਾਂਧੀ ਦੇ ਅੰਤ੍ਰੀਵੀ ਵਿਚਾਰਾਂ ਦਾ ਖਰੜਾ ਮਿਸਟਰ ਜਿਨਾਹ ਨਿਮਨ ਲਿਖਤ ਦੁਆਰਾ ਪੇਸ਼ ਕਰਦੇ ਹਨ ਕਿ ਗਾਂਧੀ ਜੀ ਨੇ ਵਾਇਸਰਾਏ ਹਿੰਦ ਨੂੰ ਚਿੱਠੀ ਦਾ ਉੱਤਰ ਦਿੰਦੇ ਹੋਏ ਲਿਖਿਆ ਕਿ ਮੈਂ ਇਸ ਨਾਜ਼ਕ (1914 ਜੰਗ ਦੇ) ਮਸਲੇ ਪ੍ਰਤਿ ਬਰਤਾਨੀਆਂ ਸਰਕਾਰ ਦੇ ਹਿਤ ਵਿਚ ਹਿੰਦੁਸਤਾਨ ਦੇ ਸਾਰੇ ਸੁਲਝੇ ਹੋਏ ਲੋਕਾਂ ਦੀ ਸੇਵਾ ਬਹੁਤ ਹੀ ਜਲਦੀ ਸਰਕਾਰ ਦੇ ਹੱਕ ਵਿਚ ਪੇਸ਼ ਕਰਾਂਗਾ। ਮੈਂ ਆਪ ਜੀ (ਵਾਇਸਰਾਏ ਹਿੰਦ) ਦੀ ਇੱਜ਼ਤ ਕਰਦਾ ਹਾਂ। ਮੈਨੂੰ ਅੰਗਰੇਜ਼ ਕੌਮ ਨਾਲ ਮੁਹੱਬਤ ਹੈ ਅਤੇ ਮੈਂ ਹਰ ਹਿੰਦੁਸਤਾਨੀ ਦੇ ਦਿਲ ਵਿਚ ਅੰਗਰੇਜ਼ਾਂ ਪ੍ਰਤਿ ਵਫ਼ਾਦਾਰੀ ਦਾ ਜਜ਼ਬਾ ਉਤਪੰਨ ਕਰਨਾ ਚਾਹੁੰਦਾ ਹਾਂ।[2]

ਜਦੋਂ ਗਾਂਧੀ ਜੀ ਨੇ ਗੁਰਦੁਆਰਾ ਸੀਸਗੰਜ ਦਿੱਲੀ ਵਿਚ ਸਿਖ ਕੌਮ ਦੀ ਹਿਮਾਇਤ ਹਾਸਲ ਕਰਨ ਹਿਤ ਭਾਸ਼ਣ ਦਿੱਤਾ, ਤਦ ਬਹੁਤ ਹੀ ਭੋਲੀ ਅਤੇ ਸਾਦਾ ਸੁਭਾਅ ਸਿਖ ਕੌਮ ਨੇ ਗਾਂਧੀ ਜੀ ਦੀਆਂ ਛਲਕਪਟੀ ਗੱਲਾਂ 'ਤੇ ਭਰੋਸਾ ਕੀਤਾ, ਗ਼ਰਜ਼ੇਕਿ, ਸਿਖ ਕੌਮ ਦੀ ਵਾਗਡੋਰ ਹਿੰਦੂ ਲੀਡਰਾਂ ਦੇ ਹੱਥ ਵਿਚ ਸੌਂਪ ਦਿੱਤੀ। ਬਿਲਕੁਲ ਇਸੇ ਤਰ੍ਹਾਂ ਨਾਗਪੁਰ ਦੇ ਜਲਸੇ ਵਿਚ ਮੁਸਲਮਾਨਾਂ ਨੇ ਭੀ ਨਿਜੀ ਡੋਰ ਗਾਂਧੀ ਦੇ ਹਵਾਲੇ ਕਰ ਦਿੱਤੀ, ਤਾਂਕਿ ਸਮੂਹਕ ਤੌਰ 'ਤੇ ਇਕੱਤਰ ਹੋ ਕੇ ਅੰਗਰੇਜ਼ਾਂ ਦੇ ਵਿਰੁੱਧ ਆਜ਼ਾਦੀ ਦੀ ਤਹਿਰੀਕ ਗਤੀਬੱਧ ਰੱਖੀ ਜਾ ਸਕੇ। ਇਸ ਇਜਲਾਸ ਦੀ ਕਾਰਵਾਈ ਪ੍ਰਤਿ ਕੁਝ ਇਸਲਾਮੀ ਵਿਦਵਾਨਾਂ ਦੇ ਖ਼ਿਆਲ ਨਿਮਨ ਲਿਖਤ ਵਿਚ ਵੇਖੇ ਜਾ ਸਕਦੇ ਹਨ, ਜਿਵੇਂ :

---

1. *ਕਾਇਦੇ ਆਜ਼ਮ ਜਿਨਾਹ*, ਪੰਨੇ 291-93, ਉਰਦੂ, ਕਰਤਾ, ਜੀ ਇਲਾਨਾ, ਫ਼ੀਰੋਜ਼ ਐਂਡ ਸਨਜ਼, ਲਾਹੌਰ, ਪਾਕਿਸਤਾਨ।
2. *ਉਹੀ*, ਪੰਨਾ 136.

ਪ੍ਰਗਟ ਤੌਰ 'ਤੇ ਇਹ ਬਹੁਤ ਹੀ ਅਜੀਬ ਸਮੱਸਿਆ ਹੈ ਕਿ ਮੁਸਲਮਾਨ ਇਕ ਐਸੇ ਵਿਅਕਤੀ ਦੇ ਹੱਥਾਂ ਵਿਚ ਕੌਮ ਦੀ ਜਥੇਦਾਰੀ ਜੈਸਾ ਮੁਆਮਲਾ ਦੇਣ ਲਈ ਤਿਆਰ ਹੋ ਗਏ ਜਿਸ ਨੇ ਲਿਖਿਆ ਹੈ ਕਿ ਮੈਂ ਆਪਣੇ ਆਪ ਨੂੰ ਇਕ ਸਨਾਤਨੀ ਹਿੰਦੂ ਆਖਦਾ ਹਾਂ। ਪਹਿਲੀ ਗੱਲ ਤਾਂ ਇਹ ਹੈ ਕਿ ਵੇਦਾਂ ਉਪਨਿਸ਼ਦਾਂ, ਪੁਰਾਣਾਂ ਅਤੇ ਹਿੰਦੂਆਂ ਦੀਆਂ ਸਾਰੀਆਂ ਹੀ ਧਾਰਮਕ ਪੁਸਤਕਾਂ 'ਤੇ ਮੇਰਾ ਭਰੋਸਾ ਹੈ। ਦੂਜੀ ਗੱਲ ਇਹ ਹੈ ਕਿ ਮੈਂ ਵੇਦਾਂ ਦੇ ਅਨੁਸਾਰ ਵਰਨਾਸ਼ਰਮ ਧਰਮ (ਨਸਲੀ ਵਿਤਕਰਾ ਨਿਯਮ) ਦਾ ਹਾਮੀ ਹਾਂ। ਤੀਜੀ ਗੱਲ ਇਹ ਕਿ ਮੈਂ ਗਊ ਮਾਤਾ ਦੀ ਰੱਖਿਆ ਨੂੰ ਧਰਮ ਦਾ ਅੰਗ ਸਮਝਦਾ ਹਾਂ। ਚੌਥੀ ਚੀਜ਼ ਇਹ ਹੈ ਕਿ ਮੂਰਤੀ ਪੂਜਾ 'ਤੇ ਮੇਰਾ ਭਰੋਸਾ ਹੈ।[1] ਗਾਂਧੀ ਜੀ ਦੀ ਵਿਅਕਤੀਗਤ ਮਨੁੱਖਤਾ ਪ੍ਰਤਿ ਕੇ.ਐਮ. ਮੁਨਸ਼ੀ ਲਿਖਦੇ ਹਨ ਕਿ ਮੈਂਨੇ ਸਭ ਸੇ ਆਖ਼ਰ ਮੇਂ ਇਸ ਬਾਤ ਸੇ ਇਤਿਫ਼ਾਕ (ਸਹਿਮਤੀ) ਕੀਆ ਉਸ ਵਕਤ ਮੇਰਾ ਖ਼ਿਆਲ ਥਾ ਕਿ ਗਾਂਧੀ ਜੀ ਕਾ ਤਰੀਕਾ, ਮੱਕਾਰ, ਗ਼ੈਰ-ਯਕੀਨੀ, ਮਨ-ਮਾਨਾ ਔਰ ਗ਼ੈਰ-ਅਮਲੀ ਹੈ।[2] ਗ਼ਰਜ਼ੇਕਿ ਗਾਂਧੀ ਜੀ ਸਾਰੇ ਹਿੰਦੁਸਤਾਨ ਅਤੇ ਸਾਰੀਆਂ ਹਿੰਦੁਸਤਾਨੀ ਕੌਮਾਂ ਦੇ ਨਿਰਣੈ ਨਿਜੀ ਇੱਛਾ ਦੇ ਅਨੁਸਾਰ ਕਰਨਾ ਲੋਚਦੇ ਸਨ। ਸਿਖ ਕੌਮ ਦੇ ਲੀਡਰ ਰਾਜਨੀਤੀ ਤੋਂ ਸੱਖਣੇ ਹੋਣ ਕਰਕੇ ਗਾਂਧੀ ਅਤੇ ਹੋਰ ਹਿੰਦੂ ਲੀਡਰਾਂ ਦੀਆਂ ਛਲਕਪਟੀ ਗੱਲਾਂ ਵਿਚ ਲਪੇਟੇ ਗਏ ਪ੍ਰੰਤੂ ਮਿਸਟਰ ਜਿਨਾਹ ਇਨ੍ਹਾਂ ਦੀਆਂ ਮੱਕਾਰੀ ਚਾਲਾਂ ਪ੍ਰਤਿ ਕਾਫ਼ੀ ਤੋਂ ਜ਼ਿਆਦਾ ਖ਼ਬਰਦਾਰ ਸਨ। ਇਹੀ ਕਾਰਨ ਸੀ ਕਿ ਉਹ ਇਨ੍ਹਾਂ ਦੇ ਛਲਕਪਟੀ ਜਾਲ ਵਿਚ ਨਹੀਂ ਉਲਝੇ। ਅਗਰ ਉਸ ਸਮੇਂ ਮੁਸਲਮਾਨ ਕੌਮ ਭੀ ਸਿੱਖਾਂ ਵਾਲੀ ਗ਼ਲਤੀ ਕਰ ਜਾਂਦੀ ਤਦ ਨਿਰਸੰਦੇਹ ਉਨ੍ਹਾਂ ਦੀਆਂ ਅੱਖੀਆਂ ਦੇ ਹੰਝੂ ਭੀ ਨਿਤਾਪ੍ਰਤਿ ਜੀਵਨ ਦਾ ਵਿਹਾਰ ਬਣ ਜਾਂਦੇ। ਸਿਖ ਕੌਮ ਵਾਂਗੂ ਟਪਕਦੇ ਹੀ ਰਹਿਣੇ ਸਨ। ਕਈ ਦਫ਼ਾ ਸ਼ਿਕਾਰੀ ਦੇ ਪੰਜੇ ਵਿਚ ਫਸਿਆ ਹੋਇਆ ਬੱਬਰ ਸ਼ੇਰ ਭੀ ਰੁਦਨਮਈ ਸਥਿਤੀ ਦਾ ਪ੍ਰਗਟਾਵਾ ਕਰਦਾ ਹੈ। ਜਿਵੇਂ ਸ਼ੇਰ ਦੇ ਨਿੱਕੇ ਬੱਚੇ ਨੂੰ ਉਸ ਦੀ ਮਾਂ ਸ਼ੇਰ ਸ਼੍ਰੇਣੀ ਦੇ ਵਾਸਤਵਿਕ ਜੀਵਨ ਪ੍ਰਤਿ ਸੋਖਿਆ ਦੇਣ ਲਈ ਜੰਗਲ ਵਿਚ ਘੁੰਮਣ ਵਾਸਤੇ ਲੈ ਕੇ ਗਈ। ਮਾਂ ਕਹਿਣ ਲੱਗੀ—ਹੇ ਬੇਟਾ! ਆਪਾਂ ਸ਼ੇਰ ਹਾਂ ਅਤੇ ਸਮੁੱਚੀ ਜੰਗਲੀ ਜੀਵਨੀ ਦੇ ਬਾਦਸ਼ਾਹ ਹਾਂ ਅਤੇ ਕਿਸੇ ਭੀ ਹੋਰ ਦੂਜੇ ਜੀਵ ਨੂੰ ਪਰਾਜਿਤ ਕਰ ਕੇ ਲਤਾੜ ਸਕਦੇ ਹਾਂ। ਬਲਕਿ ਇਨਸਾਨ ਭੀ ਅਸਾਡੀ ਰਹਿਮਤ 'ਤੇ ਹੀ ਜਿਊਂਦੇ ਹਨ।

1. *Young India*, 12 October, 1921, Referred from *'Qaidi-Azam Jinnah'* p. 197.
2. K.M. Munshi, Printed 1940, pp. 6-7.
(ਆਈ ਫ਼ਾਲੂਦੀ ਮਹਾਤਮਾ, ਕੇ.ਐਮ. ਮੁਨਸ਼ੀ। *ਕਾਇਦੇ ਆਜ਼ਮ ਜਿਨਾਹ*, ਪੰਨਾ 177, ਫੁਟ ਨੋਟ।)

ਇਸ ਵਾਸਤੇ ਤੈਨੂੰ ਕਿਸੇ ਤੋਂ ਭੀ ਡਰਨ ਦੀ ਲੋੜ ਨਹੀਂ ਹੈ। ਦੋਵੇਂ ਮਾਂ ਪੁੱਤਰ ਸੈਰ ਕਰਦੇ ਟੁਰੇ ਜਾਂਦੇ ਸਨ ਕਿ ਰਸਤੇ ਵਿਚ ਇਕ ਪੁਰਾਤਨ ਯਾਦਗਾਰੀ ਥੰਮ੍ਹ ਆਇਆ ਜਿਸ ਦੇ ਉਪਰ ਇਕ ਚਿੱਤਰ ਉਕਰਿਆ ਹੋਇਆ ਸੀ। ਜਿਥੇ ਇਕ ਬਹੁਤ ਹੀ ਬਲਵਾਨ ਵਿਅਕਤੀ ਸ਼ੇਰ ਨੂੰ ਨਿਜੀ ਸ਼ਕਤੀ ਦੁਆਰਾ ਕਾਬੂ ਕਰ ਕੇ ਰੁਆ ਰਿਹਾ ਸੀ। ਰੋਂਦੇ ਸ਼ੇਰ ਨੂੰ ਵੇਖ ਕੇ ਸ਼ੇਰਨੀ ਦੇ ਬੱਚੇ ਨੇ ਹੈਰਾਨ ਹੋ ਕੇ ਪੁਛਿਆ—ਹੇ ਮਾਂ! ਤੂੰ ਹੁਣੇ ਹੀ ਮੈਨੂੰ ਦਸਿਆ ਸੀ ਕਿ ਅਸੀਂ ਮਨੁੱਖ ਮਾਤਰ 'ਤੇ ਭੀ ਕਾਬੂ ਪਾ ਸਕਦੇ ਹਾਂ ਅਤੇ ਕਦੀ ਭੀ ਕਿਸੇ ਤੋਂ ਡਰਨਾ ਨਹੀਂ ਹੈ? ਮਾਂ ਨੇ ਉੱਤਰ ਦਿੰਦੇ ਹੋਏ ਆਖਿਆ—ਹਾਂ ਬੇਟਾ! ਇਹ ਲਾਟ ਜਾਂ ਪੁਰਾਤਨ ਸਮਾਧੀ ਦਸਦੀ ਹੈ ਕਿ ਕੁਝ ਅਵਸਰ ਐਸੇ ਹੁੰਦੇ ਹਨ ਜੋ ਅਕਸਰ ਜੀਵਨ ਦੇ ਦੌਰਾਨ ਵਾਪਰ ਹੀ ਜਾਂਦੇ ਹਨ ਅਤੇ ਅਸਾਨੂੰ ਭੀ ਕਿਸੇ ਦੇ ਅਧੀਨ ਚੱਲਣਾ ਹੀ ਪੈਂਦਾ ਹੈ।

ਇਸ ਪ੍ਰਿਥਵੀ ਦੇ ਧਰਾਤਲ ਦੇ ਵੱਡੇ ਵੱਡੇ ਸੁਬੱਲਤ ਯੋਧੇ, ਵੱਡੀਆਂ ਵੱਡੀਆਂ ਤਾਣ ਸਤਾਣੀ ਫ਼ੌਜਾਂ ਦੇ ਮਾਲਿਕ, ਵੱਡੀਆਂ ਵੱਡੀਆਂ ਕੌਮਾਂ ਦੇ ਸਮੂਹ ਭੀ ਰੋਂਦੇ ਕੁਰਲਾਂਦੇ ਅਤੇ ਨਿਜੀ ਕਿਸਮਤ ਦੇ ਸ਼ਿਕਵੇ ਪੇਸ਼ ਕਰਦੇ ਵੇਖੇ ਗਏ ਹਨ। ਸਮੇਂ ਦੀ ਰਵਿਸ਼ (ਗਤੀ) ਉਨ੍ਹਾਂ ਦਾ ਮੌਜੂ ਬਣਾਂਦੀ ਭੀ ਵੇਖੀ ਗਈ ਹੈ। ਉਕਤ ਦਰਸਾਏ ਮਜ਼ਮੂਨ ਦੀ ਤਾਤਵਿਕ ਗਾਥਾ ਦਾ ਅਸਲੀ ਚਿਤਰ ਨਿਮਨ ਲਿਖਤ ਦੁਆਰਾ ਵੇਖਿਆ, ਸਮਝਿਆ ਅਤੇ ਵਿਚਾਰਿਆ ਜਾ ਸਕਦਾ ਹੈ, ਜਿਵੇਂ :

A lioness once took her little cub on a walk for instruction on the facts of leonine life. Said the mother : "We lions are kings of the animal world, and can overpower any other creature. Even human beings are at our mercy. You never need to fear anyone."

As they walked, they passed a monument showing Samson tearing up a lion. "But mother" said the shocked cub, "Didn't you just tell me that we can overwhelm even humans and need never be afraid ?"

"Yes" she replied, "The monument proves it. Were this to occur commonly, they would not put a monument !"

ਹਿੰਦੂ ਪੱਤਰਕਾਰੀ ਉਸ ਥੰਮ੍ਹ ਦੀ ਨਿਆਈਂ ਹੈ ਜਿਸ ਦੇ ਉਪਰ ਐਸੀ ਚਿੱਤਰਕਾਰੀ ਕੀਤੀ ਗਈ ਹੈ ਜੋ ਇਹ ਪ੍ਰਗਟ ਕਰਦੀ ਹੈ ਕਿ ਦੇਖੋ ਸੈਮਸਨ ਕਿਸ ਢੰਗ ਦੁਆਰਾ ਇਕ ਸ਼ੇਰ ਨੂੰ ਨਿਜੀ ਹਿਰਾਸਤ ਵਿਚ ਪਕੜ ਕੇ ਰੁਆ ਰਿਹਾ ਹੈ। ਇਹ ਦੇਸ਼ ਜਿਸ ਦੀ ਪਰਿਭਾਸ਼ਾ ਹੀ ਸਿੰਧੂ ਨਦੀ ਦੇ ਦਾਮਨ ਵਿਚੋਂ ਹਿੰਦੁਸਤਾਨ ਕਰਕੇ ਪ੍ਰਗਟ ਹੋਈ, ਇਸ ਦਾ ਸਹੀ ਅਤੇ ਵਾਜਬ ਨਾਮ ਹੀ ਹਿੰਦੁਸਤਾਨ ਹੈ। ਇਸ ਪਿਆਰੇ ਹਿੰਦੁਸਤਾਨ ਦੇ ਟੁਕੜੇ ਕਰਨ ਪ੍ਰਤਿ ਮਹਾਸ਼ਾ

ਪੱਤਰਕਾਰੀ ਦੀ ਵੈਦਿਕ ਨੀਤੀ ਹੀ ਇਕ ਐਸੀ ਧਾਰਾ ਹੈ ਜਿਸ ਨੇ ਸਿੰਧੂ-ਸਤਾਨੀ ਸੰਸਕ੍ਰਿਤੀ ਦਾ ਜ਼ੱਰਾ ਜ਼ੱਰਾ ਬਖੇਰ ਦਿੱਤਾ ਹੈ। ਇਕੱਲੇ ਸਿੱਖਾਂ ਅਥਵਾ ਮੁਸਲਮਾਨਾਂ ਦੇ ਵਿਰੁੱਧ ਹੀ ਨਹੀਂ ਬਲਕਿ ਵੈਦਿਕ ਨੀਤੀ ਦਾ ਬੁਨਿਆਦੀ ਦ੍ਰਿਸ਼ਟੀਕੋਣ ਹੀ ਐਸਾ ਹੈ ਕਿ ਇਹ ਦੂਜੇ ਧਰਮਾਂ ਦੇ ਵਿਰੁੱਧ ਨਿਜੀ ਜ਼ਹਿਰ ਕੱਢੇ ਬਿਨਾਂ ਵੈਦਿਕ ਸਿਧਾਂਤ ਦੀ ਸਫਲਤਾ ਨਹੀਂ ਸਮਝਦਾ ਹੈ। ਦੇਸ਼ ਦੇ ਬਟਵਾਰੇ ਤੋਂ ਪਹਿਲਾਂ ਹਿੰਦੂ ਪੱਤਰਕਾਰੀ ਅਤੇ ਵੈਦਿਕ ਲਿਖਾਰੀਆਂ ਵਲੋਂ ਲਿਖੀਆਂ ਗਈਆਂ ਲਿਖਤਾਂ ਸ਼ਾਹਦੀ ਭਰਦੀਆਂ ਹਨ ਕਿ ਦੇਸ਼ ਦੇ ਬਟਵਾਰੇ ਦਾ ਅਸਲੀ ਜ਼ਿੰਮੇਵਾਰ ਕੌਣ ਸੀ ? ਇਨ੍ਹਾਂ ਲਿਖਤਾਂ ਦੀ ਵਾਸਤਵਿਕ ਰੂਪ-ਰੇਖਾ ਨਿਮਨ ਲਿਖਤ ਦੇ ਆਧਾਰ ’ਤੇ ਵੇਖੀ ਅਤੇ ਪਰਖੀ ਜਾ ਸਕਦੀ ਹੈ, ਜਿਵੇਂ:

ਹਿੰਦੂਓਂ ਨੇ ਮੁਸਲਮ ਦੁਸ਼ਮਨ ਪਾਲਿਸੀ ਕੇ ਮੁਤਾਬਿਕ ਇਸਲਾਮ ਔਰ ਮੁਸਲਮਾਨੋਂ ਕੇ ਖ਼ਿਲਾਫ਼ ਜੋ ਕਿਤਾਬੇਂ ਔਰ ਮਜ਼ਾਮੀਨ (ਲੇਖ) ਲਿਖੇ ਥੇ ਵਹ ਕਿਸ ਕਦਰ ਸ਼ਰਅੰਗੇਜ਼ (ਦੰਗਾ ਫ਼ਸਾਦ ਕਰਨ ਵਾਲੇ) ਔਰ ਖ਼ਤਰਨਾਕ ਥੇ, ਆਜ ਇਸ ਕਾ ਤਸੱਵਰ ਭੀ ਨਹੀਂ ਕੀਆ ਜਾ ਸਕਤਾ। ਯਹਾਂ ਮਿਸਾਲ ਕੇ ਤੌਰ ਪਰ ਰਾਤਸ਼ ਮੋਹਨ ਅਗਰਵਾਲ ਕੀ ਕਿਤਾਬ ਕਾ ਏਕ ਹਵਾਲਾ ਪੇਸ਼ ਕੀਆ ਜਾਤਾ ਹੈ। ਅਜੀਬ ਸੀ ਬਾਤ ਹੈ ਕਿ ਰਾਤਸ਼ ਮੋਹਨ ਕੇ ਪਾਏ ਕਾ ਪ੍ਰੋਫ਼ੈਸਰ ਔਰ ਸਕਾਲਰ ਯਹ ਕਹਿਤਾ ਹੈ ਕਿ ਦਰੁਸਤ ਕਦਮ ਉਠਾਨਾ ਬਾਅਦ ਅਜ਼ ਵਕਤ ਨਹੀਂ ਹੋਤਾ। ਤਾ ਹਮ ਹਿੰਦੂ ਮਹਾਂ ਸਭਾ ਯਾ ਕੁਲ ਹਿੰਦ ਕਾਨਫ਼ਰੰਸ ਜੈਸੀ ਕਿਸੀ ਨੁਮਾਇੰਦਾ ਹਿੰਦੂ ਤਨਜ਼ੀਮ ਕੋ ਫ਼ੌਰਨ ਏਕ ਆਅਲਾ ਕੌਂਸਲ ਮੁਕੱਰਰ ਕਰਨੀ ਚਾਹੀਏ ਜੋ ਤਮਾਮ ਬੈਰੂਨੀ ਮਜ਼ਾਹਬ ਕੋ ਹਿੰਦੂ ਮਤਿ ਕੇ ਸਾਂਚੇ ਮੇਂ ਢਾਲਨੇ ਕੀ ਤਹਿਰੀਕ ਸ਼ੁਰੂ ਕਰੇ। ਇਸ ਕੇ ਬਾਅਦ ਯਹ ਤਨਜ਼ੀਮ ਚਾਰੋਂ ਬੈਰੂਨੀ ਮਜ਼ਾਹਬ ਕੇ ਲੀਏ, ਜਿਨਹੇਂ ਹਿੰਦੂ ਮਤਿ ਕੇ ਸਾਂਚੇ ਮੇਂ ਢਾਲਨਾ ਮਕਸੂਦ (ਨਿਸ਼ਾਨਾ) ਹੈ। ਮੁਨਾਸਬ ਨਾਮ ਤਾਲਾਸ਼ ਕਰੇ। ਹਮਾਰੀ ਤਜਵੀਜ਼ ਹੈ ਕਿ ਇਸਲਾਮ ਕੋ “ਨਿਰਾਕਾਰ ਸਮਾਜ,” ਮਸੀਹਤ ਕੋ “ਐਂਗਲੋ ਪੂਜਕ ਸਮਾਜ,” ਔਰ ਯਹੂਦੀਅਤ ਕੋ “ਪਵਿੱਤਰ ਸਮਾਜ,” ਕਾ ਨਾਮ ਦੀਆ ਜਾਏ।[1]

ਕਿਸੇ ਭੀ ਦੇਸ਼ ਵਿਚ ਜੋ ਕੌਮ ਬਹੁ-ਸੰਖਿਆ ਹੈ, ਉਸ ਨੂੰ ਵਾਹਿਗੁਰੂ ਵਲੋਂ ਹੀ ਪ੍ਰਾਪਤ ਹੋਈ ਸੁਭਾਵਿਕ ਸੁਬੱਲਤਾ ਹੀ ਰੱਬੀ ਦਾਤ ਆਖੀ ਜਾ ਸਕਦੀ ਹੈ। ਅਗਰ ਉਹ ਬਹੁ-ਸੰਖਿਆ ਹੁੰਦੇ ਹੋਏ ਭੀ ਦੇਸ਼ ਦੀਆਂ ਅਲਪ-ਸੰਖਿਅਕ ਕੌਮਾਂ ’ਤੇ ਸੰਦੇਹ ਦ੍ਰਿਸ਼ਟੀ ਦੁਆਰਾ ਵੇਖਦੀ ਹੈ ਤਦ ਨਿਰਸੰਦੇਹ ਇਹ ਸਮਝ ਲੈਣਾ ਚਾਹੀਦਾ ਹੈ ਕਿ ਬਹੁ-ਸੰਖਿਅਕ ਪ੍ਰਣਾਲੀ ਵਿਚ ਕੋਈ ਮੂਲਿਕ ਦੋਸ਼ ਹੈ ਜੋ ਧੁਰ

1. *Hindu Muslim Riots*, p. 85, by Ratash Mohan Aggarwal, and *Qaidi-Azam Jinnah* p. 234.

ਦਰਗਾਹੀ ਇੱਛਾ ਦੇ ਅਨੁਸਾਰ ਉਨ੍ਹਾਂ ਨੂੰ ਇਕ ਦੰਡ ਵਜੋਂ ਦਿੱਤਾ ਗਿਆ ਹੈ। ਘੱਟ-ਗਿਣਤੀ ਕੌਮਾਂ ਵਿਰੋਧੀ ਵਿਚਾਰਧਾਰਾ ਦੇ ਧਰਮਾਂ ਪ੍ਰਤਿ ਛਲਕਪਟੀ ਅਤੇ ਮਲੀਨ ਇੱਛਾ ਰੱਖਣੀ ਹੀ ਮਲੇਛ ਖ਼ਿਆਲਾਂ ਦੀ ਰੂਪ-ਰੇਖਾ ਉਲੀਕਦੀ ਹੈ। ਗ਼ਰਜ਼ੇਕਿ, ਕੋਈ ਭੀ ਦੇਸ਼ ਕਿਉਂ ਨਾ ਹੋਵੇ, ਅਲਪ ਸੰਖਿਅਕ ਧਰਮਾਂ ਪ੍ਰਤਿ ਸੁਰੱਖਿਆ ਦੀ ਜ਼ਿੰਮੇਵਾਰੀ ਦਿੱਤੇ ਬਿਨਾਂ ਉਨ੍ਹਾਂ ਵਿਚੋਂ ਦੇਸ਼ ਦੀ ਉੱਨਤੀ ਪ੍ਰਤਿ, ਸਦੀਵੀ ਪ੍ਰਣਾਲੀਆਂ ਸਥਾਪਨ ਨਹੀਂ ਕਰ ਸਕਦਾ। ਕਿਉਂਕਿ ਤਵਾਰੀਖ਼ੀ ਪੰਨੇ ਸ਼ਾਹਦੀ ਭਰਦੇ ਹਨ ਕਿ ਬਹੁ-ਸੰਖਿਅਕ ਪ੍ਰਣਾਲੀ ਹਮੇਸ਼ਾ ਹੀ ਘੱਟ-ਗਿਣਤੀ ਲੋਕਾਂ ਅਥਵਾ ਧਰਮਾਂ 'ਤੇ ਹਮੇਸ਼ਾ ਹੀ ਜ਼ੁਲਮੋ-ਸਿਤਮ ਢਾਉਂਦੀ ਰਹੀ ਹੈ। ਐਸੇ ਸਿਤਮਗੀਰੀ ਅੱਤਿਆਚਾਰ ਬਹੁ-ਸੰਖਿਅਕ ਵੈਦਿਕ ਪ੍ਰਣਾਲੀ ਵਲੋਂ ਅਤੀਤ ਕਾਲ ਵਿਚ ਅਤੇ ਅੱਜ ਭੀ ਹੋ ਰਹੇ ਹਨ।

ਗੁਰਮਤਿ ਧਾਰਾ ਦੇ ਆਧਾਰ 'ਤੇ ਮਲੇਛ ਸ਼ਬਦ ਦੀ ਵਰਤੋਂ ਕਦੀ ਭੀ ਮੁਸਲਮਾਨ ਵਾਸਤੇ ਨਹੀਂ ਕੀਤੀ ਗਈ ਬਲਕਿ ਉਸ ਵਿਅਕਤੀ ਵਾਸਤੇ ਕੀਤੀ ਗਈ ਹੈ ਜੋ ਛਲਕਪਟੀ, ਦਗ਼ੇਬਾਜ਼ੀ ਕਰਨ ਹਿਤ, ਮਲੀਨ ਇੱਛਾ ਦਾ ਧਾਰਨੀ ਹੈ।[1] ਗ਼ਰਜ਼ੇਕਿ, ਜਿਸ ਨੇ ਹਮੇਸ਼ਾ ਹੀ ਬੁੱਧ ਮਤਿ ਦੇ ਸਮੇਂ, ਇਸਲਾਮੀ ਹਕੂਮਤ ਦੇ ਸਮੇਂ, ਸਤਿਗੁਰੂ ਕਾਲ ਵਿਚ ਸਿਖ ਰਾਜ ਦੇ ਸਮੇਂ, ਅੰਗਰੇਜ਼ ਸਰਕਾਰ ਵੇਲੇ ਅਤੇ ਵਿਰਤੀਹਾਨ ਸਮੇਂ ਵਿਚ ਜਦੋਂ ਕਿ ਇਨ੍ਹਾਂ ਦੀ ਨਿਜੀ ਹਕੂਮਤ ਦੀ ਤੂਤੀ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਪ੍ਰਾਪਤ ਹੋਈ ਸੁਬੱਲਤਾ ਦੀ ਦੁਰਵਰਤੋਂ ਕਰ ਰਹੀ ਹੈ ਜਿਸ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਜਿਨ੍ਹਾਂ ਵਿਚੋਂ ਸੰਨ 1984 ਦਾ ਨੀਲਾ ਤਾਰਾ ਅਪਰੇਸ਼ਨ ਅਤੇ ਬਾਬਰੀ ਮਸਜਿਦ ਦਾ ਨਾਮੋ-ਨਿਸ਼ਾਨ ਮਿਟਾ ਦੇਣਾ ਹੈ। ਦੁਨੀਆ ਦੀ ਕੋਈ ਭੀ ਕੌਮ ਜੋ ਜਮਹੂਰੀ ਅਥਵਾ ਲੋਕਰਾਜ ਦਾ ਦਾਅਵਾ ਕਰਦੀ ਹੈ ਉਸ ਨੂੰ ਘਟ ਗਿਣਤੀ ਲੋਕਾਂ ਦੇ ਜਾਇਜ਼ ਮਸਲਿਆਂ ਪ੍ਰਤਿ ਹਾਰਦਿਕ ਤੌਰ 'ਤੇ ਨਿਜੀ ਫ਼ਰਜ਼ਾਂ ਦੀ ਅਦਾਇਗੀ ਕਰਨੀ ਹੀ ਪਵੇਗੀ। ਘੱਟ-ਗਿਣਤੀ ਕੌਮਾਂ ਦੇ ਮਸਲਿਆਂ ਨੂੰ ਤਾਲਾ ਲਾ ਕੇ ਬੱਜਰ ਕਪਾਟੀ ਲੋਹੇ ਦੀ ਸੰਦੂਕੜੀ ਵਿਚ ਹਮੇਸ਼ਾ ਵਾਸਤੇ ਬੰਦ ਕਰ ਦੇਣਾ ਹੀ ਉਸ ਦੇਸ਼ ਦੀ ਸਭ ਤੋਂ ਵੱਡੀ ਅਭਾਗੀ ਸਥਿਤੀ ਅਤੇ ਗੰਭੀਰ ਸਮੱਸਿਆ ਆਖੀ ਜਾ ਸਕਦੀ ਹੈ। ਐਸੀ ਹੱਠਧਰਮੀ ਨੀਤੀ ਦੇ ਕਾਰਣ ਹੀ ਇਸ

---

1. ਲੇਪੁ ਨ ਲਾਗੋ ਤਿਲ ਕਾ ਮੂਲਿ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥੧॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥ ਪਾਪੀ ਮੂਆ ਗੁਰ ਪਰਤਾਪਿ॥੧॥ਰਹਾਉ॥
ਅਪਣਾ ਖਸਮੁ ਜਨਿ ਆਪਿ ਧਿਆਇ॥ ਇਆਣਾ ਪਾਪੀ ਓਹੁ ਆਪਿ ਪਚਾਇਆ॥੨॥
ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ॥ ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ॥੩॥
ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ॥ ਮਲੇਛੁ ਪਾਪੀ ਪਚਿਆ ਭਇਆ ਨਿਰਾਸੁ॥੪॥੯॥
(ਪੰਨਾ 1137/14)

ਸਿੰਧੂ ਦੇਸ਼ ਦੇ ਵਿਚਕਾਰ ਵੱਟਾਂ ਕੱਢੀਆਂ ਗਈਆਂ, ਇਕ ਵਿਸ਼ਾਲ ਦੇਸ਼ ਦੇ ਤਿੰਨ ਦੇਸ਼ ਬਣ ਗਏ ਜਿਸ ਦਾ ਮੂਲ ਕਾਰਣ, ਅਲਪ ਸੰਖਿਆ ਨੂੰ ਉਨ੍ਹਾਂ ਦੇ ਬੁਨਿਆਦੀ ਅਧਿਕਾਰਾਂ ਤੋਂ ਸੱਖਣੇ ਰੱਖਣਾ ਹੈ। ਮਈ 1928 ਵਿਚ ਜੋ ਸਰਬ ਪਾਰਟੀ ਸੰਮੇਲਨ ਹੋਇਆ, ਉਸ ਦੀਆਂ ਉਲੀਕੀਆਂ ਹੋਈਆਂ ਧਾਰਾਵਾਂ ਦੇ ਆਧਾਰ 'ਤੇ ਮਦਰਾਸ ਵਿਚ ਇਕ ਕਮੇਟੀ ਮੋਤੀ ਲਾਲ ਨਹਿਰੂ ਦੀ ਨਿਗਰਾਨੀ ਵਿਚ ਨਿਯੁਕਤ ਕੀਤੀ ਗਈ, ਜਿਸ ਵਿਚ ਏਕੀਕਰਣ ਅਤੇ ਹਿੰਦੂ ਮਹਾਂ ਸਭਾ ਜੈਸੀ ਕੱਟੜ ਖ਼ਿਆਲੀ ਸੰਸਥਾ ਦੀ ਕ੍ਰਿਆਸ਼ੀਲਤਾ ਪ੍ਰਤਿ ਅਨੁਮਾਨ ਲੈਣਾ ਸੀ, ਜਿਸ ਦੀ ਵਾਗਡੋਰ ਡਾਕਟਰ ਮੂੰਜੇ ਜੈਸੇ ਫ਼ਿਰਕਾਪ੍ਰਸਤ ਲੋਕਾਂ ਦੇ ਅਧਿਕਾਰ ਵਿਚ ਸੀ। ਉਸ ਕਮੇਟੀ ਨੇ ਇਹ ਰਿਪੋਰਟ ਪੇਸ਼ ਕੀਤੀ ਕਿ ਲੋਕਾਂ ਦੇ ਦਿਲਾਂ ਵਿਚ ਇਹ ਅੰਦੇਸ਼ਾ ਹੈ ਕਿ ਆਜ਼ਾਦੀ ਪ੍ਰਾਪਤ ਹੋਣ ਤੋਂ ਬਾਅਦ ਬਹੁਗਿਣਤੀ ਇਨ੍ਹਾਂ ਨਾਲ ਇਨਸਾਫ਼ ਨਾ ਕਰੇ। ਜੋ ਖ਼ਿਆਲ ਉਸ ਵੇਲੇ ਕੀਤਾ ਗਿਆ ਨਿਰਸੰਦੇਹ ਅੱਜ ਉਹ ਖ਼ਿਆਲ ਹਿੰਦੁਸਤਾਨ ਅਤੇ ਪਾਕਿਸਤਾਨ ਵਿਚ ਘੱਟ-ਗਿਣਤੀ ਲੋਕ ਨਿਤਾਪ੍ਰਤਿ ਜੀਵਨ ਵਿਚ ਮਾਨਸਿਕ ਅਤੇ ਸਰੀਰਕ ਤੌਰ 'ਤੇ ਹੰਢਾ ਰਹੇ ਹਨ। ਇਹ ਆਜ਼ਾਦੀ ਨਹੀਂ ਸੀ ਬਲਕਿ ਕਿਸੇ ਸ਼ਾਦੀ-ਸ਼ੁਦਾ ਇਸਤ੍ਰੀ ਦਾ ਪਤੀ ਸੁਰਗਵਾਸ ਹੋ ਗਿਆ ਅਤੇ ਦੂਸਰੇ ਛਲਕਪਟੀ ਵਿਅਕਤੀ ਨੇ ਉਸ ਔਰਤ ਨੂੰ ਬੀਵੀ ਬਣਾ ਕੇ ਆਪਣੇ ਘਰ ਵਿਚ ਲੈ ਆਂਦਾ। ਇਹੀ ਵੱਡਾ ਕਾਰਣ ਸੀ ਕਿ ਮੁਸਲਮਾਨ ਸਦੱਸ ਸ਼ਈਬ ਕੁਰੈਸ਼ੀ ਨੇ ਮੋਤੀ ਲਾਲ ਨਹਿਰੂ ਰਿਪੋਰਟ 'ਤੇ ਹਸਤਾਖ਼ਰ ਕਰਨੋਂ ਇਨਕਾਰ ਕੀਤਾ ਅਤੇ ਆਖਿਆ ਸੀ ਕਿ[1] :

ਰਾਸ਼ਟਰੀਆ ਸੰਗਠਨ ਦੇ ਛਲਕਪਟੀ ਖ਼ਿਆਲ ਦੀ ਰੋਸ਼ਨੀ ਵਿਚ ਆਪਣੀ ਕੌਮ ਦੇ ਨਿਜੀ ਹਿਤਾਂ ਨੂੰ ਵੈਦਿਕ ਰੁਚੀ ਦੇ ਅਧੀਨ ਕਰ ਦੇਣਾ, ਆਪਣੀ ਕੌਮ ਨਾਲ ਇਕ ਨਾ ਬਖ਼ਸ਼ੀ ਜਾਣ ਵਾਲੀ ਗ਼ੱਦਾਰੀ ਹੈ। ਹਿੰਦੂ ਨੇਤਾਵਾਂ ਦੇ ਹਿਰਦੇ ਵਿਚ ਇਤਿਹਾਦ ਅਥਵਾ ਕੌਮੀ ਏਕੀਕਰਣ ਦਾ ਭਾਵ ਹਿੰਦੂ ਪਕੜ ਨੂੰ ਮਜ਼ਬੂਤ ਕਰਨਾ ਸੀ। ਭਾਵੇਂ ਕਾਂਗਰਸ ਸਰਬ ਸਾਂਝੀਵਾਲਤਾ ਦਾ ਢੰਡੋਰਾ ਪਿਟਦੀ ਸੀ ਪ੍ਰੰਤੂ ਹਕੀਕੀ ਤੌਰ 'ਤੇ ਕਾਂਗਰਸ ਇਕ ਹਿੰਦੂ ਸੰਗਠਨ ਸੀ। ਸਮੁੱਚੇ ਪੰਜਾਬ ਦੀ ਪੁਰਾਤਨ ਰਾਜਧਾਨੀ ਲਾਹੌਰ ਵਿਚ 22 ਮਾਰਚ, 1940 ਨੂੰ ਮੁਸਲਿਮ ਲੀਗ ਦਾ ਸਾਲਾਨਾ ਇਜਲਾਸ ਹੋਇਆ। ਰਾਜਸੀ ਮਸਲੇ ਨਜਿੱਠਣ ਪ੍ਰਤਿ ਬੰਦ ਕਮਰੇ ਵਿਚ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਉਥੇ ਮਿਸਟਰ ਜਿਨਾਹ ਅਤੇ ਹੋਰ ਮੁਸਲਿਮ ਲੀਡਰਾਂ ਨੇ ਪ੍ਰਗਟਾਵਾ ਕੀਤਾ ਕਿ ਹਿੰਦੂ ਮੁਸਲਿਮ ਇਤਿਹਾਦ ਕੀਤਿਆਂ ਹੀ ਹਿੰਦੁਸਤਾਨ ਨੂੰ ਆਜ਼ਾਦੀ ਪ੍ਰਾਪਤ ਹੋ ਸਕਦੀ ਹੈ। ਆਜ਼ਾਦੀ ਪ੍ਰਾਪਤ ਹੋਣ ਤੋਂ ਬਾਅਦ ਆਪਸੀ ਵਿਰੋਧੀ ਝਗੜੇ ਦੂਰ ਕੀਤੇ ਜਾ ਸਕਦੇ ਹਨ

1. *ਕਾਇਦੇ-ਆਜ਼ਮ ਜਿਨਾਹ*, ਪੰਨੇ 250-51.

ਪ੍ਰੰਤੂ ਅਨੇਕਾਂ ਹੀ ਸਾਲ ਰਾਜਨੀਤੀ ਵਿਚ ਸਰਗਰਮ ਰਹਿਣ ਕਰਕੇ ਅੰਤ ਨੂੰ ਇਸ ਪਰਿਣਾਮ 'ਤੇ ਪੁੱਜੇ ਹਾਂ ਕਿ ਕੌਮੀ ਸੰਗਠਨ ਦਾ ਲਕਸ਼ ਜੋ ਮਿਸਟਰ ਜਿਨਾਹ ਦੇ ਖ਼ਿਆਲ ਵਿਚ ਸੀ ਉਹ ਹਿੰਦੂ ਕਾਂਗਰਸੀ ਲੀਡਰਾਂ ਦੇ ਦ੍ਰਿਸ਼ਟੀਕੋਣ ਨਾਲ ਮੇਲ ਨਹੀਂ ਰੱਖਦਾ ਸੀ, ਕਿਉਂਕਿ ਹਿੰਦੂ ਲੀਡਰਾਂ ਦੇ ਜ਼ਿਹਨ ਵਿਚ ਕੌਮੀ ਸੰਗਠਨ ਦਾ ਭਾਵ ਕਾਂਗਰਸੀ ਝੰਡੇ ਥੱਲੇ ਕੇਵਲ ਹਿੰਦੂ ਪਕੜ ਨੂੰ ਸੁਖੱਲਤ ਕਰਨਾ ਸੀ। ਜਦੋਂ ਦੇਸ਼ ਵਿਚ ਪਹਿਲੀ ਦਫ਼ਾ ਕਾਂਗਰਸੀ ਵਜ਼ਾਰਤਾਂ ਬਣੀਆਂ ਤਦ ਕਾਂਗਰਸੀ ਲੀਡਰਾਂ ਵਲੋਂ ਕੀਤੀਆਂ ਹਰਕਤਾਂ ਘੱਟ-ਗਿਣਤੀਆਂ ਵਾਸਤੇ ਅਤਿਅੰਤ ਹੀ ਦਿਲ-ਢਾਹੂ ਸਨ। ਇਸ ਵਤੀਰੇ ਤੋਂ ਇਹ ਪਰਿਣਾਮ ਭਲੀ ਭਾਂਤ ਪ੍ਰਗਟ ਹੋਇ ਨਿਬੜਿਆ ਕਿ "ਤਮਾਮ ਕਾਂਗਰਸੀ ਬਹ ਬਾਤਨ ਹਿੰਦੂ ਹੈਂ।"[1] ਭਾਵੇਂ ਕਾਂਗਰਸੀ ਲੀਡਰ ਦਿਖਾਵੇ ਦੇ ਤੌਰ 'ਤੇ ਸਾਰੇ ਹਿੰਦੁਸਤਾਨ ਦੀ ਗੱਲ ਕਰਦੇ ਸਨ ਪ੍ਰੰਤੂ ਹਰ ਹਿੰਦੂ ਕਾਂਗਰਸੀ ਦੇ ਕਰਤੱਵ ਹਿੰਦੂ ਮਨੋਵਿਰਤੀ ਦਾ ਜ਼ਾਵੀਆ ਉਲੀਕਦੇ ਸਨ।

ਕਾਂਗਰਸੀ ਹਿੰਦੂਆਂ ਦੀ ਹਿੰਦੀ ਹਿੰਦੂ ਵਿਰਤੀ ਨੇ ਹਿੰਦੁਸਤਾਨ ਦੀਆਂ ਦੂਸਰੀਆਂ ਕੌਮਾਂ, ਖ਼ਾਸ ਕਰਕੇ ਮੁਸਲਮਾਨਾਂ ਨੂੰ ਇਤਨਾ ਮਾਯੂਸ ਕੀਤਾ ਕਿ ਉਹ ਦੇਸ਼ ਦੀ ਆਜ਼ਾਦੀ ਪ੍ਰਤਿ ਕਾਂਗਰਸੀ ਹਿੰਦੂਆਂ ਦੇ ਪੰਜੇ ਵਿਚੋਂ ਅਥਵਾ ਕਾਂਗਰਸੀ ਹਿੰਦੂ ਜਹਾਜ਼ ਵਿਚੋਂ ਛਾਲ ਮਾਰ ਕੇ ਲਾਂਭੇ ਹੋ ਗਏ। ਸਿਆਣਿਆਂ ਦਾ ਕਥਨ ਹੈ ਕਿ ਅਗਰ ਦਰਾੜ ਹੋਣ ਦੇ ਕਾਰਨ ਬੇੜੇ ਵਿਚ ਪਾਣੀ ਆ ਜਾਵੇ ਤਦ ਸਿਆਣੇ ਯਾਤਰੀ ਬੇੜੇ ਵਿਚ ਯਾਤਰਾ ਕਰਨ ਦੀ ਬਜਾਇ ਬਚਾਉ ਫ਼ਤੂਹੀ (Safety Jacket) ਪਹਿਨ ਕੇ ਬੇੜੇ ਵਿਚੋਂ ਬਿਨਾਂ ਝਿਜਕ ਛਾਲ ਮਾਰ ਕੇ ਝੱਟ ਪੱਟ ਲਾਂਭੇ ਹੋ ਜਾਂਦੇ ਹਨ।[2] ਕਾਂਗਰਸੀ ਹਿੰਦੂ ਦੀ ਕਪਟੀ ਚਾਲ ਨੂੰ ਅਨੁਭਵ ਕਰਦੇ ਹੋਏ ਮਿਸਟਰ ਜਿਨਾਹ ਅਤੇ ਉਸ ਦੇ ਸਾਥੀ ਪੁਰਾਤਨ ਤਰਜ਼ੇ-ਅਮਲ (ਕਰਮ ਵਿਧੀ) ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਕੇ ਕਾਂਗਰਸੀ ਬੇੜੇ ਵਿਚੋਂ ਹਮੇਸ਼ਾ ਵਾਸਤੇ ਲਾਂਭੇ ਹੋ ਗਏ। ਹਿੰਦੁਸਤਾਨੀ ਮੁਸਲਮਾਨਾਂ ਨੇ ਮੁਹੰਮਦ ਅਲੀ ਜਿਨਾਹ ਦੀ ਸਰਦਾਰੀ ਥੱਲੇ ਬਗ਼ੈਰ ਕਿਸੇ ਝਿਜਕ ਤੋਂ ਇਹ ਮੁਤਾਲਿਬਾ ਪੇਸ਼ ਕੀਤਾ ਕਿ ਮੁਸਲਮਾਨ ਇਕ ਵੱਖਰੀ ਕੌਮ ਹੈ, ਇਸ ਵਾਸਤੇ ਇਹ ਨਿਰੋਲ ਵੱਖਰੇ ਅਧਿਕਾਰਾਂ ਦੀ ਅਧਿਕਾਰੀ ਹੈ। ਹਿੰਦੂ ਪੱਤਰਕਾਰੀ ਅਤੇ ਹਿੰਦੂ ਲਿਖਾਰੀਆਂ ਨੇ ਮੁਸਲਮਾਨਾਂ ਨੂੰ

---

1. *ਕਾਇਦੇ-ਆਜ਼ਮ ਜਿਨਾਹ*, ਪੰਨੇ 380.
2. ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ ॥
   ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ ॥੩੫॥
   ਕਬੀਰ ਡੂਬਾ ਥਾ ਪੈ ਉਬਰਿਓ ਗੁਨ ਕੀ ਲਹਰਿ ਝਬਕਿ ॥
   ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ ॥੬੭॥
   (ਸਲੋਕ ਕਬੀਰ ਜੀ, ਪੰਨੇ 1366-67)

ਮਜਬੂਰ ਕੀਤਾ ਕਿ ਉਹ ਨਿਜੀ ਰਾਜਨੀਤਕ ਮੰਜ਼ਲ ਦੀ ਨਿਸ਼ਾਨਦੇਹੀ ਕਰਨ। ਉਨ੍ਹਾਂ ਨੇ ਕਾਂਗਰਸੀ ਵਜ਼ਾਰਤਾਂ ਦੇ ਸਮੇਂ ਘੱਟ-ਗਿਣਤੀਆਂ ਦੇ ਵਿਰੋਧੀ ਵਤੀਰੇ ਦੀ ਵਿਆਖਿਆ ਕਰਦੇ ਹੋਏ ਆਖਿਆ ਕਿ ਅਸਾਨੂੰ ਕਾਫ਼ੀ ਤੋਂ ਜ਼ਿਆਦਾ ਸਬਕ ਮਿਲ ਚੁੱਕਾ ਹੈ ਕਿ ਅਸੀਂ ਕਦੀ ਭੀ ਹਿੰਦੂ ਬਹੁ-ਸੰਖਿਆ ਕਾਂਗਰਸ 'ਤੇ ਭਰੋਸਾ ਨਾ ਕਰੀਏ ਬਲਕਿ ਹਰ ਇਕ ਕਦਮ ਬਹੁਤ ਹੀ ਸੋਚ ਸਮਝ ਕੇ ਚੁੱਕੀਏ। ਅਸੀਂ ਕਦੀ ਭੀ ਐਸਾ ਨਹੀਂ ਸੋਚਿਆ ਸੀ ਕਿ ਕਾਂਗਰਸ ਇਤਨੀ ਹੋਛੀ ਅਤੇ ਘਟੀਆ ਹਰਕਤਾਂ ਭੀ ਕਰ ਸਕਦੀ ਹੈ। ਮੁਸਲਮਾਨਾਂ ਦੇ ਇਤਿਹਾਦ ਨੂੰ ਮੱਦੇਨਜ਼ਰ ਰੱਖਦੇ ਹੋਏ ਜਿਥੇ ਵਾਇਸਰਾਏ ਹਿੰਦ ਇਕੱਲੇ ਗਾਂਧੀ ਜੀ ਨੂੰ ਹੀ ਹਿੰਦੁਸਤਾਨੀ ਰਾਜਨੀਤਕ ਸਮੱਸਿਆ ਪ੍ਰਤਿ ਨਿਮੰਤ੍ਰਣ ਦਿੰਦਾ ਸੀ, ਅੱਜ ਤੋਂ ਬਾਅਦ ਮੁਹੰਮਦ ਅਲੀ ਜਿਨਾਹ ਭੀ ਵਾਇਸਰਾਏ ਕੌਂਸਲ ਦੇ ਸਦੱਸ ਅਤੇ ਹਿੰਦੁਸਤਾਨੀ ਆਜ਼ਾਦੀ ਦੇ ਸਰਬਰਾਹ ਨਿਯੁਕਤ ਕੀਤੇ ਗਏ। ਆਗੂ ਦੀ ਸੁਬੱਲਤਾ ਕੌਮ ਦੇ ਕੰਧਿਆਂ 'ਤੇ ਉਸਰਦੀ ਹੈ। ਅੱਜ ਅਗਰ ਮਿਸਟਰ ਜਿਨਾਹ ਮਹਾਤਮਾ ਗਾਂਧੀ ਦੇ ਸਮਾਨ ਵਾਇਸਰਾਏ ਹਿੰਦ ਦੀ ਕੌਂਸਲ ਵਿਚ ਹਿੰਦੁਸਤਾਨੀ ਸੁਤੰਤ੍ਰਤਾ ਦੇ ਸਦੱਸ ਹਨ ਤਦ ਐਸੀ ਕਦਰੋ-ਕੀਮਤ ਦਾ ਸਿਹਰਾ ਕੇਵਲ ਇਸਲਾਮੀ ਮਿੱਲਤ ਦੀ ਵਿਰਾਸਤ ਹੀ ਆਖਿਆ ਜਾ ਸਕਦਾ ਹੈ। ਇਸਲਾਮੀ ਮਿੱਲਤ ਅਤੇ ਉਨ੍ਹਾਂ ਦੀ ਇਕੱਤ੍ਰਤਾ ਨੂੰ ਅਨੁਭਵ ਕਰਦੇ ਹੋਏ ਗਾਂਧੀ ਜੀ ਨੇ ਕਾਨੂੰਨ-ਸਾਜ਼ ਅਸੰਬਲੀ ਦੀ ਵਕਾਲਤ ਦੇ ਸਮੇਂ ਵਾਇਸਰਾਏ ਦੇ ਸਾਹਮਣੇ ਇਹ ਆਖਿਆ ਕਿ ਜਿਨਾਹ ਮੇਰਾ ਭਾਈ ਹੈ। ਇਸ ਦੇ ਉੱਤਰ ਵਿਚ ਜਿਨਾਹ ਨੇ ਆਖਿਆ ਕਿ ਗਾਂਧੀ ਭਾਈ ਕੇ ਪਾਸ ਤੀਨ ਔਰ ਮੇਰੇ ਪਾਸ ਸਿਰਫ਼ ਏਕ ਹੀ ਵੋਟ ਹੈ।[1]

ਸੰਨ 1936 ਵਿਚ ਇਕ ਤੁਰਕ ਅਦੀਬਾ (ਸਾਹਿਤ ਰਚਨਾ ਦੀ ਜਾਣੂ) ਜਿਸ ਦਾ ਨਾਮ ਖ਼ਾਲਿਦਾ ਕਰਕੇ ਲਿਖਿਆ ਮਿਲਦਾ ਹੈ, ਉਸ ਨੇ ਪੈਰਿਸ ਵਿਚ ਚੌਧਰੀ ਰਹਿਮਤ ਅਲੀ ਨਾਲ ਭੇਂਟ ਕੀਤੀ। ਚੌਧਰੀ ਰਹਿਮਤ ਅਲੀ ਦੀ ਉਮਰ ਉਸ ਵੇਲੇ ਲਗਪਗ ਤੀਹ ਬਰਸ ਦੀ ਸੀ। ਉਸ ਨੇ ਕੈਂਬਰਜ ਅਤੇ ਡਬਲਨ ਜੈਸੇ ਵਿਦਿਆਲੇ ਤੋਂ ਮਾਸਟਰ ਅਤੇ ਐਲ.ਐਲ.ਬੀ. ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਖ਼ਾਲਿਦਾ ਨਾਲ ਭੇਂਟ ਕਰਦੇ ਹੋਏ ਉਸਨੇ ਦੱਸਿਆ ਕਿ ਹਿੰਦੁਸਤਾਨ ਦੀ ਮੌਜੂਦਾ ਹਾਲਤ ਨੂੰ ਵੇਖਦੇ ਹੋਏ ਇਹ ਮਸਲਾ ਸਾਹਮਣੇ ਰੱਖਣਾ ਹੀ ਪਵੇਗਾ ਕਿ ਹਿੰਦੁਸਤਾਨ ਵਿਚ ਦੋ ਕੌਮਾਂ ਦਾ ਮਸਲਾ ਹੈ। ਹਿੰਦੁਸਤਾਨੀ ਮੁਸਲਮਾਨ ਪਿਛਲੇ ਬਾਰਾਂ ਸੌ ਸਾਲ ਤੋਂ ਪੰਜਾਬ, ਸਰਹੱਦੀ ਸੂਬਾ, ਕਸ਼ਮੀਰ, ਸਿੰਧ ਅਤੇ ਬਲੋਚਿਸਤਾਨ ਵਿਚ ਰਹਿੰਦੇ ਹਨ। ਇਨ੍ਹਾਂ ਦੀ ਆਪਣੀ ਤਹਿਜ਼ੀਬੋ-ਤਮੱਦਨ (ਨਿਜੀ ਸੱਭਿਅਤਾ 'ਤੇ ਰਹਿਣੀ ਸਹਿਣੀ) ਹੈ। ਹਿੰਦੁਸਤਾਨੀ ਖ਼ਿੱਤੇ ਵਿਚ ਦੋ

1. *Qaidi-Azam*, p. 382, by Jee Elanah, Feroze and Sons, Lahore, Pakistan.

ਕੌਮਾਂ ਮੁਸਲਿਮ ਅਤੇ ਹਿੰਦੂ ਦਾ ਅੰਤਰ, ਸੂਰਜ ਦੀ ਸਚਾਈ ਵਾਂਗੂੰ ਅਟੱਲ (ਅਜ਼ਹਰ ਮਿਨੇ ਅਲਸ਼ਮਸ) ਹੈ, ਜੋ ਅੱਜ ਭੀ ਹੈ ਭਵਿੱਖ ਵਿਚ ਭੀ ਰਹੇਗਾ। ਰਹਿਮਤ ਅਲੀ ਨੇ ਆਖਿਆ ਕਿ ਅਗਰ ਹਿੰਦੁਸਤਾਨੀ ਮੁਸਲਮਾਨ ਹਿੰਦੁਸਤਾਨ ਦੇ ਵਿਚ ਰਹਿੰਦੇ ਹਨ ਤਦ ਇਹ ਸਦੀਵਕਾਲ ਹਿਤ ਹਿੰਦੁਸਤਾਨੀ ਬਹੁ-ਸੰਮਤੀ (ਹਿੰਦੂ) ਦੀ ਬਰਤਰੀ (ਵਡੱਪਣ) ਅਤੇ ਸ਼ਾਸਨਿਕ ਗ਼ਲਬੇ ਦਾ ਸ਼ਿਕਾਰ ਹੋ ਜਾਣਗੇ। ਇਸਲਾਮਿਕ ਤਹਿਜ਼ੀਬ ਦੀ ਰੱਖਿਆ ਇਸੇ ਵਿਚ ਹੈ ਕਿ ਇਕ ਵੱਖਰੇ ਦੇਸ਼ ਦੀ ਨੀਂਹ ਰੱਖੀ ਜਾਵੇ ਜਿਸ ਵਿਚ ਇਸਲਾਮੀ ਧਰਮ ਅਤੇ ਸੱਭਿਅਤਾ ਪ੍ਰਫੁੱਲਤ ਹੋ ਸਕਣ। ਇਹੀ ਕਾਰਣ ਹੈ ਕਿ ਜੀਵਨ ਦੇ ਅੰਤਮ ਸੁਆਸਾਂ ਤਕ ਇਹ ਸੰਘਰਸ਼ ਚਾਲੂ ਰਹੇਗਾ। ਅਸਾਡੇ ਵਾਸਤੇ ਇਹ ਜ਼ਿੰਦਗੀ ਅਤੇ ਮੌਤ ਦਾ ਮਸਲਾ ਹੈ, ਔਰ ਅਸਾਨੂੰ ਪਤਾ ਹੈ ਕਿ ਕੇਵਲ ਪਾਕਿਸਤਾਨ ਦੀ ਬੁਨਿਆਦ ਹੀ ਅਸਾਡਾ ਮੁਕੱਦਰ ਹੈ। ਪਰਸਪਰ ਹਿੰਦੂ ਮੁਸਲਿਮ ਟਕਰਾਉ ਨੂੰ ਧਿਆਨ ਵਿਚ ਰੱਖਦਿਆਂ ਚੌਧਰੀ ਰਹਿਮਤ ਅਲੀ ਨੇ ਖਾਲਿਦਾ ਸਾਹਿਤਕਾਰ ਨੂੰ ਦੱਸਿਆ ਕਿ ਇਹ ਟਕਰਾਉ ਮਜ਼ਹਬੀ ਜਾਂ ਵਿਤੀ/ਆਰਥਕ ਟਕਰਾਉ ਨਹੀਂ ਹੈ ਬਲਕਿ ਤੱਤਵ ਵਸਤੂ ਤਾਂ ਇਹ ਹੈ ਕਿ ਦੋਹਾਂ ਕੌਮਾਂ ਦੀਆਂ ਉਮੰਗਾਂ ਦੇ ਵਿਚਕਾਰ ਅੰਤਰ ਕੌਮੀ ਟਕਰਾਉ ਹੈ। "ਮੁਸਲਮਾਨ ਅਪਨੀ ਬਕਾ ਕੇ ਲੀਏ ਕੋਸ਼ਾਂ ਹੈਂ, ਔਰ ਹਿੰਦੂ ਅਪਨੀ ਬਰਤਰੀ ਕੇ ਲੀਏ।" (ਭਾਵ ਮੁਸਲਮਾਨ ਆਪਣੀ ਹਸਤੀ ਕਾਇਮ ਰੱਖਣ ਹਿਤ ਸੰਘਰਸ਼ਸ਼ੀਲ ਹੈ, ਹਿੰਦੂ ਆਪਣੀ ਸ਼ਾਸਨਿਕ ਸੁਬੱਲਤਾ ਵਾਸਤੇ ਜਦੋ-ਜਹਿਦ ਕਰ ਰਿਹਾ ਹੈ।)[1]

ਖ਼ਾਲਿਦਾ ਨੇ ਪੁੱਛਿਆ ਕਿ ਕੀ ਇਕ ਸਰਬਹਿੰਦ ਏਕੀਕਰਣ ਦਾ ਦ੍ਰਿਸ਼ਟੀਕੋਣ ਇਸ ਸਮੱਸਿਆ ਦਾ ਸਮਾਧਾਨ ਨਹੀਂ ਹੋ ਸਕਦਾ ? ਰਹਿਮਤ ਅਲੀ ਨੇ ਉੱਤਰ ਦਿੰਦਿਆਂ ਆਖਿਆ ਕਿ ਨਹੀਂ, ਹਮ ਹਿੰਦੁਸਤਾਨੀ ਨਹੀਂ ਹੈਂ, ਹਮ ਪਾਕਿਸਤਾਨੀ ਹੈਂ। ਲਿਹਾਜ਼ਾ, ਇਕ ਰਾਸ਼ਟਰੀਆ ਏਕੀਕਰਣ ਦੀ ਖ਼ਾਤਰ ਅਪਨੀ ਕੌਮ ਕੇ ਨਸੀਬੇ ਪਰ ਮੋਹਰ ਲਗਾ ਦੇਨਾ ਹਮਾਰੀ ਖ਼ੁਸ਼ਹਾਲੀ ਕੇ ਹੱਕ ਮੇਂ ਗ਼ਦਾਰੀ, ਅਪਨੀ ਤਾਰੀਖ਼ ਸੇ ਬੇ-ਵਫ਼ਾਈ ਔਰ ਇਨਸਾਨੀਅਤ ਕੇ ਖ਼ਿਲਾਫ਼ ਏਕ ਜੁਰਮ ਹੋਗਾ।[2] ਰਹਿਮਤ ਅਲੀ ਹੀ ਉਹ ਪਹਿਲਾ ਮੁਸਲਮਾਨ ਹੈ ਜਿਸ ਨੇ ਅਲਾਮਾ ਇਕਬਾਲ ਤੋਂ ਭੀ ਪਹਿਲਾਂ ਪਾਕਿਸਤਾਨ ਦਾ ਨਾਮ ਵਰਤੋਂ ਵਿਚ ਲਿਆਂਦਾ।

ਜਿਵੇਂ ਅੱਜ ਕੱਲ ਹਿੰਦੁਸਤਾਨ ਵਿਚ ਆਰ.ਐਸ.ਐਸ. ਬਜਰੰਗ ਦਲ, ਭੈਰੋਂ

1. *Qaidi-Azam,* p. 365, by Jee Elanah, Feroze and Sons, Lahore, Pakistan.
2. *Inside India,* Khalidah Adeeb, pp. 352-362, 1937, (Referred from, *Qaidi-Azam,* p. 366).

ਦਲ, ਸ਼ਿਵ ਸੈਨਾ, ਆਰੀਆ ਸਮਾਜ ਜੈਸੀਆਂ ਅਨੇਕਾਂ ਹੀ ਜਥੇਬੰਦੀਆਂ ਘੱਟ-ਗਿਣਤੀ ਧਰਮਾਂ ਦੇ ਵਿਰੁੱਧ ਆਕਰਮਿਕ ਨੀਤੀ ਦੁਆਰਾ ਯਤਨਸ਼ੀਲ ਹਨ ਬਿਲਕੁਲ ਏਸੇ ਤਰ੍ਹਾਂ ਦੇ ਵਾਤਾਵਰਨ ਨੂੰ ਧਿਆਨ ਵਿਚ ਰੱਖਦਿਆਂ ਹੀ ਸਰ ਸਯੱਦ ਅਹਿਮਦ ਨੇ ਬਰਤਾਨਵੀ ਹਕੂਮਤ ਦੇ ਅਧੀਨ ਰਹਿੰਦੇ ਹੋਏ ਇਕ ਬਹੁਤ ਹੀ ਦੂਰਦਰਸ਼ੀ ਬਿਆਨ ਹਿੰਦੁਸਤਾਨੀ ਸੰਗਠਨ ਦੇ ਪਰਿਣਾਮ ਨੂੰ ਮੁੱਖ ਰੱਖਦੇ ਹੋਏ ਸੰਨ 1887 ਵਿਚ ਸਾਰੀਆਂ ਹਿੰਦੁਸਤਾਨੀ ਕੌਮਾਂ ਪ੍ਰਤਿ ਪ੍ਰਸਾਰਣ ਕੀਤਾ ਕਿ "ਜਬ ਹਮਾਰੇ ਹਿੰਦੂ ਭਾਈ..........ਕੋਈ ਐਸੀ ਤਹਿਰੀਕ ਕਰਨਾ ਚਾਹੇਂ ਜਿਸ ਸੇ ਹਮੇਂ ਨੁਕਸਾਨ ਪਹੁੰਚੇ ਯਾ ਹਮਾਰੀ ਕੌਮ ਕੀ ਤਜ਼ਲੀਲ (ਬੇ-ਇੱਜ਼ਤੀ) ਹੋਤੀ ਹੋ ਤੋ ਹਮ ਦੋਸਤੀ ਕੇ ਜਜ਼ਬੇ ਸੇ ਕਾਮ ਨਹੀਂ ਲੇ ਸਕਤੇ ਔਰ ਹਮਾਰਾ ਫ਼ਰਜ਼ ਹੈ ਕਿ ਅਪਨੀ ਕੌਮ ਕਾ ਤਹੱਫ਼ਜ਼ (ਬਚਾਉ) ਕਰੇਂ।"[1]

ਬਹੁਤ ਹੀ ਲੰਮੇ ਸੰਘਰਸ਼ ਦੀ ਲੋਅ ਵਿਚ ਇਕ ਸਰਸਰੀ ਝਾਤੀ ਮਾਰਿਆਂ ਇਸ ਨਤੀਜੇ 'ਤੇ ਰਸਾਈ ਹੁੰਦੀ ਹੈ ਕਿ ਬਹੁ-ਸੰਮਤੀ ਹੁੰਦੇ ਹੋਏ ਭੀ ਹਿੰਦੂ ਭਾਈਚਾਰੇ ਦੇ ਅੰਤਹਕਰਣ ਵਿਚ ਦੂਸਰੀਆਂ ਗਵਾਂਢੀ ਸ਼੍ਰੇਣੀਆਂ ਪ੍ਰਤਿ ਮਸ਼ਕੂਕ ਵਿਰਤੀ ਦਾ ਜੱਦੀ ਰੋਗ ਬਹੁਤ ਹੀ ਗਹਿਰੀਆਂ ਜੜ੍ਹਾਂ ਧਾਰਨ ਕਰ ਚੁੱਕਾ ਹੈ। ਹਰ ਪ੍ਰਕਾਰੀ ਸੁਖੱਲਤਾ ਇਨ੍ਹਾਂ ਦੇ ਹੱਥਾਂ ਵਿਚ ਹੁੰਦਿਆਂ ਹੋਇਆਂ ਭੀ ਘੱਟ-ਗਿਣਤੀ ਪੜੋਸੀ ਧਰਮਾਂ ਤੋਂ ਭੈ-ਭੀਤ ਹੋਣਾ ਇਨ੍ਹਾਂ ਦਾ ਬੁਨਿਆਦੀ ਸੁਭਾਅ ਹੀ ਬਣ ਚੁੱਕਾ ਹੈ। ਜੀਵਨ-ਸ਼ੈਲੀ ਨੂੰ ਸੁਖਾਵੀਂ ਪੱਧਰੀ ਅਤੇ ਸੁਲਝਾਵੀਂ ਵੇਗ ਵਿਚ ਲਿਆਵਨ ਹਿਤ ਬਹੁਤ ਹੀ ਲਾਜ਼ਮੀ ਹੈ ਕਿ ਅਸੀਂ ਕਿਸੇ ਗਵਾਂਢੀ 'ਤੇ ਭਰੋਸਾ ਅਥਵਾ ਯਕੀਨ ਕਰੀਏ। ਗ਼ਰਜ਼ੇਕਿ, ਹਰ ਧਰਮ ਦੀ ਧਾਰਮਕ ਸ਼ੈਲੀ, ਧਾਰਮਕ ਵਿਸ਼ਵਾਸ, ਕਿਸੇ ਖ਼ਾਸ ਗੁਣੀਏਂ ਵਿਚ ਵਿਸ਼ੇਸ਼ ਬੰਧਾਨ ਦੇ ਅਧੀਨ ਸੂਤਰਬੱਧ ਕੀਤਾ ਹੁੰਦਾ ਹੈ। ਕਿਸੇ ਗਵਾਂਢੀ ਦੇ ਧਾਰਮਕ ਜੀਵਨ ਵਿਚ ਦਖ਼ਲ-ਅੰਦਾਜ਼ੀ, ਛੇੜਛਾੜ ਕਰਨੀ, ਵਿਘਨ, ਬਾਧਾ ਕਰਨੀ, ਦੂਸ਼ਤ ਵਿਚਾਰਾਂ ਦੀ ਨਿਸ਼ਾਨੀ ਅਥਵਾ ਨਕਾਰਾਤਮਕ ਵਿਰਤੀ ਹੀ ਆਖੀ ਜਾ ਸਕਦੀ ਹੈ। ਇਹੀ ਉਹ ਵਿਰਤੀ ਹੈ ਜੋ ਸਮੁੱਚੇ ਦੇਸ਼ ਦੀ ਇਕਸੁਰਤਾ, ਸਾਵੀਂ ਪੱਧਤੀ ਅਤੇ ਮਾਨਸਿਕ ਸ਼ਾਂਤੀ ਦੀਆਂ ਜੜ੍ਹਾਂ ਖੋਖਲੀਆਂ ਕਰਨ ਦੀ ਜ਼ਿੰਮੇਵਾਰ ਹੈ। ਇਹੀ ਉਹ ਦੂਸ਼ਤ ਕਰਮ ਹੈ ਜੋ ਅੱਜ ਕੱਲ ਸ਼ਿਵ ਸੈਨਾ, ਆਰ.ਐਸ.ਐਸ., ਬਜਰੰਗ ਦਲ ਜੈਸੀਆਂ ਬਹੁ-ਸੰਮਤੀ ਸਮਾਜੀ ਟੋਲੀਆਂ ਘੱਟ-ਗਿਣਤੀ ਸ਼ਹਿਰੀਆਂ ਅਤੇ ਉਨ੍ਹਾਂ ਦੇ ਧਾਰਮਕ ਜੀਵਨ ਦੇ ਵਿਰੁੱਧ ਕਰ ਰਹੀਆਂ ਹਨ। ਐਸਾ ਕਰਮ ਐਸੇ ਲੋਕ ਕਰਦੇ ਆਏ ਹਨ ਜੋ ਵਾਸਤਵਿਕ ਤੌਰ 'ਤੇ ਦੇਸ਼-ਧ੍ਰੋਹੀ, ਅਸੰਸਕ੍ਰਿਤਕ, ਅਸ਼ਿਸ਼ਟ ਅਥਵਾ ਬਰਬੈਰੀਅਨ (Barbarian) ਵਿਰਤੀ ਦੇ ਧਾਰਨੀ ਹੁੰਦੇ ਹਨ। ਇਨਸਾਨੀ

1. *Qaidi-Azam Jinnah*, p. 358.

ਜੀਵਨ ਦਾ ਤਜਰਬਾ ਇਸ ਖ਼ਿਆਲ ਦੀ ਸ਼ਾਹਦੀ ਭਰਦਾ ਹੈ ਕਿ ਜਿਸ ਦੇਸ਼ ਵਿਚ, ਜਿਸ ਕੌਮ ਵਿਚ, ਜਿਸ ਧਰਮ ਵਿਚ, ਜਿਸ ਪਰਿਵਾਰ ਵਿਚ ਵਿਧਾਨ ਦੀ ਵਰਤੋਂ ਅਸ਼ਿਸ਼ਟ ਲੋਕਾਂ ਦੇ ਅਧੀਨ ਆ ਜਾਵੇ, ਸਮਝ ਲੈਣਾ ਚਾਹੀਦਾ ਹੈ ਕਿ ਉਹ ਸੰਸਥਾ, ਉਹ ਧਰਮ, ਉਹ ਦੇਸ਼, ਬਹੁਤ ਹੀ ਲਘੂ ਸਮੇਂ ਦਾ ਮਹਿਮਾਨ ਹੈ। ਦੇਸ਼ ਦੇ ਹਰ ਵਿਅਕਤੀ ਦਾ ਧਰਮ ਹੈ ਕਿ ਉਹ ਐਸਾ ਕੁਕ੍ਰਿਤੀ ਕਰਮ ਨਾ ਕਰੇ ਜਿਸ ਦੇ ਕੀਤਿਆਂ ਤੁਹਾਡੇ ਦੇਸ਼ ਦਾ, ਤੁਹਾਡੇ ਗਵਾਂਢੀ ਧਰਮ ਦਾ, ਤੁਹਾਡੇ ਗਵਾਂਢ ਵਿਚ ਵਸਣ ਵਾਲੇ ਪਰਿਵਾਰ ਦਾ ਨੁਕਸਾਨ ਹੁੰਦਾ ਹੋਵੇ। ਇਹੀ ਅਸਲੀ ਧਰਮ ਹੈ, ਇਹੀ ਵਾਹਿਗੁਰੂ ਦੀ ਰਜ਼ਾ ਹੈ ਜਿਸ ਨੂੰ ਮੰਨਣ ਕਰਨਾ, ਜਿਸ 'ਤੇ ਅਮਲ ਕਰਨਾ ਹਰ ਸ਼ਹਿਰੀ ਦਾ ਬੁਨਿਆਦੀ ਫ਼ਰਜ਼ ਹੈ। ਜਿਵੇਂ :

"That evil should not be done, that the precept of God would have to be obeyed."

ਲਾਰਡ ਮੋਰਲੇ ਮਿੰਟੋ ਇਕ ਮਹਾਨ ਵਿਦਵਾਨ ਸੀ ਜੋ ਬਰਤਾਨੀਆ ਸਰਕਾਰ ਵਿਚ ਸੰਨ 1905-1910 ਤਕ ਹਿੰਦੁਸਤਾਨੀ ਮਾਮਲਿਆਂ ਦੇ ਵਜ਼ੀਰ ਰਹੇ ਸਨ। ਉਸ ਨੇ ਪਰਸਪਰ ਹਿੰਦੁਸਤਾਨੀ ਮਜ਼ਹਬੀ ਅਤੇ ਫ਼ਿਰਕੂ ਵਿਰੋਧਤਾ ਦਾ ਅਧਿਐਨ ਬਹੁਤ ਹੀ ਸੁਲਝੇ ਹੋਏ ਢੰਗ ਦੁਆਰਾ ਕੀਤਾ ਸੀ। ਉਹ ਇਸ ਨਤੀਜੇ 'ਤੇ ਪੁੱਜਾ ਸੀ ਕਿ ਹਿੰਦੂ ਅਤੇ ਮੁਸਲਮਾਨਾਂ ਦੇ ਵਿਚਕਾਰ ਕੋਈ ਭੀ ਸਮਾਜੀ ਵਤੀਰਾ ਜਾਂ ਜੀਵਨ ਦਾ ਢੰਗ ਸਾਂਝਾ ਨਹੀਂ ਹੈ। ਕੇਵਲ ਅੰਗਰੇਜ਼ ਸ਼ਾਸਨਿਕ ਸ਼ੈਲੀ ਹੀ ਇਕ ਐਸੀ ਤਸੱਲੀਬਖ਼ਸ਼ ਧਾਰਾ ਹੈ ਜਿਸ ਦੇ ਅਧੀਨ ਦੋਨੋਂ ਫ਼ਿਰਕੇ ਪਰਸਪਰ ਮੇਲ ਮਿਲਾਪੀ ਵਿਧੀ ਦੁਆਰਾ ਸਮਾਜੀ ਜੀਵਨ ਬਤੀਤ ਕਰਦੇ ਹਨ। ਇਕ ਦਫ਼ਾ ਉਸਨੇ ਇਹ ਭੀ ਆਖਿਆ ਸੀ ਕਿ ਅਸਾਨੂੰ ਕਦੀ ਭੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਹਿੰਦੂ ਮਤਿ ਅਤੇ ਇਸਲਾਮ ਦੇ ਵਿਚਕਾਰ ਕੇਵਲ ਮਜ਼ਹਬੀ ਵਿਧਾਨ ਅਤੇ ਸਿਧਾਂਤਕ ਵਖਰੇਵਾਂ ਹੀ ਨਹੀਂ ਬਲਕਿ ਦੁਹਾਂ ਧਰਮਾਂ ਦੇ ਵਿਚਕਾਰ ਤਰਜ਼ੇ ਜ਼ਿੰਦਗੀ, ਪਿਤਾ ਪੁਰਖੀ ਰਸਮੋ-ਰਿਵਾਜ, ਤਵਾਰੀਖ਼ੀ ਯਾਦਾਂ ਅਤੇ ਸਮਾਜੀ ਰੰਗਤ ਵਿਚ ਭੀ ਬਹੁਤ ਹੀ ਵੱਡਾ ਅੰਤਰ ਹੈ।

ਸੰਨ 1930 ਵਿਚ ਅਲਾਮਾ ਇਕਬਾਲ ਨੇ ਅਲਾਹਾਬਾਦ ਵਿਚ ਪ੍ਰਧਾਨਗੀ ਭਾਸ਼ਣ ਦੇ ਸਮੇਂ ਹਿੰਦੁਸਤਾਨੀ ਮੁਸਲਮਾਨ ਭਾਈਚਾਰੇ ਦਾ ਤਸੱਵਰ ਪ੍ਰਗਟ ਕਰਦੇ ਹੋਏ ਆਖਿਆ ਕਿ ਅਗਰ ਇਹ ਚੀਜ਼ ਸਿਧਾਂਤਕ ਤੌਰ 'ਤੇ ਸਵੀਕਾਰੀ ਜਾਵੇ ਕਿ ਆਪਣੇ ਦੇਸ਼ ਹਿੰਦੁਸਤਾਨ ਵਿਚ ਹਿੰਦੁਸਤਾਨੀ ਮੁਸਲਮਾਨਾਂ ਨੂੰ ਨਿਜੀ ਸੱਭਿਅਤਾ ਅਤੇ ਪਿਤਾ ਪੁਰਖੀ ਰਵਾਇਤਾਂ ਦੇ ਅਨੁਸਾਰ ਜੀਵਨ ਬਤੀਤ ਕਰਨ ਦਾ ਅਧਿਕਾਰ ਹੈ ਤਦ ਹਿੰਦੁਸਤਾਨ ਵਿਚ ਕਦੀ ਭੀ ਫ਼ਿਰਕੂ ਫ਼ਸਾਦ ਨਹੀਂ ਹੋ ਸਕਦੇ ਬਲਕਿ ਹਿੰਦੁਸਤਾਨੀ ਮੁਸਲਮਾਨ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ

ਤਿਆਰ ਹੋਣਗੇ। ਉਨ੍ਹਾਂ ਆਖਿਆ—ਮੈਂ ਆਸ ਕਰਦਾ ਹਾਂ ਕਿ ਅੰਬਾਲਾ ਡਵੀਜ਼ਨ ਨੂੰ ਬਾਹਰ ਰੱਖਦੇ ਹੋਏ ਪੰਜਾਬ, ਸਰਹੱਦੀ ਸੂਬਾ, ਸਿੰਧ ਅਤੇ ਬਲੋਚਿਸਤਾਨ ਨੂੰ ਮਿਲਾ ਕੇ ਇਕ ਰਿਆਸਤ ਬਣਾਈ ਜਾਵੇ ਜਿਸ ਵਿਚ ਹਿੰਦੁਸਤਾਨੀ ਮੁਸਲਮਾਨ ਨੂੰ ਹਿੰਦੁਸਤਾਨ ਵਿਚ ਰਹਿੰਦੇ ਹੋਏ ਧਾਰਮਿਕ ਸਮਾਜੀ ਅਤੇ ਸੱਭਿਅਕ ਤਰੱਕੀ ਕਰਨ ਦਾ ਮਾਣ ਪ੍ਰਾਪਤ ਹੋ ਸਕੇ। ਉਕਤ ਦਰਸਾਇਆ ਤਸੱਵਰ ਇਸਲਾਮੀ ਸੈਂਚੇ ਵਿਚ ਬਹੁਤ ਹੀ ਉਚਿਤ, ਢੁਕਵਾਂ ਅਤੇ ਜਾਇਜ਼ ਜਾਪਦਾ ਹੈ। ਪ੍ਰੰਤੂ ਹਿੰਦੁਸਤਾਨੀ ਬਹੁ-ਸੰਮਤੀ ਹਿੰਦੂ ਵਾਸਤੇ ਐਸਾ ਤਸੱਵਰ ਸਵੀਕਾਰ ਕਰਨਾ ਅਤਿ ਕਠਿਨ ਹੀ ਨਹੀਂ ਸੀ ਬਲਕਿ ਅਸੰਭਵ ਭੀ ਸੀ। ਕਿਉਂਕਿ ਮਹਾਤਮਾ ਗਾਂਧੀ ਇਕ ਸਾਧੂ ਦਾ ਬੁਰਕਾ ਪਹਿਨ ਕੇ ਹਿੰਦੂ ਮੈਥੋਲੋਜੀ ਅਤੇ ਹਿੰਦੂ ਰਾਜਨੀਤੀ ਦੀ ਮਿਸ਼ਰਤ ਦੁਆਰਾ ਮਰਯਾਦਾ ਪ੍ਰਸ਼ੋਤਮ ਰਾਮ ਰਾਜ ਅਤੇ ਲੀਲਾ ਪ੍ਰਸ਼ੋਤਮ ਕ੍ਰਿਸ਼ਨ ਰਾਜ ਸਥਾਪਨ ਕਰਨ ਦਾ ਬੀੜਾ ਉਲੀਕੀ ਬੈਠਾ ਸੀ। ਔਰ ਇਸ ਹਰਚੰਦਉਰੀ (Camouflage) ਜਾਲ ਵਿਚ ਹਿੰਦੁਸਤਾਨੀ ਮੁਸਲਮਾਨਾਂ ਤੋਂ ਬਿਨਾਂ ਬਾਕੀ ਸਾਰੀਆਂ ਕੌਮਾਂ ਜਿਨ੍ਹਾਂ ਵਿਚ ਸਿਖ ਖ਼ਾਸ ਕਰਕੇ ਇਤਨੇ ਉਲਝੇ ਕਿ ਇਹ ਅੱਜ ਤਕ ਇਸ ਮਾਰੂ ਉਲਝੇਵੇਂ ਦਾ ਸੰਤਾਪ ਭੋਗ ਰਹੇ ਹਨ। ਗ਼ਰਜ਼ੇਕਿ, ਅੱਜ ਤਕ ਭੀ ਗਾਂਧੀ ਮਾਅਰਕਾ ਹਰਚੰਦਉਰੀ ਜਾਲ ਵਿਚ ਉਲਝੇ ਹੋਏ ਕੇਵਲ ਅਤੇ ਕੇਵਲ ਹਿੰਦੂ ਦੇ ਰਹਿਮੋ-ਕਰਮ 'ਤੇ ਜ਼ਿੰਦਗੀ ਦੀਆਂ ਅਪੱਧਰੀਆਂ ਵਾਟਾਂ ਦੇ ਪਾਂਧੀ ਬਣੇ ਹੋਏ ਹਨ। ਗਾਂਧੀ ਦਾ ਦਰਸਾਇਆ ਹੋਇਆ ਰਾਮ ਰਾਜ, ਕ੍ਰਿਸ਼ਨ ਰਾਜ ਅਤੇ ਬੰਦੇ ਮਾਤਰਮ ਦਾ ਹਰ ਹਰਚੰਦਉਰੀ ਗੁਲਦਸਤਾ ਅਵਿਦਿਆ ਨੂੰ ਦੂਰ ਕਰਨ ਦੇ ਛਲਕਪਟੀ ਪਰਦੇ ਥੱਲੇ ਆਮ ਲੋਕਾਂ ਦੇ ਗਲੇ ਦੀ ਜ਼ੀਨਤ ਅਥਵਾ ਰਹਿਨੁਮਾਈ ਦੀਪਕ ਦੇ ਤੌਰ 'ਤੇ ਲੋਕਾਂ ਦੇ ਗਲੇ ਦਾ ਹਾਰ ਬਣਾਵਣ ਪ੍ਰਤਿ ਯਤਨ ਆਰੰਭੇ ਗਏ। ਐਸੀ ਹੱਠਧਰਮੀ ਨੀਤੀ ਨੂੰ ਧਿਆਨ ਵਿਚ ਰੱਖਦਿਆਂ ਕੁਝ ਇਸਲਾਮੀ ਵਿਦਵਾਨਾਂ ਨੇ ਮੁਸਲਿਮ ਲੀਗ ਦੇ ਦਫ਼ਤਰ ਨੂੰ ਅਨੇਕਾਂ ਹੀ ਐਸੇ ਪੱਤਰ ਲਿਖੇ ਜਿਨ੍ਹਾਂ ਵਿਚ ਪਿਛਲੇ ਅੱਠਾਂ ਮਹੀਨਿਆਂ ਵਿਚ ਕਾਂਗਰਸੀ ਹਿੰਦੂਆਂ ਵਲੋਂ ਕੀਤੀਆਂ ਜਾ ਰਹੀਆਂ ਹੱਠਧਰਮੀਆਂ ਦਾ ਵੇਰਵਾ ਦਿੱਤਾ ਗਿਆ ਸੀ। ਐਸੀ ਗੰਭੀਰ ਸਮੱਸਿਆ ਨੂੰ ਮੱਦੇਨਜ਼ਰ ਰੱਖਦਿਆਂ ਮੁਸਲਿਮ ਲੀਗ ਨੇ 20 ਮਾਰਚ ਸੰਨ 1938 ਵਿਚ ਰਾਜਾ ਸਾਹਿਬ ਪੀਰਪੁਰ ਦੀ ਪ੍ਰਧਾਨਗੀ ਵਿਚ ਇਕ ਪੜਤਾਲੀਆ ਕਮੇਟੀ ਨਿਯੁਕਤ ਕੀਤੀ ਜੋ ਕਾਂਗਰਸੀ ਸੂਬਿਆਂ ਦਾ ਦੌਰਾ ਕਰ ਕੇ ਮੁਸਲਿਮ ਲੀਗ ਦੇ ਮੁਖ ਦਫ਼ਤਰ ਨੂੰ ਛਾਣਬੀਨ ਰਿਪੋਰਟ ਪੇਸ਼ ਕਰੇ। 15 ਨਵੰਬਰ 1938 ਨੂੰ ਇਹ ਰਿਪੋਰਟ ਪੇਸ਼ ਕੀਤੀ ਗਈ ਜਿਸ ਵਿਚ ਇਹ ਦਰਸਾਇਆ ਗਿਆ ਸੀ ਕਿ "ਮੁਸਲਮਾਨੋਂ ਕੋ ਬੰਦੇ ਮਾਤਰਮ ਪੜ੍ਹਨੇ ਕੇ ਲੀਏ ਮਜਬੂਰ ਕੀਆ ਜਾਤਾ ਹੈ ਜਿਸ ਸੇ ਮੁਸਲਮਾਨੋਂ

ਕੇ ਮਜ਼ਹਬੀ ਜਜ਼ਬਾਤ ਮਜਰੂਹ (ਘਾਇਲ) ਹੋਤੇ ਹੈਂ।"[1] ਇਹ ਸਾਰੀ ਸਕੀਮ ਵਾਰਧਾ ਸਕੀਮ ਦੇ ਝੰਡੇ ਥੱਲੇ ਤਿਆਰ ਕੀਤੀ ਹੋਈ ਗਾਂਧੀ ਜੀ ਦੇ ਦਿਮਾਗ਼ ਦੀ ਕਾਢ ਸੀ ਤਾਂਕਿ ਇਸ ਸਕੀਮ ਦੀ ਆੜ ਵਿਚ ਦੂਸਰੇ ਧਰਮਾਂ ਖ਼ਾਸ ਕਰਕੇ ਮੁਸਲਮਾਨਾਂ ਦੇ ਬੱਚਿਆਂ ਨੂੰ ਬੁੱਤ-ਪ੍ਰਸਤੀ ਕਰਨ ਹਿਤ ਮਜਬੂਰ ਕੀਤਾ ਜਾ ਸਕੇ ਅਤੇ ਉਰਦੂ ਦੇ ਥਾਂ, ਹਿੰਦੀ ਨੂੰ ਪ੍ਰਧਾਨਗੀ ਦਿੱਤੀ ਜਾ ਸਕੇ। ਹੋ ਸਕਦਾ ਹੈ ਕਿ ਉਕਤ ਦਰਸਾਏ ਖ਼ਿਆਲਾਂ ਦੀ ਪ੍ਰੋੜ੍ਹਤਾ ਹਿਤ ਨਿਮਨ ਲਿਖਤ ਵਾਰਤਿਕ ਸਮੱਗਰੀ ਸਹਾਇਕ ਹੋ ਸਕੇ। ਜਿਵੇਂ :

The Hindu nationalism articulated by the Shivaji and Ganesh festivals in Maharashtra by Bal Gangadhar Tilak, and by Bankim Chandra Chatterjee's novel *Anand Math* in Bengal, and Swami Daya Nand's Arya Samaj in the Punjab were disparate in character; the partition of Bengal provided an over-arching umbrella, with *Anand Math* and of its song 'Bande Matram', which eventually was accepted as one of the two Indian national anthem, getting primacy in providing the ideological basis. The inspiration in all cases was hostility to the muslims : in addition in Punjab it was also to the Sikhs.

The fusion or consummation of various brands of local Hindu nationalism was not complete till the assumption of leadership by M.K. Gandhi who emerged as a Hindu holly man, a typical Sadhu or saint under a political clock. Gandhi certainly was one time inheritor of Bankim Chandra Chatterjee's mantle of Hindu nationalism.

Since Gandhian brand of Hindu nationalism was camouflaged as secular nationalism. It would be of interest to ascertain, what is secularism and wherein the Gandhi brand fitted therein.[1]

ਮੁਹੰਮਦ ਅਲੀ ਜਿਨਾਹ ਨੇ 3 ਮਾਰਚ 1938 ਨੂੰ ਕਰਮ ਚੰਦ ਗਾਂਧੀ ਦੇ ਨਾਮ ਇਕ ਪੱਤਰ ਲਿਖਿਆ ਕਿ ਹੁਣ ਆਪਾਂ ਐਸੇ ਮੋੜ 'ਤੇ ਆਣ ਖਲੋਤੇ ਹਾਂ ਕਿ ਜਿਥੇ ਕਿਸੇ ਭੀ ਭਰਮ ਭੁਲੇਖੇ ਦੀ ਗੁੰਜਾਇਸ਼ ਨਹੀਂ ਹੈ। ਅਗਰ ਤੁਸੀਂ ਆਲ ਇੰਡੀਆ ਮੁਸਲਿਮ ਲੀਗ ਨੂੰ ਹਿੰਦੁਸਤਾਨ ਦੇ ਸਾਰੇ ਮੁਸਲਮਾਨਾਂ ਦੀ ਵਾਹਿਦ ਨੁਮਾਇੰਦਾ ਸ਼੍ਰੇਣੀ ਸਵੀਕਾਰ ਕਰੋ, ਤਦ ਅਸੀਂ ਭੀ ਇਹ ਸਵੀਕਾਰ ਕਰ ਲਵਾਂਗੇ ਕਿ ਕਾਂਗਰਸ ਭੀ ਸਾਰੇ ਹਿੰਦੂਆਂ ਦੀ ਪ੍ਰਤਿਨਿਧ ਸ਼੍ਰੇਣੀ ਹੈ। ਇਹੀ ਇੱਕੋ ਇਕ

1. Nirad C. Chaudhri, *The autobiography of an unknown Indian*. pp 418-20, *The Sikhs in History*, p. 154 and *Qaidi-Azam Jinnah*, p. 338.

ਰਸਤਾ ਹੈ, ਜਿਸ ਦੇ ਆਧਾਰ 'ਤੇ ਅਸੀਂ ਇਸ ਤੋਂ ਅੱਗੇ ਤੁਹਾਡੇ ਨਾਲ ਗੱਲਬਾਤ ਕਰ ਸਕਦੇ ਹਾਂ। ਕਰਮ ਚੰਦ ਗਾਂਧੀ ਨੇ ਜਿਨਾਹ ਦੀ ਤਜਵੀਜ਼ ਨੂੰ ਰੱਦ ਕਰਦੇ ਹੋਏ ਕਾਂਗਰਸ ਨੂੰ ਭੀ ਇਹ ਮਸ਼ਵਰਾ ਦਿੱਤਾ ਕਿ ਮੁਸਲਿਮ ਲੀਗ ਵਲੋਂ ਪੇਸ਼ ਕੀਤਾ ਹੋਇਆ ਫ਼ਾਰਮੂਲਾ ਰੋਕਿਆ ਜਾਵੇ, ਭਾਵ ਲੀਗ ਵਲੋਂ ਆਏ ਹੋਏ ਸੁਝਾਉ 'ਤੇ ਅਮਲ ਨਾ ਕੀਤਾ ਜਾਵੇ ਜਿਸ ਵਿਚ ਮੁਸਲਿਮ ਲੀਗ ਮੁਸਲਮਾਨਾਂ ਵਾਸਤੇ ਇਕ ਵੱਖਰੀ ਕੌਮ ਹੋਣ ਦੀ ਮੰਗ ਕਰ ਰਹੀ ਹੈ। ਇਥੇ ਆਨ ਕੇ ਹਿੰਦੁਸਤਾਨੀ ਸੰਗਠਨ ਦੀ ਬਾਤ-ਚੀਤ ਖ਼ਤਮ ਹੋ ਗਈ। 1947 ਦੇ ਮੰਦਭਾਗੇ ਦੇਸ਼ ਬਟਵਾਰੇ ਤੋਂ ਪਹਿਲਾਂ ਕਾਂਗਰਸ ਅਤੇ ਮੁਸਲਿਮ ਲੀਗ ਦੇ ਵਿਚਕਾਰ ਸਰਬ ਸਾਂਝੀਵਾਲਤਾ ਦੇ ਆਧਾਰ 'ਤੇ ਨਿਰਣੈ ਲੈਣ ਲਈ ਇਹ ਅੰਤਮ ਅਵਸਰ ਸੀ। ਤਵਾਰੀਖ਼ ਦੇ ਪੰਨਿਆਂ ਨੇ ਇਸ ਧਾਰਾ ਨੂੰ ਸਾਬਤ ਕਰ ਦਿੱਤਾ ਕਿ ਜਿਸ ਫ਼ਾਰਮੂਲੇ ਨੂੰ ਸੰਨ 1938 ਵਿਚ ਕਾਂਗਰਸ ਨੇ ਅਤਿ ਘੁਮੰਡ ਵਿਚ ਆਣ ਕੇ ਰੱਦ ਕੀਤਾ ਸੀ ਅੰਤ ਨੂੰ 1947 ਵਿਚ ਉਹੀ ਫ਼ਾਰਮੂਲਾ ਇਕ ਚੱਟਾਨ ਦਾ ਰੂਪ ਧਾਰ ਕੇ ਕਾਂਗਰਸੀ ਲੀਡਰਾਂ ਦੇ ਸਾਹਮਣੇ ਆਣ ਖਲੋਤਾ। ਇਹੀ ਉਹ ਇਸਲਾਮੀ ਦਾਅਵਾ ਅਤੇ ਕੌਮੀ ਅਧਿਕਾਰ ਸੀ ਜਿਸ ਦੀਆਂ ਨੀਹਾਂ 'ਤੇ ਪਾਕਿਸਤਾਨੀ ਇਮਾਰਤ ਦੀ ਉਸਾਰੀ ਹੋਈ। ਕਾਂਗਰਸੀ ਹਿੰਦੂਆਂ ਵਲੋਂ ਕੀਤੀ ਗਈ ਅਭਾਗੀ ਹੱਠਧਰਮੀ ਨੂੰ ਮੱਦੇਨਜ਼ਰ ਰੱਖਦਿਆਂ, ਫ੍ਰੈਂਕ ਮੌਰਿਸ ਨੇ ਨਿਮਨ ਲਿਖਤ ਸ਼ਬਦਾਂ ਦੁਆਰਾ ਤਬਸਰਾ ਕੀਤਾ ਹੈ ਕਿ "ਅਗਰ ਕਾਂਗਰਸ ਸਰਬ ਹਿੰਦ ਚੁਨਾਉ ਦੇ ਸਮੇਂ ਅਤੇ ਚੁਨਾਉ ਤੋਂ ਬਾਅਦ ਮੁਸਲਿਮ ਲੀਗ ਨਾਲ ਸਮਝਦਾਰੀ ਅਤੇ ਦਾਨਾਈ ਨਾਲ ਵਰਤਾਉ ਕਰਦੀ, ਸ਼ਾਇਦ ਪਾਕਿਸਤਾਨ ਕਦੀ ਭੀ ਨਾ ਬਣਦਾ।" ਕਾਂਗਰਸ ਦੀ ਘੁਟਵੀਂ ਨੀਤੀ ਦੇ ਕਾਰਣ ਵਿਸ਼ਾਲ ਹਿੰਦੁਸਤਾਨੀ ਖ਼ਿੱਤਾ, ਹਿੰਦੂ ਅਤੇ ਮੁਸਲਿਮ ਦੇਸ਼ਾਂ ਵਿਚ ਵੰਡਿਆ ਗਿਆ। ਇਹ ਗੱਲ ਯਕੀਨੀ ਤੌਰ 'ਤੇ ਆਖੀ ਜਾ ਸਕਦੀ ਹੈ ਕਿ ਜਿਥੇ ਮਿਸਟਰ ਜਿਨਾਹ ਨੇ ਪਾਕਿਸਤਾਨ ਬਣਾਇਆ ਹੈ, ਉਥੇ ਕਾਂਗਰਸ ਨੇ ਭੀ ਕੁਝ ਐਸੀਆਂ ਉਕਾਈਆਂ ਕੀਤੀਆਂ ਹਨ ਜਿਨ੍ਹਾਂ ਨੇ ਪਾਕਿਸਤਾਨ ਬਣਨ ਵਿਚ ਅਧਿਕ ਸਹਾਇਤਾ ਕੀਤੀ ਹੈ। 1937-38 ਦੀਆਂ ਇਲੈਕਸ਼ਨਾਂ ਵਿਚ ਮੁਸਲਿਮ ਲੀਗ ਦੀ ਹਾਰ ਨੂੰ ਗ਼ਲਤ ਪੱਲੜੇ ਵਿਚ ਪਾ ਕੇ ਤਕੜੀ ਦਾ ਤਵਾਜ਼ਨ ਸਹੀ ਨਾ ਸਮਝਣਾ ਅਤੇ ਮੁਸਲਮਾਨਾਂ ਦੀਆਂ ਉਚਿਤ ਮੰਗਾਂ ਭੀ ਠੁਕਰਾ ਦੇਣੀਆਂ, ਕਾਂਗਰਸੀ ਹਿੰਦੂਆਂ ਦਾ ਇਕ ਜੱਦੀ (Atavistic) ਰੋਗ ਹੀ ਆਖਿਆ ਜਾ ਸਕਦਾ ਹੈ। ਭਾਵੇਂ ਇਨ੍ਹਾਂ ਇਲੈਕਸ਼ਨਾਂ ਵਿਚ ਮੁਸਲਿਮ ਲੀਗ ਨੂੰ ਇਸਲਾਮੀ ਬਹੁ-ਸੰਖਿਆ ਦੇ ਸੂਬਿਆਂ ਜਿਵੇਂ ਸਰਹੱਦੀ ਸੂਬੇ ਵਿਚੋਂ ਇਕ ਭੀ ਸੀਟ ਨਹੀਂ ਪ੍ਰਾਪਤ ਹੋਈ, ਪ੍ਰੰਤੂ ਇਸ ਹਾਰ ਨੂੰ ਵੇਖ-ਕੇ ਮਿਸਟਰ ਜਿਨਾਹ ਗੁੰਮਨਾਮੀ ਦੀਆਂ ਅਵਰੋਹੀ ਖ਼ੰਦਕਾਂ, ਰਸਾਤਲੀ ਤਲਾਂ ਵਿਚ ਗ਼ਰਕ ਨਹੀਂ ਹੋਇਆ ਬਲਕਿ ਹਾਰ ਦੇ ਆਈਨੇ ਵਿਚੋਂ ਫ਼ਤਹਿ ਦੇ ਆਸਾਰ ਵੇਖਣੇ ਆਰੰਭ

ਦਿੱਤੇ। ਇਹੀ ਉਹ ਦ੍ਰਿੜ੍ਹਤਾ ਸੀ ਜਿਸ ਦੀ ਬੁਨਿਆਦੀ ਸ਼ਿਲਾ ਮੁਹੰਮਦ ਅਲੀ ਜਿਨਾਹ ਨੇ ਤਿਆਰ ਕੀਤੀ।[1]

ਇਹ ਉਹੀ ਸਮਾਂ ਸੀ ਜਦੋਂ ਪੰਡਤ ਜਵਾਹਰ ਲਾਲ ਨਹਿਰੂ ਰਾਜਨੀਤੀ ਦੇ ਖੇਤਰ ਵਿਚ ਵਿਸ਼ੇਸ਼ ਜ਼ਿੰਮੇਵਾਰੀ ਨਿਭਾ ਰਹੇ ਸਨ। ਇਹ ਅਟੱਲ ਸਚਾਈ ਹੈ ਕਿ ਕਰਮ ਚੰਦ ਗਾਂਧੀ ਤੋਂ ਬਾਅਦ ਅਗਰ ਕਿਸੇ ਦੀ ਵਿਸ਼ੇਸ਼ਤਾ ਵਿਚ ਵ੍ਰਿਧੀ ਹੋਈ, ਉਹ ਜਵਾਹਰ ਲਾਲ ਨਹਿਰੂ ਦੇ ਹਿੱਸੇ ਵਿਚ ਹੀ ਆਈ ਹੈ। ਪ੍ਰੰਤੂ ਨਹਿਰੂ ਸਵੈਮ ਤੌਰ 'ਤੇ ਐਸੀ ਘੁਮੰਡੀ ਮਗ਼ਰੂਰੀ ਵਿਚ ਗ਼ਰਕ ਹੋ ਚੁੱਕਾ ਸੀ ਕਿ ਉਹ ਆਪਣੇ ਆਪ ਵਿਚ ਹੱਦ ਦਰਜੇ ਦਾ ਅਹੰਕਾਰੀ, ਗ਼ੁੱਸੇ ਨਾਲ ਭਰਿਆ ਹੋਇਆ ਖ਼ੁਦ-ਨੁਮਾ, ਗ਼ਰੂਰੀ ਵਿਅਕਤੀ ਸੀ। ਇਸੇ ਜੋਸ਼ ਵਿਚ ਵਿਚਰਦੇ ਹੋਏ ਉਸ ਨੇ ਇਹ ਚੁਣੌਤੀ ਪੇਸ਼ ਕੀਤੀ ਕਿ ਹਿੰਦੁਸਤਾਨ ਵਿਚ ਕੇਵਲ ਦੋ ਹੀ ਪਾਰਟੀਆਂ ਹਨ—ਕਾਂਗਰਸ ਅਤੇ ਹਕੂਮਤ ਬਰਤਾਨੀਆ। ਇਸ ਵੰਗਾਰ ਨੂੰ ਮਿਸਟਰ ਜਿਨਾਹ ਨੇ ਸਵੀਕਾਰ ਕੀਤਾ ਅਤੇ ਆਖਿਆ ਕਿ ਨਹੀਂ, ਇਹ ਗ਼ਲਤ ਹੈ। ਬਲਕਿ ਹਿੰਦੁਸਤਾਨ ਵਿਚ ਇਕ ਹੋਰ ਤੀਸਰੀ ਪਾਰਟੀ ਭੀ ਮੌਜੂਦ ਹੈ। ਉਹ ਪਾਰਟੀ ਮੁਸਲਿਮ ਲੀਗ ਹੈ। "ਹਮ ਕਿਸੀ ਕੇ ਮਹਿਕੂਮ ਨਹੀਂ ਰਹੇਂਗੇ, ਹਮ ਕਿਸੀ ਭੀ ਪਾਰਟੀ ਕੇ ਦਸਤੇ ਨਗਰ ਨਹੀਂ ਰਹੇਂਗੇ।"[2] (ਭਾਵ ਅਸੀਂ ਕਿਸੇ ਦੇ ਅਧੀਨ ਨਹੀਂ ਰਹਾਂਗੇ ਔਰ ਨਾ ਹੀ ਕਿਸੇ ਦਾ ਹੱਥ ਠੋਕਾ ਹੋ ਕੇ ਰਹਾਂਗੇ।)

ਉਕਤ ਦਰਸਾਈ ਵਿਚਾਰਸ਼ੈਲੀ ਦੇ ਆਧਾਰ 'ਤੇ ਅਸੀਂ ਇਸ ਨਿਰਣੈ 'ਤੇ ਪੁੱਜੇ ਹਾਂ ਕਿ ਕਾਂਗਰਸ ਪਾਰਟੀ ਸਾਰੇ ਹਿੰਦੁਸਤਾਨੀਆਂ ਦੀ ਸਾਂਝੀ ਜਮਾਇਤ ਨਹੀਂ ਸੀ ਬਲਕਿ ਗਾਂਧੀ ਹਰਚੰਦਉਰੀ ਦੇ ਭੇਖ ਵਿਚ ਕੇਵਲ ਅਤੇ ਕੇਵਲ ਇਕ ਹਿੰਦੂ ਸੰਗਠਨ ਸੀ। ਜੋ ਦੂਸਰੀਆਂ ਹਿੰਦੁਸਤਾਨੀ ਕੌਮਾਂ ਦੀ ਬੁਨਿਆਦੀ ਹਸਤੀ ਨੂੰ ਮਿਟਾ ਕੇ ਕੇਵਲ ਹਿੰਦੂ ਸਾਮਰਾਜ ਜਿਸ ਦਾ ਪ੍ਰਤਿਬਿੰਬ ਰਾਮ ਰਾਜ ਅਥਵਾ, ਕ੍ਰਿਸ਼ਨ ਰਾਜ ਭੀ ਆਖਿਆ ਜਾ ਸਕਦਾ ਹੈ। ਰਾਮ ਰਾਜ ਦਾ ਚਿੱਤਰ ਕਾਂਗਰਸ ਦੀਆਂ ਅੰਤ੍ਰੀਵੀ ਤਲਾਂ ਵਿਚ ਇਤਨੇ ਗਹਿਰੇ ਨਕਸ਼ੋ-ਨਿਗਾਰ ਉਕਰੀ ਬੈਠਾ ਸੀ, ਜਿਸ ਦੀ ਉਦਾਹਰਣ ਨਿਮਨ ਲਿਖਤ ਦੇ ਆਧਾਰ 'ਤੇ ਵੇਖੀ ਜਾ ਸਕਦੀ ਹੈ :

A Brahmin early 1921 told Nirad C. Chaudhari in exultation and raucous fanaticism that "He's come to re-establish Hinduism." Significantly, Gandhi while in Yerwadha jail in 1923 said, "We must learn to seal the image of Rama and Krishna on every yarn of the thread spun out of the spinning wheel.[3]

1. *Jawahar Lal Nehru* by Frank Morise. p. 268, 1956.
2. *Qaidi-Azam Jinnah,* pp. 343-44.
3. Indu Lal K. Yajnik, *Gandhi, As I knew him,* (Delhi 1943), p. 302, (*The Sikhs in History,* p. 155).

ਕਾਂਗਰਸ ਦੇ ਅੰਤ੍ਰੀਵੀ ਛਲਕਪਟੀ ਪ੍ਰਤਿਬਿੰਬ ਦੀ ਝਲਕ ਨੂੰ ਵੇਖਦੇ ਹੋਏ ਮੁਸਲਿਮ ਲੀਗ ਦੇ ਲੀਡਰਾਂ ਨੇ ਕਾਂਗਰਸ ਦੇ ਵਾਸਤਵਿਕ ਚਿੱਤਰ ਨੂੰ ਅਨੁਭਵ ਕਰਨ ਵਿਚ ਬਹੁਤਾ ਸਮਾਂ ਖੀਣਤ ਨਹੀਂ ਕੀਤਾ। ਭਾਵੇਂ 1940 ਦੇ ਅੰਤਮ ਸਮੇਂ ਤਕ ਕਾਂਗਰਸੀ ਹਿੰਦੂਆਂ ਨੇ ਹਿੰਦੁਸਤਾਨੀ ਮੁਸਲਮਾਨਾਂ ਨੂੰ ਇਕ ਵੱਖਰੀ ਕੌਮ ਹੋਣ ਦਾ ਦਰਜਾ ਨਹੀਂ ਦਿੱਤਾ। ਕੌਮਾਂ ਦੇ ਸਾਹਮਣੇ ਕਈ ਦਫ਼ਾ ਐਸੀ ਹੰਗਾਮੀ ਅਪੱਧਰੀ ਸਥਿਤੀ ਭੀ ਆ ਜਾਂਦੀ ਹੈ ਜਿਸ ਦੀ ਮਾਰ ਥੱਲੇ ਆਉਣ ਕਰਕੇ ਮਿੱਥੀ ਹੋਈ ਮੰਜ਼ਲ ਭੀ ਨਜ਼ਰਾਂ ਤੋਂ ਓਝਲ ਹੋ ਜਾਂਦੀ ਹੈ। ਉਹੀ ਉਹ ਸਮਾਂ ਹੁੰਦਾ ਹੈ ਜਦੋਂ ਦ੍ਰਿੜ੍ਹ ਵਿਸ਼ਵਾਸੀ ਆਗੂ ਧੀਰਜ, ਤਸੱਲੀ ਅਤੇ ਸਬਰ ਤੋਂ ਕੰਮ ਲੈਂਦੇ ਹੋਏ, ਕਿਸੇ ਅੰਧੇਰੀ ਅਥਵਾ ਝੱਖੜਾਂ ਦੇ ਵਾਤਾਵਰਨ ਵਿਚ ਭੀ ਤਿਲਕਦੇ ਨਹੀਂ ਹਨ। ਗਰਜ਼ੇਕਿ, ਤਿਲਕਵੇਂ ਝੱਖੜਾਂ ਦੇ ਪ੍ਰਤਿਕਰਮ, ਉਨ੍ਹਾਂ ਦੀ ਸੁਥੱਲਤ ਰਵਾਨੀ ਕਦੀ ਭੀ ਨਹੀਂ ਰੁਕਦੀ ਬਲਕਿ ਪੇਸ਼ਕਦਮੀ ਦਾ ਇਹਸਾਸ ਉਨ੍ਹਾਂ ਦੀ ਜੀਵਨੀ ਦਾ ਇਕ ਉਸਾਰੂ ਅੰਗ ਅਤੇ ਸਦੀਵਗਤੀ ਪਹੀਆ ਬਣ ਜਾਂਦਾ ਹੈ।

ਜੂਨ 29, ਸੰਨ 1945 ਨੂੰ ਸਰਬ ਪਾਰਟੀ ਕਾਨਫ਼ਰੰਸ ਲਾਰਡ ਬੇਵਲ ਦੀ ਪ੍ਰਧਾਨਗੀ ਵਿਚ ਸ਼ਿਮਲਾ ਵਿਚ ਹੋਈ। ਇਹ ਕਾਨਫ਼ਰੰਸ ਸ਼ਿਮਲਾ ਕਾਨਫ਼ਰੰਸ ਦੇ ਨਾਮ ਦੁਆਰਾ ਭੀ ਆਖੀ ਜਾਂਦੀ ਹੈ ਜਿਸ ਵਿਚ ਮੁਸਲਿਮ ਲੀਗ ਨੂੰ ਪੰਜਾਹ ਪ੍ਰਤਿਸ਼ਤ (50%) ਸੀਟਾਂ ਦੇਣ ਹਿਤ ਭੀ ਯਤਨ ਕੀਤੇ ਗਏ। ਪ੍ਰੰਤੂ ਮੁਹੰਮਦ ਅਲੀ ਜਿਨਾਹ ਨੇ ਇਸ ਮੀਟਿੰਗ ਨੂੰ ਇਸ ਬਿਨਾਅ 'ਤੇ ਤਾਰਪੋਡੋ ਕਰ ਦਿੱਤਾ ਕਿਉਂਕਿ ਉਹ ਹਿੰਦੂ ਕਾਂਗਰਸੀ ਲੀਡਰਾਂ ਨਾਲ ਮਿਲ-ਜੁਲ ਕੇ ਕੰਮ ਕਰਨ ਵਾਸਤੇ ਤਿਆਰ ਨਹੀਂ ਸਨ। ਇਸ ਭੇਦ ਨੂੰ ਸਮਝਣ ਹਿਤ ਇਹੀ ਕਿਆਸ-ਅਰਾਈ ਕੀਤੀ ਜਾ ਸਕਦੀ ਹੈ ਕਿ ਹਿੰਦੂ ਰਾਜਨੀਤੀ ਅਥਵਾ ਹਿੰਦੂ ਰਾਜ ਪ੍ਰਬੰਧੀ ਵਿਉਂਤ, ਗਵਾਂਢੀ ਧਰਮਾਂ ਨੂੰ ਸਮਾਨਤ ਅਧਿਕਾਰ ਦੇਣ ਦੀ ਬਜਾਏ ਉਨ੍ਹਾਂ ਨੂੰ ਸ਼ੁਧੀਕਰਣ ਦੁਆਰਾ ਹਿੰਦੂ ਸਾਗਰ ਵਿਚ ਅਥਵਾ ਹਿੰਦੂਤਵ ਵਿਚ ਚੂਸਣਾ ਅਤੇ ਸਦੀਵਕਾਲ ਲਈ ਹਜ਼ਮ ਕਰਨਾ ਲੋਚਦੀ ਹੈ। ਮੁਹੰਮਦ ਅਲੀ ਜਿਨਾਹ ਅਤੇ ਬਹੁ-ਸੰਮਤੀ ਮੁਸਲਿਮ ਲੀਡਰ, ਐਸੀ ਸ਼ੁਧੀਕਰਣ ਨੀਤੀ ਤੋਂ ਭਲੀ ਭਾਂਤ ਜਾਣੂ ਸਨ। ਜਿਸ ਦੀ ਰੂਪ-ਰੇਖਾ ਬੁੱਧ ਮਤਿ ਦੇ ਤਵਾਰੀਖ਼ੀ ਪੰਨਿਆਂ ਵਿਚੋਂ ਸੁਭਾਵਿਕ ਹੀ ਵਿਦਤ ਕੀਤੀ ਜਾ ਸਕਦੀ ਹੈ। ਆਪ ਜੀ ਦੀ ਜਾਣਕਾਰੀ ਹਿਤ ਹਿੰਦੂ ਸ਼ੁਧੀਕਰਣ ਨੀਤੀ ਪ੍ਰਤਿ ਕੁਝ ਉਦਾਹਰਣ ਦੇਣੇ ਬਹੁਤ ਹੀ ਲਾਭਦਾਇਕ ਹੋਣਗੇ। ਸੰਨ 1923 ਵਿਚ ਮਹਾਤਮਾ ਗਾਂਧੀ ਦਾ ਥਾਪੜਾ ਪ੍ਰਾਪਤ ਕਰਦਾ ਹੋਇਆ ਲਾਲਾ ਲਾਜਪਤ ਰਾਏ ਇਸ ਕਠਿਨ ਕੰਮ ਲਈ ਨਿਯੁਕਤ ਕੀਤਾ ਗਿਆ ਕਿ ਉਹ ਹਿੰਦੂ ਫ਼ਿਰਕਿਆਂ ਵਿਚ ਏਕਤਾ ਉਤਪੰਨ ਕਰੇ। ਇਸ ਕਾਰਜ ਦੀ ਪੂਰਤੀ ਹਿਤ ਲਾਲਾ ਲਾਜਪਤ ਰਾਏ ਨੇ ਆਰੀਆ ਸਮਾਜੀ ਸਵਾਮੀ ਸ਼ਰਧਾਨੰਦ ਦੀ

ਸਹਾਇਤਾ ਦੁਆਰਾ ਇਕ ਐਸਾ ਅੰਦੋਲਨ ਆਰੰਭ ਕੀਤਾ ਜੋ ਸਾਰੇ ਗਵਾਂਢੀ ਧਰਮਾਂ ਦਾ ਹਿੰਦੂ ਧਰਮ ਵਿਚ ਪੁਨਰ ਧਰਮ ਪਰਿਵਰਤਨ ਅਥਵਾ ਪੁਨਰ ਰੂਪਾਂਤਰਣ ਕਰੇ। ਜਿਵੇਂ:

Gandhi gave a clean chit to Lala Lajpat Rai who in his word was "frank as a child" and blessed Swami Shardhanand's move at Shuddhi or re-conversion of muslim but *stipulated* that there should be no attack on *the Qoran*.—Gandhi could not rise above his narrow sectarianism to see that Shuddhi and freedom struggle could not be carried on simultaneously by the same forces without causing a national disruption.[1]

ਇਸ ਤਰ੍ਹਾਂ ਦੇ ਸ਼ੁਧੀਕਰਣ ਜੈਸੇ ਖ਼ਿਆਲ ਮਿਸਟਰ ਜਿਨਾਹ ਵਾਸਤੇ ਕੋਈ ਸਾਧਾਰਣ ਸ਼ਬਦ ਨਹੀਂ ਸਨ। ਉਸ ਨੇ ਹਿੰਦੂਆਂ ਵਲੋਂ ਕੀਤੀਆਂ ਜਾ ਰਹੀਆਂ ਸ਼ੁਧੀਕਰਣ ਜੈਸੀਆਂ ਕਰਤੂਤਾਂ ਦੇ ਪ੍ਰਤਿਕਰਮ ਗੰਭੀਰ ਚੇਤਾਵਨੀ ਦਿੰਦਿਆਂ ਆਖਿਆ ਕਿ ਤੁਸੀਂ ਲੋਕ (ਹਿੰਦੂ) ਕਦੀ ਭੀ ਦੇਸ਼ ਭਲਾਈ ਦੀ ਖ਼ਾਤਰ ਹਿੰਦੂ ਕਰਣ ਤੋਂ ਪਰੇ ਨਹੀਂ ਹਟ ਸਕਦੇ।

It was not for nothing that M.A. Jinnah shortly afterward said, "You cannot get away from being a Hindu, if you are a Hindu.[2]

ਇਥੇ ਤਕ "ਦੇਸ਼ ਬਟਵਾਰਾ ਅਤੇ ਵੈਦਿਕ ਰੁਚੀ ਦਾ ਮਜ਼ਮੂਨ ਸਮਾਪਤ ਕਰਨ ਦੀ ਆਗਿਆ ਚਾਹਾਂਗੇ। ਜਿਸ ਵਿਚ ਇਹ ਦਰਸਾਇਆ ਗਿਆ ਹੈ ਕਿ ਪਾਕਿਸਤਾਨ ਦੀ ਬੁਨਿਆਦ ਮੁਸਲਮਾਨੀ ਕੱਟੜਤਾ ਦੀ ਬਜਾਏ, ਹਿੰਦੂ ਲੀਡਰਾਂ ਅਤੇ ਹਿੰਦੂ ਲਿਖਾਰੀਆਂ ਦੀ ਤੰਗਦਿਲੀ ਦਾ ਸਿੱਟਾ ਹੀ ਦੇਸ਼ ਦਾ ਬਟਵਾਰਾ ਹੈ। ਨਹਿਰੂ ਰਿਪੋਰਟ 'ਤੇ ਲੰਮੇ ਚੌੜੇ ਵਿਚਾਰ-ਵਟਾਂਦਰੇ ਤੋਂ ਉਪਰੰਤ ਕਾਨੂੰਨ-ਸਾਜ਼ ਅਸੰਬਲੀ ਦੇ ਸਦੱਸ, ਮੁਹੰਮਦ ਅਫ਼ਜ਼ਲ ਹੱਕ ਨੇ ਆਖਿਆ ਸੀ ਕਿ ਮੇਰੇ ਦੇਸ਼ (ਹਿੰਦੁਸਤਾਨ) ਦਾ ਭਵਿੱਖ ਅੰਧੇਰੇ ਵਿਚ ਹੈ। ਮੇਰੀ ਸਮਝ ਵਿਚ ਨਹੀਂ ਆ ਰਿਹਾ ਕਿ ਇਸ ਦੇਸ਼ ਦਾ ਅੰਜਾਮ ਕੀ ਹੋਵੇਗਾ ? ਕਾਂਗਰਸੀ ਹਿੰਦੂਆਂ ਨਾਲ ਮੀਟਿੰਗਾਂ ਦਾ ਪਰਿਣਾਮ ਇਕ ਐਸਾ ਤਾਬੂਤ (ਮੁਰਦੇ ਦਾ ਬਕਸ) ਹੈ, ਜਿਸ ਉਪਰ ਕੇਵਲ ਤਿੰਨ ਸੀਟਾਂ ਦਾ ਵਾਦ-ਵਿਵਾਦ ਉਕਰਿਆ ਹੋਇਆ ਹੈ। ਚੁਨਾਂਚਿ ਐਮ.ਕੇ. ਗਾਂਧੀ ਨੇ ਨਿਜੀ ਖ਼ਸਲਤ ਦੇ ਅਨੁਸਾਰ ਇਤਨੀ ਹੁਸ਼ਿਆਰੀ, ਚਾਲਾਕੀ ਅਤੇ ਮੱਕਾਰੀ ਦੁਆਰਾ ਮੁਸਲਮਾਨਾਂ ਨੂੰ ਕਾਨੂੰਨ-ਸਾਜ਼ ਅਸੰਬਲੀ ਵਿਚ ਤਿੰਨ ਸੀਟਾਂ

---

1. *The Sikhs in History* by Dr. Sangat Singh, p. 156.
2. *Statement* in April 1928, quoted in Dhanak, n. 13, p. 197 and *The Sikhs in History*, p. 156.

ਘੱਟ ਦੇਣ ਦੀ ਵਕਾਲਤ ਕੀਤੀ ਕਿ ਮੈਂ ਮੁਸਲਮਾਨਾਂ ਦਾ ਮੁਤਾਲਿਬਾ ਸਵੀਕਾਰ ਕਰਨ ਦੇ ਹੱਕ ਵਿਚ ਹਾਂ ਪ੍ਰੰਤੂ ਸਿੱਖਾਂ ਵਲੋਂ ਗ੍ਰਹਿਣ ਕੀਤੀ ਵਿਰੋਧਾਭਾਸੀ ਨੀਤੀ ਦੇ ਕਾਰਨ, ਮੁਸਲਮਾਨਾਂ ਨੂੰ ਤਿੰਨ ਸੀਟਾਂ ਹੋਰ ਦੇਣੀਆਂ ਅਸੰਭਵ ਹਨ ਕਿਉਂਕਿ ਸਿਖ ਸੰਟਰਲੀਗ ਪੰਜਾਬ ਵਿਚ ਮੁਸਲਮਾਨਾਂ ਨੂੰ ਬਹੁਗਿਣਤੀ ਦਾ ਦਰਜਾ ਦੇਣ ਹਿਤ ਤਿਆਰ ਨਹੀਂ ਹੈ।[1] ਗ਼ਰਜ਼ੇਕਿ, ਬਹੁ-ਸੰਮਤੀ ਹਿੰਦੂ ਕਾਂਗਰਸੀਆਂ ਨੇ ਇਹ ਨਿਰਣੈ ਕੀਤਾ ਕਿ ਮੁਸਲਮਾਨਾਂ ਨੂੰ ਉਨ੍ਹਾਂ ਦੀ ਆਬਾਦੀ ਦੇ ਆਧਾਰ 'ਤੇ ਇਲੈਕਸ਼ਨ ਲੜਨਾ ਪਵੇਗਾ ਔਰ ਜਨ-ਸੰਖਿਆ ਦੇ ਆਧਾਰ 'ਤੇ ਹੀ ਉਨ੍ਹਾਂ ਨੂੰ ਅਸੰਬਲੀ ਵਿਚ ਪ੍ਰਤਿਨਿਧਤਾ ਦਿੱਤੀ ਜਾਵੇਗੀ। ਗ਼ਰਜ਼ੇਕਿ, ਇਸ ਤੋਂ ਇਲਾਵਾ ਉਨ੍ਹਾਂ ਨੂੰ ਰੰਚਕ ਮਾਤਰ ਭੀ ਰਿਆਇਤ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਉਨ੍ਹਾਂ ਕੋਲ ਪਹਿਲਾਂ ਹੀ ਜ਼ਰੂਰਤ ਤੋਂ ਵਾਧੂ ਸੀਟਾਂ ਹਨ। ਮੋਤੀ ਲਾਲ ਨਹਿਰੂ ਰਿਪੋਰਟ ਦਾ ਭਾਵਪਰਜ ਭੀ ਇਹੀ ਸੀ ਜਿਸ ਨੇ ਪਾਕਿਸਤਾਨ ਦੀ ਬੁਨਿਆਦੀ ਸ਼ਿਲਾ ਸਥਾਪਨ ਕੀਤੀ। ਇਥੇ ਇਸ ਪੁਸਤਕ *ਪ੍ਰਕਿਰਤੀ ਅਤੇ ਧਰਮ* ਨੂੰ ਸਮਾਪਤ ਕਰਨ ਦੀ ਆਗਿਆ ਚਾਹਾਂਗੇ। ਇਸ ਤੋਂ ਅਗਲੇਰੀ ਪੁਸਤਕ, ਜਿਸ ਵਿਚ 'ਸਿਖ ਬਨਾਮ ਬਚਿੱਤਰ ਨਾਟਕ' ਅਤੇ 'ਸਿੱਖੀ ਸਿਧਾਂਤਾਂ' ਪ੍ਰਤਿ ਸਰਲ ਵਿਚਾਰ ਵਿਮੱਰਸ਼ ਪੇਸ਼ ਕਰਨ ਹਿਤ ਤਲਿਬਗਾਰ ਹੋਵਾਂਗੇ।

(ਇਤਿ, ਦਸੰਬਰ 1, 2001)

---

1. *Qaidi-Azam Jinnah*, p. 262.

ਅੰਤਿਕਾ
ਵਿਸ਼ਾ ਸੂਚੀ ਅਨੁਕ੍ਰਮਣਕਾ

ਸੁਹਿਰਦ ਪਾਠਕਾਂ ਅਤੇ ਸਤਿਕਾਰਯੋਗ ਵਿਦਵਾਨਾਂ ਦੇ ਅਮੋਲਕ ਸਮੇਂ ਨੂੰ ਧਿਆਨ ਵਿਚ ਰੱਖਦਿਆਂ, ਅਤਿ ਆਵਸ਼ਕ ਸਮਝਿਆ ਗਿਆ ਹੈ ਕਿ ਸੰਬੰਧਤ ਪ੍ਰਸੰਗ ਸੂਚੀ ਅੱਖਰੀ ਅਨੁਕ੍ਰਮਣਕਾ ਦੇ ਆਧਾਰ 'ਤੇ ਦਿੱਤੀ ਜਾਵੇ ਤਾਂਕਿ ਆਪ ਜੀ ਨਿਜੀ ਸਮੇਂ ਦੀ ਨਜ਼ਾਕਤ ਨੂੰ ਧਿਆਨ ਵਿਚ ਰੱਖਦਿਆਂ ਮਨ-ਭਾਵਤ ਸਮੱਗਰੀ ਲਘੂ ਸਮੇਂ ਵਿਚ, ਇਸ ਅੱਖਰੀ ਜ਼ਮੀਮੇ ਵਿਚੋਂ ਬਿਨਾਂ ਕਿਸੇ ਖ਼ਾਸ ਕਠਨਾਈ ਦੇ ਲੱਭ ਸਕੋ। ਸੁਹਿਰਦ ਪਾਠਕਾਂ ਦੀਆਂ ਉਪਯੋਗੀ ਸੁਵਿਧਾਵਾਂ ਨੂੰ ਮੱਦੇ-ਨਜ਼ਰ ਰੱਖਦਿਆਂ ਇਹ ਜ਼ਮੀਮਾ ਆਪ ਜੀ ਦੀ ਖ਼ਿਦਮਤ ਵਿਚ ਅੱਖਰੀ ਤਰਤੀਬ ਦੇ ਆਧਾਰ 'ਤੇ ਮੁਹੱਈਆ ਕੀਤਾ ਗਿਆ ਹੈ। ਆਸ ਕੀਤੀ ਜਾਂਦੀ ਹੈ ਕਿ ਆਪ ਜੀ ਇਸ ਅੱਖਰੀ ਜ਼ਮੀਮੇ (ਅੰਤਿਕਾ) ਦੀ ਸਹੀ ਵਰਤੋਂ ਕਰਦੇ ਹੋਏ ਉਮੀਦ ਤੋਂ ਵੱਧ ਲਾਭ ਪ੍ਰਾਪਤ ਕਰ ਸਕੋਗੇ।

ਰ

